ਸੰਤ ਵਿਸਾਖਾ ਸਿੰਘ ਜੀ,ਜਿਵੇਂ ਕਿ ਪਿਛੇ ਦੱਸਿਆ ਗਿਆ ਹੈ, ਖ਼ੁਦ ਇਕ ਅਤਿ ਚੰਗੇ ਮਲਵਈ ਹੋਣ ਕਰਕੇ ਮਾਲਵੇ ਦੇ ਇਲਾਕੇ ਨਾਲ ਦਿਲੀ ਸਨੇਹ ਰਖਦੇ ਹਨ ਜਿਸ ਕਰ ਕੇ ਅਜ ਤੋਂ ਲਗ ਭਗ ੧੫ ਸਾਲ ਪਹਿਲਾਂ ਇਨ੍ਹਾਂ ਨੇ ਮਾਲਵੇ ਦੇ ਇਤਿਹਾਸ ਦਾ ਮਸਾਲਾ ਇਕਠਾ ਕਰਨਾ ਸ਼ੁਰੂ ਕੀਤਾ ਠੀਕ ਉਸੇ ਸਮੇਂ ਤੋਂ ਜਦ ਕਿ ਆਪ ਅਕਾਲੀ ਲਹਿਰ ਵਲੋਂ ਫ਼ਾਰਿਗ ਹੋ ਕੇ ਸਿੱਖ ਬੱਚਿਆਂ ਦੀ ਵਿਦਿਅਕ ਸੇਵਾ ਵਲ ਜੁਟੇ।੧੫ ਸਾਲ ਦੀ ਲੱਕ ਤੋੜਵੀਂ ਮਿਹਨਤ ਨਾਲ ਆਪ ਨੇ ਆਖਰ ਇਹ ਇਤਿਹਾਸ ਸਿਰੇ ਚਾੜ੍ਹ ਹੀ ਦਿੱਤਾ ਜਿਸ ਦੇ ਪਹਿਲੇ ਦੋ ਭਾਗ ਪਹਿਲਾਂ ਛਪ ਚੁਕੇ ਹਨ ਤੇ ਇਹ ਤੀਜਾ ਭਾਗ ਹੁਣ ਪ੍ਰਕਾਸ਼ਿਤ ਹੋ ਕੇ ਪਾਠਕਾਂ ਦੇ ਹੱਥਾਂ ਵਿਚ ਹੈ।

'ਮਾਲਵੇ ਦੇ ਇਤਿਹਾਸ' ਦੇ ਪਹਿਲੇ ਭਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸ ਸਿੱਖ ਗੁਰੂਆਂ ਤੇ ਉਨ੍ਹਾਂ ਦੇ ਗੁਰ ਅਸਥਾਨਾਂ ਦਾ ਹਾਲ ਦਰਜ ਹੈ। ਇਸ ਤੋਂ ਪਿਛੋਂ ਗੁਰੂ ਜੀ ਦੇ ਮੁਖੀ ਸਿੱਖ, ਮਹਾਨ ਸਿਖ ਦੇਵੀਆਂ, ਮਾਲਵੇ ਦੀਆਂ ਇਤਿਹਾਸਿਕ

Digitized by Panjab Digital Library | www.panjabdigilib.org

ਯਾਦਗਾਰਾਂ ਆਦਿ ਸਿਰਲੇਖਾਂ ਹੇਠ ਬੜੀ ਬਹੁ ਮੁਲੀ ਖੋਜ ਦਿੱਤੀ ਹੈ ਜਿਸ ਦੀ ਭੂਮਿਕਾ ਸੁਰਗਵਾਸੀ ਪੰਡਿਤ ਕਰਤਾਰ ਸਿੰਘ ਜੀ ਦਾਖਾ ਨੇ ਲਿਖੀ ਹੈ। ਭੂਮਿਕਾ ਸਮੇਤ ਕੁਲ ਸਫ਼ੇ ੮੦੦ ਸਨ, ਛਪ ਕੇ ਪ੍ਰਕਾਸ਼ਿਤ ਹੋਚੁਕੀ ਹੈ। ਦੂਜੇ ਭਾਗ ਵਿਚ ਸ੍ਰੀ ਦਸ਼ਮੇਸ਼ ਜੀ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ, ਸਿਖਾਂ ਦੀਆਂ ਬਾਰਾਂ ਮਿਸਲਾਂ ਘਲੂਘਾਰਿਆਂ ਦਾ ਇਤਿਹਾਸ, ਹਰੀ ਸਿੰਘ ਨਲੂਆ, ਗੁਰੂ ਸਾਗਰ ਲਹਿਰਾਂ ਦੇ ਸਿੱਟੇ, ਸਿੰਘ ਸਭਾ ਲਹਿਰ, ਅਜ਼ਾਦੀ ਦੇ ਮੋਢੀ ਗਦਰ ਪਾਰਟੀ, ਫਾਂਸੀ ਲੱਗਣ ਵਾਲੇ ਬਹਾਦੁਰ, ਗੁਰੂ ਨਾਨਕ ਜਹਾਜ਼ ਤੇ ਅਕਾਲੀ ਲਹਿਰਾਂ ਦੇ ਹਾਲ ਹਨ। ਕੁਝ ਚੋਣਵੇਂ ਸਿੱਖ ਵਿਦਵਾਨਾਂ ਤੇ ਲਿਖਾਰੀਆਂ ਦੇ ਜੀਵਨ ਵੀ ਇਸੇ ਭਾਗ ਵਿਚ ਦਿੱਤੇ ਹਨ।

ਇਹ ਹਨ ਇਸ ਇਤਿਹਾਸ ਦੇ ਪਹਿਲੇ ਦੋ ਭਾਗ, ਹੁਣ ਅਗੇ ਲਓ ਇਸ ਦਾ ਤੀਜਾ ਹਿੱਸਾ ਜੋ ਪਾਠਕਾਂ ਦੇ ਹੱਥਾਂ ਵਿਚ ਹੈ। ਇਸ ਭਾਗ ਦੀ ਵਿਸ਼ੇ-ਸੂਚੀ ਮੋਟੇ ਤੌਰ ਤੇ ਏਹ ਹੈ। ਅਕਾਲੀ ਲਹਿਰ, ਬਬਰ ਅਕਾਲੀ ਲਹਿਰ, ਵਿਦਿਆ (ਲਿਖਾਰੀ) ਕਾਂਡ, ਸੰਤ ਕਾਂਡ, ਆਜ਼ਾਦ ਹਿੰਦ ਫ਼ੌਜ, ਪੰਜਾਬੀ ਸੂਬਾ ਲਹਿਰ 'ਮਾਲਵਾ ਕਾਂਡ' ਜਿਸ ਵਿਚ ਮਾਲਵੇ ਦਾ ਵਿਸਥਾਰ ਨਾਲ ਵਰਨਣ, ਤੱਰਕੀ ਦੇ ਸਾਧਨ, ਤੇ ਦਸਮ ਪਿਤਾ ਜੀ ਨੇ ਅਪਣੀ ਛੋਹ ਨਾਲ ਮਾਲਵੇ ਨੂੰ ਕਿਸ ਤਰ੍ਹਾਂ ਨਿਵਾਜਿਆ, ਜਿਨ੍ਹਾਂ ਦੀ ਕ੍ਰਿਪਾ ਦਾ ਸਦਕਾ ਮਾਲਵੇ ਵਿਚ ਜੰਗਲ ਵਿਚ ਮੰਗਲ ਹੋ ਗਿਆ, ਦਰਜ ਹੈ। ਤੇ ਗੁਰਮਤਿ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ ਦਾ ਇਤਿਹਾਸ। ਇਸ ਵਿਸ਼ੇ-ਵੰਡਾਂ ਦੇ ਮੁਤਾਬਿਕ ਤਿੰਨ ਭਾਗਾਂ ਦੇ ਸਾਰੇ ਸਫ਼ੇ ੨੨੦੦ ਤੋਂ ਕੁਝ ਉਪਰ ਬਣਦੇ ਹਨ। ਇਤਨੇ ਸਫ਼ਿਆਂ ਦੀ ਇਸ ਪੁਸਤਕ ਦਾ ਕੁਲ ਖਰਚ, ਜੋ ੨੦×੨੬/੮ ਸਾਈਜ਼ ਵਿਚ ਛਪੀ ਹੈ, ੨੦੦੦੦ ਰੁਪਏ ਤੋਂ ਕਿਸੇ ਸੂਰਤ ਵੀ ਘੱਟ ਨਹੀਂ ਅਨੁਮਾਨਿਆ ਜਾ ਸਕਦਾ, ਪਰ ਭਲਾ ਜੇ ਖਰਚ ਕੁਝ ਘੱਟ ਵੀ ਹੋਵੇ ਤਾਂ ਅਜਿਹੇ ਵੱਡੇ ਵੱਡੇ ਇਤਿਹਾਸ ਤਿਆਰ ਹੋਣੇ ਤੇ ਛਪਣੇ ਕੋਈ ਸੁਖਾਲਾ ਕੰਮ ਤਾਂ ਨਹੀਂ ਹਨ ਤੇ ਫਿਰ ਉਹ ਕੰਮ ਵੀ ਜੋ ਇਕ ਅਜਿਹੇ ਮਹਾਂਪੁਰਖ ਸਾਧੂ ਦੇ ਹੱਥੀਂ ਹੋਇਆ ਹੋਵੇ ਕਿ ਜਿਸ ਦੀ ਸ਼ਾਖ ਦੇ ਲੋਕ ਸਿਵਾਇ ਨਾਮ ਜਪਣ, ਬਾਣੀ ਪੜ੍ਹਨ ਤੇ ਲੋਕਾਂ ਨੂੰ ਅਧਿਆਤਮਕ ਭਾਵ ਦੇ ਸ਼ੁਭ ਉਪਦੇਸ਼ ਦੇਣ ਤੋਂ ਬਿਨਾਂ ਹੋਰ ਕੁਝ ਕਰਦੇ ਹੀ ਨਾ ਹੋਣ ਤਾਂ ਹੋਰ ਵੀ ਅਸਚਰਜ ਦੀ ਗੱਲ ਹੈ। ਸੰਤ ਵਿਸਾਖਾ ਸਿੰਘ ਜੀ ਨੇ ਇਹ ਇਤਿਹਾਸ ਤਿਆਰ ਕਰਕੇ ਤੇ ਪ੍ਰਕਾਸ਼ ਰੂਪ ਵਿਚ ਪਾਠਕਾਂ ਦੇ ਅੱਗੇ ਲਿਆ ਕੇ ਠੀਕ ਇਹੋ ਅਸਚਰਜ ਗੱਲ ਜੋ ਅਣਹੋਣੀ ਸੀ ਹੋਣੀ ਕਰ ਦਿਖਾਈ ਹੈ। ਇਸ ਤੋਂ ਮੈਂ ਸਮਝਦਾ ਹਾਂ ਕਿ ਸੰਤ ਵਿਸਾਖਾ ਸਿੰਘ ਜੀ ਸਚੁੱਮਚ ਹੀ ਇਕ ਕਰਮ ਜੋਗੀ ਤੇ ਇਨਕਲਾਬੀ ਵਿਅਕਤੀ ਹਨ, ਠੀਕ ਉਸੇ ਤਰ੍ਹਾਂ ਦੇ ਕਰਮ ਜੋਗੀ ਤੇ ਇਨਕਲਾਬੀ ਵਿਅਕਤੀ ਜਿਵੇਂ ਕਿ ਭਾਈ ਮਹਾਰਾਜ ਸਿੰਘ ਜੀ ਨੌਰੰਗ ਬਾਦੀਏ ਸਨ। ਜਿਨ੍ਹਾਂ ਸੰਨ ੧੮੪੮-੪੯ ਈ: ਵਿਚ ਸਿਖ ਰਾਜ ਦਾ ਸੂਰਜ ਅਸਤ ਹੁੰਦਾ ਦੇਖ ਸੁਧ ਬੁਧ ਹੋ ਕੇ ਸਿਖ ਫ਼ੌਜਾਂ ਦਾ ਸੰਘਟਨ ਕਰਨਾ ਸ਼ੁਰੂ ਕੀਤਾ ਸੀ ਤੇ ਅੰਗਰੇਜ਼ੀ ਫ਼ੌਜ ਨੂੰ ਕਾਫ਼ੀ ਸਮਾਂ ਚੰਗੇ ਕਰਾਰੇ ਹੱਥ ਦਿਖਾਏ ਸਨ। ਭਾਈ ਮਹਾਰਾਜ ਸਿੰਘ ਦੇ ਹੱਥ ਵਿਚ ਤਲਵਾਰ ਸੀ ਤੇ ਸੰਤ ਵਿਸਾਖਾ ਸਿੰਘ ਜੀ ਦੇ ਹੱਥ ਵਿਚ ਕਲਮ ਹੈ ਜੋ ਇਸ ਪੁਸਤਕ ਰਾਹੀਂ ਨਾ-ਕੇਵਲ ਮਾਲਵੇ ਨੂੰ ਹੀ ਸਗੋਂ ਸਿੱਖ ਕੌਮ ਨੂੰ ਜਾਗ੍ਰਿਤੀ ਦਾ ਸੰਦੇਸ਼ ਦੇ ਰਹੀ ਹੈ। ਮੈਂ ਇਸ ਅਦੁਤੀ ਸੇਵਾ ਬਦਲੇ ਸੰਤ ਵਿਸਾਖਾ ਸਿੰਘ ਜੀ ਨੂੰ ਪੰਜਾਬੀ ਪਾਠਕਾਂ ਪਾਸੋਂ ਵਧਾਈ ਦੇ ਹੱਕਦਾਰ ਸਮਝਦਾ ਹਾਂ।

ਪਟਿਆਲਾ ੨੪. ੨. ੫੯ ਸ਼ਮਸ਼ੇਰ ਸਿੰਘ ਅਸ਼ੋਕ

Digitized by Panjab Digital Library | www.panjabdigilib.org

# ਸੰਤ ਵਿਸਾਖਾ ਸਿੰਘ ਜੀ ਤੂੰ ਸਿਖ ਸਤਾਰਾ

ਲੇਖਕਃ- ਗਿਆਨੀ ਬਲਵੰਤ ਸਿੰਘ ਜੀ ਜਨਰਲਿਸਟ ਕੋਠਾ ਗੁਰੂ (ਬਠਿੰਡਾ)

[੧] 'ਗੁਰਮੁਖ ਪਿਆਰੇ' ਸੰਤ ਜੀ ਦੇ ਚੋਜ ਨਰਾਲੇ
ਉਹ ਪਿੰਡ ਪਿੰਡ ਫਿਰਦਾ ਖੋਲ ਦਾ, ਵੇਖੋ ਵਿਦਿਆਲੇ
ਕੌਮ ਤਰੱਕੀ ਵਾਸਤੇ, ਪਿਆ ਜੱਫ਼ਰ ਜਾਲੇ
ਉਨ੍ਹੇ 'ਸਿਖੀ-ਪ੍ਰਚਾਰ' ਲਈ, ਪਾ ਰਖੇ ਚਾਲੇ
ਅੰਧ ਵਿਸ਼ਵਾਸ ਤੇ ਵਹਿਮ ਦੇ, ਉਹ ਖੋਲੇ ਤਾਲੇ
ਡਿਗ ਰਹੀ ਕੌਮ ਨੂੰ, ਪਿਆ ਰੋਜ਼ ਸੰਭਾਲੇ
ਅਣਖ ਜਗਾਵੇ ਕੌਮ ਦੀ, ਪਿਆ ਕਰੇ ਇਸ਼ਾਰਾ
'ਸੰਤ ਵਿਸਾਖਾ ਸਿੰਘ ਜੀ', ਤੂੰ ਸਿਖੀ ਸਤਾਰਾ।

[੨] ਤੂੰ 'ਅਦੁਤੀ ਨੇਤਾ' ਪੰਥ ਦਾ, ਤੇਰੀ 'ਅਦੁਤੀ ਕਰਬਾਨੀ'
ਨ ਅੱਜ ਤੀਕਰ ਵੇਖਿਆ, ਜੋ ਤੇਰਾ ਸ਼ਾਨੀ
ਲਿਖਣ ਅੰਦਰ ਨ ਆਵੰਦੀ, ਤੇਰੀ ਅਚਰਜ ਕਹਾਣੀ,
ਤੂੰ 'ਗੁਰਮੁਖ-ਮਾਰਗ' ਚਲਦਾ, ਰਤਾ ਗੁਰਬਾਣੀ
'ਗੁਰਮਤਿ ਸਿਧਾਂਤ' ਚ ਰਤੜਾ, ਤੂੰ ਪੁਰਖ ਸ਼ੈਲਾਨੀ
ਗੁਰ ਜਸ ਪਈ ਲਿਖਦੀ ਨਿੱਤ ਤੇਰੀ ਕਾਨੀ
ਤੂੰ ਨਿੱਤ ਜਲਵੇ ਪਾਵੰਦਾ, 'ਗੁਰ-ਘਰੋਂ' ਰੁਹਾਨੀ
ਤੂੰ ਏਸੇ ਲੇਖੇ ਲਾਤਾ, ਲਾ ਇਹ ਜੀਵਨ ਸਾਰਾ,
'ਸੰਤ ਵਿਸਾਖਾ ਸਿੰਘ ਜੀ', ਤੂੰ 'ਸਿਖੀ ਸਤਾਰਾ'

[੩] ਤੂੰ ਲਿਖ 'ਇਤਿਹਾਸ ਮਾਲਵਾ' ਉਪਕਾਰ ਕਮਾਇਆ
ਤੂੰ ਮੇਹਿਨਤ ਕਰਕੇ ਗਜ਼ਬ ਦੀ ਪੰਥ ਵਡਿਆਇਆ
ਪੰਧ ਮਾਰ ਕੇ ਬਿਖੜੇ, ਤੂੰ ਟੂਰ ਲਗਾਇਆ
ਉਸਤਤ ਲਿਖ ਕੇ ਪੰਥ ਦੀ, ਮਾਲਵਾ ਵਡਿਆਇਆ
'ਪੰਡਿਤ ਦਾਖਾ ਜੀ' ਨੇ ਵੀ, ਚੰਗਾ ਹੱਥ ਵਟਾਇਆ
ਠੰਡੀ ਛਾਂਅ ਬਖਸ਼ੂ ਕੌਮ ਨੂੰ, ਜੋ ਤੂੰ ਬੂਟਾ ਲਾਇਆ
'ਗੁਰਮਤਿ ਨੇਤ੍ਰ ਹੀਣਿਆਂ ਲਈ', ਤੂੰ 'ਲਾਈਟ ਮੁਨਾਰਾ
'ਸੰਤ ਵਿਸਾਖਾ ਸਿੰਘ ਜੀ', ਤੂੰ 'ਸਿਖੀ ਸਤਾਰਾ'

[੪] ਤੈਥੋਂ 'ਅਗੰਮੀ ਜਲਵੇ' ਪਾਵੰਦੇ, ਬਿਰਧ ਤੇ ਬਾਲਕ'
ਹਜ਼ਾਰਾਂ ਤੂੰ ਨਥਾਵਿਆਂ ਦਾ, ਹੈਂ ਪ੍ਰਿਤ ਪਾਲਕ
ਤੁਠਾ ਤੇਰੇ ਤੇ ਦਿਯਾ ਕਰ, 'ਪੰਥ ਦਾ ਮਾਲਕ'
'ਪੰਥਕ-ਜਥੇਬੰਦੀ' ਦਾ, ਤੂੰ 'ਮੁਖ ਸੰਚਾਲਕ'

Digitized by Panjab Digital Library | www.panjabdigilib.org

ਗੁਰਮੁਖ ਤ੍ਰਿਪਤੀ ਪਾਵੰਦੇ, ਚਲੇ ਤੇਰਾ 'ਨਾਮ ਭੰਡਾਰਾ'
'ਸੰਤ ਵਿਸਾਖਾ ਸਿੰਘ ਜੀ', ਤੂੰ ਸਿਖੀ ਸਤਾਰਾ

[੫] ਡੋਹਲੇਂ ਖ਼ੂਨ ਤੂੰ ਕੌਮ ਤੇ ਪਿਆ ਤਨ ਨਸਾਂਰੇਂ
ਤੂੰ ਖਿੜਦਾ 'ਗੁਰ-ਸਿਖ' ਵੇਖ ਕੇ, ਵਡਿਆਏਂ ਪਿਆਰੇਂ
ਮਨ ਮਤੀਆਂ ਨਾਲ ਘੁਲਦਾ, ਤੂੰ ਮੂਲ ਨ ਹਾਰੇਂ
''ਸ਼੍ਰੋਮਣੀ ਪੰਥ ਖਾਲਸਾ', ਤੂੰ ਖੜ ਉਚਾਰੇਂ
ਪ੍ਰਵਾਹ ਨ ਤੈਨੂੰ ਕਿਸੇ ਦੀ, 'ਗੁਰਮਤਿ ਪ੍ਰਚਾਰੇਂ''
ਨਾਮ 'ਅਮੀਰਸ' ਝੋਲਦਾ, ਤੇ 'ਲੱਖ ਤਾਂਰੇਂ''
ਤੈਨੂੰ ਪਿਛੋਂ ਗਲਾਂ ਦੂਜੀਆਂ, ਪਹਿਲੋਂ 'ਪੰਥ ਪਿਆਰਾ'
'ਸੰਤ ਵਿਸਾਖਾ ਸਿੰਘ ਜੀ', ਤੂੰ 'ਸਿਖੀ ਸਤਾਰਾ'

[੬] 'ਕੋਹਿਨੂਰ' ਤੂੰ ਪੰਥ ਦਾ, ਤੇਰਾ 'ਨੂਰ' ਜਲਾਲੀ
ਮਨਮਤਾਂ ਤੋਂ ਝਲੀ ਜਾਵੰਦੀ, ਨ ਤੇਰੀ ਲਾਲੀ
'ਰੁਹਾਨੀਅਤ' ਜੋ ਬਖਸ਼ਦੀ, ਤੂੰ ਔਸ਼ਧੀ ਭਾਲੀ
ਤਕ ਤੇਰੇ ਉਪਕਾਰ ਨੂੰ, ਖੁਸ਼ 'ਪੰਥ ਦਾ ਬਾਲੀ'
'ਮੁਖ ਲੀਡਰ' ਕੌਮ ਦਾ, ਤੂੰ ਪੁਰਖ ਅਕਾਲੀ
'ਅਜ਼ਰ ਵਸਤੂ' ਜਰਕੇ, 'ਰੁਹਾਨੀਅਤ' ਸੰਭਾਲੀ'
ਮੂੰਹ ਲੋਕੀਂ ਉਗਲਾਂ ਪਾਵੰਦੇ, ਤਕ ਤੇਰਾ ਕਾਰਾ
'ਸੰਤ ਵਿਸਾਖਾ ਸਿੰਘ ਜੀ' ਤੂੰ 'ਸਿਖੀ ਸਤਾਰਾ'

[੭] ਵਿਦਿਆ-ਪ੍ਰਚਾਰ' ਲਈ ਹਰ ਢੰਗ ਚਲਾਵੇਂ
ਰਚ 'ਐਜੂਕੇਸ਼ਨਲ ਸੁਸਾਇਟੀਆਂ 'ਸਕੂਲ' ਬਣਾਵੇਂ
'ਮੇਰੀ ਕੌਮ ਹੋਇ ਵਿਦਵਾਨ ਜੋ' ਦਿਲੀ ਚਾਅਵੇਂ
ਵਾਂਗ 'ਮਿਸ਼ਨਰੀਆਂ' ਪੰਧ ਮਾਰ, 'ਪ੍ਰਚਾਰ' ਕਰਾਂਵੇਂ
'ਆਤਮ ਸ਼ਕਤੀ' ਵਾਸਤੇ, ਬਾਣੀ ਪ੍ਰਵਾਵੇਂ
ਲੈ ਜੱਥੇ 'ਨਿਜ ਖਰਚ' ਤੇ ਅੰਮ੍ਰਿਤ' ਛਕਾਂਵੇਂ
ਭੁਲੇ ਅੰਧ ਵਿਸ਼ਵਾਸ਼ੀਆਂ', 'ਗੁਰ ਮਾਰਗ' ਪਾਂਵੇਂ
'ਪੰਥ ਸੁਤੰਤ੍ਰ ਖਾਲਸਾ' ਏਹ ਤੇਰਾ ਨਾਹਰਾ
'ਸੰਤ ਵਿਸਾਖਾ ਸਿੰਘ ਜੀ' ਤੂੰ 'ਸਿਖੀ ਸਤਾਰਾ'

[੮] 'ਜਰਨਲਿਸਟ' ਤੂੰ ਗਜ਼ਬ ਦਾ, 'ਹਿਸਟੋਰੀਅਨ' ਭਾਰੀ
ਤੂੰ 'ਆਤਮ ਰਸੀਆ' ਚੋਂਨਵਾ, ਤੈਨੂੰ 'ਗੁਰਬਾਣੀ ਪਿਆਰੀ
ਹਲੂਣਾ ਦੇਵਣ ਕੌਮ ਨੂੰ, ਤੇਰੇ ਬਚਨ ਕਟਾਰੀ
ਤੈਥੋਂ 'ਇਲਾਹੀ ਜਲਵੇ' ਪਾਵੰਦੇ, ਨਰ ਔ ਨਾਰੀ
ਹੱਥ ਦੇ ਤੂੰ ਰਖ ਲੀ, 'ਕੇਸਰ ਦੀ ਕਿਆਰੀ'
''ਬਲਵੰਤ ਸਿੰਘ'' ਤੈਨੂੰ ਕੀ ਲਿਖੇ ? 'ਨੰਨਾ ਲਿਖਾਰੀ'
ਤੇਰੇ ਹੁਕਮ ਅੰਦਰ ਕੌਮ ਜੋ ਤੂੰ ਕਰੇ ਇਸ਼ਾਰਾ
'ਸੰਤ ਵਿਸਾਖਾ ਸਿੰਘ ਜੀ' ਤੂੰ 'ਸਿਖੀ ਸਤਾਰਾ' ।

Digitized by Panjab Digital Library | www.panjabdigilib.org

# ਅਰਜੋਈ

ਮਾਲਵਾ ਇਤਿਹਾਸ ਦੀ ਪਹਿਲੀ ਤੇ ਦੂਜੀ ਜਿਲਦ ਵਿਚ ਗੁਰ ਅਸਥਾਨ, ਵਿਅਕਤੀ ਕਾਂਡ, ਕੌਮੀ ਤੇ ਸਿਆਸੀ ਲਹਿਰਾਂ ਦੇ ਇਤਿਹਾਸਕ ਕਾਰਨਾਮਿਆਂ ਦਾ ਵਰਣਨ, ਦੀਵਾਨਾ ਅਤੇ ਆਸ਼ਰਮਾਂ ਦੀ ਕਾਇਮੀ ਆਦਿ ਦਾ ਵਰਣਨ ਕੀਤਾ ਗਿਆ ਹੈ।

ਹੁਣ ਇਸ ਤੀਜੇ ਭਾਗ ਵਿਚ, ਮੁਕਤਸਰ ਦੇ ਮੋਰਚੇ ਤੋਂ ਮਗਰੋਂ ਦੀ ਸਾਰੀ ਅਕਾਲੀ ਲਹਿਰ, ਬਬਰ ਅਕਾਲੀ ਲਹਿਰ, ਲਿਖਾਰੀ ਕਾਂਡ, ਵਿਦਿਆ ਕਾਂਡ, ਸੰਤ ਕਾਂਡ, ਆਜ਼ਾਦ ਹਿੰਦ ਫੌਜ਼ ਕਾਂਡ, ਪੰਜਾਬੀ ਸੂਬਾ ਕਾਂਡ ਤੇ ਮਾਲਵਾ ਕਾਂਡ, ਜਿਸ ਵਿਖੇ ਮਾਲਵੇ ਦਾ ਹੱਦ ਬੰਨਾ ਜ਼ਿਲੇ ਰਿਆਸਤਾਂ,ਸ੍ਰੇਣੀਆਂ ਜੁਧਾਂ ਜੰਗਾਂ ਦੇ ਵੇਰਵੇ ਤੇ ਮਾਲਵੇ ਦੀਆਂ ਪ੍ਰਸਿਧ ਵਯਕਤੀਆਂ ਦੇ ਨਾਂ ਆਦਿ ਹਨ।

ਭਾਵੇਂ ਦਾਸ ਨੇ ਅਪਣੀ ਵਲੋਂ ਹਰ ਤਰ੍ਹਾਂ ਦੀ ਕੋਸ਼ਸ਼ ਕੀਤੀ ਹੈ, ਤੇ ਜਿੰਨੇ ਹਾਲ ਤੇ ਵੇਰਵੇ, ਅਡੋ ਅਡ ਸਜਨਾਂ ਤੇ ਥਾਂਵਾ ਤੋਂ ਪ੍ਰਾਪਤ ਹੋ ਸਕੇ ਹਨ, ਉਨਾਂ ਨੂੰ ਅੰਕਤ ਕਰ ਦਿਤਾ ਹੈ। ਕਈ ਸਜਨਾਂ ਨੂੰ ਬਾਰ ਬਾਰ ਬੇਨਤੀਆਂ ਕਰਨ ਤੇ ਵੀ, ਉਨਾਂ ਦੇ ਜੀਵਨ ਤੇ ਫੋਟੋ ਦਾਸ ਨੂੰ ਨਹੀਂ ਮਿਲ ਸਕੇ। ਇਸ ਲਈ ਦਾਸ ਸਮੂੰਹ ਪਾਠਕਾਂ ਪਾਸੋਂ ਨਿੰਮ੍ਰਤਾ ਸਹਿਤ ਖਿਮਾਂ ਦਾ ਜਾਚਕ ਹੈ।

ਦਾਸ ਨੇ ਆਪਣੇ ਦਿਲੀ ਵਲਵਲਿਆਂ ਦੀ ਰੌ ਵਿਚ, ਗੁਰੂ ਪੰਥ ਦੇ ਸਰਬ ਸਾਧਾਰਨ ਤੇ ਦੇਸ ਪ੍ਰਦੇਸ ਵਾਸੀ, ਭੁਜੰਗੀ ਤੇ ਭੁਜੰਗਣਾਂ ਨੂੰ

"ਪਿਉ ਦਾਦੇ ਦਾ ਖੋਲ ਡਿੱਠਾ ਖਜਾਨਾ" ਦੇ ਗੁਰਵਾਕ ਅਨੁਸਾਰ

ਅਪਣੇ ਪਛੋਕੇ ਬਜ਼ੁਰਗਾਂ ਦਾ ਖਜ਼ਾਨਾ ਖੋਲਕੇ ਦਰਸਾਵਨ ਦਾ ਪ੍ਰਸਿਰਮ ਕੀਤਾ ਹੈ, ਤੇ ਇਤਹਾਸ ਦੇ ਖੋਜੀਆਂ ਲਈ, ਸਮੇਂ ਦੀ ਕਾਲੀ ਚਾਦਰ ਹੇਠ ਲੋਪ ਹੁੰਦੇ ਜਾ ਰਹੇ, ਤੇ ਜਨਤਾਂ ਦੇ ਦਿਲੋਂ ਭੁਲਦੇ ਜਾ ਰਹੇ ਸਮਾਚਾਰਾਂ ਨੂੰ ਕਲਮ ਬੰਦ ਕਰ ਦਿਤਾ ਹੈ।

ਕਦਾਚਿਤ ! ਦੇਸ਼, ਕੌਮ ਤੇ ਪੰਥ ਨੇ ਇਸ ਨੰਨੇ ਜਿਹੇ ਯਤਨ ਨੂੰ ਪ੍ਰਵਾਨ ਕੀਤਾ, ਤੇ ਇਸ ਤੋਂ ਕਿਸੇ ਨੂੰ ਰੰਚਕ ਮਾਤਰ ਵੀ ਲਾਭ ਪ੍ਰਾਪਤ ਹੋਇਆ ਤਾਂ ਦਾਸ ਅਪਣੀ ਘਾਲਣਾ ਨੂੰ ਥਾਏਂ ਪਈ ਸਮਝੇਗਾ।

ਬਿਰਦ ਪਾਲਕ ਗੁਰੂ ਪੰਥ ਤੋਂ ਪੂਰਨ ਆਸ ਹੈ ਕਿ ਇਸ ਸੇਵਾ ਨੂੰ ਪ੍ਰਵਾਨ ਕਰਕੇ ਗੁਰੂ ਪੰਥ ਦੀ ਸ਼ਰਨ ਵਿਚ ਰਹਿਣ ਦਾ ਮਾਣ ਬਖਸੇਗਾ।

ਗੁਰੂ ਪੰਥ ਦਾ ਜੋੜੇ ਬਰਦਾਰ

ਮੈਂ ਹਾਂ:-ਦਾਸ ਵਿਸਾਖਾ ਸਿੰਘ

ਸੰਤ ਸਿਪਾਹੀ

Digitized by Panjab Digital Library | www.panjabdigilib.org

# ਪਾਠਕਾਂ ਦੀ ਗਿਆਤ ਲਈ

ਇਸ ਦੂਜੀ ਜਿਲਦ ਵਿਚ, ਆਏ ਅਕਾਲੀ ਲਹਿਰ ਦੇ ਹਾਲਾਂ ਤੋਂ ਅਗਲੇ ਹਾਲ ੦-

ਮਾਲਵਾ ਇਤਹਾਸ ਦੀ ਦੂਜੀ ਜਿਲਦ ਵਿਚ ਅਕਾਲੀ ਲਹਿਰ ਦਾ ਵਰਣਨ ਅਰੰਭ ਕੀਤਾ ਗਿਆ ਸੀ , ਤੇ ਆਸ ਸੀ ਕਿ ਉਸ ਵਿਚ ਸਾਰੇ ਹਾਲ ਆਂ ਜਾਣਗੇ। ਪਰ ਜਿਉਂ ਜਿਉਂ ਇਸ ਦੀ ਡੂੰਘੀ ਖੋਜ,ਤੇ ਵਾਕਫੀਅਤ ਮਿਲਦੀ ਗਈ। ਤਿਉਂ ੨ ਤਿਹੀ ਲਿਖਤ ਵਧਦੀ ਗਈਜਿਸ ਲਈ ਇਸ ਇਕ ਲਹਿਰ ਦੇ ਕਾਰਨਾਮਿਆਂ ਨੂੰ ਅਡੋ ਅੱਡ ਜਿਲਦਾਂ ਵਿਚ ਦੇਣ ਲਈ ਮਜ਼ਬੂਰ ਹੋਣਾ ਪਿਆ। ਦੂਜੀ ਜਿਲਦ ਵਿਚ ਅਕਾਲੀ ਲਹਿਰ ਦਾ ਅਰੰਭ ,ਸ੍ਰੀ ਅਕਾਲ ਤਖਤ ਸਾਹਿਬ ਪਰ ਕਬਜਾ, ਸ੍ਰੋ: ਗੁ: ਪ੍ਰ: ਕਮੇਟੀ ਦੀ ਕਾਇਮੀ, ਸ੍ਰੋਮਣੀ ਅਕਾਲੀ ਦਲ ਦਾ ਬਣਨਾ, ਗੁਰਦੁਵਾਰਾ ਪੰਜਾਂ ਸਾਹਿਬ ਜੀ, ਸ੍ਰੀ ਤਰਨ ਤਾਰਨ ਸਾਹਿਬ ਵਿਖੇ ਸ਼ਹੀਦੀ ਸਾਕਾ, ਸ੍ਰੀ ਨਨਕਾਣੇ ਸਾਹਿਬ ਜੀਦੇ ਸ਼ਹੀਦੀ ਸਾਕੇ ਦੇ ਸਮਾਚਾਰ, ਸ੍ਰੀ ਦਰਬਾਰ ਦੀਆਂ ਕੁੰਜੀਆਂ ਦਾ ਮੋਰਚਾ, ਤੇ ਗੁਰੂ ਕੇ ਬਾਗ ਦੇ ਮੋਰਚੇ ਦੇ ਹਾਲ, ਤੇ ਇੰਨਾਂ ਮੋਰਚਿਆਂ ਵਿਚ ਕੁੱਦਣ ਵਾਲੇ ਸੂਰਬੀਰਾਂ ਦੇ ਨਾਂ ਆਦਿ ਪ੍ਰਕਰਣ ਆ ਚੁੱਕੇ ਹਨ , ਤ ਅਕਾਲੀ ਲਹਿਰ ਦੇ ਅਗਲੇ ਹਾਲ ਜੋ ਗੁਰਦਵਾਰਾ ਸ੍ਰੀ ਮੁਕਤਸਰ ਸਾਹਿਬ ਜੀ ਜ਼ਿਲਾ ਫਰੋਜ ਪੁਰ ਦੇ ਕਬਜੇ ਤੋਂ ਸ਼ੁਰੂ ਹੁੰਦੇ ਹਨ ਇਸ ਤੀਜੀ ਜਿਲਦ ਵਿਚ ਦਿਤੇ ਜਾਂਦੇ ਹਨ।

ਆਸ ਹੈ ਕਿ ਪਾਠਕ ਸਾਰੀ ਅਕਾਲੀ ਲਹਿਰ ਦੀ ਜਾਣਕਾਰੀ ਲਈ ਪਿਛਲੀ ਜਿਲਦ ਦੇ ਨਾਲ ਮਿਲਾਕੇ ਪੜ੍ਹਨਗੇ।

ਸੰਪਾਦਿਕ

Digitized by Panjab Digital Library | www.panjabdigilib.org

# ਗੁ: ਸ੍ਰੀ ਮੁਕਤਸਰ ਸਾਹਿਬ ਪਰ ਕਬਜ਼ਾ

ਗੁਰਦੁਆਰਾ ਮੁਕਤਸਰ ਸਾਹਿਬ ਜ਼ਿਲਾ ਫੀਰੋਜ਼ ਪੁਰ ਦਾ ਪ੍ਰਸਿੱਧ ਇਤਿਹਾਸਕ ਗੁਰ ਅਸਥਾਨ ਹੈ। ਜਿਸ ਸਮੇਂ ਵੱਡੇ ਵੱਡੇ ਗੁਰਦਵਾਰੇ ਪੰਥਕ ਪ੍ਰਬੰਧਕ ਵਿਚ ਆ ਗਏ ਤਾਂ ਜ਼ਿਲਾ ਫੀਰੋਜ਼ ਪੁਰ ਤੇ ਲੁਧਿਆਣਾ ਦੇ ਅਕਾਲੀ ਵਰਕਰਾਂ ਨੇ ਅਨਭਵ ਕੀਤਾ, ਕਿ ਸ੍ਰੀ ਮੁਕਤਸਰ ਸਾਹਿਬ ਦਾ ਪ੍ਰਬੰਧ ਭੀ ਪੰਥਕ ਪ੍ਰਬੰਧ ਵਿਚ ਆਉਣਾ ਚਾਹੀਦਾ ਹੈ। ਜਨਵਰੀ ੧੯੨੩ ਨੂੰ ਮਾਘੀ ਦੇ ਮੇਲੇ ਪਰ ਅਕਾਲੀਆਂ ਵਲੋਂ ਭਾਰੀ ਦੀਵਾਨ ਹੋਇਆ, ਜਿਸ ਵਿਚ ਮਾਲਵੇ ਦੇ ਇਨ੍ਹਾਂ ਮੁਖੀਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਇਲਾਕੇ ਵਿਚ ਸੰਤਾਂ ਦਾ ਬਹੁਤ ਪ੍ਰਭਾਵ ਸੀ, ਇਸ ਕਰਕੇ ਅਕਾਲੀ ਵਰਕਰਾਂ ਨੇ ਪ੍ਰੇਰਨਾ ਕਰਕੇ ਸ੍ਰੀਮਾਨ ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ, ਸ੍ਰੀਮਾਨ ਸੰਤ ਮੱਘਰ ਸਿੰਘ ਜੀ ਰਾਮ ਗੜ੍ਹ, ਤੇ ਸ੍ਰੀਮਾਨ ਸੰਤ ਗੁਲਾਬ ਸਿੰਘ ਜੀ ਘੋਲੀਆ ਵਾਲਿਆਂ ਨੂੰ ਆਪਣੇ ਨਾਲ ਸਹਿਮਤ ਕਰ ਲਿਆ। ਇਨ੍ਹਾਂ ਬਜ਼ੁਰਗਾਂ ਨੇ ਸ੍ਰੀ ਮੁਕਤਸਰ ਸਾਹਿਬ ਪੁਜ ਕੇ ਸੰਗਤਾਂਨੂੰ ਅਕਾਲੀ ਸਿੰਘਾਂ ਦੀ ਸਹਾਇਤਾ ਕਰਨ ਵਾਸਤੇ ਜ਼ਬਰਦਸਤ ਪ੍ਰੇਰਨਾ ਕੀਤੀ ਅਤੇ ਗੁ: ਮੁਕਤਸਰ ਨੂੰ ਪੰਥਕ ਪ੍ਰਬੰਧ ਵਿਚ ਲਿਆਉਣ ਲਈ ਵਧ ਚੜ੍ਹ ਕੇ ਹਿੱਸਾ ਲਿਆ। ੭ ਫਰਵਰੀ ੧੯੨੩ ਨੂੰ ਗੁ:— ਮੁਕਤਸਰ ਪਰ ਕਬਜ਼ਾ ਕਰਨ ਲਈ ਭਾਰੀ ਦੀਵਾਨ ਰਖਿਆ ਗਿਆ, ਜਿਸ ਦੇ ਪ੍ਰਬੰਧਕਾਂ ਵਿਚੋਂ ਹੇਠ ਲਿਖੇ ਸਜਨਾਂ ਦੇ ਨਾਮ ਵਰਣਨ ਯੋਗ ਹਨ।

ਸ: ਰਾਏ ਸਿੰਘ ਜੀ ਕੌਣੀ, ਸ: ਹਰਨਾਮ ਸਿੰਘ ਕਬਰਵੱਛਾ, ਸ: ਉਜਾਗਰ ਸਿੰਘ ਕਬਰਵੱਛਾ, ਸ: ਦਰਬਾਰਾ ਸਿੰਘ ਜੀ ਮਲਵਈ, ਸ: ਸੁੰਦਰ ਸਿੰਘ ਜੀ ਸੁਖਨਾ, ਸ: ਕੇਹਰ ਸਿੰਘ ਜੀ ਸਾਹਿਬ ਚੰਦ, ਸ:ਜੁਗਿੰਦਰ ਸਿੰਘ ਜੀ ਘਾਲੀ, ਸ: ਕਰਤਾਰ ਸਿੰਘ ਬਲਬੀਰ ਭੁੱਚੋ ਸ: ਨਰੈਣ ਸਿੰਘ ਜੀ ਧੂੜ ਕੋਟ, ਸ: ਖਜ਼ਾਨ ਸਿੰਘ ਜੀ ਸਿੰਘਾਂ ਵਾਲਾ, ਸ: ਜਗਤ ਸਿੰਘ ਜੀ ਸੇਵਕ ਮੋਗਾ, ਸ: ਰਲਾ ਸਿੰਘ ਜੀ ਰਕਬਾ, ਸ: ਰਣਬੀਰ ਸਿੰਘ ਜੀ ਕਾਉਂਕੇ, ਸ: ਮੁਕੰਦ ਸਿੰਘ ਜੀ ਮੁਕੰਦ ਪੁਰਾ, ਸ: ਸ਼ਾਮ ਸਿੰਘ ਜਰਨੈਲ ਰੁਮੀ- ਸ: ਦਿਲਜੀਤ ਸਿੰਘ ਲਲਤੋਂ, ਸ: ਗੱਜਨ ਸਿੰਘ ਗਹੌਰ, ਸ: ਸੁੰਦਰ ਸਿੰਘ ਘੁਮਾਣ, ਸ: ਮਹਿੰਦਰ ਸਿੰਘ, ਸਿੱਧਵਾਂ, ਸ: ਰਤਨ ਸਿੰਘ ਸ਼ੇਰ ਪੁਰਾ ਸ: ਗੁਰਦਿਆਲ ਸਿੰਘ ਖੁੜੰਜ, ਆਦਿ ਉਕਤ ਸਜਨਾਂ ਨੇ ਸ਼੍ਰੋ: ਕਮੇਟੀ ਨੂੰ ਪ੍ਰੇਰਣਾ ਕੀਤੀ ਕਿ ਉਹ ਮੁਕਤਸਰ ਨੂੰ ਪੰਥਕ ਪ੍ਰਬੰਧ ਵਿਚ ਲਿਉਣ ਲਈ ਸਹਾਇਤਾ ਦੇਵੇ ਸ਼੍ਰੋ: ਕਮੇਟੀ ਵਲੋਂ ੧੭ ਫਰਵਰੀ ਦੇ ਦੀਵਾਨ ਪਰ ਸ: ਬ: ਮਹਿਤਾਬ ਸਿੰਘ ਸ: ਤੇਜਾ ਸਿੰਘ ਸਮੁੰਦਰੀ, ਸ: ਕਪਤਾਨ ਰਾਮ ਸਿੰਘ, ਰਸਾਲਦਾਰ ਸੁੰਦਰ ਸਿੰਘ, ਸ: ਭਾਗ ਸਿੰਘ ਵਕੀਲ ਆਦਿਕ ਮੁਖੀ ਸਜਨ ਸ਼ਾਮਲ ਹੋਏ। ਇਸ ਦੀਵਾਨ ਪਰ ਮਾਲਵੇ ਦੇ ਹਜ਼ਾਰਾਂ ਸਿੰਘ ਇਕੱਠੇ ਹੋ ਗਏ ਅਤੇ ਉਨ੍ਹਾਂ ਵਿਚ ਅਥਾਹ- ਜੋਸ਼ ਠਾਠਾਂ ਮਾਰ ਰਿਹਾ ਸੀ। ਸਿੰਘਾਂ ਨੇ ਅਰਦਾਸਾ ਸੋਧ ਕੇ ਗੁਰਦਵਾਰੇ ਪਰ ਕਬਜ਼ਾ ਕਰ ਲਿਆ।

ਸ: ਹਰਨਾਮ ਸਿੰਘ ਜੀ ਕਬਰਵੱਛਾ ਦੇ ਬਿਆਨ ਅਨੁਸਾਰ ਸ੍ਰੀ ਮੁਕਤਸਰ ਸਾਹਿਬ ਪਰ ਕਬਜ਼ਾ ਕਰਨ ਦੇ ਹਾਲਾਤ ਇਸ ਪ੍ਰਕਾਰ ਹਨ :— "ਸ਼੍ਰੋ: ਕਮੇਟੀ ਨੇ ਸ: ਰਾਏ ਸਿੰਘ ਤੇ ਸ: ਹਰਨਾਮ ਸਿੰਘ ਕਬਰ- ਵਛਾ ਦੀ ਡਿਊਟੀ ਲਗਾਈ ਗਈ ਸੀ ਕਿ ਉਹ ਬਾਂਦੇ ਵਾਲੇ ਦੀਵਾਨ ਲਗਾ ਕੇ ਗੁਰਦਵਾਰਾ ਮੁਕਤਸਰ ਪਰ ਕਬਜ਼ਾ ਕਰਨ ਦੇ ਹਾਲਾਤ ਪੈਦਾ ਕਰਨ। ਬਾਂਦੇ ਵਾਲੇ ਦੀਵਾਨ ਹੋ ਗਿਆ, ਉਸ ਵਿਚ ਖਾਸ ਮੁਕਤਸਰ ਵਿਚ ਦੀਵਾਨ ਕਰਨ ਦਾ ਫੈਸਲਾ ਕੀਤਾ ਗਿਆ। ਦੀਵਾਨ ਦੋਦੇ ਵਾਲੀ ਸੜਕ ਪਰ ਹੋਇਆ। ਪਹਿਲੇ ਦਿਨ ਹੀ ਭਾ: ਸਰਮੁਖ ਸਿੰਘ ਤੇ ਅਨੋਖ ਸਿੰਘ ਪੁਜਾਰੀਆਂ ਨੇ ਗੁਰਦਵਾਰਾ ਤੰਬੂ ਸਾਹਿਬ ਦਾ ਪ੍ਰਬੰਧ ਪੰਥ ਦੇ ਹਵਾਲੇ ਕਰਨ ਦਾ ਐਲਾਨ ਕਰ ਦਿੱਤਾ। ਅਗਲੇ ਦਿਨ ਦੀਵਾਨ ਗੁਰਦੁਆਰਾ ਤੰਬੂ- ਸਾਹਿਬ ਵਿਚ ਹੋਇਆ, ਜਿਥੋਂ ਇਕ ਸੌ ਸਿੰਘਾਂ ਦਾ ਜਥਾ ਸ੍ਰੀ ਦਰਬਾਰ ਸਾਹਿਬ ਮੁਕਤਸਰ ਪਰ ਕਬਜ਼ਾ ਕਰਨ ਲਈ ਰਵਾਨਾ ਹੋ ਗਿਆ। ਇਸ ਜਥੇ ਦੇ ਜਥੇਦਾਰ ਸ: ਹਰਨਾਮ ਸਿੰਘ ਜੀ ਕਬਰਵਛਾ ਸਨ।

Digitized by Panjab Digital Library | www.panjabdigilib.org

ਮੋਰਚੇ ਦਾ ਪੰਞੀਆਂ ਸਿੰਘਾਂ ਦਾ ਜਥਾ ਸ: ਜਗਤ ਸਿੰਘ ਜੀ ਸੇਵਕ ਮੋਗਾ, ਦੀ ਜਥੇਦਾਰੀ ਹੇਠ ਪੁਜਿਆ ਸੀ। ਜੋ ਸੌ ਸਿੰਘਾਂ ਦੇ ਜਥੇ ਵਿਚ ਸ਼ਾਮਲ ਹੋਇਆ। ਜਿਸ ਸਮੇਂ ਇਹ ਜਥਾ ਸ੍ਰੀ ਦਰਬਾਰ ਸਾਹਿਬ ਪੁਜਿਆ ਤਾਂ ਪੁਜਾਰੀ ਬਿਨਾਂ ਮੁਕਾਬਲਾ ਕੀਤੇ ਦਰਬਾਰ ਸਾਹਿਬ ਵਿਚੋਂ ਨਿਕਲ ਗਏ। ਜਥੇ ਨੇ ਅੰਦਰ ਜਾ ਕੇ ਜੈਕਾਰੇ ਗਜਾਏ, ਜਿਨ੍ਹਾਂ ਨੂੰ ਸੁਣ ਕੇ ਤੰਬੂ ਸਾਹਿਬ ਦੇ ਦੀਵਾਨ ਵਿਚ ਸਜੀ ਸਾਰੀ ਸੰਗਤ ਭੀ ਸ੍ਰੀ ਦਰਬਾਰ ਸਾਹਿਬ ਵਿਚ ਆ ਗਈ ਤੇ ਦੀਵਾਨ ਇਥੇ ਸੱਜ ਗਿਆ। ਗੁਰਦਵਾਰਾ ਤੰਬੂ ਸਾਹਿਬ ਦੇ ਪੁਜਾਰੀ ਭਾ: ਸਰਮੁਖ ਸਿੰਘ ਤੇ ਅਨੋਖ ਸਿੰਘ ਨੇ ਤੰਬੂ ਸਾਹਿਬ ਦਾ ਪ੍ਰਬੰਧ ਖੁਸ਼ੀ ਨਾਲ ਹੀ ਪੰਥ ਦੇ ਹਵਾਲੇ ਕਰ ਦਿੱਤੀ। ਦੂਜੇ ਪੁਜਾਰੀ ਸਿੰਘਾਂ ਦੇ ਜੋਸ਼ ਦਾ ਮੁਕਾਬਲਾ ਨਾ ਕਰ ਸਕੇ। ਕਮੇਟੀ ਦੇ ਮੁਖੀਆਂ ਨੇ ਸ: ਰਾਏ ਸਿੰਘ ਕੌਣੀ ਨੂੰ ਗੁਰਦੁਆਰੇ ਦਾ ਮੈਨੇਜਰ ਨੀਯਤ ਕਰ ਦਿੱਤਾ। ਇਸ ਪ੍ਰਕਾਰ ਗੁਰਦੁਆਰਾ ਮੁਕਤਸਰ ਸਾਹਿਬ ਦਾ ਪ੍ਰਬੰਧ ਬਿਨਾ ਕਿਸੇ ਖਾਸ ਝਗੜੇ ਦੇ ਪੰਥ ਦੇ ਕਬਜ਼ੇ ਵਿਚ ਆ ਗਿਆ।

# ਕਾਰ ਸੇਵਾ ਦੇ ਅਦੁੱਤੀ ਨਜ਼ਾਰੇ

ਅਕਾਲੀ ਲਹਿਰ ਜੋਬਨ ਪਰ ਸੀ। ਪੰਥਕ ਮੁਖੀਆਂ ਨੇ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਕਰਨ ਦਾ ਐਲਾਨ ਕੀਤਾ। ਇਕ ਕਾਰ ਸੇਵਾ ਕਮੇਟੀ ਬਣਾਈ ਗਈ, ਸਾਰੇ ਪੰਥ ਨੂੰ ਇਕੱਤ੍ਰ ਹੋਣ ਦਾ ਸੱਦਾ ਦਿੱਤਾ ਗਿਆ। ਸੇਵਾ ਆਰੰਭ ਕਰਨ ਸਮੇਂ ਪੰਜ ਪਿਆਰਿਆਂ ਨੇ ਟੱਕ ਲਾਉਣ ਦੀ ਰਸਮ ਅਦਾ ਕਰਨੀ ਸੀ। ਕਾਰ ਸੇਵਾ ਪ੍ਰਾਰੰਭ ਕਰਨ ਦੀ ਰਸਮ ਅਦਾ ਕਰਨ ਵੇਲੇ ਵਡਿਆਂ ਭਾਗਾਂ ਵਾਲੇ, ਗੁਰਮੁਖ ਪੰਜ ਪਿਆਰੇ ਇਹ ਸਨ:—

੧. ਸ੍ਰੀਮਾਨ ਸੰਤ ਸ਼ਾਮ ਸਿੰਘ ਜੀ ਅੰਮ੍ਰਿਤਸਰ ( ਅੱਡਣ ਸ਼ਾਹੀ )।
੨. ਸ੍ਰੀਮਾਨ ਸ: ਬ: ਸ: ਮਹਿਤਾਬ ਸਿੰਘ ਜੀ।
੩. ਸ੍ਰੀਮਾਨ ਸ: ਤੇਜਾ ਸਿੰਘ ਜੀ ਚੂਹੜ ਕਾਣਾ।
੪. ਸ੍ਰੀਮਾਨ ਸੋਢੀ ਪ੍ਰੀਤਮ ਸਿੰਘ ਜੀ ਆਨੰਦ ਪੁਰ ਸਾਹਿਬ
੫. ਸ੍ਰੀਮਾਨ ਸੰਤ ਗੁਲਾਬ ਸਿੰਘ ਜੀ ਘੋਲੀਆਂ ਜ਼ਿਲਾ ਫੀਰੋਜ਼ ਪੁਰ।

ਇਸ ਵਾਸਤੇ ਪੰਜ ਕਹੀਆਂ ਸੋਨੇ ਦੀਆਂ ਅਤੇ ਪੰਜ ਬਾਟੇ ਚਾਂਦੀ ਦੇ ਤਿਆਰ ਕੀਤੇ ਗਏ, ਜੋ ਇਸ ਸਮੇਂ ਸ੍ਰੀ ਅੰਮ੍ਰਿਤਸਰ ਦੇ ਤੋਸ਼ੇ ਖਾਨੇ ਵਿਚ ਮੌਜੂਦ ਹਨ। ਇਹ ਮਹਾਨ ਕਾਰਜ ਕਰਨ ਲਈ ਲਖਾਂ ਰੁਪਏ ਇਕੱਠੇ ਹੋ ਗਏ ਅਤੇ ਦੇਸਾਂ ਪ੍ਰਦੇਸਾਂ ਤੋਂ ਸੰਗਤਾਂ ਇਸ ਸੇਵਾ ਵਿਚ ਹਿੱਸਾ ਲੈਣ ਲਈ ਸ੍ਰੀ ਅੰਮ੍ਰਿਤਸਰ ਪੁਜ ਗਈਆਂ। ਪ੍ਰਲੋਕ ਵਾਸੀ ਮਹਾ: ਭੂਪਿੰਦਰ ਸਿੰਘ ਜੀ ਪਟਿਆਲਾ ਭੀ ਸੇਵਾ ਵਿਚ ਹਿੱਸਾ ਲੈਣ ਲਈ ਹਾਜ਼ਰ ਹੋਏ। ਉਨ੍ਹਾਂ ਨੇ ੪੦ ਹਜ਼ਾਰ ਰੁਪਿਆ ਅਰਦਾਸ ਕਰਾਇਆ।

੧੭ ਜੂਨ ੧੯੨੩ ਨੂੰ ਕਾਰ ਸੇਵਾ ਦਾ ਆਰੰਭ ਹੋਇਆ। ਗੁਰਦਵਾਰਾ ਪਿਪਲੀ ਸਾਹਿਬ ਤੋਂ ਜਲੂਸ ਆਰੰਭ ਹੋਇਆ। ਇਕ ਸਿੱਰਾ ਪਿਪਲੀ ਸਾਹਿਬ ਤੇ ਦੂਜਾ ਸ੍ਰੀ ਦਰਬਾਰ ਸਾਹਿਬ ਪਹੁੰਚ ਗਿਆ ਸੀ। ਇਤਨਾ ਸ਼ਾਨਦਾਰ ਜਲੂਸ ਅੱਜ ਤਕ ਨਹੀਂ ਨਿਕਲਿਆ। ਪੰਜ ਪਿਆਰਿਆਂ ਨੇ ਅਰਦਾਸਾ ਸੋਧ ਕੇ ਟੱਕ ਲਾਇਆ। ਇਸ ਸਮੇਂ ਸੇਵਾ ਦਾ ਅਦੁਤੀ ਨਜ਼ਾਰਾ ਸੀ। ਉਸ ਸਮੇਂ ਹਿੰਦੂ, ਮੁਸਲਮਾਨ ਭੀ ਭਾਰੀ ਗਿਣਤੀ ਵਿਚ ਸੇਵਾ ਕਰਦੇ ਸਨ। ੨੦੦ ਮੁਸਲਮਾਨ ਮਰਦ ਤੇ ਇਸਤ੍ਰੀਆਂ ਸੇਵਾ ਵਿਚ ਹਿੱਸਾ ਲੈ ਰਹੀਆਂ ਸਨ। ਇਹ ਲੰਗਰ ਵਿਚ ਹੀ ਪ੍ਰਸ਼ਾਦ ਛਕਦੇ ਤੇ ਗੁਰੂ ਕੇ ਬਾਗ ਵਿਚ ਨਮਾਜ਼ ਪੜ੍ਹ ਲੈਂਦੇ। ਹਿੰਦੂ ਭਰਾਵਾਂ ਨੇ ਤਾਂ ਸਭ ਤੋਂ ਵਧ ਚੜ੍ਹ ਕੇ ਹਿੱਸਾ ਲਿਆ। ਕਾਰ ਸੇਵਾ ਮਹੀਨਾ ਭਰ ਜਾਰੀ ਰਹੀ। ਸਰੋਵਰ ਵਿਚੋਂ ਨਿਕਲੀ ਗਾਰ ਨੂੰ ਪਵਿੱਤ੍ਰ ਸਮਝ ਕੇ ਸੰਗਤਾਂ ਘਰਾਂ ਨੂੰ ਲੈ ਗਈਆਂ।

Digitized by Panjab Digital Library | www.panjabdigilib.org

# ਗੁ: ਭਾਈ ਫੇਰੂ ਦਾ ਪ੍ਰਸਿੱਧ ਮੋਰਚਾ

ਗੁਰਦਵਾਰਾ ਭਾਈ ਫੇਰੂ ਜ਼ਿਲਾ ਲਾਹੌਰ ਦਾ ਪ੍ਰਸਿੱਧ ਗੁਰਦਵਾਰਾ ਹੈ। ਇਹ ਗੁਰ ਅਸਥਾਨ ਮਸੰਦ ਭਾਈ ਫੇਰੂ ਦੇ ਨਾਮ ਪਰ ਪ੍ਰਸਿੱਧ ਹੈ। ਜਿਸ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦਾਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਸਨ ਤੇ ਉਨ੍ਹਾਂ ਨੂੰ ਤੇਲ ਦੇ ਤਪਦੇ ਕੜ੍ਹਾਹਿਆਂ ਵਿਚ ਸੁਟ ਕੇ ਸਿਖਾਂ ਨੂੰ ਸਤਾਉਣ ਦਾ ਫਲ ਭੁਗਤਾਇਆ ਸੀ। ਉਸ ਸਮੇਂ ਭੀ ਭਾਈ ਫੇਰੂ ਨੂੰ ਗੁਰੂ ਸਾਹਿਬ ਨੇ ਮਾਫ਼ ਕਰ ਦਿੱਤਾ ਸੀ ਤੇ ਉਸ ਦਾ ਉੱਚਾ ਸੁੱਚਾ ਜੀਵਨ ਤੇ ਸ਼ੁੱਧ ਆਚਰਨ ਵੇਖ ਕੇ ਕਈ ਵਰ ਦਿੱਤੇ ਸਨ। ਸਿੱਖ ਰਾਜ ਦੇ ਸਮੇਂ ਇਸ ਗੁਰਦਵਾਰੇ ਦੇ ਨਾਮ ਬਹੁਤ ਸਾਰੀ ਜ਼ਮੀਨ ਤੇ ਜਾਗੀਰ ਲਗਾਈ ਗਈ।

ਜਦ ਸ੍ਰੀ ਨਨਕਾਣਾ ਸਾਹਿਬ ਦਾ ਸਾਕਾ ਹੋਇਆ ਤਾਂ ਭਾਈ ਫੇਰੂ ਦੇ ਮਹੰਤ ਕਿਸ਼ਨ ਦਾਸ ਨੇ ਪਹਿਲਾਂ ਤਾਂ ਨਰਾਇਣਦਾਸਦੀ ਬਹੁਤ ਮਦਦ ਕੀਤੀ ਪ੍ਰੰਤੂ ਜਦ ਨਰਾਇਣੂ ਨੇ ਬਹੁਤ ਸਾਰੇ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਤੇ ਮਹੰਤਾਂ ਦੇ ਵਿਰੁਧ ਅਕਾਲੀਆਂ ਦਾ ਗੁੱਸਾ ਭੜਕ ਉੱਠਿਆ ਤਾਂ ਮਹੰਤ ਕਿਸ਼ਨ ਦਾਸ ਨੇ ਮੌਕਾ ਤਾੜ ਕ ਅਕਾਲੀਆਂ ਨਾਲ ਸਮਝੌਤਾ ਕਰ ਲਿਆ। ਸ਼੍ਰੋ: ਕਮੇਟੀ ਨੇ ਮਹੰਤ ਨੂੰ ੪੦੦ ਰੁਪਿਆ ਮਹੀਨਾ ਗੁਜਾਰਾ ਦੇਣਾ ਪ੍ਰਵਾਨ ਕਰ ਲਿਆ। ਪਿਛੋਂ ਮਹੰਤ ਨਰਾਇਣ ਦਾਸ ਦੇ ਭਰਾ ਪਾਲਾ ਰਾਮ ਨੇ ਮਹੰਤ ਕਿਸ਼ਨ ਦਾਸ ਨੂੰ ਸ਼ਰਤਾਂ ਭੰਗ ਕਰਨ ਲਈ ਉਕਸਾਇਆ, ਜਿਸਦਾ ਨਤੀਜਾ ਇਹ ਨਿਕਲਿਆ ਕਿ ਮਹੰਤ ਨੇ ਸ: ਜਗਤ ਸਿੰਘ ਮੈਨੇਜਰ ਤੇ ਕੁਝ ਹੋਰ ਸਿੰਘਾਂ ਵਿਰੁਧ ਮੁਕਦਮਾ ਦਾਇਰ ਕਰ ਦਿਤਾ। ੭ ਦਸੰਬਰ ੧੯੨੩ ਨੂੰ ਪੁਲਸ ਨੇ ਸ: ਜਗਤ ਸਿੰਘ ਮੈਨੇਜਰ, ਤੇਜਾ ਸਿੰਘ, ਸੋਹਣ ਸਿੰਘ, ਕਰਤਾਰ ਸਿੰਘ, ਬਾਲ ਸਿੰਘ, ਪੂਰਨ ਸਿੰਘ, ਰਣ ਸਿੰਘ, ਉਦੇ ਸਿੰਘ, ਉਜਾਗਰ ਸਿੰਘ, ਧਰਮ ਸਿੰਘ, ਛਬੀਲ ਸਿੰਘ ਆਦਿ ੧੧ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ।

ਗੁਰਦਵਾਰਾ ਭਾਈ ਫੇਰੂ ਦੀ ਜ਼ਮੀਨ ਸਬੰਧੀ ਮੁਕਦਮਾ ਡਿਪਟੀ ਕਮਿਸ਼ਨਰ ਸਾਹਿਬ ਲਾਹੌਰ ਦੀ ਅਦਾਲਤ ਵਿਚ ਚਲਦਾ ਸੀ। ਉਸ ਨੇ ਜ਼ਮੀਨ ਦਾ ਇੰਤਕਾਲ ਸ਼੍ਰੋਮਣੀ ਕਮੇਟੀ ਦੇ ਨਾਂ ਕਰ ਦਿਤਾ। ਇਸ ਫੈਸਲੇ ਅਨੁਸਾਰ ਕੁਝ ਸਿੰਘ ਜ਼ਮੀਨ ਦਾ ਕਬਜ਼ਾ ਲੈ ਕੇ ਮੁਜ਼ਾਰਿਆਂ ਨੂੰ ਪਟੇ ਪਰ ਦੇਣ ਗਏ। ਮਹੰਤ ਕਿਸ਼ਨ ਦਾਸ ਦੇ ਬੰਦਿਆਂ ਨੇ ਕਸੂਰ ਜਾ ਕੇ ਪੁਲਸ ਨੂੰ ਖਬਰ ਦਿਤੀ ਕਿ ਅਮਨ ਭੰਗ ਹੋਣ ਦਾ ਖਤਰਾ ਹੈ, ਅਕਾਲੀ ਸਾਡੀ ਜ਼ਮੀਨ ਪਰ ਜ਼ੋਰੀ ਕਬਜ਼ਾ ਕਰਦੇ ਹਨ।

ਕਸੂਰ ਦਾ ਐਸ. ਡੀ. ਓ. ਮੌਕੇ ਪਰ ਪੁਜ ਗਿਆ। ਉਸ ਨੇ ਹੁਕਮ ਜਾਰੀ ਕੀਤਾ ਕਿ ਦੋਵੇਂ ਧਿਰਾਂ ੩ਜਨਵਰੀ ੧੯੨੪ ਨੂੰ ੧੧ ਵਜੇ ਦਿਨੇ ਭਾਈ ਫੇਰੂ ਦੇ ਥਾਨੇ 'ਚ ਹਾਜ਼ਰ ਹੋ ਕੇ ਝਗੜੇ ਵਾਲੀ ਜ਼ਮੀਨ ਸਬੰਧੀ ਲਿਖਤੀ ਬਿਆਨ ਦੇਣ। ਇਸ ਸਬੰਧੀ ਸ਼੍ਰੋਮਣੀ ਕਮੇਟੀ ਨੇ ਇਹ ਐਲਾਨ ਜਾਰੀ ਕੀਤਾ :—

"ਚੂੰਕਿ ਅਦਾਲਤ ਨੇ ਮੰਨ ਲਿਆ ਹੈ ਕਿ ਗੁ: ਭਾਈ ਫੇਰੂ ਸਾਹਿਬ ਦੀ ਸਬੰਧਤ ਜਾਇਦਾਦ ਪਰ ਗੁਰਦਵਾਰੇ ਦਾ ਅਧਿਕਾਰ ਹੈ ਤੇ ਇਹ ਭੀ ਮੰਨ ਲਿਆ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਇਸ ਦੇ ਪ੍ਰਬੰਧ ਕਰਨ ਦਾ ਹੱਕ ਹੈ। ਇਸ ਲਈ ਕਮੇਟੀ ਨੇ ਜ਼ਮੀਨ ਠੇਕੇ ਪਰ ਦੇਣ ਦਾ ਐਲਾਨ ਕੀਤਾ ਹੈ ਅਤੇ ਇਹ ਭੀ ਫੈਸਲਾ ਕੀਤਾ ਹੈ ਕਿ ਜ਼ਮੀਨ ਫਲਾਂ ਫਲਾਂ ਮੁਜ਼ਾਰੇ ਨੂੰ ਠੇਕੇ ਪਰ ਦਿਤੀ ਜਾਵੇ। ਮੁਜ਼ਾਰਿਆਂ ਨੂੰ ਜ਼ਮੀਨ ਦਿਖਾਨ ਲਈ ਉਥੇ ਲੈ ਜਾਇਆ ਗਿਆ ਤਾਕਿ ਉਹ ਵਾਹੀ ਦਾ ਕੰਮ ਅਰੰਭ ਕਰਨ। ਇਸ ਕਰਵਾਈ ਤੋਂ ਪੁਰਾਣੇ ਮੁਜ਼ਾਰੇ ਨਾਰਾਜ਼ ਹੋ ਗਏ। ਉਨ੍ਹਾਂ ਨੇ ਪੁਲਸ ਦੀ ਸਹਾਇਤਾ ਮੰਗੀ। ਪੁਲਸ ਨੇ ਝਟ ਪਟ ਮਦਦ

Digitized by Panjab Digital Library | www.panjabdigilib.org

ਦਿਤੀ ਤੇ ੩੪ ਅਕਾਲੀਆਂ ਨੂੰ ਤੇ ਮੁਜ਼ਾਰਿਆਂ ਨੂੰ ਗ੍ਰਿਫਤਾਰ ਕਰ ਲਿਆ। ਗ੍ਰਿਫਤਾਰੀਆਂ ਬੇ-ਕਸੂਰ ਤੇ ਬੇ-ਫਾਇਦਾ ਸਾਬਤ ਹੋਈਆਂ ਕਿਉਂਕਿ ਜ਼ਮੀਨ ਨਵੇਂ ਮੁਜ਼ਾਰਿਆਂ ਦੇ ਕਬਜ਼ੇ ਵਿਚ ਹੈ। ਸੰਭਵ ਹੈ ਇਥੇ ਭਾਰੀ ਮੋਰਚਾ ਲਗ ਜਾਵੇ।

੫ ਜਨਵਰੀ ੧੯੨੪ ਨੂੰ ਗੁਰਦਵਾਰਾ ਭਾਈ ਫੇਰੂ ਵਿਚ ਮੋਰਚਾ ਲਗ ਗਿਆ ਅਤੇ ਸਿੰਘਾਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ। ਸ਼੍ਰੋ: ਕਮੇਟੀ ਨੇ ਸ੍ਰੀ ਅੰਮ੍ਰਿਤਸਰ ਤੋਂ ਜਥੇ ਭੇਜਣੇ ਸ਼ੁਰੂ ਕਰ ਦਿੱਤੇ। ਜਦ ਇਸ ਮੋਰਚੇ ਦੀਆਂ ਖਬਰਾਂ ਅਖਬਾਰਾਂ ਵਿਚ ਪ੍ਰਕਾਸ਼ਤ ਹੋਈਆਂ ਤਾਂ ਕੁਝ ਕਾਂਗਰਸੀ ਲੀਡਰਾਂ ਨੇ ਵਿਚ ਪੈ ਕੇ ਸਮਝੌਤਾ ਕਰਾਉਣ ਦਾ ਯਤਨ ਕੀਤਾ। ਪ੍ਰਿੰਸੀਪਲ ਗਿਡਵਾਨੀ ਤੇ ਮਿਸਟਰ ਰਹੀਮ ਅਲੀ ਹਾਸ਼ਮੀ ਮੀਤ ਸੰਪਾਦਕ "ਇੰਡੀਪੈਂਡੈਂਸ ਅਲਾਹਾਬਾਦ" ਭਾਈ ਫੇਰੂ ਪੁਜੇ। ਉਹਨਾਂ ਨੇ ਦੋਹਾਂ ਧਿਰਾਂ ਦੇ ਆਦਮੀਆਂ ਨੂੰ ਮਿਲ ਕੇ ਤੇ ਸਰਕਾਰੀ ਅਫਸਰਾਂ ਨਾਲ ਗਲ ਬਾਤ ਕਰਨ ਪਿਛੋਂ ਇਕ ਬਿਆਨ ਜਾਰੀ ਕੀਤਾ ਜਿਸ ਵਿਚ ਉਨ੍ਹਾਂ ਨੇ ਸਾਫ ਸ਼ਬਦਾਂ ਵਿਚ ਕਿਹਾ—

"ਜ਼ਮੀਨ ਗੁਰਦਵਾਰੇ ਦੀ ਹੈ, ਉਸ ਦਾ ਕਬਜ਼ਾ ਸ਼ਰੋਮਣੀ ਕਮੇਟੀ ਲੈ ਚੁਕੀ ਹੈ। ਮਿਸਟਰ ਐਮਰਸ ਡਿਪਟੀ ਕਮਿਸ਼ਨਰ ਲਾਹੌਰ ਨੇ ਜ਼ਮੀਨ ਦਾ ਇੰਤਕਾਲ ਕਮੇਟੀ ਦੇ ਨਾਂ ਕਰ ਦਿਤਾ ਹੈ। ਇਸ ਲਈ ਮਹੰਤਾਂ ਦਾ ਝਗੜਾ ਵਿਅਰਥ ਹੈ।" ਪਰੰਤੂ ਸਰਕਾਰ ਸਿੰਘਾਂ ਨੂੰ ਦਬਾਉਣਾ ਚਾਹੁੰਦੀ ਸੀ ਇਸ ਕਰਕੇ ਉਸ ਨੇ ਅੰਨੇਵਾਹ ਗਿਫਤਾਰੀਆਂ ਸ਼ੁਰੂ ਕਰ ਦਿਤੀਆਂ ਅਤੇ ਸਿੰਘਾਂ ਨੂੰ ਕੈਦ ਕਰਨ ਲਗ ਪਈ। ਇਸ ਮੋਰਚੇ ਵਿਚ ੨੫ ਅਕਾਲੀਆਂ ਦਾ ਜੱਥਾ ਰੋਜ਼ ਗੁਰਦਵਾਰਾ ਭਾਈ ਫੇਰੂ ਜਾ ਕੇ ਗ੍ਰਿਫਤਾਰ ਹੁੰਦਾ ਸੀ। ਅੰਦਾਜ਼ਾ ਲਗਾਇਆ ਗਿਆ ਹੈ ਕਿ ਇਸ ਮੋਰਚੇ ਵਿਚ ਚਾਰ ਪੰਜ ਹਜ਼ਾਰ ਅਕਾਲੀ ਗ੍ਰਿਫਤਾਰ ਹੋਏ। ਭਾ: ਜਗਤ ਸਿੰਘ ਮੈਨੇਜਰ ਤੇ ਉਨ੍ਹਾਂ ਦੇ ਸਾਥੀਆਂ ਨੂੰ ਸਜ਼ਾਵਾਂ ਹੋਈਆਂ।

੨੦ ਸਤੰਬਰ ੧੯੨੫ ਨੂੰ ਗੁਰਦਵਾਰਾ ਭਾਈ ਫੇਰੂ ਵਿਚ ਇਕ ਆਦਮੀ ਮਾਰਿਆ ਗਿਆ, ਜਿਸ ਕਰਕੇ ਸ਼ਰੋਮਣੀ ਕਮੇਟੀ ਨੇ ਮੋਰਚਾ ਬੰਦ ਕਰ ਦਿਤਾ। ਗੁਰਦਵਾਰਾ ਬਿਲ ਬਣ ਜਾਣ ਪਰ ਇਹ ਗੁ: ਭੀ ਪੰਥਕ ਪ੍ਰਬੰਧ ਹੇਠ ਆ ਗਿਆ। ਇਸ ਮੋਰਚੇ ਵਿਚ ਕੈਦ ਹੋਣ ਵਾਲੇ ਅਕਾਲੀਆਂ ਪਰ ਮੁਲਤਾਨ ਜੇਲ੍ਹ ਵਿਚ ਬਹੁਤ ਜ਼ਿਆਦਾ ਸਖਤੀਆਂ ਹੋਈਆਂ।

——:o:——

Digitized by Panjab Digital Library | www.panjabdigilib.org

# ਗੁ: ਗੰਗਸਰ ਜੈਤੋ ਦਾ ਮੋਰਚਾ

ਗੁ: ਗੰਗਸਰ ਜੈਤੋਂ ਦਾ ਮੋਰਚਾ ਅਕਾਲੀ ਲਹਿਰ ਦਾ ਸਭ ਤੋਂ ਵਡਾ ਮੋਰਚਾ ਸੀ ਕਿਉਂਕਿ ਇਸ ਮੋਰਚੇ ਵਿਚ ਸਿੱਖ ਪੰਥ ਨੇ ਪੰਥਕ ਏਕਤਾ, ਕੁਰਬਾਨੀ, ਜੱਥੇਬੰਦੀ ਅਤੇ ਪੰਥਕ ਜੋਸ਼ ਦੇ ਅਦੁਤੀ ਨਜ਼ਾਰੇ ਪੇਸ਼ ਕੀਤੇ। ਪੰਜ ਪੰਜ ਸੌ ਦੇ ਜੱਥਿਆਂ ਦਾ ਖਾਸ ਵਰਦੀ ਪਹਿਨ ਕੇ ਬੈਂਡ ਬਾਜਿਆਂ ਦੀ ਘਨਘੋਰ ਵਿਚ ਫੌਜੀ ਮਾਰਚ ਕਰਨਾ ਐਸਾ ਅਦਭੁਤ ਦ੍ਰਿਸ਼ਯ ਪੇਸ਼ ਕਰਦਾ ਸੀ ਕਿ "ਕਹਿਬੇ ਕਉ ਸੋਭਾ ਨਹੀਂ ਦੇਖਾ ਹੀ ਪ੍ਰਵਾਨ" ਦਾ ਮਹਾਂਵਾਕ ਗੁਰਸਿੱਖਾਂ ਨੇ ਸਾਰਥਕ ਕਰ ਵਿਖਾਇਆ। ਇਸ ਤੋਂ ਪਹਿਲਾਂ ਸਿੱਖ ਕੌਮ ਦੀ ਇਕ ਬਹਾਦਰ ਕੌਮ ਹੋਣ ਕਰਕੇ ਮਸ਼ਹੂਰੀ ਸੀ। ਸਿੱਖਾਂ ਨੂੰ ਜੰਗਜੂ ਤੇ ਬਹਾਦਰ ਕੌਮ ਸਮਝਿਆ ਜਾਂਦਾ ਸੀ। ਪ੍ਰੰਤੂ ਜੈਤੋ ਦੇ ਮੋਰਚੇ ਵਿਚ ਸਿੱਖਾਂ ਨੇ ਸ਼ਾਤਮਈ ਰਹਿੰਦਿਆਂ ਹੋਇਆਂ ਵਰ੍ਹਦੀਆਂ ਗੋਲੀਆਂ ਦੀ ਕੋਈ ਪ੍ਰਵਾਹ ਨਾਂ ਕਰਕੇ ਜੋ ਸ਼ਾਨਦਾਰ ਕੁਰਬਾਨੀਆਂ ਦਿੱਤੀਆਂ। ਉਨ੍ਹਾਂ ਨੇ ਸਿੱਖ ਕੌਮ ਨੂੰ ਸਾਰੀ ਦੁਨੀਆਂ ਵਿਚ ਪ੍ਰਸਿੱਧ ਕਰ ਦਿੱਤਾ।

ਭਾਰਤ ਦੇ ਪਹਿਲੇ ਪ੍ਰਧਾਨ ਮੰਤ੍ਰੀ ਪੰਡਤ ਜਵਾਹਰ ਲਾਲ ਜੀ ਨਹਿਰੂ ਨੇ ਜੈਤੋ ਪੁਜ ਕੇ ਸਿੱਖਾਂ ਨੂੰ ਧਰਮ ਦੀ ਸ਼ਮਾ ਪਰ ਪ੍ਰਵਾਨਿਆ ਵਾਂਗ ਸੜਦੇ ਹੋਇ ਵੇਖਿਆ ਅਤੇ ਆਪਣੀਆਂ ਲਿਖਤਾਂ ਵਿਚ ਉਨ੍ਹਾਂ ਦੀ ਖੁਲੇ ਦਿਲ ਨਾਲ ਪ੍ਰਸੰਸਾ ਕੀਤੀ। ਪੰਡਤ ਜੀ ਖੁਦ ਭੀ ਜੈਤੋ ਦੇ ਮੋਰਚੇ ਵਿਚ ਗ੍ਰਿਫਤਾਰ ਹੋਇ ਤੇ ਆਪ ਨੇ ਉਹ ਸਭ ਅਤਿਆਚਾਰ ਆਪਣੀਆ ਅੱਖਾਂ ਨਾਲ ਵੇਖਿਆ ਜੋ ਉਸ ਸਮੇਂ ਸਿੱਖਾਂ ਪਰ ਕੀਤੇ ਜਾ ਰਹੇ ਸਨ! ਜੈਤੋ ਮੋਰਚਾ ਲਗਣ ਦਾ ਕਾਰਣ ਕੀ ਸੀ ? ਇਸ ਸਬੰਧੀ ਅੱਡ ਅੱਡ ਕਿਸਮ ਦੀਆਂ ਰਾਵਾਂ ਹਨ। ਪ੍ਰੰਤੂ ਸਭ ਤੋਂ ਵਡਾ ਕਾਰਣ ਮਹਾਰਾਜਾ ਨਾਭਾ ਨੂੰ ਗੱਦੀਉ ਉਤਾਰਨ ਵਿਰੁਧ ਸਿੱਖਾਂ ਵਿਚ ਫੈਲਿਆ ਹੋਇਆ ਜੋਸ਼ ਸੀ। ਸਰਕਾਰ ਅੰਗ੍ਰੇਜ਼ੀ ਨੇ ਸਿੱਖਾਂ ਦੇ ਜਜ਼ਬਾਤ ਦੀ ਕੋਈ ਪ੍ਰਵਾਹ ਨਾ ਕੀਤੀ। ਸਿੱਖਾਂ ਨੇ ਨਾਭਾ ਡੇ ਮਨਾ ਕੇ ਇਸ ਗੱਲ ਨੂੰ ਚੰਗੀ ਤਰਾਂ ਪ੍ਰਗਟ ਕੀਤਾ ਕਿ ਸਿੱਖ ਮਹਾਰਾਜਾ ਸਾਹਿਬ ਨਾਭਾ ਨਾਲ ਹੋਈ ਬੇਇਨਸਾਫੀ ਨੂੰ ਕਿਤਨਾ ਅਨੁਭਵ ਕਰਦੇ ਹਨ, ਪਰ ਹਕੂਮਤ ਇਸ ਗੱਲ ਦੀ ਤੱਦ ਪ੍ਰਵਾਹ ਕਰਦੀ ਜੇ ਉਹ ਲੋਕਾਂ ਵਲੋਂ ਬਣਾਈ ਹੋਈ ਹੁੰਦੀ। ਸੱਤ ਹਜ਼ਾਰ ਮੀਲ ਤੋਂ ਚਲ ਕੇ ਆਏ ਅੰਗ੍ਰੇਜ਼ ਹਾਕਮਾਂ ਨੂੰ ਸਿੱਖਾਂ ਨਾਲ ਕੀ ਹਮਦਰਦੀ ਹੋ ਸਕਦੀ ਸੀ ?

ਮਹਾਂਰਾਜਾ ਸਾਹਿਬ ਨਾਭਾ ਸਿਖ ਪੰਥ ਨਾਲ ਹਮਦਰਦੀ ਰਖਦੇ ਸਨ। ਸਿੰਘ ਸਭਾ ਲਹਿਰ ਸਮੇਂ ਆਪ ਨੇ ਕਈ ਸਾਂਝੇ ਕੰਮ ਕੀਤੇ ਸਨ। ਖਾਲਸਾ ਕਾਲਜ ਅੰਮ੍ਰਿਤਸਰ ਨੂੰ ਕਾਇਮ ਕਰਨ ਸਮੇ ਭਾਵੇਂ ਸਾਰੀਆਂ ਸਿਖ ਰਿਆਸਤਾਂ ਨੇ ਹਿਸਾ ਪਾਇਆ ਪ੍ਰੰਤੂ ਸਭ ਤੋਂ ਵਧ ਉਦਮ ਮਹਾਰਾਜਾਂ ਹੀਰਾ ਸਿੰਘ ਨਾਭਾ ਨੇ ਕੀਤਾ। ਮਹਾਂਰਾਜਾ ਹੀਰਾਂ ਸਿੰਘ ਨਾਭਾ ਆਪਣੀ ਰਯਤ ਵਿਚ ਹੀ ਨਹੀਂ ਸਗੋਂ ਸਾਰੇ ਪੰਥ ਵਿਚ ਬੜੀਆਂ ਸਤਿਕਾਰ ਭਰੀਆਂ ਨਜ਼ਰਾਂ ਨਾਲ ਵੇਖੇ ਜਾਂਦੇ ਸਨ। ਆਪ ਤੋਂ ਪਿਛੋਂ ਮਹਾਰਾਜਾ ਰਿਪੁਦਮਨ ਸਿੰਘ ਗਦੀ ਪਰ ਬੈਠੇ। ਇਨ੍ਹਾਂ ਦੇ ਵਿਚਾਰ ਭੀ ਬਹੁਤ ਚੰਗੇ ਸਨ ਅਤੇ ਆਪ ਸਿਖ ਵਿਦਵਾਨ ਗਿਆਨੀ ਦਿਤ ਸਿੰਘ ਜੀ, ਸ: ਕਾਹਨ ਸਿੰਘ ਜੀ ਨਾਭਾ ਤੇ ਸ੍ਰੀਮਾਨ ਸੰਤ ਅਤਰ ਸਿੰਘ ਜੀ ਆਦਿਕ ਮਹਾਂ ਪੁਰਖਾਂ ਦੀ ਬਹੁਤ ਕਦਰ ਕਰਦੇ ਸਨ। ਇਨ੍ਹਾਂ ਕਾਰਨਾਂ ਕਰਕੇ ਆਪ ਦਾ ਸਿਖ ਪੰਥ ਵਿਚ ਬੜਾ ਮਾਣ ਅਤੇ ਸਤਿਕਾਰ ਸੀ।

Digitized by Panjab Digital Library | www.panjabdigilib.org

ਮਹਾਂਰਾਜਾ ਭੁਪਿੰਦਰ ਸਿੰਘ ਪਟਿਆਲਾ ਬੜੇ ਚਤੁਰ ਨੀਤੀਵੇਤਾ ਸਨ। ਉਨ੍ਹਾਂ ਨੂੰ ਮਹਾਂਰਾਜਾ ਰਿਪਦਮਨ ਸਿੰਘ ਦਾ ਹਰਮਨ ਪਿਆਰਾ ਹੋਣਾ ਤੇ ਸਿਖ ਆਗੂਆਂ ਨਾਲ ਮੇਲ ਜੋਲ ਰਖਣਾ ਚੰਗਾ ਨਹੀਂ ਲਗਦਾ ਸੀ। ਕਈ ਹੋਰ ਭੀ ਕਾਰਨ ਸਨ ਪਰ ਵਡਾ ਕਾਰਨ ਇਹੋ ਸੀ ਕਿ ਨਰੇਂਦਰ ਮੰਡਲ ਵਿਚ ਅਤੇ ਸਰਕਾਰ ਅੰਗਰੇਜ਼ੀ ਦੇ ਘਰ ਵਿਚ ਮਹਾਂਰਾਜਾ ਭੁਪਿੰਦਰ ਸਿੰਘ ਦਾ ਅਸਰ ਬਹੁਤਾ ਸੀ ਪ੍ਰੰਤੂ ਪੰਥ ਵਿਚ ਮ: ਨਾਭਾ ਦਾ ਅਸਰ ਵਧ ਰਿਹਾ ਸੀ। ਇਸ ਨੂੰ ਨਾ ਸਹਾਰਦੇ ਹੋਏ ਮਹਾਂਰਾਜਾ ਭੁਪਿੰਦਰ ਸਿੰਘ ਪਟਿਆਲਾ ਨੇ ਮਹਾਂਰਾਜਾ ਨਾਭਾ ਨਾਲ ਝਗੜਾ ਸ਼ੁਰੂ ਕਰ ਦਿਤਾ। ਸਰਕਾਰ ਅੰਗਰੇਜ਼ੀ ਕਈ ਕਾਰਨਾਂ ਕਰਕੇ ਮਹਾਰਾਜਾ ਨਾਭਾ ਦੇ ਖਿਲਾਫ ਸੀ। ਇਸ ਤੋਂ ਫਾਇਦਾ ਉਠਾਉਂਦੇ ਹੋਏ ਮਹਾਰਾਜਾ ਪਟਿਆਲਾ ਨੇ ਮਹਾਰਾਜਾ ਨਾਭਾ ਵਿਰੁਧ ਕਈ ਮੁਕਦਮੇ ਦਾਇਰ ਕਰ ਦਿਤੇ।

ਸਰਕਾਰ ਨੇ ਨਾਭਾ ਪਟਿਆਲਾ ਦਾ ਝਗੜਾ ਨਬੇੜਨ ਲਈ ਅਲਾਹਬਾਦ ਹਾਈ ਕੋਰਟ ਦੇ ਜੱਜ ਮਿ: ਸਟੂਆਰਟ ਨੂੰ ਨੀਯਤ ਕਰ ਦਿਤਾ। ਮੁਕਦਮੇਂ ਦੇ ਦੌਰਾਨ ਵਿਚ ਨਾਭੇ ਦੇ ਬਹੁਤ ਸਾਰੇ ਅਹਿਲ-ਕਾਰ ਦੂਜੇ ਧੜੇ ਨਾਲ ਮਿਲ ਗਏ। ਜਿਸ ਕਰਕੇ ਮਹਾਰਾਜਾ ਨਾਭਾ ਦਾ ਪੱਖ ਕਮਜ਼ੋਰ ਹੋ ਗਿਆ। ਮਿ: ਸਟੂਆਰਟ ਨੇ ਫੈਸਲਾ ਮਹਾਰਾਜਾ ਨਾਭਾ ਦੇ ਵਿਰੁਧ ਕਰ ਦਿਤਾ। ਸਰਕਾਰ ਨੇ ਮਹਾਰਾਜਾ ਸਾਹਿਬ ਨੂੰ ਗੱਦੀ ਛੱਡਣ ਲਈ ਮਜਬੂਰ ਕੀਤਾ। ਮਹਾਰਾਜਾ ਸਾਹਿਬ ਨੇ ਤਿਆਗ ਪੱਤਰ ਲਿਖ ਦਿਤਾ। ਇਸ ਪਰ ਸਰਕਾਰ ਨੇ ਮਹਾਰਾਜਾ ਸਾਹਿਬ ਨੂੰ ਤਿੰਨ ਲੱਖ ਰੁਪਿਆ ਸਾਲਾਨਾ ਦੇਣਾ ਨੀਯਤ ਕਰ ਕੇ ਡੇਹਰਾਦੂਨ ਭੇਜ ਦਿਤਾ।

ਸਰਕਾਰ ਦੇ ਇਸ ਫੈਸਲੇ ਵਿਰੁਧ ਸਿਖਾਂ ਵਿਚ ਸਖਤ ਰੋਸ ਪੈਦਾ ਹੋ ਗਿਆ। ਥਾਂ ਥਾਂ ਮਤੇ ਪਾਸ ਕਰਕੇ ਮਹਾਰਾਜਾ ਸਾਹਿਬ ਨਾਲ ਹਮਦਰਦੀ ਪ੍ਰਗਟ ਕੀਤੀ ਗਈ ਅਤੇ ਸਰਕਾਰ ਦੇ ਫੈਸਲੇ ਦਾ ਵਿਰੋਧ ਕੀਤਾ ਗਿਆ। ਸੈਂਟਰਲ ਸਿਖ ਲੀਗ ਉਸ ਸਮੇਂ ਸਿਖਾਂ ਦੀ ਬੜੀ ਪ੍ਰਭਾਵਸ਼ਾਲੀ ਰਾਜਸੀ ਜਥੇਬੰਦੀ ਸੀ। ਉਸ ਨੇ ਭੀ ਮਹਾਰਾਜਾ ਨਾਭਾ ਦੇ ਹੱਕ ਵਿਚ ਆਵਾਜ਼ ਉਠਾਈ। ਅਕਾਲੀ ਲਹਿਰ ਦੇ ਪ੍ਰਭਾਵ ਨਾਲ ਸਿਖ ਜਥੇਬੰਦ ਹੋ ਚੁਕੇ ਸਨ, ਜਿਸ ਸਵਾਲ ਨੂੰ ਉਹ ਹੱਥ ਵਿਚ ਲੈਂਦੇ ਉਸ ਦੇ ਹੱਕ ਵਿਚ ਜ਼ੋਰਦਾਰ ਪ੍ਰਾਪੇਗੰਡਾ ਕਰਦੇ ਸਨ। ਲੋਕ ਰਾਇ ਤੋਂ ਮਜਬੂਰ ਹੋ ਕੇ ਸ਼੍ਰੋ: ਗੁ: ਪ੍ਰ: ਕਮੇਟੀ ਅਤੇ ਸ਼ਰੋਮਣੀ ਅਕਾਲੀ ਦਲ ਨੂੰ ਭੀ ਇਹ ਸਵਾਲ ਹੱਥ ਵਿਚ ਲੈਣਾ ਪਿਆ। ਸ: ਬ: ਮਹਿਤਾਬ ਸਿੰਘ ਨੇ ਇਕ ਬਿਆਨ ਵਿਚ ਕਿਹਾ ਸੀ, "ਮਹਾਰਾਜਾ ਨਾਭਾ ਦੇ ਗਦੀਉਂ ਲਾਹੇ ਜਾਣ ਪਰ ਸਾਰੇ ਦੇਸ਼ ਵਿਚ ਰੌਲਾ ਮੱਚ ਗਿਆ। ਸ਼ਰੋਮਣੀ ਕਮੇਟੀ ਪਰ ਹਰ ਪਾਸੇ ਤੋਂ ਜ਼ੋਰ ਪਾਇਆ ਗਿਆ ਕਿ ਮਹਾਰਾਜਾ ਨਾਭਾ ਨੂੰ ਉਸਦੀ ਮਰਜ਼ੀ ਦੇ ਵਿਰੁਧ ਗੱਦੀਉਂ ਲਾਹਿਆ ਗਿਆ ਹੈ। ਸਿਖ ਜਨਤਾ ਇਸ ਫੈਸਲੇ ਤੋਂ ਬਹੁਤ ਬੇਚੈਨ ਸੀ। ਸ਼ਰੋਮਣੀ ਕਮੇਟੀ ਪਾਸ ਲੋਕਾਂ ਦੇ ਪਾਸ ਕੀਤੇ ਹਜ਼ਾਰਾਂ ਮਤੇ ਪੁਜੇ ਕਿ ਇਸ ਬਾਰੇ ਸਹੀ ਹਾਲਾਤ ਪਤਾ ਕੀਤੇ ਜਾਣ ਸ਼੍ਰੋ: ਕਮੇਟੀ ਦੀ ਨਵੀਂ ਚੋਣ ਹੋਣ ਵਾਲੀ ਸੀ। ਪਹਿਲੀ ਕਮੇਟੀ ਨੂੰ ਨਾਭੇ ਬਾਰੇ ਕੁਝ ਸ਼ਕ ਸਨ, ਇਸ ਲਈ ਸਵਾਲ ਦੂਜੀ ਕਮੇਟੀ ਪਰ ਛੱਡ ਦਿਤਾ ਗਿਆ। ਸ਼ਰੋਮਣੀ ਕਮੇਟੀ ਵਲੋਂ ਵਾਇਸਰਾਇ ਨੂੰ ਇਕ ਤਾਰ ਦਿਤੀ ਗਈ ਜਿਸ ਦਾ ਭਾਵ ਇਹ ਸੀ ਕਿ "ਮਹਾਰਾਜਾ ਨਾਭਾ ਦੇ ਗਦੀਉਂ ਉਤਰਨ ਬਾਰੇ ਇਕ ਨਿਰਪੱਖ ਪੜਤਾਲੀਆ ਕਮਿਸ਼ਨ ਨੀਯਤ ਕੀਤਾ ਜਾਵੇ। ਜੋ ਸਹੀ ਹਾਲਾਤ ਸਿਖ ਜਨਤਾ ਦੇ ਸਾਹਮਣੇ ਰਖੇ।" ਸਰਕਾਰ ਨੇ ਇਸ ਤਾਰ ਦਾ ਕੋਈ ਤਸੱਲੀ ਬਖਸ਼ ਉੱਤਰ ਨਾ ਦਿਤਾ, ਜਿਸ ਕਰਕੇ ਸਿਖਾਂ ਨੂੰ ਇਹ ਨਿਸਚਾ ਹੋ ਗਿਆ ਕਿ ਮਹਾਰਾਜਾ ਸਾਹਿਬ ਨੂੰ ਧੱਕੇ ਨਾਲ ਗੱਦੀਉਂ ਉਤਾਰਿਆ ਗਿਆ ਹੈ।

ਮਹਾਰਾਜਾ ਸਾਹਿਬ ਨਾਭਾ ਗੁ: ਸੁਧਾਰ ਲਹਿਰ ਨਾਲ ਕਾਫੀ ਹਮਦਰਦੀ ਰਖਦੇ ਸਨ ਅਤੇ ਗੁਰਦਵਾਰਾ ਰਕਾਬ ਗੰਜ ਦੀ ਕੰਧ ਬਨਾਉਣ ਬਾਰੇ ਉਨ੍ਹਾਂ ਨੇ ਚੰਗੀ ਸੇਵਾ ਕੀਤੀ ਸੀ। ਇਸ ਕਰਕੇ

Digitized by Panjab Digital Library | www.panjabdigilib.org

ਸਿੱਖਾਂ ਨੂੰ ਉਨ੍ਹਾਂ ਨਾਲ ਬਹੁਤ ਹਮਦਰਦੀ ਸੀ। ੫ ਅਗਸਤ ੧੯੨੩ ਨੂੰ ਸ਼੍ਰੋ: ਕਮੇਟੀ ਇਕੱਤ੍ਰਤ੍ਰਾ ਹੋਈ, ਜਿਸ ਵਿਚ ਇਹ ਮਤਾ ਪਾਸ ਕੀਤਾ ਗਿਆ ਕਿ ਮਹਾਰਾਜਾ ਨਾਭਾ ਖੁਸ਼ੀ ਨਾਲ ਗੱਦੀਓਂ ਨਹੀਂ ਲੱਥੇ, ਉਨ੍ਹਾਂ ਨੂੰ ਲਾਹਿਆ ਗਿਆ ਹੈ। ਇਸ ਕਰਕੇ ਸ੍ਰੋ: ਕਮੇਟੀ ਹਰ ਯੋਗ ਤੇ ਪੁਰ ਅਮਨ ਤੀਕੇ ਨਾਲ ਉਨ੍ਹਾਂ ਨਾਲ ਹੋਈ ਬੇ-ਇਨਸਾਫ਼ੀ ਨੂੰ ਦੂਰ ਕਰਾਉਣ ਦਾ ਯਤਨ ਕਰੇਗੀ।

ਇਸ ਤੋਂ ਪ੍ਰਗਟ ਹੁੰਦਾ ਹੈ ਕਿ ਸ਼੍ਰੋ: ਕਮੇਟੀ ਨੇ ਇਸ ਸਵਾਲ ਨੂੰ ਲੋਕ ਰਾਏ ਦਾ ਦਬਾਓ ਪੈਣ ਤੇ ਹੀ ਹੱਥ ਵਿਚ ਲਿਆ ਸੀ। ੯ ਸਤੰਬਰ ੧੯੨੩ ਨੂੰ ਸਾਰੇ ਪੰਥ ਨੇ ਨਾਭਾ ਡੇ ਧੂਮ ਧਾਮ ਨਾਲ ਮਨਾਇਆ। ਪੰਥ ਵਿਚ ਇਸ ਸਮੇਂ ਅਥਾਹ ਜੋਸ਼ ਸੀ। ਅਕਾਲੀ ਤੇ ਪ੍ਰਦੇਸੀ ਨੇ ਨਾਭਾ ਨੰਬਰ ਕਢਿਆ। ਜਿਸ ਵਿਚ ਲਿਖਿਆ ਸੀ, ਪੰਥ ਕੋਸ਼ਸ਼ ਕਰ ਰਿਹਾ ਹੈ ਕਿ ਨਾਭਾ ਨਰੇਸ਼ ਮੁੜ ਗੱਦੀ ਤੇ ਬੈਠ ਜਾਵੇ। ਉਹ ਸਮਾਂ ਛੇਤੀ ਹੀ ਆਉਣ ਵਾਲਾ ਹੈ, ਜਦੋਂ ਸ਼੍ਰੋ: ਕਮੇਟੀ ਦੀ ਕਮਾਨ ਹੇਠਾਂ ਅਕਾਲੀ ਪੰਥ ਸੱਚ ਤੇ ਇਨਸਾਫ਼ ਦੇ ਆਸਰੇ ਮਹਾਰਾਜਾ ਸਾਹਿਬ ਰਿਪਦਮਨ ਸਿੰਘ ਨੂੰ ਗੱਦੀ ਤੇ ਬਿਠਾ ਕੇ ਸਾਹ ਲੈਣਗੇ।

੨੫–੨੬–੨੭ ਅਗਸਤ ਨੂੰ ਇਲਾਕੇ ਦੇ ਸਜਨਾਂ ਨੇ ਜੈਤੋ ਵਿਚ ਭਾਰੀ ਧਾਰਮਕ ਦੀਵਾਨ ਕਰਨ ਦਾ ਫੈਸਲਾ ਕੀਤਾ ਸੀ। ਨਾਭੇ ਦੇ ਹਾਕਮਾ ਨੇ ਇਸ ਵਿਚ ਵਿਘਨ ਪਾਉਣ ਦਾ ਯਤਨ ਕੀਤਾ। ਦੀਵਾਨ ਵਿਚ ਸ਼ਾਮਲ ਹੋਣ ਵਾਲਿਆਂ ਨੂੰ ਗ੍ਰਿਫ਼ਤਾਰ ਕਰਨ ਦੀਆਂ ਸਲਾਹਾਂ ਹੋਣ ਲਗੀਆਂ ਅਤੇ ਰਸਦਾਂ ਭੇਜਣ ਵਾਲੇ ਸਿੰਘਾਂ ਨੂੰ ਡਰਾਇਆ ਧਮਕਾਇਆ ਗਿਆ। ਪ੍ਰਬੰਧਕਾਂ ਨੇ ਇਹ ਹਾਲਤ ਵੇਖੀ ਤਾਂ ਰਸਦਾਂ ਵਾਸਤੇ ਸੰਗਤਾਂ ਪਾਸ ਅਪੀਲ ਕੀਤੀ। ਇਸ ਸਮੇਂ ਸ: ਨੰਦ ਸਿੰਘ ਮੱਤਾ ਨੇ ਦੀਵਾਨ ਵਿਚ ਐਲਾਨ ਕੀਤਾ ਕਿ ਜਿਤਨੀ ਰਸਦ ਦੀ ਲੋੜ ਪਵੇਗੀ ਉਸ ਦਾ ਪ੍ਰਬੰਧ ਮੈਂ ਕਰਾਂਗਾ। ਦੀਵਾਨ ਜਾਰੀ ਸੀ। ੨੭ ਤਾਰੀਖ ਨੂੰ ਦੀਵਾਨ ਪਰ ਇਕੱਤਰ ਹੋਈ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਤੇ ਮਹਾਰਾਜਾ ਸਾਹਿਬ ਵਾਸਤੇ ਪ੍ਰਾਰਥਨਾ ਕਰਨ ਵਾਸਤੇ ਰੁਝ ਗਈ ਤੇ ਨਾਭਾ ਕਰਮਚਾਰੀਆਂ ਵਲੋਂ ਪਾਠ ਤੇ ਪ੍ਰਾਰਥਨਾ ਕਰਨੋ ਭੀ ਰੋਕਿਆ ਗਿਆ, ਗੁਰਦੁਆਰੇ ਅਤੇ ਦੀਵਾਨ ਅਸਥਾਨ ਦੇ ਰਸਤੇ ਬੰਦ ਕਰ ਦਿਤੇ ਗਏ ਅਤੇ ਪ੍ਰਸ਼ਾਦੇ ਪਾਣੀ ਦਾ ਅੰਦਰ ਲਿਆਉਣਾ ਬੰਦ ਕਰ ਦਿਤਾ। ਅੰਦਰਲੀ ਸੰਗਤ ਨੂੰ ਸਖਤ ਪਹਿਰ ਵਿਚ ਫਾਕੇ ਤੇ ਕੜਾਕੇ ਵਿਚ ਰਖਿਆ ਗਿਆ, ਰਹਾਇਸ਼ ਦੇ ਨੇੜੇ ਜੰਗਲ ਦੀ ਹਾਜਤ ਪੂਰੀ ਕਰਨ ਵਾਸਤੇ ਸਿੰਘ ਮਜਬੂਰ ਹੋ ਗਏ, ਜਿਸ ਕਰਕੇ ਹਵਾ ਗੰਦੀ ਹੋਣ ਦੇ ਕਾਰਨ ਬਹੁਤ ਸਾਰੇ ਸਿੰਘ ਬੀਮਾਰ ਹੋ ਗਏ, ਇਸ ਹਾਲਤ ਵਿਚ ਗੁਰਦੁਆਰਿਓਂ ਬਾਹਰ ਅਖੰਡ ਪਾਠ ਕਰਨਾ ਅਸੰਭਵ ਹੋ ਗਿਆ, ਕਿਉਂਕਿ ਗੁਰਦੁਆਰੇ ਅੰਦਰ ਜਾਣ ਦੀ ਬੰਦੀ ਹੋਣ ਤੇ ਬਾਹਰ ਤ੍ਰਿਬੈਣੀ ਹੇਠ ਤੰਬੂ ਵਿਚ ਹੋ ਰਿਹਾ ਸੀ ਤਾਂ ਸੰਗਤਾਂ ਨੇ ਗੁਰਦੁਆਰੇ ਦੇ ਅੰਦਰਲੇ ਸਿੰਘਾਂ ਨੂੰ ਗੁਰਦੁਆਰੇ ਦੇ ਅੰਦਰ ਹੀ ਅਖੰਡ ਪਾਠ ਆਰੰਭ ਕਰਨ ਲਈ ਕਿਹਾ, ੧੪ ਸਤੰਬਰ ੧੯੨੩ ਨੂੰ ਗੁਰਦੁਆਰਾ ਸਾਹਿਬ ਦੇ ਅੰਦਰ ਅਖੰਡ ਪਾਠ ਪ੍ਰਾਰੰਭ ਕੀਤਾ, ਜਿਸ ਤੇ ਹਾਕਮ ਚਿੜ ਕੇ ਪਾਠ ਤੇ ਮਹਾਰਾਜਾ ਸਾਹਿਬ ਵਾਸਤੇ ਅਰਦਾਸੇ ਬੰਦ ਕਰਨ ਤੇ ਤੁਲੇ ਹੋਏ ਫੌਜ ਲੈ ਆਏ, ਗੁਰਦੁਆਰੇ ਦੇ ਬਾਹਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਜੁੜੀ ਸੰਗਤ ਨੂੰ ਗ੍ਰਿਫ਼ਤਾਰ ਕਰ ਲਿਆ, ਫੇਰ ਵਰਦੀ ਸਮੇਤ ਹਥਿਆਰ ਬੰਦ ਸਿਪਾਹੀ ਅੰਦਰ ਜਾ ਕੇ ਅਖੰਡ ਪਾਠ ਸੁਣ ਰਹੀ ਸੰਗਤ, ਪਾਠੀਆਂ ਤੇ ਸੇਵਾਦਾਰਾਂ ਸਮੇਤ ਗ੍ਰਿਫ਼ਤਾਰ ਕਰ ਲਿਆ ਅਤੇ ਅਖੰਡ ਪਾਠ ਕਰ ਰਹੇ ਗ੍ਰੰਥੀ ਗਿ: ਇੰਦਰ ਸਿੰਘ ਮੋੜ ਨੂੰ ਬਾਂਹ ਤੋਂ ਫੜਕੇ ਪਰੇ ਘਸੀਟਿਆ ਤੇ ਗ੍ਰਿਫ਼ਤਾਰ ਕਰ ਲਿਆ ਹਾਕਮਾਂ ਦੀ ਇਹ ਹਰਕਤ ਸਿੱਖ ਧਰਮ ਦੀ ਉਹ ਅਸਹਿ ਨਿਰਾਦਰੀ ਸੀ ਜੋ ਅਜ ਤਕ ਦੇਖਣ ਤੇ ਸੁਨਣ ਵਿਚ ਨਹੀਂ ਆਈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਵਿਚ ਇਸ ਤਰਾਂ ਦਾ ਦਖਲ ਸਿੱਖ ਧਰਮ ਅਨੁਸਾਰ

Digitized by Panjab Digital Library | www.panjabdigilib.org

ਇਕ ਬੱਜਰ ਅਪਰਾਧ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਰੁਮਾਲਾ ਭੀ ਨਾ ਪਹਿਨਾਇਆ ਗਿਆ ਅਤੇ ਅੰਦਰਲੀਆਂ ਸੰਗਤਾਂ ਨੂੰ ਰਾਸ਼ਣ ਪਾਣੀ ਮਸਤ ਹੋਣ ਦੇ ਕਾਰਨ ਕਈ ਦਿਨ ਗੁਜ਼ਰ ਗਏ, ਤਦ ਮਾਲਵੇ ਦੇ ਅਣਖੀਲੇ ਤੇ ਹਮਦਰਦ ਸਿੰਘ ਸਾਹਿਬਾਂ ਨੇ ਸਖਤ ਪਾਬੰਦੀਆਂ ਹੁੰਦਿਆਂ ਹੋਇਆ ਭੀ ਰਾਸ਼ਣ ਪਚਾਉਣ ਦਾ ਮੋਰਚਾ ਸਰ ਕੀਤਾ ।

ਇਸ ਵਾਸਤੇ ਸ਼ਰੋਮਣੀ ਕਮੇਟੀ ਨੇ ਸ: ਤੇਜਾ ਸਿੰਘ ਸਮੁੰਦਰੀ ਤੇ ਸ: ਰਾਇ ਸਿੰਘ ਜੀ ਕਾਉਣੀ ਨੂੰ ਇਸ ਦੀਵਾਨਜ਼ਦਾ ਇਨਚਾਰਜ ਨੀਯਤ ਕਰ ਦਿਤਾ ਤੇ ਜੈਤੋ ਨੂੰ ਜਾਣ ਦਾ ਹੁਕਮ ਦਿਤਾ। ਪੁਲਸ ਨੇ ਸ: ਰਾਇ ਸਿੰਘ ਜੀ ਨੂੰ ਫੀਰੋਜ਼ਪੁਰ ਛਾਉਣੀ ਦੇ ਸਟੇਸ਼ਨ ਪਰ ਹੀ ਗ੍ਰਿਫਤਾਰ ਕਰ ਲਿਆ। ਸ਼ਰੋਮਣੀ ਕਮੇਟੀ ਦੇ ਪ੍ਰਚਾਰਕ ਸ: ਈਸ਼ਰ ਸਿੰਘ ਮਝੈਲ ਤੇ ਗਿ: ਹਰਚਰਨ ਸਿੰਘ ਜੀ ਨੂੰ ਭੀ ਜੈਤੋ ਵਿਚ ਗ੍ਰਿਫਤਾਰ ਕਰ ਲਿਆ ਗਿਆ। ਗ੍ਰਿਫਤਾਰ ਕੀਤੇ ਗਏ ਸਿੰਘਾਂ ਪਰ ਬਹੁਤ ਸਖਤੀ ਕੀਤੀ ਗਈ। ਸ਼ਰੋਮਣੀ ਕਮੇਟੀ ਨੇ ਇਸ ਸਵਾਲ ਪਰ ਦੋਬਾਰਾ ਵਿਚਾਰ ਕਰਕੇ ੨੫ ਸਿੰਘਾਂ ਦਾ ਜੱਥਾ ਰਸਾਲਦਾਰ ਰਣਜੋਧ ਸਿਘ ਜੀ ਦੀ ਅਗਵਾਈ ਵਿਚ ਜੈਤੋ ਭੇਜਿਆ।

## ॥ ਜੈਤੋ ਕਿਲ੍ਹੇ 'ਚ ਰਾਸ਼ਣ ਸਿਟਣ ਵਾਲੇ ਸੂਰਬੀਰਾਂ ਦੇ ਨਾਮ ॥

੧. ਬਾਬਾ ਸ਼ੇਰ ਸਿੰਘ ਜੀ ਚੋਟੀਆਂ ਮੋਗਾ (ਫੀਰੋਜਪੁਰ) ।
੨. ਭਾਈ ਛਜਾ ਸਿੰਘ ਜੀ ਨਾਭਾ।
੩. ਭਾਈ ਸੁਚਾ ਸਿੰਘ ਜੀ ਰੋਡੇ ਫੀਰਜ਼ਪੁਰ।
੪. ਭਾਈ ਦੁਲਾ ਸਿੰਘ ਰੋਡੇ ਫੀਰੋਜ਼ਪੁਰ।
੫. ਭਾਈ ਇੰਦਰ ਸਿੰਘ ਜੀ ਠੋਡਿਆ ਵਾਲੇ (ਰੋਡਿਆ ਵਾਲ)।
੬. ਭਾਈ ਸੋਹਣ ਸਿੰਘ ਜੀ ਰੋਡਿਆਂ ਵਾਲੇ)
੭. ਬਿਚਤ੍ਰ ਸਿੰਘ ਜੀ ਰੋਡੇ ਲੰਡੇ।
੮. ਭਾਈ ਭਾਨ ਸਿੰਘ ਜੀ ਦਜੋ ਆਣਾ।
੯. ਭਾਈ ਪਾਲ ਸਿੰਘ ਜੀ ਸਮਾਧ ਭਾਈਕੀ।
੧੦. ਭਾਈ ਬਾਬੂ ਸਿੰਘ ਜੀ ਪੰਜ ਕਲਿਆਣਾ।
੧੧. ਹੌਲਦਾਰ ਅਤਰ ਸਿੰਘ ਜੀ ਭਾਗੀਕੇ।
੧੨. ਧੰਨਾ ਸਿੰਘ ਰਣਸੀਹਰਕੇ।
੧੩. ਕੇਹਰ ਸਿੰਘ ਲਖਾ।
੧੪. ਉਜਾਗਰ ਸਿੰਘ ਭਲੂਰ।
੧੫. ਕੜਾਕਾ ਸਿੰਘ ਪਿੰਡ ਡੋਦ, ਤਹਿਸੀਲ ਮੁਕਤਸਰ, ਜ਼ਿਲਾ ਫੀਰੋਜ਼ਪੁਰ।
੧੬. ਰਾਮ ਸਿੰਘ ਪਿੰਡ ਬਿਲਗਾ ਜਲੰਧਰ।
੧੭. ਭਾਈ ਸੁਲਤਾਨ ਸਿੰਘ ਸਿਆਲਕੋਟ ।
੧੮. ਭਾਈ ਹਜ਼ਾਰਾ ਸਿੰਘ ਅਮ੍ਰਿਤਸਰੀ।
੧੯. ਭਾਈ ਅਰਜਣ ਸਿੰਘ ਜੀ ਮਸੂਦੜਾ।
੨੦. ਭਾਈ ਮਾਨ ਸਿੰਘ ਜੀ ਮਸੂਦੜਾ ।
੨੧. ਪੰਡਤ ਦੇਵ ਨਾਇਕ ।
੨੨ ਮਾਈ ਕਿਸ਼ਨ ਕੌਰ ਕਾਂਉਕੇ ਤਹਿਸੀਲ ਜਗਰਾਉਂ, ਜ਼ਿਲਾ ਲੁਧਿਆਣਾ।

Digitized by Panjab Digital Library | www.panjabdigilib.org

ਰਸਾਲਦਾਰ ਰਣਜੋਧ ਸਿੰਘ ਨੇ ਨਾਜ਼ਰ ਸਾਹਿਬ ਨਾਭਾ ਨੂੰ ਇਕ ਚਿਠੀ ਲਿਖੀ, ਜਿਸ ਵਿਚ ਇਹ ਲਿਖਿਆ ਕਿ ਦੀਵਾਨ ਕਰਨ ਦੀ ਆਗਿਆ ਦਿਤੀ ਜਾਵੇ ਤਾਂਕਿ ਸਹੀ ਹਾਲਾਤ ਸੰਗਤਾਂ ਦੇ ਪੇਸ਼ ਕੀਤੇ ਜਾਣ। ਨਾਜ਼ਮ ਨੇ ਉਨ੍ਹਾ ਨੂੰ ਹੁਕਮ ਦਿਤਾ ਕਿ "ਜੇ ਤੁਸੀਂ ਦੀਵਾਨ ਵਿਚ ਜਾਉਗੇ ਤਾਂ ਗ੍ਰਿਫਤਾਰ ਕੀਤੇ ਜਾਵੋਗੇ"। ਸ਼੍ਰੋ: ਕਮੇਟੀ ਨੇ ਰਸਾਲਦਾਰ ਸਾਹਿਬ ਦੀ ਡਿਊਟੀ ਲਗਾਈ ਸੀ ਕਿ ਆਪ ਸਾਰੇ ਹਾਲਾਤ ਅਖੀਂ ਵੇਖ ਕੇ ਰੀਪੋਰਟ ਕਰੋ। ਇਸ ਲਈ ਆਪ ਵਾਪਸ ਅੰਮ੍ਰਿਤਸਰ ਆ ਗਏ ਅਤੇ ਸਾਰੇ ਹਾਲਾਤ ਸ਼੍ਰੋ: ਕਮੇਟੀ ਦੇ ਸਾਹਮਣੇ ਰਖੇ।

ਸ: ਰਣਜੋਧ ਸਿੰਘ ਜੀ ਦੇ ਰੀਪੋਰਟ ਕਰਨ ਪਿਛੋਂ ਸ਼੍ਰੋ: ਕਮੇਟੀ ਨੇ ਗੁਰਦਵਾਰਾ ਗੰਗਸਰ ਜੈਤੋ ਵਿਚ ਮੋਰਚਾ ਲਗਾਉਣ ਦਾ ਫੈਸਲਾ ਕਰ ਦਿਤਾ। ੧੪ ਸਤੰਬਰ ੧੯੨੩ ਤੋਂ ਜੈਤੋ ਦਾ ਮੋਰਚਾ ਆਰੰਭ ਹੋ ਗਿਆ। ੧੫ ਸਤੰਬਰ ੧੯੨੩ ਤੋਂ ਕਮੇਟੀ ਨੇ ਹਰ ਰੋਜ਼ ਸ੍ਰੀ ਅਕਾਲ ਤਖਤ ਸਾਹਿਬ ਤੋਂ ੨੫ – ੨੫ ਸਿੰਘਾਂ ਦੇ ਜਥੇ ਭੇਜਣੇ ਸ਼ੁਰੂ ਕਰ ਦਿਤੇ। ਜੈਤੋ ਵਿਚ ਜਥਿਆਂ ਨੂੰ ਗ੍ਰਿਫਤਾਰ ਕਰਕੇ ਨਾਭੇ ਬੀੜ ਵਿਚ ਕੰਡਿਆਂ ਦੀ ਤਾਰ ਲਾਕੇ ਬਣਾਈ ਗਈ ਸਪੈਸ਼ਲ ਜੇਹਲ ਵਿਚ ਭੇਜ ਦਿਤਾ ਜਾਂਦਾ ਅਤ ਕੁਝ ਜਥਿਆਂ ਨੂੰ ਬਾਵਲਕਾਂਟੀ ਰੀਵਾੜੀ ਆਦਿ ਜੇਹਲਾਂ ਵਿਚ ਮਾਰ ਕੁਟਕੇ ਛਡ ਦਿਤਾ ਜਾਂਦਾ ਸੀ। ਨਾਭਾ ਜੇਹਲ ਵਿਚ ਸਿੰਘਾਂ ਪਰ ਕਿਸ ਪ੍ਰਕਾਰ ਸਖਤੀਆਂ ਕੀਤੀਆਂ ਗਈਆਂ ਅਤੇ ਉਨ੍ਹਾਂ ਤੋਂ ਮਾਫੀਆਂ ਮੰਗਾਉਣ ਦੇ ਕਿਹੜੇ ਕਿਹੜੇ ਢੰਗ ਵਰਤੇ ਗਏ ਉਨ੍ਹਾਂ ਦਾ ਵਿਸਥਾਰ ਸਹਿਤ ਵਰਨਣ ਕਰਨਾ ਜ਼ਰੂਰੀ ਹੈ ਜੋ ਅਗਲੇ ਲੇਖਾਂ ਵਿਚ ਕੀਤਾ ਜਾਵੇਗਾ।

## ਪੰਥਕ ਜਮਾਤਾਂ ਕਾਨੂੰਨ ਵਿਰੁਧ ਕਰਾਰ ਦਿਤੀਆਂ ਗਈਆਂ

ਜੈਤੋ ਦਾ ਮੋਰਚਾ ਸ਼੍ਰੋ: ਕਮੇਟੀ ਅਤੇ ਸ਼੍ਰੋ: ਅਕਾਲੀ ਦਲ ਵਲੋਂ ਲੜਿਆ ਜਾ ਰਿਹਾ ਸੀ। ਸ਼੍ਰੋ: ਕਮੇਟੀ ਦੇ ਲੀਡਰ ਅਕਾਲੀ ਲਹਿਰ ਦੀ ਅਗਵਾਈ ਕਰਦੇ ਸਨ ਅਤੇ ਸ਼੍ਰੋ: ਅਕਾਲੀ ਦਲ ਕਮੇਟੀ ਨੂੰ ਵਾਲੰਟੀਅਰ ਦਿੰਦਾ ਸੀ। ਇਹ ਦੋਵੇਂ ਜਥੇ ਬੰਦੀਆਂ ਅਕਾਲੀ ਲਹਿਰ ਨੇ ਪੈਦਾ ਕੀਤੀਆਂ ਅਤੇ ਇਹਨਾਂ ਨੇ ਸਿਖਾਂ ਦੀ ਅਗਵਾਈ ਕਰਨ ਦਾ ਬੀੜਾ ਉਠਾਇਆ। ਜਦ ਜੈਤੋ ਦਾ ਮੋਰਚਾ ਬਹੁਤ ਗਰਮ ਹੋ ਗਿਆ ਤਾਂ ਸਰਕਾਰ ਨੇ ਉਕਤ ਦੋਹਾਂ ਜਮਾਤਾਂ ਨੂੰ ਕਾਨੂੰਨ ਵਿਰੁਧ ਕਰਾਰ ਦੇ ਕੇ ਮੁਖੀ ਲੀਡਰਾਂ ਦੀਆਂ ਗ੍ਰਿਫ-ਤਾਰੀਆਂ ਸ਼ੁਰੂ ਕਰ ਦਿਤੀਆਂ। ਇਸ ਤੋਂ ਪਹਿਲਾਂ ਸਰਕਾਰ ਨੇ ਆਮ ਲੋਕਾਂ ਨੂੰ ਧਮਕੀਆਂ ਦਿਤੀਆਂ ਕਿ ਜੋ ਜਥਿਆਂ ਦੀ ਸੇਵਾ ਕਰੇਗਾ ਉਸ ਵਿਰੁਧ ਸਖਤ ਕਾਰਵਾਈ ਕੀਤੀ ਜਾਵੇਗੀ।

ਜਿਉਂ ਜਿਉਂ ਸਰਕਾਰ ਸਿੰਘਾਂ ਪਰ ਸਖਤੀਆਂ ਕਰਦੀ ਉਨ੍ਹਾਂ ਦਾ ਜੋਸ਼ ਵਧਦਾ ਜਾਂਦਾ ਸੀ। ਸਿਆਣੇ ਸਜਣਾਂ ਨੇ ਸਿਖਾਂ ਨੂੰ ਰਬੜ ਦੀ ਖੁਦੋ ਨਾਲ ਤਸ਼ਬੀਹ ਦਿਤੀ ਕਿ ਜਿਵੇਂ ਰਬੜ ਦੀ ਗੇਂਦ ਜਿਤਨੇ ਜ਼ੋਰ ਨਾਲ ਧਰਤੀ ਪਰ ਸੁਟੀ ਜਾਵੇ ਉਤਨੀ ਹੀ ਉਚੀ ਬੁੜਕਦੀ ਹੈ। ਇਸੇ ਤਰ੍ਹਾਂ ਸਿਖਾਂ ਪਰ ਜਿਤਨੀਆਂ ਸਖਤੀਆਂ ਹੁੰਦੀਆਂ ਇਹ ਉਤਨੇ ਹੀ ਜ਼ੋਰ ਨਾਲ ਉਭਰਦੇ ਅਤੇ ਲਹਿਰ ਹੋਰ ਤੇਜ਼ ਹੁੰਦੀ ਚਲੀ ਜਾਂਦੀ। ਜਦ ਸਰਕਾਰ ਨੇ ਇਹ ਅਨਭਵ ਕੀਤਾ ਕਿ ਇਸ ਤਰੀਕੇ ਨਾਲ ਇਹ ਲਹਿਰ ਨਹੀਂ ਦਬ ਸਕਦੀ ਤਾਂ ਉਸ ਨੇ ਪੂਰੀ ਤਾਕਤ ਵਰਤਨ ਦਾ ਫੈਸਲਾ ਕਰ ਲਿਆ। ਤਾਕਤ ਦੀ ਵਰਤੋਂ ਦੇ ਦੋ ਢੰਗ ਸਨ। ਇਕ ਇਹ ਕਿ ਲੀਡਰਾਂ ਨੂੰ ਗ੍ਰਿਫਤਾਰ ਕਰਕੇ ਸਖਤ ਸਜ਼ਾਵਾਂ ਦਿਤੀਆਂ ਜਾਣ ਅਤੇ ਦੂਜੇ ਇਹ ਕਿ ਜਥਿਆਂ ਪਰ ਵਧ ਤੋਂ ਵਧ ਸਖਤੀ ਕੀਤੀ ਜਾਵੇ।

ਇਸ ਨਵੇਂ ਫੈਸਲੇ ਅਨੁਸਾਰ ਸਰਕਾਰ ਨੇ ਪੰਥ ਦੀਆਂ ਦੋਵੇ ਮੁਖੀ ਜਮਾਤਾਂ ਸ਼੍ਰੋ: ਗੁ: ਪ੍ਰ: ਕਮੇਟੀ

Digitized by Panjab Digital Library | www.panjabdigilib.org

ਅਤੇ ਸ਼੍ਰੋ: ਅਕਾਲੀ ਦਲ ਕਾਨੂੰਨ ਵਿਰੁਧ ਜਮਾਤਾਂ ਕਰਾਰ ਦੇ ਦਿਤੀਆਂ। ਲੀਡਰਾਂ ਦੀ ਪਕੜ ਧਕੜ ਸ਼ੁਰੂ ਹੋ ਗਈ। ਇਸ ਦਾ ਅਸਰ ਭੀ ਸਰਕਾਰ ਦੀ ਇਛਾ ਦੇ ਵਿਰੁਧ ਹੀ ਹੋਇਆ। ਸਿਖਾਂ ਵਿਚ ਜੋਸ਼ ਹੋਰ ਭੀ ਵਧ ਗਿਆ ਅਤੇ ਉਨ੍ਹਾਂ ਨੇ ਸਰਕਾਰ ਵਿਰੁਧ ਟੱਕਰ ਲੈਣ ਦਾ ਦ੍ਰਿੜ ਇਰਾਦਾ ਧਾਰਨ ਕਰ ਲਿਆ।

ਇਥੇ ਇਹ ਗਲ ਸਮਝ ਲੈਣੀ ਭੀ ਜ਼ਰੂਰੀ ਹੈ ਕਿ ਹਿੰਦੋਸਤਾਨ ਦੀਆਂ ਸਾਰੀਆਂ ਆਜ਼ਾਦੀ ਪਸੰਦ ਜਮਾਤਾਂ ਇਸ ਤਹਿਰੀਕ ਵਿਚ ਸਿਖਾਂ ਦੀ ਮਦਦ ਕਰ ਰਹੀਆਂ ਸਨ ਅਤੇ ਉਹ ਚਾਹੁੰਦੀਆਂ ਸਨ ਕਿ ਸਿਖ ਸਰਕਾਰ ਨਾਲ ਜ਼ੋਰਦਾਰ ਟੱਕਰ ਲੈਣ ਤਾਕਿ ਸਰਕਾਰ ਅੰਗਰੇਜ਼ੀ ਤਸ਼ਦਦ ਕਰਕੇ ਚੰਗੀ ਤਰ੍ਹਾਂ ਬਦਨਾਮ ਹੋਵੇ। ਸਿਖ ਲੀਡਰਾਂ ਨੂੰ ਹਰ ਪਾਸੇ ਤੋਂ ਮਿਲ ਰਹੀ ਪ੍ਰਸੰਸਾ ਉਨ੍ਹਾਂ ਦਾ ਹੌਸਲਾ ਬੁਲੰਦ ਰਖਦੀ ਸੀ, ਜਿਸ ਕਰਕੇ ਉਹ ਵਡੀ ਤੋਂ ਵਡੀ ਕੁਰਬਾਨੀ ਕਰਨ ਤੋਂ ਭੀ ਸੰਕੋਚ ਨਹੀਂ ਕਰਦੇ ਸਨ। ੧੩ ਅਕਤੂਬਰ ਨੂੰ ਸਰਕਾਰ ਨੇ ਸ਼੍ਰੋ: ਕਮੇਟੀ ਤੇ ਸ਼੍ਰੋ: ਅਕਾਲੀ ਦਲ ਦੇ ਦਫਤਰਾਂ ਪਰ ਛਾਪੇ ਮਾਰੇ ਤੇ ਬਹੁਤ ਸਾਰੇ ਮੁਖੀ ਲੀਡਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਸ਼੍ਰੋ: ਕਮੇਟੀ ਦੇ ਪ੍ਰਧਾਨ ਸ: ਬ: ਮਹਿਤਾਬ ਸਿੰਘ ਜੀ ਅਪਣੇ ਭਤੀਜੇ ਦੀ ਸ਼ਾਦੀ ਪਰ ਅੰਮ੍ਰਿਤਸਰ ਆਏ ਹੋਏ ਸਨ ਉਨ੍ਹਾਂ ਨੂੰ ਇਥੇ ਹੀ ਗਿਰਫਤਾਰ ਕਰ ਲਿਆ ਗਿਆ।

ਸਭ ਤੋਂ ਪਹਿਲਾਂ ਸਰਕਾਰ ਨੇ ਪ੯ ਮੁਖੀ ਲੀਡਰਾਂ ਵਿਰੁਧ ਮੁਕਦਮਾ ਚਲਾਇਆ ਜਿਨ੍ਹਾਂ ਵਿਚੋਂ ਕੁਝ ਕੁ ਨਾਮ ਹੇਠ ਲਿਖੇ ਅਨੁਸਾਰ ਹਨ:—

੧. ਸ: ਬ: ਮਹਿਤਾਬ ਸਿੰਘ ਜੀ ਪ੍ਰਧਾਨ ਸ਼੍ਰੋ: ਕਮੇਟੀ ੨. ਸ: ਤੇਜਾ ਸਿੰਘ ਜੀ ਸਮੁੰਦਰੀ ਮੀਤ ਪ੍ਰਧਾਨ ੩. ਜਥੇਦਾਰ ਤੇਜਾ ਸਿੰਘ ਜੀ ਅਕਰਪੁਰੀ ਸ੍ਰੀ ਅਕਾਲ ਤਖਤ ਸਾਹਿਬ ੪, ਭਗਤ ਜਸਵੰਤ ਸਿੰਘ ਜੀ ਜਨਰਲ ਸਕੱਤ੍ਰ ਸ਼੍ਰੋ: ਕਮੇਟੀ ੫. ਸ: ਭਾਗ ਸਿੰਘ ਵਕੀਲ ੬. ਬਾਵਾ ਹਰਕਿਸ਼ਨ ਸਿੰਘ ਜੀ ੭. ਮਾ: ਤਾਰਾ ਸਿੰਘ ਜੀ ੮. ਗਿ: ਸ਼ੇਰ ਸਿੰਘ ਜੀ ੯. ਸ: ਹਰੀ ਸਿੰਘ ਜਾਲੰਧਰੀ ੧੦. ਪ੍ਰੋ: ਤੇਜਾ ਸਿੰਘ ਜੀ ੧੧. ਪ੍ਰੋ: ਨਿਰੰਜਨ ਸਿੰਘ ਜੀ ੧੨. ਸ: ਧਰਮ ਸਿੰਘ ਝੁਬਾਲ ਪ੍ਰਧਾਨ ਸ਼੍ਰੋ: ਅਕਾਲੀ ਦਲ ੧੩. ਰਸਾਲਦਾਰ ਸੁੰਦਰ ਸਿੰਘ ਜੀ ੧੪. ਸ: ਗੁਪਾਲ ਸਿੰਘ ਕੌਮੀ ੧੫. ਸ: ਸੋਹਣ ਸਿੰਘ ਜੀ ਜੋਸ਼ ੧੬. ਸ: ਤੇਜਾ ਸਿੰਘ ਘਵਿੰਡ ੧੭. ਸ: ਤੇਜਾ ਸਿੰਘ ਜੀ ਚੂਹੜਕਾਣਾ ੧੮. ਕਪਤਾਨ ਰਾਮ ਸਿੰਘ ਜੀ ੧੯. ਸ: ਗੁਪਾਲ ਸਿੰਘ ਸਾਗਰੀ ੨੦. ਸ: ਦਾਨ ਸਿੰਘ ਵਛੋਆ ੨੧. ਮਾ: ਮਹਿਤਾਬ ਸਿੰਘ ਜੀ ੨੨. ਬਾਬੂ ਤ੍ਰਿਪਤ ਸਿੰਘ ਲਾਇਲਪੁਰ ੨੩. ਸ: ਮਿਤ ਸਿੰਘ ਕੈਨੇਡੀਅਨ ੨੪. ਭਾ: ਪਿਆਰਾ ਸਿੰਘ ਲੰਗੇਰੀ ੨੫. ਸ: ਗੁਰਚਰਨ ਸਿੰਘ ਵਕੀਲ ੨੬. ਸ: ਸੇਵਾ ਸਿੰਘ ਜੀ ਠੀਕਰੀਵਾਲਾ ੨੭. ਸ: ਨਰਾਇਣ ਸਿੰਘ ਬੈਰਿਸਟ੍ਰ ਸਰਗੋਧਾ ੨੮. ਰਸਾਲਦਾਰ ਰਣਜੋਧ ਸਿੰਘ ੨੯. ਸ: ਨਿਰੰਜਨ ਸਿੰਘ ਜਥੇਦਾਰ ਅੰਮ੍ਰਿਤਸਰ ੩੦. ਸ: ਬਖਸ਼ੀਸ਼ ਸਿੰਘ ਪਮੱਦੀ ੩੧. ਸ: ਬਾਲ ਸਿੰਘ ੩੨. ਸ: ਗੁਰਦਿਤ ਸਿੰਘ ਬਹਿਲੋਲ ਪੁਰੀ ੩੩. ਸ: ਸ਼ਿਵ ਸਿੰਘ ਜੀ ੩੪. ਸ: ਕ੍ਰਿਪਾਲ ਸਿੰਘ ਜੀ ੩੫. ਸ: ਕਿਸ਼ਨ ਸਿੰਘ ਜੀ ੩੬. ਸ: ਗੁਰਦਿਤ ਸਿੰਘ ਐਡੀਟਰ "ਨੇਸ਼ਨ" ੩੭. ਸ: ਸੰਤਾ ਸਿੰਘ ਸੁਲਤਾਨ ਵਿੰਡ ਮੀਤ ਪ੍ਰਧਾਨ ਸਿਖ ਲੀਗ ੩੮. ਸ: ਗੁਰਬਖਸ਼ ਸਿੰਘ ਸਕੱਤ੍ਰ ਸਿਖ ਲੀਗ ਦਿਲੀ ੩੯. ਸ: ਨਾਨਕ ਸਿੰਘ ਜੀ ੪੦. ਡਾ: ਹਰੀ ਸਿੰਘ ਚਕਵਾਲੀਆ ੪੧. ਪ੍ਰੋ: ਸਾਹਿਬ ਸਿੰਘ ਜੀ ੪੨. ਸੋਢੀ ਪ੍ਰਤੀਮ ਸਿੰਘ ਅਨੰਦਪੁਰ ਸਾਹਿਬ ੪੩. ਸ: ਰਾਏ ਸਿੰਘ ਕੋਣੀ ੪੪. ਸ: ਨਿਰੰਜਨ ਸਿੰਘ ਤਾਨਸੈਨ ੪੫. ਸ: ਧਰਮ ਸਿੰਘ ੪੬. ਸ: ਦਲੀਪ ਸਿੰਘ ਜੀ ਦੁਆਬੀਆ ੪੭. ਸ: ਨੰਦ ਸਿੰਘ ਅਕਾਊਟੈਂਟ ਸੁਪ੍ਰੰਟੰਡੈਂਟ ਸ਼੍ਰੋ: ਕਮੇਟੀ ੪੮. ਸ: ਮਾਨ ਸਿੰਘ ਜੀ ਟਾਈਪਿਸਟ ੪੯. ਸ: ਵਾਸਦੇਵ ਸਿੰਘ ਸਟੋਰ ਕੀਪਰ ੫੦. ਭਾ: ਮੰਗਲ ਸਿੰਘ ਸੇਵਾਦਾਰ।

Digitized by Panjab Digital Library | www.panjabdigilib.org

ਸ਼੍ਰੋ: ਕਮੇਟੀ ਅਤੇ ਸ਼੍ਰੋ: ਅਕਾਲੀ ਦਲ ਦਾ ਸਿੱਖਾਂ ਦੇ ਦਿਲਾਂ ਵਿਚ ਬਹੁਤ ਸਤਿਕਾਰ ਸੀ, ਇਸ ਕਰਕੇ ਜਦ ਸਰਕਾਰ ਨੇ ਇੰਨ੍ਹਾਂ ਜਮਾਤਾਂ ਵਿਰੁਧ ਕਦਮ ਉਠਾਇਆ ਤਾਂ ਅਕਾਲੀ ਲਹਿਰ ਵਿਚ ਹੋਰ ਭੀ ਜੋਸ਼ ਪੈਦਾ ਹੋ ਗਿਆ। ਸਿੱਖ ਸਖਤੀਆਂ ਨਾਲ ਦਬਣਾ ਤਾਂ ਜਾਣਦੇ ਹੀ ਨਹੀਂ। ਸਖਤੀਆਂ ਕਰਨ ਨਾਲ ਤਾਂ ਇਨ੍ਹਾ ਦਾ ਜੋਸ਼ ਹੋਰ ਵਧਦਾ ਹੈ। ਇਸ ਕਰਕੇ ਸਰਕਾਰ ਦਾ ਇਹ ਖਿਆਲ ਗਲਤ ਸਾਬਤ ਹੋਇਆ ਕਿ ਸਖਤੀ ਕਰਨ ਨਾਲ ਸਿੱਖ ਦਬ ਜਾਣਗੇ।

੫ ਨਵੰਬਰ ਨੂੰ ਸਰਕਾਰ ਨੇ ਉਕਤ ਲੀਡਰਾਂ ਵਿਰੁਧ ਮੁਕਦਮਾ ਆਰੰਭ ਕੀਤਾ। ਸਰਕਾਰ ਵਲੋਂ ਮਿ: ਵੀ. ਡਬਲਯੂ. ਸਮਿੱਥ ਨੇ ਮਿ: ਪੀ. ਜੇ. ਐਡਰਸਨ ਸਮਸ਼ੇਲ ਮਜਿਸਟ੍ਰੇਟ ਦੀ ਅਦਾਲਤ ਵਿਚ ਚਲਾਣ ਪੇਸ਼ ਕੀਤਾ। ਸਿੱਖ ਲੀਡਰਾਂ ਪਰ ਸਰਕਾਰ ਵਿਰੁਧ ਬਗਾਵਤ ਕਰਨ ਦਾ ਦੋਸ਼ ਲਗਾਇਆ ਗਿਆ ਅਤੇ ਇਹ ਸਾਬਤ ਕਰਨ ਦਾ ਯਤਨ ਕੀਤਾ ਗਿਆ ਕਿ ਸ਼੍ਰੋ: ਕਮੇਟੀ ਤੇ ਸ਼੍ਰੋ: ਅਕਾਲੀ ਦਲ ਦਾ ਪੁਲੀਟੀਕਲ ਮਾਮਲਿਆਂ ਵਿਚ ਹੱਥ ਹੈ ਤੇ ਇੰਨਾਂ ਜਮਾਤਾਂ ਦੇ ਮੁਖੀ ਸਰਕਾਰ ਵਿਰੁਧ ਨਫਰਤ ਫੈਲਾਕੇ ਉਸ ਦਾ ਤਖਤਾ ਉਲਟਣਾ ਚਾਹੁੰਦੇ ਹਨ। ਮਿ: ਸਮਿੱਥ ਨੇ ਸਰਕਾਰੀ ਗਵਾਹ ਦੀ ਹੈਸੀਅਤ ਵਿਚ ਬਿਆਨ ਦਿੰਦੇ ਹੋਇ ਕਿਹਾ "ਗਵਾਹੀਆਂ ਰਾਹੀ ਸਾਬਤ ਕੀਤਾ ਜਾਵੇਗਾ ਕਿ ਇਸ ਦਰਖਾਸਤ ਵਿਚ ਦਸੇ ਦੋਸ਼ੀਆਂ ਦੇ ਬਾਦਸ਼ਾਹ ਤੇ ਸਰਕਾਰ ਵਿਰੁਧ ਸਾਜ਼ਸ਼ ਕੀਤੀ ਹੈ।"

ਇਸ ਮੁਕਦਮੇ ਵਿਚ ਮਿ: ਪਿਟਮੈਨ ਤੇ ਰਾਇ ਬਹਾਦਰ ਜਵਾਲਾ ਪ੍ਰਸ਼ਾਦ ਸਰਕਾਰੀ ਵਕੀਲ ਸਨ। ਸ਼੍ਰੋ: ਕਮੇਟੀ ਦੇ ਲੀਡਰਾਂ ਵਲੋਂ ਸ੍ਰੀ ਰਘੂਨਾਥ ਸਹਾਇ ਸ: ਅਤਰ ਸਿੰਘ, ਸ: ਜੀਵਨ ਸਿੰਘ ਸ: ਰਘਬੀਰ ਸਿੰਘ ਤੇ ਸ: ਸ਼ੇਰ ਚਰਨਜੀਤ ਸਿੰਘ ਵਕੀਲ ਪੈਰਵੀਕਰਦੇ ਸਨ। ਇਸ ਕੇਸ ਵਿਚ ਸਰਕਾਰ ਵਲੋਂ ੪੧੪ ਗਵਾਹ ਪੇਸ਼ ਹੋਇ। ਅਦਾਲਤੀ ਗਵਾਹ ਵਖਰੇ ਸਨ। ਇਕ ਸੌ ਦੇ ਲਗਭਗ ਸਫਾਈ ਦੀਆਂ ਗਵਾਹੀਆਂ ਹੋਈਆਂ। ਸਫਾਈ ਦੇ ਗਵਾਹਾਂ ਵਿਚ ਸ: ਸੁੰਦਰ ਸਿੰਘ ਜੀ ਮਜੀਠਾ, ਸ: ਹਰਬੰਸ ਸਿੰਘ ਜੀ ਅਟਾਰੀ, ਸ: ਸ਼ਿਵਦੇਵ ਸਿੰਘ ਸਿਆਲਕੋਟ, ਭਾ: ਜੋਧ ਸਿੰਘ ਐਮ. ਏ. ਰਾਇਜ਼ਾਦਾ ਹੰਸ ਰਾਜ, ਲਾਲਾ ਦੁਨੀ ਚੰਦ ਲਾਹੌਰ, ਪ੍ਰੋ: ਰੁਚੀ ਰਾਮਸਾਹਨੀ, ਸ: ਹਰਚੰਦ ਸਿੰਘ ਲਾਇਲਪੁਰ ਦੇ ਨਾਮ ਵਰਣਨ ਕਰਨ ਯੋਗ ਹਨ।

ਪਹਿਲਾਂ ਇਹ ਮੁਕਦਮਾ ਸ੍ਰੀ ਅੰਮ੍ਰਿਤਸਰ ਚਲਦਾ ਰਿਹਾ ਪਿਛੋਂ ਸਾਰੇ ਲੀਡਰ ਲਾਹੌਰ ਕਿਲੇ ਵਿਚ ਹੋਣ ਕਰਕੇ ਉਥੇ ਹੀ ਭੇਜ ਦਿੱਤਾ ਗਿਆ। ਇਹ ਮੁਕਦਮਾ ਜਨਵਰੀ ੧੯੨੫ ਤੱਕ ਚਲਦਾ ਰਿਹਾ। ਇਸ ਮੁਕਦਮੇ ਦੀ ਕਾਰਰਵਾਈ ਅੰਗ੍ਰੇਜ਼ੀ ਵਿਚ ਫੁਲਸਕੇਪ ਸੀਈਜ਼ ਦੇ ਕਈ ਹਜ਼ਾਰ ਸਫਿਆਂ ਪਰ ਹੈ। ਇਹ ਕੇਸ ਹਿੰਦੋਸਤਾਨ ਦੇ ਰਾਜਸੀ ਮੁਕਦੱਮਿਆਂ ਵਿਚੋਂ ਇਕ ਅਹਿਮ ਕੇਸ ਸੀ। ਸ਼੍ਰੋ: ਕਮੇਟੀ ਦੇ ਪ੍ਰਧਾਨ ਸ: ਬ: ਮਹਿਤਾਬ ਸਿੰਘ ਦਾ ਬਿਆਨ ਹੀ ੮੨ ਸਫਿਆ ਦਾ ਸੀ। ਬਾਕੀ ਲੀਡਰ ਦੇ ਬਿਆਨ ਭੀ ਉਸ ਵੇਲੇ ਦੀਆਂ ਅਖਬਾਰਾਂ ਵਿਚ ਛਪਦੇ ਰਹੇ। ਸ: ਸੋਹਨ ਸਿੰਘ ਜੋਸ਼ ਤੇ ਸ: ਗੁਪਾਲ ਸਿੰਘ ਕੌਮੀ ਨੇ ਇਸ ਮੁਕਦਮੇ ਵਿਚ ਬੜੇ ਧੜਲੇਦਾਰ ਬਿਆਨ ਦਿੱਤੇ। ਜਿੰਨਾਂ ਦੀ ਉਸ ਸਮੇਂ ਦੇ ਪ੍ਰੈਸ ਵਿਚ ਬਹੁਤ ਚਰਚਾ ਹੋਈ। ਸ: ਸੋਹਣ ਸਿੰਘ ਜੀ ਨੇ ਆਪਣੇ ਬਿਆਨ ਵਿਚ ਬੱਜ ਬੱਜ ਘਾਟ ਪਰ ਚਲਾਈ ਗਈ ਗੋਲੀ, ਜਲ੍ਹਿਆਂ ਵਾਲਾ ਬਾਗ ਦੇ ਖੂਨੀ ਸਾਕੇ ਆਦਿਕ ਦੇ ਹਵਾਲੇ ਦੇਕੇ ਕਿਹਾ ਕਿ "ਜੇਹੜੀ ਸਰਕਾਰ ਇਸ ਤਰਾਂ ਜੰਨਤਾ ਦਾ ਖੂਨ ਡੋਹਲਣ ਤੋਂ ਸੰਕੋਚ ਨਾ ਕਰਦੀ ਹੋਵੇ ਉਹ ਬਹੁਤੇ ਦਿਨ ਕਾਇਮ ਨਹੀਂ ਰਹਿ ਸਕਦੀ।"

ਸ: ਗੁਪਾਲ ਸਿੰਘ ਜੀ ਕੌਮੀ ਨੇ ਕਿਹਾ ਕਿ "ਸ਼ਹੀਦਾਂ ਦੇ ਖੂਨ ਦੀ ਇੱਕ ਇੱਕ ਬੂੰਦ ਵਿਚੋਂ ਲੱਖਾਂ ਸ਼ਹੀਦ ਪੈਦਾ ਹੋਣਗੇ। ਜੇ ਸਰਕਾਰ ਸਖਤੀਆਂ ਦਾ ਚੱਕਰ ਚਲਾਕੇ ਅਕਾਲੀ ਲਹਿਰ ਨੂੰ ਕੁਚਲ

Digitized by Panjab Digital Library | www.panjabdigilib.org

ਦੇਣ ਦਾ ਖਿਆਲ ਰਖਦੀ ਹੈ ਤਾਂ ਉਹ ਮੂਰਖਾਂ ਦੇ ਸਵਰਗ ਵਿਚ ਵਸਦੀ ਹੈ।" ਸ: ਤੇਜਾ ਸਿੰਘ ਜੀ ਸਮੁੰਦਰੀ ਇਸ ਕੇਸ ਦੇ ਦੌਰਾਨ ਵਿਚ ਲਾਹੌਰ ਕਿਲੇ ਵਿਚ ਹੀ ਅਕਾਲ ਚਲਾਣਾ ਕਰ ਗਏ ਸਨ ਜਿਸ ਕਰਕੇ ਉਨ੍ਹਾਂ ਦੀ ਯਾਦ ਵਿਚ ਸ਼੍ਰੋ: ਕਮੇਟੀ ਦੇ ਦਫਤਰ ਦਾ ਤੇਜਾ ਸਿੰਘ ਸਮੁੰਦਰੀ ਹਾਲ ਬਣਾਇਆ ਗਿਆ।

ਅਕਾਲੀ ਲਹਿਰ ਵਿਚ ਦਿਨੋ ਦਿਨ ਜੋਸ਼ ਵਧਦਾ ਗਿਆ। ਸਰਕਾਰ ਦੀਆਂ ਗੋਲੀਆਂ, ਲਾਠੀਚਾਰਜ, ਜੇਹਲਾਂ ਦੀਆਂ ਸਖਤੀਆਂ, ਜੁਰਮਾਨੇ ਤੇ ਜਾਇਦਾਦ ਦੀਆਂ ਜ਼ਬਤੀਆਂ ਆਦਿਕ ਸਿੱਖ ਪੰਥ ਦੇ ਜ਼ੋਸ਼ ਨੂੰ ਠੰਡਾ ਨਾ ਕਰ ਸਕੀਆਂ। ਅੰਤ ਸਰਕਾਰ ਨੂੰ ਮਜ਼ਬੂਰ ਹੋਕੇ ਗੁਰਦਵਾਰੇ ਸਿੱਖਾਂ ਦੇ ਹਵਾਲੇ ਕਰਨੇ ਪਏ ਅਤੇ ੧੯੨੫ ਵਿਚ ਗੁਰਦਵਾਰਾ ਬਿਲ ਦੇਕੇ ਸਰਕਾਰ ਨੇ ਅਕਾਲੀਆਂ ਪਾਸੋਂ ਬੜੀ ਮੁਸ਼ਕਲ ਨਾਲ ਪਿੱਛਾ ਛੁਡਾਇਆ।

## ਸ਼੍ਰੋ: ਕਮੇਟੀ ਦੇ ਹੋਰ ਲੀਡਰਾਂ ਦੀ ਗ੍ਰਿਫਤਾਰੀ

ਜਦ ਸ਼੍ਰੋ: ਕਮੇਟੀ ਤੇ ਸ਼੍ਰੋ: ਅਕਾਲੀ ਦਲ ਕਾਨੂੰਨ ਵਿਰੁਧ ਕਰਾਰ ਦਿਤੇ ਗਏ ਤਾਂ ਸਿੱਖ ਪੰਥ ਵਿਚ ਜੋਸ਼ ਦੀ ਇਕ ਜ਼ਬਰਦਸਤ ਲਹਿਰ ਦੌੜ ਗਈ। ਇਨ੍ਹਾਂ ਦੋਹਾਂ ਪੰਥਕ ਜਥੇਬੰਦੀਆਂ ਨੇ ਆਪਣਾ ਕੰਮ ਜਾਰੀ ਰਖਿਆ। ਪਹਿਲੇ ਔਹਦੇਦਾਰ ਫੜੇ ਗਏ ਤਾਂ ਨਵੇਂ ਚੁਣ ਲਏ ਗਏ। ਸਰਕਾਰ ਨੇ ਕੁਝ ਹੋਰ ਲੀਡਰਾਂ ਨੂੰ ਗ੍ਰਿਫਤਾਰ ਕਰਨ ਦਾ ਫੈਸਲਾ ਕੀਤਾ। ਸੀ. ਆਈ. ਡੀ. ਦੀਆਂ ਰਿਪੋਰਟਾਂ ਪ੍ਰਗਟ ਕਰਦੀਆਂ ਸਨ ਕਿ ਸ਼੍ਰੋ: ਕਮੇਟੀ ਤੇ ਅਕਾਲੀ ਦਲ ਪਹਿਲਾਂ ਵਾਂਗ ਹੀ ਕੰਮ ਕਰ ਰਹੇ ਹਨ। ੭ ਜਨਵਰੀ ੧੯੨੪ ਨੂੰ ਸ੍ਰੀ ਅਕਾਲ ਤਖਤ ਸਾਹਿਬ ਪਰ ਸ਼੍ਰੋ: ਕਮੇਟੀ ਦਾ ਜਨਰਲ ਇਜਲਾਸ ਹੋ ਰਿਹਾ ਸੀ। ਸਥਾਨਕ ਅਫਸਰਾਂ ਨੇ ਇਸ ਪਰ ਛਾਪਾ ਮਾਰਨਾ ਚਾਹਿਆ। ਸੁਪ੍ਰੰਟੈਂਡੈਂਟ ਪੁਲਸ ਮਿ: ਜਾਫਰੇ ਤੇ ਹੋਰ ਵਡੇ ਸਰਕਾਰੀ ਅਫਸਰ ਪੁਲਸ ਦੀ ਇਕ ਤਕੜੀ ਜਮਾਤ ਲੈ ਕੇ ਛਾਪਾ ਮਾਰਨ ਆਏ।

ਜਦ ਉਹ ਘੰਟਾ ਘਰ ਵਲੋਂ ਪ੍ਰਕਰਮਾ ਵਿਚ ਦਾਖ਼ਲ ਹੋਣ ਲਗੇ ਤਾਂ ਸੇਵਾਦਾਰਾਂ ਨੇ ਉਨ੍ਹਾਂ ਨੂੰ ਵਰਦੀ ਸਮੇਤ ਅੰਦਰ ਜਾਣ ਤੋਂ ਰੋਕ ਦਿਤਾ। ਫਿਰ ਇਹ ਸਾਰੀ ਧਾੜ ਗੁਰਦੁਆਰਾ ਬੜਾ ਸਾਹਿਬ ਵਲੋਂ ਅਕਾਲ ਤਖਤ ਸਾਹਿਬ ਵੱਲ ਆਈ। ਅਕਾਲ ਤਖਤ ਦੇ ਜਥੇਦਾਰ ਨੇ ਉਨ੍ਹਾਂ ਨੂੰ ਵਰਦੀਆਂ ਸਮੇਤ ਅੰਦਰ ਜਾਣ ਤੋਂ ਰੋਕ ਦਿਤਾ। ਇਸ ਪਰ ਅਫਸਰ ਬਹੁਤ ਰੋਹ ਵਿਚ ਆਏ। ਕਾਫੀ ਦੇਰ ਝਗੜਾ ਪੈਂਦਾ ਰਿਹਾ। ਇਸ ਸਮੇਂ ਕਾਂਗਰਸ ਦੇ ਲੀਡਰ ਲਾਲਾ ਗਿਰਧਾਰੀ ਲਾਲ, ਪੰ: ਦੀਨਾ ਨਾਥ ਤੇ ਸੁਆਮੀ ਓਅੰਕਾਰਾ ਨੰਦ ਭੀ ਆ ਗਏ। ਪ੍ਰੋ: ਜੋਧ ਸਿੰਘ ਜੀ ਐਮ. ਐਲ. ਸੀ. ਹੇਠਾਂ ਆਏ ਤੇ ਉਨ੍ਹਾਂ ਨੇ ਡਿਪਟੀ ਕਮਿਸ਼ਨਰ ਸਾਹਿਬ ਤੋਂ ਪੁਛਿਆ ਕਿ "ਆਪ ਚਾਹੁੰਦੇ ਕੀ ਹੋ?" ਇਸ ਦਾ ਉਤਰ ਉਨ੍ਹਾਂ ਨੇ ਇਹ ਦਿਤਾ ਕਿ ਅਸੀਂ ਸ਼੍ਰੋ: ਕਮੇਟੀ ਦੇ ਸਾਰੇ ਮੈਂਬਰਾਂ ਨੂੰ ਗ੍ਰਿਫਤਾਰ ਕਰਨਾ ਚਾਹੁੰਦੇ ਹਾਂ।

ਪ੍ਰੋ: ਜੋਧ ਸਿੰਘ ਜੀ ਉਪਰ ਗਏ ਅਤੇ ਉਨ੍ਹਾਂ ਨੇ ਬਾਕੀ ਲੀਡਰਾਂ ਨਾਲ ਸਲਾਹ ਕਰਕੇ ਡਿਪਟੀ ਕਮਿਸ਼ਨਰ ਨੂੰ ਕਿਹਾ ਕਿ ਜਿਨ੍ਹਾਂ ਨੂੰ ਆਪ ਨੇ ਗ੍ਰਿਫਤਾਰ ਕਰਨਾ ਹੈ ਉਨ੍ਹਾਂ ਦੇ ਵਾਰੰਟ ਗ੍ਰਿਫਤਾਰੀ ਵਿਖਾਉ। ਡੀ. ਸੀ. ਨੇ ਕਿਹਾ ਸਾਡੇ ਪਾਸ ਇਕ ਫਹਿਰਿਸਤ ਹੈ। ਜਦ ਇਹ ਫਹਿਰਿਸਤ ਪ੍ਰੋ: ਜੋਧ ਸਿੰਘ ਜੀ ਨੇ ਵੇਖੀ ਤਾਂ ਉਸ ਵਿਚ ਸ: ਸਰਮੁਖ ਸਿੰਘ ਝਬਾਲ, ਸ: ਰਾਇ ਸਿੰਘ ਕੌਣੀ ਆਦਿਕ ਸਜਨਾਂ ਦੇ ਨਾਮ ਭੀ ਸਨ ਜੋ ਪਹਿਲੇ ਹੀ ਜੇਲ੍ਹ ਵਿਚ ਸਨ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਸਰਕਾਰ ਦੀਆਂ ਮਹਿਕਮਾਨਾ ਕਾਰਵਾਈਆਂ ਵਿਚ ਉਸ ਸਮੇਂ ਕਿਤਨੀ ਅੰਧੇਰ ਗਰਦੀ ਮੱਚੀ ਹੋਈ ਸੀ।

Digitized by Panjab Digital Library | www.panjabdigilib.org

ਪ੍ਰੋ: ਜੋਧ ਸਿੰਘ ਜੀ ਨੇ ਫਹਿਰਿਸਤ ਨੋਟ ਕਰ ਲਈ ਜੇਹੜੇ ਮੈਂਬਰਾਂ ਨੂੰ ਉਨ੍ਹਾਂ ਨੇ ਗ੍ਰਿਫਤਾਰੀ ਲਈ ਪੇਸ਼ ਹੋਣ ਵਾਸਤੇ ਕਿਹਾ ਉਹ ਸਭ ਹੇਠਾਂ ਆ ਗਏ । ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਭਾਰੀ ਦੀਵਾਨ ਸਜਿਆ ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿਚ ਮੌਜੂਦ ਸਨ। ਜੈਕਾਰਿਆਂ ਦੀ ਗੂੰਜ ਨਾਲ ਆਸਮਾਨ ਗੂੰਜ ਉਠਿਆ । ਸ਼੍ਰੋ: ਕਮੇਟੀ ਦੇ ਮੈਂਬਰ ਸ੍ਰੀ ਦਰਬਾਰ ਸਾਹਿਬ ਮੱਥਾ ਟੇਕ ਕੇ ਜਲੂਸ ਦੀ ਸ਼ਕਲ ਵਿਚ ਕੋਤਵਾਲੀ ਪੁਜੇ । ਸੰਗਤਾਂ ਨਾਲ ਸਨ, ਇਸ ਸਮੇਂ ਜੋਸ਼ ਦਾ ਅਥਾਹ ਸਮੁੰਦਰ ਠਾਠਾਂ ਮਾਰ ਰਿਹਾ ਸੀ । ਸਰਕਾਰ ਨੇ ਭੀ ਮਸ਼ੀਨਗੰਨਾ ਬੀੜ ਰਖੀਆਂ ਸਨ ਤੇ ਮੁਕਾਬਲੇ ਦੀ ਪੂਰਨ ਤਿਆਰੀ ਸੀ ਪ੍ਰੰਤੂ ਸਿੱਖ ਸੰਗਤਾਂ ਪੂਰੇ ਜ਼ਬਤ ਵਿਚ ਸਨ। ਆਪਣੇ ਲੀਡਰਾਂ ਦੇ ਹੁਕਮ ਤੋਂ ਬਿਨਾਂ ਉਹ ਕੋਈ ਭੀ ਕਦਮ ਉਠਾਣ ਲਈ ਤਿਆਰ ਨਹੀਂ ਸਨ । ਇਸ ਸਮੇਂ ਸ਼੍ਰੋ: ਕਮੇਟੀ ਦੇ ਹੇਠ ਲਿਖੇ ਮੁਖੀ ਗ੍ਰਿਫਤਾਰ ਹੋਏ:—

੧. ਸ: ਸੋਹਣ ਸਿੰਘ ਖਡੂਰ ਸਾਹਿਬ
੨. ਮਾਸਟਰ ਸੁਜਾਨ ਸਿੰਘ ਸਰਹਾਲੀ
੩. ਸ: ਜਵਾਹਰ ਸਿੰਘ, ਬੁਰਜ ਲੁਧਿਆਣਾ
੪. ਸ: ਚੰਨਣ ਸਿੰਘ ਜਲੰਧਰ
੫. ਸ: ਸੁੰਦਰ ਸਿੰਘ ਅੰਮ੍ਰਿਤਸਰ
੬. ਜਥੇਦਾਰ ਜੈ ਸਿੰਘ ਢੁਡਿਆਲ
੭. ਸ: ਆਸਾ ਸਿੰਘ ਚੰਡਾਲੀ ਜ਼ਿਲਾ ਗੁਜਰਾਂ ਵਾਲਾ
੮. ਸ: ਅਮਰੀਕ ਸਿੰਘ ਚੂਨੇ ਵਾਲੇ ਗੁਜਰਾਂਵਾਲਾ
੯. ਸ: ਵਰਿਆਮ ਸਿੰਘ ਗਰਮੂਲਾ
੧੦. ਸ: ਅਵਤਾਰ ਸਿੰਘ ਬੈਰਿਸਟਰ (ਸ਼ਹੀਦ)
੧੧. ਸ, ਨਰੰਜਨ ਸਿੰਘ ਵਾਜਿਆਂ ਵਾਲੇ
੧੨. ਸ: ਗਿਆਨ ਸਿੰਘ ਦੀਪਾਲ ਪੁਰ
੧੩. ਹੁਕਮ ਸਿੰਘ ਵਕੀਲ ਮਿੰਟਗੁਮਰੀ (ਹੁਣ ਮੈਂਬਰ ਪਾਰਲੀਮੈਂਟ) ।
੧੪. ਸ: ਜਸਵੰਤ ਸਿੰਘ ਜਥੇਦਾਰ ਮਿੰਟਗੁਮਰੀ ।
੧੫. ਭਾਈ ਲੱਖਾ ਸਿੰਘ ਕੁਰਲਕੇ ਜ਼ਿਲਾ ਸ਼ੇਖੂਪੁਰਾ ।
੧੬. ਭਾਈ ਸੋਹਣ ਸਿੰਘ ਸ਼ੇਖੂਪੁਰਾ
੧੭. ਭਾਈ ਸੁਦਾਗਰ ਸਿੰਘ
੧੮. ਸ: ਇੰਦਰ ਸਿੰਘ ਮਰੜ
੧੯. ਸ: ਸ਼ੇਰ ਸਿੰਘ ਕੋਟ ਪਿੰਡੀ ਵਾਲ ਸ਼ੇਖੂਪੁਰਾ
੨੦. ਸੂਰਤ ਸਿੰਘ ਕਿਸ਼ਨ ਪੁਰਾ ਜ਼ਿਲਾ ਲੁਧਿਆਣਾ
੨੧. ਸ: ਰਣਬੀਰ ਸਿੰਘ ਕਾਉਂਕੇ
੨੨. ਸ: ਜੁਗਿੰਦਰ ਸਿੰਘ ਵਕੀਲ ਰਾਇ ਪੁਰ
੨੩. ਸ: ਕਰਤਾਰ ਸਿੰਘ ਲੁਧਿਆਣਾ
੨੪. ਸੁੰਦਰ ਸਿੰਘ ਘੁਮਾਣ ਜ਼ਿ: ਲੁਧਿਆਣਾ
੨੫. ਸ: ਹਰਨਾਮ ਸਿੰਘ ਕਬਰਵਛਾ ( ਹੁਣ ਪ੍ਰਧਾਨ ਗੁ: ਕਮੇਟੀ ਮੁਕਤਸਰ )
੨੬. ਸ: ਗੁਰਦਿਆਲ ਸਿੰਘ ਸਿਆਲ ਕੋਟ
੨੭. ਸ: ਭਗਤ ਸਿੰਘ ਜਥੇਦਾਰ ਤਸੀਲ ਪਸਰੂਰ
੨੮. ਸ: ਗਿਆਨ ਸਿੰਘ ਸਿਆਲਕੋਟ
੨੯. ਸ: ਨਿਰਮਲ ਸਿੰਘ (ਭਤੀਜਾ ਸ: ਖੜਕ ਸਿੰਘ)
੩੦. ਜਥੇਦਾਰ ਪ੍ਰਤਾਪ ਸਿੰਘ ਕੋਟ ਫਤੂਹਾ ਜ਼ਿਲਾ ਹੁਸ਼ਿਆਰ ਪੁਰ
੩੧. ਗਿ: ਬਤਨ ਸਿੰਘ ਜੀ ਜ਼ਿਲਾ ਹੁਸ਼ਿਆਰਪੁਰ
੩੨. ਸ. ਗੁਰਬਖਸ਼ ਸਿੰਘ ਵਸਾਊ ਕੋਟ (ਜ਼ਿਲਾ ਗੁਰਦਾਸ ਪੁਰ )
੩੩. ਸ: ਤੇਜਾ ਸਿੰਘ ਅਲਾਵਲ ਪੁਰ ( ਜ਼ਿਲਾ ਗੁਰਦਾਸ ਪੁਰ )
੩੪. ਸ: ਕਿਸ਼ਨ ਸਿੰਘ ਨਾਨੂੰ ਨੰਗਲ
੩੫. ਸ: ਰਤਨ ਸਿੰਘ ਅਜ਼ਾਦ
੩੬. ਮਹੰਤ ਲਹਿਣਾ ਸਿੰਘ ਪੌਂਟਾ ਸਾਹਿਬ ( ਸਵਾਰਗੀ )
੩੭. ਸ: ਸਾਹਿਬ ਸਿੰਘ ਚੱਕ ਨੰ: ੧੨੭ ਢਖਣੀ ਸਰਗੋਧਾ

Digitized by Panjab Digital Library | www.panjabdigilib.org

੩੮. ਸ: ਮਾਨ ਸਿੰਘ ੩੯. ਭਗਤ ਦੂੰਨਾ ਸਿੰਘ ਐਹਮਦਾਬਾਦ (ਸਵਰਗੀ)
ਵੱਕ ਨੰ: ੧੨੭ ਦੱਖਣੀ ੪੧. ਸ: ਦੀਵਾਨ ਸਿੰਘ ਕੋਟ ਨਜੀਬ-ਉੱਲਾ
੪੦. ਸ: ਗਿਆਨ ਸਿੰਘ ਐਹਮਦਾਬਾਦ ੪੨. ਸ: ਫੌਜ਼ਾ ਸਿੰਘ ਤਹਿਸੀਲ ਚੁਨੀਆ
੪੩. ਸ: ਇੰਦਰ ਸਿੰਘ ਬਰਕਾ ਲਹੌਰ ੪੪. ਸ: ਜਵਾਲਾ ਸਿੰਘ ਜ਼ਿਲਾ ਲਹੌਰ
੪੫. ਸ: ਬਲਵੰਤ ਸਿੰਘ ਗੁਜਰਖਾਨੀ ੪੬. ਸ: ਜਵੰਦ ਸਿੰਘ ਰਾਵਲ ਪਿੰਡੀ (ਸਵਰਗੀ)
੪੭. ਸ: ਰਾਜਾ ਸਿੰਘ ਵਕੀਲ ਪਿਸ਼ਾਵਰ ੪੮. ਸ: ਜਗਤ ਸਿੰਘ ਪਿਸ਼ਾਵਰ
੪੯. ਸ: ਜੈ ਸਿੰਘ ਮਰਦਾਨ ੫੦. ਸ: ਮਤਾਬ ਸਿੰਘ ਕੋਹਾਟ
੫੧. ਸ: ਹਰਨਾਮ ਸਿੰਘ ਪੰਜਾ ਸਾਹਿਬ ੫੨. ਸ: ਅਮਰ ਸਿੰਘ ਐਡੀਟਰ, ਲਾਇਲ ਗਜ਼ਟ, (ਫਿਰ ਸ਼ੇਰੇ ਪੰਜਾਬ)
੫੩. ਮਹੰਤ ਮੂਲ ਸਿੰਘ ਜੀ ਨਿਰਮਲੇ ਵਰਤਮਾਨ ਗ੍ਰੰਥੀ ਸ੍ਰੀ ਦਰਬਾਰ ਸਾਹਿਬ।
੫੪. ਬਾਵਾ ਸਰੂਪ ਸਿੰਘ ਲਾਹੌਰ ੫੫. ਭਾਈ ਧਰਮ ਸਿੰਘ ਨਾਮਧਾਰੀ
੫੬. ਭਾਈ ਸੁੰਦਰ ਸਿੰਘ ਜਥੇਦਾਰ ਬਟਾਲਾ
੫੭. ਡਾਕਟਰ ਭਗਵਾਨ ਸਿੰਘ ਅੰਮ੍ਰਿਤਸਰ
੫੮. ਭਾਈ ਮੋਹਣ ਸਿੰਘ ਵੈਦ (ਸਵਰਗੀ) ਤਰਨ ਤਾਰਨ
੫੯. ਸ: ਹਰੀ ਸਿੰਘ ਨਾਰਲੀ ਜ਼ਿਲਾ ਲਾਹੌਰ
੬੦. ਸਃ ਸੁਚਾ ਸਿੰਘ ਖਰਾ ਸੌਦਾ (ਸ਼ੇਖ਼ੂਪੁਰਾ)
੬੧. ਜਮਾਂਦਾਰ ਸਾਧੂ ਸਿੰਘ ਲਾਇਲਪੁਰ
੬੨. ਬਾਬਾ ਕਰਮ ਸਿੰਘ ਚੀਮਾ (ਜਲੰਧਰ)

ਜਦ ਇਹ ਸਾਰੇ ਮੈਂਬਰ ਗ੍ਰਿਫਤਾਰ ਕਰ ਲਏ ਗਏ ਤੇ ਕੁਝ ਹੋਰ ਸਜਨਾਂ ਨੇ ਕਿਹਾ ਅਸੀਂ ਭੀ ਸ਼੍ਰੋਃ ਕਮੇਟੀ ਦੇ ਮੈਂਬਰ ਹਾਂ ਤੇ ਕਾਰਵਾਈ ਵਿਚ ਸ਼ਾਮਲ ਸੀ ਸਾਨੂੰ ਭੀ ਗ੍ਰਿਫਤਾਰ ਕੀਤਾ ਜਾਵੇ। ਸਬੰਧਤ ਅਵਸਰਾਂ ਨੇ ਉਤ੍ਰ ਦਿਤਾ ਤੁਹਾਡਾ ਨਾਮ ਫਹਿਰਿਸਤ ਵਿਚ ਨਹੀਂ ਇਸ ਲਈ ਤੁਹਾਨੂੰ ਗ੍ਰਿਫਤਾਰ ਨਹੀਂ ਕਰਨਾ। ਸ: ਅਵਤਾਰ ਸਿੰਘ ਬੈਰਿਸਟ੍ਰ ਗੁਜਰਾਂਵਾਲਾ ਮੈਂਬਰ ਆਲ ਇੰਡੀਆ ਕਾਂਗਰਸ ਕਮੇਟੀ ਤੇ ਸ਼੍ਰੋ: ਕਮੇਟੀ (ਜੋ ਇਕ ਜਨੂਨੀ ਮੁਸਲਮਾਨ ਨੇ ਸ਼ਹੀਦ ਕਰ ਦਿਤੇ ਸਨ) ਨੇ ਇਕ ਬਿਆਨ ਵਿਚ ਕਿਹਾ "ਸਰਕਾਰ ਨੇ ਸ਼੍ਰੋ: ਕਮੇਟੀ ਤੇ ਅਕਾਲੀ ਦਲ ਨੂੰ ਕਾਨੂੰਨ ਵਿਰੁਧ ਜਮਾਤ ਕਰਾਰ ਦੇ ਕੇ ਆਜ਼ਾਦੀ ਦੀ ਲਹਿਰ ਪਰ ਹਮਲਾ ਕੀਤਾ ਹੈ, ਇਸ ਲਈ ਮੈਂ ਸਾਰੇ ਭਾਰਤਵਾਸੀਆਂ ਪਾਸ ਅਪੀਲ ਕਰਦਾ ਹਾਂ ਕਿ ਉਹ ਅਕਾਲੀ ਲਹਿਰ ਵਿਚ ਸਾਡੀ ਸਹਾਇਤਾ ਕਰਨ"।

ਇਨ੍ਹਾਂ ਗ੍ਰਿਫਤਾਰੀਆਂ ਤੋਂ ਪਿਛੋਂ ਭੀ ਸ਼੍ਰੋ: ਕਮੇਟੀ ਤੇ ਸ਼੍ਰੋ: ਅਕਾਲੀ ਦਲ ਤੋੜੇ ਨਹੀਂ ਗਏ ਸਗੋਂ ਉਨ੍ਹਾਂ ਨੇ ਆਪਣੀ ਕਾਰਵਾਈ ਪਹਿਲਾਂ ਵਾਂਗ ਹੀ ਜਾਰੀ ਰਖੀ। ਇਨ੍ਹਾਂ ਗ੍ਰਿਫਤਾਰੀਆਂ ਤੋਂ ਉਪ੍ਰੰਤ ਸ਼੍ਰੋ: ਕਮੇਟੀ ਵਲੋਂ ਐਲਾਨ ਨੰ: ੪੫੮ ਜਾਰੀ ਕੀਤਾ ਗਿਆਂ ਜਿਸ ਦਾ ਭਾਵ ਇਹ ਸੀਃ—

ਸੰਮੂਹ ਖਾਲਸੇ ਨੂੰ ਆਪਣੀ ਧਾਰਮਕ ਆਜ਼ਾਦੀ ਦੀ ਰਖਿਆ ਲਈ ਮੈਦਾਨ ਵਿਚ ਆਉਣਾ ਚਾਹੀਦਾ ਹੈ। ਪ੍ਰੀਖਿਆ ਲਈ ਵਾਹਿਗੁਰੂ ਨੇ ਸਿਖ ਕੌਮ ਨੂੰ ਚੁਣਿਆ ਹੈ। ਗੁਰੂ ਸਾਹਿਬ ਦੇ ਦੁਲਾਰਿਓ ਇਹ ਦਸ ਦਿਉ ਕਿ ਤੁਸੀਂ ਜੀਉਂਦੇ ਹੋ ਤੇ ਹਕੂਮਤ ਤੁਹਾਨੂੰ ਨਹੀਂ ਦਬਾ ਸਕਦੀ।

ਹੁਣ ਜਦ ਕਿ ਸ਼੍ਰੋ: ਕਮੇਟੀ ਦਾ ਦੂਜਾ ਜਥਾ ਗ੍ਰਿਫਤਾਰ ਕਰ ਲਿਆ ਗਿਆ ਹੈ, ਇਸ ਸਮੇਂ ਸੰਮੂਹ ਸਿਖ ਵਿਤ ਅਨਸਾਰ ਕੌਮ ਦੀ ਸੇਵਾ ਕਰਨ ਅਤੇ ਸ਼੍ਰੋ: ਕਮੇਟੀ ਦੀ ਹਰ ਤਰ੍ਹਾਂ ਸਹਾਇਤਾ ਕਰਨ

Digitized by Panjab Digital Library | www.panjabdigilib.org

ਯਾਦ ਰਖੋ ਸ਼੍ਰੋ: ਕਮੇਟੀ ਦੀ ਇਜ਼ਤ ਤੇ ਸ਼ਾਨ ਨੂੰ ਕਾਇਮ ਰਖਣ ਦਾ ਮਤਲਬ ਇਹ ਹੈ ਕਿ ਤੁਸੀਂ ਆਪਣੀ ਸ਼ਾਨ ਤੇ ਇਜ਼ਤ ਕਾਇਮ ਰਖਣਾ ਚਾਹੁੰਦੇ ਹੋ ਕਿਉਂਕਿ ਜੋ ਮੈਂਬਰ ਅਜ ਗ੍ਰਿਫਤਾਰ ਹੋਏ ਹਨ ਇਹ ਸਭ ਤੁਹਾਡੇ ਹੀ ਚੁਣੇ ਹੋਏ ਹਨ। ਉਨ੍ਹਾਂ ਨੇ ਆਪਣਾ ਫਰਜ਼ ਚੰਗੇ ਤ੍ਰੀਕੇ ਨਾਲ ਪੂਰਾ ਕਰ ਦਿਤਾ। ਗੌਰਮਿੰਟ ਸਿਖਾਂ ਨੂੰ ਤਬਾਹ ਤੇ ਬਰਬਾਦ ਕਰਨ ਪਰ ਤੁਲੀ ਹੋਈ ਹੈ। ਇਸ ਦੇ ਉਤਰ ਵਿਚ ਸਿਖਾਂ ਨੂੰ ਸਾਰੇ ਸ਼ਾਂਤਮਈ ਸਾਧਨਾਂ ਨਾਲ ਗੌਰਮਿੰਟ ਨੂੰ ਮਜਬੂਰ ਕਰਨਾ ਚਾਹੀਦਾ ਹੈ ਤਾਕਿ ਉਹ ਹਥਿਆਰ ਸੁਟ ਦੇਵੇ। ਚੇਤੇ ਰਖੋ ਕਿ ਹਰੇਕ ਮਾਮੂਲੀ ਤੋਂ ਮਾਮੂਲੀ ਕੁਰਬਾਨੀ ਜੋ ਤੁਸੀਂ ਕਰਦੇ ਹੋ ਉਹ ਸਿਖ ਕੌਮ ਦੀ ਪਕਿਆਈ ਤੇ ਦ੍ਰਿੜਤਾ ਦਾ ਕਾਰਨ ਹੁੰਦੀ ਹੈ। ਵਕੀਲਾਂ, ਵਪਾਰੀਆਂ, ਜ਼ਿਮੀਦਾਰਾਂ, ਕਲਰਕਾਂ ਤੇ ਅਫਸਰਾਂ ਨੂੰ ਹੁਣ ਆਪਣੇ ਆਪਣੇ ਘਰਾਂ ਵਿਚੋਂ ਨਿਕਲ ਆਉਣਾ ਚਾਹੀਦਾ ਹੈ ਅਤੇ ਕਮੇਟੀ ਨਾਲ ਮਿਲ ਕੇ ਉਨ੍ਹਾਂ ਅਸਭਯ ਤਾਕਤਾਂ ਨੂੰ ਤਬਾਹ ਕਰ ਦੇਣਾ ਚਾਹੀਦਾ ਹੈ ਜੋ ਅਕਾਲ ਪੁਰਖ ਦੇ ਮਜ਼ਹਬ ਦਾ ਅਪਮਾਨ ਕਰਦੀਆਂ ਹਨ।

ਉਹ ਸਚਾਈ ਤੇ ਇਨਸਾਫ ਪਰ ਹਮਲਾ ਕਰ ਰਹੇ ਹਨ। ਆਉ ਅਸੀਂ ਚਿਟੇ ਬਾਜ਼ਾਂ ਵਾਲੇ ਪੰਥ ਦੇ ਵਾਲੀ ਦੀ ਸਹਾਇਤਾ ਮੰਗੀਏ। ਜਿਨਾਂ ਨੇ ਆਪਣੇ ਸਤਿਕਾਰ ਯੋਗ ਪਿਤਾ, ਬਚਿਆਂ ਤੇ ਸਾਰੇ ਪ੍ਰਵਾਰ ਨੂੰ ਸਾਨੂੰ ਤਬਾਹੀ ਤੋਂ ਬਚਾਉਣ ਲਈ ਕੁਰਬਾਨ ਕਰ ਦਿਤਾ।

ਹਰੇਕ ਸਿਖ ਬਚੇ ਨੂੰ ਅਤੇ ਹਰੇਕ ਅੰਮ੍ਰਿਤਧਾਰੀ ਨੂੰ ਆਪਣੇ ਸਾਰੇ ਕੰਮ ਕਾਜ ਛਡ ਕੇ ਆਪਣੀਆਂ ਸਾਰੀਆਂ ਸ਼ਕਤੀਆਂ ਨੂੰ ਇਕ ਕੇਂਦਰ ਤੇ ਜਮ੍ਹਾ ਕਰਕੇ ਸਿਖ ਮਜ਼ਹਬ ਨੂੰ ਅਪਵਿਤ੍ਰ ਹਮਲਿਆਂ ਤੋਂ ਬਚਾਣ ਅਤੇ ਆਪਣੀ ਧਾਰਮਕ ਆਜ਼ਾਦੀ ਦੇ ਪੈਦਾਇਸ਼ੀ ਹੱਕ ਕਾਇਮ ਰਖਣ ਲਈ ਯਤਨ ਕਰਨਾ ਚਾਹੀਦਾ ਹੈ।

ਸ਼੍ਰੋ: ਕਮੇਟੀ ਦੇ ਉਕਤ ਐਲਾਨ ਤੋਂ ਉਪ੍ਰੰਤ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਿਖ ਸੰਗਤਾਂ ਦੇ ਨਾਮ ਇਕ ਹੁਕਮਨਾਮਾ ਜਾਰੀ ਕੀਤਾ ਗਿਆ ਜੋ ਹੇਠ ਦਰਜ ਕੀਤਾ ਜਾਂਦਾ ਹੈ।

ੴ ਵਾਹਿਗੁਰੂ ਜੀ ਕੀ ਫਤਹਿ

"ਜੇ ਤਉ ਪ੍ਰੇਮ ਖੇਲਨ ਕਾ ਚਾਉ। ਸਿਰ ਧਰ ਤਲੀ ਗਲੀ ਮੇਰੀ ਆਉ"

ਸ੍ਰੀ ਅਕਾਲ ਤਖਤ ਸਾਹਿਬ ਪਰ ਗੌਰਮਿੰਟ ਦਾ ਤਾਜ਼ਾ ਹਮਲਾ

ਸਿਖ ਧਰਮ ਤੇ ਅਸਹਿ ਵਾਰ

ਸਿਖੀ ਤੇ ਧਰਮ ਦੀ ਸ਼ਾਨ ਨੂੰ ਕਾਇਮ ਰਖਣ ਦਾ ਸਮਾਂ

ਪਿਆਰੇ ਖਾਲਸਾ ਜੀ,

ਪੁਠੀਆਂ ਖਲਾਂ ਲੁਹਾਣੀਆਂ, ਚਰਖੜੀਆਂ ਤੇ ਚੜਨਾ, ਆਰਿਆਂ ਨਾਲ ਆਪਣੇ ਸਰੀਰਾਂ ਨੂੰ ਚਿਰਵਾ ਲੈਣਾ ਆਪ ਲਈ ਸੌਖਾ ਹੈ। ਨੀਹਾਂ ਵਿਚ ਚਿਣੇ ਜਾਣਾ, ਖੌਲਦੇ ਪਾਣੀ ਦੇ ਕੜ੍ਹਾਹੇ ਵਿਚ ਉਬਲਨਾ ਸੌਖਾ ਹੈ। ਮੱਸੇ ਰੰਗੜ ਤੇ ਅਹਿਮਦ ਸ਼ਾਹ ਦੁਰਾਨੀ ਦੀਆ ਬੇਅਦਬੀਆਂ ਇਤਹਾਸ ਆਪ ਨੂੰ ਦਸ ਰਿਹਾ ਹੈ। ਪੁਰਾਣੇ ਜ਼ਾਲਮਾਂ ਦੇ ਜ਼ੁਲਮ ਨਾਸ ਕਰਕੇ ਤੁਹਾਡੇ ਦਿਲ ਸ਼ਾਂਤ ਹੋ ਚੁਕੇ ਹਨ, ਪ੍ਰੰਤੂ ਹੁਣ ਤੁਹਾਨੂੰ ਫਿਰ ਪ੍ਰੀਖਿਆ ਦੀ ਕਸਵਟੀ ਤੇ ਲਾਇਆ ਜਾ ਰਿਹਾ ਹੈ।

ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਦਰਖਤਾਂ ਨਾਲ ਬੰਨ੍ਹ ਕੇ ਤੇ ਭੱਠੀ ਵਿਚ ਸਾੜ ਕੇ ਬਾਬ ਕਰਨ ਦਾ ਸਮਾਂ ਭੀ ਆਪ ਦੀਆਂ ਅੱਖਾਂ ਅਗੋਂ ਲੰਘਿਆ ਹੈ। ਇਸ ਤਰ੍ਹਾਂ ਗੁਰੂ ਕੇ ਬਾਗ ਲਤਾਨ ਤੇ ਅਟਕ ਆਦਿ ਜੇਲ੍ਹਾਂ ਵਿਚ ਦਿੱਲ ਹਿਲਾ ਦੇਣ ਵਾਲੇ ਅਤਿਆਚਾਰ ਭੀ ਆਪ ਦੇ ਸਿਰ ਤੋਂ

Digitized by Panjab Digital Library | www.panjabdigilib.org

ਲੰਘੇ ਹਨ। ਹੁਣ ਸਰਕਾਰ ਸ੍ਰੀਰਕ ਤਕਲੀਫਾਂ ਦੀ ਥਾਂ ਸਾਡੀ ਆਤਮਕ ਤੇ ਧਾਰਮਕ ਬਰਬਾਦੀ ਕਰਨ ਪਰ ਤੁਲ ਗਈ ਹੈ। ਗੁਰਦੁਆਰਾ ਗੰਗਾ ਸਰ ਰਿ: ਨਾਭਾ ਵਿਚ ਅਖੰਡ ਪਾਠ ਬੰਦ ਕਰਨ ਦਾ ਜ਼ਖਮ ਤਾਜ਼ਾ ਹੀ ਹੈ ਕਿ ੭ ਜਨਵਰੀ ਨੂੰ ਅੰਮ੍ਰਿਤਸਰ ਪੁਲਸ ਨੇ ਸ੍ਰੀ ਅਕਾਲ ਤਖਤ ਸਾਹਿਬ ਪਰ ਵਾਰ ਕਰਕੇ ਆਪ ਦੇ ਧਰਮ ਤੇ ਇਕ ਕਾਤਲਾਨਾ ਹਮਲਾ ਕੀਤਾ ਹੈ।

ਸ੍ਰੀ ਦਰਬਾਰ ਸਾਹਿਬ ਜੀ ਦੀ ਜਿਸ ਪਵਿੱਤ੍ਰ ਪਰਕਰਮਾਂ ਨੂੰ ਸਤਿਗੁਰ ਨੇ ਆਪਣੇ ਪਵਿੱਤ੍ਰ ਚਰਨਕਮਲਾਂ ਨਾਲ ਝਾੜੂ ਫੇਰ ਕੇ ਸਾਫ਼ ਕੀਤਾ, ਜਿਸ ਧਰਤੀ ਨੂੰ ਸਿੱਖ ਸ਼ਹੀਦਾਂ ਨੇ ਆਪਣੇ ਲਹੂ ਨਾਲ ਰੰਗਿਆ ਹੋਵੇ। ਜਿਸ ਅਕਾਲ ਤਖਤ ਸਾਹਿਬ ਦੀ ਇਕ ਇਕ ਇੱਟ ਪੁਕਾਰ ੨ ਕੇ ਸ਼ਹੀਦਾਂ ਦੀ ਸ਼ਹਾਦਤ ਦੇ ਸੰਦੇਸ਼ ਦੇ ਰਹੀ ਹੋਵੇ।। ਅਜਿਹੀ ਪਵਿੱਤ੍ਰ ਤੇ ਸਤਿਕਾਰ ਯੋਗ ਥਾਂ ੭ ਜਨਵਰੀ ਨੂੰ ਪੁਲਸ ਨੇ ਵਰਦੀ ਸਮੇਤ ਬੰਦੂਕਾਂ ਦੀ ਨੁਮਾਇਸ਼ ਤੇ ਸਰਕਾਰੀ ਰੋਅਬ ਵਿਖਾਏ। ਇਤਨੇ ਤੇ ਬੱਸ ਨਹੀਂ, ਬਲਕਿ ਕਈ ਸੀਨਾ ਜ਼ੋਰ ਪੁਲਸ ਦੇ ਨੌਕਰਾਂ ਦਾ ਅੱਗੇ ਵੱਧ ਕੇ ਅਕਾਲ ਤਖਤ ਦੇ ਉਪਰੋਂ ਸਿੰਘਾਂ ਨੂੰ ਗ੍ਰਿਫਤਾਰ ਕਰਨ ਪਰ ਜ਼ੋਰ ਦੇਣਾ ਸਿੱਖ ਧਰਮ ਲਈ ਮੌਤ ਦਾ ਸੰਦੇਸ਼ ਹੈ। ਪੁਲਸ ਨੇ ਜਿਸ ਸੀਨਾ ਜ਼ੋਰੀ ਨਾਲ ਪੁਰਾਣੀ ਇਤਹਾਸਕ ਮਰਯਾਦਾ ਨੂੰ ਤੋੜਿਆ ਤੇ ਸਿੱਖ ਧਰਮ ਦੀ ਸਖਤ ਨਿਰਾਦਰੀ ਕੀਤੀ ਹੈ। ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਤੇ ਸਤਿਗੁਰ ਰਾਮ ਦਾਸ ਜੀ ਦੇ ਘਰ ਦੀ ਇਸ ਬੇਅਦਬੀ ਨੂੰ ਸਹਾਰਨਾ ਬਹੁਤ ਕਠਨ ਹੈ।

ਅਪਣੇ ਸਰੀਰ ਦੇ ਟੋਟੇ ਕਰਵਾ ਦੇਣੇ ਸਾਡੇ ਲਈ ਸੌਖੇ ਹਨ ਪਰ ਧਰਮ ਦਾ ਕਤਲ ਅਸੀ ਆਪਣੀਆਂ ਅੱਖਾਂ ਨਾਲ ਨਹੀਂ ਦੇਖ ਸਕਦੇ। ਪੁਲਸ ਨੇ ਇਹ ਕਾਰਰਵਾਈ ਕਰਕੇ ਅਮਨ ਨੂੰ ਭੰਗ ਕਰਨ ਦਾ ਪੂਰਾ ਜ਼ੋਰ ਲਗਾਇਆ ਹੈ। ਅਕਾਲੀ ਸੇਵਾਦਾਰਾਂ ਨੇ ਪੰਥ ਦਾ ਹੁਕਮ ਮੰਨਦਿਆਂ ਸ਼ਾਂਤਮਈ ਅਸੂਲ ਨੂੰ ਮੁਖ ਰਖਦੇ ਹੋਇ ਆਪਣੀ ਛਾਤੀ ਤੇ ਪੱਥਰ ਰਖਕੇ ਸਮੇਂ ਨੂੰ ਗੁਜ਼ਾਰਿਆ ਹੈ। ਹੁਣ ਸਰਕਾਰ ਨੂੰ ਇਹ ਦਸ ਦਿੱਤਾ ਜਾਂਦਾ ਹੈ ਕਿ ਇਸ ਤਰਾਂ ਧਰਮ ਦਾ ਕਤਲ ਨਹੀਂ ਸਹਾਰਿਆ ਜਾ ਸਕਦਾ। ਜੇ ਕਰ ਅਗੇ ਲਈ ਕਦੀ ਇਸ ਤਰਾਂ ਹੋਇਆ ਅਤੇ ਕੋਈ ਸਿੱਖ ਸਹਾਰ ਕੇ ਸ਼ਾਂਤ ਨਾ ਰਹਿ ਸਕਿਆ ਤਾਂ ਇਸ ਸਾਰੀ ਬਦਅਮਨੀ ਦੀ ਜ਼ੁਮੇਵਾਰੀ ਸਰਕਾਰ ਦੇ ਆਪਣੇ ਸਿਰ ਹੋਵੇਗੀ।

ਗੁਰੂ ਪਿਆਰੇ ਅਕਾਲ ਤਖਤ ਸਾਹਿਬ ਦੀ ਇਜ਼ਤ ਨੂੰ ਕਾਇਮ ਰਖਣ ਲਈ ਹਰ ਸਮੇਂ ਤਿਆਰ ਰਹਿਣ। ਅਕਾਲ ਤਖਤ ਦੀ ਬੇਅਦਬੀ ਨੂੰ ਚੁਪ ਕਰਕੇ ਸਹਾਰ ਲੈਣਾ ਸਤਿਗੁਰੂ ਤੇ ਅਕਾਲ ਪੁਰਖ ਦੀ ਦਰਗਾਹ ਤੋਂ ਬੇਦਾਵਾ ਲਿਖ ਦੇਣਾ ਹੈ। ਉਸ ਸਰਕਾਰੀ ਨੌਕਰ ਸਿੱਖ ਪਰ ਸਖਤ ਅਫਸੋਸ ਹੈ ਜਿਸ ਨੇ ਨਾਲ ਹੋਕੇ ਇਹ ਕੰਮ ਕਰਾਇਆ ਹੈ। ਹਰੇਕ ਰਾਜੇ ਤੇ ਫਕੀਰ, ਛੋਟੇ ਤੇ ਵੱਡੇ ਸਿੱਖ ਨੂੰ ਸੋਚਣਾ ਚਾਹੀਦੀ ਹੈ ਕਿ ਅਕਾਲ ਤਖਤ ਸਾਹਿਬ ਦੇ ਸਤਿਕਾਰ ਦਾ ਭੰਗ ਹੋਣਾ ਉਨ੍ਹਾਂ ਦੀ ਇਜ਼ਤ, ਅਣਖ ਤੇ ਈਮਾਨ ਦਾ ਕਤਲ ਹੈ। ਸਰਕਾਰੀ ਹਾਕਮਾਂ ਨੇ ਇਸ ਭੁਲ ਨਾਲ ਆਪਣੀ ਗਿਰੀ ਹੋਈ ਸ਼ਰਾਫਤ ਸਮਝ ਤੇ ਦੂਰਅੰਦੇਸ਼ੀ ਦਾ ਦਿਵਾਲਾ ਕੱਡ ਦਿੱਤਾ ਹੈ। ਸਰਕਾਰ ਤੇ ਸਾਰੀ ਦੁਨੀਆਂ ਤੇ ਡੰਕੇ ਦੀ ਚੋਟ ਨਾਲ ਪ੍ਰਗਟ ਕੀਤਾ ਜਾਂਦਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਬੇਅਦਬੀ ਸਹਾਰਨੀ ਸਿੱਖਾਂ ਲਈ ਅਸੰਭ ਹੈ। ਹਰੇਕ ਸਿੱਖ ਬਚੇ ਦਾ ਤਨ, ਮਨ, ਧਨ ਅਕਾਲ ਤਖਤ ਤੇ ਕੁਰਬਾਨ ਹੈ। ਸਰਕਾਰੀ ਨੌਕਰ ਅਗੇ ਲਈ ਅਜਿਹਾ ਕੁਕਰਮ ਕਰਨ ਤੋਂ ਪਹਿਲੇ ਚੰਗੀ ਤਰਾਂ ਸੋਚ ਲੈਣ ਕਿ ਅਮਨ ਭੰਗ ਹੋਣ ਦਾ ਭਾਰ ਉਨ੍ਹਾਂ ਦੇ ਸਿਰ ਹੋਵੇਗਾ ਅਤੇ ਉਹ ਸਿੱਖ ਧਰਮ ਦੇ ਸੀਨੇ ਨੂੰ ਘਾਇਲ ਕਰਨ ਲੱਗੇ ਹਨ।

Digitized by Panjab Digital Library | www.panjabdigilib.org


ਗੁਰਦੁਆਰਾ ਗੰਗਸਰ (ਜੈਤੋ)
ਦੇ
ਸ਼ਹੀਦੀ ਸਾਕੇ ਦੀ ਖਾਂਦਾ ਨਕਸ਼ਾ
ਰੜ੍ਹਦਾ
ਪਹਾੜ
ਦਖਣ
ਲਹਿੰਦਾ
ਸ਼ੈਹਰ ਜੈਤੋ
ਸ਼ੈਹਰ ਜੈਤੋ
ਕਿਲਾ
ਮੰਡੀ ਜੈਤੋ
ਕੈਂਪ ਫੋਜ
ਗੁਰਦੁਆਰਾ ਗੰਗਸਰ
ਟਿੱਬੀ ਸਾਹਿਬ
ਪਿਪਲ ਦਾ ਦ੍ਰਖਤ ਤੇ ਥੜਾ
ਦ੍ਰਖਤ
ਗਡਿਆਂ ਦੀ ਕਤਾਰ
੩੧ ਪਿੰਡਾਂ ਦੇ ਜ਼ਮੀਨ ਜ਼ਿੰਮੇਦਾਰ ਡਾਂਗਾ ਸਣੇ।
ਗੋਲੀਆਂ ਚਲਣ ਦੀ ਥਾਂ
ਸ਼ਹੀਦੀ ਜਥਾ
ਸੰਗਤ
ਨੀਵੀਂ ਜ਼ਮੀਨ
ਖੂਹ
ਰੇਲਵੇ ਲਾਇਨ
ਅਸਟੇਸ਼ਨ ਜੈਤੋ
ਫੀਰੋਜ਼ਪੁਰ ਨੂੰ
ਰਾਹ
ਬਰਗਾੜੀ

# ਗੁਰੂ ਕੇ ਬਾਗ ਦੀ ਯਾਦ !

## ੩ ਸਤੰਬਰ ੧੯੨੨ ਈ: (ਸਫਾ ਪ੪੬)



ਪੁਲਸ ਵਾਲੇ ਅਕਾਲੀ ਦੇ ਪਵਿਤਰ ਕੇਸ ਪੁਟ ਰਹੇ ਹਨ ਅਤੇ ਇਕ ਅਕਾਲੀ ਮਾਰ ਖਾ ਕੇ ਬੇਸੁਧ ਹੋਇਆ ਪਿਆ ਹੈ।



ਜਥੇ ਨੂੰ ਦੂਜੀ ਵੇਰ ਕੁਟਣ ਲਈ ਘਸੀਟਿਆ ਜਾ ਰਿਹਾ ਹੈ।

# ਮਨਮੋਹਣਾ ਸਰੋਵਰ ਤੇ ਗੁਰਦੁਆਰਾ ਗੰਗਸਰ (ਨਾਭਾ)



ਇਸ ਗੁਰਦੁਆਰੇ ਚੋਂ ੧੪ ਸਤੰਬਰ ਸੰ: ੧੯੨੩ ਈ: ਨੂੰ ਰਿਆਸਤ ਨਾਭਾ ਦੇ ਕਰਮਚਾਰੀਆਂ ਵਲੋਂ ਅਖੰਡ ਪਾਠ ਖੰਡਤ ਕੀਤਾ ਗਿਆ ਅਤੇ ੧੫, ਪੰਜੀ ੨ ਸਿੰਘਾਂ ਦੇ ਜਥੇ ਅਖੰਡਪਾਠ ਪ੍ਰਾਰੰਭ, ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਪ੍ਰਣ ਕਰਕੇ ਗਏ।

Digitized by Panjab Digital Library | www.panjabdigilib.org

# ਦਫਤਰ ਦੀ ਤਲਾਸ਼ੀ

੨੪ ਜਨਵਰੀ ਨੂੰ ਮਿ: ਸਮਿੱਥ ਨੇ ਬਹੁਤ ਸਾਰੀ ਪੁਲਸ ਨਾਲ ਲੈਕੇ ਸ਼੍ਰੋ: ਕਮੇਟੀ ਦੇ ਦਫਤਰ ਪਰ ਛਾਪਾ ਮਾਰਿਆ। ਸਾਰੇ ਕਾਗਜ਼ ਪੱਤ੍ਰ ਕਬਜੇ ਵਿਚ ਕਰ ਲਏ । ਸ: ਅਰਜਨ ਸਿੰਘ ਜੀ ਸਕੱਤ੍ਰ ਨੇ ਕਿਹਾ ਤਲਾਸ਼ੀ ਦੇ ਵਾਰੰਟ ਦਿਖਾਉ। ਮਿ: ਸਮਿੱਥ ਸਪੁੰਟੈਂਡੈਂਟ ਪੁਲਸ ਨੇ ਕਿਹਾ "ਪੁਲਸ ਨੂੰ ਹਰ ਥਾਂ ਤਲਾਸ਼ੀ ਲੈਣ ਦੇ ਅਧਿਕਾਰ ਹਨ ਵਾਰੰਟ ਦਿਖਾਉਣ ਦੀ ਕੋਈ ਲੋੜ ਨਹੀਂ । ਇਸ ਸਮੇਂ ਅੰਮ੍ਰਿਤਸਰ ਦੇ ਬਹੁਤ ਸਾਰੇ ਅਫਸਰ ਹਾਜ਼ਰ ਸਨ। ਜਿਸ ਸਮੇਂ ਉਹ ਦਫਤਰ ਦੀ ਤਲਾਸ਼ੀ ਲੈ ਰਹੇ ਸਨ। ਬਾਹਰ ਪੰਜ ਹਜ਼ਾਰ ਸੰਗਤਾਂ ਜੈ ਕਾਰੇ ਗਜਾ ਰਹੀਆਂ ਸਨ। ਸ: ਹਰਬੰਸ ਸਿੰਘ ਜੀ ਸੀਸਤਾਨੀ ਸ਼੍ਰੋ: ਕਮੇਟੀ ਦੇ ਮੈਂਬਰ ਸਨ। ਉਨ੍ਹਾਂ ਨੂੰ ਈਰਾਨ ਵਿਚੋਂ ਗ੍ਰਿਫਤਾਰ ਕਰਕੇ ਪੰਜਾਬ ਵਿਚ ਲਿਆਂਦਾ ਗਿਆ।

੨੩ ਜਨਵਰੀ ੧੯੨੪ ਨੂੰ ਸ: ਹਰਦਿਆਲ ਸਿੰਘ ਮਜਿਸਟ੍ਰੇਟ ਦੀ ਅਦਾਲਤ ਵਿਚ ਸ਼੍ਰੋ: ਕਮੇਟੀ ਦੇ ਦੂਜੇ ਜੱਥੇ ਦੇ ੫੯ ਸਿੰਘਾਂ ਦੇ ਵਿਰੁਧ ਮੁਕਦਮਾ ਪੇਸ਼ ਹੋਇਆ। ਇਸ ਕੇਸ ਵਿਚ ਭੀ ਸ਼੍ਰੋ: ਕਮੇਟੀ ਦੇ ਮੁਖੀਆਂ ਪਰ ਹਕੂਮਤ ਵਿਰੁਧ ਬਗਾਵਤ ਕਰਨ ਦੇ ਦੋਸ਼ ਲਗਾਏ ਗਏ ਸਨ। ੨੯ ਮਾਰਚ ੧੯੨੪ ਨੂੰ ਇਸ ਕੇਸ ਦਾ ਫੈਸਲਾ ਸੁਣਾਇਆ ਗਿਆ। ਬਾਹਰ ਦਰਸ਼ਕਾਂ ਦੀ ਬਹੁਤ ਜਿਆਦਾ ਭੀੜ ਸੀ। ਮਜਿਸਟ੍ਰੇਟ ਨੇ ਫੈਸਲਾ ਸੁਨਾਣ ਵੇਲੇ ਸਭ ਦਰਸ਼ਕਾਂ ਤੇ ਪ੍ਰੈਸ ਪ੍ਰਤਿਨਿਧਾਂ ਨੂੰ ਅਦਾਲਤ ਦੇ ਕਮਰੇ ਵਿਚੋਂ ਬਾਹਰ ਨਿਕਲ ਜਾਣਦਾ ਹੁਕਮ ਦਿੱਤਾ। ਜੱਥੇ ਦੇ ਸਾਰੇ ਮੈਂਬਰਾਂ ਨੂੰ ਅਦਾਲਤ ਵਿਚ ਲਿਆਂਦਾ ਗਿਆ। ਇਸ ਤੋਂ ਉਪ੍ਰੰਤ ਜੇਰ ਦਫਾ ੧੭ ਬੀ. ਸ: ਜੈ ਸਿੰਘ ਭਾ: ਅਮਰੀਕ ਸਿੰਘ ਸ: ਕਰਮ ਸਿੰਘ ਸ: ਜਵਾਲਾ ਸਿੰਘ ਤੇ ਸ: ਸਾਧੂ ਸਿੰਘ ਦੀ ਉਮਰ ੪੪ ਸਾਲ ਤੋਂ ਵਧ ਹੋਣ ਕਰਕੇ ਉਨ੍ਹਾਂ ਨੂੰ ਇਕ ਇਕ ਸਾਲ ਕੈਦ ਤੇ ਪੰਜ ਪੰਜ ਸੌ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ। ਜੁਰਮਾਨਾ ਨਾ ਭਰਨ ਦੀ ਸੂਰਤ ਵਿਚ ਤਿੰਨ ਤਿੰਨ ਮਹੀਨੇ ਹੋਰ ਕੈਦ ਦਾ ਹੁਕਮ ਸੁਣਾਇਆ। ਬਾਕੀ ਦੇ ਸਾਰੇ ਸਿੰਘਾਂ ਨੂੰ ਦੋ ਦੋ ਸਾਲ ਕੈਦ ਦੇ ਪੰਜ ਪੰਜ ਸੌ ਰੁਪਏ ਜੁਰਮਾਨੇ ਕੀ ਸਜ਼ਾ ਸੁਣਾਈ ਗਈ। ਹੇਠ ਲਿਖੇ ਸਜਨਾਂ ਨੂੰ ਸਪੈਸ਼ਲ ਕਲਾਸ ਦਿੱਤੀ ਗਈ। ਬਾਵਾ ਸਰੂਪ ਸਿੰਘ, ਸ: ਅਮਰ ਸਿੰਘ ਐਡੀਟਰ ਲਾਇਲ ਗਜ਼ਟ, ਭਾ: ਮੋਹਣ ਸਿੰਘ ਵੈਦ ਤਰਨਤਾਰਨ, ਡਾ: ਭਗਵਾਨ ਸਿੰਘ, ਮਾ: ਸੁਜਾਨ ਸਿੰਘ ਜੀ ਜਮਾਦਾਰ ਸਾਹਿਬ ਸਿੰਘ, ਸ: ਜਗਤ ਸਿੰਘ ਪਸ਼ਾਵਰ, ਸ: ਰਾਜਾ ਸਿੰਘ ਵਕੀਲ ਪਸ਼ਾਵਰ ਸ: ਮਹਿਤਾਬ ਸਿੰਘ ਕੋਹਾਟ, ਭਗਤ ਦੁਨਾ ਸਿੰਘ ਐਬਟਾਬਾਦ, ਸ: ਗਿਆਨ ਸਿੰਘ ਕੋਹਾਟ ਸ: ਜੋਗਿੰਦਰ ਸਿੰਘ ਵਕੀਲ ਸ: ਹੁਕਮ ਸਿੰਘ ਵਕੀਲ ਮਿੰਟਗੁਮਰੀ, ਸ: ਅਵਤਾਰ ਸਿੰਘ ਬੈਰਿਸਟਰ ਗੁਜਰਾਂਵਾਲਾ ਜਮਾਦਾਰ ਸਾਧੂ ਸਿੰਘ। ਇਸ ਜੱਥੇ ਨੂੰ ਜੋ ਜੁਰਮਾਨਾ ਕੀਤਾ ਗਿਆ ਉਸ ਦਾ ਟੋਟਲ ੨੯੫੦੦ ਬਣਦਾ ਸੀ।

ਸਜ਼ਾ ਦਾ ਹੁਕਮ ਸੁਣ ਕੇ ਸਾਰੇ ਸਿੰਘਾਂ ਨੇ ਜੈਕਾਰੇ ਗਜਾਏ। ਬਾਹਰ ਖੜੀਆਂ ਬੇਅੰਤ ਸੰਗਤਾਂ ਨੇ ਭੀ ਜੈਕਾਰੇ ਗਜਾਏ ਜਿਨ੍ਹਾਂ ਦੀ ਗੂੰਜ ਨਾਲ ਅਸਮਾਨ ਗੂੰਜ ਉਠਿਆ। ਇਸ ਸਮੇਂ ਸੰਗਤਾਂ ਵਿਚ ਅਥਾਹ ਜੋਸ਼ ਸੀ। ਪਿਛੋਂ ਇਸ ਜਥੇ ਦੇ ਜਿਨ੍ਹਾਂ ਮੈਂਬਰਾਂ ਨੂੰ ਸਪੈਸ਼ਲ ਕਲਾਸ ਮਿਲੀ ਸੀ ਉਨ੍ਹਾਂ ਨੂੰ ਤਾਂ ਮੀਆਂ ਵਾਲੀ ਜੇਲ੍ਹ ਵਿਚ ਭੇਜ ਦਿਤਾ ਗਿਆ ਅਤੇ ਬਾਕੀ ਸਿੰਘ ਮੁਲਤਾਨ ਸੰਟਰਲ ਜੇਲ੍ਹ ਵਿਚ ਭੇਜੇ ਗਏ ਜਿਥੇ ਉਨ੍ਹਾਂ ਪਰ ਕਈ ਪ੍ਰਕਾਰ ਦੀਆਂ ਸਖਤੀਆਂ ਕੀਤੀਆਂ ਗਈਆਂ।

ਇਸ ਤੋਂ ਪਿਛੋਂ ਸ਼੍ਰੋ: ਕਮੇਟੀ ਦੇ ਮੈਂਬਰਾਂ ਦਾ ਤੀਜਾ ਜਥਾ ਮਹੀਨਾ ਅਕਤੂਬਰ ਵਿਚ ਗ੍ਰਿਫ-ਤਾਰ ਕੀਤਾ ਗਿਆ ਜਿਸ ਵਿਚ ਸ: ਗੁਰਦਿਆਲ ਸਿੰਘ ਰਾਜਾ ਸਾਂਸੀ, ਸ: ਦਲੀਪ ਸਿੰਘ ਜਵੰਦ ਸਿੰਘ ਵਾਲਾ (ਮੁਲਤਾਨ), ਸ: ਸੰਤ ਸਿੰਘ ਗੁਜਰਵਾਲ, ਸ: ਪਰਤਾਪ ਸਿੰਘ ਜੀ ਦਿਲੀ ਤੇ ਸ: ਗੁਲਾਬ ਸਿੰਘ

Digitized by Panjab Digital Library | www.panjabdigilib.org

ਝੰਗ ਮਘਿਆਣਾ ਸ਼ਾਮਲ ਸਨ। ਇਸ ਜਥੇ ਪਰ ਭੀ ਪਹਿਲੇ ਜਥਿਆਂ ਵਾਂਗ ਮੁਕਦਮਾ ਚਲਾ ਕੇ ਸਜ਼ਾਵਾਂ ਦਿੱਤੀਆਂ ਗਈਆਂ। ਇਸ ਪ੍ਰਕਾਰ ਸਰਕਾਰ ਨੇ ਜਦ ਸੋ:ਕਮੇਟੀ ਤੇ ਅਕਾਲੀ ਦਲ ਨੂੰ ਦਬਾਉਣ ਲਈ ਸਖਤੀ ਦਾ ਚੱਕਰ ਚਲਾਇਆ ਤਾਂ ਸਿੱਖਾਂ ਵਿਚ ਅਥਾਹ ਜੋਸ਼ ਫੈਲ ਗਿਆ। ਭਾਈ ਫੇਰੂ ਦਾ ਮੋਰਚਾ ਭੀ ਗਰਮ ਸੀ ਅਤੇ ਜੈਤੋ ਤੇ ਭਾਈ ਫੇਰੂ ਵਿਚ ਹਜ਼ਾਰਾਂ ਸਿੰਘ ਗ੍ਰਿਫਤਾਰ ਹੋ ਚੁਕੇ ਸਨ। ਕੌਮ ਵਿਚ ਕੁਰਬਾਨੀਆ ਕਰਨ ਦਾ ਜੋਸ਼ ਠਾਠਾਂ ਮਾਰਦਾ ਸੀ। ਸਰਕਾਰ ਦੀ ਹੈਂਕੜ ਭੀ ਵਧਦੀ ਜਾ ਰਹੀ ਸੀ।

ਇਹੋ ਜਿਹੇ ਹਾਲਾਤ ਵਿਚ ਪੰਥਕ ਮੁਖੀਆਂ ਨੇ ਅਨੁਭਵ ਕੀਤਾ ਕਿ ਸਰਕਾਰ ਦਾ ਹੰਕਾਰ ਤੋੜਨ ਲਈ ਅਤੇ ਕੌਮ ਵਿਚ ਨਵੀਂ ਰੂਹ ਭਰਣ ਲਈਕਿਸੇ ਨਵੀਂ ਕਿਸਮ ਦੇ ਪ੍ਰੋਗਰਾਮ ਦੀ ਲੋੜ ਹੈ। ਗੁਰੂ ਕੇ ਬਾਗ ਵਿਚ ਇਕ ਸੌ ਦੇ ਜੱਥੇ ਜਾਣ ਸਮੇਂ ਸਿੱਖ ਪੰਥ ਵਿਚ ਜੋਸ਼ ਦੀ ਜ਼ਬਰਦਸਤ ਲਹਿਰ ਪੈਦਾ ਹੋ ਗਈ ਸੀ ਅਤੇ ਅੰਤ ਸਰਕਾਰ ਨੂੰ ਸਿੱਖਾਂ ਦੀ ਜੱਥੇਬੰਦੀ ਅੱਗੇ ਗੋਡੇ ਟੇਕਣ ਲਈ ਮਜਬੂਰ ਹੋਣਾ ਪਿਆ। ਸਿਆਣੇ ਸਿਆਣੇ ਪੰਥਕ ਆਗੂਆਂ ਨੇ ਵਿਚਾਰ ਕਰਕੇ ਫੈਸਲਾ ਕੀਤਾ ਕਿ ਗੁਰੂ ਕੇ ਬਾਗ ਵਾਂਗ ਗੰਗਸਰ ਜੈਤੋ ਨੂੰ ਪੰਜ ਪੰਜ ਸੌ ਸਿੰਘਾਂ ਦੇ ਜੱਥੇ ਭੇਜੇ ਜਾਣ। ਜਿਸ ਵੇਲੇ ਇਹ ਐਲਾਨ ਕੀਤਾ ਗਿਆ ਕਿ ਜੈਤੋ ਨੂੰ ਪੰਜ ਸੌ ਦਾ ਪਹਿਲਾ ਸ਼ਹੀਦੀ ਜੱਥਾ ੯ ਫਰਵਰੀ ੧੯੨੪ ਨੂੰ ਰਵਾਨਾ ਹੋਵੇਗਾ ਤਾਂ ਸਾਰੇ ਸਿੱਖ ਪੰਥ ਵਿਚ ਉਤਸ਼ਾਹ ਪੈਦਾ ਹੋ ਗਿਆ। ਸਿੱਖ ਸੰਗਤਾ ਚਾਹੁੰਦੀਆਂ ਸਨ ਕਿ ਸਰਕਾਰ ਨਾਲ ਜ਼ੋਰਦਾਰ ਟੱਕਰ ਲਈ ਜਾਵੇ।

ਜਿਨ੍ਹਾਂ ਪੰਥਕ ਆਗੂਆਂ ਦੇ ਦਿਮਾਗ ਵਿਚ ਪੰਜ ਸੌ ਦੇ ਜੱਥੇ ਭੇਜਣ ਦਾ ਅਤੇ ਉਨ੍ਹਾਂ ਨੂੰ ਇਕ ਅਦਭੁਤ ਤੇ ਨਿਰਾਲੀ ਸ਼ਾਨ ਨਾਲ ਤਰਤੀਬ ਦੇਣ ਦਾ ਖਿਆਲ ਉਤਪੰਨ ਹੋਇਆ ਉਹ ਧੰਨਵਾਦ ਦੇ ਪਾਤ੍ਰ ਹਨ। ਪੰਜ ਸੌ ਸਿੰਘਾਂ ਦੀ ਇਕ ਤਰਾਂ ਦੀ ਵਰਦੀ, ਸਿਰ ਤੇ ਸਰਮਈ ਦਸਤਾਰੇ, ਗਲ ਵਿਚ ਪੀਲਾ ਚੋਗਾ, ਗਾਤਰੇ ਕ੍ਰਿਪਾਨ, ਤੇੜ ਕਛਹਿਰਾ। ਇਕ ਅਦਭੁਤ ਦ੍ਰਿਸ਼ਯ ਪੇਸ਼ ਕਰਦਾ ਸੀ। "ਕਹਿਬੇ ਕੋ ਸੋਭਾ-ਨਹੀਂ ਦੇਖਾ ਹੀ ਪ੍ਰਵਾਨ" ਦੇ ਕਥਨ ਅਨੁਸਾਰ ਜਿਨ੍ਹਾਂ ਗੁਰਮੁਖਾਂ ਨੇ ਇਹ ਦ੍ਰਿਸ਼ਯ ਆਪਣੇ ਸੁਭਾਗ ਨੇਤ੍ਰਾਂ ਨਾਲ ਵੇਖਿਆ ਹੈ। ਉਨ੍ਹਾਂ ਦਾ ਕਥਨ ਹੈ ਕਿ ਸ਼ਹੀਦੀ ਜਥੇ ਨੂੰ ਵੇਖ ਕੇ ਗੁਰਸਿਖਾਂ ਦੇ ਮਨ ਪਰ ਜੋ ਅਸਰ ਹੁੰਦਾ ਸੀ ਉਹ ਅਕਥਨੀਯ ਸੀ। ਗੁਰਦਵਾਰਿਆਂ ਦੀ ਹੋ ਰਹੀ ਬੇਅਦਬੀ ਰੋਕਣ ਲਈ ਸਿੰਘਾਂ ਵਿਚ ਆਪਾ ਕੁਰਬਾਨ ਕਰਨ ਲਈ ਕਿਤਨਾ ਉਤਸ਼ਾਹ ਸੀ ਉਸਦੀ ਇਤਹਾਸ ਵਿਚ ਮਿਸਾਲ ਨਹੀਂ ਮਿਲਦੀ।

ਜਦੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਜੱਥਾ ਰਵਾਨਾ ਹੁੰਦਾ ਤਾਂ ਪੰਜ ਸੌ ਦੀ ਥਾਂ ਹਜ਼ਾਰਾਂ ਸਿੰਘ ਜਥੇ ਵਿਚ ਜਾਣ ਲਈ ਆਪਣੇ ਨਾਂ ਪੇਸ਼ ਕਰਦੇ। ਬਾਲਕ, ਬਿਰਧ, ਨੌਜਵਾਨ, ਇਸਤਰੀਆਂ, ਮਰਦ ਸਭ ਕੁਰਬਾਨ ਹੋਣ ਲਈ ਤਿਆਰ ਸਨ। ਪਰੰਤੂ ਪੰਥਕ ਮੁਖੀਆਂ ਦੇ ਫੈਸਲੇ ਅਨੁਸਾਰ ਬਹੁਤੇ ਬਿਰਧਾਂ, ਛੋਟੇ ਬਚਿਆਂ ਤੇ ਇਸਤਰੀਆਂ ਨੂੰ ਜਥੇ ਵਿਚ ਭਰਤੀ ਨਹੀਂ ਕੀਤਾ ਜਾਂਦਾ ਸੀ। ਪੰਥਕ ਜੋਸ਼ ਦਾ ਸਦਕਾ ਬਹੁਤ ਸਾਰੇ ਬਚੇ ਮਾਂ ਬਾਪ ਤੋਂ ਚੋਰੀ ਘਰਾਂ ਤੋਂ ਭੱਜ ਕੇ ਸ੍ਰੀ ਅੰਮ੍ਰਿਤਸਰ ਪਹੁੰਚ ਜਾਂਦੇ ਤੇ ਜਥੇ ਵਿਚ ਜਾਣ ਲਈ ਜ਼ਿਦ ਕਰਦੇ। ਪਰੰਤੂ ਕਮੇਟੀ ਦੇ ਫੈਸਲੇ ਅਨੁਸਾਰ ਕੇਵਲ ਬਾਲਗ ਸਿਖਾਂ ਨੂੰ ਹੀ ਭਰਤੀ ਕੀਤਾ ਜਾਂਦਾ ਸੀ।

ਜਿਸ ਸਮੇਂ ਪੰਜ ਸੋ ਦਾ ਪਹਿਲਾ ਸ਼ਹੀਦੀ ਜੱਥਾ ਤੋਰਨ ਦਾ ਐਲਾਨ ਹੋਇਆ। ਪੰਥਕ ਸ਼ਮ੍ਹਾ ਦੇ ਪ੍ਰਵਾਨਿਆਂ ਨੇ ਸ੍ਰੀ ਅੰਮ੍ਰਿਤਸਰ ਵੱਲ ਵਹੀਰਾਂ ਪਾ ਦਿਤੀਆਂ ਅਤੇ ਥੋੜੇ ਜਿਹੇ ਦਿਨਾਂ ਵਿਚ ਹੀ ਪੰਜ ਸੌ ਸਿੰਘਾਂ ਦਾ ਜੱਥਾ ਤਿਆਰ ਹੋ ਗਿਆ।

Digitized by Panjab Digital Library | www.panjabdigilib.org

# ਪਹਿਲਾ ਸ਼ਹੀਦੀ ਜੱਥਾ

ਪਹਿਲੇ ਸ਼ਹੀਦੀ ਜਥੇ ਦੇ ਜਥੇਦਾਰ ਸ੍ਰੀ ਮਾਨ ਸ: ਊਧਮ ਸਿੰਘ ਜੀ ਨਾਗੋਕੇ (ਜੋ ਉਸ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਨ) ਥਾਪੇ ਗਏ ਪ੍ਰੰਤੂ ਸਰਕਾਰ ਨੇ ਉਨ੍ਹਾਂ ਨੂੰ ਜਥਾ ਰਵਾਨਾ ਹੋਣ ਤੋਂ ਪਹਿਲਾਂ ਹੀ ਗ੍ਰਿਫਤਾਰ ਕਰ ਲਿਆ। ਆਪ ਉਤੇ ਗ੍ਰਿਫਤਾਰੀ ਸਮੇਂ ਦੂਸ਼ਨ ਲਾਇਆ ਕਿ ਆਪ ਨੇ 'ਜੈਤੋ' ਵਿਚ ਪਾਠ ਕਰਨ ਹਿਤ ਜੱਥੇ ਭੇਜੇ ਹਨ, ਇਸ ਜੁਰਮ ਵਿਚ ਆਪ ਨੂੰ ਦੋ ਸਾਲ ਕੈਦ ਅਤੇ ਸੌ ਰੁਪਈਆ ਜੁਰਮਾਨਾ ਹੋਇਆ। ਜਿਸ ਕਰਕੇ ਉਨ੍ਹਾਂ ਦੀ ਥਾਂ ਹੈਡ ਜਥੇਦਾਰ ਊਧਮ ਸਿੰਘ ਵਰਪਾਲ ਚੁਣੇ ਗਏ। ਜਥੇਦਾਰ ਭਾ: ਸੁਲਤਾਨ ਸਿੰਘ ਜ਼ਿਲਾ ਸਿਆਲਕੋਟ ਅਤੇ ਮੀਤ ਜਥੇਦਾਰ ਸ: ਜਗਤ ਸਿੰਘ ਪਿੰਡ ਤੁੜ ਥਾਪੇ ਗਏ।

ਇਸ ਜਥੇ ਵਿਚ ਸਾਰੇ ਜ਼ਿਲਿਆਂ ਦੇ ਸਿੰਘਾਂ ਨੂੰ ਜਾਣ ਦੀ ਆਗਿਆ ਸੀ, ਪਰ ਜ਼ਿਲਾ ਅੰਮ੍ਰਿਤਸਰ, ਲਾਇਲਪੁਰ, ਫੀਰੋਜ਼ਪੁਰ, ਸ਼ੇਖੂਪੁਰਾ, ਗੁਰਦਾਸ ਪੁਰ ਆਦਿਕ ਦੇ ਸਿੰਘ ਬਹੁਤ ਸਨ। ਇਕ ਕੰਪਨੀ ਜ਼ਿਲਾ ਹੁਸ਼ਿਆਰ ਪੁਰ ਤੇ ਜਲੰਧਰ ਦੇ ਸਿੰਘਾਂ ਦੀ ਸੀ। ਰਿਆਸਤਾਂ ਦੇ ਸਿੰਘ ਭੀ ਸ਼ਾਮਲ ਸਨ। ਜਥੇ ਦੀ ਤਰਤੀਬ ਬਹੁਤ ਸੁੰਦਰ ਹੁੰਦੀ ਸੀ। ਸਭ ਤੋਂ ਮੂਹਰੇ ਬੈਂਡ ਬਾਜਾ ਉਸ ਦੇ ਪਿਛੇ ਪੰਜ ਨਿਸ਼ਾਨ ਸਾਹਿਬ, ਇਸ ਤੋਂ ਪਿਛੇ ਪੰਜ ਪਿਆਰੇ ਤੇ ਉਪਰੰਤ ਜੁਗੋ ਜੁਗ ਅੱਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤਰ ਪਾਲਕੀ ਹੁੰਦੀ ਸੀ। ਪਾਲਕੀ ਦੀ ਰਖਿਆ ਲਈ ਪੰਜ ਨੰਗੀਆਂ ਕ੍ਰਿਪਾਨਾਂ ਵਾਲੇ ਸਿੰਘ ਹੁੰਦੇ ਹਨ। ਸਭ ਤੋਂ ਵਡਾ ਜਥੇਦਾਰ ਹੈਡ ਜਥੇਦਾਰ ਹੁੰਦਾ ਸੀ, ਉਸ ਦੇ ਅਧੀਨ ਜਥੇਦਾਰ, ਮੀਤ ਜਥੇਦਾਰ ਹੁੰਦੇ ਸਨ। ਪੰਝੀ ਪੰਝੀ ਸਿੰਘਾਂ ਪਰ ਇਕ ਕੰਪਨੀ ਕਮਾਂਡਰ ਹੁੰਦਾ ਸੀ। ਜਥੇ ਦਾ ਮਾਰਚ ਅਲੌਕਿਕ ਫੌਜੀ ਮਾਰਚ ਹੁੰਦਾ ਸੀ। ਬੈਂਡ ਬਾਜੇ ਦੀ ਘਨਘੋਰ ਵਿਚ ਪੰਜ ਸੌ ਸਿੰਘਾਂ ਦਾ ਇਕੋ ਵਰਦੀ ਵਿਚ ਫੌਜੀ ਮਾਰਚ ਕਰਨਾ ਦਰਸ਼ਕਾਂ ਪਰ ਜਾਦੂ ਦਾ ਅਸਰ ਰਖਦਾ ਸੀ। ਅਮਰੀਕਾ ਦੀਆਂ ਅਖਬਾਰਾਂ ਦੇ ਜਿਨ੍ਹਾਂ ਪ੍ਰਤੀਨਿਧਾਂ ਨੇ ਇਹ ਨਜ਼ਾਰੇ ਵੇਖੇ ਉਹ ਭੀ ਅਸ਼ ਅਸ਼ ਕਰ ਉਠੇ। ਸਿੱਖ ਸੰਗਤਾਂ ਵਿਚ ਸੇਵਾ ਸਿਮਰਨ ਤੇ ਕੁਰਬਾਨੀ ਦਾ ਜਜ਼ਬਾ ਇਤਨਾ ਉਭਰ ਆਇਆ ਸੀ ਕਿ ਹਰ ਪਾਸੇ ਸਿਖੀ ਸ਼ਰਧਾ ਦਾ ਸਮੁੰਦਰ ਠਾਠਾਂ ਮਾਰਦਾ ਵਿਖਾਈ ਦਿੰਦਾ ਸੀ। ਸਰਕਾਰ ਨੇ ਲੋਕਾਂ ਨੂੰ ਜਥੇ ਦੀ ਸੇਵਾ ਕਰਨ ਤੋਂ ਰੋਕਣ ਲਈ ਕਈ ਪ੍ਰਕਾਰ ਦੀਆਂ ਧਮਕੀਆਂ ਦਿਤੀਆਂ। ਜੇਲ੍ਹਾਂ, ਜੁਰਮਾਨੇ ਤੇ ਪੁਲਸ ਦੀਆਂ ਸਖਤੀਆਂ ਦੀ ਸਿੱਖ ਕੋਈ ਪ੍ਰਵਾਹ ਨਹੀਂ ਕਰਦੇ ਸਨ। ਜਿਹੜੇ ਗੁਰਸਿੱਖ ਪੰਥ ਦੀ ਖਾਤਰ ਆਪਾ ਕੁਰਬਾਨ ਕਰਨ ਲਈ ਜਾ ਰਹੇ ਸਨ ਉਨ੍ਹਾਂ ਦੀ ਸੇਵਾ ਕਰਦੇ ਹੋਏ ਜੇ ਦੁਖ ਝਲਣੇ ਪੈਣ ਤਾਂ ਸਚੇ ਸਿੱਖ ਉਨ੍ਹਾਂ ਤੋਂ ਸੰਕੋਚ ਕਿਉਂ ਕਰਨ ?

ਸਰਕਾਰ ਦੀਆਂ ਧਮਕੀਆਂ ਦੀ ਕੋਈ ਪ੍ਰਵਾਹ ਨਾ ਕਰਦੇ ਹੋਇ ਸਿੱਖ ਸੰਗਤਾਂ ਜੱਥੇ ਦੀ ਕਿਸ ਪ੍ਰਕਾਰ ਸੇਵਾ ਕਰਦੀਆਂ ਸਨ ਇਹ ਭੀ ਸਿੱਖ ਇਤਹਾਸ ਦਾ ਸੁਨਹਿਰੀ ਅਖਰਾਂ ਵਿਚ ਲਿਖਣ ਵਾਲਾ ਭਾਗ ਹੈ। ਸੇਵਾ ਕਰਣ ਵਾਲੇ ਪ੍ਰੇਮੀ ਦੁਧ ਮਠਿਆਈਆਂ, ਤੇ ਫਲਾਂ ਦੇ ਢੇਰ ਲਗਾ ਦਿੰਦੇ। ਚਾਰ ਪਦਾਰਥ ਕੁਰਬਾਨੀਆਂ ਦੇਣ ਵਾਲੇ ਸਿੱਖਾਂ ਦੇ ਪੈਰਾਂ ਵਿਚ ਰੁਲ ਸਨ। ਦੁਨੀਆਂ ਦੀ ਕੋਈ ਚੀਜ਼ ਉਨ੍ਹਾਂ ਤੋਂ ਕੁਰਬਾਨ ਕਰਨ ਲਗਿਆ ਸ਼ਰਧਾਵਾਨ ਸਿੱਖ ਰਤਾ ਭਰ ਸੰਕੋਚ ਨਹੀਂ ਕਰਦੇ ਸਨ। ੯ ਫ਼ਰਵਰੀ ੧੯੨੪ ਨੂੰ ਪਹਿਲੇ ਸ਼ਹੀਦੀ ਜੱਥੇ ਨੇ ਜੈਤੋ ਵਲ ਰਵਾਨ ਹੋਣਾ ਸੀ। ਸੰਗਤਾਂ ਭਾਰੀ ਗਿਣਤੀ ਵਿਚ ਜੱਥੇ ਦੇ ਦਰਸ਼ਨ ਲਈ ਸ੍ਰੀ ਅੰਮ੍ਰਿਤਸਰ ਪੁਜ ਗਈਆਂ ਸਨ।

ਸ੍ਰੀ ਅਕਾਲ ਤਖਤ ਸਾਹਿਬ ਦੀ ਹਜ਼ੂਰੀ ਵਿਚ ਭਾਰੀ ਦੀਵਾਨ ਸਜਿਆ। ਪੰਜ ਸੌ ਕੁਰਬਾਨੀ ਦੇ ਪੁੰਜ ਸ਼ਹੀਦੀਆਂ ਪ੍ਰਾਪਤ ਕਰਨ ਦੇ ਚਾ ਵਿਚ ਅਤੇ ਸੂਰਬੀਰ ਗੁਰਸਿੱਖ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਪਾਸੋਂ ਆਗਿਆ ਲੈਣ ਲਈ ਹਾਜ਼ਰ ਬੈਠੇ ਸਨ। ਬੇਅੰਤ ਸੰਗਤਾਂ ਇੰਨਾਂ

Digitized by Panjab Digital Library | www.panjabdigilib.org

ਮਰਜੀਵੜਿਆਂ ਦੇ ਦਰਸ਼ਨ ਕਰਕੇ ਨਿਹਾਲ ਹੋ ਰਹੀਆਂ ਸਨ । ਸਿਖੀ ਸ਼ਰਧਾ ਦਾ ਸਮੁੰਦਰ ਠਾਠਾਂਮਾਰ ਰਿਹਾ ਸੀ । ਗੁਰਬਾਣੀ ਦਾ ਇਲਾਹੀ ਕੀਰਤਨ ਸਰਵਨ ਕਰਕੇ ਗੁਰਸਿੱਖਾਂ ਦੇ ਹਿਰਦੇ ਪ੍ਰਫੁਲਤ ਹੋ ਰਹੇ ਸਨ । ਇਤਨੇ ਵਿਚ ਗੁਰਮੁਖ ਪਿਆਰੇ ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਸਾਹਮਣੇ ਆ ਗਏ । ਉਨਾਂ ਨੇ ਤਖਤ ਸਾਹਿਬ ਪਰ ਖੜੇ ਹੋਕੇ ਜੱਥੇ ਦੇ ਸਿੰਘਾਂ ਪ੍ਰਤਿ ਇਹ ਹੁਕਮ ਸੁਣਾਇਆ:-

"ਕਬੀਰ ਜਉ ਤੋਹਿ ਸਾਧ ਪਿਰੰਮਕੀ ਸੀਸ ਕਟਿ ਕਰ ਗੋਇ ।
ਖੇਲਤ ਖੇਲਤ ਹਾਲ ਕਰਿ ਜੋ ਕਿਛੁ ਹੋਇ ਸੁਹੋਇ ।

ਪਿਆਰੇ ਖਾਲਸਾ ਜੀ,

ਆਪ ਦੇ ਧਰਮ ਦੀ ਆਤਮਾ ਗੁਰਬਾਨੀ ਹੈ । ਬਾਣੀ ਦਾ ਜਹਾਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ । ਸੱਚੇ ਸ਼ਰਧਾਲੂ ਸਿਖ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਗੁਰੂ ਦੀ ਜੋਤ ਤੇ ਸੰਪੂਰਨ ਗਿਆਨ ਦਾ ਸੂਰਜ ਹਨ । ਸਿਖੀ ਦੀ ਰੂਹ, ਸਿੱਖਾਂ ਦਾ ਮਜ਼੍ਹਬ, ਸਿੱਖਾਂ ਦੀ ਬਹਾਦਰੀ, ਸਿੱਖਾਂ ਦੀ ਇਜ਼ਤ ਤੇ ਸਿੱਖਾਂ ਲਈ ਅੰਮ੍ਰਿਤ ਦਾ ਸੋਮਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ।

ਜੈਤੋ ਵਿਚ ਅਖੰਡ ਪਾਠ ਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਤੇ ਹਮਲਾ ਕਰਕੇ ਗੁਰਦੁਆਰਾ ਗੰਗ ਸਰ ਦੀ ਯਾਤਰਾ ਬੰਦ ਕਰਕੇ ਸਿੱਖਾਂ ਦੇ ਸੀਨਿਆਂ ਵਿਚ ਖੰਜਰ ਘੋਪ ਦਿਤਾ ਹੈ । ਇਕ ਸਿੱਖ ਦੇ ਸੀਨੇ ਵਿਚ ਜਦ ਤੀਕ ਦਿਲ ਮੌਜੂਦ ਹੈ । ਉਸ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤੌਹੀਨ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ । ਗੁਰਦੁਆਰੇ ਦੀ ਯਾਤਰਾਂ ਬੰਦ ਕਰਨੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤੌਹੀਨ ਕਰਨੀ ਸਾਡੇ ਬਜ਼ੁਰਗਾਂ ਦੇ ਸ਼ਹੀਦੀ ਖੂਨ ਨੂੰ ਮਿੱਟੀ ਵਿਚ ਮਿਲਾਣਾ ਹੈ । ਪੰਜ ਮਹੀਨਿਆਂ ਦਾ ਸਮਾਂ ਹੋ ਚਲਿਆ ਹੈ ਕਿ ਸਿੱਖ ਪੰਥ ਇਸ ਲਈ ਤੜਪ ਰਿਹਾ ਹੈ ।

ਹਜ਼ਾਰਾਂ ਸਿੰਘ ਸਤਿਗੁਰੂ ਦੇ ਪ੍ਰਵਾਨੇ ਆਪਣੀ ਜਾਨ ਵਾਰਨ ਲਈ ਗਏ । ਉਨ੍ਹਾਂ ਦਾ ਮੰਤਵ ਗੁਰਦੁਆਰੇ ਦੀ ਯਾਤਰਾ ਸੀ । ਪਰ ਹੁਣ ਤਕ ਇਸ ਮੰਤਵ ਵਿਚ ਸਫਲਤਾ ਪ੍ਰਾਪਤ ਨਹੀਂ ਹੋਈ । ਇਸ ਲਈ ਸਿੱਖ ਪੰਥ ਦੇ ਸੀਨ ਵਿਚ ਦਰਦ ਦਿਨੋ ਦਿਨ ਵਧ ਰਿਹਾ ਹੈ ।

ਹੁਣ ਮੌਕਾ ਆ ਗਿਆ ਹੈ ਕਿ ਪੂਰਨ ਸ਼ਾਂਤਮਈ ਰਹਿੰਦੇ ਹੋਏ ਸਤਿਗੁਰੂ ਦੀ ਇਜ਼ਤ ਤੇ ਯਾਤਰਾ ਦੀ ਆਜ਼ਾਦੀ ਸਚੇ ਦਿਲ ਨਾਲ ਆਪਣੇ ਤਨ, ਮਨ, ਧਨ ਨੂੰ ਕੁਰਬਾਨ ਕਰ ਦਿਤਾ ਜਾਵੇ । ਆਪ ਜੀ ਨੂੰ ਸਤਿਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ, ਭਾਈ ਮਤੀ ਦਾਸ, ਭਾਈ ਮਨੀ ਸਿੰਘ ਜੀ ਦੇ ਸ਼ਾਂਤਮਈ ਸ਼ਹੀਦੀਆਂ ਦੀ ਯਾਦ ਦਿਵਾ ਕੇ ਜੈਤੋ ਨੂੰ ਭੇਜਿਆ ਜਾਂਦਾ ਹੈ । ਆਪ ਪੰਜ ਸੌ ਸੂਰਬੀਰਾਂ ਦੇ ਸਿਰ ਪਰ ਕਲਗੀਧਰ ਪਿਤਾ ਤੇ ਮਾਤਾ ਸਾਹਿਬ ਦੇਵਾਂ ਦਾ ਹੱਥ ਹੈ । ਆਪ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਇਹ ਕਹਿ ਕੇ ਭੇਜਦਾ ਹਾਂ:-

"ਦਾਗੇ ਹੋਹਿ ਸੋ ਰਣ ਮਹਿ ਜੂਝਹਿ, ਬਿਨ ਦਾਗੇ ਭਗਿ ਜਾਈ ।"

ਆਪ ਸ਼ਾਂਤਮਈ ਕੁਰਬਾਨੀ ਦਾ ਬੀੜਾ ਉਠਾ ਕੇ ਰਵਾਨਾ ਹੁੰਦੇ ਹੋ । ਅਖੰਡ ਪਾਠ ਨੂੰ ਨਵੇਂ ਸਿਰਿਉਂ ਜਾਰੀ ਕਰਕੇ ਪੰਥ ਦੇ ਸੀਨੇ ਵਿਚੋਂ ਜ਼ਹਿਰੀਲਾ ਖੰਜਰ ਕਢ ਦਿਉ । ਗੁਰੂ ਸਾਹਿਬ ਦੀ ਨਿਰਾਦਰੀ ਨੂੰ ਦੂਰ ਕਰਕੇ ਸਿਖਾਂ ਦੇ ਘਾਇਲ ਸੀਨਿਆਂ ਤੇ ਮਲ੍ਹਮ ਲਾਉ ਜਾਂ ਇਹ ਕਹਿੰਦੇ ਹੋਏ ਆਪਣੇ ਸੀਸ ਭੇਟ ਕਰ ਦਿਉ ਕਿ:-"ਐ ਕਲਗੀਧਰ ਸਤਿਗੁਰੂ ਅਸੀਂ ਤੇਰੇ ਪਵਿਤ੍ਰ ਨਾਮ ਤੇ ਆਪਣਾ ਸਿਰ ਭੇਟਾ ਕਰਦੇ ਹਾਂ, ਹੁਣ ਪੰਥ ਦੀ ਇਜ਼ਤ ਆਪ ਦੇ ਹੱਥ ਵਿਚ ਹੈ ।"

ਪਿਆਰੇ ਖਾਲਸਾ ਜੀ ਆਪ ਤੇ ਡੰਡੇ ਵਰ੍ਹਨ, ਗੋਲੀ ਚਲੇ, ਜੇਲ੍ਹ ਹੋਵੇ ਜਾਂ ਫਾਂਸੀ ਮਿਲੇ ਹਰ ਤਰਾਂ ਦੇ ਜ਼ੁਲਮ ਜਾਂ ਜਬਰ ਨਾਲ ਜਿਵੇਂ ਆਪ ਦੀ ਪ੍ਰੀਖਿਆ ਹੋਵੇ । ਆਪ ਨੂੰ ਹਰ ਹਾਲਤ ਵਿਚ ਸ਼ਾਂਤਮਈ ਰਹਿਣਾ ਹੋਵੇਗਾ । ਜਿਸ ਤਰਾਂ ਐਲਾਨ ਵਿਚ ਪਹਿਲੇ ਦਸ ਦਿਤਾ ਗਿਆ ਹੈ ਕਿ ਆਪ ਦਾ ਮਕਸਦ ਕੇਵਲ ਗੁਰਦੁਆਰਾ ਗੰਗ ਸਰ ਦੀ ਯਾਤਰ ਤੇ ਅਖੰਡ ਪਾਠ ਨੂੰ ਨਵੇਂ ਸਿਰਿਉਂ

Digitized by Panjab Digital Library | www.panjabdigilib.org

ਜਾਰੀ ਕਰਨਾ ਹੈ। ਸ੍ਰੀ ਅਕਾਲ ਤਖਤ ਤੋਂ ਚਲਕੇ ਆਪਣੀ ਆਖਰੀ ਮੰਜ਼ਲ ਤੱਕ ਪਵਿੱਤ੍ਰ ਗੁਰਬਾਣੀ ਦਾ ਪਾਠ ਕਰਨਾ ਆਪਣੇ ਮਨ ਜਾਂ ਵਚਨ ਦਵਾਰਾ ਕਿਸੇ ਦੀ ਬੁਰਿਆਈ ਆਪ ਦੇ ਦਿਲ ਵਿਚ ਨਾ ਆਵੇ।

ਇਸ ਤੋਂ ਉਪ੍ਰੰਤ ਜਥੇ ਵਿਚ ਜਾਣ ਵਾਲੇ ਸਿੰਘਾਂ ਨੇ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰ-ਗੋਬਿੰਦ ਸਾਹਿਬ ਦੇ ਚਰਨਾਂ ਵਿਚ ਸੀਸ ਝੁਕਾ ਕੇ ਸ਼ਾਂਤਮਈ ਰਹਿਣ ਦਾ ਪ੍ਰਣ ਲਿਆ ਅਤੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਭਰੋਸਾ ਦਿਵਾਇਆ ਕਿ ਆਪ ਦੇ ਹੁਕਮ ਪਰ ਹਰ ਇਕ ਸਿੰਘ ਫੁੱਲ ਚੜ੍ਹਾਵੇਗਾ। ਜਥੇ ਦੇ ਸਿੰਘਾਂ ਨੇ ਵਿਦਾਇਗੀ ਸਮੇਂ ਇਹ ਸੰਦੇਸ਼ ਪੜ੍ਹ ਕੇ ਸੁਣਾਇਆ।

ਸੁਣੋ ਖਾਲਸਾ ਜੀ ਸਾਡੇ ਕੂਚ ਡੇਰੇ, ਅਸੀਂ ਆਖਰੀ ਫਤਹਿ ਬੁਲਾ ਚਲੇ।  
ਪਾਓ ਬੀਜ ਤੇ ਸਾਂਭ ਕੇ ਫ਼ਸਲ ਵੱਢੋ, ਅਸੀਂ ਡੋਲ੍ਹ ਕੇ ਰੱਤ ਪਿਆ ਚਲੇ।  
ਚੋਬਦਾਰ ਦੇ ਵਾਂਗ ਆਵਾਜ਼ ਦੇ ਕੇ, ਧੌਂਸੇ ਕੂਚ ਦੇ ਅਸੀਂ ਵਜਾ ਚਲੇ।  
ਤੁਸੀਂ ਆਪਣੀ ਅਕਲ ਦਾ ਕੰਮ ਕਰਨਾ, ਅਸੀਂ ਆਪਣੀ ਤੋੜ ਨਿਭਾ ਚਲੇ।  
ਬੇੜਾ ਜ਼ੁਲਮ ਦਾ ਅੰਤ ਨੂੰ ਗ਼ਰਕ ਹੋਸੀ, ਹੰਝੂ ਖ਼ੂਨ ਦੇ ਅਸੀਂ ਵਹਾ ਚਲੇ।  
ਪੰਥ ਗੁਰੂ ਦਾ ਆਪ ਦਸਮੇਸ਼ ਰਾਖਾ, ਕੰਡੇ ਹੂੰਝ ਕੇ ਕਰ ਸਫ਼ਾ ਚਲੇ।  
ਅੰਗ ਸਾਕ ਕਬੀਲੜਾ ਬਾਲ ਬੱਚਾ, ਬਾਂਹ ਤੁਸਾਂ ਦੇ ਹੱਥ ਫੜਾ ਚਲੇ।  
ਨਦੀ ਨਾਮ ਸੰਜੋਗ ਦੇ ਹੋਣ ਮੇਲੇ, ਸਤਿ ਸ੍ਰੀ ਅਕਾਲ ਬੁਲਾ ਚਲੇ।

ਇਸ ਸੰਦੇਸ਼ ਨੇ ਸੰਗਤਾਂ ਪਰ ਜਾਦੂ ਦਾ ਅਸਰ ਕੀਤਾ। ਹਰ ਇਕ ਸੁਣਨ ਵਾਲੇ ਦੀਆਂ ਅਖਾਂ ਸਜਲ ਹੋ ਗਈਆਂ। ਹਰ ਪਾਸੇ ਵੈਰਾਗ ਤੇ ਕੁਰਬਾਨੀ ਦਾ ਸਮੁੰਦਰ ਠਾਠਾਂ ਮਾਰਦਾ ਦਿਖਾਈ ਦੇ ਰਿਹਾ ਸੀ। ਅਰਦਾਸਾ ਸੋਧ ਕੇ ਜਥੇ ਨੇ ਕਮਰ ਕੱਸੇ ਕੀਤੇ। ਸ਼ਬਦ ਕੀਰਤਨ ਦੀ ਘਨਘੋਰ ਤੇ ਜੈਕਾਰਿਆਂ ਦੀ ਗੂੰਜ ਵਿਚ ਜੱਥਾ ਸ਼ਹਿਰੋਂ ਬਾਹਰ ਨਿਕਲਿਆ। ਇਸ ਸਮੇਂ ਸਾਰੇ ਹਿੰਦੂ, ਮੁਸਲਮਾਨ ਭਰਾ ਵੀ ਸਿੰਘਾਂ ਦਾ ਕੁਰਬਾਨੀ ਦਾ ਜਜ਼ਬਾ, ਪੰਥਕ ਏਕਤਾ ਤੇ ਜਥੇਬੰਦੀ ਦੀ ਤਾਕਤ ਵੇਖਕੇ ਹੈਰਾਨ ਹੋ ਰਹੇ ਸਨ। ਦੁਨੀਆਂ ਦੇ ਇਤਿਹਾਸ ਵਿਚ ਇਹ ਪਹਿਲਾ ਸਮਾਂ ਸੀ ਕਿ ਸਿੱਖਾਂ ਜੈਸੀ ਬਹਾਦਰ ਕੌਮ ਦੇ ਪੰਜ ਸੌ ਸੂਰਬੀਰ ਫੌਜੀ ਮਾਰਚ ਕਰਦੇ ਹੋਏ ਗੁ: ਗੰਗ ਸਰ ਜੈਤੋ ਨੂੰ ਜਾਣ ਅਤੇ ਪੰਥ ਦੇ ਹੁਕਮ ਅਨੁਸਾਰ ਉਹ ਛਾਤੀਆਂ ਦੇ ਬਟਨ ਖੋਲ੍ਹਕੇ ਗੋਲੀਆਂ ਖਾਣ ਪ੍ਰੰਤੂ ਸ਼ਾਂਤਮਈ ਦਾ ਐਸਾ ਸਬੂਤ ਦੇਣ ਕਿ ਦੁਨੀਆਂ ਵੇਖ ਕੇ ਹੈਰਾਨ ਰਹ ਜਾਵੇ।

ਭਾਵੇਂ ਸਿੱਖਾਂ ਨੇ ਗੁਰੂ ਕੇ ਬਾਗ ਵਿਚ ਸ਼ਾਂਤਮਈ ਰਹਿੰਦੇ ਹੋਏ ਕਸ਼ਟ ਸਹਾਰਨ ਦੀਆਂ ਬੇਅੰਤ ਮਸਾਲਾਂ ਕਾਇਮ ਕੀਤੀਆਂ ਸਨ ਪ੍ਰੰਤੂ ਪੰਜ ਸੌ ਦੇ ਜਥੇ ਨੂੰ ਰਵਾਨਾ ਹੁੰਦੇ ਵੇਖ ਕੇ ਲੋਕਾਂ ਦੇ ਮਨ ਵਿਚ ਸੰਦੇਹ ਪੇਦਾ ਹੋ ਜਾਂਦਾ ਸੀ ਕਿ ਇਹ ਸੂਰਬੀਰ ਸਿੰਘ ਸ਼ਾਂਤਮਈ ਦਾ ਪ੍ਰਣ ਪਾਲ ਸਕਣਗੇ? ਉਸ ਸਮੇਂ ਦੇ ਸਭ ਤੋਂ ਵਡੇ ਕਾਂਗਰਸੀ ਨੇਤਾ ਮਹਾਤਮਾ ਗਾਂਧੀ ਜੀ ਨੇ ਇਕ ਬਿਆਨ ਵਿਚ ਇਹ ਸੰਦੇਹ ਪ੍ਰਗਟ ਕੀਤਾ ਸੀ ਕਿ ਪੰਜ ਸੌ ਸਿੰਘਾਂ ਦਾ ਇਕੋ ਵਰਦੀ ਵਿਚ ਬੈਂਡ ਬਾਜਿਆਂ ਨਾਲ ਫੌਜੀ ਮਾਰਚ ਕਰਦੇ ਹੋਏ ਗੁਰਦੁਆਰੇ ਵਲ ਜਾਣਾ ਸ਼ਾਂਤਮਈ ਦਾ ਮੁਜ਼ਾਹਰਾ ਨਹੀਂ ਸਗੋਂ ਇਸ ਵਿਚੋਂ ਹਕੂਮਤ ਪਰ ਆਪਣੀ ਫੌਜੀ ਤਾਕਤ ਦਾ ਰੋਅਬ ਪਾਉਣ ਦੇ ਭਾਵ ਵਿਖਾਈ ਦਿੰਦੇ ਹਨ। ਪਰ ਜਦ ਇਨ੍ਹਾਂ ਸੂਰਬੀਰਾਂ ਦਾ ਜਥਾ ਜੈਤੋ ਪਹੁੰਚ ਗਿਆ ਅਤੇ ਉਸ ਦੇ ਵਿਚੋਂ ਬਹੁਤ ਸਾਰੇ ਸਿੰਘਾਂ ਨੇ ਸ਼ਾਂਤਮਈ ਰਹਿੰਦਿਆਂ ਹੋਇਆਂ ਸ਼ਹੀਦੀਆਂ ਪਾਈਆਂ ਤਾਂ ਸੰਦੇਹ ਪ੍ਰਗਟ ਕਰਨ ਵਾਲੇ ਲੀਡਰਾਂ ਤੇ ਸਾਰੀ ਦੁਨੀਆਂ ਦੀਆਂ ਅਖਾਂ ਖੁਲ੍ਹ ਗਈਆਂ।

Digitized by Panjab Digital Library | www.panjabdigilib.org

ਜਥੇ ਦੇ ਰਵਾਨਾ ਹੋਣ ਦੇ ਜੋ ਵਿਰਤਾਂਤ ਉਸ ਸਮੇਂ ਦੀਆਂ ਅਖਬਾਰਾਂ ਵਿਚ ਪਕਾਸ਼ਤ ਹੋਏ ਉਨ੍ਹਾਂ ਨੂੰ ਪੜ੍ਹਕੇ ਸਭ ਲੋਕ ਹੈਰਾਨ ਸਨ ਕਿ ਸਿੱਖ ਸ਼ਾਂਤਮਈ ਤੇ ਬੀਰਤਾ ਦੇ ਕਿਤਨੇ ਸੁੰਦਰ ਨਮੂਨੇ ਪੇਸ਼ ਕਰ ਸਕਦੇ ਹਨ। ਕਮਜ਼ੋਰ ਕੌਮਾ ਦਾ ਤਕੜੀਆਂ ਅਗੇ ਹਥਿਆਰ ਸੁਟ ਦੇਣਾ ਤੇ ਉਨ੍ਹਾਂ ਦੇ ਜ਼ੁਲਮ ਬ੍ਰਦਾਸ਼ਤ ਕਰਨਾ ਤਾਂ ਇਤਿਹਾਸ ਦੀਆਂ ਆਮ ਘਟਨਾਵਾਂ ਹਨ ਪ੍ਰੰਤੂ "ਹੁੰਦੇ ਤਾਣ ਜੋ ਹੋਇ ਨਿਤਾਣਾ, ਹੁੰਦੇ ਮਾਣ ਜੋ ਹੋਇ ਨਮਾਣਾ" ਦਾ ਅਧਭੁਤ ਦ੍ਰਿਸ਼ਯ ਪੇਸ਼ ਕਰਨਾ ਸਿੱਖ ਕੌਮ ਦੇ ਹੀ ਹਿਸੇ ਆਇਆ ਹੈ।

ਜੇਹੜੇ ਸਿੱਖ ਸੂਰਬੀਰਾਂ ਦੇ ਸਾਹਮਣੇ ਚੇਲਿਆਂ ਵਾਲੀ ਦੇ ਮੈਦਾਨ ਵਿਚ ਅੰਗਰੇਜ਼ ਡਊਂ ਡਊਂ (ਮੈਂ ਤੇਰੀ ਗਊ ਹਾਂ) ਕਹਿ ਕੇ ਪ੍ਰਾਣ ਦਾਨ ਮੰਗਦੇ ਸਨ ਅਤੇ ਜਿਨ੍ਹਾਂ ਦੀ ਬੀਰਤਾ ਬਾਰੇ ਸ਼ਾਹ ਮੁਹੰਮਦ ਨੇ ਕਿਹਾ ਹੈ, "ਸ਼ਾਹ ਮੁਹੰਮਦਾ ਸਿੱਖਾਂ ਨੇ ਗੋਰਿਆਂ ਦੇ ਵਾਂਗ ਨਿੰਬੂਆਂ ਲਹੂ ਨਚੋੜ ਛੱਡੇ" ਅਜ ਉਹ ਬਹਾਦਰ ਸਿੰਘ ਆਪਣੇ ਲੀਡਰਾਂ ਦਾ ਹੁਕਮ ਮੰਨਦੇ ਹੋਏ ਸ਼ਾਂਤਮਈ ਦਾ ਪ੍ਰਣ ਲੈ ਕੇ ਗੰਗ ਸਰ ਨੂੰ ਰਵਾਨਾ ਹੋਏ ਤਾਂ ਲੋਕਾਂ ਦਾ ਹੈਰਾਨ ਹੋਣਾ ਕੁਦਰਤੀ ਗੱਲ ਸੀ। ਸਿੱਖਾਂ ਨੂੰ ਗੁਰੂ ਸਾਹਿਬ ਨੇ ਸਾਰੀਆਂ ਦਾਤਾਂ ਬਖਸ਼ੀਆਂ ਹਨ। ਸ਼ਾਂਤਮਈ ਰਹਿਣ ਵਾਲੇ ਸਿੰਘ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਧਿਆਨ ਧਰ ਲੈਂਦੇ ਹਨ ਅਤੇ ਯੁਧ ਵਿਚ ਜਾਣ ਸਮੇਂ ਡੇਗ ਦੇ ਧਨੀ ਸ੍ਰੀ ਗੁਰੂ ਗੋਬਿੰਦ ਸਿਘ ਜੀ ਮਹਾਰਾਜ ਦਾ ਸਿੱਖਾਂ ਨੂੰ ਕੇਵਲ ਲੜਾਕੇ, ਝਗੜਾਲੂ ਤੇ ਦਇਆ ਹੀਨ ਸਮਝਣਾ ਬਹੁਤ ਵਡਾ ਭੁਲੇਖਾ ਹੈ। ਸਚਾ ਸਿੱਖ ਉਹ ਹੈ ਜਿਸ ਦੇ ਹਿਰਦੇ ਵਿਚ ਮਨੁਖ ਮਾਤ੍ਰ ਲਈ ਪਿਆਰ, ਮੂੰਹ ਵਿਚ ਕਰਤਾਰ ਤੇ ਹੱਥ ਵਿਚ ਦੀਨ ਦੁਖੀਆਂ ਦੀ ਰਖਿਆ ਲਈ ਤਲਵਾਰ ਹੋਵੇ।

## * ਪਹਿਲੇ ਜੱਥੇ ਦੇ ਪੜਾਉ *

| | |
|---|---|
| ੧. ਢੱਬਾ | ੨. ਸ੍ਰੀ ਤਰਨਤਾਰਨ ਸਾਹਿਬ |
| ੩. ਨੁਸ਼ਹਿਰਾ ਪੰਨਵਾਂ | ੪. ਸਰਹਾਲੀ |
| ੫. ਮਰਹਾਣਾ | ੬. ਮਖੂ |
| ੭. ਜ਼ੀਰਾ | ੮. ਤਲਵੰਡੀ ਭਾਈ |
| ੯. ਮੁਦਕੀ | ੧੦. ਮਨਸੂਰ ਵਾਲਾ |
| ੧੧. ਰੋਡੇ | ੧੨. ਬਰਗਾੜੀ |

ਸ੍ਰੀ ਅੰਮ੍ਰਿਤਸਰ ਤੋਂ ੯—੨—੧੯੨੪ ਨੂੰ ਰਵਾਨਾ ਹੋਕੇ ਜੱਥੇ ਨੇ ਪਹਿਲਾ ਪੜਾ ਚੱਬੇ ਕੀਤਾ। ਇਲਾਕੇ ਦੀਆਂ ਸੰਗਤਾਂ ਨੇ ਪੁਲਸ ਦੀਆਂ ਧਮਕੀਆਂ ਦੀ ਕੋਈ ਪ੍ਰਵਾਹ ਨਾ ਕਰਦੇ ਹੋਇ, ਦੁਧ ਫਲ, ਤੇ ਮਠਿਆਈਆਂ ਨਾਲ ਬੜੇ ਪ੍ਰੇਮ ਨਾਲ ਸੇਵਾ ਕੀਤੀ। ਪੁਲਸ ਦੇ ਪਿੱਠੂ, ਜ਼ੈਲਦਾਰਾਂ ਤੇ ਨੰਬਰਦਾਰਾਂ ਨੇ ਸੇਵਾ ਕਰਨ ਵਾਲੀਆਂ ਸੰਗਤਾਂ ਨੂੰ ਡਰਾਇਆ ਧਮਕਾਇਆ ਪ੍ਰੰਤੂ ਪ੍ਰੇਮ ਵਿਚ ਮਗਨ ਹੋਈਆਂ ਸੰਗਤਾਂ ਇਨਾਂ ਗਿਦੜ ਭਬਕੀਆਂ ਦੀ ਕੀ ਪ੍ਰਵਾਹ ਕਰਦੀਆਂ ਸਨ। ਉਸ ਸਮੇਂ ਸੰਗਤਾਂ ਵਿਚ ਕੁਰਬਾਨੀ ਤੇ ਸੇਵਾ ਦੇ ਜਜ਼ਬੇ ਦੀ ਕਾਂਗ ਆਈ ਹੋਈ ਸੀ।

ਜੱਥੇ ਦਾ ਦੂਜਾ ਪੜਾ ਸ੍ਰੀ ਤਰਨਤਾਰਨ ਸਾਹਿਬ ਵਿਚ ਸੀ ਇਲਾਕੇ ਦੀਆਂ ਸੰਗਤਾਂ ਵਿਚ ਅਥਾਹ ਜੋਸ਼ ਸੀ। ਬੜੇ ਭਾਰੀ ਦੀਵਾਨ ਸਜੇ ਤੇ ਸੰਗਤਾਂ ਨੇ ਵਧ ਚੜ੍ਹਕੇ ਸੇਵਾ ਕੀਤੀ। ਸਿੱਖ ਸੰਗਤਾਂ ਵਿਚ ਉਤਸ਼ਾਹ ਦੀ ਇਹ ਲਹਿਰ ਵੇਖਕੇ ਹਕੂਮਤ ਨੂੰ ਪਤਾ ਲਗ ਗਿਆ ਕਿ ਸਿੱਖ ਆਪਣੇ ਇਰਾਦੇ ਤੋਂ

Digitized by Panjab Digital Library | www.panjabdigilib.org

ਟਲਣ ਵਾਲੇ ਨਹੀਂ। ਨਾਭੇ ਦੀ ਹਕੂਮਤ ਨੇ ਇਕ ਐਲਾਨ ਕਢਿਆ ਜਿਸ ਵਿਚ ਕਿਹਾ ਕਿ ਪੰਜਾਹ ਸਿੰਘ ਗੁਰਦਵਾਰਾ ਗੰਗਸਰ ਵਿਚ ਜਾਕੇ ਪਾਠ ਕਰ ਸਕਦੇ ਹਨ। ਇਸ ਦੇ ਉਤ੍ਰ ਵਿਚ ਸ੍ਰੋ: ਕਮੇਟੀ ਨੇ ਐਲਾਨ ਕੀਤਾ ਕਿ ਆਪਣੇ ਧਾਰਮਕ ਅਧਿਕਾਰ ਪਰ ਸਿੱਖ ਕੋਈ ਪਾਬੰਦੀਆਂ ਬਰਦਾਸ਼ਤ ਕਰਨ ਲਈ ਤਿਆਰ ਨਹੀਂ।

੧੧ ਫਰਵਰੀ ਨੂੰ ਜੱਥਾ ਸ੍ਰੀ ਤਰਨਤਾਰਨ ਤੋ ਰਵਾਨਾ ਹੋਕੇ ਨੁਸ਼ਹਿਰਾ ਪੰਨੂਆਂ, ਸਰਹਾਲੀ ਤੇ ਮਰਹਾਣਾ ਆਦਿਕ ਨਗਰਾਂ ਵਿਚੋਂ ਹੁੰਦਾ ਹੋਇਆ ਹਰੀ ਕੇ ਪਤਣੇ ਪੁੱਜਾ ਹਰ ਥਾਂ ਸੰਗਤਾਂ ਨੇ ਬੜੇ ਉਤਸ਼ਾਹ ਨਾਲ ਸੇਵਾ ਕੀਤੀ। ਹਰੀਕੇ ਪਤਨ ਤੋਂ ਲੰਘ ਕੇ ਜੱਥੇ ਨੇ ਜ਼ਿਲਾ ਫੀਰੋਜ਼ਪੁਰ ਵਿਖੇ ਚਰਨ ਪਾਏ। ਮਖੂ, ਜ਼ੀਰਾ, ਤਲਵੰਡੀ ਭਾਈ, ਮੁਦਕੀ, ਮਨਸੂਰ ਵਾਲਾ ਰੋਡੇ ਆਦਿਕ ਮਾਲਵੇ ਦੇ ਪ੍ਰਸਿੱਧ ਨਗਰਾਂ ਵਿਚ ਪੜਾਉ ਕੀਤੇ। ਸੰਗਤਾਂ ਵਿਚ ਸੇਵਾ ਦਾ ਅਥਾਹ ਪ੍ਰੇਮ ਸੀ। ਗੁਰੂ ਕੇ ਸਿੱਖ ਇੰਨਾ ਮਰਜੀਵੜੇ ਸਿੱਖਾਂ ਤੋਂ ਤਨ, ਮਨ, ਧਨ ਕੁਰਬਾਨ ਕਰਨ ਲਈ ਤਿਆਰ ਸਨ। ਜੇ ਜੱਥੇ ਦੀ ਸੇਵਾ ਦਾ ਵਿਸਥਾਰ ਨਾਲ ਵਰਣਨ ਕੀਤਾ ਜਾਵੇਗਾ ਤਾਂ ਵਿਸਥਾਰ ਬਹੁਤ ਵਧ ਜਾਣ ਦਾ ਡਰ ਹੈ। ਉਪਰ ਲਿਖੇ ਪਿੰਡਾਂ ਵਿਚੋਂ ਹੁੰਦਾ ਹੋਇਆ ਜੱਥਾ ਬਰਗਾੜੀ ਪੁਜ ਗਿਆ।

ਉਧਰ ਜੈਤੋ ਵਿਚ ਹਕੂਮਤ ਨੇ ਬੜੀਆਂ ਤਿਆਰੀਆਂ ਕੀਤੀਆਂ ਹੋਈਆਂ ਸਨ। ਸਿੰਘਾਂ ਦੀ ਇਸ ਲਹਿਰ ਨਾਲ ਹਕੂਮਤ ਪਰ ਕਰਾਰੀ ਚੋਟ ਪੈਂਦੀ ਸੀ। ਇਸ ਕਰਕੇ ਪੰਜਾਬ ਕਾਂਗਰਸ ਭੀ ਅਕਾਲੀਆਂ ਨਾਲ ਕਾਫੀ ਹਮਦਰਦੀ ਰਖਦੀ ਸੀ। ਅਕਾਲੀਆਂ ਦੀ ਸਹਾਇਤਾ ਲਈ ਉਸ ਸਮੇਂ ਇਕ ਅਕਾਲੀ ਕਾਂਗਰਸ ਸਹਾਇਕ ਬਿਊਰੋ ਭੀ ਬਣਾਇਆ ਗਿਆ ਸੀ ਜੋ ਅਕਾਲੀ ਲਹਿਰ ਵਿਚ ਵਧ ਚੜਕੇ ਹਿੱਸਾ ਲੈਂਦਾ ਸੀ। ਜਿਸ ਸਮੇਂ ਜੱਥਾ ਵਰਗਾੜੀ ਪੁਜਿਆ ਤਾਂ ਕਾਂਗਰਸ ਦੇ ਕਈ ਨੇਤਾ ਭੀ ਜੱਥੇ ਦੇ ਨਾਲ ਜੈਤੋ ਜਾਣ ਲਈ ਪੁਜ ਗਏ। ਇੰਨਾਂ ਵਿਚੋਂ ਡਾ: ਕਿਚਲੂ, ਪ੍ਰਿੰਸੀਪਲ ਗਿਡਵਾਨੀ, ਅਮਰੀਕਨ ਅਖਬਾਰ ਨਿਊਯਾਰਕ ਟਾਈਮਜ਼ ਦੇ ਪ੍ਰਤਿਨਿਧ ਮਿ: ਜ਼ਮੰਦ, ਖਿਲਾਫਤ ਦੇ ਰੀਪੋਰਟਰ ਮਿ: ਨੂਰ ਮੁਹੰਮਦ ਤੇ ਮੁਹੰਮਦ ਅਮੀਨ ਦੇ ਨਾਮ ਵਰਣਨ ਕਰਨ ਯੋਗ ਹਨ।

ਬਰਗਾੜੀ ਜਥੇ ਦਾ ਆਖਰੀ ਪੜਾ ਸੀ। ਅਗਲੇ ਦਿਨ ਜਥੇ ਨੇ ਜੈਤੋ ਪਹੁੰਚਣਾ ਸੀ। ਇਸ ਕਰਕੇ ਇਲਾਕੇ ਵਿਚੋਂ ਬਹੁਤ ਸਾਰੀਆਂ ਸੰਗਤਾਂ ਬਰਗਾੜੀ ਪੁਜ ਗਈਆਂ। ਇਕ ਰੀਪੋਰਟਰ ਨੇ ਇਸ ਪੜਾ ਦਾ ਇਉਂ ਵਰਣਨ ਕੀਤਾ ਹੈ "ਜਥਾ ਇਕ ਖੁਲ੍ਹੇ ਮੈਦਾਨ ਵਿਚ ਠਹਿਰਿਆ ਹੋਇਆ ਸੀ। ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੀਆਂ ਹੋਈਆਂ ਸਨ। ੨੧ ਫਰਵਰੀ ਨੂੰ ਅੰਮ੍ਰਿਤ ਵੇਲੇ ਜਥੇ ਨੇ ਸ੍ਰੀ-ਆਸਾ ਜੀ ਦੀ ਵਾਰ ਦਾ ਕੀਰਤਨ ਸਰਵਣ ਕੀਤਾ। ੧੧ ਵਜੇ ਪ੍ਰਸ਼ਾਦਾ ਛਕਿਆ ਅਤੇ ਬਾਰਾਂ ਵਜੇ ਜੈਤੋ ਵਲ ਕੂਚ ਕੀਤਾ।

ਅਮਰੀਕਨ ਅਖਵਾਰ ਦੇ ਪੱਤ੍ਰ ਪ੍ਰੇਰਕ ਮਿ: ਜ਼ਮੰਦ ਆਪਣੀ ਮੋਟਰ ਵਿਚੋਂ ਨਿਕਲਕੇ ਜੱਥੇ ਦਾ ਮਾਰਚ ਵੇਖਣ ਲਈ ਰਾਹ ਵਿਚ ਆ ਖੜੇ ਹੋਇ। ਉਨ੍ਹਾਂ ਨੇ ਜੱਥੇ ਨੂੰ ਮਾਰਚ ਕਰਦੇ ਹੋਇ ਬੜੇ ਗਹੁ ਨਾਲ ਵੇਖਿਆ। ਉਨ੍ਹਾਂ ਦੀਆਂ ਭੇਜੀਆਂ ਹੋਈਆਂ ਰੀਪੋਰਟਾਂ ਅਮ੍ਰੀਕਨ ਅਖਬਾਰਾਂ ਵਿਚ ਭੀ ਛਪੀਆ। ਜਿਸ ਵੇਲੇ ਜੱਥਾ ਜੈਤੋਂ ਨੂੰ ਤੁਰਿਆ ਤਾਂ ਕਾਂਗਰਸੀ ਨੇਤਾ ਨਾਲ ਰਹਿਕੇ ਸਾਰੇ ਹਾਲਾਤ ਅੱਖੀਂ ਵੇਖਣਾ ਚਾਹੁੰਦੇ ਸਨ। ਪ੍ਰੰਤੂ ਜਦ ਉਹ ਨਾਭੇ ਦੀ ਸਰਹੱਦ ਪਰ ਗਏ ਤਾਂ ਉਨ੍ਹਾਂ ਨੂੰ ਨਾਭੇ ਦੇ ਹਾਕਮਾਂ ਨੇ ਰੋਕ ਲਿਆ। ਉਨਾਂ ਨੇ ਜੈਤੋ ਜਾਣ ਦੀ ਲਿਖਤੀ ਆਗਿਆ ਮੰਗੀ ਪਰ ਉਨ੍ਹਾਂ ਦੀਆਂ ਦਰਖਾਸਤਾਂ ਦਾ ਕੋਈ ਉਤ੍ਰ ਨਾ ਦਿੱਤਾ ਗਿਆ। ਸਰਕਾਰੀ ਹਾਕਮਾਂ ਨੇ ਦਸਿਆ ਕਿ ਨਾਭਾ ਸਰਕਾਰ ਨੇ ਕੇਵਲ ੫੦ ਆਦਮੀਆਂ ਨੂੰ ਗੁਰਦਵਾਰਾ ਗੰਗਸਰ ਜਾਣ ਦੀ ਆਗਿਆ ਦਿੱਤੀ ਹੋਈ ਹੈ। ਵਧ ਨਹੀਂ ਜਾ ਸਕਦੇ।

Digitized by Panjab Digital Library | www.panjabdigilib.org

ਨਾਭੇ ਦੇ ਹਾਕਮਾਂ ਨੇ ਜੱਥੇ ਪਰ ਗੋਲੀ ਚਲਾਉਣ ਲਈ ਮੁਕੰਮਲ ਤਿਆਰੀਆਂ ਕਰ ਰਖੀਆਂ ਸਨ। ਕਿਲੇ ਪਰ ਮਸ਼ੀਨ ਗੰਨਾ ਬੀੜੀਆਂ ਹੋਈਆਂ ਸਨ। ਬਹੁਤ ਸਾਰੀ ਫੋਜ ਰਸਾਲਾ ਤੇ ਹਥਿਆਰਬੰਦ ਪੁਲਸ ਮੌਜੂਦ ਸੀ। ਤਾਰਾਂ ਦਾ ਘੇਰਾ ਬਣਾਕੇ ਜੱਥੇ ਨੂੰ ਇਕ ਘੇਰੇ ਵਿਚ ਲੈਕੇ ਗੋਲੀਆਂ ਨਾਲ ਸ਼ਹੀਦ ਕਰਨ ਦਾ ਪ੍ਰੋਗ੍ਰਾਮ ਬਣ ਚੁਕਿਆ ਸੀ। ਲਾਸ਼ਾ ਗੁੰਮ ਕਰਨ ਲਈ ਗਡਿਆਂ ਤੇ ਸੰਦੂਕ ਲੱਦੇ ਖੜੇ ਸਨ। ਇਹ ਸਾਰਾ ਪ੍ਰਬੰਧ ਮਾਈ ਕਿਸ਼ਨ ਕੌਰ ਤੇ ਬੀਬੀ ਤੇਜ਼ ਕੌਰ ਭੇਸ ਬਦਲ ਕੇ ਵੇਖ ਗਈਆਂ ਸਨ। ਉਨ੍ਹਾਂ ਨੇ ਸਾਰੀ ਹਕੀਕਤ ਜੱਥੇ ਨੂੰ ਦਸ ਦਿੱਤੀ ਸੀ। ਸਰਕਾਰੀ ਅਫਸਰਾਂ ਨੇ ਗੋਲੀ ਚਲਾਣ ਤੋਂ ਪਹਿਲਾਂ ਕਿਸ ਪ੍ਰਕਾਰ ਦਾ ਚੱਕਰ ਬਿਊਹ ਕਿਲਾ ਤਿਆਰ ਕੀਤਾ ਸੀ। ਉਸ ਨੂੰ ਪ੍ਰਗਟ ਕਰਨ ਲਈ ਅਸੀਂ ਹੇਠ ਲਿਖਿਆ ਨਕਸ਼ਾ ਦੇ ਰਹੇ ਹਾਂ।

ਸਤ ਧਰਮ ਦੇ ਬੇੜੇ ਚੜ੍ਹਨਾ ਪੁਤ ਤੁਰੇ ਸਰਦਾਰਾਂ ਦੇ।
ਥਾਂ ਪ੍ਰਭੂ ਦੇ ਵੜਨਾ ਨਾ ਮਿਲਦਾ ਲਗੇ ਜੰਗਲੇ ਤਾਰਾਂ ਦੇ।
ਮੋਢੇ ਧਰੀਆਂ ਵੇਖ ਬੰਦੂਕਾਂ ਸਤਰ ਸਾਲੀ ਯਾਰਾਂ ਦੇ।
ਬੇੜੇ ਚੜ ਕੇ ਪਾਰ ਉਤਰ ਗਏ ਕੰਤ ਸ਼ਹੀਦੀ ਨਾਰਾਂ ਦੇ।
ਗੁਰਪੁਰੀ ਵਿਚ ਜਾਏ ਬਿਰਾਜੇ ਕਰਦੇ ਮੌਜ ਬਹਾਰਾਂ ਦੇ।

ਫੌਜ ਤੇ ਪੁਲਸ ਵਲੋਂ ਕੀਤੀਆਂ ਗਈਆਂ ਤਿਆਰੀਆਂ ਵੇਖ ਕੇ ਇਉਂ ਪ੍ਰਗਟ ਹੁੰਦਾ ਸੀ ਜਿਵੇਂ ਉਨ੍ਹਾਂ ਨੇ ਵਡੇ ਭਾਰੇ ਜੰਗ ਲਈ ਤਿਆਰੀਆਂ ਕਰ ਰਖੀਆਂ ਹਨ, ਪ੍ਰੰਤੂ ਇਥੇ ਤਾਂ ਇਕ ਅਨੋਖਾ ਜੰਗ ਹੋਣਾ ਸੀ, ਜਬਰ ਤੇ ਸਬਰ ਦਾ ਜੰਗ, ਸ਼ਹੀਦੀ ਜਥੇ ਨੂੰ ਅਗੋਂ ਹੱਥ ਚੁਕਣ ਦਾ ਹੁਕਮ ਨਹੀਂ ਸੀ ਇਸ ਕਰਕੇ ਉਨ੍ਹਾਂ ਦਾ ਮੁਕਾਬਲਾ ਕਰਨ ਦੀਆਂ ਤਿਆਰੀਆਂ ਕੀ ਅਰਥ ਰਖਦੀਆਂ ਸਨ ?

ਹਕੂਮਤ ਸਿੰਘਾਂ ਦੀ ਜਥੇਬੰਦੀ ਦੀ ਤਾਕਤ ਨੂੰ ਕੁਚਲਣਾ ਚਾਹੁੰਦੀ ਸੀ ਇਸ ਲਈ ਉਸ ਨੇ ਆਪਣੇ ਪੂਰੇ ਦਲ, ਬਲ ਤੇ ਛਲ ਨੂੰ ਵਰਤਣ ਦੀ ਕਰ ਰਖੀ ਸੀ। ਜਥੇ ਦੇ ਪਹੁੰਚਣ ਸਮੇਂ ਜੈਤੋ ਵਿਚ ਨਾਭੇ ਦੇ ਸਾਰੇ ਵਡੇ ਵਡੇ ਅਫਸਰ ਪੁਜ ਚੁਕੇ ਸਨ। ਮਿ: ਵਿਲਸਨ ਜਾਨਸਟਨ ਐਡ-ਮਨਿਸਟ੍ਰੇਟਰ, ਗੁਰਦਿਆਲ ਸਿੰਘ ਮੀਤ ਐਡਮਨਿਸਟ੍ਰੇਟਰ, ਮਿ: ਗ੍ਰੇਕਸਨ ਸੁਪ੍ਰੰਟੰਡੰਟ ਪੁਲਸ ਫ਼ੀਰੋਜ਼ਪੁਰ, ਰਾਏ ਸਾਹਿਬ, ਨਥੂ ਰਾਮ ਚੀਫ ਅਫਸਰ ਪੁਲਸ ਨਾਭਾ, ਕਰਨਲ ਬਚਨ ਸਿੰਘ ਆਦਿ ਫੌਜ ਦੇ ਵਡੇ ਅਫਸਰ ਹੁਕਮ ਦੀ ਉਡੀਕ ਵਿਚ ਤਿਆਰ ਖੜੇ ਸਨ।

ਜਥਾ ਤਾਰਾ ਦੀ ਵਾੜ ਦੇ ਨੇੜੇ ਪੁਜਿਆ ਤਾਂ ਉਹ ਗੁਰਦੁਆਰਾ ਟਿੱਬੀ ਸਾਹਿਬ ਵੱਲ ਨੂੰ ਚਲ ਪਿਆ ਅਤੇ ਇਸ ਤਰ੍ਹਾਂ ਜਥੇ ਨੂੰ ਘੇਰੇ ਵਿਚ ਲੈ ਕੇ ਬਿਲਕੁਲ ਤਬਾਹ ਕਰਨ ਦੀ ਚਾਲ ਸਫਲ ਨਾ ਹੋਈ। ਜਥੇ ਦੇ ਨਾਲ ਬੇਅੰਤ ਸੰਗਤਾਂ ਸਨ। ਜਥੇ ਦੇ ਦੋਹੀਂ ਪਾਸੀਂ ਸੰਗਤਾਂ ਦੀ ਭਾਰੀ ਭੀੜ ਸੀ, ਜਿਸ ਵਿਚ ਇਸਤ੍ਰੀਆਂ, ਮਰਦ, ਬਿਰਧ, ਜਵਾਨ ਸਭ ਸ਼ਾਮਲ ਸਨ। ਜਦ ਜਥਾ ਗੁ: ਟਿੱਬੀ ਸਾਹਿਬ ਤੋਂ ੧੫੦ ਗਜ਼ ਤੇ ਪੁਜਿਆ ਤਾਂ ਇਕ ਯੂਰਪੀਨ ਅਫਸਰ ਨੇ ਜਥੇ ਨੂੰ ਰੋਕ ਕੇ ਕਿਹਾ, "ਠਹਿਰੋ ਅਗੇ ਨਹੀਂ ਜਾਓ ਨਹੀਂ ਤੋ ਗੋਲੀ ਚਲਾਏਗਾ ਫਾਇਰ ਕਰੇਗਾ" ਉਸ ਦੀ ਇਹ ਅਵਾਜ਼ ਲੋਕਾਂ ਦੇ ਰੌਲੇ ਵਿਚ ਗੁੰਮ ਹੋ ਗਈ।

ਜਥਾ ਟਿੱਬੀ ਵੱਲ ਵਧਦਾ ਗਿਆ। ਉਹ ਯੂਰਪੀਨ ਅਫਸਰ ਭਜਕੇ ਫੌਜ ਵੱਲ ਗਿਆ, ਉਸਨੇ ਫੌਜ ਨੂੰ ਗੋਲੀ ਚਲਾਉਣ ਦਾ ਹੁਕਮ ਦਿੱਤਾ। ਇਸ ਪਰ ਤਿੰਨਾਂ ਪਾਸਿਆਂ ਤੋਂ ਗੋਲੀ ਚਲਣ ਲੱਗ ਪਈ। ਜਥੇ ਵਿਚੋਂ ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ। ਜਿਸ ਸਮੇਂ ਮਸ਼ੀਨ ਗੰਨ ਚਲਣ ਦੀ ਆਵਾਜ਼ ਆਈ ਤਾਂ

Digitized by Panjab Digital Library | www.panjabdigilib.org

ਦੇ ਪਿੱਛੇ ਪਿੱਛੇ ਮਹਾਰਾਜ ਦੀ ਸਵਾਰੀ ਦਾ ਪੂਰਾ ਸਨਮਾਨ ਕਰਦੀ ਹੋਈ ਚਲੀ ਜਾ ਰਹੀ ਸੀ। ਸਰਕਾਰੀ ਬਿਆਨ ਕਿ ਜੱਥਾ ਛਵੀਆਂ, ਨੇਜਿਆਂ ਤੇ ਆਤਸ਼ੀ ਹੱਥਿਆਰਾਂ ਨਾਲ ਸਨੱਧ ਬਧ ੬੦੦ ਅਕਾਲੀਆਂ ਦੇ ਓਹਲੇ ਮੂਹਰੇ ਦੀਆਂ ਬੜੀਆਂ ਚੌੜੀਆਂ ਕਤਾਰਾਂ ਸਮੇਤ ਅਗਾਂਹ ਵਧ ਰਿਹਾ ਸੀ, ਅਨਰਥ ਦਾ ਝੂਠ ਹੈ। ਨਾਭੇ ਦੀ ਫੌਜ ਦੇ ਇੱਕ ਹਿੱਸੇ ਨੇ ਗੁਰਦਵਾਰਾ ਟਿਬੀ ਸਾਹਿਬ ਦੀ ਉਚਾਈ ਦੇ ਨੇੜੇ ਇਕ ਖਾਈ ਬਨਾਈ ਹੋਈ ਸੀ ਤੇ ਜੰਗੀ ਸਮਾਨ ਤਿਆਰ ਕੀਤਾ ਹੋਇਆ ਸੀ। ਟਿੱਬੀ ਸਾਹਿਬ ਤੋਂ ਪਰੇ ਫਰੀਦਕੋਟ ਦੇ ਗੋਲ ਅੰਦਾਜ਼ਾਂ ਦਾ ਕੈਂਪ ਲਗਾ ਹੋਇਆ ਸੀ। ਕੈਂਪ ਵਿਚਕਾਰ ਕਰਨਲ ਮਿਨਚਨ ਦਾ ਤੰਬੂ ਗਡਿਆ ਹੋਇਆ ਸੀ, ਸਾਹਮਣੇ ਰਸਾਲੇ ਦੇ ਦੋ ਦਸਤੇ ਖੜੇ ਸਨ। ਥਾਉਂ ਥਾਈ ਕਲਦਾਰ ਤੋਪਾਂ ਗਡੀਆਂ ਹੋਈਆਂ ਸਨ।

ਨਾਭੇ ਦਾ ਵੱਡਾ ਅਫਸਰ ਕੁਝ ਹੋਰ ਅਫਸਰਾਂ ਸਮੇਤ ਅੱਗੇ ਵੱਧ ਕੇ ਜੱਥੇ ਨੂੰ ਮਿਲਿਆ ਤੇ ਖਿੰਡ ਜਾਣ ਲਈ ਕਿਹਾ। ਉਸਨੇ ਨਾਲ ਹੀ ਐਲਾਨ ਕਰ ਦਿਤਾ ਕਿ ਜੇ ਜੱਥੇ ਨੇ ਉਸਦੇ ਹੁਕਮ ਦੀ ਪਾਲਣਾ ਨਾ ਕੀਤੀ ਤਾਂ ਗੋਲੀ ਚਲਾਣ ਦਾ ਹੁਕਮ ਦੇਣ ਵਾਸਤੇ ਮਜਬੂਰ ਹੋਵੇਗਾ। ਜੱਥੇ ਨੇ ਪਵਿੱਤ੍ਰ ਗੁਰਦਵਾਰੇ ਦੀ ਯਾਤ੍ਰਾ ਕਰਨ ਦਾ ਪ੍ਰਣ ਕੀਤਾ ਹੋਇਆ ਸੀ ਤੇ ਉਸਨੇ ਧਾਰਮਕ ਮਾਮਲੇ ਵਿਚ ਕਿਸੇ ਦੁਨਯਾਵੀ ਹਾਕਮ ਦਾ ਦਖਲ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ।

ਜੱਥਾ ਗੁਰਦਵਾਰਾ ਟਿੱਬੀ ਸਾਹਿਬ ਵੱਲ ਵਧਿਆ ਬੇਸ਼ੁਮਾਰ ਸੰਗਤ (ਜਿਸ ਵਿਚ ਬਹੁਤ ਸਾਰੀਆਂ ਇਸਤ੍ਰੀਆਂ ਜੋ ਸੰਗਤ ਵਿਚ ਪ੍ਰਸ਼ਾਦ ਪਾਣੀ ਤਕਸੀਮ ਕਰਦੀਆਂ ਸਨ) ਪਿੱਛੇ ਪਿੱਛੇ ਜਾ ਰਹੀ ਸੀ। ਸਿੱਖ ਅਡੋਲ ਚਿੱਤ ਤੇ ਭਗਤੀ ਭਾਵ ਸ਼ਰਧਾ ਵਿਚ ਮਗਨ ਸਨ। ਉਨ੍ਹਾਂ ਪਾਸ ਕੋਈ ਛਵੀ ਨੇਜਾ ਜਾ ਆਤਸ਼ੀ ਹੱਥਿਆਰ ਨਹੀਂ ਸੀ। ਸਿੱਖਾਂ ਵਲੋਂ ਗੋਲੀ ਬਿਲਕੁਲ ਨਹੀਂ ਚਲਾਈ ਗਈ ਪਰ ਜਿਹਾ ਕਿ ਜਲੂਸਾਂ ਸਮੇਂ ਆਮ ਰਿਵਾਜ ਹੈ, ਕਦੇ ਕਦੇ ਕੁਝ ਪਟਾਕੇ ਚਲਾਏ ਜਾਂਦੇ ਸਨ। ਸਰਕਾਰੀ ਦੂਸ਼ਨ ਕਿ ਕੁਝ ਅਕਾਲੀਆਂ ਨੇ ਨਾਭੇ ਦੇ ਵੱਡੇ ਹਾਕਮ ਪਰ ਗੋਲੀਆਂ ਚਲਾਈਆਂ, ਬੜੇ ਜੋਸ਼ ਵਿਚ ਉਸਦਾ ਪਿੱਛਾ ਕੀਤਾ, ਨਾਭੇ ਦਾ ਇਕ ਗੁੰਮਨਾਮ ਪੇਂਡੂ ਅਕਾਲੀਆਂ ਦੀ ਗੋਲੀ ਨਾਲ ਫਟੜ, ਅਕਾਲੀਆਂ ਨੇ ਤੇਜ਼ੀ ਨਾਲ ਅੱਗ ਵਰਸਾਈ ਤੇ ਟੁਟ ਕੇ ਹੱਲਾ ਬੋਲਿਆ ਇਹ ਸਭ ਨਰੋਲ ਝੂਠੀਆਂ ਤੇ ਮਨਘੜਤ ਗੱਲਾਂ ਹਨ। ਇਨ੍ਹਾਂ ਮਨਘੜਤ ਸਰਕਾਰੀ ਬਯਾਨਾਂ ਦਾ ਮਤਲਬ ਗੋਲੀ ਚਲਾਣ ਲਈ ਬਹਾਨਾ ਬਨਾਣਾ ਹੈ। ਖਾਸ ਕਰਕੇ ਇੰਗਲਸਤਾਣ ਦੀ ਅੱਖੀ ਘੱਟਾ ਪਾਣਾ ਤੇ ਉਨ੍ਹਾਂ 'ਅਮਨ ਪਸੰਦ' ਤੇ ਕਾਨੂੰਨ ਅਧੀਨ ਲੋਕਾਂ ਦੀਆਂ ਨਜ਼ਰਾਂ ਵਿਚ ਸੱਚੇ ਬਨਣ ਦਾ ਯਤਨ ਹੈ।

ਜਿਨ੍ਹਾਂ ਦਾ ਸਹਾਰਾ ਤਕਲੀਫ ਵੇਲੇ ਸਰਕਾਰ ਦੀ ਮਦਦ ਤੇ ਧਰਵਾਸ ਹੋਇਆ ਕਰਦਾ ਹੈ। ਕਿ ਇਹ ਹੈਰਾਨ ਕਰਨ ਵਾਲੀ ਗੱਲ ਨਹੀਂ ਕਿ ਛਵੀਆਂ, ਡਾਂਗਾਂ ਤੇ ਆਤਸ਼ੀ ਹੱਥਿਆਰ ਤੇ ਨੇਜ਼ਿਆਂ ਦੇ ਹੁੰਦਿਆਂ (ਜਿਨ੍ਹਾਂ ਦਾ ਹੋਣਾ ਅਕਾਲੀਆਂ ਪਾਸ ਦਸਿਆ ਜਾਂਦਾ ਹੈ। ਨਾਭੇ ਦੇ ਹਾਕਮਾਂ ਦਾ ਜੋਸ਼ ਨਾਲ ਪਿੱਛਾ ਕੀਤਾ ਜਾਣ ਨਾਲ, ਅਕਾਲੀਆਂ ਦੀ ਤੇਜ਼ੀ ਨਾਲ ਵਰਸਾਈ ਗਈ ਅੱਗ ਨਾਲ, ਅਕਾਲੀ ਦੀ ਅਗਵਾਈ ਵਿਚ ਜਾਨ ਤੋੜਵੇਂ ਹੱਲੇ ਕੀਤੇ ਜਾਨ ਨਾਲ ਸਰਕਾਰੀ ਕਰਮਚਾਰੀਆਂ ਵਾਲੇ ਪਾਸੇ ਕੋਈ ਭੀ ਨਾ ਮਾਰਿਆ ਗਿਆ? ਨਾਭੇ ਦਾ ਇਕ ਬੇਨਾਮ ਪੇਂਡੂ ਫਟੜ ਹੋਇਆ ਦਸੀ ਦਾ ਹੈ। "ਡੱਟ ਕੇ ਕੀਤੇ ਗਏ ਹੱਲੇ" ਤੇ "ਤੇਜ਼ੀ ਨਾਲ ਵਰਸਾਈ ਗਈ ਅੱਗ" ਦਾ ਸਿੱਟਾ ਹੋਰ ਵੀ ਹਾਸੋ ਹੀਣਾ ਹੋ ਜਾਂਦਾ ਹੈ। ਜਦ ਅਸੀਂ ਏਹ ਯਾਦ ਕਰਦੇ ਹਾਂ ਕਿ ਜੱਥੇ ਤੇ ਸੰਗਤ ਦੇ ਕਈ ਸਿੱਖ ਜਿਨ੍ਹਾਂ ਉਤੇ ਹਾਕਮਾਂ ਨੇ ਗੋਲੀ ਦੀ ਬੁਛਾੜ ਕੀਤੀ ਪੈਨਸ਼ਨੀ ਸਿਪਾਹੀ ਤੇ ਜੰਗੀ ਅਫਸਰ ਸਨ।

ਜੱਥੇ ਨੇ ਸ੍ਰੀ ਅਕਾਲ ਤਖਤ ਜੀ ਦੇ ਹਜ਼ੂਰ ਪੂਰਨ ਸ਼ਾਂਤਮਈ ਰਹਿਣ ਦਾ ਪ੍ਰਣ ਕੀਤਾ ਹੋਇਆ

Digitized by Panjab Digital Library | www.panjabdigilib.org

ਸੀ। ਗੌਰਮਿੰਟ ਜਥਿਆਂ ਦੀ ਸਾਂਤਮਈ ਸਪਿਰਟ ਦਾ ਇਮਤਿਹਾਨ ਗੁਰੂ ਕੇ ਬਾਗ ਤੇ ਹੋਰ ਕਈ ਥਾਈਂ ਬਾਰ ਬਾਰ ਅਨੇਕ ਪ੍ਰਕਾਰ ਦੇ ਨਵੇਂ ਤੋਂ ਨਵੇਂ ਤਸੀਹੇ ਦੇ ਕੇ ਕਰ ਚੁਕੀ ਸੀ। ਹੱਦ ਦਰਜੇ ਦੀਆਂ ਭੜਕਾਣ ਤੇ ਸ਼ਾਂਤਮਈ ਤੋੜਨ ਪਰ ਮਜਬੂਰ ਕਰਨ ਵਾਲੀਆਂ ਹਾਲਤਾਂ ਵਿਚ ਵੀ ਸਿਖ ਨੇ ਹੈਰਾਨ ਕਰਨ ਵਾਲੀ ਸਹਿਨ ਸੀਲਤਾ ਤੇ ਆਪਣੇ ਆਪ ਨੂੰ ਕਾਬੂ ਵਿਚ ਰੱਖਣ ਦਾ ਸਬੂਤ ਦਿਤਾ ਹੈ। ਇਕ ਨੇ ਭੀ ਸਾਂਤ ਭੰਗ ਕਰਨ ਦੀ ਨਾਮ ਮਾਤਰ ਰੁਚੀ ਪ੍ਰਗਟ ਕਰਕੇ ਭੀ ਜਥੇਬੰਦੀ ਨੂੰ ਵੱਟਾ ਨਹੀਂ ਲਾਇਆ।

ਨਾਭੇ ਦੇ ਹਾਕਮਾਂ ਦੀਆਂ ਤਿਆਰੀਆਂ ਤੋਂ ਸਾਫ ਪਰਗਟ ਹੈ ਕਿ ਉਸ ਨੇ ਸਿਖ ਸੰਗਤ ਨੂੰ ਮਾਰਨ ਤੇ ਉਸ ਨੂੰ ਗੋਲੀ ਦਾ ਨਿਸ਼ਾਨਾ ਬਣਾਨ ਵਾਸਤੇ ਸਿਖਾਂ ਦੇ ਨਾਭੇ ਦੀ ਹੱਦ ਅੰਦਰ ਦਾਖਲ ਹੋਣ ਤੋਂ ਪਹਿਲਾਂ ਹੀ ਆਪਣੇ ਆਪ ਵਿਚ ਪੱਕਾ ਫੈਸਲਾ ਕਰ ਲਿਆ ਸੀ। ਤੇ ਉਸ ਨੇ ਸਿਖਾਂ ਵਲੋਂ ਕਿਸੇ ਤਰਾਂ ਦੀ ਛੇੜ ਜਾਂ ਖਤਰਾ ਹੋਣ ਤੋਂ ਬਿਨਾਂ ਹੀ ਝੰਡੀ ਹਲਾ ਕੇ ਗੋਲੀ ਚਲਾਣ ਦਾ ਇਸ਼ਾਰਾ ਕਰ ਦਿਤਾ।

ਫੇਰ ਕੀ ਸੀ ? ਨੇਕ ਆਦਰਸ਼ ਵਾਸਤੇ ਕਸ਼ਟ ਸਹਾਰਨ ਦੇ ਅਦੁਤੀ ਹੌਸਲੇ, ਠੰਡੇ ਜ਼ਿਗਰੇ ਤੇ ਅਡੋਲ ਚਿਤ ਦਾ ਅਜੇਹਾ ਨਜ਼ਾਰਾ ਬੱਝ ਗਿਆ ਕਿ ਦੁਨੀਆਂ ਦੇ ਇਤਹਾਸ ਅੰਦਰ ਜਿਸ ਦੀ ਮਿਸਾਲ ਮਿਲਣੀ ਕਠਨ ਹੈ। ਸਿਖ ਸ਼ਰਧਾਲੂਆਂ ਦਾ ਵੱਡਾ ਜਥਾ (ਜਿਸ ਵਿਚ ਇਸਤਰੀਆਂ ਤੇ ਬਿਰਧ ਸਿੰਘ ਵੀ ਸਨ) ਗੁਰੂ ਦੇ ਸ਼ਬਦ ਗਾਉਂਦਾ ਹੋਇਆ ਬਾਹਾਂ ਉਚੀਆਂ ਕਰਕੇ ਗੋਲੀਆਂ ਦੀ ਬਾਰਸ਼ ਹੇਠ ਗੁਰਦਵਾਰੇ ਵੱਲ ਵਧਦਾ ਗਿਆ। ਕਈ ਸਾਥੀ ਸ਼ਹੀਦ ਜਾਂ ਸਖਤ ਫੱਟੜ ਹੋ ਕੇ ਰਸਤੇ ਵਿਚ ਡਿਗਦੇ ਗਏ ਪਰ ਕਿਸੇ ਨੇ ਕਦਮ ਪਿਛੇ ਨਾ ਹਟਾਇਆ। ਸ਼ਹੀਦਾਂ ਤੇ ਫੱਟੜ ਸਾਥੀਆਂ ਨੂੰ ਚੁਕ ਕੇ ਜੱਥਾ ਸਿਧਾ ਟਿੱਬੀ ਸਾਹਿਬ ਦੇ ਉਚੇ ਸਥਾਨ ਪਰ ਜਾ ਪੁਜਾ। ਇਸ ਤਰਾਂ ਜਥਾ ਨਾਭੇ ਦੇ ਗੋਲੀਆਂ ਚਲਾ ਰਹੇ ਸਪਾਹੀਆਂ ਦੇ ਐਨ ਨੇੜੇ ਪੁਜ ਗਿਆ ਕਿ ਸਿਪਾਹੀ ਖਿੰਡ ਜਾਣ ਪਰ ਮਜਬੂਰ ਹੋ ਗਏ। ਪਰ ਹੁਣ ਜਥੇ ਪਰ ਦੂਜੇ ਪਾਸਿਆਂ ਤੋਂ ਗੋਲੀਆਂ ਵਰਸਣੀਆਂ ਸ਼ੁਰੂ ਹੋ ਗਈਆਂ। ਕਈ ਅੱਖੀਂ ਵੇਖਣ ਵਾਲੇ ਸਜਣਾਂ ਦੀਆਂ ਗਵਾਹੀਆਂ ਤੋਂ ਪਤਾ ਲਗਦਾ ਹੈ ਕਿ ਕਲਦਾਰ ਤੋਪਾਂ ਭੀ ਵਰਤੀਆਂ ਗਈਆਂ। ਇਕ ਮਾਈ ਦੇ ਕੁਛੜਲੇ ਬੱਚੇ ਨੂੰ ਗੋਲੀ ਲਗੀ। ਮਸੂਮ ਬੱਚਾ ਗੋਲੀ ਲਗਦਿਆਂ ਹੀ ਚੜ੍ਹਾਈ ਕਰ ਗਿਆ। ਮਾਈ ਨੇ ਇਕ ਪਾਸੇ ਹੋ ਕੇ ਬੱਚੇ ਨੂੰ ਅਡੋਲ ਜ਼ਮੀਨ ਪਰ ਰੱਖ ਦਿਤਾ ਤੇ ਆਪ ਫਿਰ ਜਥੇ ਦੇ ਨਾਲ ਅਗੋਂ ਵਧਦੀ ਗਈ। ਇਕ ਸਿਖ ਦੀਆਂ ਆਂਦਰਾਂ ਗੋਲੀਆਂ ਨਾ ਬਾਹਰ ਆ ਗਈਆਂ। ਉਸ ਨੂੰ ਮੱਧਮ ਆਵਾਜ਼ ਵਿਚ ਇਹ ਆਖਦਿਆਂ ਸੁਣਿਆ ਗਿਆ "ਸ਼ੁਕਰ ਹੈ ਵਾਹਿਗੁਰੂ ਤੇਰੀ ਦਰਗਾਹ ਦਾ, ਮੇਰਾ ਨਕਾਰਾ ਸਰੀਰ ਧਰਮ ਵਾਸਤੇ ਪਰਵਾਨ ਕਰ ਲਿਆ ਈ।" ਸ੍ਰੀ ਦਰਬਾਰ ਸਾਹਿਬ ਦੀ ਪਾਲਕੀ ਨੂੰ ਵਿਚਕਾਰ ਰੱਖਣ ਵਾਸਤੇ ਜਥੇ ਨੇ ਖਾਸ ਖਿਆਲ ਰਖਿਆ। ਹੋ ਨਹੀਂ ਸਕਦਾ ਕਿ ਅਜੇਹੀ ਹਾਲਤ ਵਿਚ ਹਾਕਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤਰਤਾ ਖਿਆਲ ਵਿਚ ਭੀ ਲਿਆ ਸਕਦੇ ਜਾਂ ਉਸ ਨਾਲ ਯੋਗ ਵਰਤਾਓ ਕਰਦੇ। ਕਈ ਦਫਾ ਚਾਲੀ ਜਾਂ ਪੰਜਾਹ ਮਿੰਟਾਂ ਪਿਛੋਂ ਗੋਲੀ ਚਲਣੀ ਬੰਦ ਹੋ ਕੇ ਫੇਰ ਸ਼ੁਰੂ ਕੀਤੀ ਜਾਂਦੀ। ਸੰਗਤ ਗੁਰਦਵਾਰਾ ਟਿੱਬੀ ਸਾਹਿਬ ਦੇ ਅੰਦਰ ਦਾਖਲ ਹੋ ਗਈ। ਸ਼ਹੀਦ ਤੇ ਫੱਟੜ ਸਾਥੀਆਂ ਨੂੰ ਗੁਰਦਵਾਰੇ ਅੰਦਰ ਲਿਆਣ ਵਾਸਤੇ ਬਹੁਤ ਸਾਰੀ ਸੰਗਤ ਲਾਗੇ ਦੇ ਖੇਤਾਂ ਵਲ ਗਈ। ਕਈ ਇਸਤਰੀਆਂ ਆਪਣੇ ਫੱਟੜ ਵੀਰਾਂ ਦੀ ਸੇਵਾ ਵਿਚ ਰੁਝ ਗਈਆਂ। ਥੋੜੇ ਜਿਹੇ ਸ਼ਹੀਦ ਤੇ ਫੱਟੜ ਸਾਥੀਆਂ ਨੂੰ ਉਹਨਾਂ ਦੇ ਹਥੋਂ ਖੋਹ ਲਿਆ ਗਿਆ। ਫਟੜਾਂ ਵਿਚੋਂ ਬਹੁਤ ਸਾਰੇ ਸਮੇਂ ਸਿਰ ਖਬਰਗੀਰੀ ਨਾ ਹੋਣ ਕਰਕੇ ਤੇ ਪਾਣੀ ਨਾ ਮਿਲਣ ਕਰਕੇ ਜਾਨਾਂ ਤੋੜ ਕੇ ਸ਼ਹੀਦ ਹੋ ਗਏ।

ਗੁਰਦਵਾਰਾ ਟਿੱਬੀ ਸਾਹਿਬ ਦੀ ਪਵਿਤਰ ਜ਼ਮੀਨ ਦੀ ਯਾਤਰਾ ਸਿਖਾਂ ਨੇ ਆਪਣੇ ਜਿਗਰ ਦਾ ਵਡਮੁਲਾ ਲਹੂ ਭੇਟ ਦੇ ਕੇ ਵਰਸਦੀਆਂ ਗੋਲੀਆਂ ਵਿਚਕਾਰ ਲਈ। ਲਾਗੇ ਦੇ ਖੇਤ ਸ਼ਹੀਦੀ ਖੂਨ

Digitized by Panjab Digital Library | www.panjabdigilib.org

ਸ਼ਹੀਦਾਂ ਤੇ ਫੱਟੜ ਗੁਰੂ ਦੁਲਾਰਿਆਂ ਦੀਆਂ ਲੋਥਾਂ ਨਾਲ ਭਰ ਗਏ। ਸਿਦਕੀ ਜੀਉੜਿਆਂ ਨੇ ਗੁਲਾਮੀ ਦੇ ਬੰਧਨ ਕੱਟ ਕੇ ਇਕ ਵਾਰ ਫਿਰ ਆਤਮਕ ਮੰਡਲ ਦੀ ਉਡਾਰੀ ਲਈ ਤੇ ਸਿਰਾਂ ਦੀ ਸੁਨਹਿਰੀ ਭੇਟ ਤਲੀਆਂ ਪਰ ਰਖ ਕੇ ਗੁਰ ਸਿਖ ਇਕ ਵਾਰ ਫਿਰ ਆਪਣੇ ਪ੍ਰੀਤਮ ਦੀ ਗਲੀ ਵਿਚ ਦਾਖਲ ਹੋਏ।

ਸ਼ਹੀਦ ਤੇ ਫੱਟੜ ਸਾਥੀਆਂ ਨੂੰ ਗੁਰਦੁਆਰੇ ਵਿਚ ਨਿਵਾਸ ਦੇ ਕੇ ਸ਼ਹੀਦੀ ਜੱਥਾ ਟਿੱਬੀ ਸਾਹਿਬ ਦੇ ਗਿਰਦ ਚੱਕਰ ਲਗਾ ਕੇ ਗੁਰਦੁਆਰਾ ਗੰਗਸਰ ਵਲ ਅਗੇ ਵਧਿਆ। ਪਰ ਰਸਾਲੇ ਦੇ ਇਕ ਦਸਤੇ ਨੇ ਉਨ੍ਹਾਂ ਨੂੰ ਵਧਣੋਂ ਰੋਕ ਲਿਆ ਅਤੇ ਰਸਤਾ ਬੰਦ ਕਰ ਲਿਆ। ਰਸਾਲੇ ਦੇ ਇਕ ਦਸਤੇ ਨੇ ਗੁਰਦੁਆਰਾ ਟਿੱਬੀ ਸਾਹਿਬ ਦੁਆਲੇ ਇਕੱਤ੍ਰ ਹੋਈ ਸੰਗਤ ਪੁਰ ਧਾਵਾ ਕੀਤਾ ਅਤੇ ਸਵਾਰਾਂ ਤੇ ਕਈ ਮੀਲਾਂ ਤਕ ਸੰਗਤ ਦੇ ਜਥਿਆਂ ਦਾ ਪਿਛਾ ਕਰਕੇ ਚੌਹੀਂ ਪਾਸੀਂ ਖਿੰਡਾ ਦਿਤਾ। ਬੁਢਿਆਂ, ਤ੍ਰੀਮਤਾਂ ਤੇ ਬਚਿਆਂ ਮਗਰ ਰਸਾਲੇ ਦੇ ਕੈਹਰ ਭਰੇ ਸਵਾਰਾਂ ਦੇ ਸ਼ਕਾਰੀਆਂ ਵਤ ਦੌੜਨ ਨਾਲ ਜ਼ਰੂਰ ਬਹੁਤ ਸਾਰੀਆਂ ਜਾਨਾਂ ਦਾ ਨੁਕਸਾਨ ਹੋਇਆ ਹੋਵੇਗਾ, ਤੇ ਬਹੁਤ ਸਾਰੇ ਘੋੜਿਆਂ ਦੇ ਖੁਰਾਂ ਹੇਠ ਆ ਕੇ ਕੁਚਲੇ ਗਏ ਹੋਣਗੇ। ਰਸਾਲੇ ਦੇ ਸ਼ਕਾਰੀਆਂ ਨੇ ਸ਼ਹੀਦੀ ਜਥੇ ਨੂੰ ਚਵਾਂ ਪਾਸਿਆਂ ਤੋਂ ਘੇਰ ਲਿਆ ਤੇ ਛਾਛੀ ਪੁਲਸ ਤੇ ਪੇਂਡੂ ਰੰਗਰੂਟਾਂ ਦੀ ਕਾਫੀ ਗਿਣਤੀ ਨੇ ਜੋ ਸ਼ਰਾਬ ਪੀ ਕੇ ਬਦਮਸਤ ਹੋਏ ਸਨ, ਸਿੱਖਾਂ ਨੂੰ ਮਾਰਨਾ ਸ਼ੁਰੂ ਕੀਤਾ। ਇਕ ਇਕ ਸਿੱਖ ਦੇ ਗਿਰਦ ਪੰਜ ਪੰਜ ਛੇ ਛੇ ਹੋ ਗਏ। ਰਿਆਸਤੀ ਕਰਮਚਾਰੀਆਂ ਦੇ ਹੁਕਮ ਤੇ ਦਲੇਰੀ ਨਾਲ ਦਿਲ ਖੋਲ੍ਹ ਕੇ ਡਾਂਗਾਂ ਵਰਸਾਂਦੇ ਤੇ ਸ਼ਹੀਦੀ ਜਥੇ ਦੇ ਸੂਰਬੀਰਾਂ ਨੂੰ ਮਾਰ ਮਾਰ ਕੇ ਬੇਹੋਸ਼ ਕਰ ਦਿੰਦੇ ਸਨ। ਬੇਹੋਸ਼ ਬੀਰਾਂ ਨੂੰ ਤਕੜੇ ਰਸਿਆਂ ਨਾਲ ਨਰੜਕੇ ਗਡਿਆਂ ਵਿਚ ਗਠੜੀਆਂ ਵਾਂਗ ਸੁਟ ਦਿੰਦੇ ਤੇ ਗਡੇ ਕੰਡੇਦਾਰ ਤਾਰ ਦੇ ਘੇਰੇ ਵਿਚ ਲੈ ਜਾਂਦੇ ਸਨ, ਉਥੋਂ ਕਿਲ੍ਹੇ ਵਿਚ ਪੁਚਾਇਆ ਜਾਂਦਾ ਸੀ।

ਸਰਕਾਰੀ ਐਲਾਨ ਵਿਚ ਇਹ ਨਿਸਚੇ ਕਰਨ ਦਾ ਯਤਨ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮਾਨ ਵਿਚ ਫਰਕ ਨਹੀਂ ਆਉਣ ਦਿਤਾ ਗਿਆ ਤੇ ਮਹਾਰਾਜ ਦੀ ਸਵਾਰੀ ਨੂੰ ਯੋਗ ਸਨਮਾਨ ਨਾਲ ਇਕ ਧਰਮਸਾਲਾ ਵਿਚ ਪੁਚਾਇਆ ਗਿਆ। ਪਰ ਸਰਕਾਰੀ ਐਲਾਨ ਵਿਚ ਇਸ ਗਲ ਪਰ ਚਾਨਣਾ ਨਹੀਂ ਪਾਇਆਂ ਗਿਆ ਕਿ ਸਵਾਰੀ ਕਿਨ੍ਹਾਂ ਆਦਮੀਆਂ ਉਠਾਈ, ਕਿਸ ਧਰਮਸਾਲਾ ਵਿਚ ਨਿਵਾਸ ਕਰਾਇਆ ਤੇ ਉਸ ਵਕਤ ਜਥਾ ਕਿਸ ਰੰਗ ਵਿਚ ਸੀ ਅਤੇ ਇਹ ਸਾਰੀ ਕਾਰਵਾਈ ਗੋਲੀ ਚਲਣ ਤੋਂ ਪਹਿਲਾਂ ਹੋਈ ਸੀ ਜਾਂ ਪਿਛੋਂ? ਅਸਲ ਗੱਲ ਇਹ ਹੈ ਕਿ ਜਦ ਜਥੇ ਨੂੰ ਬੇਰਹਿਮੀ ਨਾਲ ਮਾਰਿਆ ਜਾ ਰਿਹਾ ਸੀ ਤਾਂ ਮਿਸਟਰ ਉਗਲਵੀ ਨੇ ਜਥੇ ਦੇ ਕੁਝ ਸਿੰਘਾਂ ਮਹਾਰਾਜਾ ਜੀ ਦੀ ਸਵਾਰੀ ਨੂੰ ਚੁਕ ਕੇ ਕਿਸੇ ਥਾਂ ਲੈ ਚਲਣ ਵਾਸਤੇ ਹੁਕਮ ਦਿਤਾ। ਪਰ ਜਥੇ ਦੇ ਮੈਂਬਰਾਂ ਨੇ ਸਵਾਏ ਗੁਰਦੁਆਰਾ ਗੰਗਸਰ ਦੇ ਕਿਸੇ ਹੋਰ ਥਾਂ ਸਵਾਰੀ ਲੈਜਾਣੋ ਇਨਕਾਰ ਕਰ ਦਿਤਾ ਇਸ ਪਰ ਮਿਸਟਰ ਉਗਲਵੀ ਨੇ ਆਪਣੇ ਆਦਮੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਿਸੀ ਬੇ ਮਲੂਮ ਜਗ੍ਹਾ ਲਿਜਾਣ ਵਾਸਤੇ ਹੁਕਮ ਦਿਤਾ।

ਕੁਝ ਸਿੰਘ ਜੋ ਟਿੱਬੀ ਸਾਹਿਬ ਦੇ ਨੇੜੇ ਪਏ ਸਨ ਤੇ ੨੦ ਜਾਂ ੩੦ ਇਸਤ੍ਰੀਆਂ ਨੂੰ ਜੋ ਫਟੜਾਂ ਦੀ ਸੇਵਾ ਕਰ ਰਹੀਆਂ ਸਨ, ਬੇਹਯਾਈ ਨਾਲ ਮਾਰਿਆ ਤੇ ਗ੍ਰਿਫਤਾਰ ਕਰ ਲਿਆ ਗਿਆ। ਇਕ ਇਸਤ੍ਰੀ ਨੂੰ ਜੋ ਫਟੜਾਂ ਦੀ ਸੇਵਾ ਕਰ ਰਹੀ ਸੀ ਸਿਪਾਹੀਆਂ ਨੇ ਗਾਲਾਂ ਕਢੀਆਂ ਤੇ ਉਸ ਥਾਂ ਤੋਂ ਚਲੇ ਜਾਣ ਦਾ ਹੁਕਮ ਦਿਤਾ। ਉਸ ਦੇ ਇਨਕਾਰ ਕਰਨ ਪਰ ਸਿਪਾਹੀਆਂ ਨੇ ਟਿੱਬੀ ਸਾਹਿਬ ਦੀ ੨੦ ਫੁਟ ਦੀ ਉਚਾਈ ਤੋਂ ਬੁਰੀ ਤਰ੍ਹਾਂ ਹੇਠਾਂ ਧੱਕਾ ਦਿਤਾ, ਫੱਟੜ ਕਿਸਮਤ ਦੇ ਆਸਰੇ ਰਹਿਣ ਦਿਤੇ ਗਏ ਤੇ ਕਈ ਪਾਣੀ ਬਗੈਰ ਤੇ ਸਮੇਂ ਸਿਰ ਮਲ੍ਹਮ ਪਟੀ ਨਾ ਹੋਣ ਕਰਕੇ ਚੜ੍ਹਾਈ

Digitized by Panjab Digital Library | www.panjabdigilib.org

ਕਰ ਗਏ ।

ਜੱਥੇ ਦੇ ਨਾਲ ਡਾਕਟਰ ਕੇਹਰ ਸਿੰਘ ਮੁਕਤਸਰ ਤੇ ਹੋਰ ਕਈ ਮਰਹਮ ਪਟੀ ਕਰਨ ਵਾਲੇ ਗ੍ਰਿਫਤਾਰ ਕੀਤੇ ਗਏ । ਜੱਥੇ ਦੀ ਰਸਦ, ਬਿਸਤ੍ਰੇ ਤੇ ਦਵਾਈਆਂ ਜਬਰਨ ਖੋਹ ਲਏ ਗਏ । ਜੈਤੋ ਦੇ ਕਤਲਾਮ ਨੂੰ ਆਪਣੀ ਮੰਨ ਮਰਜ਼ੀ ਰੰਙਣ ਦੇਣ ਦੀ ਖਾਤਰ ਹਾਕਮਾਂ ਨੇ ਭਰੋਸੇ ਯੋਗ ਖਬਰਾਂ ਨੂੰ ਅਖਬਾਰਾਂ ਤੱਕ ਪ੍ਰੁਜਣ ਤੋਂ ਬੜੀ ਹੁਸ਼ਿਆਰੀ ਨਾਲ ਰੋਕੀ ਰਖਿਆ । ਪ੍ਰੰਸੀਪਲ ਗਿਡਵਾਨੀ ਡਾਕਟਰ ਕਿਚਲੂ ਤੇਮਿਸਟਰ-ਜ਼ੁਮਾਂਡ ਅਖਬਾਰ ਨਿਊਯਾਰਕ ਅਮਰੀਕਾ ਦੇ ਪੱਤ੍ਰ ਪ੍ਰੇਰਕ ਨੂੰ ਨਾਭੇ ਦੀ ਹੱਦ ਉਤੇ ਹੀ ਰੋਕ ਰਖਿਆ । ਜਦ ਗੋਲੀਆਂ ਚਲਣ ਦੀ ਆਵਾਜ਼ ਆਈ, ਡਾ: ਕਿਚਲੂ ਤੇ ਮਿ: ਗਿਡਵਾਨੀ ਹੋਰ ਚਿਰ ਕਿਸ ਤਰ੍ਹਾਂ ਉਡੀਕ ਸਕਦੇ ਸਨ, ਦੋਵੇਂ ਰਿਆਸਤ ਦੀ ਹੱਦ ਅੰਦਰ ਦਾਖਲ ਹੋਏ ਤੇ ਗ੍ਰਿਫਤਾਰ ਕੀਤੇ ਗਏ । ਰਾਏ ਛਾਦਾ-ਹਸ ਰਾਜ ਮਿ: ਸਾਰਮੁਖ ਚੈਂਟੀ ਜੈਸੇ ਕੌਂਸਲ ਹਿੰਦ ਦੇ ਮੈਂਬਰ ਅਤੇ ਸ: ਤਾਰਾ ਸਿੰਘ ਵਕੀਲ ਮੋਗਾ ਤੇ ਜਮਾਂਦਾਰ ਪ੍ਰਤਾਪ ਸਿੰਘ ਕੌਂਸਲ ਪੰਜਾਬ ਦੇ ਮੈਂਬਰ ਰੇਲਵੇ ਸਟੇਸ਼ਨ ਉਤੇ ਹੀ ਕਰੜੀ ਨਿਗਰਾਨੀ ਵਿਚ ਰੋਕ ਰੱਖੇ ਗਏ । ਜਮਾਂਦਾਰ ਪ੍ਰਤਾਪ ਸਿੰਘ ਜੀ ਦਾ ਬਿਆਨ ਹੈ ਕਿ ਰੇਲਵੇ ਸਟੇਸ਼ਨ ਤੇ ਰੋਕੇ ਹੋਏ ਸਜਨਾਂ ਨੂੰ ਜੰਗਲ ਦੀ ਹਾਜਤ ਪੂਰੀ ਕਰਨ ਤੱਕ ਦੀ ਇਜਾਜ਼ਤ ਨਹੀਂ ਮਿਲਦੀ ਸੀ । ਪੁਲਸ ਨੇ ਇਨ੍ਹਾਂ ਸਜਨਾਂ ਨੂੰ ਪਹਿਲੀ ਗੱਡੀ ਕੱਢਣ ਦੀ ਕੀਤੀ । ਇਸ ਗਲ ਦਾ ਉੱਕਾ ਹੀ ਖਿਆਲ ਨਾ ਕੀਤਾ ਗਿਆ ਕਿ ਕਿਸ ਨੇ ਕਿਸੇ ਪਾਸੇ ਜਾਣਾ ਸੀ, ਜਮਾਂਦਾਰ ਜੀ ਨੇ ਗੋਲੀ ਚਲਣ ਦੀ ਆਵਾਜ਼ ਸੁਣੀ, ਜੋ ਉਨ੍ਹਾਂ ਦੀ ਰਾਏ ਅਨੁਸਾਰ ਚਾਲੀ ਪੰਜਾਹ ਮਿੰਟ ਚਲਦੀ ਰਹੀ ਤੇ ਤਿੰਨ ਬੰਬ ਚਲਾਏ ਗਏ ।

ਗੋਲੀ ਚਲਣ ਮਗਰੋਂ ਜਮਾਂਦਾਰ ਜੀ ਨੇ ਰਸਾਲੇ ਦੇ ਇਕ ਦਸਤੇ ਨੂੰ ਕੁਝ ਫਾਸਲੇ ਪਰ ਸਰਪਟ ਘੋੜੇ ਦੁੜਾਂਦੇ ਤੇ ਲੋਕਾਂ ਪਰ ਧਾਵਾ ਕਰਦੇ ਵੇਖਿਆ । ਇਕ ਫੋਟੋਗਰਾਫਰ ਨੂੰ ਸਖਤ ਚਾਬਕ ਮਾਰੇ ਤੇ ਸਿਪਾਹੀਆਂ ਨੂੰ ਉਸਦੇ ਰਿਆਸਤ ਦੀ ਹੱਦ ਤੋਂ ਬਾਹਰ ਕੱਢਣ ਦਾ ਹੁਕਮ ਦਿਤਾ । ਫੋਟੋਗਰਾਫਰ ਦਾ ਬਿਆਨ ਹੈ ਕਿ ਉਸ ਅੰਗਰੇਜ਼ ਅਫਸਰ ਨੇ ਇਕ ਸਿਖ ਔਰਤ ਨੂੰ ਜਿਸ ਨੇ ਉਸ ਦਾ ਹੁਕਮ ਨਾ ਮੰਨ ਕੇ ਖਲੋ ਹੋਣੋ ਨਾਂਹ ਕਰ ਦਿਤੀ ਸੀ, ਸਖਤ ਚਾਬਕ ਮਾਰੇ । ਹਾਕਮਾਂ ਵਲੋਂ ਨਿਰਪੱਖ ਵੇਖਣ ਵਾਲਿਆਂ ਨਾਲ ਇਸਤਰਾਂ ਦੇ ਸਲੂਕ ਤੋਂ ਸਾਫ ਪਰਗਟ ਹੈ ਕਿ ਹਾਕਮਾਂ ਦੇ ਮਨਸੂਬੇ ਆਪਣੇ ਅਤਿਆਚਾਰਾਂ ਪਰ ਪਰਦਾ ਪਾਣ ਦੇ ਸਨ । ਸਰਕਾਰੀ ਬਿਆਨ ਨੂੰ ਨਿਰਪੱਖ ਅਸਾਂ ਦੀ ਤਰਦੀਦ ਤੋਂ ਬਚਾਣ ਦੇ ਸਾਰੇ ਪਾਸੋ ਸੋਚ ਸਮਝ ਕੇ ਗਵਰਨਮੈਂਟ ਨੇ ਇਕ ਐਲਾਨ ਕਰ ਦਿਤਾ ਕਿ ਅਕਾਲੀਆਂ ਨੇ ਤਸ਼ੱਦਦ ਕੀਤਾ ਤੇ ਹਾਕਮਾਂ ਦੇ ਗੋਲੀ ਚਲਾਣ ਤੋਂ ਪਹਿਲਾਂ ਅਕਾਲੀਆਂ ਨੇ ਗੋਲੀ ਚਲਾਈ । ਸਰਕਾਰੀ ਬਿਆਨ ਉੱਕਾ ਹੀ ਝੂਠ ਦਾ ਭਰਿਆ ਹੋਇਆ ਸੀ । ਜੇ ਗੈਰ ਸਰਕਾਰੀ ਨਿਰਪੱਖ ਖੋਜ ਕੀਤੀ ਜਾਵੇ ਤਾਂ ਬਹੁਤ ਸਾਰੀਆਂ ਭਰੋਸੇਯੋਗ ਗਵਾਹੀਆਂ ਸਰਕਾਰੀ ਐਲਾਨ ਦੀ ਕੁਟਲਤਾ ਪ੍ਰਗਟ ਕਰਨ ਲਈ ਮੈਦਾਨ ਵਿਚ ਆਉਣਗੀਆਂ ।

ਰਿਆਸਤ ਦੇ ਕਰਮਚਾਰੀਆਂ ਨੇ ਗੋਲੀ ਚਲਣ ਤੋਂ ਚੌਵੀ ਘੰਟੇ ਤਕ ਨਾ ਹੀ ਸਿਖਾਂ ਨੂੰ ਫੱਟੜਾਂ ਦੀ ਖਬਰ ਸੁਰਤ ਲੈਣ ਲਈ ਇਜਾਜ਼ਤ ਦਿਤੀ ਤੇ ਨਾ ਹੀ ਆਪ ਡਾਕਟਰੀ ਮਦਦ ਦਾ ਕੋਈ ਪ੍ਰਬੰਧ ਕੀਤਾ, ਜਿਸਦਾ ਕੁਦਰਤੀ ਨਤੀਜਾ ਇਹ ਹੋਇਆ ਕਿ ਵਕਤ ਸਿਰ ਸਹਾਇਤਾ ਨਾ ਮਿਲਣ ਕਰਕੇ ਕਈ ਕੀਮਤੀ ਜਾਨਾਂ ਦਾ ਨੁਕਸਾਨ ਹੋਇਆ ।

ਜ਼ਖਮੀ ਵੀਰ ਪਾਣੀ ਵਾਸਤੇ ਸਹਿਕਦੇ ਸਨ । ਸੇਵਾ ਕਰਨ ਵਾਲੇ ਪਰੇਮੀ ਪਾਣੀ ਬਹੁਤ ਦੂਰੋਂ ਲਿਆਉਂਦੇ ਸਨ । ਜੱਥੇ ਦਾ ਡਾਕਟਰੀ ਅਮਲਾ ਗ੍ਰਿਫਤਾਰ ਕੀਤਾ ਗਿਆ ਤੇ ਮਲਮ ਪੱਟੀ ਦਾ ਸਮਾਨ ਤੇ ਜਥੇ ਦੀਆਂ ਹੋਰ ਲੋੜੀਂਦੀਆਂ ਚੀਜ਼ਾਂ ਜ਼ਬਰਦਸਤੀ ਖੋਹ ਲਈਆਂ ਗਈਆਂ । ਵੱਢੀ ਡਰਾ ਦੇ ਜ਼ੋਰ ਨਾਲ ਿਡਾਂ ਵਿਚੋਂ ਬਹੁਤ ਸਾਰੇ ਆਦਮੀ ਇਕਠੇ ਕੀਤੇ ਹੋਏ ਸਨ । ਜਿਨ੍ਹਾਂ ਨੂੰ ਡਾਂਗਾਂ ਚਲਾਣ ਦਾ ਵੱਲ

ਚੰਗੀ ਤਰਾਂ ਸਿਖਾਇਆ ਗਿਆ ਤੇ ਸ਼ਰਾਬ ਪਿਲਾਈ ਗਈ ਸੀ ਤਾਂ ਜੋ ਅਕਾਲੀਆਂ ਨੂੰ ਮਾਰ ਕੁਟਾਈ ਕਰਕੇ ਇਸ ਨੂੰ ਅਕਾਲੀਆਂ ਤੇ ਪਿੰਡਾਂ ਵਾਲਿਆਂ ਦੀ ਆਪਸ ਦੀ ਲੜਾਈ ਦੀ ਸ਼ਕਲ ਦਿਤੀ ਜਾ ਸਕੇ। ਸ਼੍ਰੋਮਣੀ ਗੁਰੁਦਵਾਰਾ ਪ੍ਰਬੰਧਕ ਕਮੇਟੀ ਨੂੰ ਪੁਜੀਆਂ ਖਬਰਾਂ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਸ ਵਕਤ ਤਕ ਮਲੂਮ ਹੋਇਆ ਨੁਕਸਾਨ ੯੦ ਮੌਤਾਂ ਤੇ ੨੦੦ ਜ਼ਖਮੀਆਂ ਤੋਂ ਘਟ ਨਹੀਂ। ਸ੍ਰੀ ਅੰਮ੍ਰਿਤਸਰ ਜੀ ਤੋਂ ਗਏ ਤਿੰਨ ਡਾਕਟਰਾਂ ਦੀ ਰਪੋਟ ਹੈ ਕਿ ਉਨ੍ਹਾਂ ਜੈਤੋ ੪੫ ਜ਼ਖਮੀ ਵੇਖੇ, ਜਿਨ੍ਹਾਂ ਵਿਚੋਂ ੨੨ ਉਹਨਾਂ ਦੇ ਸਾਹਮਣੇ ਹੀ ਫੀਰੋਜ਼ਪੁਰ ਸ਼ਫਾਖਾਨੇ ਭੇਜੇ ਗਏ ਤੇ ਕਿਲ੍ਹੇ ਦੇ ਸਾਹਮਣੇ ੩੨ ਲਾਸ਼ਾਂ ਮਿਟੀ ਦੇ ਤੇਲ ਦੇ ਟੀਨਾਂ ਨਾਲ ਜਲਾਈਆਂ ਗਈਆਂ। ਪਰ ਡਾਕਟਰਾਂ ਦਾ ਇਹ ਵੀ ਕਥਨ ਹੈ ਕਿ ਉਨ੍ਹਾਂ ਨੂੰ ਕੇਵਲ ਇਕੋ ਹੀ ਕੈਂਪ ਵਿਖਾਇਆ ਗਿਆ। ਅਜ ਤਕ ੧੧ ਜ਼ਖਮੀ ਅੰਮ੍ਰਿਤਸਰ ਵੀ ਪੁਜ ਚੁਕੇ ਹਨ। ਪਿਛੋਂ ਏਹ ਖਬਰ ਵੀ ਪੁਜੀ ਹੈ ਕਿ ਫੀਰੋਜ਼ਪੁਰ ਭੇਜੇ ਗਏ ਜ਼ਖਮੀਆਂ ਦੀ ਗਿਣਤੀ ੩੮ ਤਕ ਵਧ ਗਈ ਹੈ। ੩੮ ਵਿਚੋਂ ੧੩ ਫੀਰੋਜ਼ਪੁਰ ਛਾਉਣੀ ਦੇ ਸ਼ਫਾ ਖਾਨੇ ਵਿਚ ਭੇਜੇ ਗਏ ਹਨ ਤੇ ਇਹਨਾਂ ਦੇ ਸਰੀਰਾਂ ਵਿਚੋਂ ੧੬ ਗੋਲੀਆਂ ਕੱਢੀਆਂ ਗਈਆਂ ਹਨ। ਪੰਜ ਗੋਲੀਆਂ ਕਲਦਾਰ ਤੋਪ ਦੀਆਂ ਤੇ ੧੧ ਫੌਜੀ ਬੰਦੂਕਾਂ ਦੀਆਂ ਦੱਸੀਆਂ ਜਾਂਦੀਆਂ ਹਨ। ਇਕ ਜ਼ਖਮੀ ਸਿੰਘ ਜੈਤੋ ਤੋਂ ਫੀਰੋਜ਼ਪੁਰ ਜਾਂਦੇ ਰਾਹ ਵਿਚ ਹੀ ਚੜ੍ਹਾਈ ਕਰ ਗਿਆ ਹੈ। ਭਾਈ ਬੰਤਾ ਸਿੰਘ ਨੇ ਫੀਰੋਜ਼ਪੁਰ ਉਪਰੇਸ਼ਨ ਦੇ ਵਕਤ ਜਾਨ ਦੇ ਦਿਤੀ। ਸ਼ਹੀਦੀ ਜਥੇ ਦੇ ਮੈਂਬਰ ਭਾਈ ਮੋਹਨ ਸਿੰਘ ਨੂੰ ਛਾਤੀ ਵਿਚ ਗੋਲੀ ਲੱਗੀ ਤੇ ਫੀਰੋਜ਼ਪੁਰ ਹੀ ਚੜ੍ਹਾਈ ਕਰ ਗਿਆ। ਰਿਆਸਤ ਦੇ ਕਰਮਚਾਰੀਆਂ ਨੇ ਕਤਲਾਮ ਦੇ ਨਜ਼ਾਰੇ ਨੂੰ ਪਰਦੇ ਅੰਦਰ ਰੱਖਣ ਦਾ ਹਰ ਪ੍ਰਕਾਰ ਦਾ ਪੱਕਾ ਪ੍ਰਬੰਧ ਕਰ ਲਿਆ ਸੀ।

ਰਿਆਸਤ ਨਾਭੇ ਅੰਦਰ ਦਾਖਲੇ ਦੀ ਬੰਦਸ ਤਾਂ ਬਹੁਤ ਹੀ ਕਰੜੀ ਸੀ, ਜਿਸ ਕਰਕੇ ਸ਼ਹੀਦਾਂ ਤੇ ਜ਼ਖਮੀਆਂ ਦੀ ਠੀਕ ਠੀਕ ਗਿਣਤੀ ਮਲੂਮ ਨਹੀਂ ਕੀਤੀ ਜਾ ਸਕੀ। ਉਪਰ ਦਿਤੀ ਗਿਣਤੀ ਮਮੂਲੀ ਅੰਦਾਜ਼ਾ ਹੈ। ਮੌਤਾਂ ਤੇ ਜ਼ਖਮੀਆਂ ਵਿਚ ਬਹੁਤ ਸਾਰੀ ਗਿਣਤੀ ਸ਼ਹੀਦੀ ਜਥੇ ਦੀ ਹੈ। ਮੌਕੇ ਦੀਆਂ ਸ਼ਹਾਦਤਾਂ ਵਿਚੋਂ ਕਈਆਂ ਦਾ ਇਹ ਭੀ ਵਿਸ਼ਵਾਸ਼ ਹੈ ਕਿ ਕਈ ਲਾਸ਼ਾਂ ਰੇਲ ਗਡੀਆਂ ਰਾਹੀਂ ਨਾਮਲੂਮ ਥਾਂਈਂ ਭੇਜੀਆਂ ਗਈਆਂ ਹਨ ਤੇ ਕਈ ਦਬਾ ਦਿਤੀਆਂ ਗਈਆਂ ਹਨ। ਪਿਛਲੀਆਂ ਰੀਪੋਰਟਾਂ ਰਾਹੀਂ ਮਲੂਮ ਹੁੰਦਾ ਹੈ ਕਿ ਗੁਰਦਵਾਰਾ ਟਿੱਬੀ ਸਾਹਿਬ ਦੇ ਇਰਦ ਗਿਰਦ ਗੌਰਮਿੰਟ ਨੇ ਕਈ ਡੂੰਘੇ ਟੋਏ ਬਨਾਏ ਹੋਏ ਸਨ ਜੋ ਘਾਹ ਮਿਟੀ ਨਾਲ ਢਕੇ ਹੋਏ ਸਨ। ਕਈਆਂ ਨੂੰ ਇਨ੍ਹਾਂ ਵਿਚ ਡਿਗ ਪੈਣ ਕਰਕੇ ਸਖਤ ਸਟਾਂ ਲਗੀਆਂ। ਗੁਰਦਵਾਰਾ ਗੰਗਸਰ ਦੇ ਦਰਵਾਜ਼ੇ ਅਗੇ ਗੌਰਮਿੰਟ ਨੇ ਇਕ ਖਾਈ ਬਣਾਈ ਹੋਈ ਸੀ। ਇਸ ਵਿਚ ਪਾਣੀ ਭਰਿਆ ਹੋਇਆ ਸੀ ਤੇ ਉਤੋਂ ਘਾਹ ਮਿਟੀ ਨਾਲ ਢਕੀ ਹੋਈ ਸੀ। ਕਲਦਾਰ ਤੋਪਾਂ ਤੇ ਸਿਪਾਹੀ ਗੁਰਦਵਾਰੇ ਦੇ ਅੰਦਰ ਸਨ।

ਸਤ ਸੌ ਤੋਂ ਵਧ ਸੰਗਤ ਦੇ ਇਸਤ੍ਰੀ ਪੁਰਸ਼ ਇਸ ਵਕਤ ਜੈਤੋ ਵਿਚ ਗ੍ਰਿਫਤਾਰ ਹਨ। ਸ਼ਹੀਦੀ ਜਥੇ ਦੇ ਮੈਂਬਰ ਕਿਲੇ ਵਿਚ ਬੰਦ ਸਨ। ਦਿਨ ਵੇਲੇ ਕੰਬਲ ਦਿਤੇ ਜਾਂਦੇ ਸਨ ਤੇ ਰਾਤ ਨੂੰ ਵਾਪਸ ਲੈ ਲਏ ਜਾਂਦੇ ਸਨ। ਉਹਨਾਂ ਨਾਲ ਹਰ ਪ੍ਰਕਾਰ ਦੀ ਸਖਤੀ ਕੀਤੀ ਜਾਂਦੀ ਸੀ।

ਰਿਆਸਤ ਦੇ ਹਾਕਮਾਂ ਨੇ ਗੁਰਦਵਾਰਾ ਗੰਗਸਰ ਦੀ ਪਵਿਤ੍ਰਤਾ ਹੀ ਭੰਗ ਨਹੀਂ ਕੀਤੀ ਸਗੋਂ ਗੁਰਦਵਾਰਾ ਟਿਬੀ ਸਾਹਿਬ ਨੂੰ ਭੀ ਸਿਖਾਂ ਦੀਆਂ ਜਾਨਾਂ ਲੈਣ ਲਈ ਜੰਗੀ ਸਮਾਨ ਅਤੇ ਮੋਰਚੇ ਵਾਂਗ ਵਰਤਿਆ। ਸਿਖ ਇਸਤ੍ਰੀਆਂ ਨੂੰ ਗੁਰਦਵਾਰੇ ਦੇ ਅੰਦਰੋਂ ਜ਼ਖਮੀ ਵੀਰਾਂ ਦੀ ਸੇਵਾ ਕਰਦਿਆਂ ਗ੍ਰਿਫਤਾਰ ਕੀਤਾ। ਗੌਰਮਿੰਟ ਦੇ ਕਰਮ ਚਾਰੀਆਂ ਦੀਆਂ ਦੋਵੇਂ ਹਰਕਤਾਂ ਸਖਤ ਧਾਰਮਿਕ ਉਪਦਰ ਤੇ ਮੁਕਾਲਖ ਵਾਲੀਆਂ ਸਨ।

Digitized by Panjab Digital Library | www.panjabdigilib.org

ਜ਼ਬਰਦਸਤੀ ਭੰਗ ਕੀਤੇ ਗਏ ਅਖੰਡ ਪਾਠ ਨੂੰ ਨਵੇਂ ਸਿਰਉ ਅਰੰਭ ਕਰਨ ਦੇ ਮੰਤਵ ਨੂੰ ਦੁਨੀਆਂ ਦੇ ਸਾਹਮਣੇ ਰਖਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਤਾਬਿਆ ਗੁਰਦਵਾਰੇ ਜਾ ਰਹੇ ਸ਼ਹੀਦੀ ਜਥੇ ਤੇ ਸਿਖ ਸੰਗਤ ਨਾਲ ਹਾਕਮਾਂ ਵਲੋਂ ਰਚਿਆ ਗਿਆ ਖ਼ੂਨੀ ਸਾਕਾ ਇਸ ਤਰਾਂ ਖਤਮ ਹੋਇਆ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਤਾਬਿਆ ਵਿਚ ਜਾ ਰਹੇ ਉਨ੍ਹਾਂ ਸਿਖ ਸ਼ਰਧਾਲੂਆਂ, ਸਿਖ ਤ੍ਰੀਮਤਾਂ ਅਤੇ ਭਲੇ ਪੁਰਸ਼ਾਂ ਤੇ ਗੋਲੀਆਂ ਚਲਾਈਆਂ ਗਈਆਂ ਜਿਨ੍ਹਾਂ ਦੀ ਜੰਗੀ ਬਹਾਦਰੀ ਦੇ ਸੋਹਲੇ ਗਾਉਂਦੀ ਹੋਈ ਗੌਰਮਿੰਟ ਕਦੇ ਥਕੀ ਨਹੀਂ ਸੀ। ਉਹ ਸਿਖ ਜਿਹੜੇ ਸ਼ਹਿਨਸ਼ਾਹ ਬਰਤਾਨੀਆ ਦੀ ਸਜੀ ਬਾਂਹ ਤੇ ਔਖੇ ਵੇਲੇ ਕੰਮ ਆਉਣ ਵਾਲਾ ਸਹਾਰਾ ਕਹਿਕੇ ਯਾਦ ਕੀਤੇ ਜਾਂਦੇ ਸਨ।

ਉਹ ਸਿਖ ਜਿਨ੍ਹਾਂ ਨੇ ਜੰਗ ਯੂਰਪ ਸਮੇਂ ੧੨੫੦੦੦ ਦੀ ਵਡੀ ਗਿਣਤੀ ਵਿਚ ਭਰਤੀ ਹੋਕੇ ਕੌਮ ਬਰਤਾਨੀਆ ਦੀ ਖਾਤਰ ਆਪਣਾ ਕੀਮਤੀ ਲਹੂ ਵਗਾਇਆ ਤੇ ਹਰ ਮੈਦਾਨ ਬੜੀ ਬਹਾਦਰੀ ਨਾਲ ਦੁਸ਼ਮਨ ਦਾ ਮੂੰਹ ਫੇਰਿਆ। ਅਜ ਆਪਣੀ ਧਾਰਮਕ ਮਰਯਾਦਾ ਦੀ ਸੁਤੰਤ੍ਰਤਾ ਦੇ ਚਾਹਵਾਨ ਹੋਣ ਕਰਕੇ ਬਾਗੀ ਕਹੇ ਜਾਂਦੇ ਹਨ ਤੇ ਵਾਹਿਗੁਰੂ ਦੇ ਸਿਮਰਨ ਵਿਚ ਮਗਨ ਗੁਰਦਵਾਰੇ ਜਾਂਦਿਆਂ ਸਿਖ ਸੰਗਤਾਂ ਉਤੇ ਉਸੇ ਕੌਮ ਬਰਤਾਨੀਆ ਦੇ ਕਾਇਮਮੁਕਾਮ ਹਾਕਮਾਂ ਵਲੋਂ ਗੋਲੀਆਂ ਚਲਾਈਆਂ ਜਾਂਦੀਆਂ ਹਨ।

ਇਕ ਸਵਤੰਤ੍ਰ ਗ਼ੈਰ ਸਰਕਾਰੀ ਪੜਤਾਲੀ ਕਮੇਟੀ ਦੀ ਰਾਹੀਂ ਕਤਲਾਮ ਜੈਤੋ ਦੀ ਖੋਜ ਕਰਨ ਵਾਸਤੇ ਸਿਖ ਕੌਮ ਤਿਆਰ ਹੈ। ਸਿਖ ਕੌਮ ਗੌਰਮਿੰਟ ਨੂੰ ਵੰਗਾਰ ਕੇ ਆਖਦੀ ਹੈ ਕਿ ਸ਼ਹੀਦੀ ਜਥਾ ਅਤੇ ਸਿਖ ਸੰਗਤ ਪਰ ਆਪਣੇ ਲਗਾਏ ਦੂਸ਼ਨਾਂ ਨੂੰ ਸਚੇ ਸਾਬਤ ਕਰਨ ਲਈ ਮੈਦਾਨ ਵਿਚ ਆਵੇ। ਮੈਜਿਸਟ੍ਰੇਟੀ ਪੜਤਾਲ ਦੇ ਢਕੌਂਸਲੇ ਦੁਆਰਾ ਨਹੀਂ ਸਗੋਂ ਉਨ੍ਹਾਂ ਆਦਮੀਆਂ ਦੀ ਇਕ ਕਮੇਟੀ ਦੁਆਰਾ ਜਿਨ੍ਹਾਂ ਪਰ ਸਚਾਈ ਤੇ ਨਿਰਪਖਤਾ ਦਾ ਪਬਲਕ ਪੂਰਾ ੨ ਭਰੋਸਾ ਰਖਦੀ ਹੋਵੇ। ਕਤਲਾਮ ਜੈਤੋ ਦੀ ਇਖਲਾਕੀ ਕਦਰ ਤੇ ਕੀਮਤ ਬੜੀ ਭਾਰੀ ਹੈ। ਕਤਲਾਮ ਦਾ ਜ਼ਿਮੇਵਾਰ ਬਾਦਸ਼ਾਹ ਨੌਕਰ ਰਖਕੇ ਬੇਦੋਸਿਆਂ ਦੇ ਖ਼ੂਨ ਕਰਾਉਣ ਵਾਲਾ ਕੋਈ ਗ਼ੈਰ ਜ਼ੁਮੇਵਾਰ ਮਹੰਤ ਨਹੀਂ ਬਲਕਿ ਆਪਣੇ ਆਪ ਨੂੰ ਸਾਇਸ਼ਤਾ ਅਖਵਾਉਣ ਵਾਲੀ ਇਕ ਵਡੀ ਹਕੂਮਤ ਹੈ, ਜਿਸ ਨੂੰ ਸ਼ਹੀਦੀ ਜਥੇ ਤੇ ਸਿਖ ਸੰਗਤ ਦਾ ਮੰਤਵ ਤੇ ਮਨੋਰਥ ਪ੍ਰਾਪਤ ਕਰਨ ਦੇ ਢੰਗ ਪਹਿਲਾਂ ਤੋਂ ਹੀ ਚੰਗੀ ਤਰਾਂ ਮਲੂਮ ਸਨ। ਸਿਖਾਂ ਦੀਆਂ ਨਜ਼ਰਾਂ ਵਿਚ ਇਹ ਸ਼ਹੀਦੀ ਬੜੀ ਉਚੀ ਹੈ ਕਿਉਂਕਿ ਜਥਾ ਅਚਨਚੇਤ ਹੀ ਖ਼ੂਨ ਖਰਾਬੇ ਦਾ ਸ਼ਿਕਾਰ ਨਹੀਂ ਹੋਇਆ ਰਵਾਨਗੀ ਤੋਂ ਹੀ ਜਥੇ ਨੂੰ ਨਿਸਚਾ ਸੀ ਕਿ ਉਨ੍ਹਾਂ ਧਰਮ ਖਾਤਰ ਅਮੋਲਕ ਕੁਰਬਾਨੀ ਦੇਣੀ ਹੈ। ਸਭ ਕੁਝ ਮਲੂਮ ਹੁੰਦੇ ਹੋਏ ਜਥਾ ਖਿੜੇ ਮਥੇ ਚਾਈਂ ੨ ਆਪਣੀ ਕਿਸਮਤ ਦੀ ਖੇਡ ਵੇਖਣ ਗਿਆ। ਗੋਲੀਆਂ ਨੂੰ ਸੀਨਿਆਂ ਤੇ ਸਹਾਰਿਆ, ਸ਼ਹੀਦ ਹੋ ਗਏ, ਕਸ਼ਟ ਸਹਾਰੇ ਪਰ ਪਿਆਰੇ ਗੁਰੂ ਦੇ ਦੁਆਰੇ ਜਾਣ ਤੇ ਪਾਠ ਕਰਨ ਦੇ ਧਾਰਮਕ ਹੱਕਾਂ ਦੀ ਸਵਤੰਤ੍ਰਤਾ ਪ੍ਰਾਪਤ ਕਰਨ ਦੇ ਜਤਨ ਵਿਚ ਦੁਨਿਆਵੀ ਹਕੂਮਤ ਦੀ ਜੁਤੀ ਜਿੰਨੀ ਪ੍ਰਵਾਹ ਨਹੀਂ ਕੀਤੀ।

ਜੱਥੇ ਨਾਲ ਗਏ ਲੀਡਰਾਂ ਅਤੇ ਸ੍ਰੋ: ਕਮੇਟੀ ਨੇ ਸਰਕਾਰੀ ਬਿਆਨ ਦੀਆਂ ਚੰਗੀਆਂ ਧਜੀਆਂ ਉਡਾਈਆਂ ਸਭ ਤੋਂ ਵੱਧ ਅਸਰ ਨਿਉਯਾਰਕ ਕਟਾਈਮਜ਼ (ਅਮ੍ਰੀਕਾ) ਦੇ ਪੱਤ੍ਰ ਪ੍ਰੇਰਕ ਮਿ: ਜ਼ੁਮੰਦ ਦੇ ਬਿਆਨ ਨੇ ਸਰਕਾਰ ਦੇ ਝੂਠ ਦੀ ਚੰਗੀ ਤ੍ਰਾਂ ਕਲੀ ਖੋਹਲ ਦੇ ਹੋਇ ਕਿਹਾ ੨੧ ਫਰਵਰੀ ਨੂੰ ਅਸੀਂ ਪਿੰਡ ਬਰਗਾੜੀ ਵਿਚ ਜੱਥੇ ਨੂੰ ਵੇਖਣ ਗਏ। ਅਸੀਂ ਜੱਥੇ ਦੇ ਕੈਂਪ ਦੇ ਕੋਲ ਪੁਲਸ ਦੇ ਅਫਸਰ ਤੇ ਆਦਮੀ ਭੀ ਵੇਖੇ। ਮੈਂ ਜੱਥੇ ਦੇ ਕੈਂਪ ਵਿਚ ਗਿਆ ਤੇ ਧਿਆਨ ਨਾਲ ਜੱਥੇ ਦੇ ਹਰੇਕ ਆਦਮੀ ਨੂੰ ਵੇਖਿਆ ਜਿਥੇ ਸੰਗਤ ਇਕਤ੍ਰ ਹੋਈ ਸੀ। ਮੈਨੂੰ ਜੱਥੇ ਤੇ ਸੰਗਤ ਨੂੰ ਬੜੇ ਗਹੁ ਨਾਲ ਤਕਣ ਦਾ ਮੌਕਾ ਮਿਲਿਆ। ਮੈਂ ਜੱਥੇ ਜਾ ਸੰਗਤ ਚੋਂ ਕਿਸੇ ਆਦਮੀ ਪਾਸ ਅਗਨਿ ਸ਼ਸਤ੍ਰ (fire arms) ਜਾ ਹੋਰ ਕੋਈ ਹਥਿਆਰ ਨਹੀਂ ਵੇਖਿਆ।

Digitized by Panjab Digital Library | www.panjabdigilib.org

ਅਗੇ ਚਲਕੇ ਮਿ: ਜ਼ਮੰਦ ਆਪਣੇ ਬਿਆਨ ਵਿਚ ਲਿਖਦੇ ਹਨ "ਜਦ ਜੱਥਾ ਨਾਭੇ ਦੀ ਹੱਦ ਵਿਚ ਦਾਖਲ ਹੋਇਆ ਤਾਂ ਸਾਰਾ ਜਲੂਸ ਮੇਰੇ ਸਾਹਮਣਿਉਂ ਲੰਘਿਆ। ਮੈਂ ਫਿਰ ਵੇਖਿਆ ਕਿ ਉਸ ਸਮੇਂ ਭੀ ਕਿਸੇ ਪਾਸ ਕੋਈ ਅਗਨ ਸ਼ਸਤ੍ਰ (ਬੰਦੂਕ ਪਸਤੌਲ ਆਦਿ) ਨਹੀਂ ਸੀ। ਜੱਥੇ ਪਾਸ ਕ੍ਰਿਪਾਨਾਂ ਸਨ। ਹਜੂਮ ਪਾਸ ਸੋਟੀਆਂ ਸਨ ਜਿਥੇ ਤੱਕ ਮੈਨੂੰ ਪਤਾ ਹੈ। ਜੱਥੇ ਜਾਂ ਹਜੂਮ ਪਾਸ ਕੋਈ ਹੱਥਿਆਰ ਨਹੀਂ ਸੀ। ਜੱਥੇ ਦੇ ਨਾਲ ਗਏ ਬਾਕੀ ਲੀਡਰਾਂ ਨੇ ਭੀ ਆਪਣੇ ਬਿਆਨਾਂ ਵਿਚ ਸਰਕਾਰੀ ਬਿਆਨ ਨੂੰ ਝੂਠਾ ਸਾਬਤ ਕੀਤਾ ਅਤੇ ਦੁਨੀਆਂ ਦੇ ਸਾਹਮਣੇ ਅਸਲੀਅਤ ਨੂੰ ਚੰਗੀ ਤਰ੍ਹਾਂ ਪ੍ਰਗਟ ਕੀਤਾ।

ਨਾਭੇ ਦੇ ਹਾਕਮਾਂ ਵਲੋਂ ਕੀਤਾ ਗਿਆ ਇਹ ਪਾਪੇਗੰਡਾ ਗੁਮਰਾਹ ਕੁਨ ਸੀ ਕਿ ਜਥੇ ਦੇ ਸਿੰਘਾਂ ਨੇ ਤਸ਼ੱਦਦ ਕੀਤਾ। ਸ਼ਹੀਦੀ ਜਥੇ ਨੇ ਅਕਾਲ ਤਖਤ ਸਾਹਿਬ ਪਰ ਸ਼ਾਂਤਮਈ ਰਹਿਣ ਦਾ ਪ੍ਰਣ ਲਿਆ ਸੀ। ਉਸ ਦੇ ਸਫਰ ਵਿਚ ਭੀ ਅਜਿਹੀ ਕੋਈ ਘਟਨਾ ਨਹੀਂ ਹੋਈ ਜਿਸ ਤੋਂ ਇਹ ਪ੍ਰਗਟ ਹੋ ਸਕੇ ਕਿ ਜਥੇ ਦੇ ਸਿੰਘਾਂ ਨੇ ਆਪਣਾ ਪ੍ਰਣ ਤੋੜਿਆ। ਗੋਲੀ ਚਲਣ ਤੋਂ ਪਿਛੋਂ ਉਸੇ ਵਕਤ ਸੱਤ ਸੌ ਆਦਮੀ ਗ੍ਰਿਫਤਾਰ ਕੀਤੇ ਗਏ ਜਿਨ੍ਹਾਂ ਵਿਚੋਂ ਕਿਸੇ ਪਾਸੋਂ ਭੀ ਕੋਈ ਹਥਿਆਰ ਨਹੀਂ ਮਿਲਿਆ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਸਰਕਾਰੀ ਅਫਸਰ ਆਪਣੇ ਜ਼ੁਲਮ ਨੂੰ ਲੁਕਾਣ ਲਈ ਕਿਤਨੀ ਗਲਤ ਬਿਆਨੀ ਕਰਦੇ ਸਨ ?

ਸਰਕਾਰ ਨੇ ਅਕਾਲੀਆਂ ਨੂੰ ਬਦਨਾਮ ਕਰਨ ਲਈ ਅਤੇ ਲੋਕਾਂ ਦੀ ਹਮਦਰਦੀ ਅਕਾਲੀ ਲਹਿਰ ਨਾਲੋਂ ਹਟਾਉਣ ਲਈ ਜਥੇਬੰਦ ਤਰੀਕੇ ਨਾਲ ਝੂਠੇ ਪ੍ਰਾਪੇਗੰਡੇ ਦੀ ਮੁਹਿੰਮ ਸ਼ੁਰੂ ਕੀਤੀ। ਸਾਰੇ ਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਹੁਕਮ ਦਿਤਾ ਗਿਆ ਕਿ ਉਹ ਸਰਕਾਰੀ ਪਿਠੂਆਂ ਦੀ ਰਾਹੀਂ ਇਹ ਪ੍ਰਾਪੇਗੰਡਾ ਕਰਨ ਕਿ ਅਕਾਲੀਆਂ ਨੇ ਜੈਤੋ ਵਿਚ ਤਸ਼ੱਦਦ ਕੀਤਾ ਸੀ, ਜਿਸ ਕਰਕੇ ਸਰਕਾਰ ਨੂੰ ਮਜਬੂਰ ਹੋ ਕੇ ਗੋਲੀ ਚਲਾਉਣੀ ਪਈ। ਮਿਸਾਲ ਦੇ ਤੌਰ ਪਰ ਅਸੀਂ ਜ਼ਿਲਾ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਵਲੋਂ ਛਾਪ ਕੇ ਵੰਡੇ ਗਏ ਇਕ ਪੰਫਲਿਟ ਦਾ ਹਵਾਲਾ ਦਿੰਦੇ ਹਾਂ ਜਿਸ ਪਰ ਬਹੁਤ ਸਾਰੇ ਝੋਲੀ ਚੁਕਾਂ ਦੇ ਦਸਤਖਤ ਸਨ ਜੋ ਸਿੱਖ ਕੌਮ ਨਾਲ ਗ਼ਦਾਰੀ ਕਰਕੇ ਮੁਰੱਬੇ ਤੇ ਜਾਗੀਰਾਂ ਲੈਣੀਆਂ ਚਾਹੁੰਦੇ ਸਨ, ਇਸ ਵਿਚ ਲਿਖਿਆ ਸੀ:-

"ਅਸੀਂ ਦਸਤਖਤ ਕਰਨ ਵਾਲਿਆਂ ਨੇ ਜੈਤੋ ਦੇ ਹਾਲਾਤ ਸਬੰਧੀ ਸਰਕਾਰੀ ਐਲਾਨ ਮਿਤੀ ੨੨ ਫਰਵਰੀ ਦਾ ਪੜ੍ਹਿਆ। ਸਾਨੂੰ ਇਹ ਮਲੂਮ ਕਰਕੇ ਰੰਜ ਹੋਇਆ ਕਿ ਭਾਵੇਂ ਸਰਕਾਰ ਨੇ ਜੈਤੋ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਅਕਾਲੀ ਪੰਥ ਦਾ ਪੂਰਾ ਪ੍ਰਬੰਧ ਕੀਤਾ ਹੋਇਆ ਸੀ, ਪਰ ਅਕਾਲੀ ਜਥਿਆਂ ਨੇ ਖੁਲ੍ਹੇ ਤੌਰ ਪਰ ਕਾਨੂੰਨ ਨੂੰ ਭੰਗ ਕੀਤਾ ਹੈ।" ਜਿਸ ਦਾ ਨਤੀਜਾ ਇਹ ਨਿਕਲਿਆ ਕਿ ਕਈ ਅਕਾਲੀ ਮਰ ਗਏ।

ਸਾਨੂੰ ਯੋਗ ਤਰੀਕੇ ਨਾਲ ਗੁਰਦੁਆਰਾ ਲਹਿਰ ਨਾਲ ਹਮਦਰਦੀ ਹੈ, ਪਰ ਅਸੀਂ ਅਕਾਲੀਆਂ ਦੀ ਕਾਨੂੰਨ ਸ਼ਿਕਨੀ ਨੂੰ ਪਸੰਦ ਨਹੀਂ ਕਰਦੇ ਕਿਉਂਕਿ ਇਸ ਤਰ੍ਹਾਂ ਪੁਲੀਟੀਕਲ ਲਾਭਾਂ ਨੂੰ ਮੁਖ ਰਖਕੇ ਧਾਰਮਕ ਕੰਮ ਨੂੰ ਨੁਕਸਾਨ ਪੁਜ ਰਿਹਾ ਹੈ। ਇਸ ਤਰ੍ਹਾਂ ਅਕਾਲੀ ਹਰੇਕ ਅਮਨ ਪਸੰਦ ਆਦਮੀ ਨੂੰ ਅਪਣਾ ਦੁਸ਼ਮਨ ਬਣਾ ਰਹੇ ਹਨ। ਇਸ ਤਰਾਂ ਹਰੇਕ ਸ਼ਖਸ ਦੀ ਆਜ਼ਾਦੀ ਜਾਨ ਤੇ ਮਾਲ ਨੂੰ ਖਤਰਾ ਹੋ ਜਾਂਦਾ ਹੈ। ਅਸੀਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦਾ ਧੰਨਵਾਦ ਕਰਦੇ ਹਾਂ ਜਿਸ ਨੇ ਦਰਬਾਰ ਲਾ ਕੇ ਤੇ ਇਸ ਸਬੰਧੀ ਤਕਰੀਰ ਕਰਕੇ ਸਾਡੇ ਕਈ ਖ਼ਤਰਿਆਂ ਨੂੰ ਦੂਰ ਕੀਤਾ ਹੈ। ਅਸੀਂ ਜ਼ਿਲੇ ਵਿਚੋਂ ਹਰ ਪ੍ਰਕਾਰ ਦੀ ਬਦਅਮਨੀ ਦੂਰ ਕਰਨ ਲਈ ਸਹਾਇਤਾ ਦੇਣ ਵਾਸਤੇ ਤਿਆਰ ਹਾਂ ਸਾਡੇ ਪਿੰਡਾਂ ਵਿਚ ਠੀਕਰੀ ਪਹਿਰਾ ਲਾਇਆ ਜਾਵੇ।

Digitized by Panjab Digital Library | www.panjabdigilib.org

ਇਸ ਤੋਂ ਪ੍ਰਗਟ ਹੁੰਦਾ ਹੈ ਕਿ ਝੋਲੀ ਚੁਕਾਂ ਦੀ ਜ਼ਹਿਨੀਅਤ ਕਿਤਨੀ ਗਿਰ ਚੁਕੀ ਸੀ। ਉਹ ਸ਼ਹੀਦ ਹੋਏ ਭਰਾਵਾਂ ਨਾਲ ਹਮਦਰਦੀ ਕਰਨ ਦੀ ਥਾਂ ਸਰਕਾਰ ਦੇ ਸੋਹਿਲੇ ਗਾਉਣ ਵਿਚ ਹੀ ਆਪਣੇ ਦੇਸ਼ ਦੀ ਭਲਾਈ ਸਮਝਦੇ ਸਨ। ਇਸੇ ਤਰ੍ਹਾਂ ਸਾਰੇ ਜ਼ਿਲਿਆਂ ਵਿਚ ਸਰਕਾਰੀ ਅਫ਼ਸਰਾਂ ਤੇ ਉਨ੍ਹਾਂ ਦੇ ਝੋਲੀ ਚੁਕਾਂ ਨੇ ਅਕਾਲੀਆਂ ਵਿਰੁਧ ਝੂਠਾ ਪ੍ਰਾਪੇਗੰਡਾ ਕੀਤਾ, ਮਹਾਰਾਜਾ ਪਟਿਆਲਾ ਨੇ ਭੀ ਇਕ ਫੁਰਮਾਨ ਜਾਰੀ ਕੀਤਾ ਜਿਸ ਵਿਚ ਰਿਆਸਤ ਪਟਿਆਲੇ ਅੰਦਰ ਜਲਸੇ ਜਲੂਸ ਕਰਨ ਦੀ ਮਨਾਹੀ ਕੀਤੀ ਗਈ ਸੀ। ਜੈਤੋ ਦੇ ਸਾਕੇ ਕਰਕੇ ਲੋਕਾਂ ਦੇ ਜਜ਼ਬਾਤ ਭੜਕੇ ਹੋਏ ਸਨ। ਇਸ ਕਰਕੇ ਉਨ੍ਹਾਂ ਨੇ ਸਰਕਾਰ ਦੀਆਂ ਸਖਤੀਆਂ ਦੀ ਕੋਈ ਪ੍ਰਵਾਹ ਨਾ ਕੀਤੀ। ਨਾਭੇ ਤੇ ਫਰੀਦਕੋਟ ਵਿਚ ਸਖਤੀ ਦਾ ਬਹੁਤ ਜ਼ੋਰ ਰਿਹਾ।

ਜੈਤੋ ਵਿਚ ਗੋਲੀ ਚਲਣ ਦੀ ਹਿਰਦੇ ਵੇਧਕ ਘਟਨਾ ਨੇ ਸਾਰੇ ਦੇਸ਼ ਵਿਚ ਤਰਥਲੀ ਮਚਾ ਦਿਤੀ ਸਾਰੀਆਂ ਸਭਾ ਸੁਸਾਇਟੀਆਂ ਅਕਾਲੀਆਂ ਨਾਲ ਹਮਦਰਦੀ ਪ੍ਰਗਟ ਕਰਨ ਲਗੀਆਂ ਅਤੇ ਸਰਕਾਰ ਦੇ ਜ਼ੁਲਮ ਦਾ ਸਖਤ ਵਿਰੋਧ ਹੋਇਆ। ੨੭ ਫਰਵਰੀ ਨੂੰ ਕੇਂਦਰੀ ਅਸੈਂਬਲੀ ਦੇ ੪੭ ਮੈਂਬਰਾਂ ਨੇ ਜਿਨ੍ਹਾਂ ਵਿਚੋਂ ਪੰਡਤ ਮਦਨ ਮੋਹਨ ਮਾਲਵੀਆ, ਸ: ਕਰਤਾਰ ਸਿੰਘ ਪਿੰਡ ਸ਼ੇਰੇ ਵਾਲਾ ਜ਼ਿਲਾ ਫੀਰੋਜ਼ਪੁਰ, ਸ: ਗੁਲਾਬ ਸਿੰਘ, ਸ੍ਰੀ ਸਨਮੁਖ ਚੈਟੀ ਸ੍ਰੀ ਐਮ. ਜੋਸ਼ੀ, ਸਰ ਮੁਹੰਮਦ ਯਾਕੂਬ, ਕੇਸੀ ਨਿਓਗੀ, ਟੀ ਰੰਗਾ ਚਾਰਯ, ਕਸਤੂਰਾ ਬਾਈ, ਲਾਲ ਭਾਈ, ਮਿ: ਮੁਹੰਮਦ ਅਲੀ ਜਿਨਾਹ, ਹਾਜੀ ਵਜੀਹੁ ਦੀਨ ਆਦਿਕ ਦੇ ਨਾਮ ਵਰਨਣ ਯੋਗ ਹਨ। ਸਰਕਾਰ ਦੇ ਹੋਮ ਸਕੱਤ੍ਰ ਨੂੰ ਇਕ ਚਿਠੀ ਲਿਖੀ ਕਿ ਜੈਤੋ ਦੇ ਸਾਕੇ ਦੀ ਨਿਰਪਖ ਪੜਤਾਲ ਕਰਾਈ ਜਾਵੇ। ਕੇਂਦਰੀ ਅਸੈਂਬਲੀ ਵਿਚ ਕੰਮ ਰੋਕੂ ਪ੍ਰਸਤਾਵ ਭੀ ਪੇਸ਼ ਕੀਤਾ ਗਿਆ ਜਿਸ ਦੀ ਸਰਕਾਰ ਨੇ ਆਗਿਆ ਨਾ ਦਿਤੀ।

੨੮ ਫ਼ਰਵਰੀ ਨੂੰ ਆਲ ਇੰਡੀਆ ਕਾਂਗਰਸ ਵਰਕਿੰਗ ਕਮੇਟੀ ਦਾ ਇਜਲਾਸ ਮੌਲਾਨਾ ਮੁਹੰਮਦ ਅਲੀ ਦੀ ਪ੍ਰਧਾਨਗੀ ਹੇਠ ਦਿਲੀ ਵਿਚ ਹੋਇਆ ਜਿਸ ਵਿਚ ਜੈਤੋ ਦੇ ਸਾਕੇ ਸਬੰਧੀ ਇਕ ਮਤਾ ਪਾਸ ਕਰਕੇ ਸਿਖ ਕੌਮ ਨਾਲ ਹਮਦਰਦੀ ਪ੍ਰਗਟ ਕੀਤੀ ਗਈ ਅਤੇ ਹਰ ਪ੍ਰਕਾਰ ਦੀ ਸਹਾਇਤਾ ਕਰਨ ਦਾ ਭਰੋਸਾ ਦਿਵਾਇਆ ਗਿਆ। ਹਕੂਮਤ ਵਲੋਂ ਸ਼ਾਂਤਮਈ ਰਹਿੰਦੇ ਹੋਏ ਸਿੰਘਾਂ ਪਰ ਬੇਦਰਦੀ ਨਾਲ ਗੋਲੀ ਚਲਾਉਣ ਦੀ ਸਖਤ ਨਖੇਧੀ ਕੀਤੀ ਗਈ। ਪ੍ਰੋ: ਗਿਡਵਾਨੀ ਜੈਤੋ ਵਿਚ ਗ੍ਰਿਫਤਾਰ ਹੋ ਚੁਕੇ ਸਨ, ਇਸ ਲਈ ਕਾਂਗਰਸ ਅਕਾਲੀ ਸਹਾਇਕ ਬਿਊਰੋ ਦਾ ਕੰਮ ਜਾਰੀ ਰਖਣ ਲਈ ਮਿ: ਜੋਜ਼ਫ ਨੂੰ ਨੀਯਤ ਕੀਤਾ ਗਿਆ ਤੇ ਉਨ੍ਹਾਂ ਨੂੰ ਜੈਤੋ ਪੁਜ ਕੇ ਚਾਰਜ ਲੈਣ ਦੀ ਹਦਾਇਤ ਕੀਤੀ ਗਈ।

ਦੇਸ਼ ਦੀਆਂ ਬਹੁਤ ਸਾਰੀਆਂ ਸਭਾਵਾਂ ਦੇ ਮੁਖੀ ਲੀਡਰਾਂ ਨੇ ਸ੍ਰੋ: ਕਮੇਟੀ ਨੂੰ ਹਮਦਰਦੀ ਦੀਆਂ ਤਾਰਾਂ ਭੇਜੀਆਂ। ਮਹਾਤਮਾ ਗਾਂਧੀ ਨੇ ਭੀ ਇਸ ਘਟਨਾ ਪਰ ਦੁਖ ਪ੍ਰਗਟ ਕੀਤਾ। ਖਿਲਾਫਤ ਕਮੇਟੀ ਦੇ ਪ੍ਰਧਾਨ ਮੌ: ਸ਼ੌਕਤ ਅਲੀ ਨੇ ਸਿਖਾਂ ਨਾਲ ਹਮਦਰਦੀ ਪ੍ਰਗਟ ਕੀਤੀ। ਜਮੀਅਤਉਲ ਉਲਮਾ ਨੇ ਸ਼੍ਰੋ: ਕਮੇਟੀ ਦੇ ਨਾਮ ਭੇਜੀ ਗਈ ਤਾਰ ਵਿਚ ਲਿਖਿਆ "ਅਕਾਲੀ ਜਥੇ ਪਰ ਜੋ ਗੋਲੀ ਚਲਾਈ ਗਈ ਹੈ ਇਹ ਕੇਵਲ ਸਿਖਾਂ ਪਰ ਨਹੀਂ ਬਲਕਿ ਸਾਰੇ ਹਿੰਦੋਸਤਾਨ ਲਈ ਇਕ ਖੂਨੀ ਸਬਕ ਹੈ।

ਨਰਮ ਖਿਆਲੀ ਤੇ ਭਾਰਤ ਵਾਸੀਆਂ ਦੇ ਲੀਡਰ ਸਰ ਤੇਜ ਬਹਾਦਰ ਸਪਰੂ ਨੇ ਭੀ ਸਿਖਾਂ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਇਸ ਘਟਨਾ ਦੀ ਨਿਰਪੱਖ ਪੜਤਾਲ ਕਰਾਉਣ ਦੀ ਮੰਗ ਕੀਤੀ। ਗਲ ਕੀ ਇਸ ਸਮੇਂ ਜਿਥੇ ਪੰਥ ਵਿਚ ਪੂਰਨ ਏਕਤਾ ਸੀ ਉਥੇ ਸਾਰਾ ਦੇਸ਼ ਭੀ ਅਕਾਲੀਆਂ ਦੀਆਂ ਕੁਰਬਾਨੀਆਂ ਦੀ ਮੁਕਤ ਕੰਠ ਨਾਲ ਪ੍ਰਸੰਸਾ ਕਰ ਰਿਹਾ ਸੀ ਅਤੇ ਸਾਰੇ ਲੋਕ ਇਹ ਅਨਭਵ ਕਰ ਰਹੇ ਸਨ ਕਿ ਸਿਖ ਅਜ ਭੀ ਆਪਣੇ ਇਤਿਹਾਸ ਨੂੰ ਦੁਹਰਾਣ ਦੀ ਸਮਰਥਾ ਰਖਦੇ ਹਨ।

Digitized by Panjab Digital Library | www.panjabdigilib.org

ਕਲਕਤੇ ਦੇ ਸ਼ਹਿਰੀਆਂ ਵਲੋਂ ਸਿਖ ਕੌਮ ਨਾਲ ਹਮਦਰਦੀ ਪ੍ਰਗਟ ਕਰਨ ਲਈ ਇਕ ਜਲਸਾ ਕੀਤਾਂ ਗਿਆ ਜਿਸ ਵਿਚ ਦੇਸ਼ ਬੰਧੂ ਸ੍ਰੀ ਅਮਰ ਦਾਸ, ਸ਼ਾਮ ਸੁੰਦਰ ਚਕ੍ਰਵਰਤੀ, ਸੰਤੋ ਸ਼ਾਬਾਸ਼, ਹੇਮੰਤ ਕੁਮਾਰ, ਮੌਲਵੀ ਨਸੀਰੁਦੀਨ, ਆਦਿਕ ਮੁਖੀ ਲੀਡਰਾਂ ਨੇ ਤਕਰੀਰਾਂ ਕੀਤੀਆਂ ਅਤੇ ਜੈਤੋ ਦੇ ਸਹੀ ਹਾਲਾਤ ਲੋਕਾਂ ਸਾਹਮਣੇ ਰਖੇ। ਅੰਤ ਵਿਚ ਇਕ ਮਤਾ ਪਾਸ ਕੀਤਾ ਗਿਆ ਜਿਸ ਦੇ ਅਖਰ ਇਹ ਸਨ। "ਕਲਕਤੇ ਦੇ ਹਿੰਦੂਆਂ, ਮੁਸਲਮਾਨਾਂ ਤੇ ਸਿਖਾਂ ਦਾ ਇਹ ਸਾਂਝਾ ਜਲਸਾ ਗੁਃ ਗੁੰਗਸਰ ਜੈਤੋ ਵਿਚ ਅਖੰਡ ਪਾਠ ਕਰਨ ਜਾ ਰਹੇ ਸ਼ਾਂਤਮਈ ਸਿੰਘਾਂ ਪਰ ਹਕੂਮਤ ਵਲੋਂ ਗੋਲੀ ਚਲਾਏ ਜਾਣ ਦੀ ਸਖਤ ਨਖੇਧੀ ਕਰਦਾ ਹੈ ਤੇ ਰੋਸ ਪ੍ਰਗਟ ਕਰਦਾ ਹੈ ਅਤੇ ਸ਼ਾਂਤਮਈ ਸ਼ਹੀਦੀਆਂ ਪ੍ਰਾਪਤ ਕਰਨ ਵਾਲੇ ਅਕਾਲੀਆਂ ਨੂੰ ਵਧਾਈ ਦਿੰਦਾ ਹੈ ਕਿ ਉਨ੍ਹਾਂ ਨੇ ਆਪਣੇ ਧਰਮ ਦੀ ਰਖਿਆ ਲਈ ਖਿੜੇ ਮਥੇ ਗੋਲੀਆਂ ਖਾਧੀਆਂ ਹਨ।

ਇਸ ਜਲਸੇ ਵਿਚ ਤਕਰੀਰ ਕਰਦੇ ਹੋਏ ਦੇਸ਼ ਬੰਧੂ ਸੀ. ਆਰ. ਦਾਸ ਨੇ ਕਿਹਾ ਸੀ— "ਅਕਾਲੀਆਂ ਨੇ ਆਪਣੇ ਅਮਲ ਤੇ ਕਰਣੀ ਨਾਲ ਸਾਬਤ ਕਰ ਦਿਤਾ ਹੈ ਕਿ ਸਵਰਾਜ ਲਈ ਸਹੀ ਰਾਹ ਇਹੋ ਹੈ। ਸਿਖਾਂ ਦੀ ਸਫਲਤਾ ਸ਼ਾਂਤਮਈ ਸਤਿਆਗ੍ਰਹਿ ਤੇ ਨਾ-ਮਿਲਵਰਤਨ ਦੀ ਸਫਲਤਾ ਹੈ। ਇਸ ਲਈ ਇਸ ਜੰਗ ਵਿਚ ਸਾਰੇ ਦੇਸ਼ ਨੂੰ ਅਕਾਲੀਆਂ ਦੀ ਸਹਾਇਤਾ ਕਰਨੀ ਚਾਹੀਦੀ ਹੈ।" ਉਸ ਸਮੇਂ ਸਾਰਾ ਕੌਮੀ ਪ੍ਰੈਸ ਅਤੇ ਭਾਰਤ ਦੀ ਸਾਰੀ ਜਾਗੀ ਹੋਈ ਜਨਤਾ ਅਕਾਲੀਆਂ ਦੇ ਨਾਲ ਸੀ।

ਸਵਾਮੀ ਓਅੰਕਾਰਾ ਨੰਦ ਐਡੀਟਰ ਔਨਵਰਡ ਨੇ ਆਪਣੇ ਅਖਬਾਰਾਂ ਵਿਚ ਅਕਾਲੀਆਂ ਦੇ ਮੋਰਚਿਆਂ ਦੇ ਸਹੀ ਹਾਲਾਤ ਲਿਖੇ ਅਤੇ "ਅਕਾਲੀ ਘੋਲ" ਨਾਮ ਦਾ ਇਕ ਟ੍ਰੈਕਟ ਲਿਖਿਆ ਜਿਸ ਵਿਚ ਅਕਾਲੀਆਂ ਦੀਆਂ ਕੁਰਬਾਨੀਆਂ ਦਾ ਵਿਸਥਾਰ ਨਾਲ ਜ਼ਿਕਰ ਕੀਤਾ ਗਿਆ ਸੀ। ਸਵਾਮੀ ਜੀ ਨੇ ਜਲ੍ਹਿਆਂ ਵਾਲੇ ਬਾਗ ਵਿਚ ਇਕ ਤਕਰੀਰ ਭੀ ਕੀਤੀ ਸੀ, ਜਿਸ ਕਰਕੇ ਸਰਕਾਰ ਨੇ ਸਵਾਮੀ ਓਅੰਕਾਰਾ ਨੰਦ ਤੇ ਦੁਰਗਾ ਪ੍ਰੈਸ ਪ੍ਰਿੰਟਰ ਪੰ: ਦੁਰਗਾ ਦਾਸ ਵਿਰੁਧ ਮੁਕੱਦਮਾ ਚਲਾਇਆ ਜਿਸ ਵਿਚ ਇਹਨਾਂ ਦੋਹਾਂ ਸੱਜਨਾਂ ਨੂੰ ਦੋ ਦੋ ਸਾਲ ਕੈਦ ਤੇ ਪੰਜ ਪੰਜ ਸੌ ਰੁਪਏ ਜੁਰਮਾਨਾ ਕੀਤਾ ਗਿਆ। 'ਔਨਵਰਡ' ਦੇ ਦੂਜੇ ਐਡੀਟਰ ਸ੍ਰੀ ਚੰਦਰ ਸੈਨ ਵਸ਼ਿਸ਼ਟ ਨੂੰ ਭੀ ਅਕਾਲੀਆਂ ਦੇ ਹੱਕ ਵਿਚ ਲੇਖ ਲਿਖਣ ਦੇ ਦੋਸ਼ ਵਿਚ ਗ੍ਰਿਫਤਾਰ ਕਰਕੇ ਸਜ਼ਾ ਦਿਤੀ ਗਈ।

ਉਸ ਸਮੇਂ ਦੀਆਂ ਸਭ ਹਿੰਦੂ ਮੁਸਲਮ ਅਖਬਾਰਾਂ ਨੇ ਸਿਖਾਂ ਦੇ ਹੱਕ ਵਿਚ ਲੇਖ ਲਿਖੇ, ਜਿਨ੍ਹਾਂ ਵਿਚੋਂ ਨਮੂਨੇ ਦੇ ਤੌਰ ਪਰ "ਜ਼ਿਮੀਂਦਾਰ" ਅਖਬਾਰ ਦੇ ਐਡੀਟਰ ਮੌਲਾਨਾ ਜ਼ਫ਼ਰ ਅਲੀ ਖਾਨ ਦੀ ਇਹ ਨਜ਼ਮ ਪੇਸ਼ ਕਰਦੇ ਹਾਂ।

ਕਟੇ ਹੈਂ ਜਿਸ ਕਦਰ ਸਰ, ਗੰਗਸਰ ਕੇ ਗੁਰਦਵਾਰੇ ਮੇਂ।
ਹੈ ਦਰਜ ਉਨ ਸਭ ਕੀ ਕੁਰਬਾਨੀ ਜਜ਼ਾ ਕੇ ਗੋਸਵਾਰੇ ਮੇਂ।
ਨਾ ਘਾਇਲ ਕਰ ਸਕੀ ਥੀ ਜਿਨਕੋ ਨਨਕਾਣੇ ਮੇਂ ਆਂਖ ਉਨਕੀ
ਉਨ੍ਹੇ ਭੀ ਉਸ ਨੇ ਤੜਪਾ ਕੇ ਛੋੜਾ ਇਕ ਇਸ਼ਾਰੇ ਮੇਂ।
ਬਚੇ ਜਿਨਕੀ ਤੁਫੰਗੋਂ ਸੇ ਨਾ ਨੰਨੇ ਨੰਨੇ ਬੱਚੇ ਭੀ।
ਹੈ ਕਿਆ ਤਹਿਜ਼ੀਬ ਮਗਰਬ ਕੀ ਅਰਸ਼ਾਦ ਉਨ ਕੇ ਬਾਰੇ ਮੇਂ।
ਅਭੀ ਦੇਖਾ ਹੀ ਕਿਆ ਹੈ ਤੁਮ ਨੇ ਇਸ ਖੂਨੀ ਨਜ਼ਾਰੇ ਕਾ।
ਬਹੁਤ ਸੇ ਖੇਲ ਬਾਕੀ ਹੈਂ ਮਦਾਰੀ ਕੇ ਪਟਾਰੇ ਮੇਂ।
ਜਹਾਂ ਕੀ ਗਰਮੀਏ ਬਾਜ਼ਾਰ ਮਜ਼ਲੂਮੀ ਕੀ ਰੌਣਕ ਹੈ।
ਰਹਾ ਕਰਤੀ ਹੈ ਜ਼ਾਲਮ ਕੀ ਤਜਾਰਤ ਹੀ ਖਸਾਰੇ ਮੇਂ।

Digitized by Panjab Digital Library | www.panjabdigilib.org

ਪਲਟ ਕਰ ਜ਼ੇਰਿ ਦਸਤ ਆਜ਼ਾਰ ਕੋ ਇਕ ਦਿਨ ਉਲਟ ਦੇਗੀ ।
ਯਿਹੀ ਗਰਦਸ਼ ਜੋ ਹੈ ਇਸ ਵਕਤ ਸਿੱਖੋਂ ਕੇ ਸਤਾਰੇ ਮੇਂ ।
ਬਹਾਏ ਹੈਂ ਜਿਨ੍ਹੋਂ ਨੇ ਬੇ-ਕਸੋਂ ਕੇ ਖ਼ੂਨ ਕੇ ਦਰਿਆ ।
ਵਹੁ ਖ਼ੁਦ ਬਹਿ ਜਾਏ ਗਾ ਤਕਦੀਰ ਕੀ ਨਦੀ ਕੇ ਧਾਰੇ ਮੇਂ ।
ਤੁਮਹੇਂ ਬਖਸ਼ਾ ਗਿਆ ਹੈ ਦੀਦਾਇ ਬੀਨਾ ਤੋ ਦੇਖੋਗੇ ।
ਹਜ਼ਾਰੋਂ ਰਾਖ ਕੇ ਢੇਰ ਇਕ ਨਾਭਾ ਕੇ ਸ਼ਰਾਰੇ ਮੇਂ ।

ਕੌਮੀ ਪ੍ਰੈਸ ਨੇ ਸਰਕਾਰ ਦੇ ਸਿੱਖਾਂ ਵਿਰੁਧ ਕੀਤੇ ਜਾ ਰਹੇ ਝੂਠੇ ਪ੍ਰਾਪੇਗੰਡੇ ਦਾ ਮੂੰਹ ਤੋੜ ਉਤ੍ਰ ਦਿੱਤਾ, ਜਿਸ ਦਾ ਫਲ ਇਹ ਹੋਇਆ ਕਿ ਸਰਕਾਰੀ ਪ੍ਰਾਪੇਗੰਡੇ ਦਾ ਸਾਧਾਰਨ ਜੰਨਤਾ ਪਰ ਕੋਈ ਅਸਰ ਨਾ ਹੋਇਆ । ਸਰਕਾਰ ਨੇ ਪੜਤਾਲ ਕਰਨ ਲਈ ਸ: ਬਲਵੰਤ ਸਿੰਘ ਨਲੂਆ ਮਜਿਸਟ੍ਰੇਟ ਨੂੰ ਨੀਯਤ ਕੀਤਾ । ਉਨ੍ਹਾਂ ਨੇ ਪੜਤਾਲ ਕਰਨ ਲੱਗਿਆਂ ਪ੬ ਗਵਾਹੀਆਂ ਕਲਮ ਬੰਦ ਕੀਤੀਆਂ ਜਿਨ੍ਹਾਂ ਵਿਚ ਮਿ: ਵਿਲਸਨ, ਕੋਲਡ ਸਟਰੀਮ ਡੀ. ਸੀ. ਫੀਰੋਜ਼ਪੁਰ ਈ. ਜੀ. ਗ੍ਰੇਗਜ਼ ਐਸ. ਪੀ. ਫੀਰੋਜ਼ਪੁਰ ਅਤੇ ਕੁਲ ਰਈਸ ਤੇ ਸਰਕਾਰ ਦੇ ਝੋਲੀ ਚੁਕ ਹੀ ਗਵਾਹ ਸਨ । ੧੨ ਮਾਰਚ ਨੂੰ ਇੰਨ੍ਹਾਂ ਨੇ ਰੀਪੋਰਟ ਪ੍ਰਕਾਸ਼ਤ ਕੀਤੀ ਜਿਸ ਵਿਚ ਲਿਖਿਆਂ ਸੀ

"ਸ਼ਹੀਦੀ ਜੱਥੇ ਦਾ ਜੱਥੇਦਾਰ ਜੇ ਚਾਹੁੰਦਾ ਤਾਂ ਅਪੀਲ ਕਰਕੇ ਲੋਕਾਂ ਨੂੰ ਵਾਪਸ ਕਰ ਸਕਦਾ ਸੀ । ਪਰ ਜੱਥੇ ਦਾ ਆਮ ਲੋਕਾਂ ਨੂੰ ਦਲੇਰੀ ਦੇਣਾ, ਉਨ੍ਹਾਂ ਵਿਚ ਮਠਿਆਈ ਵੰਡਣਾ ਬਰਗਾੜੀ ਵਿਚ ਲੰਗਰ ਵਿਚੋਂ ਪ੍ਰਸ਼ਾਦ ਛਕਾਉਣ, ਰਸਤੇ ਵਿਚ ਦਰਖਤਾਂ ਤੋਂ ਸੋਟੇ ਵਢਣ ਤੋਂ ਮਨਾਹ ਨਾ ਕਰਨਾ, ਸਮਾਲਸਰ ਤੋਂ ਰਸਤਾ ਬਦਲਕੇ ਲੰਡੇ ਰੋਡੇ ਨੂੰ ਚਲੇ ਜਾਣਾ, ਜੱਥੇ ਵਿਰੁਧ ਲਾਏ ਗਏ ਦੂਸ਼ਨਾਂ ਨੂੰ ਸਾਬਤ ਕਰਨ ਲਈ ਕਾਫੀ ਹੈ । ਸ਼ਹੀਦੀ ਜੱਥੇ ਦਾ ਜੱਥੇਦਾਰ ਕਹਿੰਦਾ ਹੈ ਕਿ "ਮੈਂ ਲੋਕਾਂ ਨੂੰ ਆਖਿਆ ਸੀ ਕਿ ਉਹ ਵਾਪਸ ਵਲੇ ਜਾਣ ਤੇ ਜੱਥੇ ਨੂੰ ਇੱਕਲੇ ਹੀ ਅੱਗੇ ਜਾਣ ਦੇਣ ਕਿਉਂਕਿ ਅਸੀਂ ਮਨ, ਬਚ, ਕਰਮ ਕਰਕੇ ਸ਼ਾਤਮਈ ਦਾ ਪ੍ਰਣ ਲੀਤਾ ਹੋਇਆ ਹੈ । ਇਹ ਇਕ ਬਹਾਨਾ ਹੈ । ਜੱਥੇ ਨਾਲ ਆਮ ਲੋਕਾਂ ਦਾ ਜਾਣਾ ਰਜ਼ਾਮੰਦੀ ਨਾਲ ਨਾ ਸਹੀ ਲਾਪ੍ਰਵਾਹੀ ਨਾਲ ਹੋਇਆ ਹੈ । ਇਸ ਤਰ੍ਹਾਂ ਜੱਥੇ ਨੇ ਨਾਭੇ ਦੇ ਅਫਸਰਾਂ ਨੂੰ ਅਜਿਹੀ ਔਕੜ ਵਿਚ ਪਾ ਦਿੱਤਾ ਕਿ ਉਨ੍ਹਾਂ ਪਾਸ ਗੋਲੀ ਚਲਾਉਣ ਤੋਂ ਬਿਨਾ ਹੋਰ ਕੋਈ ਰਸਤਾ ਨਹੀਂ ਸੀ ।"

ਇਸ ਪ੍ਰਕਾਰ ਇਸ ਰੀਪੋਰਟ ਵਿਚ ਨਾਭੇ ਦੇ ਹਾਕਮਾਂ ਨੂੰ ਗੋਲੀ ਚਲਾਉਣ ਵਿਚ ਹੱਕ ਬਜਾਨਬ ਠਹਿਰਾਇਆ ਗਿਆ । ਅੱਗੇ ਚਲਕੇ ਇਸ ਰੀਪੋਰਟ ਵਿਚ ਲਿਖਿਆ ਹੈ । "ਹਾਕਮਾਂ ਨੇ ਬੜੇ ਠੰਡੇ ਦਿਲ ਨਾਲ ਹਾਲਾਤ ਨੂੰ ਕਾਬੂ ਵਿਚ ਰਖਣ ਦਾ ਜਤਨ ਕੀਤਾ । ਮੇਰੇ ਖਿਆਲ ਵਿਚ ਐਡਮਨਿਸਟ੍ਰੇਟਰ ਨੇ ਅਤਿਅੰਤ ਮਜਬੂਰ ਹੋਕੇ ਗੋਲੀ ਚਲਾਉਣ ਦਾ ਹੁਕਮ ਦਿੱਤਾ । ਉਹ ਭੀ ਛੇਤੀ ਨਾਲ ਨਹੀਂ । ਥੋਹੜੀ ਜਿਹੀ ਗੋਲੀ ਚਲਣ ਨਾਲ ਭੀ ਆਮ ਲੋਕਾਂ ਨੇ ਪਿੱਛੇ ਹਟਣ ਦਾ ਇਰਾਦਾ ਨਹੀਂ ਕੀਤਾ । ਬਲਕਿ ਜੱਥੇ ਦੇ ਨਾਲ ਹੀ ਗੁ: ਟਿੱਬੀ ਸਾਹਿਬ ਵੱਲ ਵਧਣਾ ਸ਼ੁਰੂ ਕਰ ਦਿੱਤਾ । ਹਾਲਾਤ ਸਖਤ ਨਾਜ਼ਕ ਹੋਣ ਕਰਕੇ ਦੂਜੀ ਵੇਰ ਗੋਲੀ ਚਲਾਉਣ ਦਾ ਹੁਕਮ ਦਿੱਤਾ ਗਿਆ । ਅਕਾਲੀਆਂ ਵਲੋਂ ਭੀ ਅਗਨਿ ਹੱਥਿਆਰ ਵਰਤੇ ਗਏ । ਇਮਾਮਦੀਨ ਬੇਰੀ ਪੰਨਾ ਰਿ: ਨਾਭਾ ਦੇ ਖੱਬੇ ਪੱਟ ਵਿਚ ਗੋਲੀ ਲੱਗੀ । ਦੂਜੀ ਗੋਲੀ ਹਜ਼ੂਰਾ ਸਿੰਘ ਗਵਾਹ ਨੰ: ੧੩ ਦੀ ਪੱਗ ਵਿਚੋਂ ਨਿਕਲ ਗਈ ।"

ਇਸ ਪ੍ਰਕਾਰ ਸਰਕਾਰੀ ਰੀਪੋਰਟ ਵਿਚ ਜੱਥੇ ਵਲੋਂ ਜਾਂ ਸੰਗਤ ਵਲੋਂ ਪਹਿਲਾ ਗੋਲੀ ਚਲਾਉਣ ਦਾ ਦੋਸ਼ ਲਗਾਇਆ ਗਿਆ ਜੋ ਬਿਲਕੁਲ ਨਿਰਮੂਲ ਸੀ । ਇਸ ਤਰ੍ਹਾਂ ਸਰਕਾਰ ਵਲੋਂ

Digitized by Panjab Digital Library | www.panjabdigilib.org

ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਦਾ ਬਿਰਥਾ ਯਤਨ ਕੀਤਾ ਗਿਆ। ਕੇਂਦਰੀ ਅਸੈਂਬਲੀ ਦੇ ਮੈਂਬਰ ਸ: ਕਰਤਾਰ ਸਿੰਘ ਜੀ ਸ਼ੇਰੇਵਾਲ ਤੇ ਸ: ਗੁਲਾਬ ਸਿੰਘ ਜੀ ਵਲੋਂ ੧੭—੩—੨੪ ਨੂੰ ਬਾਦਸ਼ਾਹ ਤੇ ਵਜ਼ੀਰ ਹਿੰਦ ਦੇ ਨਾਮ ਦਿੱਤੀ ਗਈ ਤਾਰ ਵਿਚ ਲਿਖਿਆ ਸੀ।

"ਪੰਜ ਸੌ ਦੇ ਦੂਸਰੇ ਸ਼ਹੀਦੀ ਜਥੇ ਨੂੰ ਵੀ ਜੈਤੋ ਵਿਚ ਅਖੰਡ ਪਾਠ ਕਰਨ ਦੀ ਆਗਿਆ ਨਹੀਂ ਦਿੱਤੀ ਗਈ ਤੇ ੧੪ ਮਾਰਚ ਨੂੰ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪਾਠ ਜਾਰੀ ਕਰਨ ਲਈ ਅਕਾਲ ਤਖ਼ਤ ਸਾਹਿਬ ਦਾ ਪਵਿੱਤ੍ਰ ਹੁਕਮ ਮੰਨ ਕੇ ਹੋਰ ਜਥੇ ਸ਼ਾਂਤਮਈ ਦਾ ਪ੍ਰਣ ਲੈ ਕੇ ਜੈਤੋ ਨੂੰ ਜਾ ਰਹੇ ਹਨ। ਉਨ੍ਹਾਂ ਦਾ ਮੰਤਵ ਕੇਵਲ ਨਾਭੇ ਦੀ ਹਕੂਮਤ ਵਲੋਂ ਬੰਦ ਕੀਤੇ ਗਏ ਪਾਠ ਨੂੰ ਜਾਰੀ ਕਰਨਾ ਹੈ। ਜਿਸ ਨੇ ਕਿ ਪਾਠ ਕਰਦੇ ਗ੍ਰੰਥੀ ਨੂੰ ਘਸੀਟ ਕੇ ਬਾਹਰ ਕੱਢ ਦਿੱਤਾ ਹੈ। ਆਪ ਕਟੜ ਸਿੱਖਾਂ ਦੇ ਭਾਵਾਂ ਤੋਂ ਇਸ ਗੱਲ ਦੇ ਨਤੀਜੇ ਨੂੰ ਚੰਗੀ ਤਰਾਂ ਸਮਝ ਸਕਦੇ ਹੋ। ਲੇਕਨ ਸਿਖ ਬਿਲਕੁਲ ਪੁਰ ਅਮਨ ਢੰਗ ਤੇ ਟਿਕਵੇਂ ਸੁਭਾਉ ਨਾਲ ਉਥੇ ਗੁਰਬਾਣੀ ਦੇ ਕੀਰਤਨ ਤੇ ਪਾਠ ਦੀ ਰੂਹ ਨੂੰ ਤਾਕਤ ਦੇਣ ਵਾਲੀ ਖ਼ੁਰਾਕ ਹਾਸਲ ਕਰਨ ਜਾ ਰਹੇ ਹਨ। ਉਹ ਮਨ, ਬਚ, ਕਰਮ ਕਰਕੇ ਇਸ ਗੱਲ ਤੇ ਭੀ ਦ੍ਰਿੜ ਹਨ ਕਿ ਉਹ ਕਿਸੇ ਨੂੰ ਭੀ ਕੋਈ ਤਕਲੀਫ ਨਹੀਂ ਦੇਣਗੇ। ਇਸ ਤੋਂ ਵਧੀਕ ਨਾ ਕੋਈ ਪ੍ਰਣ ਸੰਭਵ ਹੈ ਤੇ ਨਾ ਹੀ ਜ਼ਰੂਰੀ ਹੈ। ਆਪ ਕਿਰਪਾ ਕਰਕੇ ਸਰਕਾਰ ਨੂੰ ਸਮੂੰਹ ਧਾਰਮਿਕ ਬੰਦਸ਼ਾਂ ਹਟਾਣ ਲਈ ਹਦਾਇਤ ਜਾਰੀ ਕਰ ਦਿਉ। ਜੈਤੋ ਵਿਚ ਰਾਜਨੀਤਕ ਤਕਰੀਰਾਂ ਜਾਂ ਵਿਖਾਵਿਆਂ ਦਾ ਬਹਾਨਾ ਉਕਾ ਹੀ ਨਿਰਮੂਲ ਹੈ। ਉਥੇ ਕਿਸੇ ਨੂੰ ਕੋਈ ਚਰਚਾ ਕਰਨ ਦੀ ਆਗਿਆ ਨਹੀਂ ਦਿਤੀ ਜਾਂਦੀ। ਜੇ ਇਸ ਸਬੰਧੀ ਛੇਤੀ ਹੀ ਕੋਈ ਕਾਰਵਾਈ ਨਾ ਕੀਤੀ ਗਈ ਤਾਂ ਹਾਲਾਤ ਦੇ ਵਧੇਰੇ ਨਾਜ਼ਕ ਹੋ ਜਾਣ ਦੀ ਸੰਭਾਵਨਾ ਹੈ। ਸਿਖਾਂ ਦੀ ਨਾਭੇ ਬਾਰੇ ਪੋਜ਼ੀਸ਼ਣ ਬਿਲਕੁਲ ਸਾਫ ਹੈ। ਉਨ੍ਹਾਂ ਦਾ ਨਿਸਚਾ ਹੈ ਕਿ ਮਹਾਰਾਜੇ ਦਾ ਗਦੀਉਂ ਉਤਰਨਾ ਮਰਜ਼ੀ ਨਾਲ ਨਹੀਂ ਸੀ। ਰਿਆਸਤਾਂ ਨਾਲ ਸੰਧੀ ਦਾ ਪੂਰਾ ਸਤਿਕਾਰ ਕੀਤਾ ਜਾਵੇ।"

ਇਸ ਤਾਰ ਦਾ ਉੱਤਰ ਹਿੰਦ ਸਰਕਾਰ ਦੇ ਹੋਮ ਸੈਕਟਰੀ ਵਲੋਂ ਇਹ ਦਿਤਾ ਗਿਆ ਕਿ "ਵਜ਼ੀਰ ਹਿੰਦ ਸਿਖਾਂ ਦੇ ਡੇਪੂਟੇਸ਼ਨ ਨੂੰ ਮਿਲਣ ਦੀ ਆਗਿਆ ਦੇਣ ਲਈ ਤਿਆਰ ਹਨ, ਜੇ ਉਹ ਹਿੰਦ ਸਰਕਾਰ ਦੀ ਰਾਹੀਂ ਭੇਜਿਆ ਜਾਵੇ ਤਾਂ ਉਹ ਉਹਨਾਂ ਦੀਆਂ ਗਲਾਂ ਪਰ ਬੜੀ ਖੁਸ਼ੀ ਨਾਲ ਵਿਚਾਰ ਕਰਨ ਵਾਸਤੇ ਤਿਆਰ ਹਨ। ਮਹੀਨਾ ਮਾਰਚ ਵਿਚ ਪੰਜਾਬ ਦੇ ਗਵਰਨਰ ਮਿ: ਮੈਲਕਮ ਹੇਲੀ ਨੇ ਪੰਜਾਬ ਅਸੈਂਬਲੀ ਵਿਚ ਕਿਹਾ "ਸਰਕਾਰ ਵਲੋਂ ਸਿਖਾਂ ਪ੍ਰਤੀ ਮੁਲਾਹ ਦਾ ਹਥ ਵਧਾਇਆ ਗਿਆ ਹੈ ਇਹ ਹੁਣ ਸਿੱਖਾਂ ਦਾ ਕੰਮ ਹੈ ਕਿ ਉਸ ਹੱਥ ਨੂੰ ਫੜਨ।" ਇਸ ਪਰ ਚੀਫ ਖਾਲਸਾ ਦੀਵਾਨ ਨੇ ਇਸ ਗੱਲ ਪਰ ਬਹੁਤ ਜ਼ੋਰ ਦਿਤਾ ਕਿ ਸਿੱਖਾਂ ਨੂੰ ਸਰਕਾਰ ਨਾਲ ਸੁਲਾਹ ਕਰ ਲੈਣੀ ਚਾਹੀਦੀ ਹੈ। ਚੀਫ ਖਾਲਸਾ ਦੀਵਾਨ ਦੀਆਂ ਅਖਬਾਰਾਂ ਨੇ ਲਿਖਿਆ ਕਿ ਅਕਾਲੀਆਂ ਵਿਚ ਪੁਲੀਟੀਕਲ ਅਨਸਰ ਦਾਖਲ ਹੋ ਚੁਕਿਆ ਹੈ ਜੋ ਸੁਲਾਹ ਨਹੀਂ ਹੋਣ ਦਿੰਦਾ।

ਇਸ ਤੋਂ ਪਿਛੋਂ ਅਕਾਲੀਆਂ ਤੇ ਚੀਫ ਖਾਲਸਾ ਦੀਵਾਨ ਵਿਚਕਾਰ ਟੱਕਰ ਆਰੰਭ ਹੋ ਗਈ ਕਿਉਂਕਿ ਅਕਾਲੀ ਤੇਜ਼ ਖਿਆਲੀਏ ਸਮਝੇ ਜਾਂਦੇ ਸਨ ਤੇ ਚੀਫ ਖਾਲਸਾ ਦੀਵਾਨ ਪਰ ਨਰਮ ਖਿਆਲੀਏ ਸਿੱਖਾਂ ਦਾ ਕਬਜ਼ਾ ਸੀ। ਉਸ ਸਮੇਂ ਦੇ ਪ੍ਰਸਿੱਧ ਕਾਂਗਰਸੀ ਲੀਡਰ ਤੇ ਪੰਜਾਬ ਕੌਂਸਲ ਦੇ ਮੈਂਬਰ ਰਾਇਜ਼ਾਦਾ ਹੰਸ ਰਾਜ ਜੀ ਨੇ ਅਕਾਲੀ ਪੱਤ੍ਰਕਾਂ ਦੇ ਪ੍ਰਤਿਨਿਧ ਨੂੰ ਹੇਠ ਲਿਖਿਆ ਬਿਆਨ ਪ੍ਰਕਾਸ਼ਤ ਕਰਨ ਲਈ ਦਿਤਾ:-

"ਮੈਂ ੨੯ ਫਰਵਰੀ ੧੯੨੪ ਨੂੰ ਸ੍ਰੀ ਸਨਮੁਖ ਚੈਟੀ ਨਾਲ ਸਵੇਰੇ ੬ ਵਜੇ ਜੈਤੋ ਸਟੇਸ਼ਨ ਪਰ ਪੁਜਿਆ। ਉਥੋਂ ਸਾਨੂੰ ਇਕ ਸਿਪਾਹੀ ਪੁਲਸ ਅਫਸਰ ਪਾਸ ਲੇ ਗਿਆ। ਜਿਸ ਨੇ ਸਾਨੂੰ

Digitized by Panjab Digital Library | www.panjabdigilib.org

ਹੁਕਮ ਦਿਤਾ ਕਿ 'ਆਪ ਇਥੋਂ ਚਲੇ ਜਾਉ' ਅਸੀਂ ਉਸ ਨੂੰ ਉਤਰ ਦਿਤਾ ਅਸੀਂ ਤਾਂ ਸਹੀ ਹਾਲਤ ਅੱਖੀਂ ਵੇਖਣ ਲਈ ਆਏ ਹਾਂ ਜਿਥੋਂ ਤੱਕ ਹੋ ਸਕਿਆ ਅਸੀਂ ਜਥੇ ਨੂੰ ਸ਼ਾਂਤਮਈ ਰਹਿਣ ਦੀ ਪ੍ਰੇਰਨਾ ਕਰਾਂਗੇ। ਇਤਨੇ ਵਿਚ ਮਿ: ਵਿਲਸਨ ਦਾ ਹੁਕਮ ਮਿਲਿਆ ਕਿ ਸਾਨੂੰ ਗਡੀ ਤੇ ਵਾਪਸ ਕਰ ਦਿਤਾ ਜਾਵੇ।

ਸਟੇਸ਼ਨ ਦੇ ਕੋਲ ਸਾਨੂੰ ਇਕ ਤੰਬੂ ਵਿਚ ਬਠਾਇਆ ਗਿਆ। ਸ਼ਾਮ ਦੇ ਸਾਢੇ ਤਿੰਨ ਵਜੇ ਤੱਕ ਸਾਨੂੰ ਇਥੇ ਹੀ ਬੈਠਾਈ ਰਖਿਆ। ਜੈਤੋ ਦੇ ਸਹੀ ਹਾਲਤ ਵੇਖਣ ਲਈ ਦਸ ਪੰਦਰਾਂ ਆਦਮੀ ਹੋਰ ਭੀ ਆਏ ਸਨ। ਉਨ੍ਹਾਂ ਨੂੰ ਭੀ ਪੁਲਸ ਨੇ ਸਾਰਾ ਦਿਨ ਧੁਪੇ ਬਠਾਈ ਰਖਿਆ। ਉਨ੍ਹਾਂ ਨੂੰ ਰੋਟੀ ਪਾਣੀ ਭੀ ਨਹੀਂ ਪੁਛਿਆ ਗਿਆ।

ਥੋੜੇ ਚਿਰ ਪਿਛੋਂ ਕਰਨਲ ਗ੍ਰੇਗਸਨ ਐਸ. ਪੀ. ਪੁਲਸ ਮੇਰੇ ਪਾਸ ਆਇਆ। ਉਹ ਜਲੰਧਰ ਰਹਿ ਗਿਆ ਸੀ ਇਸ ਕਰਕੇ ਮੇਰਾ ਵਾਕਫ ਸੀ। ਮੈਂ ਉਸ ਨੂੰ ਕਿਹਾ ਸਾਨੂੰ ਸ਼ਹੀਦੀ ਜਥੇ ਬਾਰੇ ਹਾਲਾਤ ਵੇਖਣ ਦੀ ਆਗਿਆ ਹੋਣੀ ਚਾਹੀਦੀ ਹੈ। ਉਸ ਨੇ ਉਤ੍ਰ ਦਿਤਾ ਇਹ ਰਿਆਸਤੀ ਅਮਲਾ ਹੈ ਮੈਂ ਇਸ ਵਿਚ ਕੋਈ ਦਖਲ ਨਹੀਂ ਦੇ ਸਕਦਾ, ਤੁਹਾਨੂੰ ਇਥੋਂ ਚਲੇ ਜਾਣਾ ਚਾਹੀਦਾ ਹੈ। ਮੈਂ ਇਸ ਗਲ ਵਿਚ ਤੁਹਾਡੀ ਕੋਈ ਮਦਦ ਨਹੀਂ ਕਰ ਸਕਦਾ।

ਇਸ ਨੂੰ ਮੈਂ ਪੁਛਿਆ, "ਇਤਨੀ ਪੁਲਸ ਫੌਜ ਤੇ ਰਸਾਲਾ ਕਿਉਂ ਇਕਤ੍ਰ ਕੀਤੇ ਗਏ ਹਨ? ਜਦ ਕਿ ਸ਼ਹੀਦੀ ਜਥੇ ਨੇ ਸ਼ਾਂਤਮਈ ਰਹਿਣ ਦਾ ਪ੍ਰਣ ਲਿਆ ਹੋਇਆ ਹੈ। ਉਸ ਦਾ ਉਤ੍ਰ ਸੀ, "ਸਾਨੂੰ ਅਕਾਲੀਆਂ ਤੋਂ ਕੋਈ ਖਤਰਾ ਨਹੀਂ ਕਿਉਂਕਿ ਅਸੀਂ ਕਿਸੇ ਅਕਾਲੀ ਦੀ ਜ਼ਬਾਨ ਤੋਂ ਕੌੜੇ ਸ਼ਬਦ ਨਹੀਂ ਸੁਣੇ ਪਰ ਸਾਨੂੰ ਤਮਾਸ਼ ਬੀਨਾਂ ਤੇ ਹੋਰ ਆਦਮੀਆਂ ਤੋਂ ਡਰ ਜ਼ਰੂਰ ਹੈ ਕਿ ਉਹ ਕਿਧਰੇ ਬਦ ਅਮਨੀ ਨਾ ਕਰ ਦੇਣ ਇਸ ਲਈ ਅਸੀਂ ਇਹ ਪ੍ਰਬੰਧ ਕੀਤਾ ਹੈ।

ਬਿਆਨ ਦੇ ਅਖੀਰ ਵਿਚ ਆਪ ਨੇ ਕਿਹਾ, "ਸਟੇਸ਼ਨ ਪਰ ਗੋਰਖਾ ਫੌਜ ਦਾ ਪਹਿਰਾ ਸੀ। ਕਿਸੇ ਆਦਮੀ ਨੂੰ ਸ਼ਹਿਰ ਵਲ ਜਾਣ ਦੀ ਆਗਿਆ ਨਹੀਂ ਸੀ। ਗੋਲੀ ਬਿਨਾ ਕਾਰਨ ਚਲਾਈ ਗਈ ਹੈ" ਅਕਾਲੀ ਪਤ੍ਰਕਾ ੧੫ ਫਰਵਰੀ ੧੯੨੪ ਇਸ ਤੋਂ ਇਲਾਵਾ ਡਾ: ਸੈਫੁਦ ਦੀਨ ਕਿਚਲੂ ਨੇ ਜੋ ਬਰਗਾੜੀ ਤੋਂ ਜਥੇ ਦੇ ਨਾਲ ਗਏ ਸਨ, ਇਕ ਲੰਬੇ ਚੌੜੇ ਬਿਆਨ ਵਿਚ ਸਰਕਾਰ ਦੇ ਝੂਠੇ ਪ੍ਰਾਪੇਗੰਡੇ ਤੇ ਸਰਕਾਰੀ ਰੀਪੋਰਟ ਦੀਆਂ ਚੰਗੀ ਤਰਾਂ ਧਜੀਆਂ ਉਡਾਈਆਂ। ਉਨ੍ਹਾਂ ਨੇ ਇਸ ਗਲ ਨੂੰ ਖੰਡਨ ਕੀਤਾ ਕਿ ਅਕਾਲੀਆਂ ਪਾਸ ਹਥਿਆਰ ਸਨ ਤੇ ਛੇੜਖਾਨੀ ਪਹਿਲੋਂ ਸਿੰਘਾਂ ਵਲੋਂ ਹੋਈ। ਡਾ: ਸਾਹਿਬ ਨੇ ਜੈਤੋ ਦੇ ਸ਼ਹੀਦੀ ਸਾਕੇ ਦੇ ਅਖੀਂ ਡਿਠੇ ਹਾਲਾਤ ਬਿਆਨ ਕਰਦੇ ਹੋਏ ਅਕਾਲੀਆਂ ਦੇ ਡਿਸਪਲਨ, ਕੁਰਬਾਨੀ ਅਤੇ ਬੀਰਤਾ ਦੀ ਬਹੁਤ ਸੁਹਣੇ ਸ਼ਬਦਾਂ ਵਿਚ ਪ੍ਰਸੰਸਾ ਕੀਤੀ। ਅਕਾਲੀ ਕਾਂਗਰਸ ਬਿਊਰੋ ਵਲੋਂ ਸਰਦਾਰ ਕੇ. ਐਮ. ਪਾਨੀਕਰ ਨੇ ਭੀ ਗੋਲੀ ਚਲਣ ਦੀ ਘਟਨਾ ਦੀ ਪੜਤਾਲ ਕੀਤੀ। ਆਪਣੀ ਰੀਪੋਰਟ ਵਿਚ ਉਨ੍ਹਾਂ ਨੇ ਸਰਕਾਰੀ ਰੀਪੋਰਟ ਨੂੰ ਖੰਡਨ ਕੀਤਾ।

ਆਪ ਆਪਣੀ ਰੀਪੋਰਟ ਵਿਚ ਲਿਖਦੇ ਹਨ, "ਇਸ ਵਿਚ ਕੋਈ ਸ਼ਕ ਨਹੀਂ ਕਿ ਜਥੇ ਨਾਲ ਬੇਸ਼ੁਮਾਰ ਹਜੂਮ ਸੀ। ਇਹ ਲੋਕ ਵਧੇਰੇ ਪਿੰਡਾਂ ਵਿਚੋਂ ਆਏ ਸਨ। ਕੇਵਲ ਇਹ ਗਲ ਵੇਖਣ ਲਈ ਕਿ ਪਾਠ ਕਿਵੇਂ ਰਖਿਆ ਜਾਂਦਾ ਹੈ। ਡਾ: ਕਿਚਲੂ ਤੇ ਹੋਰ ਲੋਕ ਜਿਨ੍ਹਾਂ ਨੇ ਰਾਹ ਵਿਚ ਭੀ ਜਥੇ ਨੂੰ ਵੇਖਿਆ ਬਿਆਨ ਕਰਦੇ ਹਨ ਕਿ ਹਰ ਥਾਂ ਜਥੇ ਦਾ ਸ਼ਾਨਦਾਰ ਸਵਾਗਤ ਹੋਇਆ। ਹਜੂਮ ਹਜ਼ਾਰਾਂ ਦੀ ਗਿਣਤੀ ਵਿਚ ਸੀ ਪਰ ਬਿਲਕੁਲ ਪੁਰ ਅਮਨ ਸੀ। ਜਿਵੇਂ ਜਿਵੇਂ ਜਥਾ ਜੈਤੋ ਦੇ ਨੇੜੇ ਹੁੰਦਾ ਗਿਆ ਤੇ ਹਜੂਮ ਭੀ ਵਧਦਾ ਗਿਆ। ਬਹੁਤ ਹਿਸਾ ਪਿਛੇ ਜਾ ਰਿਹਾ ਸੀ ਕੁਝ ਦੋਹੀਂ ਪਾਸੀਂ ਸੀ। ਜਥੇਦਾਰ ਨੇ

Digitized by Panjab Digital Library | www.panjabdigilib.org

ਆਮ ਲੋਕਾਂ ਨੂੰ ਪਿਛੇ ਜਾਣ ਲਈ ਕਿਹਾ।

ਸਰਕਾਰੀ ਰੀਪੋਰਟ ਦਾ ਇਹ ਬਿਆਨ ਕਿ ਜਥੇ ਦੇ ਦੁਆਲੇ ਛੇ ਹਜ਼ਾਰ ਦਾ ਹਜੂਮ ਜਥੇ ਨੂੰ ਛੁਪਾ ਕੇ ਲੈ ਜਾ ਰਿਹਾ ਸੀ ਬਿਲਕੁਲ ਝੂਠ ਹੈ। ਸ: ਬਲਵੰਤ ਸਿੰਘ ਸਿਵਲ ਮਿਲਟਰੀ ਗਜ਼ਟ ਦੇ ਰੀਪੋਰਟਰ, ਨੇ ਇਹ ਸਾਬਤ ਕਰਨ ਦਾ ਯਤਨ ਕੀਤਾ ਹੈ ਕਿ ਹਜੂਮ ਇਕ ਖਾਸ ਜਥੇ ਦੀ ਕਮਾਨ ਹੇਠ ਸੀ ਤੇ ਖਾਸ ਹਮਲਾ ਕਰਨ ਦੇ ਇਰਾਦੇ ਨਾਲ ਆਇਆ ਸੀ। ਇਹ ਭੀ ਕਿਹਾ ਜਾਂਦਾ ਹੈ ਕਿ ਹਜੂਮ ਜਥੇ ਦੀ ਸਾਜ਼ਸ਼ ਵਿਚ ਸ਼ਾਮਲ ਸੀ ਪਰ ਇਸ ਸਬੰਧੀ ਕੋਈ ਇਕ ਭੀ ਸ਼ਹਾਦਤ ਨਹੀਂ ਮਿਲਦੀ। ਡਾ: ਕਿਚਲੂ ਜੋ ਜਥੇ ਦੇ ਨਾਲ ਸਨ ਦਸਦੇ ਹਨ ਕਿ ਜਥਾ ਨਾਭੇ ਦੀ ਹੱਦ ਵਿਚ ਜਾਕੇ ਰੁਕ ਗਿਆ ਤੇ ਜਥੇਦਾਰ ਨੇ ਹਜੂਮ ਨੂੰ ਕਿਹਾ ਕਿ ਉਹ ਜਥੇ ਦਾ ਸਾਥ ਛਡ ਦੇਵੇ ਤੇ ਜਥੇ ਨੂੰ ਇਕਲਿਆਂ ਅਗੇ ਜਾਣ ਦੇਵੇ ਜਦ ਉਨ੍ਹਾਂ ਨੇ ਕਿਹਾ ਕਿ ਅਸੀਂ ਭੀ ਗੁਰਦਵਾਰੇ ਦੇ ਦਰਸ਼ਨਾਂ ਲਈ ਜਾ ਰਹੇ ਹਾਂ ਤਾਂ ਜਥੇਦਾਰ ਸਾਹਿਬ ਨੇ ਉਨ੍ਹਾਂ ਨੂੰ ਪਿਛੇ ਰਹਿਣ ਲਈ ਕਿਹਾ। ਜਥੇ ਜਾਂ ਹਜੂਮ ਦੇ ਸਾਹਮਣੇ ਕਿਸੇ ਨੂੰ ਤਕਰੀਰ ਕਰਨ ਦੀ ਆਗਿਆ ਨਹੀਂ ਸੀ। ਸਰਕਾਰੀ ਬਿਆਨ ਦੀ ਇਹ ਗਲ ਕਿ ਜਥੇ ਦੇ ਅਗੇ ਬਦਮਾਸ਼ਾਂ ਦੀ ਇਕ ਫੌਜ ਜਾ ਰਹੀ ਸੀ, ਬਿਲਕੁਲ ਗਲਤ ਹੈ।"

ਇਸ ਰੀਪੋਰਟ ਵਿਚ ਸਰਕਾਰੀ ਰੀਪੋਰਟ ਦਾ ਖੰਡਨ ਕਰਦੇ ਹੋਏ ਅਗੇ ਚਲ ਕੇ ਲਿਖਿਆ ਹੈ "ਹਜੂਮ ਦੇ ਸਬੰਧ ਵਿਚ ਇਕ ਗਲ ਨਿਸਚਤ ਹੈ ਕਿ ਇਸ ਦੇ ਪਾਸ ਅਗਨਿ ਹਥਿਆਰ ਨਹੀਂ ਸਨ। ਇਹ ਸਚ ਹੈ ਕਿ ਹਜੂਮ ਵਿਚੋਂ ਕਈਆਂ ਆਦਮੀਆਂ ਪਾਸ ਕ੍ਰਿਪਾਨਾਂ ਤੇ ਲਾਠੀਆਂ ਸਨ ਪਰ ਇਨ੍ਹਾਂ ਤੋਂ ਬਿਨਾਂ ਉਹਨਾਂ ਪਾਸ ਹੋਰ ਕੋਈ ਹਥਿਆਰ ਨਹੀਂ ਸਨ। ਮੈਂ ਜਿਤਨੇ ਗਵਾਹਾਂ ਦੀਆਂ ਗਵਾਹੀਆਂ ਲਈਆਂ ਹਨ ਉਹ ਉਕਤ ਬਿਆਨ ਨਾਲ ਸਹਿਮਤ ਹਨ।"

ਡਾ: ਕਿਚਲੂ ਨੇ ਜਥੇ ਦੇ ਨਾਭੇ ਦੀ ਹੱਦ ਵਿਚ ਦਾਖਲ ਹੋਣ ਤੋਂ ਪਹਿਲਾਂ ਚੰਗੀ ਤਰਾਂ ਨਾਲ ਵੇਖ ਭਾਲ ਕੀਤੀ। ਉਨ੍ਹਾਂ ਦਾ ਜ਼ੋਰਦਾਰ ਕਥਨ ਹੈ ਕਿ ਜਥੇ ਜਾਂ ਹਜੂਮ ਪਾਸ ਕੋਈ ਅਗਨਿ ਸ਼ਸਤਰ ਨਹੀਂ ਸੀ। ਹਕੂਮਤ ਨੇ ਜਿਹੜੇ ਆਦਮੀ ਉਸ ਦਿਨ ਗ੍ਰਿਫਤਾਰ ਕੀਤੇ ਉਨ੍ਹਾਂ ਪਾਸੋਂ ਬਰਾਮਦ ਹੋਈਆਂ ਚੀਜ਼ਾਂ ਵਿਚੋਂ ਇਕ ਦੇ ਪਾਸ ਭੀ ਅਗਨਿ ਹਥਿਆਰ ਨਹੀਂ ਨਿਕਲਿਆ। ਹਕੂਮਤ ਨੂੰ ਆਪਣਾ ਕਥਨ ਸਾਬਤ ਕਰਨ ਲਈ ਕੋਈ ਠੋਸ ਸਬੂਤ ਲਭਣੇ ਚਾਹੀਦੇ ਸਨ। ਅਗੇ ਚਲ ਕੇ ਇਸ ਰੀਪੋਰਟ ਵਿਚ ਮਿਸਟਰ ਪਾਨੀਕਰ ਲਿਖਦੇ ਹਨ। ਮਲੂਮ ਹੁੰਦਾ ਹੈ ਕਿ ਇਹ ਘਟਨਾ ਡਰ ਦਾ ਨਤੀਜਾ ਹੈ। ਐਡਮਨਿਸਟਰੇਟਰ ਨੂੰ ਖਿਆਲ ਸੀ ਕਿ ਫੌਜ ਨਾਭੇ ਤੇ ਹਮਲਾ ਕਰਨ ਲਈ ਆ ਰਹੀ ਹੈ। ਇਹ ਅਯੋਗ ਤੇ ਗਲਤ ਨਤੀਜਾ ਸੀ, ਜੋ ਇਸ ਸਾਕੇ ਦਾ ਕਾਰਣ ਬਣਿਆ ਹੈ। ਅਕਾਲੀਆਂ ਨੇ ਬਹੁਤ ਵਾਰੀ ਕਿਹਾ ਕਿ ਉਨ੍ਹਾਂ ਦਾ ਮੰਤਵ ਕੇਵਲ ਪਾਠ ਕਰਨਾ ਹੈ, ਪ੍ਰੰਤੂ ਹਾਕਮਾਂ ਨੇ ਇਸ ਦਾ ਮਤਲਬ ਗਲਤ ਸਮਝਿਆ।

## ਡੁਰਲੀ ਜੱਥੇ ਦਾ ਮੁਕੱਦਮਾ

ਸਰਕਾਰ ਨੇ ਮਿ: ਅਮਰ ਨਾਥ ਮਜਿਸਟ੍ਰੇਟ ਨੂੰ ਸੈਸ਼ਨ ਜੱਜ ਨੀਯਤ ਕਰਕੇ ਨਾਭੇ ਭੇਜਿਆ। ਪਹਿਲੇ ਸ਼ਹੀਦੀ ਜੱਥੇ ਦੇ ਨਾਲ ਜਾਣ ਵਾਲੇ ਡੁਰਲੀ ਜੱਥੇ ਦੇ ੨੨ ਸਿੰਘਾਂ ਵਿਰੁਧ ਮੁਕਦਮਾ ਚਲਾਇਆ। ਇੰਨ੍ਹਾਂ ਵਿਚ ਮਾਈ ਕਿਸ਼ਨ ਕੌਰ ਭੀ ਸ਼ਾਮਲ ਸੀ। ੧੭ ਮਈ ਨੂੰ ਪੇਸ਼ੀ ਹੋਈ। ਪਹਿਲੇ ਸਰਕਾਰੀ ਗਵਾਹ ਨੇ (ਜੋ ਸ੍ਰੋ: ਕਮੇਟੀ ਦਾ ਬਿਨਾ ਤਨਖਾਹ ਮਿਸਤ੍ਰੀ ਸੀ। ਕਿਹਾ "ਪਹਿਲੇ ਸ਼ਹੀਦੀ ਜੱਥੇ ਨਾਲ ਬੰਦੂਕਾਂ ਵਾਲੇ ਆਦਮੀ ਸਨ। ਜੈਤੋ ਪੁਜਣ ਪਰ ਜੱਥੇਦਾਰ ਨੇ ਡੁਰਲੀ ਜੱਥੇ ਨੂੰ ਕਿਹਾ "ਖਾਲਸਾ ਜੀ ਹੁਣ ਤੁਹਾਡੇ ਕੰਮ ਦਾ ਸਮਾਂ ਆ ਗਿਆ ਹੈ। ਇਸ ਪਰ ਉਨ੍ਹਾਂ ਨੇ ਗੋਲੀਆਂ ਚਲਾਈਆਂ।"

Digitized by Panjab Digital Library | www.panjabdigilib.org

ਦੂਜਾ ਸੁਲਤਾਨੀ ਗਵਾਹ ਸ਼ਹੀਦੀ ਜੱਥੇ ਦਾ ਇੱਕ ਮੈਂਬਰ ਸੀ, ਉਸ ਨੇ ਕਿਹਾ "ਮੈਨੂੰ ਸ੍ਰੋ: ਕਮੇਟੀ ਨੇ ਸ਼ਹੀਦੀ ਜੱਥੇ ਵਿਚ ਭਰਤੀ ਕਰਕੇ ਭੇਜਿਆ ਸੀ। ਪੀਲੀ ਵਰਦੀ ਦਿੱਤੀ ਸੀ ਸਾਨੂੰ ਜੈਤੋ ਪੁਜਣ ਤੋਂ ਪਹਿਲਾਂ ਇਕ ਹਥਿਆਰ ਬੰਦ ਜੱਥਾ ਮਿਲਿਆ।" ਤੀਜੇ ਗਵਾਹ ਨੇ ਕਿਹਾ ਮੈਂ ਊਠ ਤੇ ਚੜ੍ਹਿਆ ਹੋਇਆ ਸਾਂ ਮੈਂ ਆਪਣੀਆਂ ਅੱਖਾਂ ਨਾਲ ਵੇਖਿਆ ਕਿ ਦੋ ਆਦਮੀ ਬੰਦੂਕ ਤੇ ਪਸਤੌਲ ਚਲਾ ਰਹੇ ਸਨ।"

ਚੌਥਾ ਗਵਾਹ ਇਕ ਨੰਬਰ ਦਾਰ ਸੀ, ਉਸਨੇ ਕਿਹਾ ਸਾਨੂੰ ਮੰਡੀ ਵਿਚ ਲੁਟਮਾਰ ਦਾ ਡਰ ਸੀ। ਜੱਥੇ ਦੇਨਾਲ ਕਈ ਆਦਮੀਆਂ ਪਾਸ ਹੱਥਿਆਰ ਸਨ। ਇਸ ਮੁਕਦਮੇ ਵਿਚ ਸ: ਦੂਲਾ ਸਿੰਘ ਸ: ਸੁਚਾ ਸਿੰਘ ਰੋਡੇ ਤੇ ਮਾਈ ਕਿਸ਼ਨ ਕੋਰ ਕਾਉਕੇ ਆਦਿਕ ਨੂੰ ਸੱਤ ਸੱਤ ਸਾਲ ਦੀਆਂ ਲੰਬੀਆ ਸਜ਼ਾਵਾਂ ਦਿੱਤੀਆਂ ਗਈਆਂ।

ਕੇਂਦਰੀ ਅਸੈਂਬਲੀ ਦੇ ਮਾਰਚ ਸੈਸ਼ਨ ਵਿਚ ਪੰ: ਮਦਨ ਮੋਹਨ ਮਾਲਵੀਆ ਨੇ ਜੈਤੋ ਦੇ ਸ਼ਹੀਦੀ ਸਾਕੇ ਸਿਬੰਧੀ ਇਕ ਦਿਲ ਹਿਲਾਉ ਤਕਰੀਰ ਕੀਤੀ ਜਿਸ ਵਿਚ ਸਰਕਾਰੀ ਬਿਆਨਾ ਦਾ ਚੰਗੀ ਤਰ੍ਹਾਂ ਪੋਲ ਖੋਲ੍ਹਿਆ ਗਿਆ। ਇਸ ਤਕਰੀਰ ਦਾ ਅਸਰ ਸਾਰੇ ਦੇਸ਼ ਪਰ ਪਿਆ। ਬ੍ਰਿਟਿਸ਼ ਪਾਰਲੀਮੈਂਟ ਦੇ ਇਜਲਾਸ ਵਿਚ ਲਾਰਡ ਆਲੀਵਰ ਸੈਕਟ੍ਰੀ ਆਫ ਸਟੇਟ ਨੇ ਸਰਕਾਰੀ ਪੋਜ਼ੀਸ਼ਨ ਦੀ ਵਜ਼ਾਹਤ ਕਰਦਿਆਂ ਹੋਇਆਂ ਕਿਹਾ "ਸ੍ਰੋਮਣੀ ਕਮੇਟੀ ਇਕ ਇੰਨਕਲਾਬੀ ਜਮਾਤ ਹੈ ਇਸ ਲਈ ਸਰਕਾਰ ਨੇ ਉਸ ਨੂੰ ਕਾਨੂੰਨ ਵਿਰੁਧ ਕਰਾਰ ਦਿੱਤਾ ਹੈ।"

ਇਸ ਤਕਰੀਰ ਦੇ ਜਵਾਬ ਵਿਚ ਪ੍ਰੋ: ਜੋਧ ਸਿੰਘ ਜੀ ਐਮ. ਏ. ਐਮ.ਐਲ.ਸੀ. ਨੇ ਵਜ਼ੀਰ ਹਿੰਦ ਦੇ ਨਾਮ ਇਕ ਤਾਰ ਭੇਜੀ ਜਿਸ ਵਿਚ ਲਿਖਿਆ ਸੀ "ਸ੍ਰੋਮਣੀ ਕਮੇਟੀ ਇਕ ਨਰੋਲ ਧਾਰਮਕ ਜਮਾਤ ਹੈ। ਸੈਕਟ੍ਰੀ ਆਫ ਸਟੇਟ ਦਾ ਇਲਜ਼ਾਮ ਗਲਤ ਹੈ।" ੧੩ ਮਾਰਚ ੧੯੨੪ ਨੂੰ ਪੰਜਾਬ ਦੇ ਗਵਰਨਰ ਮਿ. ਹੇਲੀ ਨੇ ਪੰਜਾਬ ਕੌਂਸਲ ਵਿਚ ਕਿਹਾ "ਪਹਿਲੇ ਜੱਥੇ ਨਾਲ ਜੈਤੋ ਵਿਚ ਜੋ ਘਟਨਾ ਹੋਈ ਹੈ। ਉਸਦਾ ਕਾਰਣ ਪੇਂਡੂ ਲੋਕਾਂ ਦੀ ਮੌਜੂਦਗੀ ਸੀ। ਇਸ ਲਈ ਅਸੀਂ ਇਹ ਪਾਬੰਦੀ ਲਗਾਈ ਸੀ ਕਿ ਪੰਜਾਹ ਸਿੰਘਾਂ ਦਾ ਜੱਥਾ ਜਾਕੇ ਗੁ: ਗੰਗਸਰ ਵਿਚ ਪਾਠ ਕਰ ਆਵੇ। ਸਰਕਾਰ ਇਹ ਸ਼ਰਤ ਵਾਪਸ ਲੈਣ ਲਈ ਤਿਆਰ ਨਹੀਂ।

ਭਾ: ਲਾਭ ਸਿੰਘ ਜੀ ਗ੍ਰੰਥੀ, ਖਿਲਾਫਤ ਦੇ ਰੀਪੋਰਟਰ ਨੂਰ ਮਹੰਮਦ ਤੇ ਕੁਝ ਸਿੰਘਾਂ ਨੂੰ ੧੦ ਮਾਰਚ ਨੂੰ ਰਿਹਾ ਕੀਤਾ ਗਿਆ। ਇੰਨਾਂ ਦਾ ਅੰਮ੍ਰਿਤਸਰ ਵਿਚ ਸ਼ਾਨਦਾਰ ਸ੍ਵਾਗਤ ਹੋਇਆ ਅਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਿਰੋਪਾਉ ਦਿਤੇ ਗਏ। ਪਹਿਲੇ ਜੱਥੇ ਦੇ ਬਹੁਤ ਸਾਰੇ ਸਿੰਘਾਂ ਨੂੰ ਬਾਵਲਕਾਂਟੀ ਦੇ ਕਿਲੇ ਵਿਚ ਲੈ ਜਾਕੇ ਬੰਦ ਕੀਤਾ ਗਿਆ। ਜੇਲ੍ਹ ਵਿਚ ਉਨ੍ਹਾਂ ਨਾਲ ਜੋ ਬੀਤੀ ਅਤੇ ਨਾਭੇ ਦੀਆਂ ਹੋਰ ਜੇਲ੍ਹਾਂ ਵਿਚ ਸਿੰਘਾਂ ਨੂੰ ਜੋ ਤਸੀਹੇ ਦਿਤੇ ਗਏ। ਉਹ ਅਸੀਂ ਅੱਗੇ ਚਲਕੇ ਵਿਸਥਾਰ ਨਾਲ ਲਿਖਾਂਗੇ।

੨੦ ਅਪਰੈਲ ਨੂੰ ਬਾਵਲ ਕਾਂਟੀ ਤੋਂ ਕੁਝ ਸਿੰਘ ਰਿਹਾ ਹੋ ਕੇ ਅੰਮ੍ਰਿਤਸਰ ਪੁਜੇ, ਉਨ੍ਹਾਂ ਨੇ ਦਸਿਆ ਕਿ ਬਾਵਲ ਕਿਲ੍ਹੇ ਵਿਚ ਸਿੰਘਾਂ ਪਰ ਬਹੁਤ ਜ਼ਿਆਦਾ ਸਖਤੀਆਂ ਕੀਤੀਆਂ ਜਾ ਰਹੀਆਂ ਹਨ। ਭੈੜੀ ਖੁਰਾਕ ਤੇ ਹਵਾ ਪਾਣੀ ਮਾਫਕ ਨਾ ਆਉਣ ਕਰਕੇ ਬਹੁਤ ਸਾਰੇ ਸਿੰਘ ਬੀਮਾਰ ਪਏ ਹਨ। ੮ ਮਾਰਚ ਨੂੰ ਪਹਿਲੇ ਸ਼ਹੀਦੀ ਜਥੇ ਦੇ ੪੩੨ ਸਿੰਘਾਂ ਨੂੰ ਸਵੇਰੇ ੭ ਵਜੇ ਗਡੀ ਵਿਚ ਬੰਦ ਕਰਕੇ ਪੁਲਸ ਦੇ ਸਖਤ ਪਹਿਰੇ ਵਿਚ ਬਾਵਲ ਕਾਂਟੀ ਭੇਜਿਆ ਗਿਆ।

Digitized by Panjab Digital Library | www.panjabdigilib.org

ਰਾਹ ਵਿਚ ਕਿਸੇ ਸਟੇਸ਼ਨ ਤੇ ਗੱਡੀ ਖੜੀ ਨਹੀਂ ਕੀਤੀ ਗਈ। ਜੰਗਲ ਵਿਚ ਗੱਡੀ ਖੜੀ ਕਰਦੇ ਸਨ ਤਾਕਿ ਸਿੰਘਾਂ ਨੂੰ ਖਾਣ ਪੀਣ ਨੂੰ ਕੁਝ ਨਾ ਲਭੇ, ੯ ਮਾਰਚ ਨੂੰ ਸਿੰਘ ਬਾਵਲ ਪੁਜੇ ਉਸ ਦਿਨ ਭੀ ਖਾਣ ਨੂੰ ਕੁਝ ਨਾ ਦਿਤਾ ਗਿਆ। ਸ਼ਾਮ ਨੂੰ ਬਾਜਰੇ ਤੇ ਜਵਾਰ ਦੀਆਂ ਦੋ ਦੋ ਰੋਟੀਆਂ ਅਤੇ ਪੀਣ ਨੂੰ ਥੋੜਾ ਜਿਹਾ ਪਾਣੀ ਦਿਤਾ ਗਿਆ। ਗੰਦੀ ਥਾਂ ਤੇ ਭੈੜੀ ਖੁਰਾਕ ਕਰਕੇ ਇਕੋ ਦਿਨ ਵਿਚ ੧੨੭ ਸਿੰਘ ਬੀਮਾਰ ਹੋ ਗਏ। ਇਨ੍ਹਾਂ ਸਖਤੀਆਂ ਕਰਕੇ ਗੁਰਦਾਸ-ਪੁਰ ਦਾ ਇਕ ਬਿਰਧ ਸਿੰਘ ਸ਼ਹੀਦ ਹੋ ਗਿਆ।

੮ ਅਪਰੈਲ ਨੂੰ ਗੁਰਦਿਆਲ ਸਿੰਘ ਤੇ ਮਿ: ਵਿਲਸਨ ਦੇ ਜਾਨਸ਼ੀਨ ਮਿ: ਗ੍ਰੇਗਸਨ ਬਾਵਲ ਕਾਂਟੀ ਜੇਲ੍ਹ ਵੇਖਣ ਗਏ ਸਿੰਘਾਂ ਨੇ ਭੈੜੀ ਖੁਰਾਕ ਦੀ ਸ਼ਕਾਇਤ ਕੀਤੀ ਤਾਂ ਉਨ੍ਹਾਂ ਨੇ ਕਿਹਾ, "ਤੁਸੀਂ ਮਹਿਮਾਨ ਬਣਕੇ ਨਹੀਂ ਆਏ ਕੈਦੀ ਹੋ ਕੈਦੀਆਂ ਨਾਲ ਇਹੋ ਜਿਹਾ ਹੀ ਵਰਤਾਉ ਕੀਤਾ ਜਾਂਦਾ ਹੈ। ੧੧ ਅਪਰੈਲ ਨੂੰ ਸਤਿ ਸ੍ਰੀ ਅਕਾਲ ਦਾ ਜੈਕਾਰਾ ਗਜਾਉਣ ਕਰਕੇ ਸਿੰਘਾਂ ਪਰ ਸਖਤ ਮਾਰ ਕੁਟਾਈ ਕੀਤੀ ਗਈ।"

## ਪੰਥ ਵਿਚ ਅਥਾਹ ਜੋਸ਼ ਦੀ ਲਹਿਰ

ਪਹਿਲੇ ਸ਼ਹੀਦੀ ਜਥੇ ਪਰ ਗੋਲੀ ਚਲਣ ਤੋਂ ਪਿਛੋਂ ਪੰਥ ਵਿਚ ਅਥਾਹ ਜੋਸ਼ ਦੀ ਲਹਿਰ ਦੌੜ ਗਈ। ਹਰ ਘਰ ਵਿਚ ਜੈਤੋ ਦੇ ਮੋਰਚੇ ਦੀ ਚਰਚਾ ਸੀ। ਸਵੇਰੇ, ਸ਼ਾਮ ਜਦ ਗੁਰਦੁਆਰਿਆਂ ਵਿਚ ਦੀਵਾਨ ਸਜਦੇ ਤਾਂ ਜੈਤੋ ਦੇ ਸ਼ਹੀਦਾਂ ਦੀਆਂ ਕੁਰਬਾਨੀਆਂ ਸੁਣਾਈਆਂ ਜਾਂਦੀਆਂ। ਹਰ ਇਕ ਸਿੱਖ ਦਾ ਦਿਲ ਇਉਂ ਚਾਹੁੰਦਾ ਸੀ ਕਿ ਉਹ ਭੀ ਜੈਤੋ ਵਿਚ ਜਾ ਕੇ ਸ਼ਹੀਦੀ ਪ੍ਰਾਪਤ ਕਰਕੇ ਜੱਸ ਖੱਟੇ। ਛੋਟੇ ਛੋਟੇ ਬਚੇ ਗਲੀਆਂ ਵਿਚ ਗਾਉਂਦੇ ਫਿਰਦੇ "ਅਜੀ ਮੈਂ ਨਾਭੇ ਨੂੰ ਜ਼ਰੂਰ ਜਾਵਾਂਗਾ ਭਾਵੇਂ ਸਿਰ ਕੱਟ ਜਾਵੇ ਮੇਰਾ।"

ਜੈਤੋ ਦੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੇ ਸਿੱਖ ਪੰਥ ਵਿਚ ਨਵੀਂ ਰੂਹ ਫੂਕ ਦਿਤੀ। ਸ਼੍ਰੋ: ਕਮੇਟੀ ਨੇ ਦੂਜੇ ਜਥੇ ਬਾਰੇ ਐਲਾਨ ਕੀਤਾ ਤਾਂ ਥੋੜ੍ਹੇ ਜਿਹੇ ਦਿਨਾਂ ਵਿਚ ਹੀ ਪੰਜ ਸੌ ਸੂਰਬੀਰ ਸਿੰਘਾਂ ਨੇ ਆਪਣੇ ਨਾਮ ਦਰਜ ਕਰਾ ਦਿਤੇ। ਜਦੋਂ ਪਹਿਲੇ ਜਥੇ ਪਰ ਗੋਲੀ ਚਲ ਚੁਕੀ ਹੋਵੇ ਤਾਂ ਦੂਜੇ ਜਥੇ ਵਿਚ ਜਾਣ ਲਈ ਨਾਮ ਪੇਸ਼ ਕਰਨਾ ਸਿੱਖ ਸੂਰਬੀਰਾਂ ਦਾ ਹੀ ਕੰਮ ਸੀ। ਧੰਨ ਹਨ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਜਿਨ੍ਹਾਂ ਨੇ ਸਿੱਖਾਂ ਨੂੰ ਸ਼ਹੀਦੀਆਂ ਪ੍ਰਾਪਤ ਕਰਨ ਦੀ ਜਾਚ ਸਿਖਾਈ ਅਤੇ ਗੁਰਸਿੱਖਾਂ ਦੇ ਮਨਾ ਵਿਚ "ਮੋਹਿ ਮਰਨੇ ਕਾ ਚਾਉ ਹੈ ਮਰੋ ਤਾਂ ਹਰਕੇ ਦੁਆਰ। ਮਤ ਹਰਿ ਪੂਛੇ ਕੌਨ ਹੈ ਪਰਾ ਹਮਾਰੇ ਬਾਰ" ਦਾ ਪਵਿਤਰ ਜਜ਼ਬਾ ਪੈਦਾ ਕਰ ਦਿਤਾ ਅਤੇ ਸਿੱਖਾਂ ਦੀ ਅਵਸਥਾ "ਜਿਸ ਮਰਨੇ ਤੇ ਜਗ ਡਰੇ ਮੇਰੇ ਮਨ ਅਨੰਦ। ਮਰਨੇ ਹੀ ਤੇ ਪਾਈਐ ਪੂਰਨ ਪਰਮਾ ਨੰਦ" ਵਾਲੀ ਹੋ ਗਈ। ੨੧ ਫਰਵਰੀ ਨੂੰ ਪਹਿਲੇ ਸ਼ਹੀਦੀ ਜਥੇ ਪਰ ਗੋਲੀ ਚਲੀ ਸੀ। ਸਿੱਖਾਂ ਦੇ ਹਿਰਦਿਆਂ ਦੇ ਜ਼ਖਮ ਅਜੇ ਅਲੇ ਹੀ ਸਨ ਕਿ ੨੭ ਫਰਵਰੀ ਨੂੰ ਦੂਜਾ ਸ਼ਹੀਦੀ ਜਥਾ ਤਿਆਰ ਹੋ ਗਿਆ। ਸਾਰੇ ਦੇਸ਼ ਵਿਚ ਇਸ ਗਲ ਦੀ ਚਰਚਾ ਸੀ ਕਿ ਹੁਣ ਸਿੱਖ ਪਤਾ ਨਹੀਂ ਕੀ ਕਦਮ ਉਠਾਣਗੇ। ਕਈ ਭੁਲੜ ਇਹ ਸਮਝਦੇ ਸਨ ਕਿ ਸਿੱਖ ਜਥੇ ਭੇਜਣੇ ਬੰਦ ਕਰ ਦੇਣਗੇ ਪ੍ਰੰਤੂ ਜਦ ਦੂਜਾ ਜਥਾ ਤਿਆਰ ਹੋ ਗਿਆ ਤਾਂ ਉਨ੍ਹਾਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ।

Digitized by Panjab Digital Library | www.panjabdigilib.org

## ਅੰਮ੍ਰਿਤਸਰ ਵਿਚ ਸ਼ਹੀਦਾਂ ਦੀਆਂ ਗੁਲਜ਼ਾਰਾਂ

੨੭ ਫਰਵਰੀ ਨੂੰ ਫਿਰ ਸ੍ਰੀ ਅੰਮ੍ਰਿਤਸਰ ਵਿਚ ਭਾਰੀ ਇਕਠ ਹੋ ਗਿਆ। ਲਾਹੌਰ ਤੇ ਦੂਜੇ ਸ਼ਹਿਰਾਂ ਵਿਚੋਂ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਜਥੇ ਨੂੰ ਰਵਾਨਾ ਕਰਨ ਦਾ ਨਜ਼ਾਰਾ ਵੇਖਣ ਲਈ ਆਏ ਹੋਏ ਸਨ। ਜਥੇ ਵਿਚ ਜਾਣ ਵਾਲੇ ਸਿੰਘਾਂ ਦੇ ਨਾਮ ਪਤੇ ਲਿਖੇ ਗਏ। ਇਸ ਜਥੇ ਦੇ ਹੈਡ ਜਥੇਦਾਰ ਸ: ਇੰਦਰ ਸਿੰਘ ਜੀ ਪਿੰਡ ਮਿਰਜ਼ਾ ਜ਼ਿਲਾ ਸਿਆਲਕੋਟ, ਜਥੇਦਾਰ ਸ: ਹਰਜੀਤ ਸਿੰਘ ਕੋਟ ਧਰਮ ਚੰਦ ਜ਼ਿਲਾ ਅੰਮ੍ਰਿਤਸਰ ਤੇ ਮੀਤ ਜਥੇਦਾਰ ਸ: ਪ੍ਰਿਤਪਾਲ ਸਿੰਘ ਜੀ ਜ਼ਿਲਾ ਗੁਰਦਾਸਪੁਰ ਨੀਯਤ ਕੀਤੇ ਗਏ। ਇਸ ਜਥੇ ਵਿਚ ਜ਼ਿਲਾ ਸਿਆਲਕੋਟ, ਗੁਰਦਾਸਪੁਰ, ਅੰਮ੍ਰਿਤਸਰ, ਗੁਜਰਾਂਵਾਲਾ, ਜਾਲੰਧਰ ਤੇ ਹੁਸ਼ਿਆਰਪੁਰ ਦੇ ਮਿਲੇ ਜੁਲੇ ਸਿੰਘ ਸਨ। ਪੰਜ ਕੰਪਨੀ ਕਮਾਂਡਰ ਸਨ। ਸ: ਆਸਾ ਸਿੰਘ ਜੀ ਨਿਰਮਾਣ ਪੰਜਾਬੀ ਦੇ ਪ੍ਰਸਿਧ ਕਵੀ ਭੀ ਇਸ ਜਥੇ ਵਿਚ ਸ਼ਾਮਲ ਸਨ।

## ਸ਼ਾਂਤਮਈ ਸੂਰਿਆਂ ਦੀਆਂ ਮੋਰਚਿਆਂ ਵਲ ਰਵਾਨਗੀਆਂ

੨੯ ਫਰਵਰੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਸਾਹਮਣੇ ਭਾਰੀ ਦੀਵਾਨ ਸਜਿਆ। ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਤੋਂ ਉਪ੍ਰੰਤ ਪਹਿਲੇ ੨੫ ਸਿੰਘਾਂ ਦਾ ਜਥਾ ਹਾਜ਼ਰ ਹੋਇਆ ਜੋ ਜਥੇਦਾਰ ਸਾਹਿਬ ਅਕਾਲ ਤਖਤ ਤੋਂ ਆਗਿਆ ਲੈਕੇ ਜੈਤੋ ਨੂੰ ਰਵਾਨਾ ਹੋਇਆ।

# ਦੂਜਾ ਸ਼ਹੀਦੀ ਜਥਾ

ਇਕ ਹੋਰ ੯੦ ਸਿੰਘਾਂ ਦਾ ਜਥਾ ਭਾਈ ਫੇਰੂ ਦੇ ਗੁਰਦਵਾਰੇ ਨੂੰ ਰਵਾਨਾ ਹੋਇਆ। ਇਸ ਤੋਂ ਪਿਛੋਂ ਜੈਤੋ ਨੂੰ ਜਾਣ ਵਾਲਾ ਪੰਜ ਸੌ ਸਿੰਘਾਂ ਦਾ ਦੂਜਾ ਜਥਾ ਸ੍ਰੀ ਅਕਾਲ ਤਖਤ ਸਾਹਿਬ ਪੁਜ ਗਿਆ, ਇਸ ਸਮੇਂ ਹਾਜ਼ਰ ਸੰਗਤਾਂ ਦੀ ਗਿਣਤੀ ਦਾ ਅੰਦਾਜ਼ਾ ੫੦ ਹਜ਼ਾਰ ਸੀ। ਹਰ ਪਾਸੇ ਤੋਂ ਜੈਕਾਰਿਆਂ ਦੀ ਗੂੰਜ ਪੈ ਰਹੀ ਸੀ। ਇਹ ਅਕਾਲੀ ਲਹਿਰ ਦੇ ਜੋਬਨ ਦਾ ਸਮਾਂ ਸੀ। ਹਰ ਸਿਖ ਪੰਥ ਦੇ ਹੁਕਮ ਅਨੁਸਾਰ ਜਾਨ ਵਾਰਨ ਲਈ ਤਿਆਰ ਨਜ਼ਰ ਆਉਂਦਾ ਸੀ। ਜਿਸ ਸਮੇਂ ਜਥਾ ਆਕੇ ਦੀਵਾਨ ਵਿਚ ਸਜ ਗਿਆ ਤਾਂ ਸ: ਨਿਰਮਲ ਸਿੰਘ ਜੀ ਨੇ ਇਹ ਕਵਿਤਾ ਪੜ੍ਹੀ।

ਕਲਗੀ ਵਾਲਿਆ ਤੇਰਾ ਨਾਮ ਲੈਕੇ,
ਅਸੀਂ ਨਿਕਲ ਆਏ ਹਾਂ ਮੈਦਾਨ ਅੰਦਰ।
ਅੰਗ ਸੰਗ ਹੋਕੇ ਕਰੀਂ ਸਹਾਇਤਾ ਤੂੰ,
ਆਪਣੇ ਬਚਿਆਂ ਦੇ ਇਮਤਿਹਾਨ ਅੰਦਰ।
ਸਾਰੇ ਮਰ ਮਿਟੀਏ ਭਾਵੇਂ ਰਹੇ ਕੋਈ ਨਾ,
ਨਾਮ ਲੈਣ ਜੋਗਾ ਇਸ ਜਹਾਨ ਅੰਦਰ।
ਫਰਕ ਵਾਲ ਜਿਨਾ ਨਾ ਆਉਣ ਦੇਈਏ,
ਤੇਰੀ ਸਾਹਿਬਾ ਸਿਖੀ ਦੀ ਸ਼ਾਨ ਅੰਦਰ।

ਇਸ ਤੋਂ ਉਪ੍ਰੰਤ ਸ: ਜੀ ਨੇ ਇਕ ਦਰਦਨਾਕ ਤੇ ਪੁਰ ਅਸਰ ਤਕਰੀਰ ਕੀਤੀ। ਜੈਕਾਰਿਆਂ ਦੀ ਗੂੰਜ ਨਾਲ ਆਕਾਸ਼ ਗੂੰਜ ਉਠਿਆ। ਜਥੇ ਦੇ ਇਕ ਮੈਂਬਰ ਸ: ਹਰਨਾਮ ਸਿੰਘ ਜੀ ਦੇ ਭਰਾਵਾਂ ਨੇ ੫੦੦) ਰੁਪਇਆ ਭੇਟਾ ਕੀਤਾ ਤੇ ਕਿਹਾ, "ਜੇ ਸਾਡਾ ਭਰਾ ਜੈਤੋ ਵਿਚ ਸ਼ਹੀਦ ਹੋ ਗਿਆ ਤਾਂ ਅਸੀਂ ਉਸ

Digitized by Panjab Digital Library | www.panjabdigilib.org

ਦੇ ਹਿਸੇ ਦੀ ਜਾਇਦਾਦ ਭੀ ਸ਼੍ਰੋ: ਕਮੇਟੀ ਨੂੰ ਦੇਣ ਲਈ ਤਿਆਰ ਹਾਂ। ਅਸੀਂ ਆਪ ਤੇ ਭਾਈ ਹਰਨਾਮ ਸਿੰਘ ਦਾ ਸਪੁਤ੍ਰ ਤੀਜੇ ਸ਼ਹੀਦੀ ਜਥੇ ਵਿਚ ਜਾਣ ਲਈ ਤਿਆਰ ਹੋਵਾਂਗੇ।"

ਸ਼੍ਰੋ: ਕਮੇਟੀ ਦਾ ਐ: ਨੰ: ੮੯੮
ਮਿਤੀ:— ੨੯-੨-੨੪

ਇਸ ਸ਼ਹੀਦੀ ਜਥੇ ਵਿਚ ਇਕ ਉਦਾਸੀ ਸੰਤ ਜੀ ਮਹਾਂਰਾਜ ਭੀ ਗਏ। ਉਨ੍ਹਾਂ ਨੇ ੬੩੦) ਰੁਪਏ ਸ੍ਰੀ ਅਕਾਲ ਤਖਤ ਸਾਹਿਬ ਦੇ ਪ੍ਰਬੰਧਕਾਂ ਨੂੰ ਦੇਕੇ ਬੇਨਤੀ ਕੀਤੀ ਕਿ "ਜੇ ਮੈਂ ਜੈਤੋ ਵਿਚ ਸ਼ਹੀਦ ਹੋ ਗਿਆ ਤਾਂ ਇਹ ਰਕਮ ਗੁਰੂ ਕੇ ਖਜ਼ਾਨੇ ਵਿਚ ਪਾ ਦੇਣੀ"

ਸ਼੍ਰੋ: ਕਮੇਟੀ ਦਾ ਐ: ਨੰ: ੮੯੯

ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੇ ਐਲਾਨ ਕੀਤਾ ਕਿ ਇਸੇ ਤਰਾਂ ਜਥੇ ਦੇ ਚਾਰ ਪੰਜ ਹੋਰ ਮੈਂਬਰਾਂ ਨੇ ਭੀ ਬੇਨਤੀ ਕੀਤੀ ਹੈ ਕਿ ਉਹ ਆਪਣੀਆਂ ਜਾਇਦਾਦਾਂ ਪੰਥ ਨੂੰ ਦੇਣ ਵਾਸਤੇ ਤਿਆਰ ਹਨ। ਇਸ ਤੋਂ ਉਪ੍ਰੰਤ ਜਥੇ ਦੇ ਮੈਂਬਰਾਂ ਨੇ ਸਾਵਧਾਨ ਹੋਕੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਪਾਸੋਂ ਹੁਕਮ ਸੁਣਿਆ। ਜਥੇਦਾਰ ਸਾਹਿਬ ਨੇ ਫੁਰਮਾਇਆ ਕਿ ਸੂਰਬੀਰੋ! ਅਕਾਲ ਤਖਤ ਸਾਹਿਬ ਦੇ ਹੁਕਮ ਬਿਨਾ ਕੋਈ ਕੰਮ ਨਹੀਂ ਕਰਨਾ। ਜਥੇ ਤੋਂ ਵਖਰੇ ਹੋਕੇ ਕਿਸੇ ਪਿੰਡ ਵਿਚ ਨਹੀਂ ਜਾਣਾ। ਤੁਹਾਡੇ ਵੀਰਾਂ ਨੇ ਜੈਤੋ ਵਿਚ ਸ਼ਹੀਦੀਆਂ ਪ੍ਰਾਪਤ ਕਰਕੇ ਕੌਮ ਦੀ ਸ਼ਾਨ ਉਚੀ ਕੀਤੀ ਹੈ। ਤੁਸੀਂ ਸ਼ਾਂਤਮਈ ਰਹਿੰਦਿਆਂ ਹੋਇਆਂ ਹਰ ਪ੍ਰਕਾਰ ਦੀ ਸੇਵਾ ਕਰਨੀ।

ਇਸ ਤੋਂ ਉਪ੍ਰੰਤ ਮੀਤ ਜਥੇਦਾਰ ਸਾਹਿਬ ਸ੍ਰੀ ਅਕਾਲ ਤਖਤ ਸਾਹਿਬ ਨੇ ਕਿਹਾ, "ਹਿੰਦੂ ਮੁਸਲਮਾਨ ਭਰਾਵੋ ਵੇਖ ਲਵੋ ਜਥੇ ਪਾਸ ਕੋਈ ਹਥਿਆਰ ਨਹੀਂ। ਸਰਕਾਰ ਸਿਖਾਂ ਨੂੰ ਬਦਨਾਮ ਕਰਨ ਲਈ ਹਥਿਆਰਾਂ ਦਾ ਬਹਾਨਾ ਬਣਾਉਂਦੀ ਹੈ।" ਸਭ ਲੋਕਾਂ ਨੇ ਉਤ੍ਰ ਵਿਚ ਕਿਹਾ ਠੀਕ ਹੈ ਕਿ ਜਥੇ ਪਾਸ ਕੋਈ ਹਥਿਆਰ ਨਹੀਂ। ਇਸ ਸਮੇਂ ਜਥੇਦਾਰ ਅਕਾਲ ਤਖਤ ਸਾਹਿਬ ਨੇ ਇਕ ਬੀਬੀ ਜੀ ਦੇ ਸਭ ਸੰਗਤਾਂ ਨੂੰ ਦਰਸ਼ਨ ਕਰਾਏ ਜਿਸ ਨੇ ਆਪਣੇ ਪਤੀ ਨੂੰ ਜਥੇ ਵਿਚ ਜਾਣ ਦੀ ਪ੍ਰੇਰਨਾ ਕੀਤੀ ਸੀ ਅਤੇ ਉਹਨਾਂ ਦੇ ਚਰਨਾ ਪਰ ਮਥਾ ਟੇਕ ਕੇ ਕਿਹਾ ਸੀ ਕਿ ਤੁਸੀਂ ਹੌਸਲੇ ਨਾਲ ਜਾਣਾ ਤੇ ਅਪਣਾ ਦਿਲ ਮਜ਼ਬੂਤ ਰਖਣਾ"

ਬੀਬੀ ਜੀ ਦੇ ਇਹਨਾਂ ਸ਼ਬਦਾਂ ਦਾ ਸੰਗਤਾਂ ਪਰ ਬਹੁਤ ਅਸਰ ਹੋਇਆ ਅਤੇ ਸਭ ਦੇ ਨੇਤ੍ਰਾਂ ਵਿਚ ਜਲ ਆ ਗਿਆ। ਉਹ ਬੀਬੀ ਬੜੀ ਪ੍ਰਸੰਨ ਚਿਤ ਨਜ਼ਰ ਆਉਂਦੀ ਸੀ ਅਤੇ ਉਸ ਦੇ ਚਿਹਰੇ ਤੋਂ ਜਲਾਲ ਟਪਕ ਰਿਹਾ ਸੀ। ਬੀਬੀ ਜੀ ਤੋਂ ਪਿਛੋਂ ਇਕ ਸਿੰਘ ਨੇ ਉਠ ਕੇ ਕਿਹਾ, "ਮੇਰਾ ਇਕ ਪੁਤਰ ਗੁਰੂ ਮਹਾਂਰਾਜ ਦੀ ਕ੍ਰਿਪਾ ਨਾਲ ਪਹਿਲੇ ਸ਼ਹੀਦੀ ਜਥੇ ਵਿਚ ਜਾਕੇ ਸ਼ਹੀਦ ਹੋ ਗਿਆ ਹੈ। ਦੂਜੇ ਨੂੰ ਮੈਂ ਇਸ ਜਥੇ ਨਾਲ ਭੇਜ ਰਿਹਾ ਹਾਂ"। ਇਨ੍ਹਾਂ ਮਿਸਾਲਾਂ ਤੋਂ ਪ੍ਰਗਟ ਹੁੰਦਾ ਹੈ ਕਿ ਉਸ ਸਮੇਂ ਸਿਖ ਕੌਮ ਵਿਚ ਕੁਰਬਾਨੀ ਦਾ ਕਿਤਨਾ ਮਾਦਾ ਪੈਦਾ ਹੋ ਚੁਕਿਆ ਸੀ ਤੇ ਸਿਖ ਧਰਮ ਦੀ ਸ਼ਮ੍ਹਾਂ ਤੇ ਪ੍ਰਵਾਨਿਆਂ ਵਾਂਗ ਸੜ ਮਰਨ ਲਈ ਤਿਆਰ ਸਨ।

ਇਸ ਤੋਂ ਉਪ੍ਰੰਤ ਜਥੇ ਨੇ ਆਪਣਾ ਅੰਤਮ ਸੰਦੇਸ਼ ਪੜ੍ਹਿਆ ਅਤੇ ਅਰਦਾਸਾ ਸੋਧਿਆ। ਜਿਸ ਸਮੇਂ ਅਰਦਾਸਾ ਸੋਧਿਆ ਗਿਆ ਤਾਂ ਮਹਾਤਮਾ ਗਾਂਧੀ ਜੀ ਦੀ ਇਕ ਤਾਰ ਪੁਜੀ ਕਿ ਜਥਾ ਨਾ ਭੇਜਿਆ ਜਾਵੇ ਕਿਉਂਕਿ ਪਹਿਲੇ ਸ਼ਹੀਦੀ ਜਥੇ ਪਰ ਗੋਲੀ ਚਲਾਈ ਗਈ ਹੈ। ਕਿਉਂ ਦੂਜਾ ਜਥਾ ਭੀ ਜ਼ੁਲਮ ਦਾ ਸ਼ਿਕਾਰ ਨਾ ਹੋ ਜਾਵੇ" ਇਸ ਤਾਰ ਪਰ ਸ਼੍ਰੋ: ਕਮੇਟੀ ਦੇ ਮੁਖੀ ਸਜਨਾਂ ਨੇ ਵਿਚਾਰ ਕੀਤੀ। ਇਸ ਸਮੇਂ ਸ਼੍ਰੋ: ਕਮੇਟੀ ਦੇ ਮੁਖੀ ਸ: ਮੰਗਲ ਸਿੰਘ, ਸ: ਨਿਰਮਲ ਸਿੰਘ, ਸ: ਅਰਜਨ ਸਿੰਘ ਸਰਗੋਧਾ ਤੇ ਸ: ਦੌਲਤ ਸਿੰਘ ਆਦਿ ਸਜਨ ਸਨ। ਕਈ ਸਜਨਾ ਦੀ ਰਾਇ ਸੀ ਕਿ ਜਥਾ ਨਾ ਭੇਜਿਆ ਜਾਵੇ

Digitized by Panjab Digital Library | www.panjabdigilib.org

ਪ੍ਰੰਤੂ ਜਦ ਜਥੇ ਦੇ ਮੁਖੀਆਂ ਪਾਸੋਂ ਪੁਛਿਆ ਗਿਆ ਤਾਂ ਉਨ੍ਹਾਂ ਨੇ ਉਤਰ ਦਿਤਾ, "ਹੁਣ ਅਰਦਾਸਾ ਸੋਧ ਚੁਕੇ ਹਾਂ ਇਸ ਲਈ ਜੈਤੋ ਨੂੰ ਜ਼ਰੂਰ ਜਾਵਾਂਗੇ ਭਾਵੇਂ ਉਥੇ ਅਖੰਡ ਪਾਠ ਰੱਖ ਲਈਏ ਭਾਵੇਂ ਸ਼ਹੀਦ ਹੋ ਜਾਈਏ" ਕਾਫੀ ਸੋਚ ਵਿਚਾਰ ਪਿਛੋਂ ਜਥਾ ਤੋਰਨ ਦਾ ਫੈਸਲਾ ਕਾਇਮ ਰਿਹਾ।

ਜਥੇ ਨੇ ਸ੍ਰੀ ਹਰਿਮੰਦਰ ਸਾਹਿਬ ਮਥਾ ਟੇਕ ਕੇ ਪ੍ਰਕਰਮਾ ਕੀਤੀ। ਉਸ ਸਮੇਂ ਮਕਾਨਾਂ ਦੀਆਂ ਛਤਾਂ ਤੇ ਬੁੰਗਿਆਂ ਪਰ ਸੰਗਤਾਂ ਦੀ ਭਾਰੀ ਭੀੜ ਸੀ। ਅਮਰੀਕਨ ਅਖਬਾਰ ਸ਼ਿਕਾਗੋ ਟਰਬਿਊਨ ਦੇ ਪ੍ਰਤਿਨਿਧ ਲੀਡਰਾਂ ਦੇ ਨਾਲ ਦਰਸ਼ਨੀ ਡਿਊਢੀ ਤੋਂ ਜਥੇ ਦੇ ਤੁਰਨ ਦਾ ਨਜ਼ਾਰਾ ਵੇਖ ਰਹੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਦੇ ਪਿਛੇ ਨਿਰਮਲੇ ਸੰਤਾਂ ਦਾ ਇਕ ਜਥਾ ਸਫੇਦ ਬਸਤਰ ਪਹਿਨੇ ਜਾ ਰਿਹਾ ਸੀ। ਸਾਢੇ ਚਾਰ ਵਜੇ ਜਥਾ ਘੰਟਾ ਘਰ ਦੇ ਪਾਸੋਂ ਬਾਜ਼ਾਰ ਵਿਚ ਦਾਖਲ ਹੋਇਆ। ਇਸ ਸਮੇਂ ਸਿੱਖੀ ਸਿਦਕ, ਆਪਾ ਕੁਰਬਾਨ ਕਰਨ ਤੇ ਸ਼ਰਧਾ ਪ੍ਰੇਮ ਦੇ ਅਦਭੁਤ ਨਜ਼ਾਰੇ ਦੇਖਣ ਵਿਚ ਆਏ।

ਜਥੇ ਦੇ ਮੈਂਬਰ "ਜੌ ਤਉ ਪ੍ਰੇਮ ਖੇਲਣ ਕਾ ਚਾਉ ਸਿਰ ਧਰ ਤਲੀ ਗਲੀ ਮੇਰੀ ਆਉ" ਦਾ ਸ਼ਬਦ ਪੜ੍ਹ ਰਹੇ ਸਨ। ਸ਼ਹਿਰ ਦੇ ਵਡੇ ਵਡੇ ਬਾਜ਼ਾਰਾਂ ਵਿਚੋਂ ਹੁੰਦਾ ਹੋਇਆ ਜਥਾ ਆਪਣੇ ਪੜਾ ਵੱਲ ਰਵਾਨਾ ਹੋਇਆ। ਬੇਅੰਤ ਸੰਗਤਾਂ ਜਥੇ ਦੇ ਨਾਲ ਸਨ। ਜਥੇਦਾਰ ਸਾਹਿਬ ਨੇ ਆਪ ਸੰਗਤਾਂ ਨੂੰ ਵਾਪਸ ਮੁੜਨ ਦਾ ਹੁਕਮ ਦਿਤਾ ਅਤੇ ਜਥਾ ਆਪਣੇ ਪੜਾ ਵਾਲੇ ਨਗਰ ਨੂੰ ਰਵਾਨਾ ਹੋ ਗਿਆ।

## ਦੂਜੇ ਜਥੇ ਦੇ ਪੜਾਉ

| | |
|---|---|
| ੧. ਬਹੋੜ | ੨. ਪੱਖੀ |
| ੩. ਮਰਗਿੰਦ ਪੁਰਾ | ੪. ਚੀਮਾ |
| ੫. ਚੋਹਲਾ | ੬. ਡੇਹਰਾ ਸਾਹਿਬ |
| ੭. ਮਖੂ | ੮. ਕੋਟਲਾ |
| ੯. ਕੋਟ ਕਪੂਰਾ | ੧੦. ਭਾਗ ਪੁਰ |
| ੧੧. ਮੋਗਾ | ੧੨. ਤਲਵੰਡੀ |
| ੧੩. ਬੰਬੀਹਾ | ੧੪. ਜੈਤੋ |

੨੮–੨–੨੪ ਨੂੰ ਪਹਿਲਾ ਪੜਾ ਨਗਰ ਬਹੋੜ ਵਿਚ ਸੀ। ਰਾਤ ਵਿਚ ਜਥੇ ਨੂੰ ਕਾਫੀ ਅਨ੍ਹੇਰਾ ਹੋ ਗਿਆ ਸੀ ਪ੍ਰੰਤੂ ਪਿੰਡਾਂ ਦੀਆਂ ਸੰਗਤਾਂ ਨੇ ਮਿਸ਼ਾਲਾਂ ਬਾਲ ਕੇ ਜਥੇ ਦਾ ਸਵਾਗਤ ਕੀਤਾ ਤੇ ਕੈਂਪ ਵਿਚ ਉਤਾਰ ਦਿਤਾ।

੨੮ ਫਰਵਰੀ ਦੇ ਟ੍ਰਿਬਿਊਨ ਅਖਬਾਰ ਵਿਚ ਮਹਾਤਮਾ ਗਾਂਧੀ ਜੀ ਦਾ ਇਕ ਬਿਆਨ ਛੱਪਿਆ ਜਿਸ ਵਿਚ ਜਥਾ ਨਾ ਤੋਰਨ ਦੀ ਪ੍ਰੇਰਨਾ ਕੀਤੀ ਗਈ ਸੀ। ਇਸ ਦਾ ਉਤਰ ਦੇਣ ਲਈ ਸ਼੍ਰੋ: ਕਮੇਟੀ ਨੇ ਆਪਣਾ ਐਲਾਨ ਜਾਰੀ ਕੀਤਾ, ਜਿਸ ਵਿਚ ਸਿੱਖਾਂ ਦੀ ਪੋਜ਼ੀਸ਼ਨ ਜ਼ਾਹਰ ਕੀਤੀ ਗਈ।

੨੯ ਫਰਵਰੀ ਨੂੰ ਜਥਾ ਨਗਰ ਝੁਬਾਲ ਵਿਚ ਪੁਜਾ, ਸੰਗਤਾਂ ਵਿਚ ਸੇਵਾ ਦਾ ਬਹੁਤ ਜ਼ਿਆਦਾ ਉਤਸ਼ਾਹ ਸੀ। ਦੁਧ, ਫਲ ਤੇ ਮਠਿਆਈਆਂ ਆਦਿਕ ਨਾਲ ਜਥੇ ਦੀ ਸੇਵਾ ਕੀਤੀ ਗਈ ਅਤੇ ਉਸ ਸਮੇਂ ਦੇ ਉਤਸ਼ਾਹ ਦਾ ਅੰਦਾਜ਼ਾ ਇਸ ਗਲ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਨਗਰ ਝੁਬਾਲ ਵਿਚ ੨੦੦ ਸਿੰਘ ਅੰਮ੍ਰਿਤ ਪਾਨ ਕਰਕੇ ਤਿਆਰ ਬਰਤਿਆਰ ਹੋਏ।

Digitized by Panjab Digital Library | www.panjabdigilib.org

ਝੁਬਾਲ ਤੋਂ ਚਲ ਕੇ ਜਥਾ ਠੁਟਾ, ਦਿਆਲ ਪੁਰ ਤੋਂ ਹੁੰਦਾ ਹੋਇਆ ਪਿੰਡ ਪੱਖੀ ਵਿਚ ਪੁਜਿਆ ਸੰਗਤਾਂ ਨੇ ਬੜੇ ਪ੍ਰੇਮ ਨਾਲ ਸੇਵਾ ਕੀਤੀ। ਜਥੇ ਨੇ ਇਸ ਨਗਰ ਦਾ ਕੋੜਾ ਨਾਂ ਪੱਖੀ ਬਦਲ ਕੇ ਮਰਗਿੰਦ ਪੁਰਾ ਰਖ ਦਿਤਾ। ਇਸ ਤੋਂ ਉਪ੍ਰੰਤ ਜਥਾ ਚੀਮਾ, ਚੋਹਲਾ, ਡੇਹਰਾ ਸਾਂਹਿਬ ਆਦਿ ਤੋਂ ਹੋ ਕੇ ਸਭਰਾਵਾਂ ਦਾ ਪਤੱਣ ਪਾਰ ਕਰਕੇ ਮਖੂ ਜ਼ਿਲਾ ਫੀਰੋਜ਼ਪੁਰ ਵਿਚ ਪੁਜ ਗਿਆ। ਇਸ ਰਸਤੇ ਵਿਚ ਮੁਸਲਮਾਨਾਂ ਦੇ ਬਹੁਤ ਸਾਰੇ ਪਿੰਡ ਆਉਂਦੇ ਸਨ। ਉਨ੍ਹਾਂ ਨੇ ਭੀ ਜਥੇ ਦਾ ਯਥਾ ਯੋਗ ਸਤਿਕਾਰ ਕੀਤਾ। ਪਿੰਡਾਂ ਦੇ ਹਿੰਦੂਆਂ ਨੇ ਭੀ ਸੇਵਾ ਵਿਚ ਵਧ ਚੜ ਕੇ ਹਿਸਾ ਲਿਆ।

ਪੁਲਸ ਕਰਮ ਚਾਰੀਆਂ ਨੇ ਲੋਕਾਂ ਨੂੰ ਕਈ ਪ੍ਰਕਾਰ ਦੀਆਂ ਧਮਕੀਆਂ ਦਿਤੀਆਂ ਕਿ ਉਹ ਜਥੇ ਦੀ ਸੇਵਾ ਨਾ ਕਰਨ ਪ੍ਰੰਤੂ ਸੰਗਤਾਂ ਨੇ ਇਨ੍ਹਾਂ ਧਮਕੀਆਂ ਦੀ ਕੋਈ ਪ੍ਰਵਾਹ ਨਹੀਂ ਕੀਤੀ। ਇਥੋਂ ਚਲ ਕੇ ਜਥਾ ਕੋਟ ਈਸੇ ਖਾਂ, ਖੋਸਾ ਕੋਟਲਾ, ਕੋਟ ਕਪੂਰਾ, ਭਾਗ ਪੁਰ, ਮੋਗਾ, ਤਲਵੰਡੀ ਭਾਈ ਤੇ ਬੰਬੀਹਾ ਭਾਈ ਵਿਚੋਂ ਹੁੰਦਾ ਹੋਇਆ ੯ ਮਾਰਚ ਨੂੰ ਜੈਤੋ ਪੁਜ ਗਿਆ।

ਜਥੇ ਦੀ ਗ੍ਰਿਫਤਾਰੀ ਦੇ ਹਾਲਾਤ ਦਸਣ ਤੋਂ ਪਹਿਲਾਂ ਉਸ ਸਮੇਂ ਦੇ ਕਾਂਗਰਸੀ ਲੀਡਰਾਂ ਬਾਰੇ ਕੁਝ ਲਿਖਣਾ ਜ਼ਰੂਰੀ ਪ੍ਰਤੀਤ ਹੁੰਦਾ ਹੈ। ਮਹਾਤਮਾ ਗਾਂਧੀ ਤੇ ਦੂਜੇ ਕਈ ਕਾਂਗਰਸੀ ਨੇਤਾ ਇਹ ਚਾਹੁੰਦੇ ਸਨ ਕਿ ਦੂਜਾ ਜਥਾ ਜੈਤੋ ਨੂੰ ਰਵਾਨਾ ਨਾ ਕੀਤਾ ਜਾਵੇ ਪ੍ਰੰਤੂ ਸਿਖ ਕੌਮ ਵਿਚ ਜੋਸ਼ ਫੈਲਿਆ ਹੋਇਆ ਸੀ। ਸਿਖ ਅਖੰਡ ਪਾਠ ਪਰ ਲਗੀਆਂ ਹੋਈਆਂ ਪਾਬੰਦੀਆਂ ਖਤਮ ਹੋਣ ਤਕ ਮੋਰਚੇ ਨੂੰ ਜਾਰੀ ਰਖਣਾ ਚਾਹੁੰਦੇ ਸਨ। ਇਸ ਕਰ ਕੇ ਕੁਝ ਸਿਖਾਂ ਨੇ ਮਹਾਤਮਾ ਜੀ ਦੇ ਇਸ ਬਿਆਨ ਵਿਰੁਧ ਰੋਸ ਪ੍ਰਗਟ ਕੀਤਾ ਕਿ ਜਥਾ ਨਾ ਭੇਜਿਆ ਜਾਵੇ। ਇਨ੍ਹਾਂ ਦਿਨਾਂ ਵਿਚ ਲਾਲਾ ਲਾਜਪਤ ਰਾਏ ਮਹਾਤਮਾ ਜੀ ਨੂੰ ਮਿਲੇ ਸਨ। ਇਸ ਕਰ ਕੇ ਸਿਖਾਂ ਨੂੰ ਗ਼ਲਤ ਫਹਿਮੀ ਲਗੀ ਕਿ ਲਾਲਾ ਜੀ ਨੇ ਮਹਾਤਮਾ ਜੀ ਪਾਸ ਸਿਖਾਂ ਸਬੰਧੀ ਗ਼ਲਤ ਗਲਾਂ ਕਹੀਆਂ ਹਨ ਇਸ ਕਰਕੇ ਮਹਾਤਮਾ ਜੀ ਜਥੇ ਭੇਜਣ ਦਾ ਵਿਰੋਧ ਕਰ ਰਹੇ ਹਨ।

੨੯ ਮਾਰਚ ਨੂੰ ਐਸੋਸੀਏਟਿਡ ਪ੍ਰੈਸ ਵਲੋਂ ਟਰਬਯੂਨ ਵਿਚ ਇਕ ਖਬਰ ਛਪਵਾਈ ਗਈ ਕਿ ਸਿਖਾਂ ਦੇ ਮਨ ਵਿਚ ਮਹਾਤਮਾ ਜੀ ਦੇ ਬਿਆਨ ਵਿਰੁਧ ਰੋਸ ਵਧ ਰਿਹਾ ਹੈ ਤੇ ਇਸ ਦੀ ਜ਼ੁਮੇਵਾਰੀ ਉਹ ਲਾਲਾ ਲਾਜਪਤ ਜੀ ਪਰ ਸੁਟ ਰਹੇ ਹਨ। ਸ਼੍ਰੋ: ਕਮੇਟੀ ਨੇ ਐਸੋਸੀਏਟਿਡ ਪ੍ਰੈਸ ਦੇ ਇਸ ਬਿਆਨ ਦੀ ਤਰਦੀਦ ਕੀਤੀ ਅਤੇ ਸ: ਮੰਗਲ ਸਿੰਘ ਜੀ ਲੁਧਿਆਣਾ ਦੀ ਅਗਵਾਈ ਹੇਠ ਇਕ ਡੈਪੂਟੇਸ਼ਨ ਗਾਂਧੀ ਜੀ ਪਾਸ ਭੇਜਿਆ ਤਾਕਿ ਅਸਲ ਹਾਲਾਤ ਮਲੂਮ ਕੀਤੇ ਜਾਣ।

੧੦ ਮਾਰਚ ਨੂੰ ਸਿਖਾਂ ਦਾ ਡੈਪੂਟੇਸ਼ਨ ਗਾਂਧੀ ਜੀ ਨੂੰ ਮਿਲਿਆ। ਉਨ੍ਹਾਂ ਨੇ ਕਿਹਾ ਮੇਰਾ ਭਾਵ ਇਹ ਨਹੀਂ ਸੀ ਕਿ ਸਿਖ ਗੁਰਦਵਾਰਾ ਲਹਿਰ ਬੰਦ ਕਰ ਦੇਣ। ਜਥਾ ਭੇਜਣਾ ਜਾਂ ਨਾ ਭੇਜਣਾ ਉਨ੍ਹਾਂ ਦਾ ਆਪਣਾ ਕੰਮ ਹੈ। ਲਾ: ਲਾਜਪਤ ਰਾਏ ਜਾਂ ਹੋਰ ਕਿਸੇ ਨੇ ਜੈਤੋ ਦੇ ਸਾਕੇ ਬਾਰੇ ਕੋਈ ਗਲਤ ਗਲ ਨਹੀਂ ਕੀਤੀ।

{"ਅਕਾਲੀ" ੧੩ ਮਾਰਚ ੧੯੨੪}

ਇਹ ਉਤਰ ਲੈਕੇ ਡੈਪੂਟੇਸ਼ਨ ਵਾਪਸ ਆ ਗਿਆ ਅਤੇ ਬਹੁਤ ਸਾਰੀਆਂ ਗਲਤ ਫਹਿਮੀਆਂ ਦੂਰ ਹੋ ਗਈਆਂ, ਪ੍ਰੰਤੂ ਫਿਰ ਭੀ ਕੁਝ ਲੋਕ ਗਾਂਧੀ ਜੀ ਵਿਰੁਧ ਪ੍ਰਾਪੇਗੰਡਾ ਕਰਦੇ ਰਹੇ। ਦੂਜੇ ਸ਼ਹੀਦੀ ਜਥੇ ਦੇ ਜੈਤੋ ਵਿਚ ਪੁਜਣ ਬਾਰੇ ਸਿਖ ਕੌਮ ਹੀ ਨਹੀਂ ਸਾਰੇ ਦੇਸ਼ ਵਿਚ ਬੜੀ ਚਿੰਤਾ ਪ੍ਰਗਟ ਕੀਤੀ ਜਾ ਰਹੀ ਸੀ ਨਾਭੇ ਦੇ ਹਾਕਮਾਂ ਵਲੋਂ ਪਹਿਲਾਂ ਵਾਂਗ ਹੀ ਗੋਲੀ ਚਲਾਉਣ ਦੀਆਂ ਤਿਆਰੀਆਂ ਕੀਤੀਆਂ ਗਈਆਂ ਸਨ, ਇਸ ਕਰ ਕੇ ਸਭ ਲੋਕ ਇਹ ਚਾਹੁੰਦੇ ਸਨ ਕਿ ਜੇ ਕੋਈ ਭਿਆਨਕ ਘਟਨਾ ਨਾ ਵਾਪਰੇ ਤਾਂ ਚੰਗਾ ਹੈ। ਕਾਂਗਰਸੀ ਲੀਡਰ ਭੀ ਦੌੜ ਭਜ ਕੇ ਸੁਲਾਹ ਕਰਾਉਣ ਦੇ ਯਤਨ ਕਰ ਰਹੇ ਸਨ।

Digitized by Panjab Digital Library | www.panjabdigilib.org

ਸਰ ਮੈਲਕਮ ਹੇਲੀ ਨੇ ਕੇਂਦਰੀ ਅਸੈਂਬਲੀ ਵਿਚ ਐਲਾਨ ਕੀਤਾ ਕਿ ਅਸੈਂਬਲੀ ਤੇ ਕੌਂਸਲ ਆਫ ਸਟੇਟ ਦੇ ਕੁਝ ਮੁਖੀ ਮੈਂਬਰ ਜੈਤੋ ਵਿਚ ਪੁਜ ਕੇ ਜਥੇ ਨੂੰ ਸਮਝਾਉਣ। ਸਰਕਾਰ ਨੇ ਦੂਜੀ ਤਜਵੀਜ਼ ਇਹ ਪੇਸ਼ ਕੀਤੀ ਕਿ ਜੇ ਕੁਝ ਨਰਮ ਧੜੇ ਦੇ ਤੇ ਸਰਕਾਰ ਪ੍ਰਜ ਸਿਖ ਗੁਃ ਗੰਗਸਰ ਵਿਚ ਜਾਕੇ ਪਾਠ ਕਰ ਲੈਣ ਤਾਂ ਧੀਰੇ ਧੀਰੇ ਸਰਕਾਰ ਸਭ ਪਾਬੰਦੀਆਂ ਉਠਾ ਲਵੇ ਗੀ ਪ੍ਰੰਤੂ ਸਿਖਾਂ ਵਿਚ ਉਸ ਸਮੇਂ ਇਤਨਾ ਅਥਾਹ ਜੋਸ਼ ਸੀ ਕਿ ਇਹ ਗਲ ਮੰਨਣ ਵਾਸਤੇ ਕੋਈ ਵੀ ਸਿਖ ਤਿਆਰ ਨਹੀਂ ਸੀ।

ਨਾਭੇ ਦੇ ਐਡਮਨਿਸਟਰੇਟਰ ਮਿ: ਵਿਲਸਨ ਨੇ ਫਿਰ ਇਕ ਐਲਾਨ ਜਾਰੀ ਕੀਤਾ ਕਿ ਪੰਜਾਹ ਪੰਜਾਹ ਸਿਖ ਜਾਕੇ ਨਾਭੇ ਵਿਚ ਅਖੰਡ ਪਾਠ ਕਰ ਸਕਦੇ ਹਨ। ਪਹਿਲੇ ਸ਼ਹੀਦੀ ਜਥੇ ਸਮੇਂ ਕੇਵਲ ਪੰਜਾਹ ਸਿੰਘਾਂ ਨੂੰ ਜਾਣ ਦੀ ਆਗਿਆ ਸੀ ਪ੍ਰੰਤੂ ਹੁਣ ਪੰਜਾਹ ਪੰਜਾਹ ਦੇ ਜਥੇ ਜਾਣ ਦੀ ਆਗਿਆ ਦਿਤੀ ਗਈ ਪਰ ਸਿਖ ਕੋਈ ਭੀ ਪਾਬੰਧੀ ਮੰਨਣ ਲਈ ਤਿਆਰ ਨਹੀਂ ਸਨ।

ਸਰ ਮੈਲਕਮ ਹੇਲੀ ਦੇ ਬਿਆਨ ਅਨੁਸਾਰ ਪੰਃ ਮਾਲਵੀਆ, ਸਃ ਕਰਤਾਰ ਸਿੰਘ ਫੀਰੋਜ਼ਪੁਰ, ਸਃ ਗੁਲਾਬ ਸਿੰਘ, ਸ੍ਰੀ ਦੇਵਕੀ ਪ੍ਰਸ਼ਾਦ ਭੱਟ, ਰੰਗਾ ਸ੍ਵਾਮੀ ਆਇੰਗਰ ਤੇ ਵੇਦ ਮੂਰਤੀ ਆਦਿਕ ਕੇਂਦਰੀ ਅਸੈਂਬਲੀ ਤੇ ਕੌਂਸਲ ਆਫ ਸਟੇਟ ਦੇ ਸਤ ਮੁਖੀ ਮੈਂਬਰ ੧੪ ਮਾਰਚ ਨੂੰ ਜੈਤੋ ਪੁਜ ਗਏ। ਉਹਨਾਂ ਨੇ ਮਿਃ ਵਿਲਸਨ ਨਾਲ ਗਲ ਬਾਤ ਕੀਤੀ ਅਤੇ ਯਤਨ ਕੀਤਾ ਕਿ ਕੋਈ ਬਾਇਜ਼ਤ ਸਮਝੌਤਾ ਹੋ ਜਾਵੇ ਅਤੇ ਸਿਖ ਅਖੰਡ ਪਾਠ ਕਰ ਲੈਣ।

ਮਿਃ ਵਿਲਸਨ ਨਾਲ ਗਲ ਬਾਤ ਕਰ ਕੇ ਪੰਃ ਮਾਲਵੀਆ, ਸਃ ਕਰਤਾਰ ਸਿੰਘ ਵਕੀਲ, ਤੇ ਸ: ਗੁਲਾਬ ਸਿੰਘ ਜੋ ਜਥੇ ਦੇ ਆਖਰੀ ਪੜਾਉ ਬੰਬੀਹਾ ਭਾਈ ਵਿਖੇ ਪੁਜੇ ਤੇ ਜਥੇ ਦੇ ਮੁਖੀਆਂ ਨਾਲ ਗਲ ਬਾਤ ਕੀਤੀ। ਉਨ੍ਹਾਂ ਪੁਛਿਆ ਤੁਸੀਂ ਕਿਸ ਮਕਸਦ ਲਈ ਜਾ ਰਹੇ ਹੋ? ਜੇ ਸਮਝੌਤਾ ਹੋ ਕੇ ਅਖੰਡ ਪਾਠ ਜਾਰੀ ਹੋ ਜਾਵੇ ਤਾਂ ਤੁਸੀਂ ਮੰਨਣ ਲਈ ਤਿਆਰ ਹੋ?

ਜਥੇ ਦੇ ਜਥੇਦਾਰ ਸਾਹਿਬ ਉਤ੍ਰ ਦਿਤਾ "ਪਾਠ ਸਬੰਧੀ ਸਮਝੌਤਾ ਕਰਨਾ ਸ਼੍ਰੋਃ ਕਮੇਟੀ ਦਾ ਕੰਮ ਹੈ। ਅਸੀਂ ਅਕਾਲ ਤਖਤ ਸਾਹਿਬ ਤੋਂ ਅਰਦਾਸਾ ਸੋਧ ਕੇ ਤੁਰੇ ਹਾਂ। ਅਸੀਂ ਬਿਨਾ ਕਿਸੇ ਸ਼ਰਤ ਦੇ ਪਾਠ ਕਰਨਾ ਹੈ। ਅਸੀਂ ਗੰਗਸਰ ਪੁਜ ਕੇ ਪਾਠ ਜਾਰੀ ਕਰਾਂਗੇ ਜਾਂ ਸ਼ਹੀਦ ਹੋ ਜਾਵਾਂਗੇ। ਇਹ ਗਲ ਬਾਤ ਕਰਕੇ ਉਕਤ ਸਜਨ ਜੈਤੋ ਵਲ ਚਲੇ ਗਏ। ਜਥਾ ੧੪ ਮਾਰਚ ਨੂੰ ਜੈਤੋ ਵਲ ਰਵਾਨਾ ਹੋ ਪਿਆ।

ਹਾਕਮਾਂ ਨੇ ਨਾਭੇ ਦੀ ਹਦ ਪਰ ਜਥੇ ਨੂੰ ਰੋਕਣ ਲਈ ਪੁਲਸ ਤੇ ਫੌਜ ਪਹਿਰਾ ਲਗਾ ਰਖਿਆ ਸੀ। ੩ ਵਜੇ ਜਥਾ ਨਾਭੇ ਦੀ ਹੱਦ ਵਿਚ ਦਾਖਲ ਹੋ ਗਿਆ। ਪੰਃ ਮਾਲਵੀਆ, ਤੇ ਮਿਃ ਵਿਲਸਨ ਨਾਲ ਗਲ ਬਾਤ ਕਰ ਰਹੇ ਸਨ ਇਸ ਕਰਕੇ ਜਥੇ ਪਰ ਹੁਣ ਤਕ ਕੋਈ ਤਸ਼ਦਦ ਨਾ ਹੋਇਆ। ਜਦ ਜਥਾ ਗੁਃ ਗੰਗਸਰ ਡੇਢ ਕੁ ਸੌ ਗਜ਼ ਦੀ ਵਿਥ ਪਰ ਪਹੁੰਚ ਗਿਆ ਤਾਂ ਪੰ: ਮਾਲਵੀਆ, ਮਿ: ਵਿਲਸਨ, ਸਰਦਾਰ ਕਰਤਾਰ ਸਿੰਘ ਤੇ ਸਃ ਗੁਲਾਬ ਸਿੰਘ ਐਮ. ਐਲ. ਏ. ਭੀ ਜਥੇ ਦੇ ਪਾਸ ਪੁਜ ਗਏ। ਪੰ: ਮਾਲਵੀਆ ਜੀ ਨੇ ਮਿਃ ਵਿਲਸਨ ਨੂੰ ਕਿਹਾ ਦੇਖੋ ਜਥੇ ਪਾਸ ਕੋਈ ਹਥਿਆਰ ਨਹੀਂ ਤੁਸੀਂ ਨਿਹੱਥੇ ਅਤੇ ਸ਼ਾਂਤਮਈ ਸਿਖਾਂ ਪਰ ਗੋਲੀ ਨਹੀਂ ਚਲਾ ਸਕਦੇ।

ਪੰਃ ਮਾਲਵੀਆ ਜੀ ਦੇ ਬਚਨ ਸੁਣ ਕੇ ਮਿ: ਵਿਲਸਨ ਚੁਪ ਹੋ ਗਿਆਂ। ਜਦ ਜਥਾ ਅਗੇ ਨੂੰ ਵਧਿਆ ਤਾਂ ਉਸ ਨੇ ਗ੍ਰਿਫਤਾਰੀ ਦਾ ਹੁਕਮ ਦੇ ਦਿਤਾ। ਫੌਜ ਤੇ ਪੁਲਸ ਨੇ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ। ਹਾਕਮਾਂ ਨੇ ਪੰਜਾਬ ਸਰਕਾਰ ਤੇ ਹਿੰਦ ਸਰਕਾਰ ਨੂੰ ਤਾਰਾਂ ਦਿਤੀਆਂ ਕਿ ਜਥਾ ਸ਼ਾਂਤਮਈ ਰਹਿੰਦਾ ਹੋਇਆ ਗ੍ਰਿਫਤਾਰ ਹੋ ਗਿਆ ਹੈ। ਡਿਃ ਕਮਿਸ਼ਨਰ ਅੰਮ੍ਰਿਤਸਰ ਨੇ ਸ਼ਹਿਰ ਵਿਚ ਮੁਨਾਦੀ ਕਰਾਈ ਕਿ ਦੂਜਾ ਸ਼ਹੀਦੀ ਜਥਾ ਸ਼ਾਂਤਮਈ ਰਹਿੰਦਾ ਹੋਇਆ ਗ੍ਰਿਫਤਾਰ ਹੋ ਗਿਆ ਹੈ ਇਸ ਕਰ ਕੇ ਕੋਈ ਦੁਰਘਟਨਾ ਨਹੀਂ ਹੋਈ।

Digitized by Panjab Digital Library | www.panjabdigilib.org

ਦੂਜੇ ਜਥੇ ਦੀ ਗ੍ਰਿਫਤਾਰੀ ਪਰ ਸ਼੍ਰੋ: ਕਮੇਟੀ ਨੇ ਹੇਠ ਲਿਖਿਆ ਐਲਾਨ ਜਾਰੀ ਕੀਤਾ, ਅਸੈਂਬਲੀ ਤੇ ਕੌਂਸਲ ਦੇ ਮੈਂਬਰਾਂ ਨੇ ਜਥੇ ਨੂੰ ਮਿ: ਵਿਲਸਨ ਦਾ ਇਹ ਸੰਦੇਸ਼ ਪਹੁੰਚਾਇਆ ਕਿ ਜਥੇ ਨੂੰ ਇਸ ਸ਼ਰਤ ਪਰ ਅਖੰਡ ਪਾਠ ਕਰਨ ਦੀ ਆਗਿਆ ਦਿਤੀ ਜਾ ਸਕਦੀ ਹੈ ਕਿ ਉਹ ਇਕ ਅਖੰਡ ਪਾਠ ਸੰਪੂਰਣ ਕਰਕੇ ਨਾਭੇ ਦੀ ਹਦ ਤੋਂ ਬਾਹਰ ਚਲੇ ਜਾਣ। ਇਸ ਤੋਂ ਪਿਛੋਂ ਨਾਜ਼ਮ ਨਾਭਾ ਨੇ ਜਥੇ ਦੇ ਜ਼ਥਦਾਰ ਸਾਹਿਬ ਨਾਲ ਗਲ ਬਾਤ ਕੀਤੀ ਅਤੇ ਕੁਝ ਸ਼ਰਤਾਂ ਪਰ ਆਖੰਡ ਪਾਠ ਕਰਨ ਵਾਸਤੇ ਪਰੇਰਣਾ ਕੀਤੀ। ਜਿਸ ਦੇ ਉਤ੍ਰ ਵਿਚ ਜਥੇਦਾਰ ਸਾਹਿਬ ਨੇ ਕਿਹਾ, "ਪਾਠ ਸਬੰਧੀ ਸ਼ਰਤਾਂ ਦੀ ਗਲ ਬਾਤ ਕਰਨੀ ਮੇਰੇ ਵਸ ਦੀ ਗਲ ਨਹੀਂ। ਅਸੀਂ ਬਿਨਾ ਸ਼ਰਤ ਅਖੰਡ ਪਾਠ ਕਰਨਾ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮ ਦੀ ਪਾਲਣਾ ਕਰਨੀ। ਜਥਾ ਆਪਣਾ ਫਰਜ਼ ਸਮਝਦਾ ਹੈ।

ਇਸ ਜਥੇ ਨੂੰ ਦੋ ਤਿੰਨ ਦਿਨ ਜੈਤੋ ਦੇ ਕਿਲੇ ਭਿਚ ਰਖਿਆ ਗਿਆ ਤੇ ਪਿਛੋਂ ਨਾਭੇ ਜਿਹਲ ਵਿਚ ਪਹੁੰਚਾਇਆ ਗਿਆ। ਇਸ ਤੋਂ ਉਪ੍ਰੰਤ ਸ਼੍ਰੋ: ਕਮੇਟੀ ਨੇ ਜੈਤੋ ਦੇ ਮੋਰਚੇ ਲਈ ਮਾਇਆ ਦੀ ਲੋੜ ਅਨਭਵ ਕਰਕੇ ਪੰਜ ਪੈਸੇ ਜੀਅ ਪ੍ਰਤਿ ਪੰਥਕ ਫੰਡ ਵਿਚ ਦੇਣ ਦੀ ਅਪੀਲ ਕੀਤੀ। ਇਕ ਜਥੇ ਨੂੰ ਰਵਾਨਾ ਕਰਨ ਪਰ ਹਜ਼ਾਰਾਂ ਰੁਪਏ ਖਰਚ ਆਉਂਦੇ ਸਨ। ਸਿਖ ਸੰਗਤਾਂ ਨੇ ਇਸ ਫੰਡ ਵਿਚ ਲਖਾਂ ਰੁਪਏ ਜਮ੍ਹਾਂ ਕਰਾਏ। ਮਹਾਰਾਜਾ ਸਾਹਿਬ ਭਰਤ ਪੁਰ ਨੇ ਭੀ ਇਸ ਫੰਡ ਵਿਚ ਮਾਇਆ ਦਿਤੀ। ਪੰਥ ਵਿਚ ਇਸ ਅਪੀਲ ਦਾ ਸ਼ਾਨਦਾਰ ਸ੍ਵਾਗਤ ਕੀਤਾ ਗਿਆ ਅਤੇ ਹਰ ਇਕ ਸਿਖ ਪ੍ਰਵਾਰ ਨੇ ਪੰਜ ਪੈਸੇ ਜੀਅ ਪ੍ਰਤਿ ਗਿਣ ਕੇ ਮਾਇਆ ਜਮ੍ਹਾਂ ਕਰਾਈ।

# ਤੀਜਾ ਸ਼ਹੀਦੀ ਜੱਥਾ

ਤੀਜਾ ਸ਼ਹੀਦੀ ਜਥਾ ੨੨ ਮਾਰਚ ੧੯੨੪ ਨੂੰ ਤਿਆਰ ਹੋਇਆ। ਇਸ ਦੇ ਹੈਡ ਜਥੇਦਾਰ ਸ: ਸੰਤਾ ਸਿੰਘ ਚੱਕ ਨੰ: ੧੩੩ ਸਰਗੋਧਾ ਦੇ ਇਕ ਫੌਜੀ ਪੈਨਸ਼ਨਰ ਸਨ। ਜਥੇਦਾਰ ਸ: ਉਤਮ ਸਿੰਘ ਜੀ ਅਤੇ ਮੀਤ ਜਥੇਦਾਰ ਸ: ਜੋਗਾ ਸਿੰਘ ਜ਼ਿਲਾ ਗੁਰਦਾਸ ਪੁਰ ਸਨ। ੨੨ ਮਾਰਚ ਨੂੰ ਸ੍ਰੀ ਅਕਾਲ ਤਖਤ ਸਾਹਿਬ ਭਾਰੀ ਦੀਵਾਨ ਸਜਿਆ। ਜਥੇ ਦੇ ਸਿੰਘ ਕੇਸਰੀ ਬਾਣੇ ਪਹਿਨ ਕੇ ਦੀਵਾਨ ਵਿਚ ਸ਼ਸ਼ੋਭਤ ਸਨ। ਇਸ ਸਮੇਂ ਬਹੁਤ ਸਾਰੇ ਕਾਂਗਰਸੀ ਤੇ ਸਿੱਖ ਲੀਡਰ ਮਜੂਦ ਸਨ। ਕੀਰਤਨ ਦੀ ਸਮਾਪਤੀ ਪਿਛੋਂ ਲੀਡਰਾਂ ਨੇ ਤਕਰੀਰਾਂ ਕੀਤੀਆਂ। ਹਕੀਮ ਸਕੰਦਰ ਖਿਜ਼ਰ ਨੇ ਤਕਰੀਰ ਕਰਦੇ ਹੋਏ ਕਿਹਾ, "ਪਿਆਰੇ ਖਾਲਸਾ ਜੀ ਜਾਨਾ ਵਾਰਨ ਵਾਲਿਓ ਮੈਨੂੰ ਖੁਸ਼ੀ ਹੈ ਕਿ ਤੁਸੀਂ ਕੁਰਬਾਨੀ ਨਾਲ ਹਿੰਦੁਸਤਾਨ ਦੀ ਲਾਜ ਰੱਖ ਲਈ ਹੈ" ਆਪ ਤੋਂ ਪਿਛੋਂ ਸ: ਹਰਬੰਸ ਸਿੰਘ ਜੀ ਸੀਸਤਾਨੀ ਨੇ ਤਕਰੀਰ ਕੀਤੀ।

ਆਪ ਨੇ ਕਿਹਾ "ਖਾਲਸਾ ਜੀ ਅਜ ਤੁਸੀਂ ਸਿਰਾਂ ਦੇ ਕਾਸੇ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚੋਂ ਸ਼ਹੀਦੀ ਦਾਤ ਲੈਣ ਲਈ ਹਾਜ਼ਰ ਹੋਏ ਹੋ, ਇਹ ਸਿੱਖੀ ਦਾ ਵਿਰਸਾ ਹੈ। ਉਪ੍ਰੰਤ ਡਾਕਟਰ ਕਿਚਲੂ ਨੇ ਜੈਤੋ ਵਿਚ ਪਹਿਲੇ ਸ਼ਹੀਦੀ ਜਥੇ ਪਰ ਗੋਲੀ ਚਲਣ ਦੇ ਅੱਖੀਂ ਡਿੱਠੇ ਹਾਲਾਤ ਬਿਆਨ ਕਰਦੇ ਹੋਏ ਪੁਰ ਅਸਰ ਤਕਰੀਰ ਕੀਤੀ। ਡਾ: ਸਾਹਿਬ ਇਕ ਮਹੀਨਾ ਨਾਭੇ ਵਿਚ ਕੈਦ ਕਟਕੇ ਆਏ ਸਨ ਇਸ ਲਈ ਆਪ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਸਿਰੋਪਾਉ ਦਿਤਾ ਗਿਆ। ਭਾਈ ਬੁਢਾ ਸਿੰਘ ਨਾਮਧਾਰੀ ਨੇ ਉਠ ਕੇ ਕਿਹਾ "ਤਰਨ ਤਾਰਨ ਵਿਚ ਮੇਰੇ ਦੋ ਪੁਤਰ ਜ਼ਖਮੀ ਹੋਏ ਸਨ। ਜੈਤੋ ਵਿਚ ਗੋਲੀ ਚਲਣ ਦੀ ਘਟਨਾ ਸੁਣਕੇ ਮੇਰਾ ਦਿਲ ਤੜਫ ਉਠਿਆ ਹੈ ਮੈਂ ਖੁਦ ਸ਼ਹੀਦੀ ਜਥੇ ਵਿਚ ਜਾਣ ਲਈ ਤਿਆਰ ਹਾਂ।

Digitized by Panjab Digital Library | www.panjabdigilib.org

ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਵਿਚ ਆਪ ਦੇ ਐਲਾਨ ਦਾ ਸਵਾਗਤ ਕੀਤਾ। ਉਪ੍ਰੰਤ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੇ ਜਥੇ ਨੂੰ ਸੰਦੇਸ਼ ਸੁਣਾਇਆ ਤੇ ਅਰਦਾਸਾ ਸੋਧ ਕੇ ਜਥਾ ਰਵਾਨਾ ਹੋ ਗਿਆ। ਜਦ ਜਥਾ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਕਰ ਰਿਹਾ ਸੀ ਤਾਂ ਲਾਲਾ ਲਾਜਪਤ ਰਾਏ, ਸ੍ਰੀ ਫੁਕਨ ਐਮ. ਐਲ. ਏ. ਆਸਾਮ, ਬਾਬੂ ਦੀਪ ਨਰਾਇਣ ਸਿੰਘ ਐਮ. ਐਲ. ਏ. ਬਿਹਾਰ, ਦੀਵਾਨ ਚਮਨ ਲਾਲ ਆਦਿ ਮੁਖੀ ਲੀਡਰ ਜਥੇ ਦੇ ਦਰਸ਼ਨ ਕਰਨ ਆਏ, ਜੈਕਾਰਿਆਂ ਦੀ ਗੂੰਜ ਵਿਚ ਜਥਾ ਸ਼ਹਿਰ ਦੇ ਬਾਜ਼ਾਰਾਂ ਵਿਚੋਂ ਹੁੰਦਾ ਹੋਇਆ ਪਹਿਲੇ ਪੜਾ ਨੂੰ ਰਵਾਨਾ ਹੋ ਗਿਆ। ਇਸ ਜਥੇ ਨੇਂ ਇਹ ਪੜਾ ਕੀਤੇ:-

## ਤੀਜੇ ਜਥੇ ਦੇ ਪੜਾਉ

| | |
|---|---|
| ੧. ਮਾਨਾਵਾਲਾ | ੨. ਛਜਲ ਵੱਢੀ |
| ੩. ਚੀਮੇ ਬਾਠ | ੪. ਰਮੀਦੀ |
| ੫. ਕਰਤਾਰ ਪੁਰ | ੬. ਕਿਸ਼ਨਗੜ੍ਹ |
| ੭. ਆਦਮ ਪੁਰ | ੮. ਨਗਰ ਖੁਰਦ ਪੁਰ |
| ੯. ਜਲੰਧਰ | ੧੦. ਜੰਡਿਆਲਾ |
| ੧੧. ਪੁਆਧੜੇ | ੧੨. ਗੌਰਸੀਆਂ |
| ੧੩. ਜਗਰਾਉਂ | ੧੪. ਦੋਹਧਰ |
| ੧੫. ਕਾਉਂਕੇ | ੧੬. ਸੰਗਤ ਪੁਰਾ |
| ੧੭. ਵਾਂਦਰ | |

ਇਸ ਜਥੇ ਨੇ ਪਹਿਲਾ ਪੜਾ ੨੨-੩-੨੪ ਨੂੰ ਮਾਨਾਵਾਲਾ, ੨੩ ਨੂੰ ਛਜਲ ਵੱਢੀ, ੨੪ ਨੂੰ ਚੀਮੇਬਾਠ, ੨੫ ਨੂੰ ਰਮੀਦੀ, ੨੬ ਨੂੰ ਕਰਤਾਰ ਪੁਰ ਰਸਤੇ ਵਿਚ ਕਿਸ਼ਨ ਗੜ੍ਹ ਦੀਆਂ ਸੰਗਤਾਂ ਨੇ ਜਥੇ ਦੀ ਬੜੇ ਪ੍ਰੇਮ ਨਾਲ ਸੇਵਾ ਕੀਤੀ। ਮਾਲਾ ਵਲ ਪੁਰ ਦੇ ਕਾਂਗਰਸੀਆਂ ਨੇ ਜਥੇ ਦਾ ਬੜੇ ਪ੍ਰੇਮ ਨਾਲ ਸਵਾਗਤ ਕੀਤਾ। ੨੭ ਤਰੀਕ ਨੂੰ ਆਦਮਪੁਰ, ਨਗਰ ਖੁਰਦ ਪੁਰ ਆਦਿਕ ਦੀਆਂ ਸੰਗਤਾਂ ਨੇ ਬੜੇ ਪ੍ਰੇਮ ਨਾਲ ਸੇਵਾ ਕੀਤੀ। ੨੮ ਮਾਰਚ ਨੂੰ ਜਥਾ ਜਲੰਧਰ ਸ਼ਹਿਰ ਪੁਜਿਆ। ਸ਼ਹਿਰ ਦੇ ਹਿੰਦੂ ਮੁਸਲਮਾਨ ਤੇ ਸਿੱਖਾਂ ਵਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ, ੨੮-੨੯ ਨੂੰ ਜਥੇ ਨੇ ਜਲੰਧਰ ਪੜਾ ਕੀਤਾ। ੩੦ ਨੂੰ ਜੰਡਿਆਲਾ, ੩੧ ਨੂੰ ਪੁਆਧੜੇ ਪੁਜਿਆ। ੧ ਅਪਰੈਲ ਨੂੰ ਗੌਰਸੀਆਂ, ੨ ਨੂੰ ਜਗਰਾਉਂ, ੩ ਨੂੰ ਦੋਹਧਰ, ੪ ਨੂੰ ਕਾਉਂਕੇ, ੫ ਨੂੰ ਸੰਗਤ ਪੁਰਾ, ੬ ਨੂੰ ਵਾਂਦਰ ਪੁਜ ਗਿਆ। ਇਹ ਇਸ ਜਥੇ ਦਾ ਆਖਰੀ ਪੜਾਉ ਸੀ। ਉਪਰ ਲਿਖੇ ਪਿੰਡਾਂ ਦੀਆਂ ਸੰਗਤਾਂ ਨੇ ਜਥੇ ਦੀ ਬੜੇ ਉਤਸ਼ਾਹ ਨਾਲ ਸੇਵਾ ਕੀਤੀ। ਹਰ ਥਾਂ ਜਥਾ ਅੰਮ੍ਰਿਤ ਪ੍ਰਚਾਰ ਕਰਦਾ ਸੀ ਅਤੇ ਬਹੁਤ ਸਾਰੇ ਸਿੰਘ ਅੰਮ੍ਰਿਤ ਪਾਨ ਕਰਦੇ ਹੁੰਦੇ ਸਨ। ਜਥੇ ਦੇ ਇਕ ਮੈਂਬਰ ਭਾਈ ਕਾਹਨ ਸਿੰਘ ਜੀ ਦਾ ਬਿਆਨ ਹੈ ਕਿ ਜਥੇ ਦੇ ਪੰਜ ਪਿਆਰੇ ਅੰਮ੍ਰਿਤ ਪ੍ਰਚਾਰ ਕਰਦੇ ਹੋਏ ਥੱਕ ਜਾਂਦੇ ਸਨ।

ਆਖਰੀ ਪੜਾ ਤੇ ਜੱਥੇ ਦੇ ਨਾਲ ਪੁਲਸ ਤੇ ਰਸਾਲਾ ਭੀ ਪੁਜ ਗਿਆ। ਇਕ ਸਿੰਘ ਨੇ ਸਿਰ ਤੇ ਲਾਲ ਕਪੜਾ ਬੰਨ੍ਹ ਕੇ ਕਿਹਾ ਜੱਥਾ ਮੇਰੇ ਪਿੱਛੇ ਪਿੱਛੇ ਤੁਰਿਆ ਆਵੇ ਮੈਂ ਗੁਰਦਵਾਰਾ ਗੰਗਸਰ ਦਾ ਰਾਹ ਜਾਣਦਾ ਹਾਂ। ੭ ਅਪ੍ਰੈਲ ੧੯੨੪ ਜੱਥਾ ਜੈਤੋ ਪੁਜਕੇ ਗ੍ਰਿਫਤਾਰ ਹੋ ਗਿਆ।

ਇਸ ਜੱਥੇ ਦੀ ਗ੍ਰਿਫਤਾਰੀ ਸਮੇਂ ਸ: ਤਾਰਾ ਸਿੰਘ ਜੀ ਮੋਗਾ ਐਮ. ਐਲ. ਸੀ. ਚੌਧਰੀ ਫਜ਼ਲ ਹੱਕ ਐਮ.ਐਲ.ਸੀ. ਤੇ ਅਖਬਾਰ ਦੇ ਪ੍ਰਤਿਨਿਧ ਜੱਥੇ ਦੀ ਗ੍ਰਿਫਤਾਰੀ ਅਖੀਂ ਵੇਖਣਾ ਚਾਹੁੰਦੇ ਸਨ।

Digitized by Panjab Digital Library | www.panjabdigilib.org

ਪ੍ਰੰਤੂ ਉਨ੍ਹਾਂ ਨੂੰ ਸਟੇਸ਼ਨ ਪਰ ਹੀ ਰੋਕ ਲਿਆ ਗਿਆ। ਉਨਾਂ ਨੇ ਦਰਖਾਸਤ ਲਿਖ ਕੇ ਆਗਿਆ ਮੰਗੀ ਜਿਸ ਦਾ ਉਤ੍ਰ ਇਕ ਘੰਟੇ ਪਿਛੋਂ ਆਇਆ। ਹਾਕਮ ਨੇ ਉਨ੍ਹਾਂ ਨੂੰ ਆਪਣੇ ਪਾਸ ਸਦ ਲਿਆ। ਉਧਰੋ ਜੱਥਾ ਭੀ ਜੈਤੋ ਪੁਜ ਗਿਆ। ਜੱਥੇ ਨੂੰ ਰੋਕਣ ਲਈ ਫੌਜ ਤੇ ਪੁਲਸ ਭਾਰੀ ਗਿਣਤੀ ਵਿਚ ਮੌਜੂਦ ਸੀ। ਸ: ਕਰਤਾਰ ਸਿੰਘ ਐਮ. ਐਲ. ਏ. ਤੇ ਲਾਲਾ ਇਜ਼ਤ ਰਾਇ ਭੀ ਇਸ ਸਮੇਂ ਪੁਜ ਗਏ ਸਨ ਪਰ ਉਨਾਂ ਨੂੰ ਗ੍ਰਿਫਤਾਰੀ ਵਾਲੀ ਥਾਂ ਤੇ ਨਹੀਂ ਜਾਣ ਦਿੱਤਾ।

ਇਸ਼ ਜੱਥੇ ਦੀ ਗ੍ਰਿਫਤਾਰੀ ਸਬੰਧੀ ਲੀਡਰਾਂ ਨੇ ਬਿਆਨ ਅਖਬਾਰੀਂ ਵਿਚ ਪ੍ਰਕਾਸ਼ਤ ਕਰਾਏ ਜਿੰਨਾਂ ਵਿਚ ਉਨ੍ਹਾਂ ਨੇ ਅੱਖੀਂ ਡਿੱਠੇ ਹਾਲਾਤ ਬਿਆਨ ਕੀਤੇ। ਚੌਧਰੀ ਫਜ਼ਲ ਹੱਕ ਨੇ ਦਸਿਆ ਕਿ ਪੁਲਸੀਏ ਜੱਥੇ ਦੇ ਸਿੰਘਾਂ ਨੂੰ ਰਸਿਆ ਨਾਲ ਜਕੜ ਕੇ ਕਿਲੇ ਵੱਲ ਲੈ ਜਾ ਰਹੇ ਸਨ ਤੇ ਸਾਰੇ ਸਿੰਘ ਨਿਨਾਮ ਵਾਹਿਗੁਰੂ ਦਾ ਜਾਪ ਕਰ ਰਹੇ ਸਨ। ਇਕ ਸਿੰਘ ਨੂੰ ਲਤੋਂ ਫੜਕੇ ਘੜੀਸਿਆ ਗਿਆ। ਉਸ ਦੇ ਵਾਲ ਖਿਲਰੇ ਹੋਇ ਸਨ। ਅਸਾਂ ਨੂੰ ਬਹੁਤ ਪੁਛਣ ਪਰ ਭੀ ਇਸ ਗੱਲ ਦਾ ਪੱਤਾ ਨਹੀਂ ਲਗਿਆ ਕਿ ਉਸ ਦਾ ਕਸੂਰ ਕੀ ਸੀ?

ਸ਼ਾਮ ਦੇ ੬ ਵਜੇ ਗ੍ਰਿਫਤਾਰੀਆਂ ਖਤਮ ਹੋ ਗਈਆਂ। ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਨਾਲ ਕੁਝ ਸਿੰਘ ਰਹਿ ਗਏ। ਸਾਨੂੰ ਪਿਛੋਂ ਦਸਿਆ ਗਿਆ ਕਿ ਸਰਕਾਰੀ ਆਦਮੀਆਂ ਨੇ ਉਨ੍ਹਾਂ ਪਾਸੋਂ ਪਾਲਕੀ ਖੋਹ ਲਈ ਸੀ। ਉਹ ਭੀ ਗ੍ਰਿਫਤਾਰ ਹੋ ਗਏ ਸਨ। ਇਸ ਜੱਥੇ ਪਰ ਗ੍ਰਿਫਤਾਰੀ ਤੋਂ ਪਿੱਛੋਂ ਬੜੀਆਂ ਸਖਤੀਆਂ ਕੀਤੀਆਂ ਗਈਆਂ। ਇੱਕ ਸਿੰਘ ਨੇ ਦਸਿਆ ਕਿ ਜੱਥੇ ਦੀ ਗ੍ਰਿਫਤਾਰੀ ਸਮੇਂ ਕਈ ਸਰਕਾਰੀ ਮੁਲਾਜ਼ਮ ਰੋ ਰਹੇ ਸਨ ਕਿ ਅਸੀਂ ਚੰਦ੍ਰੇ ਪੇਟ ਦੀ ਖਾਤਰ ਆਪਣੇ ਭਰਾਵਾਂ ਨੂੰ ਗ੍ਰਿਫਤਾਰ ਕਰ ਰਹੇ ਹਾਂ ਨਹੀਂ ਤਾਂ ਸਾਡਾ ਜੀ ਨਹੀਂ ਕਰਦਾ।

ਜੱਥੇ ਨੂੰ ਗ੍ਰਿਫਤਾਰ ਕਰਕੇ ਇਕ ਤਾਰ ਦੇ ਵਲਗਣ ਵਿਚ ਬੰਦ ਕਰ ਦਿੱਤਾ ਗਿਆ। ਇਹ ਸਪੈਸ਼ਲ ਜੇਲ੍ਹ ਬਣਾਈ ਗਈ ਸੀ। ਇਕ ਦਿਨ ਜੱਥੇ ਨੂੰ ਭੁਖਾ ਰਖਿਆ। ਅਗਲੇ ਦਿਨ ੧੦ ਵਜੇ ਰੋਟੀ ਦੇਣ ਆਏ। ਸਿੰਘਾਂ ਨੇ ਇਸ਼ਨਾਨ ਕੀਤੇ ਬਿਨਾਂ ਪ੍ਰਸ਼ਾਦਾ ਛਕਣ ਤੋਂ ਇਨਕਾਰ ਕਰ ਦਿੱਤਾ। ਇਸ਼ਨਾਨ ਦਾ ਪ੍ਰਬੰਧ ਕੀਤਾ ਗਿਆ। ਜੱਥੇਦਾਰ ਨੂੰ ਜੱਥੇ ਤੋਂ ਅੱਡ ਕਰ ਦਿੱਤਾ ਗਿਆ।

ਇਸ ਜੱਥੇ ਵਿਚੋਂ ਦੋ ਸਿੰਘ ਚੜ੍ਹਾਈ ਕਰ ਗਏ। ਅੰਤਮ ਸੰਸਕਾਰ ਕਰਨ ਲਈ ਸਿੰਘ ਨਾਲ ਜਾਣਾ ਚਾਹੁੰਦੇ ਸਨ। ਹਾਕਮਾਂ ਨੇ ਇਹ ਗੱਲ ਨਾ ਮੰਨੀ। ਸਿੰਘਾਂ ਨੇ ਭੁਖਹੜਤਾਲ ਕਰ ਦਿਤੀ ਅੰਤ ਹਾਕਮਾਂ ਨੇ ਹੇਠ ਲਿਖੀਆਂ ਮੰਗਾਂ ਪ੍ਰਵਾਨ ਕਰ ਲਈਆਂ।

(੧) ਜਦ ਕੋਈ ਸਿੰਘ ਚੜ੍ਹਾਈ ਕਰ ਜਾਵੇ ਤਾ ੧੫ ਸਿੰਘ ਨਾਲ ਜਾਇਆ ਕਰਨਗੇ।

(੨) ਗ੍ਰੰਥੀ ਸਿੰਘ ਉਸ ਸਿੰਘ ਨਮਿੱਤ ਪਾਠ ਰਖੇਗਾ।

(੩) ਸਰਕਾਰ ਵਲੋਂ ਪਾਠ ਦੇ ਆਰੰਭ ਤੇ ਭੋਗ ਸਮੇਂ ਢਾਈ ਢਾਈ ਰੁਪਏ ਦਾ ਕੜਾਹ ਪ[illegible] ਕੀਤਾ ਜਾਵੇਗਾ।

ਇਸ ਪਰ ਚਾਰ ਦਿਨ ਪਿੱਛੋਂ ਸਿੰਘਾਂ ਨੇ ਭੁਖਹੜਤਾਲ ਛੱਡ ਦਿਤੀ। ਇਸ ਤੋਂ ਪਿੱਛੋਂ ਨਾਭੇ ਦੇ ਹਾਕਮਾਂ ਨੇ ਸਿੰਘਾਂ ਨੂੰ ਤੰਗ ਕਰਕੇ ਉਨ੍ਹਾਂ ਪਾਸੋਂ ਮਾਫੀਆਂ ਮੰਗਾਉਣ ਲਈ ਕਾਰਖਾਸ ਬਣਾਈ ਜਿਸ ਵਿਚ ਸਿੰਘਾਂ ਨੂੰ ਕਈ ਪ੍ਰਕਾਰ ਦੇ ਤਸੀਹੇ ਦਿਤੇ ਜਾਂਦੇ ਸਨ। ਇੰਨ੍ਹਾਂ ਤਸੀਹਿਆਂ ਅਤੇ ਜੇਲ੍ਹ ਦੀਆਂ ਸਖਤੀਆਂ ਸਬੰਧੀ ਅਸੀਂ ਅੱਗੇ ਚਲਕੇ ਵਿਸਥਾਰ ਸਹਿੱਤ ਲਿਖਾਂਗੇ।

Digitized by Panjab Digital Library | www.panjabdigilib.org

# ਚੌਥਾ ਸ਼ਹੀਦੀ ਜੱਥਾ

੨੬ ਮਾਰਚ ੧੯੨੪ ਨੂੰ ਚੌਥਾ ਸ਼ਹੀਦੀ ਜੱਥਾ ਸ੍ਰੀ ਅਨੰਦਪੁਰ ਤੋਂ ਰਵਾਨਾ ਕਰਨ ਦਾ ਫੈਸਲਾ ਕੀਤਾ ਗਿਆ। ਇਸ ਜਥੇ ਵਿਚ ਜ਼ਿਲਾ ਜਾਲੰਧਰ ਤੇ ਹੋਸ਼ਿਆਰਪੁਰ ਦੇ ਸਿੰਘ ਸਨ। ਇਸ ਦੇ ਜਥੇਦਾਰ ਸ. ਪੂਰਨ ਸਿੰਘ ਬਾਹੋਵਾਲ ਅਤੇ ਮੀਤ ਜਥੇਦਾਰ ਭਾ: ਸੁੰਦਰ ਸਿੰਘ ਜੀ ਪਿੰਡ ਚਮਿਆਰਾ ਸਨ। ਸਕੱਤਰ ਸ: ਬਿਸ਼ਨ ਸਿੰਘ ਜੀ ਚੁਣੇ ਗਏ। ਇਸ ਜਥੇ ਦੇ ਨਾਲ ਦੁਆਬੇ ਦੇ ਪ੍ਰਸਿਧ ਅਕਾਲੀ ਆਗੂ ਬਾਬੂ ਲਾਭ ਸਿੰਘ ਜੀ ਸ਼ਹੀਦ ਭੀ ਸਨ। (ਜੋ ੧੯੪੭ ਦੇ ਫਿਰਕੂ ਫਸਾਦਾਂ ਵਿਚ ਜਲੰਧਰ ਵਿਖੇ ਸ਼ਹੀਦ ਹੋਏ)

ਜਥੇ ਵਿਚ ਜਾਣ ਵਾਲੇ ਸਿੰਘ ਗੁਰਦਵਾਰਾ ਸੀਸ ਗੰਜ ਨੌਵੀਂ ਪਾਤਿਸ਼ਾਹੀ ਵਿਚ ਇਕੱਠੇ ਹੋਏ। ਸਭ ਦੀ ਹਾਜ਼ਰੀ ਲਾਈ ਗਈ। ਉਪਰੰਤ ਜਥਾ ਸ੍ਰੀ ਕੇਸ ਗੜ੍ਹ ਸਾਹਿਬ ਪਰ ਹੁਕਮ ਲੈਣ ਲਈ ਹਾਜ਼ਰ ਹੋਇਆ। ਸ਼ਬਦ ਕੀਰਤਨ ਤੋਂ ਪਿਛੋਂ ਜਥੇਦਾਰ ਤਖਤ ਸ੍ਰੀ ਕੇਸ ਗੜ੍ਹ ਸਾਹਿਬ ਨੇ ਜਥੇ ਨੂੰ ਸ਼ਾਂਤਮਈ ਰਹਿੰਦੇ ਹੋਏ ਜੈਤੋ ਵਿਚ ਅਖੰਡ ਪਾਠ ਜਾਰੀ ਕਰਨ ਦਾ ਹੁਕਮ ਸੁਣਾਇਆ। ਜਥੇ ਨੇ ਆਪਣਾ ਅੰਤਮ ਸੰਦੇਸ਼ ਸੁਣਾਇਆ ਤੇ ਅਰਦਾਸਾ ਸੋਧ ਕੇ ਰਵਾਨਾ ਹੋ ਗਿਆ।

ਜਦ ਜਥਾ ਚਰਨ ਗੰਗਾ ਪਾਸ ਪੁਜਿਆ ਤਾਂ ਸਥਾਨਕ ਥਾਨੇਦਾਰ ਸੋਢੀ ਜਸਵੰਤ ਸਿੰਘ ਜੀ ਨੇ ਜਥੇ ਦੇ ਇਕ ਮੈਂਬਰ ਭਾਈ ਸ਼ੇਰ ਸਿੰਘ ਦੌਲਤ ਪੁਰ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ। ਸਿੰਘਾਂ ਨੇ ਗ੍ਰਿਫਤਾਰੀ ਦੇਣ ਤੋਂ ਨਾਂਹ ਕਰ ਦਿਤੀ, ਇਸ ਕਰਕੇ ਕਾਫੀ ਦੇਰ ਝਗੜਾ ਹੁੰਦਾ ਰਿਹਾ। ਜਥੇਦਾਰ ਜੀ ਨੇ ਕਿਹਾ ਜੇ ਭਾਈ ਸ਼ੇਰ ਸਿੰਘ ਨੂੰ ਗ੍ਰਿਫਤਾਰ ਕਰਨਾ ਹੈ ਤਾਂ ਸਾਨੂੰ ਪੰਜ ਸੌ ਨੂੰ ਹੀ ਗ੍ਰਿਫਤਾਰ ਕਰ ਲਵੋ। ਇਸ ਪਰ ਥਾਨੇਦਾਰ ਨੇ ਡਿਪਟੀ ਕਮਿਸ਼ਨਰ ਪਾਸੋਂ ਤਾਰ ਰਾਹੀਂ ਹੁਕਮ ਪੁਛਿਆ ਕਿ ਹੁਣ ਕੀ ਕੀਤਾ ਜਾਵੇ। ਇਤਨੀ ਦੇਰ ਤਕ ਮੀਆਂ ਹਕੀਮ ਦੀਨ ਮਜਿਸਟਰੇਟ ਪੁਜ ਗਿਆ। ਉਹਨਾਂ ਕਿਹਾ ਜਦ ਤਕ ਡੀ.ਸੀ. ਦਾ ਹੁਕਮ ਨਹੀਂ ਆਉਂਦਾ, ਭਾਈ ਸ਼ੇਰ ਸਿੰਘ ਜੀ ਜਥੇ ਦੇ ਨਾਲ ਤੁਰੇ ਜਾਣ। ਪੁਲਸ ਨੇ ਭਾਈ ਸ਼ੇਰ ਸਿੰਘ ਨੂੰ ਹਥਕੜੀ ਲਗਾ ਲਈ ਸੀ।

ਇਸ ਵੇਲੇ ਰਾਤ ਹੋਣ ਲਗ ਪਈ। ਪੁਲਸ ਤੇ ਘੋੜ ਸਵਾਰ ਰਸਾਲਾ ਜਥੇ ਦੇ ਨਾਲ ਚਲ ਰਿਹਾ ਸੀ। ੮ ਬਜੇ ਜਥਾ ਸਤਲੁਜ ਦੇ ਪੱਤਣ ਪਰ ਪੁਜਿਆ ਤੇ ਦਸ ਬਜੇ ਰਾਤ ਦਰਿਆ ਪਾਰ ਕੀਤਾ। ਪਿੰਡ ਵਾਲਿਆਂ ਨੇ ਜਥੇ ਦਾ ਸ਼ਾਨਦਾਰ ਸਵਾਗਤ ਕੀਤਾ ਤੇ ਬੜੇ ਉਤਸ਼ਾਹ ਨਾਲ ਸੇਵਾ ਕੀਤੀ। ਸਾਢੇ ਦਸ ਬਜੇ ਡੀ. ਸੀ. ਵਲੋਂ ਭਾਈ ਸ਼ੇਰ ਸਿੰਘ ਸਬੰਧੀ ਥਾਨੇਦਾਰ ਦੀ ਤਾਰ ਦਾ ਉੱਤਰ ਆਇਆ। ਪੁਲਸ ਨੇ ਕਿਹਾ, ਕੋਈ ਸੱਜਣ ਭਾਈ ਸ਼ੇਰ ਸਿੰਘ ਦੀ ਜ਼ਮਾਨਤ ਦੇ ਦੇਵੇ। ਪਰੰਤੂ ਕੋਈ ਗਲ ਨਾ ਬਣੀ। ਜਥੇ ਨੇ ਪਿੰਡ ਖੂਹੀਆਂ ਜਾ ਕੇ ਪੜਾ ਕਰਨਾ ਸੀ ਜੋ ਇਥੋਂ ਪੰਜ ਮੀਲ ਸੀ। ਰਾਤ ਦੇ ਇਕ ਬਜੇ ਜਥਾ ਪੜਾ ਵਾਲੇ ਪਿੰਡ ਪੁਜਿਆ। ਪੁਲਸ ਭਾਈ ਸ਼ੇਰ ਸਿੰਘ ਨੂੰ ਗ੍ਰਿਫਤਾਰ ਕਰਕੇ ਜਥੇ ਤੋਂ ਅੱਡ ਲੈ ਗਈ। ਭਾਈ ਬਤਨ ਸਿੰਘ ਜੀ ਕੇਨੇਡੀਅਨ ਭੀ ਇਸ ਜਥੇ ਨਾਲੋਂ ਗ੍ਰਿਫਤਾਰ ਕੀਤੇ ਗਏ ਸਨ।

## * ਚੌਥੇ ਜਥੇ ਦੇ ਪੜਾਉ *

| | |
|---|---|
| ੧. ਖੂਹੀਆਂ | ੨. ਕੁਕੜ ਮਾਜਰਾ |
| ੩. ਚਾਹਲ ਪੁਰ | ੪. ਹੁਸ਼ਿਆਰਪੁਰ |
| ੫. ਪੁਰ ਹੀਰਾ | ੬. ਬਧਿਆਣਾ |
| ੭. ਫਰਾਲਾ | ੮. ਦੁਸਾਂਝ ਕਲਾਂ |

Digitized by Panjab Digital Library | www.panjabdigilib.org

੯. ਬੜ੍ਹਾ ਪਿੰਡ
੧੦. ਫਲੌਰ
੧੧. ਲੁਧਿਆਣਾ
੧੨. ਰਾਇਪੁਰ
੧੩. ਪਖੋਵਾਲ
੧੪. ਰਾਇਕੋਟ
੧੫. ਤਹੌਰ
੧੬. ਨਾਨਕਸਰ ਤਖਤੂਪੁਰਾ
੧੭. ਦੀਨਾ
੧੮. ਭਗਤਾ
੧੯. ਬਾਜ ਖਾਨਾ
੨੦. ਜੈਤੋ

ਇਸ ਸ਼ਹੀਦੀ ਜਥੇ ਨੇ ਪਹਿਲਾ ਪੜਾ ਪਿੰਡ ਖੂਹੀਆਂ ਵਿਚ ੨੭ ਮਾਰਚ ਨੂੰ ਕੀਤਾ। ਅੰਤਮ ਪੜਾ ੨੭ ਅਪਰੈਲ ਨੂੰ ਬਾਜਾ ਖਾਨਾ ਵਿਚ ਠਹਿਰਿਆ ਹੋਇਆ ਸੀ ਕਿ ਪੁਲਸ ਇਨਸਪੈਕਟਰ ਨੇ ਇਕ ਨੋਟਿਸ ਲਿਆ ਕੇ ਦਿਤਾ, ਜਿਸ ਵਿਚ ਲਿਖਿਆ ਸੀ ਜੇ ਜੱਥਾ ਤਿੰਨ ਦਿਨ ਜੈਤੋ ਰਹਿਕੇ ਅਖੰਡ ਪਾਠ ਕਰਕੇ ਵਾਪਸ ਚਲੇ ਜਾਣ ਦਾ ਇਕਰਾਰ ਕਰੇ ਤਾਂ ਉਸ ਨੂੰ ਆਗਿਆ ਦਿਤੀ ਜਾ ਸਕਦੀ ਹੈ। ਪਰੰਤੂ ਜਥੇ ਨੇ ਕਿਹਾ, ਅਸੀਂ ਆਉਣ ਜਾਣ ਦੀ ਕੋਈ ਪਾਬੰਦੀ ਬਰਦਾਸ਼ਤ ਕਰਨ ਲਈ ਤਿਆਰ ਨਹੀਂ।

੧੮ ਅਪਰੈਲ ਨੂੰ ਇਹ ਜਥਾ ਗ੍ਰਿਫਤਾਰ ਕੀਤਾ ਗਿਆ। ਇਸ ਸਮੇਂ ਜਮਾਂਦਾਰ ਪ੍ਰਤਾਪ ਸਿੰਘ ਐਮ.ਐਲ.ਸੀ. (ਸ੦ ਸਵਰਨ ਸਿੰਘ ਵਜ਼ੀਰ ਕੇਂਦਰੀ ਸਰਕਾਰ ਦੇ ਪਿਤਾ) ਤੇ ਸ: ਤਾਰਾ ਸਿੰਘ ਜੀ ਐਮ. ਐਲ. ਸੀ. ਮੋਗਾ ਮੌਕੇ ਪਰ ਮੌਜੂਦ ਸਨ। ਉਹਨਾਂ ਦੇ ਬਿਆਨ ਹੁਣ ਜਥੇ ਦੇ ਸਿੰਘਾਂ ਨੂੰ ਰਸਿਆਂ ਨਾਲ ਜਕੜ ਕੇ ਜੰਲ੍ਹ ਵਲ ਲੈ ਜਾਇਆ ਜਾ ਰਿਹਾ ਸੀ। ਪਿਛੋਂ ਅਫਸਰਾਂ ਨੇ ਇਕ ਸਪੈਸ਼ਲ ਗੱਡੀ ਪਰ ਜਥੇ ਨੂੰ ਚੜ੍ਹਾਉਣ ਦਾ ਫੈਸਲਾ ਕੀਤਾ। ਕੁਝ ਸਿੰਘਾਂ ਨੇ ਸਟੇਸ਼ਨ ਵੱਲ ਜਾਣ ਤੋਂ ਇਨਕਾਰ ਕੀਤਾ। ਉਹਨਾਂ ਕਿਹਾ ਅਸੀਂ ਗੁਰਦਵਾਰੇ ਵੱਲ ਮੂੰਹ ਕਰਕੇ ਸਿੱਧੇ ਜਾਵਾਂਗੇ, ਭਾਵੇਂ ਸਾਨੂੰ ਗ੍ਰਿਫਤਾਰ ਕਰ ਲਿਆ ਜਾਵੇ। ਇਸ ਪਰ ਕੁਝ ਖਿਚੋਤਾਣ ਹੋਈ। ਅੰਤਮ ਜਥੇਦਾਰ ਦੇ ਸਮਝਾਉਣ ਪਰ ਉਹ ਭੀ ਤੁਰ ਪਏ। ਕੜਕਦੀ ਧੁਪ ਵਿਚ ਜਥੇ ਦੇ ਸਿੰਘ ਸ਼ਬਦ ਪੜ੍ਹਦੇ ਜਾ ਰਹੇ ਸਨ। ਵੇਖਣ ਵਾਲਿਆਂ ਦੀਆਂ ਅੱਖਾਂ ਵਿਚੋਂ ਅਥਰੂ ਜਾਂਦੇ ਸਨ।

ਸ਼ਰੋਮਣੀ ਕਮੇਟੀ ਦਾ ਐਲਾਨ
ਮਿਤੀ ੪–੪–੧੯੨੪

## ਸਿਖ ਧਰਮ ਵਿਚ ਛੂਤ ਛਾਤ ਨੂੰ ਕੋਈ ਥਾਂ ਨਹੀਂ

## ਵੈਕਮ ਸਤਿਆਗ੍ਰਹਿ ਵਿਚ ਸਿਖਾਂ ਵਲੋਂ ਸਹਾਇਤਾ

ਉਪਰ ਅਸੀਂ ਦਸ ਆਏ ਹਾਂ ਕਿ ਗੁਰਦਵਾਰਾ ਸੁਧਾਰ ਲਹਿਰ ਵਿਚ ਸਾਰੇ ਦੇਸ਼ ਵਾਸੀਆਂ ਦੀ ਹਮਦਰਦੀ ਅਕਾਲੀਆਂ ਦੇ ਨਾਲ ਸੀ। ਅਕਾਲੀਆਂ ਦੀਆਂ ਬੇਮਿਸਾਲ ਕੁਰਬਾਨੀਆਂ ਨੇ ਸਾਰੇ ਦੇਸ਼ ਦਾ ਧਿਆਨ ਆਪਣੇ ਵਲ ਖਿਚ ਲਿਆ ਸੀ। ਗੁਰਦਵਾਰਾ ਸੁਧਾਰ ਲਹਿਰ ਵਿਚ ਭੀ ਅਸਲ ਟਕਰ ਅੰਗਰੇਜ਼ੀ ਸਕਰਾਰ ਨਾਲ ਸੀ ਕਿਉਂਕਿ ਉਹ ਉਨ੍ਹਾਂ ਆਦਮੀਆਂ ਦੀ ਸਹਾਇਤਾ ਕਰਦੀ ਸੀ ਜੋ ਸਿਖਾਂ ਦੀ ਏਕਤਾ ਨੂੰ ਖਤਮ ਕਰਨਾ ਚਾਹੁੰਦੇ ਸਨ। ਹਰ ਇਕ ਕਰਮ ਦਾ ਪ੍ਰਤਿਕਰਮ ਹੋਣਾ ਜ਼ਰੂਰੀ ਹੈ। ਇਸ ਕਰ ਕੇ ਅਪਰੈਲ ੧੯੨੪ ਵਿਚ ਜਦ ਕੋਚੀਨ ਦੇ ਅਖੌਤੀ ਅਛੂਤ ਭਰਾਵਾਂ ਨੇ ਛੂਤ ਛਾਤ ਮਿਟਾਉਣ ਲਈ ਸਤਿਆਗ੍ਰਹਿ ਸ਼ੁਰੂ ਕੀਤਾ ਤਾਂ ਦੇਸ਼ ਵਾਸੀਆਂ ਦਾ ਧਿਆਨ ਉਸ ਪਾਸੇ ਭੀ ਗਿਆ।

Digitized by Panjab Digital Library | www.panjabdigilib.org

ਸ਼੍ਰੋ: ਕਮੇਟੀ ਦੇ ਮੁਖੀਆਂ ਨੇ ਇਕ ਚੰਗਾ ਅਵਸਰ ਜਾਣ ਕੇ ਵੈਕਮ ਸਤਿਆਗ੍ਰਹਿ ਦੀ ਹਮਾਇਤ ਦਾ ਐਲਾਨ ਕੀਤਾ। ਮਦਰਾਸ ਵਿਚ ਅਛੂਤ ਜ਼ਾਤੀਆਂ ਨਾਲ ਸਖਤ ਬੇਇਨਸਾਫੀਆਂ ਹੁੰਦੀਆਂ ਸਨ। ਸੜਕਾਂ ਤੇ ਨਾ ਤੁਰ ਸਕਣਾ, ਕਚਹਿਰੀਆਂ ਵਿਚ ਨਾ ਜਾ ਸਕਣਾ ਤੇ ਮੰਦਰਾਂ ਵਿਚ ਪ੍ਰਵੇਸ਼ ਨਾ ਕਰ ਸਕਣਾ ਇਹ ਗਲਾਂ ਜਾਗੀ ਹੋਈ ਅਛੂਤ ਜੰਤਾ ਵਾਸਤੇ ਅਸਹਿ ਹੋ ਗਈਆਂ ਸਨ। ਮਦਰਾਸ ਵਿਚ ਈਸਾਈ ਮਿਸ਼ਨਰੀਆਂ ਨੇ ਭੀ ਇਨ੍ਹਾਂ ਹਾਲਾਤ ਤੋਂ ਲਾਭ ਉਠਾਉਂਦੇ ਹੋਏ ਜ਼ੋਰਦਾਰ ਪ੍ਰਚਾਰ ਸ਼ੁਰੂ ਕਰ ਦਿਤਾ ਸੀ। ਜਿਸ ਕਰਕੇ ਹਿੰਦੂ ਧਰਮ ਪਰ ਸਖਤ ਚੋਟ ਪੈ ਰਹੀ ਸੀ। ਹਾਲਾਤ ਅਜੇਹੇ ਪੈਦਾ ਹੋ ਚੁਕੇ ਸਨ ਕਿ ਇਕ ਪਾਸੇ ਤਾਂ ਕਟੜ ਪੰਥੀ ਹਿੰਦੂ ਸਨ ਤੇ ਦੂਜੇ ਪਾਸੇ ਅਗੇ ਵਧੂ ਹਿੰਦੂ ਜੰਤਾ ਤੇ ਅਛੂਤ ਭਾਈ। ਦੋਹਾਂ ਧਿਰਾਂ ਵਿਚ ਸਖਤ ਖਿਚੋਤਾਣ ਹੋ ਰਹੀ ਸੀ। ਅਗੇ ਵਧੂ ਤਾਕਤਾਂ ਨੇ ਪਿਛੇ ਖਿਚੂ ਤੇ ਕਟੜ ਪੰਥੀ ਹਿੰਦੂਆਂ ਦੇ ਗੜ੍ਹ ਕੋਚੀਨ ਰਿਆਸਤ ਵਿਚ ਫੈਸਲਾ ਕੁਨ ਟੱਕਰ ਲੈਣ ਦਾ ਫੈਸਲਾ ਕਰ ਲਿਆ ਸੀ।

ਸਿਖ ਧਰਮ ਵਿਚ ਛੂਤ ਛਾਤ ਨੂੰ ਕੋਈ ਥਾਂ ਨਹੀਂ ਇਸ ਕਰਕੇ ਸਿਖ ਮੁਖੀਆਂ ਨੇ ਫੈਸਲਾ ਕੀਤਾ ਕਿ ਛੂਤ ਛਾਤ ਵਿਰੁਧ ਲੜੇ ਜਾ ਰਹੇ ਇਸ ਜੰਗ ਵਿਚ ਅਮਲੀ ਸਹਾਇਤਾ ਦਿਤੀ ਜਾਵੇ। ਸ਼੍ਰੋ: ਕਮੇਟੀ ਨੇ ੧੨ ਸਿੰਘਾਂ ਦਾ ਜਥਾ ਵੈਕਮ ਵਿਚ ਲੰਗਰ ਜਾਰੀ ਕਰਨ ਲਈ ਭੇਜਿਆ।

ਇਸ ਜਥੇ ਦੇ ਮੁਖੀ ਸ: ਲਾਲ ਸਿੰਘ ਜੀ ਬੀ. ਏ. ਅਤੇ ਮਹੰਤ ਕ੍ਰਿਪਾਲ ਸਿੰਘ ਜੀ ਸਨ। ਜਥਾ ਭੇਜਣ ਦਾ ਮਕਸਦ ਇਹ ਸੀ ਕਿ ਅਛੂਤ ਭਰਾਵਾਂ ਨੂੰ ਸਤਿਆਗ੍ਰਹਿ ਕਰਨ ਵਿਚ ਸਹਾਇਤਾ ਦਿਤੀ ਜਾਵੇ ਅਤੇ ਗੁਰੂ ਕੇ ਲੰਗਰ ਦੇ ਅਭੇਦ ਵਰਤਾਉਣ ਦਾ ਨਮੂਨਾ ਪੇਸ਼ ਕਰਕੇ ਗੁਰਮਤਿ ਅਸੂਲਾਂ ਦੀ ਉਚਤਾ ਪ੍ਰਗਟ ਕੀਤੀ ਜਾਵੇ। ੨੫ ਅਪਰੈਲ ਨੂੰ ਇਹ ਜਥਾ ਦਿਲੀ ਪੁਜਿਆ। ਇਥੇ ਇਸ ਦਾ ਸਵਾਗਤ ਕੀਤਾ ਗਿਆ। ਹਿੰਦੋਸਤਾਨ ਦੀਆਂ ਸਾਰੀਆਂ ਅਖਬਾਰਾਂ ਵਿਚ ਜਥੇ ਦੇ ਪੁਜਣ ਦੀਆਂ ਖਬਰਾਂ ਛਪ ਚੁਕੀਆਂ ਸਨ। ਇਸ ਕਰਕੇ ਮਦਰਾਸ ਦੇ ਲੋਕ ਭੀ ਸਵਾਗਤ ਦੀਆਂ ਸ਼ਾਨਦਾਰ ਤਿਆਰੀਆਂ ਕਰ ਰਹੇ ਸਨ। ਮਦਰਾਸ ਪੁਜਣ ਪਰ 'ਸਵਰਾਜ' ਅਖਬਾਰ ਦੇ ਐਡੀਟਰ ਮਿ: ਟੀ. ਪ੍ਰਕਾਸ਼ਮ ਅਤੇ ਹੋਰ ਕਾਂਗਰਸੀ ਮੁਖੀਆਂ ਨੇ ਜਥੇ ਦਾ ਸਵਾਗਤ ਕੀਤਾ ਤੇ ਸਵਰਾਜ ਅਖਬਾਰ ਦੇ ਦਫਤਰ ਵਿਚ ਜਥੇ ਨੂੰ ਠਹਿਰਾਇਆ ਗਿਆ। ਅਤੇ ਮਦਰਾਸ ਸ਼ਹਿਰ ਵਿਚ ਸਿਖ ਬਹੁਤ ਘਟ ਸਨ ਪ੍ਰੰਤੂ ਆਮ ਲੋਕਾਂ ਨੇ ਜਥੇ ਦੀ ਬੜੇ ਪਰੇਮ ਨਾਲ ਸੇਵਾ ਕੀਤੀ।

੩੦ ਅਪਰੈਲ ਨੂੰ ਹਾਈ ਕੋਰਟ ਦੇ ਪਾਸ ਜਥੇ ਦਾ ਫੋਟੋ ਲਿਆ ਗਿਆ। ਸ: ਲਾਲ ਸਿੰਘ ਜੀ ਨੇ ਅੰਗਰੇਜ਼ੀ ਵਿਚ ਤਕਰੀਰ ਕਰਕੇ ਸਿਖ ਧਰਮ ਦੇ ਸਿਧਾਂਤ ਪ੍ਰਗਟ ਕੀਤੇ ਜਿਸ ਦਾ ਸੁਣਨ ਵਾਲਿਆਂ ਪਰ ਬਹੁਤ ਅਸਰ ਹੋਇਆ। ੧ ਮਈ ਨੂੰ ਜਥਾ ਪਦ ਪੁਰ ਪੁਜਿਆ। ਇਥੋਂ ਵੈਕਮ ਨੂੰ ਜਾਈਦਾ ਹੈ। ਇਥੇ ਸਤਿਆਗ੍ਰਹਿ ਦੇ ਮੋਢੀ ਸ੍ਰੀ ਸੀ. ਨਾਇਰ ਅਤੇ ਹੋਰ ਬਹੁਤ ਸਾਰੇ ਪਤਵੰਤੇ ਸਜਨਾਂ ਨੇ ਜਥੇ ਦਾ ਸ਼ਾਨਦਾਰ ਸਵਾਗਤ ਕੀਤਾ। ਅਰਨਾ ਕਲਮ ਵਿਚ ਭੀ ਜਥੇ ਨੇ ਪ੍ਰਚਾਰ ਕੀਤਾ। ਵੈਕਮ ਵਿਚ ਪੁਜ ਕੇ ਜਥੇ ਨੇ ਗੁਰੂ ਕਾ ਲੰਗਰ ਜਾਰੀ ਕੀਤਾ ਜੋ ਉਸ ਇਲਾਕੇ ਦੇ ਲੋਕਾਂ ਲਈ ਬਿਲਕੁਲ ਨਵੀਂ ਚੀਜ਼ ਸੀ।

ਗੁਰੂ ਕੇ ਲੰਗਰ ਵਿਚ ਸਭ ਜਾਤੀਆਂ ਦੇ ਲੋਕਾਂ ਨੂੰ ਇਕਠੇ ਬਿਠਾ ਕੇ ਭੋਜਨ ਛਕਾਇਆ ਜਾਂਦਾ ਸੀ ਅਤੇ ਉਨ੍ਹਾਂ ਨੂੰ ਦਸਿਆ ਜਾਂਦਾ ਸੀ ਕਿ ਸਾਰੇ ਇਨਸਾਨ, ਗੋਰੇ ਕਾਲੇ, ਯੂਰਪੀਨ ਏਸ਼ੀਅਨ, ਬ੍ਰਹਿਮਣ ਖਤ੍ਰੀ, ਸ਼ੂਦਰ ਤੇ ਵੈਸ਼ ਸਭ ਭ ਈ ਭਾਈ ਹਨ। "ਏਕ ਪਿਤਾ ਏਕਸ ਕੇ ਹਮ ਬਾਰਕ" ਦੇ ਮਹਾਂਵਾਕ ਅਨੁਸਾਰ ਉਸ ਵਾਹਿਗੁਰੂ ਦੇ ਸਾਰੇ ਮਨੁਖ ਪੁਤ੍ਰ ਹਨ ਇਸ ਲਈ ਉਹਨਾਂ ਨੂੰ ਸਕੇ ਭਰਾਵਾਂ ਵਾਂਗ ਇਕਠੇ ਬੈਠ ਕੇ ਪ੍ਰਸ਼ਾਦਾ ਛਕਣਾ ਚਾਹੀਦਾ ਹੈ।

Digitized by Panjab Digital Library | www.panjabdigilib.org

ਗੁਰੂ ਕੇ ਲੰਗਰ ਨੂੰ ਦੇਖਣ ਲਈ ਦੂਰ ਦੂਰ ਤੋਂ ਲੋਕ ਆਉਂਦੇ ਸਨ। ਸः ਲਾਲ ਸਿੰਘ ਜੀ ਨੇ ਅੰਗਰੇਜ਼ੀ ਵਿਚ ਉਨ੍ਹਾਂ ਨੂੰ ਸਿਖ ਧਰਮ ਦੇ ਮੋਟੇ ਮੋਟੇ ਅਸੂਲ ਸਮਝਾਏ ਜਿਸ ਦਾ ਉਹਨਾਂ ਪਰ ਬਹੁਤ ਅਸਰ ਹੁੰਦਾ। ਇਹ ਪ੍ਰਚਾਰ ਕਥਨੀ ਦਾ ਹੀ ਪ੍ਰਚਾਰ ਨਹੀਂ ਸੀ। ਨਾਲ ਅਮਲੀ ਸਬੂਤ ਭੀ ਪੇਸ਼ ਕੀਤਾ ਜਾਂਦਾ ਸੀ। ਇਸ ਕਰਕੇ ਇਸਦਾ ਬਹੁਤ ਅਸਰ ਹੁੰਦਾ ਸੀ। ਜ਼ਾਤ ਪਾਤ ਅਤੇ ਛੂਤ ਛਾਤ ਦੇ ਹਥੋਂ ਤੰਗ ਆਏ ਮਦਰਾਸੀ ਸਿਖ ਧਰਮ ਦੀ ਬੜੀ ਪ੍ਰਸੰਸਾ ਕਰਦੇ ਸਨ। ਕਿਤਨਾ ਚੰਗਾ ਹੁੰਦਾ ਜੇ ਸਿਖ ਪੰਥ ਹੋਰ ਝਮੇਲਿਆਂ ਵਲੋਂ ਹਟ ਕੇ ਇਸੇ ਤਰਾਂ ਸਿਖ ਧਰਮ ਦੇ ਪ੍ਰਚਾਰ ਲਈ ਅਮਲੀ ਨਮੂਨੇ ਪੇਸ਼ ਕਰਦਾ ਰਹਿੰਦਾ ਤੇ ਭਾਰਤ ਦੇ ਹਰ ਇਕ ਵਾਸੀ ਨੂੰ ਸਿਖ ਧਰਮ ਦੇ ਸੁਨਹਿਰੀ ਅਸੂਲਾਂ ਤੋਂ ਵਾਕਫ ਕਰਾਇਆ ਜਾਂਦਾ।

ਸਿਖਾਂ ਵਲੋਂ ਵੈਕਮ ਸਤਿਆਗ੍ਰਹਿ ਵਿਚ ਸਹਾਇਤਾ ਕਰਨ ਦਾ ਫਲ ਹੋਇਆ ਕਿ ਅਛੂਤ ਭਰਾਵਾਂ ਨੂੰ ਆਪਣੇ ਮਕਸਦ ਵਿਚ ਕਾਫੀ ਸਫਲਤਾ ਮਿਲੀ। ਦੇਸ਼ ਦੇ ਸਾਰੇ ਅਗੇ ਵਧੂ ਅਖਬਾਰ ਤੇ ਕਾਂਗ੍ਰਸੀ ਲੀਡਰ ਉਨ੍ਹਾਂ ਦੇ ਨਾਲ ਹੋ ਗਏ ਜਿਸ ਕਰਕੇ ਜ਼ਾਤ ਅਭਿਮਾਨੀਆਂ ਨੂੰ ਮੂੰਹ ਦੀ ਖਾਣੀ ਪਈ।

ਇਹ ਸਤਿਆਗ੍ਰਹਿ ਸਫਲਤਾ ਨਾਲ ਸਮਾਪਤ ਹੋਗਿਆ ਤਾਂ ਜੱਥਾ ਵਾਪਸ ਸ੍ਰੀ ਅੰਮ੍ਰਿਤਸਰ ਆਗਿਆ। ਸਤਿਆਗ੍ਰਹਿ ਕਮੇਟੀ ਨੇ ਜੱਥਾ ਭੇਜਣ ਪਰ ਸ੍ਰੋ: ਕਮੇਟੀ ਦਾ ਧੰਨਵਾਦ ਕੀਤਾ। ਇਸ ਕਾਰਵਾਈ ਨੇ ਸਾਰੇ ਭਾਰਤ ਵਾਸੀਆਂ ਦੀ ਹਮਦਰਦੀ ਸਿੱਖ ਨਾਲ ਹੋਰ ਭੀ ਵਧ ਗਈ।

## ਜੈਤੋ ਵੱਲ ਹੋਰ ਜੱਥਿਆਂ ਦੀ ਰਵਾਨਗੀ

ਇਸ ਤੋਂ ਉਪ੍ਰੰਤ ਪੰਜਵਾਂ ਸ਼ਹੀਦੀ ਜੱਥਾ ਜੈਤੋ ਨੂੰ ਰਵਾਨਾ ਹੋਇਆ। ਇਸ ਜੱਥੇ ਵਿਚ] ਜ਼ਿਲਾ ਲਾਇਲਪੁਰ ਦੇ ਸਿੰਘ ਸਨ। ਹੁਣ ਜ਼ਿਲਿਆ ਦੇ ਅਕਾਲੀ ਜੱਥੇ ਸ੍ਰੋः ਕਮੇਟੀ ਪਾਸ ਮੰਗ ਕਰਨ ਲੱਗ ਪਏ ਸਨ ਕਿ ਅੱਡ ਅੱਡ ਜ਼ਿਲਿਆਂ ਨੂੰ ਪੰਜ ਪੰਜ ਸੌ ਦੇ ਜੱਥੇ ਭੇਜਣ ਦੀ ਆਗਿਆ ਦਿਤੀ ਜਾਵੇ ਇਸ ਕਰਕੇ ਜਿੱਥੇ ਅੱਗੇ ਸਭ ਜ਼ਿਲਿਆ ਦੇ ਸਿੰਘਾਂ ਦਾ ਮਿਲਿਆ ਜੁਲਿਆ ਜੱਥਾ ਜਾਇਆ ਕਰਦਾ ਸੀ। ਹੁਣ ਇਕ ਇਕ ਜ਼ਿਲੇ ਦੇ ਪੰਜ ਪੰਜ ਸੌ ਸਿੰਘਾਂ ਦਾ ਸ਼ਹੀਦੀ ਜੱਥਾ ਜਾਣਾ ਆਰੰਭ ਹੋ ਗਿਆ। ਪੰਥ ਵਿਚ ਜੋਸ਼ ਤੇ ਉਤਸ਼ਾਹ ਦਿਨੋ ਦਿਨ ਵਧ ਰਿਹਾ ਸੀ। ਜਿਉਂ ਜਿਉਂ ਸਰਕਾਰ ਸਖਤੀਆਂ ਕਰਦੀ। ਸੇਵਾ ਕਰਨ ਵਾਲਿਆਂ ਵਿਰੁਧ ਮੁਕਦਮੇ ਬਣਾਉਂਦੀ ਤੇ ਗ੍ਰਿਫਤਾਰੀਆਂ ਕਰਦੀ ਤਿਉਂ ਤਿਉਂ ਸਿੰਘਾਂ ਵਿਚ ਜੋਸ਼ ਵਧਦਾ ਜਾਂਦਾ। "ਜਬੈ ਬਾਣ ਲਾਗੈ ਤਬੈ ਰੋਸ ਜਾਗੈ" ਦੇ ਕਥਨ ਅਨੁਸਾਰ ਸਿੱਖ ਕੌਮ ਦਾ ਖਾਸਾ ਹੀ ਇਹ ਬਣ ਚੁਕਿਆ ਹੈ ਕਿ ਇਸ ਪਰ ਜਿਤਨੀ ਸਖਤੀ ਕੀਤੀ ਜਾਵੇ। ਇਸਦਾ ਪੰਥਕ ਜੋਸ਼ ਉਤਨਾ ਹੀ ਵਧਦਾ ਚਲਾ ਜਾਂਦਾ ਹੈ।

# ਪੰਜਵਾਂ ਸ਼ਹੀਦੀ ਜਥਾ

ਪੰਜਵੇ ਸ਼ਹੀਦੀ ਜੱਥੇ ਦੇ ਹੈਡ ਜੱਥੇਦਾਰ ਸः ਉਤਮ ਸਿੰਘ ਜੱਥੇਦਾਰ ਸ: ਹਰਭਜਨ ਸਿੰਘ ਤੇ ਮੀਤ ਜੱਥੇਦਾਰ ਸ: ਉਜਾਗਰ ਸਿੰਘ ਜੀ ਸਨ। ਸ: ਉਜਾਗਰ ਸਿੰਘ ਜੀ ਜੱਥੇ ਵਿਚ ਸ਼ਾਮਲ ਹੋਣ ਲਈ ਹੁਣੇ ਹੀ ਰਸਾਲੇ ਦੀ ਨੌਕਰੀ ਛਡਕੇ ਆਏ ਸਨ। ਇਹ ਜੱਥਾ ੧੨ ਅਪ੍ਰੈਲ ੧੯੨੪ ਨੂੰ ਸ੍ਰੀ ਗੁਰੂ ਸਿੰਘ ਸਭਾ ਲਾਇਲਪੁਰ ਦੇ ਗੁਰਦਵਾਰੇ ਤੋਂ ਰਵਾਨਾ ਹੋਇਆ। ਜੱਥੇ ਦੇ ਤੁਰਨ ਤੋਂ ਪਹਿਲਾਂ ਹੀ ਪੁਲਸ ਨੇ ਅਕਾਲੀ ਜੱਥਾ ਜ਼ਿਲਾ ਲਾਇਲਪੁਰ ਦੇ ਮੁਖੀ ਮ: ਸੰਤੋਖ ਸਿੰਘ ਸਕਤ੍ਰ ਅਕਾਲੀ ਜੱਥਾ, ਡਾ: ਹਰਸਰਨ ਸਿੰਘ ਲਾਇਲਪੁਰ, ਸ: ਸੁੰਦਰ ਸਿੰਘ ਜੀ ਤੇ ਸ: ਅਰੂੜ ਸਿੰਘ ਜੀ ਚੱਕ ਨੰ: ੬੨ ਆਦਿਕ ਸਜਨਾਂ ਨੂੰ ਗ੍ਰਿਫਤਾਰ ਕਰ ਲਿਆ। ਇਨ੍ਹਾ ਗ੍ਰਿਫਤਾਰੀਆਂ ਤੋਂ ਪਿਛੋਂ ਸੰਗਤਾਂ ਵਿਚ ਹੋਰ ਭੀ ਜੋਸ਼ ਫੈਲ ਗਿਆ।

Digitized by Panjab Digital Library | www.panjabdigilib.org

ਜੱਥੇ ਨੂੰ ਤੋਰਨ ਸਮੇਂ ਸੰਗਤਾਂ ਬਹੁਤ ਭਾਰੀ ਗਿਣਤੀ ਵਿਚ ਇਕੱਤ੍ਰ ਹੋਈਆਂ। ਇਸ ਸਮੇਂ ਸ: ਗੁਲਾਬ ਸਿੰਘ ਜੀ ਐਮ. ਐਲ. ਏ. ਸ: ਹਰਚੰਦ ਸਿੰਘ ਜੀ ਰਈਸ ਐਮ. ਐਲ. ਸੀ. ਸ: ਸੰਤ ਸਿੰਘ ਵਕੀਲ, ਗਾਜ਼ੀ ਅਬਦੁਲ ਰਹਿਮਾਨ ਤੇ ਮਿ: ਨੂਰਦੀਨ ਆਦਿਕ ਮੁਖੀਆਂ ਨੇ ਦਰਸ਼ਨ ਦਿਤੇ। ਸਾਢੇ ਅਠਵਜੇ ਇਹ ਜੱਥਾ ਚੱਕ ਨੰ: ੨੦੪ ਵਿਚ ਪੁਜਿਆ। ਸੰਗਤ ਨੇ ਬੜੇ ਉਤਸ਼ਾਹ ਨਾਲ ਸੇਵਾ ਕੀਤੀ। ਇਸ ਤੋਂ ਪਿਛੋਂ ਜੱਥਾ ੧੩ ਅਪ੍ਰੈਲ ਨੂੰ ਘਸੀਟਪੁਰੇ ਪੁਜਿਆ। ਇਥੇ ਪੁਲਸ ਨੇ ਸ: ਉਜਾਗਰ ਸਿੰਘ ਜੀ ਨੂੰ ਗ੍ਰਿਫਤਾਰ ਕਰ ਲਿਆ। ਇਥੋਂ ਜੱਥੇ ਨੇ ੧੪ ਅਪ੍ਰੈਲ ਸ਼ਾਹਕੋਟ, ੧੫ ਪੰਨਵਾ, ੧੬ ਲੰਗਰ, ੧੭ ਸਚਾ ਸੌਦਾ, ੧੮ ਸ਼ੇਖੂਪੁਰਾ, ੧੯ ਚੀਚੋਕੀਆਂ ਮਲ੍ਹੀਆਂ, ੨੦ ਕੋਟ ਪਿੰਡੀ ਦਾਸ, ੨੧ ਲਾਹੌਰ ਸ਼ਹਿਰ ਜਦ ਜਥਾ ਰਾਵੀ ਪਾਰ ਕਰ ਰਿਹਾ ਸੀ ਤਾ ਫਿਲਮ ਲਈ ਗਈ।

ਲਾਹੌਰ ਸ਼ਹਿਰ ਦੇ ਮੁਖੀ ਆਗੂ ਸ਼ਾਮ ਲਾਲ ਐਡੀਟਰ ਕੇਸਰੀ, ਲਾਲਾ ਖੁਸ਼ਹਾਲ ਚੰਦ ਖੁਰਸੰਦ ਆਫ "ਮਿਲਾਪ", ਮੌਲਾਨਾ ਅਖਤਰ ਅਲੀ ਐਡੀਟਰ ਜ਼ਿਮੀਦਾਰ, ਸਯਦ ਹਬੀਬ, ਲਾਲਾ ਬਾਂਕੇ ਦਿਆਲ, ਡਾ: ਪਰਸਰਾਮ, ਮੌਲਾਨਾ ਅਸਮਾਈਲ ਆਦਿਕ ਅਤੇ ਸ਼ਹਿਰ ਦੀਆਂ ਹਜ਼ਾਰਾਂ ਸੰਗਤਾਂ ਨੇ ਜਥੇ ਦਾ ਸ਼ਾਨਦਾਰ ਸਵਾਗਤ ਕੀਤਾ ਅਤੇ ਸ਼ਹਿਰ ਵਿਚ ਸ਼ਾਨਦਾਰ ਜਲੂਸ ਕਢਿਆ। ੨੨ ਅਪਰੈਲ ਨੂੰ ਜਥਾ ਲਾਹੌਰ ਹੀ ਠਹਿਰਿਆ। ਲਾਹੌਰ ਤੋਂ ਚਲ ਕੇ ਜਥਾ ਭਸੀਣ, ਵਣੀਏ ਕੇ, ਬੋਪਾਰਾਇ ਆਦਿ ਵਿਚ ਪੜਾ ਕਰਕੇ ੨੬ ਅਪਰੈਲ ਨੂੰ ਸ੍ਰੀ ਅੰਮ੍ਰਿਤਸਰ ਪੁਜਿਆ।

ਖਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਜਥੇ ਦਾ ਸ਼ਾਨਦਾਰ ਸਵਾਗਤ ਕੀਤਾ। ਕਾਲਜ ਦੇ ਗੁਰਦੁਆਰੇ ਵਿਚ ਭਾਰੀ ਦੀਵਾਨ ਸਜਿਆ। ਜਿਸ ਵਿਚ ਜਥੇ ਨੂੰ ਸਨਮਾਨ ਪੱਤਰ ਦਿਤਾ ਗਿਆ। ਜਥੇ ਦੇ ਆਉਣ ਤੋਂ ਇਕ ਦਿਨ ਪਹਿਲਾਂ ਪੁਲਸ ਨੇ ਪ੍ਰਿੰਸੀਪਲ ਮਿ: ਆਰਮ ਸਟਰਾਂਗ ਨੂੰ ਕਿਹਾ ਕਿ ਆਪ ਵਿਦਿਆਰਥੀਆਂ ਨੂੰ ਜਥੇ ਦਾ ਸਵਾਗਤ ਕਰਨ ਤੋਂ ਰੋਕੋ, ਪ੍ਰਿੰਸੀਪਲ ਨੇ ਕਿਹਾ "ਮੈਂ ਨਾ ਲੜਕਿਆਂ ਨੂੰ ਰੋਕਦਾ ਹਾਂ ਨਾ ਤੁਹਾਨੂੰ ਤੁਸੀਂ ਗ੍ਰਿਫਤਾਰੀਆਂ ਕਰ ਸਕਦੇ ਹੋ।" ਸ: ਈਸ਼ਰ ਸਿੰਘ, ਸਰ ਅਮਾਨਤ ਖਾਂ ਇਸ ਜਥੇ ਦੇ ਦਰਸ਼ਨ ਕਰਨ ਆਏ ਸਨ ਉਨ੍ਹਾਂ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ।

ਤਿੰਨ ਵਜੇ ਜਥਾ ਖਾਲਸਾ ਕਾਲਜ ਤੋਂ ਸ੍ਰੀ ਦਰਬਾਰ ਸਾਹਿਬ ਵੱਲ ਰਵਾਨਾ ਹੋਇਆ। ਇਸ ਦਿਨ ਭਾਰੀ ਜਲੂਸ ਨਿਕਲਿਆ, ਸ਼ਹਿਰ ਦੇ ਮੁਖੀਆਂ ਨੇ ਜਥੇ ਦਾ ਸ਼ਾਨਦਾਰ ਸਵਾਗਤ ਕੀਤਾ। ੪੦ ਨਿਰਮਲੇ ਸੰਤਾਂ ਦਾ ਜਥਾ ਇਸ ਜਥੇ ਨੂੰ ਮਿਲਿਆ। ਜਲੂਸ ਦੀ ਸਮਾਪਤੀ ਤੋਂ ਪਿਛੋਂ ਸ੍ਰੀ ਅਕਾਲ ਤਖਤ ਭਾਰੀ ਦੀਵਾਨ ਸਜਿਆ। ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੇ ਜਥੇ ਦੇ ਸਿੰਘਾਂ ਨੂੰ ਸੰਬੋਧਨ ਕਰਕੇ ਕਿਹਾ—

"ਗੁਰੂ ਚਰਨਾ ਦੇ ਆਸ਼ਕੋ, ਕਲਗੀਧਰ ਪਿਤਾ ਪਰ ਕੁਰਬਾਨ ਹੋਣ ਵਾਲਿਓ! ਆਪ ਇਸ ਵਕਤ ਬੜੀ ਲੰਬੀ ਮੰਜ਼ਲ ਤਹਿ ਕਰਕੇ ਤੇ ਸੈਂਕੜੇ ਤਕਲੀਫਾਂ ਸਹਿ ਕੇ ਗੁਰੂ ਦੀ ਹਜ਼ੂਰੀ ਵਿਚ ਹਾਜ਼ਰ ਹੋਏ ਹੋ।"

"ਮੇਰਾ ਮੁਝ ਮੇਂ ਕਿਛੁ ਨਹੀਂ ਜੋ ਕਿਛੁ ਹੈ ਸੋ ਤੇਰਾ।
ਤੇਰਾ ਤੁਝ ਕਉ ਸੌਂਪਤੇ ਕਿਆ ਲਾਗੈ ਮੇਰਾ॥"

ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਤਨ, ਮਨ, ਧਨ ਅਰਪਨ ਕਰਨਾ ਪੈਂਦਾ ਹੈ। ਪੰਜਵੇਂ ਸ਼ਹੀਦੀ ਜਥੇ ਨੂੰ ਬਰਮਾ ਨਿਵਾਸੀਆਂ ਵਲੋਂ ਮਾਨ ਪੱਤਰ ਦਿਤਾ ਗਿਆ ਤੇ ਇਕ ਹਜ਼ਾਰ ਰੁਪਏ ਦੀ ਥੈਲੀ ਪੇਸ਼ ਕੀਤੀ ਗਈ।

Digitized by Panjab Digital Library | www.panjabdigilib.org

# ਪੰਜਵੇਂ ਜਥੇ ਦੇ ਪੜਾਉ

| | |
|---|---|
| ੧. ਕੀਰਤਨ ਗੜ੍ਹ | ੨. ਕਸੇਲ |
| ੩. ਨੁਸ਼ਹਿਰਾ ਢਾਲਾ | ੪. ਹੁਡਿਆਰਾ |
| ੫. ਬਾਰ ਫਤੇ ਘਵਿੰਡ | ੬. ਜਾਹਮਣ |
| ੭. ਗਜੇਕੇ | ੮. ਵਲਟੋਹਾ |
| ੯. ਖੇਮ ਕਰਨ | ੧੦. ਕਸੂਰ |
| ੧੧. ਗੰਡਾ ਸਿੰਘ ਵਾਲਾ | ੧੨. ਫੀਰੋਜ਼ਪੁਰ |
| ੧੩. ਝੋਕ ਮੋਹੜਾ | ੧੪. ਮੁਕੰਦ ਸਿੰਘ ਵਾਲਾ |
| ੧੫. ਮੁਕਤਸਰ | ੧੬. ਸਰਾਂ ਨਾਗਾ |
| ੧੭. ਕਿਸ਼ਨ ਸਿੰਘ ਵਾਲਾ | ੧੮. ਜੈਤੋ |

੧ ਮਈ ਨੂੰ ਕੀਰਤਨ ਗੜ੍ਹ, ੨ ਨੂੰ ਕਸੇਲ, ੩ ਨੂੰ ਨੁਸ਼ਹਿਰਾ ਢਾਲਾ, ੪ ਨੂੰ ਹੁਡਿਆਰਾ, ੫ ਨੂੰ ਬਾਰ ਫਤੇ ਘਵਿੰਡ, ੬ ਨੂੰ ਜਾਹਮਣ, ੭ ਨੂੰ ਗਜੇਕੇ, ੮ ਨੂੰ ਵਲਮੋਹਾ, ੯ ਨੂੰ ਖੇਮ ਕਰਨ, ੧੦ ਨੂੰ ਕਸੂਟ, ੧੧ ਗੰਡਾ ਸਿੰਘ ਵਾਲਾ, ਸਾਰਿਆਂ ਨਗਰਾਂ ਵਿਚ ਜਥੇ ਦੀ ਬੜੇ ਉਤਸ਼ਾਹ ਨਾਲ ਸੇਵਾ ਕੀਤੀ ਗਈ। ਸੰਗਤਾਂ ਨੇ ਬੇਅੰਤ ਮਾਇਆ ਤੇ ਬਹੁਤ ਸਾਰੇ ਬਸਤ੍ਰ ਜਥੇ ਦੀ ਭੇਟਾ ਕੀਤੇ। ਜਥੇ ਨਾਲ ਸ਼੍ਰੋ: ਕਮੇਟੀ ਦਾ ਇਕ ਇੰਚਾਰਜ ਹੁੰਦਾ ਸੀ ਜੋ ਮਾਇਆ ਆਦਿਕ ਸ਼੍ਰੋ: ਕਮੇਟੀ ਪਾਸ ਭੇਜੀ ਜਾਂਦਾ ਸੀ।

੧੨ ਮਈ ਨੂੰ ਜਥਾ ਫੀਰੋਜ਼ਪੁਰ ਸ਼ਹਿਰ ਵਿਚ ਦਾਖਲ ਹੋਇਆ। ਸ਼ਹਿਰ ਨਿਵਾਸੀਆਂ ਨੇ ਜਥੇ ਦਾ ਸ਼ਾਨਦਾਰ ਸਵਾਗਤ ਕੀਤਾ ਅਤੇ ਭਾਰੀ ਜਲੂਸ ਨਿਕਲਿਆ ੧੩ ਮਈ ਨੂੰ ਭੀ ਜਥੇ ਨੇ ਫੀਰੋਜ਼ਪੁਰ ਵਿਚ ਹੀ ਪੜਾ ਕੀਤਾ। ੧੪ ਮਈ ਝੋਕ ਮੋਹੜਾ, ੧੫ ਨੂੰ ਮੁਕੰਦ ਸਿੰਘ ਵਾਲਾ, ੧੬ ਨੂੰ ਮੁਕਤਸਰ, ਸਰਾਂ ਨਾਗਾ ਤੇ ਕਿਸ਼ਨ ਸਿੰਘ ਵਾਲਾ ਤੋਂ ਹੁੰਦਾ ਹੋਇਆ ਇਹ ਜਥਾ ੨੧ ਮਈ ਨੂੰ ਜੈਤੋ ਪੁਜ ਗਿਆ।

ਪੰਜਵੇਂ ਸ਼ਹੀਦੀ ਜਥੇ ਦੀ ਗ੍ਰਿਫਤਾਰੀ ਸਬੰਧੀ ਸ਼ਰੋਮਣੀ ਕਮੇਟੀ ਨੇ ਇਕ ਖਾਸ ਐਲਾਨ ਜਾਰੀ ਕੀਤਾ। ਜਿਸ ਵਿਚ ਲਿਖਿਆ ਹੈ "੨੧ ਮਈ ਨੂੰ ਜੱਥਾ ਕਿਸ਼ਨ ਸਿੰਘ ਵਾਲੇ ਤੋਂ ਜੈਤੋ ਨੂੰ ਰਵਾਨਾ ਹੋਇਆ। ਰਸਾਲਾ ਇਥੇ ਹੀ ਪੁਜ ਗਿਆ ਸੀ। ਜਥੇ ਦੇ ਤੁਰਨ ਸਮੇਂ ਰਸਾਲੇ ਦੇ ਜਵਾਨ ਕੁਝ ਅਗੇ ਤੇ ਕੁਝ ਪਿਛੇ ਹੋ ਤੁਰੇ। ਉਹਨਾਂ ਨੇ ਜਥਾ ਘੇਰੇ ਵਿਚ ਲੈ ਲਿਆ। ਜੈਤੋ ਪੁਜਣ ਪਰ ਨਾਭੇ ਦੇ ਹਾਕਮਾਂ ਨੇ ਪੁਲਸ ਤੇ ਫੌਜ ਦਾ ਜ਼ਬਰਦਸਤ ਮੁਜ਼ਾਹਰਾ ਕੀਤਾ। ਫੌਜ ਦੇ ਸਿਪਾਹੀ ਬੰਦੂਕਾਂ ਮੋਢੇ ਪਰ ਲਈ ਖੜੇ ਸਨ। ੧੨ ਪਿੰਡਾਂ ਵਿਚੋਂ ਲੋਕਾਂ ਨੂੰ ਜ਼ਬਰਦਸਤੀ ਫੜ ਕੇ ਜਥੇ ਨੂੰ ਕੁਟਣ ਵਾਸਤੇ ਲਿਆਂਦਾ ਗਿਆ ਸੀ। ੮੦ ਗੱਡੇ ਇਕਠੇ ਕੀਤੇ ਹੋਏ ਸਨ। ਜਥਾ ਸ਼ਬਦ ਪੜ੍ਹਦਾ ਅਗੇ ਵਧ ਰਿਹਾ ਸੀ ਕਿ ਮਿਸਟਰ ਵਿਲਸਨ, ਰਸਾਲੇ ਤੇ ਪਲਟਨ ਦੇ ਅਫਸਰਾਂ ਨੇ ਆ ਕੇ ਉਸ ਨੂੰ ਰੋਕ ਲਿਆ। ਉਹਨਾਂ ਨੇ ਪੁਛਿਆ, ਤੁਸੀਂ ਕਿੱਧਰ ਜਾ ਰਹੇ ਹੋ? ਜਥੇਦਾਰ ਨੇ ਉੱਤਰ ਦਿਤਾ, ਅਸੀਂ ਗੁਰਦਵਾਰਾ ਗੰਗਸਰ ਵਲ ਜਾ ਰਹੇ ਹਾਂ, ਉਥੇ ਖੰਡਤ ਹੋਇ ਅਖੰਡ ਪਾਠ ਨੂੰ ਜਾਰੀ ਕਰਾਂਗੇ। ਮਿਸਟਰ ਵਿਲਸਨ ਨੇ ਕਿਹਾ, ਤੁਸੀਂ ਉਥੇ ਨਹੀਂ ਜਾ ਸਕਦੇ। ਜੇ ਜਾਓਗੇ ਤਾਂ ਗੋਲੀ ਨਾਲ ਉਡਾ ਦਿਤੇ ਜਾਓਗੇ ਤੇ ਤੁਹਾਡੀ ਬੇਇਜ਼ਤੀ ਕੀਤੀ ਜਾਵੇਗੀ। ਜਥੇਦਾਰ ਨੇ ਉੱਤਰ ਦਿਤਾ, "ਜੋ ਤੁਹਾਡੇ ਜੀ ਵਿਚ ਆਵੇ ਕਰਨਾ, ਗੋਲੀਆਂ ਮਾਰੋ, ਡਾਂਗਾਂ ਨਾਲ ਕੁਟੋ,

Digitized by Panjab Digital Library | www.panjabdigilib.org

ਅਸੀਂ ਮੌਤ ਨੂੰ ਵੇਖ ਕੇ ਹੀ ਤੁਰੇ ਹਾਂ ਅਤੇ ਇਜ਼ਤ ਤਾਂ ਸਾਡੀ ਓਦੋਂ ਤਕ ਦੂਰ ਨਹੀਂ ਹੋ ਸਕਦੀ ਜਦ ਤਕ ਅਰਸ਼ੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਖੰਡਤ ਹੋਇਆ ਅਖੰਡ ਪਾਠ ਪਰਾਰੰਭ ਨਹੀਂ ਹੋ ਜਾਂਦਾ।" ਇਸ ਪਰ ਮਿਸਟਰ ਵਿਲਸਨ ਨੇ ਜਥੇ ਦੀ ਗ੍ਰਿਫਤਾਰੀ ਦਾ ਹੁਕਮ ਦਿਤਾ।

ਫੌਜ ਤੇ ਪੁਲਸ ਦੇ ਸਿਪਾਹੀਆਂ ਨੇ ਜਥੇ ਦੇ ਸਿੰਘਾਂ ਨੂੰ ਰਸਿਆਂ ਨਾਲ ਜਕੜਨਾ ਸ਼ੁਰੂ ਕਰ ਦਿਤਾ ਸਿੰਘ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਰਹੇ। ਸਾਰੇ ਸਿੰਘਾਂ ਨੂੰ ਜਕੜ ਕੇ ਸਟੇਸ਼ਨ ਤੇ ਲਿਆਂਦਾ ਗਿਆ ਤੇ ਇਕ ਸਪੈਸ਼ਲ ਗਡੀ ਪਰ ਚੜ੍ਹਾ ਕੇ ਨਾਭੇ ਭੇਜ ਦਿਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਤੇ ਨਿਸ਼ਾਨ ਸਾਹਿਬ ਜਥੇ ਪਾਸੋਂ ਖੋਹ ਕੇ ਧਨੌਲੇ ਪਿੰਡ ਦੇ ਆਦਮੀਆਂ ਨੂੰ ਦੇ ਦਿਤੇ ਗਏ।

[ਜਨਰਲ ਸਕੱਤ੍ਰ ਸ਼੍ਰੋ: ਕਮੇਟੀ]

ਇਸ ਜਥੇ ਦਾ ਇਕ ਮੈਂਬਰ ਭਾਈ ਕੇਸਰ ਸਿੰਘ ਬੀਮਾਰ ਹੋ ਗਿਆ ਜੋ ਲਾਇਲਪੁਰ ਹਸਪਤਾਲ ਵਿਚ ਅਕਾਲ ਚਲਾਣਾ ਕਰ ਗਿਆ। ਸੰਗਤਾਂ ਨੇ ਉਨ੍ਹਾਂ ਦੀ ਅਰਥੀ ਦਾ ਜ਼ਲੂਸ ਕਢ ਕੇ ਅੰਤਮ ਸੰਸਕਾਰ ਕੀਤਾ। ਇਸ ਤੋਂ ਪਿਛੋਂ ਪੁਲਸ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾ: ਇਛਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ, ਜਿਸ ਕਰਕੇ ਸੰਗਤਾਂ ਵਿਚ ਜੋਸ਼ ਹੋਰ ਭੀ ਵਧੇਰੇ ਫ਼ੈਲ ਗਿਆ।

# ਛੇਵਾਂ ਸ਼ਹੀਦੀ ਜਥਾ

ਪੰਥ ਦੀ ਆਨ ਸ਼ਾਨ ਵਾਸਤੇ ਕੁਰਬਾਨੀਆਂ ਕਰਨ ਵਿਚ ਜ਼ਿਲਾ ਫੀਰੋਜ਼ਪੁਰ ਦੇ ਸਿੰਘ ਭੀ ਪਿਛੇ ਰਹਿਣ ਵਾਲੇ ਨਹੀਂ ਸਨ। ਅਕਾਲੀ ਜ਼ਥੇ ਦੀ ਮੰਗ ਅਨਸਾਰ ਛੇਵਾਂ ਸ਼ਹੀਦੀ ਜਥਾ ਜ਼ਿਲਾ ਫੀਰੋਜ਼ਪੁਰ ਦੇ ਸਿੰਘਾਂ ਦਾ ਭੇਜਿਆ ਗਿਆ। ਇਸ ਦੇ ਹੈਡ ਜਥੇਦਾਰ ਸੰਤ ਪ੍ਰੇਮ ਸਿੰਘ ਜੀ ਕੋਕਰੀ, ਜਥੇਦਾਰ ਸੰਤ ਇੰਦਰ ਸਿੰਘ ਜੀ ਖੋਸਾ ਕੋਟਲਾ, ਮੀਤ ਜਥੇਦਾਰ ਸ: ਈਸ਼ਰ ਸਿੰਘ ਜੀ ਮਲਣ, ਤੇ ਸਕੱਤ੍ਰ ਸ: ਬਹਾਦਰ ਸਿੰਘ, ਸ: ਉਦੇ ਸਿੰਘ ਹਵੇਲੀ ਸਨ।

ਇਸ ਜਥੇ ਦੇ ਪੰਜ ਪਿਆਰਿਆਂ ਵਿਚ ਦਾਸ ਲਿਖਾਰੀ ਸੰਤ ਵਿਸਾਖਾ ਸਿੰਘ ਕਿਸ਼ਨ ਪੁਰਾ ਨੂੰ ਭੀ ਸ਼ਾਮਲ ਹੋਣ ਦਾ ਸੁਭਾਗ ਸਮਾਂ ਮਿਲਿਆ ਸੀ। ਦੂਜੇ ਪਿਆਰੇ ਭਾ: ਨਿਰੰਜਨ ਸਿੰਘ ਸਿਧਮ ਬੇਟ ਤੀਜੇ ਬਾਬਾ ਖੇਮ ਸਿੰਘ ਚੰਦ। ਚੌਥੇ ਭਾ: ਵਿਸਾਖਾ ਸਿੰਘ ਮਹੇਸਰੀ। ਪੰਜਵੇਂ ਭਾ: ਅਮਰ ਸਿੰਘ ਜੀ ਜਸਪਾਲੋਂ ਲੁਧਿਆਣਾ।

੯ ਮਈ ਨੂੰ ਇਹ ਜਥਾ ਸ੍ਰੀ ਅੰਮ੍ਰਿਤਸਰ ਪੁਜ ਗਿਆ। ਸ਼ਹਿਰ ਦੀਆਂ ਸੰਗਤਾਂ ਵਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ। ਕਟੜਾ ਜਲ੍ਹਿਆਂ ਵਾਲਾ ਦੀ ਸੰਗਤ ਨੇ ਜਥੇ ਨੂੰ ਮਾਨ ਪਤ੍ਰ ਪੇਸ਼ ਕੀਤਾ ਅਤੇ ਪ੍ਰਸ਼ਾਦਿ ਛਕਾਇਆ।

੧੦ ਮਈ ਨੂੰ ਸ੍ਰੀ ਅਕਾਲ ਤਖਤ ਦੇ ਸਾਹਮਣੇ ਭਾਰੀ ਦੀਵਾਨ ਸਜਿਆ। ਭਾ: ਫਤਹਿ ਸਿੰਘ ਜੀ ਹੈਡ ਗ੍ਰੰਥੀ ਨੇ ਪ੍ਰਭਾਵਸ਼ਾਲੀ ਤਕਰੀਰ ਕੀਤੀ। ਉਪ੍ਰੰਤ ਸ: ਹਰਬੰਸ ਸਿੰਘ ਜੀ ਸੀਸਤਾਨੀ ਤੇ ਸਰਦਾਰ ਲਾਲ ਸਿੰਘ ਜੀ ਨੇ ਭੀ ਤਕਰੀਰਾਂ ਕੀਤੀਆਂ। ਜਥੇ ਦੇ ਜਥੇਦਾਰ ਮੀਤ ਜਥੇਦਾਰ ਤੇ ਪੰਜਾਂ ਪਿਆਰਿਆਂ ਦੇ ਸੰਗਤਾਂ ਨੂੰ ਦਰਸ਼ਨ ਕਰਾਏ ਗਏ। ਉਪ੍ਰੰਤ ਜਥੇਦਾਰ ਸਾਹਿਬ ਸ੍ਰੀ ਅਕਾਲ ਤਖਤ ਸਾਹਿਬ ਨੇ ਹੁਕਮ ਸੁਣਾਇਆ।

ਇਸ ਜਥੇ ਦੇ ਮੈਂਬਰ ਭਾਈ ਮੰਗਲ ਸਿੰਘ ਜੀ ਨੇ ਉਠ ਕੇ ਕਿਹਾ ਕਿ ਮੇਰੀ ੨੫ ਵਿਘੇ ਜ਼ਮੀਨ ਹੈ, ਮੈਂ ਅਜ ਉਹ ਸ਼੍ਰੋ: ਕਮੇਟੀ ਲਈ ਅਰਦਾਸ ਕਰਾਉਂਦਾ ਹਾਂ। ਇਕ ਹੋਰ ਮੈਂਬਰ ਭਾਈ ਹਰਨਾਮ ਸਿੰਘ

Digitized by Panjab Digital Library | www.panjabdigilib.org

ਜੀ ਨੇ ਕਿਹਾ ਕਿ ਜੇ ਮੈਂ ਜਥੇ ਵਿਚ ਸ਼ਹੀਦ ਹੋ ਜਾਵਾਂ ਤਾਂ ਮੇਰੀ ਜ਼ਮੀਨ ਭੀ ਸ੍ਰੀ ਅਕਾਲ ਤਖਤ ਦੇ ਨਾਮ ਲੁਆ ਲਈ ਜਾਵੇ।ਇਸ ਜਥੇ ਵਿਚ ਜਾਣ ਵਾਸਤੇ ਦੋ ਭੁਜੰਗੀ ਬੰਤਾ ਸਿੰਘ ਉਮਰ ੧੬ ਸਾਲ ਤੇ ਕਰਤਾਰ ਸਿੰਘ ੧੪ ਸਾਲ ਤਿਆਰ ਹੋ ਗਏ। ਜਥੇਦਾਰ ਸਾਹਿਬ ਨੇ ਉਨ੍ਹਾਂ ਨੂੰ ਬਹੁਤ ਸਮਝਾਇਆ ਪਰ ਉਹ ਨਾ ਟਲੇ ਅਰਦਾਸਾ ਸੋਧ ਕੇ ਜਥਾ ਰਵਾਨਾ ਹੋ ਗਿਆ।

## ਛੇਵੇਂ ਜਥੇ ਦੇ ਪੜਾਉ

| | |
|---|---|
| ੧. ਰਾਜਾ ਸਾਂਸੀ | ੨. ਭੋਮ ਵਡਾਲਾ |
| ੩. ਘਣੀਏ ਬਾਂਗਰ | ੪. ਭਾਗੋਵਾਲ |
| ੫. ਬਟਾਲਾ | ੬. ਹੰਡੋਈ |
| ੭. ਭਾਬੜੀ | ੮. ਸ੍ਰੀ ਹਰਿਗੋਬਿੰਦ ਰ |
| ੯. ਮੂਣਕ | ੧੦. ਬਾਘਾ |
| ੧੧. ਨੂਰਪੁਰ | ੧੨. ਵਡੇ ਫਤਹਿ ਸਿੰਘ |
| ੧੩. ਸੂਸ | ੧੪. ਘੜਿਆਲ |
| ੧੫. ਭਦਿਆਣਾ | ੧੬. ਬਛੋ |
| ੧੭. ਸਰਹਾਲਾ ਛੋਟਾ | ੧੮. ਮੋਰਾਂ ਵਾਲੀ |
| ੧੯. ਰੁੜਕੀ | ੨੦. ਦੌਲਤ ਪੁਰ |
| ੨੧. ਮਲਾਂ ਬੇਦੀਆਂ | ੨੨. ਚੱਕ ਵਰਨਾ |
| ੨੩. ਨਗਰ | ੨੪. ਪਠਿੰਡਾ ਕਲਾਂ |
| ੨੫. ਮੌ | ੨੫. ਈਸੇਂਵਾਲ |
| ੨੭. ਬੋਪਾ ਰਾਏ | ੨੮. ਸੇਰੋਂ |
| ੨੯. ਮਾਣੂਕੇ | ੩੦. ਲੋਪੋ |
| ੩੧. ਪਤੋ ਹੀਰਾ ਸਿੰਘ | ੩੨. ਬਰਾਜ |
| ੩੩. ਲੰਭ ਵਾਲੀ | |

ਜਥੇ ਦਾ ਪਹਿਲਾ ਪੜਾ ਰਾਜਾ ਸਾਂਸੀ ਸੀ। ਰਸਤੇ ਵਿਚ ਗੁਮਟਾਲੇ ਉਤੇ ਮੀਰਾਂ ਕੋਟ ਦੀਆਂ ਸੰਗਤਾਂ ਨੇ ਜਥੇ ਦੀ ਦੁਧ ਮਠਿਆਈਆਂ ਆਦਿ ਨਾਲ ਬੜੇ ਪ੍ਰੇਮ ਨਾਲ ਸੇਵਾ ਕੀਤੀ। ਰਾਤ ਦੇ ੯ ਵਜੇ ਜਥਾ ਪੜਵਾਲ ਅਸਥਾਨ ਤੇ ਪੁਜਿਆ। ੧੧ ਮਈ ਨੂੰ ਇਥੇ ਭਾਰੀ ਦੀਵਾਨ ਸਜਿਆ। ਨਗਰ ਨਿਵਾ-ਸੀਆਂ ਵਲੋਂ ੧੦੧) ਰੁਪਏ ਦੀ ਥੈਲੀ ਪੇਸ਼ ਕੀਤੀ ਗਈ। ਇਥੇ ਪੁਲਸ ਨੇ ਜਥੇ ਦੀ ਸੇਵਾ ਕਰਨ ਦੇ ਦੋਸ਼ ਵਿਚ ਭਾਈ ਪਾਲ ਸਿੰਘ ਜੀ, ਭਾ: ਰੂੜ ਸਿੰਘ ਤੇ ਅਤਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਇਥੋਂ ਅਗੇ ਜਥੇ ਨੇ ਹੇਠ ਲਿਖੇ ਨਗਰਾਂ ਵਿਚ ਪੜਾ ਕੀਤੇ।

੧੨ ਮਈ ਭੋਮਾ ਵਡਾਲਾ, ੧੩ ਘਣੀਏ ਬਾਂਗਰ, ੧੪ ਭਾਗੋ ਵਾਲ, ਹੌਠੀਆਂ ਦੀਆਂ ਸੰਗਤਾਂ ਤੇ ਮੁਸਲਮਾਨ ਭਰਾਵਾਂ ਨੇ ਭੀ ਜਥੇ ਦੀ ਬੜੀ ਸੇਵਾ ਕੀਤੀ। ਭਾਗੋ ਵਾਲ ਤੋਂ ਚਲ ਕੇ ੧੫ ਮਈ ਨੂੰ ਜਥਾ ਬਟਾਲੇ ਪੁਜਾ। ਇਥੇ ਭਾਰੀ ਜਲੂਸ ਨਿਕਲਿਆ। ੧੬-੧੭ ਨੂੰ ਭੀ ਜਥੇ ਨੇ ਇਥੇ ਹੀ ਪੜਾ ਕੀਤਾ। ਇਥੇ ਸੇਵਾ ਕਰਨ ਬਦਲੇ ਜਥੇਦਾਰ ਸ਼ਿਵ ਸਿੰਘ ਰਾਜੂ ਗਾਜੀ, ਸ: ਠਾਕਰ ਸਿੰਘ ਝੰਜੀਆਂ ਮੀਤ ਸਕਤ੍ਰ ਅਕਾਲੀ ਜਥਾ ਤੇ ਜਥੇਦਾਰ ਵਜ਼ੀਰ ਸਿੰਘ ਜੀ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਅਤੇ

Digitized by Panjab Digital Library | www.panjabdigilib.org

ਕੈਦ ਕਰਕੇ ਮੁਲਤਾਨ ਜੇਹਲ ਵਿਚ ਭੇਜ ਦਿਤੇ ਗਏ। ਇਸ ਤੋਂ ਅਗੇ ਜਥੇ ਨੇ ੧੭ ਮਈ ਨੂੰ ਹੰਡੋਈ, ੧੮ ਨੂੰ ਭਾਬੜੀ, ੧੯ ਨੂੰ ਸ੍ਰੀ ਹਰਿਗੋਬਿੰਦ ਪੁਰ ਵਿਚ ਪ੍ਰਚਾਰ ਕਰਦੇ ਹੋਏ ਬਿਆਸਾ ਦਰਿਆ ਪਾਰ ਕਰ ਕੇ ਜ਼ਿਲਾ ਹੁਸ਼ਿਆਰਪੁਰ ਵਿਚ ਪ੍ਰਵੇਸ਼ ਕੀਤਾ। ਇਸ ਜ਼ਿਲੇ ਵਿਚ ਹੇਠ ਲਿਖੇ ਪਿੰਡਾਂ ਵਿਚ ਪੜਾ ਕੀਤੇ। ੨੦ ਮਈ ਮੂਣਕ, ੨੧ ਗਰਨਾ ਸਾਹਿਬ, ੨੨-੨੩ ਬਾਘਾ, ੨੪ ਨੂਰਪੁਰ, ੨੫ ਵਡੇ ਫਤਹਿ ਸਿੰਘ, ੨੬ ਨੂੰ ਮੂਸ, ੨੭ ਘੜਿਆਲ, ੨੮ ਭਦਿਆਣਾ ੨੯ ਬਛੌਂ, ੩੦-੩੧ ਸਰਹਾਲਾ ਛੋਟਾ, ੧੨ ਜੂਨ ਮੋਟਾਂ ਵਾਲੀ, ੨ ਜੂਨ ਰੁੜਕੀ, ੩ ਦੌਲਤ ਪੁਰ (ਜਲੰਧਰ), ੪ ਮਲਾਂ ਬੇਦੀਆਂ, ੫ ਚੱਕ ਵਰਨਾ, ੬ ਜੂਨ ਨਗਰ ਅਤੇ ੭-੮ ਜੂਨ ਪਠਿੰਡਾ ਕਲਾਂ।

ਇਸ ਤੋਂ ਅਗੇ ਜਲੰਧਰ ਦੁਆਬਾ ਵਿਚ ਜਥੇ ਨੇ ਹੇਠ ਲਿਖੇ ਨਗਰਾਂ ਵਿਚ ਪੜਾ ਕੀਤੇ। ਹਰ ਥਾਂ ਦੀਆਂ ਸੰਗਤਾਂ ਨੇ ਜਥੇ ਦਾ ਸ਼ਾਨਦਾਰ ਸਵਾਗਤ ਕੀਤਾ ਅਤੇ ਬੜੇ ਪਰੇਮ ਨਾਲ ਸੇਵਾ ਕੀਤੀ। ਇਸ ਜਥੇ ਵਿਚ ਦਾਸ ਵੀ ਸ਼ਾਮਲ ਸੀ। ਅਖੀਂ ਡਿਠਾ ਹਾਲ ਹੈ ਕਿ ਇਕ ਪਿੰਡ ਵਿਚ ਪੁਲਸ ਨੇ ਸਾਰੇ ਪਿੰਡ ਦੇ ਲੋਕਾਂ ਨੂੰ ਘਰਾਂ ਵਿਚ ਬੰਦ ਕਰਕੇ ਜਿੰਦਰੇ ਮਾਰ ਦਿਤੇ ਅਤੇ ਸਖਤ ਹੁਕਮ ਦਿਤਾ ਕਿ ਜੇ ਕੋਈ ਬਾਹਰ ਨਿਕਲੇਗਾ ਉਸ ਪਰ ਸਖਤ ਮਾਰ ਕੁਟਾਈ ਕੀਤੀ ਜਾਵੇਗੀ।

ਇਸ ਨਗਰ ਦੀਆਂ ਮਾਈਆਂ ਨੇ ਕੋਠਿਆਂ ਥਾਣੀ ਇਕ ਦੂਜੇ ਦੇ ਘਰ ਜਾ ਕੇ ਰਸਦ ਇਕਠੀ ਕੀਤੀ ਅਤੇ ਪਿਛੋਂ ਦੀ ਉਤਰ ਕੇ ਜਥਾ ਬਣਾ ਕੇ ਸ਼ਬਦ ਪੜਦੀਆਂ ਹੋਈਆਂ ਜਥੇ ਦੇ ਪੜਾ ਵਾਲੇ ਥਾਂ ਤੇ ਪੁਜ ਗਈਆਂ। ਪੁਲਸ ਵਾਲੇ ਤੇ ਹੋਰ ਦਰਸ਼ਕ ਮਾਈਆਂ ਦਾ ਪ੍ਰੇਮ ਤੇ ਸਿਦਕ ਵੇਖ ਕੇ ਹੈਰਾਨ ਰਹਿ ਗਏ। ਇਸ ਤੋਂ ਇਲਾਵਾ ਇਸ ਜਥੇ ਨੇ ਦਰਿਆ ਸਤਲੁਜ ਪਾਰ ਕਰਨਾ ਸੀ ਤਾਂ ਜਥੇ ਨੂੰ ਸੰਗਤਾਂ ਦਾ ਪਰੇਮ ਹੋਣ ਕਰਕੇ ਕੁਝ ਦੇਰ ਹੋ ਗਈ। ਦਰਿਆ ਚੜ੍ਹਿਆ ਹੋਇਆ ਸੀ। ਪਰੰਤੂ ਇਸ ਪਾਰ ਦੇ ਪਰੇਮੀ ਸਿੰਘ ਰਾਤ ਦੇ ਸਮੇਂ ਵਿਚ ਤੁਲਿਆਂ ਪਰ ਚੜ੍ਹ ਕੇ ਦਰਿਆ ਪਾਰ ਕਰਕੇ ਜਥੇ ਦੀ ਖਬਰ ਲੈਣ ਜਾਂਦੇ ਰਹੇ ਕਿ ਦੇਰ ਕਿਉਂ ਹੋ ਗਈ ਹੈ। ਉਹਨਾਂ ਨੇ ਦਰਿਆ ਦੀਆਂ ਭਿਆਨਕ ਲਹਿਰਾਂ ਦੀ ਪ੍ਰਵਾਹ ਨਾ ਕਰਦੇ ਹੋਏ ਰਾਤ ਦੇ ਘੁਪ ਹਨੇਰੇ ਵਿਚ ਭੀ ਤੁਲਿਆਂ ਪਰ ਹੀ ਦਰਿਆ ਵਿਚ ਠਿਲ ਕੇ "ਸਮੁੰਦ ਸਾਗਰ ਹੋਵੇ ਬਹੁ ਖਾਰਾ, ਗੁਰਸਿਖ ਲੰਘ ਗੁਰੂ ਪਹਿ ਜਾਈਂ।" ਦੇ ਮਹਾਵਾਕ ਅਨੁਸਾਰ ਸਾਬਤ ਕਰ ਦਿਤਾ ਕਿ ਗੁਰਸਿਖਾਂ ਦਾ ਪੰਥ ਨਾਲ ਕਿਤਨਾ ਪਿਆਰ ਹੈ ਤੇ ਉਹ ਪੰਥ ਲਈ ਆਪਾ ਵਾਰਨ ਵਾਲੇ ਸਿੰਘਾਂ ਦੇ ਦਰਸ਼ਨਾਂ ਲਈ ਕਿਤਨੀ ਤੀਬਰ ਇਛਾ ਰਖਦੇ ਸਨ। ਇਹ ਅਕਾਲੀ ਲਹਿਰ ਦੇ ਜੋਬਨ ਦੇ ਦਿਨ ਸਨ, "ਸਿਖ ਸਿਖ ਪਰ ਵਾਰਤ ਪ੍ਰਾਣ" ਦੇ ਕਥਨ ਅਨੁਸਾਰ ਹਰ ਇਕ ਸਿਖ ਅਮਲ ਕਰਨ ਲਈ ਤਿਆਰ ਸੀ, ਪਾਰਟੀ-ਬਾਜ਼ ਲੀਡਰਾਂ ਨੇ ਅਜ ਆਪਣੀਆਂ ਲੀਡਰੀਆਂ ਕਾਇਮ ਰੱਖਣ ਲਈ ਸਿਖ ਨੂੰ ਸਿਖ ਦਾ ਦੁਸ਼ਮਣ ਬਣਾ ਦਿਤਾ ਹੈ।

## ਮਾਲਵੇ ਵਿਚ ਪ੍ਰਵੇਸ਼

੯ ਜੂਨ ਮੌ, ੧੦ ਈਸੇਵਾਲ, ੧੧ ਬੋਪਾਰਾਇ, ੧੨ ਸੇਰੋਂ, ੧੩ ਮਾਣੂਕੇ, ੧੪-੧੫ ਲੋਪੋਂ (ਫੀਰੋਜ਼ਪੁਰ) ੧੬ ਪਤੋ ਹੀਰਾ ਸਿੰਘ, ੧੭ ਥਰਾਜ, ੧੮ ਲੰਭਵਾਲੀ, ੧੯ ਜੂਨ ਨੂੰ ਇਹ ਜੱਥਾ ਜੈਤੋ ਪੁਜ ਗਿਆ ਤੇ ਗ੍ਰਿਫਤਾਰ ਕਰ ਲਿਆ ਗਿਆ।

ਇਸ ਜਥੇ ਦੀ ਗ੍ਰਿਫਤਾਰੀ ਪਰ ਸ਼ਰੋਮਣੀ ਕਮੇਟੀ ਨੇ ਆਪਣੀ ਪੋਜ਼ੀਸ਼ਨ ਪਰਗਟ ਕਰਨ ਲਈ ਇਕ ਉਚੇਚਾ ਐਲਾਨ ਜਾਰੀ ਕੀਤੀ, ਜਿਸ ਵਿਚ ਲਿਖਿਆ ਕਿ "ਜੈਤੋ ਨੂੰ ਜਥੇ ਭੇਜਣ ਦਾ ਮੰਤਵ ਮਹਾਰਾਜਾ ਨਾਭਾ ਦੇ ਗਦੀਉਂ ਉਤਾਰੇ ਜਾਣ ਵਿਰੁਧ ਗੁਰਦਵਾਰਾ ਗੰਗਸਰ ਨੂੰ ਪ੍ਰਾਪੇਗੰਡੇ ਦਾ ਅੱਡਾ

Digitized by Panjab Digital Library | www.panjabdigilib.org

ਬਣਾਉਣਾ ਨਹੀਂ। ਜਥਿਆਂ ਦਾ ਇਕੋ ਮੰਤਵ ਹੈ ਕਿ ਗੁਰਦਵਾਰਿਆਂ ਵਿਚ ਕਿਸੇ ਗੈਰ ਦੇ ਦਖਲ ਤੋਂ ਬਿਨਾਂ ਧਾਰਮਕ ਰਸਮਾਂ ਨੂੰ ਪੂਰਾ ਕਰਨ ਦਾ ਹਕ ਤਸਲੀਮ ਕਰਵਾਸਿਆ ਜਾਏ। ਸ਼ਰੋਮਣੀ ਗੁ: ਪ੍ਰ: ਕਮੇਟੀ ਜੈਤੋ ਵਿਚ ਅਖੰਡ ਪਾਠ ਸਬੰਧੀ ਧਾਰਮਕ ਪੋਜ਼ੀਸ਼ਨ ਦੇ ਐਲਾਨਾਂ ਰਾਹੀਂ ਤੇ ਅਕਾਲ ਤਖਤ ਸਾਹਿਬ ਤੋਂ ਜਥਿਆਂ ਨੂੰ ਹਦਾਇਤਾਂ ਕਰਨ ਸਮੇਂ ਇਹ ਗੱਲ ਸਪੱਸ਼ਟ ਕਰ ਚੁਕੀ ਹੈ। ਪਰ ਕਈ ਹਲਕਿਆਂ ਵਿਚ ਫਿਰ ਭੀ ਗਲਤ ਫਹਿਮੀਆਂ ਪੈਦਾ ਹੋ ਰਹੀਆਂ ਹਨ। ਇਸ ਲਈ ਇਸ ਪੋਜ਼ੀਸ਼ਨ ਨੂੰ ਇਕ ਵੇਰ ਫਿਰ ਸਾਫ ਕੀਤਾ ਜਾਂਦਾ ਹੈ। ਜੈਤੋ ਨੂੰ ਜਥੇ ਕੇਵਲ ਇਸ ਮੰਤਵ ਲਈ ਭੇਜੇ ਜਾਂਦੇ ਹਨ ਕਿ ਗੁਰਦਵਾਰਿਆਂ ਦੇ ਅੰਦਰ ਬਿਨਾਂ ਕਿਸੇ ਮਦਾਖਲਤ ਜਾਂ ਆਗਿਆ ਦੇ ਆਪਣੇ ਧਾਰਮਕ ਦੀਵਾਨ ਲਾਣ ਤੇ ਪੂਜਾ ਪਾਠ ਕਰਨ ਦੇ ਹੱਕ ਨੂੰ ਕਾਇਮ ਰਖਿਆ ਜਾਵੇ।

ਇਹ ਗਲ ਕਈ ਵੇਰ ਸਾਫ ਕੀਤੀ ਜਾ ਚੁਕੀ ਹੈ ਕਿ ਸ਼੍ਰੋ: ਗੁ: ਕਮੇਟੀ ਦਾ ਇਸ ਤੋਂ ਬਿਨਾਂ ਹੋਰ ਕੋਈ ਮਕਸਦ ਨਹੀਂ। ਕਦਾਚਿਤ ਗੁਰਦੁਆਰਾ ਗੰਗਸਰ ਨੂੰ ਯਾਤਰਾ ਜਾਂ ਅਖੰਡ ਪਾਠ ਦੇ ਪਰਦੇ ਵਿਚ ਮਹਾਰਾਜਾ ਨਾਭਾ ਦੇ ਗਦੀਉਂ ਉਤਾਰੇ ਜਾਣ ਵਿਰੁਧ ਪ੍ਰਾਪੇਗੰਡੇ ਦਾ ਕੇਂਦਰ ਨਹੀਂ ਬਨਾਉਣਾ ਚਾਹੁੰਦੀ। ਜਦੋਂ ਇਕ ਸੌ ਇਕ ਅਖੰਡ ਪਾਠ ਬਾਕਾਇਦਾ ਮਰਯਾਦਾ ਤੇ ਸਤਿਕਾਰ ਨਾਲ ਸਮਾਪਤ ਹੋ ਕੇ ਜਥਿਆ ਦਾ ਪ੍ਰਣ ਪੂਰਾ ਹੋ ਜਾਵੇ ਉਨ੍ਹਾਂ ਨੂੰ ਸਾਡੇ ਵਲੋਂ ਉਥੇ ਠਹਿਰਣ ਦੀ ਕੋਈ ਹਦਾਇਤ ਬਾਕੀ ਨਹੀਂ ਹੋਵੇਗੀ।

ਬਿਲਾ ਸ਼ੁਭਾ ਮੌਜੂਦਾ ਰੁਕਾਵਟਾਂ ਹਟ ਜਾਣ ਪਰ ਜੈਤੋ ਨੂੰ ਜਥਿਆਂ ਦੀ ਰਵਾਨਗੀ ਜਾਂ ਉਸ ਦੇ ਸਬੰਧ ਵਿਚ ਹੋਰ ਕਿਸੇ ਤਰਾਂ ਦੀ ਸਿੱਧੀ ਕਾਰਵਾਈ ਬੰਦ ਕਰ ਦਿਤੀ ਜਾਵੇਗੀ।" ਇਹ ਐਲਾਨ ਭਾਰਤ ਦੀਆਂ ਸਾਰੀਆਂ ਨਾਮਵਰ ਅਖਬਾਰਾਂ ਵਿਚ ਪ੍ਰਕਾਸ਼ਤ ਹੋਇਆ ਅਤੇ ਇਸ ਪਰ ਕਾਫੀ ਚਰਚਾ ਛਿੜੀ। ਇਸ ਵਿਚ ਕਮੇਟੀ ਨੇ ਇਹ ਗੱਲ ਚੰਗੀ ਤਰ੍ਹਾਂ ਪ੍ਰਗਟ ਕਰ ਦਿਤੀ ਸੀ ਕਿ ਜੈਤੋ ਦੇ ਮੋਰਚੇ ਦਾ ਮੰਤਵ ਕੇਵਲ ਧਾਰਮਕ ਹੱਕਾਂ ਪਰ ਲਗੀਆਂ ਹੋਈਆਂ ਪਾਬੰਦੀਆਂ ਦੂਰ ਕਰਨਾ ਹੈ।

ਇਸ ਐਲਾਨ ਤੋਂ ਪਿਛੋਂ ਸਮਝੌਤੇ ਦੀਆਂ ਗਲਾਂ ਬਾਤਾਂ ਸ਼ੁਰੂ ਹੋਈਆਂ। ਸਰਕਾਰ ਨੇ ਜਨਰਲ ਸਰ ਵਿਲੀਅਮ ਬਰਡਵਡ ਦੀ ਅਗਵਾਈ ਹੇਠ ਇਕ ਕਮੇਟੀ ਬਣਾਈ ਕਿ ਉਹ ਸਿੱਖ ਲੀਡਰਾਂ ਨਾਲ ਸਮਝੌਤੇ ਦੀ ਗਲ ਬਾਤ ਕਰੇ। ਪ੍ਰੰਤੂ ਕਈ ਕਾਰਨਾ ਕਰਕੇ ਸਮਝੌਤਾ ਸਿਰੇ ਨਾ ਚੜ੍ਹ ਸਕਿਆ। ਵਡਾ ਕਾਰਨ ਇਹ ਸੀ ਕਿ ਸਰਕਾਰ ਜੇਲ੍ਹਾਂ ਵਿਚ ਗਏ ਸਿੱਖਾਂ ਪੁਰ ਬਹੁਤ ਜ਼ਿਆਦਾ ਸਖ਼ਤੀਆਂ ਕਰਦੀ ਸੀ, ਜਿਸ ਕਰਕੇ ਸਿੱਖਾਂ ਵਿਚ ਰੋਸ ਦਿਨੋ ਦਿਨ ਵਧ ਰਿਹਾ ਸੀ।

Digitized by Panjab Digital Library | www.panjabdigilib.org

# ਸੱਤਵਾਂ ਸ਼ਹੀਦੀ ਜੱਥਾ

੧ ਜੂਨ ੧੯੨੪ ਨੂੰ ਤਖਤ ਸ੍ਰੀ ਕੇਸ ਗੜ੍ਹ ਸਾਹਿਬ ਤੋਂ ਰਵਾਨਾ ਹੋਇਆ ਇਸ ਵਿਚ ਬਹੁਤੇ ਸਿੰਘ ਜਲੰਧਰ ਤੇ ਹੁਸ਼ਿਆਰਪੁਰ ਦੇ ਸਨ। ਜਥੇਦਾਰ ਸ: ਪ੍ਰਤਾਪ ਸਿੰਘ ਖੁਰਦ ਪੁਰ, (ਜਲੰਧਰ) ਤੇ ਮੀਤ ਜਥੇਦਾਰ ਠੋਲਾ ਸਿੰਘ ਬਾਘਾ (ਹੁਸ਼ਿਆਰ ਪੁਰ) ਸਨ।

## ਸੱਤਵੇਂ ਜਥੇ ਦੇ ਪੜਾਉ

| | |
|---|---|
| ੧. ਸ੍ਰੀ ਕੀਰਤ ਪੁਰ | ੨. ਭਰਤ ਗੜ੍ਹ |
| ੩. ਘਨੌਲੀ | ੪. ਰੋਪੜ |
| ੫. ਝਲੀਆਂ | ੬. ਚਮਕੌਰ ਸਾਹਿਬ |
| ੭. ਬਹਿਲੋਲ ਪੁਰ | ੮. ਸਮਰਾਲਾ |
| ੯. ਸਲੌਦੀ | ੧੦. ਘੁੰਘਰਾਲੀ |
| ੧੧. ਨਸਰਾਲੀ | ੧੨. ਕੋਹਲੀ |
| ੧੩. ਰਾਮਗੜ੍ਹ | ੧੪. ਮਹੇਰਨਾ |
| ੧੫. ਮਾਣੂਕੇ | ੧੬. ਖਿਆਲੀ |
| ੧੭. ਚੰਨਣ ਵਾਲ | ੧੮. ਸਹਿਣਾ |
| ੧੯. ਢਬਵਾਲੀ | ੨੦. ਮਰਾੜ |
| ੨੧. ਪੂਹਲਾ | ੨੨. ਸਿਧੜ |
| ੨੩. ਜੈਦਾ | ੨੪. ਜੈਤੋ |

ਇਸ ਜੱਥੇ ਨੇ ਹੇਠ ਲਿਖੇ ਥਾਈ ਪੜਾ ਕੀਤੇ। ੧. ਜੂਨ ਸ੍ਰੀ ਕੀਰਤਪੁਰ, ੨. ਭਰਤਗੜ ੩. ਘਨੌਲੀ ੪-੫. ਰੋਪੜ ੬. ਝਲੀਆਂ, ੭. ਚਮਕੌਰ ਸਾਹਿਬ ੮. ਜੂਨ ਬਹਿਲੋਲਪੁਰਾ ੯-੧੦. ਸਮਰਾਲਾ ੧੫-੧੬. ਰਾਮਗੜ ਜ਼ਿਲਾ ਲੁਧਿਆਣਾ ੧੭. ਮਹੇਰਨਾ, ੧੮. ਮਾਣੂਕੇ, ੧੯. ਖਿਆਲੀ ੨੦-੨੧. ਚੰਨਣਵਾਲ ੨੨. ਸਹਿਣਾ, ੨੩. ਢਬਵਾਲੀ, ੨੪. ਮਰ੍ਹਾੜ, ੨੫-੨੬. ਪੂਹਲਾ, ੨੭. ਸਿਧੜ, ੨੮. ਜੈਦਾ ਰਿ: ਫਰੀਦਕੋਟ ਅਜੇ ੨੯. ਜੂਨ ਨੂੰ ਜੱਥਾ ਜੈਤੋ ਪੁਜ ਕੇ ਗ੍ਰਿਫਤਾਰ ਹੋ ਗਿਆ। ਇਸ ਜੱਥੇ ਦੇ ਇਕ ਮੈਂਬਰ ਭਾ: ਕਰਮ ਸਿੰਘ ਪੁਤ੍ਰ ਸ: ਮੇਹਰ ਸਿੰਘ ਪਿੰਡ ਉਚਾ ਤਸੀਲ ਜਲੰਧਰ, ਰੋਪੜ ਨਹਿਰ ਤੇ ਇਸ਼ਨਾਨ ਕਰਦੇ ਹੋਇ ਚੜ੍ਹਾਈ ਕਰ ਗਏ। ਇਸ ਜੱਥੇ ਦੀ ਸੇਵਾ ਕਰਨ ਬਦਲੇ ਸ: ਕਰਤਾਰ ਸਿੰਘ ਬਾਜਵਾ ਕਲਾਂ ਨੂੰ ਤਿੰਨ ਸਾਲ ਤੇ ਸ: ਪ੍ਰੇਮ ਸਿੰਘ ਬਾਜਵਾ ਨੂੰ ਇਕ ਸਾਲ ਕੈਦ ਹੋਈ।

Digitized by Panjab Digital Library | www.panjabdigilib.org

# ਅੱਠਵਾਂ ਸ਼ਹੀਦੀ ਜੱਥਾ

ਇਹ ਜੱਥਾ ਜ਼ਿਲਾ ਸ਼ੇਖੂਪੁਰਾਂ ਦੇ ਸਿੰਘਾਂ ਦਾ ਸੀ, ਇਸ ਦੇ ਜੱਥੇਦਾਰ ਸ: ਮਾਨ ਸਿੰਘ ਜੀ ਹੰਬੋ (ਐਮ. ਐਲ. ਏ.) ਤੇ ਮੀਤ ਜੱਥੇਦਾਰ ਸ: ਭਗਵਾਨ ਸਿੰਘ ਡਲਾ ਚੰਦਾ ਸਿੰਘ ਵਾਲਾ ਸਨ। ਇਹ ਜੱਥਾ ਘੋੜਿਆ ਪਰ ਸਵਾਰ ਹੋਕੇ ਆਉਣਾ ਚਾਹੁੰਦਾ ਸੀ। ਪ੍ਰੰਤੂ ਸ੍ਰੋ: ਕਮੇਟੀ ਨੇ ਆਗਿਆ ਨਹੀਂ ਦਿੱਤੀ। ਇਹ ਜੱਥਾ ਸ੍ਰੀ ਨਨਕਾਣਾ ਸਾਹਿਬ ਤੋਂ ਤਿਆਰ ਹੋਕੇ ਸ੍ਰੀ ਅੰਮ੍ਰਿਤਸਰ ਨੂੰ ਤੁਰਿਆ। ਰਸਤੇ ਵਿਚ ਇਸ ਨੇ ੨੨ ਮਈ ਨਬੀਪੁਰ, ੨੩. ਗੰਗੂਦਾਤਾ, ੨੪. ਬਲੋਕੀ. ਹੈਡ, ੨੫. ਭਾਈ ਫੇਰੂ ਤੇ ਜੰਬਰ ੨੬. ਵਾਰਧਾਂ, ੨੭ ਬੁਚੇਕੇ, ੨੮. ਨਥੋਕੀ, ੨੯. ਹਿੰਦਾਲ, ੩੦. ਮਈ ਨੂੰ ਰਾਜਾ ਜੰਗ ਵਿਚ ਪੜਾ ਕੀਤੇ।

ਉਕਤ ਸਾਰੇ ਪਿੰਡਾਂ ਨੇ ਬੜੇ ਪ੍ਰੇਮ ਨਾਲ ਸੇਵਾ ਕੀਤੀ। ਉਪ੍ਰੰਤ ਜੱਥੇ ਨੇ ਹੇਠ ਲਿਖੇ ਅਨੁਸਾਰ ਪੜਾ ਕੀਤੇ। ੧. ਜੂਨ ਦੇਊ, ੨. ਸਰਹਾਲੀ, ੩. ਉਗੜਾ, ੪. ਜੂਨ ਕਰਬਾਠ, ੫. ਜੂਨ ਮਹਿਹਾਲਾ, ੬. ਘਰਿੰਡਾ, ਅਟਾਰੀ ਤੋਂ ਹੋਕੇ ੭ ਜੂਨ ਕਡਾਨੀਆਂ। ਇਹ ਜੱਥਾ ੮ ਜੂਨ ਨੂੰ ਅੰਮ੍ਰਿਤਸਰ ਪੁਜਿਆ। ੧੦ ਜੂਨ ਨੂੰ ਇਹ ਜੱਥਾ ਜੱਥੇਦਾਰ ਸਾਹਿਬ ਸ੍ਰੀ ਅਕਾਲ ਤਖਤ ਸਾਹਿਬ ਪਾਸੋਂ ਹੁਕਮ ਲੈਕੇ ਰਵਾਨਾ ਹੋ ਗਿਆ। ਇਸ ਜੱਥੇ ਨੇ ਹੇਠ ਲਿਖੇ ਨਗਰਾਂ ਵਿਚ ਪੜਾ ਕੀਤੇ।

## ਅੱਠਵੇਂ ਸ਼ਹੀਦੀ ਜੱਥੇ ਦੇ ਪੜਾ

| | |
|---|---|
| ੧. ਜੂਨ ਚਾਟੀ ਵਿੰਡ | ੨. ਜੰਡਿਆਲਾ |
| ੩. ਤਖਤੂਚੱਕ | ੪. ਖਡੂਰ ਸਾਹਿਬ |
| ੫. ਗੋਇੰਦਵਾਲ | ੬. ਠਟਾਟਿੱਬਾ |
| ੭. ਜੂਨ ਸੁਲਤਾਨਪੁਰ ਲੋਧੀ | ੮. ਗਿਦੜਪਿੰਡੀ |
| ੯. ਧਰਮਕੋਟ | ੧੦. ਫਤਹਿਗੜ੍ਹ |
| ੧੧. ਕਪੂਰਾ | ੧੨. ਡਾਲਾ |
| ੧੩. ਚੜਿੱਕ | ੧੪. ਮਾਣਕੀ |
| ੧੫. ਜੈਦਾ | ੧੬. ਝਖੜਵਾਲੀ |

੧੭. ਗੁਲਾਬ ਸਿੰਘ ਵਾਲਾ।

੧੦. ਜੂਨ ਚਾਟੀ ਵਿੰਡ, ੧੧. ਜੰਡਿਆਲਾ, ੧੨. ਤਖਤੂਚੱਕ, ੧੩. ਖਡੂਰ ਸਾਹਿਬ, ੧੪. ਗੋਇੰਦਵਾਲ, ੧੫. ਠਟਾ ਟਿੱਬਾ ੧੬. ਜੂਨ ਸੁਲਤਾਨਪੁਰ ਲੋਧੀ, ੧੭. ਨੂੰ ਭੀ ਇਥੇ ਹੀ ਠਹਿਰਿਆ। ੧੮. ਜੂਨ ਨੂੰ ਪਿੰਡ ਗਿਦੜਪਿੰਡੀ ਪੁਜਿਆ। ਇਥੇ ਸ: ਇੰਦਰ ਸਿੰਘ ਡੱਲਾ ਰੇਲਵੇ ਓਵਰ ਸੀਅਰ ਨੇ ਜੱਥੇ ਦੀ ਸੇਵਾ ਕੀਤੀ ਤੇ ਸਤਲੁਜ ਤੋਂ ਪਾਰ ਲੰਘਾਇਆ। ਇਸ ਦੋਸ਼ ਵਿਚ ਆਪ ਨੂੰ ਨੌਕਰੀ ਤੋਂ ਹਟਾਕੇ ਢਾਈ ਸਾਲ ਕੈਦ ਦੀ ਸਜਾ ਦਿੱਤੀ ਗਈ।

ਇਸ ਤੋਂ ਅੱਗੇ ਜੱਥਾ ਜ਼ਿਲਾ ਫੀਰੋਜ਼ਪੁਰ ਵਿਚ ਦਾਖਲ ਹੋ ਗਿਆ। ਤੇ ਹੇਠ ਲਿਖੇ ਨਗਰਾਂ ਵਿਚ ਪੜਾ ਕੀਤੇ।

੧੯ ਧਰਮਕੋਟ, ੨੦ ਫਤਹਿਗੜ, ੨੧. ਕਪੂਰਾ, ੨੨. ਡਾਲ, ੨੩-੨੪. ਚੜਿੱਕ, ੨੫. ਮਾਣਕੀ, ੨੬. ਗੁਲਾਬ ਸਿੰਘ ਵਾਲਾ, ੨੭. ਜੈਦਾ. ੨੮. ਝਖੜ ਵਾਲੀ (ਫਰੀਦ ਕੋਟ) ੨੯. ਜੂਨ ਨੂੰ ਇਹ ਜੱਥਾ ਜੈਤੋ ਪੁਜਕੇ ਗ੍ਰਿਫਤਾਰ ਹੋ ਗਿਆ।

Digitized by Panjab Digital Library | www.panjabdigilib.org

# ਬਾਬਾ ਕਰਤਾਰ ਸਿੰਘ ਬੇਦੀ ਨੇ ਮਾਫੀ ਮੰਗੀ

ਬਾਬਾ ਕਰਤਾਰ ਸਿੰਘ ਬੇਦੀ ਨੇ ਸ਼੍ਰੋ: ਕਮੇਟੀ ਨੂੰ ਲਿਖਿਆ ਕਿ ਭਾਵੇਂ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਵਿਚ ਮੇਰਾ ਕੋਈ ਹੱਥ ਨਹੀਂ ਪ੍ਰੰਤੂ ਕੌਮ ਮੈਨੂੰ ਦੋਸ਼ੀ ਸਮਝਦੀ ਹੈ, ਇਸ ਲਈ ਮੈਂ ਅਕਾਲ ਤਖਤ ਪੁਜ ਕੇ ਮਾਫੀ ਮੰਗਣੀ ਚਾਹੁੰਦਾ ਹਾਂ ।

ਸ਼੍ਰੋ: ਕਮੇਟੀ ਨੇ ਇਸ ਪਤ੍ਰਕਾ ਪਰ ਵਿਚਾਰ ਕਰਕੇ ਉਨ੍ਹਾਂ ਨੂੰ ੨੩ ਮਈ ੧੯੨੪ ਨੂੰ ਸ੍ਰੀ ਅਕਾਲ ਤਖਤ ਸਾਹਿਬ ਹਾਜ਼ਰ ਹੋਣ ਲਈ ਲਿਖਿਆ । ਜਥੇਦਾਰ ਸਾਹਿਬ ਨੇ ਪੁਛਿਆ "ਆਪ ਕਿਸ ਲਈ ਆਏ ਹੋ ?" ਬੇਦੀ ਜੀ ਨੇ ਉਤਰ ਦਿਤਾ, "ਪੰਥ ਪਾਸੋਂ ਮਾਫੀ ਮੰਗਣ ਲਈ" ਇਸ ਪਰ ਪੰਜਾਂ ਪਿਆਰਿਆਂ ਨੇ ਵਿਚਾਰ ਕੀਤੀ । ਬਾਬਾ ਕਰਤਾਰ ਸਿੰਘ ਜੀ ਨੇ ਦੀਵਾਨ ਵਿਚ ਹਾਜ਼ਰ ਹੋ ਕੇ ਇਹ ਇਕਰਾਰ ਨਾਮਾ ਲਿਖ ਕੇ ਜਥੇਦਾਰ ਅਕਾਲ ਤਖਤ ਦੇ ਪੇਸ਼ ਕੀਤਾ, "ਸ੍ਰੀ ਅਕਾਲ ਤਖਤ ਸਾਹਿਬ ਦੀ ਹਜ਼ੂਰੀ ਵਿਚ ਮੈਂ ਪ੍ਰਣ ਕਰਦਾ ਹਾਂ ਕਿ ਤਖਤ ਸਾਹਿਬ ਵਲੋਂ ਨੀਯਤ ਕੀਤੇ ਗਏ ਪੰਜ ਪਿਆਰਿਆਂ ਦਾ ਫੈਸਲਾ ਮੈਨੂੰ ਪ੍ਰਵਾਨ ਹੋਵੇਗਾ, ਮੈਂ ਪ੍ਰਣ ਕਰਦਾ ਹਾਂ ਕਿ ਪੰਥ ਦੀ ਪ੍ਰਤਿਨਿਧ ਜਮਾਤ ਸ਼੍ਰੋ: ਕਮੇਟੀ ਦੀ ਵਿਰੋਧਤਾ ਵਿਚ ਕਦੇ ਖੜਾ ਨਹੀਂ ਹੋਵਾਂਗਾ ।

੨੩–੫–੨੪ ਦਸਤਖਤ ਕਰਤਾਰ ਸਿੰਘ ਬੇਦੀ ਇਸ ਤੋਂ ਉਪਰੰਤ ਪੰਜਾਂ ਪਿਆਰਿਆਂ ਨੇ ਹੇਠ ਲਿਖਿਆ ਫੈਸਲਾ ਸੁਣਾਇਆ "ਇਹ ਸਾਬਤ ਹੋ ਚੁਕਿਆ ਹੈ ਕਿ ਬਾਬਾ ਕਰਤਾਰ ਸਿੰਘ ਬੇਦੀ ਨੇ ਨਨਕਾਣਾ ਸਾਹਿਬ ਦੇ ਸਾਕੇ ਸਮੇਂ ਸਾਧੂਆਂ ਦੀ ਇਕ ਕਮੇਟੀ ਬਣਾ ਕੇ ਤੇ ਹਰਦੁਆਰ ਜਾ ਕੇ ਪੰਥ ਦੇ ਵਿਰੁਧ ਤਕਰੀਰਾਂ ਕਰਕੇ ਕੌਮ ਦੇ ਵਿਰੋਧੀਆਂ ਦਾ ਸਾਥ ਦਿਤਾ ਹੈ ਇਸ ਲਈ ਉਹ ਦੋਸ਼ੀ ਹੈ, ਉਸ ਨੂੰ ਦੰਡ ਲਾਇਆ ਜਾਂਦਾ ਹੈ ਕਿ ਉਹ ਇਕ ਤੇ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਘੰਟੇ ਘਰ ਤੋਂ ਬੜ੍ਹੇ ਸਾਹਿਬ ਤੱਕ ਝਾੜੂ ਨਾਲ ਸਾਫ ਕਰੇ । ਸ੍ਰੀ ਅੰਮ੍ਰਿਤਸਰ ਤੋਂ ਚਲਕੇ ਨੰਗੇ ਪੈਰੀਂ ਸ੍ਰੀ ਨਨਕਾਣਾ ਜਾਵੇ । ਉਥੇ ਪੁਜ ਕੇ ਪੰਜ ਅਖੰਡ ਪਾਠ ਕਰਾਵੇ ਤੇ ਦਸ ਹਜ਼ਾਰ ਰੁਪਿਆ ਸ਼ਹੀਦੀ ਫੰਡ ਵਿਚ ਦੇਵੇ । ਬਾਬਾ ਜੀ ਨੇ ਇਹ ਫੈਸਲਾ ਪ੍ਰਵਾਨ ਕਰ ਲਿਆ ।

——.o:——

# ਨੌਵਾਂ ਸ਼ਹੀਦੀ ਜਥਾ

ਇਹ ਜਥਾ ਜ਼ਿਲਾ ਅੰਮ੍ਰਿਤਸਰ ਦੇ ਸਿੰਘਾਂ ਦਾ ਸੀ, ਇਸ ਦੇ ਜਥੇਦਾਰ ਭਾ: ਕੇਸਰ ਸਿੰਘ ਪਿੰਡ ਵਿਣਗ, ਮੀਤ ਜਥੇਦਾਰ ਜਮਾਂਦਾਰ ਹਰਨਾਮ ਸਿੰਘ ਪਿੰਡ ਵਜ਼ੀਰ ਤੇ ਜਨਰਲ ਸਕੱਤਰ ਮਾ: ਗੁਰਦਿਤ ਸਿੰਘ ਜੀ ਸਨ । ੨੫ ਜੂਨ ਨੂੰ ਇਹ ਜਥਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੁਕਮ ਲੈ ਕੇ ਰਵਾਨਾ ਹੋਇਆ । ਇਸ ਜਥੇ ਦੇ ਤੁਰਨ ਸਮੇਂ ਸ: ਗੱਜਾ ਸਿੰਘ ਪਸ਼ਾਵਰ ਨੇ ਦਸਿਆ ਕਿ ਬਰਵਰਡ ਕਮੇਟੀ ਨਾਲ ਸਿੱਖ ਕੌਮ ਦਾ ਸਮਝੌਤਾ ਸਿਰੇ ਨਹੀਂ ਚੜ੍ਹਿਆ ਕਿਉਂਕਿ ਸਰਕਾਰ ਸਿੱਖਾਂ ਪਰ ਬਹੁਤ ਜ਼ਿਆਦਾ ਸਖਤੀਆਂ ਕਰ ਰਹੀ ਹੈ, ਇਸ ਹਾਲਤ ਵਿਚ ਸਮਝੋਤਾ ਹੋਣਾ ਕਠਨ ਹੈ । ਇਸ ਜਥੇ ਨੇ ਹੇਠ ਲਿਖੇ ਨਗਰਾਂ ਵਿਚ ਪੜਾ ਕੀਤੇ ।

Digitized by Panjab Digital Library | www.panjabdigilib.org

# ਨੌਵੇਂ ਜਥੇ ਦੇ ਪੜਾਉ

| | |
|---|---|
| ੧. ਵੇਰਕਾ | ੨. ਰਸੂਲ ਪੁਰ |
| ੩. ਤਰਸਿੱਕਾ | ੪. ਉਦੋ ਨੰਗਲ |
| ੫. ਬਟਾਲਾ | ੬. ਬਾਬਾ ਬਕਾਲਾ |
| ੭. ਚੀਮਾਂ | ੮. ਫੇਰੂ ਮਾਨ |
| ੯. ਲਿਦੜ | ੧੦. ਉਮਲ |
| ੧੧. ਮੀਆ ਵਿੰਡ | ੧੨. ਕਲ੍ਹੇ |
| ੧੩. ਢੋਟੀਆ | ੧੪. ਚੋਹਲਾ ਸਾਹਿਬ |
| ੧੫. ਪੱਟੀ | ੧੬. ਸਭਰਾਵਾਂ |
| ੧੭. ਵਰਪਾਲ | ੧੮. ਨੌਰੰਗ ਸਿੰਘ ਵਾਲਾ |
| ੧੯. ਮੀਹਾਂ ਸਿੰਘ ਵਾਲਾ | ੨੦. ਮਨਸੂਰ ਵਾਲੀ |
| ੨੧. ਡਰੌਲੀ | ੨੨. ਜੈਮਲ ਸਿੰਘ ਵਾਲਾ |
| ੨੩. ਸਮਾਲਸਰ | ੨੪. ਮਿਆਣੀ |
| ੨੫. ਜੈਤੋ | |

੨੫ ਜੂਨ ਨੂੰ ਵੇਰਕਾ, ੨੬ ਨੂੰ ਰਸੂਲ ਪੁਰ, ੨੭ ਨੂੰ ਤਰਸਿੱਕਾ, ੨੮ ਨੂੰ ਉਦੋ ਨੰਗਲ ੨੯ ਨੂੰ ਬਟਾਲਾ, ੩੦ ਨੂੰ ਬਾਬਾ ਬਕਾਲਾ, ਇਸ ਜਥੇ ਨਾਲ ਭਾਈ ਜਵਾਲਾ ਸਿੰਘ ਜੀ ਦਾ ਰਾਗ ਜਥਾ, ਕੀਰਤਨ ਦੀ ਸੇਵਾ ਕਰਦਾ ਸੀ । ੧ ਜੁਲਾਈ ਨੂੰ ਜਥਾ ਬਾਬੇ ਬਕਾਲੇ ਤੋਂ ਤੁਰਿਆ, ਰਸਤੇ ਵਿਚ ਚੀਮਾ, ਫੇਰੂਮਾਨ, ਲਿਦੜ ਤੇ ਉਮਲ ਆਦਿ ਪਿੰਡਾਂ ਦੀਆਂ ਸੰਗਤਾਂ ਨੇ ਬੜੇ ਉਤਸ਼ਾਹ ਨਾਲ ਸੇਵਾ ਕੀਤੀ । ਪੁਲਸ ਨੇ ਸੇਵਾ ਬਦਲੇ ਭਾਈ ਨਰਾਇਣ ਸਿੰਘ ਨੂੰ ਗ੍ਰਿਫਤਾਰ ਕਰ ਲਿਆ । ੨ ਜੁਲਾਈ ਨੂੰ ਜਥੇ ਨੇ ਮੀਆਂ ਵਿੰਡ ਪੜਾ ਕੀਤਾ । ਰਸਤੇ ਵਿਚ ਨਗਰ ਨਾਗੋਕੇ ਦੀਆਂ ਸੰਗਤਾਂ ਨੇ ਬੜੇ ਪ੍ਰੇਮ ਨਾਲ ਸੇਵਾ ਕੀਤੀ । ੩ ਜੁਲਾਈ ਨੂੰ ਜਥਾ ਕਲ੍ਹੇ ਪੁਜ ਗਿਆ । ੪ ਜੁਲਾਈ ਨੂੰ ਢੋਟੀਆਂ, ੫ ਨੂੰ ਚੋਹਲਾ ਸਾਹਿਬ, ੬, ੭ ਨੂੰ ਪੱਟੀ, ਦਰਿਆ ਪਾਰ ਕਰਕੇ ੯ ਤਰੀਕ ਨੂੰ ਜਥਾ ਸਭਰਾਵਾਂ ਪੁਜ ਗਿਆ । ੧੦ ਨੂੰ ਵਰਪਾਲ, ਨੌਰੰਗ ਸਿੰਘ ਵਾਲਾ ਦੀਆਂ ਸੰਗਤਾਂ ਨੇ ਬੜੇ ਪ੍ਰੇਮ ਨਾਲ ਸੇਵਾ ਕੀਤੀ । ੧੧ ਨੂੰ ਮੀਹਾਂ ਸਿੰਘ ਵਾਲਾ, ੧੨ ਨੂੰ ਮਨਸੂਰ ਵਾਲੀ, ੧੩ ਨੂੰ ਡਰੌਲੀ, ੧੪ ਨੂੰ ਜੈਮਲ ਸਿੰਘ ਵਾਲਾ, ੧੫ ਨੂੰ ਸਮਾਲ ਸਰ, ੧੬, ੧੭ ਨੂੰ ਮਿਆਣੀ ਤੇ ੧੮ ਨੂੰ ਜਥਾ ਜੈਤੋ ਪੁਜ ਗਿਆ ।

ਇਸ ਜੱਥੇ ਦੇ ਸਿੰਘਾਂ ਦਾ ਇਰਾਦਾ ਸੀ ਕਿ ਅੰਮ੍ਰਿਤ ਵੇਲੇ ਸਵੇਰੇ ਹੀ ਗੁ: ਗੰਗਸਰ ਪੁਜ ਕੇ ਪਾਠ ਆਰੰਭ ਕਰ ਦਿੱਤਾ ਜਾਵੇ । ਦੂਜੇ ਜੱਥੇ ਸ਼ਾਮ ਨੂੰ ਪੁਜਿਆ ਕਰਦੇ ਸਨ । ਪ੍ਰੰਤੂ ਸਰਕਾਰੀ ਅਫਸਰਾਂ ਨੂੰ ਇਸ ਗੱਲ ਦਾ ਪਤਾ ਲਗ ਗਿਆ ਇਸ ਕਰਕੇ ਉਨ੍ਹਾਂ ਨੇ ਗ੍ਰਿਫਤਾਰੀ ਦਾ ਪ੍ਰਬੰਧ ਕਰ ਲਿਆ । ਜੱਥੇ ਨੂੰ ਸਵੇਰੇ ਹੀ ਗ੍ਰਿਫਤਾਰ ਕਰਕੇ ਸਟੇਸ਼ਨ ਪਰ ਖੜੀ ਸਪੇਸ਼ਲ ਗੱਡੀ ਵਿਚ ਬੰਦ ਕਰ ਦਿੱਤਾ ਗਿਆ ਤੇ ਰਾਤ ਤੱਕ ਭੁਖਾ ਤਿੱਹਾਇਆ ਰਖਿਆ । ਗਰਮੀਆਂ ਦੀ ਰੁਤ ਹੋਣ ਕਰਕੇ ਜੱਥੇ ਦੇ ਕਈ ਸਿੰਘ ਭੁੱਖੇ ਤਿਹਾਏ ਹੋਣ ਦੇ ਕਾਰਣ ਬੇਹੋਸ਼ ਹੋ ਗਏ । ਇਹ ਜੱਥੇ ਨੂੰ ਸਵੇਰੇ ਪੁਜਣ ਦੀ ਸਜ਼ਾ ਸੀ । ਰਾਤ ਨੂੰ ਨਾਭੇ ਬੀੜ ਵਿਚ ਲੈ ਜਾਕੇ ਬੰਦ ਕਰ ਦਿੱਤਾ ਗਿਆ ।

Digitized by Panjab Digital Library | www.panjabdigilib.org

# ਸ਼ਹੀਦੀ ਜੱਥਾ ਬੰਗਾਲ

ਕਲਕੱਤੇ ਵਿਚ ਬਹੁਤ ਸਾਰੇ ਸਿੰਘ ਕਾਰੋਬਾਰ ਕਰਨ ਗਏ ਹੋਇ ਸਨ। ਉਹ ਜੈਤੋ ਦੇ ਮੋਰਚੇ ਦੀਆਂ ਖਬਰਾਂ ਪੜਕੇ ਬਹੁਤ ਜੋਸ਼ ਵਿਚ ਆਇ ਹੋਇ ਸਨ। ਇਸ ਲਈ ਉਨ੍ਹਾਂ ਨੇ ਫੈਸਲਾ ਕੀਤਾ ਕਿ ਜੈਤੋ ਨੂੰ ਇਕ ਜੱਥਾ ਭੇਜਿਆ ਜਾਵੇ। ਸ੍ਰੋ: ਕਮੇਟੀ ਨੇ ਆਗਿਆ ਦੇ ਦਿੱਤੀ। ਇਸ ਜੱਥੇ ਵਿਚ ੧੦੦ ਸਿੰਘ ਸਨ। ਇਸ ਦੇ ਜੱਥੇਦਾਰ ਸ: ਹਰਨਾਮ ਸਿੰਘ ਤੇ ਗੁਰਦਿਆਲ ਸਿੰਘ ਸਨ। ਸ: ਅਰਜਨ ਸਿੰਘ ਜੀ ਖੁਸਰਪੁਰ ਜਲੰਧਰ ਸਕਤ੍ਰ ਸਨ। ਗੁਰਦਵਾਰਾ ਬੜੀ ਸਿੱਖ ਸੰਗਤ ਵਿਚ ਭਾਰੀ ਦੀਵਾਨ ਸਜਿਆ। ਇਥੋਂ ਜੱਥਾ ਜਲੂਸ ਦੀ ਸ਼ਕਲ ਵਿਚ ਰਵਾਨਾ ਹੋਇਆ। ਸ਼ਹਿਰ ਵਿਚ ਜਲੂਸ ਕਢਕੇ ਜੱਥਾ ਰਾਤ ਦੀ ਗੱਡੀ ਪੰਜਾਬ ਨੂੰ ਰਵਾਨਾ ਹੋਇਆ। ਜੱਥੇ ਨੂੰ ਤੋਰਨ ਸਮੇਂ, ਕਾਂਗਰਸ, ਖਿਲਾਫਤ ਕਮੇਟੀ ਆਦਿ ਜੱਥੇ ਬੰਦੀਆਂ ਤੇ ਸਾਰੇ ਹਿੰਦੂ ਸਿੱਖਾਂ ਤੇ ਮੁਸਲਮਾਨਾਂ ਨੇ ਭਾਰੀ ਉਤਸ਼ਾਹ ਪ੍ਰਗਟ ਕੀਤਾ। ਰਸਤੇ ਵਿਚ ਸ੍ਰੀ ਪਟਨਾ ਸਾਹਿਬ ਦੇ ਦਰਸ਼ਨ ਕਰਕੇ ੨ ਜੁਲਾਈ ਨੂੰ ਜੱਥਾ ਬਨਾਰਸ ਪੁਜ ਗਿਆ। ਇਸ ਸ਼ਹਿਰ ਦੀਆਂ ਸੰਗਤਾਂ, ਨਿਰਮਲੇ ਸੰਤਾ ਅਤੇ ਕਾਂਗਰਸ ਵਲੋਂ ਜੱਥੇ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ।

੩ ਜੁਲਾਈ ਨੂੰ ਜੱਥਾ ਅਲਾਹਬਾਦ ਪੁਜਿਆ। ਇਥੋਂ ਦੀਆਂ ਸਭਾ ਸੁਸਾਇਟੀਆਂ ਤੇ ਸੰਗਤਾਂ ਨੇ ਬੜੇ ਉਤਸ਼ਾਹ ਨਾਲ ਸਵਾਗਤ ਕੀਤਾ। ਸ਼ਹਿਰ ਵਿਚ ਭਾਰੀ ਜਲੂਸ ਨਿਕਲਿਆ। ਘੰਟਾਘਰ ਦੇ ਨੇੜੇ ਸ੍ਰੀਮਤੀ ਉਮਾ ਨਹਿਰੂ ਨੇ ਜੱਥੇ ਨੂੰ ਫੁਲਾਂ ਦੇ ਹਾਰ ਪਾਏ। ਸ਼ਾਮ ਨੂੰ ਇਕ ਦੀਵਾਨ ਵਿਚ ਸ਼ਹਿਰ ਦੇ ਮੁਖੀਆਂ ਨੇ ਜੱਥੇ ਨੂੰ ਜੀਉ ਆਇਆ ਆਖਿਆ। ਇਥੇ ਦੋ ਦਿਨ ਠਹਿਰਕੇ ੬ ਜੁਲਾਈ ਨੂੰ ਜੱਥਾ ਲਖਨਉ ਪੁਜਾ, ਇਥੇ ਭੀ ਸਭ ਹਿੰਦੂ ਮੁਸਲਮਾਨਾਂ ਤੇ ਸਿੱਖਾਂ ਨੇ ਇਕੱਠੇ ਹੋਕੇ ਭਾਰੀ ਜਲੂਸ ਕਢਿਆ। ਅਮੀਨਾਬਾਦ ਪਾਰਕ ਵਿਚ ਜੱਥੇ ਦਾ ਪੜਾਉ ਸੀ। ਸ਼ਹਿਰ ਦੇ ਲੋਕਾਂ ਨੇ ਫਲ ਤੇ ਮਠਿਆਈਆਂ ਨਾਲ ਸੇਵਾ ਕੀਤੀ। ਇਕ ਭਾਰੀ ਦੀਵਾਨ ਕਰਕੇ ਜੱਥੇ ਦੀ ਪ੍ਰਸੰਸਾ ਕੀਤੀ ਗਈ।

ਇਹ ਜੱਥਾ ੯ ਜੁਲਾਈ ਨੂੰ ਕਾਹਨਪੁਰ ਪੁਜਿਆ। ਇਥੋਂ ਦੀ ਕਾਂਗਰਸ ਕਮੇਟੀ ਨੇ ਭੀ ਬੜੀ ਸੇਵਾ ਕੀਤੀ। ਸ਼ਹਿਰ ਵਿਚ ਭਾਰੀ ਜਲੂਸ ਨਿਕਲਿਆ। ਸ਼ਾਮ ਦੇ ਦੀਵਾਨ ਵਿਚ ਪ੍ਰਧਾਨ ਕਾਂਗਰਸ ਨੇ ੧੦੧ ਰੁਪਏ ਦੀ ਥੈਲੀ ਪੇਸ਼ ਕੀਤੀ ਤੇ ਖੱਦਰ ਭੇਟ ਕੀਤਾ। ਇਥੋਂ ਜੱਥਾ ੧੦ ਜੁਲਾਈ ਨੂੰ ਦਿਲੀ ਪੁਜਿਆ। ਇਥੇ ਭੀ ਸ਼ਾਨਦਾਰ ਸੁਾਗਤ ਹੋਇਆ। ੧੧ ਨੂੰ ਸਹਾਰਨਪੁਰ ੧੨ ਨੂੰ ਅੰਬਾਲੇ ਦੀਆਂ ਸੰਗਤਾਂ ਨੇ ਸ਼ਾਨਦਾਰ ਸਵਾਗਤ ਕੀਤਾ ਤੇ ਇਥੋਂ ਜੱਥਾ ਸ੍ਰੀ ਅੰਮ੍ਰਿਤਸਰ ਪੁਜ ਗਿਆ। ਇਸ ਜੱਥੇ ਨੇ ਯੂ. ਪੀ. ਦੇ ਸ਼ਹਿਰਾਂ ਵਿਚ ਜੋ ਪ੍ਰਚਾਰ ਕੀਤਾਂ ਤੇ ਜੈਤੋ ਦੇ ਮੋਰਚੇ ਸਬੰਧੀ ਸਹੀ ਹਾਲਾਤ ਦੱਸੇ। ਉਨ੍ਹਾਂ ਦਾ ਬਹੁਤ ਅਸਰ ਪਿਆ।

—o—

Digitized by Panjab Digital Library | www.panjabdigilib.org

# "ਦਸਵਾਂ ਸ਼ਹੀਦੀ ਜਥਾ"

ਦਸਵੇਂ ਸ਼ਹੀਦੀ ਜਥੇ ਦਾ ਵਰਣਨ ਵਿਸ਼ੇਸ਼ ਤੌਰ ਪਰ ਕਰਨ ਦੀ ਜ਼ਰੂਰਤ ਹੈ ਕਿਉਂਕਿ ਇਸ ਜਥੇ ਪਰ ਰਸਤੇ ਵਿਚ ਪੁਲਸ ਵਲੋਂ ਕੁਟ ਪਈ ਅਤੇ ਗ੍ਰਿਫਤਾਰੀਆਂ ਹੋਈਆਂ। ਇਹ ਜਥਾ ਇਸ ਗੜਬੜ ਦੇ ਕਾਰਣ ਦੋ ਦਿਨ ਆਪਣੇ ਪ੍ਰੋਗਰਾਮ ਤੋਂ ਲੇਟ ਹੋ ਗਿਆ।

ਇਸ ਸ਼ਹੀਦੀ ਜਥੇ ਵਿਚ ੧੦੦ ਸਿੰਘ ਜ਼ਿਲਾ ਲਾਹੌਰ ਦੇ, ੧੦੦ ਅੰਮ੍ਰਿਤਸਰ, ੨੦੦ ਸਿੰਘ ਗੁਰਦਾਸਪੁਰ ਅਤੇ ਬਾਕੀ ਜ਼ਿਲਾ ਗੁਜਰਾਂਵਾਲਾ, ਜੇਹਲਮ ਅਤੇ ਗੁਜਰਾਤ ਦੇ ਸਨ। ਇਸ ਦੇ ਹੈਡ ਜਥੇਦਾਰ ਸ: ਵਸਾਖਾ ਸਿੰਘ ਦਫਤੂਹ, (ਲਾਹੌਰ) ਜਥੇਦਾਰ ਸ: ਕੇਹਰ ਸਿੰਘ ਗੁਨੂਪੁਰ ਜ਼ਿਲਾ ਗੁਰਦਾਸ ਪੁਰ, ਤੇ ਮੀਤ ਜਥੇਦਾਰ ਸ: ਜਗਜੀਤ ਸਿੰਘ ਜੀ ਬੁਤਾਲੀਆ ਸਨ। ਜਿਸ ਸਮੇਂ ਜਥਾ ਤੁਰਨ ਲਗਿਆ ਤਾਂ ਇਕ ਭੁਜੰਗੀ ਸੰਤੋਖ ਸਿੰਘ ਪਿੰਡ ਤੇਜਾ ਵਹੀਲਾ ਨੇ ਜਥੇ ਵਿਚ ਜਾਣ ਪਰ ਜ਼ੋਰ ਦਿਤਾ। ਜਥੇਦਾਰ ਦੇ ਮਨਾਹ ਕਰਨ ਪਰ ਉਸ ਨੇ ਖੂਹ ਵਿਚ ਛਾਲ ਮਾਰ ਦਿਤੀ ਪਰ ਸਿੰਘਾਂ ਨੇ ਉਸ ਨੂੰ ਸਹੀ ਸਲਾਮਤ ਕਢ ਲਿਆ।

੧੩ ਜੁਲਾਈ ੧੯੨੪ ਨੂੰ ਦਸਵਾਂ ਤੇ ਗਿਆਰਵਾਂ ਜਥਾ ਇਕਠਾ ਹੀ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਰਵਾਨਾ ਹੋਏ। ਇਸ ਦਿਨ ਸ: ਲਖਾ ਸਿੰਘ ਰਾਮਪੁਰਾ, ਸ: ਬਚਨ ਸਿੰਘ ਭਾਟੀਕੇ, ਸ: ਹਰਨਾਮ ਸਿੰਘ ਜੀ ਖੋਜਕੀ ਪੁਰ ਨੇ ਦੀਵਾਨ ਵਿਚ ਐਲਾਨ ਕੀਤਾ ਕਿ ਜੇ ਅਸੀਂ ਮੋਰਚੇ ਵਿਚ ਸ਼ਹੀਦ ਹੋ ਗਏ ਤਾਂ ਸਾਡੀਆਂ ਜਾਇਦਾਦਾਂ ਦੀ ਮਾਲਕ ਸ਼੍ਰੋਮਣੀ ਕਮੇਟੀ ਹੋਵੇਗੀ। ਜੇ ਮੁੜ ਆਏ ਤਾਂ ਸੰਭਾਲ ਲਵਾਂਗੇ।

ਦਸਵੇਂ ਜਥੇ ਨੇ ਹੇਠ ਲਿਖੇ ਪਿੰਡਾਂ ਵਿਚ ਪੜਾ ਕੀਤੇ।

## ਦਸਵੇਂ ਸ਼ਹੀਦੀ ਜਥੇ ਦੇ ਪੜਾਉ

| | |
|---|---|
| ੧. ਵੇਰਕਾ | ੨. ਵਰਿਆਮ ਪੁਰ |
| ੩. ਰੁਲਿਆਲੀ ਕਲਾਂ | ੪. ਜੈਤੋ ਸਰਜਾ |
| ੫. ਸਦਾ ਰੰਗ | ੬. ਵੀਲਾ ਬਜੂ |
| ੭. ਨੰਗਲ | ੮. ਬੁਤਾਲਾ |
| ੯. ਢਿਲਵਾਂ | ੧੦. ਸੁਰਖਪੁਰ |
| ੧੧. ਔਜਲੇ | ੧੨. ਢੇਸੀਆਂ |
| ੧੩. ਚਿਟੀ (ਜਲੰਧਰ) | ੧੪. ਸ਼ੰਕਰ |
| ੧੫. ਸ਼ਰੀਂਹ | ੧੬. ਬੜਾ ਪਿੰਡ |
| ੧੭. ਸਾਦਕ ਪੁਰ | ੧੮. ਤਲਵੰਡੀ |
| ੧੯. ਬਾਜਵੇ | ੨੦. ਗਿਦੜ ਵਿੰਡੀ |
| ੨੧. ਅਬੂਪੁਰਾ | ੨੨. ਮਣਸੀਹਾ ਬਾਜਨ |
| ੨੩. ਜਨੇਤਪੁਰਾ | ੨੪. ਤਿਹਾੜਾ |
| ੨੫. ਸਿਧਵਾਂ ਬੇਟ | ੨੬. ਗਾਲਬ ਕਲਾਂ |
| ੨੭. ਢੁਡੀਕੇ | ੨੮. ਬੁਟਰ |
| ੨੯. ਘੋਲੀਆਂ | ੩੦. ਚਨੂੰ ਵਾਲਾ |
| ੩੦. ਭੱਟੀ ਭਾਈ | ੩੨. ਰਣ ਸਿੰਘ ਵਾਲਾ |

Digitized by Panjab Digital Library | www.panjabdigilib.org

੧੩ ਵੇਰਕਾ, ੧੧ ਵਰਿਆਮ ਪੁਰ, ੧੫ ਰੁਲਿਆਲੀ ਕਲਾਂ, ੧੬ ਜੈਤੋ ਸਰਜਾ (ਗੁਰਦਾਸ ਪੁਰ, ੧੭ ਸਦਾ ਰੰਗ, ੧੮ ਵੀਲਾ ਬਜੂ ਚੀਮਾ, ੧੯-੨੦ ਨੰਗਲ (ਕਪੂਰਥਲਾ), ੨੧ ਬੁਤਾਲਾ ੨੨ ਦਿਲਵਾਂ, ੨੩ ਭੰਡਾਲ, ੨੪ ਸੁਰਖਪੁਰ, ੨੫ ਔਜਲੇ, ੨੬-੨੭ ਢੇਸੀਆਂ, ੨੮ ਚਿਟੀ (ਜਲੰਧਰ) ੨੯ ਸ਼ੰਕਰ, ੩੦ ਸ਼ਰੀਂਹ। ਇਨ੍ਹਾਂ ਨਗਰਾਂ ਦੀਆਂ ਸੰਗਤਾਂ ਨੇ ਜਥੇ ਦੀ ਬਹੁਤ ਹੀ ਪ੍ਰੇਮ ਤੇ ਉਤਸ਼ਾਹ ਨਾਲ ਸੇਵਾ ਕੀਤੀ। ਮਾਇਆ ਤੇ ਬਸਤਰ ਆਦਿ ਬਹੁਤ ਭੇਟਾ ਚੜ੍ਹਾਏ। ਪਹਿਲੀ ਅਗਸਤ ਨੂੰ ਜਥਾ ਬੜਾ ਪਿੰਡ ਪੁਜਿਆ। ਇਥੋਂ ਚਲਕੇ ਸਾਦਕਪੁਰ, ਤਲਵੰਡੀ ੨ ਅਗਸਤ ਤੇ ੩-੪ ਨੂੰ ਬਾਜਵੇ ਪੁਜ ਗਿਆ।

ਬਾਜਵੇ ਜਥਾ ਠਹਿਰਿਆ ਹੋਇਆ ਸੀ। ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਹੋ ਰਿਹਾ ਸੀ ਕਿ ਪੁਲਸ ਨੇ ਆਕੇ ਜਥੇ ਨੂੰ ਘੇਰਾ ਪਾ ਲਿਆ। ਜਿਸ ਸਮੇਂ ਕੀਰਤਨ ਸਮਾਪਤ ਹੋਇਆ ਤਾਂ ਜਥਾ ਅਰਦਾਸਾ ਸੋਧ ਕੇ ਅਗਲੇ ਪੜਾ ਵਲ ਰਵਾਨਾ ਹੋਣ ਲਈ ਤਿਆਰ ਹੋ ਗਿਆ। ਇਸ ਸਮੇਂ ਡਿਪਟੀ ਕਮਿਸ਼ਨਰ, ਕਮਿਸ਼ਨਰ ਜਲੰਧਰ ਤੇ ਬਹੁਤ ਸਾਰੇ ਪੁਲਸ ਅਫਸਰ ਮੌਜੂਦ ਸਨ। ਜਥਾ ਤੁਰਨ ਲਗਾ ਤਾਂ ਕਮਿਸ਼ਨਰ ਨੇ ਜਥੇ ਨੂੰ ਬੈਠਣ ਦਾ ਹੁਕਮ ਦਿਤਾ। ਜਥੇ ਨੇ ਇਸ ਹੁਕਮ ਦੀ ਕੋਈ ਪ੍ਰਵਾਹ ਨਾ ਕੀਤੀ, ਤਦ ਪੁਲਸ ਤੇ ਫੌਜ ਨੇ ਮਾਰ ਕੁਟਾਈ ਸ਼ੁਰੂ ਕਰ ਦਿਤੀ। ਸਖਤ ਲਾਠੀ ਚਾਰਜ ਕੀਤਾ ਗਿਆ ਜਿਸ ਵਿਚ ਬਹੁਤ ਸਾਰੇ ਸਿੰਘ ਜ਼ਖਮੀ ਹੋ ਗਏ। ਇਸ ਤੋਂ ਇਲਾਵਾ ਪੁਲਸ ਨੇ ਜਥੇਦਾਰ ਮੀਤ ਜਥੇਦਾਰ ਅਤੇ ੩੦ ਦੇ ਕਰੀਬ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ।

(ਸ਼੍ਰੋ: ਕਮੇਟੀ ਦਾ ਐਲਾਨ ਨੰ: ੨੦੩੫)

ਇਸ ਮਾਰ ਕੁਟਾਈ ਸਬੰਧੀ ਸਰਕਾਰ ਨੇ ਇਕ ਐਲਾਨ ਜਾਰੀ ਕੀਤਾ ਜਿਸ ਵਿਚ ਦਰਜ ਸੀ ਕਿ, "ਇਸ ਜਥੇ ਦੇ ਆਦਮੀ ਭੜਕਾਊ ਤਕਰੀਰਾਂ ਕਰਦੇ ਸਨ ਉਨ੍ਹਾਂ ਨੇ ੨-੩ ਅਗਸਤ ਦੀ ਰਾਤ ਨੂੰ ਇਕ ਮੁਸਲਮਾਨ ਪਟਵਾਰੀ ਨੂੰ ਤੇ ਇਕ ਹਿੰਦੂ ਕਾਨਸਟੇਬਲ ਨੂੰ ਮਾਰਿਆ। ਪਟਵਾਰੀ ਦੀਆਂ ਪਸਲੀਆਂ ਟੁਟ ਗਈਆਂ, ਕਾਨਸਟੇਬਲ ਦੀ ਕ੍ਰਿਪਾਨ ਨਾਲ ਬਾਂਹ ਜ਼ਖਮੀ ਹੋਈ ਹੈ। ਇਸ ਘਟਨਾ ਦੀ ਖਬਰ ਦੇ ਮਿਲਣ ਪਰ ਜਲੰਧਰ ਤੋਂ ਕਮਿਸ਼ਨਰ, ਡਿਪਟੀ ਕਮਿਸ਼ਨਰ ਤੇ ਪੁਲਸ ਅਰ ਫੌਜ ਨੂੰ ਭੇਜਿਆ ਗਿਆ। ਜਦ ਜਥੇ ਨੇ ਤੁਰਨਾ ਚਾਹਿਆ ਤਾਂ ਕਮਿਸ਼ਨਰ ਨੇ ਉਸ ਨੂੰ ਰੋਕਿਆ। ੨੫ ਆਦਮੀ ਗ੍ਰਿਫਤਾਰ ਕੀਤੇ ਗਏ।

ਸਰਕਾਰੀ ਐਲਾਨ ਵਿਚ ਦਿਤੇ ਵਾਕਿਆਤ ਸਹੀ ਪ੍ਰਤੀਤ ਨਹੀਂ ਹੁੰਦੇ ਕਿਉਂਕਿ ਜਥਾ ਤਾਂ ਸ਼ਾਂਤਮਈ ਦਾ ਪ੍ਰਣ ਲੈਕੇ ਚਲਦਾ ਸੀ। ਜੇ ਜਥੇ ਦੇ ਬਾਹਰ ਸਿੰਘਾਂ ਨੇ ਕਿਸੇ ਨਾਲ ਝਗੜਾ ਕੀਤਾ ਹੋਵੇ ਤਾਂ ਉਸ ਦੀ ਜ਼ੁਮੇਵਾਰੀ ਜਥੇ ਪਰ ਸੁਟਣੀ ਅਯੋਗ ਗਲ ਸੀ। ਪੁਲਸ ਤੇ ਫੌਜ ਦੇ ਘੇਰੇ ਵਿਚ ਜਥਾ ਭੁਖਾ ਰਿਹਾ ਜਦ ਅੰਮ੍ਰਿਤਸਰ ਤੋਂ ਇਹ ਹੁਕਮ ਆਇਆ ਕਿ ਜਥਾ ਨਵੇਂ ਔਹਦੇਦਾਰ ਚੁਣ ਕੇ ਅਗੇ ਨੂੰ ਚਾਲੇ ਪਾਵੇ ਤਾਂ ਜਥੇ ਦੇ ਸਿੰਘ ਦੋ ਦਿਨ ਦੇ ਭੁਖੇ ਸਨ।

ਇਸ ਹਾਲਤ ਨੂੰ ਵੇਖ ਕੇ ਮਾਈ ਰਾਮ ਕੌਰ ਸੁਪਤਨੀ ਸ: ਅਤਰ ਸਿੰਘ ਨੇ ਤੇ ਉਸ ਦੀ ਨੂੰਹ ਆਸ ਕੌਰ ਸੁਪਤਨੀ ਭਾਈ ਥੰਮਣ ਸਿੰਘ ਨੇ ਜਥੇ ਦੀ ਬਹੁਤ ਸੇਵਾ ਕੀਤੀ। ਬਾਬਾ ਜਵਾਲਾ ਸਿੰਘ, ਭਾ: ਨਿਰੰਜਨ ਸਿੰਘ ਜੀ ਖਹਿਰਾ ਤੇ ਹੋਰ ਪ੍ਰੇਮੀਆਂ ਨੇ ਨਗਰ ਨਿਵਾਸੀਆਂ ਨੂੰ ਪ੍ਰੇਰਕੇ ਸੇਵਾ ਕਰਾਈ ਕਿਉਂਕਿ ਜਥਾ ਦੋ ਦਿਨ ਲੇਟ ਹੋ ਗਿਆ ਸੀ। ਇਸ ਕਰਕੇ ਸਤਿਲੁਜ ਦੇ ਇਸ ਪਾਰ ਜ਼ਿਲਾ ਲੁਧਿਆਣਾ ਦੇ ਨਗਰ ਗਿਦੜਵਿੰਡੀ, ਅਬੂਪੁਰਾ, ਮਣਸੀਹਾਂ ਬਾਜਨ ਤੇ ਜਨੇਤਪੁਰੇ ਆਦਿਕ ਦੀਆਂ ਸੰਗਤਾਂ ਜੋ ਜਥੇ ਦੇ ਦਰਸਨਾਂ ਨੂੰ ਤਰਸਦੀਆਂ ਸਨ। ਉਨ੍ਹਾਂ ਵਿਚ ਬੜੀ ਬੇਚੈਨੀ ਫੈਲ ਗਈ ਕਿ ਜਥਾ ਨੀਯਤ ਸਮੇਂ ਸਿਰ

Digitized by Panjab Digital Library | www.panjabdigilib.org

ਅਗਲੇ ਪੜਾ ਉਪਰ ਕਿਉਂ ਨਹੀਂ ਪੁਜਿਆ। ਜਥਾ ਉਸ ਪਾਰ ਪੁਲਸ ਦੇ ਘੇਰੇ ਵਿਚ ਸੀ। ਇਧਰ ਦਰਿਆ ਚੜਿਆ ਹੋਇਆ ਸੀ। ਜਿਸ ਸਮੇਂ ਰਾਤ ਹੋ ਗਈ ਅਤੇ ਸੰਗਤਾਂ ਦੀ ਬੇਹਬਲਤਾ ਬਹੁਤ ਵਧ ਗਈ ਤਾਂ ਕੁਝ ਸਿਦਕੀ ਸਿੰਘਾਂ ਨੇ ਤੁਲਿਆਂ ਪਰ ਦਰਿਆ ਪਾਰ ਕਰਕੇ ਉਸ ਦੇ ਪਾਰ ਦੀਆਂ ਖਬਰਾਂ ਲਿਆਉਣ ਦਾ ਫੈਸਲਾ ਕੀਤਾ।

ਇਸ ਸਮੇਂ ਦਾ ਅਲੌਕਿਕ ਨਜ਼ਾਰਾ ਸੀ। ਕਾਲੀ ਬੋਲੀ ਰਾਤ ਵਿਚ ਸਦੋਂ ਸਤਲੁਜ ਭੀ ਸਿੰਘਾਂ ਦਾ ਸਿਦਕ ਪਰਖਣ ਲਈ ਪੂਰੇ ਚੜ੍ਹਾਉ ਵਿਚ ਸੀ। ਦਰਿਆ ਦੀਆਂ ਕਾਂਗਾਂ ਤੇ ਘੁਮਣ ਘੇਰੀਆਂ ਦੀ ਕੋਈ ਪ੍ਰਵਾਹ ਨਾ ਕਰਦੇ ਹੋਏ ਸਿਦਕੀ ਪ੍ਰਵਾਨੇ ਹਕੀਮ ਅਨੋਖ ਸਿੰਘ ਜੀ ਅਬੂਪੁਰਾ, ਭਾਈ ਲੀਕਲ ਸਿੰਘ ਜੀ, ਭਾਈ ਮਹਿੰਗਾ ਸਿੰਘ, ਸਰਦਾਰ ਹਰਬੰਸ ਸਿੰਘ ਨੰਬਰਦਾਰ ਤੇ ਸਰਦਾਰਾ ਸਿੰਘ ਅਬੂਪੁਰਾ ਆਦਿ ਤੁਲਿਆਂ ਪਰ ਹੀ ਦਰਿਆ ਵਿਚ ਠਿੱਲ੍ਹ ਪਏ ਤੇ ਜਥੇ ਦੀਆਂ ਖਬਰਾਂ ਲਿਆ ਕੇ ਇਸ ਪਾਰ ਦੀਆਂ ਸੰਗਤਾਂ ਨੂੰ ਸੁਣਾਈਆਂ। ਇਸ ਸਮੇਂ ਸਿਦਕੀ ਸਿੰਘਾਂ ਨੇ "ਸਮੁੰਦ ਸਾਗਰ ਹੋਵੇ ਬਹੁ ਖਾਰਾ, ਗਰਸਿਖ ਲੰਘ ਗੁਰੂ ਪਹਿ ਜਾਈ।" ਦਾ ਅਧਭੁਤ ਦ੍ਰਿਸ਼ਯ ਪੇਸ਼ ਕੀਤਾ। ਸੰਗਤਾਂ ਇਹਨਾਂ ਸਿੰਘਾਂ ਦੀ ਨਿਰਭੈਤਾ, ਕੁਰਬਾਨੀ ਤੇ ਆਪਾ ਵਾਰਨ ਦੇ ਜਜ਼ਬੇ ਨੂੰ ਵੇਖ ਕੇ ਬਹੁਤ ਹੀ ਪ੍ਰਭਾਵਤ ਹੋਈਆਂ ਅਤੇ ਇਸ ਪਾਰ ਦੇ ਸਿੰਘਾਂ ਨੇ ਜਥੇ ਦੀ ਸੇਵਾ ਵਿਚ ਵਧ ਚੜ੍ਹ ਕੇ ਹਿਸਾ ਲਿਆ।

ਜਿਨ੍ਹਾਂ ਗੁਰੂ ਸਵਾਰਿਆਂ ਨੇ ਉਸ ਸਮੇਂ ਅਗੇ ਵਧਕੇ ਸੇਵਾ ਵਿਚ ਹਿਸਾ ਪਾਇਆ, ਉਹਨਾਂ ਵਿਚੋਂ ਕੁਝ ਸਿੰਘਾਂ ਦੇ ਨਾਮ ਇਸ ਪ੍ਰਕਾਰ ਹਨ:—

ਭਾ: ਫੁਮਣ ਸਿੰਘ, ਸ: ਗੱਜਨ ਸਿੰਘ, ਸ: ਲਾਹੌਰਾ ਸਿੰਘ, ਸ: ਚੰਦਾ ਸਿੰਘ, ਸ: ਪੂਰਨ ਸਿੰਘ, ਸ: ਇੰਦਰ ਸਿੰਘ, ਸ: ਕਰਤਾਰ ਸਿੰਘ, ਸਾਰਾ ਨਗਰ ਗਿਦੜ ਵਿੰਡੀ, ਸ: ਗਿਆਨ ਸਿੰਘ, ਸ: ਸੁੰਦਰ ਸਿੰਘ ਸ: ਗੁਰਮੁਖ ਸਿੰਘ, ਸ: ਗੱਜਣ ਸਿੰਘ, ਸ: ਨੰਦ ਸਿੰਘ, ਸ: ਪੂਰਨ ਸਿੰਘ ਮਨਸੀਹਾਂ ਬਾਜਣ, ਸੰਤ ਮੋਹਨ ਸਿੰਘ ਜੀ, ਭਾ: ਕੇਹਰ ਸਿੰਘ,ਸ: ਨਰਿੰਦਰ ਸਿੰਘ,ਸ: ਮਹਿੰਗਾ ਸਿੰਘ,ਸ: ਬੇਲਾ ਸਿੰਘ,ਸ: ਪੂਰਨ ਸਿੰਘ,ਸ: ਹਾਕਮ ਸਿੰਘ, ਸ: ਹੀਰਾ ਸਿੰਘ ਆਦਿ ਜਨੇਤ ਪੁਰਾ। ਸ: ਮਹਾਂ ਸਿੰਘ ਸ: ਸ਼ੇਰ ਸਿੰਘ, ਸ: ਨੱਥਾ ਸਿੰਘ, ਸਿਧਵਾਂ ਬੇਟ। ਸ. ਲਾਲ ਸਿੰਘ, ਭਾਈ ਵਰਿਆਮ ਸਿੰਘ, ਭਾ. ਕੁੰਢਾ ਸਿੰਘ, ਸ. ਪਰੇਮ ਸਿੰਘ, ਸ. ਗੁਰਬਖਸ਼ ਸਿੰਘ, ਸ. ਹਰਬਖਸ਼ ਸਿੰਘ, ਗਾਲਬ ਕਲਾਂ। ਭਾ. ਸ਼ੇਰ ਸਿੰਘ, ਭਾ. ਮਹਿੰਦਰ ਸਿੰਘ ਗਰੰਥੀ, ਭਾ. ਹਰਨਾਮ ਸਿੰਘ ਜਥੇਦਾਰ ਗਾਲਬ ਰਣ ਸਿੰਘ। ਜਥੇਦਾਰ ਹਰਨਾਮ ਸਿੰਘ, ਸ: ਉਤਮ ਸਿੰਘ, ਸ. ਨਿਰਭੈ ਸਿੰਘ, ਸ: ਪੂਰਨ ਸਿੰਘ, ਸ: ਸੰਤਾ ਸਿੰਘ, ਸ: ਆਲਾ ਸਿੰਘ, ਗਾਲਬ ਨਵਾਂ ਪਿੰਡ। ਭਾਈ ਚੰਨਣ ਸਿੰਘ, ਸ: ਅਮਰ ਸਿੰਘ, ਸ: ਭਾਨ ਸਿੰਘ, ਸ: ਕਪੂਰ ਸਿੰਘ ਜਥੇਦਾਰ, ਸ: ਸੰਤਾ ਸਿੰਘ, ਸ: ਕੇਹਰ ਸਿੰਘ, ਸਰਦਾਰ ਕਰਤਾਰ ਸਿੰਘ, ਸ: ਸੁੰਦਰ ਸਿੰਘ, ਸਿਖ ਦੌਲਤ। ਮਾਘਾ ਸਿੰਘ, ਹਰਨਾਮ ਸਿੰਘ, ਨੰਬਰਦਾਰ ਹਰਨਾਮ ਸਿੰਘ, ਬੰਗਸੀਪੁਰਾ। ਸ: ਜੋਗਿੰਦਰ ਸਿੰਘ, ਸ: ਮੇਵਾ ਸਿੰਘ, ਸ: ਕੇਹਰ ਸਿੰਘ, ਸ: ਭਾਨ ਸਿੰਘ, ਸ: ਈਸ਼ਰ ਸਿੰਘ, ਸ: ਮਹਿੰਗਾ ਸਿੰਘ, ਸ. ਲਾਭ ਸਿੰਘ, ਸ: ਵਰਿਆਮ ਸਿੰਘ, ਸ: ਚੰਦਾ ਸਿੰਘ, ਸ: ਮੋਹਣ ਸਿੰਘ, ਸ: ਨੰਦ ਸਿੰਘ, ਸ: ਬੰਤਾ ਸਿੰਘ, ਸ ਪੂਰਨ ਸਿੰਘ, ਸੋਢੀਵਾਲ। ਸ: ਕਰਤਾਰ ਸਿੰਘ, ਸਰਦਾਰ ਇੰਦਰ ਸਿੰਘ, ਸ: ਸੁੰਦਰ ਸਿੰਘ, ਸ. ਸੰਤਾ ਸਿੰਘ, ਜਥੇਦਾਰ ਕੇਹਰ ਸਿੰਘ, ਸ: ਹਰਦਮ ਸਿੰਘ, ਸ. ਧਰਮ ਸਿੰਘ, ਸ: ਗੁਰਨਾਮ ਸਿੰਘ, ਸ. ਉਤਮ ਸਿੰਘ, ਸ: ਬੰਤਾ ਸਿੰਘ, ਸ. ਬਦਨ ਸਿੰਘ, ਸ. ਪਾਲ ਸਿੰਘ, ਸ: ਵਜ਼ੀਰ ਸਿੰਘ ਸਿਵੀਆਂ।

Digitized by Panjab Digital Library | www.panjabdigilib.org

## ਬਾਜਵੇ ਤੋਂ ਫੌਜਾ ਸਿੰਘ ਵਾਲੇ ਖੇਹਰੇ ਆਉਣ ਦਾ ਕਾਰਨ

ਮਾਈ ਰਾਮ ਕੌਰ ਦਾ ਸਪੁਤ੍ਰ ਬੰਮਣ ਸਿੰਘ ਜੀ ਖੇਹਰਾ ਅੱਗੇ ਇਕ ਜੱਥੇ ਵਿਚ ਜੈਤੋ ਜਾਕੇ ਕੈਦ ਹੋ ਗਿਆ ਸੀ। ਇਸ ਕਰਕੇ ਮਾਈ ਜੀ ਕਹਿਣ ਮੈਨੂੰ ਜੱਥੇ ਦਾ ਹਰ ਸਿੰਘ ਬੰਮਣ ਸਿੰਘ ਪੁਤ੍ਰ ਵਾਂਗ ਪਿਆਰਾ ਲਗਦਾ ਹੈ। ਪੁਲਸ ਨੇ ਮਾਈ ਨੂੰ ਬਹੁਤ ਕਿਹਾ ਕਿ ਤੂੰ ਜੱਥੇ ਦੀ ਸੇਵਾ ਨਾ ਕਰ ਪੰਤੂ ਮਾਈ ਨੇ ਕੋਈ ਪ੍ਰਵਾਹ ਨਾ ਕੀਤੀ, ਪ੍ਰੇਮ ਅੱਗੇ ਨੇਮ ਨਹੀਂ, ਜੱਥਾ ਬਜਵੇ ਤੋਂ ਮਾਤਾ ਜੀ ਖੇਹਰੇ ਲੈ ਗਈ, ਤੇ ਨਗਰ ਨੇ ਜਲ ਪਾਣੀ ਦੀ ਸੇਵਾ ਪ੍ਰੇਮ ਨਾਲ ਕੀਤੀ, ਜਲੰਧਰ ਦੇ ਜ਼ਿਲੇ ਵਿਚੋਂ ਇਹ ਜੱਥਾ ੫ ਨੂੰ ਤਿਹਾੜਾ ਗਿਦੜ ਵਿੰਡੀ, ਮਨਸੀਹਾਂ ਬਾਜਣ ਤੇ ਅਬੂ ਪੁਰਾ ਵਿਚ ਹੁੰਦਾ ਹੋਇਆ ਪੜਾ ਸਿਧਵਾਂ ਬੇਟ ਪੁਜ ਗਿਆ। ਅਗਲੇ ਦਿਨ ਸੋਢੀਵਾਲ, ਸਿਢੀਆਂ ਤੇ ਸਿੱਖ ਦੌਲਤ ਦੀ ਸੰਗਤ ਨੇ ਬੜੇ ਪ੍ਰੇਮ ਨਾਲ ਪਿੰਡ ਲੈ ਜਾ ਕੇ ਜਲ ਪਾਣੀ ਦੀ ਸੇਵਾ ਕੀਤੀ, ੬ ਨੂੰ ਗਾਲਬ ਕਲਾਂ, ਇਥੇ ਜਦ ਜਥਾ ਪੁਜਿਆ ਤਾਂ ਬਰਸਾਤ ਨਾਲ ਗਲੀਆਂ ਵਿਚ ਚਿਕੜ ਹੋ ਗਿਆ। ਸਿੰਘਾਂ ਨੇ ਪ੍ਰੇਮ ਵਸ ਹੋ ਕੇ ਜਵਾਰ ਦੀਆਂ ਪੂਲੀਆਂ ਗਲੀਆਂ ਵਿਚ ਵਿਛਾ ਦਿਤੀਆਂ ਅਤੇ ਜਥੇ ਦੀ ਬਹੁਤ ਪ੍ਰੇਮ ਨਾਲ ਸੇਵਾ ਕੀਤੀ। ਇਸ ਤੋਂ ਅਗਲੇ ਪੜਾ ਹੇਠ ਲਿਖੇ ਅਨੁਸਾਰ ਕੀਤੇਃ– ੭ ਨੂੰ ਢੁਡੀਕੇ, ੮ ਨੂੰ ਘੋਲੀਆਂ, ੯-੧੦ ਨੂੰ ਦੌਨੂਵਾਲਾ, ੧੧ ਨੂੰ ਭੱਟੀ ਭਾਈ, ੧੨ ਨੂੰ ਰਣ ਸਿੰਘ ਵਾਲਾ, ੧੩-੧੪ ਅਗਸਤ ਨੂੰ ਅੰਤਮ ਪੜਾ ਕਰਕੇ ੧੫ ਅਗਸਤ ਨੂੰ ਜੈਤੋ ਜਾ ਕੇ ਗ੍ਰਿਫਤਾਰ ਹੋ ਗਿਆ।

# ਗਿਆਰਵਾਂ ਸ਼ਹੀਦੀ ਜਥਾ

ਇਹ ਜਥਾ ਭੀ ੧੩ ਜੁਲਾਈ ਨੂੰ ਦਸਵੇਂ ਜਥੇ ਦੇ ਨਾਲ ਹੀ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਰਵਾਨਾ ਹੋਇਆ ਸੀ। ਇਸ ਵਿਚ ਜ਼ਿਲਾ ਫੀਰੋਜ਼ਪੁਰ ਤੇ ਲੁਧਿਹਾਣੇ ਦੇ ਸਿੰਘ ਸਨ। ਇਸ ਜਥੇ ਦੇ ਹੈਡ ਜਥੇਦਾਰ ਸੰਤ ਸੰਤੋਖ ਸਿੰਘ ਜੀ ਬਡੂਵਾਲ (ਫੀਰੋਜ਼ਪੁਰ) ਸ: ਮੇਹਰ ਸਿੰਘ ਮਲ੍ਹਾ (ਲੁਧਿਹਾਣਾ) ਜਥੇਦਾਰ ਗੁਰਦਿਆਲ ਸਿੰਘ ਬੜਾ ਪਿੰਡ (ਜਲੰਧਰ) ਸ: ਅਰਜਨ ਸਿੰਘ ਜੀ ਬਰਸਾਲ (ਲੁਧਿਹਾਣਾ) ਮੀਤ ਜਥੇਦਾਰ ਸਨ! ਸਕੱਤਰ ਸ: ਅਰਜਨ ਸਿੰਘ ਜੀ ਪਿੰਡ ਦੌਧਰ (ਫੀਰੋਜ਼ਪੁਰ) ਸਨ। ਪੰਜ ਪਿਆਰੇ ਭਾਈ ਤੇਜਾ ਸਿੰਘ, ਭਾਈ ਗੁਰਦਿਆਲ ਸਿੰਘ ਕੋਕਰੀ ਕਲਾਂ, ਸਜਨ ਸਿੰਘ ਵਾੜਾ, ਸ: ਲਾਲ ਸਿੰਘ ਭਾਈ ਕਾ ਦਿਆਲ ਪੁਰਾ, ਹਰਬੰਸ ਸਿੰਘ ਮਥੂ ਕੀ ਤਲਵੰਡੀ ਸਨ। ਪ੍ਰਸਿਧ ਅਕਾਲੀ ਆਗੂ ਸ: ਬਚਨ ਸਿਘ ਚੁਗਾਵਾਂ ਭੀ ਇਸ ਜਥੇ ਵਿਚ ਸ਼ਾਮਲ ਸਨ।

ਇਸ ਜਥੇ ਦਾ ਪ੍ਰੋਗ੍ਰਾਮ ਹੇਠ ਲਿਖੇ ਅਨਸਾਰ ਸੀ।

## ਗਿਆਰਵੇਂ ਸ਼ਹੀਦੀ ਜਥੇ ਦੇ ਪੜਾਉ

| | | |
|---|---|---|
| ੧. ਮੀਰਾ ਕੋਟ | ੨. ਗੁਰੂ ਕਾ ਬਾਗ | ੩. ਵਛੋਆ |
| ੪. ਤੇਜਾ ਵਹੀਲਾ | ੫. ਡੇਹਰਾ ਬਾਬਾ ਨਾਨਕ | ੬. ਕੋਟਲੀ |
| ੭. ਬੂੜਾ ਡੱਲਾ | ੮. ਨੈਣਾ ਕੋਟ | ੯. ਦੁਰਾਗਲਾ |
| ੧੦. ਬਰਸੋਲਾ | ੧੧. ਗੁਰਦਾਸਪੁਰ | ੧੨. ਤਿਬੜੀ |
| ੧੧. ਕਾਹਨੂੰ ਆਣ | ੧੪. ਗਨੂਪੁਰਾ | ੧੫. ਨੁਸ਼ਹਿਰਾ |
| ੧੬. ਹਿੰਮਤਪੁਰਾ | ੧੭. ਡਫਰ | ੧੮. ਅੰਬਾਲਾ |

Digitized by Panjab Digital Library | www.panjabdigilib.org

| | | |
|---|---|---|
| ੧੯. ਕੰਧਾਲਾ ਜਟਾਂ | ੨੦. ਭੋਗਪੁਰ | ੨੧. ਕਾਲਾ ਬਕਰਾ |
| ੨੨. ਜੰਡੂ ਸਿੰਘਾਂ | ੨੩. ਭਾਖੜੀਆਂ | ੨੪. ਫਗਵਾੜਾ |
| ੨੫. ਢੇਸੀਆਂ ਕਾਹਨਾਂ | ੨੬. ਰੁੜਕੀ | ੨੭. ਬਿਲਗਾ |
| ੨੮. ਸੰਗੋਵਾਲ | ੨੯. ਚੱਕ ਜਟਾਂ | ੩੦. ਲਲਤੋਂ |
| ੩੧. ਛਪਾਰ | ੩੨. ਮੋਹੀ | ੩੩. ਰਾਜੋਆਣਾ |
| ੩੪. ਰੂਮੀ | ੩੫. ਮਲ੍ਹਾਂ | ੩੬. ਬਡੋਵਾਲ |
| ੩੭. ਨਾਨਕਸਰ | ੩੮. ਤਖਤੂ ਪੁਰਾ | ੩੯. ਹਿੰਮਤ ਪੁਰਾ |
| ੪੦. ਮਹੀਆਂ ਵਾਲਾ | ੪੧. ਮੌੜ | ੪੨. ਜੇਠੂ |
| ੪੩. ਦਰਾਜ | ੪੪. ਦਤੂਆ | ੪੫. ਭੁਚੋ ਮੰਡੀ |
| ੪੬. ਭੋਖੜੀ | ੪੭. ਜੈਤੋ | |

ਸ੍ਰੀ ਅੰਮ੍ਰਿਤਸਰ ਤੋਂ ਰਵਾਨਾ ਹੋਕੇ ਪਹਿਲਾ ਪੜਾ ਮੀਰਾਂਕੋਟ, ੧੪ ਗੁਰੂ ਕਾ ਬਾਗ, ੧੫ ਨੂੰ ਵਛੋਆ, ਜ਼ਿਲਾ ਗੁਰਦਾਸਪੁਰ ਤੇਜਾ ਵਹੀਲਾ ੧੬, ਡੇਹਰਾ ਬਾਬਾ ਨਾਨਕ ੧੭, ਇਥੇ ਜਥੇ ਵਿਚੋਂ ਡਾ: ਆਤਮਾ ਸਿੰਘ ਚਲਾਣਾ ਕਰ ਗਏ। ਜਥੇ ਨੇ ਉਨ੍ਹਾਂ ਦਾ ਅੰਤਮ ਸੰਸਕਾਰ ਕੀਤਾ। ਇਸ ਸਮੇਂ ਦੀਆਂ ਫੋਟੋ ਸ਼੍ਰੋ: ਕਮੇਟੀ ਦੇ ਦਫਤਰ ਵਿਚ ਮੌਜੂਦ ਹਨ। ੧੮ ਜੁਲਾਈ ਨੂੰ ਜਥਾ ਕਰਤਾਰ ਪੁਰ ਰਾਵੀ ਤੋਂ ਹੁੰਦਾ ਹੋਇਆ ਕੋਟਲੀ ਪੁਜਿਆ। ਇਸ ਤੋਂ ਅਗੇ ਬੂੜਾ ਡਲਾ ੧੯-੨੦, ਨੈਣਾ ਕੋਟ ੨੧, ਦੁਰਾਗਲਾ ੨੨, ਬਰਸੌਲਾ ੨੩, ਗੁਰਦਾਸਪੁਰ ਸ਼ਹਿਰ ੨੪, ਤਿਬੜੀ ੨੫, ਕਾਹਨੂਆਣ ੨੬-੨੭, ਗੁਨੂਪੁਰ ੨੮ ਤੱਕ ਪ੍ਰਚਾਰ ਕੀਤਾ।

ਜ਼ਿਲਾ ਹੁਸ਼ਿਆਰਪੁਰ ਦੇ ਪੜਾਉ:— ਨੁਸ਼ਹਿਰਾ ੨੯, ਮਕੇਰੀਆਂ ੩੦, ਹਿੰਮਤਪੁਰਾ ੩੧, ਡਫਰ ੧ ਅਗਸਤ, ਅੰਬਾਲਾ ੨, ਕੰਧਾਲਾ ਜਟਾ ੩-੪ ਅਗਸਤ।

ਜ਼ਿਲਾ ਜਲੰਧਰ ਦੇ ਪੜਾਉ:— ਭੋਗਪੁਰ ੫, ਕਾਲਾ ਬਕਰਾ ੬, ਜੰਡੂ ਸਿੰਘਾ ੭, ਭਾਖੜੀਆਂ (ਕਪੂਰਥਲਾ) ੮ ਤੇ ਫਗਵਾੜਾ ੯, ਢੇਸੀਆਂ ਕਾਹਨਾ ੧੦, ਰੁੜਕੀ ੧੧, ਬਿਲਗਾ ੧੨, ਸੰਗੋਵਾਲ ੧੩, ਬਿਲਗੇ ਵਿਚ ਜਥੇ ਦੀ ਸੇਵਾ ਕਰਨ ਬਦਲੇ ਹਿੰਦੂ ਭਰਾ, ਮਿਲਖੀ ਰਾਮ, ਨਰਾਇਣ ਦਾਸ ਤੇ ਰਾਮ ਚੰਦ ਨੂੰ ਗ੍ਰਿਫਤਾਰ ਕੀਤਾ ਗਿਆ। ਸ: ਭਗਵਾਨ ਸਿੰਘ ਜੀ ਨੂੰ ਇਸੇ ਦੋਸ਼ ਵਿਚ ਸਫੇਦਪੋਸ਼ੀ ਤੋਂ ਹਟਾਇਆ ਘਿਆ, ਸੰਗੋਵਾਲ ਪੜਾ ਪਰ ਜਥੇ ਦੀ ਸੇਵਾ ਬਦਲੇ ਜਥੇਦਾਰ ਵੀਰ ਸਿੰਘ ਪੁਆਧੜਾ ਨੂੰ ਇਕ ਸਾਲ ਕੈਦ ਦੀ ਸਜ਼ਾ ਹੋਈ।

ਜ਼ਿਲਾ ਜਲੰਧਰ ਵਿਚੋਂ ਇਹ ਜਥਾ ਲੁਧਿਆਣੇ ਵਿਚ ਦਾਖਲ ਹੋਇਆ। ੧੪ ਅਗਸਤ ਨੂੰ ਜਥੇ ਨੇ ਚੱਕ ਜਟਾਂ ਵਿਚ ਪੜਾ ਕੀਤਾ, ੧੫ ਨੂੰ ਲਲਤੋਂ ਪੁਜਿਆ। ਇਸ ਪਿੰਡ ਵਿਚੋਂ ਪੁਲਸ ਨੇ ਸੇਵਾ ਵਿਚ ਰੁਕਾਵਟ ਪਾਉਣ ਲਈ ਭਾ: ਰਵੇਲ ਸਿੰਘ, ਬਚਨ ਸਿੰਘ, ਨਿਹਾਲ ਸਿੰਘ, ਕੇਸਰ ਸਿੰਘ ਤੇ ਪੰਜਾਬ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਪਰ ਸੰਗਤਾਂ ਨੇ ਹੋਰ ਭੀ ਉਤਸ਼ਾਹ ਨਾਲ ਸੇਵਾ ਕੀਤੀ। ੧੬ ਨੂੰ ਜਥਾ ਛਪਾਰ ਪੁਜਿਆ। ਇਥੋਂ ਦੇ ਸ: ਮਹਿੰਦਰ ਸਿੰਘ ਜੀ ਐਮ. ਐਲ. ਸੀ. ਨੂੰ ਗ੍ਰਿਫਤਾਰ ਕਰਕੇ ਸਜ਼ਾ ਦਿਤੀ ਗਈ। ਰਾਤ ਨੂੰ ਜਥਾ ਮੋਹੀ ਠਹਿਰਿਆ, ਰਾਜੋਆਣਾ ੧੭, ਰੂਮੀ ੧੮, ਮਲ੍ਹਾਂ ੧੯, ਬਡੋਵਾਲ ੨੦, ਰਾਹ ਵਿਚ ਨਾਨਕਸਰ, ਤਖਤੂ ਪੁਰਾ ਤੇ ਹੋਰ ਪਿੰਡਾਂ ਦੀਆਂ ਸੰਗਤਾਂ ਨੇ ਜਥੇ ਦੀ ਬਹੁਤ ਪ੍ਰੇਮ ਨਾਲ ਸੇਵਾ ਕੀਤੀ। ਬੇਅੰਤ ਮਾਇਆ ਅਰਦਾਸ ਕਰਾਈ ਤੇ ਬਸਤ੍ਰ ਭੇਟਾ ਕੀਤੇ

ਇਸ ਤੋਂ ਅਗੇ ੨੨ ਅਗਸਤ ਨੂੰ ਹਿੰਮਤ ਪੁਰਾ, ੨੩-੨੪ ਮਹੀਆਂ ਵਾਲਾ, ੨੫ ਨੂੰ ਮੌੜ

Digitized by Panjab Digital Library | www.panjabdigilib.org

੨੬ ਜੇਠੂ ਪੁਜ ਕੇ ਪੰਥ ਦਾ ਸੰਦੇਸ਼ ਸੰਗਤਾਂ ਨੂੰ ਸੁਣਾਇਆ। ਇਸ ਇਲਾਕੇ ਵਿਚ ਕੁਝ ਪਿੰਡ ਰਿਆਸਤੀ ਸਨ ਉਨ੍ਹਾਂ ਵਿਚ ਪੁਲਸ ਨੇ ਜਥੇ ਦੀ ਸੇਵਾ ਕਰਨ ਵਾਲਿਆਂ ਪਰ ਬੜੀ ਸਖਤੀ ਕੀਤੀ। ਜਦ ਜਥਾ ਮੌੜ ਤੋਂ ਚਲਕੇ ਦਰਾਜ ਪੁਜਿਆ ਤਾਂ ਸੰਗਤਾਂ ਨੇ ਜਥੇ ਨੂੰ ਛਕਾਉਣ ਲਈ ਜੋ ਚਾਹ ਦੁਧ ਤਿਆਰ ਕੀਤਾ ਸੀ ਉਹ ਪੁਲਸ ਨੇ ਡੋਲ੍ਹ ਦਿਤਾ। ਸੇਵਾ ਕਰਨ ਵਾਲਿਆਂ ਪਰ ਮਾਰ ਕੁਟਾਈ ਕੀਤੀ ਗਈ। ਇਸ ਪਿੰਡ ਦਾ ਇਕ ਸਿੰਘ ਭਾਈ ਫਤਹਿ ਸਿੰਘ ਪੁਲਸ ਦੀ ਕੁਟ ਦੇ ਕਾਰਨ ਕੁਝ ਦਿਨਾਂ ਪਿਛੋਂ ਚੜ੍ਹਾਈ ਕਰ ਗਿਆ।

੨੭ ਅਗਸਤ ਨੂੰ ਜਥਾ ਜੇਠੂਕੇ ਤੋਂ ਅਗੇ ਚਲ ਪਿਆ। ਭੂੰਦੜ ਆਦਿਕ ਪਿੰਡਾਂ ਤੋਂ ਹੁੰਦਾ ਹੋਇਆ ੨੮ ਅਗਸਤ ਨੂੰ ਭੁਚੋ ਮੰਡੀ ਪੁਜਿਆ। ੨੯-੩੦ ਭੋਖੜੀ ਵਿਚ ਪੜਾ ਕਰਕੇ ੧ ਸਤੰਬਰ ਨੂੰ ਜੈਤੋ ਪੁਜ ਕੇ ਗ੍ਰਿਫਤਾਰ ਹੋ ਗਿਆ।

# ਬਾਰੁਵਾਂ ਸ਼ਹੀਦੀ ਜੱਥਾ

ਇਸ ਜਥੇ ਵਿਚ ਭੀ ਬਹੁਤੇ ਸਿੰਘ ਜ਼ਿਲਾ ਫੀਰੋਜ਼ਪੁਰ ਤੇ ਲੁਧਿਆਣੇ ਦੇ ਸਨ। ਇਸ ਤੋਂ ਬਿਨਾਂ ਕੁਝ ਸਿੰਘ ਨਾਗਪੁਰ, ਦਿਲੀ ਤੇ ਕਲਕਤੇ ਵਿਚੋਂ ਆ ਕੇ ਭੀ ਇਸ ਜਥੇ ਵਿਚ ਸ਼ਾਮਲ ਹੋਏ। ਇਸ ਦੇ ਹੈਡ ਜਥੇਦਾਰ ਸ. ਸੁਚਾ ਸਿੰਘ ਜੀ ਮੋਗਾ ਅਤੇ ਜਥੇਦਾਰ ਸ. ਕੇਹਿਰ ਸਿੰਘ ਸਾਹਿਬ ਚੰਦ ਸਨ। ਸ੍ਰੀ ਅਕਾਲ ਤਖਤ ਸਾਹਿਬ ਤੋਂ ਹੁਕਮ ਲੈ ਕੇ ਜਥਾ ੧੭ ਅਗਸਤ ਨੂੰ ਰਵਾਨਾ ਹੋਇਆ।

## ਬਾਰਵੇਂ ਜਥੇ ਦੇ ਪੜਾਉ

| | | | | | |
|---|---|---|---|---|---|
| ੧. | ਸੋਹਲ ਭੱਤ | ੨. | ਪੋਹੂ ਵਿੰਡ | ੩. | ਬੋਪਾਰਾਏ |
| ੪. | ਦਾਸੂਵਾਲ | ੫. | ਰਤੋਕੇ (ਲਾਹੌਰ) | ੬. | ਖਾਰੇ |
| ੭. | ਸਹਾਰੀ | ੮. | ਖੁਡੀਆਂ | ੯. | ਚਾਉਕੇ |
| ੧੦. | ਸ਼ਹਿਰ ਫੀਰੋਜ਼ਪੁਰ | ੧੧. | ਝੋਕ ਸ਼ਾਮ ਸਿੰਘ | ੧੨. | ਗੁਰੂ ਹਰ ਸਹਾਇ |
| ੧੩. | ਜ਼ਿਲਾ ਫੀਰੋਜ਼ਪੁਰ ਦੇ ਹੋਰ ਕਈ ਪਿੰਡ | | | ੧੪. | ਮਲੋਟ |

੧੮ ਅਗਸਤ ਸੋਹਲ ਭੱਟੀ, ੧੯ ਪੋਹੂ ਵਿੰਡ, ੨੦ ਬੋਪਾ ਰਾਏ, ੨੧ ਦਾਸੂਵਾਲ, ਰਤੋਕੇ, ਲਾਹੌਰ, ੨੨-੨੩ ਠਹਿਰਕੇ ੨੪ ਨੂੰ ਖਾਰੇ ਪੁਜਿਆ। ਸੰਗਤਾਂ ਨੇ ਰਾਹ ਵਿਚ ਬੜੇ ਪਰੇਮ ਨਾਲ ਸੇਵਾ ਕੀਤੀ। ੨੫ ਅਗਸਤ ਨੂੰ ਜੱਥਾ ਸਹਾਰੀ ਪੁਜਿਆ। ਇਸ ਤੋਂ ਅਗੇ ੨੭ ਖੁਡੀਆਂ, ੨੮ ਚਾਉਕੇ ਪੜਾ ਕੀਤਾ। ਇਥੋਂ ਜਥੇ ਨੇ ਦਰਿਆ ਪਾਰ ਕਰਕੇ ਜ਼ਿਲਾ ਫੀਰੋਜ਼ਪੁਰ ਵਿਚ ਦਾਖਲ ਹੋਣਾ ਸੀ। ਪਰ ਦਰਿਆ ਵਿਚ ਹੜ੍ਹ ਆਉਣ ਕਰਕੇ ਜਥਾ ਗੰਡਾ ਸਿੰਘ ਵਾਲੇ ਦੇ ਪੁਲ ਤੋਂ ਲੰਘਿਆ ਤੇ ੨੮ ਅਗਸਤ ਨੂੰ ਜ਼ਿ: ਫੀਰੋ: ਵਿਚ ਦਾਖਲ ਹੋਇਆ। ੨੯ ਨੂੰ ਜਥੇ ਨੇ ਸ਼ਹਿਰ ਫੀਰੋਜ਼ਪੁਰ ਵਿਚ ਪੜਾ ਕੀਤਾ। ਇਥੋਂ ਝੋਕ ਸ਼ਾਮ ਸਿੰਘ ੩੦, ਗੁਰੂ ਹਰ ਸਹਾਇ ੩੧ ਅਗਸਤ ਪੜਾ ਕਰਕੇ ਜ਼ਿਲਾ ਫੀਰੋਜ਼ਪੁਰ ਦੇ ਹੋਰ ਕਈ ਪਿੰਡਾਂ ਵਿਚੋਂ ਹੁੰਦਾ ਹੋਇਆ ੭ ਨੂੰ ਮਲੋਟ ਪੁਜ ਗਿਆ।

ਸ਼੍ਰੋ: ਕਮੇਟੀ ਦੇ ਐਲਾਨ ਨੰ: ੨੦੫੭ ਵਿਚ ਪ੍ਰਗਟ ਕੀਤਾ ਗਿਆ ਸੀ ਕਿ ਮਲੋਟ ਵਿਚ ਰਾਤ ਸਮੇਂ ਕਿਸੇ ਪਾਪੀ ਨੇ ਜਥੇ ਦੀ ਦਾਲ ਵਿਚ ਜ਼ਹਿਰ ਮਿਲਾ ਦਿਤਾ। ਡਾਕਟਰ ਨੂੰ ਕੁਝ ਸ਼ੱਕ ਹੋ ਗਿਆ। ਉਸ ਨੇ ਦਾਲ ਵਰਤਾਉਣੀ ਬੰਦ ਕਰਾ ਦਿੱਤੀ ਅਤੇ ਕੜਾਹ ਪ੍ਰਸ਼ਾਦ ਵਰਤਾਉਣ ਲਈ ਕਿਹਾ ਪ੍ਰੰਤੂ ਪਿੱਛੇ ਪਤਾ ਲੱਗਿਆ ਕਿ ਉਸ ਵਿਚ ਭੀ ਜ਼ਹਿਰ ਸੀ। ਪੰਜਾਹ ਕੁ ਸਿੰਘਾਂ ਨੇ ਕੜਾਹ ਖਾਧਾ ਉਨ੍ਹਾਂ ਨੂੰ ਉਪਰ ਛਾਲਾਂ ਲੱਗ ਗਈਆਂ। ਬਾਕੀਆਂ ਨੇ ਪ੍ਰਸ਼ਾਦ ਨਾ ਛਕਿਆ, ਜਿਸ ਕਰਕੇ ਬਚਾਓ ਹੋ ਗਿਆ।

Digitized by Panjab Digital Library | www.panjabdigilib.org

ਉਸ ਸਮੇਂ ਸੰਗਤਾਂ ਵਿਚ ਇਹ ਚਰਚਾ ਸੀ ਕਿ ਇਹ ਜ਼ਹਿਰ ਕਿਸ ਝੋਲੀ ਚੁਕ ਨੇ ਮਿਲਾਇਆ ਪ੍ਰੰਤੂ ਕਾਫ਼ੀ ਪੜਤਾਲ ਕਰਨ ਦੇ ਬਾਵਜੂਦ ਇਹ ਪਤਾ ਨਹੀਂ ਚਲ ਸਕਿਆ ਕਿ ਇਹ ਪਾਪ ਕਰਮ ਕਿਸ ਨੇ ਕੀਤਾ ਸੀ ।

# ਤੇਰੁਵਾਂ ਸ਼ਹੀਦੀ ਜੱਥਾ

ਪੰਜ ਸੌ ਸੂਰਬੀਰ ਸਿੰਘਾਂ ਦਾ ਇਹ ਜਥਾ ੧੮ ਸਤੰਬਰ ਨੂੰ ਸ੍ਰੀ ਅੰਮਿਤਸਰ ਤੋਂ ਜੈਤੋ ਨੂੰ ਰਵਾਨਾ ਹੋਇਆ । ਇਸ ਦੇ ਜਥੇਦਾਰ ਭਾ: ਲੱਖਾ ਸਿੰਘ ਜਹਾਨ ਸ਼ਾਹ ਜ਼ਿਲਾ ਗੁਜਰਾਂਵਾਲਾ, ਮੀਤ ਜਥੇਦਾਰ ਸ: ਅਰਜਨ ਸਿੰਘ ਬਰਸਾਲ ਜ਼ਿਲਾ ਲੁਧਿਹਾਣਾ ਸਨ । ਇਸ ਜਥੇ ਵਿਚ ਜ਼ਿਲ੍ਹਾ ਗੁਜਰਾਂਵਾਲਾ, ਸਿਆਲਕੋਟ ਤੇ ਲੁਧਿਹਾਣਾ ਆਦਿਕ ਦੇ ਮਿਲੇ ਜੁਲੇ ਸਿੰਘ ਸਨ । ਜਿਸ ਸਮੇਂ ਇਹ ਜਥਾ ਸ੍ਰੀ ਅਕਾਲ ਤਖਤ ਸਾਹਿਬ ਹਾਜ਼ਰ ਹੋਇਆ ਤਾਂ ਉਸ ਸਮੇਂ ਇਕ ਮਾਈ ਨੇ ਆਪਣਾ ਛੋਟਾ ਜਿਹਾ ਲਾਲ ਜਥੇ ਦੀ ਭੇਟਾ ਕੀਤਾ । ਸੰਗਤ ਨੇ ਉਸ ਦਾ ਨਾਮ ਪੰਜ ਹਜ਼ਾਰੀ ਰਖਿਆ । ਇਹ ਬਚਾ ਲਾਹੌਰ ਜ਼ਿਲੇ ਦਾ ਸੀ ਜੋ ਪਿਛੋਂ ਜਾ ਕੇ ਬੜਾ ਦੇਸ਼ ਭਗਤ ਬਣਿਆ ਤੇ ਆਜ਼ਾਦੀ ਦੀ ਲਹਿਰ ਵਿਚ ਵਧ ਚੜ੍ਹ ਕੇ ਹਿੱਸਾ ਲੈਂਦਾ ਰਿਹਾ ।

ਇਸ ਦਾ ਨਾਮ ਰਘਬੀਰ ਸਿੰਘ ਪੰਜ ਹਾਜ਼ਰੀ ਪ੍ਰਸਿੱਧ ਹੈ ਤੇ ਇਸ ਸਮੇਂ ਕਲਕਤੇ ਵਿਚ ਕਾਰੋਬਾਰ ਕਰਦੇ ਸਨ । ਜਥੇਦਾਰ ਸ੍ਰੀ ਅਕਾਲ ਤਕਤ ਸਾਹਿਬ ਤੋਂ ਹੁਕਮ ਲੈ ਕੇ ਇਹ ਜਥਾ ਰਵਾਨਾ ਹੋਇਆ ਤੇ ਪਹਿਲਾ ਪੜਾ ੧੯ ਨੂੰ ਗੁਰੂ ਕੇ ਬਾਗ ਵਿਚ ਕੀਤਾ ।੨੦ ਸਤੰਬਰ ਨੂੰ ਜਥਾ ਅਗਲੇ ਪੜਾ ਗਗੋਮਾਹਲ ਵਲ ਰਵਾਨਾ ਹੋਇਆ ।

ਇਸ ਪਿੰਡ ਦੇ ਜ਼ੈਲਦਾਰ ਜਵੰਦ ਸਿੰਘ ਨੇ ਪੁਲਸ ਨਾਲ ਮਿਲ ਕੇ ਲੋਕਾਂ ਨੂੰ ਡਰਾਇਆ ਧਮਕਾਇਆ ਕਿ ਉਹ ਜਥੇ ਦੀ ਸੇਵਾ ਨਾ ਕਰਨ, ਲੋਕਾਂ ਨੂੰ ਘਰਾਂ ਵਿਚ ਬੰਦ ਕਰ ਦਿਤਾ ਗਿਆ ਤੇ ਜਥੇ ਦੇ ਨੇੜੇ ਨਾ ਆਉਣ ਦਿਤਾ । ਜਥਾ ਸੜਕ ਦੇ ਨਾਲ ਇਕ ਪਾਸੇ ਕੈਂਪ ਲਗਾ ਕੇ ਬੈਠ ਗਿਆ । ਜ਼ੈਲਦਾਰ ਨੇ ਜਥੇ ਨੂੰ ਕਿਹਾ, "ਮੈਂ ਤੁਹਾਨੂੰ ਇਥੇ ਨਹੀਂ ਉਤਰਨ ਦੇਵਾਂਗਾ" ਜਥੇਦਾਰ ਨੇ ਉਤਰ ਦਿਤਾ "ਅਸੀਂ ਤੇਰੇ ਪਾਸੋਂ ਸੇਵਾ ਨਹੀਂ ਕਰਾਉਣੀ ਪਰ ਸਾਡੇ ਇਥੇ ਉਤਰਨ ਵਿਚ ਤੈਨੂੰ ਕੀ ਨੁਕਸਾਨ ਹੈ ? ਪਰ ਜ਼ੈਲਦਾਰ ਨੇ ਹਕੂਮਤ ਦੇ ਨਸ਼ੇ ਵਿਚ ਕੋਈ ਗੱਲ ਨਾ ਸੁਣੀ । ਉਸ ਨੇ ਪਿੰਡਾਂ ਤੋਂ ਬਦਮਾਸ਼ ਸੱਦੇ ਹੋਏ ਸਨ ਕਿ ਜਥੇ ਨੂੰ ਕੁਟਾਇਆ ਜਾਵੇ । ਜਥਾ ਰਹਿਰਾਸ ਸਾਹਿਬ ਦਾ ਪਾਠ ਕਰ ਰਿਹਾ ਸੀ ਕਿ ਜ਼ੈਲਦਾਰ ਦੇ ਸਦੇ ਹੋਏ ਬਦਮਾਸ਼ਾਂ ਨੇ ਸ਼ਰਾਬਾਂ ਪੀ ਕੇ ਜਥੇ ਪਰ ਮਾਰ ਕੁਟਾਈ ਸ਼ੁਰੂ ਕਰ ਦਿਤੀ । ਜਥੇ ਦੇ ਸਿੰਘ ਅਗੋਂ ਸ਼ਾਂਤ ਰਹੇ । ਇਸ ਮਾਰ ਕੁਟਾਈ ਵਿਚ ੧੫੦ ਸਿੰਘ ਜ਼ਖਮੀ ਹੋ ਗਏ । ਇਸ ਘਟਨਾ ਦੀ ਖਬਰ ਰਾਤ ਨੂੰ ਸ੍ਰੀ ਅੰਮ੍ਰਿਤਸਰ ਪੁਜੀ । ਜਥੇ ਦੀ ਖਬਰ ਲੈਣ ਲਈ ਡਾ: ਕਿਦਲੂ, ਸ੍ਰੀ ਰੂਪ ਲਾਲ ਪੁਰੀ ਸਕੱਤ੍ਰ ਕਾਂਗਰਸ ਕਮੇਟੀ ਦੇ ਗਿਆਨੀ ਹੀਰਾ ਸਿੰਘ ਜੀ ਦਰਦ ਐਡੀਟਰ ਫੁਲਵਾੜੀ ਅਤੇ ਕਈ ਡਾਕਟਰ ਤੇ ਕੰਪੌਡਰ ਆਦਿਕ ਮੋਟਰਾਂ ਰਾਹੀਂ ਰਾਤ ਦੇ ੧੨ ਵਜੇ ਗਗੋਮਾਹਲ ਪੁਜੇ ਡਾਕਟਰਾਂ ਨੇ ਮਰਹਮ ਪੱਟੀ ਕੀਤੀ ਅਤੇ ਲੀਡਰਾਂ ਨੇ ਸਾਰੇ ਹਾਲਾਤ ਦੀ ਪੜਤਾਲ ਕੀਤੀ ।

ਉਲਟਾ ਪੁਲਸ ਨੇ ਜਥੇ ਦੇ ਸਿੰਘਾਂ ਵਿਚੋਂ ਇਸ ਦੁਰਘਟਨਾ ਦੇ ਸਿਲਸਲੇ ਵਿਚ ਦਸ ਸਿੰਘ ਤੇ ਦੋ ਬਾਹਰੋਂ ਗ੍ਰਿਫਤਾਰ ਕਰ ਲਏ । ਗਗੋਮਾਹਲ ਤੋਂ ਰਵਾਨਾ ਹੋ ਕੇ ਜਥਾ ਦਰਿਆ ਰਾਵੀ ਪਾਰ ਕਰਕੇ ਸਿਆਲਕੋਟ ਵਿਚ ਦਾਖਲ ਹੋਇਆ ਤੇ ਹੇਠ ਲਿਖੇ ਥਾਵਾਂ ਤੇ ਪੜਾ ਕੀਤੇ:–

Digitized by Panjab Digital Library | www.panjabdigilib.org

# ਤੇਰਵੇਂ ਜਥੇ ਦੇ ਪੜਾਉ

| | | |
|---|---|---|
| ੧. ਵਧਾਈ ਚੀਮਾ, | ੨. ਨਾਰੋਵਾਲ | ੩. ਦਾਤੇਵਾਲ |
| ੪. ਕਲਾਸ ਵਾਲਾ | ੫. ਸੰਤਲ | ੬. ਗੁਨਾ |
| ੭. ਬਾਬੇ ਦੀ ਬੇਰ | ੮. ਸਿਆਲਕੋਟ | ੯. ਉਗੋਕੇ |
| ੧੦. ਬਲੱਗਣ | ੧੧. ਵਜ਼ੀਰਾਬਾਦ | ੧੨. ਗੁਰੂ ਕੇ ਕੋਠੇ |
| ੧੩. ਗੁਜਰਾਤ | ੧੪. ਮਿੰਟਗੁਮਰੀ | ੧੫. ਲਾਇਲਪੁਰ |
| ੧੬. ਲਾਹੌਰ | ੧੭. ਫੀਰੋਜ਼ਪੁਰ | ੧੮. ਤ੍ਰਖਾਣ ਵਾਲਾ |
| ੧੯. ਗਦੋਂਡੋਬ | ੨੦. ਜੈਤੋ | |

੨੧ ਸਤੰਬਰ ਵਧਾਈ ਚੀਮਾ, ੨੨. ੨੩ ਨਾਰੋਵਾਲ, ੨੪ ਨੂੰ ਦਾਤੇਵਾਲ ੨੫ ਨੂੰ ਕਲਾਸਵਾਲਾ, ੨੬ ਨੂੰ ਸੰਤਲ, ੨੭ ਨੂੰ ਗੁਨਾ, ੨੮-੨੯ ਨੂੰ ਬਾਬੇ ਦੀ ਬੇਰ, ਸਿਆਲਕੋਟ, ੩੦ ਨੂੰ ਉਗੋਕੇ, ੧ ਅਕਤੂਬਰ ਨੂੰ ਬਲੱਗਣ, ੨ ਨੂੰ ਵਜ਼ੀਰਾਬਾਦ, ਗੁਰੂ ਕੇ ਕੋਠੇ ਦਾ ਦਰਸ਼ਨ ਕਰਕੇ ੩ ਨੂੰ ਗੁਜਰਾਤ ਪੁਜ ਗਿਆ ।

ਇਸ ਜਥੇ ਨੇ ਜ਼ਿਲਾ ਗੁਜਰਾਤ, ਮਿੰਗਗੁਮਰੀ, ਲਾਇਲਪੁਰ, ਲਾਹੌਰ ਆਦਿਕ ਦੇ ਪ੍ਰਸਿਧ ਨਗਰਾਂ ਦਾ ਦੌਰਾ ਕੀਤਾ ਤੇ ਜ਼ਿਲਾ ਫੀਰੋਜ਼ਪੁਰ ਦੇ ਪਿੰਡ ਤਰਖਾਣ ਵਾਲ, ਗਦੋਂਡੋਬ ਆਦਿਕ ਵਿਚੋਂ ਲੰਘਕੇ ੧੭ ਜਨਵਰੀ ਨੂੰ ਜੈਤੋ ਪੁਜ ਕੇ ਗ੍ਰਿਫਤਾਰ ਹੋਇਆ । ਇਸ ਜਥੇ ਦੇ ਮੜ੍ਹਰ ਖਾਈ ਪੜਾ ਸਮੇਂ ਇਕ ਸਿੰਘ ਭਾ: ਬਲਵੰਤ ਸਿੰਘ ਗੋਲੀ ਲਗਣ ਨਾਲ ਜ਼ਖਮੀ ਹੋ ਗਿਆ । ਇਸ ਤੋਂ ਇਹ ਅਫਵਾਹ ਫੈਲ ਗਈ ਕਿ ਸਰਕਾਰ ਦੇ ਇਕ ਝੋਲੀ ਚੁਕ ਸ: ਜਨਮੇਜਾ ਸਿੰਘ ਨੇ ਜਥੇ ਪਰ ਗੋਲੀ ਚਲਾ ਦਿਤੀ ਜਿਸ ਨਾਲ ਇਕ ਸਿੰਘ ਜ਼ਖਮੀ ਹੋ ਗਿਆ । ਸਰਕਾਰੀ ਬਿਆਨ ਵਿਚ ਦਸਿਆ ਗਿਆ ਕਿ ਜਨਮੇਜਾ ਸਿੰਘ ਨੇ ਗੋਲੀ ਬਤਖਾਂ ਪਰ ਸ਼ਿਕਾਰ ਲਈ ਚਲਾਈ ਸੀ ਜੋ ਅਚਾਨਕ ਸਿੰਘ ਨੂੰ ਜਾ ਲੱਗੀ ।

ਇਸ ਜਥੇ ਦਾ ਪ੍ਰੋਗਰਾਮ ਬਹੁਤ ਲੰਬਾ ਸੀ ਇਸ ਕਰਕੇ ਸ਼੍ਰੋ: ਕਮੇਟੀ ਨੂੰ ਇਸ ਦੇ ਪ੍ਰੋਗ੍ਰਾਮ ਵਿਚ ਕਈ ਵੇਰ ਤਬਦੀਲੀਆਂ ਕਰਨੀਆਂ ਪਈਆਂ । ਜਥੇ ਦਾ ਪ੍ਰੋਗਰਾਮ ਲੰਬਾ ਹੋਣ ਕਰਕੇ ਸਰਕਾਰ ਨੂੰ ਇਹ ਗਲਤ ਫਹਿਮੀ ਪੈਦਾ ਹੋ ਗਈ ਕਿ ਕਮੇਟੀ ਨੂੰ ਜਥੇ ਵਿਚ ਭੇਜਣ ਵਾਸਤੇ ਸਿੰਘ ਨਹੀਂ ਮਿਲਦੇ ਇਸ ਕਰਕੇ ਇਸ ਜਥੇ ਦਾ ਪ੍ਰੋਗਰਾਮ ਲੰਬਾ ਰਖਿਆ ਗਿਆ ਹੈ ।

ਇਸ ਦੌਰਾਨ ਵਿਚ ਸਰਕਾਰ ਦੇ ਝੋਲੀ ਚੁਕਾਂ ਨੇ ਜੈਤੋ ਦੇ ਮੋਰਚੇ ਨੂੰ ਫੇਹਲ ਕਰਨ ਲਈ ਇਕ ਹੋਰ ਚਾਲ ਚਲੀ । ਉਨ੍ਹਾਂ ਨੇ ਫੈਸਲਾ ਕਰ ਲਿਆ ਕਿ ਝੋਲੀ ਚੁਕਾਂ ਦਾ ਇਹ ਜਥਾ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਉਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਲੈ ਕੇ ਰਵਾਨਾ ਹੋਵੇ ਅਤੇ ਜੈਤੋ ਪੁਜ ਕੇ ਅਖੰਡ ਪਾਠ ਜਾਰੀ ਕਰ ਦੇਵੇ । ਅਖਬਾਰਾਂ ਵਿਚ ਇਸ ਭਾਵ ਦੀਆਂ ਖਬਰਾਂ ਪ੍ਰਕਾਸ਼ਤ ਕਰਾਈਆਂ ਜਾਣ ਕਿ ਜੈਤੋ ਵਿਚ ਪਾਠ ਤੋਂ ਪਾਬੰਦੀਆਂ ਦੂਰ ਹੋ ਗਈਆਂ ਹਨ ਤੇ ਪਾਠ ਆਰੰਭ ਹੋ ਗਿਆ ਹੈ ।

ਝੋਲੀ ਚੁਕਾਂ ਦੀ ਇਸ ਚਾਲ ਤੋਂ ਪੰਥ ਦੇ ਆਗੂ ਭਲੀ ਪ੍ਰਕਾਰ ਜਾਣੂ ਸਨ ਪ੍ਰੰਤੂ ਸਰਕਾਰ ਇਸ ਨਾਲ ਸਿੱਖਾਂ ਵਿਚ ਫੁਟ ਦਾ ਬੀ ਬੀਜਣਾ ਚਾਹੁੰਦੀ ਸੀ ਇਸ ਕਰਕੇ ਉਸ ਨੂੰ ਇਸ ਮਕਸਦ ਵਿਚ ਭਾਵੇਂ ਪੂਰੀ ਪੂਰੀ ਸਫਲਤਾ ਤਾਂ ਨਹੀਂ ਹੋਈ ਪਰ ਫਿਰ ਵੀ ਲੋਕਾਂ ਦਾ ਧਿਆਨ ਕਿਸੇ ਹੋਰ ਪਾਸੇ

Digitized by Panjab Digital Library | www.panjabdigilib.org

ਖਿਚਿਆ ਗਿਆ। ਨਰਮ ਦਲ ਦੇ ਸਿੱਖਾਂ ਨੇ ਸਿੱਖ ਸੁਧਾਰ ਕਮੇਟੀ ਬਣਾਕੇ ਅਕਾਲੀਆਂ ਵਿਰੁਧ ਜਨਤਾ ਵਿਚ ਨਫਰਤ ਫੈਲਾਉਣੀ ਆਰੰਭ ਕਰ ਦਿਤੀ।

੨੦ ਅਕਤੂਬਰ ਨੂੰ ਝੋਲੀ ਚੁਕਾਂ ਦਾ ਜਥਾ ਸ੍ਰੀ ਅੰਮ੍ਰਿਤਸਰ ਤੋਂ ਜੈਤੋ ਨੂੰ ਰਵਾਨਾ ਹੋਇਆ। ਲੋਕਾਂ ਨੇ ਇਸ ਜਥੇ ਵਿਰੁਧ ਸਖਤ ਮੁਜ਼ਾਹਰਾ ਕੀਤਾ ਪ੍ਰੰਤੂ ਪੁਲਸ ਦੀ ਰਾਖੀ ਵਿਚ ਇਹ ਜਥਾ ਜੈਤੋ ਪੁਜਿਆ।

ਜੈਤੋ ਵਿਚ ਨਾਭੇ ਦੇ ਉਨ੍ਹਾਂ ਹਾਕਮਾਂ ਨੇ ਜੋ ਸ਼ਹੀਦੀ ਜਥਿਆਂ ਪਰ ਸਖਤੀਆਂ ਕਰਨ ਦੇ ਨਵੇਂ ਤੋਂ ਨਵੇਂ ਢੰਗ ਸੋਚਦੇ ਰਹਿੰਦੇ ਸਨ ਤੇ ਮਨ ਆਇਆ ਅਤਿਆਚਾਰ ਕਰਦੇ ਸਨ ਇਸ ਜਥੇ ਦਾ ਸ੍ਵਾਗਤ ਕੀਤਾ। ਇਸ ਅਗੇ ਸ਼ਰਤ ਪੇਸ਼ ਕਰਨ ਦਾ ਅਡੰਬਰ ਰਚਿਆ ਗਿਆ। ਜਥੇ ਨੇ ਸ਼ਰਤਾਂ ਪ੍ਰਵਾਨ ਕਰ ਲਈਆਂ ਤੇ ਅਖੰਡ ਪਾਠ ਜਾਰੀ ਕਰ ਦਿਤਾ।

ਸ਼੍ਰੋ: ਕਮੇਟੀ ਨੇ ਇਸ ਢੌਂਗ ਨੂੰ ਖਤਮ ਕਰਨ ਲਈ ੬੧ ਸਿੰਘਾਂ ਦਾ ਇਕ ਸਪੈਸ਼ਲ ਜਥਾ ਜੈਤੋ ਭੇਜਿਆ। ਜਦ ਇਹ ਜਥਾ ਸਟੇਸ਼ਨ ਤੋਂ ਉਤਰ ਕੇ ਗੁ: ਗੰਗਸਰ ਨੂੰ ਰਵਾਨਾ ਹੋਇਆ ਤਾਂ ਨਾਭੇ ਦੇ ਹਾਕਮਾਂ ਨੇ ਉਨ੍ਹਾਂ ਅਗੇ ਭੀ ਸ਼ਰਤਾਂ ਪੇਸ਼ ਕੀਤੀਆਂ। ਜਥੇ ਨੇ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿਤਾ ਤੇ ਗ੍ਰਿਫਤਾਰ ਹੋ ਗਿਆ। ਇਸ ਤੋਂ ਸੰਗਤਾਂ ਨੂੰ ਪਤਾ ਲਗ ਗਿਆ ਕਿ ਕਮੇਟੀ ਦੇ ਜਥੇ ਤੇ ਝੋਲੀ ਚੁਕਾਂ ਦੇ ਜਥੇ ਵਿਚ ਕੀ ਫਰਕ ਹੈ? ਝੋਲੀ ਚੁਕਾਂ ਦੀ ਚਾਲ ਸਫਲ ਨਾ ਹੋਈ। ਉਹ ਇਕ ਅਖੰਡ ਪਾਠ ਦਾ ਭੋਗ ਪਾਕੇ ਆਪਣੇ ੨ ਘਰਾਂ ਨੂੰ ਵਾਪਸ ਚਲੇ ਗਏ। ਸ਼੍ਰੋ: ਕਮੇਟੀ ਦੇ ਸਪੈਸ਼ਲ ਜਥੇ ਪਰ ਪੁਲਸ ਨੇ ਮਾਰ ਕੁਟਾਈ ਭੀ ਕੀਤੀ ਅਤੇ ਮਾਈ ਚੰਦ ਕੌਰ ਆਦਿਕ ਕਈ ਇਸਤ੍ਰੀਆਂ ਨੂੰ ਭੀ ਗ੍ਰਿਫਤਾਰ ਕਰ ਲਿਆ। ਇਸ ਤੋਂ ਉਪ੍ਰੰਤ ਨਾਭੇ ਦੇ ਜ਼ਾਲਮ ਹਾਕਮਾਂ ਵਿਰੁਧ ਐਜੀਟੇਸ਼ਨ ਹੋਰ ਭੀ ਤੇਜ਼ ਹੋ ਗਈ।

# ॥ਚੌਧਵਾਂ ਸ਼ਹੀਦੀ ਜਥਾ॥

ਉਪਰ ਲਿਖੀ ਘਟਨਾ ਹੋਣ ਸਮੇਂ ਤੇਰ੍ਹਵੇਂ ਜਥੇ ਨੂੰ ਰਵਾਨਾ ਹੋਇਆ। ਤਿੰਨ ਮਹੀਨੇ ਗੁਜ਼ਰ ਗਏ ਸਨ। ਇਸ ਤੋਂ ਸਰਕਾਰ ਦੇ ਝੋਲੀ ਚੁਕਾਂ ਨੇ ਇਹ ਗਲਤ ਪ੍ਰਾਪੇਗੰਡਾ ਕਰਨਾ ਸ਼ੁਰੂ ਕਰ ਦਿਤਾ ਕਿ ਅਕਾਲੀ ਲਹਿਰ ਕਮਜ਼ੋਰ ਹੋ ਗਈ ਹੈ। ਇਸ ਕਰਕੇ ਸ਼੍ਰੋ: ਕਮੇਟੀ ਦੇ ਮੁਖੀਆਂ ਨੇ ਚੌਧਵਾਂ ਸ਼ਹੀਦੀ ਜਥਾ ਭੇਜਣ ਦਾ ਫੈਸਲਾ ਕੀਤਾ। ਇਸ ਜਥੇ ਦੇ ਵਡੇ ਜਥੇਦਾਰ ਸ: ਦਰਸ਼ਨ ਸਿੰਘ ਜੀ ਫੇਰੂਮਾਨ, ਜਥੇਦਾਰ ਸ: ਨਰਿੰਦਰ ਸਿੰਘ ਕੰਦੋਲਾਂ ਕਲਾਂ ਜ਼ਿਲਾ ਜਲੰਧਰ, ਮੀਤ ਜਥੇਦਾਰ ਸ: ਨਰਾਇਣ ਸਿੰਘ ਪੰਡੋਰੀ ਗੋਲਾ ਤੇ ਜਨਰਲ ਸਕੱਤ੍ਰ ਸ: ਨਿਰੰਜਨ ਸਿੰਘ "ਸਰਲ" ਜ਼ਿਲਾ ਲਾਹੌਰ ਸਨ। ਸ੍ਰੀ ਅਕਾਲ ਤਖਤ ਸਾਹਿਬ ਤੋਂ ਹੁਕਮਨਾਮਾ ਲੈਕੇ ਇਹ ਜਥਾ ੧੫ ਦਸੰਬਰ ੧੯੨੪ ਨੂੰ ਰਵਾਨਾ ਹੋਇਆ।

## ਚੌਧਵੇਂ ਜਥੇ ਦੇ ਪੜਾਉ

| | | |
|---|---|---|
| ੧. ਕੋਟ ਮਹਿਮੂਦ | ੨. ਚੀਚਾ ਭਕਨਾ | ੩. ਬੁਰਜ |
| ੪. ਧੀਰਕੇ | ੫. ਨੂਰਪੁਰ | ੬. ਹੇਅਰ |
| ੭. ਲਖੋਕੇ | ੮. ਲੁਲਿਆਣੀ | ੯. ਉਗਾੜਾ |
| ੧੦. ਜੋਧੂ | ੧੧. ਭੁਚੋਕੇ ਭੰਬਾ | ੧੨. ਰੋਸੇ ਥੇਹ |
| ੧੩. ਕਕੜ | ੧੪. ਝੁਗੀਆਂ | ੧੫. ਦਾਉਕੇ |
| ੧੬. ਜਮਸ਼ੇਰ | ੧੭. ਜਲਾਲਾਂਬਾਦ | ੧੮. ਭਾਗਸਰ |
| ੧੯. ਮੁਕਤਸਰ | ੨੦. ਜੈਤੋ | |

Digitized by Panjab Digital Library | www.panjabdigilib.org

੧੫ ਨੂੰ ਕੋਟ ਮਹਿਮੂਦ, ੧੬ ਚੀਚਾ ਭਕਨਾ, ੧੭ ਬੁਰਜ, ੧੮ ਧੀਰਕੇ, ੧੯ ਨੂਰਪੁਰ, (ਲਾਹੌਰ), ੨੦ ਹੇਅਰ, ੨੧ ਲਖੋਕੇ, ੨੨-੨੩ ਲਖੋਕੇ, ੨੪ ਲਲਿਆਣੀ, ੨੫ ਉਰਾੜਾ, ੨੬ ਜੋਧੂ, ੨੭ ਭੁਚੋਕੇ, ੨੮-੨੯ ਭੰਬਾ, ੩੦ ਰੋਸੇ ਥੇਹ, ੩੧ ਕਕੜ, ੧ ਜਨਵਰੀ ਝੁਗੀਆਂ, ੨ ਚਾਉਕੇ ੩ ਨੂੰ ਜਮਸ਼ੇਰ।

ਇਸ ਤੋਂ ਅਗੇ ਦਰਿਆ ਪਾਰ ਕਰਕੇ ਜਥਾ ਜ਼ਿਲਾ ਫੀਰੋਜ਼ਪੁਰ ਵਿਚ ਦਾਖਲ ਹੋ ਗਿਆ ਅਤੇ ਜਲਾਲਾਂਬਾਦ ਤੇ ਭਾਗਸਰ ਤੋਂ ਹੁੰਦਾ ਹੋਇਆ ਸ੍ਰੀ ਮੁਕਤਸਰ ਮਾਘੀ ਦੇ ਮੇਲੇ ਤੇ ਪੁਜ ਗਿਆ। ਇਥੇ ਤੇਰ੍ਹਵਾਂ ਤੇ ਚੌਧਵਾਂ ਜਥਾ ਇਕਠੇ ਹੋ ਗਏ। ਦੋਹਾਂ ਵਿਚ ਰਸਾ ਕਸ਼ੀ ਤੇ ਕਬਡੀ ਆਦਿਕ ਦੇ ਮੁਕਾਬਲੇ ਹੋਏ ਜਿਨ੍ਹਾਂ ਨੂੰ ਵੇਖ ਕੇ ਮੇਲਾ ਵੇਖਣ ਆਏ ਲੋਕਾਂ ਪਰ ਬਹੁਤ ਜ਼ਿਆਦਾ ਪ੍ਰਭਾਵ ਵਧਿਆ। ਚੌਧਵਾਂ ਜਥਾ ਜ਼ਿਲਾ ਫੀਰੋਜ਼ਪੁਰ ਤੇ ਪਟਿਆਲੇ ਦੇ ਬਹੁਤ ਸਾਰੇ ਪਿੰਡਾਂ ਵਿਚੋਂ ਪ੍ਰਚਾਰ ਕਰਦਾ ਹੋਇਆ ੨੯ ਜਨਵਰੀ ਨੂੰ ਜੈਤੋ ਪੁਜ ਕੇ ਗ੍ਰਿਫਤਾਰ ਹੋ ਗਿਆ।

## ਕੈਨੇਡੀਅਨ ਸਿੰਘਾਂ ਦਾ ਜਥਾ

ਜੈਤੋ ਵਿਚ ਪਹਿਲੇ ਸ਼ਹੀਦੀ ਜਥੇ ਪਰ ਗੋਲੀ ਚਲਣ ਦੀਆਂ ਖਬਰਾਂ ਜਦ ਵਦੇਸ਼ਾਂ ਵਿਚ ਬੈਠੇ ਸਿਖਾਂ ਨੂੰ ਮਿਲੀਆਂ ਤਾਂ ਉਹ ਭੀ ਬੇਚੈਨ ਹੋ ਉਠੇ। ਅਮਰੀਕਾਂ ਦੀਆਂ ਅਖਬਾਰਾਂ ਦੇ ਰੀਪੋਰਟਰ ਭੀ ਸ੍ਰੀ ਅੰਮ੍ਰਿਤਸਰ ਤੇ ਜੈਤੋ ਪੁਜ ਕੇ ਖਬਰਾਂ ਲੈਂਦੇ ਤੇ ਆਪਣੇ ਪਤ੍ਰਾਂ ਨੂੰ ਭੇਜਦੇ ਰਹੇ ਜਿਸ ਦਾ ਅਸਰ ਇਹ ਹੋਇਆ ਕਿ ਕੈਨੇਡਾ ਵਿਚ ਰਹਿਣ ਵਾਲੇ ਸਿੰਘਾਂ ਨੇ ਭੀ ਜੈਤੋ ਨੂੰ ਜਥਾ ਭੇਜਣ ਦਾ ਫੈਸਲਾਂ ਕੀਤਾ। ੧੭ ਜੁਲਾਈ ੧੯੨੪ ਨੂੰ ਵਿਕਟੋਰੀਆ (ਕੈਨੇਡਾ) ਤੋਂ ੧੧ ਸਿੰਘਾਂ ਦਾਂ ਸ਼ਹੀਦੀ ਜਥਾ ਜੈਤੋ ਵਲ ਰਵਾਨਾ ਹੋਇਆ। ਇਸ ਦੇ ਜਥੇਦਾਰ ਬਾਬਾ ਭਗਵਾਨ ਸਿੰਘ ਦੁਸਾਂਝ (ਜਲੰਧਰ) ਤੇ ਗ੍ਰੰਥੀ ਕਾਬਲ ਸਿੰਘ ਜੀ ਸਨ। ਕੈਨੇਡਾ ਦੀਆਂ ਸੰਗਤਾਂ ਨੇ ਜਥੇ ਨੂੰ ਮਾਨ ਪੱਤ੍ਰ ਆਦਿਕ ਦੇਕੇ ਬੜੇ ਸਤਿਕਾਰ ਨਾਲ ਰਵਾਨਾ ਕੀਤਾ। ੧੦ ਅਗਸਤ ਨੂੰ ਇਹ ਜਥਾ ਸ਼ੰਘਾਈ ਪੁਜ ਗਿਆ। ਇਥੋਂ ਭੀ ਕੁਝ ਸਿੰਘ ਜਥੇ ਨਾਲ ਸ਼ਾਮਲ ਹੋ ਗਏ। ੧੪ ਸਤੰਬਰ ਨੂੰ ਇਹ ਜਥਾ ਕਲਕਤੇ ਪੁਜ ਗਿਆ। ਬੰਦਰਗਾਹ ਪਰ ਹਿੰਦੂਆਂ ਮੁਸਲਮਾਨਾਂ ਤੇ ਸਿਖਾਂ ਨੇ ਜਥੇ ਦਾ ਸ਼ਾਨਦਾਰ ਸਵਾਗਤ ਕੀਤਾ। ਭਾ: ਸੁੰਦਰ ਸਿੰਘ ਜੀ ਰਾਗੀ ਲਾਹੌਰ ਵਾਲੇ ਕਲਕਤੇ ਤੋਂ ਪ੍ਰਚਾਰ ਲਈ ਜਥੇ ਦੇ ਨਾਲ ਸ਼ਾਮਲ ਹੋ ਗਏ।

{ਕੈਨੇਡੀਅਨ ਸਿੰਘਾਂ ਦੇ ਜਥੇ ਦੇ ਪੜਾਉ}

| | | |
|---|---|---|
| ੧. ਕਲਕਤਾ | ੨. ਅਲਾਹਬਾਦ | ੩. ਕਾਨ੍ਹਪੁਰ |
| ੪. ਅੰਬਾਲਾ | ੫. ਲੁਧਿਆਣਾ | ੬. ਜਲੰਧਰ |
| ੭. ਅੰਮ੍ਰਿਤਸਰ | ੮. ਤਰਨ ਤਾਰਨ | ੯. ਬਟਾਲਾ |
| ੧੦. ਲਾਹੌਰ | ੧੧. ਲਾਇਲਪੁਰ | ੧੨. ਰਾਵਲਪਿੰਡੀ |
| ੧੩. ਗੁਜਰਖਾਨ | ੧੪. ਪੰਜਾ ਸਾਹਿਬ | ੧੫. ਨਨਕਾਣਾ ਸਾਹਿਬ |
| ੧੬. ਜਲੰਧਰ | ੧੭. ਹੁਸ਼ਿਆਰਪੁਰ | ੧੮. ਲੁਧਿਆਣਾ |
| ੧੯. ਫੀਰੋਜ਼ਪੁਰ | ੨੦. ਜੈਤੋ | |

੧੭ ਸਤੰਬਰ ਨੂੰ ਇਹ ਜਥਾ ਕਲਕਤੇ ਤੋਂ ਰਵਾਨਾ ਹੋਇਆ। ਰਾਹ ਵਿਚ ਅਲਹਾਬਾਦ, ਕਾਨਪੁਰ, ਦਿਲੀ, ਅੰਬਾਲਾ, ਲੁਧਿਆਣਾ ਤੇ ਜਲੰਧਰ ਆਦਿਕ ਸ਼ਹਿਰਾਂ ਵਿਚ ਸੰਗਤਾਂ ਨੇ ਜਥੇ ਦਾ ਸ਼ਾਨਦਾਰ ਸਵਾਗਤ ਕੀਤਾ ਅਤੇ ੨੮ ਸਤੰਬਰ ਨੂੰ ਸ਼ਾਮ ਦੇ ਚਾਰ ਵਜੇ ਇਹ ਜਥਾ ਸ੍ਰੀ ਅੰਮ੍ਰਿਤਸਰ ਪੁਜ ਗਿਆ। ਜਥੇ ਦਾ ਸਵਾਗਤ ਕਰਨ ਲਈ ਸਟੇਸ਼ਨ ਤੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਮੌਜੂਦ ਸਨ ਤੇ

Digitized by Panjab Digital Library | www.panjabdigilib.org

ਪੰਜਾਬ ਦੇ ਪ੍ਰਸਿਧ ਲੀਡਰਾਂ ਡਾ: ਕਿਚਲੂ, ਮੌ: ਅਬਦੁਲ ਕਾਦਰ ਕਸੂਰੀ, ਮੌਲਾਨਾ ਅਤਾ ਉਲਾ ਸ਼ਾਹ ਬੁਖਾਰੀ, ਆਦਿ ਸਜਨ ਭੀ ਸਵਾਗਤ ਕਰਨ ਲਈ ਹਾਜ਼ਰ ਸਨ।

ਸ਼ਹਿਰ ਵਿਚ ਭਾਰੀ ਜਲੂਸ ਕਢਕੇ ਜਥਾ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਪੁਜਿਆ। ਸ਼ਹਿਰ ਦੀਆਂ ਸਭਾ ਸੁਸਾਇਟੀਆਂ ਵਲੋਂ ਸਨਮਾਨ ਪਤ੍ਰ ਪੇਸ਼ ਕੀਤੇ ਗਏ। ਕੁਝ ਦਿਨ ਸ੍ਰੀ ਅੰਮ੍ਰਿਤਸਰ ਆਰਾਮ ਕਰਕੇ ਜਥੇ ਨੇ ਪੰਜਾਬ ਦੇ ਸ਼ਹਿਰਾਂ ਦਾ ਦੌਰਾ ਆਰੰਭ ਕੀਤਾ। ਤਰਨ ਤਾਰਨ, ਬਟਾਲਾ ਲਾਹੌਰ, ਲਾਇਲਪੁਰ, ਰਾਵਲਪਿੰਡੀ, ਗੁਜਰਖਾਨ, ਪੰਜਾ ਸਾਹਿਬ, ਨਨਕਾਣਾ ਸਾਹਿਬ, ਜਲੰਧਰ, ਹੁਸ਼ਿਆਰਪੁਰ, ਲੁਧਿਆਣਾ, ਫੀਰੋਜ਼ਪੁਰ ਆਦਿਕ ਸ਼ਹਿਰਾਂ ਵਿਚ ਜਥੇ ਨੇ ਪ੍ਰਚਾਰ ਕੀਤਾ ਅਤੇ ਸੰਗਤਾਂ ਨੇ ਬੜੇ ਉਤਸ਼ਾਹ ਨਾਲ ਸਵਾਗਤ ਕੀਤਾ।

ਜਦ ਜਥਾ ੯ ਨਵੰਬਰ ਨੂੰ ਗੁਜਰਖਾਨ ਤੋਂ ਚਲਿਆ ਤਾਂ ਮਿਸਾਕਸਵਾਲ ਸਟੇਸ਼ਨ ਤੇ ਪੁਲਸ ਨੇ ਜਥੇ ਦੇ ਜਥੇਦਾਰ ਬਾਬਾ ਭਗਵਾਨ ਸਿੰਘ ਜੀ ਤੇ ਮੀਤ ਜਥੇਦਾਰ ਸ: ਹਰਬੰਸ ਸਿੰਘ ਜੀ ਨੂੰ ਗ੍ਰਿਫਤਾਰ ਕਰ ਲਿਆ। ਇਨ੍ਹਾਂ ਨੂੰ ਰਾਵਲਪਿੰਡੀ ਦੀ ਇਕ ਅਦਾਲਤ ਵਿਚ ਮੁਕਦਮਾ ਚਲਾ ਕੇ ਦੋ ਦੋ ਸ਼ਾਲ ਕੈਦ ਤੇ ਇਕ ਇਕ ਹਜ਼ਾਰ ਰੁਪਇਆ ਜੁਰਮਾਨਾ ਕੀਤਾ ਗਿਆ।

ਕੈਨੇਡੀਅਨ ਜਥਾ ਗੁਰਪੁਰਬ ਪੋਹ ਸੁਦੀ ਸਪਤਮੀ ਸ੍ਰੀ ਅੰਮ੍ਰਿਤਸਰ ਵਿਚ ਮਨਾ ਕੇ ੨੧ ਫਰਵਰੀ ਨੂੰ ਜੈਤੋ ਵਿਚ ਪੁਜ ਕੇ ਗ੍ਰਿਫਤਾਰ ਹੋਇਆ।

# ਪੰਦਰਵਾਂ ਸ਼ਹੀਦੀ ਜੱਥਾ

ਇਹ ਜੱਥਾ ੧ ਮਾਰਚ ੧੯੨੫ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਰਵਾਨਾ ਹੋਇਆ। ਇਸ ਜੱਥੇ ਦੇ ੪ ਹਿੱਸੇ ਕਰ ਦਿਤੇ ਗਏ ਅਤੇ ਉਨ੍ਹਾਂ ਦਾ ਪ੍ਰੋਗਰਾਮ ਅੱਡ ਅੱਡ ਜਿਲਿਆ ਵਿਚ ਰਖਿਆ ਗਿਆ। ਇਸ ਜੱਥੇ ਦੇ ੫੧ ਸਿੰਘ ੧੧ ਅਪ੍ਰੈਲ ਨੂੰ ਜੈਤੋ ਪੁਜਕੇ ਗ੍ਰਿਫਤਾਰ ਹੋ ਗਏ। ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਤੇ ਬਰਵਲ ਲੈ ਜਾਕੇ ਛੱਡ ਦਿੱਤਾ। ਉਹ ਦਿਲੀ ਪੁਜ ਗਏ। ਉਨ੍ਹਾਂ ਨੇ ਕਮੇਟੀ ਨੂੰ ਲਿਖਿਆ ਕਿ ਹੁਣ ਸਾਨੂੰ ਕੀ ਹੁਕਮ ਹੈ। ਕਮੇਟੀ ਨੇ ਉਨਾਂ ਨੂੰ ਫਿਰ ਜੈਤੋ ਪੁਜਣ ਲਈ ਕਿਹਾ ਤੇ ੮ ਮਈ ਨੂੰ ਇਹ ਜੱਥਾ ਗਡੀ ਰਾਹੀ ਜੈਤੋ ਪੁਜ ਕੇ ਦੁਬਾਰਾ ਗ੍ਰਿਫਤਾਰ ਹੋ ਗਿਆ।

# ਸੋਲਵਾਂ ਸ਼ਹੀਦੀ ਜੱਥਾ

ਪੰਜ ਸੌ ਸੂਰਬੀਰ ਅਕਾਲੀਆਂ ਦਾ ਸੋਲਵਾਂ ਸ਼ਹੀਦੀ ਜੱਥਾ ੧੭ ਅਪ੍ਰੈਲ ਨੂੰ ਸ੍ਰੀ ਅੰਮ੍ਰਿਤਸਰ ਤੋਂ ਰਵਾਨਾ ਹੋਇਆ। ਇਸ ਦੇ ਜੱਥੇਦਾਰ ਸ: ਬਘੇਲ ਸਿੰਘ ਸਠਿਆਲਾ ਸਨ। ਭਾ: ਝੰਡਾ ਸਿੰਘ ਤੇ ਮੰਗਲ ਸਿੰਘ ਗੁਜਰਾਂਵਾਲਾ ਭੀ ਇਸ ਜੱਥੇ ਦੇ ਜੱਥੇਦਾਰ ਸਨ। ਇਸ ਜੱਥੇ ਨੂੰ ਦੋ ਹਿੱਸਿਆ ਵਿਚ ਵੰਡ ਦਿੱਤਾ ਗਿਆ। ਪਹਿਲੇ ਹਿੱਸੇ ਦਾ ਪ੍ਰੋਗਰਾਮ ਜ਼ਿਲਾ ਅੰਮ੍ਰਿਤਸਰ, ਗੁਰਦਾਸਪੁਰ, ਹਸ਼ਿਆਰਪੁਰ, ਜਲੰਧਰ, ਲੁਧਿਆਣਾ ਤੇ ਫੀਰੋਜ਼ਪੁਰ ਵਿਚ ਦੌਰਾ ਕਰਕੇ ਜੈਤੋ ਜਾਕੇ ਗ੍ਰਿਫਤਾਰ ਹੋ ਗਿਆ। ਦੂਜਾ ਹਿਸਾ: ਪ੍ਰੋਗਰਾਮ ਜ਼ਿਲਾ ਸਰਗੋਧਾ, ਝੰਗ, ਗੁਜਰਾਤ, ਗੁਜਰਾਂਵਾਲਾ ਤੇ ਸਿਆਲਕੋਟ ਆਦਿ ਜ਼ਿਲਿਆਂ ਵਿਚ ਦੌਰਾ ਕਰਦਾ ਸੀ। ਜੱਥੇ ਨੇ ਜ਼ਿਲਾ ਸਰਗੋਧਾ ਦਾ ਦੌਰਾ ਸ਼ੁਰੂ ਕੀਤਾ ਸੀ ਕਿ ਪਲੇਗ ਫੁਟ ਗਈ। ਇਸ ਕਰਕੇ ਜੱਥਾ ਕਾਫੀ ਅਰਸਾ ਸਰਗੋਧੇ ਰੁਕਿਆ ਰਿਹਾ। ਇਸ ਜੱਥੇ ਵਿਚੋਂ ਸਰਗੋਧੇ ਵਿਚ ਹੀ ਭਾ: ਸੇਵਾ ਸਿੰਘ ਕਾਮੋਕੀ ਮੰਡੀ, ਭਾ: ਸੰਤਾ ਸਿੰਘ ਕਾਹਨਾ (ਲਾਹੌਰ) ਭਾ: ਕਰਮ ਸਿੰਘ ਅੰਮ੍ਰਿਤਸਰ, ਭਾ:

Digitized by Panjab Digital Library | www.panjabdigilib.org

ਜਗੀਰ ਸਿੰਘ ਠਠੀਆਂ (ਅੰਮ੍ਰਿਤਸਰ) ਭਾ: ਮੁਨਸ਼ੀ ਰਾਮ ਸਿੰਘ ਸਰਗੋਧਾ ਅਕਾਲ ਚਲਾਣਾ ਕਰ ਗਏ। ਇਸ ਤੋਂ ਪਿੱਛੋਂ ਇਹ ਜੱਥਾ ਅੱਗੇ ਰਵਾਨਾ ਹੋਇਆ। ਸਾਧੋਕੀ ਦੇ ਪਾਸ ਮਹਾਰਾਜਾ ਦਲੀਪ ਸਿੰਘ ਦੀ ਪੁਤ੍ਰੀ ਬੰਬਾਂ ਨੇ ਜੱਥੇ ਦੇ ਦਰਸ਼ਨ ਕੀਤੇ ਤੇ ਅਸ਼ੀਰਵਾਦ ਬਾਦ ਦਿਤੀ ਕਿ ਵਾਹਿਗੁਰੂ ਸਿੰਘਾਂ ਨੂੰ ਸਫਲਤਾ ਬਖਸ਼।

ਜਿਸ ਸਮੇਂ ਮਿਸ ਬੰਬਾ ਦੇ ਸੰਗਤ ਨੂੰ ਦਰਸ਼ਨ ਕਰਾਏ ਗਏ ਤਾਂ ਬਹੁਤ ਸਾਰੇ ਸਿੰਘਾਂ ਦੀਆਂ ਅੱਖਾਂ ਵਿਚੋਂ ਅਥਰੂ ਵੱਗ ਤੁਰੇ।

# ਸ਼ੰਘਾਈ ਤੋਂ ਜੱਥਾ

ਕੈਨੇਡਾ ਨਿਵਾਸੀ ਸਿੰਘਾਂ ਵਾਂਗ ਸ਼ੰਘਾਈ (ਚੀਨ) ਵਿਚ ਰਹਿਣ ਵਾਲੇ ਸਿੰਘਾਂ ਨੇ ਭੀ ਜੈਤੋ ਦੇ ਮੋਰਚੇ ਲਈ ੨੫ ਸਿੰਘਾਂ ਦਾ ਸ਼ਹੀਦੀ ਜੱਥਾ ਰਵਾਨਾ ਕੀਤਾ। ਇਸ ਜੱਥੇ ਦੇ ਜੱਥੇਦਾਰ ਸ: ਉਜਾਗਰ ਸਿੰਘ ਤੇ ਮਾਤ ਜੱਥੇਦਾਰ ਸ: ਨਿਰੰਜਨ ਸਿੰਘ ਸਨ। ਕਲਕਤੇ ਵਿਚ ਇਸ ਜੱਥੇ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਅਕਾਲੀ ਦਲ ਬੰਗਾਲ ਸਿੱਖ ਲੀਗ ਤੇ ਕਾਂਗਰਸ ਕਮੇਟੀ ਕਲਕੱਤਾਂ ਨੇ ਮਿਲਕੇ ਕਈ ਜਲਸੇ ਕੀਤੇ ਜਿਨਾਂ ਵਿਚੋਂ ਜੈਤੋ ਦੇ ਮੋਰਚੇ ਸਬੰਧੀ ਪ੍ਰਚਾਰ ਕੀਤਾ ਗਿਆ। ਕਲਕੱਤੇ ਤੋਂ ਚਲਕੇ ਇਹ ਜੱਥਾ ਸ੍ਰੀ ਪਟਨਾ ਸਾਹਿਬ, ਬਨਾਰਸ, ਅਲਾਹਾਬਾਦ, ਲਖਨਊ ਦਿੱਲੀ ਤੇ ਸਹਾਰਨਪੁਰ ਆਦਿ ਸ਼ਹਿਰ ਵਿਚ ਪ੍ਰਚਾਰ ਕਰਦਾ ਹੋਇਆ ੧੫ ਜੁਲਾਈ ਨੂੰ ਸ੍ਰੀ ਅੰਮ੍ਰਿਤਸਰ ਪੁਜ ਗਿਆ। ਜਦ ਜੱਥਾ ਜੈਤੋ ਨੂੰ ਰਵਾਨਾ ਹੋਇਆ ਤਾਂ ਗੁ: ਗੰਗਸਰ ਵਿਚ ਅਖੰਡ ਪਾਠ ਜਾਰੀ ਹੋ ਚੁਕਿਆ ਸੀ। ਪਹਿਲੇ ਪਾਠ ਦੇ ਭੋਗ ਸਮੇਂ ਇਹ ਜੱਥਾ ਜੈਤੋ ਪੁਜ ਗਿਆ।

ਜੈਤੋ ਦੇ ਮੋਰਚੇ ਵਿਚ ਸ਼ਾਮਲ ਹੋਣ ਲਈ ਹਾਂਗਕਾਂਗ ਤੋਂ ਭੀ ਜੱਥਾ ਆਇਆ ਜਿਸ ਨੇ ਸੇਵਾ ਵਿਚ ਵਧ ਚੜ੍ਹਕੇ ਹਿੱਸਾ ਲਿਆ।

# ਸਪੈਸ਼ਲ ਜੱਥਾ

੨੭ ਅਪ੍ਰੈਲ ਨੂੰ ਸ੍ਰੀ ਅਕਾਲ ਤਖ਼ਤ ਤੋਂ ੧੦੧ ਸਿੰਘਾਂ ਦਾ ਸਪੈਸ਼ਲ ਜੱਥਾ ਜੈਤੋ ਨੂੰ ਰਵਾਨਾ ਹੋਇਆ। ਇਹ ਜੱਥਾ ਗਡੀ ਰਾਹੀਂ ਲਾਇਲਪੁਰ ਪੁਜਿਆ। ਇਹ ਅਜੇ ਰਸਤੇ ਵਿਚ ਹੀ ਪ੍ਰਚਾਰ ਕਰ ਰਿਹਾ ਸੀ ਕਿ ਗੁ: ਗੰਗਸਰ ਵਿਚ ਅਖੰਡਪਾਠ ਜਾਰੀ ਹੋ ਗਿਆ। ਹਕੂਮਤ ਨੇ ਅੰਤ ਸਿੰਘਾਂ ਅੱਗੇ ਹੱਥਿਆਰ ਸੁਟ ਦਿੱਤੇ ਅਤੇ ਅਖੰਡ ਪਾਠ ਪਰ ਲਗਾਈਆਂ ਸਭ ਪਾਬੰਦੀਆਂ ਉਠਾ ਲਈਆਂ।

Digitized by Panjab Digital Library | www.panjabdigilib.org

# ਸ਼ਹੀਦੀ ਜਥਿਆਂ ਦੇ ਜਥੇਦਾਰ

## ਚਲਣ ਤੇ ਪਹੁੰਚਣ ਦਾ ਵੇਰਵਾ।

ਪਹਿਲਾ ਸ਼ਹੀਦੀ ਜਥਾ ਨੰਃ ੧ :– ਦੇ ਹੈਡ ਜਥੇਦਾਰ ਸਃ ਊਧਮ ਸਿੰਘ ਜੀ ਵਰਪਾਲ। ੯ ਫਰਵਰੀ ੧੯੨੪ ਨੂੰ ਰਵਾਨਾ ਹੋਇਆ ੨੧ ਫਰਵਰੀ ੧੯੨੪ ਨੂੰ ਜੈਤੋ ਸ਼ਹੀਦ ਤੇ ਗ੍ਰਿਫਤਾਰ ਹੋਏ। ੨੧ ਜੁਲਾਈ ਤੋਂ ੨੭ ਜੁਲਾਈ ੧੯੨੪ ਤਕ ਸਾਰੇ ਜਥੇ ਰਿਹਾ ਹੋਏ। ੨੭ ਜੁਲਾਈ ੧੯੨੫ ਨੂੰ ੧੦੧ ਅਖੰਡ ਪਾਠ ਅਰੰਭ ਕੀਤੇ। ੧੦ ਅਗਸਤ ੧੯੨੪ ਨੂੰ ਸਾਰਿਆਂ ਜਥਿਆਂ ਨੂੰ ਸਿਰੋਪਾਓ ਮਿਲੇ।

ਭੁਰਲੀ ਜਥੇ ਦਾ ਮੁਕੱਦਮਾ :– ਸਰਕਾਰ ਨੇ ਮਿਸਟਰ ਅਮਰ ਨਾਥ ਮਜਿਸਟ੍ਰੇਟ ਨੂੰ ਸੈਸ਼ਨ ਜੱਜ ਨੀਅਤ ਕਰਕੇ ਨਾਭੇ ਭੇਜਿਆ ਜਿਸਨੇ ਭੁਰਲੀ ਜਥੇ ਨੂੰ ਸਜਾਵਾਂ ਸੁਣਾਈਆਂ।

ਜੱਥਾ ਨੰਃ ੨ ঃ– ਦੇ ਹੈਡ ਜਥੇਦਾਰ ਸਃ ਇੰਦਰ ਸਿੰਘ। ੨੯ ਫਰਵਰੀ ੧੯੨੪ ਨੂੰ ਅੰਮ੍ਰਿਤਸਰ ਜੀ ਤੋਂ ਰਵਾਨਾ ਹੋਇਆ ੯ ਮਾਰਚ ੧੯੨੪ ਨੂੰ ਜੈਤੋ ਗ੍ਰਿਫਤਾਰ ਹੋਇਆ।

ਜੱਥਾ ਨੰਃ ੩ :– ਦੇ ਹੈਡ ਜਥੇਦਾਰ ਸਃ ਸੰਤਾ ਸਿੰਘ ਜੀ। ੨੨ ਮਾਰਚ ੧੯੨੪ ਨੂੰ ਸ੍ਰੀ ਅੰਮ੍ਰਿਤਸਰ ਜੀ ਤੋਂ ਰਵਾਨਾ ਹੋਇਆ। ੭ ਅਪ੍ਰੈਲ ੧੯੨੪ ਨੂੰ ਜੈਤੋ ਗ੍ਰਿਫਤਾਰ ਹੋਇਆ।

ਜੱਥਾ ਨੰਃ ੪ :– ਦੇ ਹੈਡ ਜਥੇਦਾਰ ਸ: ਪੂਰਨ ਸਿੰਘ ਜੀ। ੨੬ ਮਾਰਚ ੧੯੨੪ ਨੂੰ ਅਨੰਦ ਪੁਰ ਸਾਹਿਬ ਜੀ ਤੋਂ ਰਵਾਨਾ ਹੋਇਆ। ੧੮ ਅਪ੍ਰੈਲ ੧੯੨੪ ਨੂੰ ਜੈਤੋ ਗ੍ਰਿਫਤਾਰ ਹੋਇਆ।

ਜੱਥਾ ਨੰਃ ੫ :–ਦੇ ਹੈਡ ਜਥੇਦਾਰ ਸਃ ਉਤਮ ਸਿੰਘ ਜੀ। ੧੨ ਅਪ੍ਰੈਲ ੧੯੨੪ ਨੂੰ ਸ੍ਰੀ ਗੁਰੂ ਸਿੰਘ ਸਭਾ ਲਾਇਲਪੁਰ ਦੇ ਗੁਰਦੁਆਰੇ ਤੋਂ ਰਵਾਨਾ ਹੋਕੇ ੨੬ ਅਪ੍ਰੈਲ ਨੂੰ ਸ੍ਰੀ ਅੰਮ੍ਰਿਤਸਰ ਪੁਜਾ। ੧ ਮਈ ੧੯੨੪ ਨੂੰ ਅੰਮ੍ਰਿਤਸਰ ਜੀ ਤੋਂ ਜੈਤੋਂ ਨੂੰ ਰਵਾਨਾ ਹੋਇਆ। ੨੧ ਮਈ ੧੯੨੪ ਨੂੰ ਜੈਤੋ ਗ੍ਰਿਫਤਾਰ ਹੋਇਆ।

ਜੱਥਾ ਨੰ: ੬ ঃ– ਦੇ ਹੈਡ ਜਥੇਦਾਰ ਸੰਤ ਪ੍ਰੇਮ ਸਿੰਘ ਜੀ। ੧੦ ਮਈ ੧੯੨੪ ਨੂੰ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਅਰਦਾਸਾ ਸੋਧਿਕੇ ਰਵਾਨਾ ਹੋਇਆ। ੧੯ ਜੂਨ ੧੯੨੪ ਨੂੰ ਜੈਤੋ ਪੁਜਣ ਤੇ ਗ੍ਰਿਫਤਾਰ ਕੀਤਾ ਗਿਆ।

ਜੱਥਾ ਨੰਃ ੭:-ਦੇ ਹੈਡ ਜਥੇਦਾਰ ਸ: ਪ੍ਰਤਾਪ ਸਿੰਘ ਜੀ।੧ ਜੂਨ ੧੯੨੪ ਨੂੰ ਸ੍ਰੀ ਤਖਤ ਕੇਸਗੜ ਸਾਹਿਬ ਅਨੰਦ ਪੁਰ ਤੋਂ ਰਵਾਨਾ ਹੋਇਆ। ੨੯ ਜੂਨ ੧੯੨੪ ਨੂੰ ਜੈਤੋ ਪੁਜ ਕੇ ਗ੍ਰਿਫਤਾਰ ਹੋਇਆ।

ਜੱਥਾ ਨੰਃ ੮ঃ-ਦੇ ਹੈਡ ਜਥੇਦਾਰ ਸਃ ਮਾਨ ਸਿੰਘ ਜੀ ਸਨ,ਇਹ ਜੱਥਾ ਜ਼ਿਲਾ ਸ਼ੇਖੂ ਪੁਰਾ ਦਾ ਸ੍ਰੀ ਨਨਕਾਣਾ ਸਾਹਿਬ ਜੀ ਤੋਂ ਚਲਿਆ ਅਤੇ ੮ ਜੂਨ ੧੯੨੪ ਨੂੰ ਸ੍ਰੀ ਅੰਮ੍ਰਿਤਸਰ ਪੁਜਾ ਅਤੇ ੧੦ ਜੂਨ ੧੯੨੪ ਨੂੰ ਅੰਮ੍ਰਿਤਸਰ ਜੀ ਤੋਂ ਰਵਾਨਾ ਹੋਇਆ। ੨੯ ਜੂਨ ੧੯੨੪ ਨੂੰ ਜੈਤੋ ਗ੍ਰਿਫਤਾਰ ਹੋਇਆ।

ਜੱਥਾ ਨੰਃ ੯ ঃ– ਦੇ ਹੈਡ ਜਥੇਦਾਰ ਸਃ ਕੇਸਰ ਸਿੰਘ ਜੀ। ੨੪ ਜੂਨ ੧੯੨੪ ਨੂੰ ਸ੍ਰੀ ਅੰਮ੍ਰਿਤਸਰ ਜੀ ਤੋਂ ਰਵਾਨਾ ਹੋਇਆ। ੧੮ ਮਈ ੧੯੨੪ ਨੂੰ ਜੈਤੋ ਗ੍ਰਿਫਤਾਰ ਕੀਤਾ ਗਿਆ।

ਜੱਥਾ ਨੰਃ ੧੦ ঃ-- ਦੇ ਹੈਡ ਜਥੇਦਾਰ ਸਃ ਵਿਸਾਖਾ ਸਿੰਘ ਜੀ ਸਨ। ਜੋ ੧੩ ਜੁਲਾਈ ੧੯੨੪ ਨੂੰ †ਸ੍ਰੀ ਅੰਮ੍ਰਿਤਸਰ ਜੀ ਤੋਂ ਰਵਾਨਾ ਹੋਇਆ ਅਤੇ ੧੫ ਅਗਸਤ੧੯੨੪ ਨੂੰ ਜੈਤੋ ਗ੍ਰਿਫਤਾਰ ਹੋਇਆ।

ਜੱਥਾ ਨੰਃ੧੧:-ਦੇ ਹੈਡ ਜਥੇਦਾਰ ਸੰਤ ਸੰਤੋਖ ਸਿੰਘ ਜੀ ਸਨ।ਜੋ ੧੩ ਜੁਲਾਈ੧੯੨੪ ਨੂੰ †ਸ੍ਰੀ ਅੰਮ੍ਰਿਤਸਰ ਜੀ ਤੋਂ ਰਵਾਨਾ ਹੋਇਆ,ਅਤੇ ੧ ਸਤੰਬਰ ੧੯੨੪ ਨੂੰ ਜੈਤੋ ਪੁਜਣ ਤੇ ਗ੍ਰਿਫਤਾਰ ਹੋਇਆ।

ਜੱਥਾ ਨੰਃ ੧੨ঃ--ਦੇ ਹੈਡ ਜਥਦਾਰ ਸਃਸੁਚਾ ਸਿੰਘ ਜੀ ਸਨ।ਜੋ ੧੭ ਅਗਸਤ ੧੯੨੪ ਨੂੰ ਸ੍ਰੀ ਅੰਮ੍ਰਿਤ-ਸਰ ਜੀ ਤੋਂ ਰਵਾਨਾ ਹੋਇਆ ਅਤੇ ੧੪ ਸਤੰਬਰ ੧੯੨੪ ਨੂੰ ਜੈਤੋ ਪੁਜਣ ਤੇ ਗ੍ਰਿਫਤਾਰ ਕੀਤਾ ਗਿਆ।

---

†੧੩ ਜੁਲਾਈ ੧੯੨੪ ਨੂੰ ਦਸਵਾਂ ਤੇ ਗਿਆਰਵਾਂ ਜਥਾ ਦੋਨੋਂ ਇਕੱਠੇ ਸ੍ਰੀ ਅੰਮ੍ਰਿਤਸਰਜੀ ਰਵਾਨਾ ਹੋਏ।

Digitized by Panjab Digital Library | www.panjabdigilib.org

ਜੱਥਾ ਨੰਃ ੧੩ਃ--ਦੇ ਹੈਡ ਜਥੇਦਾਰ ਸਃ ਲਖਾ ਸਿੰਘ ਜੀ ਸਨ । ਜੋ ੧੮ ਸਤੰਬਰ ੧੯੨੪ ਨੂੰ ਅੰਮ੍ਰਿਤਸਰ ਜੀ ਤੋਂ ਰਵਾਨਾ ਹੋਇਆ ਅਤੇ ੧੭ ਜਨਵਰੀ ੧੯੨੫ ਨੂੰ ਜੈਤੋ ਪੁਜਣ ਤੇ ਗ੍ਰਿਫਤਾਰ ਕੀਤਾ ਗਿਆ ।

ਜੱਥਾ ਨੰਃ ੧੪ :-- ਦੇ ਹੈਡ ਜਥੇਦਾਰ ਦਰਸ਼ਨ ਸਿੰਘ ਜੀ ਸਨ । ਜੋ ੧੫ ਦਸੰਬਰ ੧੯੨੪ ਅੰਮ੍ਰਿਤਸਰ ਜੀ ਤੋਂ ਰਵਾਨਾ ਹੋਇਆ ਅਤੇ ੨੯ ਜਨਵਰੀ ੧੯੨੫ ਨੂੰ ਜੈਤੋ ਗ੍ਰਿਫਤਾਰ ਹੋਇਆ ।

ਜੱਥਾ ਨੰਃ ੧੫ਃ-- ੧ ਮਾਰਚ ੧੯੨੫ ਨੂੰ ਸ੍ਰੀ ਅਕਾਲ ਤਖਤ ਸ੍ਰੀਅੰਮ੍ਰਿਤਸਰ ਸਾਹਿਬ ਜੀ ਤੋਂ ਰਵਾਨਾ ਹੋਇਆ ਜੋ ੧੧ ਮਈ ੧੯੨੫ ਨੂੰ ਜੈਤੋ ਪੁਜਣ ਤੇ ਗ੍ਰਿਫਤਾਰ ਕੀਤਾ ਗਿਆ ।

ਜੱਥਾ ਨੰਃ ੧੬ :--ਦੇ ਹੈਡ ਜਥੇਦਾਰ ਸਃ ਬਘੇਲ ਸਿੰਘ ਜੀ ਸਨ । ਜੋ ੧੭ ਅਪ੍ਰੈਲ ੧੯੨੫ ਨੂੰ ਅੰਮ੍ਰਿਤਸਰ ਜੀ ਤੋਂ ਰਵਾਨਾ ਹੋਇਆ ।

## ਹੋਰ ਸ਼ਹੀਦੀ ਜੱਥੇ

ਸ਼ਹੀਦੀ ਜਥਾ ਬੰਗਾਲ ਃ- ਜਿਸਦੇ ਜਥੇਦਾਰ ਹਰਨਾਮ ਸਿੰਘ, ਗੁਰਦਿਆਲ ਸਿੰਘ ਸਕੱਤ੍ਰ ਸ: ਅਰਜਨ ਸਿੰਘ ਖੁਸਰੋ ਪੁਰ ਜਲੰਧਰ ਸਨ । ਜੋ ੨੯ ਜੂਨ ੧੯੨੪ ਨੂੰ ਬੰਗਾਲ ਤੋਂ ੨੦੦ ਸਿੰਘਾਂ ਦਾ ਜਥਾ ਕਲਕੱਤੇ ਤੋਂ ਰਵਾਨਾ ਹੋਇਆ ।

ਕੇਨੇਡੀਅਨ ਜਥਾ :- ੧੧ ਸਿੰਘਾਂ ਦਾ ਇਹ ਜਥਾ ੧੭ ਜੁਲਾਈ ੧੯੨੪ ਨੂੰ ਵਿਕਟੋਰੀਆ (ਕੈਨੇਡਾ) ਤੋਂ ਜਥੇਦਾਰ ਭਗਵਾਨ ਸਿੰਘ ਤੇ ਗ੍ਰੰਥੀ ਕਾਬਲ ਸਿੰਘ ਲੈਕੇ ਚਲੇ । ਜੋ ੧੫ ਦਸੰਬਰ ੧੯੨੪ ਨੂੰ ਅੰਮ੍ਰਿਤਸਰ ਪੁਜਨ ਤੇ ਜੈਤੋ ਨੂੰ ਰਵਾਨਾ ਕੀਤਾ ਗਿਆ ਅਤੇ ੨੧ ਫਰਵਰੀ ੧੯੨੫ ਨੂੰ ਜੈਤੋ ਪੁਜਨ ਤੇ ਗ੍ਰਿਫ਼ਤਾਰ ਹੋਇਆ ।

ਸੰਘਾਹੀ ਦਾ ਜੱਥਾ :-- ਜਿਸਦੇ ਜਥੇਦਾਰ ਸ: ਉਜਾਗਰ ਸਿੰਘ ਤੇ ਨਰਿੰਜਨ ਸਿੰਘ ਜੀ ਸਨ । ੧੫ ਜੁਲਾਈ ੧੯੨੫ ਨੂੰ ਅੰਮ੍ਰਿਤਸਰ ਪੁਜਿਆ । ਉਧਰ ਜੈਤੋ ਗੁਰਦੁਆਰਾ ਗੰਗ ਸਰ ਵਿਖੇ ੧੦੧ ਅਖੰਡ ਪਾਠ ਅਰੰਭ ਹੋਗਿਆ ਸੀ ।

ਹਾਂਗ ਕਾਂਗ ਦਾ ਜਥਾ :-- ੨੪ ਫਰਵਰੀ ੧੯੨੫ ਨੂੰ ਅੰਮ੍ਰਿਤਸਰ ਪੁਜਿਆ ।

ਸਪੇਸ਼ਲ ਜੱਥਾ ੨੭ ਅਪ੍ਰੈਲ ੧੯੨੫ ਨੂੰ ਅਕਾਲ ਤਖਤ ਸਾਹਿਬ ਜੀ ਤੋਂ ੧੦੧ ਸਿੰਘਾਂ ਦਾ ਸਪੈਸ਼ਲ ਸ਼ਹੀਦੀ ਜਥਾ ਗਡੀ ਰਾਹੀਂ ਲਾਇਲਪੁਰ ਪੁਜਿਆ ।ਇਹ ਜਥਾ ਅਜੇ ਸਫ਼ਰ ਵਿਚ ਹੀ ਸੀ ਕਿ ਜੈਤੋ ਵਿਚ ਸਰਕਾਰ ਨੇ ਅਖੰਡ ਪਾਠ ਕਰਨ ਦੀ ਖੁਲ ਕਰ ਦਿਤੀ।ਇਸ ਜਥੇ ਨੇ ਪੁਜ ਕੇ ਅਖੰਡ ਪਾਠ ਅਰੰਭ ਕੀਤਾ

## ਅਮਰੀਕਨ ਸ਼ਹੀਦੀ ਜੱਥੇ ਦੇ ਮੈਂਬਰ

ਸਃ ਲਛਮ ਸਿੰਘ ਜੀ ਪਿੰਡ ਜੰਡਿਆਲਾ । (ਜਾਲੰਧਰ) ਸਃ ਮੱਸਾ ਸਿੰਘ ਜੀ ਮੀਤ ਜਥੇਦਾਰ ਵਡੇ ਘੱਲ । (ਫੀਰੋਜ਼ਪੁਰ) ਸ਼ਹੀਦੀ ਜਥਾ ਅਮਰੀਕਾ ਸ: ਅਜਮੇਰ ਸਿੰਘ ਜੀ ਮਾਹਲ ਪੁਰ ਸਕਤ੍ਰ ਸ਼ਹੀਦੀ ਜਥਾ ਅਮ੍ਰੀਕਾ (ਹੁਸ਼ਿਆਰਪੁਰ) ਸਃ ਭੋਲਾ ਸਿੰਘ ਜੀ ਗ੍ਰੰਥੀ ਮੀਤ ਸਕਤ੍ਰ ਅਕਾਲੀ ਜਥਾ ਅਮ੍ਰੀਕਾ ਪਿੰਡ ਨਸੀਰਪੁਰ । (ਕਪੂਰਥਲਾ) ਸਃ ਬਸੰਤ ਸਿੰਘ ਜੀ ਜੰਡਲੀ (ਜਾਲੰਧਰ) । ਸਃ ਸੋਹਣ ਸਿੰਘ ਜੀ ਧਾਰੀਵਾਲ । (ਜਲੰਧਰ) ਸਃ ਰੁਮਣ ਸਿੰਘ ਜੀ ਮਲਕ (ਲੁਧਿਆਣਾ) ਸਃ ਹਾਕਮ ਸਿੰਘ ਜੀ ਉੜਾਪੜ (ਜਲੰਧਰ) । ਸ: ਹਜਾਰਾ ਸਿੰਘ ਜੀ ਪੂਤ (ਕਪੂਰਥਲਾ) ਸਃ ਬਸੰਤ ਸਿੰਘ ਜੀ ਜੀਐਣ (ਹੁਸ਼ਿਆਰਪੁਰ) ਸ: ਹਰਨਾਮ ਸਿੰਘ ਜੀ ਭੱਜਲ (ਹੁਸ਼ਿਆਰਪੁਰ) ਸ: ਦਸੌਂਦਾ ਸਿੰਘ ਜੀ ਢਾਡਾ (ਹੁਸ਼ਿਆਰਪੁਰ) ਬਿਸ਼ਨ ਸਿੰਘ ਜੀ ਸੰਕਰ (ਜਲੰਧਰ) ਸ: ਹੁਕਮ ਸਿੰਘ ਜੀ ਰੰਧਾਵਾ (ਜਲੰਧਰ) ਸ: ਉਦੇ ਸਿੰਘ ਧਾਰੀਵਾਲ (ਜਲੰਧਰ) । ਸ: ਸੋਹਣ ਸਿੰਘ ਜੀ ਸਖੀਰਾਂ (ਅੰਮ੍ਰਿਤਸਰ) । ਸ: ਇੰਦਰ ਸਿੰਘ ਜੀ ਜਗਦੇ ਅੰਮ੍ਰਿਤਸਰ ਆਸਾ ਸਿੰਘ ਜੀ ਖੜੌਦੀ [ਹੁਸ਼ਿਆਰਪੁਰ]

ਨੋਟ:- ਤਿੰਨ ਸਿੰਘ ਹੋਰ ਹਨ । ਜਿਨ੍ਹਾਂ ਦੇ ਨਾਮ ਨਹੀਂ ਮਿਲੇ ।

Digitized by Panjab Digital Library | www.panjabdigilib.org

# ਗੁ: ਗੰਗਸਰ ਵਿਚ ਫਤਹਿ ਦੇ ਦ੍ਰਿਸ਼

## ਸ੍ਰੀ ਤਰਨ ਤਾਰਨ ਤੋਂ ਅੰਮ੍ਰਿਤਸਰ ਤੱਕ ਬੇਮਿਸਾਲ ਜਲੂਸ

ਨਾਭੇ ਵਿਚ ਮਹਾਰਾਜਾ ਸਾਹਿਬ ਨੂੰ ਗਦੀਉਂ ਉਤਾਰਨ ਤੋਂ ਪਿਛੋਂ ਅੰਗਰੇਜ਼ਾਂ ਨੇ ਆਪਣ ਕਠਪੁਤਲੀ ਹਕੂਮਤ ਬਣਾਈ ਜੋ ਅਕਾਲੀ ਲਹਿਰ ਨੂੰ ਕੁਚਲਣ ਲਈ ਭਿਆਣਕ ਤੋਂ ਭਿਆਣਕ ਅਤਿਆਚਾਰ ਕਰਦੀ ਰਹੀ। ਜਦ ੧੯੨੫ ਵਿਚ ਅੰਗਰੇਜ਼ੀ ਸਰਕਾਰ ਨੇ ਅਕਾਲੀ ਲਹਿਰ ਸਾਹਮਣੇ ਗੋਡੇ ਟੇਕ ਦਿਤੇ ਅਤੇ ਸਾਰੇ ਇਤਹਾਸਕ ਗੁਰਦਵਾਰਿਆਂ ਨੂੰ ਪੰਥਕ ਪ੍ਰਬੰਧ ਵਿਚ ਲਿਆਉਣ ਲਈ ਗੁਰਦਵਾਰਾ ਬਿਲ ਪਾਸ ਕਰਾਉਣਾ ਮੰਨ ਲਿਆ ਤਾਂ ਨਾਭੇ ਦੀ ਹਕੂਮਤ ਨੇ ਗੁਰਦਵਾਰਾ ਗੰਗਸਰ ਵਿਚ ਅਖੰਡ ਪਾਠ ਕਰਨ ਤੇ ਲਗਾਈਆਂ ਗਈਆਂ ਪਾਬੰਦੀਆਂ ਉਠਾ ਲਈਆਂ ਅਤੇ ਅਕਾਲੀ ਕੈਦੀਆਂ ਦੀਆਂ ਰਿਹਾਈ ਦਾ ਹੁਕਮ ਦੇ ਦਿਤਾ।

ਜਿਸ ਸਮੇਂ ਸਾਰੇ ਜਥੇ ਰਿਹਾ ਹੋ ਕੇ ਗੁਰਦਵਾਰਾ ਟਿੱਬੀ ਸਾਹਿਬ ਜੈਤੋ ਪੁਜੇ ਅਤੇ ਉਥੇ ਅਖੰਡ ਪਾਠਾਂ ਤੇ ਭੋਗ ਪਰ ਫਤਹਿ ਦਾ ਸ਼ਾਨਦਾਰ ਦੀਵਾਨ ਹੋਇਆ ਤਾਂ ਜਿਨ੍ਹਾਂ ਗੁਰਮਖ ਪਿਆਰਿਆਂ ਨੇ ਉਸ ਸਮੇਂ ਦਾ ਨਜ਼ਾਰਾ ਵੇਖਿਆ ਹੈ ਉਹ ਜਾਣਦੇ ਹਨ। ਸ੍ਰੀ ਗੁਰੂ ਜੀ ਨੇ ਦਾਸ ਨੂੰ ਇਸ ਨਜ਼ਾਰੇ ਦੇ ਪੂਰਨ ਦਰਸ਼ਨ ਕਰਨ ਦਾ ਤੇ ਟਿੱਬੀ ਸਾਹਿਬ ਨਿਸ਼ਾਨ ਸਾਹਿਬ ਝੁਲਾਉਣ ਦਾ ਤੇ ਥੜੇ ਸਾਹਿਬ ਦੀ ਨੀਂਹ ਰੱਖਣ ਵਾਲੇ ਪੰਜਾਂ ਪਿਆਰਿਆਂ ਵਿਚ ਸੇਵਾ ਦਾ ਸੁਭਾਗ ਸਮਾਂ ਬਖਸ਼ਿਆ ਸੀ। ਗੁਰਦਵਾਰਾ ਟਿਬੀ ਸਾਹਿਬ ਦੇ ਉਚੇ ਚਬੂਤਰੇ ਪਰ ਖੜੇ ਹੋ ਕੇ ਜਿਥੋਂ ਤਕ ਚਾਰ ਚੁਫੇਰੇ ਨਜ਼ਰ ਜਾਂਦੀ ਸੀ, ਅਕਾਲੀ ਫੌਜਾਂ ਦੇ ਦਲ ਉਤਰੇ ਹੋਏ ਸਨ ਅਤੇ ਬੇਅੰਤ ਖਾਲਸੇ ਦੇ ਦਰਸ਼ਨ ਕਰਕੇ ਦਿਲ ਵਿਚ ਅਪਾਰ ਪ੍ਰਸੰਤਾ ਹੁੰਦੀ ਸੀ। ਪੰਥ ਦੇ ਸਾਰੇ ਉਘੇ ਲੀਡਰ ਤੇ ਸੰਤ ਮਹਾਤਮਾ ਇਸ ਸਮੇਂ ਜੈਤੋ ਪੁਜੇ ਹੋਏ ਸਨ ਅਤੇ ਖਾਸ ਕਰਕੇ ਸ੍ਰੀਮਾਨ ੧੧੧ ਸੰਤ ਅਤਰ ਸਿੰਘ ਜੀ ਮਹਾਂਰਾਜ ਮਸਤੂਆਣੇ ਵਾਲਿਆਂ ਦਾ ਮਨੋਹਰ ਕੀਰਤਨ ਸੁਣ ਕੇ ਅਤੇ ਦਰਸ਼ਨ ਕਰਕੇ ਸੰਗਤਾਂ ਨੂੰ ਅਕੱਥਨੀਜ ਅਨੰਦ ਪ੍ਰਾਪਤ ਹੋ ਰਿਹਾ ਸੀ ਅਤੇ ਸ਼ਹੀਦਾਂ ਦੇ ਖੂਨ ਨਾਲ ਸਿੰਚਤ ਹੋਈ ਟਿਬੀ ਸਾਹਿਬ ਦੀ ਧਰਤੀ ਦੀ ਯਾਤਰਾ ਤੇ ਤਿਰਾਤਾ ਕਟ ਕੇ ਸੀਸ ਝੁਕਾਂਦੇ।

ਫਤਹਿ ਦਾ ਦੀਵਾਨ ਕਰਕੇ ਸਾਰੇ ਜਥਿਆਂ ਨੂੰ ਸਪੇਸ਼ਲ ਗੱਡੀਆਂ ਰਾਹੀਂ ਸ੍ਰੀ ਅੰਮ੍ਰਿਤਸਰ ਸਾਹਿਬ ਪੁਜਣ ਦਾ ਹੁਕਮ ਹੋਇਆ। ਨਾਲ ਹੀ ਸਭ ਜਥਿਆਂ ਨੂੰ ਇਹ ਹਦਾਇਤਾਂ ਜਾਰੀ ਹੋ ਗਈਆਂ ਕਿ ਸ੍ਰੀ ਤਰਨ ਤਾਰਨ ਪੁਜਣ ਸਮੇਂ ਉਨ੍ਹਾਂ ਦੇ ਪਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ, ਨਿਸ਼ਾਨ ਸਾਹਿਬ ਤੇ ਉਹ ਸਾਰਾ ਸਾਮਾਨ ਹੋਣਾ ਚਾਹੀਦਾ ਹੈ ਜੋ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਜਥੇ ਰਵਾਨਾ ਹੋਣ ਸਮੇਂ ਉਨ੍ਹਾਂ ਨੂੰ ਦਿਤਾ ਜਾਂਦਾ ਸੀ।

ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਐਲਾਨ ਕੀਤਾ ਗਿਆ ਸੀ ਕਿ ਜੈਤੋ ਨੂੰ ਜਾਣ ਵਾਲੇ ੧੭ ਜਥਿਆਂ ਦਾ ਤੇ ਹਾਜ਼ਰ ਹੋਣ ਵਾਲੀਆਂ ਬੇਅੰਤ ਸੰਗਤਾਂ ਦਾ ਇਕ ਬੇ-ਮਿਸਾਲ ਜਲੂਸ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਰਵਾਨਾ ਹੋਵੇਗਾ। ਸ੍ਰੀ ਅੰਮ੍ਰਿਸਤ ਪੁਜ ਕੇ ਸਾਰੇ ਜਥਿਆਂ ਨੂੰ ਨੰਬਰਵਾਰ ਸਿਰੋਪਾਉ ਦਿਤੇ ਜਾਣਗੇ। ਇਸ ਸਮੇਂ ਪੰਥਕ ਜੋਸ਼ ਦੇ ਨਜ਼ਾਰਿਆਂ ਦੀ ਸ਼ੋਭਾ ਬਿਆਨ ਕਰਨ ਲਈ ਨਾ ਇਤਨਾ ਕਾਗਜ਼ ਹੈ ਤੇ ਨਾ ਹੀ ਸਿਆਹੀ। ਉਸ ਅਦਭੁਤ ਦ੍ਰਿਸ਼ਯ ਸਬੰਧੀ ਇਹੋ ਹੀ ਕਹਿਣਾ ਪੈਂਦਾ ਹੈ ਕਿ:-

"ਕਹਿ ਬੇਕੋ ਸੋਭਾ ਨਹੀ ਦੇਖਾ ਹੀ ਪ੍ਰਵਾਨ ॥"

ਜਦ ਸਾਰੇ ਜਥੇ ਸ੍ਰੀ ਤਰਨ ਤਾਰਨ ਸਾਹਿਬ ਪੁਜ ਗਏ ਤੇ ਸਭ ਤਿਆਰੀਆਂ ਮੁਕੰਮਲ ਹੋ

Digitized by Panjab Digital Library | www.panjabdigilib.org

ਗਈਆਂ ਤਾਂ ੯ ਅਗਸਤ ੧੯੨੫ ਦੇ ਸੁਭਾਗ ਦਿਹਾੜੇ ਖਾਲਸਾ ਜੀ ਦਾ ਉਹ ਬੇ-ਮਿਸਾਲ ਜਲੂਸ ਆਰੰਭ ਹੋਇਆ ਜੋ ਅਕਾਲੀ ਲਹਿਰ ਦਾ ਹੀ ਨਤੀਜਾ ਸੀ । ਅਗੇ ਨੂੰ ਜਦ ਤਕ ਪੰਥ ਵਿਚ ਇਹੋ ਜਿਹੀ ਲਹਿਰ ਨਹੀਂ ਚਲਦੀ ਇਸ ਜਲੂਸ ਵਰਗਾ ਜਲੂਸ ਨਹੀਂ ਨਿਕਲ ਸਕਦਾ । ਸਾਰੇ ਜਥੇ ਨੰਬਰਵਾਰ ਆਪਣੇ ਪੂਰੇ ਸਾਜ਼ ਬਾਜ਼ ਨਾਲ ਚਲ ਰਹੇ ਸਨ । ਬੈਂਡ ਵਾਜਿਆਂ ਦੀ ਘਨਘੋਰ ਤੇ ਫਤਹਿ ਦੀ ਖੁਸ਼ੀ ਵਿਚ ਗਜਾਏ ਗਏ ਸਿੰਘਾਂ ਦੇ ਅਕਾਸ਼ ਗੁੰਜਾਊ ਨਾਹਰੇ ਅਦਭੁਤ ਨਜ਼ਾਰਾ ਪੇਸ਼ ਕਰਦੇ ਸਨ ।

ਦੇਸ਼ ਦੇ ਕੋਨੇ ਕੋਨੇ ਵਿਚੋਂ ਸੰਗਤਾਂ ਇਸ ਅਲੌਕਿਕ ਪੰਥਕ ਇਕੱਠ ਤੇ ਪੰਥ ਲਈ ਆਪਾ ਕੁਰਬਾਨ ਕਰਨ ਦੀ ਇੱਛਾ ਰਖਣ ਵਾਲੇ ਸੂਰਬੀਰ ਸਿੰਘਾਂ ਦੇ ਦਰਸ਼ਨ ਕਰਨ ਲਈ ਪੁਜੀਆਂ ਹੋਈਆਂ ਸਨ । ਹਿੰਦੂ ਤੇ ਮੁਸਲਮਾਨ ਭਰਾ ਭੀ ਅਕਾਲੀ ਲਹਿਰ ਦੇ ਇਸ ਅੰਤਮ ਦ੍ਰਿਸ਼ ਨੂੰ ਦੇਖਣ ਲਈ ਭਾਰੀ ਗਿਣਤੀ ਵਿਚ ਪੁਜੇ ਹੋਏ ਸਨ । ਜਿਸ ਸਮੇਂ ਜਲੂਸ ਆਰੰਭ ਹੋਇਆ ਤਾਂ ਪੰਜਾਬ ਦੀ ਪਵਿਤ੍ਰ ਸਰ ਜ਼ਮੀਨ ਸ਼ਬਦਾਂ ਦੀਆਂ ਮਧੁਰ ਧੁਨਾ ਅਤੇ ਜੈਕਾਰਿਆਂ ਨਾਲ ਗੂੰਜ ਉਠੀ । ਪੰਜਾਂ ਦਰਿਆਵਾਂ ਦਾ ਪਾਣੀ ਭੀ ਉਛਾਲੇ ਖਾਣ ਲੱਗ ਪਿਆ । ਪੰਜਾਬ ਦੇ ਸਭ ਲੋਕਾਂ ਨੇ ਖਾਲਸਾ ਪੰਥ ਨੂੰ ਵਧਾਈਆਂ ਦਿਤੀਆਂ । ਦੇਸ਼ ਦੇ ਪ੍ਰਸਿੱਧ ਨੇਤਾਵਾਂ ਨੇ ਵਧਾਈ ਦੇ ਸੰਦੇਸ਼ ਭੇਜੇ । ਅਕਾਸ਼ ਤੋਂ ਦੇਵਤਿਆਂ ਨੇ ਭੀ ਫੁਲ ਵਰਸਾਏ ।

ਕਾਰ ਸੇਵਾ ਦੇ ਜਲੂਸ ਤੋਂ ਪਿਛੋਂ ਇਹ ਖਾਲਸਾ ਜੀ ਦਾ ਸਭ ਤੋਂ ਵਡਾ ਜਲੂਸ ਸੀ । ਇਹ ਜਲੂਸ ਕਿਤਨਾ ਵਡਾ ਸੀ ਇਸ ਦਾ ਅੰਦਾਜ਼ਾ ਤਾਂ ਇਸ ਗਲ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਜਲੂਸ ਦਾ ਅਗਲਾ ਹਿਸਾ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਬਾਜ਼ਾਰਾਂ ਵਿਚ ਦਾਖਲ ਹੋ ਚੁਕਾ ਸੀ ਅਤੇ ਪਿਛਲਾ ਹਿੱਸਾ ਅਜੇ ਸ੍ਰੀ ਤਰਨ ਤਾਰਨ ਵਿਚ ਹੀ ਸੀ । ਜਿਨ੍ਹਾਂ ਵਡਭਾਗੇ ਗੁਰਸਿੱਖਾਂ ਨੇ ਇਹ ਜਲੂਸ ਆਪਣੇ ਨੇਤਰਾਂ ਨਾਲ ਤਕਿਆ ਹੈ । ਉਨ੍ਹਾਂ ਨੂੰ ਪੰਥਕ ਸ਼ਾਨ ਦੇ ਉਹ ਨਜ਼ਾਰੇ ਕਦੇ ਨਹੀਂ ਭੁਲ ਸਕਦੇ । ਜਲੂਸ ਦੀ ਸਮਾਪਤੀ ਪਿਛੋਂ ਜਲਿਆਂ ਵਾਲੇ ਬਾਗ ਦੀ ਪਾਵਨ ਭੂਮੀ ਵਿਚ ਦੀਵਾਨ ਸਜਿਆ, ਜਿਸ ਵਿਚ ਪੰਜਾਬ ਦੇ ਹਿੰਦੂ, ਮੁਸਲਮਾਨ ਤੇ ਸਿੱਖ ਨੇਤਾਵਾਂ ਨੇ ਅਕਾਲੀ ਲਹਿਰ ਵਿਚ ਕੁਰਬਾਨੀਆਂ ਕਰਨ ਵਾਲੇ ਸਿੰਘਾਂ ਦੇ ਤਿਆਗ, ਕਸ਼ਟ ਸਹਾਰਨ ਦੀ ਸ਼ਕਤੀ, ਆਪਾ ਵਾਰਨ ਦੇ ਪਵਿਤਰ ਜਜ਼ਬੇ ਤੇ ਅੰਗਰੇਜ਼ਾਂ ਵਰਗੀ ਸ਼ਕਤੀ ਸ਼ਾਲੀ ਸਰਕਾਰ ਵਿਰੁਧ ਟੱਕਰ ਲੈਣ ਦੀ ਦਲੇਰੀ ਦੀ ਮੁਕਤ ਕੰਠ ਨਾਲ ਪ੍ਰਸੰਸਾ ਕੀਤੀ । ੧੦ ਅਗਸਤ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਾਰੇ ਜਥਿਆਂ ਨੂੰ ਨੰਬਰਵਾਰ ਸਿਰੋਪਾਉ ਦਿਤੇ ਗਏ । ਸਪੈਸ਼ਲ ਜਥੇ ਨੇ ਜੈਤੋ ਪੁਜ ਕੇ ਅਖੰਡ ਪਾਠ ਕਰਨ ਦੀ ਸੇਵਾ ਸੰਭਾਲ ਲਈ ।

ਜੈਤੋ ਦਾ ਮੋਰਚਾ ਅਕਾਲੀ ਲਹਿਰ ਦਾ ਸਭ ਤੋਂ ਵਡਾ ਮੋਰਚਾ ਸੀ । ਨਾਭੇ ਦੇ ਹਾਕਮਾਂ ਨੇ ਜਿਨ੍ਹਾਂ ਦੇ ਪਿਛੇ ਅੰਗਰੇਜ਼ੀ ਸਰਕਾਰ ਦੀ ਸਾਰੀ ਤਾਕਤ ਸੀ, ਸਿੰਘਾਂ ਪਰ ਬਹੁਤ ਜ਼ਿਆਦਾ ਸਖਤੀਆਂ ਕੀਤੀਆਂ । ਸ਼ਹੀਦੀ ਜਥੇ ਕਾਲੀਆਂ ਘਟਾ ਵਾਂਗ ਜੈਤੋ ਵੱਲ ਉਮਡੇ ਆ ਰਹੇ ਸਨ । ਇਸ ਹੜ੍ਹ ਨੂੰ ਰੋਕਣ ਲਈ ਨਾਭੇ ਦੇ ਜ਼ਾਲਮ ਹਾਕਮਾਂ ਨੇ ਸਿੰਘਾਂ ਪਰ ਜੋ ਜੋ ਅਤਿਆਚਾਰ ਕੀਤੇ ਅਤੇ ਕਾਰਖਾਸ ਬਣਾ ਕੇ ਸਿੰਘਾਂ ਪਾਸੋਂ ਮਾਫੀਆਂ ਮੰਗਾਉਣ ਲਈ ਕਿਤਨੇ ਅਤਿਆਚਾਰ ਕੀਤੇ, ਉਹ ਅਗੇ ਲਿਖੇ ਵਿਸਥਾਰ ਤੋਂ ਪ੍ਰਗਟ ਹੋ ਸਕਦੇ ਹਨ ।

—o—

Digitized by Panjab Digital Library | www.panjabdigilib.org

ਨਾਭਾ ਕਾਰਖਾਸ ਜਿੱਥੇ ਸਿਰਫ ਇਕੋ ਅਕਹਿ ਤੇ ਅਸਹਿ ਕਸਾਈ ਪੁਣਾ ਕੀਤਾ ਜਾਂਦਾ ਸੀ। ਧਰਮ ਤੋਂ ਮਰਮਿਟਣ ਵਾਲਿਆਂ ਨੂੰ ਤਰ੍ਹਾਂ ਤਰ੍ਹਾਂ ਦੇ ਤਸੀਹਾਂ ਨਾਲ ਕੋਹਣ ਵਾਲੇ ਕਰਮ ਚਾਰੀ (ਪੰਜਾਬੀ ਜਮਦੂਤ) ਇਹ ਸਨ।

੧. ਹਰੀ ਚੰਦ ਕੁਤਵਾਲ ਨਾਭਾ।
੨. ਭਗਵਾਨ ਸਿੰਘ ਮੌੜ ਸਾਰਜੈਂਟ।
੩. ਰਾਮ ਕਿਸ਼ਨ ਸਿਪਾਹੀ।
੪. ਮੰਗਲ ਸਿੰਘ ਸਿਪਾਹੀ।
੫. ਮਹਿੰਦਰ ਸਿੰਘ ਹਵਾਲਦਾਰ ਪੁਜਾਰੀ ਮੁਕਤਸਰ।
੬. ਛਜੂ ਸਿੰਘ ਨਾਜ਼ਮ ਨਾਭਾ।
੭. ਭਰਪੂਰ ਸਿੰਘ ਸੁਪ੍ਰਿਨਟੈਂਡੈਂਟ ਪੁਲੀਸ।
੮. ਬਾਵਾ ਹਰਕਿਸ਼ਨ ਸਿੰਘ ਜਗਰਾਉਂ ਹੈਡਮਾਸਟਰ।
੯. ਫੌਜਾ ਸਿੰਘ ਹਵਾਲਦਾਰ ਪਿੰਡ ਜੇਠੂਵਾਲ ਜ਼ਿਲਾ ਅਮ੍ਰਿਤਸਰ।
੧੦. ਭਗਵਾਨ ਸਿੰਘ ਹਵਾਲਦਾਰ ਨਾਭਾ।
੧੧. ਵਲਾਇਤ ਖਾਂ ਹਵਾਲਦਾਰ ਜ਼ਿਲਾ ਲਾਹੌਰ।
੧੨. ਮਾਣਕ ਚੰਦ ਸੁਪ੍ਰਿਨਟੈਂਡੈਂਟ ਪੁਲੀਸ।
੧੩. ਰਾਇ ਸਾਹਿਬ ਨਥੂ ਰਾਮ ਚੀਫ ਅਫਸਰ ਪੁਲੀਸ।
੧੪. ਸੋਭਾ ਸਿੰਘ ਲੈਸ।
੧੫. ਸ਼ੇਰ ਦੀਨ।

Digitized by Panjab Digital Library | www.panjabdigilib.org




ਸੱਜੇ ਪਾਸੇ : ਹਕੂਮਤ ਨਾਭਾ = ਵਿਲਸਨ ਅੰਗਰੇਜ਼

Digitized by Panjab Digital Library | www.panjabdigilib.org

# ਕਾਰਖਾਸ ਦੇ ਭਿਆਨਕ ਅਤਿਆਚਾਰ

ਜਿਸ ਸਮੇਂ ਜੈਤੋ ਦਾ ਮੋਰਚਾ ਗਰਮ ਹੋਗਿਆ ਅਤੇ ਪੁਲਸ ਦੀਆਂ ਸਖਤੀਆਂ ਅਕਾਲੀਆਂ ਨੂੰ ਨਾ ਰੋਕ ਸਕੀਆਂ ਤੇ ਨਾਭੇ ਦੇ ਜ਼ਾਲਮ ਹਾਕਮਾਂ ਨੇ ਕਾਰਖਾਸ ਕਾਇਮ ਕੀਤੀ। ਨਾਭਾ ਬੀੜ ਵਿਚ ਰਾਸਨ ਤੇ ਕੰਬਲਾਂ ਦੀ ਕਮੀ, ਸੱਪਾਂ ਅਠੂਹਿਆਂ ਵਾਲੀ ਗੰਦੀ ਥਾਂ ਤੇ ਹੋਰ ਕਈ ਪ੍ਰਕਾਰ ਦੀਆਂ ਸਖਤੀਆਂ ਦੇ ਕਾਰਨ ਸਿੰਘਾਂ ਦਾ ਨੱਕ ਦਮ ਆਇਆ ਹੋਇਆ ਸੀ। ਨਾਭੇ ਦੇ ਹਾਕਮਾਂ ਨੇ ਸੋਚਿਆ ਕਿ ਜੇ ਸਿੰਘਾਂ ਪਾਸੋਂ ਮਾਫੀਆਂ ਮੰਗਾਕੇ ਉਨ੍ਹਾਂ ਨੂੰ ਰਿਹਾ ਕੀਤਾ ਜਾਵੇ ਤਾਂ ਜਿਥੇ ਆਮ ਲੋਕਾਂ ਵਿਚ ਅਕਾਲੀ ਬਦਨਾਮ ਹੋਣਗੇ ਤੇ ਲਹਿਰ ਕਮਜ਼ੋਰ ਹੋਵੇਗੀ ਉਥੇ ਸਰਕਾਰ ਦਾ ਬੋਝ ਭੀ ਹਲਕਾ ਹੋਵੇਗਾ।

ਸਿੰਘਾਂ ਪਾਸੋਂ ਮਾਫੀਆਂ ਮੰਗਾਉਣ ਲਈ ਕਈ ਪ੍ਰਕਾਰ ਦੀਆਂ ਚਾਲਾਂ ਚਲੀਆਂ ਜਾਂਦੀਆਂ ਸਨ। ਕਈਆਂ ਨੂੰ ਤਾਂ ਝੂਠ ਬੋਲਕੇ ਮਾਫੀਆਂ ਮੰਗਣ ਵਾਲੇ ਸਿੰਘਾਂ ਵਿਚ ਸ਼ਾਮਲ ਕਰ ਦਿੱਤਾ ਜਾਂਦਾ। ਕਾਰਖਾਸ ਵਿਚ ਇਹ ਸਖਤੀਆਂ ਕੀਤੀਆਂ ਜਾਂਦੀਆਂ ਸਨ। ਠੰਡੇ ਜਾਂ ਗਰਮ ਰੇਤੇ ਵਿਚ ਦਬਾ ਦੇਣਾ, ਖੂਹ ਦੀ ਮਣ ਤੇ ਲੱਤਾਂ ਚੌੜੀਆਂ ਕਰਕੇ ਖੜਾ ਕਰ ਰਖਣਾ, ਹਰਟ ਦੀਆਂ ਰੋੜੀਆਂ ਗਰਮ ਕਰਕੇ ਸ਼ਰੀਰ ਤੇ ਲਾਉਣੀਆਂ। ਪੁਠੀ ਹਥਕੜੀ ਲਗਾਉਣੀ। ਹੇਠਾਂ ਇੱਟਾਂ ਰਖਕੇ ਉਨ੍ਹਾਂ ਪਰ ਹੱਥ ਰਖਕੇ ਉਤੇ ਪਲੰਘ ਦੇ ਪਾਵੇ ਰਖ ਦੇਣੇ ਤੇ ਉਤੇ ਸਿਪਾਹੀਆਂ ਨੇ ਬੈਠ ਜਾਣਾ। ਹੱਥ ਪਾਵਿਆਂ ਹੇਠ ਦੇਕੇ ਪੈਰ ਦੋ ਸਿਪਾਹੀਆਂ ਨੇ ਖਿੱਚ ਕੇ ਫੜ ਲੈਣੇ ਤੇ ਸਿੰਘ ਦੀ ਪਿਠ ਪਰ ਆਦਮੀ ਬੈਠਾਕੇ ਝਟਕੇ ਮਾਰਨੇ ਜਿੰਨ੍ਹਾਂ ਨਾਲ ਸਿੰਘ ਬੇਹੋਸ਼ ਹੋ ਜਾਂਦੇ ਸਨ। ਲਤਾਂ ਤੇ ਬਾਹਾਂ ਚੌੜੀਆਂ ਕਰਕੇ ਖਲਾਰੀ ਰਖਣਾ। ਸਿਕੰਜੇ ਵਿਚ ਕਸਣਾ। ਇਹ ਸਭ ਤੋਂ ਸਖਤ ਸਜ਼ਾ ਹੁੰਦੀ ਸੀ ਤੇ ਇਸ ਨਾਲ ਭੀ ਸਿੰਘ ਬੇਹੋਸ਼ ਹੋ ਜਾਂਦੇ ਸਨ। ਹੱਥਾਂ ਦੀਆਂ ਉਂਗਲੀਆਂ ਪਰ ਰੂਲ ਮਾਰਨੇ। ਪੁਠਾ ਲਟਕਾਉਣਾ।

ਸਭ ਤੋਂ ਭੈੜੀ ਤੇ ਵਹਿਸ਼ਤ ਭਰੀ ਸਜ਼ਾ ਇਹ ਸੀ ਜੋ ਕਈਆਂ ਸਿੰਘਾਂ ਨੂੰ ਨਾਭੇ ਦੀਆਂ ਜੇਲ੍ਹਾਂ ਵਿਚ ਦਿਤੀ ਗਈ ਕਿ ਜੋ ਸਿੰਘ ਸਾਰੀਆਂ ਸਜ਼ਾ ਭੁਗਤ ਲੈਂਦਾ ਤੇ ਜਿਸ ਪਰ ਹਾਕਮ ਬਹੁਤ ਚਿੜ ਜਾਂਦੇ ਤਾਂ ਉਸ ਦੇ ਗੁਪਤ ਅੰਗ (ਗੁਦਾ) ਵਿਚ ਮਿਰਚਾ ਰਗੜਕੇ ਪਾਈਆਂ ਜਾਂਦੀਆਂ ਤੇ ਡੰਡੇ ਚੜ੍ਹਾਏ ਜਾਂਦੇ ਸਨ। ਇਹ ਸੀ ਨਾਭਾ ਜੇਲ੍ਹ ਦੀ ਕਾਰਖਾਸ ਜੋ ਅੰਗ੍ਰੇਜ਼ੀ ਸਰਕਾਰ ਨੇ ਹਿੰਦੋਸਤਾਨੀਆਂ ਨੂੰ ਸਭਯਤਾ ਸਿਖਾਉਣ ਲਈ ਜਾਰੀ ਕੀਤੀ ਸੀ ਤੇ ਸਿੰਘਾਂ ਨੂੰ ਪੰਥ ਤੋਂ ਵੇਮੁਖ ਕਰਨ ਲਈ ਇਨ੍ਹਾਂ ਅਤਿਆਚਾਰ ਦਾ ਸ਼ਿਕਾਰ ਬਣਾਇਆ ਜਾਂਦਾ ਸੀ। ਇਹ ਪਹਿਲੀ ਕਾਰਖਾਸ ਸੀ ਜਿਸਦੀਆਂ ਭਿਆਨਕ ਸਖਤੀਆਂ ਤੋਂ ਡਰਕੇ ਕਈ ਕਮਜ਼ੋਰ ਦਿਲ ਕੈਦੀ ਮਾਫੀ ਮੰਗ ਕੇ ਬਾਹਰ ਆ ਜਾਂਦੇ ਸਨ। ਇਸ ਤੋਂ ਇਲਾਵਾ ਇਕ ਕਮਰੇ ਵਿਚ ਮੰਜਿਆ ਪਰ ਬਿਸਤਰੇ ਰਖਕੇ ਸਿਪਾਹੀ ਉਨ੍ਹਾਂ ਪਰ ਸੋਟੀਆਂ ਮਾਰਦੇ ਤੇ ਇਕ ਸਿਪਾਹੀ ਨਕਲੀ ਸਿੰਘ ਬਣਕੇ ਹਾਹਾਕਾਰ ਮਚਾਉਂਦਾ ਤੇ ਕਹਿੰਦਾ ਕਿ ਮੈਨੂੰ ਛੜ ਦਿਉ ਮੈਂ ਮੁੜਕੇ ਜੈਤੋ ਆਉਣ ਦਾ ਨਾਮ ਨਹੀਂ ਲਵਾਗਾਂ।

ਮੈਨੂੰ ਮਾਫੀ ਦੇ ਦਿਉ ਮੈਂ ਭੁਲ ਗਿਆ ਆਦਿ ਇਹ ਸਭ ਕੁਝ ਨਾਲ ਦੇ ਕਮਰੇ ਵਿਚ ਬੰਦ ਸਿੰਘਾਂ ਨੂੰ ਡਰਾਉਣ ਲਈ ਕੀਤਾ ਜਾਂਦਾ ਸੀ। ਕਈ ਸਿੰਘ ਇਹ ਮਾਰ ਪੈਂਦੀ ਵੇਖਕੇ ਡਰ ਜਾਂਦੇ ਤੇ ਇਹ ਸਮਝ ਲੈਂਦੇ ਕਿ ਜੇ ਅਸੀਂ ਮਾਫੀ ਨਾ ਮੰਗੀ ਤਾਂ ਸਾਨੂੰ ਮਾਰ ਪਵੇਗੀ। ਇਸ ਤੋਂ ਇਲਾਵਾ ਬਾਹਰੋਂ ਉਹ ਆਦਮੀ ਸਿੰਘਾਂ ਪਾਸ ਲਿਆਂਦੇ ਜਾਂਦੇ ਜੋ ਉਨ੍ਹਾਂ ਦੇ ਰਿਸ਼ਤੇਦਾਰ ਜਾ ਜਾਣੂ ਹੁੰਦੇ ਤੇ ਉਹ ਉਸ ਨੂੰ ਮਾਫੀ ਮੰਗਣ ਦੀ ਪ੍ਰੇਰਨਾ ਕਰਦੇ ਇਸ ਤਰ੍ਹਾਂ ਮਾਫੀ ਮੰਗਾਉਣ ਵਾਲਿਆਂ ਨੂੰ ਇਕ ਬੋਤਲ ਸ਼ਰਾਬ ਦੀ ਤੇ ਕੁਝ ਰੁਪਏ ਭੀ ਸਿੰਘ ਮਿਲਦੇ ਸਨ।

Digitized by Panjab Digital Library | www.panjabdigilib.org

ਕਈ ਲਾਲਚ | ਵਸ ਹੋਇ ਆਦਮੀ ਪੁਲਸ ਨਾਲ ਮਿਲਕੇ ਕਈ ਨਿਰਦੋਸ਼ ਸਿੰਘਾਂ ਨੂੰ ਮਾਫੀ ਮੰਗਣ ਵਾਲੇ ਜੱਥਿਆਂ ਵਿਚ ਮਿਲਾਕੇ ਰਿਹਾ ਕਰ ਦਿੰਦੇ। ਜਿੰਨਾਂ ਸਿੰਘਾਂ ਨਾਲ ਇਹੋ ਜਿਹਾ ਧੋਖਾ ਹੁੰਦਾ ਉਹ ਗੁਸੇ ਵਿਚ ਆਕੇ ਕਿਸੇ ਦੂਜੇ ਜੱਥੇ 'ਚ ਮਿਲਕੇ ਫਿਰ ਜੈਤੋ ਚਲੇ ਜਾਂਦੇ ਸਨ ਤੇ ਇਸਤਰ੍ਹਾਂ ਬਦਨਾਮੀ ਦਾ ਦਾਗ ਧੋ ਦਿੰਦੇ ਸਨ। ਪਰ ਜੋ ਸਚੀਮੁਚੀ ਮਾਫੀ ਮੰਗਕੇ ਆਉਂਦੇ ਸਨ ਉਹ ਦੁਬਾਰਾ ਨਹੀਂ ਜਾਂਦੇ ਸਨ।

ਕਾਰਖਾਸ ਨੰਬਰ ਦੋ ਵਿਚ ਇਕ ਮਾਰਖੁੰਡੀ ਗਾਂ ਬੰਨ੍ਹੀ ਹੁੰਦੀ ਸੀ, ਜਿਸ ਅੱਗੇ ਧੱਕਾ ਦੇਕੇ ਸਿੰਘ ਨੂੰ ਸੁਟਿਆ ਜਾਂਦਾ ਸੀ। ਇਸ ਤੋਂ ਭੀ ਕਈ ਆਦਮੀ ਬਹੁਤ ਡਰਦੇ ਸਨ ਤੇ ਸਮਝਦੇ ਸਨ ਕਿ ਨਾਰੇ ਸਿੰਘਾਂ ਵਾਲੀ ਗਾਂ ਸਿੰਗ ਮਾਰਕੇ ਢਿੱਡ ਪਾੜ ਦੇਵੇਗੀ। ਇਨ੍ਹਾਂ ਉਪਰ ਲਿਖੀਆਂ ਸਖਤੀਆਂ ਤੇ ਭਿਆਨਕ ਅਤਿਆਚਾਰ ਤੋਂ ਤੰਗ ਆਕੇ ਜਹੜੇ ਸਿੰਘ ਮਾਫੀਆਂ ਮੰਗ ਜਾਂਦੇ ਪਹਿਲਾਂ ਤਾਂ ਉਨ੍ਹਾਂ ਨੂੰ ਮਾਫੀਆਂ ਨਾ ਮੰਗਣ ਵਾਲਿਆਂ ਦੇ ਸਾਹਮਣੇ ਬਿਠਾ ਕੇ ਦੁਧ ਜਲੇਬੀਆਂ ਖੁਆਈਆਂ ਜਾਂਦੀਆਂ। ਤੇ ਅਫੀਮ ਮੰਗਣ ਵਾਲਿਆਂ ਨੂੰ ਬਹੁਤੀਆਂ ਮਿਰਚਾਂ ਵਾਲੀ ਦਾਲ ਤੇ ਭੈੜੀ ਖੁਰਾਕ ਦਿੱਤੀ ਜਾਂਦੀ ਤਾਂ ਕਿ ਉਹ ਮਾਫੀ ਮੰਗਣ ਵਾਲਿਆ ਦੀ ਰੀਸ ਕਰਕੇ ਮਾਫੀ ਮੰਗ ਲੈਣ। ਜਦ ਮਾਫੀ ਮੰਗਣ ਵਾਲਿਆਂ ਦੀ ਗਿਣਤੀ ਕਾਫੀ ਹੋ ਜਾਂਦੀ ਤਾਂ ਨਾਭੇ ਦੇ ਹਾਕਮ ਇਕ ਹੋਰ ਭਿਆਨਕ ਚਾਲ ਚਲਦੇ। ਪਹਿਲੇ ਤਾਂ ਉਨ੍ਹਾਂ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਪਰ ਹੱਥ ਰਖਾਕੇ ਇਹ ਪ੍ਰਣ ਲਏ ਜਾਂਦੇ ਕਿ "ਮੈਂ ਫਿਰ ਜੈਤੋ ਨਹੀਂ ਆਵਾਂਗਾ ਤੇ ਅਕਾਲੀਆਂ ਨਾਲ ਮੇਲ ਜੋਲ ਨਹੀਂ ਰਖਾਂਗਾ। ਅਕਾਲੀਆਂ ਦੇ ਅਖਬਾਰ ਨਹੀਂ ਪੜ੍ਹਾਂਗਾ। ਜਦ ਇਹ ਸਾਰਾ ਡਰਾਮਾ ਹੋ ਚੁਕਦਾ ਤਾਂ ਮਾਫੀ ਮੰਗਣ ਵਾਲਿਆਂ ਦੇ ਮੂੰਹ ਕਾਲੇ ਕੀਤੇ ਜਾਂਦੇ। ਉਨ੍ਹਾਂ ਦਾ ਨਾਭੇ ਦੇ ਸ਼ਹਿਰ ਵਿਚ ਜਲੂਸ ਕਢਿਆ ਜਾਂਦਾ। ਚੂਹੜਿਆਂ ਦੇ ਮੁੰਡੇ ਇਕੱਠੇ ਕਰਕੇ ਉਨ੍ਹਾਂ ਦੇ ਅੱਗੇ ਪਿੱਛੇ ਲਗਾਏ ਜਾਂਦੇ। ਇਨਾਂ ਦੀਆਂ ਇਸ ਸ਼ਕਲ ਵਿਚ ਫੋਟੋ ਲਈਆਂ ਜਾਂਦੀਆਂ। ਮੁੰਡਿਆਂ ਤੋਂ ਨਕਲੀ ਨਾਹਰੇ ਲਵਾਏ ਜਾਂਦੇ "ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨ ਜਾਵੇ" ਇਸ ਪ੍ਰਕਾਰ ਮਾਫੀ ਮੰਗਣ ਵਾਲਿਆਂ ਨੂੰ ਖਜਲ ਖੁਆਰ ਕਰਕੇ ਤੇ ਬਦਨਾਮ ਕਰਕੇ ਛਡ ਦਿੱਤਾ ਜਾਂਦਾ ‡

ਇਨ੍ਹਾਂ ਸਖਤੀਆਂ ਤੋਂ ਇਲਾਵਾ ਜੇਲ੍ਹ ਤੇ ਬੀੜ ਵਿਚ ਸਿੰਘਾਂ ਪਰ ਸਖਤ ਲਾਠੀ ਚਾਰਜ ਕਰਨਾ, ਰਾਸ਼ਨ ਵਿਚ ਖਰਾਬ ਚੀਜ਼ਾਂ ਦੀ ਮਿਲਾਵਟ ਕਰਨੀ ਤੇ ਬੀਮਾਰ ਸਿੰਘਾਂ ਨੂੰ ਡਾਕਟਰ ਪਾਸੋਂ ਜ਼ਹਿਰ ਦੁਆ ਦੇਣਾ ਆਦਿ ਨਾਭੇ ਦੀ ਜ਼ਾਲਮ ਹਕੂਮਤ ਦੀਆਂ ਐਸੀਆਂ ਕਰਤੂਤਾਂ ਸਨ ਜਿੰਨਾਂ ਵਿਰੁਧ ਜੰਨਤਾ ਵਿਚ ਸਖਤ ਰੋਸ ਫੈਲ ਗਿਆ ਸੀ। ਅੰਦਾਜ਼ਾ ਲਗਾਇਆ ਗਿਆ ਕਿ ਕੇਵਲ ਡਾਕਟਰਾਂ ਪਾਸੋਂ ਜ਼ਹਿਰ ਦਿਵਾਕੇ ਸਿੰਘਾਂ ਨੂੰ ਸ਼ਹੀਦ ਕਰਨ ਦਾ ਨਤੀਜਾ ਇਹ ਨਿਕਲਿਆ ਕਿ ਪੰਥ ਦੇ ੬੦ ਬਹੁਮੁਲੇ ਹੀਰੇ ਜ਼ਹਿਰ ਦੇਣ ਨਾਲ ਸ਼ਹੀਦ ਹੋਇ। ਇਲਾਜ ਵਲੋਂ ਲਾਪਰਵਾਹੀ ਕਰਨ ਨਾਲ ਤੇ ਨਾਭੇ ਬੀੜ ਵਿਚ ਸੱਪਾਂ ਦੇ ਡੰਗਣ ਨਾਲ ਬਹੁਤ ਸਾਰੀਆਂ ਕੀਮਤੀ ਜਾਨਾਂ ਗਈਆਂ। ਕਾਰਖਾਸ ਦੀਆਂ ਉਪਰ ਲਿਖੀਆਂ ਸਖਤੀਆਂ ਦਾ ਸ਼ਿਕਾਰ ਹੋਇ। ਬਹੁਤ ਸਾਰੇ ਸਿੰਘ ਕਈ ਪ੍ਰਕਾਰ ਦੇ ਰੋਗਾਂ ਦੇ ਸ਼ਿਕਾਰ ਹੋ ਗਏ। ਕਈਆਂ ਦੀਆਂ ਪਸਲੀਆਂ ਟੁਟ ਗਈਆ। ਬਹੁਤ ਸਾਰਿਆਂ ਦੇ ਅੰਗ ਭੰਗ ਹੋ ਗਏ।

ਮੁਕਦੀ ਗੱਲ ਇਹ ਕਿ ਸਿੰਘਾਂ ਨੇ ਨਾਭੇ ਜੇਲ੍ਹ ਵਿਚ ਜੋ ਅਕਹਿ ਤੇ ਅਸਹਿ ਕਸ਼ਟ ਸਹਾਰੇ, ਉਨ੍ਹਾਂ ਦਾ ਵਰਣ ਕਰਨਾ ਕਠਨ ਹੀ ਨਹੀਂ ਸਗੋਂ ਅਸੰਭਵ ਹੈ।

---

‡ ਯਾਦ ਰਹੇ ਕਿ ਜੱਥਿਆਂ ਵਿਚ ਭੀ ਕਈ ਸੀ. ਆਈ. ਡੀ. ਦੇ ਆਦਮੀ ਚਲੇ ਜਾਂਦੇ ਸਨ ਜੋ ਅੰਦਰ ਜਾਕੇ ਮਾਫੀ ਮੰਗ ਲੈਂਦੇ ਤੇ ਨਾਲ ਦੇ ਸਾਥੀਆਂ ਨੂੰ ਭੀ ਮਾਫੀ ਮੰਗਣ ਦੀ ਪ੍ਰੇਰਨਾ ਕਰਦੇ ਰਹਿੰਦੇ। ਇਹ ਭੀ ਇਕ ਚਾਲ ਸੀ।

Digitized by Panjab Digital Library | www.panjabdigilib.org

ਅਕਾਲੀ ਲਹਿਰ ਨੂੰ ਕੁਚਲਣ ਲਈ ਪੰਜਾਬ ਦੀਆਂ ਜਿਹਲਾਂ ਵਿਚ ਸਿਖਾਂ ਪਰ ਬਹੁਤ ਜ਼ਿਆਦਾ ਸਖਤੀਆਂ ਕੀਤੀਆਂ ਗਈਆਂ ਪ੍ਰੰਤੂ ਦੇਸ਼ ਭਗਤ ਤੇ ਪੰਥ ਪ੍ਰਸਤ ਅਕਾਲੀਆਂ ਨੇ ਹਰ ਪ੍ਰਕਾਰ ਦੀਆਂ ਸਖਤੀਆਂ ਨੂੰ ਖਿੜੇ ਮਥੇ ਸਹਾਰਿਆ। ਸਾਰੀਆਂ ਸਖਤੀਆਂ ਦਾ ਵਿਸਥਾਰ ਨਾਲ ਜ਼ਿਕਰ ਕਰਨ ਲਗੀਏ ਤਾਂ ਇਕ ਕਿਤਾਬ ਕੇਵਲ ਜੇਹਲਾਂ ਦੀਆਂ ਸਖਤੀਆਂ ਬਾਰੇ ਹੀ ਲਿਖੀ ਜਾ ਸਕਦੀ ਹੈ, ਪ੍ਰੰਤੂ ਉਪਰ ਲਿਖੇ ਥੋੜੇ ਜਿਹੇ ਹਾਲਾਤ ਤੋਂ ਹੀ ਪ੍ਰਗਟ ਹੋ ਜਾਂਦਾ ਹੈ ਕਿ ਹਿੰਦੀਆਂ ਨੂੰ ਸਭਯਤਾ ਸਿਖਾਉਣ ਦੀ ਦਾਹਵੇਦਾਰ ਅੰਗਰੇਜ਼ੀ ਸਰਕਾਰ ਤੇ ਉਸ ਦੇ ਪਿਠੂਆਂ ਨੇ ਸਿੰਘਾਂ ਪਰ ਐਸੇ ਮਨੁਖਤਾ ਤੋਂ ਗਿਰੇ ਹੋਏ ਅਤਿਆਚਾਰ ਕੀਤੇ ਜਿਨ੍ਹਾਂ ਦੀ ਦੁਨੀਆਂ ਦੇ ਕਿਸੇ ਭੀ ਦੇਸ਼ ਵਿਚ ਮਿਸਾਲ ਨਹੀਂ ਮਿਲ ਸਕਦੀ।

ਇਥੇ ਇਹ ਪ੍ਰਗਟ ਕਰ ਦੇਣਾ ਭੀ ਜ਼ਰੂਰੀ ਹੈ ਕਿ ਜਿਹੜੇ ਸਿੰਘ ਮਾਫੀਆਂ ਮੰਗ ਲੈਂਦੇ ਸੀ ਉਨ੍ਹਾਂ ਦੀਆਂ ਫੋਟੋ ਲੈਕੇ ਤੇ ਨਾਮ ਲਿਖ ਕੇ ਸ਼੍ਰੋ: ਕਮੇਟੀ ਨੂੰ ਤੇ ਪੰਜਾਬ ਸਰਕਾਰ ਨੂੰ ਸ਼ਿਮਲੇ ਭੇਜੇ ਜਾਂਦੇ ਸਨ। ਨਾਭੇ ਦੀ ਹਕੂਮਤ ਸਰਕਾਰੀ ਅਖਬਾਰਾਂ ਵਿਚ ਸਿੰਘਾਂ ਨੂੰ ਬਦਨਾਮ ਕਰਨ ਲਈ ਇਹ ਪ੍ਰਾਪੇਗੰਡਾ ਕਰਦੀ ਸੀ ਕਿ ਬਹੁਤ ਸਾਰੇ ਅਕਾਲੀ ਮਾਫੀਆਂ ਮੰਗ ਰਹੇ ਹਨ। ਇਸ ਕਲੰਕ ਨੂੰ ਧੋਣ ਲਈ ਕੁਝ ਬੀ. ਏ. ਪਾਸ (ਗ੍ਰੈਜੂਏਟ) ਲੜਕਿਆਂ ਨੇ ਨਾਭੇ ਤੇ ਸ਼ਿਮਲੇ ਵਿਚੋਂ ਇਹ ਰੀਕਾਰਡ ਲਿਆਉਣ ਦਾ ਫੈਸਲਾ ਕੀਤਾ। ਉਹ ਭੰਗੀਆਂ ਵਿਚ ਭਰਤੀ ਹੋਕੇ ਦਫਤਰਾਂ ਵਿਚ ਝਾੜੂ ਦੇਣ ਪਰ ਨੌਕਰ ਹੋਏ ਤੇ ਕਮਾਲ ਚਤੁਰਾਈ ਤੇ ਜਾਸੂਸੀ ਢੰਗ ਨਾਲ ਇਕੋ ਦਿਨ ਹੀ ਨਾਭੇ ਤੇ ਸ਼ਿਮਲੇ ਦੇ ਦਫਤਰਾਂ ਵਿਚੋਂ ਮਾਫੀਆਂ ਸਬੰਧੀ ਰੀਕਾਰਡ ਗੁਪਤ ਕਰ ਲਿਆ। ਇਸ ਤੋਂ ਪਿਛੋਂ ਜਦ ਸ਼੍ਰੋ: ਕਮੇਟੀ ਨੂੰ ਇਹ ਖਬਰ ਮਿਲੀ ਕਿ ਹੁਣ ਸਰਕਾਰ ਪਾਸ ਕੋਈ ਰੀਕਾਰਡ ਨਹੀਂ ਤਾਂ ਕਮੇਟੀ ਨੇ ਸਰਕਾਰ ਨੂੰ ਚੈਲੰਜ ਕੀਤਾ ਕਿ ਉਹ ਮਾਫੀਆਂ ਮੰਗਣ ਬਾਰੇ ਝੂਠਾ ਪ੍ਰਾਪੇਗੰਡਾ ਕਰ ਰਹੀ ਹੈ ਜੇ ਉਸ ਦੇ ਪਾਸ ਕੋਈ ਸਬੂਤ ਹੈ ਤਾਂ ਉਨ੍ਹਾਂ ਨੂੰ ਪ੍ਰਕਾਸ਼ਤ ਕਰੇ। ਸਰਕਾਰ ਨੂੰ ਇਸ ਸਿਲਸਲੇ ਵਿਚ ਸਖਤ ਸ਼ਰਮਿੰਦਗੀ ਉਠਾਣੀ ਪਈ ਤੇ ਉਹ ਕਮੇਟੀ ਦੇ ਚੈਲੰਜ ਦਾ ਕੋਈ ਤਸਲੀ ਬਖਸ਼ ਉਤਰ ਨਾ ਦੇ ਸਕੀ। ਨਿਰਸੰਦੇਹ ਜਿੰਨਾਂ ਸਿੰਘਾਂ ਨੇ ਇਸ ਕੰਮ ਵਿਚ ਹਿਸਾ ਲਿਆ। ਉਨ੍ਹਾਂ ਨੇ ਪੰਥ ਦੇ ਵਕਾਰ ਨੂੰ ਕਾਇਮ ਰਖਣ ਲਈ ਬਹੁਮੁਲੀ ਸੇਵਾ ਕੀਤੀ ਹੈ ਜੋ ਹਮੇਸ਼ਾਂ ਯਾਦ ਰਹੇਗੀ।

## ਸ਼੍ਰੋ: ਗੁ: ਪ੍ਰ: ਕਮੇਟੀ ਦਾ ਐਲਾਨ

{੧੮—੨—੧੯੨੫}

ਨਾਭੇ ਵਿਚ ਜ਼ੁਲਮ ਦਾ ਝੱਖੜ
ਹੇ ਕਲਗੀ ਵਾਲਿਆ! ਤੂੰ ਤਾਂ ਆਖਿਆ ਸੀ ਭੀੜ ਸਮੇਂ ਮੈਂ ਆਵਾਂਗਾ।
ਧਰਮੀ ਅਕਾਲੀਆਂ ਤੋਂ ਜਬਰੀ ਮੁਆਫੀਆਂ।
ਟਟੀ ਵਾਲੀ ਜਗ੍ਹਾ ਕਿਲੇ ਠੋਕਣੇ, ਤਤੀਆਂ ਸੀਖਾਂ ਹਥਾਂ ਤੇ ਲਤਾਂ ਦੇ ਜੋੜਾਂ ਵਿਚ ਦੇਣੀਆਂ।
ਸੰਘਾਂ ਵਿਚ ਲਕੜੀਆਂ ਘਸੇੜਨੀਆਂ।

ਨਾਭੇ ਬੀੜਾਂ ਅਤੇ ਕਾਰਖਾਸ ਵਿਚ ਨਿਹਥੇ ਅਕਾਲੀਆਂ ਪੁਰ ਨਾਭੇ ਦੀ ਬਰਤਾਨੀ ਹਕੂਮਤ ਵਲੋਂ ਜੋ ਜ਼ੁਲਮ ਅਤੇ ਕਹਿਰ ਢਾਇਆ ਜਾ ਰਿਹਾ ਹੈ ਉਸ ਨੇ ਵਹਿਸ਼ੀ-ਪੁਨੇ ਨਿਰਦੈਤਾ ਅਤੇ ਰਾਖਸ਼-ਪੁਨੇ ਨੂੰ ਵੀ ਮਾਤ ਕਰ ਦਿਤਾ ਹੈ। ਧਿੰਗੋਜ਼ੋਰੀ ਮੁਆਫੀਆਂ ਮੰਗਵਾਣ ਲਈ ਅਕਾਲੀ ਬੀਰਾਂ ਦੀਆਂ ਟਟੀ ਵਾਲੀ (ਹਵਾ ਵਾਲੀ) ਥਾਂ ਕਿਲੇ ਠੋਕੇ ਜਾਂਦੇ ਹਨ। ਉਹਨਾਂ ਦੇ ਸੰਘਾਂ ਵਿਚ ਲਕੜੀਆਂ ਤੁੰਨੀਆਂ ਜਾਂਦੀਆਂ ਹਨ। ਲੋਹੇ ਦੀਆਂ ਸੀਖਾਂ ਨੂੰ ਤਾਅ ਕੇ ਉਨ੍ਹਾਂ ਦੀਆਂ ਲਤਾਂ ਦੇ ਜੋੜਾਂ ਵਿਚ ਦਿਤੀਆਂ ਜਾਂਦੀਆਂ ਹਨ। ਅਤੇ ਹਥਾਂ ਦੀਆਂ ਹਥੇਲੀਆਂ ਅਤੇ ਪੁਠਾਂ ਨੂੰ ਤਪਦੀਆਂ ਸੀਖਾਂ ਨਾਲ ਦਾਗਿਆ ਜਾਂਦਾ ਹੈ। ਪੁਠਿਆਂ ਟੰਗਿਆ ਜਾਂਦਾ ਹੈ। ਪਿਸਤੌਲ ਕਢ ਕਰ ਕੇ ਡਰਾਵੇ ਦਿਤੇ ਜਾਂਦੇ ਹਨ। ਮੁਕਦੀ ਗਲ ਕੀ ਕਿ ਉਹ ੨ ਜ਼ੁਲਮੀ

Digitized by Panjab Digital Library | www.panjabdigilib.org

ਕਾਰੇ ਅਕਾਲੀਆਂ ਨਾਲ ਕੀਤੇ ਜਾ ਰਹੇ ਹਨ ਜੋ ਕਹਿਣ ਸੁਨਣ ਤੋਂ ਬਾਹਰ ਹਨ। ਇਹਨਾਂ ਜ਼ੁਲਮਾਂ ਦੇ ਸ਼ਿਕਾਰ ਹੋਏ ਹੋਏ ਕਈ ਅਕਾਲੀ ਵੀਰ ਸ੍ਰੀ ਅੰਮ੍ਰਿਤਸਰ ਸ੍ਰੀ ਗੁਰੂ ਰਾਮਦਾਸ ਹਸਪਤਾਲ ਵਿਚ ਪੁਜ ਚੁਕੇ ਹਨ ਅਤੇ ਨਾਭੇ ਦੀ ਬਰਤਾਨੀ ਨੌਕਰਸ਼ਾਹੀ ਦੇ ਜ਼ੁਲਮਾਂ ਦੀ ਸਾਖ ਆਪਣੇ ਜ਼ਖਮਾਂ ਦੁਆਰਾ ਭਰੇ ਹਨ। ਇਕ ਅਕਾਲੀ ਵੀਰ ਦਾ ਅਜ ਇਕ ਜ਼ਿਮੇਵਾਰ ਡ਼ਾਕਟਰ ਪਾਸੋਂ ਮੁਲਾਹਜ਼ਾ ਕਰਾਇਆ ਗਿਆ ਜੋ ਇਸ ਪ੍ਰਕਾਰ ਹੈ:—

ਮੈਂ ਤਸਦੀਕ ਕਰਦਾ ਹਾਂ ਕਿ ਮੈਂ ਸਰਦਾਰਾ ਸਿੰਘ ਸਪੁਤਰ ਵਰਿਆਮ ਸਿੰਘ ਜਿਸ ਦੀ ਉਮਰ ੩੫ ਵਰ੍ਹਿਆਂ ਦੀ ਹੈ ਨੂੰ ਦੇਖਿਆ ਹੈ ਤੇ ਹੇਠ ਲਿਖੀਆਂ ਨਿਸ਼ਾਨੀਆਂ ਉਸ ਦੇ ਜਿਸਮ ਤੇ ਮੌਜੂਦ ਹਨ।

੧. ਬਾਰ੍ਹਾਂ ਲੰਬੇ ੨ ਕਾਲੇ ਦਾਗ ਹਰ ਇਕ ੧॥ ਇੰਚ ਲੰਬਾ ਤੇ ਇੰਚ ਦਾ ਚੌਥਾ ਹਿਸਾ ਚੌੜਾ ਹੈ। ਖਬੇ ਹਬ ਦੇ ਪੁਠੇ ਪਾਸੇ ਤੇ ਹਨ ਤੇ ਉਨ੍ਹਾਂ ਦੇ ਉਤੋਂ ਖੱਲ ਬੜੀ ਹੀ ਸਹਿਜ ਨਾਲ ਉਧੜ ਸਕਦੀ ਹੈ।

੨. ਇਕ ਛਾਲਾ ਜੋ ਚਾਰ ਆਨੇ ਸਿਕੇ ਜੇਡਾ ਖਬੇ ਹਬ ਦੇ ਅਪੁਠੇ ਪਾਸੇ ਪੰਜੇ ਦੀ ਤੀਜੀ ਹਡੀ ਦੇ ਅਧ ਵਿਚਾਲੇ ਹੈ।

੩. ਇਕ ਪਾਟਾ ਹੋਇਆ ਛਾਲਾ ਖਬੀ ਵੀਣੀ ਦੇ ਬਾਹਰਲੇ ਪਾਸੇ ਤੇ ਹੈ, ਜਿਸ ਵਿਚੋਂ ਥੋੜਾ ਥੋੜਾ ਪਾਣੀ ਨਿਕਲਦਾ ਹੈ।

੪. ਤਕਰੀਬਨ ਡੇਢ ਦਰਜਨ ਲੰਬੇ ਲੰਬੇ ਦਾਗ ਬੇ-ਤਰਤੀਬੇ, ਹਰ ਇਕ ਡੇਢ ਇੰਚ ਲੰਬਾ ਅਤੇ ਅਧਾ ਇੰਚ ਚੌੜਾ ਸਜੇ ਹਬ ਦੇ ਪੁਠੇ ਪਾਸੇ ਤੇ ਹਨ। ਇਹ ਸਾਰੇ ਦਾਗ ਕਾਲੇ ਸਿਆਹ ਰੰਗ ਵਿਚ ਹਨ ਤੇ ਇਨ੍ਹਾਂ ਉਪਰੋਂ ਖੱਲ ਬੜੀ ਸਹਿਜੇ ਉਤਰ ਸਕਦੀ ਹੈ।

੫. ਦੋ ਛਾਲੇ ਦੁਆਨੀ ਸਿਕੇ ਜੇਡੇ ਸਜੇ ਹਬ ਦੇ ਪੁਠੇ ਪਾਸੇ ਦੇ ਅਧ ਵਿਚ ਅਤੇ ਸਜੀ ਵੀਣ ਤੇ ਹਨ।

੬. ਇਕ ਪਾਟਾ ਹੋਇਆ ਛਾਲਾ ਸਜੇ ਹਬ ਦੇ ਅਪੁਠੇ ਪਾਸੇ ਸੱਜੀ ਹਡੀ ਦੇ ਨਿਚਲੇ ਹਿਸੇ ਕੋਲ ਹੈ।

੭. ਇਕ ਛਾਲਾ ਸੱਜੀ ਵੀਣੀ ਦੇ ਅਧ ਵਿਚ ਅੰਦਰਲੇ ਪਾਸੇ ਚਾਰ ਆਨੇ ਸਿਕੇ ਜੇਡਾ ਹੈ। ਇਸ ਛਾਲੇ ਦੇ ਨਾਲ ਇਕ ਛੋਟੀ ਜਿਹੀ ਜਗ੍ਹਾ ਜੋ ਅਧਾ ਸ: ਮ: ਲੰਬੀ ਤੇ ਚੌਥਾ ਹਿਸਾ ਸ: ਮ: ਚੌੜੀ ਜੋ ਰੰਗ ਵਿਚ ਕਾਲੀ ਹੈ। ਇਸ ਸਾਰੇ ਨਿਸ਼ਾਨ ਖੱਲ ਦੀ ਡੂੰਘਾਈ ਤਕ ਹਨ ਅਤੇ ਮਲੂਮ ਹੁੰਦਾ ਹੈ ਕਿ ਤਤੀ ਸਖਤ ਗਰਮ ਲੰਬੀ ਚੀਜ਼ (ਸੀਖਾਂ) ਦੇ ਨਾਲ ਬਣੇ ਹਨ।

ਸਹੀ: ਮਨੋਹਰ ਲਾਲ ਚੋਪੜਾ ਐਮ. ਬੀ. ਬੀ. ਐਸ.
ਅੰਮ੍ਰਿਤਸਰ ੧੬—੨—੧੯੨੫

ਕੀ ਇਸ ਤੋਂ ਮਗਰੋਂ ਵੀ ਨਾਭਾ ਦੀ ਬਰਤਾਨੀ ਹਕੂਮਤ ਦੇ ਕਸਾਈ ਪੁਨੇ ਵਿਚ ਕੋਈ ਸ਼ਕ ਰਹਿ ਜਾਂਦਾ ਹੈ? ਕੀ ਨਾਭੇ ਦੀ ਬਰਤਾਨੀ ਹਕੂਮਤ ਇਸ ਪ੍ਰਕਾਰ ਜ਼ੋਰ ਜ਼ੁਲਮ ਕਰਕੇ ਫਲ ਸਕੇਗੀ?

ਇਕ ਕਵੀ ਨੇ ਇਸ ਪ੍ਰਥਾਇ ਕਿਹਾ ਖ਼ੂਬ ਆਖਿਆ ਹੈ:—

ਜੋ ਕਿ ਜ਼ਾਲਮ ਹੈ ਵੋਹ ਹਰਗਿਜ਼ ਫੂਲਤਾ ਫਲਤਾ ਨਹੀਂ,
ਸਬਜ਼ ਹੋਤੇ ਖੇਤ ਦੇਖਾ ਹੈ ਕਭੀ ਸਮਸ਼ੇਰ ਕਾ।

ਖਾਲਸਈ ਅਣਖ ਦੇ ਰਖਵਾਲਿਓ! ਕੀ ਤੁਸੀਂ ਕਲਜੋਗਨ ਨੌਕਰ ਸ਼ਾਹੀ ਦੀ ਲਹੂ ਪੀਣ ਦੀ ਤ੍ਰਿਸ਼ਨਾ ਨੂੰ ਆਪਣੇ ਬੇਦਰੇਗ ਖ਼ੂਨ ਨਾਲ ਸੰਤੁਸ਼ਟ ਕਰਕੇ ਸਿਖੀ ਇਤਿਹਾਸ ਨੂੰ ਧਰਮ ਹਿਤ ਮਰਨਾ

Digitized by Panjab Digital Library | www.panjabdigilib.org

ਸੂਰਮਿਆਂ ਦਾ ਧਰਮ ਹੀ ਹੈ। ਤਾਹੀਤੇਂ ਤਾਂ ਗੁਰੂ ਸਾਹਿਬ ਜੀ ਨੇ ਸ੍ਰੀ ਮੁਖਾਰਬਿੰਦ ਤੋਂ ਇਸ ਤਰ੍ਹਾਂ ਉਚਾਰਿਆ ਹੈ:—

"ਜੇ ਜੇ ਸਹਿਤ ਜਾਤਨਾ ਦੇਹ, ਪ੍ਰਭ ਕੋ ਸੰਗ ਨਾ ਛਾਡਤ ਨੇਹ।
ਤੇ ਤੇ ਪਰਮ ਪੁਰੀ ਕਹਿ ਜਾਹੀ, ਤਿਨ ਹਰ ਸਿਉ ਅੰਤਰ ਕਛੁ ਨਾਹੀਂ।"

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਨਿਡਰ ਸਿੰਘ ਸੂਰਮਿਓਂ! ਆਪਣਿਆਂ ਘੁਰਿਆਂ 'ਚੋਂ ਬਾਹਰ ਨਿਕਲੋ ਅਤੇ ਪੂਰਨ ਜਥੇਬੰਦ ਹੋਕੇ ਧਰਮ ਦੀ ਦੇਵੀ ਤੋਂ ਵਾਰਨੇ ਹੋਣ ਲਈ ਮੈਦਾਨ ਵਿਚ ਸ਼ੇਰਾਂ ਵਾਂਗੂ ਗੱਜੋ ਅਤੇ ਨਾਭੇ ਦੀ ਬਰਤਾਨੀ ਕਲਜੋਗਨ ਦੇ ਢਿਡ ਨੂੰ ਆਪ ਨੇ ਪਵਿਤ੍ਰ ਖੂਨ ਨਾਲ ਭਰ ਕੇ ਉਸ ਦੇ ਮੂੰਹ ਮੋੜ ਦਿਉ!

ਦਾਸ: ਤਾਰਾ ਸਿੰਘ ਜਨਰਲ ਸੱਕਤ੍ਰ
ਸ਼੍ਰੋ: ਗੁ: ਪ੍ਰ: ਕਮੇਟੀ

# ਗੁਰਦੁਆਰਾ ਐਕਟ

ਅਕਾਲੀ ਲਹਿਰ ਅਰਥਾਤ ਗੁਰਦੁਆਰਾ ਸੁਧਾਰ ਲਹਿਰ ਦਾ ਫਲ ਇਹ ਹੋਇਆ ਕਿ ਸਰਕਾਰ ਸਾਰੇ ਇਤਿਹਾਸਕ ਗੁਰਦੁਆਰਿਆਂ ਨੂੰ ਸਾਂਝੇ ਪ੍ਰਬੰਧ ਵਿਚ ਲਿਆਉਣ ਵਾਸਤੇ ਗੁਰਦੁਆਰਾ ਐਕਟ ਬਣਾਉਣ ਲਈ ਮਜਬੂਰ ਹੋ ਗਈ। ਜਿਸ ਸਮੇਂ ਸ੍ਰੀ ਨਨਕਾਣਾ ਸਾਹਿਬ ਦਾ ਸਾਕਾ ਹੋਇਆ ਅਤੇ ਸ੍ਰੀ ਅੰਮ੍ਰਿਤਸਰ ਦੇ ਇਤਹਾਸਕ ਗੁਰਦੁਆਰੇ ਪੰਥਕ ਪ੍ਰਬੰਧ ਵਿਚ ਆ ਗਏ ਤਾਂ ਉਸ ਸਮੇਂ ਤੋਂ ਹੀ ਸਰਕਾਰ ਇਹ ਅਨਭਵ ਕਰਨ ਲਗ ਪਈ ਸੀ ਸਿਖ ਗੁਰਦੁਆਰੇ ਸਿੱਖਾਂ ਦੀ ਚੁਣੀ ਹੋਈ ਕਮੇਟੀ ਦੇ ਹਵਾਲੇ ਕਰਨੇ ਹੀ ਪੈਣਗੇ। ਪਰ ਸਰਕਾਰ ਦਾ ਯਤਨ ਇਹ ਸੀ ਕਿ ਗੁਰਦੁਆਰਾ ਐਕਟ ਸਿੱਖਾਂ ਦੀ ਮਰਜ਼ੀ ਅਨੁਸਾਰ ਨਹੀਂ ਸਗੋਂ ਸਰਕਾਰ ਦੀ ਮਰਜ਼ੀ ਅਨੁਸਾਰ ਬਣੇ।

ਸਿੱਖ ਲੀਡਰ ਭੀ ਇਸ ਗਲ ਨੂੰ ਅਨਭਵ ਕਰਦੇ ਸਨ, ਪ੍ਰੰਤੂ ਉਹ ਇਹ ਨਹੀਂ ਚਾਹੁੰਦੇ ਸਨ ਕਿ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਸਰਕਾਰ ਦਾ ਵਿੰਗਾ ਟੇਢਾ ਦਖਲ ਰਹੇ। ਇਸ ਕਰਕੇ ਜਦੋਂ ਕਦੇ ਗੁਰਦੁਆਰਾ ਐਕਟ ਸਬੰਧੀ ਗਲ ਬਾਤ ਚਲੀ ਤਾਂ ਉਹ ਇਸ ਕਰਕੇ ਟੁਟ ਜਾਂਦੀ ਰਹੀ ਕਿ ਸਰਕਾਰ ਤੇ ਸਿੱਖ ਆਗੂਆਂ ਵਿਚ ਕਈ ਪ੍ਰਕਾਰ ਦੇ ਮਤਭੇਦ ਰਹੇ। ੧੪ ਮਾਰਚ ੧੯੨੧ ਨੂੰ ਸਰ ਫਜ਼ਲ ਹੁਸੈਨ ਨੇ ਪੰਜਾਬ ਕੌਂਸਲ ਵਿਚ ਇਹ ਮਤਾ ਪੇਸ਼ ਕੀਤਾ ਕਿ "ਇਹ ਕੌਂਸਲ ਸੂਬੇ ਦੇ ਧਰਮ ਅਸਥਾਨਾਂ ਦੇ ਪ੍ਰਬੰਧ ਲਈ ਸਰਕਾਰ ਨੂੰ ਬਿਲ ਬਣਾਉਣ ਦੀ ਪ੍ਰੇਰਣਾ ਕਰਦੀ ਹੈ, ਗਵਰਨਰ ਜਨਰਲ ਨੂੰ ਕਹਿੰਦੀ ਹੈ ਕਿ ਉਹ ਪਹਿਲੇ ਇਕ ਆਰਡੀਨੈਂਸ ਜਾਰੀ ਕਰੇ ਜਿਸ ਰਾਹੀਂ ਕਿ ਧਰਮ ਅਸਥਾਨਾਂ ਦੇ ਪ੍ਰਬੰਧ ਨੂੰ ਠੀਕ ਕੀਤਾ ਜਾ ਸਕੇ। ਇਸ ਆਰਡੀਨੈਂਨਸ ਦੇ ਅੰਤ ਪਰ ਉਕਤ ਬਿਲ ਅਨੁਸਾਰ ਧਰਮ ਅਸਥਾਨਾਂ ਸਬੰਧੀ ਸਿਵਲ ਕੋਰਟਸ ਕਾਰਵਾਈ ਕਰ ਸਕਣ।" ਇਸ ਪਰ ਕਈ ਮੈਂਬਰਾਂ ਨੇ ਤਕਰੀਰਾਂ ਕੀਤੀਆਂ। ਇਹ ਵੀ ਤਜਵੀਜ਼ ਹੋਈ ਕਿ ਬਿਲ ਪੇਸ਼ ਹੋ ਕੇ ਪਾਸ ਹੋਣ ਤੱਕ ਸਿੱਖ ਗੁਰਦੁਆਰਿਆਂ ਲਈ ਤਿੰਨ ਮੈਂਬਰਾਂ ਦਾ ਇਕ ਕਮਿਸ਼ਨ ਨੀਯਤ ਕੀਤਾ ਜਾਵੇ ਜਿਹੜਾ ਕਿ ਝਗੜੇ ਵਾਲੇ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲ ਕੇ ਯੋਗ ਆਦਮੀ ਨੀਯਤ ਕਰੇ। ਹਿੰਦੂ, ਮੁਸਲਮਾਨਾਂ ਨੇ ਭੀ ਇਸ ਕਮਿਸ਼ਨ ਦਾ ਮੈਂਬਰ ਬਣਨ ਦੀ ਮੰਗ ਕੀਤੀ। ਕੌਂਸਲ ਦੇ ਸਿੱਖ ਮੈਂਬਰਾਂ ਨੇ ਇਸ ਮਤੇ

Digitized by Panjab Digital Library | www.panjabdigilib.org

ਦੇ ਲਫਜ਼ਾਂ ਨਾਲ ਅਸੰਮਤੀ ਪ੍ਰਗਟ ਕੀਤੀ। ਕੌਂਸਲ ਨੇ ਭਾਵੇਂ ਮਤਾ ਪਾਸ ਕਰ ਦਿਤਾ ਪਰ ਸਿੱਖ ਮੈਂਬਰਾਂ ਨੇ ਇਸ ਦੇ ਹੱਕ ਵਿਚ ਵੋਟਾਂ ਨਾ ਦਿਤੀਆਂ ।

ਸਰਕਾਰ ਨੇ ਗੁਰਦੁਆਰਿਆਂ ਸਬੰਧੀ ਵਧ ਰਹੀ ਗੜ ਬੜ ਨੂੰ ਰੋਕਣ ਲਈ ਵਾਧੂ ਪੁਲਸ ਰਖਣ ਵਾਸਤੇ ੧੧੫੨੨੭ ਰੁਪਏ ਦੀਆਂ ਵਾਧੂ ਮੰਗਾਂ ਪੇਸ਼ ਕੀਤੀਆਂ। ਸ: ਬ: ਮਹਿਤਾਬ ਸਿੰਘ ਨੇ ਇਨ੍ਹਾਂ ਦੀ ਸਖਤ ਵਿਰੋਧਤਾ ਕੀਤੀ ।

੨੦ ਮਾਰਚ ਨੂੰ ਗੁਰਦੁਆਰਾ ਬਿਲ ਬਾਰੇ ਵਿਚਾਰ ਕਰਨ ਲਈ ਸ਼੍ਰੋ: ਕਮੇਟੀ ਦਾ ਇਜਲਾਸ ਹੋਇਆ । ਕਮੇਟੀ ਨੇ ਪਾਸ ਕਰ ਦਿਤਾ ਕਿ ਜੇ ਸਰਕਾਰ ਅਪਰੈਲ ਤੱਕ ਬਿਲ ਪਾਸ ਕਰਕੇ ਗੁਰਦੁਆਰਿਆਂ ਦਾ ਪ੍ਰਬੰਧ ਠੀਕ ਨਾ ਕਰ ਸਕੇ ਤੇ ਅਕਾਲੀ ਲਹਿਰ ਦੇ ਕੈਦੀ ਰਿਹਾ ਨਾ ਕਰੇ ਤਾਂ ਸਿੱਖ ਆਪਣਾ ਰਾਹ ਆਪ ਚੁਣ ਲੈਣ । ੧੨ ਮੁਖੀਆਂ ਦੀ ਇਕ ਕਮੇਟੀ ਸਰਕਾਰ ਨਾਲ ਗਲ ਬਾਤ ਕਰਨ ਲਈ ਬਣਾਈ ਗਈ ।

ਅਪਰੈਲ ੧੯੨੧ ਵਿਚ ਸਰ ਲਫਜ਼ ਹੁਸੈਨ ਨੇ ਇਕ ਗੁਰਦੁਆਰਾ ਬਿਲ ਪੇਸ਼ ਕੀਤਾ। ਇਸ ਵਿਚ ਕਿਹਾ ਗਿਆ ਸੀ ਕਿ ਜਿਸ ਗੁਰਦੁਆਰੇ ਦੇ ਪੁਜਾਰੀ ਜਾਂ ਜਾਇਦਾਦ ਸਬੰਧੀ ਪੜਤਾਲ ਕਰਕੇ ਸਰਕਾਰ ਦੀ ਤਸੱਲੀ ਹੋ ਜਾਵੇਗੀ, ਉਸ ਨੂੰ ਸਿੱਖ ਗੁਰਦੁਆਰਾ ਕਰਾਰ ਦਿਤਾ ਜਾਵੇਗਾ ਜਾਂ ਝਗੜੇ ਵਾਲੀ ਥਾਂ ਮੰਨਿਆ ਜਾਵੇਗਾ। ਇਸ ਅਨੁਸਾਰ ਇਕ ਬੋਰਡ ਨੀਯਤ ਕੀਤਾ ਜਾਵੇਗਾ ਜਿਸ ਨੂੰ ਸਾਰੇ ਝਗੜੇ ਨਜਿੱਠਣ ਦਾ ਅਧਿਕਾਰ ਹੋਵੇਗਾ। ਉਸ ਬੋਰਡ ਦਾ ਖਰਚ ਗੁਰਦੁਆਰਾ ਫੰਡਜ਼ ਵਿਚੋਂ ਦਿਤਾ ਜਾਵੇਗਾ। ਸਿੱਖ ਮੈਂਬਰਾਂ ਨੇ ਇਸ ਬਿਲ ਦਾ ਵਿਰੋਧ ਕੀਤਾ ਪ੍ਰੰਤੂ ਇਹ ਬਿਲ ਸੀਲੈਕਟ ਕਮੇਟੀ ਦੇ ਸਪੁਰਦ ਕਰ ਦਿਤਾ ਗਿਆ ।

ਸੀਲੈਕਟ ਕਮੇਟੀ ਵਿਚ ਸ: ਮਹਿਤਾਬ ਸਿੰਘ, ਸ: ਕਰਤਾਰ ਸਿੰਘ, ਸ: ਹਰਨਾਮ ਸਿੰਘ ਤੇ ਸ: ਦਸੌਂਧਾ ਸਿੰਘ ਮੈਂਬਰ ਸਨ। ਉਨ੍ਹਾਂ ਨੇ ਬਿਲ ਨਾਲ ਅਸੰਮਤੀ ਪ੍ਰਗਟ ਕੀਤੀ ਅਤੇ ਆਪਣੇ ਵਲੋਂ ਇਹ ਵਿਰੋਧੀ ਨੋਟ ਲਿਖਵਾਇਆ।

"ਸਿੱਖ ਗੁਰਦਵਾਰਾ ਉਹ ਥਾਂ ਹੈ ਜਿਥੇ ਸਿੱਖ ਦਾ ਕਬਜ਼ਾ ਹੈ ਜਾਂ ਗੁਰੂਆਂ ਦੀ ਥਾਂ ਹੈ,ਨਾ ਕਿ ਜਿਸ ਨੂੰ ਸਰਕਾਰੀ ਕਮਿਸ਼ਨ ਗੁਰਦਵਾਰਾ ਕਰਾਰ ਦੇਵੇ । ਗੁਰਦਵਾਰਿਆਂ ਦਾ ਬੋਰਡ ਸਿੱਖ ਮੈਂਬਰਾਂ ਦੀ ਮਰਜ਼ੀ ਨਾਲ ਚੁਣਿਆ ਜਾਵੇ । ਕਮੀਸ਼ਨ ਜਾਂ ਬੋਰਡ ਦਾ ਖਰਚ ਗੁਰਦਵਾਰਾ ਫੰਡਜ਼ ਵਿਚੋਂ ਨਾ ਦਿੱਤਾ ਜਾਵੇ। ਗੁਰਦਵਾਰਿਆਂ ਦੀ ਮਾਇਆ ਕੇਵਲ ਧਾਰਮਕ ਕੰਮਾਂ ਲਈ ਖਰਚ ਹੋਣੀ ਚਾਹੀਦੀ ਹੈ। ਕੋਈ ਸਿੱਖ ਕਮਿਸ਼ਨ ਦੀ ਇਸ ਗਲ ਨਾਲ ਸਹਿਮਤ ਨਹੀਂ ਹੋ ਸਕਦਾ ਕਿ ਗੁਰਦਵਾਰਿਆਂ ਦੀ ਮਾਇਆ ਹੋਰ ਥਾਵੇਂ ਵਰਤੀ ਜਾਵੇ।"

ਸਿੱਖਾਂ ਵਲੋਂ ਇਸ ਬਿਲ ਦਾ ਵਿਰੋਧ ਕੀਤਾ ਗਿਆ । ਸ੍ਰੋ: ਕਮੇਟੀ ਦੀ ਇਕ ਇਕਤ੍ਰਤਾ ਨੇ ਇਸ ਬਿਲ ਨੂੰ ਨਾ ਤਸੱਲੀ ਬਖਸ਼ ਕਰਾਰ ਦਿੱਤਾ। ਸਰਕਾਰ ਨੇ ਕਿਸੇ ਮੁਨਾਸਬ ਹੱਲ ਲਈ ਮਹੰਤਾ ਤੇ ਸ੍ਰੋ: ਕਮੇਟੀ ਦੇ ਪ੍ਰਤਿਨਿਧਾਂ ਦੀ ਇਕ ਸਾਂਝੀ ਇਕਤ੍ਰਤਾ ਬੁਲਾਈ। ਲਾਲਾ ਗਨਪਤ ਰਾਇ ਤੇ ਰਾਜਾ ਨਰਿੰਦਰੋ ਨਾਥ ਮਹੰਤਾਂ ਵਲੋਂ ਪ੍ਰਤਿਨਿਧ ਸਨ। ਇਸ ਵਿਚ ਕੌਂਸਲ ਦੇ ਸਿੱਖ ਮੈਂਬਰ ਕਈ ਵਜ਼ੀਰ ਤੇ ਹੋਰ ਮੁਖੀ ਸ਼ਾਮਲ ਸਨ।

ਸਿੱਖ ਮੁਖੀਆਂ ਨੇ ਸਾਰਿਆਂ ਨੂੰ ਇਨ੍ਹਾਂ ਤਿੰਨ ਗੱਲਾਂ ਪਰ ਰਜ਼ਾਮੰਦ ਕਰ ਲਿਆ ।

੧. ਚੰਗੇ ਆਚਰਨ ਵਾਲਾ ਮਹੰਤ ਭੀ ਕਿਸੇ ਗੁਰਦਵਾਰੇ ਵਿਚ ਰਹਿ ਸਕਦਾ ਹੈ !

੨. ਸਾਰੇ ਗੁਰਦਵਾਰੇ ਇਕ ਪੰਥਕ ਕਮੇਟੀ ਦੇ ਪ੍ਰਬੰਧ ਵਿਚ ਹੋਣ ।

Digitized by Panjab Digital Library | www.panjabdigilib.org

੩. ਗੁਰਦਵਾਰਿਆਂ ਦੀ ਆਮਦਨ ਖਰਚ ਦਾ ਹਿਸਾਬ ਪਬਲਿਕ ਨੂੰ ਦਿੱਤਾ ਜਾਵੇ ।

ਕੁਝ ਚਿਰ ਲਈ ਕਾਨਫ੍ਰੰਸ ਮੁਲਤਵੀ ਕੀਤੀ ਗਈ ਪ੍ਰੰਤੂ ਜਦ ਦੁਬਾਰਾ ਕਾਨਫ੍ਰੰਸ ਸ਼ੁਰੂ ਹੋਈ ਤਾਂ ਮਹੰਤਾਂ ਦੇ ਪ੍ਰਤਿਨਿਧਾਂ ਦਾ ਵਤੀਰਾ ਪਹਿਲੇ ਦੇ ਉਲਟ ਸੀ । ਉਨ੍ਹਾਂ ਨੇ ਇਹ ਮੰਗ ਪੇਸ਼ ਕੀਤੀ ਕਿ ਸਿੱਖ ਗੁਰਦਵਾਰਿਆਂ ਵਿਚ ੧੯੨੦ ਤੋਂ ਪਹਿਲਾਂ ਵਾਲੀ ਮਰਯਾਦਾ ਕਾਇਮ ਰਖੀ ਜਾਵੇ । ਸਿੱਖ ਮੈਂਬਰਾਂ ਨੇ ਕਿਹਾ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਦੇ ਮੁਤਾਬਕ ਗੁਰਦਵਾਰਿਆਂ ਦੀ ਮਰਯਾਦਾ ਹੋਣੀ ਚਾਹੀਦੀ ਹੈ । ਪ੍ਰੰਤੂ ਇਸ ਗੱਲ ਨੂੰ ਮਹੰਤਾਂ ਦੇ ਪ੍ਰਤਿਨਿਧਾਂ ਨੇ ਪ੍ਰਵਾਨ ਨਾ ਕੀਤਾ । ਗੁਰਦਵਾਰਾ ਬੋਰਡ ਵਿਚ ਸਿੱਖ ਮੈਂਬਰਾਂ ਨੇ ਦੋ ਤਿਹਾਈ ਪ੍ਰਤਿਨਿਧਤਾ ਸਿੱਖਾਂ ਦੀ ਮੰਗੀ ਤੇ ਪ੍ਰਧਾਨ ਸਿੱਖ ਹੋਣ ਦਾ ਮੁਤਾਲਬਾ ਕੀਤਾ ਪਰ ਮਹੰਤਾਂ ਦੇ ਨੁਮਾਇੰਦੇ ਇਹ ਕਹਿਣ ਕਿ ਪ੍ਰਧਾਨ ਕੋਈ ਯੂਰਪੀਨ ਹੋਣਾ ਚਾਹੀਦਾ ਹੈ । ਇਸ ਪਰ ਇਹ ਕਾਨਫ੍ਰੰਸ ਸਿਰੇ ਨਾ ਚੜ੍ਹ ਸਕੀ ।

ਸਰਕਾਰ ਅੰਦਰ ਖਾਨੇ ਮਹੰਤਾਂ ਦਾ ਪੱਖ ਕਰਦੀ ਸੀ । ਉਪਰੋਂ ਇਹ ਕਹਿੰਦੀ ਸੀ ਕਿ ਮਹੰਤਾਂ ਨਾਲ ਕੋਈ ਸਮਝੌਤਾ ਹੋ ਜਾਵੇ ਤਾਂ ਸਰਕਾਰ ਨੂੰ ਕੋਈ ਇਤਰਾਜ਼ ਨਹੀਂ ਪ੍ਰੰਤੂ ਅੰਦਰੋਂ ਮਹੰਤਾਂ ਨੂੰ ਚੁਕ ਦਿੰਦੀ ਸੀ ਕਿ ਉਹ ਸਮਝੌਤਾ ਨਾ ਕਰਨ ਇਸ ਕੂਟਲ ਨੀਤੀ ਦਾ ਫਲ ਇਹ ਹੋਇਆ ਕਿ ਜੇਹੜੇ ਮਹੰਤ ਸਮਝੌਤਾ ਕਰਨ ਲਈ ਤਿਆਰ ਸਨ ਉਹ ਭੀ ਆਕੜ ਗਏ ਤੇ ਸਰਕਾਰ ਨੇ ਉਲਟਾ ਪ੍ਰਾਪੇਗੰਡਾ ਇਹ ਕੀਤਾ ਕਿ ਅਕਾਲੀਆਂ ਦਾ ਵਤੀਰਾ ਭੜਕਾਊ ਹੈ ਇਸ ਕਰਕੇ ਸਮਝੌਤਾ ਨਹੀਂ ਹੋ ਸਕਿਆ । ਇਸ ਤੋਂ ਇਲਾਵਾ ਸਰਕਾਰ ਪੰਜਾਬ ਕੌਂਸਲ ਦੇ ਹਿੰਦੂ, ਮੁਸਲਮਾਨ ਮੈਂਬਰਾਂ ਨੂੰ ਭੀ ਇਹ ਕਹਿੰਦੀ ਰਹੀ ਕਿ ਉਹ ਗੁਰਦੁਆਰਾ ਬੋਰਡ ਵਿਚ ਪ੍ਰਤਿਨਿਧਤਾ ਮੰਗਣ ਪ੍ਰੰਤੂ ਸਿੱਖ ਇਹ ਚਾਹੁੰਦੇ ਸਨ ਕਿ ਗੁਰ-ਦੁਆਰਾ ਪ੍ਰਬੰਧ ਵਿਚ ਕਿਸੇ ਗੈਰ ਸਿੱਖ ਦਾ ਜਾਂ ਸਰਕਾਰ ਦਾ ਦਖਲ ਨਹੀਂ ਹੋਣਾ ਚਾਹੀਦਾ ।

ਇਸ ਸਵਾਲ ਪਰ ਸਰਕਾਰ ਤੇ ਸਿੱਖਾਂ ਵਿਚਕਾਰ ਖਿਚੋਤਾਣ ਵਧਦੀ ਗਈ। ਸਰਕਾਰ ਨੇ ਅਕਾਲੀ ਲਹਿਰ ਨੂੰ ਕੁਚਲਣ ਲਈ ਸਾਰਾ ਜ਼ੋਰ ਲਗਾਇਆ । ਉਹ ਕਿਹੜੀ ਸਖਤੀ ਹੈ ਜਿਹੜੀ ਅਕਾਲੀਆਂ ਪਰ ਨਹੀਂ ਵਰਤੀ ਗਈ । ਸਿੱਖ ਕੌਮ ਨੇ ੪੨ ਲੱਖ ਰੁਪਿਆ ਜੁਰਮਾਨਿਆ ਦੀ ਸ਼ਕਲ ਵਿਚ ਸਰਕਾਰੀ ਖਜ਼ਾਨਿਆਂ ਵਿਚ ਦਾਖਲ ਕਰਾਇਆ । ਸੈਂਕੜੇ ਸਿੰਘ ਸ਼ਹੀਦ ਹੋਏ ਤੇ ਹਜ਼ਾਰਾਂ ਨੇ ਜੇਲ੍ਹਾਂ ਦੀਆਂ ਸਖਤੀਆਂ ਸਹੀਆਂ । ਜਿਸ ਸਮੇਂ ਸਰਕਾਰ ਨੇ ਇਹ ਅਨਭਵ ਕਰ ਲਿਆ ਕਿ ਸਖਤੀ ਨਾਲ ਸਿੱਖਾਂ ਨੂੰ ਦਬਾਇਆ ਨਹੀਂ ਜਾ ਸਕਦਾ ਸਗੋਂ ਸਿੱਖਾਂ ਦੀਆਂ ਮੰਗਾਂ ਪ੍ਰਵਾਨ ਕਰਨੀਆਂ ਹੀ ਪੈਣਗੀਆਂ, ਤਾਂ ਉਸ ਨੇ ਸਿੱਖ ਲੀਡਰਾਂ ਨਾਲ ਸਮਝੌਤੇ ਦੀ ਗਲ ਬਾਤ ਕਰਨ ਲਈ ਬਰਡਵੁਡ ਕਮੇਟੀ ਬਣਾਈ । ਇਸ ਕਮੇਟੀ ਦੇ ਪ੍ਰਧਾਨ ਜਨਰਲ ਸਰ ਵਿਲੀਅਮ ਬਰਡਵੁਡ ਜਨਰਲ ਆਫੀਸਰ ਕਮਾਂਡਿੰਗ ਉਤਰੀ ਕਮਾਂਡ ਤੇ ਸਕੱਤ੍ਰ ਮਿ: ਕਿਲੋਵਰਟ ਆਈ. ਸੀ ਐਸ ਸਨ । ਕੈਪਟਨ ਹੀਰਾ ਸਿੰਘ ਪਤੋ (ਫੀਰੋਜ਼ਪੁਰ) ਨੂੰ ਇਸ ਦਾ ਮੈਂਬਰ ਨੀਯਤ ਕੀਤਾ ਗਿਆ ।

ਇਸ ਕਮੇਟੀ ਨੇ ਉਸ ਸਮੇਂ ਸਮਝੌਤੇ ਦੀ ਗਲ ਬਾਤ ਸ਼ੁਰੂ ਕੀਤੀ ਜਦ ਅਕਾਲੀ ਲਹਿਰ ਜ਼ੋਰਾਂ ਪਰ ਸੀ । ਜੈਤੋ ਤੇ ਭਾਈ ਫੇਰੂ ਦਾ ਮੋਰਚਾ ਗਰਮ ਸੀ । ਸਰਕਾਰ ਸਿਖਾਂ ਵਿਰੁਧ ਸਖਤੀ ਦਾ ਚੱਕਰ ਪੂਰੇ ਜ਼ੋਰ ਨਾਲ ਚਲਾ ਰਹੀ ਸੀ । ਸਿਖ ਲੀਡਰਾਂ ਨੇ ਇਹ ਅਨਭਵ ਕੀਤਾ ਕਿ ਸਰਕਾਰ ਸਿਖਾਂ ਨੂੰ ਸਮਝੌਤੇ ਦਾ ਝਾਂਸਾ ਦੇਕੇ ਅਕਾਲੀ ਲਹਿਰ ਨੂੰ ਕਮਜ਼ੋਰ ਕਰਨਾ ਚਾਹੁੰਦੀ ਹੈ । ਇਸ ਕਰ ਕੇ ਸਮਝੌਤੇ ਦੀ ਗਲ ਬਾਤ ਦਾ ਕੋਈ ਨਤੀਜਾ ਨਾ ਨਿਕਲਿਆ ।

ਸ਼੍ਰੋ: ਕਮੇਟੀ ਨੇ ਇਕ ਐਲਾਨ ਰਾਹੀਂ ਪ੍ਰਗਟ ਕੀਤਾ ਕਿ "ਸਿਖਾਂ ਨੂੰ ਸਰਕਾਰ ਦੀ ਇਸ ਚਾਲ ਤੋਂ ਖਬਰਦਾਰ ਰਹਿਣਾਂ ਚਾਹੀਦਾ ਹੈ ਤੇ ਸ਼ਾਂਤਮਈ ਕੁਰਬਾਨੀਆਂ ਦੀ ਰਫਤਾਰ ਨੂੰ ਢਿਲਿਆਂ ਨਹੀਂ ਕਰਨਾ

Digitized by Panjab Digital Library | www.panjabdigilib.org

ਚਾਹੀਦਾ। ਵਾਹਿਗੁਰੂ ਤੇ ਸਤਿਗੁਰੂ ਖਾਲਸੇ ਦੇ ਅੰਗ ਸੰਗ ਹਨ ਜ਼ਰੂਰ ਸਫਲਤਾ ਬਖਸ਼ਣ ਗੇ'' ਇਸ ਐਲਾਨ ਤੋਂ ਪਿਛੋਂ ਸ਼੍ਰੋ: ਕਮੇਟੀ ਨੇ ਬਰਡਵਰਡ ਕਮੇਟੀ ਨੂੰ ਅਨਵਾਨ ਕਰ ਦਿਤਾ। ਇਸ ਤੋਂ ਪਿਛੋਂ ਪੰਜਾਬ ਦੇ ਗਵਰਨਰ ਐਕਲੇਗਨ ਔਹਦੇ ਦੀ ਮਿਆਦ ਖਤਮ ਹੋਣ ਕਰਕੇ ਵਲਾਇਤ ਚਲੇ ਗਏ ਤੇ ਉਨ੍ਹਾਂ ਦੀ ਥਾਂ ਸਰ ਮੈਲਕਮ ਹੇਲੀ ਪੰਜਾਬ ਦੇ ਗਵਰਨਰ ਬਣ ਕੇ ਆਏ। ਇਨ੍ਹਾਂ ਸਬੰਧੀ ਸਿਖਾਂ ਨੂੰ ਖਿਆਲ ਸੀ ਕਿ ਇਹ ਚਾਰਜ ਸੰਭਾਲਦਿਆਂ ਹੀ ਸਿਖਾਂ ਪਰ ਸਖਤੀ ਦਾ ਨਵਾਂ ਦੌਰ ਚਲਾਵੇ ਗਾ। ਇਸ ਕਰ ਕੇ ਸ਼੍ਰੋਮਣੀ ਕਮੇਟੀ ਨੇ ਇਕ ਐਲਾਨ ਵਿਚ ਪ੍ਰਗਟ ਕਰ ਦਿਤਾ ਕਿ ਹੇਲੀ ਦੇ ਹਲੇ ਦਾ ਮੁਕਾਬਲਾ ਕਰਨ ਲਈ ਪੰਥ ਨੂੰ ਤਿਆਰ ਹੋ ਜਾਣਾ ਚਾਹੀਦਾ ਹੈ। ਪੰਜਾਬ ਕੌਂਸਲ ਦੇ ਸਿਖ ਮੈਂਬਰਾਂ ਨਾਲ ਸਰਕਾਰ ਨੇ ਬਰਡਵਰਡ ਕਮੇਟੀ ਦਾ ਕੰਮ ਚਾਲੂ ਕਰਨ ਲਈ ਵਿਚਾਰ ਕੀਤੀ ਪ੍ਰੰਤੂ ਉਹ ਸਹਿਮਤ ਨਾ ਹੋਏ। ਇਸ ਕਰ ਕੇ ਇਸ ਕਮੇਟੀ ਦਾ ਭੋਗ ਪਾ ਦਿਤਾ ਗਿਆ।

੨੫ ਨਵੰਬਰ ੧੯੨੪ ਨੂੰ ਪੰਜਾਬ ਕੌਂਸਲ ਦੇ ਸਿਖ ਮੈਂਬਰਾਂ ਦੀ ਇਕ ਕਮੇਟੀ ਗੁਰਦਵਾਰਾ ਬਿਲ ਤੇ ਵਿਚਾਰ ਕਰਨ ਲਈ ਬਣਾਈ ਗਈ। ਇਸ ਕਮੇਟੀ ਦੇ ਮਿ: ਪਕਲ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਤੇ ਮਿ: ਡਬਲਯੂ ਐਮਰਸਨ ਨਾਲ ਮਿਲ ਕੇ ਗੁਰਦਵਾਰਾ ਬਿਲ ਦਾ ਖਰੜਾ ਤਿਆਰ ਕਰਨ ਲਈ ਕਿਹਾ ਗਿਆ। ਇਸ ਕਮੇਟੀ ਵਿਚ ਹਿੰਦੂ, ਮੁਸਲਮਾਨ ਤੇ ਮਹੰਤਾਂ ਦਾ ਨੁਮਾਇੰਦਾ ਕੋਈ ਨਹੀਂ ਸੀ ਇਸ ਕਰਕੇ ਸਿਖਾਂ ਦਾ ਖਿਆਲ ਸੀ ਕਿ ਹੁਣ ਸਰਕਾਰ ਕੁਝ ਰਾਹ ਰਾਸਤੀ ਪਰ ਆ ਗਈ ਹੈ, ਇਸ ਕਰਕੇ ਉਨ੍ਹਾਂ ਨੇ ਇਸ ਕਮੇਟੀ ਵਿਰੁਧ ਕੋਈ ਰੌਲਾ ਨਾ ਪਾਇਆ। ਇਸ ਕਮੇਟੀ ਦੀਆਂ ਕਈ ਮੀਟਿੰਗਾਂ ਹੋਈਆਂ ਜਿਨ੍ਹਾਂ ਵਿਚ ਗੁ: ਬਿਲ ਦਾ ਖਰੜਾ ਤਿਆਰ ਕੀਤਾ ਗਿਆ। ੨੧ ਜਨਵਰੀ ੧੯੨੫ ਨੂੰ ਇਸ ਕਮੇਟੀ ਨੇ ਗੁਰਦਵਾਰਾ ਬਿਲ ਦਾ ਖਰੜਾ ਪ੍ਰਕਾਸ਼ਤ ਕਰ ਦਿਤਾ। ਇਸ ਖਰੜੇ ਵਿਚ ਇਸ ਗਲ ਦਾ ਫੈਸਲਾ ਕਰਨਾ ਬਾਕੀ ਸੀ ਕਿ ਗੁਰਦਵਾਰਾ ਬੋਰਡ ਦਾ ਨਾਂ ਸ਼੍ਰੋ: ਕਮੇਟੀ ਹੋਵੇ ਜਾਂ ਸੰਟਰਲ ਗੁਰਦਵਾਰਾ ਬੋਰਡ। ਇਸ ਵਿਚ ਇਹ ਗਲ ਭੀ ਪ੍ਰਵਾਨ ਕੀਤੀ ਗਈ ਸੀ ਕਿ ਜੇ ਚੋਣਵੇਂ ਮੈਂਬਰਾਂ ਚੋਂ ੩ – ੫ ਮੈਂਬਰ ਸ਼੍ਰੋ: ਗੁ: ਪ੍ਰ: ਕਮੇਟੀ ਨਾਂ ਰਖਣ ਦੇ ਹੱਕ ਵਿਚ ਹੋਣ ਤਾਂ ਉਹ ਰਖ ਸਕਦੇ ਹਨ।

ਸ: ਤਾਰਾ ਸਿੰਘ ਜੀ ਮੋਗਾ ਐਮ. ਐਲ. ਸੀ. ਨੇ ਇਕ ਬਿਆਨ ਵਿਚ ਕਿਹਾ ਕਿ, "ਸਿਖਾਂ ਦੇ ਸਾਰੇ ਦੁਖਾਂ ਦੀ ਨਿਵਰ੍ਹਤੀ ਅਜੇਹਾ ਗੁਰਦਵਾਰਾ ਬਿਲ ਪਾਸ ਹੋਣ ਨਾਲ ਹੀ ਹੋ ਸਕਦੀ ਹੈ'' ਭਾ: ਜੋਧ ਸਿੰਘ ਜੀ ਐਮ. ਐਲ. ਸੀ. ਨੇ ਭੀ ਇਸ ਬਿਲ ਦੀ ਹਮਾਇਤ ਕੀਤੀ। ਇਸ ਬਿਲ ਦੇ ਤਿਆਰ ਕਰਨ ਵਿਚ ਕੌਂਸਲ ਦੇ ਸਿਖ ਮੈਂਬਰਾਂ, ਸ਼੍ਰੋ: ਕਮੇਟੀ ਦੇ ਜਿਹਲ ਤੋਂ ਬਾਹਰਲੇ ਤੇ ਕਿਲੇ ਵਿਚ ਬੰਦ ਸਭ ਆਗੂਆਂ ਦੀ ਸੰਮਤੀ ਸੀ।

੧ ਮਾਰਚ ੧੯੨੫ ਨੂੰ ਸ਼੍ਰੋ: ਕਮੇਟੀ ਦੀ ਜਨਰਲ ਇਕਤ੍ਰਤਾ ਬੁਲਾਈ ਗਈ ਪ੍ਰੰਤੂ ਸਰਕਾਰ ਨੇ ਡਾਕ ਰੋਕ ਲਈ, ਜਿਸ ਕਰਕੇ ਮੈਂਬਰਾਂ ਨੂੰ ਇਤਲਾਹ ਨਾ ਹੋ ਸਕੀ ਤੇ ਇਹ ਇਕਤ੍ਰਤਾ ਨਾ ਹੋਈ। ਪ੍ਰੰਤੂ ਪੰਜਾਬ ਸਰਕਾਰ ਦੇ ਹੋਮ ਸਕਤ੍ਰ ਨੇ ਇਕ ਐਲਾਨ ਵਿਚ ਪ੍ਰਗਟ ਕਰ ਦਿਤਾ ਕਿ ਗੁਰਦਵਾਰਾ ਬਿਲ ੪ ਮਈ ੧੯੨੫ ਨੂੰ ਹੋਣ ਵਾਲੀ ਪੰਜਾਬ ਕੌਂਸਲ ਦੀ ਇਕਤ੍ਰਤਾ ਦੇ ਇਜੰਡੇ ਵਿਚ ਰਖਿਆ ਗਿਆ ਹੈ।

੨੭ ਅਪਰੈਲ ਨੂੰ ਸ਼੍ਰੋ: ਕਮੇਟੀ ਦਾ ਜਨਰਲ ਸਮਾਗਮ ਸ੍ਰੀ ਅਕਾਲ ਤਖਤ ਸਾਹਿਬ ਪਰ ਹੋਇਆ। ਇਸ ਦੇ ਪ੍ਰਧਾਨ ਸ: ਮੰਗਲ ਸਿੰਘ ਜੀ ਬੀ. ਏ. ਲੁਧਿਆਣਾ ਸਨ। ਇਸ ਵਿਚ ਗੁਰਦਵਾਰਾ ਬਿਲ ਦੀ ਹਮਾਇਤ ਕੀਤੀ ਗਈ। ਸ: ਜਸਵੰਤ ਸਿੰਘ ਝੁਬਾਲ ਨੇ ਗੁਰਦਵਾਰਾ ਬਿਲ ਨਾਲ ਮਤ ਭੇਦ ਪ੍ਰਗਟ ਕੀਤਾ ਪਰ ਇਹ ਭੀ ਕਿਹਾ ਕਿ "ਹਾਲਾਤ ਤੇ ਲੋੜ ਨੂੰ ਮੁਖ ਰਖ ਕੇ ਮੈਂ ਇਸ ਬਿਲ ਦੀ ਵਿਰੋਧਤਾ ਨਹੀਂ ਕਰਾਂਗਾ। ਸ: ਮੰਗਲ ਸਿੰਘ ਜੀ ਨੇ ਇਸ ਪਰ ਝਬਾਲੀਆ ਜੀ ਦਾ ਧੰਨਵਾਦ ਕੀਤਾ। ਸ਼੍ਰੋ: ਕਮੇਟੀ ਨੇ ਬਿਲ ਸਬੰਧੀ ਹੇਠ ਲਿਖਿਆ ਮਤਾ ਪਾਸ ਕੀਤਾ।

Digitized by Panjab Digital Library | www.panjabdigilib.org

"ਸ਼੍ਰੋਮਣੀ ਗੁਰਦਵਾਰਾ ਪ੍ਰਃ ਕਮੇਟੀ ਨੇ ਸ: ਤਾਰਾ ਸਿੰਘ ਵਲੋਂ ਪੇਸ਼ ਹੋਣ ਵਾਲੇ ਗੁਰਦਵਾਰਾ ਬਿਲ ੧੯੨੫ ਸਬੰਧੀ ਦੀਰਘ ਵਿਚਾਰ ਕਰਕੇ ਇਹ ਰਾਏ ਕਾਇਮ ਕੀਤੀ ਹੈ ਕਿ ਇਹ ਬਿਲ ਗੁਰਦਵਾਰਾ ਸੁਧਾਰ ਲਹਿਰ ਦੀਆਂ ਸਾਰੀਆਂ ਲੋੜਾਂ ਨੂੰ ਪੂਰਾ ਕਰਦਾ ਹੈ।"

ਇਸ ਬਿਲ ਵਿਚ ਸ਼੍ਰੋਃ ਕਮੇਟੀ ਨੇ ਹੇਠ ਲਿਖੀਆਂ ਤਰਮੀਮਾਂ ਪੇਸ਼ ਕੀਤੀਆਂ।

੧. ਅਕਾਲ ਤਖਤ ਤੇ ਕੇਸ ਗੜ੍ਹ ਸਾਹਿਬ ਸ਼੍ਰੋਃ ਕਮਟੀ ਦੇ ਪ੍ਰਬੰਧ ਵਿਚ ਹੋਣ।

੨. ਇਸਤ੍ਰੀ ਪੁਰਸ਼ ਦੋਹਾਂ ਨੂੰ ਗੁਰਦਵਾਰਾ ਚੋਣ ਵਿਚ ਵੋਟਾਂ ਦੇਣ ਦਾ ਹੱਕ ਹੋਵੇ।

੩. ਗੁਰਦਵਾਰਿਆਂ ਦੀ ਆਮਦਨ ਧਾਰਮਕ, ਵਿਦਿਅਕ ਤੇ ਖਰੈਤੀ ਕੰਮਾਂ ਲਈ ਖਰਚ ਹੋਵੇ।

ਇਹ ਫੈਸਲਾ ਕਰ ਕੇ ਸ਼੍ਰੋਃ ਗੁਃ ਪ੍ਰਃ ਕਮੇਟੀ ਨੇ ਬਿਲ ਪ੍ਰਵਾਨ ਕਰ ਲਿਆ। ੭ ਮਈ ਨੂੰ ਬਿਲ ਸੀਲੈਕਟ ਕਮੇਟੀ ਦੇ ਸਪੁਰਦ ਹੋਇਆ। ੯ ਜੁਲਾਈ ਨੂੰ ਪੰਜਾਬ ਕੌਂਸਲ ਨੇ ਸ਼ਿਮਲੇ ਦੇ ਇਜਲਾਸ ਵਿਚ ਗੁਃ ਬਿਲ ਪਾਸ ਕਰ ਦਿਤਾ। ਕੌਂਸਲ ਦੇ ਬਹੁਤ ਸਾਰੇ ਮੈਂਬਰਾਂ ਨੇ ਸਃ ਤਾਰਾ ਸਿੰਘ ਜੀ ਨੂੰ ਵਧਾਈਆਂ ਦਿਤੀਆਂ। ੨੮ ਜੁਲਾਈ ਨੂੰ ਪੰਜਾਬ ਦੇ ਗਵਰਨਰ ਨੇ ਬਿਲ ਦੀ ਪ੍ਰਵਾਨਗੀ ਦੇ ਦਿਤੀ ਤੇ ਇਹ ਬਿਲ ਗੁਰਦਵਾਰਾ ਐਕਟ ਬਣ ਗਿਆ।

੧ ਨਵੰਬਰ ਨੂੰ ਇਸ ਐਕਟ ਪਰ ਵਰਤੋਂ ਸ਼ੁਰੂ ਹੋ ਗਈ ਅਤੇ ੧੯੨੬ ਵਿਚ ਗੁਰਦਵਾਰਾ ਐਕਟ ਅਨਸਾਰ ਸ਼੍ਰੋ: ਕਮੇਟੀ ਦੀ ਪਹਿਲੀ ਚੋਣ ਹੋਈ। ੨ ਅਕਤੂਬਰ ੧੯੨੬ ਨੂੰ ਸ਼੍ਰੋਃ ਕਮੇਟੀ ਦੀ ਮੁਕੰਮਲ ਮੀਟਿੰਗ ਹੋਈ, ਜਿਸ ਵਿਚ ਮੈਂਬਰਾਂ ਦੀ ਭਾਰੀ ਬਹੁ ਸੰਮਤੀ ਨੇ ਨਾਮ ਸ਼੍ਰੋਃ ਗੁਃ ਪ੍ਰਃ ਕਮੇਟੀ ਚੁਣਿਆ ਤੇ ਸਰਕਾਰ ਨੇ ੧੭ ਜਨਵਰੀ ਨੂੰ ਇਕ ਨੋਟੀਫੀਕੇਸ਼ਨ ਜਾਰੀ ਕਰ ਕੇ ਇਹ ਫੈਸਲਾ ਪ੍ਰਵਾਨ ਕਰ ਲਿਆ।

ਇਸ ਪ੍ਰਕਾਰ ਅਕਾਲੀ ਲਹਿਰ ਵਿਚ ਕੀਤੀਆਂ ਕੁਰਬਾਨੀਆਂ ਦਾ ਇਹ ਸਿਟਾ ਨਿਕਲਿਆ ਕਿ ਗੁਰਦਵਾਰਿਆਂ ਦਾ ਪ੍ਰਬੰਧ ਸਿਖਾਂ ਵਲੋਂ ਚੁਣੀ ਗਈ ਕਮੇਟੀ ਦੇ ਹਥ ਵਿਚ ਆ ਗਿਆ। ਅਗਲੇ ਸਫਿਆਂ ਵਿਚ ਅਸੀਂ ਇਹ ਪ੍ਰਗਟ ਕਰਨ ਦਾ ਯਤਨ ਕਰਾਂਗੇ ਕਿ ਅਕਾਲੀ ਲਹਿਰ ਦੇ ਸਿਟੇ ਕੀ ਨਿਕਲੇ? ਗੁਃ ਬਿਲ ਸਬੰਧੀ ਮਤ ਭੇਦ ਕਿਉਂ ਪੈਦਾ ਹੋਇਆ? ਅਤੇ ਪੰਥ ਵਿਚ ਫੁਟ ਕਿਉਂ ਪਈ? ਅਤੇ ਉਸ ਨਾਲ ਕੀ ਨੁਕਸਾਨ ਹੋਏ?

Digitized by Panjab Digital Library | www.panjabdigilib.org

# ਅਕਾਲੀ ਲਹਿਰ ਦੇ ਸਿੱਟੇ (ਨਤੀਜੇ)

ਅਕਾਲੀ ਲਹਿਰ ਦਾ ਇਤਹਾਸ ਗਹੁ ਨਾਲ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਇਸ ਲਹਿਰ ਦੇ ਪ੍ਰਭਾਵ ਨਾਲ ਸਿਖ ਕੌਮ ਨੇ ਜੋ ਸ਼ਾਨਦਾਰ ਕੁਰਬਾਨੀਆਂ ਕੀਤੀਆਂ ਉਨ੍ਹਾਂ ਨੇ ਪੁਰਾਤਨ ਸਿਖ ਇਤਿਹਾਸ ਨੂੰ ਇਕ ਵੇਰ ਫੇਰ ਦੁਨੀਆਂ ਦੇ ਸਾਹਮਣੇ ਤਾਜ਼ਾ ਕਰਕੇ ਰਖ ਦਿਤਾ। ਸਿਖ ਇਤਿਹਾਸ ਵਿਚ ਵਰਣਨ ਕੀਤੀਆਂ ਗਈਆਂ ਕੁਰਬਾਨੀਆਂ ਦਾ ਵਿਸਥਾਰ ਪੜ੍ਹਕੇ ਸਾਧਾਰਨ ਮਨੁਖ ਦੀ ਅਕਲ ਚਕ੍ਰਿਤ ਰਹਿ ਜਾਂਦੀ ਹੈ ਤੇ ਉਹ ਇਹ ਮੰਨਣ ਵਿਚ ਝਿਜਕ ਮਹਿਸੂਸ ਕਰਨ ਲਗਦਾ ਹੈ ਕਿ ਕੀ ਸਚ ਮੁਚ ਕੋਈ ਕੌਮ ਇਤਨੀਆਂ ਕੁਰਬਾਨੀਆਂ ਦੇ ਸਕਦੀ ਹੈ? ਸਿਖ ਸ਼ਹੀਦਾਂ ਦੀਆਂ ਕੁਰਬਾਨੀਆਂ ਦੀ ਦੁਨੀਆਂ ਦੇ ਇਤਿਹਾਸ ਵਿਚ ਸਮਾਨਤਾ ਨਹੀਂ ਮਿਲਦੀ। ਇਸ ਕਰਕੇ ਅਕਾਲੀ ਲਹਿਰ ਚਲਣ ਤੋਂ ਪਹਿਲਾਂ ਅਨਮਤੀ ਲੋਕ ਇਹ ਕਿਹਾ ਕਰਦੇ ਸਨ ਕਿ ਸਿਖ ਇਤਹਾਸ ਵਿਚ ਵਰਣਨ ਕੀਤੀਆਂ ਗਈਆਂ ਕੁਰਬਾਨੀਆਂ ਲਿਖਣ ਲਗਿਆਂ ਅਤਿ ਉਕਤੀ ਅਲੰਕਾਰ ਵਰਤਿਆ ਗਿਆ ਹੈ ਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਬਹੁਤ ਵਧਾ ਚੜ੍ਹਾ ਕਰ ਕੇ ਲਿਖਿਆ ਗਿਆਂ ਹੈ।

ਕਈ ਕੁਤਰਕੀ ਤਾਂ ਸਿਖ ਇਤਹਾਸ ਦੀਆਂ ਰਵਾਇਤਾਂ ਨੂੰ ਸੱਚੀਆਂ ਮੰਨਣ ਤੋਂ ਹੀ ਇਨਕਾਰ ਕਰ ਦਿੰਦੇ ਸਨ। ਇਹੋ ਜਿਹੇ ਹਾਲਾਤ ਵਿਚ ਕੋਈ ਜੀਉਂਦੀ ਜਾਗਦੀ ਕੌਮ ਹੀ ਇਹ ਸਾਬਤ ਕਰ ਸਕਦੀ ਹੈ ਕਿ ਉਸ ਦੇ ਬਹਾਦਰ ਸਿਪਾਹੀ ਜਦੋਂ ਚਾਹੁੰਣ ਆਪਣੇ ਇਤਹਾਸ ਨੂੰ ਦੁਹਰਾ ਸਕਦੇ ਹਨ। ਅਕਾਲੀ ਲਹਿਰ ਵਿਚ ਸਿਖਾਂ ਨੇ ਆਪਣੇ ਇਤਹਾਸ ਨੂੰ ਹੀ ਨਹੀਂ ਦੁਹਰਾਇਆ ਸਗੋਂ ਕਈ ਨਵੇਂ ਪੂਰਨੇ ਪਾਏ। ਆਪਣੇ ਵੀਰਾਂ ਨੂੰ ਪ੍ਰਸ਼ਾਦਿ ਛਕਾਉਣ ਲਈ ਰੇਲ ਦੇ ਇੰਜਣਾਂ ਅਗੇ ਲੇਟ ਜਾਣਾ ਤੇ ਆਪਣੇ ਪਵਿਤ੍ਰ ਖ਼ੂਨ ਤੇ ਮਿਝ ਨਾਲ ਰੇਲ ਦੇ ਪਹੀਆਂ ਨੂੰ ਬੰਨ੍ਹ ਦੇਣਾ ਸਿਖ ਸ਼ਹੀਦਾਂ ਦਾ ਹੀ ਹੌਸਲਾ ਸੀ। ਘੋੜਿਆਂ ਦੇ ਹੇਠ ਲਤਾੜੇ ਜਾਣਾ, ਛਵੀਂਆਂ ਦੇ ਫਟ ਸਹਿਣੇ, ਜੀਉਂਦੇ ਜੀ ਭੱਠੀਆਂ ਵਿਚ ਸੜ ਜਾਣਾ, ਮਸ਼ੀਨ ਗੰਨਾਂ ਦੇ ਸਾਹਮਣੇ ਸੀਨਾ ਤਾਨ ਕੇ ਖੜੋ ਜਾਣਾ ਅਕਾਲੀ ਲਹਿਰ ਦੇ ਜੋਧਿਆਂ ਦੀਆਂ ਉਹ ਬੇ ਮਿਸਾਲ ਕੁਰਬਾਨੀਆਂ ਸਨ, ਜਿਨ੍ਹਾਂ ਦੇ ਹਾਲ ਪੜ੍ਹ ਸੁਣ ਕੇ ਸਾਰੀ ਦੁਨੀਆਂ ਚਕ੍ਰਿਤ ਹੋ ਗਈ ਸੀ ਤੇ ਦੁਨੀਆਂ ਦਾ ਇਤਿਹਾਸ ਜਿਨ੍ਹਾਂ ਦੀ ਮਿਸਾਲ ਪੇਸ਼ ਨਹੀਂ ਕਰ ਸਕਦਾ। ਨਾਭੇ ਦੀ ਖ਼ੂਨੀ ਕਾਰਖਾਸ ਵਿਚ ਪੁਲਸ ਸਿਖਾਂ ਪਾਸੋਂ ਮਾਫੀਆਂ ਮੰਗਾਉਣ ਲਈ ਕਿਤਨੇ ਵਹਿਸ਼ਤਨਾਕ, ਘਿਣਾਉਣੇ ਤੇ ਇਨਸਾਨੀਅਤ ਤੋਂ ਗਿਰੇ ਹੋਏ ਢੰਗ ਵਰਤਦੀ ਸੀ, ਉਸ ਨੂੰ ਪੜ੍ਹਕੇ ਹਰ ਮਨੁਖ ਜਿਸ ਦੀ ਛਾਤੀ ਵਿਚ ਦਿਲ ਹੈ ਉਹ ਇਹ ਅਨਭਵ ਕਰ ਲੈਂਦਾ ਹੈ ਕਿ ਜਬਰ ਤੇ ਸਬਰ ਦੀ ਇਸ ਜੰਗ ਵਿਚ ਜਬਰ ਤੇ ਸਬਰ ਦੋਵੇਂ ਹੀ ਆਪਣੀਆਂ ਆਖਰੀ ਹੱਦਾਂ ਨੂੰ ਛੋਹ ਆਂਦੇ ਸਨ, ਜੇ ਹਕੂਮਤ ਨੇ ਆਪਣੇ ਜ਼ੁਲਮ ਕਰਨ ਦੇ ਸਾਰੇ ਪਿਛਲੇ ਰੀਕਾਰਡ ਤੋੜ ਦਿਤੇ ਸਨ ਤਾਂ ਸਿਖਾਂ ਦਾ ਸਬਰ ਭੀ ਦੁਨੀਆਂ ਵਾਸਤੇ ਇਕ ਮਿਸਾਲ ਬਣ ਗਿਆ ਸੀ। ਠੀਕ ੨ ਅੰਕੜੇ ਦੇਣੇ ਤਾਂ ਕਠਨ ਹਨ ਪਰ ਕਾਫੀ ਖੋਜ ਕਰਨ ਪਿਛੋਂ ਇਹ ਅਨਮਾਨ ਲਗਾਇਆ ਗਿਆ ਹੈ ਕਿ ਅਕਾਲੀ ਲਹਿਰ ਦੇ ਦੌਰਾਨ ਵਿਚ ੯੫-੯੬ ਹਜ਼ਾਰ ਸਿਖ ਜਿਹਲਾਂ ਵਿਚ ਗਏ, ੫-੬ ਸੌ ਸਿੰਘ ਸ਼ਹੀਦ ਹੋਏ। ੭-੮ ਜੋ ਅੰਗਾਂ ਤੋਂ ਆਰੀ ਹੋ ਗਏ, ਬਹੁਤ ਸਾਰਿਆਂ ਦੀਆਂ ਪੈਨਸ਼ਨਾਂ ਤੇ ਨੰਬਰਦਾਰੀਆਂ ਜ਼ਬਤ ਹੋਈਆਂ। ਹਜ਼ਾਰਾਂ ਦੀ ਗਿਣਤੀ ਵਿਚ ਸਿਖਾਂ ਨੇ ਸਰਕਾਰੀ ਨੌਕਰੀਆਂ ਛਡ ਦਿਤੀਆਂ। ੭੫-੮੦ ਲਖ ਰੁਪਇਆ ਜੁਰਮਾਨਿਆਂ ਦੀ ਸੂਰਤ ਵਿਚ ਭਰਿਆ ਅਤੇ ਕਰੋੜਾਂ ਰੁਪਏ ਇਸ ਲਹਿਰ ਨੂੰ ਚਾਲੂ ਰਖਣ ਲਈ ਸਿਖਾਂ ਨੇ ਦਾਨ ਵਜੋਂ ਦਿਤੇ, ਜੋ ਕਿ ਜਥਿਆਂ ਨੂੰ ਤੋਰਨ, ਕਰਾਇਆ ਆਦਿ ਦੇ ਖਰਚ, ਲੰਗਰ ਚਲਾਉਣ ਤੇ ਪਾਠ

Digitized by Panjab Digital Library | www.panjabdigilib.org

ਆਦਿ ਕਰਨ ਪਰ ਖਰਚ ਹੋਏ। ਇਹ ਕਹਿਣਾ ਅਤਿ ਉਕਤੀ ਨਹੀਂ ਕਿ ਅਕਾਲੀ ਲਹਿਰ ਦੇ ਅਸਰ ਨਾਲ ਸਿਖ ਕੌਮ ਦਾ ਬਚਾ ਬਚਾ ਕੁਰਬਾਨ ਹੋਣ ਲਈ ਤਿਆਰ ਸੀ ਤੇ ਸਿਖ ਆਪਣੀ ਆਖਰੀ ਆਈ ਤਕ ਭੀ ਪੰਥ ਤੇ ਕੌਮ ਦੀ ਖਾਤਰ ਕੁਰਬਾਨੀ ਕਰਨ ਲਈ ਤਿਆਰ ਸਨ।

ਕਿਸੇ ਕੌਮ ਵਿਚ ਇਤਨੀ ਏਕਤਾ, ਕੁਰਬਾਨੀ ਦਾ ਅਥਾਹ ਜੋਸ਼ ਅਤੇ ਉਤਸ਼ਾਹ ਪੈਦਾ ਹੋਣਾ ਕਠਨ ਹੀ ਨਹੀਂ ਸਗੋਂ ਅਸੰਭਵ ਹੈ, ਜੋ ਅਕਾਲੀ ਲਹਿਰ ਸਮੇਂ ਸਿਖ ਕੌਮ ਵਿਚ ਪੈਦਾ ਹੋਇਆ। ਇਸ ਲਹਿਰ ਨੂੰ ਚਲਾਉਣ ਵਾਲੇ ਆਗੂਆਂ ਵਿਚ ਤਿੰਨ ਖਿਆਲਾਂ ਦੇ ਲੋਕ ਸ਼ਾਮਲ ਸਨ। (੧) ਉਹ ਗੁਰਸਿਖ ਜੋ ਕੇਵਲ ਧਾਰਮਕ ਵਿਚਾਰਾਂ ਤੋਂ ਪ੍ਰੇਰਤ ਹੋਕੇ ਗੁਰਦਵਾਰਿਆਂ ਦੀ ਪਵਿਤ੍ਰਤਾ ਕਾਇਮ ਰਖਣਾ ਚਾਹੁੰਦੇ ਸਨ। (੨) ਦੂਜੇ ਉਹ ਸੁਧਾਰਕ ਖਿਆਲਾਂ ਦੇ ਸਜਨ ਸਨ ਜੋ ਇਹ ਸਮਝਦੇ ਸਨ ਕਿ ਗੁਰਦਵਾਰਿਆਂ ਦੀ ਆਮਦਨ ਨਾਲ ਧਰਮ ਪ੍ਰਚਾਰ ਤੇ ਵਿਦਿਆ ਪ੍ਰਚਾਰ ਕਰਕੇ ਸਿਖ ਕੌਮ ਨੂੰ ਇਕ ਨਮੂਨੇ ਦੀ ਕੌਮ ਬਣਾਇਆ ਜਾ ਸਕੇਗਾ। (੩) ਤੀਜੇ ਖਿਆਲਾਂ ਦੇ ਉਹ ਸਜਨ ਸਨ ਜੋ ਰਾਜਸੀ ਖਿਆਲਾਂ ਨੂੰ ਸਭ ਤੋਂ ਵਧ ਮਹਾਨਤਾ ਦਿੰਦੇ ਸਨ ਤੇ ਇਹ ਸਮਝਦੇ ਸਨ ਕਿ ਅੰਗਰੇਜ਼ਾਂ ਤੇ ਸਿਖ ਜੰਤਾ ਦੀ ਟਕਰ ਵਿਚ ਜੰਤਾ ਦਾ ਸਾਥ ਦੇਕੇ ਅੰਗਰੇਜ਼ਾਂ ਵਿਰੁਧ ਨਫਰਤ ਦੀ ਅਗ ਭੜਕਾਈ ਜਾ ਸਕਦੀ ਹੈ ਜੋ ਅਗੇ ਚਲ ਕੇ ਆਜ਼ਾਦੀ ਪ੍ਰਾਪਤ ਕਰਨ ਦੇ ਅੰਦੋਲਨ ਵਿਚ ਸਹਾਇਕ ਹੋ ਸਕਦੀ ਹੈ। ਇਨ੍ਹਾਂ ਤਿੰਨਾਂ ਹੀ ਵਿਚਾਰਾਂ ਦੇ ਸਜਨਾਂ ਦੀ ਇਕ ਖਾਸ ਸਮੇਂ ਲਈ ਐਸੀ ਏਕਤਾ ਪੈਦਾ ਹੋਈ ਕਿ ਮੁਠੀ ਭਰ ਖਾਨਦਾਨੀ ਝੋਲੀ ਚੁਕਾਂ ਤੋਂ ਬਿਨਾਂ ਸਾਰੀ ਸਿਖ ਕੌਮ ਜਥੇਬੰਦ ਹੋਕੇ ਉਠ ਖੜੀ ਹੋਈ ਤੇ ਉਸ ਵਿਚ ਉਹ ਮਹਾਨ ਸ਼ਕਤੀ ਪੈਦਾ ਹੋ ਗਈ ਜਿਸ ਦੇ ਸਾਹਮਣੇ ਅੰਗਰੇਜ਼ਾਂ ਜੈਸੀ ਤਾਕਤ ਨੂੰ ਭੀ ਗੋਡੇ ਟੇਕਣੇ ਪਏ ਤੇ ਉਸ ਨੇ ਕਈ ਵੇਰ ਸਿਖ ਕੌਮ ਦੇ ਜੋਸ਼ ਸਾਹਮਣੇ ਹਥਿਆਰ ਸੁਟੇ।

ਨੋਟ:— ਗੁਰਦਵਾਰਾ ਐਕਟ ਪ੍ਰਵਾਨ ਕਰਨ ਬਾਰੇ ਇਹ ਪ੍ਰਗਟ ਕਰਨਾ ਜ਼ਰੂਰੀ ਹੈ ਕਿ ਇਸ ਐਕਟ ਦੀ ਪ੍ਰਵਾਨਗੀ ਸ਼੍ਰੋ: ਕਮੇਟੀ ਦੇ ਕਿਲਾ ਲਾਹੌਰ ਵਿਚ ਬੰਦ ਆਗੂਆਂ, ਪੰਜਾਬ ਕੌਂਸਲ ਦੇ ਸਿਖ ਮੈਂਬਰਾਂ ਤੇ ਬਾਹਰਲੇ ਲੀਡਰਾਂ ਨੇ ਸਰਬ ਸੰਮਤੀ ਨਾਲ ਦੇ ਦਿਤੀ ਸੀ, ਪ੍ਰੰਤੂ ਫੁਟ ਕੇਵਲ ਇਸ ਗਲ ਤੋਂ ਪਈ ਕਿ ਸਰਕਾਰ ਨੇ ਕੁਝ ਲੀਡਰਾਂ ਨੂੰ ਇਹ ਭਰੋਸਾ ਦਿਵਾਉਣ ਪਰ ਕਿ ਉਹ ਬਾਹਰ ਜਾਕੇ ਗੁ: ਐਕਟ ਪਰ ਅਮਲ ਕਰਨਗੇ ਪਹਿਲਾਂ ਛਡ ਦਿਤੇ ਤੇ ਬਾਕੀ ਸਜਨ ਅੰਦਰ ਰਹਿ ਗਏ। ਇਸ ਤੋਂ ਦੋ ਗਰੁਪ ਹੋ ਗਏ। ਅੰਦਰਲੇ ਲੀਡਰਾਂ ਨੇ ਰਿਹਾ ਹੋਣ ਵਾਲੇ ਸਜਨਾਂ ਪਰ ਇਹ ਦੋਸ਼ ਲਗਾਇਆ ਕਿ ਉਹ ਸ਼ਰਤਾਂ ਮੰਨ ਕੇ ਰਿਹਾ ਹੋਏ ਹਨ, ਪਰ ਥੋੜੇ ਦਿਨਾਂ ਪਿਛੋਂ ਸਾਰੇ ਰਿਹਾ ਹੋ ਗਏ ਤੇ ਜਿਸ ਐਕਟ ਪਰ ਅਮਲ ਕਰਨ ਦਾ ਇਕਰਾਰ ਕਰਕੇ ਪਹਿਲਾ ਗਰੁਪ ਬਾਹਰ ਆਇਆ ਸੀ ਦੂਜੇ ਗਰੁਪ ਨੇ ਭੀ ਉਸੇ ਗੁ: ਐਕਟ ਪਰ ਅਮਲ ਕੀਤਾ, ਪਰ ਸਾਧਾਰਨ ਜੰਤਾ ਦੀਆਂ ਅਖਾਂ ਵਿਚ ਘੱਟਾ ਪਾਉਣ ਲਈ ਦੋਹਾਂ ਧੜਿਆਂ ਨੇ ਇਕ ਦੂਜੇ ਵਿਰੁਧ ਉਹ ਜ਼ਹਿਰੀਲਾ ਪ੍ਰਾਪੇਗੰਡਾ ਕੀਤਾ ਕਿ ਖਾਲਸਾ ਪੰਥ ਧੜੇਬੰਦੀ ਦਾ ਸ਼ਿਕਾਰ ਹੋ ਗਿਆ। ਇਹ ਝਗੜਾ ਅਸੂਲੀ ਨਹੀਂ ਜ਼ਾਤੀ ਸੀ। ਜੇ ਜ਼ਾਤੀ ਖੁਦ ਗਰਜ਼ੀਆਂ ਤੋਂ ਉਚੇ ਉਠ ਕੇ ਪੰਥ ਦੇ ਆਗੂ ਪੰਥਕ ਸ਼ਕਤੀ ਨੂੰ ਉਸਾਰੂ ਕੰਮਾਂ ਵਿਚ ਲਗਾ ਦਿੰਦੇ ਤਾਂ ਕੌਮ ਦੀ ਹਾਲਤ ਸੁਧਰ ਸਕਦੀ ਸੀ।

ਅੰਤ ਵਿਚ ਅੰਗ੍ਰੇਜ਼ੀ ਸਰਕਾਰ ਨੇ ਇਹ ਅਨੁਭਵ ਕਰ ਲਿਆ ਕਿ ਸਿੱਖ ਕੌਮ ਨੂੰ ਤਾਕਤ ਨਾਲ ਦਬਾਉਣਾ ਕਠਨ ਹੈ। ਇਸ ਕਰਕੇ ਉਸ ਨੇ ਸਾਰੇ ਇਤਹਾਸਕ ਗੁਰਦਵਾਰਿਆਂ ਦਾ ਪ੍ਰਬੰਧ ਸਿੱਖਾਂ ਦੀ ਚੁਣੀ ਹੋਈ ਕਮੇਟੀ ਦੇ ਹਵਾਲੇ ਕਰਨਾ ਪ੍ਰਵਾਨ ਕਰ ਲਿਆ ਤੇ ਗੁਰਦਵਾਰਾ ਐਕਟ ਦੇ ਦਿੱਤਾ ਗਿਆ। ਪ੍ਰਗਟ ਤੌਰ ਪਰ ਅਕਾਲੀ ਲਹਿਰ ਦੇ ਨਤੀਜੇ ਵਜੋਂ ਸਿੱਖ ਕੌਮ ਨੂੰ ਪੂਰਨ ਸਫਲਤਾ ਮਿਲੀ, ਕਿਉਂਕਿ ਗੁਰਦਵਾਰੇ ਪੰਥਕ ਪ੍ਰਬੰਧ ਵਿਚ ਆ ਗਏ। ਪ੍ਰੰਤੂ ਵਿਚਾਰ ਨਾਲ ਵੇਖਣ ਤੋਂ ਪਤਾ ਲਗਦਾ ਹੈ ਕਿ

Digitized by Panjab Digital Library | www.panjabdigilib.org

ਗੁਰਦਵਾਰਾ ਐਕਟ ਲੈਣ ਸਮੇਂ ਅਕਾਲੀ ਲੀਡਰਾਂ ਨੇ ਜਿਸ ਫੁਟ ਦਾ ਬੀਜ ਬੀਜਿਆ । ਉਹ ਇਤਨਾ ਵਧਿਆ ਫੁਲਿਆ ਕਿ ਸਿੱਖ ਪੰਥ ਨੇ ਬੇਮਿਸਾਲ ਕੁਰਬਾਨੀਆਂ ਕਰਕੇ ਜੋ ਏਕਤਾ ਪੈਦਾਕੀਤੀ ਸੀ ਉਹਾ ਟੁਕੜੇ ੨ ਹੋ ਗਈ ਤੇ ਪੰਥ ਵਿਚ ਪਾਰਟੀ ਬਾਜ਼ੀ ਤੇ ਧੜੇਬੰਦੀ, ਦਾ ਐਸਾ ਦੌਰ ਚਲਿਆ ਕਿ ਗੁਰਦਵਾਰੇ ਪੰਥਕ ਪ੍ਰਬੰਧ ਹੇਠ ਲਿਉਣ ਦੇ ਅਸਲ ਮਨੋਰਥ ਲਾਂਭੇ ਰਹਿ ਗਏ ਤੇ ਪਵਿਤ੍ਰ ਗੁਰਅਸਥਾਨ ਲੜਾਈ ਦੇ ਅਖਾੜੇ ਬਣ ਗਏ ।

ਅਸਲ ਵਿਚ ਸਿੱਖ ਲੀਡਰਾਂ ਨੇ ਗੁਰਦਵਾਰਾ ਐਕਟ ਦੇ ਦੁਧ ਵਿਚ ਫੁਟ ਦੀ ਐਸੀ ਕਾਂਜੀ ਘੋਲੀ ਕਿ ਸਾਰੀ ਕੀਤੀ ਕਤਰੀ ਖੂਹੇ ਵਿਚ ਪੈ ਗਈ। ਉਹ ਗੁਰਸਿੱਖ ਜਿਨਾਂ ਅੰਦਰ "ਸਿੱਖ ਸਿੱਖ ਪਰ ਵਾਰਤ ਪ੍ਰਾਣ," ਦਾ ਪਵਿਤ੍ਰ ਜਜ਼ਬਾ ਕੰਮ ਕਰ ਰਿਹਾ ਸੀ । ਧੜੇ ਬਾਜ਼ ਲੀਡਰਾਂ ਨੇ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਬਣਾ ਦਿਤੇ। ਉਹ ਕਿਹੜੇ ਲੀਡਰ ਸਨ ਜਿਨ੍ਹਾਂ ਨੇ ਆਪਣੀ ਚੌਧਰਤਾ ਦੀ ਖਾਤਰ ਪੰਥ ਵਿਚ ਫੁਟ ਪਾਈ ? ਇਸ ਦਾ ਨਿਰਣਾ ਕਰਨ ਦਾ ਕੰਮ ਅਸੀਂ ਪਾਠਕਾਂ ਪਰ ਹੀ ਛਡਦੇ ਹਾਂ। ਚੇਤਨ ਬੁਧੀ ਪਾਠਕ ਤੇ ਨਵੀਨ ਖੋਜੀ ਖੁਦ ਹੀ ਇਹ ਸਮਝ ਲੈਣ ਗੇ ਕਿ ਕਿਸ ਲੀਡਰ ਨੇ ਗੁਰਦਵਾਰਾ ਐਕਟ ਪ੍ਰਾਪਤ ਕਰਨ ਤੋਂ ਪਿਛੋਂ ਕੀ ਰੋਲ ਪਲੇ ਕੀਤਾ ਤੇ ਕੌਮ ਦੀ ਨਿਗਰ ਸੇਵਾ ਕੀਤੀ ? ਸਾਡਾ ਭਾਵ ਤਾਂ ਇਹ ਪ੍ਰਗਟ ਕਰਨਾ ਹੈ ਕਿ ਅਕਾਲੀ ਲਹਿਰ ਦੇ ਬਹੁਤ ਹੀ ਸ਼ਾਨਦਾਰ ਸਿੱਟੇ ਨਿਕਲਦੇ ਜੇ ਕੌਮ ਵਿਚ ਪੈਦਾ ਹੋਈ ਏਕਤਾ, ਕਰਬਾਨੀ ਤੇ ਤਿਆਗ ਦੀ ਸਪਿਰਟ ਨੂੰ ਕਾਇਮ ਰਖਿਆ ਜਾਂਦਾ ਤੇ ਗੁਰਦਵਾਰਿਆਂ ਦੀ ਆਮਦਨ ਨਾਲ ਸਿੱਖੀ ਪ੍ਰਚਾਰ, ਵਿਦਿਆ, ਕੁਰੀਤੀ ਸੁਧਾਰ ਤੇ ਕੌਮ ਦੇ ਜੀਵਨ ਪਿਆਰ ਨੂੰ ਉਚਾ ਕਰਨ ਲਈ ਕੋਈ ਠੋਸ ਪ੍ਰੋਗਰਾਮ ਬਣਾਇਆ ਜਾਂਦਾ।

ਇਸਦੇ ਉਲਟ ਸਿੱਖ ਆਗੂਆਂ ਨੇ ਗੁਰਦਵਾਰਾ ਪ੍ਰਬੰਧ ਨੂੰ ਹੱਥ ਵਿਚ ਲੈਕੇ ਪਾਰਟੀ ਬਾਜ਼ੀ ਦੇ ਅਸਰ ਹੇਠ ਉਹ ਕੁਕਰਮ ਕੀਤੇ, ਤੇ ਮਾਇਆ ਦੀ ਅਯੋਗ ਵਰਤੋਂ ਕੀਤੀ, ਜਿਸ ਨੂੰ ਵੇਖਕੇ ਸਿੱਖਾਂ ਵਿਚ ਗੁਰਦਵਾਰਿਆਂ ਦਾ ਸਤਿਕਾਰ ਹੀ ਨਹੀਂ ਘੱਟਿਆ ਸਗੋਂ ਬਹੁਤ ਸਾਰੇ ਨੌਜਵਾਨ ਧਰਮ ਤੋਂ ਭੀ ਵੇਮੁਖ ਹੋ ਗਏ ਤੇ ਉਨ੍ਹਾਂ ਦੀ ਸ਼ਰਧਾ ਨੂੰ ਟੁਕੜੇ ੨ ਕਰਨ ਵਾਲੇ ਉਹੀ ਆਗੂ ਸਨ ਜੋ ਪੰਥਕ ਵਾੜੀ ਦੇ ਰਾਖੇ ਬਣਕੇ ਉਸ ਨੂੰ ਉਜਾੜਨ ਤੋਂ ਭੀ ਸੰਕੋਚ ਨਹੀਂ ਕਰਦੇ । ਜਿਨ੍ਹਾਂ ਨੇ ਗੁਰਮਤਿ ਦਾ ਪ੍ਰਚਾਰ ਕਰਨ ਦਾ ਬੀੜਾ ਉਠਾਣਾ ਸੀ ਉਨ੍ਹਾਂ ਆਪਣੇ ਅਮਲੀ ਜੀਵਨ ਨੂੰ ਗਿਰਾਵਟ ਦੀਆਂ ਅੰਤਮ ਹੱਦਾਂ ਤੱਕ ਲੈ ਜਾਕੇ ਆਉਣ ਵਾਲੀਆਂ ਨਸਲਾਂ ਦੇ ਸਾਂਹਮਣੇ ਉਹ ਬੁਰੇ ਉਦਾਹਰਣ ਪੇਸ਼ ਕੀਤੇ ਜਿਨ੍ਹਾਂ ਤੋਂ ਪ੍ਰਭਾਵਤ ਹੋਕੇ ਸਿੱਖ ਨੌਜਵਾਨ ਦਿਨੋ ਦਿਨ ਸਿੱਖੀ ਤੋਂ ਦੂਰ ਜਾ ਰਹੇ ਹਨ। ਇਹ ਬਹੁਤ ਦੁਖਦਾਈ ਤੇ ਤਲਖ ਹਕੀਕਤ ਹਨ ਜੋ ਅਕਾਲੀ ਲਹਿਰ ਦੇ ਨਤੀਜਿਆਂ ਪਰ ਵਿਚਾਰ ਕਰਨ ਲੱਗਿਆ ਹਰ ਸਮਝਦਾਰ ਆਦਮੀ ਦੇ ਸਾਹਮਣੇ ਉਘੜ ਕੇ ਆ ਜਾਂਦੀਆਂ ਹਨ ਤੇ ਉਹ ਇਨ੍ਹਾਂ ਵਲੋਂ ਅੱਖਾਂ ਬੰਦ ਨਹੀਂ ਕਰ ਸਕਦਾ।

ਅਕਾਲੀ ਲਹਿਰ ਦਾ ਇਕ ਚੰਗਾ ਨਤੀਜਾ ਜ਼ਰੂਰ ਨਿਕਲਿਆ ਕਿ ਸ਼ਹੀਦ ਸਿਖ ਮਿਸ਼ਨਰੀ ਕਾਲਜ ਖੋਲ੍ਹ ਕੇ ਐਸੇ ਵਿਆਖਿਆਨ ਵਾਤਾ ਤਿਆਰ ਕੀਤੇ ਗਏ ਜਿਨ੍ਹਾਂ ਨੇ ਆਪਣੀਆਂ ਪ੍ਰਭਾਵਸ਼ਾਲੀ ਤਕਰੀਰਾਂ ਦਵਾਰਾ ਨਾ ਕੇਵਲ ਸਿਖੀ ਦੇ ਪ੍ਰਚਾਰ ਨੂੰ ਜਾਰੀ ਰਖਿਆ ਸਗੋਂ ਅਨਮਤਾਂ ਦੇ ਲੋਕਾਂ ਦੀਆਂ ਨਜ਼ਰਾਂ ਵਿਚ ਸਿਖ ਕੌਮ ਦਾ ਸਨਮਾਨ ਵਧਾਇਆ। ਇਸ ਤੋਂ ਇਲਾਵਾ ਗੁਰਦਵਾਰਿਆਂ ਦੀਆਂ ਇਮਾ-ਰਤਾਂ ਬਨਾਉਣ ਵਲ, ਖਾਲਸਾ ਸਕੂਲਾਂ ਨੂੰ ਸਹਾਇਤਾ ਦੇਣ ਵਲ ਤੇ ਲੋੜਵੰਦ ਵਿਦਿਆਰਥੀਆਂ ਨੂੰ ਵਜ਼ੀਫੇ ਦੇਣ ਵਲ ਭੀ ਧਿਆਨ ਦਿਤਾ ਗਿਆ। ਦੋ ਤਿੰਨ ਕਾਲਜ ਵੀ ਖੋਹਲੇ ਗਏ ਤੇ ਸ੍ਰੀ ਅੰਮ੍ਰਿਤਸਰ ਵਿਚ ਸ਼੍ਰੋ: ਕਮੇਟੀ ਦਾ ਸ਼ਾਨਦਾਰ ਦਫਤਰ ਤੇ ਸ੍ਰੀ ਗੁਰੂ ਰਾਮਦਾਸ ਨਿਵਾਸ ਜੈਸੀਆਂ ਆਲੀਸ਼ਾਨ

Digitized by Panjab Digital Library | www.panjabdigilib.org

ਇਮਾਰਤਾਂ ਭੀ ਵਜੂਦ ਵਿਚ ਆਈਆਂ ਪ੍ਰੰਤੂ ਸਮੁਚੇ ਤੌਰ ਪਰ ਜੋ ਕੁਝ ਹੋਣਾ ਚਾਹੀਦਾ ਸੀ, ਫੁਟ ਦੇ ਕਾਰਨ ਉਹ ਨਾ ਹੋ ਸਕਿਆ।

ਸਿੰਘ ਸਭਾ ਲਹਿਰ ਤੇ ਅਕਾਲੀ ਲਹਿਰ ਦਾ ਇਤਹਾਸ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਸਿੰਘ ਸਭਾ ਲਹਿਰ ਸਿਖ ਕੌਮ ਦੇ ਹੱਕ ਵਿਚ ਜਿਤਨੇ ਚੰਗੇ ਨਤੀਜੇ ਨਿਕਲੇ, ਅਕਾਲੀ ਲਹਿਰ ਦੇ ਉਤਨੇ ਚੰਗੇ ਨਹੀਂ ਨਿਕਲੇ। ਇਸ ਦਾ ਕਾਰਨ ਫੁਟ ਹੈ। ਜੇ ਕਰ ਪੰਥ ਦੇ ਆਗੂ ਸਾਰੀ ਸ਼ਕਤੀ ਨੂੰ ਉਸਾਰੂ ਕੰਮਾਂ ਵਿਚ ਲਗਾ ਦਿੰਦੇ ਤਾਂ ਅਜ ਸਿਖ ਕੌਮ ਵਿਚ ਕੋਈ ਅਨਪੜ੍ਹ ਨਾ ਰਹਿੰਦਾ ਅਤੇ ਇਕ ਭੀ ਆਦਮੀ ਬੇਇਲਾਜ ਨਾ ਮਰਦਾ। ਸ਼ੇਰੇ ਪੰਜਾਬ ਮਹਾਂਰਾਜਾ ਰਣਜੀਤ ਸਿੰਘ ਜੀ ਦੀਆਂ ਗੁਰਦਵਾਰਿਆਂ ਦੇ ਨਾਲ ਲਗਾਈਆਂ ਹੋਈਆਂ ਜ਼ਮੀਨਾਂ ਤੇ ਜਾਗੀਰਾਂ ਦੀ ਸਮੁਚੀ ਆਮਦਨ ਕਰੋੜਾਂ ਤਕ ਪੁਜਦੀ ਸੀ। ਜੇ ਇਸ ਮਾਇਆ ਨੂੰ ਸਿਖ ਕੌਮ ਦੀ ਉਨਤੀ ਦੇ ਸਾਂਝੇ ਕੰਮਾਂ ਪਰ ਲਗਾਇਆ ਜਾਂਦਾ ਤਾਂ ਸਿਖ ਕੌਮ ਵੀ ਹਿੰਦੂਆਂ ਤੇ ਮੁਸਲਮਾਨਾਂ ਨਾਲੋਂ ਉਨਤੀ ਦੇ ਮੈਦਾਨ ਵਿਚ ਬਹੁਤ ਅਗੇ ਨਿਕਲ ਜਾਂਦੀ, ਕਿਉਂ ਕਿ ਗਵਾਂਢੀ ਕੌਮਾਂ ਪਾਸ ਸਾਂਝੇ ਫੰਡਾਂ ਦੀ ਇਤਨੀ ਦੌਲਤ ਨਹੀਂ ਸੀ।

## ਆਖਰ ਕੀ ਹੋਇਆ ?

ਵਸੀਲਿਆਂ ਦੀ ਅਣਹੋਂਦ ਦੇ ਕਾਰਨ ਜੇ ਕੋਈ ਕੌਮ ਪਿਛੇ ਰਹਿ ਜਾਵੇ ਤਾਂ ਉਸ ਦੇ ਆਗੂਆਂ ਨੂੰ ਮੁਆਫ ਕੀਤਾ ਜਾ ਸਕਦਾ ਹੈ। ਪਰ ਜੇ ਕੋਈ ਕੌਮ ਵਸੀਲਿਆਂ ਦੇ ਹੁੰਦੇ ਹੋਏ ਭੀ ਆਪਣੀਆਂ ਕਮਜ਼ੋਰੀਆਂ ਦੂਰ ਨਾ ਕਰ ਸਕੇ ਤਾਂ ਆਉਣ ਵਾਲੀਆਂ ਨਸਲਾਂ ਉਸ ਸਮੇਂ ਦੇ ਲੀਡਰਾਂ ਨੂੰ ਕਦੇ ਭੀ ਮੁਆਫ ਨਹੀਂ ਕਰ ਸਕਦੀਆਂ। ਸਿਖ ਕੌਮ ਦੀ ਹਾਲਤ ਸਵਾਰਥੀ ਤੇ ਫੁਟ ਪਾਊ ਲੀਡਰਾਂ ਨੇ ਐਸੀ ਬਣਾ ਦਿਤੀ ਹੈ ਜਿਸ ਨੂੰ ਵੇਖ ਕੇ, ਇਹ ਕਹਿ ਕੇ ਸਬਰ ਕਰਨਾ ਪੈਂਦਾ ਹੈ :—

"ਦਿਲ ਕੇ ਫਫੋਲੇ ਜਲ ਉਠੇ ਸੀਨੇ ਕੇ ਦਾਗ ਸੇ।
ਇਸ ਘਰ ਕੋ ਆਗ ਲਗ ਗਈ ਘਰ ਕੇ ਚਰਾਗ ਸੇ।"

ਦਫਤਰ :
**ਪੰਥਕ ਗੁ: ਸਾਹਿਬ**
ਕਿਸ਼ਨ ਪੁਰਾ ਕਲਾਂ
ਜ਼ਿਲਾ ਫੀਰੋਜ਼ਪੁਰ

ਕੌਮੀ ਪਿਆਰਿਆਂ ਦਾ ਰਿਣੀ:—
**ਦਾਸ ਵਿਸਾਖਾ ਸਿੰਘ ਸੰਤ ਸਿਪਾਹੀ**
ਪ੍ਰਧਾਨ ਗੁਰਮਤ ਪ੍ਰਚਾਰਕ ਸਿੰਘ ਸਭਾ,
ਇਲਾਕਾ ਤਿਹਾੜਾ

Digitized by Panjab Digital Library | www.panjabdigilib.org

# ਸ਼ਹੀਦ

ਜਿਸ ਨੇ ਆਪਣੇ ਸੁਆਰਥ ਤੋਂ ਲਾਂਭੇ ਹੋ ਕੇ ਸਚਾਈ, ਪਰਉਪਕਾਰ ਤੇ ਕੌਮੀ ਆਨ ਸ਼ਾਨ ਦੀ ਖਾਤਰ 'ਆਪਾ' ਵਾਰ ਦਿਤਾ ਹੋਵੇ, ਉਸ ਨੂੰ ਸ਼ਹੀਦ ਕਿਹਾ ਜਾਂਦਾ ਹੈ। ਸ਼ਹੀਦ ਚਾਹੇ ਕਿਸੇ ਦੇਸ਼ ਵਿਚ, ਕਿਸੇ ਜ਼ਾਤ ਦਾ ਜੰਮਿਆਂ ਪਲਿਆ ਹੋਵੇ। ਆਪਣੀ ਉਚੀ ਕੁਰਬਾਨੀ ਕਰਕੇ ਸਾਰੇ ਜਗਤ ਦਾ ਸਾਂਝਾ ਹੀਰਾ ਬਣ ਜਾਂਦਾ ਹੈ। ਉਹ ਇਕ ਉਚਾ ਮੁਨਾਰਾ ਹੈ, ਜੋ ਦੀਨ, ਹੀਨ, ਗੁਲਾਮੀ ਵਿਚ ਜਕੜੇ ਹੋਏ ਲੋਕਾਂ ਨੂੰ ਨਿਰਭੈਤਾ ਦਾ ਰਾਹ ਦਸਕੇ ਅਜ਼ਾਦੀ ਦੇ ਟਿਕਾਣੇ ਪਹੁੰਚਾਉਂਦਾ ਹੈ। ਜੈਸੇ:—

"ਸੂਰਾ ਸੋ ਪਹਿਚਾਨੀਐ, ਜੋ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟ ਮਰੈ, ਕਬਹੂੰ ਨਾ ਛਾਡੈ ਖੇਤ ॥" (ਮਾਰੂ ਕਬੀਰ)

ਮਰਨਾ ਤਾਂ ਹਰ ਇਕ ਨੇ ਹੈ, ਰਬੀ ਬਾਣੀ ਦੁਆਰਾ "ਜੋ ਆਇਆ ਸੋ ਚਲਸੀ ਸਭਿ ਕੋਈ ਆਈ ਵਾਰੀਐ" ਜੋ ਕਿਸੇ ਦੇ ਸਿਰ ਤੋਂ ਟਲ ਨਹੀਂ ਸਕਦਾ, ਦੀਨ ਦੇ ਬਦਲੇ, ਕੌਮੀ ਸ਼ਾਨ ਬਦਲੇ, ਮੌਤ ਨਾਲ ਲੁਕ ਮਚਾਈ ਖੇਡਦੇ ਹੋਏ, ਪਿਤ ਜਿਤਦੇ ਹੋਏ, ਸਰੀਰ ਦਾ ਬੰਦ ਬੰਦ ਜੁਦਾ ਕਰਾਉਣਾ, ਖੋਪਰੀਆਂ ਉਤਰਾਣੀਆਂ, ਤਨ ਨੂੰ ਆਰਿਆਂ ਨਾਲ ਚਰਾਉਣਾ, ਉਬਲਦੀਆਂ ਦੇਗਾਂ ਵਿਚ ਬੈਠਣਾ, ਜਿਉਂਦਾ ਭੱਠੀਆਂ ਵਿਚ ਸੜਨਾ, ਇੰਜਣਾ ਹੇਠ ਹੱਸ ਹੱਸ ਕੇ ਆਉਣਾ, ਆਪਣੇ ਆਪ ਨੂੰ ਜੰਡਾਂ ਨਾਲ ਬਨ੍ਹਾਉਣਾ, ਸਨਮੁਖ ਗੋਲੀਆਂ ਆਉਂਦੀਆਂ ਦੇਖ ਛਾਤੀਆਂ ਕਰਨੀਆਂ, ਸ਼ਾਂਤ ਸਰੂਪ ਰਹਿੰਦੇ ਹੋਏ ਡਾਂਗਾਂ ਤੇ ਘੋੜਿਆਂ ਦੀ ਦੁੜਾਂਦ ਹੇਠ ਅਡੋਲ ਰਹਿਣਾ, ਫਾਂਸੀ ਦੀਆਂ ਤੰਦੀਆਂ ਨੂੰ ਆਪਣੇ ਹੱਥ ਨਾਲ ਗਲੇ ਵਿਚ ਪਾਉਣਾ ਅਤੇ ਲਿਖਤ ਵਿਚ ਨਾ ਆਉਣ ਵਾਲੇ ਕਾਰ ਖ਼ਾਸ ਦੇ ਤਸੀਹੇ, ਲੋਹੇ ਦੇ ਪਿੰਜਰਿਆਂ ਵਿਚ ਰਹਿਣਾ ਅਤੇ ਉਮਰ ਭਰ ਕੈਦਾਂ ਦੇ ਸੰਕਟ, ਸਬਰ ਸ਼ੁਕਰ ਨਾਲ ਝਲਣੇ, ਇਹ ਕਿਸੇ ਅੰਮਾਂ ਜਾਏ ਦੇ ਹੀ ਹਿਸੇ ਆਇ। ਉਸ ਪਰਤੀ ਗੁਰਬਾਣੀ "ਤਿਨ ਧਨ ਜਣੇਦੀ ਮਾਉ ਆਇ ਸਫਲ ਸੇ" (ਆਸਾ ਫਰੀਦ) ਇਸ ਉਮੋਲਕ ਬਚਨਾ ਦੇ ਹਕਦਾਰ ਉਪਰ ਲਿਖਿਆਂ ਵਾਂਗ ਮਰਨ ਵਾਲੇ ਹੀ ਸ਼ਹੀਦ ਕਹਾਉਂਦੇ ਹਨ, ਪਰ ਪਿਛਲਿਆਂ ਵਾਸਤੇ ਇਕ ਮਸਾਲ ਕਾਇਮ ਕਰ ਜਾਂਦੇ ਹਨ। ਸੰਸਾਰ ਦੇ ਇਤਿਹਾਸ ਵਿਚ ਅਜੇਹੇ ਅਨੇਕਾਂ ਪ੍ਰਮਾਣ ਮਿਲਦੇ ਹਨ। ਕਿਉਂਕਿ ਖਾਲਸਾ ਜੀ ਦਾ ਇਤਿਹਾਸ ਸਿੱਖ ਸ਼ਹੀਦਾਂ ਦਾ ਏਨਾ ਪ੍ਰਕਾਸ਼ ਬਾਨ ਹੈ ਕਿ ਦੇਖਣ ਵਾਲੇ ਦੀਆਂ ਅੱਖਾਂ ਚੁੰਧਿਆ ਜਾਂਦੀਆਂ ਹਨ ਅਤੇ ਕਰੋੜਾਂ ਸੂਰਜਾਂ ਦੇ ਪ੍ਰਕਾਸ਼ ਨੂੰ ਮਾਤ ਪਾਉਂਦਾ ਹੈ। ਜਦ ਤੋਂ ਬਦੇਸ਼ੀ ਰਾਜ ਨੇ ਭਾਰਤ ਪਰ ਅੰਬਰ ਵੇਲ ਵਾਂਗ ਏਸ ਸੁਗੰਧਤਾ ਦੇਣ ਵਾਲੇ ਬਾਵਨ ਚੰਦਨ ਦੇ ਬ੍ਰਿਸ਼ ਤੇ ਛਾ ਕੇ ਪਤੇ ਲੋਚੀਆਂ ਸਭ ਲਪੇਟ ਲਏ ਤਾਂ ਏਸ ਪੀਲੇ ਰੰਗ ਦੀ ਅੰਬਰ ਵੇਲ ਤੋਂ ਅਜ਼ਾਦ ਕਰਾਉਣ ਹਿਤ ਅਨੇਕ ਮਾਈਆਂ ਦੇ ਸਪੁਤਰਾਂ ਨੇ ਰਲ ਕੇ ਹੰਬਲਾ ਮਾਰਿਆ। ਆਪ ਸ਼ਹੀਦ ਹੋ ਗਏ। ਹੋਰਨਾਂ ਨੂੰ ਅਜ਼ਾਦੀ ਤੇ ਸ਼ਹੀਦੀ ਦਾ ਸਬਕ ਸਿਖਾ ਗਏ, ਜੋ ਸਾਰੇ ਹੀ ਸ਼ਹੀਦ ਸਾਡੀ ਸ਼ਰਧਾ ਦੇ ਪਾਤਰ ਹਨ, ਕੀ ਕਿਸੇ ਦੀ ਜ਼ਬਾਨ ਜਾਂ ਲਿਖਣ ਵਿਚ ਤਾਕਤ ਹੈ ਜੋ ਆਨ ਸ਼ਾਨ ਉਤੇ ਮਰ ਮਿਟਣ ਵਾਲਿਆਂ ਸ਼ਹੀਦਾਂ ਦੇ ਸਾਕਿਆਂ ਨੂੰ ਤੋਲ ਕੇ ਨਿਰਣਾ ਦੇ ਸਕੇ। ਆਖਰੀ ਮੰਨਣਾ ਪਏਗਾ ਸ਼ਹੀਦ ਚਾਹੇ ਕਿਸੇ ਇਲਾਕੇ ਜਾਂ ਧਾਰਮਕ ਖਿਆਲਾਂ ਦੇ ਹੋਣ, ਪਰ ਉਹ ਸਾਰੇ ਦੇਸ਼ ਦੇ

Digitized by Panjab Digital Library | www.panjabdigilib.org

ਸਾਂਝੇ ਤੇ ਮਾਨ ਯੋਗ ਦੁਰਲੱਭ ਹੀਰੇ ਹੁੰਦੇ ਹਨ। ਪਰ ਅਜ ਅਫਸੋਸ ਨਾਲ ਲਿਖਣਾ ਪੈਂਦਾ ਹੈ, ਉਤਲੇ ਕਾਰਨਾ ਕਰਕੇ ਸ਼ਹੀਦਾਂ ਦੀਆਂ ਵੰਡੀਆਂ ਪਾਉਣੀਆਂ, ਇਹ ਇਕ ਅਸਾਧ ਬਿਮਾਰੀ ਹੈ, ਹੋਵੇ ਵੀ ਕਿਉਂ ਨਾ, ਜਦ ਕਦੇ ਸੁਖੇ ਦੇ ਪਿਆਕ ਨੂੰ ਸੁਖਾ ਦਿਮਾਗ਼ ਵਿਚ ਚੜ੍ਹ ਜਾਵੇ ਤਾਂ ਅਨੇਕਾਂ ਇਲਾਜਾਂ ਤੋਂ ਬਾਦ ਵੀ ਮੌਸਮ ਅਨੁਸਾਰ ਦਿਮਾਗ ਵਿਚੋਂ ਸੁਖੇ ਦੀ ਸੁਗੰਧੀ ਤੇ ਮਾਲੀ ਖੋਲੀਆ ਵਾਲੀ ਹਾਲਤ ਹੋ ਜਾਂਦੀ ਹੈ ॥ ਪੁਨਾ ॥ ਜਦ ਕਰਸ਼ਾਨ ਫਰਮਾਹ ਦਾ ਡੰਡਾ ਲਾਉਂਦਾ ਹੈ ਤਾਂ ਉਸ ਦਾ ਸਿਰ ਸੁਕਣ ਤੋਂ ਸਿਰ ਤੇ ਗੋਹਾ ਲਾ ਦਿੰਦਾ ਹੈ ਜੋ ਹਰਾ ਹੋ ਕੇ ਬੜਾ ਦਰਖਤ ਬਣ ਜਾਂਦਾ ਹੈ। ਜਦ ਵਰਤੋਂ ਲਈ ਕਦੇ ਗਿਲੇ ਨੂੰ ਚੀਰੋਗੇ ਤਾਂ ਉਸ ਵਕਤ ਗੋਹੇ ਦੀ ਹੀ ਵਾਸ਼ਨਾ ਆਵੇਗੀ। ਇਸ ਪ੍ਰਕਾਰ ਜੋ ਗੁਲਾਮੀ ਵਿਚ ਜੰਮਿਆ ਜਾਇਆ ਹੋਵੇ ਉਸ ਦੇ ਦਿਮਾਗ਼ ਵਿਚੋਂ ਸੁਖੇ ਤੇ ਫਰਮਾਹ ਵਾਂਗ ਗੁਲਾਮੀ ਦੀ ਬੋ ਨਹੀਂ ਜਾਂਦੀ, ਇਸ ਕਰਕੇ ਆਜ਼ਾਦੀ ਦਿਲਾਣ ਵਾਲਿਆਂ ਨੂੰ ਨਜ਼ਰਾਂ ਵਿਚੋਂ ਭੁਲਾਉਣਾ ਅਤੇ ਥੋੜ੍ਹੀ ਥੋੜ੍ਹੀ ਮਹਿਸ਼ ਸਜ਼ਾ ਕੱਟਣ ਵਾਲਿਆਂ ਨੂੰ ਚਮਕਾਉਣਾ ਏਹ ਥੋੜ ਦਿਲੀ ਦੀਆਂ ਗਲਾਂ ਸਾਰੇ ਸਮਝਦੇ ਹਨ, ਪਰ ਜੇ ਕੋਈ ਏਸ ਪਰਤੀ ਯੋਗ ਅਵਾਜ਼ ਉਠਾਵੇ ਤਾਂ ਫਿਰਕਾ ਪ੍ਰਸਤ (ਪਾਲਟੀ ਬਾਜ) ਕਹਿ ਕੇ ਕਾਨੂੰਨ ਦੇ ਜ਼ੋਰ ਨਾਲ ਤੇ ਹਕੂਮਤ ਦਾ ਬੇਸੁਰਾ ਰਾਗ ਬਹੁਤ ਸਾਰਾ ਅਲਾਪਿਆ ਜਾਂਦਾ ਹੈ, ਪਰ ਜਿਨ੍ਹਾਂ ਸੂਰਬੀਰਾਂ ਨੂੰ ਸਚਾਈ ਤੇ ਅਣਖ ਬਦਲੇ ਮਰ ਮਿਟਣਾ ਆਉਂਦਾ ਹੈ। ਉਹ ਅਜੇਹੇ ਬੇ ਦਲੀਲੇ ਹੁਕਮ ਦੇ ਫੋਕੇ ਰੋਹਬ ਨੂੰ ਪੈਰਾਂ ਹੇਠ ਲਤਾੜ ਕੇ ਸ਼ਹੀਦੀ ਪਾ ਜਾਂਦੇ ਹਨ ਅਤੇ ਹੋਰਾਂ ਨੂੰ ਸਬਕ ਸਿਖਾਂ ਜਾਂਦੇ ਹਨ। ਸੋ ਸਾਡੇ ਅਜ ਅਜ਼ਾਦ ਮੁਲਕ ਦੇ ਮੋਢੀਆਂ ਨੂੰ ਖੁਲ ਦਿਲੀ ਨਾਲ ਸ਼ਹੀਦਾਂ ਦੀ ਕੁਰਬਾਨੀ ਤੋਂ ਸਿਖਿਆ ਲੈਣੀ ਚਾਹੀਦੀ ਹੈ, ਕਿਉਂਕਿ ਹਰ ਇਕ ਪ੍ਰਾਨੀ ਮਾਤਰ ਦਾ ਫਰਜ਼ ਹੈ। ਮੈਂ ਆਪਣਾ ਫਰਜ਼ ਸਮਝਕੇ ਦੇਸ਼, ਕੌਮ ਤੋਂ ਆਪਾ ਵਾਰਨ ਵਾਲਿਆਂ ਤੇ ਮਰਜੀਵੜੇ ਅਮਰ ਸ਼ਹੀਦਾਂ ਦੀ ਅਤੇ ਗੁਰੂ ਪੰਥ ਦੀ ਤੁਛ ਸੇਵਾ ਕਰਦਾ ਹਾਂ ਜੇ ਗੁਰੂ ਪਿਆਰਿਆਂ ਨੂੰ ਪ੍ਰਵਾਨ ਹੋਵੇ ਤਾਂ ਮੈਂ ਧਨ ਭਾਗ ਸਮਝਾਂਗਾ।

ਸੰਗਤਾਂ ਦਾ ਦਾਸ:—ਸੰਤ ਵਿਸਾਖਾ ਸਿੰਘ ਸੰਤ ਸਿਪਾਹੀ।

## ਨਾਭੇ ਬੀੜ ਦੀਆਂ ਮਨੁਖ-ਖਾਣੀਆਂ ਜੇਲ੍ਹਾਂ ਵਿੱਚ, ਧਾਰਮਿਕ ਸੁਤੰਤ੍ਰਤਾ ਕਾਇਮ ਕਰਨ ਲਈ, ਗਏ ਹੋਏ ਸੂਰਬੀਰ ਸਿੰਘਾਂ ਨੂੰ ਬੜੀ ਬੇ-ਦਰਦੀ ਨਾਲ ਨਾਭਾ ਸਰਕਾਰੀ ਕਰਮ-ਚਾਰੀਆਂ ਵਲੋਂ ਤਰ੍ਹਾਂ ਤਰ੍ਹਾਂ ਦੇ ਤਸੀਹੇ ਸਹਿਣ ਵਾਲੇ ਜੋ ਗੁਰੂ ਪਿਆਰੇ ਸ਼ਹੀਦੀਆਂ ਪ੍ਰਾਪਤ ਕਰ ਚੁਕੇ ਹਨ

## ਉਨ੍ਹਾਂ ਦੇ ਪਵਿੱਤ੍ਰ ਨਾਮ ਜੱਥਾ ਨੰ: ਅਨੁਸਾਰ ਅੱਗੇ ਪੜ੍ਹੋ

Digitized by Panjab Digital Library | www.panjabdigilib.org

# ਸ਼ਹੀਦ ਗੰਜ ਜੈਤੋ ਵਿਖੇ
# ਸਿਲ ਪਰ ਲਿਖੇ ਸ਼ਹੀਦਾਂ ਦੇ ਨਾਮ ਤੇ ਪਤੇ

੧. ਭਾਈ ਜਸਾ ਸਿੰਘ ਪਿੰਡ ਚੀਚਾ ਭਕਨਾ ਜ਼ਿਲਾ ਅੰਮ੍ਰਿਤਸਰ
੨. ਦੀਵਾਨ ਸਿੰਘ ਪਿੰਡ ਸੰਗਰਵਾਲ ਜ਼ਿਲਾ ਹੁਸ਼ਿਆਰਪੁਰ
੩. ਹਰੀ ਸਿੰਘ ਪਿੰਡ ਨਮੋਲੀ ਜ਼ਿਲਾ ਹੁਸ਼ਿਆਰਪੁਰ
੪. ਅਛਰ ਸਿੰਘ ਪਿੰਡ ਮਦਕੜ ਕਲਾਂ ਜ਼ਿਲਾ ਜਲੰਧਰ
੫. ਬਿਸ਼ਨ ਸਿੰਘ ਪਿੰਡ ਮਾਂਗਟ ਜ਼ਿਲਾ ਜਲੰਧਰ
੬. ਸ਼ਹੀਦ ਭਾਈ ਸੁੰਦਰ ਸਿੰਘ ਪਿਤਾ ਭਾਈ ਮਨਸ਼ਾ ਸਿੰਘ ਮਾਤਾ ਰਾਜ ਕੌਰ ਪਿੰਡ ਕਰਮ ਗੜ੍ਹ ਡਾਕਖਾਨਾ ਬਲੂਆਣਾ ਤਹਿਸੀਲ ਬਠਿੰਡਾ ਰਿਆਸਤ ਪਟਿਆਲਾ ਭਾਈ ਭਗਤੂ ਜੀ ਦੀ ਸੰਤਾਨ ਵਿਚੋਂ ੨੧ ਫਰਵਰੀ ੧੯੨੪ ਨੂੰ ਗੋਲੀ ਨਾਲ ਜੈਤੋ ਵਿਖੇ ਸ਼ਹੀਦ ਹੋਏ, ਇਕ ਗੋਲੀ ਸਜੇ ਗੋਡੇ ਵਿਚ ਤੇ ਦੂਜੀ ਗਲ ਵਿਚ ਲਗ ਕੇ ਪਾਰ ਹੋ ਗਈ ਸੀ।
੭. ਸ਼ਹੀਦ ਭਾਈ ਸੁੰਦਰ ਸਿੰਘ ਪਿਤਾ ਭਾਈ ਨਥਲ ਸਿੰਘ ਮਾਤਾ ਸਦਾ ਕੌਰ ਪਿੰਡ ਚੰਦਾ ਡਾਕਖਾਨਾ ਬਾਘਾ ਪੁਰਾਣਾ ਤਹਿਸੀਲ ਮੋਗਾ ਜ਼ਿਲਾ ਫੀਰੋਜ਼ਪੁਰ, ੨੧-੨-੨੪ ਨੂੰ ਜੈਤੋ ਵਿਖੇ ਪੇਟ ਦੇ ਹੇਠਲੇ ਹਿਸੇ ਵਿਚ ਗੋਲੀ ਲਗਣ ਨਾਲ ਸ਼ਹੀਦ ਹੋਏ।
੮. ਸ਼ਹੀਦ ਭਾਈ ਹੁਮਣ ਸਿੰਘ ਪਿਤਾ ਭਾਈ ਹਮੀਰ ਸਿੰਘ ਮਾਤਾ ਤਾਬੀ ਪਿੰਡ ਵਾਂਦਰ ਡਾਕਖਾਨਾ ਬਾਘਾ ਪੁਰਾਣਾ ਤਹਿਸੀਲ ਮੋਗਾ ਜ਼ਿਲਾ ਫੀਰੋਜ਼ਪੁਰ ਬਹੁਤ ਸੁੰਦਰ ਤੇ ਦਰਸ਼ਨੀ ਜੁਆਨ ਸੀ ਦਾੜੀ ਅਜੇ ਨਹੀਂ ਸੀ ਆਈ, ਮੁਛਾਂ ਫੁਟਦੀਆਂ ਸਨ। ਬਲੀ ਸਰੀਰ ਹੋਣ ਕਰਕੇ ਲੋਕ ਮਲ ਨਾਮ ਨਾਲ ਸਦਦੇ ਸਨ। ੧੮ ਸਾਲ ਦੀ ਉਮਰ ਵਿਚ ਜੈਤੋ ਵਿਖੇ ਵਖੀ ਵਿਚ ਗੋਲੀ ਲਗਣ ਨਾਲ ੨੧ ਫਰਵਰੀ ੧੯੨੪ ਨੂੰ ਸ਼ਹੀਦ ਹੋਏ!
੯. ਸ਼ਹੀਦ ਭਾਈ ਸੁਰੈਣ ਸਿੰਘ ਜੀ ਸਪੁਤ੍ਰ ਭਾਈ ਜੀਊਣ ਸਿੰਘ ਜੀ ਮਾਤਾ ਭੋਲੀ ਉਮਰ ੨੮ ਸਾਲ ਪਿੰਡ ਲੰਭਵਾਲੀ ਡਾਕਖਾਨਾ ਗੋਨੇਆਣਾ ਰਿਃ ਫਰੀਦਕੋਟ ੨੧-੨-੧੯੨੪ ਨੂੰ ਜੈਤੋ ਵਿਖੇ ਸ਼ਹੀਦ ਹੋਏ।
੧੦. ਸ਼ਹੀਦ ਭਾਈ ਵਧਾਵਾ ਸਿੰਘ ਜੀ ਸਪੁਤ੍ਰ ਭਾਈ ਝੰਡਾ ਸਿੰਘ ਜੀ ਮਾਤਾ ਕਰਮ ਕੌਰ ਉਮਰ ੫੦ ਸਾਲ ਪਿੰਡ ਚੜਿਕ ਡਾਕਖਾਨਾ ਖਾਸ ਰਿਃ ਕਲਸੀਆਂ, ਛਾਤੀ ਵਿਚ ਗੋਲੀ ਲਗਣ ਨਾਲ ਜੈਤੋ ਵਿਖੇ ੨੧-੨-੨੪ ਨੂੰ ਸ਼ਹੀਦ ਹੋਏ।
੧੧. ਸ਼ਹੀਦ ਭਾਈ ਹਰਦਿਤ ਸਿੰਘ ਜੀ ਸਪੁਤ੍ਰ ਭਾਈ ਨਰੈਣ ਸਿੰਘ ਜੀ ਮਾਤਾ ਚੰਦ ਕੌਰ ਉਮਰ ੩੨-੩੩ ਸਾਲ ਪਿੰਡ ਕਾਲੇਕੇ ਡਾਕਖਾਨਾ ਖਾਸ ਤਹਿਸੀਲ ਮੋਗਾ ਜ਼ਿਲਾ ਫੀਰੋਜ਼ਪੁਰ, ਗਲ ਵਿਚ ਜਬਾੜੇ ਦੇ ਹੇਠ ਗੋਲੀ ਲਗਣ ਨਾਲ ੨੧-੨ ੨੪ ਨੂੰ ਜੈਤੋ ਵਿਖੇ ਸ਼ਹੀਦ ਹੋਏ।
੧੨. ਸ਼ਹੀਦ ਭਾਈ ਵਰਿਆਮ ਸਿੰਘ ਜੀ ਸਪੁਤ੍ਰ ਭਾਈ ਝੰਡਾ ਸਿੰਘ ਜੀ ਮਾਤਾ ਨੰਦਾਂ ਉਮਰ ੬੦ ਸਾਲ ਦੇ ਲਗ ਭਗ ਪਿੰਡ ਬਾਘਾ ਪੁਰਾਣਾ ਡਾਕਖਾਨਾ ਖਾਸ ਤਹਿਸੀਲ ਮੋਗਾ ਜ਼ਿਲਾ ਫੀਰੋਜ਼ਪੁਰ ਦਿਲ ਵਾਲੇ ਥਾਂ ਗੋਲੀ ਲਗਣ ਨਾਲ ੨੧-੨-੨੪ ਨੂੰ ਜੈਤੋ ਵਿਖੇ ਸ਼ਹੀਦ ਹੋਏ।

Digitized by Panjab Digital Library | www.panjabdigilib.org

੧੩. ਸ਼ਹੀਦ ਭਾਈ ਡੂੰਮਣ ਸਿੰਘ ਜੀ ਸਪੁਤ੍ਰ ਭਾਈ ਵੀਰ ਸਿੰਘ ਜੀ ਮਾਤਾ ਜੀਉਣੀ ਪਿੰਡ ਸਮਾਲਸਰ ਡਾਕਖਾਨਾ ਖਾਸ ਤਹਿਸੀਲ ਮੋਗਾ ਜ਼ਿਲਾ ਫੀਰੋਜ਼ਪੁਰ ਉਮਰ ੫੦ ਸਾਲ ਦੇ ਲਗ ਭਗ ਹਥ ਦੇ ਗੁਟ ਵਿਚ ਤੇ ਵਖੀ ਵਿਚ ਗੋਲੀਆਂ ਲਗੀਆਂ। ੨੧-੨-੨੪ ਨੂੰ ਜੈਤੋ ਸ਼ਹੀਦ ਹੋਏ।

੧੪. ਸ਼ਹੀਦ ਭਾਈ ਮਾਘ ਸਿੰਘ ਜੀ ਸਪੁਤ੍ਰ ਸ਼ਾਮ ਸਿੰਘ ਜੀ ਮਾਤਾ ਧਰਮੋ ਉਮਰ ੪੦ ਸਾਲ ਦੇ ਨੇੜੇ ਪਿੰਡ ਲੰਡੇ ਡਾਕਖਾਨਾ ਖਾਸ ਤਹਿਸੀਲ ਮੋਗਾ ਜ਼ਿਲਾ ਫੀਰੋਜ਼ਪੁਰ ੨੧ ਫਰਵਰੀ ੧੯੨੪ ਨੂੰ ਮਥੇ ਵਿਚ ਗੋਲੀ ਲਗਕੇ ਖੋਪੜੀ ਵਿਚੋਂ ਨਿਕਲ ਗਈ। ਗੁਰਦਵਾਰਾ ਟਿਬੀ ਸਾਹਿਬ ਦੀਆਂ ਪੌੜੀਆਂ ਚੜ੍ਹਦੇ ਜੈਤੋ ਸ਼ਹੀਦ ਹੋਏ।

੧੫. ਸ਼ਹੀਦ ਭਾਈ ਕਪੂਰ ਸਿੰਘ ਜੀ ਸਪੁਤ੍ਰ ਭਾਈ ਵਰਿਆਮ ਸਿੰਘ ਜੀ ਮਾਤਾ ਨੰਦ ਕੌਰ ਉਮਰ ੨੨-੨੩ ਸਾਲ ਪਿੰਡ ਲੰਡੇ ਡਾਕਖਾਨਾ ਖਾਸ ਤਹਿਸੀਲ ਮੋਗਾ ਜ਼ਿਲਾ ਫੀਰੋਜ਼ਪੁਰ ੨੧-੨-੨੪ ਨੂੰ ਕੁਲੇ ਵਿਚ ਗੋਲੀ ਲਗਣ ਨਾਲ ਜੈਤੋ ਵਿਖੇ ਸ਼ਹੀਦ ਹੋਏ।

੧੬. ਸ਼ਹੀਦ ਭਾਈ ਘੁਲਾ ਸਿੰਘ ਜੀ ਸਪੁਤ੍ਰ ਭਾਈ ਨਰੈਣ ਸਿੰਘ ਜੀ ਮਾਤਾ ਕਿਸ਼ਨ ਕੌਰ ਉਮਰ ੨੫ ਸਾਲ ਪਿੰਡ ਭਲੂਰ ਡਾਕਖਾਨਾ ਲੰਡੇਆਣਾ ਤਹਿਸੀਲ ਮੋਗਾ ਜ਼ਿਲਾ ਫੀਰੋਜ਼ਪੁਰ ਕੰਨ ਦੇ ਕੋਲ ਗੋਲੀ ਲਗ ਕੇ ਪਾਰ ਹੋ ਗਈ ਤੇ ੨੧-੨-੨੪ ਨੂੰ ਜੈਤੋ ਵਿਖੇ ਸ਼ਹੀਦੀ ਪਾਈ।

੧੭. ਨਥਾ ਸਿੰਘ ਮੋਗਾ ਜ਼ਿਲਾ ਫੀਰੋਜ਼ਪੁਰ

## ਸ਼ਹੀਦੀ ਅੰਗੀਠੇ ਦੀ ਸਿਲ ਤੋਂ ਇਲਾਵਾ
## ਸਾਡੀ ਪੜਤਾਲ ਵਿਚ ਆਇ ਗੋਲੀ ਨਾਲ ਹੋਰ ਸ਼ਹੀਦ ਹੇਠ ਦਰਜ ਹਨ

੧੮. ਭਾਈ ਅਰਜਣ ਸਿੰਘ ਜੀ ਪਿਤਾ ਕਿਸ਼ਨ ਸਿੰਘ ਪਿੰਡ ਕਮਾਲੀਆਂ ਤਹਿਸੀਲ ਟੋਬਾ ਟੇਕ ਸਿੰਘ ਜ਼ਿਲਾ ਲਾਇਲਪੁਰ।

੧੯. ਭਾਈ ਸੁਚਾ ਸਿੰਘ ਜੀ ਚਕ ਨੰ: ੨੭੭ ਸੀਤਲ ਰਖ ਬਰਾਂਚ ਲਾਇਲਪੁਰ।

੨੦. ਭਾਈ ਲਾਭ ਸਿੰਘ ਜੀ ਹਿੰਦੂ ਘੁਸਿਆਰਾ ਸਿੰਘ ਸਜਿਆ ਪਿੰਡ ਜੋਧ (ਲੁਧਿਆਣਾ) ਪਹਿਲੇ ਜੱਥੇ ਦੇ ਨਗਾਰਚੀ ਸਨ।

੨੧. ਭਾਈ ਨਿਕਾ ਸਿੰਘ ਜੀ ਪਿਤਾ ਜੈਮਲ ਸਿੰਘ ਪਿੰਡ ਜੋਧ (ਲੁਧਿਆਣਾ)।

੨੨-੨੩. ਦੋ ਮਜਬੀ ਸਿੰਘ ਪਿੰਡ ਕੁੰਡਲ ਜ਼ਿਲਾ ਫੀਰੋਜ਼ਪੁਰ ਵਿਖੇ ਆਇਆਂ ਨੂੰ ਕੁਝ ਚਿਰ ਹੋਇਆ ਸੀ। ਜੋ ਸ੍ਰੋ: ਕਮੇਟੀ ਦਾ ਐਲਾਨ ਵੇਖ ਦੇ ਸਾਰ ਹੀ ਅੰਮ੍ਰਿਤਸਰ ਪੁਜੇ ਤੇ ਜੱਥੇ ਵਿਚ ਭਰਤੀ ਹੋਕੇ ਜੈਤੋ ਪੁਜਣ ਸਾਰ ਗੋਲੀਆਂ ਨਾਲ ਸ਼ਹੀਦ ਹੋ ਗਏ। ਜਿੰਨ੍ਹਾਂ ਦੀ ਸ਼ਹੀਦੀ ਸੁਣਕੇ ਕੁੰਡਲ ਤੋਂ ਪ੍ਰਵਾਰ ਕਿਸੇ ਲਾਪਤੇ ਚਲਿਆ ਗਿਆ, ਜਿਸ ਕਰਕੇ ਉਨ੍ਹਾਂ ਗੁਰੂ ਪਿਆਰਿਆਂ ਦੇ ਨਾਵਾਂ ਦਾ ਪਤਾ ਨਹੀਂ ਲਗਾ, ਅਫਸੋਸ!

Digitized by Panjab Digital Library | www.panjabdigilib.org

# ਪਹਿਲੇ ਜੱਥੇ ਦੇ ਸਿੰਘ ਜੋ ਜੇਲ੍ਹ ਦੀਆਂ ਸਖਤੀਆਂ ਦੇ ਕਾਰਨ ਸ਼ਹੀਦ ਹੋਏ ।

੨੪. ਭਾਈ ਰੂੜ ਸਿੰਘ ਜੀ ਅੰਬਾਲਾ ।
੨੫. ਭਾਈ ਸੁੰਦਰ ਸਿੰਘ ਜੀ ਬਿਤਾਲਾ ।
੨੬. ਗਿਆਨੀ ਮਹਿੰਦ੍ਰ ਸਿੰਘ ।
੨੭. ਭਾਈ ਨੌਨਿਹਾਲ ਸਿੰਘ ।

ਨੋਟ– ਅੰਮ੍ਰਿਤਸਰ ਤੋਂ ਜੱਥਾ ਪੂਰਾ ਪੰਜ ਸੌ ਦਾ ਚਲਿਆ, ਜੋ ਪੂਰਾ ੫੦੦ ਸੌ ਜੈਤੋ ਪੁਜਾ । ਗੋਲੀ ਚਲਣ ਤੋਂ ਬਾਦ ਕੁਝ ਦਿਨ ਜੈਤੋ ਕਿਲੇ ਅੰਦਰ ਰਖਣ ਤੇ ਬਾਦ ਗੱਡੀ ਰਾਹੀਂ ਬਾਵਲਕਾਂਟੀ ਕਿਲੇ ਅੰਦਰ ਜਾ ਡਕਿਆਂ, ਏਥੇ ਜਿੰਦਾ ਸ਼ਹੀਦ ਸਿੰਘਾਂ ਦੀ ਗਿਣਤੀ ੪੩੨ ਹੋਈ । ਬਾਕੀ ੬੮ ਸਿੰਘ ਗੋਲੀ ਨਾਲ ਸ਼ਹੀਦ ਹੋਏ ਜੋ ਸਿਲ ਉਪਰ ਲਿਖੇ ਇਹ ਨਾਮ ਮਿਲੇ ਹਨ, ਬਾਕੀ ਗੁਮ ।

## ਜਥਾ ਨੰ: ੨ ਦੇ ਸ਼ਹੀਦ

੧. ਸਰਦਾਰ ਜਸਵੰਤ ਸਿੰਘ ਜੀ ਪਿੰਡ ਜਗਤਪੁਰ ਜ਼ਿਲਾ ਅੰਮ੍ਰਿਤਸਰ ਜਥਾ ਨੰ: ੨ ਸਤ ਨਵੰਬਰ ਨੂੰ ਸ਼ਹੀਦੀ ਪਾਈ ।
੨. ਸਰਦਾਰ ਸਰਮੁਖ ਸਿੰਘ ਜੀ ਪਿਤਾ ਮੋਰਨਾ ਸਿੰਘ ਜੀ ਪਿੰਡ ਰਤੋਕੇ ਤਹਿਸੀਲ ਤਰਨਤਾਰਨੀ ਜ਼ਿਲਾ ਅੰਮ੍ਰਿਤਸਰ, ੨੪ ਨਵੰਬਰ ਨੂੰ ਸ਼ਹੀਦੀ ਪਾਈ ।
੩. ਭਾਈ ਅਰੂੜ ਸਿੰਘ ਸਪੁਤ੍ਰ ਸਰਦਾਰ ਵਰਿਆਮ ਸਿੰਘ ਜੀ ਸਕੱਤ੍ਰ ਗੁਰਦਵਾਰਾ ਕਮੇਟੀ ਅੰਮ੍ਰਿਤਸਰ ।
੪. ਭਾਈ ਪਾਲਾ ਸਿੰਘ ਪਿੰਡ ਪਖੋਕੇ ਜ਼ਿਲਾ ਗੁਰਦਾਸਪੁਰ ।
੫. ਭਾਈ ਸੰਪੂਰਨ ਸਿੰਘ ਪਿੰਡ ਚਾਲ ਜ਼ਿਲਾ ਲਾਹੌਰ
੬. ਭਾਈ ਸਜਨ ਸਿੰਘ ਪਿੰਡ ਰਾਜੋਕੇ ਜ਼ਿਲਾ ਲਾਹੌਰ
੭. ਭਾਈ ਉਤਮ ਸਿੰਘ ਪਿੰਡ ਕੁਹਾਰ ਜ਼ਿਲਾ ਗੁਰਦਾਸਪੁਰ ।

## ਜਥਾ ਨੰ: ੩ ਦੇ ਸ਼ਹੀਦ

੧. ਭਾਈ ਆਤਮਾ ਸਿੰਘ ਪਿੰਡ ਅਮਰ ਗੜ੍ਹ ਰਿ: ਫਰੀਦਕੋਟ ।
੨. ਭਾਈ ਲਹਿਣਾ ਸਿੰਘ ਪਿੰਡ ਖਾਟ ਜ਼ਿਲਾ ਅੰਬਾਲਾ ।
੩. ਭਾਈ ਅਰੂੜ ਸਿੰਘ ਪਿੰਡ ਸਵੇਰਾ ਜ਼ਿਲਾ ਅੰਬਾਲਾ ।
੪. ਭਾਈ ਕਿਸ਼ਨ ਸਿੰਘ ਪਿੰਡ ਤੁਧੇ ਜ਼ਿਲਾ ਅੰਮ੍ਰਿਤਸਰ ।
੫. ਭਾਈ ਸੁੰਦਰ ਸਿੰਘ ਪਿੰਡ ਬੇਤਾਲਾਂ ਜ਼ਿਲਾ ਅੰਮ੍ਰਿਤਸਰ ।
੬. ਭਾਈ ਇੰਦਰ ਸਿੰਘ ਪਿੰਡ ਲਿਧੜ ਜ਼ਿਲਾ ਅੰਮ੍ਰਿਤਸਰ ।
੭. ਭਾਈ ਜਸਵੰਤ ਸਿੰਘ ਪਿੰਡ ਜਗਤਪੁਰਾ ਜ਼ਿਲਾ ਅੰਮ੍ਰਿਤਸਰ ।
੮. ਭਾਈ ਮੂਲਾ ਸਿੰਘ ਪਿੰਡ ਜਟੂ ਸਾਈਵਾਲੇ ਰਿ: ਪਟਿਆਲਾ ।

Digitized by Panjab Digital Library | www.panjabdigilib.org

੯. ਭਾਈ ਨਾਨਕੂ ਸਿੰਘ ਪਿੰਡ ਜੰਟੂ ਸਾਈਵਾਲੇ ਰਿਃ ਪਟਿਆਲਾ।
੧੦. ਭਾਈ ਤੁੰਮਣ ਸਿੰਘ ਪਿੰਡ ਪੂਨਕ ਰਿਃ ਪਟਿਆਲਾ।
੧੧. ਭਾਈ ਚਰਨ ਸਿੰਘ ਪਿੰਡ ਬੁਲੋਆਲ ਜ਼ਿਲਾ ਗੁਰਦਾਸਪੁਰ।
੧੨. ਗਿਆਨੀ ਵਸਾਵਾ ਸਿੰਘ ਪਿੰਡ ਪੁਰੋਵਾਲ ਜ਼ਿਲਾ ਗੁਰਦਾਸਪੁਰ।
੧੩. ਭਾਈ ਕਰਤਾਰ ਸਿੰਘ ਪਿੰਡ ਧੰਧਾਂਵਾਲੀ ਜ਼ਿਲਾ ਗੁਰਦਾਸਪੁਰ
੧੪. ਭਾਈ ਨੌਨਿਹਾਲ ਸਿੰਘ ਚੱਕ ਨੰ: ੧੯ ਜ਼ਿਲਾ ਮਿੰਟਗੁਮਰੀ ਆਪ ੧੬ ਮਈ ੧੯੨੮ ਨੂੰ ਸ਼ਹੀਦ ਹੋਏ।
੧੫. ਗਿਃ ਮਹਿੰਦਰ ਸਿੰਘ ਪਿੰਡ ਜਰੂੜ ਜ਼ਿਲਾ ਹੁਸ਼ਿਆਰਪੁਰ
੧੬. ਭਾਈ ਦਲੇਲ ਸਿੰਘ ਪਿੰਡ ਮਿਰਜ਼ਾ ਪੁਰ ਜ਼ਿਲਾ ਹੁਸ਼ਿਆਰਪੁਰ
੧੭. ਭਾਈ ਰਾਮ ਸਿੰਘ ਪਿੰਡ ਧਾਮੀਆਂ ਜ਼ਿਲਾ ਹੁਸ਼ਿਆਰਪੁਰ
੧੮. ਭਾਈ ਜਗਤ ਸਿੰਘ ਪਿੰਡ ਜਮਸ਼ੇਰ ਜ਼ਿਲਾ ਲਾਹੌਰ
੧੯. ਭਾਈ ਤਾਰਾ ਸਿੰਘ ਪਿੰਡ ਹਰੀਕੇ ਪਤਨ ਜ਼ਿਲਾ ਲਾਹੌਰ
੨੦. ਭਾਈ ਗੁਲਾਬ ਸਿੰਘ ਪਿੰਡ ਮੇਹਰਾਂ ਜ਼ਿਲਾ ਜੇਹਲਮ
੨੧. ਭਾਈ ਬੀਰ ਸਿੰਘ ਪਿੰਡ ਅਖਵਾਲੀ ਜ਼ਿਲਾ ਜੇਹਲਮ
੨੨. ਭਾਈ ਸਰਦਾਰਾ ਸਿੰਘ ਪਿੰਡ ਬਾਲਕੁ ਸਰ ਜ਼ਿਲਾ ਜੇਹਲਮ
੨੩. ਭਾਈ ਹਰੀ ਸਿੰਘ ਪਿੰਡ ਬਲਾਸਪੁਰ ਜ਼ਿਲਾ ਫੀਰੋਜ਼ਪੁਰ
੨੪. ਭਾਈ ਕਿਸ਼ਨ ਸਿੰਘ ਪਿੰਡ ਕਾਲੇਕੀ ਜ਼ਿਲਾ ਫੀਰੋਜ਼ਪੁਰ
੨੫. ਭਾਈ ਨਥਾ ਸਿੰਘ ਪਿੰਡ ਧਾਲੀਵਾਲ ਰਿਃ ਕਪੂਰਥਲਾ
੨੬. ਭਾਈ ਹਾਕਮ ਸਿੰਘ ਜੀ, ਭਾਈ ਜੈਮਲ ਸਿੰਘ ਜੀ, ਭਾਈ ਫੌਜਾ ਸਿੰਘ, ਭਾਈ ਹੁਕਮ ਸਿੰਘ ਕਪੂਰਥਲਾ।
੨੭. ਭਾਈ ਧਰਮ ਸਿੰਘ ਪਿੰਡ ਬੜਾ ਕੋਟ ਜ਼ਿਲਾ ਜਾਲੰਧਰ।
੨੮. ਭਾਈ ਪ੍ਰਤਾਪ ਸਿੰਘ ਜ਼ਿਲਾ ਸ਼ੇਖੂਪੁਰਾ!
੨੯. ਭਾਈ ਦਯਾ ਸਿੰਘ ਸਪੁਤ੍ਰ ਭਗਵਾਨ ਸਿੰਘ ਪਿੰਡ ਰੰਗੀਵਾਲ ਤਹਿਸੀਲ ਫਿਲੌਰ।

## ਜਥਾ ਨੰਃ ੪ ਦੇ ਸ਼ਹੀਦ

| | ਨਾਮ | ਪਿੰਡ | ਜ਼ਿਲਾ |
|---|---|---|---|
| ੧. | ਗਿ: ਨਿਰੰਜਨ ਸਿੰਘ | ਸ਼ਾਹਬਾਦ ਪੁਰ | ਅੰਮ੍ਰਿਤਸਰ |
| ੨. | ਭਾ: ਧਰਮ ਸਿੰਘ | ਚੂਹਾ ਮਲ | ਗੁਜਰਾਤ |
| ੩. | ਭਾ: ਗੋਪਾਲ ਸਿੰਘ | ਸਿੱਬਲੀ | ਹੁਸ਼ਿਆਰਪੁਰ |
| ੪. | ਭਾ: ਸੁਚਾ ਸਿੰਘ | ਮਾਨਵਾਲ | ,, |
| ੫. | ਭਾ: ਧਰਮ ਸਿੰਘ | ਵਗੋਰ | ,, |
| ੬. | ਭਾ: ਉਤਮ ਸਿੰਘ | ਬੇਲਾ ਭਗਤੂ ਸਿੰਘ | ,, |
| ੭. | ਭਾ: ਕਪੂਰ ਸਿੰਘ | ਬਾਦੇਸਰਾਂ | ,, |
| ੮. | ਭਾ: ਹੁਕਮ ਸਿੰਘ | ਮਾਹਵੇ | ,, |

Digitized by Panjab Digital Library | www.panjabdigilib.org

| | | | |
|---|---|---|---|
| ੯. | ਭਾ: ਦਸੌਂਧਾ ਸਿੰਘ | ਬਿਸਆਲ | ਹੁਸ਼ਿਆਰਪੁਰ |
| ੧੦. | ਭਾ: ਲਛਮਨ ਸਿੰਘ | ਬੇਲਾਂ ਕਟਾਰ ਸਿੰਘ | ,, |
| ੧੧. | ਭਾ: ਊਧਮ ਸਿੰਘ | ਵੈਰਲ | ,, |
| ੧੨. | ਭਾ: ਭੂਮ ਤੋੜ ਸਿੰਘ | ਢਿਲਮਾਂ | ਰਿ: ਕਪੂਰਥਲਾ |
| ੧੩. | ਭਾ: ਤੇਜਾ ਸਿੰਘ | ਦਾਖਾ | ਲੁਦਿਹਾਣਾ |
| ੧੪. | ਭਾ: ਲਖਾ ਸਿੰਘ | ਬੰਗਾ | ਜਲੰਧਰ |

੧੫. ਭਾ: ਅਰਜਨ ਸਿੰਘ ਸਪੁਤ੍ਰ ਹਾਕਮ ਸਿੰਘ ਪਿੰਡ ਕਿੰਦੋਲਾ ਜ਼ਿਲਾ ਜਲੰਧਰ

੧੬. ਭਾ: ਜਗਤ ਸਿੰਘ ਸਪੁਤ੍ਰ ਭਗਵਾਨ ਸਿੰਘ ਪਿੰਡ ਧਾਲੇਤਾ ਤਹਿਸੀਲ ਫਿਲੌਰ

੧੭. ਭਾ: ਸਤਨਾਮ ਸਿੰਘ, ਸਰੀਆ ਭਾਈ ਜੀਵਨ ਸਿੰਘ ਪੁਤ੍ਰ ਬੀਰ ਸਿੰਘ ਢਿਲਮਾਂ, ਭਾਈ ਨਥਾ ਸਿੰਘ ਪੁਤ੍ਰ ਮੰਗਲ ਸਿੰਘ ਪਿੰਡ ਨੰਗਲ।

## ਜੱਥਾ ਨੰ: ੫ ਦੇ ਸ਼ਹੀਦ

| | ਨਾਮ | ਪਿੰਡ | ਜ਼ਿਲਾ |
|---|---|---|---|
| ੧. | ਭਾਈ ਵਿਸਾਵਾ ਸਿੰਘ | ਚਕ ਨੰ ੨੬੮ | ਜ਼ਿਲਾ ਲਾਇਲਪੁਰ |
| ੨. | ਭਾਈ ਬਿਸਨ ਸਿੰਘ | ਘਸੀਟ ਪੁਰ | ਜ਼ਿਲਾ ਲਾਇਲਪੁਰ |
| ੩. | ਭਾਈ ਗੋਪਾਲ ਸਿੰਘ | ਪਿੰਡ ਜੰਡਿਆਲਾ | ਜ਼ਿਲਾ ਲਾਇਲਪੁਰ |
| ੪. | ਭਾਈ ਅਰੂੜ ਸਿੰਘ | ਪਿੰਡ ਵਹੀਲਾਂ | ਜ਼ਿਲਾ ਲਾਇਲਪੁਰ |
| ੫. | ਭਾਈ ਜੈਮਲ ਸਿੰਘ | ਪਿੰਡ ਨੋਧ | ਜ਼ਿਲਾ ਲਾਇਲਪੁਰ |
| ੬. | ਭਾਈ ਸਰਮੁਖ ਸਿੰਘ | ਪਿੰਡ ਭੰਡਾਲ | ਜ਼ਿਲਾ ਲਾਇਲਪੁਰ |
| ੭. | ਭਾਈ ਕਰਤਾਰ ਸਿੰਘ | ਘਸੀਟਪੁਰ | ਜ਼ਿਲਾ ਲਾਇਲਪੁਰ |
| ੮. | ਭਾਈ ਸੰਗਤ ਸਿੰਘ | ਨਿਹਾਲੇਵਾਲ | ਵੰਡਾਲਾ ਜ਼ਿਲਾ ਲਾਇਲਪੁਰ |
| ੯. | ਭਾਈ ਵਧਾਵਾ ਸਿੰਘ | ਪਿੰਡ ਲੀਲ | ਜ਼ਿਲਾ ਲਾਇਲਪੁਲ |
| ੧੦. | ਸ੍ਰਦਾਰ ਮੰਗਲ ਸਿੰਘ | ਪਿੰਡ ਸਮਨਾ | ਜ਼ਿਲਾ ਲਾਇਲਪੁਰ |
| ੧੧. | ਸ੍ਰਦਾਰ ਝੰਡਾ ਸਿੰਘ | ਪਿੰਡ ਜੜ੍ਹਾਂਵਾਲਾ | ਜ਼ਿਲਾ ਲਾਇਲਪੁਰ |
| ੧੨. | ਸ੍ਰਦਾਰ ਚੇਤ ਸਿੰਘ ਜੀ | ਪਿੰਡ ਵੰਡਾਲਾ | ਜ਼ਿਲਾ ਲਾਇਲਪੁਰ |
| ੧੩. | ਸ੍ਰਦਾਰ ਬਚਨ ਸਿੰਘ ਜੀ | | ਜ਼ਿਲਾ ਲਾਇਲਪੁਰ |
| ੧੪. | ਸ੍ਰਦਾਰ ਗੁਰਬਚਨ ਸਿੰਘ ਜੀ | ਪਿੰਡ ਸੂਆ ਨੰ: ੧੯੩ | ਜ਼ਿਲਾ ਲਾਇਲਪੁਰ |
| ੧੫. | ਭਾਈ ਇਦ੍ਰ ਸਿੰਘ | ਪਿੰਡ ਲੋਹਕਾ | ਜ਼ਿਲਾ ਅੰਮ੍ਰਿਤਸਰ |
| ੧੬. | ਭਾਈ ਰਾਮ ਸਿੰਘ | ਰਾਟੋਜੀ | ਅੰਮ੍ਰਿਤਸਰ |
| ੧੭. | ਭਾਈ ਫੌਜਾ ਸਿੰਘ | ਗਗੋਬੂਹਾਂ | ਅੰਮ੍ਰਿਤਸਰ |
| ੧੮. | ਭਾਈ ਦੀਵਾਨ ਸਿੰਘ | ਕਠਲ ਭਾਈਕੇ | ਅੰਮ੍ਰਿਤਸਰ |
| ੧੯. | ਭਾਈ ਅਰੂੜ ਸਿੰਘ | ਪਿੰਡ ਖਖੋ | ਅੰਮਿਤਸਰ |
| ੨੦. | ਸ੍ਰਦਾਰ ਮੀਹਾਂ ਸਿੰਘ | ਪਿੰਡ ਵੰਡਾਲਾਂ | ਅੰਮ੍ਰਿਤਸਰ |
| ੨੧. | ਸ੍ਰਦਾਰ ਬਿਸ਼ਨ ਸਿੰਘ | ਪਿੰਡ ਉਪਲੀ | ਅੰਮ੍ਰਿਤਸਰ |

Digitized by Panjab Digital Library | www.panjabdigilib.org

॥ ਕੁਰਬਾਨੀ ਦੀ ਕਦਰ ॥

ਜਦ ਆਪ ਜੀ ਜੇਲ੍ਹ ਵਿਚ ਸਨ ਤਾਂ ਸ੍ਰੋ: ਗੁ: ਪ੍ਰ: ਕਮੇਟੀ ਦੀ ਚੋਣ ਆ ਗਈ ਤੇ ਲਾਇਲਪੁਰ ਤੇ ਲੁਧਿਆਣੇ ਵਲੋਂ ਆਪ ਜੀ ਮੈਂਬ੍ਰ ਚੁਣੇ ਗਏ ਸਨ । ਰਿਹਾਈ ।

ਅਗਸਤ ੧੯੨੩ ਵਿਚ ਆਪ ਰਾਵਲਪਿੰਡੀ ਤੋਂ ਰਿਹਾ ਕੀਤੇ ਗਏ । ਸਿਹਤ ਦੀ ਕਮਜ਼ੋਰੀ ਦੇ ਕਾਰਨ ਆਪ ਕੋਹ ਮਰੀ ਚਲੇ ਗਏ ਅਤੇ ਸਾਕ ਸੰਬੰਧੀਆਂ ਸਜਨਾਂ ਮਿਤ੍ਰਾਂ ਨੂੰ ਅਜੇ ਨਹੀਂ ਮਿਲੇ ਸਨ ਕਿ ੨੪ ਅਕਤੂਬਰ ੧੯੨੩ ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਤੇ ਸ਼੍ਰੋ: ਅਕਾਲੀ ਦਲ ਕਾਨੂੰਨ ਵਿਰੁਧ ਜੱਥੇ ਕਰਾਰ ਦਿਤੇ ਗਏ ਅਤੇ ਮੈਂਬਰਾਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਹੋਣ ਤੇ ਆਪ ਜੀ ਨੂੰ ਭੀ ਗ੍ਰਿਫਤਾਰ ਕਰ ਲਿਆ ਗਿਆ । ਪਰ ਮੁਕੱਦਮੇ ਦਾ ਕੋਈ ਸਬੂਤ ਨ ਹੋਣ ਕਰਕੇ ਨਵੰਬਰ ਵਿਚ ਹੀ ਛਡ ਦਿਤਾ ਗਿਆ ।

॥ ਪੰਥਕ ਆਗੂ ਜੇਲ੍ਹਾਂ ਵਿਚ ॥

ਸਾਰੇ ਸਿੱਖ ਮੁਖੀਏ ਜੇਲ੍ਹ ਵਿਚ ਜਾਣ ਤੇ ਪੰਥ ਦੀ ਬਾਗਡੋਰ ਆਪ ਜੀ ਦੇ ਹੱਥ ਹੀ ਰਹ ਗਈ ਸੀ। ਸ੍ਰੋ: ਗੁ: ਪ੍ਰ: ਕਮੇਟੀ ਦੀ ਪ੍ਰਧਾਨਗੀ ਦੀ ਸੇਵਾ ਤੇ ਸਨ। ਉਸ ਵੇਲੇ ਜੋ ਔਕੜਾਂ ਤੇ ਕਠਿਨਾਈਆਂ ਵਿਚ ਦੀ ਲੰਘਦਿਆਂ ਮੋਰਚਾ ਭਾਈ ਫੇਰੂ ਅਤੇ ਜੈਤੋ ਗੁਰਦੁਆਰਾ ਗੰਗਸਰ ਲਗਨ ਤੇ ਅਕਾਲੀ ਲਹਿਰ ਉਤੇ ਕਈ ਤਰ੍ਹਾਂ ਦੇ ਝੱਖੜ ਝੂਲ ਰਹੇ ਸਨ। ਉਸ ਵੇਲੇ ਸ੍ਰੀ ਗੁਰੂ ਜੀ ਦੀ ਕ੍ਰਿਪਾ ਦਾ ਸਦਕਾ ਆਪ ਜੀ ਦਾ ਹੀ ਮਾਦਾ ਸੀ ਜੋ ਨੌਕਰਸ਼ਾਹੀ ਦੀਆਂ ਚਾਲਾਂ ਦਾ ਪੈਰ ਪੈਰ ਤੇ ਜਵਾਬ ਦਿੰਦੇ ਰਹੇ ਤੇ ਖੂਬ ਹੰਡੇ ਹੋਏ ਦਮਾਗ ਨਾਲ ਮੋਰਚਿਆਂ ਵਿਚ ਕਾਮਯਾਬੀਆਂ ਹਾਸਲ ਕਰਕੇ ਪਖੰਡਾਂ ਵਿਚ ਮਾਹਰ ਮਹੰਤ ਟੋਲਾ, ਚਲਾਕੀਆਂ ਵਿਚ ਮਾਹਰ ਬਰਤਾਨੀਆਂ ਹਕੂਮਤ ਜੋ ਸਾਰੀਆਂ ਤਾਕਤਾਂ ਦੀ ਮਾਲਕ ਸੀ। ਏਧਰ ਗੁਰੂ ਭਰੋਸੇ ਸ਼ਾਂਤੀ ਦੇ ਹਥਿਆਰ ਨਾਲ ਸਾਰੇ ਖੁਟੇ ਕਰਕੇ ਉਹ ਫਤਹ ਪਾਈ ਜਿਸਦੀਆਂ ਵਧਾਈਆਂ ਦੇਸ ਪ੍ਰਦੇਸ ਵਾਸੀ ਹਰ ਇਕ ਕੌਮ ਦੀਆਂ ਸੋਸਾਇਟੀਆਂ ਵਲੋਂ ਭਾਰਤ ਨੂੰ ਵਧਾਈ ਪੱਤ੍ਰ ਪੁਜੇ।

॥ ਹਾਰੀ ਹੋਈ ਸਰਕਾਰ ॥

ਝੂਠੇ ਦੀ ਅਊ ਅਊ ਵਾਲੀ ਬਾਤ ਅਨੁਸਾਰ ਹਾਰੀ ਹੋਈ ਸਰਕਾਰ ਨੇ ਸ: ਮੰਗਲ ਸਿੰਘ ਜੀ ਨੂੰ ਅਕਾਲੀਆਂ ਵਿਚੋਂ ਨਫਰਤ ਦੁਵਾਨ ਵਾਸਤੇ ਬੜੇ ਬੜੇ ਬਦਨਾਮੀ ਦੇ ਇਲਜਾਮ ਲਗਾਇ,। ਜਿਸ ਦਾ ਉਤਰ ਸੁਜਾਨ ਖਾਲਸੇ ਨੂੰ ਨਵੰਬਰ ੧੯੨੫ ਨੂੰ ਸ੍ਰੋ: ਗੁ: ਪ੍ਰ: ਕਮੇਟੀ ਦੀ ਜਨਰਲ ਮੀਟਿੰਗ ਵਿਚ ਆਪ ਜੀ ਨੂੰ ਪ੍ਰਧਾਨ ਚੁਣ ਕੇ ਝੂਠੇ ਇਲਜਾਮਾਂ ਦਾ ਪੰਥ ਨੇ ਸੋਹਣਾ ਉਤੱਰ ਦਿਤਾ ਸੀ। ਆਪ ਜੀ ਨੇ ਕਾਂਗਰਸ ਅਤੇ ਹੋਰ ਸਿਆਸੀ ਸੋਸੈਟੀਆਂ ਵਿਚ ਬਹੁਤ ਹਿਸੇ ਲਏ ਹਨ । ਅਜ ਕਲ ਆਪ ਜੀ ਲੁਧਿਆਣਾ ਵਿਖੇ ਨਿਵਾਸ ਰਖਦੇ ਹਨ ।

## ਭਾਃ ਸੇਵਾ ਸਿੰਘ ਜੀ ਕ੍ਰਿਪਾਨ ਬਹਾਦਰ ਬਖਤ ਗੜ੍ਹ

ਆਪ ਜੀ ਦਾ ਜਨਮ ਪਿੰਡ ਬਖਤ ਗੜ੍ਹ ਵਿਚ ਸਃ ਹਰਨਾਮ ਸਿੰਘ ਜੀ ਦੇ ਘਰ ਮਾਤਾ ਪ੍ਰੇਮ ਕੌਰ ਦੀ ਕੁਖੋਂ ਹੋਇਆ। ਆਪ ਜੀ ਦੇ ਵਿਚਾਰ ਬਚਪਨ ਤੋਂ ਹੀ ਬੜੇ ਧਾਰਮਕ ਸਨ । ੧੯੦੯ ਈਃ ਵਿਚ ਆਪ ਫਸਟ ਸਾਇਪਰਮਾਈਨਜ਼ ਰੁੜਕੀ ਵਿਚ ਭਰਤੀ ਹੋ ਗਏ ਤੇ ੧੯੧੪-੧੫ ਦੀ ਜੰਗ ਵਿਚ ਫਰਾਂਸ ਦੇ ਮੁਹਾਜ਼ ਪਰ ਲੜਦੇ ਰਹੇ। ਆਪ ਨੇ ਫ੍ਰਕਸ ਵਿਚ ਆਟੇ ਦੀ ਥਾਂ ਬਿਸਕੁਟ ਮਿਲਣ ਵਿਰੁਧ ਐਜੀਟੇਸ਼ਨ ਕੀਤੀ ਅੰਤ ਸਰਕਾਰੀ ਅਫਸਰਾਂ ਨੂੰ ਆਪ ਜੀ ਦੇ ਸਾਹਮਣੇ ਝੁਕਣਾ ਪਿਆ। ੧੯੧੭ ਵਿਚ ਆਪ ਨਾਇਕ ਬਣ ਕੇ ੫੫ ਕੰਪਨੀ ਵਿਚ ਤਬਦੀਲ ਹੋਕੇ ਰੁੜਕੀ ਆ ਗਏ। ਇਥੇ ਆਪ ਨੇ ਨਵੇਂ

Digitized by Panjab Digital Library | www.panjabdigilib.org

ਭਰਤੀ ਹੋਣ ਵਾਲੇ ਰੈਕਰੂਟਾਂ ਦੀ ਖ਼ੁਰਾਕ ਚੰਗੀ ਕਰਨ ਦਾ ਅੰਦੋਲਨ ਚਲਾਇਆ, ਜਿਸ ਵਿਚ ਆਪ ਜੀ ਨੂੰ ਕਾਫੀ ਸਫਲਤਾ ਹੋਈ। ਅਫਸਰਾਂ ਨੇ ਪਪ ਨੰਬਰ ਕੰਪਨੀ ਦੇ ਲੰਗਰ ਦਾ ਪ੍ਰਬੰਧ ਆਪ ਜੀ ਦੇ ਸਪੁਰਦ ਕਰ ਦਿਤਾ, ਜਿਸ ਦਾ ਆਪ ਨੇ ਇਤਨਾ ਚੰਗਾ ਪ੍ਰਬੰਧ ਕੀਤਾ ਕਿ ਹੋਰ ਕੰਪਨੀਆਂ ਦੇ ਜਵਾਨ ਇਸ ਕੰਪਨੀ ਵਿਚ ਆਉਣ ਦੀਆਂ ਦਰਖਾਸਤਾਂ ਦੇਣ ਲਗ ਪਏ।

ਆਪ ਜਮਾਂਦਾਰ ਬਣਨ ਵਾਲੇ ਸਨ ਕਿ ਆਪ ਤੇ ਆਪ ਜੀ ਦੇ ਚਾਰ ਹੋਰ ਸਾਥੀਆਂ ਨੈਕ ਠਾਕਰ ਸਿੰਘ ਪਿੰਡ ਕੋਰੀਆਂ ਜ਼ਿਲਾ ਲਾਹੌਰ, ਹੌਲਦਾਰ ਕੇਹਰ ਸਿੰਘ ਪਿੰਡ ਰਸੂਲਪੁਰ ਮਲਾਂ ਜ਼ਿਲਾ ਲੁਧਿਆਣਾ, ਮਨਸਾ ਸਿੰਘ ਕੋਕਰੀ ਕਲਾਂ ਤੇ ਸ: ਰਘਬੀਰ ਸਿੰਘ ਜ਼ਿਲਾ ਰਾਵਲ ਪਿੰਡੀ ਵਿਰੁਧ ਕ੍ਰਿਪਾਨ ਨਾ ਉਤਾਰਨ ਦੇ ਦੋਸ਼ ਵਿਚ ਕੋਰਟ ਮਾਰਸ਼ਲ ਦਾ ਕੇਸ ਆਰੰਭ ਹੋ ਗਿਆ। ਇਸ ਵਿਚ ਨੈਕ ਮਨਸ਼ਾ ਸਿੰਘ ਜੀ ਨੂੰ ਤਾਂ ੬ ਮਹੀਨੇ ਦੀ ਕੈਦ ਕੀਤੀ ਗਈ ਤੇ ਹੋਰ ਸਾਰੇ ਸਾਥੀਆਂ ਨੂੰ ਬਾਰਾਂ ਪਥਰ ਕਰ ਦਿਤਾ ਗਿਆ। ਇਸ ਘਟਨਾ ਦੇ ਆਧਾਰ ਪਰ ਸ: ਸੇਵਾ ਸਿੰਘ ਜੀ ਨੂੰ ਪੰਥ ਵਲੋਂ ਕ੍ਰਿਪਾਨ ਬਹਾਦਰ ਦਾ ਖਿਤਾਬ ਦਿਤਾ ਗਿਆ।

ਬਾਰਾਂ ਪਥਰ ਹੋਣ ਪਿਛੋਂ ਆਪ ਨੇ ਉਕਤ ਕੇਸ ਸਬੰਧੀ ਸਰਕਾਰ ਨਾਲ ਫਿਰ ਮੁਕਦਮਾ ਲੜਿਆ ਜੋ ਤਿੰਨ ਸਾਲ ਤੱਕ ਜਾਰੀ ਰਿਹਾ। ਇਸ ਕੇਸ ਦੇ ਫੈਸਲੇ ਅਨਸਾਰ ਫੌਜਾਂ ਵਿਚ ਸਿੰਘਾਂ ਨੂੰ ਕ੍ਰਿਪਾਨ ਰਖਣ ਦੀ ਖੁਲ੍ਹ ਹੋ ਗਈ, ਪ੍ਰੰਤੂ ਸ: ਸੇਵਾ ਸਿੰਘ ਜੀ ਦੀ ਨੌਕਰੀ ਬਹਾਲ ਨਾ ਹੋ ਸਕੀ। ਇਸ ਸਬੰਧ ਵਿਚ ਆਪ ਨੇ ਕ੍ਰਿਪਾਨ ਦੀ ਆਜ਼ਾਦੀ ਸਬੰਧੀ ਤਿੰਨ ਟ੍ਰੈਕਟ ਲਿਖੇ ਜੋ ੭੫ - ੮੦ ਹਜ਼ਾਰ ਦੀ ਗਿਣਤੀ ਵਿਚ ਛਾਪ ਕੇ ਫੌਜਾਂ ਵਿਚ ਤੇ ਸਭਾ ਸੁਸਾਇਟੀਆਂ ਪਾਸ ਭੇਜੇ ਗਏ। ਇਸ ਤੋਂ ਪਿਛੋਂ ੧੯੧੮ ਤੋਂ ੨੨ ਤੱਕ ਆਪ ਭਸੌੜ ਵਿਚ ਰਹਿਕੇ ਕ੍ਰਿਪਾਨ ਐਜੀਟੇਸ਼ਨ ਚਲਾਉਂਦੇ ਰਹੇ। ੧੯੨੨ ਵਿਚ ਜਦ ਅਕਾਲੀ ਲਹਿਰ ਆਰੰਭ ਹੋਈ ਸੀ ਤਾਂ ਆਪ ਜੀ ਨੇ "ਕ੍ਰਿਪਾਨ ਬਹਾਦਰ" ਨਾਮ ਦਾ ਅਖਬਾਰ ਅੰਮ੍ਰਿਤਸਰ ਤੋਂ ਜਾਰੀ ਕੀਤਾ ਤੇ ਕ੍ਰਿਪਾਨ ਬਹਾਦਰ ਪ੍ਰੈਸ ਭੀ ਲਗਾਇਆ। ੧੯੨੩ ਵਿਚ ਆਪ ਵਿਰੁਧ ੧੨੪ ੳ. ਦੇ ਅਧੀਨ ਮੁਕਦਮਾ ਚਲਾਇਆ ਤੇ ਆਪ ਜੀ ਨੂੰ ਅੰਮ੍ਰਿਤਸਰ ਜੇਹਲ ਵਿਚ ਕ੍ਰਿਪਾਨ ਖੋਹਣ ਵਿਰੁਧ ਰੋਸ ਪ੍ਰਗਟ ਕਰਨ ਲਈ ਲੰਬੀ ਭੁਖ ਹੜਤਾਲ ਕਰਨੀ ਪਈ। ਆਪ ਨੇ ਇਸ ਭੁਖ ਹੜਤਾਲ ਸਮੇਂ ਜਲ ਛਕਣਾ ਭੀ ਛੱਡ ਦਿਤਾ।

ਆਪ ਜੀ ਦੀ ਹਾਲਤ ਨਾਜ਼ਕ ਹੋ ਗਈ ਤਾਂ ਸਰਕਾਰ ਨੇ ਆਪ ਜੀ ਨੂੰ ਜ਼ਮਾਨਤ ਪਰ ਰਿਹਾ ਕਰ ਦਿਤਾ। ਇਸ ਸਮੇਂ ਆਪ ਜੀ ਦੀ ਫੋਟੋ ਲੈ ਲਈ ਗਈ। ਇਹ ਕੇਸ ਇਕ ਸਾਲ ਤੱਕ ਚਲਦਾ ਰਿਹਾ। ਇਸ ਕੇਸ ਵਿਚ ਆਪ ਜੀ ਨੂੰ ਇਕ ਸਾਲ ਕੈਦ ਤੇ ਡੇਢ ਸੌ ਰੁਪਇਆ ਜੁਰਮਾਨਾ ਕੀਤਾ ਗਿਆ। ਮੁਲਤਾਨ ਜੇਹਲ ਵਿਚ ਆਪ ਜੀ ਨੇ ਫਿਰ ਭੁਖ ਹੜਤਾਲ ਆਰੰਭ ਕੀਤੀ। ਸਰਕਾਰ ਨੇ ਜਿਹਲ ਵਿਚ ਕਈ ਲੀਡਰਾਂ ਦੀ ਆਪ ਨਾਲ ਮੁਲਾਕਾਤ ਕਰਵਾਈ ਤੇ ਉਨ੍ਹਾਂ ਨੇ ਬਹੁਤ ਸਮਝਾਇਆ ਪਰ ਆਪ ਨੇ ਆਪਣਾ ਫੈਸਲਾ ਨਾ ਬਦਲਿਆ। ਇਥੇ ਆਪ ਨੇ ਹਾਈ ਕੋਰਟ ਵਿਚ ਅਪੀਲ ਕੀਤੀ ਤੇ ਜ਼ਮਾਨਤ ਪਰ ਰਿਹਾ ਹੋਏ।

ਮਹਾਂਰਾਜਾ ਨਾਭਾ ਦੇ ਗੱਦੀ ਤੋਂ ਉਤਾਰਨ ਵਿਰੁਧ ਆਪ ਨੇ ਸਖਤ ਐਜੀਟੇਸ਼ਨ ਕੀਤੀ, ਜਿਸ ਵਿਚ 'ਕ੍ਰਿਪਾਨ ਬਹਾਦਰ' ਅਖਬਾਰ ਦੇ ਇਕ ਦਰਜਨ ਐਡੀਟਰ ਗ੍ਰਿਫਤਾਰ ਹੋਏ। ਨਾਭਾ ਐਜੀਟੇਸ਼ਨ ਵਿਚ ਆਪ ਵਿਰੁਧ ਰਾਇਕੋਟ ਦੇ ਝੋਲੀ ਚੁਕ ਤੋਂ ਮੁਕਦਮਾਂ ਚਲਾਇਆ ਗਿਆ ਜੋ ਡੇਢ ਸਾਲ ਤਕ ਜਾਰੀ ਰਿਹਾ ਤੇ ਹਫਤੇ ਹਫਤੇ ਦੀਆਂ ਤਾਰੀਖਾਂ ਪਾਕੇ ਆਪ ਜੀ ਨੂੰ ਬਹੁਤ ਤੰਗ ਕੀਤਾ ਗਿਆ। ਅੰਤ ਵਿਚ ਆਪ ਜੀ ਨੂੰ ਤਿੰਨ ਸੌ ਰੁਪਇਆ ਜੁਰਮਾਨਾ ਕੀਤਾ ਗਿਆ, ਜੋ ਸੈਸ਼ਨ ਕੋਰਟ ਤੋਂ ਮਾਫ ਹੋ ਗਿਆ।

Digitized by Panjab Digital Library | www.panjabdigilib.org

ਸ੍ਰੀ ਮੁਕਤਸਰ ਦੇ ਮੇਲੇ ਤੋਂ ਆਪ ਜੀ ਨੂੰ ਇਕ ਝੂਠੀ ਡਾਇਰੀ ਦੇ ਅਧਾਰ ਪਰ ੧੦੯ ਵਿਚ ਗ੍ਰਿਫਤਾਰ ਕਰ ਲਿਆ ਗਿਆ ਤੇ ਫੀਰੋਜ਼ਪੁਰ ਜੇਹਲ ਵਿਚ ਆਪ ਜੀ ਨੂੰ ਬੰਦ ਰਖਿਆ ਗਿਆ। ਜਿਥੇ ਆਪ ਜੀ ਨੇ ੧੦੫ ਦਿਨ ਭੁਖ ਹੜਤਾਲ ਜਾਰੀ ਰਖੀ। ਡੀ. ਸੀ. ਫੀਰੋਜ਼ਪੁਰ ਨੇ ਆਪ ਵਿਰੁਧ ਮੁਕਦਮਾ ਚਲਾਉਣ ਲਈ ੧੨੪ ੳ. ਦੀ ਮਨਜ਼ੂਰੀ ਲੈ ਲਈ। ਆਪ ਨੂੰ ਸਟ੍ਰੇਚਰ ਪਰ ਪਾਕੇ ਅਦਾਲਤ ਵਿਚ ਲਿਆਂਦਾ ਗਿਆ, ਤਾਂ ਅਖਬਾਰਾਂ ਵਾਲਿਆਂ ਨੇ ਆਪ ਨਾਲ ਮੁਲਾਕਾਤ ਕਰਕੇ ਸਾਰੇ ਹਾਲਾਤ ਅਖਬਾਰਾਂ ਵਿਚ ਪ੍ਰਕਾਸ਼ਤ ਕਰਵਾਏ। ਜਿਸ ਪਰ ਸਃ ਤੇਜਾ ਸਿੰਘ ਜੀ ਅਕਰਪੁਰੀ ਪ੍ਰਧਾਨ ਸ਼੍ਰੋਃ ਗੁਃ ਪ੍ਰਃ ਕਮੇਟੀ ਅਤੇ ਗਿਃ ਗੁਰਮੁਖ ਸਿੰਘ ਜੀ ਮੁਸਾਫਰ, ਜਥੇਦਾਰ ਸਾਹਿਬ ਸ੍ਰੀ ਅਕਾਲ ਤਖਤ ਸਾਹਿਬ ਜੀ ਨੇ ਆਪ ਜੀ ਦੀ ਭੁਖ ਹੜਤਾਲ ਤੁੜਵਾ ਦਿਤੀ। ਇਸ ਮੁਕਦਮੇ ਵਿਚ ਆਪ ਜੀ ਨੂੰ ਚਾਰ ਮਹੀਨੇ ਕੈਦ ਤੇ ਇਕ ਸੌ ਰੁਪੈਯਾ ਜੁਰਮਾਨਾ ਹੋਇਆ। ਆਪ ਦੇ ਅਖਬਾਰ ਤੇ ਪ੍ਰੈਸ ਪਾਸੋਂ ਜ਼ਮਾਨਤਾਂ ਮੰਗੀਆਂ ਗਈਆਂ। ਬਾਹਰ ਆਕੇ ਆਪ ਜੀ ਨੇ ਜਗਤ ਸੁਧਾਰ ਅਖਬਾਰ ਸ਼ੁਰੂ ਕੀਤਾ ਤੇ ੧੯੧੩-੧੪ ਵਾਲੇ ਦੇਸ਼ ਭਗਤਾਂ ਨੂੰ ਰਿਹਾ ਕਰਾਣ ਵਾਸਤੇ ਕੈਦੀ ਛੁਡਾਊ ਕਮੇਟੀ ਬਣੀ, ਜਿਸ ਦੇ ਆਪ ਮੁਖੀ ਸਨ। ਇਸ ਕੇਸ ਵਿਚ ਭੀ ਆਪ ਗ੍ਰਿਫਤਾਰ ਕਰ ਲਏ ਗਏ ਤੇ ਬਾਬਾ ਸੋਹਣ ਸਿੰਘ ਭਕਨਾ ਦੇ ਨਾਲ ਆਪ ਜੀ ਨੂੰ ੬ ਮਹੀਨੇ ਕੈਦ ਤੇ ਸੌ ਰੁਪਏ ਜੁਰਮਾਨਾ ਹੋਇਆ। ਇਸ ਤੋਂ ਪਿਛੋਂ ਆਪ ਜਗਤ ਸੁਧਾਰ ਅਖਬਾਰ ਦਾ ਦਫਤਰ ਆਪਣੇ ਪਿੰਡ ਵਿਚ ਹੀ ਲੈ ਗਏ ਪਰ ਅਖਬਾਰ ਦੇ ਪ੍ਰਿੰਟਰ ਪਬਲਿਸ਼ਰ ਸਃ ਹਜ਼ਾਰਾ ਸਿੰਘ ਜੀ ਅਕਾਲ ਚਲਾਣਾ ਕਰ ਗਏ, ਜਿਸ ਕਰਕੇ ਅਖਬਾਰ ਬੰਦ ਹੋ ਗਿਆ। ਇਸ ਤੋਂ ਪਿਛੋਂ ਆਪ ਜੀ ਨੇ ਉਪ੍ਰਾਲਾ ਕਰਕੇ ਬਖਤ ਗੜ੍ਹ ਵਿਚ ਪ੍ਰਾਇਮਰੀ ਸਕੂਲ ਤੋਂ ਹਾਈ ਸਕੂਲ ਕੀਤਾ ਤੇ ਅਜ ਕਲ ਭੀ ਆਪ ਸਕੂਲ ਕਮੇਟੀ ਦੇ ਸਕੱਤ੍ਰ ਹਨ।

## ਗਿ: ਲਛਮਣ ਸਿੰਘ ਜੀ 'ਗੰਧਰਬ'

ਆਪ ਦਾ ਜਨਮ : ੧੯੧੧ ਈ: ਨੂੰ

ਮਹਿਮੂਦ ਪੁਰਾ, ਤਹਿਸੀਲ ਜ਼ਿਲਾ ਲੁਧਿਆਣਾ ਵਿਖੇ ਹੋਇਆ। ੬ ਸਾਲ ਦੀ ਆਯੂ ਵਿਚ ਨੇਤ੍ਰ ਹੀਨ ਹੋਣ ਤੇ ਗੁਰਦੁਆਰਾ ਰੇਰੂ ਸਾਹਿਬ (ਰਾਮਪੁਰ) ਵਿਖੇ ਸ੍ਰੀਮਾਨ ਸੰਤ ਅਤਰ ਸਿੰਘ ਜੀ ਤੋਂ ਅੰਮ੍ਰਿਤ ਪਾਨ ਕਰਨ ਦਾ ਸਮਾਂ ਪ੍ਰਾਪਤ ਹੋਇਆ। ਰਾਗ ਵਿਦਿਆ ਪਹਿਲੇ ਭਾਈ ਨਿਰਮਲ ਸਿੰਘ ਰਾਗੀ ਤੋਂ ਸਤ ਸਾਲ ਪ੍ਰਾਪਤ ਕੀਤੀ। ੧੯੩੭ ਨੂੰ ਸੰਗੀਤ ਵਿਦਿਆ ਸਿੱਖਣ ਵਾਸਤੇ ਅੰਮ੍ਰਿਤਸਰ ਆ ਗਏ ਅਤੇ ਪੰਜ ਸਾਲ ਵਿਚ ਆਪ ਰਾਗ ਵਿਦਿਆ ਚੰਗੀ ਤਰ੍ਹਾਂ ਪ੍ਰਾਪਤ ਕਰਕੇ ੧੯੩੨ ਤੋਂ ੧੯੩੬ ਤਕ ਸੰਗੀਤ ਕਾਲਿਜ ਦੇ ਪ੍ਰੋਫੈਸਰ ਰਹਿਕੇ ਬੜੇ ਹੀ ਪ੍ਰੇਮ ਨਾਲ ਬਅੰਤ ਸਿੰਘਾਂ ਨੂੰ ਰਾਗ ਸਖਲਾਈ ਕਰਾਉਂਦੇ ਰਹੇ।

੧੯੪੧ ਵਿਚ ਜਦ ਕੂਕਿਆਂ ਨੇ ਪਤ੍ਰਾ ਪਾਠ ਕਰਨ ਦਾ ਸਿਲਸਲਾ ਅਰੰਭਿਆ ਤਦ ਆਪ ਜੀ ਨੇ ਕੂਕਾ ਕੁਫਰ ਤੋੜ ਕਮੇਟੀ ਦੇ ਮੁਖੀਆਂ ਵਿਚ ਸ਼ਾਮਲ ਹੋਕੇ ਵਧ ਚੜ੍ਹਕੇ ਹਿੱਸਾ ਲਿਆ।

੧੯੪੦ ਵਿਚ ਆਪ ਜੀ ਨੇ ਗਿਆਨੀ ਦੇ ਇਮਤਿਹਾਨ ਵਿਚ ਫੱਸਟ ਡਵੀਜਨ ਵਿਚ ਆਏ।

੧੯੪੭ ਦੇ ਦਿਨਾਂ ਵਿਚ ਆਪ ਜੀ ਨੇ ਏਧਰੋਂ ਜਾਣ ਵਾਲੇ ਤੇ ਉਧਰੋਂ ਔਣ ਵਾਲਿਆਂ ਦੀ ਸੇਵਾ ਬੜੇ ਪ੍ਰੇਮ ਨਾਲ ਕਰਦੇ ਰਹੇ ਹਨ।

੧੯੪੯ ਵਿਚ ਪੈਪਸੂ ਦੀ ਰਾੜਾ ਵਜ਼ਾਰਤ ਤੋੜਨ ਲਈ ਅਕਾਲੀ ਦਲ ਦੇ ਹੁਕਮ ਅਨੁਸਾਰ ਗ੍ਰਿਫਤਾਰ ਹੋਏ।

੧੯੫੧ ਵਿਚ ਆਪ ਜੀ ਨੇ ਬੀਰ ਖਾਲਸਾ ਦਲ ਦਾ ਟਰੇਨਿੰਗ ਕੈਂਪ, ਗੁਰਦੁਆਰਾ ਫਲਾਹੀ ਸਾਹਿਬ ਲਵਾਇਆ, ਜਿਸ ਦਾ ਸਿਟਾ ਪੰਜਾਬ ਅਸੈਂਬਲੀ ਅਤੇ ਗੁਰਦੁਆਰਾ ਚੋਣਾਂ ਵਿਚ ਪੰਥ ਦੀ ਸ਼ਾਨਦਾਰ ਜਿੱਤ ਹੋਈ।

Digitized by Panjab Digital Library | www.panjabdigilib.org

੧੯੫੦ ਤੋਂ ਆਪ ਸ੍ਰੋ: ਅਕਾਲੀ ਦਲ ਦੇ ਮੈਂਬਰ ਅਤੇ ਅਗਜੈਕਟਵ ਮੈਂਬਰ ਚਲੇ ਆਉਂਦੇ ਹਨ। ੧੯੫੫ ਨੂੰ ਪੰਜਾਬੀ ਸੂਬੇ ਦੇ ਮੋਰਚੇ ਵਿਚ ਗ੍ਰਿਫਤਾਰ ਹੋਕੇ ਮੋਰਚਾ ਫਤਿਹ ਹੋਣ ਤੇ ਪੂਰਬ ਕਾਮਯਾਬੀ ਨਾਲ ਜਿੱਤ ਪ੍ਰਾਪਤ ਕਰਕੇ ਆਏ। ਅੱਜਕਲ ਆਪ ਅਕਾਲੀ ਦਲ ਦੇ ਜੱਥੇਦਾਰ ਹਨ।

## ਦਫੇਦਾਰ ਪ੍ਰਤਾਪ ਸਿੰਘ ਜੀ (ਧਾਂਦਰਾ)

ਦਫੇਦਾਰ ਪ੍ਰਤਾਪ ਸਿੰਘ ਜੀ ਦਾ ਜਨਮ ਸ: ਪ੍ਰੇਮ ਸਿੰਘ ਜੀ ਦੇ ਘਰ ਮਾਤਾ ਮਹਿਤਾਬ ਕੌਰ ਦੀ ਕੁਖ ਤੋਂ ਪਿੰਡ ਧਾਂਦਰਾ ਜ਼ਿਲਾ ਲੁਧਿਆਣਾ ਵਿਚ ੧੮੮੫ ਨੂੰ ਹੋਇਆ। ਬਚਪਨ ਵਿਚ ਆਪ ਜੀ ਦਾ ਝੁਕਾਉ ਧਰਮ ਵੱਲ ਸੀ। ਬਾਣੀ ਦਾ ਪਾਠ ਬੜੇ ਪ੍ਰੇਮ ਨਾਲ ਕਰਿਆ ਕਰਦੇ ਸਨ। ੧੯੦੧ ਵਿਚ ਆਪ ਰਸਾਲਾ ਨੰ: ੧੬ ਵਿਚ ਭਰਤੀ ਹੋ ਗਏ। ਆਪ ਦੇ ਭਰਾਤਾ ਸ: ਪਾਖਰ ਸਿੰਘ ਜੀ ੧੯੦੫ ਵਿਚ ਕੈਨੇਡਾ ਚਲੇ ਗਏ ਸਨ। ਉਨ੍ਹਾਂ ਨੇ ਵੈਨਕੋਵਰ ਦਾ ਗੁਰਦੁਆਰਾ ਬਨਾਉਣ ਵਿਚ ਵਧ ਚੜ੍ਹਕੇ ਹਿੱਸਾ ਲਿਆ। ਗਦਰ ਪਾਰਟੀ ਦੀ ਆਪ ਨੇ ਕਾਫੀ ਸਹਾਇਤਾ ਕੀਤੀ। ਦਫੇਦਾਰ ਪ੍ਰਤਾਪ ਸਿੰਘ ਜੀ ੧੯੧੪-੧੫ ਦੀ ਜੰਗ ਸਮੇਂ ਫਰਾਂਸ ਵਿਚ ਰਹੇ ਅਤੇ ਆਪ ਨੇ ਫੌਜੀ ਸੇਵਾ ਕਰਕੇ ਬੜਾ ਨਾਮਣਾ ਖੱਟਿਆ।

੧੯੧੬ ਵਿਚ ਰਸਾਲਦਾਰ ਕਾਬਲ ਸਿੰਘ ਨੇ ਫੌਜੀ ਅਫਸਰਾਂ ਨੂੰ ਇਕੱਠੇ ਕਰਕੇ ਲੈਕਚਰ ਦਿਤਾ। ਉਨ੍ਹਾਂ ਨੇ ਸਿੱਖ ਕੌਮ ਦੀ ਸ਼ਾਨ ਵਿਚ ਕੋਝੇ ਲਫਜ਼ ਵਰਤੇ ਅਤੇ ਅਮਰੀਕਾ ਦੀ ਗਦਰ ਪਾਰਟੀ ਤੇ ਕੌਮਾ ਗਾਟਾ ਮਾਰੂ ਜਹਾਜ਼ ਦੇ ਸਿੱਖਾਂ ਦੀ ਨਿੰਦਾ ਕੀਤੀ। ਦਫੇਦਾਰ ਪ੍ਰਤਾਪ ਸਿੰਘ ਜੀ ਨੇ ਇਸ ਦਾ ਡਟ ਕੇ ਵਿਰੋਧ ਕੀਤਾ। ਇਸ ਦੋਸ਼ ਵਿਚ ਆਪ ਜੀ ਨੂੰ ਦਫੇਦਾਰੀ ਤੋੜ ਕੇ ਨਜ਼ਰ ਬੰਦ ਕਰ ਦਿਤਾ ਗਿਆ। ਇਸ ਫੈਸਲੇ ਵਿਰੁਧ ਆਪ ਨੇ ਅਪੀਲ ਕੀਤੀ ਤੇ ਆਪ ਸਫਲ ਹੋ ਗਏ। ੧੯੧੮ ਵਿਚ ਆਪ ਪੈਨਸ਼ਨ ਲੈ ਕੇ ਵਾਪਸ ਹਿੰਦ ਆ ਗਏ। ਅਕਾਲੀ ਲਹਿਰ ਆਰੰਭ ਹੋਣ ਸਮੇਂ ਆਪ ਮੈਦਾਨ ਵਿਚ ਆ ਗਏ ਅਤੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਲਾਇਲ ਪੁਰ ਦੇ ਜਥੇ ਦੇ ਜਥੇਦਾਰ ਬਣਕੇ ਗਏ। ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਸਮੇਂ ਭੀ ਆਪ ਨੇ ਕਾਫੀ ਸੇਵਾ ਕੀਤੀ ਅਤੇ ਅਕਾਲੀ ਲਹਿਰ ਵਿਚ ਵਧ ਚੜ੍ਹਕੇ ਹਿੱਸਾ ਲੈਂਦੇ ਰਹੇ। ਗੁਰੂ ਕੇ ਬਾਗ ਦੇ ਮੋਰਚੇ ਸਮੇਂ ਆਪ ਕਾਫੀ ਅਰਸਾ ਸ੍ਰੀ ਅੰਮ੍ਰਿਤਸਰ ਵਿਚ ਰਹਿ ਕੇ ਪੰਥਕ ਸਰਗਰਮੀਆਂ ਵਿਚ ਹਿਸਾ ਲੈਂਦੇ ਰਹੇ। ਆਪ ਜ਼ਿਲਾ ਲੁਧਿਹਾਣੇ ਦੇ ਪ੍ਰਧਾਨ ਭੀ ਰਹੇ। ਉਪ੍ਰੰਤ ਆਪ ੧੯੨੫ ਵਿਚ ਕਲਕਤੇ ਚਲੇ ਗਏ ਅਤੇ ਕਲਕਤਾ ਸਿੰਘ ਸਭਾ ਦੇ ਪ੍ਰਧਾਨ ਥਾਪੇ ਗਏ। ਗੁਰਦੁਆਰਾ ਜਗਤ ਸੁਧਾਰ ਦੀ ਨੀਂਹ ਆਪ ਦੇ ਉਦਮ ਨਾਲ ਰਖੀ ਗਈ। ਆਪ ਪੰਜ ਸਾਲ ਤਕ ਸ੍ਰੀ ਗੁਰੂ ਸਿੰਘ ਸਭਾ ਕਲਕਤਾ ਦੇ ਪ੍ਰਧਾਨ ਰਹੇ। ਗੁ: ਸ਼ਹੀਦ ਗੰਜ ਦੀ ਐਜ਼ੀਟੇਸ਼ਨ ਸਮੇਂ ਆਪ ਜੀ ਨੇ ਪੰਥ ਦੀ ਬੜੀ ਸਹਾਇਤਾ ਕੀਤੀ। ੧੯੪੦ ਵਿਚ ਫਿਰ ਆਪ ਆਪਣੇ ਪਿੰਡ ਵਾਪਸ ਆ ਗਏ ਅਤੇ ਅਕਾਲੀ ਜਥਾ ਜ਼ਿਲਾ ਲੁਧਿਹਾਣਾ ਦੇ ਪ੍ਰਧਾਨ ਥਾਪੇ ਗਏ। ਦਫੇਦਾਰ ਪ੍ਰਤਾਪ ਸਿੰਘ ਜੀ ਉਨ੍ਹਾਂ ਚੋਣਵੇਂ ਪੰਥਕ ਆਗੂਆਂ ਵਿਚੋਂ ਸਨ, ਜਿਨ੍ਹਾਂ ਨੇ ਆਪਣਾ ਸਾਰਾ ਜਨਮ ਹੀ ਪੰਥ ਤੇ ਦੇਸ਼ ਦੀ ਸੇਵਾ ਕਰਨ ਵਿਚ ਗੁਜ਼ਾਰਿਆ।

## ਭਾਈ ਗੱਜਣ ਸਿੰਘ ਜੀ ਭਰਮ ਤੋੜ

ਆਪ ਜੀ ਦਾ ਜਨਮ ਪਿੰਡ ਸਹੋਰ ਵਿਚ ਸ: ਗਰੀਬ ਸਿੰਘ ਜੀ ਦੇ ਘਰ ਮਾਤਾ ਚੰਦ ਕੌਰ ਦੀ ਕੁਖ ਤੋਂ ਹੋਇਆ। ਆਪ ਨੇ ਗੁਰਮੁਖੀ ਵਿਦਿਆ ਪੜ੍ਹੀ ਅਤੇ ਗੁਰਮਤ ਦੇ ਖੋਜੀ ਤੇ ਚੰਗੇ ਵਿਦਵਾਨ ਬਣ ਗਏ। ਆਪ ਵਿਦਾਂਤੀ ਬਣ ਗਏ, ੧੯੦੨ ਵਿਚ ਆਪ ਪਲਟਨ ਵਿਚ ਭਰਤੀ ਹੋ ਗਏ।

Digitized by Panjab Digital Library | www.panjabdigilib.org

ਪਲਟਨ ਵਿਚ ਸਿੱਖ ਇਤਹਾਸ ਦੀ ਕਥਾ ਹੋਇਆ ਕਰਦੀ ਸੀ, ਉਸ ਦਾ ਆਪ ਪਰ ਬਹੁਤ ਅਸਰ ਹੋਇਆ। ੧੯੦੭ ਵਿਚ ਆਪ ਨੌਕਰੀ ਛਡ ਕੇ ਵਾਪਸ ਆ ਗਏ। ਬੰਗਾਲ ਵਿਚ ਸਿਖੀ ਦਾ ਪ੍ਰਚਾਰ ਕਰਕੇ ਆਪ ਨੇ ਬਹੁਤ ਸਾਰੇ ਨਵੇਂ ਸਿਘ ਸਜਾਏ। ੧੯੧੦ ਵਿਚ ਆਪ ਫਿਰ ਪਲਟਨ ਵਿਚ ਭਰਤੀ ਹੋ ਗਏ ਤੇ ੧੯੧੯ ਵਿਚ ਆਪ ਜੀ ਨੂੰ ਰਾਜਸੀ ਵਿਚਾਰਾਂ ਦਾ ਹੋਣ ਕਰਕੇ ਪੈਨਸ਼ਨ ਤੋਂ ਵਾਂਝੇ ਰਖਿਆ ਗਿਆ।

ਪਿੰਡ ਵਿਚ ਆ ਕੇ ਆਪ ਜੀ ਨੇ ਲੜਕੀਆਂ ਦਾ ਸਕੂਲ ਖੋਲ੍ਹਿਆ। ਫਿਰ ਆਪ ਬਰਮਾਂ ਚਲੇ ਗਏ ਤੇ ਉਥੇ ਜਾ ਕੇ ਬਹੁਤ ਸਾਰੀਆਂ ਬਰਮੀ ਇਸਤ੍ਰੀਆਂ ਨਾਲ ਸਿੰਘਾਂ ਨੂੰ ਅਨੰਦ ਕਾਰਜ ਕਰਾਏ। ਇਸ ਪ੍ਰਕਾਰ ਕਰਨ ਕਰਕੇ ਆਪ ਦਾ ਨਾਮ ਭਰਮ ਤੋੜ ਰਖਿਆ ਗਿਆ। ਡਿਊਕ ਆਫ ਕਰਨਾਟ ਦੇ ਆਉਣ ਸਮੇਂ ਆਪ ਨੇ ਕਲਕਤੇ ਆ ਕੇ ਉਸ ਦੇ ਬਾਈਕਾਟ ਦੀ ਲਹਿਰ ਚਲਾਈ। ਆਪ ਦਾ ਪ੍ਰਸੰਗ ਸੁਣ ਕੇ ਹਰੀ ਸਿੰਘ ਨਲਵੇ ਦੇ ਖਾਨਦਾਨ ਦਾ ਇਕ ਸਜਨ ਜੋ ਮੋਨਾ ਸੀ ਤੇ ਆਰੀਆ ਸਮਾਜ ਬੰਗਾਲ ਦਾ ਪ੍ਰਧਾਨ ਸੀ, ਉਹ ਸਿੱਖ ਬਣ ਗਿਆ ਤੇ ਉਸ ਨੇ ਪਰਵਾਰ ਸਮੇਤ ਅੰਮ੍ਰਿਤ ਛਕਿਆ।

ਜਦ ਕਸ਼ਮੀਰ ਵਿਚ ਗੜ ਬੜ ਹੋਈ ਤੇ ਫਸਾਦੀਆਂ ਨੇ ਗੁਰਦੁਆਰਾ ਗੁ: ਮਾਲੀ ਬੇਗ ਨੂੰ ਜਲਾ ਦਿਤਾ ਤਾਂ ਆਪ ਜਥਾ ਲੈ ਕੇ ਉਸ ਇਲਾਕੇ ਵਿਚ ਜਾ ਰਹੇ ਸਨ ਕਿ ਗੁ: ਰਹੋਤਾਸ ਤੋਂ ਅਗੇ ਜਥੇ ਨੂੰ ਨਾ ਜਾਣ ਦਿਤਾ ਗਿਆ। ਇਥੋਂ ਆਪ ਪਠਾਨਾਂ ਦਾ ਭੇਸ ਧਾਰ ਕੇ ਗਏ ਤੇ ਇਥੇ ਜੋ ਦਸ ਹਜ਼ਾਰ ਬਾਗੀ ਇਕੱਠੇ ਹੋਏ ਸਨ, ਉਹ ਭਜ ਗਏ। ਆਪ ਨੇ ਤਿੰਨ ਮਹੀਨੇ ਇਸ ਇਲਾਕੇ ਵਿਚ ਰਹਿ ਕੇ ਬਹੁਤ ਸਾਰੇ ਪ੍ਰਾਣੀਆਂ ਨੂੰ ਅੰਮ੍ਰਿਤ ਪਾਨ ਕਰਾਇਆ। ਸ੍ਰੀ ਨਨਕਾਣਾ ਸਾਹਿਬ ਦੇ ਮੋਰਚੇ ਤੇ ਸ੍ਰੀ ਅਕਾਲ ਤਖਤ ਸਾਹਿਬ ਪਰ ਕਬਜ਼ਾ ਕਰਨ ਸਮੇਂ ਆਪ ਜਥਾ ਲੈ ਕੇ ਹਾਜ਼ਰ ਹੁੰਦੇ ਰਹੇ। ਅਕਾਲੀ ਲਹਿਰ ਵਿਚ ਹਿੱਸਾ ਲੈਣ ਦੇ ਦੋਸ਼ ਵਿਚ ਆਪ ਨੂੰ ੬ ਸਾਲ ਦੀ ਕੈਦ ਤੇ ੬੦੦ ਰੁਪਏ ਜੁਰਮਾਨਾ ਹੋਇਆ। ਫਿਰ ਬਬਰ ਅਕਾਲੀਆਂ ਨੂੰ ਪਨਾਹ ਦੇਣ ਦੇ ਦੋਸ਼ ਵਿਚ ਆਪ ਜੀ ਨੂੰ ਤੇ ਆਪ ਦੀ ਪਤਨੀ ਰਣਜੀਤ ਕੌਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਮੁਕਦਮਾ ਚਲਾ ਕੇ ਇਕ ਸਾਲ ਦੀ ਸਜ਼ਾ ਦਿਤੀ ਗਈ। ਆਪ ਉਨ੍ਹਾਂ ਪੰਥ ਸੇਵਕਾਂ ਵਿਚੋਂ ਸਨ, ਜਿਨ੍ਹਾਂ ਦਾ ਸਾਰਾ ਜੀਵਨ ਹੀ ਪੰਥ ਦੀ ਸੇਵਾ ਕਰਦਿਆਂ ਹੋਇਆਂ ਬਤੀਤ ਹੋਇਆ।

## ਗਿ: ਗੁਰਮੁਖ ਸਿੰਘ ਜੀ ਮੁਸਾਫਰ

ਆਪ ਜੀ ਦਾ ਜਨਮ ਪਿੰਡ ਸਰਾਭਾ ਵਿਚ ਸ: ਕਿਸ਼ਨ ਸਿੰਘ ਜੀ ਦੇ ਘਰ ਮਾਤਾ ਚੰਦ ਕੌਰ ਦੀ ਕੁਖ ਤੋਂ ੧੮੯੮ ਈ: ਵਿਚ ਹੋਇਆ। ਬਚਪਨ ਵਿਚ ਆਪ ਅਪਣੇ ਪਿਤਾ ਜੀ ਨਾਲ ਬਰਮਾ ਵਿਚ ਰਹੇ। ੧੯੧੧ ਵਿਚ ਆਪ ਚੀਨ, ਬਰਮਾ, ਮਲਾਇਆ ਆਦਿ ਦੇਸ਼ਾਂ ਵਿਚ ਰੋਜ਼ਗਾਰ ਦੀ ਤਲਾਸ਼ ਵਿਚ ਭੌਂਦੇ ਰਹੇ ਪਰ ਆਪ ਜੀ ਨੂੰ ਕੋਈ ਸਫਲਤਾ ਨਾ ਹੋਈ। ੧੯੧੩ ਵਿਚ ਵਾਪਸ ਆਏ। ੧੯੧੪-੧੫ ਵਿਚ ਗਦਰ ਪਾਰਟੀ ਨਾਲ ਸਬੰਧ ਹੋਣ ਦੇ ਸ਼ਕ ਵਿਚ ਆਪ ਜੀ ਦੀ ਜ਼ਮਾਨਤ ਲਈ ਗਈ। ਆਪ ਜੀ ਦੀਆਂ ਰੁਚੀਆਂ ਧਾਰਮਕ ਸਨ। ਇਸ ਲਈ ਆਪ ਪੰਚ ਖਾਲਸਾ ਦੀਵਾਨ ਤੇ ਚੀਫ ਖਾਲਸਾ ਦੀਵਾਨ ਨਾਲ ਮਿਲਕੇ ਧਾਰਮਕ ਪਚਾਰ ਕਰਦੇ ਰਹੇ। ਸ੍ਰੀ ਅਕਾਲ ਤਖਤ ਸਾਹਿਬ ਤੇ ਦਰਬਾਰ ਸਾਹਿਬ ਨੂੰ ਪੰਥਕ ਪ੍ਰਬੰਧ ਵਿਚ ਲਿਆਉਣ ਸਮੇਂ ਆਪ ਉਥੇ ਹਾਜ਼ਰ ਸਨ। ਜੈਤੋ ਦੇ ਮੋਰਚੇ ਵਿਚ ਭੀ ੨੫ ਸਿੰਘਾਂ ਨਾਲ ਗਏ ਤੇ ਬਾਵਲ ਕਾਂਟੀ ਛਡੇ ਗਏ। ਵਾਪਸ ਆਕੇ ਆਪ ਭਾਈ ਫੇਰੂ ਦੇ ਮੋਰਚੇ ਵਿਚ ਚਲੇ ਗਏ ਤੇ ਦੋ ਸਾਲ ਕੈਦ ਤੇ ੫੦੦ ਰੁਪਏ ਜੁਰਮਾਨਾ ਹੋਇਆ। ਪਿੰਡ ਖੇੜੇ ਦੇ ਦੀਵਾਨ ਸਮੇਂ ਡੀ. ਸੀ. ਕੁਰਸੀ ਛਾਹ

Digitized by Panjab Digital Library | www.panjabdigilib.org

ਕੇ ਦੀਵਾਨ ਦੇ ਸਾਹਮਣੇ ਬੈਠ ਗਿਆ। ਜਿਨ੍ਹਾਂ ਸਿੰਘਾਂ ਨੇ ਕੁਰਸੀ ਮੂਧੀ ਮਾਰੀ ਉਨ੍ਹਾਂ ਵਿਚ ਆਪ ਭੀ ਸਨ। ਕੂਕਾ ਕੁਫਰ ਤੋੜ ਲਹਿਰ ਤੇ ਸ਼ਹੀਦੀ ਦਲ ਵਿਚ ਭੀ ਆਪ ਕਾਫੀ ਸੇਵਾ ਕਰਦੇ ਰਹੇ।

## ਸ: ਸ਼ਾਮ ਸਿੰਘ ਜੀ ਮੁਕਦਪੁਰੀ

ਆਪ ਜੀ ਦਾ ਜਨਮ ਪਿੰਡ ਮੁਕੰਦਪੁਰ ਵਿਚ ਸ: ਰਣਧੀਰ ਸਿੰਘ ਜੀ ਦੇ ਘਰ ਮਾਤਾ ਜਿਊਣ ਕੌਰ ਦੀ ਕੁਖ ਤੋਂ ਹੋਇਆ। ਪਹਿਲੀ ਜੰਗ ਸਮੇਂ ਆਪ ੧੦ ਨੰਬਰ ਰਸਾਲੇ ਵਿਚ ਭਰਤੀ ਹੋਕੇ ਮੈਦਾਨ ਜੰਗ ਵਿਚ ਗਏ। ਬੀਮਾਰ ਹੋਣ ਕਰਕੇ ਆਪ ਜੀ ਨੇ ਨਾਮ ਕਟਾ ਲਿਆ। ਅਕਾਲੀ ਲਹਿਰ ਆਰਭ ਕਰਨ ਵਾਲੇ ਮੁਖੀਆਂ ਵਿਚੋਂ ਸਨ ਤੇ ਧੂਰੀ ਦੀਵਾਨ ਦੇ ਮੈਂਬਰ ਸਨ। ਪਿੰਡ ਖੇੜੇ ਦੇ ਦੀਵਾਨ ਸਾਹਮਣੇ ਡੀ. ਸੀ. ਕੁਰਸੀ ਡਾਹ ਕੇ ਬਹਿ ਗਿਆ। ਆਪ ਜੀ ਦੀਵਾਨ ਦੇ ਪ੍ਰਧਾਨ ਸਨ, ਇਸ ਕਰਕੇ ਆਪ ਜੀ ਨੇ ਕੁਰਸੀਆਂ ਉਲਟਾ ਦਿਤੀਆਂ ਅਤੇ ਡੀ. ਸੀ. ਜ਼ਮੀਨ ਤੇ ਡਿਗ ਪਿਆ। ਇਸ ਚਿੜ ਕਰਕੇ ਡੀ. ਸੀ. ਨੇ ਆਪ ਪਰ ਝੂਠਾ ਮੁਕਦਮਾ ਕਰਕੇ ਪੰਜ ਸਾਲ ਦੀ ਸਜ਼ਾ ਕਰ ਦਿਤੀ। ਆਪ ਨੂੰ ਤਬਦੀਲ ਕਰਕੇ ਮੁਲਤਾਨ ਜਿਹਲ ਵਿਚ ਭੇਜ ਦਿਤਾ ਗਿਆ। ਭੈੜੀ ਖੁਰਾਕ ਵਿਰੁਧ ਰੋਸ ਪ੍ਰਗਟ ਕਰਨ ਲਈ ਆਪ ਨੇ ੪੮੦ ਕੈਦੀਆਂ ਸਮੇਤ ਮੁਸ਼ਕਤ ਕਰਨੀ ਬੰਦ ਕਰ ਦਿਤੀ। ਆਪ ਇਕ ਮਹੀਨਾ ਕੋਠੀ ਵਿਚ ਬੰਦ ਰਹੇ। ਆਪ ਦੇ ਭਾਈ ਨੇ ਮੁਲਾਕਾਤ ਕਰਕੇ ਮਾਫੀ ਮੰਗਣ ਦੀ ਪ੍ਰੇਰਣਾ ਕੀਤੀ ਪਰ ਆਪ ਜੀ ਅਡੋਲ ਰਹੇ ਤੇ ਸਾਰੀਆਂ ਮੁਸੀਬਤਾਂ ਖਿੜੇ ਮਥੇ ਸਹਾਰਦੇ ਰਹੇ। ਪਿੰਡ ਸ਼ੰਕਰ ਦੇ ਕਾਂਗਰਸੀ ਗ੍ਰਿਫਤਾਰ ਕਰ ਲਏ ਗਏ ਤਾਂ ਆਪ ਜੀ ਦੀ ਡਿਊਟੀ ਮੁਕਦਮੇ ਦੀ ਪੈਰਵੀ ਕਰਨ ਪਰ ਲਗਾਈ ਗਈ। ਇਕ ਸਰਕਾਰੀ ਅਫਸਰ ਨੇ ਆਪ ਨੂੰ ਮੋਟਰ ਹੇਠ ਦੇਕੇ ਮਾਰਨ ਦਾ ਯਤਨ ਕੀਤਾ। ਆਪ ਬੁਰੀ ਤਰ੍ਹਾਂ ਜ਼ਖਮੀ ਹੋਏ ਪਰ ਬਚ ਗਏ। ਭਾਈ ਜੋਗਾ ਸਿੰਘ ਜੀ ਦਾ ਗੁ: ਪਿਸ਼ਾਵਰ, ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ, ਗੁਰਦਵਾਰਾ ਪੰਜਾ ਸਾਹਿਬ ਆਦਿਕ ਦਾ ਕਬਜ਼ਾ ਲੈਣ ਸਮੇਂ ਆਪ ਜਥਾ ਲੈਕੇ ਹਾਜ਼ਰ ਹੁੰਦੇ ਰਹੇ। ਆਪ ਬੜੇ ਨਿਧੜਕ ਸੂਰਬੀਰ ਜਰਨੈਲ ਹਨ।

## ਗਿਆਨੀ ਗੁਰਦਿਆਲ ਸਿੰਘ ਜੀ (ਮਨਸੂਰ)

ਗਿ: ਗੁਰਦਿਆਲ ਸਿੰਘ ਪਿਤਾ ਈਸ਼ਰ ਸਿੰਘ ਦੇ ਘਰ ਮਾਤਾ ਬਸੰਤ ਕੌਰ ਦੀ ਕੁਖੋਂ ਪਿੰਡ ਮਨਸੂਰ ਤਹਿਸੀਲ ਜ਼ਿਲਾ ਲੁਧਿਆਣਾ ਵਿਖੇ ਹੋਇਆ। ਮਾਤਾ ਪਿਤਾ ਦੀ ਸੰਗਤ ਅਨੁਸਾਰ ਆਪ ਦੇ ਬਚਪਨ ਤੋਂ ਹੀ ਖਿਆਲ ਗੁਰਮਤਿ ਵਲ ਸਨ ਅਤੇ ਆਪ ਜੀ ਦੇ ਨਾਨਕੇ ਪਿੰਡ ਲੋਹਟ ਬਦੀ, ਰਿਆਸਤ ਨਾਭਾ ਸੀ। ਉਥੇ ਆਪ ਨੂੰ ਜ਼ਮੀਨ ਮਿਲੀ ਹੋਈ ਸੀ। ਇਸ ਲਈ ਉਥੇ ਹੀ ਵਾਸ ਕਰਦੇ ਸਨ ਅਤੇ ਆਪ ਨੂੰ ਸੰਗਤ ਸੰਤ ਸੁੰਦਰ ਸਿੰਘ ਜੀ ਲੋਹਟ ਬਦੀ ਦੀ ਪ੍ਰਾਪਤ ਹੋਣ ਤੇ ਗੁਰਮਤਿ ਦਾ ਗੂੜ੍ਹਾ ਰੰਗ ਚੜ੍ਹ ਗਿਆ ਅਤੇ ਆਪ ਜੀ ਤਿਆਰ ਬਰਤਿਆਰ ਸਿੰਘ ਸਜ ਗਏ ਤੇ ਨਾਭੇ ਦੀ ਐਜੀਟੇਸ਼ਨ ਸਮੇਂ ਅਕਾਲੀ ਲਹਿਰ ਵਿਚ ਬਹੁਤ ਹਿਸਾ ਲਿਆ। ਇਸ ਕਰਕੇ ਆਪ ਨੂੰ ਹੋਰ ਸਜ਼ਾ ਤੋਂ ਇਲਾਵਾ ਜਲਾਵਤਨੀ ਦੀ ਭੀ ਸਜ਼ਾ ਹੋਈ। ਮਈ ਸੰ: ੧੯੨੯ ਤੋਂ ਜੂਨ ੧੯੫੦ ਤੱਕ ਇਤਿਹਾਸਕ ਗੁਰਦਵਾਰਾ ਟਾਹਿਲੀ ਸਾਹਿਬ ਪਾ: ੧੦ ਰਤਨ ਜ਼ਿਲਾ ਲੁਧਿਆਣਾ ਦੀ ਸੇਵਾ ਅਪਣੇ ਸੀਸ ਤੇ ਚਾਈ। ੨੨ ਅਕਤੂਬਰ ਸੰ: ੧੯੪੮ ਨੂੰ ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਦੀ ਹੱਥੀਂ ਖਾਲਸਾ ਹਾਈ ਸਕੂਲ ਰਤਨ ਦੀ ਨੀਂਹ ਰਖਵਾਈ। ਜੋ ਇਸ ਵੇਲੇ ਚੜ੍ਹਦੀਆਂ ਕਲਾਂ ਵਿਖੇ ਚਲ ਰਿਹਾ ਹੈ। ਇਸ ਸਮੇਂ ਭੀ ਇਲਾਕਾ ਜਗਰਾਉਂ ਵਿਖੇ ਗੁਰਮਤ ਪ੍ਰਚਾਰ ਕਰ ਰਹੇ ਹਨ। ਜਿਨ੍ਹਾਂ ਤੋਂ ਸੰਗਤਾਂ ਭਲੀ ਭਾਂਤ ਜਾਣੂ ਹਨ।

Digitized by Panjab Digital Library | www.panjabdigilib.org

# ਗਿਆਨੀ ਨੰਦ ਸਿਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਦਿਆਲੀ ਕਲਾਂ ਵਿਚ ਸ: ਬੀਰ ਸਿੰਘ ਜੀ ਦੇ ਘਰ ਮਾਤਾ ਜੈ ਕੌਰ ਦੀ ਕੁਖ ਤੋਂ ਹੋਇਆ। ਆਪ ਡੇਢ ਸਾਲ ਦੇ ਸਨ ਕਿ ਆਪ ਦੇ ਮਾਤਾ ਜੀ ਚਲਾਣਾ ਕਰ ਗਏ। ਆਪ ਦੇ ਪਿਤਾ ਜੀ ਬੀਮਾਰੀ ਦੇ ਕਾਰਨ ਆਪ ਦੀ ਸੰਭਾਲ ਨਾ ਕਰ ਸਕੇ ਤੇ ਨਾਨੀ ਜੀ ਦੇ ਪਾਸ ਪਿੰਡ ਮਹਿਮੂਦ ਪੁਰ ਪਲਦੇ ਰਹੇ। ਪੰਜਵੇਂ ਸ਼ਹੀਦੀ ਜਥੇ ਦਾ ਪੜਾ ਈਸੇਵਾਲ ਹੋਇਆ। ਆਪ ਪਰ ਗੁਰ-ਸਿਖੀ ਦੇ ਪ੍ਰਚਾਰ ਦਾ ਇਤਨਾ ਅਸਰ ਹੋਇਆ ਕਿ ਆਪ ਜਥੇ ਵਿਚ ਜਾਣ ਲਈ ਅੰਮ੍ਰਿਤਸਰ ਪਹੁੰਚ ਗਏ। ਭਾਈ ਫੇਰੂ ਦੇ ਮੋਰਚੇ ਵਿਚ ਚਾਰ ਪੰਜ ਵੇਰ ਗਏ ਪਰ ਆਪ ਜੀ ਨੂੰ ਛੋਟੀ ਉਮਰ ਹੋਣ ਕਰਕੇ ਗ੍ਰਿਫਤਾਰ ਨਾ ਕੀਤਾ ਗਿਆ। ਗੁਰਦਵਾਰਾ ਸੀਸ ਗੰਜ ਦਿਲੀ ਪਰ ਗੋਲੀ ਚਲਣ ਦਾ ਵਾਕਿਆ ਹੋਇਆ ਤਾਂ ਆਪ ਉਥੇ ਭੀ ਪੁਜ ਗਏ। ਉਥੋਂ ਵਾਪਸ ਆਕੇ ਲਾਹੌਰ ਬਦੇਸ਼ੀ ਕਪੜੇ ਪਰ ਪਿਕਟਿੰਗ ਲਗਾ ਕੇ ਗਿਰਫਤਾਰ ਹੋਏ ਤੇ ੩ ਮਹੀਨੇ ਕੈਦ ਹੋਈ। ਜਿਹਲ ਵਿਚ ਆਪ ਜੀ ਨੂੰ ਨਾਮ ਸਿਮਰਨ ਦੀ ਚੇਟਕ ਲਗੀ। ਵਾਪਸ ਆਕੇ ਗੁਰੂ ਕੀ ਕਾਂਸ਼ੀ ਦਮਦਮਾ ਸਾਹਿਬ ਜਾਕੇ ਹੋਰ ਧਾਰਮਕ ਵਿਦਿਆ ਪੜ੍ਹੀ। ਫਿਰ ਆਪ ਸੰਤ ਭਗਵਾਨ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਪਾਸ ਰਹਿਕੇ ੪ ਸਾਲ ਖੇਤੀ ਬਾੜੀ ਕਰਦੇ ਰਹੇ। ਗਿ: ਗੁਰਬਚਨ ਸਿੰਘ ਜੀ ਭਿੰਡਰਾਂ ਵਾਲਿਆਂ ਪਾਸੋਂ ਕਥਾ ਸਿਖੀ ਤੇ ਵੈਦਕ ਵਿਦਿਆ ਭੀ ਪੜ੍ਹੀ। ਆਪ ਬੜੇ ਗੁਰਮੁਖ ਵਿਦ੍ਵਾਨ ਗੁਰਸਿਖ ਹਨ ਤੇ ਗਰਿਸਤ ਮਾਰਗ ਤੋਂ ਅਡ ਰਹਿਕੇ ਸੇਵਾ ਕਰਦੇ ਹਨ।

# ਜਥੇਦਾਰ ਗੁਰਦਿਆਲ ਸਿੰਘ ਜੀ ਆਸੀ

ਆਪ ਜੀ ਦਾ ਜਨਮ ਪਿੰਡ ਆਸੀ ਕਲਾਂ ਜ਼ਿਲਾ ਲੁਧਿਹਾਣਾ ਵਿਚ ਸ: ਪ੍ਰੇਮ ਸਿੰਘ ਜੀ ਦੇ ਘਰ ਮਾਤਾ ਦਇਆ ਕੌਰ ਦੀ ਕੁਖ ਤੋਂ ਹੋਇਆ। ਆਪ ਜੀ ਦੇ ਪਿਤਾ ਫੌਜੀ ਪੈਨਸ਼ਨਰ ਸਨ। ਜਿਸ ਸਮੇਂ ਪਹਿਲੇ ਸ਼ਹੀਦੀ ਜਥੇ ਪਰ ਜੈਤੋ ਵਿਚ ਗੋਲੀ ਚਲੀ ਤਾਂ ਆਪ ਦੇ ਦਿਲ ਪਰ ਇਸ ਦਾ ਬਹੁਤ ਅਸਰ ਹੋਇਆ। ੨੫ ਸਿੰਘਾਂ ਨੂੰ ਨਾਲ ਲੈ ਕੇ ਆਪ ਸ੍ਰੀ ਅੰਮ੍ਰਿਤਸਰ ਪੁਜ ਗਏ। ਸ੍ਰੀ ਅਕਾਲ ਤਖਤ ਤੋਂ ਆਪ ਜੀ ਨੂੰ ਭਾਈ ਫੇਰੂ ਦੇ ਮੋਰਚੇ ਵਿਚ ਜਾਣ ਦਾ ਹੁਕਮ ਹੋਇਆ। ਆਪ ਜੈਤੋ ਜਾਣਾ ਚਾਹੁੰਦੇ ਸਨ ਪਰ ਪੰਥ ਦੇ ਹੁਕਮ ਨੂੰ ਟਾਲਣਾ ਮੁਨਾਸਬ ਨਾ ਸਮਝਿਆ। ਭਾਈ ਫੇਰੂ ਦੇ ਮੁਕਦਮੇ ਵਿਚ ਆਪ ਜੀ ਨੂੰ ਦੋ ਸਾਲ ਕੈਦ ਤੇ ੫੦੦ ਰੁਪਏ ਜੁਰਮਾਨਾ ਹੋਇਆ। ਇਸ ਜਥੇ ਦੇ ਸਿੰਘਾਂ ਵਿਚੋਂ ਭਾਈ ਨਿਹਾਲ ਸਿੰਘ ਪਿੰਡ ਆਸੀ ਸਖਤ ਮੁਸ਼ਕਤਾਂ ਦੇ ਕਾਰਣ ਜੇਲ੍ਹ ਵਿਚ ਹੀ ਸ਼ਹੀਦ ਹੋ ਗਏ। ਇਨ੍ਹਾਂ ਸਿੰਘਾਂ ਨੂੰ ਜੇਲ੍ਹ ਵਿਚ ਬਹੁਤ ਤਸੀਹੇ ਦਿਤੇ ਗਏ। ਬੰਦ ਚੱਕੀ, ਕੋਹਲੂ ਆਦਿ ਦੀਆਂ ਮੁਸ਼ਕਤਾਂ ਦਿਤੀਆਂ ਗਈਆਂ।

ਆਪ ਲੰਬੀ ਜੇਲ੍ਹ ਯਾਤਰਾ ਕਰਕੇ ਵਾਪਸ ਪਿੰਡ ਆਏ। ਗੁਰਮੁਖੀ ਅੱਖਰ ਆਪ ਜੀ ਨੇ ਜੇਲ੍ਹ ਵਿਚ ਹੀ ਪੜ੍ਹ ਲਏ ਸਨ ਵਾਪਸ ਆ ਕੇ ਸਰਕਲ ਜਥੇ ਦੇ ਜਥੇਦਾਰ ਚੁਣੇ ਗਏ ਤੇ ਬੜੀ ਲਗਨ ਨਾਲ ਸੇਵਾ ਕਰਦੇ ਰਹੇ। ੧੯੪੨ ਦੀ ਆਜ਼ਾਦੀ ਦੀ ਲਹਿਰ ਵਿਚ ਭੀ ਆਪ ਸਤਿਆਗ੍ਰਹਿ ਕਰਕੇ ਜੇਲ੍ਹ ਗਏ। ਚਾਰ ਮਹੀਨੇ ਕੈਦ ਤੇ ੧੦੦ ਰੁਪਏ ਜੁਰਮਾਨਾ ਹੋਇਆ। ਆਪ ਸਾਰੀ ਉਮਰ ਦੇਸ਼ ਤੇ ਕੌਮ ਲਈ ਜਦੋ ਜਹਿਦ ਕਰਦੇ ਰਹੇ।

Digitized by Panjab Digital Library | www.panjabdigilib.org

## ਗਿ: ਹਰਭਗਤ ਸਿੰਘ ਜੀ ਨਾਰੰਗਵਾਲ

ਆਪ ਜੀ ਦਾ ਜਨਮ ੨੧ ਫਰਵਰੀ ੧੯੦੦ ਨੂੰ ਪਿੰਡ ਨਾਰੰਗਵਾਲ ਤਹਿਸੀਲ ਜ਼ਿਲਾ ਲੁਧਿਆਣਾ ਵਿਖੇ ਹੋਇਆ, ਆਪ ਜੀ ਦਾ ਘਰਾਣਾ ਮੁਢ ਤੋਂ ਹੀ ਗੁਰੂ ਕ੍ਰਿਪਾ ਨਾਲ ਕਟੜ ਗੁਰਸਿੱਖਾਂ ਦਾ ਚਲਿਆ ਆਉਂਦਾ ਹੈ । ਆਪ ਜੀ ਨੇ ਵਿਦਿਆ ਐਫ਼. ਏ. ਤੇ ਗਿਆਨੀ ਦੇ ਇਮਤਿਹਾਨ ਪਾਸ ਕਰਕੇ ਮਾਲਵਾ ਖਾਲਸਾ ਹਾਈ ਸਕੂਲ ਅੰਦਰ ਟੀਚਰੀ ਦੀ ਸੇਵਾ ਆਰੰਭ ਕਰ ਦਿਤੀ । ੧੯੪੧ ਵਿਚ ਜਦ ਕੂਕਾ ਪਤ੍ਰ ਪਾਠ ਹੋਇਆ ਇਸ ਦੇ ਵਿਰੁਧ ਅਵਾਜ਼ ਉਠਾਉਣ ਵਾਲਿਆਂ ਆਪ ਮੁਖੀ ਸਨ । ਆਪ ਦੀ ਤਜਵੀਜ਼ ਤੇ ਕੂਕਾ ਕੁਫਰ ਤੋੜ ਕਾਨਫਰੰਸਾਂ ਕਰਕੇ ਜਾਗਰਤ ਪਦਾ ਕੀਤੀ । ੧੬ ਅਪਰੈਲ ੧੯੪੩ ਨੂੰ ਆਪ ਦੇ ਯਤਨਾ ਨਾਲ ਖਾਲਸਾ ਨੈਸ਼ਨਲ ਹਾਈ ਸਕੂਲ ਲੁਧਿਆਣਾ ਦੀ ਨੀਂਹ ਰਖੀ ਗਈ । ਆਪ ਦੀ ਹਿੰਮਤ ਦਾ ਹੀ ਫਲ ਹੈ ਕਿ ਇਹ ਸਕੂਲ ਲੁਧਿਆਣਾ ਸ਼ਹਿਰ ਦੇ ਸਾਰੇ ਸਕੂਲਾਂ ਵਿਚੋਂ ਪਹਿਲੇ ਨੰਬਰ ਤੇ ਹੈ, ਇਸ ਦੀ ਕਾਮਯਾਬੀ ਲਈ ਆਪ ਨੇ ਦਿਨ ਰਾਤ ਯਤਨ ਕਰਨੇ ਆਰੰਭੇ ਹੋਏ ਹਨ । ਇਸੇ ਸਕੂਲ ਅੰਦਰ ਆਪ ਟੀਚਰੀ ਦੀ ਸੇਵਾ ਕਰ ਰਹੇ ਹਨ । ੨੧ ਫਰਵਰੀ ੧੯੩੯ ਨੂੰ ਦਿਲੀ ਵਿਖੇ ਹੋਈ ਅਕਾਲੀ ਕਾਨਫਰੰਸ ਸਮੇਂ ਆਪ ਬੜੀਆਂ ਜ਼ੋਰਦਾਰ ਤਕਰੀਰਾਂ ਕਰਨ ਤੇ ਗ੍ਰਿਫਤਾਰ ਕਰ ਲਏ ਗਏ । ਦੋ ਮਹੀਨੇ ਬਾਦ ਰਿਹਾ ਕਰ ਦਿਤਾ । ਲੁਧਿਆਣੇ ਸ਼ਹਿਰ ਅੰਦਰ ਅੱਠਵੀਂ ਆਲ ਇੰਡੀਆ ਅਕਾਲੀ ਕਾਨਫਰੰਸ ਦਾ ਜੋ ਸਮਾਗਮ ਹੋਇਆ ਉਸ ਦੀ ਕਾਮਯਾਬੀ ਅੰਦਰ ਦਿਨ ਰਾਤ ਇਕ ਕਰਕੇ ਕਾਮਯਾਬ ਬਣਾਇਆ । ਇਸ ਕਾਨਫਰੰਸ ਦੇ ਸਟੇਜ ਸੈਕਟਰੀ ਦੀ ਸੇਵਾ ਸ਼ਲਾਂਘਾ ਯੋਗ ਹੈ । ਪਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ਲਗੇ ਪੰਥਕ ਮੋਰਚੇ ਸਬੰਧੀ ਪ੍ਰਚਾਰ ਕਰਨ ਹਿਤ ਜੂਨ ੧੯੫੫ ਨੂੰ ਗੁਰਦੁਆਰਾ ਫਲਾਹੀ ਸਾਹਿਬ ਅੰਦਰ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕਰ ਦਿਤਾ, ਪਰ ਪੁਲੀਸ ਨੇ ਆਪ ਨੂੰ ਗ੍ਰਿਫਤਾਰ ਨਾ ਕੀਤਾ । ਜਿਸ ਪਰ ਆਪ ਨੇ ਲੁਧਿਹਾਣੇ ਸ਼ਹਿਰ ਵਿਚ ੬ ਜੂਨ ਨੂੰ ਸਤਿਆਗ੍ਰਿਹ ਕੀਤਾ ਤੇ ਸਣੇ ਜਥੇ ਗ੍ਰਿਫਤਾਰ ਹੋ ਗਏ । ਮੋਰਚਾ ਫਤਿਹ ਹੋਣ ਤੇ ਰਿਹਾਈ ਪਾ ਕੇ ਕਾਮਯਾਬੀ ਨਾਲ ਬਾਹਰ ਆਏ । ਆਪ ਸਿਰ ਕੱਢ ਅਕਾਲੀ ਲੀਡਰਾਂ ਵਿਚ ਗਿਣੇ ਜਾਣ ਲੱਗੇ, ਵਰਤਮਾਨ ਵਿਚ ਭਾਵੇਂ ਆਪ ਅਕਾਲੀ ਲਹਿਰ ਦੇ ਹਾਮੀ ਹਨ ਪਰ ਸ਼ਰੋਮਣੀ ਅਕਾਲੀ ਦਲ ਨਾਲ ਮਤ ਭੇਦ ਹੋ ਜਾਣ ਪਰ ਲੀਡਰਾਂ ਵਿਚ ਨਹੀਂ ਗਿਣੇ ਜਾਂਦੇ, ਆਪ ਦਾ ਪਰਚਾਰ ਬੜਾ ਧੜੱਲੇਦਾਰ ਤੇ ਜੋਸ਼ੀਲਾ ਹੁੰਦਾ ਹੈ ਅਤੇ ਗੁਰੂ ਡੰਭ ਦੇ ਭੀ ਆਪ ਕਟੜ ਵਿਰੋਧੀ ਹਨ । ਵਾਹਿਗੁਰੂ ਆਪ ਨੂੰ ਆਯੂ ਤੇ ਨਿਰੋਲ ਗੁਰਮਤ ਪ੍ਰਚਾਰ ਕਰਨ ਦਾ ਬਲ ਬਖਸ਼ੇ ।

## ਸ. ਸੇਵਾ ਸਿੰਘ ਜੀ ਘੁੰਗਰਾਣਾ

ਆਪ ਦਾ ਜਨਮ ਸਰਦਾਰ ਕਰੋੜਾ ਸਿੰਘ ਦੇ ਘਰ ਸੰਨ ੧੮੮੭ ਨੂੰ ਪਿੰਡ ਘੁੰਗਰਾਣਾ ਤਹਿਸੀਲ ਲੁਧਿਆਣਾ ਵਿਖੇ ਹੋਇਆ। ਆਪ ਨਾ ਗੁਰਮਤੀ ਘਰਾਣਾ ਹੋਣ ਕਰਕੇ ਆਪ ਨੂੰ ਬਚਪਨ ਤੋਂ ਹੀ ਸਤ ਸੰਗਤ ਨਾਲ ਪ੍ਰੇਮ ਸੀ । ੧੯੦੭ ਵਿਚ ਬਰਮ੍ਹਾ ਮਲਟੱਰੀ ਵ੍ਹਿਚ ਭਰਤੀ ਹੋਕੇ ਰੰਗੂਨ ਪੁਜੇ । ਉਥੇ ਜਾਕੇ ਪਿੰਡ ਦੀ ਤਰ੍ਹਾਂ ਗੁਰਮਤ ਪ੍ਰਚਾਰਕ ਕੀਰਤਨ ਕਰਨਾ ਅਰੰਭਿਆ । ਜਦ ੧੯੧੯ ਵਿਚ ਪਿੰਡ ਆਏ ਤਾਂ ੧੯੨੦ ਵਿਚ ਅਕਾਲੀ ਲਹਿਰ ਚਲੀ ਜਿਸ ਵਿਚ ਆਪ ਯੋਗਤਾ ਨਾਲ ਕੰਮ ਕਰਦੇ ਹੋਣ ਤੇ ਜੁਮੇਂਵਾਰੀ ਡਿਊਟੀਆਂ ਵਿਚ ਕਦੇ ਪ੍ਰਧਾਨ, ਕਦੇ ਸਕੱਤ੍ਰ ਤੇ ਕਦੇ ਖਜਾਨਚੀ ਹੁੰਦੇ ਤੇ ਯੋਗਤਾ ਨਾਲ ਨਭਾਉਂਦੇ ਰਹੇ । ਜਦ ੨੦ ਫਰਵਰੀ ੧੯੨੧ ਨੂੰ ਨਨਕਾਣੇ ਸਾਹਿਬ ਗੋਲੀ ਚਲੀ । ਆਪ ਦੀ ਜੱਥੇਦਾਰੀ ਹੇਠ ਤਿੰਨ, ਚਾਰ ਸੌ ਸਿੰਘ ਲੈਕੇ ਨਨਕਾਣੇ ਸਾਹਿਬ ਪੁਜੇ । ਜਦ ਦਰਬਾਰ ਸਾਹਿਬ ਦੀਆਂ

Digitized by Panjab Digital Library | www.panjabdigilib.org

ਚਾਬੀਆਂ ਦਾ ਮੋਰਚਾ ਲੱਗਿਆ ਤਾਂ ਆਪ ਉਸਦੇ ਉਲਟ ਪ੍ਰਚਾਰ ਕਰਨ ਤੇ ਗ੍ਰਿਫਤਾਰ ਕੀਤੇ ਗਏ, ਜਿਸ ਤੇ ਤਿੰਨ ਸਾਲ ਕੈਦ ਤੇ ੨੦੦ ਰੁਪਿਆ ਜੁਰਮਾਣਾ ਹੋਇਆ। ੧੯੪੧ ਨੂੰ ਪਤ੍ਰਾ ਪਾਠ ਵਿਰੁਧ ਆਪ ਜੀ ਐਜੀਟੇਸ਼ਣ ਅਤੇ ਸ਼ਰੋਮਣੀ ਕਮੇਟੀ ਨੂੰ ਭਾਜੜਾਂ ਪਾਉਣ ਵਾਲਿਆਂ ਮੁਖੀਆਂ ਵਿਚੋਂ ਸਨ। ਆਪ ਜੀ ਦਾ ਜੀਵਨ ਇਕ ਨਮੂਨਾ ਹੈ।੧੪.੫.੫੫ ਦੀ ਰਾਤ ਨੂੰ ਲਗਭਗ ਅਠ ਨੌ ਬਜੇ ਆਪ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਕ ਮਹੀਨੇ ਤੋਂ ਬਾਦ ਆਪ ਨੂੰ ਬਿਨਾਂ ਸ਼ਰਤ ਤੋਂ ਰਿਹਾ ਕਰ ਦਿਤਾ ਗਿਆ। ਆਪ ਸ਼ਰੋਮਣੀ ਕਮੇਟੀ ਦੇ ਕਈ ਸਾਲਾਂ ਤੋਂ ਚਲੇ ਆਉਂਦੇ ਹਨ।

## ਸ: ਰਣਜੋਧ ਸਿੰਘ ਮੁਲਾਂਪੁਰ

ਮਸ਼ਹੂਰ—ਆਪ ਦਾ ਜਨਮ ਸ: ਸਦਾ ਸਿੰਘ ਦੇ ਘਰ ਮਾਤਾ ਭੋਲੀ ਦੀ ਕੁਖੋਂ ਪਿੰਡ ਮੁਲਾਂਪੁਰ ਜ਼ਿਲਾ ਲੁਧਿਆਣਾ ਵਿਖੇ ਹੋਇਆ। ਆਪ ਗੁਰਮੁਖੀ, ਉਰਦੂ,ਅੰਗ੍ਰੇਜ਼ੀ ਪੜ੍ਹਕੇ ਗੁੜ੍ਹੇ ਹੋਇ ਹਨ।

ਆਪ ਦੀਆਂ ਰੁਚੀਆਂ ਮੁਢ ਤੋਂ ਹੀ ਧਾਰਮਕ ਹਨ। ਇਸ ਵਾਸਤੇ ਗੁਰਦੁਆਰਾ ਸੁਧਾਰ ਲਹਿਰ ਵੇਲੇ ਆਪ ਨੇ ਅਕਾਲੀ ਲਹਿਰ ਦੇ ਮੋਰਚਿਆਂ ਵਿਚ ਵਦ ਚੜ੍ਹਕੇ ਹਿੱਸਾ ਲਿਆ। ਮੋਰਚਿਆਂ ਤੋਂ ਬਾਦ ਆਪਣੇ ਪਿੰਡ ਵਿਚ ਨਗਰ ਨਿਵਾਸੀ ਸੰਗਤਾਂ ਨੂੰ ਉਤਸ਼ਾਹ ਦੇਕੇ ਗੁਰਦੁਆਰਾ ਸਾਹਿਬ ਦੀ ਸੇਵਾ ਕਰਾਈ। ਜਿਸ ਦੀ ਇਮਾਰਤ ਤੋਂ ਅੰਦਾਜ਼ਾ ਲਗਦਾ ਹੈ। ਕਿ ਪਿੰਡ ਵਾਸੀਆਂ ਨੇ ਬਹੁਤ ਹੀ ਦਿਲ ਖੋਲ ਕੇ ਤਨ ਤੇ ਧਨ ਦੀ ਸੇਵਾ ਕੀਤੀ। ਮੂੰਹੋ ਬੋਲ ਦੀ ਇਮਾਰਤ ਹੈ। ਅਤੇ ਗੁਰਦੁਆਰਾ ਮੁਸ਼ਕਆਣਾ (ਲਾਹੌਰ ਵਾਲੀਆਂ ਬੀਬੀਆਂ ਦਾ ਜਿਸ ਥਾਂ ਕੈਂਪ ਸੀ, ਵਿਖੇ ਆਪ ਜੀ ਨੇ ਹਰ ਚੰਦ ਦੀ ਦਸਮੀਂ ਨੂੰ ਚੋੜੇ ਮੇਲਾ ਮਨਾਣਾ ਅਰੰਭ ਕੀਤਾ ਹੁਣ ਧਾਰਮਕ ਕੰਮ ਦੇ ਨਾਲ ਸਿਆਸੀ ਕੰਮ ਵਿਚ ਬੀ ਬੜਾਂ ਵਧ ਚੜ੍ਹ ਕੇ ਹਿੱਸੇ ਲੈਂਦੇ ਹਨ।

## ਜੱਥੇਦਾਰ ਜਿਉਣ ਸਿੰਘ ਚਾਉਕੇ

ਆਪ ਜੀ ਦਾ ਜਨਮ ਪਿੰਡ ਚਾਉਕੇ ਵਿਚ ਸ੍ਰ: ਹੀਰਾ ਸਿੰਘ ਜੀ ਦੇ ਘਰ ਮਾਤਾ ਦਇਆ ਕੌਰ ਦੀ ਕੁਖ ਤੋਂ ਹੋਇਆ। ਜੈਤੋ ਦੇ ਮੋਰਚੇ ਵਿਚ ਆਪ ੨੫ ਸਿੰਘਾਂ ਦੇ ਜੱਥੇਦਾਰ ਬਣਕੇ ਗਏ ਤੇ ਬਹੁਤ ਸਾਰੇ ਦੁਖੜੇ ਸਹਾਰੇ। ਮਾਰ ਕੁਟਾਈ ਕਰਕੇ ਆਪ ਜੀ ਨੂੰ ਬਾਵਲਕਾਂਟੀ ਲੈ ਜਾਕੇ ਛਡਿਆ ਗਿਆ। ਵਾਪਸ ਆਉਂਦੇ ਹੀ ਆਪ ਭਾਈ ਫ਼ੇਰੂ ਦੇ ਮੋਰਚੇ ਵਿਚ ਚਲੇ ਗਏ। ਅਕਾਲੀ ਲਹਿਰ ਖਤਮ ਹੋਣ ਪਿਛੋਂ ਆਪ ਦੇਸ਼ ਦੀ ਆਜ਼ਾਦੀ ਲਈ ਕਾਂਗਰਸ ਵਿਚ ਰਹਿਕੇ ਜੱਦੋ ਜਿਹਦ ਕਰਦੇ ਰਹੇ।

## ਭਾ: ਭਗਤ ਸਿੰਘ ਜੀ ਅਕਾਲੀ

ਆਪ ਜੀ ਪਿੰਡ ਚੱਕ ਥਾਨਾ ਦਾਖਾ ਦੇ ਰਹਿਣ ਵਾਲੇ ਸਨ। ਆਪ ਜੀ ਦੇ ਪਿਤਾ ਦਾ ਨਾਮ ਸ੍ਰ: ਸੁੰਦਰ ਸਿੰਘ ਸੀ। ਆਪ ਸ਼ਬਦ ਕੀਰਤਨ ਕਰਦੇ ਹੋਇ ਦੀਵਾਨ ਵਿਚ ਗ੍ਰਿਫਤਾਰ ਕੀਤੇ ਗਏ। ਇਸ ਤੋਂ ਬਿਨਾ ਆਪ ਭਾਈ ਫੇਰੂ ਦੇ ਮੋਰਚੇ ਵਿਚ ਭੀ ਗਏ ਅਤੇ ਫਿਰ ਪੰਞੀ ਸਿੰਘਾਂ ਦੇ ਜੱਥੇ ਵਿਚ ਜੈਤੋ ਗਏ। ਅਕਾਲੀ ਲਹਿਰ ਦੇ ਆਪ ਉਘੇ ਵਰਕਰਾਂ ਵਿਚੋਂ ਹੋਇ ਹਨ।

## ਭਾਈ ਜੀਤਾ ਸਿੰਘ ਜੀ

ਕੇ. ਜੀ. ਓ. ਕੇਬਲਰੀ ਵਿਚ ਮੁਲਾਜ਼ਮ (ਹੌਲਦਾਰ) ਸਨ, ਸੰਨ ੧੯੨੧ ਵਿਚ ਭਾਈ ਫੇਰੂ ਦੇ ਮੋਰਚੇ ਵਿਚ ਗਏ। ਪਿੰਡ ਭਟੀਆਂ ਚੱਕ, ਡਾਕਖਾਨਾ ਮੁਲਾਂ ਪੁਰ, ਪਿਤਾ ਦਾ ਨਾਉਂ ਸ: ਗੁਰਮੁਖ

Digitized by Panjab Digital Library | www.panjabdigilib.org

ਸਿੰਘ ਮਾਤਾ ਧਨ ਕੌਰ ਦੀ ਕੁਖੋਂ ੧੧ ਫਰਵਰੀ ੧੮੯੭ ਈ: ਨੂੰ ਜ਼ਿਲਾ ਲੁਧਿਆਣਾ ਵਿਚ ਪੈਦਾ ਹੋਏ। ਨਾਹਰੇ ਲਗਾਏ, ਕੋਰਟ ਮਾਰਸ਼ਲ ਕੀਤਾ, ੬ ਮਹੀਨੇ ਕੈਦ ਮੁਲਤਾਨ ਜੇਹਲ ਵਿਚ ਕਟੀ। ਸਖਤੀ ਬਹੁਤ ਦਿਤੀ ਗਈ ਅਤੇ ਕਾਲੀਆਂ ਪਗੜੀਆਂ ਬੰਨ੍ਹੀਆਂ।

## ਭਾਈ ਸੰਤਾ ਸਿੰਘ ਜੀ

ਆਪ ਜੀ ਦੇ ਪਿਤਾ ਲਾਲ ਸਿੰਘ ਅਤੇ ਮਾਤਾ ਜੀਵੀ ਜੀ ਸਨ, ਪਿੰਡ ਭੱਟੀਆਂ ਅਤੇ ੬ ਮਹੀਨੇ ਕੈਦ ਮੁਲਤਾਨ ਜੇਲ੍ਹ ਵਿਚ ਕਟੀ।

## ਭਾਈ ਇੰਦਰ ਸਿਘ ਜੀ ਲਲਤੋਂ

ਆਪ ਜੀ ਦਾ ਜਨਮ ਪਿੰਡ ਲਲਤੋਂ ਕਲਾਂ ਵਿਚ ਇਕ ਮੁਸਲਮਾਨ ਜੁਲਾਹੇ ਗਾਮੀ ਦੇ ਘਰ ੧੯੦੯ ਈ: ਵਿਚ ਹੋਇਆ। ਆਪ ਜੀ ਦੇ ਮਾਤਾ ਪਿਤਾ ਛੋਟੀ ਉਮਰ ਵਿਚ ਹੀ ਚਲਾਣਾ ਕਰ ਗਏ ਸਨ ਤੇ ਆਪ ਯਤੀਮ ਹੋ ਗਏ। ਸ: ਅਲਬੇਲ ਸਿੰਘ ਜੀ ਰਸਾਲਦਾਰ ਨੇ ਆਪ ਦੀ ਪਾਲਣਾ ਕੀਤੀ। ਆਪ ਉਨ੍ਹਾਂ ਪਾਸ ਖੇਤੀ ਦਾ ਕੰਮ ਕਰਾਉਂਦੇ ਸਨ। ਇਸ ਘਰਾਣੇ ਤੋਂ ਹੀ ਆਪ ਜੀ ਨੂੰ ਗੁਰਸਿਖੀ ਦੀ ਲਗਨ ਲਗੀ। ੧੯੨੩ ਈ: ਵਿਚ ਆਪ ਪੰਜਵੇਂ ਸ਼ਹੀਦੀ ਜਥੇ ਨਾਲ ਜੈਤੋ ਗਏ ਤੇ ਜਥੇ ਵਿਚ ਹੀ ਆਪ ਜੀ ਨੇ ਅੰਮ੍ਰਿਤ ਪਾਨ ਕੀਤਾ। ਦੋ ਸਾਲ ਆਪ ਨਾਭਾ ਬੀੜ ਵਿਚ ਬਹੁਤ ਸਾਰੇ ਤਸੀਹੇ ਸਹਿੰਦੇ ਰਹੇ ਉਪ੍ਰੰਤ ਆਪ ਜੀ ਨੇ ਗੁ: ਟਾਹਲੀ ਸਾਹਿਬ ਦੀ ਸੇਵਾ ਕਰਾਈ।

## ਭਾਈ ਕੇਹਰ ਸਿੰਘ ਜੀ

ਆਪ ਜੀ ਦਾ ਜਨਮ ਪਿੰਡ ਵੱਡੀ ਲਲਤੋਂ ਵਿਚ ਸ: ਨਰੈਣ ਸਿੰਘ ਜੀ ਦੇ ਘਰ ਹੋਇਆ। ਸਕੂਲ ਵਿਚ ਆਪ ਜੀ ਨੇ ਮਿਡਲ ਪਾਸ ਕੀਤਾ ਤੇ ਫਿਰ ਸਕੂਲ ਵਿਚ ਪੜ੍ਹਾਉਣ ਲਗ ਪਏ। ੧੯੧੪-੧੫ ਦੀ ਜੰਗ ਵਿਚ ਆਪ ਲੜਾਈ ਦੇ ਮੈਦਾਨ ਵਿਚ ਡਾਕਟਰੀ ਮਿਸ਼ਨ ਨਾਲ ਗਏ। ੧੯੨੩ ਵਿਚ ਗੁਰੂ ਕੇ ਬਾਗ ਦੇ ਮੋਰਚੇ ਵਿਚ ਕੈਦ ਹੋਏ ਅਤੇ ੬ ਮਹੀਨੇ ਕੈਦ ਹੋਕੇ ਕੈਂਬਲਧੁਰ ਜੇਹਲ ਵਿਚ ਰਹੇ। ਆਪ ਨੇ ਜੇਹਲ ਵਿਚ ਭੁਖ ਹੜਤਾਲ ਕੀਤੀ। ਵਾਪਸ ਆਕੇ ਆਪ ਨੂੰ ਜਥੇ ਦੀ ਸੇਵਾ ਕਰਨ ਦੇ ਅਪਰਾਧ ਵਿਚ ਫਿਰ ਇਕ ਸਾਲ ਦੀ ਕੈਦ ਹੋਈ।

## ਸਰਦਾਰ ਹਰਨਾਮ ਸਿੰਘ ਜੀ ਝਾਂਡੇ

ਆਪ ਜੀ ਦਾ ਜਨਮ ਪਿੰਡ ਝਾਂਡੇ ਜ਼ਿਲਾ ਲੁਧਿਆਣਾ ਵਿਚ ਸ: ਨਥਾ ਸਿੰਘ ਜੀ ਦੇ ਘਰ ਹੋਇਆ। ਬਚਪਨ ਵਿਚ ਆਪ ਨੇ ਗੁਰਮੁਖੀ ਵਿਦਿਆ ਪੜ੍ਹੀ। ਆਪ ਨੇ ਸ਼ਾਦੀ ਕਰਾਈ ਪਰ ਸੁਪਤਨੀ ਛੇਤੀ ਹੀ ਸੁਰਗਵਾਸ ਹੋ ਗਈ, ਜਿਸ ਕਰਕੇ ਦੁਬਾਰਾ ਸ਼ਾਦੀ ਨਾ ਕਰਾਈ। ਸਿੰਘ ਸਭਾ ਲਹਿਰ ਵਿਚ ਆਪ ਜੀ ਨੇ ਵਧ ਚੜ੍ਹਕੇ ਹਿਸਾ ਲਿਆ। ਅਕਾਲੀ ਲਹਿਰ ਵਿਚ ਆਪ ਜੈਤੋ ਦੇ ਮੋਰਚੇ ਵਿਚ ਜਾਣ ਲਈ ਤਿਆਰ ਹੋਏ ਤਾਂ ਉਨ੍ਹਾਂ ਦਿਨਾਂ ਵਿਚ ਗਿੱਲਾਂ ਵਿਖੇ ਕਾਨਫਰੰਸ ਹੋਈ। ਆਪ ਇਸ ਕਾਨਫਰੰਸ ਦੇ ਲੰਗਰ ਦੇ ਜਥੇਦਾਰ ਸਨ। ਇਸ ਲਈ ਆਪ ਜੀ ਪਰ ਮੁਕਦਮਾ ਚਲਾ ਕੇ ਇਕ ਸਾਲ ਦੀ ਸਜ਼ਾ ਦਿਤੀ ਗਈ।

## ਭਾਈ ਭੋਲਾ ਸਿੰਘ ਜੀ ਜੋਧਪੁਰ

ਆਪ ਦਾ ਜਨਮ ਨਗਰ ਜੋਧਪੁਰ ਵਿਚ ਸ: ਭਾਨ ਸਿੰਘ ਜੀ ਦੇ ਘਰ ਮਾਤਾ ਸਦਾ ਕੌਰ ਦੀ ਕੁਖ

Digitized by Panjab Digital Library | www.panjabdigilib.org

ਤੋਂ ਹੋਇਆ। ਆਪ ਆਪਣੇ ਪਿੰਡ ਵਿਚੋਂ ਪਹਿਲੇ ਗੁਰਸਿਖ ਜਿਨ੍ਹਾਂ ਨੇ ਅੰਮ੍ਰਿਤਪਾਨ ਕਰਕੇ ਅਕਾਲੀ ਲਹਿਰ ਵਿਖ ਹਿਸਾ ਲੈਣਾ ਸ਼ੁਰੂ ਕੀਤਾ। ਸ੍ਰੀ ਮੁਕਤਸਰ ਸਾਹਿਬ ਜੈਤੋ ਗੰਗਸਰ ਤੇ ਸੰਗਰੂਰ ਮੋਰਚਿਆਂ ਵਿਚ ਆਪ ਨੇ ਬੜੀ ਦਲੇਰੀ ਨਾਲ ਹਿਸਾ ਲਿਆ। ਸੰਗਰੂਰ ਵਿਚ ਸ: ਸੇਵਾ ਸਿੰਘ ਜੀ ਠੀਕਰੀਵਾਲਾ ਨੇ ਮੋਰਚਾ ਲਗਾਇਆ ਸੀ।

## ਬਾਬਾ ਨਿਧਾਨ ਸਿੰਘ ਜੀ ਭੁੰਦੜ

ਆਪ ਜੀ ਦਾ ਜਨਮ ਪਿੰਡ ਭੁੰਦੜ ਵਿਚ ਸ: ਬਿਸ਼ਨ ਸਿੰਘ ਜੀ ਦੇ ਘਰ ਮਾਤਾ ਰਤਨ ਕੌਰ ਦੀ ਕੁਖ ਤੋਂ ਹੋਇਆ। ਆਪ ਜੈਤੋ ਦੇ ਸ਼ਹੀਦੀ ਜਥੇ ਵਿਚ ਗਏ ਅਤੇ ਨਾਭਾ ਬੀੜ ਵਿਚ ਬਹੁਤ ਸਾਰੀਆਂ ਸਖਤੀਆਂ ਸਹਾਰੀਆਂ। ਆਪ ਕਵੀ ਸਨ ਇਸ ਕਰਕੇ ਅਕਾਲੀ ਲਹਿਰ ਵਿਚ ਬੜੀਆਂ ਜੋਸ਼ੀਲੀਆਂ ਕਵਿਤਾਵਾਂ ਲਿਖਿਆ ਕਰਦੇ ਸਨ। ਆਪ ਜੀ ਨੇ ਗੁੰਬੀ ਬਬੇਕ ਨਾਮ ਦੀ ਇਕ ਪੁਸਤਕ ਭੀ ਲਿਖੀ ਹੈ।

## ਸ: ਕੁੰਢਾ ਸਿੰਘ ਪਿੰਡ ਫੂਲੇਵਾਲਾ

ਆਪਾ ਜੀ ਦਾ ਜਨਮ ਪਿੰਡ ਫੂਲੇਵਾਲਾ ਵਿਚ ਸ: ਜੈਮਲ ਸਿੰਘ ਜੀ ਦੇ ਘਰ ਮਾਤਾ ਜਿੰਦ ਕੌਰ ਦੀ ਕੁਖ ਤੋਂ ਹੋਇਆ। ਆਪ ਰਹਿਤ ਬਹਿਤ ਵਿਚ ਪੱਕੇ ਤੇ ਗੁਰਬਾਣੀ ਦੇ ਰਸੀਏ ਸਨ। ਆਪ ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ ਅਤੇ ਮਾਰ ਕੁਟਾਈ ਖਾਧੀ। ਜੈਤੋ ਦੇ ਮੋਰਚੇ ਵਿਚ ਭੀ ਆਪ ਜਥੇ ਨਾਲ ਗਏ ਤੇ ਬਾਵਲ ਕਾਂਟੀ ਵਿਚ ਛੱਡ ਦਿਤੇ ਗਏ। ਭਾਈ ਫੇਰੂ ਦੇ ਮੋਰਚੇ ਵਿਚ ਭੀ ਆਪ ਗਏ ਤੇ ਦੋ ਸਾਲ ਦੀ ਸਜ਼ਾ ਹੋ ਕੇ ਕੈਮਲ ਪੁਰ ਜੇਲ੍ਹ ਵਿਚ ਰਹੇ।

## ਭਾਃ ਹਰਦਿਤ ਸਿੰਘ ਜੀ ਮਨਸੂਰ

ਆਪ ਜੀ ਦਾ ਜਨਮ ਪਿੰਡ ਮਨਸੂਰ ਵਿਚ ਸ: ਭਗਵਾਨ ਸਿੰਘ ਜੀ ਦੇ ਘਰ ਮਾਤਾ ਧਰਮ ਕੌਰ ਦੀ ਕੁਖ ਤੋਂ ਹੋਇਆ। ਜਦ ਗੁਰਦੁਆਰਾ ਰਕਾਬ ਗੰਜ ਦੀ ਕੰਧ ਗਿਰਾਉਣ ਦਾ ਸਵਾਲ ਚਲਿਆ ਤਾਂ ਆਪ ਨੇ ਜਥੇ ਵਿਚ ਜਾਣ ਲਈ ਨਾਮ ਦਿਤਾ। ਗੁਰੂ ਕੇ ਬਾਗ ਦੇ ਮੋਰਚੇ ਵਿਚ ਆਪ ਨੇ ਕੁਟ ਸਹਾਰੀ ਤੇ ਇਕ ਸਾਲ ਲਾਹੌਰ ਸੈਂਟਰਲ ਜੇਲ੍ਹ ਵਿਚ ਕੈਦ ਕੱਟੀ। ਜੈਤੋ ਦੇ ਮੋਰਚੇ ਵਿਚ ਆਪ ਦੋ ਵੇਰ ਗਏ ਅਤੇ ਨਾਭੇ ਬੀੜ ਵਿਚ ਬਹੁਤ ਸਾਰੇ ਤਸੀਹੇ ਝਲੇ, ਸੁਲਾਹ ਹੋਣ ਪਰ ਆਪ ਵਾਪਸ ਆਏ।

## ਭਾਃ ਰਾਮ ਸਿੰਘ ਜੀ ਧਾਂਦਰਾ

ਆਪ ਜੀ ਦਾ ਜਨਮ ਪਿੰਡ ਧਾਂਦਰਾ ਵਿਚ ਸ: ਰੂੜ ਸਿੰਘ ਜੀ ਦੇ ਘਰ ਮਾਤਾ ਕ੍ਰਿਸ਼ਨ ਕੌਰ ਦੀ ਕੁਖ ਤੋਂ ੧੮੮੨ ਈ. ਵਿਚ ਹੋਇਆ। ਆਪ ਚੱਕ ਨੰ: ੯੯ ਲਾਇਲਪੁਰ ਵਲੋਂ ਪੰਜਵੇਂ ਸ਼ਹੀਦੀ ਜਥੇ ਵਿਚ ਸ਼ਾਮਲ ਹੋ ਕੇ ਗੁ: ਗੰਗ ਸਰ ਗਏ ਤੇ ਨਾਭੇ ਬੀੜ ਵਿਚ ਬਹੁਤ ਤਸੀਹੇ ਝੱਲੇ। ਆਪ ਮੋਰਚਾ ਫਤਿਹ ਹੋਣ ਪਰ ਹੀ ਵਾਪਸ ਆਏ। ਆਪ ਗੁਰਬਾਣੀ ਦੇ ਰਸੀਏ ਨਿਤਨੇਮੀ ਤੇ ਪ੍ਰੇਮੀ ਸਿੱਖ ਸਨ। ਗੁ: ਦਮਦਮਾ ਸਾਹਿਬ ਵਿਚ ਆਪ ਕਈ ਸਾਲ ਲੰਗਰ ਤੇ ਕੀਰਤਨ ਦੀ ਸੇਵਾ ਕਰਦੇ ਰਹੇ।

## ਭਾਃ ਜੋਗਿੰਦਰ ਸਿੰਘ ਜੀ ਧਾਂਦਰਾ

ਆਪ ਜੀ ਦੇ ਪਿਤਾ ਦਾ ਨਾਮ ਸ: ਬਿਸ਼ਨ ਸਿੰਘ ਤੇ ਮਾਤਾ ਦਾ ਨਾਮ ਬਚਿੰਤ ਕੌਰ ਹੈ। ਆਪ ਇਕ ਦਿਨ ਲੁਧਿਹਾਣੇ ਗਏ ਤਾਂ ਉਥੇ ਗੁਰਦੁਆਰਾ ਸੀਸ ਗੰਜ ਨੂੰ ਜਾਣ ਵਾਲਾ ਜਥਾ ਠਹਿਰਿਆ ਹੋਇਆ ਸੀ। ਆਪ ਪਰ ਪ੍ਰਚਾਰ ਦਾ ਬਹੁਤ ਅਸਰ ਹੋਇਆ। ਆਪ ਜੀ ਨੇ ਜਥੇਦਾਰ ਪਾਸੋਂ ਜਥੇ

Digitized by Panjab Digital Library | www.panjabdigilib.org

ਵਿਚ ਜਾਣ ਦੀ ਆਗਿਆ ਮੰਗੀ। ਜਥੇਦਾਰ ਸਾਹਿਬ ਨੇ ਕਿਹਾ ਅਕਾਲ ਤਖਤ ਤੋਂ ਆਗਿਆ ਲੈ ਕੇ ਆਉਣ ਵਾਲੇ ਸਿੰਘ ਹੀ ਜਥੇ ਵਿਚ ਜਾ ਸਕਦੇ ਹਨ। ਅਸੀਂ ਰਾਹ ਵਿਚੋਂ ਸ਼ਾਮਲ ਨਹੀਂ ਕਰ ਸਕਦੇ। ਆਪ ਜਾਖਲ ਆਦਿਕ ਦੇ ਰਸਤੇ ਸਿਧੇ ਦਿਲੀ ਪੁਜ ਗਏ ਤੇ ਉਥੇ ਫਿਰ ਜਥੇ ਨਾਲ ਜਾ ਮਿਲੇ, ਜਥੇਦਾਰ ਨੇ ਆਪ ਦਾ ਸਿਦਕ ਤੇ ਪ੍ਰੇਮ ਵੇਖਕੇ ਜਥੇ ਨਾਲ ਮਿਲਾ ਲਿਆ। ਦਿਲੀ ਵਿਚ ਅਖੰਡ ਪਾਠ ਦਾ ਭੋਗ ਪਾ ਕੇ ਜਥਾ ਵਾਪਸ ਲਾਹੌਰ ਆਇਆ ਤੇ ਇਥੇ ਆ ਕੇ ਵਦੇਸ਼ੀ ਮਾਲ ਤੇ ਪਿਕਟਿੰਗ ਲਗਾਂ ਕੇ ਗ੍ਰਿਫਤਾਰ ਹੋ ਗਿਆ। ਆਪ ਨੂੰ ਭੀ ਹੋਰ ਸਿੰਘਾਂ ਸਮੇਤ ਤਿੰਨ ਮਹੀਨੇ ਦੀ ਸਜ਼ਾ ਹੋਈ। ਜੇਲ੍ਹ ਵਿਚ ਆਪ ਜੀ ਨੂੰ ਪੁਠੀਆਂ ਹਥਕੜੀਆਂ ਲਾਉਣੀਆਂ ਤੇ ਹੋਰ ਸਖਤ ਮੁਸ਼ਕਤਾਂ ਦਿਤੀਆਂ ਗਈਆਂ। ਆਪ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ੫੦ ਰੁਪਏ ਇਨਾਮ ਤੇ ਸਿਰੋਪਾਉ ਮਿਲਿਆ।

## ਭਾਃ ਦਲੀਪ ਸਿੰਘ ਧਾਂਦਰਾ

ਆਪ ਜੀ ਦਾ ਜਨਮ ਸ: ਮੱਲ ਸਿੰਘ ਜੀ ਦੇ ਘਰ ਮਾਤਾ ਮਹਿਤਾਬ ਕੌਰ ਦੀ ਕੁਖ ਤੋਂ ੧੮੯੮ ਈ: ਨੂੰ ਹੋਇਆ। ਆਪ ਅੰਮ੍ਰਿਤ ਧਾਰੀ, ਨਿੱਤ ਨੇਮੀ ਤੇ ਬੜੇ ਸੂਝਵਾਨ ਗੁਰਸਿਖ ਸਨ। ਆਪ ਭਾਈ· ਫੇਰੂ ਦੇ ਮੋਰਚੇ ਵਿਚ ਗਏ ਤੇ ਅਟਕ ਜੇਲ੍ਹ ਵਿਚ ਕੈਦ ਕੱਟੀ। ਪਹਿਲਾਂ ਆਪ ਗੁਰੂ ਕੇ ਬਾਗ ਦੇ ਮੋਰਚੇ ਵਿਚ ਭੀ ਸੌ ਸਿੰਘਾਂ ਦੇ ਜੱਥੇ ਨਾਲ ਗਏ ਸਨ। ਆਪ ਕਾਫੀ ਅਰਸਾ ਚੱਕ ਨੰ: ੭੪ ਲਾਇਲ ਪੁਰ ਰਹੇ ਤੇ ਅੱਜ ਕਲ ਆਪ ਜੀ ਦਾ ਪ੍ਰਵਾਰ ਪਿੰਡ ਗਰਾੜਾ ਜਗਰਾਓਂ ਵਿਚ ਆਬਾਦ ਹੋਇਆ ਹੈ।

## ਸ੍ਹ ਸੇਵਾ ਸਿੰਘ ਢਪਾਲੀ

ਆਪ ਜੀ ਦਾ ਜਨਮ ਪਿੰਡ ਢਪਾਲੀ ਵਿਚ ਸ. ਕੁੰਦਾ ਸਿੰਘ ਜੀ ਦੇ ਘਰ ਮਾਤਾ ਪ੍ਰੇਮ ਕੌਰ ਦੀ ਕੁਖੋਂ ਹੋਇਆ। ਅਕਾਲੀ ਲਹਿਰ ਵਿਚ ਆਪ ਜੀ ਨੇ ਬਹੁਤ ਸ਼ਾਨਦਾਰ ਹਿੱਸਾ ਪਾਇਆ। ਪਹਿਲੇ ਆਪ ਜੈਤੋ ਦੇ ਮੋਰਚੇ ਵਿਚ ੧੫ ਸਿੰਘਾਂ ਦੇ ਜੱਥੇ ਨਾਲ ਗਏ ਬਾਵਲ ਕਾਂਟੀ ਲੈ ਜਾ ਕੇ ਛੱਡੇ ਗਏ। ਵਾਪਸ ਆ ਕੇ ਗੁਃ ਭਾਈ ਫੇਰੂ ਸਾਹਿਬ ਦੇ ਮੋਰਚੇ ਵਿਚ ਚਲੇ ਗਏ ਤੇ ਮੁਲਤਾਨ ਜੇਲ੍ਹ ਵਿਚ ਬਹੁਤ ਸਾਰੀਆਂ ਮੁਸੀਬਤਾਂ ਸਹਾਰੀਆਂ। ਮੁਲਤਾਨ ਜੇਲ੍ਹ ਤੋਂ ਰਿਹਾ ਹੋ ਕੇ ਆਉਂਦੇ ਹੀ ਆਪ ਸਤਾਰ੍ਹਵੇਂ ਜੱਥੇ ਵਿਚ ਭਰਤੀ ਹੋ ਕੇ ਗਏ। ਮੋਰਚਾ ਫਤਹਿ ਹੋਣ ਪਰ ਰਿਹਾ ਹੋ ਕੇ ਆਏ। ਪਿਛੋਂ ਭੀ ਅਕਾਲੀ ਲਹਿਰ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਰਹੇ।

## ਭਾ: ਸ਼ੇਰ ਸਿੰਘ ਜਥੇਦਾਰ ਢਪਾਲੀ

ਆਪ ਜੀ ਦਾ ਜਨਮ ਪਿੰਡ ਢਪਾਲੀ ਵਿਚ ਸ: ਨਿਧਾਨ ਸਿੰਘ ਜੀ ਦੇ ਘਰ ਹੋਇਆ। ਜੈਤੋ ਦੇ ਮੋਰਚੇ ਵਿਚ ਆਪ ੫੦੦ ਦੇ ਜਥੇ ਦੇ ਮੀਤ ਜਥੇਦਾਰ ਬਣ ਕੇ ਗਏ। ਜਥਾ ਪੁਜਣ ਪਰ ਮੋਰਚਾ ਫਤਹਿ ਹੋ ਗਿਆ ਤੇ ਆਪ ਅਖੰਡ ਪਾਠਾਂ ਦੇ ਭੋਗ ਪਾਉਣ ਤੋਂ ਪਿਛੋਂ ਵਾਪਸ ਆਏ।

## ਭਾਈ ਕਿਸ਼ਨ ਸਿਘ ਜੀ ਵੈਪਈ

ਆਪ ਜੀ ਦੇ ਪਿਤਾ ਦਾ ਨਾਮ ਸ: ਰਤਨ ਸਿੰਘ ਤੇ ਮਾਤਾ ਸਾਹਿਬ ਦੇਵੀ ਸੀ। ਬਚਪਨ ਵਿਚ ਆਪ ਜੀ ਨੇ ਕੇਵਲ ਗੁਰਮੁਖੀ ਵਿਦਿਆ ਪੜ੍ਹੀ। ਜ਼ਿਲਾ ਲਾਇਲਪੁਰ ਦੇ ਚੱਕ ਨੰ: ੨੦੯ ਵਲੋਂ ਜਥੇ ਵਿਚ ਭਰਤੀ ਹੋਕੇ ਆਪ ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ। ਜਦ ਇਹ ਜਥਾ ਗੁਰੂ ਕੇ ਬਾਗ ਦੇ

Digitized by Panjab Digital Library | www.panjabdigilib.org

ਨੇੜੇ ਪੁਜਿਆ ਤਾਂ ਪੁਲਸ ਵਾਲੇ ਆਪਣਾ ਕੈਂਪ ਉਖਾੜ ਕੇ ਲੈ ਗਏ ਸਨ ਤੇ ਮੋਰਚਾ ਫਤਹਿ ਹੋ ਗਿਆ। ਆਪ ਦਾ ਸੁਭਾ ਕਾਫੀ ਤੇਜ਼ ਸੀ ਪਰ ਗੁਰਸਿਖੀ ਵਿਚ ਦ੍ਰਿੜ ਰਹਿਣ ਦਾ ਪਕਾ ਵਿਸ਼ਵਾਸ ਸੀ।

## ਸਰਦਾਰ ਲਾਲ ਸਿੰਘ ਜੀ ਨੰਬਰਦਾਰ ਖਿਆਲੀ

ਆਪ ਜੀ ਦਾ ਜਨਮ ਸ: ਗੁਰਮੁਖ ਸਿੰਘ ਜੀ ਦੇ ਘਰ ਮਾਤਾ ਜੈ ਕੌਰ ਦੀ ਕੁਖ ਤੋਂ ਹੋਇਆ। ਆਪ ਕੌਮਾਗਾਟਾ ਮਾਰੂ ਜਹਾਜ਼ ਵਿਚੋਂ ਆਏ ਸਨ। ਇਸ ਕਰਕੇ ਸਰਕਾਰ ਨੇ ਆਪ ਦੀ ਨੰਬਰਦਾਰੀ ਜ਼ਬਤ ਕਰ ਲਈ ਸੀ। ਆਪ ਨੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਪੁਲਸ ਦੇ ਹਥੋਂ ਸਖਤ ਮਾਰ ਕੁਟਾਈ ਸਹਾਰੀ। ਸ੍ਰੀ ਮੁਕਤਸਰ ਦੇ ਮੋਰਚੇ ਵਿਚ ਭੀ ਆਪ ਜਥੇ ਨਾਲ ਗਏ। ਛਪਾਰ ਕਾਨਫਰੰਸ ਪਰ ਹਕੂਮਤ ਨੇ ਪਾਬੰਦੀਆਂ ਲਗਾ ਦਿਤੀਆਂ ਸਨ। ਆਪ ਨੇ ਉਨ੍ਹਾਂ ਦੀ ਕੋਈ ਪਰਵਾਹ ਨਾ ਕਰਦੇ ਹੋਏ ਬੜੀ ਨਿਰ-ਭੈਤਾ ਨਾਲ ਕੰਮ ਕੀਤਾ। ਸੰਗਰੂਰ ਦੇ ਮੋਰਚੇ ਵਿਚ ਆਪ ਨੇ ੫੦੦ ਸਿੰਘਾਂ ਦੇ ਜਥੇ ਦੇ ਖਜ਼ਾਨਚੀ ਦੀ ਡਿਊਟੀ ਨਿਭਾਈ।

## ਥਾਨੇਦਾਰ ਸੁਚਾ ਸਿੰਘ ਜੀ ਸ਼ਹੀਦ

ਆਪ ਜੀ ਦਾ ਜਨਮ ਪਿੰਡ ਰਬੋਂ ਵਿਚ ਸ: ਸੁੰਦਰ ਸਿੰਘ ਜੀ ਦੇ ਘਰ ਮਾਤਾ ਮਹਾਂ ਕੌਰ ਦੀ ਕੁਖ ਤੋਂ ੧੯੮੩ ਵਿਚ ਹੋਇਆ। ਆਪ ਨੇ ਸਕੂਲ ਵਿਚ ਵਿਦਿਆ ਪੜ੍ਹਕੇ ਥਾਨੇਦਾਰੀ ਦਾ ਕੋਰਸ ਕੀਤਾ ਤੇ ਥਾਨੇਦਾਰ ਲਗ ਗਏ। ਆਪ ਬਹੁਤ ਈਮਾਨਦਾਰ ਅਫਸਰ ਸਨ, ਇਸ ਕਰਕੇ ਪੁਲਸ ਦੇ ਸਾਰੇ ਮਹਿਕਮੇ ਨੂੰ ਚੰਗਾ ਨਹੀਂ ਸਮਝਦੇ ਸਨ। ਅਕਾਲੀ ਲਹਿਰ ਆਰੰਭ ਹੋਈ ਤਾਂ ਆਪ ਥਾਨੇਦਾਰੀ ਛਡ ਕੇ ਪਹਿਲੇ ਸ਼ਹੀਦੀ ਜਥੇ ਨਾਲ ਗੁਰਦਵਾਰਾ ਗੰਗਸਰ ਜੈਤੋ ਦੇ ਮੋਰਚੇ ਵਿਚ ਗਏ। ਆਪ ਦੇ ਜਥੇ ਪਰ ਗੋਲੀਆਂ ਦੀ ਵਰਖਾ ਹੋਈ ਤਾਂ ਆਪ ਦੇ ਪੱਟ ਵਿਚੋਂ ਗੋਲੀਆਂ ਨਿਕਲ ਗਈਆਂ ਤੇ ਆਪ ਸ਼ਹੀਦ ਹੋ ਗਏ! ਆਪ ਜੈਸੇ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਸਦਕਾ ਹੀ ਅਕਾਲੀ ਲਹਿਰ ਸਫਲ ਹੋਈ। ਆਪ ਦੇ ਵਿਚਾਰ ਬਹੁਤ ਚੰਗੇ ਸਨ ਤੇ ਆਪ ਦਾ ਆਚਰਨ ਉਚਾ ਸੁਚਾ ਸੀ।

## ਭਾਈ ਛੁਮਣ ਸਿੰਘ ਜੀ ਗਰੰਥੀ

ਆਪ ਜੀ ਦਾ ਜਨਮ ਨਗਰ ਰਬੋਂ ਵਿਚ ਸ: ਕਾਬਲ ਸਿੰਘ ਜੀ ਦੇ ਘਰ ਮਾਤਾ ਕਿਸ਼ਨ ਕੌਰ ਜੀ ਦੀ ਕੁਖ ਤੋਂ ੧੮੯੩ ਈ: ਵਿਚ ਹੋਇਆ। ੧੯੧੩ ਵਿਚ ਆਪ ਜੀ ੨੧ ਨੰਬਰ ਰਸਾਲੇ ਵਿਚ ਭਰਤੀ ਹੋ ਗਏ ਤੇ ਫ੍ਰਾਂਸ ਦੇ ਮੋਰਚੇ ਵਿਚ ਗਏ। ਆਪ ਨੇ ਉਸ ਸਮੇਂ ਟੋਪੀ ਲੈਣ ਤੋਂ ਇਨਕਾਰ ਕੀਤਾ। ੧੯੧੯ ਵਿਚ ਆਪ ਜੀ ਨੇ ੩੫ ਸਿੰਘਾਂ ਸਮੇਤ ਕ੍ਰਿਪਾਨ ਨਾ ਉਤਾਰਨ ਦਾ ਮੋਰਚਾ ਲਗਾਇਆ। ਰਸਾਲ ਦਾਰ ਮੇਜਰ ਕਾਬਲ ਸਿੰਘ ਜੀ ਨੇ ਭਾਈ ਛੁਮਣ ਸਿੰਘ ਜੀ ਪਰ ਬਹੁਤ ਜ਼ੋਰ ਪਾਇਆ। ਕਾਫੀ ਜੱਦੋ-ਜਹਿਦ ਹੋਈ ਪਰ ਆਪ ਡਟੇ ਰਹੇ ਤੇ ਕੇਵਲ ਤਿੰਨ ਸਾਥੀ ਬਾਕੀ ਰਹਿ ਗਏ। ਇਨ੍ਹਾਂ ਦਾ ਕੋਰਟ ਮਾਰਸ਼ਲ ਕੀਤਾ ਗਿਆ। ਜਿਹਲ ਵਿਚ ਆਪ ਜੀ ਨੇ ਭੁਖ ਹੜਤਾਲ ਕੀਤੀ।

Digitized by Panjab Digital Library | www.panjabdigilib.org

ਆਪ ਜੀ ਦੀ ਸੇਹਤ ਬਹੁਤ ਕਮਜ਼ੋਰ ਹੋ ਗਈ। ਡਾਕਟਰ ਭੀ ਆਪ ਜੀ ਨੂੰ ਜਵਾਬ ਦੇ ਗਏ। 'ਪ੍ਰਤਾਪ' ਅਲਾਹਾਬਾਦ ਦਾ ਐਡੀਟਰ ਆਪ ਜੀ ਦੀ ਖਬਰ ਲੈਣ ਗਿਆ ਤੇ ਉਸ ਨੇ ਅਖਬਾਰਾਂ ਵਿਚ ਪ੍ਰਕਾਸ਼ਤ ਕੀਤਾ ਕਿ ਤਿੰਨਾਂ ਸਿੰਘਾਂ ਦੀ ਹਾਲਤ ਖਰਾਬ ਹੈ। ਇਧਰ ਪੰਚ ਖਾਲਸਾ ਦੀਵਾਨ ਨੂੰ ਪਤਾ ਲਗਿਆ ਤਾਂ ਗਿ: ਲਾਲ ਸਿੰਘ ਜੀ ਤੇ ਸ: ਜੰਗ ਸਿੰਘ ਜੀ ਆਪ ਦੀ ਖਬਰ ਲੈਣ ਲਈ ਗਏ। ਸ਼੍ਰੋ: ਕਮੇਟੀ ਤੇ ਪੰਚ ਖਾਲਸਾ ਦੀਵਾਨ ਨੇ ਕਮਾਂਡਿੰਗ ਇੰਨਚੀਫ ਨੂੰ ਤਾਰਾਂ ਦਿਤੀਆਂ। ਇਸ ਪਰ ਫੌਜ ਵਿਚੋਂ ਕ੍ਰਿਪਾਨ ਦੇ ਮੋਰਚੇ ਵਾਲੇ ਸਿੰਘਾਂ ਨੂੰ ਬਾਰਾਂ ਪਥਰ ਕਰ ਦਿਤਾ ਗਿਆ।

ਪਿਛੋਂ ਆਪ ਜੀ ਨੇ ਅਕਾਲੀ ਲਹਿਰ ਵਿਚ ਵਧ ਚੜ੍ਹਕੇ ਹਿਸਾ ਲਿਆ। ਇਕ ਹੋਰ ਕੇਸ ਵਿਚ ਆਪ ਨੂੰ ੬ ਮਹੀਨੇ ਸਜ਼ਾ ਹੋਈ। ੧੯੨੩ ਵਿਚ ਆਪ ਗੁਰੂ ਕੇ ਬਾਗ ਦੇ ਮੋਰਚੇ ਵਿਚ ਭੀ ਗਏ। ੧੧ ਮਹੀਨੇ ਕੈਦ ਕਟੀ। ਵਾਪਸ ਆਕੇ ੧੦ ਸਾਲ ਤੱਕ ਗੁ: ਲਲਤੋਂ ਕਲਾਂ ਦੀ ਸੇਵਾ ਕਰਦੇ ਰਹੇ।

## ਤਹਿਸੀਲ ਲੁਧਿਆਣਾ ਦੇ ਹੋਰ ਸੂਰਬੀਰਾਂ ਦੇ ਨਾਮ

ਭਾਈ ਗੁਜਰ ਸਿੰਘ ਪਿਤਾ ਸਰਣ ਸਿੰਘ ਪਿੰਡ ਖਿਆਲੀ ਆਪ ਜੀ ਮੋਰਚੇ ਵਿਚ ਗਏ।

ਭਾਈ ਰਾਮ ਸਿੰਘ ਪਿਤਾ ਨੰਦ ਸਿੰਘ ਮਾਤਾ ਮਤਾਬ ਕੌਰ ਪਿੰਡ ਖਿਆਲੀ ਆਪ ਜੀ ਮੋਰਚੇ ਵਿਚ ਗਏ।

ਭਾਈ ਸ਼ਾਮ ਸਿੰਘ ਪਿਤਾ ਸ: ਕਾਹਨ ਸਿੰਘ ਪਿੰਡ ਖਿਆਲੀ ਆਪ ਜੀ ਮੋਰਚੇ ਵਿਚ ਗਏ।

ਭਾਈ ਰਾਮ ਸਿੰਘ ਪਿਤਾ ਸ: ਪ੍ਰਤਾਪ ਸਿੰਘ ਮਾਤਾ ਮਤਾਬ ਕੌਰ ਪਿੰਡ ਖਿਆਲੀ। ਆਪ ਜੀ ਮੋਰਚੇ ਵਿਚ ਗਏ।

ਨੰਬਰਦਾਰ ਲਾਲ ਸਿੰਘ ਪਿਤਾ ਸ: ਗੁਰਮੁਖ ਸਿੰਘ ਮਾਤਾ ਜੈ ਕੌਰ ਪਿੰਡ ਖਿਆਲੀ ਆਪ ਜੀ ਮੋਰਚਾ ਪਿੰਡ ਹੇਮ, ਮੋਰਚਾ ਮੇਲਾ ਛਪਾਰ, ਮੋਰਚਾ ਸੰਗਰੂਰ, ਮੋਰਚਾ ਗੁਰੂ ਕੇ ਬਾਗ ਵਿਚ ਗਏ ਕੋਮਾਗਾਟਾ ਮਾਰੂ ਜਹਾਜ਼ ਵਿਚ ਵੀ ਹਿਸਾ ਲਿਆ ਤੇ ਨੰਬਰਦਾਰੀ ਜ਼ਬਤ ਹੋਈ।

Digitized by Panjab Digital Library | www.panjabdigilib.org

ਭਾਈ ਬਖਤਾਵਰ ਸਿੰਘ ਪਿਤਾ ਕਾਹਨ ਸਿੰਘ ਮਾਤਾ ਮਾਨ ਕੌਰ ਪਿੰਡ ਖਿਆਲੀ ਆਪ ਜੀ ਮੋਰਚਾ ਭਾਈ ਫੇਰੂ ਵਿਚ ਗਏ ਤੇ ਛਡ ਦਿਤੇ ਗਏ।

ਭਾਈ ਪਰੇਮ ਸਿੰਘ ਪਿਤਾ ਧਰਮ ਸਿੰਘ ਪਿੰਡ ਖੱਟੜੇ (ਤਹਿਸੀਲ ਲੁਧਿਆਣਾ) ਆਪ ਜੀ ਭਾਈ ਫੇਰੂ ਦੇ ਮੋਰਚੇ ਸਮੇਂ ਜਥਾ ਨੰਬਰ ੧੧ ਵਿਚ ਗ੍ਰਿਫਤਾਰ ਹੋਏ।

ਭਾਈ ਸਾਹਿਬ ਸਿੰਘ ਪਿਤਾ ਜਃ ਜੇਮਲ ਸਿੰਘ ਜੀ ਪਿੰਡ ਖੱਟੜੇ (ਤਹਿਸੀਲ ਲੁਧਿਆਣਾ) ਆਪ ਜੀ ਜੈਤੋ ਦੇ ਮੋਰਚੇ ਵਿਚ ਗਏ।

ਭਾਈ ਇੰਦਰ ਸਿੰਘ ਪਿਤਾ ਸ: ਫੁਮਣ ਸਿੰਘ ਮਾਤਾ ਜੈ ਕੌਰ ਪਿੰਡ ਖਟੜੇ (ਚੁਹਤਮ) ਆਪ ਮੋਰਚਾ ਭਾਈ ਫੇਰੂ ਦੇ ਵੇਰ ਗਏ ਤੇ ਮੁਲਤਾਨ ਜੇਲ੍ਹ ਵਿਚ ਦੋ ਮਹੀਨੇ ਕਟੇ।

ਭਾਈ ਕਿਸ਼ਨ ਸਿੰਘ ਪਿਤਾ ਸ: ਵਸਾਵਾ ਸਿੰਘ ਮਾਤਾ ਚੰਦਾਂ ਪਿੰਡ ਖਟੜੇ ਆਪ ਜੀ ਮੋਰਚਾ ਭਾਈ ਫੇਰੂ ਵਿਚ ਗਏ ਤੇ ਮੁਲਤਾਨ ਜੇਲ੍ਹ ਵਿਚ ਦੋ ਮਹੀਨੇ ਕੈਦ ਕਟੀ।

ਭਾਈ ਕੇਹਰ ਸਿੰਘ ਪਿਤਾ ਭਾਃ ਦਯਾ ਰਾਮ ਪਿੰਡ ਖਟੜੇ ਆਪ ਜੀ ਮੋਰਚਾ ਭਾਈ ਫੇਰੂ ਵਿਚ ਗਏ ਤੇ ਮੁਲਤਾਨ ਜੇਲ੍ਹ ਵਿਚ ਦੋ ਮਹੀਨੇ ਕਟੇ।

ਭਾਈ ਕਰਤਾਰ ਸਿੰਘ ਪਿਤਾ ਸ: ਕੇਹਰ ਸਿੰਘ ਮਾਤਾ ਰਤਨ ਕੌਰ ਪਿੰਡ ਖਟੜੇ ਆਪ ਜੀ ਮੋਰਚਾ ਜੈਤੋ ਵਿਚ ਗਏ ਤੇ ੩ ਮਹੀਨੇ ਕੈਦ ਕਟ ਕੇ ਰਿਹਾ ਹੋਏ।

ਭਾਈ ਮੰਗਲ ਸਿੰਘ ਪਿਤਾ ਸ: ਰਾਮ ਸਿੰਘ ਜੀ ਮਾਤਾ ਨੰਦਾਂ ਪਿੰਡ ਖਟੜੇ ਆਪ ਜੀ ਮੋਰਚਾ ਜੈਤੋ ਵਿਚ ਗਏ, ਡੇਢ ਸਾਲ ਨਾਭਾ ਬੀੜ ਵਿਚ ਰਹੇ। ਜੋ ਮੋਰਚਾ ਫਤਹਿ ਹੋਣ ਤੇ ਘਰ ਆਏ।

ਭਾਈ ਪੂਰਨ ਸਿੰਘ ਪਿਤਾ ਸ: ਮਲ ਸਿੰਘ ਪਿੰਡ ਖਟੜੇ ਆਪ ਜੀ ਮੋਰਚਾ ਜੈਤੋ ਵਿਚ ਗਏ ਅਤੇ ਮੋਰਚਾ ਫਤਹਿ ਹੋਣ ਤਕ ਨਾਭਾ ਬੀੜ ਵਿਚ ਰਹੇ।

ਭਾਈ ਭੇਰਮਾ ਸਿੰਘ ਪਿਤਾ ਬੀਰਬਲ ਸਿੰਘ ਪਿੰਡ ਖਟੜਾ ਆਪ ਜੀ ਮੋਰਚਾ ਜੈਤੋ ਵਿਚ ਗਏ ਅਤੇ ਮੋਰਚਾ ਫਤਹਿ ਹੋਣ ਤਕ ਨਾਭਾ ਬੀੜ ਵਿਚ ਕੈਦ ਰਹੇ।

ਭਾਈ ਸੋਹਣ ਸਿੰਘ ਪਿਤਾ ਸ: ਭੋਲਾ ਸਿੰਘ ਪਿੰਡ ਖੇੜਾ ਆਪ ਜੀ ਮੋਰਚਾ ਨਨਕਾਣਾ ਸਾਹਿਬ, ਜੈਤੋ ਗਏ ਅਤੇ ਬਾਬਲਕਾਂਟੀ ਛਡੇ ਗਏ।

ਭਾਈ ਆਸਾ ਸਿੰਘ ਪਿਤਾ ਸ: ਕ੍ਰਿਪਾ ਸਿੰਘ ਮਾਤਾ ਜੀਵੀ ਪਿੰਡ ਖੇੜਾ ਆਪ ਜੀ ਨੇ ਮੋਰਚਾ ਭਾਈ ਫੇਰੂ ਵਿਚ ਦੋ ਮਹੀਨੇ ਕੈਦ ਕਟੀ।

ਭਾਈ ਚਰਨ ਸਿੰਘ ਪਿਤਾ ਸ: ਭੋਲਾ ਸਿੰਘ ਮਾਤਾ ਮਤਾਬ ਕੌਰ ਪਿੰਡ ਖੇੜਾ ਆਪ ਜੀ ਮੋਰਚਾ ਭਾਈ ਫੇਰੂ ਵਿਚ ਦੋ ਸਾਲ ਮੁਲਤਾਨ ਜੇਲ ਵਿਚ ਰਹੇ।

ਭਾਈ ਚਤਰ ਸਿੰਘ ਪਿਤਾ ਸ: ਕਰਮ ਸਿੰਘ ਮਾਤਾ ਚੰਦ ਕੌਰ ਪਿੰਡ ਖੇੜਾ ਆਪ ਜੀ ਮੋਰਚਾ ਭਾਈ ਫੇਰੂ ਸਮੇਂ ਦੋ ਮਹੀਨੇ ਮੁਲਤਾਨ ਜੇਲ੍ਹ ਵਿਚ ਕਟੇ।

ਭਾਈ ਵੀਰ ਸਿੰਘ ਪਿਤਾ ਸ: ਕਰਮ ਸਿੰਘ ਮਾਤਾ ਚੰਦੋ ਪਿੰਡ ਖੇੜਾ ਆਪ ਜੀ ਮੋਰਚਾ ਨਨਕਾਣਾ ਸਾਹਿਬ ਗਏ ਤੇ ਕਾਫੀ ਚਿਰ ਸੇਵਾ ਕੀਤੀ।

ਭਾਈ ਪ੍ਰਤਾਪ ਸਿੰਘ ਪਿਤਾ ਸ: ਫੂਲਾ ਸਿੰਘ ਮਾਤਾ ਅਤਰੀ ਪਿੰਡ ਖੇੜਾ ਆਪ ਜੀ ਮੋਰਚਾ ਨਨਕਾਣਾ ਸਾਹਿਬ ਗਏ ਤੇ ਕਾਫੀ ਚਿਰ ਸੇਵਾ ਕੀਤੀ।

ਭਾਈ ਕ੍ਰਿਪਾ ਸਿੰਘ ਪਿਤਾ ਸ: ਸਾਹਿਬ ਸਿੰਘ ਮਾਤਾ ਸਾਹਿਬ ਕੌਰ ਪਿੰਡ ਖੇੜਾ ਆਪ ਜੀ ਮੋਰਚਾ ਮੁਕਤਸਰ ਤੇ ਗਏ।

Digitized by Panjab Digital Library | www.panjabdigilib.org

ਭਾਈ ਬੰਤਾ ਸਿੰਘ ਪਿਤਾ ਸ: ਵੀਰ ਸਿੰਘ ਪਿੰਡ ਖੇੜਾ ਆਪ ਮੋਰਚਾ ਮੁਕਤਸਰ ਤੇ ਗਏ।

ਭਾ: ਗੰਡਾ ਸਿੰਘ ਪਿਤਾ ਸ: ਰਣ ਸਿੰਘ ਪਿੰਡ ਰੱਬੋ ਆਪ ਮੋਰਚਾ ਭਾਈ ਫੇਰੂ ਵਿਚ ਗਏ ਅਤੇ ੩ ਮਹੀਨੇ ਕੈਦ ਕੱਟੀ।

ਸ: ਦੇਵਾ ਸਿੰਘ ਪਿੰਡ ਰਬੋਂ ਆਪ ਨੇ ਫੌਜ਼ ਵਿਚ ਕ੍ਰਿਪਾਨ ਬਾਰੇ ਭੁਖਹੜਤਾਲ ਕੀਤੀ ਸਮੇਤ ਮੁਸਕੱਤ ਅਤੇ ਫਿਰ ੨੫ ਵੇਂ ਦਿਨ ਤਕ ਬਿਨਾ ਮੁਸ਼ਕਤ ਭੁੱਖਹੜਤਾਲ ਅਤੇ ਨਾਊਂ ਕੱਟਿਆ ਗਿਆ। ੬੫ ਰੁ: ਪੈਨਸ਼ਨ ਮਿਲੀ, ਜੋ ਠੁਕਰਾ ਦਿੱਤੀ। (੨) ਮਲੌਦੀਏ ਸਰਦਾਰ ਵਲੋਂ ਕ੍ਰਿਪਾਨ ਬਾਰੇ ੬ ਮਹੀਨੇ ਕੈਦ ਕੱਟੀ ਤੇ ੫੦ ਰੁ: ਜੁਰਮਾਨੇ ਦੀ ਸਜ਼ਾ ਹੋਈ ਅਤੇ ਅਪੀਲ ਵਿਚ ਤਿੰਨ ਮਹੀਨੇ ਬਾਦ ਬਰੀ ਹੋਏ ਕ੍ਰਿਪਾਨ ਹਾਈ ਕੋਰਟ ਵਲੋਂ ਖੁਲ ਗਈ।

ਭਾਈ ਕਿਸ਼ਨ ਸਿੰਘ ਪਿਤਾ ਅਤਰ ਸਿੰਘ ਮਾਤਾ ਚੰਦ ਕੌਰ ਪਿੰਡ ਰਬੋਂ ਆਪ ਦੋਵੇ ਮੋਰਚਾ ਜੈਤੋ ਵਿਚ ਗਏ। (੧) ਨੌਵੇਂ ਸ਼ਹੀਦੀ ਜੱਥੇ ਵਿਚ ਮਾਰਕੁਟਾਈ ਕਰਕੇ ਕੱਢੇ ਗਏ। (੨) ੧੬ ਵੇਂ ਸ਼ਹੀਦੀ ਜੱਥੇ ਵਿਚ ਮੋਰਚਾ ਫਤਹਿ ਹੋਣ ਤਕ ਕੈਦ ਰਹੇ।

ਈਸ਼ਰ ਸਿੰਘ ਪਿਤਾ ਸ: ਧਰਮ ਸਿੰਘ ਮਾਤਾ ਗੁਜਰੀ ਪਿੰਡ ਰਬੋਂ ਆਪ ਮੋਰਚਾ ਭਾਈ ਫੇਰੂ ਵਿਚ ਗਏ ਅਤੇ ਦੋ ਸਾਲ ਕੈਦ ਕੱਟੀ ਅਤੇ ੫੦੦ ਰੁ: ਜੁਰਮਾਨਾ ਹੋਇਆ।

ਭਾਈ ਜਗਤ ਸਿੰਘ ਪਿਤਾ ਬੁਕਣ ਸਿੰਘ ਮਾਤਾ ਰਾਮ ਕੌਰ ਪਿੰਡ ਉੱਚੀ ਰਬੋਂ ਤਹਿਸੀਲ ਲੁਧਿਆਣਾ ਦੋਵੇਂ ਮੋਰਚਾ ਜੈਤੋ ਵਿਚ ਜੱਥੇਦਾਰ ਦੀ ਹੈਸੀਅਤ ਵਿਚ ੨੫ ਸਿੰਘਾਂ ਦੇ ਜੱਥੇ ਨਾਲ ਗਏ ਅਤੇ ਬਾਬਲ ਕਾਂਟੀ ਲਿਜਾਕੇ ਛੱਡੇ ਜਾਂਦੇ ਰਹੇ। ਆਪ ਨੇ ਗੁਰਦੁਆਰੇ ਨੂੰ ਢਾਈ ਬਿਘੇ ਜ਼ਮੀਨ ਦੇਕੇ ਗੁਰਦੁਆਰਾ ਪੁਆਇਆ। ਇਕ ਬਿਘਾ ਜ਼ਮੀਨ ਭਾ: ਬਿਸ਼ਨ ਸਿੰਘ ਸਪੁਤ੍ਰ ਸ: ਖਜ਼ਾਨ ਸਿੰਘ ਨੇ ਦਿਤੀ।

ਗੁੰਬੀ ਰਾਮ ਸਿੰਘ ਪਿਤਾ ਬਮਣ ਸਿੰਘ ਮਾਤਾ ਪ੍ਰਤਾਪ ਕੌਰ ਪਿੰਡ ਉੱਚੀ ਰਬੋਂ ਆਪ ਨੇ ਹੇਹਰਾਂ ਦੇ ਮੋਰਚੇ ਵਿਚ ਨਿਧੜਕ ਹੋਕੇ ਪਹਿਰਾ ਦਿਤਾ। ਅੰਗ੍ਰੇਜ਼ ਅਫਸਰ ਨੂੰ ਧੱਕੇ ਮਾਰਕੇ ਬਾਹਰ ਕੱਢਿਆ ਅਤੇ ਅਖੀਰ ਵਿਚ ਮੋਰਚਾ ਫਤਹਿ ਕੀਤਾ।

ਭਾ: ਗੁਰਭਜਨ ਸਿੰਘ ਪਿਤਾ ਆਤਮਾ ਸਿੰਘ ਪਿੰਡ ਕਿਸ਼ਨ ਗੜ੍ਹ ਆਪ ਜੈਤੋ ਦੇ ਮੋਰਚੇ ਵਿਚ ਜੱਥਾ ਨੰਬਰ ੧੧ ਵਿਚ ਗ੍ਰਿਫਤਾਰ ਹੋਏ।

ਭਾਈ ਭਜਨ ਸਿੰਘ ਪਿਤਾ ਸ: ਹਰਨਾਮ ਸਿੰਘ ਮਾਤਾ ਬਿਸ਼ਨ ਕੌਰ ਪਿੰਡ ਵਡੀਬੇਰ ਆਪ ਮੋਰਚਾ ਜੈਤੋ ਵਿਚ ਬਾਬਲ ਕਾਂਟੀ ਛੱਡੇ ਗਏ। ਆਪ ਨੇ ਮੋਰਚਾ ਭਾਈ ਫੇਰੂ ਵਿਚ ਮੁਲਤਾਨ ਸੈਂਟ੍ਰਲ ਜੇਲ੍ਹ ਵਿਚ ਇਕ ਮਹੀਨੇ ਦੀ ਕੈਦ ਕੱਟੀ ਅਤੇ ੨੦੦ ਰੁ: ਜੁਰਮਾਨਾ ਹੋਇਆ।

ਭਾਈ ਜੀਊਣ ਸਿੰਘ ਉਰਫ ਬਿਹਾਰ ਸਿੰਘ ਪਿਤਾ ਸ: ਮਲ ਸਿੰਘ ਵਡੀਬੇਰ ਆਪ ਮੋਰਚਾ ਜੈਤੋ ਵਿਚ ਬਾਬਲਕਾਂਟੀ ਜਾਕੇ ਛੱਡੇ ਗਏ ਅਤੇ ਆਪ ਭਾਈ ਫੇਰੂ ਮੋਰਚੇ ਤੇ ਭੀ ਗਏ।

ਮਹਿਮਾ ਸਿੰਘ ਪਿਤਾ ਸ: ਸਮੁੰਦ ਸਿੰਘ ਵਡੀਬੇਰ ਆਪ ਭਾਈ ਫੇਰੂ ਦੇ ਮੋਰਚੇ ਵਿਚ ਬਹਿਸ ਹੋਣ ਦੇ ਕਾਰਨ ਛੱਡੇ ਗਏ।

ਭਾ: ਉਜਾਗਰ ਸਿੰਘ ਪਿਤਾ ਸ: ਪੋਲੋ ਸਿੰਘ ਮਾਤਾ ਬਿਸ਼ਨ ਕੌਰ ਪਿੰਡ ਕਨੇਚ ਆਪ ਜੀ ਨੂੰ ਮੋਰਚਾ ਜੈਤੋ ਦੇ ੧੧ਵੇਂ ਸ਼ਹੀਦੀ ਜਥੇ ਵਿਚ ਇਕ ਸਾਲ ਨਾਭਾ ਬੀੜ ਵਿਚ ਕੈਦ ਹੋਈ।

Digitized by Panjab Digital Library | www.panjabdigilib.org

ਗਿਆਨੀ ਇੰਦਰ ਸਿੰਘ ਪਿਤਾ ਸ: ਦੇਵਾ ਸਿੰਘ ਮਾਤਾ ਬਿਸ਼ਨ ਕੌਰ ਪਿੰਡ ਡੇਹਲੋਂ (੧) ਸੰਨ ੧੯੨੪ ਈਸਵੀ ਵਿਚ ੧੪ ਸਾਲ ਦੀ ਉਮਰ ਵਿਚ ਭਾਈ ਫੇਰੂ ਦੇ ਮੋਰਚੇ ਤੇ ਗਏ, ਛੋਟੀ ਉਮਰ ਕਰਕੇ ਆਪ ਨੂੰ ਛਡ ਦਿਤਾ ਗਿਆ। (੨) ੧੯੨੯ ਵਿਚ ਬਾਬਾ ਖੜਕ ਸਿੰਘ ਨਾਲ ਦੌਰਾ ਕਰਕੇ ਦਸਾਂ ਤਹਿਸੀਲਾਂ ਵਿਚ ਦੀਵਾਨ ਕਰਾਏ ਤੇ ਉਥੋਂ ਪਕੜੇ ਗਏ, ਆਪ ਨੂੰ ੯ ਮਹੀਨੇ ਦੀ ਸਜ਼ਾ ਹੋਈ। (੩) ਫਿਰ ਆਪ ਵਾਇਸ ਰਾਏ ਨਾਲ ਮੁਲਾਕਾਤ ਕਰਨ ਗਏ, ਉਥੇ ਆਪ ਪਕੜੇ ਗਏ ਤੇ ਦੋ ਮਹੀਨੇ ਕਚੀ ਜੇਲ੍ਹ ਦੀ ਕੈਦ ਹੋਈ। (੪) ਮੋਰਚਾ ਸੰਗਰੂਰ ਵਿਚ ਚਾਰ ਮਹੀਨੇ ਕਚੀ ਜੇਲ੍ਹ ਦੀ ਸਜ਼ਾ ਹੋਈ। (੫) ੧੯੩੩ ਵਿਚ ਪਟਿਆਲੇ ਦੇ ਮੋਰਚੇ ਵਿਚ ੬ ਮਹੀਨੇ ਕੈਦ !

ਗਿਆਨੀ ਸਰਮੁਖ ਸਿੰਘ ਪਿਤਾ ਸ: ਭਗਵਾਨ ਸਿੰਘ ਮਾਤਾ ਰਾਇ ਕੌਰ ਪਿੰਡ ਹਸਨ ਪੁਰ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਮੋਰਚਾ ਫਤਿਹ ਹੋਣ ਤਕ ਨਾਭਾ ਬੀੜ ਵਿਚ ਕੈਦ ਰਹੇ।

ਗਿਆਨੀ ਜਗਤ ਸਿੰਘ ਜ਼ਥੇਦਾਰ ਪਿਤਾ ਸ: ਫਤਿਹ ਸਿੰਘ ਪਿੰਡ ਧਰੌੜ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਮੋਰਚਾ ਫਤਿਹ ਹੋਣ ਤਕ ਨਾਭਾ ਬੀੜ ਵਿਚ ਕੈਦ ਰਹੇ।

ਗਿਆਨੀ ਕੇਹਰ ਸਿੰਘ ਪਿਤਾ ਸ: ਮੁਨਸ਼ਾ ਸਿੰਘ ਮਾਤਾ ਮਾਨ ਕੌਰ ਪਿੰਡ ਧਰੌੜ ਆਪ ਜੈਤੇ ਦੇ ਮੋਰਚੇ ਵਿਚ ਗਏ ਤੇ ਮੋਰਚਾ ਫਤਿਹ ਹੋਣ ਤਕ ਨਾਭਾ ਬੀੜ ਵਿਚ ਕੈਦ ਰਹੇ ।

ਗਿਆਨੀ ਇੰਦਰ ਸਿੰਘ ਪਿੰਡ ਧਰੌੜ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਮੋਰਚਾ ਫਤਹਿ ਹੋਣ ਤਕ ਨਾਭਾ ਬੀੜ ਵਿਚ ਕੈਦ ਰਹੇ ।

ਗਿ: ਬਖਸ਼ੀਸ਼ ਸਿੰਘ ਪਿਤਾ ਸ: ਵਿਸਾਵਾ ਸਿੰਘ ਪਿੰਡ ਧਰੌੜ ਆਪ ਮੋਰਚਾ ਜੈਤੋ ਸਮੇਂ ਕਾਫੀ ਚਿਰ ਨਾਭਾ ਬੀੜ ਦੀ ਜੇਲ੍ਹ ਵਿਚ ਰਹੇ ।

ਗਿ: ਗੁਰਮੁਖ ਸਿੰਘ ਪਿਤਾ ਸ: ਜੈਮਲ ਸਿੰਘ ਪਿੰਡ ਧਰੌੜ ਆਪ ਮੋਰਚਾ ਜੈਤੋ ਸਮੇਂ ਕਾਫੀ ਚਿਰ ਨਾਭਾ ਬੀੜ ਦੀ ਜੇਲ੍ਹ ਵਿਚ ਰਹੇ ।

ਗਿ: ਜੋਗਿੰਦਰ ਸਿੰਘ ਪਿੰਡ ਭਾਗ ਪੁਰਾ ਆਪ ਨੇ ਮੋਰਚਾ ਜੈਤੋ ਸਮੇਂ ਨਾਭਾ ਬੀੜ ਜੇਲ੍ਹ ਵਿਚ ਦੋ ਸਾਲ ਕੈਦ ਕਟੀ ।

ਗਿ: ਬਖਸ਼ੀ ਸਿੰਘ ਗੁੰਬੀ ਪਿਤਾ ਸ: ਹਜ਼ਾਰਾ ਸਿੰਘ ਮਾਤਾ ਰਾਮ ਕੌਰ ਪਿੰਡ ਪੱਖੋਵਾਲ ਆਪ ਮੋਰਚਾ ਜੈਤੋ ਸਮੇਂ ਬਾਬਲ ਕਾਂਟੀ ਜਾ ਕੇ ਛਡੇ ਗਏ, ਮੋਰਚਾ ਦਿਲੀ ਸਮੇਂ ੨੫ ਸਿੰਘਾਂ ਦਾ ਜਥਾ ਲੈ ਕੇ ਪਾਬੰਦੀ ਤੋੜੀ।

ਗਿ: ਜੋਗਿੰਦਰ ਸਿੰਘ ਪਿਤਾ ਸ: ਰਾਮ ਸਿੰਘ ਮਾਈ ਰਾਏ ਕੌਰ ਪਿੰਡ ਪਖੋਵਾਲ ਆਪ ਮੋਰਦਾ ਜੈਤੋ ਵਿਚ ਦੋ ਵੇਰ ਗਏ ।

ਗਿ: ਰੁਲੀਆ ਸਿੰਘ ਪਿਤਾ ਸ: ਗਣੇਸ਼ਾ ਸਿੰਘ ਪਿੰਡ ਪਖੋਵਾਲ ਆਪ ਮੋਰਚਾ ਜੈਤੋ ਦੇ ੧੧ਵੇਂ ਜਥੇ ਨਾਲ ਏਨੀ ਮਾਰ ਖਾਧੀ ਕਿ ਅਠ ਦਿਨ ਮੂਧੇ ਪਏ ਰਹੇ। ਉਪਰੰਤ ਮੋਰਚਾ ਫਤਿਹ ਹੋਣ ਤਕ ਨਾਭਾ ਬੀੜ ਵਿਚ ਕੈਦ ਰਹੇ।

ਗਿਆਨੀ ਸੋਹਣ ਸਿੰਘ ਪਿਤਾ ਸ: ਗੁਪਾਲ ਸਿੰਘ ਮਾਤਾ ਭੋਲੀ ਪਿੰਡ ਪਖੋਵਾਲ ਆਪ ਨੇ ਮੋਰਚਾ ਜੈਤੋ ਵਿਚ ੧੧ਵੇਂ ਜਥੇ ਨਾਲ ਮੋਰਚਾ ਫਤਿਹ ਹੋਣ ਤਕ ਨਾਭਾ ਬੀੜ ਵਿਚ ਕੈਦ ਕਟੀ।

ਭਾਈ ਦੌਲਤ ਸਿੰਘ ਪਿਤਾ ਸ; ਮੁਨਸ਼ਾ ਸਿੰਘ ਮਾਤਾ ਕਰਮ ਕੌਰ ਪਿੰਡ ਗਿਲ ਆਪ ਨੇ ਮੋਰਚਾ ਭਾਈ ਫੇਰੂ ਵਿਚ ਦੋ ਸਾਲ ਕੈਦ ਕਟੀ।

Digitized by Panjab Digital Library | www.panjabdigilib.org

ਭਾ: ਭੰਤਾ ਸਿੰਘ ਪਿਤਾ ਫੌਜਦਾਰਾ ਸਿੰਘ ਪਿੰਡ ਗਿਲ ਆਪ ਨੇ ਮੋਰਚਾ ਜੈਤੋ ਸਮੇਂ ਨਾਭਾ ਬੀੜ ਵਿਚ ਡੇਢ ਸਾਲ ਕੈਦ ਕਟੀ ।

ਭਾਈ ਸੰਤਾ ਸਿੰਘ ਗੁੰਥੀ ਪਿੰਡ ਰੁਪਾਲ ਹੇੜੀ ਤਹਿਸੀਲ ਖਰੜ ਆਪ ਨੂੰ ਮੋਰਚਾ ਜੈਤੋ ਵਿਚ ਦੋ ਸਾਲ ਕੈਦ ਦੀ ਸਜ਼ਾ ਹੋਈ ।

ਭਾਈ ਕੇਹਰ ਸਿੰਘ ਪਿਤਾ ਸ: ਨਰੈਣ ਸਿੰਘ ਮਾਤਾ ਕਿਸ਼ਨ ਕੌਰ ਪਿੰਡ ਗਿਲ ਆਪ ਮੋਰਚਾ ਜੈਤੋ ਵਿਚ ਚੌਥੇ ਜਥੇ ਨਾਲ ਗਏ, ਆਪ ਨੇ ਡੇਢ ਸਾਲ ਕੈਦ ਨਾਭਾ ਬੀੜ ਵਿਚ ਕਟੀ।

ਭਾਈ ਜੀਵਾ ਸਿੰਘ ਪਿਤਾ ਸ: ਬਿਸ਼ਨ ਸਿੰਘ ਪਿੰਡ ਗਿਲ ਆਪ ਮੋਰਚਾ ਜੈਤੋ ਵਿਚ ੨੫–੨੫ ਸਿੰਘਾਂ ਦੇ ਜਥਿਆ ਨਾਲ ਦੋ ਵਾਰੀ ਗਏ ।

ਭਾਈ ਮਾਨ ਸਿੰਘ ਜੀ ਨਿਹੰਗ ਪਿਤਾ ਸ: ਕਿਸ਼ਨ ਸਿੰਘ ਮਾਤਾ ਅਤਰ ਕੌਰ ਆਪ ਪੰਥ ਸੇਵਾ ਦੇ ਬੜੇ ਪ੍ਰੇਮੀ ਹਨ, ਆਪ ਨੇ ਜੈਤੋ ਦੇ ਮੋਰਚੇ ਵਿਚ ਜਾ ਕੇ ਨਾਭਾ ਬੀੜ ਜੇਲ੍ਹ ਵਿਚ ਕਾਫੀ ਕਸ਼ਟ ਸਹਾਰੇ ।

ਭਾਈ ਕੇਹਰ ਸਿੰਘ ਪਿਤਾ ਭਾਨ ਸਿੰਘ ਪਿੰਡ ਸਾਹਨੇਵਾਲ ਆਪ ਜੈਤੋ ਮੋਰਚੇ ਵਿਚ ਗਏ ।

ਭਾਈ ਤਾਰਾ ਸਿੰਘ ਪਿਤਾ ਗੁਰਦਿਤ ਸਿੰਘ ਪਿੰਡ ਘੁਲਾਲ ਆਪ ਨੂੰ ਜੈਤੋ ਮੋਰਚੇ ਵਿਚ ੧ ਸਾਲ ਕੈਦ ਤੇ ੨੦੦ ਰੁਪਏ ਜੁਰਮਾਨਾ ਹੋਇਆ ।

ਭਾਈ ਰਾਮ ਸਿੰਘ ਪਿਤਾ ਸਰੈਨ ਸਿੰਘ ਪਿੰਡ ਲੋਹ ਆਪ ਨੂੰ ਮੋਰਚਾ ਭਾਈ ਫੇਰੂ ਵਿਚ ਤਿੰਨ ਮਹੀਨੇ ਕੈਦ ਤੇ ੫੦੦) ਰੁਪਏ ਜੁਰਮਾਨਾ ਹੋਇਆ ।

ਭਾਈ ਚੰਨਣ ਸਿੰਘ ਪਿਤਾ ਅਜੀਤ ਸਿੰਘ ਪਿੰਜ ਮਾਦਪੁਰ ਅਕਾਲੀ ਦੀਵਾਨ ਵਿਚ ਐਡਰੈਸ ਪੜ੍ਹਿਆ ਤੇ ਆਪ ਨੂੰ ੧੪ ਸਾਲ ਕੈਦ ਹੋਈ ਅਪੀਲ ਕਰਨ ਪਰ ਡੇਢ ਸਾਲ ਕੈਦ ਹੋਈ ।

ਭਾਈ ਤਲੋਕ ਸਿੰਘ ਪਿਤਾ ਅਤਰ ਸਿੰਘ ਪਿੰਦ ਰਾਜੇਵਾਲ ਮੋਰਚਾ ਜੈਤੋ ੭ ਮਹੀਨੇ ਕੈਦ ।

ਭਾਈ ਹਰਨਾਮ ਸਿੰਘ ਪਿਤਾ ਸੇਰ ਸਿੰਘ ਪਿੰਡ ਰਾਜੇਵਾਲ ਭਾਈ ਫੇਰੂ ੨ ਮਹੀਨੇ ਕੈਦ ।

ਭਾਈ ਕਿਸ਼ਨ ਸਿੰਘ ਪਿਤਾ ਸਾਵਨ ਸਿੰਘ ਪਿੰਡ ਪਮਾਲ ਭਾਈ ਫੇਰੂ ੨ ਸਾਲ ਕੈਦ।

ਭਾਈ ਨਰੰਜਨ ਸਿੰਘ ਪਿਤਾ ਸੁੰਦਰ ਸਿੰਘ ਪਿੰਡ ਪਮਾਲ ਭਾਈ ਫੇਰੂ ੨ ਸਾਲ ਕੈਦ ।

ਭਾਈ ਕਿਸ਼ਨ ਸਿੰਘ ਪਿਤਾ ਹਾਜ਼ਰਾ ਸਿੰਘ ਪਿੰਡ ਪਮਾਲ ਮੋਰਚਾ ਜੈਤੋ ੨ ਸਾਲ ਕੈਦ ।

ਭਾ: ਨਾਹਰ ਸਿੰਘ ਅਕਾਲੀ ਪਿਤਾ ਸ: ਨਿਗਾਹੀਆ ਸਿੰਘ ਮਾਤਾ ਸੋਭ ਕੌਰ ਚੱਕ ( ਥਾਣਾ-ਦਾਖਾ ) ਆਪ ਮੋਰਚਾ ਜੈਤੋ ਵਿਚ ੧੧ ਵੇਂ ਸ਼ਹੀਦੀ ਜੱਥੇ ਵਿਚ ਤੇ ਦੂਜੀ ਵੇਰ ੧੩ ਵੇਂ ਸ਼ਹੀਦੀ ਜੱਥੇ ਵਿਚ ਗਏ ।

ਭਾ: ਨਿਰੰਜਨ ਸਿੰਘ ਅਕਾਲੀ ਸ: ਰੁਲੀਆ ਸਿੰਘ ਪਿੰਡ ਚੱਕ (ਥਾਣਾ ਦਾਖਾ) ਆਪ ਮੋਰਚਾ ਜੈਤੋ ਸ਼ਹੀਦੀ ਜੱਥਾ ਨੰ: ੨ ਵਿਚ ਤੇ ਦੂਜੀ ਵੇਰ ੨੦ ਸਿੰਘਾਂ ਦੇ ਜੱਥੇ ਵਿਚ ਗਏ ੧੯੪੨ ਦੀ ਭਰਤੀ ਵਿਰੁਧ ਕਾਂਗਰਸ ਤਹਿਰੀਕ ਵਿਚ ਦੋ ਸਾਲ ਕੈਦ ।

ਭਾ: ਦਲੀਪ ਸਿੰਘ ਅਕਾਲੀ ਪਿਤਾ ਸ: ਕਿਸ਼ਨ ਸਿੰਘ ਮਾਤਾ ਜੀਵੀ ਚੱਕ ( ਥਾਣਾ ਦਾਖਾ) ਆਪ ਜੈਤੋ ਦੇ ਪੰਜਵੇਂ ਸ਼ਹੀਦੀ ਜੱਥੇ ਵਿਚ ਗਏ ।

ਭਾ: ਤਾਰਾ ਸਿੰਘ ਅਕਾਲੀ ਜੱਥੇਦਾਰ ਪਿਤਾ ਸ: ਸਰਦਾਰਾ ਸਿੰਘ ਮਾਤਾ ਰਾਮ ਕੌਰ ਪਿੰਡ ਚੱਕ ਆਪ ਮੋਰਚਾ ਜੈਤੋ ਛੇਵੇਂ ਸ਼ਹੀਦੀ ਜੱਥੇ ਵਿਚ ਗਏ ।

ਭਾ: ਭਗਤ ਸਿੰਘ ਅਕਾਲੀ ਪਿਤਾ ਸ: ਸੁੰਦਰ ਸਿੰਘ ਚੱਕ ( ਥਾਣਾ ਦਾਖਾ ) (੧) ਆਪ

Digitized by Panjab Digital Library | www.panjabdigilib.org

ਧਾਰਮਕ ਦੀਵਾਨ ਵਿਚ ਦਖਲ ਦੇਂਦੇ ਤੇ ਪੁਲੀਸ ਨੂੰ ਧੱਕਾ ਮਾਰਨ ਦੇ ਬਦਲੇ ਕੈਦ (੨) ਭਾਈ ਫੇਰੂ ਕੈਦ (੩) ਜੈਤੋ ੨੫ ਸਿੰਘਾਂ ਦੇ ਜੱਥੇ ਨਾਲ ਕੈਦ ਕਟੀ ।

ਭਾ: ਧਰਮ ਸਿੰਘ ਅਕਾਲੀ ਪਿਤਾ ਸ: ਦੇਵਾ ਸਿੰਘ ਚੱਕ ( ਥਾਣਾ ਦਾਖਾ ) (੧) ਮੋਰਚਾ ਭਾਈ ਫੇਰੂ ਕੈਦ ਕਟੀ (੨)ਮੋਰਚਾ ਜੈਤੋ ਕੈਦ ਕਟੀ ਤੇ ਹੁਣ ਕਾਂਗਰਸ ਦੇ ਵਰਕਰ ਹਨ ।

ਭਾ: ਰਣ ਸਿੰਘ ਅਕਾਲੀ ਪਿਤਾ ਸ: ਲਾਲ ਸਿੰਘ ਮਾਤਾ ਸੁਲੱਖਣੀ ਚੱਕ ( ਥਾਣਾ ਦਾਖਾ ) ਮੋਰਚਾ ਜੈਤੋ ਵਿਚ ਕੈਦ ਹੋਏ ।

ਭਾ: ਚੰਨਣ ਸਿੰਘ ਪਿਤਾ ਸ: ਪ੍ਰੇਮਸਿੰਘ ਜੀ ਮਾਤਾ ਸੁਲੱਖਣੀ ਚੱਕ ( ਥਾਣਾ ਦਾਖਾ ) ਆਪ ਮੋਰਚਾ ਜੈਤੋ ਵਿਚ ਕੈਦ ਹੋਏ ।

ਜਥੇਦਾਰ ਜੀਉਣ ਸਿੰਘ ਪਿਤਾ ਸ: ਹੀਰਾ ਸਿੰਘ ਮਾਤਾ ਦਿਆ ਕੌਰ ਪਿੰਡ ਚਾਉਕੇ ਆਪ ਜੈਤੋ ਤੇ ਭਾਈ ਫੇਰੂ ਦੋਹਾਂ ਥਾਵਾਂ ਤੇ ਗਏ । ਬਹੁਤ ਕਸ਼ਟ ਝਲੇ, ਕਾਂਗਰਸ ਦਾ ਭੀ ਸਾਥ ਦਿਤਾ ।

ਭਾਈ ਭਾਗ ਸਿੰਘ ਪਿਤਾ ਸ: ਹੀਰਾ ਸਿੰਘ ਮਾਤਾ ਰੂਪ ਕੌਰ ਪਿੰਡ ਚਾਉਕੇ ਆਪ ਮੋਰਚਾ ਜੈਤੋ ਵਿਚ ਬਾਵਲ ਕਾਂਟੀ ਛਡੇ ਗਏ, ਮੁਕਤਸਰ ਵਿਚ ਸੇਵਾ ਕੀਤੀ ।

ਭਾਈ ਜੰਗ ਸਿੰਘ ਗਰੰਥੀ ਪਿਤਾ ਭਾਈ ਜੈ ਰਾਮ ਪਿੰਡ ਚਾਉਕੇ ਆਪ ਮੋਰਚਾ ਜੈਤੋ ਵਿਚ ਬਾਬਲ ਕਾਂਟੀ ਛਡੇ ਗਏ, ਮੁਕਤਸਰ ਵਿਚ ਸੇਵਾ ਕੀਤੀ ।

ਭਾਈ ਪੂਰਨ ਸਿੰਘ ਪਿਤਾ ਫੁਲਾ ਸਿੰਘ ਮਾਤਾ ਭੋਲੀ ਪਿੰਡ ਚਾਉਕੇ ਆਪ ਮੋਰਚਾ ਭਾਈ ਫੇਰੂ ਵਿਚ ੬ ਮਹੀਨੇ ਮੁਲਤਾਨ ਜੇਲ੍ਹ ਵਿਚ ਕੈਦ ਕੱਟੀ ।

ਭਾਈ ਬਿਸ਼ਨ ਸਿੰਘ ਪਿਤਾ ਰਾਮ ਸਿੰਘ ਪਿੰਡ ਚਾਉਕੇ ਆਪ ਨੂੰ ਮੋਰਚਾ ਭਾਈ ਫੇਰੂ ਵਿਚ ੬ ਮਹੀਨੇ ਮੁਲਤਾਨ ਜੇਲ੍ਹ ਵਿਚ ਕੈਦ ਹੋਈ ।

ਭਾਈ ਰਣ ਸਿੰਘ ਪਿਤਾ ਸ: ਕਰਮ ਸਿੰਘ ਮਾਤਾ ਭੋਲੀ ਪਿੰਡ ਚਾਉਕੇ ਆਪ ਨੂੰ ਭਾਈ ਫੇਰੂ ਮੋਰਚਾ ਵਿਚ ੬ ਮਹੀਨੇ ਮੁਲਤਾਨ ਜੇਲ੍ਹ ਵਿਚ ਕੈਦ ਹੋਈ ।

ਭਾਈ ਸੋਣ ਸਿੰਘ ਪਿਤਾ ਵਰਿਆਮ ਸਿੰਘ ਮਾਤਾ ਸੁਖਨ ਕੌਰ ਪਿੰਡ ਚਾਉਕੇ ਮੋਰਚਾ ਭਾਈ ਫੇਰੂ ਵਿਚ ਦੋ ਸਾਲ ਮੁਲਤਾਨ ਸੈਂਟ੍ਰਲ ਜੇਲ੍ਹ ਵਿਚ ਕੈਦ ਹੋਈ ।

ਭਾਈ ਬਲਵੰਤ ਸਿੰਘ ਪਿਤਾ ਸ: ਇੰਦਰ ਸਿੰਘ ਮਾਤਾ ਬਸੰਤ ਕੌਰ ਪਿੰਡ ਚਾਉਕੇ ਮੋਰਚਾ ਭਾਈ ਫੇਰੂ ਸਮੇਂ ੬ ਮਹੀਨੇ ਮੁਲਤਾਨ ਸੰਟ੍ਰਲ ਜੇਲ੍ਹ ਵਿਚ ਕੈਦ ਹੋਏ ।

ਭਾਈ ਝੰਡਾ ਸਿੰਘ ਪਿਤਾ ਸ: ਰਾਮ ਸਿੰਘ ਪਿੰਡ ਚਾਉਕੇ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਬਿਰਧ ਹੋਣ ਕਾਰਨ ਛਡੇ ਗਏ ।

ਭਾਈ ਸੰਤੋਖ ਸਿੰਘ ਗਰੰਥੀ ਪਿਤਾ ਸ: ਬਿਸ਼ਨ ਸਿੰਘ ਪਿੰਡ ਚਾਉਕੇ ਮੋਰਚਾ ਭਾਈ ਫੇਰੂ ਵਿਚ ਗਏ ।

ਭਾਈ ਹਰਨਾਮ ਸਿੰਘ ਕੈਨੇਡੀਅਨ ਪਿਤਾ ਸ: ਅਨੋਖ ਸਿੰਘ ਪਿੰਡ ਚਾਉਕੇ ਆਪ ਕਮੇਟੀ ਦੇ ਹੁਕਮ ਅਨੁਸਾਰ ਪਿੰਡਾਂ ਵਿਚ ਫਿਰਕੇ ਪ੍ਰਚਾਰ ਕਰਦੇ ਰਹੇ ।

ਭਾ: ਨਰੈਣ ਸਿੰਘ ਪਿਤਾ ਸ: ਮਤਾਬ ਸਿੰਘ ਪਿੰਡ ਚੰਨਣ ਵਾਲ ਆਪ ਨੇ ਮੋਰਚਾ ਜੈਤੋ ਵਿਚ ਬਾਬਲਕਾਂਟੀ ਜੇਲ੍ਹ ਵਿਚ ੧੦ ਮਹੀਨੇ ਅਤੇ ਨਾਭਾ ਬੀੜ ਵਿਚ ਦੋ ਸਾਲ ਦੀ ਕੈਦ ਕੱਟੀ । (੨) ਆਪ ਨੇ ਮੋਰਚਾ ਸੰਗਰੂਰ ਵਿਚ ੪ ਮਹੀਨੇ ਦੀ ਕੈਦ ਕੱਟੀ । ੩) ਆਪ ਨੇ ਮੋਰਚਾ ਮਲੇਰ ਕੋਟਲਾ ਵਿਚ ਤਕਲੀਫਾਂ ਕੱਟੀਆਂ ਅਤੇ ਤਿੰਨ ਮਹੀਨੇ ਕੈਦ ਹੋਈ ।

Digitized by Panjab Digital Library | www.panjabdigilib.org

(੪) ਆਪ ਬਾਬਾ ਖੜਕ ਸਿੰਘ ਦੇ ਦੌਰੇ ਵਿਚ ਇਕ ਮਹੀਨਾ ਭਦੌੜ ਥਾਣੇ ਵਿਚ ਬੰਦ ਰਹੇ।
(੫) ਆਪ ਨੇ ਪਟਿਆਲਾ ਮੁਆਮਲੇ ਵਿਰੁਧ ਐਜੀਟੇਸ਼ਨ ਵਿਚ ਦੋ ਸਾਲ ਕੈਦ ਕੱਟੀ ਅਤੇ ੨੦੦ ਰੁ: ਜੁਰਮਾਣਾ ਹੋਇਆ।
(੬) ਆਪ ਦੇਸ਼ ਸੇਵਾ ਲਈ ੨੨ ਸਾਲ ਜਲਾਵਤਨ ਰਹੇ।
(੭) ਆਪ ਨੇ ਲੁਧਿਆਣਾ ਜੇਲ੍ਹ ਵਿਚ ਤਿੰਨ ਮਹੀਨੇ ਦੀ ਕੈਦ ਕੱਟੀ।

ਭਾਈ ਪਰਤਾਪ ਸਿੰਘ ਪਿਤਾ ਮੱਖਣ ਸਿੰਘ ਮਾਤਾ ਖੇਮ ਕੌਰ ਪਿੰਡ ਚੀਮਲੀਆਂ ਵਾਲਾ ਆਪ ਮੋਰਚਾ ਜੈਤੋ ਵਿਚ ਬਾਬਲ ਕਾਂਟੀ ਛੱਡੇ ਗਏ।

ਭਾਈ ਹਰਨਾਮ ਸਿੰਘ ਪਿਤਾ ਸ: ਮਲ ਸਿੰਘ ਮਾਤਾ ਹਰ ਕੌਰ ਪਿੰਡ ਚੀਮਲੀਆਂ ਵਾਲਾ ਆਪ ਮੋਰਚਾ ਜੈਤੋ ਵਿਚ ਬਾਬਲ ਕਾਂਟੀ ਛਡੇ ਗਏ।

ਭਾਈ ਸੁਚਾ ਸਿੰਘ ਪਿਤਾ ਸ: ਕਿਸ਼ਨ ਸਿੰਘ ਮਾਤਾ ਦਿਆ ਕੌਰ ਪਿੰਡ ਚਮਿੰਡੇ ਆਪ ਮੋਰਚਾ ਜੈਤੋ ਦੇ ਜਥੇ ਵਿਚ ਗਏ, ਮੋਰਚਾ ਫਤਿਹ ਹੋਣ ਤਕ ਨਾਭਾ ਬੀੜ ਵਿਚ ਕੈਦ ਰਹੇ।

ਭਾਈ ਇੰਦਰ ਸਿੰਘ ਭਾਈ ਗੰਡਾ ਰਾਮ ਬ੍ਰਾਹਮਣ ਮਾਤਾ ਠਾਕਰੀ ਪਿੰਡ ਗੁਰਮਾ (੧) ਮੋਰਚਾ ਜੈਤੋ—ਬਾਬਲ ਕਾਂਟੀ ਛਡੇ ਗਏ। (੨) ਜ਼ਿਲ ਧਾਰਮਕ ਦੀਵਾਨ ਬਾਰੇ ਪਕੜੇ ਗਏ ਤੇ ਕੈਦ ਕਟੀ।

ਭਾਈ ਹੀਰਾ ਸਿੰਘ ਪਿਤਾ ਸ: ਸਾਹਿਬ ਦਿਤਾ ਸਿੰਘ ਮਾਤਾ ਸਾਹਿਬ ਕੌਰ ਪਿੰਡ ਅਬੂਵਾਲ ਆਪ ਨੇ ਮੋਰਚਾ ਜੈਤੋ ਵਿਚ ੧੧ਵੇਂ ਜਥੇ ਨਾਲ ਨਾਭਾ ਬੀੜ ਵਿਚ ਦੋ ਸਾਲ ਕੈਦ ਕਟੀ।

ਭਾਈ ਹਰਨਾਮ ਸਿੰਘ ਪਿਤਾ ਸ: ਹੀਰਾ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਅਬੂਵਾਲ ਆਪ ਨੇ ਮੋਰਚਾ ਜੈਤੋ ਵਿਚ ੧੧ਵੇਂ ਜਥੇ ਨਾਲ ਨਾਭਾ ਬੀੜ ਵਿਚ ਦੋ ਸਾਲ ਕੈਦ ਕਟੀ।

ਭਾਈ ਕਿਸ਼ਨ ਸਿੰਘ ਪਿਤਾ ਸ: ਹਰੀ ਸਿੰਘ ਮਾਤਾ ਨਿਹਾਲ ਕੌਰ ਪਿੰਡ ਅਬੂਵਾਲ (੧) ਮੋਰਚਾ ਜੈਤੋ ਵਿਚ ਬਾਬਲ ਕਾਂਟੀ ਛਡੇ ਗਏ। (੨) ਭਾਈ ਫੇਰੂ ਦੇ ਮੋਰਚੇ ਵਿਚ ਦੋ ਸਾਲ ਕੈਦ ਤੇ ੨੦੦ ਰੁਪਏ ਜੁਰਮਾਨਾ ਹੋਇਆ।

ਭਾਈ ਬਖਸ਼ੀ ਸਿੰਘ ਪਿਤਾ ਸ: ਬਿਸ਼ਨ ਸਿੰਘ ਮਾਤਾ ਮਤਾਬ ਕੌਰ ਪਿੰਡ ਅਬੂਵਾਲ ਆਪ ਨੂੰ ਜੈਤੋ ਤੇ ਭਾਈ ਫੇਰੂ ਦੇ ਮੋਰਚੇ ਵਿਚ ਦੋ ਸਾਲ ਕੈਦ ਤੇ ੨੦੦ ਰੁਪਏ ਜੁਰਮਾਨਾ ਹੋਇਆ।

ਭਾਈ ਪ੍ਰੀਤਮ ਸਿੰਘ ਪਿਤਾ ਕਿਸ਼ਨ ਸਿੰਘ ਪਿੰਡ ਅਬੂਵਾਲ ਆਪ ਨੂੰ ਜੈਤੋ ਤੇ ਭਾਈ ਫੇਰੂ ਦੇ ਮੋਰਚੇ ਵਿਚ ਦੋ ਸਾਲ ਕੈਦ ਤੇ ੨੦੦ ਰੁਪਏ ਜੁਰਮਾਨਾ ਹੋਇਆ।

ਭਾਈ ਨਿਰਮਲ ਸਿੰਘ ਪਿਤਾ ਸ: ਚੜ੍ਹਤ ਸਿੰਘ ਪਿੰਡ ਅਬੂਵਾਲ ਆਪ ਨੂੰ ਮੋਰਚਾ ਜੈਤੋ ਸਮੇਂ ਕੈਮਲ ਪੁਰ ਜੇਲ੍ਹ ਵਿਚ ਦੋ ਸਾਲ ਕੈਦ ਹੋਈ।

ਭਾ: ਹਜ਼ੂਰਾ ਸਿੰਘ ਪਿਤਾ ਸ: ਸੁੰਦਰ ਸਿੰਘ ਮਾਤਾ ਦਯਾ ਕੌਰ ਅਬੂ ਵਾਲ ਆਪ ਮੋਰਚਾ ਜੈਤੋ ਬਾਵਲ ਕਾਂਟੀ ਛੱਡੇ ਗਏ ਤੇ ਭਾ: ਫੇਰੂ ਕੈਮਲ ਪੁਰ ਜੇਲ੍ਹ ਵਿਚ ਤਿੰਨ ਮਹੀਨੇ ਕੈਦ ਕਟੀ।

ਭਾ: ਬਲਦੇਵ ਸਿੰਘ ਪਿਤਾ ਸ: ਜੀਵਨ ਸਿੰਘ ਮਾਤਾ ਪ੍ਰੇਮ ਕੌਰ ਅਬੂ ਵਾਲ ਆਪ ਮੋਰਚਾ ਜੈਤੋ, ਬਾਵਲ ਕਾਂਟੀ ਛੱਡੇ ਗਏ ਤੇ ਭਾ: ਫੇਰੂ ਕੈਮਲ ਪੁਰ ਜੇਲ੍ਹ ਵਿਚ ਤਿੰਨ ਮਹੀਨੇ ਕੈਦ ਕਟੀ।

ਭਾ: ਕਪੂਰ ਸਿੰਘ ਪਿਤਾ ਸ: ਸੁੰਦਰ ਸਿੰਘ ਮਾਤਾ ਦਯਾ ਕੌਰ ਅਬੂ ਵਾਲ ਆਪ ਮੋਰਚਾ ਡਸਕਾ ਮਾਰ ਕੁਟਾਈ ਤੇ ਕੁਝ ਕੈਦ।

ਭਾਈ ਨਿਹਾਲ ਸਿੰਘ ਪਿਤਾ ਚੰਦਾ ਸਿੰਘ ਮਾਤਾ ਕਰਮ ਕੌਰ ਪਿੰਡ ਆਸੀ ਕਲਾਂ ਆਪ

Digitized by Panjab Digital Library | www.panjabdigilib.org

ਜੀ ਮੋਰਚਾ ਭਾਈ ਫੇਰੂ ਸਮੇਂ ਮੁਲਤਾਨ ਜੇਲ੍ਹ ਵਿਚ ਸਖਤ ਮੁਸ਼ਕਤ ਦੇ ਕਾਰਨ ਮਹੀਨਾ ਜੁਲਾਈ ੧੯੨੪ ਵਿਚ ਸ਼ਹੀਦੀ ਪਾਈ। ਕੈਦ ਨੌ ਸਾਲ ਤੇ ੫੦੦) ਰੁਪੈ ਜੁਰਮਾਨਾ ਹੋਇਆ। ਆਪ ਦਾ ਜਨਮ ੧੮੬੦ ਈਸਵੀ ਦਾ ਹੈ।

ਭਾਈ ਬੰਗਾ ਸਿੰਘ ਪਿਤਾ ਸ: ਰਾਮ ਸਿੰਘ ਮਾਤਾ ਦਯਾ ਕੌਰ ਪਿੰਡ ਆਸੀ ਕਲਾਂ ਆਪ ਜੀ ਨੇ ਮੋਰਚਾ ਭਾਈ ਫੇਰੂ ਸਮੇਂ ਦੋ ਸਾਲ ਕੈਦ ਤੇ ੫੦੦) ਰੁਪੈ ਜੁਰਮਾਨਾ ਹੋਇਆ।

ਭਾਈ ਦਸੌਂਧਾ ਸਿੰਘ ਪਿਤਾ ਸ. ਪ੍ਰਤਾਪ ਸਿੰਘ ਮਾਤਾ ਸੋਭੀ ਪਿੰਡ ਆਸੀ ਕਲਾਂ ਆਪ ਜੀ ਨੂੰ ਮੋਰਚਾ ਭਾਈ ਫੇਰੂ ਸਮੇਂ ਦੋ ਸਾਲ ਕੈਦ ਹੋਈ।

ਭਾਈ ਹਰੀ ਸਿੰਘ ਪਿਤਾ ਧਿਆਨ ਸਿੰਘ ਮਾਤਾ ਰਤਨ ਕੌਰ ਪਿੰਡ ਆਸੀ ਕਲਾਂ ਆਪ ਮੋਰਚਾ ਜੈਤੋ ਵਿਚ ਗਏ ਅਤੇ ਆਪ ਨੂੰ ਮੁਕਤਸਰ ਦੇ ਪੁਜਾਰੀਆਂ ਨੇ ਇਤਨਾ ਕੁਟਿਆ ਕਿ ਆਪ ਨੀਮ ਪਾਗਲ ਹੋਕੇ ੧੯੨੪ ਵਿਚ ਗੁਜ਼ਰ ਗਏ।

ਭਾਈ ਜੋਗਿੰਦਰ ਸਿੰਘ ਪਿਤਾ ਸ: ਬਿਸ਼ਨ ਸਿੰਘ ਮਾਤਾ ਬਚਿੰਤ ਕੌਰ ਪਿੰਡ ਇਆਲੀ ਕਲਾਂ ਆਪ ਨੂੰ ਲਾਹੌਰ ਪਿਕਟਿੰਗ ਵਿਚ ਸਾਢੇ ਤਿੰਨ ਮਹੀਨੇ ਕੈਦ, ਪੁਠੀਆਂ ਹਥਕੜੀਆਂ ਨਾਲ ਸਖਤ ਮੁਸ਼ਕਤ। ਆਪ ਨੂੰ ਇਸ ਕੁਰਬਾਨੀ ਬਦਲੇ ਸ੍ਰੀ ਅਕਾਲ ਤਖਤ ਸਾਹਿਬ ਤੇ ੫੦) ਤੇ ਸਿਰੋਪਾ ਦਿਤਾ। ਅਖਬਾਰਾਂ ਨੇ ਭੀ ੫੦) ਸੇਵਾ ਕੀਤੀ।

ਬਾਬਾ ਨੰਦ ਸਿੰਘ ਪਿਤਾ ਮਾਨਾ ਸਿੰਘ ਮਾਤਾ ਦਿਆ ਕੌਰ ਪਿੰਡ ਕਲਾੜ ਆਪ ਜੀ ਨੂੰ ਮੋਰਚਾ ਭਾਈ ਫੇਰੂ ਸਮੇਂ ੬ ਮਹੀਨੇ ਕੈਦ ਹੋਈ।

ਭਾਈ ਬੰਤਾ ਸਿੰਘ ਪਿੰਡ ਕਲਾੜ ਆਪ ਜੀ ਨੂੰ ਮੋਰਚਾ ਭਾਈ ਫੇਰੂ ਸਮੇਂ ੬ ਮਹੀਨੇ ਕੈਦ ਹੋਈ

ਭਾਈ ਜੀਵਾ ਸਿੰਘ ਪਿਤਾ ਸ: ਦਿਤ ਸਿੰਘ ਪਿੰਡ ਕਲਾੜ ਆਪ ਜੀ ਨੂੰ ਮੋਰਚਾ ਭਾਈ ਫੇਰੂ ਸਮੇਂ ੬ ਮਹੀਨੇ ਕੈਦ ਹੋਈ।

ਭਾਈ ਸੁੰਦਰ ਸਿੰਘ ਪਿਤਾ ਸ: ਰਤਨ ਸਿੰਘ ਮਾਤਾ ਰਤਨ ਕੌਰ ਪਿੰਡ ਕਲਾੜ ਆਪ ਜੀ ਨੂੰ ਮੋਰਚਾ ਭਾਈ ਫੇਰੂ ਸਮੇਂ ੬ ਮਹੀਨੇ ਕੈਦ ਹੋਈ। ਜਥਿਆਂ ਦੀ ਰਾਸ਼ਨ ਆਦਿ ਦੁਆਰਾ ਸੇਵਾ ਭੀ ਕਰਦੇ ਰਹੇ।

ਭਾਈ ਵਰਿਆਮ ਸਿੰਘ ਪਿਤਾ ਸ: ਨਰੈਣ ਸਿੰਘ ਮਾਤਾ ਰਾਮ ਦੇਵੀ ਪਿੰਡ ਕੈਲੇ ਆਪ ਜੀ ਨੂੰ ਮੋਰਚਾ ਭਾਈ ਫੇਰੂ ਸਮੇਂ ੬ ਮਹੀਨੇ ਕੈਦ ਹੋਈ।

ਭਾਈ ਹਰਨਾਮ ਸਿੰਘ ਪਿਤਾ ਸ: ਗਿਆਨ ਸਿੰਘ ਮਾਤਾ ਦਿਆ ਕੌਰ ਪਿੰਡ ਕੈਲੇ ਆਪ ਜੀ ਨੂੰ ਮੋਰਚਾ ਫੇਰੂ ਸਮੇਂ ੬ ਮਹੀਨੇ ਕੈਦ ਹੋਈ।

ਭਾਈ ਕੇਹਰ ਸਿੰਘ ਪਿੰਡ ਕਟਾਣੀ ਆਪ ਜੀ ਨੂੰ ਮੋਰਚਾ ਭਾਈ ਫੇਰੂ ਸਮੇਂ ੬ ਮਹੀਨੇ ਕੈਦ।

ਭਾਈ ਜਗਤ ਸਿੰਘ (ਭਾਈ ਸਾਹਿਬ ਤੇ ਨਿਰਮਾਨ ਸੇਵਕ ਦੇ ਪਦ ਪ੍ਰਾਪਤ ਕੀਤੇ) ਪਿਤਾ ਸ: ਅਤਰ ਸਿੰਘ ਮਾਤਾ ਜੀਵੀ ਪਿੰਡ ਕਾਲਖ ਆਪ ਜੀ ਨੇ ਮੋਰਚਾ ਭਾਈ ਫੇਰੂ ਵਿਚ ਤਿੰਨ ਮਹੀਨੇ ਕੈਦ ਕਟੀ।

ਭਾਈ ਅਮਰ ਸਿੰਘ ਪਿਤਾ ਸ: ਕਾਬਲ ਸਿੰਘ ਮਾਤਾ ਸੋਭੀ ਪਿੰਡ ਕੂਹਲੀ ਕਲਾਂ ਆਪ ਜੀ ਨੇ ਨਨਕਾਣੇ ਸਾਹਿਬ ਦੇ ਮੋਰਚੇ ਤੇ ਜਾਕੇ ਸ਼ਹੀਦਾਂ ਵਿਚ ਸ਼ਾਮਲ ਹੋਏ।

ਭਾਈ ਸੁੰਦਰ ਸਿੰਘ ਪਿਤਾ ਸ: ਦਿਤ ਸਿੰਘ ਮਾਤਾ ਮਤਾਬ ਕੌਰ ਪਿੰਡ ਕੂਹਲੀ ਕਲਾਂ ਆਪ ਜੀ ਮੋਰਚਾ ਗੁ: ਹੇਹਰਾਂ ਵਿਚ ਗਏ ਤੇ ਮੋਰਚਾ ਫਤਹਿ ਹੋਣ ਤੇ ਮੁੜੇ।

Digitized by Panjab Digital Library | www.panjabdigilib.org

ਭਾਈ ਕ੍ਰਿਪਾਲ ਸਿੰਘ ਜਾਗੀਰਦਾਰ ਪਿਤਾ ਸ: ਗੁਰਦਿਤ ਸਿੰਘ ਪਿੰਡ ਕਿਲਾ ਹਾਂਸ ਆਪ ਜੀ ਨੂੰ ਖੇੜੇ ਦੇ ਦੀਵਾਨ ਵਿਚ ਤਕਰੀਰ ਕਰਨ ਬਦਲੇ ਡੇਢ ਮਹੀਨਾ ਕੈਦ ਮੁਲਤਾਨ ਜੇਹਲ ਤੇ ੧੦੦) ਰੁਪਇਆ ਜੁਰਮਾਨਾ ਹੋਇਆ।

ਭਾਈ ਮੰਗਲ ਸਿੰਘ ਪਿਤਾ ਸ: ਖੜਕ ਸਿੰਘ ਮਾਤਾ ਚੰਦ ਕੌਰ ਪਿੰਡ ਕਿਲਾ ਰਾਏਪੁਰ ਆਪ ਜੀ ਨੇ ਮੋਰਚਾ ਜੈਤੋ ਵਿਚ ਕੈਦ ਕਟੀ ਤੇ ਮੋਰਚਾ ਫਤਹਿ ਹੋਣ ਤੇ ਨਾਭਾ ਬੀੜ ਵਿਚ ਰਹੇ।

ਭਾਈ ਹਰੀ ਸਿੰਘ ਪਿਤਾ ਸ: ਕਾਕੂ ਸਿੰਘ ਮਾਤਾ ਸਾਹਿਬ ਦੇਵਾਂ ਪਿੰਡ ਕਿਲਾ ਰਾਏਪੁਰ ਆਪ ਜੀ ਮੋਰਚਾ ਜੈਤੋ ਵਿਚ ਕੈਦ ਹੋਏ, ਮੋਰਚਾ ਫਤਹਿ ਹੋਣ ਤਕ ਨਾਭਾ ਬੀੜ ਵਿਚ ਰਹੇ।

ਭਾਈ ਗੁਰਦਿਆਲ ਸਿੰਘ ਪਿਤਾ ਸ: ਅਤਰ ਸਿੰਘ ਮਾਤਾ ਧੰਨ ਕੌਰ ਪਿੰਡ ਕਿਲਾ ਰਾਏ ਪੁਰ ਆਪ ਜੀ ਨੂੰ ਮੋਰਚਾ ਜੈਤੋ ਤੇ ਭਾਈ ਫੇਰੂ ਵਿਚ ਕੈਂਮਲਪੁਰ ਜੇਲ੍ਹ ਵਿਚ ਦੋ ਸਾਲ ਕੈਦ ਹੋਈ।

ਭਾਈ ਚਤਰ ਸਿੰਘ ਉਰਫ ਬੁਧ ਸਿੰਘ ਪਿਤਾ ਦਿਆਲ ਸਿੰਘ ਪਿੰਡ ਕਿਲਾ ਰਾਏ ਪੁਰ ਆਪ ਜੀ ਨੇ ਮੋਰਚਾ ਜੈਤੋ ਤੇ ਭਾਈ ਫੇਰੂ ਵਿਚ ਹਿਸਾ ਲਿਆ।

ਭਾਈ ਸਜਣ ਸਿੰਘ ਪਿਤਾ ਸ: ਪਾਲਾ ਸਿੰਘ ਮਾਤਾ ਰਤਨ ਕੌਰ ਪਿੰਡ ਕਿਲਾ ਰਾਏ ਪੁਰ ਆਪ ਜੀ ਮੋਰਚਾ ਜੈਤੋ ਵਿਚ ਗਏ ਤੇ ਫਿਰ ਨਾਭਾ ਬੀੜ ਵਿਚ ਰਹੇ।

ਭਾਈ ਕਰਤਾਰ ਸਿੰਘ ਪਿਤਾ ਸੂਬੇਦਾਰ ਝੰਡਾ ਸਿੰਘ ਮਾਤਾ ਜੈ ਕੌਰ ਪਿੰਡ ਕਿਲਾ ਰਾਏ ਪੁਰ ਆਪ ਜੀ ਨੂੰ ਮੋਰਚਾ ਭਾਈ ਫੇਰੂ ਵਿਚ ਇਕ ਸਾਲ ਕੈਦ ਕੈਂਮਲਪੁਰ ਜੇਹਲ ਵਿਚ ਹੋਈ।

ਭਾਈ ਪੂਰਨ ਸਿੰਘ ਪਿਤਾ ਸਾਹਿਬ ਸਿੰਘ ਮਾਤਾ ਹਰ ਕੌਰ ਪਿੰਡ ਕਿਲਾ ਰਾਏ ਪੁਰ ਆਪ ਨੇ ਮੋਰਚਾ ਭਾਈ ਫੇਰੂ ਸਮੇਂ ਮੁਲਤਾਨ ਜੇਲ੍ਹ ਵਿਚ ਦੋ ਸਾਲ ਕੈਦ ਕਟੀ।

ਭਾਈ ਈਸ਼ਰ ਸਿੰਘ ਪਿਤਾ ਸ: ਬਿਸ਼ਨ ਸਿੰਘ ਮਾਤਾ ਬਿਸ਼ਨ ਕੌਰ ਪਿੰਡ ਕਿਲਾ ਰਾਏਪੁਰ ਆਪ ਜੀ ਮੋਰਚਾ ਚਮਕੌਰ ਸਾਹਿਬ ਵਿਚ ਦੋ ਮਹੀਨੇ ਕੈਦ ਸ੍ਰੀ ਸਾਹਿਬ ਦੇ ਸਵਾਲ ਬਾਰੇ ਹੋਈ।

ਬਾਬਾ ਕਾਲਾ ਸਿੰਘ ਪਿਤਾ ਮੰਗਲ ਸਿੰਘ ਮਾਤਾ ਮਤਾਬ ਕੌਰ ਪਿੰਡ ਕਿਲਾ ਰਾਏ ਪੁਰ ਆਪ ਜੀ ਦੋ ਵਾਰੀ ਮੋਰਚਾ ਜੈਤੋ ਗਏ ਤੇ ਬਾਬਲ ਕਾਂਟੀ ਛਡੇ ਜਾਂਦੇ ਰਹੇ।

ਭਾਈ ਸ਼ੇਰ ਸਿੰਘ ਪਿਤਾ ਸ: ਮਿਤ ਸਿੰਘ ਮਾਤਾ ਮਾਨ ਕੌਰ ਪਿੰਡ ਕਿਲਾ ਰਾਏ ਪੁਰ ਆਪ ਜੀ ਮੋਰਚਾ ਜੈਤੋ ਗਏ ਤੇ ਬਾਬਲਕਾਂਟੀ ਛਡੇ ਗਏ।

ਭਾਈ ਨਰੈਣ ਸਿੰਘ ਪਿਤਾ ਸ: ਹਜ਼ਾਰਾ ਸਿੰਘ ਮਾਤਾ ਰਾਜ ਕੌਰ ਪਿੰਡ ਕਿਲਾ ਰਾਏ ਪੁਰ ਆਪ ਜੀ ਮੋਰਚਾ ਜੈਤੋ ਗਏ ਅਤੇ ਬਾਬਲਕਾਂਟੀ ਛਡੇ ਗਏ।

ਭਾਈ ਬਰਹਮ ਸਿੰਘ ਪਿਤਾ ਸ: ਹਰੀ ਸਿੰਘ ਪਿੰਡ ਕਿਲਾ ਰਾਏਪੁਰ ਆਪ ਜੀ ਜਥੇ ਦੀ ਸੇਵਾ ਕਰਨ ਦੇ ਅਪ੍ਰਾਧ ਵਿਚ ਕੈਂਮਲਪੁਰ ਜੇਲ੍ਹ ਵਿਚ ਇਕ ਸਾਲ ਰਹੇ।

ਭਾਈ ਨਿਰੰਜਨ ਸਿੰਘ ਪਿਤਾ ਹਰਨਾਮ ਸਿੰਘ ਪਿੰਡ ਕਿਲਾ ਰਾਏਪੁਰ ਆਪ ਜੀ ਮੁਕਤਸਰ ਤੇ ਜੈਤੋ ਦੇ ਮੋਰਚੇ ਵਿਚ ਗਏ।

ਭਾ: ਜੋਗਿੰਦਰ ਸਿੰਘ ਪਿਤਾ ਸ: ਗਰਬਾ ਸਿੰਘ ਮਾਤਾ ਧਰਮ ਕੌਰ ਕਿਲਾ ਰਾਏਪੁਰ ਆਪ ਅਕਾਲੀ ਲੀਡਰ ਸ੍ਰੋ: ਕਮੇਟੀ ਦੀ ਗ੍ਰਿਫਤਾਰੀ ਵਿਚ ਤਿੰਨ ਸਾਲ ਕੈਦ ਰਹੇ ਤੇ ਮੁਆਫੀ ਨਹੀਂ ਮੰਗੀ।

ਭਾ: ਸਦਾ ਸਿੰਘ ਪਿਤਾ ਸ: ਸੁੰਦੂ ਸਿੰਘ ਆਪ ਨੇ ਮੋਰਚਾ ਜੈਤੋ ਵਿਚ ਨਾਭਾ ਬੀੜ ਦੇ ਕਸ਼ਟ ਸਹਾਰੇ।

ਭਾਈ ਬਲਬੀਰ ਸਿੰਘ ਪਿਤਾ ਸ: ਦੇਵਾ ਸਿੰਘ ਪਿੰਡ ਜੀਰਖ ਖੇੜੇ ਦੀਵਾਨ ਦੀ ਤਕਰੀਰ

Digitized by Panjab Digital Library | www.panjabdigilib.org

ਕਰਨ ਦੇ ਦੋਸ਼ ਵਿਚ ਕੈਦ ਮੁਲਤਾਨ ਜੇਲ੍ਹ ਵਿਚ ਕਟੀ।

ਭਾਈ ਗੁਰਨਾਮ ਸਿੰਘ ਪਿਤਾ ਸ: ਸਾਹਿਬ ਸਿੰਘ ਮਾਤਾ ਰਤਨ ਕੌਰ ਪਿੰਡ ਜਸੋਵਾਲ ਮੋਰਚਾ ਭਾਈ ਫੇਰੂ ਵਿਚ ਦੋ ਸਾਲ ਕੈਦ ਤੇ ੫੦੦) ਰੁਪਏ ਜੁਰਮਾਨਾ। ਸਰਕਾਰੀ ਕਰਮਚਾਰੀਆਂ ਦੀ ਸਾਜ਼ਸ਼ ਨਾਲ ਝੂਠੀਆਂ ਗਵਾਹੀਆਂ ਭੁਗਤਣ ਪਰ ੭-੯-੪੪ ਨੂੰ ਫਾਂਸੀ ਲਗੇ। ਦੇਸ਼ ਸੇਵਕ ਹੋਣ ਕਰਕੇ ਆਪ ਜੀ ਤੇ ਤਰੰਗੇ ਦਾ ਕਫਣ ਪਾਇਆ ਗਿਆ। ੧੯੪੨ ਦੀ ਕਾਂਗਰਸ ਸਤਿਆਗ੍ਰਹਿ ਵਿਚ ੬ ਮਹੀਨੇ ਕੈਦ ਤੇ ੧੦੦) ਰੁਪਿਆ ਜੁਰਮਾਨਾ ਵੀ ਹੋਇਆ ਸੀ।

ਭਾ: ਗੰਧਾ ਸਿੰਘ ਪਿਤਾ ਸ: ਖਜ਼ਾਨ ਸਿੰਘ ਮਾਤਾ ਮਹਾਂ ਕੌਰ ਪਿੰਡ ਜੰਡਾਲੀ ਕਲਾਂ ਆਪ ਮੋਰਚਾ ਭਾਈ ਫੇਰੂ ਵਿਚ ਗਏ ਅਤੇ ਕੈਮਲਪੁਰ ਜੇਲ੍ਹ ਵਿਚ ਦੋ ਸਾਲ ਕੈਦ ਕੱਟੀ ਅਤੇ ੨੦੦ ਰੁ: ਜੁਰਮਾਨਾ ਹੋਇਆ।

ਭਾਈ ਅਰਜਨ ਸਿੰਘ ਪਿਤਾ ਸ: ਖੁਜ਼ਾਨ ਸਿੰਘ ਮਾਤਾ ਮਾਨ ਕੌਰ ਜੰਡਾਲੀ ਕਲਾਂ ਆਪ ਮੋਰਚਾ ਭਾ: ਫੇਰੂ ਵਿਚ ਗਏ ਅਤੇ ਕੈਮਲਪੁਰ ਜੇਲ੍ਹ ਵਿਚ ੩ ਮਹੀਨੇ ਕੈਦ ਕੱਟੀ।

ਭਾਈ ਕਰਮ ਸਿੰਘ ਪਿਤਾ ਸ: ਜੈਮਲ ਸਿੰਘ ਮਾਤਾ ਦਿਆ ਕੌਰ ਜੰਡਾਲੀ ਕਲਾਂ ਆਪ ਤਕੜੇ ਅਕਾਲੀ ਵਰਕਰ ਸਨ ਅਤੇ ਆਪ ਨੇ ਕੈਮਲਪੁਰ ਜੇਲ੍ਹ ਵਿਚ ਡੇਢ ਸਾਲ ਕੈਦ ਕੱਟੀ ਤੇ ੧੦੦ ਰੁ: ਜੁਰਮਾਨਾ ਹੋਇਆ।

ਭਾਈ ਵਰਯਾਮ ਸਿੰਘ ਪਿਤਾ ਸ: ਦਯਾ ਸਿੰਘ ਪਿੰਡ ਜੰਡਾਲੀ ਕਲਾ ਆਪ ਅਕਾਲੀ ਵਰਕਰ ਸਨ।

ਜੱਥੇਦਾਰ ਤੋਤਾ ਸਿੰਘ ਪਿਤਾ ਸ: ਹਰਦਿੱਤ ਸਿੰਘ ਮਾਤਾ ਮਾਈ ਜਿਉਣੀ ਪਿੰਡ ਲੀਲਾਂ ਆਪ ਮੋਰਚਾ ਜੈਤੋ ਫਤਿਹ ਹੋਣ ਤਕ ਨਾਭਾ ਬੀੜ ਵਿਚ ਕੈਦ ਰਹੇ। ਆਪ ਨੂੰ ਬੇਅੰਤ ਤਕਲੀਫਾਂ ਦਿਤੀਆਂ ਗਈਆਂ, ਆਪ ਸ਼ਹੀਦੀ ਜੱਥੇਦਾਰ ਬਣ ਕੇ ਗਏ।

ਭਾ: ਨਰੈਣ ਸਿੰਘ ਪਿਤਾ ਸ: ਦਸੌਧਾ ਸਿੰਘ ਮਾਤਾ ਨਿਹਾਲ ਕੌਰ ਪਿੰਡ ਲਲਤੋਂ ਕਲਾਂ ਆਪ ਮੋਰਚਾ ਜੈਤੋ ਸ਼ਹੀਦੀ ਜੱਥੇ ਵਿਚ ਗਏ ਅਤੇ ਨਾਭਾ ਬੀੜ ਵਿਚ ਦੋ ਸਾਲ ਕੈਦ ਕੱਟੀ।

ਦਫੇਦਾਰ ਗੁਰਚਰਨ ਸਿੰਘ ਪਿਤਾ ਸ: ਦੇਵਾ ਸਿੰਘ ਪਿੰਡ ਲੋਹਗੜ੍ਹ ਆਪ ਅਕਾਲੀ ਵਰਕਰ ਹਨ। ਜ਼ਿਲਾ ਅਕਾਲੀ ਕਾਨਫਰੰਸ ਦੇ ਸਬੰਧ ਵਿਚ ਦੋ ਸਾਲ ਮੁਲਤਾਨ ਜੇਲ੍ਹ ਵਿਚ ਕੈਦ ਕੱਟੀ। ਆਪ ਜੀ ਦੀ ਡਾਇਰੀ ਦੇਣ ਵਾਲੇ ਸੂਬੇਦਾਰ ਕਿਰਪਾਲ ਸਿੰਘ ਤੇ ਸੂਬੇਦਾਰ ਹਰਨਾਮ ਸਿੰਘ ਕਿਲੇ ਵਾਲਿਆਂ ਨੂੰ ਜ਼ੈਲਦਾਰੀ ਇਨਾਮ ਦੇ ਤੌਰ ਤੇ ਮਿਲੀ।

ਭਾਈ ਜਾਗੀਰ ਸਿੰਘ ਪਿਤਾ ਸ: ਇੰਦਰ ਸਿੰਘ ਮਾਤਾ ਹਰ ਕੌਰ ਮੋਰਚਾ ਭਾਈ ਫੇਰੂ ਵਿਚ ੬ ਮਹੀਨੇ ਕੈਦ ਮੁਲਤਾਨ ਜੇਲ੍ਹ ਵਿਚ ਕਟੇ, ਮੋਰਚਾ ਮੁਕਤਸਰ ਵਿਚ ਪੁਜਾਰੀਆਂ ਨੇ ਇਟਾਂ ਮਾਰੀਆਂ ਤੇ ਫੱਟੜ ਹੋਏ।

ਭਾਈ ਉਜਾਗਰ ਸਿੰਘ ਪਿਤਾ ਸ: ਨੰਦ ਸਿੰਘ ਮਾਤਾ ਪਰਤਾਪ ਕੌਰ ਪਿੰਡ ਲੋਹ ਗੜ੍ਹ ਮੋਰਚਾ ਮੁਕਤਸਰ ਤੇ ਭਾਈ ਫੇਰੂ ਸਮੇਂ ਦੋ ਸਾਲ ਕੈਦ ਮੁਲਤਾਨ ਜੇਲ੍ਹ ਵਿਚ ਕੱਟੀ।

ਭਾ: ਤੇਜਾ ਸਿੰਘ ਪਿਤਾ ਸ: ਭਾਨ ਸਿੰਘ ਮਾਤਾ ਬੱਸੋ ਰੰਗੂ ਵਾਲਾ ਆਪ ਮੋਰਚਾ ਜੈਤੋ ਦੇ ਗਿਆਰਵੇਂ ਸ਼ਹੀਦੀ ਜੱਥੇ ਵਿਚ ਗਏ ਤੇ ਮੋਰਚਾ ਫਤਹਿ ਹੋਣ ਤੱਕ ਨਾਭਾ ਬੀੜਾ ਵਿਚ ਰਹੇ।

Digitized by Panjab Digital Library | www.panjabdigilib.org

ਨੰਬਰਦਾਰ ਗੁਰਚਰਨ ਸਿੰਘ ਪਿਤਾ ਸ: ਬਿਸ਼ਨ ਸਿੰਘ ਮਾਤਾ ਸੰਤੀ ਪਿੰਡ ਲੋਹਗੜ੍ਹ ਮੋਰਚਾ ਭਾਈ ਫੇਰੂ ਵਿਚ ਮੁਲਤਾਨ ਜੇਲ੍ਹ ਵਿਚ ਦੋ ਸਾਲ ਕੈਦ ਕੱਟੀ।

ਭਾਈ ਜੋਗਿੰਦਰ ਸਿੰਘ ਪਿਤਾ ਸ: ਨਰੰਜਨ ਸਿੰਘ ਮਾਤਾ ਹਰਨਾਮ ਕੌਰ ਪਿੰਡ ਲੋਹਗੜ੍ਹ ਮੋਰਚਾ ਭਾਈ ਫ਼ੇਰੂ ਵਿਚ ਛੇ ਮਹੀਨੇ ਕੈਦ, ਮੁਲਤਾਨ ਜੇਲ੍ਹ ਵਿਚ ਕੱਟੀ।

ਭਾਈ ਸੋਹਣ ਸਿੰਘ ਪਿਤਾ ਸ: ਬਿਸ਼ਨ ਸਿੰਘ ਮਾਤਾ ਸੰਤੀ ਪਿੰਡ ਲੋਹਗੜ੍ਹ ਆਪ ਮੋਰਚਾ ਮੁਕਤਸਰ ਗਏ ਤੇ ਮੋਰਚਾ ਫਤਹਿ ਹੋਣ ਪਰ ਵਾਪਸ ਮੁੜੇ।

ਭਾਈ ਗੁਲਬਦਨ ਸਿੰਘ ਨਾ-ਕਟ ਫੌਜੀ, ਕਿਰਪਾਨ ਦੇ ਸਬੰਧ ਵਿਚ ਨਾਂ ਕਟੇ ਪਿਤਾ ਸ: ਗੁਰਚਰਨ ਸਿੰਘ ਪਿੰਡ ਲੋਹਗੜ੍ਹ ਅਕਾਲੀ ਵਰਕਰ ਹਨ, ਆਪ ਜੀ ਦੀ ਬਹੁਤੀ ਉਮਰ ਜੇਲ੍ਹਾਂ ਵਿਚ ਦੇਸ਼ ਕੌਮ ਲਈ ਗੁਜ਼ਰੀ।

ਭਾਈ ਰਘਬੀਰ ਸਿੰਘ ਪਿਤਾ ਜੀਵਾ ਸਿੰਘ ਮਾਤਾ ਬਿਸ਼ਨ ਕੌਰ ਪਿੰਡ ਖੁਰਦ ਕੂਲੀ ਆਪ ਮੋਰਚਾ ਗੁਰੂ ਕਾ ਬਾਗ, ਭਾਈ ਫੇਰੂ ਤੇ ਗੰਗਸਰ ਜੈਤੋ ਵਿਚ ਗਏ।

ਭਾ: ਨਥਾ ਸਿੰਘ ਪਿਤਾ ਸ: ਲਹਿਣਾ ਸਿੰਘ ਮਾਤਾ ਮਹਾਂ ਕੌਰ ਪਿੰਡ ਨੰਗਲ ਛੋਟੇ ਆਪ ਮੋਰਚਾ ਭਾਈ ਫੇਰੂ ਵਿਚ ਗਏ ਅਤੇ ੬ ਮਹੀਨੇ ਕੈਦ ਕੱਟੀ। ਆਪ ਉਪ੍ਰੰਤ ਅਕਾਲੀ ਲਹਿਰ ਵਿਚ ਜੱਥਿਆਂ ਦੀ ਸੇਵਾ ਰਾਸ਼ਨ ਕੱਠਾ ਕਰਦੇ ਰਹੇ।

ਭਾਈ ਸੁਰਜਨ ਸਿੰਘ ਸ: ਲਹਿਣਾ ਸਿੰਘ ਮਾਤਾ ਮਹਾਂ ਕੌਰ ਪਿੰਡ ਨੰਗਲ ਛੋਟੇ ਆਪ ਜੈਤੋ ੧੪ ਵੇਂ ਸ਼ਹੀਦੀ ਜੱਥੇ ਵਿਚ ਗਏ ਤੇ ਮੋਰਚਾ ਫਤਹਿ ਹੋਣ ਤਕ ਨਾਭਾ ਬੀੜ ਵਿਚ ਕੈਦ ਕੱਟੀ।

ਭਾ: ਭਾਈ ਸਿੰਘ ਪਿਤਾ ਸ: ਨੰਦ ਸਿੰਘ ਝੰਮਟ ( ਤਹਿਸੀਲ ਲੁਧਿਆਣਾ ) ਆਪ ਜੀ ਲਾਹੌਰ ਕ੍ਰਿਪਾਨ ਦੇ ਮੋਰਚੇ ਵਿਚ ਗਏ। ਤਿੰਨ ਸਾਲ ਕੈਦ ਤੇ ੬੦੦ ਰੁਪਿਆ ਜੁਰਮਾਨਾ ਹੋਇਆ ਪ੍ਰੰਤੂ ਇਕ ਹਫ਼ਤੇ ਬਾਦ ਮੋਰਚਾ ਫਤਹਿ ਹੋਣ ਤੇ ਛੱਡ ਦਿੱਤੇ ਗਏ।

ਭਾ: ਗੁਰਦਿਤ ਸਿੰਘ ਜੀ ਪਿਤਾ ਸ: ਰਾਮ ਸਿੰਘ ਮਾਤਾ ਕ੍ਰਿਪੋ ਝੰਮਟ ( ਤਹਿਸੀਲ-ਲੁਧਿਆਣਾ ) ਆਪ ਮੋਰਚਾ ਜੈਤੋ ਚੌਥੇ ੨੫ ਸਿੰਘਾਂ ਦੇ ਜੱਥੇ ਵਿਚ ਗਏ ਤੇ ਢਾਈ ਸਾਲ ਕੈਦ ਕੈਂਪ ਲਾਇਲ ਪੁਰ ਜੇਲ੍ਹ ਤੇ ਇਕ ਦਰਜਨ ਬੈਂਤਾਂ ਦੀ ਸਜ਼ਾ ਹੁਕਮ ਅਦੂਲੀ ਵਿਚ। ਲਾਹੌਰ ਕ੍ਰਿਪਾਨਾ ਆਜ਼ਾਦੀ ਦੇ ਮੋਰਚੇ ਤੇ ਤਿੰਨ ਸਾਲ ਕੈਦ ਤੇ ੬੦੦ ਰੁਪਿਆ ਜੁਰਮਾਨਾ ਪ੍ਰੰਤੂ ਹਫ਼ਤੇ ਬਾਦ ਛੱਡੇ ਗਏ।

ਭਾ: ਜਸਮੇਲ ਸਿੰਘ ਮਿਸਤ੍ਰੀ ਪਿੰਡ ਰਾਮ ਗੜ੍ਹ ਆਪ ਨੂੰ ਜੈਤੋ ਵਿਚ ਇਕ ਸਾਲ ਕੈਦ।

ਸ: ਬਲਵੰਤ ਸਿੰਘ ਪਿਤਾ ਸ: ਰੂੜ ਸਿੰਘ ਮਾਤਾ ਸ਼ਾਮ ਕੌਰ ਰੰਗੀਆਂ ਆਪ ਮੋਰਚਾ ਭਾਈ ਫੇਰੂ ਵਿਚ ਦੋ ਸਾਲ ਕੈਦ ਮੁਲਤਾਨ ਜੇਲ੍ਹ।

ਭਾ: ਸ਼ਾਮ ਸਿੰਘ ਪਿਤਾ ਸ: ਪਜਾਬ ਸਿੰਘ ਰੰਗੀਆਂ ਆਪ ਅਕਾਲੀ ਦੱਲ ਦੇ ਜਨਰਲ ਕਮਾਂਡਰ ਤੇ ਦਸ ਸਾਲ ਕੈਦ। ਭਾ: ਨਰੈਣ ਸਿੰਘ ਪਿਤਾ ਹੀਰਾ ਸਿੰਘ ਮਾਤਾ ਦਾਖਾਂ ਪਿੰਡ ਰੁੜਕਾ, ਸਿੰਘ ਸਭਾ ਤੇ ਅਕਾਲੀ ਲਹਿਰ ਦੇ ਵਰਕਰ, ਗੁਰਦਵਾਰਾ ਹੇਹਰਾਂ ਦਾ ਕਬਜ਼ਾ ਲੈਂਣ ਵਾਲਿਆਂ ਵਿਚੋਂ, ਪਿੰਡ ਗੁਰਮਾਂ ਦੇ ਗੁਰਦਵਾਰੇ ਨੂੰ ਆਜ਼ਾਦ ਕਰਾਉਣ ਲਈ ਕਾਫੀ ਕੰਮ ਕੀਤਾ ੧੯੪੭ ਦੇ ਘਲੂ ਘਾਰੇ। ਵਿਚ ਪਿੰਡ ਘਾਂਤਲੂ ਵਿਚ ਸ਼ਹੀਦ ਹੋਏ।

ਭਾ: ਬਚਨ ਸਿੰਘ ਪਿਤਾ ਸ:ਜੈਮਲ ਸਿੰਘ ਮਾਤਾ ਸੋਭੀ ਰੰਗੂ ਵਾਲ ਆਪ ਮੋਰਚਾ ਜੈਤੋ ਦੇ ਗਿਆਰ੍ਹਵੇਂ ਜੱਥੇ ਵਿਚ ਗਏ।

ਜੱਥੇਦਾਰ ਮੰਗਲ ਸਿੰਘ ਪਿਤਾ ਸ: ਹਰਨਾਮ ਸਿੰਘ ਰੰਗੂ ਵਾਲ ਆਪ ਅਕਾਲੀ ਵਰਕਰ ਤੇ ਮੋਰਚਾ ਜੈਤੋ ਨੂੰ ਜਾਣ ਵਾਲੇ ਪੰਜਵੇਂ ਸ਼ਹੀਦੀ ਜੱਥੇ ਤੋਂ ਲੈ ਕੇ ਬਾਰ੍ਹਵੇਂ ਸ਼ਹੀਦੀ ਜੱਥੇ ਤੱਕ ਸਭ

Digitized by Panjab Digital Library | www.panjabdigilib.org

ਜੱਥਿਆਂ ਨਾਲ ਪ੍ਰਚਾਰ ਤੇ ਰਾਸ਼ਨ ਕਟੇ ਜਾਣ ਦੀ ਸੇਵਾ ਕਰਦੇ ਰਹੇ। ਆਪ ਨੇ ਬੀਬੀਆਂ ਦੇ ਸਕੂਲ ਵਾਸਤੇ ਬਾਰਾਂ ਬਿਸਵੇ ਜ਼ਮੀਨ ਦਿੱਤੀ।

ਭਾ: ਗੁਰਮੁਖ ਸਿੰਘ ਪਿਤਾ ਸ: ਕਾਹਨ ਸਿੰਘ ਰੰਗੂ ਵਾਲਾ ਆਪ ਅਕਾਲੀ ਲਹਿਰ ਵਿਚ, ਜੱਥੇ ਵਿਚ ਗਏ ਤੇ ਜੇਲ੍ਹ ਯਾਤ੍ਰਾ ਕੀਤੀ। ਆਪ ਨੂੰ ਕਾਂਗਰਸ ਦਾ ਕੰਮ ਚਲਾਉਣ ਵਿਚ ਜੁਰਮਾਨਾ ਵੀ ਹੋਇਆ।

ਭਾ: ਸੰਤਾ ਸਿੰਘ ਪਿਤਾ ਸ: ਰਾਮ ਸਿੰਘ ਰੰਗੂ ਵਾਲ ਆਪ ਮੋਰਚਾ ਭਾ: ਫੇਰੂ ਵਿਚ ਗਏ ਤੇ ਮੁਲਤਾਨ ਜੇਲ੍ਹ ਵਿਚ ੯ ਮਹੀਨੇ ਕੈਦ ਹੋਏ ਪ੍ਰੰਤੂ ਆਪ ਮੋਰਚਾ ਜੈਤੋ ਦੇ ਗਿਆਰ੍ਹਵੇਂ ਸ਼ਹੀਦੀ ਜੱਥੇ ਵਿਚ ਗਏ ਤੇ ਨਾਭਾ ਬੀੜ ਵਿਚ ਮੋਰਚਾ ਫਤਹਿ ਹੋਣ ਤੱਕ ਕੈਦ ਕਟੀ।

ਭਾ: ਅਮਰ ਸਿੰਘ ਪਿਤਾ ਸ: ਦਲੇਲ ਸਿੰਘ ਰੰਗੂ ਵਾਲਾ ਆਪ ਜੈਤੋ ਦੇ ਗਿਆਰ੍ਹਵੇਂ ਸ਼ਹੀਦੀ ਜੱਥੇ ਵਿਚ ਗਏ ਤੇ ਮੋਰਚਾ ਫਤਹਿ ਹੋਣ ਤੱਕ ਨਾਭਾ ਬੀੜ ਵਿਚ ਕੈਦ ਰਹੇ।

ਭਾ: ਵਰਯਾਮਸਿੰਘ ਪਿਤਾ ਸ: ਭੋਲਾ ਸਿੰਘ ਮਾਤਾ ਮਹਾਂ ਕੌਰ ਰੰਗੂ ਵਾਲਾ ਆਪ ਮੋਰਚਾ ਜੈਤੋ ਦੇ ਚੌਥੇ ਸ਼ਹੀਦੀ ਜੱਥੇ ਵਿਚ ਗਏ ਤੇ ਮੋਰਚਾ ਫਤਹਿ ਹੋਣ ਤੱਕ ਨਾਭਾ ਬੀੜ ਵਿਚ ਕੈਦ ਰਹੇ।

ਭਾ: ਚੰਨਣ ਸਿੰਘ ਜੀ ਪਿਤਾ ਸ: ਵਰਯਾਮ ਸਿੰਘ ਮਾਤਾ ਅਤਰ ਕੌਰ ਰੰਗੂ ਵਾਲ ਆਪ ਜੈਤੋ ਦੇ ਗਿਆਰ੍ਹਵੇਂ ਸ਼ਹੀਦੀ ਜੱਥੇ ਵਿਚ ਗਏ ਤੇ ਮੋਰਚਾ ਫਤਹਿ ਹੋਣ ਤੱਕ ਨਾਭਾ ਬੀੜ ਵਿਚ ਕੈਦ ਰਹੇ।

ਭਾ: ਮੰਗਲ ਸਿੰਘ ਪਿਤਾ ਸ: ਨਿਧਾਨ ਸਿੰਘ ਰੰਗੂ ਵਾਲ ਆਪ ਮੋਰਚਾ ਜੈਤੋ ਦੇ ਗਿਆਰ੍ਹਵੇਂ ਸ਼ਹੀਦੀ ਜੱਥੇ ਵਿਚ ਗਏ ਤੇ ਮੋਰਚਾ ਫਤਹਿ ਹੋਣ ਤੱਕ ਨਾਭਾ ਬੀੜ ਵਿਚ ਕੈਦ ਰਹੇ।

ਭਾ: ਨਿਹਾਲ ਸਿੰਘ ਪਿਤਾ ਸ: ਭੋਲਾ ਸਿੰਘ ਮਾਤਾ ਬਿਸ਼ਨ ਕੌਰ ਰੰਗੂ ਵਾਲ

ਭਾ: ਨਿਹਾਲ ਸਿੰਘ ਪਿਤਾ ਸ: ਭੋਲਾ ਸਿੰਘ ਮਾਤਾ ਬੱਸੋ ਰੰਗੂ ਵਾਲ।

ਇਹ ਦੋਵੇਂ ਸਿੰਘ ਜੈਤੋ ਤੇ ਗਆਰ੍ਹਵੇਂ ਸ਼ਹੀਦੀ ਜੱਥੇ ਵਿਚ ਗਏ। ਤਿੰਨ ਬਿਘੇ ਜ਼ਮੀਨ ਗੁਰਦਵਾਰੇ ਨੂੰ ਦਿੱਤੀ ਤੇ ਇਕ ਬਿਸਵਾ ਵਸੋਂ ਵਾਲੇ ਘਰ ਵਿਚੋਂ ਗੁਰੂ ਦੇ ਲੰਗਰ ਅਸਥਾਨ ਲਈ ਦਿੱਤਾ।

## ਸ: ਜਲਵੰਤ ਸਿੰਘ ਜੀ ਗਰੇਵਾਲ

ਸ਼੍ਰੋ: ਗੁ: ਪ੍ਰ: ਕਮੇਟੀ ਦੇ ਦੂਜੇ ਜੱਥੇ ਵਿਚ ਆਪ ਨੂੰ ਫਰਵਰੀ ੧੯੨੪ ਈ: ਨੂੰ ਦੋ ਸਾਲ ਕੈਦ ਸਖਤ ਅਤੇ ਪੰਜ ਸੌ ਰੁਪਿਆ ਜੁਰਮਾਨਾ ਹੋਇਆ, ਜੋ ਖਿੜੇ ਮੱਥੇ ਪ੍ਰਵਾਨ ਕੀਤਾ। ਆਪ ਪੰਥ ਦੇ ਨਿਸ਼ਕਾਮ ਸੇਵਕਾਂ 'ਚੋਂ ਹਨ ਜਿਸ ਨੂੰ ਵਡਿਆਈ ਦੀ ਜਾਂ ਚੌਧਰ ਦੀ ਕੋਈ ਗਰਜ ਨਹੀਂ, ਬਲਕਿ ਆਪ ਗੁਪਤ ਹੋ ਕੇ ਤਨ, ਮਨ, ਧਨ ਨਾਲ ਪੰਥ ਦੀ ਸੇਵਾ ਵਿਚ ਜੁਟੇ ਰਹਿੰਦੇ ਸਨ। ਪੰਥਕ ਪ੍ਰਚਾਰ ਨੂੰ ਮੁਖ ਰਖ ਕੇ 'ਅਕਾਲੀ' ਅਖਬਾਰ ਨੂੰ ੧੦੦੦ ਰੁਪਿਆ ਨਕਦ ਸਹਾਇਤਾ ਦਿੱਤੀ। ਫੁਟਕਲ ਤਾਂ ਗਿਣਤੀ ਹੀ ਨਹੀਂ ਆਉਂਦੀ। ਆਪ ਦੇ ਦਿਲ ਅੰਦਰ ਦੇਸ਼ ਅਤੇ ਕੌਮ ਦਾ ਸੱਚਾ ਦਰਦ ਹੈ ਇਸ ਵਾਸਤੇ ਆਪ ਜੀ ਨੂੰ ਜੱਥੇਦਾਰ ਅਕਾਲੀ ਜ਼ੱਥਾ ਜ਼ਿਲਾ ਮਿੰਟਗੁਮਰੀ ਦਾ ਚੁਣਿਆ ਗਿਆ ਸੀ।

ਭਾ: ਪੂਰਨ ਸਿੰਘ ਪਿਤਾ ਸ: ਹਰਨਾਮ ਸਿੰਘ ਮਾਤਾ ਪਰੇਮ ਕੌਰ ਬਖਤ ਗੜ੍ਹ ਆਪ ਜੀ ਨੂੰ ਸ਼ਹੀਦੀ ਜੀਵਨ ਕਿਤਾਬ ਲਿਖਣ ਕਾਰਨ ਦਫ਼ਾ ੧੨੪ ਹੇਠ ਚਲੇ ਮੁਕੱਮੇ ਵਿਚ ਛੇ ਮਹੀਨੇ ਕੈਦ ਲਾਹੌਰ ਜੇਲ੍ਹ ਵਿਚ ਕਟੀ।

ਗਿ: ਇੰਦਰ ਸਿੰਘ ਗਰੰਥੀ ਪਿੰਡ ਝਗੇੜੇ ਜ਼ਿਲਾ ਲੁਧਿਆਣਾ।

Digitized by Panjab Digital Library | www.panjabdigilib.org

ਭਾ: ਹਰੀ ਸਿੰਘ ਜੀ ਪਿਤਾ ਸ: ਬੀਰ ਸਿੰਘ ਮਾਤਾ ਜੁਆਲੀ ਬੱਦੋ ਵਾਲ ਆਪ ਮੋਰਚਾ ਜੈਤੋ ਦੇ ਤੇਰ੍ਹਵੇਂ ਸ਼ਹੀਦੀ ਜੱਥੇ ਵਿਚ ਮੋਰਚਾ ਫਤਹਿ ਹੋਣ ਤੱਕ ਕੈਦ ਰਹੇ।

ਭਾ: ਨਿਰਭੈ ਸਿੰਘ ਪਿਤਾ ਭਾ: ਬੀਰ ਸਿੰਘ ਮਾਤਾ ਜੁਆਲੀ ਬੱਦੋ ਵਾਲ ਆਪ ਮੋਰਚਾ ਜੈਤੋ ਦੇ ਪੰਜਵੇਂ ਸ਼ਹੀਦੀ ਜੱਥੇ ਵਿਚ ਗਏ ਤੇ ਦੋ ਸਾਲ ਨਾਭਾ ਬੀੜ ਵਿਚ ਕੈਦ ਕਟੀ।

ਹੈਡ ਮਾਸਟਰ ਬਚਨ ਸਿੰਘ ਪਿਤਾ ਸ: ਰਲਾ ਸਿੰਘ ਮਾਤਾ ਗੁਜਰੀ ਬਮਰਾਮ ਆਪ ਮੋਰਚਾ ਜੈਤੋ ਵਿਚ ਗਏ ਤੇ ਢਾਈ ਸਾਲ ਨਾਭਾ ਬੀੜ ਵਿਚ ਕੈਦ ਕਟੀ।

ਹੈਡ ਮਾਸਟਸ ਗੁਲਜ਼ਾਰ ਸਿੰਘ ਪਿਤਾ ਸ: ਗੋਪਾਲ ਸਿੰਘ ਬਟਾਰੀ ਮੋਰਚਾ ਜੇਤੋ ਤੇ ਬਾਬਲ-ਕਾਂਟੀ ਛੱਡੇ ਗਏ।

ਭਾ: ਦਯਾ ਸਿੰਘ ਪਿਤਾ ਸ: ਅਵਤਾਰ ਸਿੰਘ ਮਾਤਾ ਨਿਹਾਲ ਕੌਰ ਬਰੂੰਦੀ ਆਪ ਮੋਰਚਾ ਜੈਤੋ ਵਿਚ ੬ ਮਹੀਨੇ ਨਾਭਾ ਬੀੜ ਕੈਦ ਰਹੇ।

ਭਾ: ਹਜ਼ਾਰਾ ਸਿੰਘ ਪਿਤਾ ਸ: ਹੀਰਾ ਸਿੰਘ ਨੰਬਰਦਾਰ ਮਾਤਾ ਰਲੀ ਬਰੂੰਦੀ ਆਪ ਭਾਈ ਫੇਰੂ ਦੇ ਮੋਰਚੇ ਵਿਚ ਗਏ ਪਿੰਡ ਨੇ ਆਪ ਦਾ ਚੰਗਾ ਮਾਨ ਕੀਤਾ, ਪਰ ਪਿਤਾ ਨੇ ਮੂੰਹ ਨਾ ਲਾਇਆ ਤਾਂ ਵਾਪਸ ਹੋ ਕੇ ਹੁਣ ਤੱਕ ਲਾ-ਪਤਾ ਹਨ। ਆਪ ਪਿਤਾ ਦੇ ਇਕਲੌਤੇ ਪੁਤ੍ਰ ਹਨ।

ਸੰਤ ਅਮਰ ਸਿੰਘ ਪਿਤਾ ਸ: ਜੀਵਾ ਸਿੰਘ ਮਾਤਾ ਨੰਦ ਕੌਰ ਬਰੂੰਦੀ ਆਪ ਜੈਤੋ ਦੇ ਮੋਰਚੇ ਵਿਚ ਜਾਣ ਲਈ ਸ੍ਰੀ ਅੰਮ੍ਰਿਤਸਰ ਗਏ ਪ੍ਰੰਤੂ ਸੰਤ ਮਤੇ ਵਿਚ ਹਨ। ਆਪ ਜੀ ਨੂੰ ਪਾਠੀਆਂ ਵਿਚ ਲਿਆ ਗਿਆ।

ਗ੍ਰੰਥੀ ਕਾਕਾ ਸਿੰਘ ਪਿਤਾ ਸ: ਦਿਆਲ ਸਿੰਘ ਮਾਤਾ ਰਤਨ ਕੌਰ ਬ੍ਰਹਮ ਪੁਰ ਆਪ ਜੀ ਹਾਂਗਕਾਂਗ ਤੋਪ ਖਾਨੇ ਐਚ.ਕੇ ਵਿਚ ਗ੍ਰੰਥੀ ਸਨ। ਆਪ ਨੇ ਟੋਪੀ ਦੇ ਸਵਾਲ ਤੇ "ਹੋਏ ਸਿੱਖ ਸਿਰ ਟੋਪੀ ਧਰੇ, ਸਾਤ ਜਨਮ ਕੁਸ਼ਟੀ ਹੋਏ ਮਰੇ" ਦਾ ਨਾਹਰਾ ਮਾਰਿਆ। ਕੰਪਨੀ ਸਮੇਤ ਬਹੁਤ ਤਕਲੀਫ਼ਾਂ ਉਠਾਈਆਂ, ਕੈਦ ਰਹੇ ਤੇ ਰੁਪਿਆ ਜ਼ਬਤ ਕਰਾਇਆ, ਨੌਕਰੀਓਂ ਕੱਢੇ ਗਏ ਪਰ ਅਡੋਲ ਰਹੇ। ਧੰਨ ਸਿੱਖੀ।

ਗ੍ਰੰਥੀ ਸੋਹਣ ਸਿੰਘ ਗਿਆਨੀ ਪਿਤਾ ਸ: ਦੀਵਾਨ ਸਿੰਘ ਮਾਤਾ ਨੰਦ ਕੌਰ ਬ੍ਰਹਮ ਪੁਰ ਆਪ ਮੋਰਚਾ ਜੈਤੋ ਵਿਚ ਜਥੇਦਾਰ ਬਣਕੇ ਗਏ ਤੇ ਮੋਰਚਾ ਫਤਹਿ ਹੋਣ ਤੱਕ ਨਾਭਾ ਬੀੜ ਵਿਚ ਕੈਦ ਰਹੇ

ਨਿਹੰਗ ਬਚਨ ਸਿੰਘ ਪਿਤਾ ਸ: ਇੰਦਰ ਸਿੰਘ ਮਾਤਾ ਬਸੰਤ ਕੌਰ ਬ੍ਰਹਮ ਪੁਰ ਆਪ ਨੇ ਲਾਹੌਰ ਸ਼ਹੀਦ ਗੰਜ ਦੇ ਝਗੜੇ ਵੇਲੇ ਮਸੀਤ ਸਾਫ਼ ਕੀਤੀ। ਗੁਰਦੁਵਾਰੇ ਵਿਚ ਥੋੜੇ ਸਿੰਘ ਰਹਿ ਗਏ ਸਨ, ਮਾਰਸ਼ਲ-ਲਾ ਵਿਚ ਆਪ ਤਿੰਨ ਤਿੰਨ ਸਿੰਘ ਨਾਲ ਲਿਆਉਂਦੇ ਰਹੇ ਤੇ ੯ ਮਹੀਨੇ ਸੇਵਾ ਕੀਤੀ।

ਭਾਈ ਨਾਹਰ ਸਿੰਘ ਪਿਤਾ ਸ: ਗੁਰਦਿਤ ਸਿੰਘ ਮਾਤਾ ਗੁਰਦਿਤ ਕੌਰ ਬਿਲਗਾ ਆਪ ਮੋਰਚਾ ਜੈਤੋ ਗਏ ਤੇ ਪੌਣੇ ਦਸ ਮਹੀਨੇ ਨਾਭਾ ਬੀੜ ਵਿਚ ਕੈਦ ਰਹੇ।

ਭਾਈ ਲਾਲ ਸਿੰਘ ਪਿਤਾ ਸ: ਚਤਰ ਸਿੰਘ ਬਿਲਗਾ ਆਪ ਭਾਈ ਫੇਰੂ ਦੇ ਮੋਰਚੇ ਵਿਚ ਤਿੰਨ ਵੇਰ ਗਏ, ਛੋਟੀ ਉਮਰ ਹੋਣ ਦੇ ਕਾਰਨ ਛੱਡੇ ਜਾਂਦੇ ਰਹੇ ਤੇ ਸਿਰੋਪਾ ਲੈ ਕੇ ਘਰ ਆਏ।

ਭਾਈ ਕੇਹਰ ਸਿੰਘ ਮਿਸਤ੍ਰੀ ਪਿਤਾ ਸ: ਕ੍ਰਿਪਾਲ ਸਿੰਘ ਬਿਲਗਾ ਆਪ ਨੇ ਲਾਹੌਰ ਦੇ ਕ੍ਰਿਪਾਨ ਦੇ ਮੋਰਚੇ ਵਿਚ ੨੦ ਦਿਨ ਤਕਲੀਫ਼ਾਂ ਸਹੀਆਂ।

Digitized by Panjab Digital Library | www.panjabdigilib.org

ਭਾ: ਬਖਤੌਰ ਸਿੰਘ ਪਿਤਾ ਸ: ਮੈਂਗਲ ਸਿੰਘ ਬਿਲਗਾ ਆਪ ਨੇ ਮੋਰਚਾ ਕ੍ਰਿਪਾਨ ਲਾਹੌਰ ਵਿਚ ਕਸ਼ਟ ਸਹਾਰੇ।

ਭਾ: ਅਜਾਇਬ ਸਿੰਘ ਪਿਤਾ ਸ: ਹੀਰਾ ਸਿੰਘ ਬਿਲਗਾ ਆਪ ਨੇ ਮੋਰਚਾ ਕ੍ਰਿਪਾਨ ਲਾਹੌਰ ਵਿਚ ਕਸ਼ਟ ਸਹਾਰੇ।

ਭਾ: ਸਹੇਲ ਸਿੰਘ ਪਿਤਾ ਸ: ਰਾਮ ਸਿੰਘ ਬਿਲਗਾ ਆਪ ਨੇ ਮੋਰਚਾ ਕ੍ਰਿਪਾਨ ਲਾਹੌਰ ਵਿਚ ਕਸ਼ਟ ਸਹਾਰੇ।

ਭਾ: ਭਗਵਾਨ ਸਿੰਘ ਪਿਤਾ ਸ: ਬੇਲਾ ਸਿਘ ਬਿਲਗਾ ਆਪ ਨੇ ਮੋਰਚਾ ਕ੍ਰਿਪਾਨ ਲਾਹੌਰ ਵਿਚ ਕਸ਼ਟ ਸਹਾਰੇ।

ਭਾ: ਕਾਹਨ ਸਿੰਘ ਗੁੰਬੀ ਪਿਤਾ ਸ: ਜੈਮਲ ਸਿੰਘ ਮਾਤਾ ਪ੍ਰੇਮ ਕੌਰ ਭੈਣੀ ਦਰੇੜੀ ਆਪ ਜੈਤੋ ਦੇ ਗਿਆਰ੍ਹਵੇਂ ਜੱਥੇ ਵਿਚ ਗਏ ਤੇ ਇਕ ਸਾਲ ਨਾਭਾ ਬੀੜ ਵਿਚ ਕੈਦ ਹੋਏ।

ਭਾ: ਧਰਮ ਸਿੰਘ ਪਿਤਾ ਸ: ਨੰਦ ਸਿੰਘ ਮਾਤਾ ਕਰਮ ਕੌਰ ਰੋੜੇ ਭੈਣੀ ਆਪ ਜੈਤੋ ਦੇ ਚੌਥੇ ਸ਼ਹੀਦੀ ਜੱਥੇ ਵਿਚ ਗਏ ਤੇ ਮੋਰਚਾ ਫਤਹਿ ਹੋਣ ਤੱਕ ਨਾਭਾ ਬੀੜ ਵਿਚ ਕੈਦ ਰਹੇ।

ਜੱਥੇਦਾਰ ਭਾਨ ਸਿੰਘ ਪਿਤਾ ਸ: ਗੱਜਣ ਸਿੰਘ ਮਾਤਾ ਇੰਦਰ ਕੌਰ ਭੈਣੀ ਬੜਿੰਗਾਂ ਆਪ ਮੋਰਚਾ ਜੈਤੋ ਗਏ ਤੇ ਸੇਵਾਦਾਰਾਂ ਦੀ ਡਿਊਟੀ ਵਿਚ ਨਾਭਾ ਬੀੜ ਵਿਚ ਤਿੰਨ ਮਹੀਨੇ ਕੈਦ ਰਹੇ।

ਭਾ: ਇੰਦਰ ਸਿੰਘ ਪਿਤਾ ਸ: ਦਸੌਂਧਾ ਸਿੰਘ ਭੈਣੀ ਬੜਿੰਗਾਂ ਆਪ ਮੋਰਚਾ ਜੈਤੋ ਗਏ ਤੇ ਸੇਵਾਦਾਰਾਂ ਦੀ ਡਿਊਟੀ ਵਿਚ ਨਾਭਾ ਬੀੜ ਵਿਚ ਤਿੰਨ ਮਹੀਨੇ ਕੈਦ ਰਹੇ।

ਭਾ: ਹਰਨਾਮ ਸਿੰਘ ਪਿਤਾ ਸ: ਹਜ਼ਾਰਾ ਸਿੰਘ ਭੈਣੀ ਬੜਿੰਗਾਂ ਆਪ ਮੋਰਚਾ ਜੈਤ ਗਏ ਤੇ ਸੇਵਾਦਾਰਾਂ ਦੀ ਡਿਊਟੀ ਵਿਚ ਨਾਭਾ ਬੀੜ ਵਿਚ ਤਿੰਨ ਮਹੀਨੇ ਕੈਦ ਰਹੇ।

ਭਾ: ਰਾਮ ਸਿੰਘ ਪਿਤਾ ਸ: ਰਣ ਸਿੰਘ ਭੈਣੀ ਬੜਿੰਗਾਂ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਸੇਵਾਦਾਰਾਂ ਦੀ ਡਿਊਟੀ ਵਿਚ ਨਾਭਾ ਬੀੜ ਵਿਚ ਕੈਦ ਰਹੇ।

ਭਾ: ਅਨੋਖ ਸਿੰਘ ਪਿਤਾ ਸ: ਸੱਦਾ ਸਿੰਘ ਮਾਤਾ ਮਹਾਂ ਕੌਰ ਭੈਣੀ ਬੜਿੰਗਾਂ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਸੇਵਾਦਾਰਾਂ ਦੀ ਡਿਊਟੀ ਵਿਚ ਨਾਭਾ ਬੀੜ ਵਿਚ ਕੈਦ ਰਹੇ।

ਨੋਟ:- ਨਨਕਾਣਾ ਸਾਹਿਬ ਅਤੇ ਗੁਰੂ ਕੇ ਬਾਗ ਭੀ ਗਏ।

ਭਾ: ਨਥਾ ਸਿੰਘ ਪਿਤਾ ਸ: ਫਤਹ ਸਿੰਘ ਮਾਤਾ ਦਾਖਾਂ ਕੌਰ ਪਿੰਡ ਜੋਧਪੁਰ ਆਪ ਮੋਰਚਾ ਸੰਗਰੂਰ ਮੇਂ ਦੂਰ ਲਿਜਾਕੇ ਛਡੇ ਗਏ।

ਭਾ: ਘੁਮੰਡ ਸਿੰਘ ਪਿਤਾ ਸ: ਹੀਰਾ ਸਿੰਘ ਮਾਤਾ ਚੰਦ ਕੌਰ ਪਿੰਡ ਜੋਧਪੁਰ ਆਪ ਭਾਈ ਫੇਰੂ ਵਿਚ ਗਏ ਅਤੇ ਮੁਲਤਾਨ ਸੰਟ੍ਰਲ ਜੇਲ੍ਹ ਵਿਚ ਦੋ ਸਾਲ ਕੈਦ ਕੱਟੀ।

ਜੱਥੇਦਾਰ ਹਰੀ ਸਿੰਘ ਪਿਤਾ ਸ: ਅਮਰੀਕ ਸਿੰਘ ਮਾਤਾ ਰਾਮ ਕੌਰ ਪਿੰਡ ਜੋਧਪੁਰ ਆਪ ਮੋਰਚਾ ਸੰਗਰੂਰ ਵਿਚ ਗਏ।

ਭਾ: ਹਰੀ ਸਿੰਘ ਪਿਤਾ ਧਰਮ ਸਿੰਘ ਮਾਤਾ ਕਿਸ਼ਨ ਕੌਰ ਜੋਧਪੁਰ ਆਪ ਮੋਰਚਾ ਸੰਗਰੂਰ ਵਿਚ ਦੂਰ ਲਿਜਾਕੇ ਛੱਡ ਦਿਤੇ ਗਏ।

ਭਾ: ਨਰੈਣ ਸਿੰਘ ਪਿਤਾ ਸ: ਮਲ ਸਿੰਘ ਮਾਤਾ ਜੀਊਣ ਕੌਰ ਪਿੰਡ ਜੋਧਪੁਰ ਆਪ ਨੇ ਗੁਰਦੁਆਰਾ ਲੋਹਗੜ੍ਹ ਦੀਨੇ ਦਾ ਕਬਜ਼ਾ ਲਿਆ।

Digitized by Panjab Digital Library | www.panjabdigilib.org

ਭਾ: ਕੇਹਰ ਸਿੰਘ ਪਿਤਾ ਸ: ਪੰਜਾਬ ਸਿੰਘ ਮਾਤਾ ਮਾਨ ਕੌਰ ਪਿੰਡ ਜੋਧਪੁਰ ਆਪ ਦੇ ਮੋਰਚਾ ਜੈਤੋ ਦੇ ੧੭ਵੇਂ ਸ਼ਹੀਦੀ ਜੱਥੇ ਵਿਚ ਅਪੜਨ ਸਾਰ ਮੋਰਚਾ ਫਤਹਿ ਹੋ ਗਿਆ।

ਭਾ: ਸੁਚਾ ਸਿੰਘ ਪਿਤਾ ਸ: ਦੇਵਾ ਸਿੰਘ ਮਾਤਾ ਤਾਬੋ ਪਿੰਡ ਜੋਧਪੁਰ ਆਪ ਮੋਰਚਾ ਜੈਤੋ ਵਿਚ ਬਾਬਲ ਕਾਂਟੀ ਛੱਡੇ ਗਏ ਅਤੇ ਭਾ: ਫੇਰੂ ਵਿਚ ੬ ਦਿਨ ਦੀ ਕੇਦ ਕੱਟੀ।

ਭਾ: ਮਿਤ ਸਿੰਘ ਪਿਤਾ ਸ: ਬੇਲਾ ਸਿੰਘ ਮਾਤਾ ਦਾਖਾਂ ਕੌਰ ਪਿੰਡ ਜੋਧਪੁਰ ਆਪ ਮੋਰਚਾ ਭਾ: ਫੇਰੂ ਵਿਚ ਗਏ ਅਤੇ ਮੁਲਤਾਨ ਜੇਲ੍ਹ ਵਿਚ ਦੋ ਸਾਲ ਕੈਦ ਕੱਟੀ।

ਭਾ: ਇੰਦਰ ਸਿੰਘ ਪਿਤਾ ਸ: ਚੂਹੜ ਸਿੰਘ ਮਾਤਾ ਪਰਤਾਪ ਕੌਰ ਪਿੰਡ ਜੋਧਪੁਰ ਆਪ ਭਾ: ਫੇਰੂ ਦੇ ਮੋਰਚੇ ਵਿਚ ਗਏ ਅਤੇ ਮੁਲਤਾਨ ਜੇਲ੍ਹ ਵਿਚ ਦੋ ਸਾਲ ਕੈਦ ਕੱਟੀ ਅਤੇ ੨੦੦ ਰੁ: ਜੁਰਮਾਨਾ ਹੋਇਆ।

ਭਾ: ਸੰਤਾ ਸਿੰਘ ਪਿਤਾ ਸ: ਸੁਰਤਾ ਸਿੰਘ ਮਾਈ ਚੰਦ ਕੌਰ ਪਿੰਡ ਜੋਧਪੁਰ ਆਪ ਮੋਰਚਾ ਜੈਤੋ ਵਿਚ ਨਾਭਾ ਬੀੜ ਵਿਚ ਮੋਰਚਾ ਫਤਹਿ ਹੋਣ ਤਕ ਕੈਦ ਰਹੇ।

ਭਾ: ਪਰਤਾਪ ਸਿੰਘ ਪਿਤਾ ਖਜ਼ਾਨ ਸਿੰਘ ਮਾਤਾ ਮਾਈ ਜੀਉਣ ਕੌਰ ਪਿੰਡ ਜੇਠੂ ਕੇ ਆਪ ਮੋਰਚਾ ਜੈਤੋ ਤੇ ਭਾਈ ਫੇਰੂ ਵਿਚ ਤਿੰਨ ਵਾਰ ਗਏ ਅਤੇ ਛੱਡ ਦਿਤੇ ਜਾਂਦੇ ਰਹੇ।

ਭਾ: ਕੇਹਰ ਸਿੰਘ ਪਿਤਾ ਸ: ਰਾਮ ਸਿੰਘ ਪਿੰਡ ਜੇਠੂ ਕੇ ਆਪ ਮੋਰਚਾ ਜੈਤੋ ਦੇ ੧੧ਵੇਂ ਸ਼ਹੀਦੀ ਜੱਥੇ ਵਿਚ ਮੋਰਚਾ ਫਤਹਿ ਹੋਣ ਤਕ ਨਾਭਾ ਬੀੜ ਵਿਚ ਕੈਦ ਰਹੇ।

ਸ: ਸੋਹਣ ਸਿੰਘ ਪਿਤਾ ਸ: ਈਸ਼ਰ ਸਿੰਘ ਮਾਤਾ ਰੂੜ ਕੌਰ ਪਿੰਡ ਜੈਠੂ ਕੇ ਆਪ ਅਮਰੀਕਾ ਵਿਚੋਂ ਜੱਥੇ ਨਾਲ ਆਏ ਅਤੇ ਇਨ੍ਹਾਂ ਦੇ ਜੱਥੇ ਨੇ ਕਮੇਟੀ ਦੇ ਹੁਕਮ ਅਨੁਸਾਰ ਮੋਰਚਾ ਫਤਹਿ ਹੋਣ ਤਕ ਪ੍ਰਚਾਰ ਦੀ ਸੇਵਾ ਕੀਤੀ।

ਸ: ਮਿਡਾ ਸਿੰਘ ਪਿਤਾ ਵੀਰ ਸਿੰਘ ਪਿੰਡ ਜੈਠੂ ਕੇ ਆਪ ਜੈਤੋ ਦੇ ੧੧ਵੇਂ ਸ਼ਹੀਦੀ ਜੱਥੇ ਨਾਲ ਗਏ ਅਤੇ ਮੋਰਚਾ ਫਤਹਿ ਹੋਣ ਤਕ ਨਾਭਾ ਬੀੜ ਵਿਚ ਕੈਦ ਕੱਟੀ।

ਸ: ਕਲਯਾਨ ਸਿੰਘ ਪਿਤਾ ਸ: ਗੁਰਦਿਤ ਸਿੰਘ ਪਿੰਡ ਭੀਖੀ ਖਟੜਾ ਆਪ ਨੇ ਖੇੜੇ ਦੀਵਾਨ ਦੀ ਤਕਰੀਰ ਵਿਚ ਮੁਲਤਾਨ ਜੇਲ੍ਹ ਵਿਚ ੨ ਸਾਲ ਦੀ ਕੈਦ ਕੱਟੀ।

ਸ: ਭੂਲੋਕ ਸਿੰਘ ਪਿਤਾ ਸ: ਨੰਦ ਸਿੰਘ ਮਾਤਾ ਭੋਲੀ ਪਿੰਡ ਭੁਟਾ ਆਪ ਮੋਰਚਾ ਜੈਤੋ ਵਿਚ ਗਏ ਤੇ ਤਕਲੀਫਾਂ ਸਹੀਆਂ।

ਭਾ: ਸਰਬਣ ਸਿੰਘ ਪਿਤਾ ਸ: ਸੌਣ ਸਿੰਘ ਮਾਤਾ ਨੰਦ ਕੌਰ ਪਿੰਡ ਭਨੌਹੜ ਆਪ ਮੋਰਚਾ ਜੈਤੋ ਵਿਚ ਗਏ ਤੇ ਤਕਲੀਫਾਂ ਸਹੀਆਂ।

ਭਾ: ਗਜਣ ਸਿੰਘ ਪਿਤਾ ਸ: ਮਿਤ ਸਿੰਘ ਮਾਤਾ ਅਤਰ ਕੌਰ ਪਿੰਡ ਭਨੌਹੜ ਆਪ ੫੦੦ ਦੇ ਜੱਥੇ ਵਿਚ ਮੋਰਚਾ ਜੈਤੋ ਗਏ ਤੇ ਮੋਰਚਾ ਫਤਹਿ ਹੋਣ ਤਕ ਕੈਦ ਰਹੇ।

ਭਾ: ਗਿਆਨ ਸਿੰਘ ਪਿਤਾ ਸ: ਰਾਮ ਸਿੰਘ ਪਿੰਡ ਭਨੌਹੜ ਆਪ ੫੦੦ ਦੇ ਜੱਥੇ ਵਿਚ ਮੋਰਚਾ ਜੈਤੋ ਗਏ ਤੇ ਮੋਰਚਾ ਫਤਹਿ ਹੋਣ ਤਕ ਕੈਦ ਰਹੇ।

ਭਾ: ਹਰਨਾਮ ਸਿੰਘ ਪਿਤਾ ਸ: ਮਹਿਮਾ ਸਿੰਘ ਮਾਤਾ ਲੇਖਾਂ ਪਿੰਡ ਭਨੌਹੜ ਆਪ ਭਾਈ ਫੇਰੂ ਦੇ ਮੋਰਚੇ ਵਿਚ ਗਏ ਸਨ ਤੇ ੪੭ ਦੇ ਘਲੂਘਾਰੇ ਵਿਚ ਵੀ ਆਪ ਨੇ ਪਿੰਡ ਦਾ ਚੰਗ ਬਚਾਉ ਕੀਤਾ।

Digitized by Panjab Digital Library | www.panjabdigilib.org

ਇਸ ਪਿੰਡ ਦੀ ਮੋਹੜੀ ਚੁੰਧ ਨੇ ਗਡੀ । ਪਹਿਲਾ ਇਸ ਦਾ ਨਾਮ ਭਰਲਗੋਤ ਵਾਸਤੇ ਮਸ਼ਹੂਰ ਸੀ। ਬਿਗੜਕੇ ਭਨੋਹੜਾ ਬਣ ਗਿਆ। ਇਸ ਇਲਾਕੇ ਦੇ ਜੱਥੇ ਨੇ ਅੰਗ੍ਰੇਜ਼ਾਂ ਨਾਲ ਲੜ ਕੇ ਓਹਨਾਂ ਦਾ ਕਾਫੀ ਨੁਕਸਾਨ ਕੀਤਾ ਸੀ।

ਭਾ: ਵਰਯਾਮ ਸਿੰਘ ਪਿਤਾ ਸ: ਰਾਮ ਸਿੰਘ ਪਿੰਡ ਭਨੋਹੜ ਆਪ ਜੈਤੋ ਦੇ ਮੋਰਚੇ ਵਿਚ ਗਏ।

ਭਾ: ਲਾਹੌਰਾ ਸਿੰਘ ਪਿਤਾ ਸ: ਦੇਵਾ ਸਿੰਘ ਮਾਤਾ ਭੋਲੀ ਪਿੰਡ ਭੋਤਨੇ ਆਪ ਨੇ ਪਿੰਡ ਗਿਲਾਂ ਵਿਚ ਹੋਏ ਦੀਵਾਨ ਦੀ ਪਰਧਾਨਗੀ ਕਾਰਨ ਤਿੰਨ ਮਹੀਨੇ ਹਵਾਲਾਤ ਬੰਦ ਤੇ ਡੇਢ ਸਾਲ ਕੈਦ ਮੁਲਤਾਨ ਸੰਟ੍ਰ ਜੇਲ੍ਹ ਵਿਚ ਕੱਟੀ ਅਤੇ ਆਪ ਅਕਾਲੀ ਵਰਕਰ ਭੀ ਸਨ।

ਭਾ: ਉਜਾਗਰ ਸਿੰਘ ਕਪਤਾਨ ਪਿਤਾ ਜ਼ਮਾਦਾਰ ਸਜਣ ਸਿੰਘ ਮਾਤਾ ਪਰਤਾਪ ਕੌਰ ਪਿੰਡ ਭੋਤਨੇ ਆਪ ਨੇ ਮੋਰਚਾ ਭਾਈ ਫੇਰੂ ਵਿਚ ਤਿੰਨ ਮਹੀਨੇ ਸਖਤ ਕੈਦ ਕੱਟੀ।

ਸੰਤ ਨਿਧਾਨ ਸਿੰਘ ਜੀ ਪਿੰਡ ਭੋਤਨੇ ਆਪ ਮੋਰਚਾ ਸੰਗਰੂਰ ਦੇ ਜੱਥੇ ਦੇ ਜੱਥੇਦਾਰ ਰਹੇ ਅਤੇ ਕਈ ਦਿਨ ਹਵਾਲਾਤ ਵਿਚ ਬੰਦ ਰਹੇ।

ਭਾ: ਕਾਲਾ ਸਿੰਘ ਪਿਤਾ ਸ: ਰਾਜਾ ਰਾਮ ਸਿੰਘ ਮਾਤਾ ਅਜੈਬ ਕੌਰ ਪਿੰਡ ਭੂੰਦੜ ਆਪ ੧. ਮੋਰਚਾ ਜੈਤੋ ਵਿਚ ਬਾਬਲ ਕਾਂਟੀ ਛੱਡੇ ਗਏ ੨. ਆਪ ਮੋਰਚਾ ਭਾਈ ਫੇਰੂ ਵਿਚ ਗਏ ਅਤੇ ਰਾਵਲਪਿੰਡੀ ਜੇਲ੍ਹ ਵਿਚ ਦੋ ਮਹੀਨੇ ਕੈਦ ਕੱਟੀ।

ਭਾ: ਲਾਲ ਸਿੰਘ ਪਿਤਾ ਸ; ਪੂਰਨ ਸਿੰਘ ਮਾਤਾ ਜੈ ਕੌਰ ਪਿੰਡ ਭੂੰਦੜ ਆਪ ਨੇ ਮੋਰਚਾ ਭਾਈ ਫੇਰੂ ਵਿਚ ਜੇਲ੍ਹ ਕੱਟੀ।

ਭਾ: ਅਰਜਨ ਸਿੰਘ ਪਿਤਾ ਸ: ਭਾਗ ਸਿੰਘ ਮਾਤਾ ਜੀਵਾਂ ਕੌਰ ਪਿੰਡ ਭੂੰਦੜ ਆਪ ਮੋਰਚਾ ਭਾਈ ਫੇਰੂ ਵਿਚ ਕੈਦ ਰਹੇ।

ਭਾ; ਮਹਾਂ ਸਿੰਘ ਪਿਤਾ ਸ: ਵੀਰ ਸਿੰਘ ਮਾਤਾ ਸੰਗਤੀ ਪਿੰਡ ਦੌਲਤਪੁਰਾ ਆਪ ਨੇ ਮੋਰਚਾ ਭਾਈ ਫੇਰੂ ਵਿਚ ਕੈਦ ਕੱਟੀ।

ਭਾ: ਗੁਜ਼ਰ ਸਿੰਘ ਪਿਤਾ ਜਸਵੰਤ ਸਿੰਘ ਦਾਊ ਮਾਰਾ ; ਆਪ ਤੇਰਾਂ ਸਾਲ ਦੀ ਉਮਰ ਵਿਚ ਜੈਤੋ ਦੇ ਮੋਰਚੇ ਵਿਚ ਜੱਥਾ ਨੰਬਰ ੧੧ ਵਿਚ ਗ੍ਰਿਫਤਾਰ ਹੋਏ।

ਭਾ: ਵਰਯਾਮ ਸਿੰਘ ਪਿਤਾ ਸ: ਦਿਆਲ ਸਿੰਘ ਮਾਤਾ ਚੰਦ ਕੌਰ ਪਿੰਡ ਫਲੇਵਾਲ ਆਪ ਨੇਮੋਰਚਾ ਜੈਤੋ ਦੇ ਦੂਜੇ ਸ਼ਹੀਦੀ ਜੱਥੇ ਵਿਚ ਨਾਭਾ ਬੀੜ ਵਿਚ ਡੇਢ ਸਾਲ ਕੈਦ ਕੱਟੀ।

ਭਾ: ਹਰਦਿਆਲ ਸਿੰਘ ਪਿਤਾ ਬਗਾ ਸਿੰਘ ਮਾਤਾ ਪਰਤਾਪ ਕੌਰ ਫਲੇਵਾਲ ਆਪ ਨੇ ਮੋਰਚਾ ਜੈਤੋ ਦੇ ਦੂਜੇ ਸ਼ਹੀਦੀ ਜੱਥੇ ਵਿਚ ਨਾਭਾ ਬੀੜ ਵਿਚ ਡੇਢ ਸਾਲ ਕੈਦ ਕੱਟੀ।

ਭਾ: ਜੀਉਣ ਸਿੰਘ ਪਿਤਾ ਸ: ਚੜ੍ਹਤ ਸਿੰਘ ਮਾਤਾ ਬਸੋ ਪਿੰਡ ਫਲੇਵਾਲ ਆਪ ਨੇ ਮੋਰਚਾ ਜੈਤੋ ਦੇ ੧੬ਵੇਂ ਸ਼ਹੀਦੀ ਜੱਥੇ ਵਿਚ ਨਾਭਾ ਬੀੜ ਵਿਚ ੬ ਮਹੀਨੇ ਕੈਦ ਕੱਟੀ।

ਭਾ: ਹਰਨਾਮ ਸਿੰਘ ਪਿਤਾ ਸ: ਚਰਨ ਸਿੰਘ ਪਿੰਡ ਫਲੇਵਾਲ ਆਪ ਨੇ ਮੋਰਚਾ ਜੈਤੋ ਦੇ ੧੬ਵੇਂ ਸ਼ਹੀਦੀ ਜੱਥੇ ਵਿਚ ਨਾਭਾ ਬੀੜ ਵਿਚ ੬ ਮਹੀਨੇ ਕੈਦ ਕੱਟੀ।

ਭਾ: ਹੀਰਾ ਸਿੰਘ ਪਿਤਾ ਸ: ਬਮਣ ਸਿੰਘ ਪਿੰਡ ਫਲੇਵਾਲ ਆਪ ਮੋਰਚਾ ਜੈਤੋ ਵਿਚ ਤਕਲੀਫਾਂ ਦੇਕੇ ਬਾਬਲ ਕਾਂਟੀ ਛੱਡੇ ਗਏ।

Digitized by Panjab Digital Library | www.panjabdigilib.org

ਭਾ: ਬੂਟਾ ਸਿੰਘ ਪਿਤਾ ਸ: ਗੁਲਜ਼ਾਰ ਸਿੰਘ ਮਾਤਾ ਹਰਨਾਮ ਕੌਰ ਪਿੰਡ ਫਲੇਵਾਲ ਆਪ ਨੂੰ ਫ਼ੌਜ਼ ਵਿਚ ਟੋਪੀ ਪੌਣ ਤੋਂ ਇਨਕਾਰ ਕਰਨ ਦੇ ਜੁਰਮ ਵਿਚ ੭ ਸਾਲ ਕਾਲੇ ਪਾਣੀ ਦੀ ਕ਼ੈਦ ਹੋਈ ਅਤੇ ਦੇਸ਼ ਆਜ਼ਾਦ ਹੋਣ ਤੇ ਛੱਡੇ ਗਏ।

ਭਾਈ ਰਣਜੋਧ ਸਿੰਘ ਪਿਤਾ ਸ: ਬੀਰ ਸਿੰਘ ਮਾਤਾ ਬਸੰਤ ਕੌਰ ਪਿੰਡ ਫੁਲਾਂਵਾਲ (੧) ਗੁਰਦੁਆਰਾ ਸੀਸ ਗੰਜ ਦੇ ਮੋਟਚੇ ਵਿਚ ੧੦੦ ਸਿੰਘਾਂ ਦੇ ਜਥੇ ਨਾਲ ਦਿਲੀ ਗਏ, ਮੋਰਚਾ ਫ਼ਤਹ ਹੋਣ ਤਕ ਉਥੇ ਰਹੇ। (੨) ਸ਼੍ਰੋ: ਅਕਾਲੀ ਦਲ ਦੇ ਹੁਕਮ ਅਨੁਸਾਰ ਬਦੇਸ਼ੀ ਮਾਲ ਤੇ ਪਿਕਟਿੰਗ ਕਰਕੇ ਤਿੰਨ ਮਹੀਨੇ ਮੁਲਤਾਨ ਜੇਲ੍ਹ ਵਿਚ ਕ਼ੈਦ ਕਟੀ। (੩) ਗੁ: ਮੁਜ਼ਫ਼ਰਾਬਾਦ ਦੇ ਮੋਰਚੇ ਤੇ ਜਾਂਦੇ ਹੋਏ ਗ੍ਰਿਫ਼ਤਾਰ ਹੋ ਕੇ ੧ ਸਾਲ ਮੁਕਾਮ ਹਵੇਲੀਆਂ ਵਿਚ ਕੈਦ ਕਟੀ।

ਭਾਈ ਪ੍ਰੀਤਮ ਸਿੰਘ ਪਿਤਾ ਸ: ਦੀਵਾਨ ਸਿੰਘ ਮਾਤਾ ਖੇਮ ਕੌਰ ਪਿੰਡ ਫੁਲਾਂਵਾਲ ਆਪ ਮੋਰਚਾ ਜੈਤੋ ਵਿਚ ਦੂਜੇ ਸ਼ਹੀਦੀ ਜਥੇ ਨਾਲ ਗਏ, ੨ ਸਾਲ ਨਾਭਾ ਬੀੜ ਵਿਚ ਕੈਦ ਕਟੀ। ਆਪ ਗੁ: ਸੀਸ ਗੰਜ ਦੇ ਮੋਰਚੇ ਤੇ ਗਏ।

ਜਥੇਦਾਰ ਅਲਬੇਲ ਸਿੰਘ ਪਿਤਾ ਸ: ਰਾਜਾ ਰਾਮ ਸਿੰਘ ਮਾਤਾ ਨੰਦ ਕੌਰ ਪਿੰਡ ਫੂਲਵਾਲਾ ਆਪ ਮੋਰਚਾ ਜੈਤੋ ਵਿਚ ਗਏ, ਬਾਬਲ ਕਾਂਟੀ ਲਿਜਾ ਕੇ ਛਡੇ ਗਏ।

ਭਾਈ ਨਰੈਣ ਸਿੰਘ ਪਿਤਾ ਸ: ਸੁੰਦਰ ਸਿੰਘ ਮਾਤਾ ਮਾਈ ਭੋਲੀ ਪਿੰਡ ਫੂਲਵਾਲਾ (੧) ਮੋਰਚਾ ਜੈਤੋ ਵਿਚ ਗਏ, ਬਾਬਲ ਕਾਂਟੀ ਲਿਜਾ ਕੇ ਛਡੇ ਗਏ। (੨) ਮੋਰਚਾ ਭਾਈ ਫੇਰੂ ਵਿਚ ਗਏ ਤੇ ਤਿੰਨ ਮਹੀਨੇ ਲਾਹੌਰ ਜੇਲ੍ਹ ਵਿਚ ਕੈਦ ਕਟੀ।

ਭਾਈ ਬੁਧ ਸਿੰਘ ਪਿਤਾ ਸ: ਮੰਗਲ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਫੂਲਵਾਲਾ (੧) ਆਪ ਮੋਰਚਾ ਜੈਤੋ ਵਿਚ ਗਏ ਤੇ ਤਕਲੀਫਾਂ ਦੇ ਕੇ ਛਡ ਦਿਤੇ ਗਏ। (੨) ਭਾਈ ਫੇਰੂ ਦੇ ਮੋਰਚੇ ਤੇ ਗਏ ਤੇ ਦੋ ਸਾਲ ਮੁਲਤਾਨ ਜੇਲ੍ਹ ਵਿਚ ਕੈਦ ਕਟੀ।

ਭਾਈ ਗੁਰਦਿਤ ਸਿੰਘ ਪਿਤਾ ਸ: ਕਾਹਨ ਸਿੰਘ ਮਾਤਾ ਚੰਦ ਕੌਰ ਪਿੰਡ ਫੂਲਵਾਲਾ ਆਪ ਮੋਰਚਾ ਜੈਤੋ ਵਿਚ ਦੋ ਵੇਰ ਗਏ ਤੇ ਡੇਢ ਸਾਲ ਨਾਭਾ ਬਾੜ ਵਿਚ ਕੈਦ ਕਟੀ।

ਭਾਈ ਕੁੰਢਾ ਸਿੰਘ ਪਿਤਾ ਸ: ਜੈਮਲ ਸਿੰਘ ਪਿੰਡ ਫੁਲਾਂਵਾਲਾ ਆਪ ਮੋਰਚਾ ਭਾਈ ਫੇਰੂ ਤੇ ਜੈਤੋ ਦੇ ਮੋਰਚੇ ਵਿਚ ਗਏ।

ਭਾਈ ਮਸਤਾਨ ਸਿੰਘ ਗ੍ਰੰਥੀ ਪਿਤਾ ਸ: ਬੀਰ ਸਿੰਘ ਮਾਤਾ ਮਹਿਤਾਬ ਕੌਰ ਪਿੰਡ ਫੁਲਾਂਵਾਲਾ ਆਪ ਨੇ ਪ੍ਰਚਾਰ ਦੀ ਸੇਵਾ ਕੀਤੀ, ਆਪ ਮੋਰਚਾ ਜੈਤੋ ਵਿਚ ਗਏ ਤੇ ਬਾਬਲ ਕਾਂਟੀ ਵਿਚ ਛਡੇ ਗਏ।

ਭਾਈ ਬਖਸ਼ੀਸ਼ ਸਿੰਘ ਪਿਤਾ ਸ: ਬਮਣ ਸਿੰਘ ਮਾਤਾ ਸਾਹਿਬ ਕੌਰ ਪਿੰਡ ਫੁਲਾਂਵਾਲਾ ਆਪ ਮੋਰਚਾ ਜੈਤੋ ਵਿਚ ਗਏ ਤੇ ਬਾਬਲ ਕਾਂਟੀ ਲਿਜਾ ਕੇ ਛਡੇ ਗਏ।

ਭਾਈ ਮੋਹਣ ਸਿੰਘ ਪਿਤਾ ਸ: ਨਰੈਣ ਸਿੰਘ ਪਿੰਡ ਮਨਸੂਰਾ ਆਪ ਮੋਰਚਾ ਜੈਤੋ ਵਿਚ ਗਏ ਤੇ ਦੋ ਸਾਲ ਨਾਭਾ ਬੀੜ ਵਿਚ ਕੈਦ ਕਟੀ।

ਭਾਈ ਚੰਨਣ ਸਿੰਘ ਪਿਤਾ ਸ: ਰਾਮ ਸਿੰਘ ਪਿੰਡ ਮਨਸੂਰ ਮੋਰਚਾ ਡਸਕੇ ਦੇ ਹੀਰੋ ਸਨ।

ਭਾਈ ਜੋਧ ਸਿੰਘ ਪਿਤਾ ਸ: ਜੀਤਾ ਸਿੰਘ ਮਾਤਾ ਖੇਮ ਕੌਰ ਪਿੰਡ ਮਨਸੂਰ ਮੋਰਚਾ ਡਸਕੇ ਦੇ ਹੀਰੋ।

Digitized by Panjab Digital Library | www.panjabdigilib.org

ਜਥੇਦਾਰ ਵਜ਼ੀਰ ਸਿੰਘ ਪਿਤਾ ਸ: ਕੇਹਰ ਸਿੰਘ ਮਾਤਾ ਪ੍ਰੇਮ ਕੌਰ ਤਹਿਸੀਲ ਲੁਧਿਹਾਣਾ ਆਪ ਮੋਰਚਾ ਜੈਤੋ ਵਿਚ ਗਏ ।

ਭਾਈ ਬਿਸ਼ਨ ਸਿੰਘ ਪਿਤਾ ਸ: ਲਾਲ ਸਿੰਘ ਪਿੰਡ ਰੋੜੀਆਂ ਆਪ ਲਾਹੌਰ ਸ਼ਹੀਦ ਗੰਜ ਦੇ ਮੋਰਚੇ ਤੇ ਗਏ, ਕੁਝ ਦਿਨਾਂ ਪਿਛੋਂ ਮੋਰਚਾ ਫਤਿਹ ਹੋ ਗਿਆ ।

ਭਾਈ ਲਾਭ ਸਿੰਘ ਗੁੰਬੀ ਪਿਤਾ ਸ: ਅਰਜਨ ਸਿੰਘ ਪਿੰਡ ਰੋੜੀਆਂ ਆਪ ਮੋਰਚਾ ਜੈਤੋ ਵਿਚ ਗਏ ਤੇ ਮੋਰਚਾ ਫਤਿਹ ਹੋਣ ਤਕ ਨਾਭਾ ਬੀੜ ਵਿਚ ਕੈਦ ਰਹੇ ।

ਭਾ: ਧਰਮ ਸਿੰਘ ਪਿਤਾ ਸ: ਵਜ਼ੀਰ ਸਿੰਘ ਮਾਤਾ ਰਤਨ ਕੌਰ ਪਿੰਡ ਮਾਜਰੀ ਆਪ ਮੋਰਚਾ ਜੈਤੋਂ ਵਿਚ ਬਾਬਲ ਕਾਂਟੀ ਛੱਡੇ ਗਏ ।

ਭਾਈ ਦਿਆ ਸਿੰਘ ਪਿਤਾ ਸ: ਭੋਲਾ ਸਿੰਘ ਪਿੰਡ ਮਾਜਰੀ ਆਪ ਨੇ ਮੋਰਚਾ ਜੈਤੋ ਤੇ ਭਾਈ ਫੇਰੂ ਵਿਚ ਕੁਝ ਮਹੀਨੇ ਕੈਦ ਕੱਟੀ ।

ਭਾਈ ਰਣਜੀਤ ਸਿੰਘ ਪਿਤਾ ਸ: ਜਗਤ ਸਿੰਘ ਮਾਤਾ ਗਿਆਨ ਕੌਰ ਪਿੰਡ ਮੰਗਲੀ ਉਚੀ (੧) ਆਪ ਮੋਰਚਾ ਜੈਤੋ ਵਿਚ ਬਾਬਲ ਕਾਂਟੀ ਛੱਡੇ ਗਏ । (੨) ਆਪ ਨੇ ਅਨੰਦਪੁਰੋਂ ਕੌਮੀ ਸਿਲਸਿਲੇ ਵਿਚ ਗ੍ਰਿਫਤਾਰ ਹੋਕੇ ਇਕ ਹਫਤਾ ਲੁਧਿਆਣੇ ਵਿਚ ਕੈਦ ਕੱਟੀ ।

ਭਾਃ ਹਜ਼ਾਰਾ ਸਿੰਘ ਪਿਤਾ ਸਃ ਅਤਰ ਸਿੰਘ ਪਿੰਡ ਮਜ਼ਾਰਾ ਆਪ ਨੇ ਮੋਰਚਾ ਜੈਤੋ ਵਿਚ ਨਾਭਾ ਬੀੜ ਵਿਚ ੧ ਸਾਲ ਕੈਦ ਕੱਟੀ ।

ਭਾ: ਹਰਚਲ ਸਿੰਘ ਪਿਤਾ ਸ: ਚਨਣ ਸਿੰਘ ਮਿਸਰਾ ਸਿੰਘ ਵਾਲਾ (ਨਾਰੰਗਵਾਲ) ਆਪ ਮੋਰਚਾ ਜੈਤੋ ਵਿਚ ਗਏ ।

ਭਾ: ਅਰਜਨ ਸਿੰਘ ਪਿਤਾ ਸ: ਇੰਦਰ ਸਿੰਘ ਪਿੰਡ ਮਿਸਰਾ ਸਿੰਘਵਾਲਾ ਆਪ ਪੰਜੇ ਸਾਹਿਬ ਜਾਣ ਵਾਲੇ ਜੱਥੇ ਵਿਚ ਭੀ ਗਏ ।

ਭਾਃ ਪ੍ਰੇਮ ਸਿੰਘ ਪਿਤਾ ਸੁੰਦਰ ਸਿੰਘ ਪਿੰਡ ਮਿਸਰਾ ਸਿੰਘਵਾਲਾ ਆਪ ਮੋਰਚਾ ਜੈਤੋ ਵਿਚ ਜੱਥਿਆਂ ਨਾਲ ਦੋ ਵਾਰ ਗਏ ਅਤੇ ਅਖੀਰਲੇ ੧੩ਵੇਂ ਸ਼ਹੀਦੀ ਜੱਥੇ ਵਿਚ ਮੋਰਚਾ ਫਤਹਿ ਹੋਣ ਤਕ ਨਾਭਾ ਬੀੜ ਵਿਚ ਕੈਦ ਰਹੇ ।

ਭਾਃ ਉਜਾਗਰ ਸਿੰਘ ਪਿਤਾ ਸ: ਲਾਲ ਸਿੰਘ ਪਿੰਡ ਮਿਸਰਾ ਸਿੰਘ ਵਾਲਾ ਆਪ ਨੇ ਮੋਰਚਾ ਜੈਤੋ ਫਤਹਿ ਹੋਣ ਤਕ ਨਾਭਾ ਬੀੜ ਵਿਚ ਕੈਦ ਕੱਟੀ ।

ਭਾ: ਟਿਕਾ ਸਿੰਘ ਪਿਤਾ ਸ: ਖਿਊਣ ਸਿੰਘ ਮਾਤਾ ਭਾਗਭਰੀ ਪਿੰਡ ਮਿਸਰਾ ਸਿੰਘ ਵਾਲਾ ਆਪ ਨੇ ਮੋਰਚਾ ਜੈਤ ਫਤਹਿ ਹੋਣ ਤਕ ਨਾਭਾ ਬੀੜ ਵਿਚ ਕੈਦ ਕੱਟੀ ।

ਭਾ: ਨਿਕਾ ਸਿੰਘ ਪਿਤਾ ਸ: ਜੈਮਲ ਸਿੰਘ ਪਿੰਡ ਜੋਧਲ ਆਪ ਮੋਰਚਾ ਜੈਤੋ ਦੇ ਪਹਿਲੇ ਸ਼ਹੀਦੀ ਜੱਥੇ ਵਿਚ ਗੋਲੀ ਨਾਲ ਸ਼ਹੀਦ ਹੋਏ ।

ਭਾ: ਕੇਹਰ ਸਿੰਘ ਪਿਤਾ ਭਗਵਾਨ ਸਿੰਘ ਮਾਤਾ ਨੰਦ ਕੌਰ ਪਿੰਡ ਮੰਗਲੀ ਨੀਵੀਂ ਆਪ ਜੈਤੋ ਦੇ ਮੋਰਚੇ ਵਿਚ ਗਏ ਅਤੇ ਦਿੱਲੀ ਲਿਜਾਕੇ ਛੱਡੇ ਗਏ ।

ਭਾ: ਜਾਗੀਰ ਸਿੰਘ ਪਿਤਾ ਹਰਨਾਮ ਸਿੰਘ ਮਾਤਾ ਅਤਰ ਕੌਰ ਪਿੰਡ ਮੰਗਲੀ ਨੀਵੀਂ ਆਪ ਜੈਤੋਂ ਦੇ ਮੋਰਚੇ ਵਿਚ ਗਏ ਅਤੇ ਦਿੱਲੀ ਲਿਜਾਕੇ ਛੱਡੇ ਗਏ ।

ਭਾ: ਇੰਦਰ ਸਿੰਘ ਪਿਤਾ ਸ: ਗੁਰਦਿਤ ਸਿੰਘ ਪਿੰਡ ਮੰਗਲੀ ਨੀਵੀਂ ਆਪ ਮੋਰਚਾ ਜੈਤੋ ਤੇ ਗਏ ਅਤੇ ਮੋਰਚਾ ਫਤਹਿ ਹੋਣ ਤਕ ਕੈਦ ਰਹੇ ।

Digitized by Panjab Digital Library | www.panjabdigilib.org

ਭਾ: ਰਾਮ ਸਿੰਘ ਪਿਤਾ ਸ: ਮੋਹਾਂ ਸਿੰਘ ਪਿੰਡ ਮੰਗਲੀ ਨੀਵੀਂ ਆਪ ਨੇ ਮੋਰਚਾ ਜੈਤੋ ਵਿਚ ਕਾਫੀ ਕਸ਼ਟ ਸਹਾਰੇ ।

ਭਾ: ਰਣਜੀਤ ਸਿੰਘ ਪਿਤਾ ਸ: ਸਾਹਿਬ ਦਿੱਤਾ ਸਿੰਘ ਪਿੰਡ ਮੰਗਲੀ ਨੀਵੀਂ ਆਪ ਨੇ ਮੋਰਚਾ ਜੈਤੋ ਵਿਚ ਕਾਫੀ ਕਸ਼ਟ ਸਹਾਰੇ ।

ਭਾ: ਕੇਹਰ ਸਿੰਘ ਪਿਤਾ ਰਾਮ ਦਿੱਤਾ ਸਿੰਘ ਪਿੰਡ ਮੰਗਲੀ ਨੀਵੀਂ ਆਪ ਨੇ ਮੋਰਚਾ ਜੈਤੋ ਵਿਚ ਕਾਫੀ ਕਸ਼ਟ ਸਹਾਰੇ ।

ਭਾ: ਦਰਸ਼ਨ ਸਿੰਘ ਪਿਤਾ ਗੁਰਦਿਤ ਸਿੰਘ ਪਿੰਡ ਮੰਗਲੀ ਨੀਵੀਂ ਆਪ ਨੇ ਮੋਰਚਾ ਜੈਤੋ ਵਿਚ ਕਾਫੀ ਕਸ਼ਟ ਸਹਾਰੇ ।

ਭਾ: ਬਾਬੂ ਸਿੰਘ ਮਿਸਤ੍ਰੀ ਪਿੰਡ ਮੰਗਲੀ ਨੀਵੀਂ ਆਪ ਜੈਤੋ ਵਿਚ ਬਾਬਲ ਕਾਂਟੀ ਛੱਡੇ ਗਏ ।

ਭਾ: ਪ੍ਰੇਮ ਸਿੰਘ ਪਿਤਾ ਸ: ਮੇਂਗਲ ਸਿੰਘ ਪਿੰਡ ਮੰਗਲੀ ਨੀਵੀਂ ਆਪ ਮੋਰਚਾ ਜੈਤੋ ਗਏ ਅਤੇ ਨਾਭਾ ਬੀੜ ਵਿਚ ਇਕ ਸਾਲ ਕੈਦ ਕੱਟੀ ।

ਭਾ: ਉਜਾਗਰ ਸਿੰਘ ਪਿੰਡ ਮੰਗਲੀ ਨੀਵੀਂ ਆਪ ਮੋਰਚਾ ਜੈਤੋ ਗਏ ਅਤੇ ਨਾਭਾ ਬੀੜ ਵਿਚ ਇੱਕ ਸਾਲ ਕੈਦ ਕੱਟੀ ।

ਭਾਈ ਜਸਵੰਤ ਸਿੰਘ ਪਿਤਾ ਸ: ਸਰੂਪ ਸਿੰਘ ਮਾਤਾ ਪਰਤਾਪ ਕੌਰ ਪਿੰਡ ਧਾਂਦਰਾ ਆਪ ਮੋਰਚਾ ਜੈਤੋ ਵਿਚ ਪੰਜਵੇਂ ਸ਼ਹੀਦੀ ਜਥੇ ਨਾਲ ਗਏ, ਡੇਢ ਸਾਲ ਨਾਭਾ ਬੀੜ ਵਿਚ ਕੈਦ ਕਟੀ । ਆਪ ਜ਼ਿਲਾ ਲਾਇਲਪੁਰ ਵਿਚ ਇਕ ਕਤਲ ਦੇ ਮੁਕਦਮੇ ਵਿਚ ਫਾਂਸੀ ਲਗੇ ।

ਭਾਈ ਰਾਮ ਸਿੰਘ ਰੂੰਬੀ ਪਿਤਾ ਸ: ਰੂੜ ਸਿੰਘ ਮਾਤਾ ਕਿਸ਼ਨ ਕੌਰ ਪਿੰਡ ਧਾਂਦਰਾ ਆਪ ਮੋਰਚਾ ਜੈਤੋ ਵਿਚ ਪੰਜਵੇਂ ਸ਼ਹੀਦੀ ਜਥੇ ਨਾਲ ਗਏ, ਡੇਢ ਸਾਲ ਨਾਭਾ ਬੀੜ ਵਿਚ ਕੈਦ ਕਟੀ ।

ਭਾਈ ਜਸਵੰਤ ਸਿੰਘ ਪਿਤਾ ਜਥੇਦਾਰ ਹਰਭਜਨ ਸਿੰਘ ਮਾਤਾ ਰਾਜ ਕੌਰ ਪਿੰਡ ਧਾਂਦਰ ਆਪ ਮੋਰਚਾ ਜੈਤੋ ਤੇ ਭਾਈ ਫੇਰੂ ਵਿਚ ਗਏ ਤੇ ਕੈਦ ਅਟਕ ਜੇਲ੍ਹ ਵਿਚ ਕਟੀ ।

ਭਾਈ ਗੁਰਬਚਨ ਸਿੰਘ ਪਿਤਾ ਸ: ਗੋਂਦਾ ਸਿੰਘ ਮਾਤਾ ਅਤਰ ਕੌਰ ਪਿੰਡ ਧਾਂਦਰਾ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਕੈਦ ਅਟਕ ਜੇਲ੍ਹ ਵਿਚ ਕਟੀ ।

ਜਥੇਦਾਰ ਹਰਭਜਨ ਸਿੰਘ ਪਿਤਾ ਸ: ਸੋਭਾ ਸਿੰਘ ਮਾਤਾ ਜੈ ਕੌਰ ਪਿੰਡ ਧਾਂਦਰਾ ਆਪ ਸਿੰਘ ਸਭਾ ਲਹਿਰ ਦੇ ਸਰਗਰਮ ਵਰਕਰ ਸਨ । ਗੁਰੂ ਕੇ ਬਾਗ ਵਿਚ ਸਖਤ ਮਾਰ ਖਾਧੀ । ਭਾਈ ਫੇਰੂ ਤੇ ਜੈਤੋ ਦੇ ਮੋਰਚੇ ਵਿਚ ਦੋ ਭੁਝੰਗੀ ਭੇਜੇ । ੧੯੨੩ ਵਿਚ ਜੈਤੋ ਵਿਚ ਪੰਜਵੇਂ ਸ਼ਹੀਦੀ ਜਥੇ ਦੇ ਜਥੇਦਾਰ ਬਣ ਕੇ ਗਏ । ਨਾਭਾ ਬੀੜ ਵਿਚ ਆਪ ਨੂੰ ਬਹੁਤ ਤਸੀਹੇ ਦਿਤੇ ਗਏ, ਇਸ ਔਕੜ ਸਮੇਂ ਆਪ ਦੇ ੨੫ ਸਿੰਘ ਸ਼ਹੀਦ ਹੋ ਗਏ । ਆਪ ਜੀ ਦਾ ਪਵਿਤਰ ਜੀਵਨ ਵਿਸਥਾਰ ਨਾਲ ਸਮਝਣ ਯੋਗ ਹੈ । ਪੰਥ ਸੇਵਾ ਤੇ ਕੁਰਬਾਨੀ ਦਾ ਖਜ਼ਾਨਾ ਹੈ । ਆਪ ਦਾ ਖ਼ਾਨਦਾਨ ਮਹਾਰਾਜਾ ਰਣਜੀਤ ਸਿੰਘ ਦੇ ਸਮਕਾਲੀ ਗੁਰਸਿਖ ਬਾਬਾ ਨੌਧ ਸਿੰਘ ਦੀ ਸੰਤਾਨ ਹੈ ।

ਭਾਈ ਜਸਵੰਤ ਸਿੰਘ ਪਿਤਾ ਜਥੇਦਾਰ ਹਰਭਜਨ ਸਿੰਘ ਪਿੰਡ ਧਾਂਦਰਾ ਆਪ ਮੋਰਚਾ ਭਾਈ ਫੇਰੂ ਵਿਚ ੨੫ ਸਿੰਘਾਂ ਨਾਲ ਗਏ ।

Digitized by Panjab Digital Library | www.panjabdigilib.org

ਭਾਈ ਰਣਜੀਤ ਸਿੰਘ ਪਿਤਾ ਜਥੇਦਾਰ ਹਰਭਜਨ ਸਿਘ ਪਿੰਡ ਧਾਂਦਰਾ ਆਪ ਮੋਰਚਾ ਜੈਤੋ ਵਿਚ ੫੦੦ ਸਿੰਘਾਂ ਦੇ ਸ਼ਹੀਦੀ ਜਥੇ ਵਿਚ ਗਏ ।

ਭਾਈ ਸ਼ਾਮ ਸਿੰਘ ਪਿਤਾ ਸ: ਹੀਰਾ ਸਿੰਘ ਮਾਤਾ ਰਾਜ ਕੌਰ ਪਿੰਡ ਸਹਾਰਨ ਮਾਜਰਾ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਇਕ ਸਾਲ ਕੈਦ ਕੱਟੀ ।

ਭਾਈ ਰਾਮ ਸਿੰਘ ਪਿਤਾ ਸ: ਨੌਧ ਸਿੰਘ ਮੁਤਬਨਾ ਅਜਾਇਬ ਸਿੰਘ ਪਿੰਡ ਸਹਾਰਨ ਮਾਜਰਾ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਇਕ ਸਾਲ ਕੈਦ ਕਟੀ ।

ਭਾਈ ਜਗਤ ਸਿੰਘ ਪਿਤਾ ਸ: ਸੁੰਦਰ ਸਿੰਘ ਮਾਤਾ ਕਾਹਨ ਕੌਰ ਪਿੰਡ ਸ਼ਹਿਣਾ ਆਪ ਜੈਤੋ ਦੇ ਮੋਰਚੇ ਤੇ ੨੫ ਸਿੰਘਾਂ ਦੇ ਜਥੇ ਨਾਲ ਗਏ । ਬਾਬਲ ਕਾਂਟੀ ਜਾ ਕੇ ਛਡੇ ਗਏ ।

ਭਾਈ ਮਲ ਸਿੰਘ ਪਿਤਾ ਸ: ਅਣੋਖ ਸਿੰਘ ਪਿੰਡ ਸ਼ਹਿਣਾ ਆਪ ਨਨਕਾਣੇ ਸਾਹਿਬ ਦੇ ਸਾਕੇ ਪਿਛੋਂ ਦੂਜੇ ਜਥੇ ਨਾਲ ਨਨਕਾਣੇ ਸਾਹਿਬ ਗਏ ।

ਭਾਈ ਪ੍ਰੇਮ ਸਿੰਘ ਪਿਤਾ ਸ: ਗੁਰਮੁਖ ਸਿੰਘ ਪਿੰਡ ਸ਼ਹਿਣਾ ਆਪ ਨਨਕਾਣੇ ਸਾਹਿਬ ਦੇ ਸਾਕੇ ਪਿਛੋਂ ਦੂਜੇ ਜਥੇ ਨਾਲ ਨਨਕਾਣੇ ਸਾਹਿਬ ਗਏ ।

ਭਾਈ ਵਿਸਾਵਾ ਸਿੰਘ ਪਿਤਾ ਸ: ਰੂੜ ਸਿੰਘ ਪਿੰਡ ਸ਼ਹਿਣਾ ਆਪ ਮੋਰਚਾ ਜੈਤੋ ਵਿਚ ਸ਼ਹੀਦੀ ਜਥੇ ਨਾਲ ਗਏ, ਮੋਰਚਾ ਫਤਿਹ ਹੋਣ ਤੱਕ ਨਾਭਾ ਬੀੜ ਵਿਚ ਕੈਦ ਰਹੇ।

ਜਥੇਦਾਰ ਰਾਮ ਸਿੰਘ ਧਰਮ ਪਤਨੀ ਅਤਰ ਕੌਰ ਪਿੰਡ ਸ਼ਹਿਣਾ ਇਹ ਦੋਵੇਂ ਸਿੰਘ ਸਿੰਘਣੀ ਮੋਰਚਾ ਜੈਤੋ ਤੇ ਜਾਂਦੇ ਜਥੇ ਨਾਲ ਜਾ ਰਹੇ ਸਨ ਪਰ ਮੁਕਤਸਰ ਤੋਂ ਮੋੜ ਦਿਤੇ ਗਏ ।

ਭਾਈ ਕੇਹਰ ਸਿੰਘ ਸਪੁਤਰ ਜਥੇਦਾਰ ਰਾਮ ਸਿੰਘ ਪਿੰਡ ਸ਼ਹਿਣਾ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਕੁਝ ਮਹੀਨੇ ਕੈਦ ਕਟੀ ।

ਭਾ: ਸੋਹਣ ਸਿੰਘ ਪਿਤਾ ਸ: ਹਜ਼ਾਰਾ ਸਿੰਘ ਮਾਤਾ ਪਰਤਾਪ ਕੌਰ ਪਿੰਡ ਸਜਾਦ ਆਪ ਮੋਰਚਾ ਜੈਤੋ ਵਿਚ ਬਾਬਲਕਾਂਟੀ ਛੱਡੇ ਗਏ ।

ਜੱਥੇਦਾਰ ਤੇਜ਼ਾ ਸਿੰਘ ਪਿਤਾ ਸ: ਨਿਗਾਹੀਆ ਸਿੰਘ ਮਾਤਾ ਪ੍ਰਤਾਪ ਕੌਰ ਪਿੰਡ ਸਜਾਦ ਆਪ ਮੋਰਚਾ ਜੈਤੋ ਵਿਚ ਬਾਬਲਕਾਂਟੀ ਛੱਡੇ ਗਏ ।

ਭਾ: ਈਸ਼ਰ ਸਿੰਘ ਪਿਤਾ ਸ: ਦਿਆਲ ਸਿੰਘ ਮਾਤਾ ਪਰਤਾਪ ਕੌਰ ਪਿੰਡ ਸਜਾਦ ਆਪ ੨੫ ਸਿੰਘਾਂ ਨਾਲ ਜੈਤੋ ਏ ਮੋਰਚੇ ਤੇ ਗਏ ਅਤੇ ਰਸਤੇ ਵਿਚ ਬੀਮਾਰ ਹੋ ਜਾਣ ਦੇ ਕਾਰਣ ਰੁਕ ਗਏ ।

ਭਾ: ਸੁੰਦਰ ਸਿੰਘ ਪਿਤਾ ਸ: ਭਗਵਾਨ ਸਿੰਘ ਮਾਤਾ ਚੰਦ ਕੌਰ ਪਿੰਡ ਸਰੀਂਹ ਆਪ ੧੯੨੩ ਨੂੰ ਮੋਰਚਾ ਜੈਤੋ ਵਿਚ ੨੫ ਸਿੰਘਾਂ ਦੇ ਜੱਥੇ ਵਿਚ ਗਏ ਅਤੇ ਬਠੂਦੇ ਸ਼ਟੇਸ਼ਨ ਤੇ ਉਤਾਰ ਕੇ ਛੱਡ ਗਏ । (੨) ਭਾ: ਫੇਰੂ ਦੇ ਮੋਰਚੇ ਵਿਚ ਦੋ ਸਾਲ ਕੈਦ ਤੇ ੨੦੦ ਰੁ: ਜੁਰਮਾਨਾ ਹੋਇਆ ।

ਮਾਸਟਰ ਹਰਨਾਮ ਸਿੰਘ ਪਿਤਾ ਬਾਬੂ ਕਾਕੂ ਸਿੰਘ ਮਾਤਾ ਜੀਉਣੀ ਪਿੰਡ ਸੇਖਾ ਆਪ ਨੇ ਪਿੰਡ ਖੇੜੇ ਵਿਚ ਦੀਵਾਨ ਦੇ ਸਾਹਮਣੇ ਇਕ ਅੰਗ੍ਰੇਜ਼ ਜੋ ਕੁਰਸੀ ਤੇ ਬੈਠਾ ਸੀ ਦੇ ਹੇਠੋਂ ਗੁੱਸੇ ਵਿਚ ਕੁਰਸੀ ਖਿੱਚ ਲਈ ਤੇ ਮੁਲਤਾਨ ਜੇਲ੍ਹ ਵਿਚ ਕੈਦ ਇਕ ਸਾਲ ਕੱਟੀ ।

ਭਾ: ਦਸੌਂਧਾ ਸਿੰਘ ਪਿਤਾ ਸ: ਰਣ ਸਿੰਘ ਮਾਤਾ ਬਿਸ਼ਨ ਕੌਰ ਪਿੰਡ ਸੇਖਾ ਆਪ ਨੇ ਮੋਰਚਾ ਜੈਤੋ ਵਿਚ ਨਾਭਾ ਬੀੜ ਮੋਰਚਾ ਫਤਹਿ ਹੋਣ ਤਕ ਕੈਦ ਕੱਟੀ ।

Digitized by Panjab Digital Library | www.panjabdigilib.org

ਭਾ: ਮੁਨਸ਼ਾ ਸਿੰਘ ਪਿਤਾ ਸ: ਸ਼ਿਵ ਸਿੰਘ ਮਾਤਾ ਰੂਪਾਂ ਪਿੰਡ ਸੇਖਾ ਆਪ ਨੇ ਮੋਰਚਾ ਭਾਈ ਫੇਰੂ ਵਿਚ ਦੋ ਵਾਰ ਇਕ ਸਾਲ ਦੀ ਕੈਦ ਕੱਟੀ।

ਭਾ: ਰੂੜ ਸਿੰਘ ਪਿਤਾ ਸ: ਸੁਘੜ ਸਿੰਘ ਮਾਤਾ ਰਾਮ ਕੌਰ ਪਿੰਡ ਸੇਖਾ ਆਪ ਨੇ ਮੋਰਚਾ ਭਾਈ ਫੇਰੂ ਵਿਚ ਕੈਮਲਪੁਰ ਜੇਲ੍ਹ ਵਿਚ ਇਕ ਸਾਲ ਕੈਦ ਕੱਟੀ।

ਭਾ: ਇੰਦਰ ਸਿੰਘ ਪਿਤਾ ਸ: ਰੂੜ ਸਿੰਘ ਮਾਤਾ ਨੰਦ ਕੌਰ ਪਿੰਡ ਸੇਖਾ ਆਪ ਨੇ ਮੋਰਚਾ ਭਾਈ ਫੇਰੂ ਵਿਚ ਕੈਮਲਪੁਰ ਜੇਲ੍ਹ ਵਿਚ ਦੋ ਵਾਰ ਇਕ ੨ ਸਾਲ ਕੈਦ ਕੱਟੀ।

ਭਾ: ਹੀਰਾ ਸਿੰਘ ਪਿਤਾ ਸ: ਰਾਮ ਸਿੰਘ ਮਾਤਾ ਭੋਲੀ ਪਿੰਡ ਸੇਖਾ ਆਪ ਮੋਰਚਾ ਜੈਤੋ ਵਿਚ ਬਾਬਲਕਾਂਟੀ ਛੱਡੇ ਗਏ।

ਭਾਈ ਰਣ ਸਿੰਘ ਪਿਤਾ ਸ: ਦਲੀਪ ਸਿੰਘ ਪਿੰਡ ਸਹਾਬਆਣਾ ਆਪ ਮੋਰਚਾ ਜੈਤੋ ਵਿਚ ਗਏ ਤੇ ਦੋ ਸਾਲ ਨਾਭਾ ਬੀੜ ਵਿਚ ਕੈਦ ਕਟੀ।

ਭਾਈ ਪਰਤਾਪ ਸਿੰਘ ਪਿਤਾ ਸ: ਦਿਆ ਸਿੰਘ ਪਿੰਡ ਸਹਾਬਆਣਾ ਆਪ ਮੋਰਚਾ ਜੈਤੋ ਵਿਚ ਗਏ ਤੇ ਨਾਭਾ ਬੀੜ ਵਿਚ ਇਕ ਸਾਲ ਕੈਦ ਕਟੀ।

ਭਾਈ ਜਗਤ ਸਿੰਘ ਪਿਤਾ ਸ: ਸਰੂਪ ਸਿੰਘ ਪਿੰਡ ਸਰਾਭਾ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਇਕ ਸਾਲ ਮੁਲਤਾਨ ਜੇਲ੍ਹ ਵਿਚ ਕੈਦ ਕਟੀ।

ਸ: ਤੇਜਾ ਸਿੰਘ ਪਿਤਾ ਸ: ਜੀਵਾ ਸਿੰਘ ਮਾਤਾ ਜੀਉਣ ਕੌਰ ਪਿੰਡ ਸਰਾਭਾ ਆਪ ਇਰਾਦੇ ਦੇ ਪਕੇ ਪੰਥ ਤੇ ਦੇਸ਼ ਦੇ ਦਰਦੀ ਸ: ਕਰਤਾਰ ਸਿੰਘ ਜੀ ਸਰਾਭਾ ਦੇ ਸਾਥੀ ਸਨ। ਆਪ ਨੇ ਆਪਣੀ ਉਮਰ ਦਾ ਬਹੁਤ ਹਿਸਾ ਦੇਸ਼ ਤੇ ਪੰਥ ਸੇਵਾ ਦੀ ਲਗਨ ਵਿਚ ਜੇਲ੍ਹਾਂ ਵਿਚ ਗੁਜ਼ਾਰਿਆ ਜਿਨ੍ਹਾਂ ਦਾ ਸੰਖੇਪ ਵੇਰਵਾ ਇਉਂ ਹੈ:– (੧) ੧੯੧੪ ਵਿਚ ਕੁਝ ਚਿਰ ਸ: ਕਰਤਾਰ ਸਿੰਘ ਨਾਲ ਰਹੇ। (੨) ਮੋਰਚਾ ਗੁਰੂ ਕਾ ਬਾਗ ਤੇ ਤਕਰੀਰ ੩ ਮਹੀਨੇ ਕੈਦ ਇਕ ਸਾਲ ਵਖੋ ਵਖ। (੩) ਆਪ ਮੋਰਚਾ ਜੈਤੋ ਵਿਚ ਗਏ ਤੇ ਡੇਢ ਸਾਲ ਨਾਭਾ ਬੀੜ ਵਿਚ ਕੈਦ ਕਟੀ। (੪) ਜੇਲ੍ਹ ਵਿਚ ਪਗੜੀ ਲਈ ਭੁਖ ਹੜਤਾਲ ਇਕ ਹਫ਼ਤਾ। (੫) ਸਿਆਸੀ ਤਕਰੀਰਾਂ ਵਿਚ ਡੇਢ ਸਾਲ ਕੈਦ ਤੇ ਦੋ ਸਾਲ ਕੈਦ ਤੇ ੪੮ ਦਿਨ ਭੁਖ ਹੜਤਾਲ, ੧੯੪੧ ਵਿਚ ਨਜ਼ਰ ਬੰਦ।

ਸ: ਸੁੰਦਰ ਸਿੰਘ ਪਿਤਾ ਸ: ਰਾਜਨ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਢੈ ਪਈ ਆਪ ਭਾਈ ਫੇਰੂ ਦੇ ਮੋਰਚੇ ਵਿਚ ਗਏ ਤੇ ੪ ਮਹੀਨੇ ਮੁਲਤਾਨ ਜੇਲ੍ਹ ਵਿਚ ਕੈਦ ਕਟੀ। ਜੈਤੋ ਦੇ ਮੋਰਚੇ ਵਿਚ ੧੭ਵੇਂ ਜਥੇ ਨਾਲ ਜਾਂਦਿਆਂ ਮੋਰਚਾ ਫਤਿਹ ਹੋ ਗਿਆ।

ਸ: ਪਾਲਾ ਸਿੰਘ ਪਿਤਾ ਸ: ਨਿਧਾਨ ਸਿੰਘ ਪਿੰਡ ਢੈ ਪਈ ਆਪ ਭਾਈ ਫੇਰੂ ਦੇ ਮੋਰਚੇ ਵਿਚ ਗਏ ਤੇ ੪ ਮਹੀਨੇ ਮੁਲਤਾਨ ਜੇਲ੍ਹ ਵਿਚ ਕੈਦ ਕਟੀ। ਜੈਤੋ ਦੇ ਮੋਰਚੇ ਵਿਚ ੧੭ਵੇਂ ਜਥੇ ਨਾਲ ਜਾਂਦਿਆਂ ਮੋਰਚਾ ਫਤਿਹ ਹੋ ਗਿਆ।

ਸ: ਧਨਾ ਸਿੰਘ ਪਿਤਾ ਸ: ਖੇਮ ਸਿੰਘ ਮਾਤਾ ਰਾਮ ਕੌਰ ਪਿੰਡ ਢੈ ਪਈ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਬਾਬਲ ਕਾਂਟੀ ਛਡੇ ਗਏ, ਜੈਤੋ ਦੇ ਮੋਰਚੇ ਵਿਚ ਦੋ ਮਹੀਨੇ ਕੈਦ ਕਟੀ। ਭਾਈ ਫੇਰੂ ਦੇ ਮੋਰਚੇ ਵਿਚ ਵੀ ਗਏ।

Digitized by Panjab Digital Library | www.panjabdigilib.org

ਭਾਈ ਸ਼ੇਰ ਸਿੰਘ ਮੀਤ ਜਥੇਦਾਰ ਪਿਤਾ ਸ: ਨਿਧਾਨ ਸਿੰਘ ਪਿੰਡ ਵੈ ਪਈ ਆਪ ਮੋਰਚਾ ਜੈਤੋ ਵਿਚ ੧੭ਵੇਂ ਜਥੇ ਦੇ ਮੀਤ ਜਥੇਦਾਰ ਬਣੇ, ਜਾਂਦਿਆਂ ਮੋਰਚਾ ਫਤਹਿ ਹੋ ਗਿਆ।

ਸ: ਗੁਰਭਜਨ ਸਿੰਘ ਪਿਤਾ ਸ: ਆਤਮਾ ਸਿੰਘ ਪਿੰਡ ਕਿਸ਼ਨ ਗੜ੍ਹ ਆਪ ਮੋਰਚਾ ਜੈਤੋ ਵਿਚ ੧੧ਵੇਂ ਜਥੇ ਨਾਲ ਗਏ।

ਸ: ਦਲਜੀਤ ਸਿੰਘ ਪਿਤਾ ਸ: ਬਿਸ਼ਨ ਸਿੰਘ ਪਿੰਡ ਵੈ ਪਈ (੧) ਆਪ ਭਾਈ ਫੇਰੂ ਦੇ ਮੋਰਚੇ ਵਿਚ ਗਏ ਤੇ ੪ ਮਹੀਨੇ ਮੁਲਤਾਨ ਜੇਲ੍ਹ ਵਿਚ ਕੈਦ ਕਟੀ। (੨) ੫੦੦ ਦੇ ਜਥੇ ਨਾਲ ਜਾਂਦਿਆਂ ਜੈਤੋ ਦਾ ਮੋਰਚਾ ਫਤਹਿ ਹੋ ਗਿਆ।

# ਤਹਿਸੀਲ ਜਗਰਾਉਂ ਦੇ
## ਸੂਰਬੀਰ ਅਕਾਲੀ

## ਭਾਈ ਰਣਬੀਰ ਸਿੰਘ ਕਾਉਂਕੇ

ਗੁਰ ਕਾਲਜ ਵਿਚ ਪੜ੍ਹਨ ਹਿਤ ਤਨ ਮਨ ਦੀ ਦੇ ਫੀਸ।
ਪ੍ਰੇਮ ਗਲੀ ਵਿਚ ਖੇਲ ਦੇ, ਤਲੀ ਟਕਾਕੇ ਸੀਸ॥

ਆਪ ਪਿੰਡ ਕਾਉਂਕੇ ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਵਿਚ ਸ: ਰੂੜ ਸਿੰਘ ਇੰਨਸਪੈਕਟਰ ਪੁਲੀਸ ਦੇ ਘਰ ਪੈਦਾ ਹੋਏ। ਆਪ ਦਾ ਜਨਮ ੨੮ ਨਵੰਬਰ ਸੰਨ ੧੮੮੮ ਈ: ਨੂੰ ਹੋਇਆ। ਆਪ ਨੂੰ ਵਿਦਿਆ ਪ੍ਰਾਪਤੀ ਦੇ ਸਮੇਂ ਵਿਚ ਹੀ ਪੰਥ ਸੇਵਾ ਦਾ ਚਾਉ ਪੈਦਾ ਹੋ ਗਿਆ।

੧੯੦੭ ਈ: ਵਿਚ ਜਦੋਂ ਲੁਧਿਆਣੇ ਮਾਲਵਾ ਦੀਵਾਨ ਬਣਿਆ ਤਾਂ ਆਪ ਸਿੰਘ ਸਭਾ ਲਹਿਰ ਵਿਚ ਸਰਗਰਮੀ ਨਾਲ ਹਿੱਸਾ ਲੈਂਦੇ ਰਹੇ। ੧੯੧੧ ਵਿਚ ਆਪ ਜੀ ਨੇ ਅਪਣੇ ਪਿੰਡ ਛੇਵੇਂ ਗੁਰੂ ਸਾਹਿਬ ਜੀ ਦੇ ਗੁਰਦਵਾਰੇ ਦੀ ਸੇਵਾ ਕਰਣ ਲਈ ਨੱਗਰ ਨਿਵਾਸੀਆਂ ਨੂੰ ਪ੍ਰੇਰਨਾ ਕੀਤੀ। ਆਪ ਨੇ ਬਹੁਤ ਸਾਰਾ ਰੁਪਇਆ ਉਗਰਾਹ ਕੇ ਇਸ ਪਵਿਤ੍ਰ ਅਸਥਾਨ ਦੀ ਇਮਾਰਤ ਨੂੰ ਮੁਕੰਮਲ ਕੀਤਾ।

੧੯੧੯ ਈ: ਵਿਚ ਬੀਬੀਆਂ ਦੀ ਪੜ੍ਹਾਈ ਲਈ ਸ੍ਰੀ ਹਰਿ ਗੋਬਿੰਦ ਕੰਨਿਆ ਪਾਠਸ਼ਾਲਾ ਦੀ ਬੁਨਿਆਦ ਰੱਖੀ। ਜੋ ਹੁਣ ਤੱਕ ਜਾਰੀ ਹੈ।

੧੯੨੦ ਈ: ਵਿਚ ਅਕਾਲੀ ਲਹਿਰ ਸ਼ੁਰੂ ਹੋਈ। ਆਪ ੧੯੨੨ ਤੋਂ ਲੈਕੇ ੧੯੩੦ ਤੱਕ ਸ੍ਰੋ: ਗੁ: ਪ੍ਰ: ਕਮੇਟੀ ਦੇ ਮੈਂਬਰ ਰਹੇ। ਕਈ ਸਾਲ ਸ੍ਰੋਮਣੀ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਵੀ ਰਹੇ।

੧੯੨੪ ਈ: ਵਿਚ ਸ੍ਰੋ: ਗੁ: ਪ੍ਰ: ਕਮੇਟੀ ਦੇ ਜੱਥੇ ਵਿਚ ਦੋ ਸਾਲ ਦੀ ਸਖਤ ਕੈਦ ਮੁਲਤਾਨ ਜੇਲ੍ਹ ਵਿਚ ਭੁਗਤੀ।

Digitized by Panjab Digital Library | www.panjabdigilib.org

ਆਪ ਪੰਥਿਕ ਉੱਨਤੀ ਲਈ ਹਰ ਕੁਰਬਾਨੀ ਕਰਣ ਨੂੰ ਤਿਆਰ ਰਹਿੰਦੇ ਸਨ ਤੇ ਆਪ ਜੀ ਦਾ ਜੀਵਨ ਉਦੇਸ਼ ਪੰਥ ਸੇਵਾ ਹੀ ਸੀ। ਜਦੋਂ ਆਪ ਜਵਾਨ ਹੀ ਸਨ ਤਾਂ ਆਪ ਨੂੰ ਥਾਣੇਦਾਰੀ ਵਿਚ ਭਰਤੀ ਕੀਤਾ ਜਾ ਰਿਹਾ ਸੀ, ਪਰ ਆਪ ਨੇ ਸਰਕਾਰ ਅੰਗਰੇਜ਼ੀ ਦੀ ਨੌਕਰੀ ਕਰਣੋ ਸਾਫ ਇਨਕਾਰ ਕਰ ਦਿੱਤਾ।

ਜ਼ਿਲਾ ਲੁਧਿਆਣਾ ਦੀ ਕੋਆਪ੍ਰੇਟਿਵ ਮੂਵਮੈਂਟ ਵਿਚ ਕੰਮ ਕਰਣ ਵਾਲੇ ਸੱਜਣਾਂ ਵਿਚੋਂ ਆਪ ਇੱਕ ਸਨ। † ਜਗਰਾਉਂ ਕੋਆਪ੍ਰੇਟਿਵ ਯੂਨੀਅਨ ਦੇ ਆਪ ਖਾਸ ਮੋਢੀ ਸਨ ਤੇ ਇਸ ਬੈਂਕ ਦੀ ਕਾਮਯਾਬੀ ਲਈ ਆਪ ਨੇ ਬਹੁਤ ਸਾਰੇ ਯਤਨ ਕੀਤੇ।

ਆਪ ਡਿਸਟ੍ਰਕਟ ਬੋਰਡ ਲੁਧਿਆਣਾ ਤੇ ਪੰਜਾਬ ਕੋਆਪਰੇਟਿਵ ਯੂਨੀਅਨ ਦੇ ਵੀ ਮੈਂਬਰ ਰਹੇ। ਆਪ ਅਕਾਲੀ ਜੱਥਾ ਤਹਿਸੀਲ ਜਗਰਾਂਓਂ ਦੇ ਸਕੱਤ੍ਰ ਸਨ। ਲੋਕਲ ਗੁਰਦਵਾਰਾ ਕਮੇਟੀ ਹੇਰਾਂ (ਲੁਧਿਆਣਾ) ਦੇ ਮੈਂਬਰ ਤੇ ਮਾਲਵਾ ਖਾਲਸਾ ਦੀਵਾਨ ਦੀ ਅੰਤ੍ਰੰਗ ਕਮੇਟੀ ਦੇ ਖਾਸ ਰੁਕਨ ਸਨ। ਆਪ ਕਈ ਸਾਲ ਗੁਰਦਵਾਰਾ ਕਮੇਟੀ ਸ਼ੇਰ ਪੁਰ ਕਲਾਂ ਤੇ ਗੁਰਦਵਾਰਾ ਕਾਉਂਕੇ ਦੇ ਸਕੱਤ੍ਰ ਰਹੇ।

ਸ: ਰਣਬੀਰ ਸਿੰਘ ਦਾ ਸਾਰਾ ਜੀਵਨ ਹੀ ਪਬਲਿਕ ਸੇਵਾ ਵਿਚ ਬਤੀਤ ਹੋਇਆ ਤੇ ਆਪ ਆਪਣੇ ਸਮੇਂ ਵਿਚ ਜ਼ਿਲਾ ਲੁਧਿਆਣੇ ਦੀਆਂ ਖਾਸ ਹਸਤੀਆਂ ਵਿਚੋਂ ਗਿਣੇ ਜਾਂਦੇ ਸਨ।

ਆਪ ਦੇ ਵਿਛੋੜੇ ਦਾ ਕਿਸ ਨੂੰ ਸੁਪਨੇ ਵਿਚ ਵੀ ਖਿਆਲ ਨਹੀਂ ਸੀ ਪਰ ਚਾਣ ਚੱਕ ਦਰਗਾਹੋਂ ਸੱਦਾ ਆ ਗਿਆ। ੧੯ ਜੂਨ ੧੯੩੨ ਦੀ ਰਾਤ ਨੂੰ ਬਰਨਾਲੇ ਤੋਂ ਦਾਨ ਗੜ੍ਹ ਨੂੰ ਜਾ ਰਹੇ ਸਨ ਕਿ ਰਸਤੇ ਵਿਚ ਟਾਂਗਾ ਉਲਟ ਗਿਆ। ਆਪ ਜੀ ਦੇ ਬਹੁਤ ਸਾਰੀਆਂ ਸੱਟਾਂ ਲੱਗੀਆਂ ਚੂਲ੍ਹਾ ਟੁਟ ਗਿਆ।

ਆਪ ਨੂੰ ਬਰਨਾਲੇ ਦੇ ਹਸਪਤਾਲ ਵਿਚ ਦਾਖਲ ਕੀਤਾ ਪਰ ਕੋਈ ਫਾਇਦਾ ਨਾ ਹੋਇਆ। ਅਬੋਹਰ ਵਿਖੇ ਇਨ੍ਹਾਂ ਦੇ ਰਿਸ਼ਤੇ ਦਾਰ ਸੱਜਣ ਡਾਕਟਰ ਸਨ। ਇਸ ਲਈ ਆਪ ਆਪਣੀਆਂ ਸੱਟਾਂ ਦਾ ਇਲਾਜ ਕਰਵਾਉਣ ੩ ਜੁਲਾਈ ੧੯੩੨ ਨੂੰ ਅਬੋਹਰ ਚਲੇ ਗਏ ਪਰ ਇਹ ਸਾਰੇ ਯਤਨ ਬੇ-ਅਰਥ ਸਨ, ਕਿਉਂਕਿ ਇਲਾਹੀ ਹੁਕਮ ਪੂਰੇ ਜ਼ੋਰ ਵਿਚ ਗੂੰਜ ਰਿਹਾ ਸੀ।

੨੯ ਜੁਲਾਈ ੧੯੩੨ ਦੀ ਸਵੇਰ ਨੂੰ ਕੇਵਲ ੪੪ ਸਾਲ ਦੀ ਆਯੂ ਵਿਚ ਸਦਾ ਦੀ ਨੀਂਦੇ ਸੌਂ ਕੇ ਆਪਣੇ ਬੇਅੰਤ ਸੱਜਣਾਂ, ਮਿਤ੍ਰਾਂ ਤੇ ਰਿਸ਼ਤੇ ਦਾਰਾਂ ਨੂੰ ਸਦੀਵੀ ਵਿਛੋੜਾ ਦੇ ਗਏ। ਆਪ ਦੇ ਮ੍ਰਿਤਕ ਸਰੀਰ ਨੂੰ ਅਬੋਹਰ ਤੋਂ ਮੋਟਰ ਵਿਚ ਕਾਉਂਕੇ ਲਿਆਂਦਾ ਗਿਆ।

ਸਸਕਾਰ ਕਰਨ ਸਮੇਂ, ਸੈਂਕੜੇ ਨਹੀਂ ਸਗੋਂ ਹਜ਼ਾਰਾਂ ਲੋਕ ਅਰਥੀ ਦੇ ਜਲੂਸ ਵਿਚ ਸ਼ਾਮਲ ਹੋਏ ਤੇ ਸਭਨਾਂ ਨੇ ਆਪਣੇ ‡ ਪਿਆਰੇ ਰਣਬੀਰ ਸਿੰਘ ਜੀ ਦੀ ਯਾਦ ਵਿਚ ਰੱਜ ਰੱਜ ਕੇ ਅੱਥਰੂ ਕੇਰੇ।

---

† ਇਸ ਬੈਂਕ ਦੇ ਦਫਤਰ ਵਿਚ, ਜਗਰਾਉਂ ਵਿਖੇ ਸ: ਰਣਬੀਰ ਸਿੰਘ ਜੀ ਦਾ ਵੱਡੇ ਆਕਾਰ ਦਾ ਫੋਟੋ, ਸਤਿਕਾਰ ਵਜੋਂ ਸਜਾਇਆ ਹੋਇਆ ਹੈ।

‡ ੮ ਅਗਸਤ ੧੯੩੨ ਨੂੰ ਆਪ ਜੀ ਦੇ ਨਮਿੱਤ ਅਖੰਡ ਪਾਠ ਦਾ ਭੋਗ ਪਿਆ। ਇਸ ਸਮੇਂ ਆਪ ਦੇ ਪਿਤਾ ਸ: ਰੁੜ ਸਿੰਘ ਜੀ ਜੀਉਂਦੇ ਸਨ।

ਧੰਨ ਧੰਨ ਮਾਤਾ ਕਿਸ਼ਨ ਕੌਰ ਪੂਜਯ ਯੋਗ ਜਹ ਚਰਨ ॥
ਨਾ ਘਬਰਾਵੇ ਮੌਤ ਤੋਂ ਗੈਸ ਗੋਲੀਆਂ ਵਰ੍ਹਨ ॥

ਮਾਤਾ ਕਿਸ਼ਨ ਕੌਰ ਜੀ ਦੀ ਅਕਾਲੀ ਲਹਿਰ ਦੀ ਸੇਵਾ ਬਹੁਤ ਹੀ ਪ੍ਰਸੰਸਾ ਯੋਗ ਹੈ। ਪੂਰਾ ਹਾਲ ਪੜ੍ਹੋ ਇਸਤ੍ਰੀ ਕਾਂਡ, ਦਾ ਸਫਾ ੫੩੦ ਜਿਲਦ ਪਹਿਲੀ।

Digitized by Panjab Digital Library | www.panjabdigilib.org

ਮੌਤ ਦੀ ਖਬਰ ਸੁਣ ਕੇ ਸਮੂੰਹ ਪੰਥ ਨੇ ਦੁਖ ਮਨਾਇਆ। ਇਕ ਪੰਜਾਬੀ ਅਖਬਾਰ ਨੇ ਆਪ ਆਪ ਦੀ ਯਾਦ ਵਿਚ ਬਹੁਤ ਲੰਬੀ ਕਵਿਤਾ ਛਾਪੀ ਸੀ, ਜਿਸ ਵਿਚੋਂ ਕੁਝ ਕੁ ਸਤਰਾਂ ਹੇਠ ਦਿੰਦੇ ਹਾਂ:–

ਐ ਰਣਬੀਰ! ਤੇਰੀ ਝਲਕ ਵੱਲ ਤੱਕ ਕੇ ਤੇ, ਮੈਨੂੰ ਲੱਗਦਾ ਸੀ ਕੋਹ ਨੂਰ ਸੁੰਦਾਂ।
ਤੇਰੀ ਵਾਸ਼ਨਾਂ ਲੈ ਕੇ ਪਿਆਰਤਾ ਦੀ, ਮੈਨੂੰ ਜਾਪਦਾ ਸੀ ਚੰਨਣ ਬੂਰ ਸੁੰਦਾਂ।
ਸਾਰੀ ਉਮਰ 'ਚ ਇੱਕੋ ਸੀ ਲਾਲ ਲੱਭਾ, ਉਹ ਭੀ ਪੱਲਿਓਂ ਅੱਜ ਖੁਲ੍ਹ ਗਿਆ।
ਹੱਛਾ ਭਾਣਾ ਕਰਤਾਰ ਦਾ, ਸ਼ੁਕਰ ਰੱਬ ਦਾ, ਅਤਰ ਸਾਂਭਿਆ ਸ਼ੀਸ਼ੀਓਂ ਡੁਲ੍ਹ ਗਿਆ।

ਆਪ ਦੇ ਹਰੇਕ ਕੰਮ ਦੇ ਸਾਥੀ ਹੇਠ ਲਿਖੇ ਸੱਜਣ ਹਨ:–

ਭਾ: ਮਾਨ ਸਿੰਘ ਸੇਖੋਂ, ਜਮਾਂਦਾਰ ਲਾਲ ਸਿੰਘ, ਭਾ: ਸੋਭਾ ਸਿੰਘ, ਭਾ: ਹਰਨਾਮ ਸਿੰਘ ਖੱਟਰ, ਭਾ: ਇੰਦਰ ਸਿੰਘ, ਭਾ: ਬਲਵੰਤ ਸਿੰਘ ਰਾਗੀ, ਭਾ: ਸਾਹਿਬ ਸਿੰਘ, ਨੰਬਰਦਾਰ ਲਾਲ ਸਿੰਘ ਅਤੇ ਭਾ: ਵਰਿਆਮ ਸਿੰਘ ਸਿੱਧੂ, ਭਾ: ਰਣ ਸਿੰਘ ਅਕਾਲੀ, ਆਦਿ ਨੇ ਅਕਾਲੀ ਲਹਿਰ ਦੇ ਹਰ ਇਕ ਮੋਰਚੇ ਵਿਖੇ ਬਹੁਤ ਹੀ ਨਿਰਭੈਤਾ ਨਾਲ ਸੇਵਾ 'ਚ ਹਿੱਸਾ ਲੈਂਦੇ ਰਹੇ।

ਭਾ: ਪਾਲਾ ਸਿੰਘ ਪਿਤਾ ਸ: ਹਰਨਾਮ ਸਿੰਘ ਪਿੰਡ ਕਾਉਂਕੇ ਆਪ ਨੂੰ ਮੋਰਚਾ ਗੁਰੂ-ਕਾ ਬਾਗ ਵਿਚ ੯ ਮਹੀਨੇ ਸਜ਼ਾ ਤੇ ੧੫੦ ਰੁਪਿਆ ਜੁਰਮਾਨਾ।

## ਜੱਥੇਦਾਰ ਬਿਸ਼ਨ ਸਿੰਘ ਜੀ ਜਮਾਦਾਰ ਘੁਮਾਣ

ਜਮਾਦਾਰ ਬਿਸ਼ਨ ਸਿੰਘ ਪਿਤਾ ਨੱਥਾ ਸਿੰਘ ਦੇ ਘਰ ਸੰਨ ੧੮੭੩ ਵਿਚ ਪਿੰਡ ਘੁਮਾਣ ਵਿਚ ਪੈਦਾ ਹੋਈ। ਆਪ ਜੀ ਦੇ ਨਾਨਕਿਆਂ ਦਾ ਘਰਾਣਾ ਸਿੱਖੀ ਜੀਵਨ ਵਾਲਾ ਸੀ ਇਸ ਕਰਕੇ ਆਪ ਜੀ ਨੂੰ ਉਨ੍ਹਾਂ ਤੋਂ ਸਿੱਖੀ ਦੀ ਲਗਣ ਲੱਗ ਗਈ। ੧੮੯੩ ਵਿਚ ਆਪ ਫੌਜ ਵਿਚ ਭਰਤੀ ਹੋ ਗਏ। ਫੌਜ ਵਿਚ ਆਪ ਜੀ ਨੂੰ ਦਾਹੜਾ ਚੜ੍ਹਾਉਣ ਦਾ ਹੁਕਮ ਹੋਇਆ। ਪਰ ਆਪ ਜੀ ਨੇ ਦਾੜ੍ਹਾ ਚਾਹੜ੍ਹਨ ਤੋਂ ਇਨਕਾਰ ਕਰ ਦਿੱਤਾ। ਆਪ ਦਾ ਦ੍ਰਿੜ ਇਰਾਦਾ ਵੇਖਕੇ ਅਫਸਰਾਂ ਨੇ ਆਪ ਦੀ ਗਲ ਮੰਨ ਲਈ। ਉਸ ਸਮੇਂ ਫੌਜ ਵਿਚ ਜਦ ਕੋਈ ਖੁਸ਼ੀ ਦਾ ਦਿਨ ਮਨਾਇਆ ਜਾਂਦਾ ਤਾਂ ਵੇਸਵਾ ਦੇ ਨਾਚ ਕਰਾਏ ਜਾਂਦੇ। ਜੱਥੇਦਾਰ ਬਿਸ਼ਨ ਸਿੰਘ ਜੀ ਨੇ ਇਸ ਕੁਰੀਤੀ ਵਿਰੁਧ ਨਿਧੜਕ ਹੋਕੇ ਆਵਾਜ਼ ਉਠਾਈ ਜਿਸਦਾ ਫਲ ਇਹ ਹੋਇਆ ਕਿ ਫੌਜ ਵਿਚ ਖੁਸ਼ੀਆਂ ਦੀਵਾਨ ਸਜਾਕੇ ਮਨਾਉਣੀਆਂ ਆਰੰਭ ਹੋਈਆਂ। ਆਪ ਦਾ ਸਿੱਖੀ ਪ੍ਰੇਮ ਵੇਖਕੇ ਫੌਜ ਵਿਚ ਹੀ ਆਪ ਜੀ ਨੂੰ ਸਿੰਘ ਸਾਹਿਬ ਕਹਿਣ ਲਗ ਗਏ।

ਇਕ ਵੇਰ ਇਕ ਅੰਗ੍ਰੇਜ਼ ਬੂਟਾਂ ਸਣੇ ਦੀਵਾਨ ਵਿਚ ਆ ਗਿਆ ਆਪ ਨੇ ਉਸਨੂੰ ਅਜੇਹਾ ਕਰਨ ਤੋਂ ਰੋਕਿਆ। ਉਹ ਬਹੁਤ ਵਡਾ ਅਫਸਰ ਸੀ ਇਸ ਕਰਕੇ ਉਸ ਨੇ ਆਪ ਦੀ ਪੈਨਸ਼ਨ ਜ਼ਬਤ ਕਰ ਲਈ। ਅਕਾਲੀ ਲਹਿਰ ਵਿਚ ਆਪ ਨੇ ਵਧ ਚੜ੍ਹਕੇ ਹਿੱਸਾ ਲਿਆ। ਗੁ: ਰਕਾਬ ਗੰਜ ਦੀ ਕੰਧ ਢਾਹੁਣ ਸਮੇਂ ਆਪ ਜੀ ਨੇ ਸਰਕਾਰ ਵਿਰੁਧ ਸਖਤ ਪ੍ਰੋਟੈਸਟ ਕੀਤਾ। ਜਿਸ ਸਮੇਂ ਗੁਰਦਵਾਰਾ ਐਕਟ ਬਣ ਗਿਆ ਤੇ ਅਕਾਲ ਤਖਤ ਸਾਹਿਬ ਪੰਥ ਦੇ ਕਬਜ਼ੇ ਵਿਚ ਆ ਗਿਆ ਤਾਂ ਆਪ ਸ੍ਰੀ ਅਕਾਲ ਤਖਤ ਸਾਹਿਬ ਦੇ ਪਹਿਲੇ ਜੱਥੇਦਾਰ ਚੁਣੇ ਗਏ।

Digitized by Panjab Digital Library | www.panjabdigilib.org

# ਭਾ: ਸੁੰਦਰ ਸਿੰਘ ਜੀ ਘੁਮਾਣ

ਸ: ਸੁੰਦ੍ਰ ਸਿੰਘ ਪਿਤਾ ਭਗਵਾਨ ਸਿੰਘ ਦੇ ਘਰ ਮਾਤਾ ਬਿਸ਼ਨ ਕੌਰ ਦੀ ਕੁਖੋਂ ਜਨਮ ਹੋਇਆ। ਆਪ ਅਕਾਲੀ ਲਹਿਰ ਵਿਚ ਹਿੱਸਾ ਲੈਣ ਵਾਲੇ ਜ਼ਿਲਾ ਲੁਧਿਆਣਾ ਦੇ ਮੋਢੀ ਅਕਾਲੀ ਆਗੂਆਂ ਵਿਚੋਂ ਸਨ। ਜਦ ਅਕਾਲੀ ਲਹਿਰ ਅਰੰਭ ਹੋਈ ਤਾਂ ਆਪ ਨੇ ਜ਼ਿਲਾ ਲੁਧਿਹਾਣਾ ਵਿਚ ਬੜੀ ਸਰਗਰਮੀ ਨਾਲ ਪ੍ਰਚਾਰ ਕੀਤਾ। ਆਪ ਸ਼੍ਰੋ: ਕਮੇਟੀ ਦੇ ਮੈਂਬਰ ਸਨ ਜਦ ਸ਼੍ਰੋ: ਅਕਾਲੀ ਦਲ ਤੇ ਸ਼੍ਰੋ: ਕਮੇਟੀ ਕਾਨੂੰਨ ਵਿਰੁਧ ਕਰਾਰ ਦਿਤੀਆਂ ਗਈਆਂ ਤਾਂ ਸ: ਸੁੰਦਰ ਸਿੰਘ ਜੀ ਭੀ ਗ੍ਰਿਫਤਾਰ ਕਰ ਲਏ ਗਏ ਅਤੇ ਗੁਰਦੁਆਰਾ ਐਕਟ ਬਣਨ ਤੇ ਰਿਹਾ ਹੋਕੇ ਆਏ। ਆਪ ਜੀ ਦਾ ਇਲਾਕੇ ਵਿਚ ਬਹੁਤ ਰਸੂਖ ਸੀ।

# ਭਾਈ ਰਾਮ ਸਿੰਘ ਜੀ ਟੂਸੇ

ਭਾਈ ਰਾਮ ਸਿੰਘ ਪਿਤਾ ਸ: ਅਤਰ ਸਿੰਘ ਮਾਤਾ ਰੂੜ ਕੌਰ ਪਿੰਡ ਟੂਸੇ ਤਹਿਸੀਲ ਜਗਰਾਉਂ ਜ਼ਿਲਾ ਲੁਧਿਹਾਣਾ ਵਿਖੇ ਜਨਮ ਹੋਇਆ ਆਪ ਜੀ ਦੀ ਸਪਤਨੀ ਭਾਗ ਕੌਰ ਆਪ ਜੀ ਦਾ ਪ੍ਰਵਾਰ ਹੀ ਗੁਰੂ ਘਰ ਦਾ ਸ਼ਰਧਾਲੂ ਹੋਣ ਕਰਕੇ ਆਪ ਜੀ ਨੂੰ ਬਚਪਨ ਤੋਂ ਹੀ ਲਗਨ ਹੋਣ ਤੇ ਆਪ ਜੀ ਜੈਤੋ ਦੇ ਮੋਰਚੇ ਵਿਚ ਕੁਰਬਾਨੀ ਕੀਤੀ ਅਤੇ ਸ੍ਰੀ ਮੁਕਤਸਰ ਦੇ ਮੋਰਚੇ ਵਿਚ ਹਿਸਾ ਲਿਆ। ਆਪ ਜੀ ਦੇ ਦੋ ਸਪੁਤਰ ਗਿਆਨੀ ਨਰੈਣ ਸਿੰਘ, ਭਾਈ ਅਜੈਬ ਸਿੰਘ ਜੋ ਗੁਰੂ ਪੰਥ ਦੀ ਅਮਾਨਤ ਹਨ ਜੋ ਪਿਤਾ ਪੁਤਰ ਢਾਡੀ ਜਥਾ ਬਣਾ ਕੇ ਗੁਰਮਤ ਵਲੋਂ ਮੁਰਦਾ ਤੇ ਕਰ ਸੋਕੜ ਹੋਈਆਂ ਆਤਮਾਂ ਨੂੰ ਢਾਡੀਆਂ ਦੀਆਂ ਤਰਜ਼ਾਂ ਤੇ ਗੁਰ ਇਤਿਹਾਸ ਚੋਂ ਸ਼ਹੀਦੀ ਪਸੰਗ ਸੁਣਾ ਕੇ ਮੁੜ ਪ੍ਰਫੁਲਤ ਕਰਦੇ ਹਨ ਅਤੇ ਇਸ ਗੁਰ ਪੰਗਤੀ ਨੂੰ ਆਪ ਪਰ ਘਟੋਂਦੇ ਹਨ, "ਢਾਡੀ ਦਰ ਪਭ ਮੰਗਣਾ ਦਰ ਕਦੇ ਨਾ ਛੋੜੇ"।

# ਭਾਈ ਸਾਹਿਬ ਭਾਈ ਲਾਲ ਸਿੰਘ ਜੀ, ਕਮਾਲ ਪੁਰਾ

ਧੰਨ ਜਨਨੀ ਜਿਨ ਜਾਇਆ, ਧੰਨ ਪਿਤਾ ਪ੍ਰਵਾਨ।

ਸਫ਼ਲ ਜੀਵਨਾਂ ਤਿਨ੍ਹਾਂ ਦਾ ਜੱਗ ਉਤੇ, ਸ਼ੇਰ ਮਰਦ ਕੋਈ ਕੌਮੀ ਲਾਲ ਹੋਵੇ।
ਕੌਮ ਲਈ ਜੀਵਨ ਸਾਰਾ ਵਾਰ ਦੇਵੇ, ਪਰਉਪਕਾਰ ਦਾ ਨਿਤ ਖਿਆਲ ਹੋਵੇ।
ਸਾਰੀ ਉਮਰ ਕੀਤੀ ਨਿਸ਼ਕਾਮ ਸੇਵਾ, ਖਿੜਿਆ ਮਥੇ ਤੇ ਸਦਾ ਜਲਾਲ ਹੋਵੇ।
ਕੌਮੀ ਉਨਤੀ ਲਈ ਘਬਰਾਵਨਾ ਨਹੀਂ, ਰੁਤ ਹਾੜ ਤੇ ਭਾਵੇਂ ਸਿਆਲ ਹੋਵੇ।
ਤੇਰੀ ਯਾਦ ਸਦਾ ਤੜਪਾਂਵਦੀ ਏ, ਕੋਈ ਦਿਨ ਮਹੀਨਾ ਜਾਂ ਸਾਲ ਹੋਵੇ।
ਜੇਕਰ ਕੌਮ ਦਾ ਨੌ ਨਿਹਾਲ ਹੋਵੇ, ਲਾਲ ਸਿੰਘ ਜੀ ਤੇਰੇ ਜਿਹਾ ਲਾਲ ਹੋਵੇ।

—ਦਿਤੇ ਗਏ ਇਕ ਐਡਰੈਸ ਵਿਚੋਂ—

ਭਾਈ ਲਾਲ ਸਿੰਘ ਜੀ ਦਾ ਜੀਵਨ ਉਹਨਾਂ ਵਿਅਕਤੀਆਂ ਵਿਚੋਂ ਹੈ ਜੋ ਏਸ ਸੰਸਾਰ ਵਿਚ ਨਿਸ਼ਕਾਮ ਸੇਵਾ ਲਈ ਆਏ, ਹਰ ਕੁਰਬਾਨੀ ਲਈ ਨਿਤਰੇ, ਅਸੂਲ ਨੂੰ ਅਪਨਾਇਆ ਤੇ ਲੋਕ ਸੇਵਾ ਵਿਚ ਹੀ ਸੁਆਸ ਚਿਤੇ।

Digitized by Panjab Digital Library | www.panjabdigilib.org

ਆਪ ਜੀ ਦਾ ਜਨਮ ੬ ਨਵੰਬਰ ੧੮੯੨ ਨੂੰ ਪਿੰਡ ਕਮਾਲ ਪੁਰਾ ਜ਼ਿਲਾ ਲੁਧਿਹਾਣਾ ਵਿਚ ਹੋਇਆ। ਆਪ ਜੀ ਦੀ ਮਾਤਾ ਅਤਰ ਕੌਰ ਤੇ ਪਿਤਾ ਸਰੂਪ ਸਿੰਘ ਜੀ ਪੂਰਨ ਗੁਰਸਿਖ ਤੇ ਖੇਤੀ ਵਾੜੀ ਕਰਨ ਵਾਲੇ ਸਿਧੇ ਪਧਰੇ ਜ਼ਿਮੀਂਦਾਰ ਸਨ। ਇਹਨਾਂ ਦੇ ਦਾਦੇ ਭਾਈ ਅਤਰ ਸਿੰਘ ਜੀ ਤੋਂ ਫੌਜੀ ਸਿਪਾਹੀ ਸਪਿਰਟ ਅਤੇ ਪੜਦਾਦੇ ਆਲਾ ਸਿੰਘ ਜੀ ਤੋਂ ਗੁਰਮੁਖ ਤਾਈ ਤੇ ਗੁਰ ਪਿਆਰ ਭਾਈ ਸਾਹਿਬ ਦੇ ਵਿਰਸੇ ਵਿਚ ਆਇਆ।

ਛੋਟੀ ਉਮਰ ਤੋਂ ਆਪ ਹੀ ਸਾਧੂ ਵਿਰਤੀ ਸੀ ਅਤੇ ਪਿੰਡ ਦੀ ਧਰਮਸਾਲ ਵਿਚ ਗਰਮਖੀ ਪੜ੍ਹਨ ਵਿਚ ਬਹੁਤ ਜੀਅ ਲਾਉਂਦੇ ਤੇ ਬਾਕੀ ਵੇਲਾ ਪਿਤਾ ਜੀ ਨਾਲ ਖੇਤੀ ਵਿਚ ਹਥ ਵਟਾਂਦੇ। ਜਿਉਂ ਜਿਉਂ ਵਡੇ ਹੁੰਦੇ ਗਏ ਤਿਉਂ ਤਿਉਂ ਕੀਰਤਨ ਅਭਿਆਸ ਵਲ ਰੁਚੀ ਲਗਦੀ ਗਈ। ਸੋਲ੍ਹਾਂ ਸਾਲ ਦੀ ਉਮਰ ਵਿਚ ਅੰਮ੍ਰਿਤ ਪਾਨ ਕੀਤਾ ਤੇ ਅਠਾਰਾਂ ਸਾਲ ਦੀ ਉਮਰ ਵਿਚ ੧੯ ਨੰਬਰ ਰਸਾਲੇ ਵਿਚ ਭਰਤੀ ਹੋਏ। ਉਸ ਵੇਲੇ ਆਪ ਜੀ ਦਾ ਕੱਦ ਪੰਜ ਫੁਟ ਚਾਰ ਇੰਚ ਸੀ। ਰੰਗ ਕਣਕ ਵੰਨਾ ਪਰ ਚੇਹਰੇ ਤੇ ਜਲਾਲ ਤੇ ਰੌਣਕ ਸੀ, ਜਿਸਮ ਭਰਮਾਂ ਤੇ ਸਡੌਲੀ ਸੀ। ਇਸ ਰਸਾਲੇ ਵਿਚ ਆਪ ਨੇ ੧੬ ਸਾਲ ੬ ਮਹੀਨੇ ਤੇ ੨੫ ਦਿਨ ਨੌਕਰੀ ਕੀਤੀ ਤੇ ੫ ਜਨਵਰੀ ੧੯੨੧ ਨੂੰ ਪੈਨਸ਼ਨ ਮਿਲੀ। ਇਸ ਤੋਂ ਉਪਰੰਤ 'ਆਈ. ਈ. ਐਫ. ਏ. ਐਂਡ ਪੀ.' ਤਗਮੇ ਤੇ ਲੰਮੀ ਲਾਮ ਦੇ ਤਗਮੇ ਭੀ ਹਾਸਲ ਕੀਤੇ।

ਫੌਜ ਵਿਚ ਆਪ ਜੀ ਕਈ ਜਵਾਨਾਂ ਲਈ ਤਾਂ ਪੀਰ ਤੇ ਕਈਆਂ ਦੇ ਜੀਵਨ ਆਸ਼ੇ ਸਨ। ਗੁਰਦਵਾਰੇ ਦੀ ਸੇਵਾ, ਨਿਤਨੇਮ ਤੇ ਉਚ ਚਾਲ ਚਲਣ ਨੇ ਆਪ ਨੂੰ ਬਹੁਤ ਪਿਆਰਾ ਬਣਾ ਛਡਿਆ ਸੀ। ਅਸੂਲ ਉਤੇ ਡਟ ਜਾਣ ਵਿਚ ਨਿਡਰ ਸਨ। ਫਰਾਂਸ ਦੀ ਜੰਗ ਨੂੰ ਜਾਣ ਲਗਿਆਂ ਸਰਦਾਰਾਂ ਫੈਸਲਾ ਕੀਤਾ ਕਿ ਸਿਖ ਰਸਾਲੇ ਦੇ ਗਰੰਥੀ ਬੇਦੀ ਮਿਲਾਪ ਸਿੰਘ ਬੰਗੇ ਜ਼ਿਲਾ ਜਾਲੰਧਰ ਨੂੰ ਘਰ ਤੋਰ ਦੇਣਾ ਚਾਹੀਦਾ ਹੈ ਤੇ ਗੁਰੂ ਗਰੰਥ ਸਾਹਿਬ ਨੂੰ ਤਾਲੇ ਅੰਦਰ ਰਖ ਕੇ ਗਰੰਥੀ ਨੂੰ ਦਿਤੀ ਜਾਂਦੀ ਗੌਰਮਿੰਟ ਦੀ ਤਨਖਾਹ ਬਚਤ ਕਰਨੀ ਚਾਹੀਦੀ ਹੈ।

ਆਪ ਨੇ ਫਰਮਾਇਆ ਕਿ ਇਹ ਬੇ-ਅਸੂਲੀ ਗੱਲ ਹੈ। ਪਰਾਏ ਦੇਸ਼ ਵਿਚ ਗੁਰੂ ਓਦੋਂ ਹੀ ਅੰਗੀਕਾਰ ਕਰੇਗਾ ਜੇ ਬਾਣੀ ਦਾ ਪਾਠ ਹੁੰਦਾ ਰਹੇਗਾ। ਰਸਾਲਾ ਚਲੇ ਜਾਣ ਪਿਛੋਂ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਰਖਣਾ ਤੇ ਭਾਈ ਸਾਹਿਬ ਦਾ ਪਾਠ ਕਰੀ ਜਾਣਾ ਜ਼ਰੂਰੀ ਹੈ। ਭਾਵੇਂ ਸਰਦਾਰਾਂ ਦੀ ਰਾਇ ਟੁਕੀ ਜਾਣ ਤੇ ਉਹਨਾਂ ਨੇ ਹੀਣਤ ਮੰਨੀ ਪਰ ਭਾਈ ਸਾਹਿਬ ਜੀ ਦੀ ਰਾਇ ਵਿਚ ਅਸੂਲੀ ਤਾਕਤ ਹੋਣ ਕਰਕੇ ਵਡੇ ਅਫਸਰਾਂ ਨੂੰ ਅਪਨੌਣਾ ਪਿਆ। ਫਰਾਂਸ ਵਿਚ ਜਾ ਕੇ ਗੌਰਮਿਟ ਵਲੋਂ ਸਭ ਫੌਜੀਆਂ ਲਈ ਟੋਪੀਆਂ ਪਹਿਨਣ ਦਾ ਹੁਕਮ ਮਿਲਿਆ। ਇਸ ਰਸਾਲੇ ਵਿਚ ਭਾਈ ਵੀਰ ਸਿੰਘ ਵਿੰਝਲ ਭੀ ਸਨ ਜੋ ਹੁਣ ਜ਼ਿੰਦਾ ਹਨ। ਉਹ ਦਸਦੇ ਹਨ ਕਿ ੧੯੧੫ ਵਿਚ ਇਕ ਸਵੇਰ ਭਾਈ ਸਾਹਿਬ ਗਹਿਰੀ ਸੋਚ ਵਿਚ ਚਲੇ ਆ ਰਹੇ ਸਨ ਤੇ ਗਹਿਰੇ ਖਿਆਲਾਂ ਨੇ ਚਿਹਰੇ ਤੇ ਉਦਾਸੀ ਲਿਆਂਦੀ ਸੀ। ਅਸੀਂ ਕਾਰਨ ਪੁਛਿਆ, ਉਹਨਾਂ ਦਸਿਆ ਕਿ ਕਰੜੀ ਪ੍ਰੀਖਿਆ ਪਈ ਹੈ। ਅਸੂਲ ਲਈ ਪਤਾ ਨਹੀਂ ਕੀ ਕਰਨਾ ਪਏ। ਅਸੀਂ ਹੈਰਾਨ ਹੋ ਕੇ ਪੁਛਿਆ, ਉਹ ਕੀ? ਆਪ ਨੇ ਦਸਿਆ ਕਿ ਸਭ ਲਈ ਟੋਪੀਆਂ ਦਾ ਹੁਕਮ ਹੋਇਆਂ ਹੈ। ਸਿਖੀ ਅਸੂਲ ਵਿਚ ਟੋਪੀ ਪਹਿਨਣੀ ਮਨ੍ਹਾ ਹੈ। ਗੁਰ ਸਿਖ ਰਹਿਤ ਦੇ ਉਲਟ ਹੈ ਤੇ ਸਿਖਾਂ ਦੀ ਹੁਣ ਅਸੂਲੀ ਜਾਂਚ ਹੋਣ ਵਾਲੀ ਹੈ। ਸਭ ਨੇ ਕਿਹਾ, ਭਾਈ ਸਾਹਿਬ ਜੀ ਅਸੀਂ ਆਪ ਦੇ ਮਗਰ ਹਾਂ, ਜਿਵੇਂ ਕਹੋਗੇ ਤਿਵੇਂ ਹੋਵੇਗਾ। ਝਟ ਹੀ ਸਾਰੇ ਰਸਾਲਿਆਂ ਵਿਚ ਘੋੜੇ ਫੇਰੇ ਗਏ ਤੇ ਮਤਾ ਪਕਾਇਆ ਕਿ ਸਿਖ ਟੌਪੀ ਨਹੀਂ ਪਹਿਨਣਗੇ। ਕਈ ਖ਼ੁਦਗਰਜ਼ ਤੇ ਨਾਮ ਧਰੀਕ ਸਿਖਾਂ ਨੇ ਕਿਹਾ ਕਿ ਜੰਗ ਵਿਚ ਹਰ ਚੀਜ਼ ਜਾਇਜ਼ ਹੈ। ਪਰ ਭਾਈ ਸਾਹਿਬ ਨੇ ਕਿਹਾ ਹਰ ਇਕ ਚੀਜ਼ ਜਾਇਜ਼ ਹੈ, ਅਸੂਲ ਤੋੜਨਾ ਜਾਇਜ਼ ਨਹੀਂ। ਮਰਨਾ

Digitized by Panjab Digital Library | www.panjabdigilib.org

ਜਾਇਜ਼ ਹੈ ਪਰ ਬੇਅਸੂਲਾ ਜੀਵਨ ਧ੍ਰਿਗ ਹੈ। ਸੋ ਟੋਪੀ ਨਾ ਪਾਉਣ ਦੀ ਖਬਰ ਅਫਸਰਾਂ ਤਕ ਪੁਜ ਗਈ। ਅਫਸਰਾਂ ਨੇ ਹੁਕਮ ਦਿਤਾ ਕਿ ਫੌਜੀ ਹਾਕਮਾਂ ਦੇ ਹੁਕਮ ਦੀ ਪਾਲਣਾ ਜ਼ਰੂਰ ਹੋਵੇਗੀ ਨਹੀਂ ਤਾਂ ਗੋਲੀ ਦਾ ਨਿਸ਼ਾਨਾ ਕਬੂਲ ਹੈ? ਫੇਰ ਕੀ ਸੀ, ਅਫਸਰਾਂ ਨੂੰ ਸੁਨੇਹਾ ਭੇਜ ਦਿਤਾ ਗਿਆ ਕਿ ਬਾਰਾਂ ਬਜੇ ਤਕ ਜਾਂ ਤਾਂ ਸਿਖਾਂ ਸਬੰਧੀ ਹੁਕਮ ਵਾਪਸ ਲਿਆ ਜਾਵੇ ਨਹੀਂ ਤਾਂ ਸਿਖ ਖੁਦ ਗੋਲੀ ਦਾ ਨਿਸ਼ਾਨਾ ਬਣਨ ਵੇਲੇ ਕਈਆਂ ਨੂੰ ਨਿਸ਼ਾਨਾ ਬਣਾ ਕੇ ਸ਼ਹੀਦੀਆਂ ਪਾ ਜਾਣਗੇ। ਗੱਲ ਕੀ ਬਾਰਾਂ ਵਜੇ ਤੋਂ ਪਹਿਲਾਂ ਹੀ ਮੋਰਚਾ ਫਤਹਿ ਹੋ ਗਿਆ। ਖਾਲਸੇ ਨੇ ਬਰਛੇ ਤੇ ਬਲਮਾਂ ਨਾਲ ਜੋ ਟੋਪੀਆਂ ਘੋੜਿਆਂ ਦੇ ਹੰਨਿਆਂ ਨਾਲ ਬੰਨ੍ਹੀਆਂ ਹੋਈਆਂ ਸਨ ਜੈਕਾਰੇ ਗਜਾ ਕੇ ਛਾਨਣੀ ੨ ਕਰ ਦਿਤੀਆਂ। ਅਗਾਹਾਂ ਨੂੰ ਫੌਜੀ ਕਾਨੂੰਨ ਬਣ ਗਿਆ ਕਿ ਸਿਖਾਂ ਨੂੰ ਟੋਪੀਆਂ ਨਹੀਂ ਦਿਤੀਆਂ ਜਾਣਗੀਆਂ। ਇਸ ਦਾ ਸਿਹਰਾ ਭਾਈ ਸਾਹਿਬ ਦੇ ਸਿਰ ਹੈ। ਭਾਈ ਵੀਰ ਸਿੰਘ ਜੀ ਦਸਦੇ ਹਨ ਕਿ ਫਰਾਂਸ ਵਰਗੇ ਖੂਬਸੂਰਤ ਦੇਸ਼ ਵਿਚ ਭੀ ਨਾ ਕੇਵਲ ਆਪਣੇ ਆਚਰਨ ਨੂੰ ਸਵੱਛ ਰਖਿਆ ਸਗੋਂ ਸਾਰੇ ਨੌਜਵਾਨਾਂ ਨੂੰ "ਪਰ ਨਾਰੀ ਧੀ ਭੈਣ ਬਖਾਨੋ" ਦਾ ਉਪਦੇਸ਼ ਦੇਂਦੇ ਸਨ। ਆਪਣੀ ਡਿਊਟੀ ਵਿਚ ਬੜੇ ਹੁਸ਼ਿਆਰ ਤੇ ਵੇਲੇ ਦੇ ਅਨੁਸਾਰ ਚਲਦੇ ਸਨ।

ਜਦ ਆਪ ਪਿੰਡ ਛੁਟੀ ਆਉਂਦੇ ਤਾਂ ਗੁਰਦਵਾਰੇ ਦੀ ਸੇਵਾ, ਇਲਾਕੇ ਵਿਚ ਅੰਮ੍ਰਤ ਪਰਚਾਰ ਕਰਦੇ ਸਨ। ੧੯੧੨ ਵਿਚ ਪਿੰਡ ਪ੍ਰਾਇਮਰੀ ਸਕੂਲ ਜਾਰੀ ਕਰਵਾਇਆ ਤੇ ਨਹਿਰੀ ਪਾਣੀ ਜਾਰੀ ਕਰਾਇਆ।

## ਗੁਰੂ ਕੇ ਬਾਗ ਦਾ ਮੋਰਚਾ ਤੇ ਪੈਨਸ਼ਨ ਜ਼ਬਤ

ਇਹਨਾਂ ਦਿਨਾਂ ਵਿਚ ਸਿੰਘ ਸਭਾ ਗੁਰਦੁਵਾਰਾ ਸੁਧਾਰ ਲਹਿਰ ਚਲ ਰਹੀ ਸੀ। ਗੁਰੂ ਕੇ ਬਾਗ ਵਿਚ ਸਿੰਘਾਂ ਦਾ ਮੋਰਚਾ ਲਗਣ ਵੇਲੇ ਆਪ ਪੈਦਲ ਅੰਮਰਤਸਰ ਸਾਹਿਬ ਪਹੁੰਚੇ ਤੇ ਅਕਤੂਬਰ ੧੯੨੨ ਵਿਚ ਪਹਲੇ ਜੱਥੇ ਪੈਨਸ਼ਨੀਆਂ ਵਾਲੇ ਵਿਚ ਰਵਾਨਾ ਹੋਏ ਜੋ ਸੌ ਸਿੰਘਾਂ ਦਾ ਸੀ। ਗੁਰੂ ਕੇ ਬਾਗ ਦੀਆਂ ਮਾਰਾਂ ਖਾਕੇ ਕੈਦੀ ਕਰਕੇ ਅੰਮ੍ਰਿਤਸਰ ਲਿਆਂਦੇ ਗਏ ਤੇ ਉਸ ਗੱਡੀ ਵਿਚ ਚੜ੍ਹਾਕੇ ਅਟਕ ਨੂੰ ਤੋਰੇ ਗਏ ਜਿਸ ਨੂੰ ਪੰਜਾ ਸਾਹਿਬ ਵੀਰ ਕਰਮ ਸਿੰਘ ਜੀ ਨੇ ਅਪਣਾ ਤੇ ਅਪਣੀ ਸਪੱਤਨੀ ਦਾ ਖ਼ੂਨ ਡੋਹਲਕੇ, ਇੰਜਨ ਅੱਗੇ ਟੋਟੇ ਹੋਕੇ, ਰੋਕਿਆ ਤੇ ਪ੍ਰਸਾਦ ਵਰਤਾਇਆਂ। ਪ੍ਰਸ਼ਾਦਾ ਤਾਂ ਕੀ ਛਕਣਾ ਸੀ ਆਪ ਉਸੇ ਤਰ੍ਹਾਂ ਅਟਕ ਜੇਲ੍ਹ ਵਿਚ ਪਹੁੰਚਾਏ ਗਏ। ਜੇਲ੍ਹ ਵਿਚ ੪੮ ਘੰਟੇ ਡੰਡਾ ਬੇੜੀ (ਖੜੀ ਹੱਥਖੜੀ) ਲਾਈ ਰੱਖੀ ਤੇ ਬੇਅੰਤ ਤਸੀਹੇ ਝੱਲੇ। ਪੈਨਸ਼ਨ ਭੀ ਜ਼ਬਤ ਹੋ ਗਈ ਪਰ ਮੋਰਚਾ ਫਤਹਿ ਹੋਣ ਦੇ ਪਿੱਛੋਂ ਫਿਰ ਜਾਰੀ ਹੋ ਗਈ। ਏਸੇ ਮੋਰਚੇ ਵਿਚ ਏਨ੍ਹਾਂ ਦੇ ਵੀਰ ਭਾਈ ਜੀਵਾ ਸਿੰਘ ਨੇ ਭੀ ਮਾਰ ਖਾਧੀ ਤੇ ਇਹਨਾਂ ਦੇ ਭਤੀਜੇ ਭਾਈ ਮੇਹਰ ਸਿੰਘ ਭੀ ਕਮੇਟੀ ਦੇ ਗੁਪ੍ਤ ਜ਼ਮੀਨ ਥੱਲੇ ਛਾਪੇਖਾਨੇ ਵਿਚ ਸੇਵਾ ਕਰਦੇ ਰਹੇ।

"ਜੈਤੋ ਦਾ ਮੋਰਚਾ" ਏਸ ਤੋਂ ਪਿੱਛੇ ਜੈਤੋ ਦਾ ਮੋਰਚਾ ਲਗ ਗਿਆ। ਪਹਲੇ ਜੱਥੇ ਤੇ ਗੋਲੀ ਚਲ ਜਾਣ ਦੇ ਪਿੱਛੋਂ ਦੂਜੇ ਜੱਥੇ ਦੇ ਜ਼ਿਲੇ ਦੇ ਜੱਥੇਦਾਰ ਹੋਕੇ ਜੈਤੋ ਨੂੰ ਨਿਤੱਰੇ। ਆਪ ਜੀ ਨੂੰ ਜੱਥ ਸਮੇਤ ਗ੍ਰਿਫਤਾਰ ਕੀਤਾ ਗਿਆ ਤੇ ਨਾਭਾ ਬੀੜ ਵਿਚ ਤਸੀਹੇ ਝਲੱਕੇ ਮੋਰਚਾ ਫਤਹਿ ਹੋ ਜਾਣ ਤੇ ਰਿਹਾ ਹੋਕੇ ਆਏ। ਪੈਨਸ਼ਨ ਫੇਰ ਜ਼ਬਤ ਹੋ ਗਈ ਜੋ ਮੁੜਕੇ ਬਹਾਲ ਨ ਹੋਈ। ਗੁਰਦੁਆਰਾ ਹੇਰਾਂ ਤੇ ਕਬਜ਼ਾ ਕਰਨ ਸਮੇਂ ਭੀ ਜੱਥੇ ਨਾਲ ਸ਼ਾਮਲ ਹੋਏ ਪਰ ਇਸਦਾ ਫੈਸਲਾ ਪਿੱਛੋਂ ਮੁਕੱਦਮਾ ਹੋਕੇ ਹੋਇਆ।

ਏਸ ਤੋਂ ਪਿੱਛੋਂ ਆਪ ਨੇ ਪਿੰਡ ਵਿਚ ਕੰਨਿਆ ਪਾਠਸ਼ਾਲਾ ਜਾਰੀ ਕਰਵਾਈ। ੧੫—੫—੨੭ ਨੂੰ ਆਪ ਨੇ ਟਾਪੂਆਂ ਦਾ ਰਾਹ ਲਿਆ। ਆਪਣੀਆਂ ਲੋੜ ਵੰਦ ਚੀਜ਼ਾਂ ਨਾਲ ਇਕ ਬੀੜ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਨਾਲ ਲਈ। ਕਲਕੱਤੇ ਤੋਂ ਤੁਰਨ ਵੇਲੇ ਆਪ B. I. P. ਜਹਾਜ਼

Digitized by Panjab Digital Library | www.panjabdigilib.org

ਤੇ ਨ ਚੜ੍ਹੇ ਜੋ ਕਲਕੱਤੇ ਤੋਂ ਸਿਧਾ ਸਿੰਘਾਪੁਰ ਜਾਣਾ ਸੀ ਬਲਕਿ ਜਾਰਡੀਨ ਜਹਾਜ਼ ਤੇ ਜੋ ਰੰਗੂਨ ਆਦਿਕ ਹੋਕੇ ਜਾਣਾ ਸੀ, ਚੜ੍ਹੇ। B. I. P ਜਹਾਜ਼ ਰਾਹ ਵਿਚ ਹੀ ਡੁਬ ਗਿਆ ਤੇ ਆਪ ਜਾਰਡੀਨ ਤੇ ਪੀਨਾਂਗ ਹੁੰਦੇ ਹੋਏ ਬਟਾਵੀਆ ਪਹੁੰਚੇ। ਤੇ ਜੋ ਪ੍ਰਬੋਕ ਸ਼ੈਹਰ ਵਿਚ ਇਕ ਗੁਰਦੁਵਾਰਾ ਬਣਾਇਆ ਤੇ ਉਥੇ ਹੱਥੀਂ ਸੇਵਾ ਕੀਤੀ। ਏਨ੍ਹਾਂ ਦੇ ਹੱਥਾਂ ਦੇ ਲਾਏ ਹੋਏ ਬ੍ਰਿਛ ਅਜੇ ਤਕ ਉਥੇ ਖੜੇ ਹਨ। ਏਥੇ ਆਪ ੨੭ ਜੂਨ ੧੯੨੭ ਤੋਂ ਲੈਕੇ ੩੦ ਜੂਨ ੧੯੩੧ ਤਕ ਬਤੌਰ ਵਾਚਮੈਨ, ਐਨ. ਵੀ. ਜਨਰਲ ਮੋਟਰ ਜਾਵਾ ਵਿਚ ਨੌਕਰੀ ਕਰਦੇ ਰਹੇ। ਨੌਕਰੀ ਤੋਂ ਵਿਹਲੇ ਹੋਕੇ ਗੁਰਮਤ ਕਥਾ ਕੀਰਤਨ ਤੇ ਸੇਵਾ ਆਪਦੇ ਜੀਵਨ ਆਦਰਸ਼ ਸਨ। ਭਾਈ ਜ਼ੁਹੜ ਸਿੰਘ ਪਿੰਡ ਕਮਾਲਪੁਰ। ਆਪਦੇ ਨਾਲ ਸਨ, ਜਿੰਨ੍ਹਾਂ ਦਸਿਆ ਕਿ ਨੌਕਰੀ ਤੇ ਗੁਰ ਸੇਵਾ ਤੋਂ ਬਿਨਾ ਭਾਈ ਜੀ ਨੂੰ ਕੋਈ ਖਿਚ ਨਹੀਂ ਸੀ।

ਇਹਨਾਂ ਹੀ ਦਿਨਾਂ ਵਿਚ ੧—੪—੨੮ ਨੂੰ ਆਪਦੇ ਆਸ਼ੇ ਦੇ ਮੁਤਾਬਿਕ ਪਿੰਡ ਕਮਾਲਪੁਰਾ ਵਿਚ ਗੁਰੂ ਗੋਬਿੰਦ ਸਿੰਘ ਖਾਲਸਾ ਮਿਡਲ ਸਕੂਲ ਖੋਹਲਿਆ ਗਿਆ ਤੇ ਭਾਈ ਸਾਹਿਬ ਨੇ ਪੈਦਲ ਫਿਰਕੇ ਮਾਇਆ ਇਕੱਤ੍ਰ ਕੀਤੀ ਤੇ ਸਕੂਲ ਨੂੰ ਤੋਰਿਆ।

੩੦—੬—੩੧ ਤੋਂ ੧-੭-੩੨ ਤਕ ਕਪੜੇ ਦੀ ਤਜਾਰਤ ਕੀਤੀ ਤੇ ੧-੭-੩੨ ਤੋਂ ੬-੫-੩੫ ਤਕ ਡੱਚ ਰੇਲਵੇ ਸਰਵਸ ਲਾਹਟ (ਸੁਮਾਟਰਾ) ਵਿਚ ਨੌਕਰੀ ਕੀਤੀ। ਏਥੇ ਹਰ ਕਿਸਮ ਦੀ ਉਗਰਾਹੀ ਗੌਰਮਿੰਟ ਦੀ ਮਨਜ਼ੂਰੀ ਤੋਂ ਬਿਨਾ ਬੰਦ ਸੀ। ਪਰ ਆਪ ਸਕੂਲ ਲਈ ਉਗਰਾਹੀ ਕਰਨ ਵਿਚ ਤਤਪਰ ਰਹਿੰਦੇ ਸਨ। ਏਥੇ ਭੀ ਇਕ ਦਿਨ ਸ਼ੈਹਰ ਮੇਡਾਨ ਵਿਚ ਭਾਈ ਹਰੀ ਸਿੰਘ ਗਿੱਲ ਰੂਮੀ ਦੇ ਸਣੇ ਆਪ ਨੂੰ ਸੁਮਾਟਰਾ ਪੋਲੀਸ ਨੇ ਸਕਲ ਲਈ ਉਗਰਾਹੀ ਕਰਦਿਆਂ ਫੜ ਲਿਆ ਤੇ ਦੋਹਾਂ ਨੂੰ ਕੈਦ ਕਰ ਲਿਆ, ਫ਼ਿਰ ਭਾਈ ਹਰੀ ਸਿੰਘ ਹੋਰਾਂ ਦੇ ਪਿਤ ਸਰਦਾਰ ਚੰਦਾ ਸਿੰਘ ਜੀ ਰੂਮੀਂ ਦੇ ਉਦੱਮ ਨਾਲ ਰਿਹਾ ਹੋਏ। ਪਰ ਆਪ ਦੀ ਸੇਵਾ ਤੇ ਸਚਾਈ ਦਾ ਉਹ ਅਸਰ ਪਿਆ ਕਿ ਆਪ ਨੂੰ ਗੌਰਮਿੰਟ ਵਲੋਂ ਉਗਰਾਹੀ ਕਰਨ ਦੀ ਆਗਿਆ ਮਿਲ ਗਈ ਤੇ ਭਾਈ ਹਰੀ ਸਿੰਘ ਰੂਮੀਂ ਨੇ ਨਾਲ ਮਿਲਕੇ ਏਸ ਇਲਾਕੇ ਦੀ ਉਗਰਾਹੀ ਕਰਵਾਈ। ਆਪ ਨੇ ਏਥੋਂ ਚਾਰ ਹਜ਼ਾਰ ਰੁਪਈਆਂ ਇਕੱਤ੍ਰ ਕਰਕੇ ਸਕੂਲ ਨੂੰ ਭੇਜਿਆ, ਜਿਸਦਾ ਸਦਕਾ ਸਕੂਲ ਨਾ ਕੇਵਲ ਮਨਜ਼ੂਰ ਹੋਇਆ ਸਗੋਂ ਚੜ੍ਹਦੀਆਂ ਕਲਾਂ ਵਿਚ ਜਾਰੀ ਹੋ ਗਿਆ ਤੇ ਅਜ ਗੁਰੂ ਗੋਬਿੰਦ ਸਿੰਘ ਖਾਲਸਾ ਹਾਈ ਸਕੂਲ ਦੇ ਨਾਉ ਥੱਲੇ ਜਗਰਾਉਂ ਤੋਂ ਰਾਏਕੋਟ ਵਾਲੀ ਸੜਕ ਉੱਤੇ ਖੁੱਲੇ ਥਾਂ ਤੇ ਸ਼ਸ਼ੋਭਤ ਹੈ।

ਇਕ ਵਾਰ ਸਕੂਲ ਦੀ ਮਾਇਕ ਹਾਲਾਤ ਖਰਾਬ ਹੋਣ ਤੇ ਭਾਈ ਸਾਹਿਬ ਨੇ ਆਪਣੇ ਭਾਈ ਜੀਵਾ ਸਿੰਘ ਜੀ ਨੂੰ ਚਿੱਠੀ ਲਿਖੀ ਕਿ ਜੇ ਸਕੂਲ ਵਿਚ ਫੰਡ ਨਾ ਹੋਵੇ ਤਾਂ ਆਪ ਸਾਰੀ ਜ਼ਮੀਨ ਵੇਚਕੇ ਸਕੂਲ ਤੇ ਲਾ ਦੇਵੇ। ਪਰ ਇਕ ਗਲ ਚੇਤੇ ਰਖੇ ਕਿ ਇਲਾਕੇ ਦਾ ਕੋਈ ਮੁੰਡਾ ਅਨਪੜ੍ਹ ਨਾ ਰਹਿ ਜਾਵੇ।

ਇਕ ਵਾਰ ਜਾਵਾ ਵਿਚ ਕੁਝ ਏਧਰਲੇ ਸੱਜਨਾਂ ਨੇ ਜਾਵਾ ਦੀਆਂ ਇਸਤ੍ਰੀਆਂ ਨਾਲ ਸ਼ਾਦੀ ਕਰ ਲਈ ਤੇ ਸਿੱਖਾਂ ਨੇ ਉਨ੍ਹਾਂ ਦਾ ਨਾਂ ਮਿਲਵਰਤਨ ਕਰ ਦਿੱਤਾ। ਏਥੋਂ ਤਕ ਕਿ ਦੋਹਾਂ ਪਾਰਟੀਆਂ ਨੇ ਗੁਰਦੁਵਾਰਾ ਸਾਹਿਬ ਵਿਚ ਆਪਣੀ ਦੇਗ ਅੱਡ ਅੱਡ ਬਣਾਉਣ ਦਾ ਯਤਨ ਕੀਤਾ ਤੇ ਲੜਾਈ ਤਕ ਨੌਬਤ ਪਹੁੰਚ ਗਈ। ਭਾਈ ਸਾਹਿਬ ਨੇ ਵਿਚਕਾਰ ਹੋਕੇ ਮਿਲਾਪ ਦਾ ਅਜੇਹਾ ਸੋਹਣਾ ਰਾਹ ਕੱਢਿਆ ਜਿਸ ਨਾਲ ਹਮੇਸ਼ਾ ਲਈ ਸੁਲਹ ਹੋ ਗਈ। ਉਹ ਇਹ ਸੀ ਕਿ ਜਾਵੀਆਂ ਨੂੰ ਅੰਮਰਤ ਛਕਾਇਆ ਜਾਵੇ ਤੇ ਪਤਤ ਹੁੰਦੇ ਸਿੱਖਾਂ ਦੀ ਸਿੱਖੀ ਕਾਇਮ ਰਖਕੇ ਪੁਆੜਾ ਮੁਕਾ ਦਿੱਤਾ ਜਾਵੇ।

Digitized by Panjab Digital Library | www.panjabdigilib.org

ਅਪ੍ਰੈਲ ੧੯੩੭ ਵਿਚ ਆਪ ਵਾਪਿਸ ਦੇਸ਼ ਆਏ ਤੇ ਔਣ ਸਾਰ ਇਲਾਕੇ ਲਈ ਹਸਤਪਤਾਲ ਬਣੌਣ ਦੇ ਯਤਨ ਵਿਚ ਜੁਟ ਪਏ। ਸਕੂਲ ਵਿਚ ਜਾਕੇ ਪੜ੍ਹ ਰਹੇ ਬੱਚਿਆਂ ਨੂੰ ਵੇਖਕੇ ਗਦ ਗਦ ਹੋ ਉਠਦੇ। ਅਖੀਰ ਗੁਰ ਭਾਣੇ ਅਨੁਸਾਰ ਪ੍ਰਮਾਤਮਾ ਦੀ ਦਿਤੀ ਆਯੂ ਬਤੀਤ ਕਰਕੇ ੫—੭—੩੮ ਨੂੰ ਸਦਾ ਦੀ ਨੀਂਦ ਸੋ ਗਏ, ਤੇ ਵਾਹਿਗੁਰੂ ਚਰਨਾਂ ਵਿਚ ਜਾ ਬ੍ਰਾਜਮਾਨ ਹੋਏ।

ਆਪ ਨਾਲ ਲੋਕਾਂ ਦਾ ਕਿੰਨਾ ਪਿਆਰ ਸੀ, ਆਪ ਦੀ ਕੁਰਬਾਨੀ ਦੀ ਕਦਰ ਕਿਨਾਂ ਕਿਨਾਂ ਕੀਤੀ। ਇਹ ਨਾਲ ਟਾਂਕੇ ਹੋਏ ਮਾਨ ਪੱਤਰ ਦਸਣਗੇ। ਜਿਨ੍ਹਾਂ ਨੂੰ ਪੜ੍ਹਕੇ ਆਪ ਮੁਹਾਰਾ ਇਹੋ ਮੂੰਹੋਂ ਨਿਕਲਦਾ ਹੈ।

"ਤਿੰਨ ਧਨ ਜਣੇਦੀ ਮਾਉ ਆਏ ਸਫਲ ਸੇ" ਆਪ ਦੇ ਚਾਲੂ ਕੀਤੇ ਹਾਈ ਸਕੂਲ ਦੇ ਹੈਡ ਮਾਸਟਰ ਗੁਰਨਾਮ ਸਿੰਘ ਬੀ. ਏ. ਬੀ. ਟੀ. ਵਿੰਝਲ ਲੁਧਿਆਣਾ ਹਨ ਜੋ ਆਪ ਦੇ ਜੀਵਨ ਨੂੰ ਵਿਦਿਆਰਥੀਆਂ ਦੇ ਦਿਲਾਂ ਤੇ ਫੋਟੋ ਖਿੱਚ ਦਿੰਦੇ ਹਨ।

## ਭਾਈ ਵੀਰ ਸਿੰਘ ਸਵੱਦੀ

ਆਪ ਜੀ ਦਾ ਜਨਮ ਸ: ਅਤਰ ਸਿੰਘ ਦੇ ਘਰ ਮਾਤਾ ਅਤਰ ਕੌਰ ਦੀ ਕੁਖੋਂ ਪਿੰਡ ਸਵੱਦੀ ਵਿਖੇ ਹੋਇਆ। ਆਪ ਨੇ ਅਕਾਲੀ ਲਹਿਰ ਦੇ ਮੁਢ ਤੋਂ ਹੀ ਪੰਥ ਸੇਵਾ ਅਤੇ ਪ੍ਰਚਾਰ ਦੀ ਯਥਾ ਯੋਗ ਸੇਵਾ ਕੀਤੀ। ਆਪ ਨੇ ਸੋਢੀ ਜਸਵੰਤ ਸਿੰਘ ਦੀ ਰਹਾਇਤਾ ਨਾਲ ਮਾਲਵੇ ਅਤੇ ਬੰਨੂੰ ਕੋਹਾਟ ਦੇ ਇਲਾਕੇ ਵਿਚ ਬਹੁਤ ਪ੍ਰਚਾਰ ਕੀਤਾ। ਆਪ ਪੰਜਾਬੀ ਦੇ ਕਵੀ ਭੀ ਹਨ ਅਤੇ ਉਦਮੀ ਇਤਨੇ ਹਨ ਕਿ ਅਕਾਲੀ ਲਹਿਰ ਵਿਚ ਦਿਨ ਰਾਤ ਇਕ ਕਰ ਕੇ ਕੰਮ ਕਰਦੇ ਹੋਇਆ ਨੇ ਗੌਰਮਿੰਟ ਦੇ ਅਖੀਂ ਘੱਟਾ ਪਾਂਦਿਆਂ ਹਥ ਨਹੀਂ ਲਗੇ।

## ਸਃ ਹਰਨਾਮ ਸਿੰਘ ਭੇੜੂ ਛੱਜਾ ਵਾਲ

ਆਪ ਦਾ ਜਨਮ ਪਿੰਡ ਛੱਜਾ ਵਾਲ ਤਹਿਸੀਲ ਜਗਰਾਂਓਂ ਜ਼ਿਲਾ ਲੁਧਿਆਣਾ ਵਿਚ ਹੋਇਆ। ਬਾਲਪਣ:— ਆਪ ਦੀ ਬਾਲਪਣ ਦੀ ਉਮਰ ਆਪ ਦੇ ਨੱਗਰ ਛੱਜਾਵਾਲ ਵਿਚ ਹੀ ਖੇਡਦਿਆਂ ਕੁਦਦਿਆਂ ਦੀ ਲੰਘੀ।

ਵਿਦਿਆ:— ਆਪ ਗੁਰਮੁਖੀ ਵਿਦਿਆ ਪੜ੍ਹੇ ਹੋਏ ਸਨ ਅਤੇ ਚੰਗੀ ਸੂਝ ਬੂਝ ਦੇ ਮਾਲਕ ਹਨ।

ਪ੍ਰਦੇਸ ਫੇਰੀ:— ਆਪ ਦਾ ਮਨ ਘਰੇਗੀ ਕਾਰ ਵਿਹਾਰ ਤੋਂ ਉਪ੍ਰਾਮ ਹੋ ਗਿਆ ਤੇ ਆਪ ਕੁਝ ਸਮੇਂ ਲਈ ਮਲਾਇਆ ਨੂੰ ਚਲੇ ਗਏ। ਉੱਥੇ ਜਾ ਕੇ ਆਪ ਨੇ ਆਪਣਾ ਨਿੱਜੀ ਵਿਹਾਰ ਸ਼ਾਹੂਕਾਰਾ ਕਰਨਾ ਆਰੰਭ ਦਿੱਤਾ, ਜਿਸ ਵਿਚ ਆਪ ਸਫਲ ਵੀ ਹੋਏ।

ਦੇਸ਼ ਵਾਪਸੀਃ— ਆਪ ਆਪਣੇ ਕੱਟੜ ਸੁਭਾ ਦਾ ਸਦਕਾ ਪ੍ਰਸਿੱਧ ਹਨ, ਜਿਸ ਕਰਕੇ ਆਪ ਦਾ ਉੱਪਨਾਮ ਭੇੜੂ ਹੀ ਸਦਿਆ ਜਾਣ ਲੱਗਾ। ਏਥੇ ਆ ਕੇ ਕਈ ਦਫਾ ਕੌਮੀ ਸੇਵਾ ਵਿਚ ਜੇਲ੍ਹ ਯਾਤ੍ਰਾ ਗਏ ਅਤੇ ਹੁਣ ਆਪ ਜੀ ਕਾਂਗਰਸ ਵਿਚ ਸ਼ਾਮਲ ਹੋ ਗਏ, ਦੇਸ਼ ਅਤੇ ਕੌਮ ਦੀ ਬਹੁਤ ਸੇਵਾ ਕੀਤੀ। ਆਪ ਦਾ ਇਲਾਕੇ ਵਿਚ ਕਾਫੀ ਸਤਿਕਾਰ ਹੈ, ਆਪ ਨੇ ਆਪਣੇ ਨਿੱਜੀ ਕਾਰ ਵਿਹਾਰ ਵਿਚ ਵੀ ਕਾਫੀ ਉਨਤੀ ਕੀਤੀ ਹੈ।

ਸੁਭਾਃ- ਆਪ ਦਾ ਸੁਭਾ ਜ਼ਿਦੀਆ, ਪਰ ਮਾਲਵੇ ਦੇ ਜਮ ਪਲ ਹੋਣ ਕਰਕੇ ਖੁਲ੍ਹਾ ਅਤੇ ਸਰਲ ਹੈ ਅਤੇ ਲਿਖੇ ਪੜ੍ਹੇ ਹੋਣ ਕਰਕੇ ਸਰਕਾਰੇ, ਦਰਬਾਰੇ ਕਾਫੀ ਬੋਲ ਬਾਲਾ ਹੈ। ਆਪ ਅੱਜ ਕਲ ਪਿੰਡ ਛੱਜਾ-ਵਾਲ ਵਿਚ ਨਿਵਾਸ ਰਖਦੇ ਹਨ।

Digitized by Panjab Digital Library | www.panjabdigilib.org

# ਸ਼ਃ ਬਲਬੀਰ ਸਿੰਘ ਅਮਰੀਕਨ

ਆਪ ਦਾ ਜਨਮ ਸੰਨ ੧੮੯੦ ਵਿਚ ਸ: ਕਾਬਲ ਸਿੰਘ ਦੇ ਘਰ ਮੋਹੀ ਵਿਖੇ ਹੋਇਆ। ਮਾਤਾ ਦਾ ਨਾਮ ਮਾਨ ਕੌਰ ਸੀ, ਆਪ ੧੮ ਸਾਲ ਦੀ ਆਯੂ ਵਿਚ ਅਮਰੀਕਾ ਚਲੇ ਗਏ। ਆਪ ਆਜ਼ਾਦੀ ਦੇਉਬਾਲਿਆਂ ਨੂੰ ਆਪਣੇ ਦਿੱਲ ਵਿਚ ਲੈ ਕੇ ਵਾਪਸ ਹਿੰਦੋਸਤਾਨ ਆ ਗਏ ਤੇ ਖ਼ੂਬ ਸਰਗਰਮੀ ਨਾਲ ਸੁੱਤੇ ਭਰਾਵਾਂ ਨੂੰ ਜਗਾਇਆ ਤੇ ਉਨ੍ਹਾਂ ਦੀ ਗੁਲਾਮੀ ਹੇਠ ਦੱਬੀ ਹੋਈ ਅਣਖ ਨੂੰ ਵੀ ਹਲੂਣਾ ਦਿੱਤਾ। ਸਰਕਾਰ ਨੇ ਆਪ ਉਪਰ ਵੀ ਕੋਈ ਨਾ ਕੋਈ ਕੇਸ ਚਲਾਉਣ ਦੀ ਬਥੇਰੀ ਕੋਸ਼ਿਸ਼ ਕੀਤੀ, ਪਰ ਕਾਮਯਾਬੀ ਨਾ ਹੋਈ।

੧੯੧੯ ਵਿਚ ਸ: ਬਲਬੀਰ ਸਿੰਘ ਤਰਨਤਾਰਨ ਚਲੇ ਗਏ ਤੇ ਪੰਜਾਹ ਸਾਲ ਏਥੇ ਰਹਿ ਕੇ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਦੇ ਦਰਬਾਰ ਦੀ ਸੇਵਾ ਕਰਦੇ ਰਹੇ।

ਆਪ ਜੈਤੋ ਦੇ ਮੋਰਚੇ ਵਿਚ ਗਏ, ਜੇਲ੍ਹ ਵਿਚ ਦਮੇ ਦਾ ਰੋਗ ਲੱਗ ਗਿਆ। ਆਪ ਰਿਹਾ ਹੋ ਕੇ ਕੁਝ ਦੇਰ ਮੋਹੀ ਵਿਚ ਰਹੇ ਤੇ ਏਥੇ ਹੀ ੧੯੩੪ ਵਿਚ ਚਲਾਣਾ ਕਰ ਗਏ। ਆਪ ਨਿੱਤ-ਨੇਮੀ ਤੇ ਗੁਰਮੁਖ ਸਨ।

# ਸ਼ਃ ਕੇਹਰ ਸਿੰਘ ਜੀ ਲੀਲ੍ਹਾ

ਆਪ ਦਾ ਜਨਮ ਸ: ਵਰਯਾਮ ਸਿੰਘ ਜੀ ਦੇ ਘਰ ਮਾਤਾ ਕਰਮਕੌਰ ਦੀ ਕੁਖ ਤੋਂ ਪਿੰਡ ਲੀਲ੍ਹਾ ਵਿਖੇ ਹੋਇਆ। ਬਚਪਨ ਵਿਚ ਆਪ ਨੇ ਗੁਰਮੁਖੀ ਵਿਦਿਆ ਬੜੇ ਪ੍ਰੇਮ ਨਾਲ ਪੜ੍ਹੀ। ਥੋੜੇ ਅਰਸੇ ਵਿਚ ਹੀ ਆਪ ਚੰਗੇ ਗ੍ਰੰਥੀ ਅਤੇ ਰਾਗ ਵਿਦਿਆ ਦੇ ਮਾਹਰ ਹੋ ਗਏ। ੧੯੨੩ ਵਿਚ ਆਪ ਗੁਰਦਵਾਰਾ ਸਟਾਕਟਨ-ਕੈਲੇ-ਫੋਰਨੀਆਂ ਦੇ ਹੈਡ ਗ੍ਰੰਥੀ ਬਣ ਕੇ ਅਮਰੀਕਾ ਚਲੇ ਗਏ। ਆਪ ਨੇ ਇਹ ਸੇਵਾ ਬੜੀ ਯੋਗਤਾ ਨਾਲ ਨਿਭਾਈ। ਫਿਰ ਆਪ ਪੈਸਿਫਿਕ ਕੋਸਟ ਖਾਲਸਾ ਦੀਵਾਨ ਦੇ ਗ੍ਰੰਥੀ ਬਣ ਗਏ। ਆਪ ਦਾ ਨਿੱਘਾ ਮਿੱਠਾ ਸੁਭਾ ਤੇ ਮਿਲਵਰਤਨ ਵੇਖ ਕੇ ਹਰ ਇਕ ਸਜਣ ਆਪ ਜੀ ਦਾ ਪ੍ਰੇਮੀ ਬਣ ਜਾਂਦਾ ਸੀ। ਥੋੜੇ ਦਿਨਾਂ ਤੋਂ ਬਾਦ ਆਪ ਇਸ ਸੰਸਥਾ ਦੇ ਪ੍ਰਧਾਨ ਬਣ ਗਏ। ਗੁਰਦਵਾਰੇ ਦੀ ਨਵੀਂ ਇਮਾਰਤ ਆਪ ਦੇ ਉਦਮ ਨਾਲ ਬਣੀ। ਏਥੇ ਰਹਿੰਦੇ ਹੋਏ ਆਪ ਦਾ ਸਬੰਧ ਗਦਰ ਪਾਰਟੀ ਨਾਲ ਹੋਇਆ। ਇਕ ਸਾਲ ਆਪ ਸਟੇਟ ਗਦਰ ਪਾਰਟੀ ਦੇ ਸਕੱਤ੍ਰ ਰਹੇ।

# ਭਾਃ ਤ੍ਰਲੋਕ ਸਿੰਘ ਗਿੱਦੜਵਿੰਡੀ

ਆਪ ਦਾ ਜਨਮ ਪਿਤਾ ਸ: ਚੇਤ ਸਿੰਘ ਦੇ ਘਰ ਮਾਤਾ ਮਾਨ ਕੌਰ ਦੀ ਕੁਖ ਤੋਂ ਪਿੰਡ ਗਿੱਦੜ-ਵਿੰਡੀ ਜ਼ਿਲਾ ਲੁਧਿਆਣਾ ਵਿਖੇ ਹੋਇਆ। ਜਦ ੧੯੨੧ ਵਿਚ ਅਕਾਲੀ ਲਹਿਰ ਚਲੀ, ਤਾਂ ਅੰਮ੍ਰਿਤ ਪਾਨ ਕਰਕੇ ਅਕਾਲੀ ਸਿੰਘ ਸੱਜ ਕੇ ਜੱਥਾ ਨੰ: ੯ ਜੈਤੋ ਦੇ ਮੋਰਚੇ ਵਿਚ ਗਏ ਅਤੇ ਨਾਭੇ ਬੀੜ ਦੇ ਅਸਹਿ ਤੇ ਅਕਹਿ ਕਸ਼ਟ ਸਹਾਰਦੇ ਹੋਏ ਮੋਰਚਾ ਫਤਹਿ ਹੋਣ ਤੇ ਗੁਰੂ ਪੰਥ ਦੀਆਂ ਖੁਸ਼ੀਆਂ ਲੈ ਕੇ ਘਰ ਆਏ।

ਆਪ ਬੜੇ ਪੁਰਸ਼ਾਰਥੀ ਸਨ, ਗੁਰੂ ਨਾਨਕ, ਹਰਿਗੋਬਿੰਦ ਸਰ ਦੇ ਆਪ ਜੀ ਸਕੱਤ੍ਰ ਵੀ ਰਹਿ ਚੁਕੇ ਸਨ ਤੇ ਲੰਗਰ ਜੱਥੇਦਾਰੀ ਦੀ ਸੇਵਾ ਕੁਝ ਚਿਰ ਪ੍ਰੇਮ ਨਾਲ ਕੀਤੀ।

ਆਪ ਨੂੰ ਹੱਥੀਂ ਸੇਵਾ ਤੇ ਕੀਰਤਨ ਕਰਨ ਦਾ ਬੜਾ ਹੀ ਦਿਲੀ ਸ਼ੌਕ ਸੀ। ਆਪ ਸਦਾ ਹੀ ਪਿੰਡ ਦੀਆਂ ਚੜ੍ਹਦੀਆਂ ਕਲਾਂ ਵੇਖਣ ਦੇ ਚਾਹਵਾਨ ਸਨ।

Digitized by Panjab Digital Library | www.panjabdigilib.org

## ਹਰਭਜਨ ਸਿੰਘ ਰਾਗੀ (ਮੋਹੀ)

ਜਨਮ—ਆਪਦਾ ਜਨਮ ਪਿੰਡ ਮੋਹੀ ਤਹਸੀਲ ਜਗਰਾਉਂ ਜ਼ਿਲਾ ਲੁਧਿਆਣਾ ਵਿਖੇ ਟਾਂਕ ਛਤ੍ਰੀਆਂ ਦੇ ਘਰ ਹੋਇਆ। ਆਪਜੀ ਦਸਾਂ ਨੌਹਾਂ ਦੀ ਕਿਰਤ, ਵੰਡ ਛਕਣ ਅਖੰਡਪਾਠੀ, ਰਬੀ ਬਾਣੀ ਦਾ ਜਸ ਕਰਨ ਵਾਲੇ, ਨਗਰ ਤੇ ਇਲਾਕੇ ਵਿਚ ਆਪ ਹਰ ਮਨ ਪਿਆਰੇ ਹਨ। ੧੯੨੧ ਨੂੰ ਅਕਾਲੀ ਲਹਿਰ ਆਰੰਭ ਹੋਣ ਤੇ ਆਪ ਨੇ ਅਕਾਲੀ ਲਹਿਰ ਵਿਚ ਉਤਸ਼ਾਹ ਨਾਲ ਕੰਮ ਕੀਤਾ ਅਤੇ ਮੋਰਚਾ ਮੁਕਤਸਰ, ਭਾ: ਫੇਰੂ, ਜੈਤੋ ਆਦਿ ਮੋਰਚਿਆਂ ਵਿਚ ਤਸੀਹੇ ਤੇ ਸਜ਼ਾਵਾਂ ਕੱਟੀਆਂ। ਸਜ਼ਾ ਭੁਗਤਣ ਪਰ ਸ੍ਰੀ ਅਕਾਲ ਤਖਤ ਸਾਹਿਬ ਤੇ ਸਿਰੋਪਾਓ ਅਤੇ ਪੰਥ ਦੀਆਂ ਖੁਸ਼ੀਆਂ ਲੈਂਦੇ ਹੋਏ ਵਾਪਸ ਆਏ।

## ਭਾ: ਰਣਧੀਰ ਸਿੰਘ ਜੀ ਹੇਹਰਾਂ

ਭਾਈ ਰਣਧੀਰ ਸਿੰਘ ਦੇ ਪਿਤਾ ਦਾ ਨਾਮ ਸ: ਗਿਆਨ ਸਿੰਘ ਜੀ ਤੇ ਮਾਤਾ ਦਾ ਨਾਮ ਸੁਲਖਣੀ ਸੀ। ਆਪ ਜੀ ਦਾ ਪੰਥਕ ਜੀਵਨ ੧੯੨੩ ਤੋਂ ਹੋਇਆ। ਪਹਿਲੇ ਆਪ ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ ਤੇ ਇਕ ਸਾਲ ਕੈਦ ਕੱਟੀ। ਇਸ ਤੋਂ ਪਿਛੋਂ ਭਾਈ ਫੇਰੂ ਦੇ ਮੋਰਚੇ ਵਿਚ ਭੀ ਆਪ ਜੀ ਨੇ ਇਕ ਸਾਲ ਕੈਦ ਕੱਟੀ। ਆਪ ਜੀ ਗੁਰੂ ਘਰ ਦੇ ਬੜੇ ਪਰੇਮੀ ਤੇ ਨਿਤਨੇਮੀ ਹਨ।

## ਭਾ: ਬਿਸ਼ਨ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਹੇਹਰਾਂ ਵਿਚ ਸ: ਬੁਧ ਸਿੰਘ ਤੇ ਮਾਤਾ ਰੂਪ ਕੌਰ ਦੀ ਕੁਖੋਂ ਹੋਇਆ ਅਕਾਲੀ ਲਹਿਰ ਵਿਚ ਆਪ ਜੀ ਨੇ ਬਹੁਤ ਸ਼ਾਨਦਾਰ ਹਿਸਾ ਪਾਇਆ। ਆਪ ਕੀਰਤਨ ਪਰਚਾਰ ਕਰਕੇ ਪੰਥ ਦੀ ਸੇਵਾ ਕਰਿਆ ਕਰਦੇ ਸਨ। ਆਪ ਅੰਗਰੇਜ਼ਾਂ ਵਿਰੁਧ ਸਖਤ ਪ੍ਰਚਾਰ ਕਰਿਆ ਕਰਦੇ ਸਨ। ਆਪ ਜੀ ਵਿਰੁਧ ਬਗਾਵਤ ਦਾ ਕੇਸ ਚਲਿਆ ਜਿਸ ਵਿਚ ਪਟਵਾਰੀ ਹੇਹਰਾਂ ਤੇ ਜ਼ੈਲਦਾਰ ਦੀ ਗਵਾਹੀ ਹੋਈ। ਆਪ ਜੀ ਨੂੰ ਅਦਾਲਤ ਵਲੋਂ ਇਕ ਸਾਲ ਦੀ ਸਖਤ ਸਜ਼ਾ ਹੋਈ ਜੋ ਆਪ ਜੀ ਨੇ ਬੜੀ ਦਲੇਰੀ ਨਾਲ ਕੱਟੀ।

## ਭਾ: ਨਿਰੰਜਨ ਸਿੰਘ ਜੀ ਅਕਾਲੀ

ਆਪ ਇਸ ਸਮੇਂ ਕਾਂਗਰਸ ਦੇ ਪ੍ਰਸਿਧ ਵਰਕਰ ਹਨ। ਆਪ ਜੀ ਦਾ ਜਨਮ ਪਿੰਡ ਹੇਹਰਾਂ ਵਿਚ ਸ: ਰੁਲੀਆ ਸਿੰਘ ਜੀ ਦੇ ਘਰ ਹੋਇਆ। ਅਕਾਲੀ ਲਹਿਰ ਵਿਚ ਆਪ ਜੀ ਨੇ ਸ਼ਾਨਦਾਰ ਕੁਰਬਾਨੀਆਂ ਕੀਤੀਆਂ। ਆਪ ਜੈਤੋ ਦੇ ਮੋਰਚੇ ਵਿਚ ਦੋ ਵੇਰਾਂ ਕੈਦ ਹੋਏ। ਪਹਿਲੇ ਆਪ ੨੫ ਸਿੰਘਾਂ ਦੇ ਜਥੇ ਦੇ ਨਾਲ ਗਏ ਤੇ ਫਿਰ ੫੦੦ ਦੇ ਸ਼ਹੀਦੀ ਜਥੇ ਨਾਲ ਭੀ ਗਏ। ਮੋਰਚਾ ਫਤਹਿ ਹੋਣ ਪਿਛੋਂ ਵਾਪਸ ਆਏ। ੧੯੪੨ ਵਿਚ ਆਪ ਜੀ ਨੇ ਕਾਂਗਰਸ ਦੇ 'ਹਿੰਦੁਸਤਾਨ ਛੋੜੋ' ਦੇ ਮਤੇ ਪਰ ਅਮਲ ਕਰਦੇ ਹੋਇ ਅੰਗਰੇਜ਼ਾਂ ਵਿਰੁਧ ਜੱਦੋ-ਜਹਿਦ ਕੀਤੀ ਜਿਸ ਵਿਚ ਆਪ ਜੀ ਨੂੰ ਦੋ ਸਾਲ ਸਖਤ ਸਜ਼ਾ ਹੋਈ।

## ਸੁਭਾਗ ਨਗਰ ਸੋਹੀਆਂ

ਸੁਭਾਗ ਨਗਰ ਸੋਹੀਆਂ ਦੇ ਪਰ-ਉਪਕਾਰੀ ਸਿੰਘ ਜਿਨ੍ਹਾਂ ਦੇ ਪ੍ਰਸਾਰਥ ਨਾਲ ਸਾਰੇ ਨਗਰ ਵਾਸੀਆਂ ਨੇ ਮਿਲ ਕੇ, ਪਿੰਡ ਦੀ ਸੋਹਣੀ ਸ਼ਾਨ ਚਮਕਾਈ ਹੈ। ਪਿੰਡ ਦੇ ਵਿਚਕਾਰ ਗੁਰਦਵਾਰਾ ਸਾਹਿਬ ਜੀ, ਚੌਗਿਰਦ ਵਸੋਂ, ਜਿਸ ਰਸਤੇ ਆਈਦੇ ਉਸੇ ਪਾਸੇ ਗੁਰਦਵਾਰੇ ਸਾਹਿਬ ਦੇ ਦੀਦਾਰ ਹੁੰਦੇ ਹਨ, ਅਤੇ

Digitized by Panjab Digital Library | www.panjabdigilib.org

ਬਰਾਮਦੇ ਦੇ ਉਦਾਲੇ ਲੋਹੇ ਦਾ ਬਹੁਤ ਸੁੰਦਰ ਜੰਗਲਾ ਬਣਾਇਆ ਤੇ ਨਿਸ਼ਾਨ ਸਾਹਿਬ ਦੂਰੋਂ ਝੂਲਦਾ ਨਜ਼ਰ ਆਉਂਦਾ ਹੈ। ਗੁਰਦਵਾਰੇ ਦੇ ਮੂਹਰੇ ਬਹੁਤ ਖੁਲ੍ਹੀ ਜਗ੍ਹਾ ਦੀਵਾਨ ਸਜਾਉਣ ਵਾਸਤੇ ਬੜਾ ਬਣਾ ਕੇ ਸਤਿ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਹਨ।

ਲੜਕੇ ਲੜਕੀਆਂ ਦੇ ਸਕੂਲ ਆਰੰਭ ਕਰਾ ਕੇ ਪਿੰਡ ਵਿਚ ਵਿਦਿਆ ਦਾ ਚਰਾਗ ਜਗਾਇਆ ਹੈ। ਇਹ ਜੱਥਾ ਪਿੰਡ ਵਿਚ ਧਾਰਮਿਕ ਰਸਮ ਰਵਾਜ ਕਰਕੇ ਜੋ ਮਾਇਆ ਹੁੰਦੀ, ਉਹੋ ਸਾਂਝੇ ਕੰਮਾਂ ਤੇ ਖਰਚ ਕਰਦੇ ਜੇ ਏਸੇ ਤ੍ਰੀਕੇ ਨਾਲ ਪਿੰਡ ਵਾਲੀਆਂ ਸੰਗਤਾਂ ਉੱਦਮ ਕਰਨ ਤਾਂ ਬਹੁਤ ਸੁਧਾਰ ਹੋ ਸਕਦਾ ਹੈ, ਅਤੇ ਪਿੰਡ ਦੇ ਉਦਾਲੇ ਫਿਰਨੀ ਤੇ ਰਸਤੇ ਸੋਹਣੇ ਬਣਾ ਕੇ ਇਕ ਨਮੂਨਾ ਕਾਇਮ ਕੀਤਾ ਹੈ।

ਹੁਣ ਉਨ੍ਹਾਂ ਵੱਡ ਭਾਗੇ ਸਿੰਘਾਂ ਦੇ ਨਾਮ ਹੇਠਾਂ ਪੜ੍ਹੋ। ਜਿਨ੍ਹਾਂ ਅਕਾਲੀ ਲਹਿਰ ਵੇਲੇ ਪੂਰਾ ਹਿੱਸਾ ਪਾਇਆ।

## ਭਾ: ਕੇਹਰ ਸਿੰਘ ਜੀ

ਆਪ ਜੀ ਦਾ ਜਨਮ ਪਿੰਡ ਸੋਹੀਆਂ ਵਿਚ ਸ: ਹਰਨਾਮ ਸਿੰਘ ਜੀ ਦੇ ਘਰ ਮਾਤਾ ਅਤਰ ਕੌਰ ਦੀ ਕੁਖ ਤੋਂ ਹੋਇਆ। ਆਪ ਚੰਗੀ ਵਿਦਿਆ ਪ੍ਰਾਪਤ ਕਰਕੇ ਓਵਰਸੀਅਰ ਲਗ ਗਏ ਪ੍ਰਤੂ ਜਦੋਂ ਸ੍ਰੀ ਨਨਕਾਣਾ ਸਾਹਿਬ ਦਾ ਸਾਕਾ ਹੋਇਆ ਤਾਂ ਆਪ ਜੀ ਨੌਕਰੀ ਛੱਡਕੇ ਅਕਾਲੀ ਲਹਿਰ ਵਿਚ ਸ਼ਾਮਲ ਹੋ ਗਏ ਅਤੇ ਆਪ ਗੁਰੂ ਕੇ ਬਾਗ ਦੇ ਮੋਰਚੇ ਵਿਚ ਦੋ ਸਾਲ ਦੀ ਸਜ਼ਾ ਹੋਕੇ ਮੁਲਤਾਨ ਜੇਲ੍ਹ ਵਿਚ ਤਸੀਹੇ ਝਲਦੇ ਰਹੇ। ਆਪ ਬੜੇ ਅਣਖੀਲੇ ਤੇ ਗੁਰੂ ਘਰ ਦੇ ਪ੍ਰੇਮੀ ਹਨ।

ਆਪ ਦੇ ਹਰੇਕ ਪੰਥਕ ਕੰਮਾਂ ਦੇ ਸਾਥੀ ਹੇਠ ਲਿਖੇ ਪਰ ਉਪਕਾਰੀ ਸਜਨ ਹਨ।

ਸ: ਸੋਭਾ ਸਿੰਘ ਪਿਤਾ ਗੁਰਮੁਖ ਸਿੰਘ ਮਾਤਾ ਇੰਦ ਕੌਰ।
ਸ: ਨਰੈਣ ਸਿੰਘ ਪਿਤਾ ਜੈਮਲ ਸਿੰਘ ਮਾਤਾ ਅਤਰ ਕੌਰ।
ਸ: ਬਾਬੂ ਸਿੰਘ ਪਿਤਾ ਹਰਨਾਮ ਸਿੰਘ ਮਾਤਾ ਸੁਲਖਣੀ।
ਸ: ਬਿਸ਼ਨ ਸਿੰਘ ਪਿਤਾ ਅਤਰ ਸਿੰਘ ਮਾਤਾ ਹਰਕੌਰ।
ਚੈਂਚਲ ਸਿੰਘ ਪਿਤਾ ਲਾਭ ਸਿੰਘ ਮਾਤਾ ਪ੍ਰੇਮ ਕੌਰ।
ਜਵਾਲਾ ਸਿੰਘ ਉਰਫ ਕਰਮ ਸਿੰਘ ਪਿਤਾ ਫਤਹ ਸਿੰਘ ਮਾਤਾ ਮਹਾਂ ਕੌਰ।
ਸ: ਹਰਭਜਨ ਸਿੰਘ ਪਿਤਾ ਨਰੈਣ ਸਿੰਘ ਮਾਤਾ ਹਰ ਕੌਰ।
ਸ: ਕਿਰਪਾਲ ਸਿੰਘ ਪਿਤਾ ਨਰੈਣ ਸਿੰਘ ਮਾਤਾ ਹਰ ਕੌਰ।

ਉਪਰ ਲਿਖੇ ਸਿੰਘ ਬੜੇ ਅਣਖੀਲੇ ਤੇ ਗੁਰੂ ਘਰ ਦੇ ਸ਼ਰਧਾਲੂ ਅਤੇ ਸਾਂਝੇ ਪੰਥਕ ਕੰਮਾਂ ਵਿਚ ਵੱਧ ਚੜ੍ਹਕੇ ਹਿੱਸਾ ਲੈਂਦੇ ਰਹੇ ਹਨ। ਅਤੇ ਗੁਰੂ ਕਾ ਬਾਗ, ਮੁਕਤਸਰ, ਭਾਈ ਫੇਰੂ ਤੇ ਜੈਤੋ ਗੰਗਸਰ ਆਦਿ ਵਿਚ ਪੂਰਨ ਹਿੱਸੇ ਲਏ। ਇਸ ਵਾਸਤੇ ਆਪ ਸਾਰੇ ਇਲਾਕੇ ਵਿਚ ਸਤਕਾਰੇ ਜਾਂਦੇ ਹਨ। ਆਪ ਸਜਣਾਂ ਦੇ ਹਿੱਤ ਵਿਚ ਸਦਾ ਗੁਰੂ ਪੰਥ ਦੀਆਂ ਚੜ੍ਹਦੀਆਂ ਕਲਾਂ ਦੇਖਣ ਦੀ ਇਛਾਵਾਂ ਰਹਿੰਦੀਆਂ ਹਨ।

## ਭਾਈ ਕੇਹਰ ਸਿੰਘ ਫਤੇਗੜ੍ਹ ਸਿਵੀਆਂ ਤਹਸੀਲ ਜਗਰਾਉਂ

ਭਾਈ ਕੇਹਰ ਸਿੰਘ ਪਿਤਾ ਮੁਰਲੀ ਸਿੰਘ ਦੇ ਘਰ ਮਾਤਾ ਇੰਦ ਕੌਰ ਦੀ ਗੋਦ ਵਿਖੇ ਜਨਮ ਲਿਆ। ਆਪ ਜੀ ਦਾ ਜਨਮ ਨਾਈ ਸ਼ਰੇਣੀ ਵਿਚ ਸੀ ਆਪ ਜੀ ਅੰਮ੍ਰਿਤ ਪਾਨ ਕਰਕੇ ਗੁਰੂ ਪੰਥ ਵਿਖੇ ਪ੍ਰਵੇਸ਼ ਹੋਕੇ ਆਪ ਜੀ ਨੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ ਤੇ ਸਜ਼ਾ ਕੱਟੀ। ਹੁਣ ਪਿੰਡ ਵਿਖੇ ਗੁਰ ਅਸਥਾਨ ਦੀ ਸੇਵਾ ਕਰਨ ਲਈ ਡਟਕੇ ਕਮਰ ਕਸਾ ਕੀਤਾ ਤੇ ਪੰਥ ਦੇ ਹੁਕਮ ਤੇ ਤਤਪਰ ਰਹਿੰਦੇ ਹਨ।

Digitized by Panjab Digital Library | www.panjabdigilib.org

# ਜੱਥੇਦਾਰ ਹਰਦਿੱਤ ਸਿੰਘ ਮਾਣੂਕੇ

ਆਪ ਸੰਧੂਆਂ ਦੇ ਮਾਣੂਕੇ ( ਜ਼ਿਲਾ ਲੁਧਿਆਣਾ ) ਦੇ ਰਹਿਣ ਵਾਲੇ ਸਨ। ਆਪ ਕੱਦ ਦੇ ਸਰੂ ਵਰਗੇ ਮੱਲ ਵੀ ਬਹੁਤ ਸਡੋਲ ਅਤੇ ਮਜ਼ਬੂਤ ਸਰੀਰ ਵਾਲੇ ਸਨ। ਆਪ ਅਕਾਲੀ ਲਹਿਰ ਦੇ ਮੁੱਢ ਤੋਂ ਹੀ ਜ਼ਬਰਦਸਤ ਸੇਵਕ ਅਤੇ ਚੰਗੀ ਸੋਝੀ ਵਾਲੇ ਸਜਣ ਸਨ, ਕਈ ਸਾਲ ਸ਼੍ਰੋ: ਕਮੇਟੀ ਦੇ ਮੈਂਬਰ ਰਹੇ ਅਤੇ ਕਈਆਂ ਮੋਰਚਿਆਂ ਵਿਚ ਗਏ। ਆਪ ਜ਼ਿਲਾ ਅਕਾਲੀ ਜੱਥੇ ਦੇ ਜੱਥੇਦਾਰ ਭੀ ਰਹਿ ਚੁਕੇ ਸਨ।

# ਜੱਥੇਦਾਰ ਮੇਹਰ ਸਿੰਘ ਮੱਲ੍ਹਾ

ਮੇਹਰ ਸਿੰਘ ਪਿਤਾ ਸ: ਬਦਨ ਸਿੰਘ ਪਿੰਡ ਮੱਲ੍ਹਾ ਤਹਿਸੀਲ ਜਗਰਾਓਂ ਜ਼ਿ: ਲੁਧਿਆਣਾ। ਅਕਾਲੀ ਲਹਿਰ ਵਿਚ ਆਪ ਨੇ ਤਹਿਸੀਲ ਜਗਰਾਓਂ ਵਲੋਂ ਬਹੁਤ ਸੇਵਾ ਕੀਤੀ। ਏਸ ਲਹਿਰ ਤੋਂ ਪਹਿਲਾਂ ਆਪ ਦੇ ਖਿਆਲ ਬਹੁਤ ਰਸੀਲੇ ਸਨ, ਪਰ ਅੰਮ੍ਰਿਤ ਛੱਕ ਕੇ ਆਪ ਬੜੇ ਦ੍ਰਿੜ੍ਹਤਾ ਵਾਲੇ ਸਿੱਖ ਬਣ ਗਏ ਸਨ। ਆਪ ਜੈਤੋ ਦੇ ਪੰਜਵੇਂ ਸ਼ਹੀਦੀ ਜੱਥੇ ਦੇ ਜੱਥੇਦਾਰ ਬਣ ਕੇ ਨਾਭੇ ਜੇਲ੍ਹ ਵਿਚ ਕਾਰ ਖਾਸ ਦੇ ਬੇਅੰਤ ਤਸੀਹੇ ਝੱਲੇ ਤੇ ਮੋਰਚਾ ਫਤਹਿ ਹੋਣ ਪਰ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਸਿਰੋਪਾ ਲੈ ਕੇ ਆਏ।

# ਭਾ: ਰਲਾ ਸਿੰਘ ਜੀ ਅਤੇ ਉਸ ਦੇ ਸਾਥੀ

ਆਪ ਅਕਾਲੀ ਲਹਿਰ ਦੇ ਮੁੱਢ ਤੋਂ ਹੀ ਠੇਕੇਦਾਰੀ ਦਾ ਕੰਮ ਛੱਡ ਕੇ ਗੁਰਦਵਾਰਾ ਸੁਧਾਰ ਦੀ ਸੇਵਾ ਵਿਚ ਜੁੱਟ ਗਏ। ਗੁਰੂ ਕਾ ਬਾਗ, ਨਨਕਾਣਾ ਸਾਹਿਬ ਦੇ ਮੋਰਚਿਆਂ ਵਿਚ ਠਿੱਗਰ ਪੰਥਕ ਸੇਵਾ ਕਰਦੇ ਰਹੇ ਅਤੇ ਗੁਰਦਵਾਰਾ ਕਮੇਟੀਆਂ ਦੇ ਬਣਨ ਬਣਾਉਣ ਵਿਚ ਆਪ ਦਾ ਖਾਸ ਹਿੱਸਾ ਹੈ। ਆਪਦੇ ਹੋਰ ਸਾਥੀ ਭਾ: ਸੋਹਣ ਸਿੰਘ ਜਾਂਗ ਪੁਰ, ਮਹੰਤ ਕਾਹਨ ਸਿੰਘ ਹਸਨ ਪੁਰ ਅਤੇ ਜੱਥੇਦਾਰ ਪ੍ਰਤਾਤ ਸਿੰਘ ਦਫੇਦਾਰ, ( ਧਾਂਦਰਾ ) ਆਦਿ ਸਨ। ਭਾ: ਸੋਹਣ ਸਿੰਘ ਤਾਂ ਕੀਰਤਨ ਦੇ ਬੜੇ ਰਸੀਏ, ਅਖੰਡ ਪਾਠੀ ਅਤੇ ਅਨੰਨ ਸਿਖ ਸਨ। ਆਪ ਕਈ ਵਾਰ ਜੱਥ ਤੋਰਨ ਦੇ ਸਮੇਂ ਜ਼ਿਲੇ ਵਲੋਂ ਅਤੇ ਕਈ ਵਾਰ ਤਹਿਸੀਲ ਜਗਰਾਂਓਂ ਵਲੋਂ ਅੰਮ੍ਰਿਤਸਰ ਵਿਖੇ ਜੱਥੇਦਾਰ ਰਹੇ। ਭਾ: ਕਾਹਨ ਸਿੰਘ ਤੇ ਦਫੇਦਾਰ ਪ੍ਰਤਾਪ-ਸਿੰਘ ਦਾ ਏਸ ਸੇਵਾ ਵਿਚ ਬਹੁਤ ਹਿੱਸਾ ਹੈ।

# ਭਾਈ ਪ੍ਰੀਤਮ ਸਿੰਘ ਜੀ ਅਕਾਲੀ ਬੋਪਾਰਾਇ

ਆਪ ਜੀ ਦਾ ਜਨਮ ਸ: ਵਧਾਵਾ ਸਿੰਘ ਜੀ ਦੇ ਘਰ ਮਾਤਾ ਹਰਨਾਮ ਕੌਰ ਦੀ ਕੁਖ ਤੋਂ ਰਾਮਗੜ੍ਹੀਆ ਖਾਨਦਾਨ ਵਿਚ ਹੋਇਆ। ਆਪ ਜੀ ਦੇ ਮਾਤਾ ਪਿਤਾ ਛੋਟੀ ਉਮਰ ਵਿਚ ਹੀ ਗੁਜ਼ਰ ਗਏ ਸਨ। ਆਪ ੧੪ ਸਾਲ ਦੀ ਉਮਰ ਵਿਚ ਭੁਝੰਗੀਆਂ ਦੇ ਜਥੇ ਨਾਲ ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ। ਪੰਜਵੀਂ ਵੇਰ ਗ੍ਰਿਫਤਾਰ ਕਰ ਲਏ ਗਏ ਤੇ ਤਿੰਨ ਦਿਨ ਭੁਖੇ ਰਖੇ ਗਏ। ਆਪ ਅਟਕ ਨੂੰ ਜਾਣ ਵਾਲੀ ਉਸ ਪੈਨਸ਼ਨਰੀਆਂ ਪੰਥ ਸੇਵਕਾਂ ਦੀ ਗਡੀ ਵਿਚ ਸਨ ਜਿਸ ਨੂੰ ਪ੍ਰਸ਼ਾਦਾ ਛਕਾਉਣ ਲਈ ਪੰਜਾ ਸਾਹਿਬ ਦੇ ਸਟੇਸ਼ਨ ਪਰ ਸਿੰਘ ਸ਼ਹੀਦ ਹੋਏ। ਜੈਤੋ ਦੇ ਮੋਰਚੇ ਵਿਚ ਆਪ ਪੰਜਵੇਂ ਸ਼ਹੀਦੀ ਜਥੇ ਵਿਚ ਸ਼ਾਮਲ ਹੋ ਕੇ ਗਏ। ਉਪਰੰਤ ਆਪ ਬਦੇਸ਼ੀ ਕਪੜੇ ਪਰ ਪਿਕਟਿੰਗ ਕਰਕੇ ਕੈਦ ਹੋਏ। ਇਸ ਤੋਂ ਬਾਦ ਭੀ ਆਪ ਦੇਸ਼ ਦੀ ਆਜ਼ਾਦੀ ਲਈ ਜੱਦੋ-ਜਹਿਦ ਕਰਦੇ ਰਹੇ।

Digitized by Panjab Digital Library | www.panjabdigilib.org

## ਭਾਃ ਵਰਿਆਮ ਸਿੰਘ ਜੀ ਸ਼ਹੀਦ

ਆਪ ਜੀ ਦਾ ਜਨਮ ਪਿੰਡ ਬੋਪਾ ਰਾਇ ਵਿਚ ਸ: ਨਰੈਣ ਸਿੰਘ ਜੀ ਦੇ ਘਰ ਹੋਇਆ। ਆਪ ਜੀ ਅਜੇ ਜਵਾਨ ਅਵਸਥਾ ਵਿਚ ਹੀ ਸਨ ਕਿ ਜੈਤੋ ਦੇ ਮੋਰਚੇ ਵਿਚ ਚਲੋ ਗਏ। ਨਾਭਾ ਬੀੜ ਵਿਚੋਂ ਛੋਟੀ ਉਮਰ ਕਰਕੇ ਆਪ ਜੀ ਨੂੰ ਕਾਰਖਾਸ ਵਿਚ ਲੈ ਜਾ ਕੇ ਬਹੁਤ ਹੀ ਕੁਟਿਆ ਗਿਆ। ਦੋ ਤਿੰਨ ਵੇਰ ਜ਼ਾਲਮ ਪੁਲਸੀਆਂ ਨੇ ਆਪ ਨੂੰ ਬੇਹੋਸ਼ ਕਰ ਦਿਤਾ ਤੇ ਆਪ ਸ਼ਹੀਦ ਹੋ ਗਏ।

## ਸੰਤ ਅਜਾਇਬ ਸਿੰਘ ਜੀ ਬੋਪਾਰਾਇ

ਜਨਮ—ਆਪ ਜੀ ਦਾ ਜਨਮ ਸ: ਨਰੈਣ ਸਿੰਘ ਦੇ ਘਰ ਮਾਤਾ ਪ੍ਰਤਾਪ ਕੌਰ ਦੀ ਕੁਖੋਂ ਪਿੰਡ ਬੋਪਾਰਾਇ ਜ਼ਿਲਾ ਲੁਧਿਆਣਾ ਵਿਚ ਹੋਇਆ।

ਬਾਲਪਣ—ਆਪ ਦਾ ਬਾਲਪਣ ਪਿੰਡ ਵਿਚ ਗੁਜ਼ਰਿਆ ਆਪ ਨੂੰ ਛੋਟੇ ਹੁੰਦਿਆਂ ਹੀ ਸੰਗਤ ਕਰਨ ਦੀ ਲਗਨ ਸੀ।

ਵਿਦਿਆ—ਆਪ ਨੇ ਸਧਾਰ ਸਕੂਲ ਵਿਚ ਅੱਠਵੀਂ ਜ਼ਮਾਤ ਵਿਚ ਪੜ੍ਹਦੇ ਸਨ। ਕਿ ਆਪ ਦਾ ਮਨ ਪੜ੍ਹਾਈ ਵਲੋਂ ਉਪਰਾਮ ਹੋਗਿਆ ਤੇ ਆਪ ਦਾ ਝੁਕਾ ਨਾਮ ਸਿਮਰਨ ਵਲ ਹੋ ਗਿਆ ਤੇ ਪੜ੍ਹਾਈ ਸਦਾ ਲਈ ਛੱਡ ਦਿਤੀ।

ਉਪਕਾਰ—ਉਨ੍ਹਾਂ ਦਿਨਾਂ ਵਿਚ ਅਕਾਲੀ ਲਹਿਰ ਜ਼ੋਰਾਂ ਤੇ ਸੀ ਆਪ ਵੀ ਅਕਾਲੀ ਲਹਿਰ ਵਿਚ ਜਾ ਸ਼ਾਮਲ ਹੋਏ ਤੇ ਜੈਤੋ ਦੇ ਗਿਆਰਵੇਂ ਸ਼ਹੀਦੀ ਜੱਥੇ ਵਿਚ ਭਰਤੀ ਹੋ ਗਏ। ਜਿਹਲ ਦੇ ਅਕਹਿ ਤੇ ਅਸਹਿ ਕਸ਼ਟ ਝੱਲੇ। ਮੋਰਚਾ ਫਤਹਿ ਹੋਣ ਪਰ ਰਿਹਾ ਹੋਇ। ਗੁਰਮਤਿ ਪ੍ਰਚਾਰ ਸੇਵਾ ਆਪ ਜੀ ਅਕਾਲੀ ਲਹਿਰ ਤੋਂ ਪਿੱਛੋਂ ਸ੍ਰੀਮਾਨ ਗਿਆਨੀ ਸੁੰਦਰ ਸਿੰਘ ਜੀ ਭਿੰਡਰ ਦੀ ਸੰਗਤ ਵਿਚ ਰਹਿਕੇ ਗੁਰਮਤਿ ਪ੍ਰਚਾਰ ਦੀ ਸੇਵਾ ਕਰਨ ਲਗੇ, ਹੁਣ ਆਪ ਜੀ ਗੁ: ਸਾ: ਲੰਮੇ ਜਟ ਪੁਰੇ ਰਹਿੰਦੇ ਹਨ।

## ਜਗਤ ਸਿੰਘ ਬੋਪਾਰਾਏ

ਜਗਤ ਸਿੰਘ ਪਿਤਾ ਚੰਦਾ ਸਿੰਘ ਮਾਤਾ ਚੰਦੀ ਪਿੰਡ ਬੋਪਾਰਾਏ ਖ਼ੁਰਦ ਜੈਤੋ ਬਾਬਲ ਕਾਂਟੀ ਛੱਡੇ ਗਏ।

## ਭਾਃ ਪ੍ਰਤਾਪ ਸਿਘ ਜੀ ਮਲਕ

ਆਪ ਜੀ ਦਾ ਜਨਮ ਪਿੰਡ ਮਲਕ ਜ਼ਿਲਾ ਲੁਧਿਆਣਾ ਵਿਚ ਸ: ਗੁਲਾਬ ਸਿੰਘ ਜੀ ਦੇ ਘਰ ਮਾਤਾ ਜੀਵਨ ਕੌਰ ਦੀ ਕੁਖੋਂ ਹੋਇਆ। ਆਪ ਬਹੁਤ ਸੋਹਣੇ ਜਵਾਨ ਸਨ, ਕਦ ੬ ਫੁਟ ਤੇ ਰੰਗ ਗੋਰਾ ਨਿਛੋਹ ਸੀ। ਅਕਾਲੀ ਲਹਿਰ ਵਿਚ ਆਪ ਨੇ ਸ਼ਾਨਦਾਰ ਹਿਸਾ ਪਾਇਆ। ਜਦ ਲਹਿਰ ਜ਼ੋਰ ਪਰ ਸੀ ਤਾਂ ਆਪ ਤਹਿਸੀਲ ਜਗਰਾਉਂ ਦੇ ਅਕਾਲੀ ਜਥੇ ਦੇ ਜਥੇਦਾਰ ਸਨ। ਗੁ: ਮੁਕਤਸਰ ਪਰ ਕਬਜ਼ਾ ਕਰਨ ਸਮੇਂ ਆਪ ਜਥਾ ਲੈ ਕੇ ਗਏ। ਜੈਤੋ ਦੇ ਮੋਰਚੇ ਵਿਚ ਆਪ ਜੀ ਨੂੰ ੧ ਸਾਲ ਸਜ਼ਾ ਹੋਈ ਤੇ ਅਨੰਦ ਕਾਰਜ ਭੀ ਜੇਲ੍ਹ ਵਿਚ ਹੀ ਹੋਇਆ। ਆਪ ਬੜੇ ਦੂਰ ਦਰਸ਼ੀ, ਸੂਝਵਾਨ ਤੇ ਨਾਮ ਦੇ ਰਸੀਏ ਸਨ।

## ਭਾਃ ਮਿਲਖਾ ਸਿੰਘ ਜੀ ਸ਼ਹੀਦ

ਆਪ ਦਾ ਜਨਮ ਨਗਰ ਬੰਗਸੀ ਪੁਰਾ ਵਿਚ ਸ: ਭਾਨ ਸਿੰਘ ਦੇ ਘਰ ਮਾਤਾ ਕਿਸ਼ਨ ਕੌਰ ਦੀ

Digitized by Panjab Digital Library | www.panjabdigilib.org

ਕੁਖ ਤੋਂ ਹੋਇਆ। ਆਪ ਸਫਰਮੈਨਾਂ ਵਿਚ ਨੌਕਰ ਸਨ। ਪਰੰਤੂ ਸੰਤ ਮੱਘਰ ਸਿੰਘ ਜੀ ਰਾਮ ਗੜ੍ਹ ਵਾਲਿਆਂ ਦੀ ਸੰਗਤ ਕਰ ਕੇ ਆਪ ਦਾ ਚਿਤ ਨੌਕਰੀ ਤੋਂ ਉਪਰਾਮ ਹੋ ਗਿਆ। ਅਕਾਲੀ ਲਹਿਰ ਵਿਚ ਆਪ ਨੇ ਕਾਫੀ ਹਿੱਸਾ ਲਿਆ। ਤੇਰ੍ਹਵੇਂ ਸ਼ਹੀਦੀ ਜਥੇ ਨਾਲ ਜੈਤੋ ਗਏ ਤੇ ਭੁਖ ਹੜਤਾਲ ਕਰਕੇ ੨੨ ਸਾਲ ਦੀ ਉਮਰ ਵਿਚ ਸ਼ਹੀਦ ਹੋ ਗਏ।

## ਭਾ: ਵੀਰ ਸਿੰਘ ਜੀ ਲੀਲ੍ਹਾਂ ਮੇਘੇ ਦੀਆਂ

ਆਪ ਜੀ ਦਾ ਜਨਮ ਪਿੰਡ ਲੀਲ੍ਹਾਂ ਮੇਘੇ ਦੀਆਂ ਵਿਚ ਸ: ਬੁਧ ਸਿੰਘ ਜੀ ਦੇ ਘਰ ਮਾਤਾ ਕਾਹਨ ਕੌਰ ਦੀ ਕੁਖ ਤੋਂ ਹੋਇਆ। ਆਪ ਭਾਈ ਫੇਰੂ ਦੇ ਮੋਰਚੇ ਵਿਚ ਜਥਾ ਲੈ ਕੇ ਗਏ। ਆਪ ਜੀ ਨੂੰ ਦੋ ਸਾਲ ਕੈਦ ਤੇ ਇਕ ਹਜ਼ਾਰ ਰੁਪਿਆ ਜੁਰਮਾਨਾ ਕੀਤਾ ਗਿਆ। ਜੁਰਮਾਨੇ ਦੀ ਵਸੂਲੀ ਵਾਸਤੇ ਆਪ ਜੀ ਦੀ ਜਾਇਦਾਦ ਕੁਰਕ ਕਰ ਲਈ ਗਈ। ੧੯੩੦ ਵਿਚ ਆਪ ਕਾਂਗਰਸ ਵਿਚ ਭੀ ੧ ਸਾਲ ਜੇਲ੍ਹ ਵਿਚ ਗਏ ਅਤੇ ਪੰਥ ਤੇ ਦੇਸ਼ ਲਈ ਕੁਰਬਾਨੀ ਕਰਨ ਲਈ ਹਰ ਸਮੇਂ ਤਿਆਰ ਰਹਿੰਦੇ ਸਨ।

## ਜਰਨੈਲ ਸ਼ਾਮ ਸਿੰਘ ਜੀ ਰੂਮੀ

ਆਪ ਅਕਾਲੀ ਲਹਿਰ ਦੇ ਪ੍ਰਸਿਧ ਸੇਵਕਾਂ ਵਿਚੋਂ ਹਨ। ਪਹਿਲੇ ਆਪ ਫੌਜ ਵਿਚ ਨੌਕਰ ਸਨ ਪ੍ਰੰਤੂ ਅਕਾਲੀ ਲਹਿਰ ਆਰੰਭ ਹੋਣ ਸਮੇਂ ਆਪ ਇਸ ਵਿਚ ਸ਼ਾਮਲ ਹੋ ਗਏ। ੧੯੨੧-੨੨ ਵਿਚ ਜ਼ਿਲਾ ਲੁਧਿਹਾਣਾ ਵਿਚ ਜੋ ਅਕਾਲੀ ਜਥੇਬੰਦੀਆਂ ਬਣੀਆਂ ਆਪ ਉਨ੍ਹਾਂ ਦੇ ਮੁਖੀਆਂ ਵਿਚੋਂ ਸਨ। ਗੁਰਦੁਆਰਾ ਹੇਹਰਾਂ ਪਰ ਕਬਜ਼ਾ ਕਰਨ ਵਾਲੇ ਸਿੰਘਾਂ ਦੇ ਆਪ ਜਥੇਦਾਰ ਸਨ। ਆਪ ਜੀ ਦੀ ਸਿਆਣਪ ਨਾਲ ਉਦਾਸੀਆਂ ਦਾ ਇਹ ਬਹੁਤ ਵਡਾ ਗੁਰਦੁਆਰਾ ਆਸਾਨੀ ਨਾਲ ਹੀ ਪੰਥਕ ਪ੍ਰਬੰਧ ਵਿਚ ਆ ਗਿਆ। ਸ਼੍ਰੋ: ਕਮੇਟੀ ਵਲੋਂ ਸ: ਮਹਿਤਾਬ ਸਿੰਘ ਜੀ ਤੇ ਗਿਆਨੀ ਸ਼ੇਰ ਸਿੰਘ ਜੀ ਪੁਜੇ ਤੇ ਡਿਪਟੀ ਕਮਿਸ਼ਨਰ ਲੁਧਿਹਾਣਾ ਦੀ ਮੌਜੂਦਗੀ ਵਿਚ ਮਹੰਤ ਨਾਲ ਸਮਝੌਤਾ ਹੋ ਕੇ ਗੁ: ਪੰਥਕ ਪ੍ਰਬੰਧ ਹੇਠ ਆ ਗਿਆ। ਜਰਨੈਲ ਸ਼ਾਮ ਸਿੰਘ ਜੀ ਨੇ ਬਰਮਾ, ਸਿੰਘਾ ਪੁਰ ਆਦਿਕ ਵਿਚ ਭੀ ਗੁਰਦੁਆਰੇ ਬਣਵਾਏ। ਪਿੰਡ ਰੂਮੀ ਦਾ ਗੁਰਦੁਆਰਾ ਭੀ ਆਪ ਜੀ ਦੇ ਉਦਮ ਨਾਲ ਹੀ ਬਣਿਆ ਤੇ ਆਪ ਨੇ ਕੰਨਿਆ ਪਾਠਸ਼ਾਲਾ ਦੀ ਭੀ ਨੀਂਹ ਰਖੀ ਜੋ ਬੜੀ ਸਫਲਤਾ ਨਾਲ ਚਲ ਰਹੀ ਹੈ।

## ਭਾ: ਕੇਹਰ ਸਿੰਘ ਜੀ ਜਨੇਤਪੁਰਾ

ਆਪਨੇ ਅਕਾਲੀ ਲਹਿਰ ਸਮੇਂ ਪੰਥ ਦੀ ਬੜੀ ਸੇਵਾ ਕੀਤੀ। ਜੈਤੋ ਨੂੰ ਜਾਣ ਵਾਲੇ ਸ਼ਹੀਦੀ ਜੱਥਿਆਂ ਦੀ ਸੇਵਾ ਕਰਨ ਦੇ ਦੋਸ਼ ਵਿਚ ਆਪ ਜੀ ਦੇ ਵਾਰੰਟ ਗਿਫਤਾਰੀ ਜਾਰੀ ਹੋ ਗਏ। ਜਨੇਤ ਪੁਰੇ ਦਾ ਗੁਰਦਵਾਰਾ ਪੰਥਕ ਪ੍ਰਬੰਧ ਵਿਚ ਲਿਆਉਣ ਲਈ ਭੀ ਆਪ ਜੀ ਨੇ ਬਹੁਤ ਯਤਨ ਕੀਤਾ। ਆਪ ਬਾਣੀ ਦੇ ਨਿੱਤ ਨੇਮੀ ਪ੍ਰੇਮੀ ਤੇ ਗੁਰੂ ਘਰ ਦੇ ਮਿੱਠੇ ਕੀਰਤਨੀਏ ਸਨ। ਸੰਤ ਭਿੰਡਰਾਂ ਵਾਲਿਆਂ ਪਾਸੋਂ ਵਿਦਿਆ ਪੜ੍ਹੀ ਤੇ ਅੰਤਮ ਸਮੇਂ ਤੱਕ ਸਿੱਖੀ ਸਿਦਕ ਵਿਚ ਪ੍ਰਪੱਕ ਰਹੇ।

## ਸ: ਲਾਲ ਸਿੰਘ ਜੀ ਜੌਹਲ ਜਨੇਤ ਪੁਰਾ

ਆਪ ਜੀ ਦੇ ਪਿਤਾ ਦਾ ਨਾਮ ਸ: ਬਿਸ਼ਨ ਸਿੰਘ ਤੇ ਮਾਤਾ ਦਾ ਨਾਮ ਕਿਸ਼ਨ ਕੌਰ ਹੈ। ਆਪ ਨੇ ਮਿਡਲ ਤੱਕ ਉਰਦੂ ਵਿਦਿਆ ਪੜ੍ਹੀ। ਜੈਤੋ ਦੇ ਮੋਰਚੇ ਸਮੇਂ ਆਪ ੧੭ ਵੇਂ ਸ਼ਹੀਦੀ ਜੱਥੇ ਵਿਚ ਗਏ।

Digitized by Panjab Digital Library | www.panjabdigilib.org

ਫਿਰ ਆਪ ਮਲਾਇਆ ਅਤੇ ਬਰਮਾਂ ਆਦਿ ਦੇਸ਼ਾਂ ਵਿਚ ਗਏ। ਆਪ ਦੀ ਸੁਪਤਨੀ ਬ੍ਰਹਿਮੀ ਇਸਤ੍ਰੀ ਹੈ। ਅੱਜ ਕਲ ਆਪ ਡੇਹਰਾਦੂਨ ਵਿਚ ਮੋਟਰਾਂ ਦਾ ਕੰਮ ਕਰਦੇ ਹਨ ਤੇ ਪੰਥ ਸੇਵਾ ਵਿਚ ਹਰ ਸਮੇਂ ਹਿੱਸਾ ਲੈਂਦੇ ਰਹਿੰਦੇ ਹਨ।

## ਭਾ: ਬੇਲਾ ਸਿਘ ਜੀ ਜੌਹਲ ਜਨੇਤ ਪੁਰਾ

ਭਾਈ ਸਾਹਿਬ ਬੜੇ ਨਾਮ ਬਾਣੀ ਦੇ ਰਸੀਏ ਤੇ ਪੰਥ ਦੇ ਸੇਵਕ ਹੋਏ ਸਨ। ਬਚਪਨ ਤੋਂ ਹੀ ਆਪ ਜੀ ਧਾਰਮਿਕ ਵਿਚਾਰਾਂ ਦੇ ਸਨ ਤੇ ਦੇਗ ਬੜੇ ਪ੍ਰੇਮ ਨਾਲ ਸਜਾਇਆ ਕਰਦੇ ਸਨ। ਹਰ ਦੀਵਾਲੀ ਨੂੰ ਸ੍ਰੀ ਅੰਮ੍ਰਿਤਸਰ ਜਾਣਾ, ਤੇ ਮਾਘੀ ਨੂੰ ਸ੍ਰੀ ਮੁਕਤਸਰ ਸਾਹਿਬ ਦੇ ਇਸ਼ਨਾਨ ਕਰਨ ਦਾ ਆਪ ਦੇ ਦਿੱਲ ਵਿਚ ਖਾਸ ਚਾਓ ਰਹਿੰਦਾ ਸੀ। ਪੰਥਕ ਕੰਮਾਂ ਵਿਚ ਭੀ ਆਪ ਵਧ ਚੜ੍ਹ ਕੇ ਹਿੱਸਾ ਲੈਂਦੇ ਰਹੇ।

## ਭਾ: ਚੇਤ ਸਿੰਘ ਜੀ ਜੌਹਲ ਜਨੇਤਪੁਰਾ

ਆਪ ਜੀ ਦਾ ਜਨਮ ਪਿੰਡ ਜਨੇਤਪੁਰਾ ਵਿਚ ਸ: ਅਤਰ ਸਿੰਘ ਜੀ ਦੇ ਘਰ ਮਾਤਾ ਦਾਨ ਕੌਰ ਦੀ ਕੁਖ ਤੋਂ ਹੋਇਆ। ਆਪ ਜੀ ਦਾ ਸਰੀਰ ਬਹੁਤ ਸਡੌਲ ਤੇ ਕੱਦ ਛੇ ਫੁਟ ਸੀ। ਗੁਰਮੁਖੀ ਹਿੰਦੀ ਤੇ ਉਰਦੂ ਪੜ੍ਹੇ ਹੋਏ ਸਨ। ਜਿਸ ਕਰਕੇ ਆਪ ਜੀ ਦੀ ਬੁਧੀ ਬਹੁਤ ਤੀਖਣ ਸੀ। ਆਪ ਕਈ ਦੇਸ਼ਾਂ ਦੀ ਸੈਰ ਕਰ ਆਏ ਸਨ ਜਿਸ ਕਰਕੇ ਆਪ ਜੀ ਦੇ ਤਜਰਬੇ ਤੇ ਸੂਝ ਬੂਝ ਵਿਚ ਬਹੁਤ ਵਾਧਾ ਹੋ ਗਿਆ। ਸ: ਚੇਤ ਸਿੰਘ ਜੀ ਦਾ ਦੇਸ਼ ਦੀ ਆਜ਼ਾਦੀ ਦੀ ਲਹਿਰ ਨਾਲ ਬਹੁਤ ਪਿਆਰ ਸੀ। ਅਕਾਲੀ ਲਹਿਰ ਸਮੇਂ ਆਪ ਪਹਿਲੇ ਸ਼ਹੀਦੀ ਜਥੇ ਨਾਲ ਜੈਤੋ ਗੰਗਸਰ ਵਿਚ ਜਾ ਕੇ ਗ੍ਰਿਫਤਾਰ ਹੋਏ ਤੇ ਬਾਵਲ ਕਾਂਟੀ ਤੇ ਨਾਭੇ ਦੀ ਬੀੜ ਵਿਚ ਤਸੀਹੇ ਝਲਦੇ ਰਹੇ। ਗੁ: ਮੁਕਤਸਰ ਸਾਹਿਬ ਦੇ ਮੋਰਚੇ ਵਿਚ ਭੀ ਆਪ ਗਏ ਸਨ।

## ਭਾਈ ਨਿਰੰਜਨ ਸਿੰਘ ਜੀ ਸਿਧਵਾਂ ਬੇਟ

ਆਪ ਜੀ ਦਾ ਜਨਮ ਨਗਰ ਸਿਧਵਾਂਬੇਟ ਵਿਚ ਸ: ਧਿਆਨ ਸਿੰਘ ਜੀ ਦੇ ਘਰ ਮਾਤਾ ਨੰਦ ਕੌਰ ਦੀ ਕੁਖ ਤੋਂ ਹੋਇਆ। ਰੋਜ਼ੀ ਕਮਾਉਣ ਲਈ ਆਪ ਬਰਮਾ ਗਏ ਤੇ ਉਥੇ ਜਾ ਕੇ ਮਿਲਟਰੀ ਪੁਲਸ ਵਿਚ ਭਰਤੀ ਹੋ ਗਏ। ਜਦ ਸ੍ਰੀ ਨਨਕਾਣਾ ਸਾਹਿਬ ਦਾ ਹਤਿਆ ਕਾਂਡ ਹੋਇਆ ਤਾਂ ਆਪ ਨੇ ਕਾਲੀ ਦਸਤਾਰ ਸਜਾਈ। ਅਫਸਰਾਂ ਦੇ ਰੋਕਣ ਪਰ ਆਪ ਨਾਮ ਕਟਾਕੇ ਵਾਪਸ ਆ ਗਏ। ਆਪ ਨੇ ਕਈ ਤਗਮੇ ਵਾਪਸ ਕਰ ਦਿਤੇ। ਗੁਰੂ ਕੇ ਬਾਗ ਦੇ ਮੋਰਚੇ ਵਿਚ ਆਪ ਜੀ ਨੇ ੬ ਮਹੀਨੇ ਕੈਦ ਕੱਟੀ। ਵਾਪਸ ਆਏ ਤਾਂ ਤਹਿਸੀਲ ਜਗਰਾਉਂ ਦੇ ਜਥੇਦਾਰ ਚੁਣੇ ਗਏ। ਗੁਰਦੁਆਰਾ ਬੌਲੀ ਸਾਹਿਬ ਦੀ ਕਮੇਟੀ ਦੇ ਮੀਤ ਪ੍ਰਧਾਨ ਰਹੇ। ੧੯੨੫ ਤੋਂ ੨੮ ਤੱਕ ਸ੍ਰੀ ਅਕਾਲ ਤਖਤ ਸਾਹਿਬ ਦੇ ਗ੍ਰੰਥੀ ਦੀ ਸੇਵਾ ਕੀਤੀ। ਆਪ ਵਿਚ ਪੁਰਾਤਨ ਸਿੰਘਾਂ ਵਾਲੇ ਖਿਆਲ ਪਾਏ ਜਾਂਦੇ ਹਨ।

## ਡਾ: ਕੇਹਰ ਸਿੰਘ ਮੁਕਤਸਰ

ਆਪ ਦਾ ਜਨਮ ਸਿਧਵਾਂ ਬੇਟ ਤਹਿਸੀਲ ਜਗਰਾਓਂ ਵਿਖੇ ਹੋਇਆ। ਆਪ ਜੀ ਮੁਢ ਤੋਂ ਹੀ ਸਿੰਘ ਸਭਾ ਲਹਿਰ ਦੇ ਖਿਆਲਾਂ ਦੇ ਹੋਣ ਤੇ ਜਦ ੧੯੨੧ ਵਾਲੀ ਅਕਾਲੀ ਲਹਿਰ ਚਲਣ ਸਾਰ ਹੀ ਡਾਕਟਰੀ ਸਰਵਸ ਛਡ ਕੇ ਲਹਿਰ ਵਿਚ ਆ ਕੁਦੇ ਅਤੇ ਮੋਰਚਾ ਗੁਰੂ ਕੇ ਬਾਗ ਦੇ ਫੱਟੜਾਂ ਦੀ ਸੇਵਾ ਹਸਪਤਾਲ ਗੁਰੂ ਰਾਮ ਦਾਸ ਵਿਖੇ ਆਪ ਹਮਦਰਦ ਦਿਲ ਨਾਲ ਕਰਦੇ ਰਹੇ। ਜਦ ਮੋਰਚਾ ਮੁਕਤਸਰ ਲਗਿਆ ਤਾਂ ਆਪ ਜੀ ਦੀ ਸੇਵਾ ਮੁਕਤਸਰ ਲਈ ਗਈ, ੧੯੨੪ ਨੂੰ ਗੁ: ਗੰਗਸਰ ਜੈਤੋ ਨੂੰ ਜੋ ਪਹਿਲਾ

Digitized by Panjab Digital Library | www.panjabdigilib.org

ਜਥਾ ਸ੍ਰੀ ਅੰਮ੍ਰਿਤਸਰ ਤੋਂ ਖੰਡਤ ਪਾਠ ਨੂੰ ਅਖੰਡ ਕਰਨ ਲਈ ਤੁਰਿਆ ਸੀ ਤਾਂ ਆਪ ਜੀ ਉਸ ਜਥੇ ਦੇ ਨਾਲ ਸਨ। ਜਦ ੨੧ ਫਰਵਰੀ ੧੯੨੪ ਨੂੰ ਜਥਾ ਟਿਬੀ ਸਾਹਿਬ ਪੁਜਣ ਤੇ ਗੋਲੀ ਚਲੀ ਤਾਂ ਉਸ ਸਮੇਂ ਆਪ ਜੀ ਨੇ ਫਟੜਾਂ ਤੇ ਸ਼ਹੀਦਾਂ ਦੀ ਸੇਵਾ ਬੜੀ ਦਲੇਰੀ ਨਾਲ ਰਜ ਰਜ ਕੇ ਕੀਤੀ। ਉਸ ਵਕਤ ਆਪ ਜੀ ਨਾਲ ਸ: ਨਰਿੰਦਰ ਸਿੰਘ ਜਨੇਤਪੁਰਾ, ਸ: ਸੁੰਦਰ ਸਿੰਘ ਗਿਦੜ ਵਿੰਡੀ, ਰੱਬ ਚੰਨਣ ਸਿੰਘ ਮਾਣੂਕੇ ਆਦਿ ਸਨ। ਆਪ ਸਜਣਾਂ ਨੂੰ ਗੋਲੀਆਂ ਦੀ ਬਰਖਾ ਵਿਚੋਂ ਸਤਿਗੁਰੂ ਜੀ ਨੇ ਹਥ ਦੇ ਕੇ ਰਖ ਲਿਆ ਅਤੇ ਕਾਫੀ ਦਿਨ ਕਿਲੇ ਵਿਚ ਰਹਿਣ ਤੇ ਰਿਹਾ ਕੀਤੇ ਗਏ। ਜਿਸ ਦਿਨ ਆਪ ਜੀ ਜੈਤੋ ਤੋਂ ਰਿਹਾ ਹੋਏ ਉਸ ਦਿਨ ਬਾਬਲ ਕਾਂਟੀ ਤੋਂ ਮੁੜਦੇ ਨੂੰ ਮੁਕਤਸਰ ਦੇ ਪੁਜਾਰੀਆਂ ਵਲੋਂ ਦਾਸ ਨੂੰ ਧੋਖੇ ਨਾਲ ਜ਼ਹਿਰ ਦਿੱਤੀ ਗਈ। ਏਧਰ ਡਾਕਟਰ ਸਾਹਿਬ ਭੀ ਰਿਹਾਈ ਪਾ ਕੇ ਪੁਜ ਗਏ, ਤੇ ਡਾ: ਦੀ ਹਿਫਾਜ਼ਤ ਦਾ ਸਦਕਾ ਦਾਸ ਦੇ ਸਰੀਰ ਨੂੰ ਜ਼ਹਿਰ ਨੇ ਕੋਈ ਅਸਰ ਨਹੀਂ ਕੀਤਾ।

ਨੋਟ:– ਅਕਾਲੀ ਨਿਹੰਗ ਸਿੰਘ ਸਿੱਧਵਾਂ ਬੇਟ ਦੇ ਭਰਾ ਹਨ।

## ਸ਼ੇਰ ਪੁਰਾ ਦੇ ਪੰਥਕ ਸੇਵਕ

## ਸ: ਰਤਨ ਸਿੰਘ ਅਕਾਲੀ ਸ਼ੇਰਪੁਰਾ

ਆਪ ਜੀ ਦਾ ਜਨਮ ਪਿੰਡ ਸ਼ੇਰਪੁਰਾ ਕਲਾਂ ਵਿਚ ਸ: ਵਰਿਆਮ ਸਿੰਘ ਜੀ ਦੇ ਘਰ ਹੋਇਆ। ਆਪ ਜੀ ਨੇ ਅਕਾਲੀ ਲਹਿਰ ਵਿਚ ਵਧ ਚੜ੍ਹਕੇ ਹਿੱਸਾ ਲਿਆ ਅਤੇ ਜ਼ਿਲਾ ਲੁਧਿਹਾਣੇ ਦੇ ਜਥੇਦਾਰ ਬਣ ਕੇ ਸੇਵਾ ਕਰਦੇ ਰਹੇ। ਆਪ ਅਕਾਲੀ ਲਹਿਰ ਵਿਚ ਕਈ ਵੇਰ ਜੇਲ੍ਹ ਗਏ ਤੇ ਬੜੀਆਂ ਕੁਰਬਾਨੀਆਂ ਕੀਤੀਆਂ। ਆਪ ਜ਼ਿਲਾ ਲੁਧਿਹਾਣਾ ਦੇ ਉਘੇ ਅਕਾਲੀ ਵਰਕਰਾਂ ਵਿਚੋਂ ਰਹੇ ਹਨ। ਬਾਬੂ ਅਮਰ ਸਿੰਘ ਦੇਸ਼ ਭਗਤ ਮਾਂਡਲੇ ਵਾਲੇ ਆਪ ਦੇ ਵਡੇ ਭਾਈ ਹਨ।

ਨਗਰ ਸ਼ੇਰ ਪੁਰਾ ਕਲਾਂ ਦੇ ਸਿੰਘ ਭੀ ਅਕਾਲੀ ਲਹਿਰ ਵਿਚ ਵਧ ਚੜ੍ਹਕੇ ਹਿੱਸਾ ਲੈਂਦੇ ਰਹੇ। ਭਾਈ ਨਿਧਾਨ ਸਿੰਘ ਸਪੁਤਰ ਸ: ਹੀਰਾ ਸਿੰਘ ਜੀ ਮਾਤਾ ਅਤਰ ਕੌਰ ਜੀ ਜੈਤੋ ਦੇ ਮੋਰਚੇ ਵਿਚ ੧੩ਵੇਂ ਸ਼ਹੀਦੀ ਜਥੇ ਵਿਚ ਗਏ ਸਨ। ਸ: ਲਖਾ ਸਿੰਘ ਜੀ ਤੇ ਆਪ ਮੋਰਚਾ ਫਤਹਿ ਹੋਣ ਪਰ ਰਿਹਾ ਹੋ ਕੇ ਆਏ।

ਸ: ਸਰਦਾਰਾ ਸਿੰਘ ਜੀ ਸਪੁਤ੍ਰ ਸ: ਹਰਨਾਮ ਸਿੰਘ ਪਿੰਡ ਸ਼ੇਰ ਪੁਰਾ ਕਲਾਂ ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ।

ਭਾਈ ਸਰਦਾਰਾ ਸਿੰਘ ਸਪੁਤਰ ਸ: ਸ਼ਾਮ ਸਿੰਘ ਜੀ ਭਾਈ ਫੇਰੂ ਦੇ ਮੋਰਚੇ ਵਿਚ ਗਏ। ਭਾਈ ਰੋਡਾ ਸਿੰਘ ਜੀ ਸਪੁਤਰ ਸ: ਮਲੂਕ ਸਿੰਘ ਜੀ ਰਾਮ ਗੜ੍ਹੀਆ ਆਪ ਜੈਤੋ ਤੇ ਭਾਈ ਫੇਰੂ ਦੇ ਮੋਰਚੇ ਵਿਚ ਗਏ ਤੇ ਬਹੁਤ ਸਾਰੀਆਂ ਤਕਲੀਫਾਂ ਸਹਾਰੀਆਂ।

## ਭਾ: ਕਾਹਨ ਸਿੰਘ ਜੀ ਅਕਾਲੀ

ਆਪ ਪਿੰਡ ਸੂਜਾ ਪੁਰ ਵਿਚ ਸ: ਵਜ਼ੀਰ ਸਿੰਘ ਜੀ ਦੇ ਘਰ ਪੈਦਾ ਹੋਏ। ਜਦ ਅਕਾਲੀ ਲਹਿਰ ਚਲੀ ਤਾਂ ਆਪ ਜੈਤੋ ਦੇ ਸ਼ਹੀਦੀ ਜਥੇ ਵਿਚ ਗਏ। ਆਪ ਗੁਰਸਿੱਖੀ ਜੀਵਨ ਵਿਚ ਪ੍ਰਪੱਕ ਤੇ ਨਾਮ ਬਾਣੀ ਦੇ ਰਸੀਏ ਸਨ ਅਤੇ ਜੈਤੋ ਵਿਚ ਜਾ ਕੇ ਸ਼ਹੀਦ ਹੋ ਗਏ।

Digitized by Panjab Digital Library | www.panjabdigilib.org

## ਸ: ਚੰਨਣ ਸਿੰਘ ਜੀ ਸਿਖ ਦੌਲਤ

ਆਪ ਅਕਾਲੀ ਲਹਿਰ ਵੇਲੇ ਅੰਮ੍ਰਿਤਪਾਨ ਕਰਕੇ ਪੰਥ ਦੀ ਬੜੀ ਸੇਵਾ ਕੀਤੀ। ਹਰ ਅਕਾਲੀ ਮੋਰਚੇ ਵਿਚ ਆਪ ਜੀ ਨੇ ਆਪਣੇ ਪਿੰਡ ਤੋਂ ਬਹੁਤੀ ਗਿਣਤੀ ਵਿਚ ਸਿੰਘ ਸਜਾ ਕੇ ਜਥਿਆਂ ਵਿਚ ਭੇਜੇ। ਆਪ ਜੀ ਦਿਲ ਦੇ ਬੜੇ ਉਦਾਰ ਤੇ ਦਾਨੀ ਸਨ, ਅਰ ਵਿਦਿਆ ਅਤੇ ਸਿੰਘ ਸਭਾ ਖਿਆਲਾਂ ਦੇ ਪਕੇ ਹਮੈਤੀ ਸਨ, ਆਪ ਜੀ ਤੋਂ ਬਿਨਾਂ ਪਿੰਡ ਦੇ ਬੜੇ ਕੰਮ ਅਧੂਰੇ ਪਏ ਹਨ। ਆਪ ਜੀ ਦੇ ਯੋਗ ਸਪੁਤਰ ਰਘਬੀਰ ਸਿੰਘ, ਜੀਤ ਸਿੰਘ, ਕਾਨ੍ਹ ਸਿੰਘ, ਬਿਕ੍ਰਮ ਸਿੰਘ ਆਦਿ ਬਹੁਤ ਸਿਆਣੇ ਜੋ ਆਪ ਦੇ ਕਦਮਾ ਤੇ ਚਲ ਰਹੇ ਹਨ।

## ਭਾਈ ਧੰਨਾ ਸਿੰਘ ਜੀ ਸਿਖ ਦੌਲਤ

ਆਪ ਜੀ ਦਾ ਜਨਮ ਪਿੰਡ ਸਿੱਖ ਦੌਲਤ ਵਿਚ ਸ: ਖੁਧਾ ਸਿੰਘ ਜੀ ਦੇ ਘਰ ਹੋਇਆ। ਅਕਾਲੀ ਲਹਿਰ ਆਰੰਭ ਹੋਣ ਤੋਂ ਹੀ ਆਪ ਉਸ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਰਹੇ। ਆਪ ਤਕਰੀਬਨ ਸਾਰੇ ਮੋਰਚਿਆਂ ਵਿਚ ਹੀ ਗਏ ਪਰ ਗੁਰੂ ਕਾ ਬਾਗ, ਜੈਤੋ ਮੁਕਤਸਰ ਆਦਿ ਵਿਚ ਤਾਂ ਆਪ ਨੇ ਵਿਸ਼ੇਸ਼ ਹਿੱਸਾ ਲਿਆ। ਆਪ ਅੰਤਮ ਸਮੇਂ ਤੱਕ ਗੁਰੂ ਘਰ ਦੀ ਸੇਵਾ ਪ੍ਰੇਮ ਨਾਲ ਕਰਦੇ ਰਹੇ।

## ਭਾਈ ਭਗਤ ਸਿੰਘ ਜੀ

ਭਾਈ ਭਗਤ ਸਿੰਘ ਸਪੁਤ੍ਰ ਸ: ਫੁਮਣ ਸਿੰਘ ਤੇ ਭਾਈ ਇੰਦਰ ਸਿੰਘ ਜੀ ਸਪੁਤਰ ਸ: ਫੁਮਣ ਸਿੰਘ ਜੀ ਨੇ ਭੀ ਅਕਾਲੀ ਲਹਿਰ ਸਮੇਂ ਗੁਰੂ ਕੇ ਬਾਗ ਦੇ ਮੋਰਚੇ ਵਿਚ ਬਹੁਤ ਤਸੀਹੇ ਸਹਾਰੇ ਤੇ ਸਾਰੀ ਉਮਰ ਪੰਥ ਦੀ ਸੇਵਾ ਕਰਦੇ ਰਹੇ।

## ਭਾ: ਗੁਰਦਿੱਤ ਸਿੰਘ ਜੀ ਜੱਸੋਵਾਲ

ਆਪ ਜੀ ਦਾ ਜਨਮ ਸ: ਰਲਾ ਸਿੰਘ ਜੀ ਦੇ ਘਰ ਮਾਤਾ ਮਾਨ ਕੌਰ ਦੀ ਕੁਖ ਤੋਂ ਹੋਇਆ। ਅਕਾਲੀ ਲਹਿਰ ਚਲਣ ਸਮੇਂ ਆਪ ਜੀ ਨੇ ਵਧ ਚੜ੍ਹ ਕੇ ਹਿੱਸਾ ਲਿਆ। ਜੈਤੋ ਦੇ ਮੋਰਚੇ ਵਿਚ ਆਪ ਪਹਿਲੇ ਸ਼ਹੀਦੀ ਜੱਥੇ ਨਾਲ ਗਏ ਸਨ। ਆਪ ਭੀ ਗੋਲੀ ਲੱਗਣ ਨਾਲ ਫੱਟੜ ਹੋਏ। ਆਪ ਨੂੰ ਗ੍ਰਿਫਤਾਰ ਕਰਕੇ ਬਾਵਲ ਕਿਲੇ ਵਿਚ ਇਕ ਸਾਲ ਤੋਂ ਵਧ ਕੈਦ ਰੱਖਿਆ ਗਿਆ ਤੇ ਮੋਰਚਾ ਫਤਹਿ ਹੋਣ ਪਰ ਰਿਹਾ ਹੋ ਕੇ ਵਾਪਸ ਆਏ। ਆਪ ਜੀ ਦੇ ਪੰਜ ਸਪੁਤ੍ਰ ਤੇ ਤਿੰਨ ਬੀਬੀਆਂ ਸਨ। ਆਪ ਸਿੱਖੀ ਸਿਦਕ ਤੇ ਭਰੋਸੇ ਵਾਲੇ ਸਿੱਖ ਸਨ।

## ਗਿ: ਰਣਧੀਰ ਸਿੰਘ ਜੀ ਐਤੀਆਣਾ

ਆਪ ਜੀ ਦਾ ਜਨਮ ਸ: ਖੜਕ ਸਿੰਘ ਦੇ ਘਰ ਮਾਤਾ ਚਤਰ ਕੌਰ ਦੀ ਕੁਖ ਤੋਂ ਹੋਇਆ। ਜਦ ਅਕਾਲੀ ਲਹਿਰ ਜ਼ੋਰਾਂ ਪਰ ਸੀ, ਤਾਂ ਗਿ: ਰਣਧੀਰ ਸਿੰਘ ਜੀ ਬਹੁਤ ਜੋਸ਼ੀਲੀਆਂ ਤਕਰੀਰਾਂ ਕਰਿਆ ਕਰਦੇ ਸਨ। ਆਪ ਜੈਸੇ ਨਿਧੜਕ ਪ੍ਰਚਾਰਕਾਂ ਦਾ ਸਦਕਾ ਹੀ ਅਕਾਲੀ ਲਹਿਰ ਦੀ ਚਰਚਾ ਘਰ ਘਰ ਹੋ ਗਈ। ਪਿੰਡ ਗਿੱਲਾਂ ਵਿਚ ਹੋਏ ਧਾਰਮਿਕ ਦੀਵਾਨ ਵਿਚ ਤਕਰੀਰ ਕਰਨ ਦੇ ਅਪ੍ਰਾਧ ਵਿਚ ਆਪ ਗ੍ਰਿਫਤਾਰ ਕੀਤੇ ਗਏ ਤੇ ਮੁਕੱਦਮਾ ਚਲਾ ਕੇ ੨ ਸਾਲ ਕੈਦ ਸਖਤ ਦੀ ਸਜ਼ਾ ਦਿੱਤੀ ਗਈ, ਜੋ ਆਪ ਜੀ ਨੇ ਮੁਲਤਾਨ ਜੇਲ੍ਹ ਵਿਚ ਬੜੀ ਬਹਾਦਰੀ ਨਾਲ ਕੱਟੀ।

Digitized by Panjab Digital Library | www.panjabdigilib.org

## ਜਥੇਦਾਰ ਜਗਤ ਸਿੰਘ ਜੀ ਕਮਾਲਪੁਰਾ

ਸ: ਜਗਤ ਸਿੰਘ ਦਾ ਪਿਤਾ ਭਾਨ ਸਿੰਘ ਮਾਤਾ ਰਾਮ ਕੌਰ ਪਿੰਡ ਕਮਾਲ ਪੁਰਾ ਜਿਲਾ ਲੁਦੇਹਾਣਾ ਸੀ। ਆਪ ਨੇ ਅਕਾਲੀ ਲਹਿਰ ਵਿਚ ਗੁਰੂ ਕੇ ਬਾਗ ਗੁ: ਗਾਲੇਟੀਆਂ ਆਦਿ ਵਿਚ ਬੜੀ ਸਚੀ ਅਤੇ ਸੁਚੀ ਸੇਵਾ ਕੀਤੀ। ਜੈਤੋ ਦੇ ਮੋਰਚੇ ਵੇਲੇ ਭੀ ਆਪ ਦੀ ਸੇਵਾ ਉਚੇ ਦਰਦੇ ਦੀ ਗਿਣੀ ਜਾਂਦੀ ਸੀ। ਆਪ ੧੯੨੯ ਵਿਚ ਅਮਰੀਕਾ ਨੂੰ ਚਲੇ ਗਏ। ਉਥੋ ੨੧ ਸਾਲ ਵਪਾਰ ਕਰਕੇ ੧੯੫੦ ਵਿਚ ਵਾਪਸ ਦੇਸ਼ ਆਏ। ਅਮਰੀਕਾ ਵਿਚ ਰਹਿੰਦੇ ਹੋਏ ਆਪ ਤਿਆਰ ਬਰ ਤਿਆਰ ਰਹਿ ਕੇ ਹਰੇਕ ਪੰਥਕ ਲਹਿਰ ਅਤੇ ਅਮਰੀਕਾ ਜਾਣ ਵਾਲੇ ਹਰੇਕ ਪੰਥਕ ਸਜਨ ਦੀ ਯਥਾ ਯੋਗ ਸੇਵਾ ਕਰਦੇ ਰਹੇ। ਆਪ ਜੀ ਪਿੰਡ ਦੇ ਲੜਕੇ ਲੜਕੀਆਂ ਦੇ ਦੋਹਾਂ ਸਕੂਲਾਂ ਵਿਚ ਵਧ ਚੜ੍ਹ ਕੇ ਹਿਸਾ ਲਿਆ।

## ਭਾਈ ਨਾਹਰ ਸਿੰਘ ਜੀ ਕਮਾਲਪੁਰਾ

ਭਾਈ ਨਾਹਰ ਸਿੰਘ ਜੀ ਦੇ ਪਿਤਾ ਦਾ ਨਾਮ ਸ: ਧਿਆਨ ਸਿੰਘ ਤੇ ਮਾਤਾ ਦਾ ਨਾਮ ਮਾਈ ਨੰਦ ਕੌਰ ਸੀ। ਆਪ ਨੇ ਪੰਜਾਬੀ ਵਿਦਿਆ ਪੜ੍ਹੀ ਤੇ ਗੁਰਬਾਣੀ ਦੇ ਬੜੇ ਨਿਤਨੇਮੀ ਤੇ ਕੀਰਤਨ ਰਸੀਏ ਸਨ। ਜੈਤੋ ਦੇ ਮੋਰਚੇ ਵਿਚ ਆਪ ਦੂਜੇ ਸ਼ਹੀਦੀ ਜਥੇ ਵਿਚ ਗਏ ਅਤੇ ਨਾਭਾ ਜੇਲ੍ਹ ਵਿਚ ਬਹੁਤ ਹੀ ਤਕਲੀਫਾਂ ਸਹੀਆਂ।

## ਭਾਈ ਦਸੌਂਧਾ ਸਿੰਘ ਕਮਾਲਪੁਰਾ

ਭਾਈ ਦਸੌਂਧਾ ਸਿੰਘ ਜੀ ਦਾ ਜਨਮ ਪਿੰਡ ਕਮਾਲਪੁਰਾ ਵਿਚ ਸ: ਖੀਵਾ ਸਿੰਘ ਦੇ ਘਰ ਮਾਤਾ ਸੁਖਾਂ ਦੀ ਕੁਖੋਂ ਹੋਇਆ। ਆਪ ਜੈਤੋ ਦੇ ਮੋਰਚੇ ਵਿਚ ਚੌਥੇ ਸ਼ਹੀਦੀ ਜਥੇ ਵਿਚ ਗਏ ਅਤੇ ਬਹੁਤ ਸਾਰੇ ਦੁਖੜੇ ਸਹਾਰੇ। ਆਪ ਗੁਰੂ ਕੇ ਬਾਗ ਦੇ ਮੋਰਚੇ ਵਿਚ ਭੀ ਕੈਦ ਹੋਏ। ਆਪ ਜੀ ਦਾ ਆਚਰਨ ਬਹੁਤ ਉਚਾ ਸੀ ਤੇ ਆਪ ਕਥਾ ਕੀਰਤਨ ਦੇ ਮਾਹਰ ਸਨ। ਪੰਥਕ ਸੇਵਾ ਵਿਚ ਆਪ ਸਾਰੀ ਉਮਰ ਵਧ ਚੜ੍ਹ ਕੇ ਹਿਸਾ ਲੈਂਦੇ ਰਹੇ।

## ਸ: ਸੰਤਾ ਸਿੰਘ ਜੀ ਜਥੇਦਾਰ

ਆਪ ਜੀ ਦਾ ਜਨਮ ਸ਼ਹਿਰ ਜਗਰਾਉਂ ਪੱਤੀ ਪੋਨਾ ਵਿਚ ਸ: ਉਦੇ ਸਿੰਘ ਦੇ ਘਰ ਹੋਇਆ। ਬਚਪਨ ਤੋਂ ਹੀ ਆਪ ਜੀ ਨੂੰ ਗੁਰਬਾਣੀ ਤੇ ਸਿਖ ਇਤਹਾਸ ਪੜ੍ਹਨ ਦਾ ਸ਼ੌਕ ਸੀ। ਆਪ ਸਿੰਘ ਸਭਾ ਲਹਿਰ ਵਿਚ ਕਾਫੀ ਹਿਸਾ ਲੈਂਦੇ ਰਹੇ ਤੇ ਇਲਾਕੇ ਵਿਚੋਂ ਕੁਰੀਤੀਆਂ ਦੂਰ ਕਰਨ ਲਈ ਪਰਚਾਰ ਕਰਦੇ ਰਹੇ। ਆਪ ਨੇ ਅਕਾਲੀ ਲਹਿਰ ਵਿਚ ਕਈ ਵਾਰ ਗ੍ਰਿਫਤਾਰੀ ਦਿਤੀ ਤੇ ਜੇਲ੍ਹ ਕੱਟੀ। ਜੈਤੋ ਦੇ ਮੋਰਚੇ ਵਿਚ ਆਪ ਸ਼ਹੀਦੀ ਜਥੇ ਦੇ ਕੰਪਨੀ ਕਮਾਂਡਰ ਬਣ ਕੇ ਗਏ ਤੇ ਨਾਭਾ ਬੀੜ ਵਿਚ ਕ੍ਰਿਪਾਨ ਉਤਾਰਨ ਵਿਰੁਧ ਰੋਸ ਪ੍ਰਗਟ ਕਰਨ ਲਈ ਭੁਖ ਹੜਤਾਲ ਕੀਤੀ। ਆਪ ਜੀ ਦੀ ਮਾਤਾ ਭੋਲੀ ਭੀ ਕੱਟੜ ਗੁਰਸਿਖ ਸਨ ਤੇ ਕਿਹਾ ਕਰਦੇ ਸਨ, ਬੇਟਾ ਪੰਥ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਰਹੋ।

## ਭਾਈ ਬਹਾਦਰ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਚਕਰ ਜ਼ਿਲਾ ਲੁਧਿਆਣਾ ਵਿਚ ਸ: ਬੁਲੰਦ ਸਿੰਘ ਜੀ ਦੇ ਘਰ ਮਾਤਾ ਇੰਦ ਕੌਰ ਦੀ ਕੁਖ ਤੋਂ ਹੋਇਆ। ਆਪ ਜੀ ਨੇ ਅਕਾਲੀ ਲਹਿਰ ਵਿਚ ਬਹੁਤ ਸੇਵਾ ਕੀਤੀ। ਆਪ ਗੁਰਦਵਾਰਾ ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ ਤੇ ਫਿਰ ਜੈਤੋ ਦੇ ਸ਼ਹੀਦੀ ਜਥੇ ਵਿਚ ਭੀ ਗਏ।

Digitized by Panjab Digital Library | www.panjabdigilib.org

ਇਸ ਤੋਂ ਇਲਾਵਾ ਆਪ ਗੁ: ਮੁਕਤਸਰ ਸਾਹਿਬ, ਖਡੂਰ ਸਾਹਿਬ ਆਦਿ ਗੁਰਅਸਥਾਨਾਂ ਦੀ ਸੇਵਾ ਭੀ ਕਰਦੇ ਰਹੇ।

## ਸ: ਗੁਰਬਖਸ਼ ਸਿੰਘ ਬੱਸੀਆਂ

ਆਪ ਜੀ ਦਾ ਜਨਮ ਸਰਦੇ ਬਰਦੇ ਸਿਖ ਘਰਾਣੇ ਵਿਚ ਹੋਇਆ। ਆਪ ਜੀ ਨੇ ਚੰਗੀ ਵਿਦਿਆ ਪਰਾਪਤ ਕਰਨ ਤੇ ਕਮੀ ਸੇਵਾ ਵਿਖੇ ਕੁਦ ਪਏ। ਆਪ ਜੀ ਨੂੰ ਅਕਾਲੀ ਲਹਿਰ ਵੇਲੇ ਦੋ ਸਾਲ ਸਜ਼ਾ ਤੇ ੫੦੦) ਰੁਪਏ ਜਰਮਾਨਾ ਇਤ ਆਦਿ ਕੁਰਬਾਨੀ ਕਰਨ ਤੇ ਆਪ ਜੀ ਦਾ ਇਲਾਕੇ ਤੇ ਪਿੰਡ ਵਿਚ ਬੜਾ ਹੀ ਸਤਿਕਾਰ ਹੈ। ਗੁਰਦਵਾਰਾ ਟਾਹਲੀਆਣਾ ਰਾਏਕੋਟ ਦੇ ਪ੍ਰਧਾਨ ਚੁਣੇ ਗਏ। ਜੋ ਬੜੀ ਯੋਗਤਾ ਨਾਲ ਭੁਗਤਾਉਣ ਤੇ ਹੋਰ ਭੀ ਸ਼ਲਾਘਾ ਹੋ ਗਈ। ਆਪ ਜੀ ਨੇ ਦਿਲੀ ਵਾਲੇ ਤੇ ਪੰਜਾਬੀ ਸੂਬੇ ਦੇ ਮੋਰਚੇ ਵਿਚ ਭੀ ਵਧ ਚੜ੍ਹ ਕੇ ਹਿਸਾ ਲਿਆ। ਆਪ ਜੀ ਗੁਰੂ ਪੰਥ ਦੀ ਚੜ੍ਹਦੀ ਕਲਾ ਦੇਖਣ ਦੇ ਚਾਹਵਾਨ ਹਨ।

## ਸੁਭਾਗ ਨਗਰ ਰਾਮਗੜ੍ਹ ਦੇ ਸੂਰਬੀਰ

ਸ੍ਰੀ ਸੰਤ ਮੱਘਰ ਸਿੰਘ ਜੀ ਦੀ ਜਨਮ ਭੂਮੀ ਹੋਣ ਤੇ ਸਾਰੇ ਸਿੰਘ ਸੰਤ ਜੀ ਦੇ ਜਥੇ ਦੇ ਹਨ ਜਿਨ੍ਹਾਂ ਨੇ ਪ੍ਰੇਮ ਤੇ ਉਤਸ਼ਾਹ ਨਾਲ ਲਹਿਰ ਦੇ ਹਰ ਇਕ ਮੋਰਚੇ ਵਿਚ ਹਿੱਸਾ ਲਿਆ, ਮੋਰਚਾ ਗੁਰੂ ਕਾ ਬਾਗ, ਮੁਕਤਸਰ, ਜੈਤੋ ਆਦਿ ਵਿਚ ਅਕਹਿ ਤੇ ਅਸਹਿ ਕਸ਼ਟ ਸਹਾਰਦੇ ਜਰਮਾਨੇ ਤੇ ਸਜਾਵਾਂ ਪ੍ਰੇਮ ਨਾਲ ਕਟ ਕੇ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਗੁਰੂ ਪੰਥ ਦੀਆਂ ਖੁਸ਼ੀਆਂ ਲੈ ਕੇ ਆਏ ਉਨ੍ਹਾਂ ਗੁਰੂ ਪਿਆਰਿਆਂ ਦੇ ਹੇਠ ਨਾਮ ਦਿਤੇ ਜਾਂਦੇ ਹਨ।

ਸੰਤ ਨੰਦ ਸਿੰਘ ਜੀ ਜੋ ਅਜ ਕਲ ਗੁਰਦੁਆਰਾ ਰਾਮ ਗੜ੍ਹ ਦੇ ਮੁਖ ਪ੍ਰਬੰਧਕ ਹਨ ਅਤੇ ਬੜੀ ਯੋਗਤਾ ਨਾਲ ਕੰਮ ਚਲਾ ਰਹੇ ਹਨ।

| | | |
|---|---|---|
| ਸੰਤ ਚੰਨਣ ਸਿੰਘ | ਪਿਤਾ ਸ: ਚੇਤ ਸਿੰਘ | ਮਾਤਾ ਬਿਸ਼ਨ ਕੌਰ |
| ਸੰਤ ਨਰਿੰਦਰ ਸਿੰਘ | ਪਿਤਾ ਸ: ਬਦਨ ਸਿੰਘ | ਮਾਤਾ ਅਤਰ ਕੌਰ |
| ਸੰਤ ਸ਼ੇਰ ਸਿੰਘ | ਪਿਤਾ ਸ: ਭੋਲਾ ਸਿੰਘ | ਮਾਤਾ ਦਯਾ ਕੌਰ |
| ਭਾਈ ਸਰਮੁਖ ਸਿੰਘ | ਪਿਤਾ ਹਰਨਾਮ ਸਿੰਘ ਹੌਲਦਾਰ | |
| ਸ: ਜੁਆਲਾ ਸਿੰਘ | ਪਿਤਾ ਕਾਲਾ ਸਿੰਘ | ਮਾਤਾ ਰੂੜ ਕੌਰ |
| ਸ: ਬਾਬੂ ਸਿੰਘ | ਪਿਤਾ ਕਾਲਾ ਸਿੰਘ | ਮਾਤਾ ਰੂੜ ਕੌਰ |
| ਭਾ: ਬਿਸ਼ਨ ਸਿੰਘ ਜਥੇਦਾਰ | ਪਿਤਾ ਜੈਮਲ ਸਿੰਘ | ਮਾਤਾ ਸੋਭੀ |
| ਸ: ਨੰਦ ਸਿੰਘ | ਪਿਤਾ ਸ਼ੇਰ ਸਿੰਘ | ਮਾਤਾ ਸਦਾ ਕੌਰ |
| ਸ: ਸੁੰਦਰ ਸਿੰਘ | ਪਿਤਾ ਸ਼ੇਰ ਸਿੰਘ | ਮਾਤਾ ਸਦਾ ਕੌਰ |

ਬਾਬਾ ਗੁੰਬੀ ਹਰਨਾਮ ਸਿੰਘ ਜੀ ਹੌਲਦਾਰ।

ਸ: ਤੁਲੰਦਨ ਸਿੰਘ ਜੀ ਲਫਟੀਨੈਂਟ ਪਿਤਾ ਸੁੰਦਰ ਸਿੰਘ ਮਾਤਾ ਕਿਸ਼ਨ ਕੌਰ

ਸ: ਬਗਾ ਸਿੰਘ ਜੀ।

Digitized by Panjab Digital Library | www.panjabdigilib.org

# ਤਹਿਸੀਲ ਜਗਰਾਉਂ ਦੇ ਹੋਰ ਸੂਰਬੀਰ

ਸ: ਭਗਤ ਸਿੰਘ ਪਿਤਾ ਸ: ਗੁਰਦਿਤ ਸਿੰਘ ਮਾਤਾ ਜੀਵੀ ਪਿੰਡ ਛੱਜਾਵਾਲ ਆਪ ਨਨਕਾਣਾ ਸਾਹਿਬ ਦੇ ਮੋਰਚੇ ਵਿਚ ਗਏ। ਮੋਰਚਾ ਗੁਰੂ ਕੇ ਬਾਗ ਵਿਚ ਗਏ। ਜੈਤੋ ਮੋਰਚੇ ਵਿਚ ਦੋ ਵਾਰੀ ਗਏ। ਭਾਈ ਫੇਰੂ ਦੇ ਮੋਰਚੇ ਵਿਚ ੧੦੦ ਸਿੰਘਾਂ ਦੇ ਜਥੇਦਾਰ ਬਣ ਕੇ ਗਏ। ਅਕਾਲ ਤਖਤ ਸਾਹਿਬ ਵਾਲੀਆਂ ਚਾਬੀਆਂ ਦੇ ਮੋਰਚੇ ਵਿਚ ਗਏ। ਤਰਨ ਤਾਰਨ ਸਾਹਿਬ ਵਾਲੇ ਮੋਰਚੇ ਵਿਚ ਗਏ। ਮੁਕਤਸਰ ਸਾਹਿਬ ਦੇ ਮੋਰਚੇ ਵਿਚ ਗਏ। ਗੁ: ਸਾਹਿਬ ਹੇਹਰਾਂ ਦੇ ਮੋਰਚੇ ਵਿਚ ਗਏ। ਲਾਹੌਰ ਸ਼ਹੀਦ ਗੰਜ ਦੇ ਮੋਰਚੇ ਵਿਚ ਗਏ। ਲਾਰਡ ਵਾਲਿੰਗਡਨ ਨੇ ਜਦੋਂ ਗੋਲੀ ਚਲਾਈ ਗਈ ਉਸ ਵਿਚ ਭੀ ਆਪ ਨੇ ਹਿਸਾ ਲਿਆ।

ਸ: ਕਿਸ਼ਨ ਸਿੰਘ ਪਿਤਾ ਸ: ਕਿਰਪਾਲ ਸਿੰਘ ਮਾਤਾ ਧਰਮ ਕੌਰ ਪਿੰਡ ਛੱਜਾਵਾਲ ਆਪ ਨਨਕਾਣਾ ਸਾਹਿਬ ਦੇ ਮੋਰਚੇ ਵਿਚ ਗਏ ਤੇ ਜੈਤੋ ਦੇ ਮੋਰਚੇ ਵਿਚ ਭੀ ਹਿਸਾ ਲਿਆ।

ਸ: ਲਾਲ ਸਿੰਘ ਪਿਤਾ ਸ: ਪ੍ਰਤਾਪ ਸਿੰਘ ਪਿੰਡ ਛੱਜਾਵਾਲ ਆਪ ਭਾਈ ਫੇਰੂ ਦੇ ਮੋਰਚੇ ਵਿਚ ਗਏ।

ਸ: ਹਰੀ ਸਿੰਘ ਪਿਤਾ ਸ: ਰਤਨ ਸਿੰਘ ਮਾਤਾ ਜੀਉਣ ਕੌਰ ਪਿੰਡ ਛੱਜਾਵਾਲ ਆਪ ਜੈਤੋ ਤੇ ਭਾਈ ਫੇਰੂ ਦੇ ਮੋਰਚੇ ਵਿਚ ਗਏ। ੪ ਮਹੀਨੇ ਕੈਦ ਤੇ ੧੦੦) ਰੁਪਿਆ ਜਰਮਾਨਾ ਹੋਇਆ।

ਭਾ: ਗੁਰਮੁਖ ਸਿੰਘ ਪਿਤਾ ਹਰਨਾਮ ਸਿੰਘ ਮਾਤਾ ਰਲੀ ਕੌਰ ਪਿੰਡ ਸਵੱਦੀ ਨੈਣਾ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਪਰੇਮ ਸਿੰਘ ਪਿਤਾ ਸ: ਜੀਵਾਂ ਸਿੰਘ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਆਤਮਾ ਸਿੰਘ ਪਿਤਾ ਰਾਮ ਸਿੰਘ ਮਾਤਾ ਆਸ ਕੌਰ ਪਿੰਡ ਚੌਕੀਮਾਨ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਗੱਜਨ ਸਿੰਘ ਪਿਤਾ ਸ: ਬਾਘ ਸਿੰਘ ਮਾਤਾ ਅਤਰ ਕੌਰ ਪਿੰਡ ਭਰੋਵਾਲ ਖੁਰਦ ਆਪ ਨੇ ਮੋਰਚਾ ਜੈਤੋ ਸਮੇਂ ਜਥਾ ਨੰ: ੧੧ ਵਿਚ ਹਿਸਾ ਲਿਆ ਤੇ ਨਾਭਾ ਜੇਲ੍ਹ ਵਿਚ ਕਾਫੀ ਦੁਖੜੇ ਸਹੇ।

ਭਾ: ਬਿਸ਼ਨ ਸਿੰਘ ਪਿਤਾ ਸ: ਕਾਕਾ ਸਿੰਘ ਪਿੰਡ ਸਵੱਦੀ ਕਲਾਂ ਆਪ ਜੀ ਨੂੰ ਅਕਾਲੀ ਲਹਿਰ ਵਿਚ ੪ ਸਾਲ ਦੀ ਕੈਦ ਹੋਈ। ੨ ਸਾਲ ਕੈਦ ਭੋਗ ਕੇ ਜੇਲ੍ਹ ਵਿਚ ਹੀ ਅਕਾਲ ਚਲਾਣੇ ਕਰ ਗਏ।

ਭਾ: ਈਸ਼ਰ ਸਿੰਘ ਪਿਤਾ ਸ: ਕ੍ਰਿਪਾਲ ਸਿੰਘ ਪਿੰਡ ਸਵੱਦੀ ਕਲਾਂ ਆਪ ਅਕਾਲੀ ਵਰਕਰ ਸਨ ਤੇ ਦੋ ਸਾਲ ਕੈਦ ਹੋਈ।

ਸ: ਇੰਦਰ ਸਿੰਘ ਪਿਤਾ ਸ: ਭੰਗਾ ਸਿੰਘ ਪਿੰਡ ਸਵੱਦੀ ਕਲਾਂ ਆਪ ਅਕਾਲੀ ਵਰਕਰ ਸਨ ਤੇ ੨ ਸਾਲ ਕੈਦ ਹੋਈ।

ਸ: ਨਾਹਰ ਸਿੰਘ ਜ਼ਰਗਰ ਪਿਤਾ ਲਾਲਾ ਦੇਵੀ ਚੰਦ ਪਿੰਡ ਸਵੱਦੀ ਕਲਾਂ ਆਪ ਅਕਾਲੀ ਵਰਕਰ ਸਨ ਤੇ ਸਭ ਮੋਰਚਿਆਂ ਵਿਚ ਗਏ।

ਸ: ਸਰਵਨ ਸਿੰਘ ਪਿਤਾ ਸ; ਨੰਦ ਸਿੰਘ ਪਿੰਡ ਸਵੱਦੀ ਕਲਾਂ ਆਪ ਨੂੰ ਅਕਾਲੀ ਲਹਿਰ ਵਿਚ ਚਾਰ ਸਾਲ ਕੈਦ ਹੋਈ।

Digitized by Panjab Digital Library | www.panjabdigilib.org

ਸ: ਸੁਚਾ ਸਿੰਘ ਪਿਤਾ ਸ: ਮੀਹਾਂ ਸਿੰਘ ਪਿੰਡ ਗੋਰਸੀਆਂ ਆਪ ਜੈਤੋ ਦੇ ੧੧ ਵੇਂ ਜੱਥੇ ਵਿਚ ਗਏ।

ਸ: ਈਸ਼ਰ ਸਿੰਘ ਨਿਹੰਗ ਪਿਤਾ ਸ: ਭਾਨ ਸਿੰਘ ਪਿੰਡ ਤਲਵੰਡੀ ਆਪ ਨੇ ਮੋਰਚਾ ਜੈਤੋ ਵਿਚ ਜਾ ਕੇ ਕੁਰਬਾਨੀ ਦਿੱਤੀ ਤੇ ੧੯੪੭ ਦੇ ਘਲੂਘਾਰੇ ਵਿਚ ਪਿੰਡ ਦੀ ਬਹੁਤ ਹਿਫਾਜ਼ਤ ਕੀਤੀ।

ਸ: ਮਾਲਾ ਸਿੰਘ ਪਿਤਾ ਸ: ਦਯਾ ਸਿੰਘ ਮਾਤਾ ਕਰਮ ਕੌਰ ਪਿੰਡ ਸਿੱਧਮਾਂ ਕਲਾਂ ਜ਼ਿਲਾ ਲੁਧਿਆਣਾ ਆਪ ਜੈਤੋ ਦੇ ਮੋਰਚੇ ਵਿਚ ਗਏ।

ਸ: ਨਾਹਰ ਸਿੰਘ ਪਿਤਾ ਸ: ਮੱਲ ਸਿੰਘ ਮਾਤਾ ਸਾਹਿਬ ਕੌਰ ਪਿੰਡ ਸਿੱਧਮਾਂ ਕਲਾਂ ਆਪ ਮੋਰਚਾ ਜੈਤੋ ਵਿਚ ਗਏ।

ਸ: ਸ਼ਾਮ ਸਿੰਘ ਪਿਤਾ ਸ: ਗੋਪਾਲ ਸਿੰਘ ਮਾਤਾ ਰਤਨ ਕੌਰ ਪਿੰਡ ਸਿੱਧਮਾਂ ਕਲਾਂ ਆਪ ਜੈਤੋ ਦੇ ਪਹਿਲੇ ਸ਼ਹੀਦੀ ਜੱਥੇ ਵਿਚ ਗਏ।

ਸ: ਕਰਤਾਰ ਸਿੰਘ ਪਿਤਾ ਸ: ਅਮਰ ਸਿੰਘ ਮਾਤਾ ਗੁਜਰੀ ਪਿੰਡ ਸਿੱਧਮਾਂ ਕਲਾਂ ਆਪ ਜੈਤੋ ਦੇ ਪਹਿਲੇ ਸ਼ਹੀਦੀ ਜੱਥੇ ਵਿਚ ਗਏ।

ਭਾ: ਬਦਨ ਸਿੰਘ ਜੋਤੇ ਪਿਤਾ ਸ: ਗੁਰਦਿੱਤ ਸਿੰਘ ਮਾਤਾ ਇੰਦ ਕੌਰ ਪਿੰਡ ਸਿੱਧਮ ਵੱਡੇ ਤਹਿਸੀਲ ਜਗਰਾਓਂ ਆਪ ਜੈਤੋ ਦੇ ਗਿਆਰ੍ਹਵੇਂ ਸ਼ਹੀਦੀ ਜੱਥੇ ਵਿਚ ਗਏ।

ਭਾ: ਬੇਲਾ ਸਿੰਘ ਪਿੰਡ ਰੂਮੀ ਜ਼ਿਲਾ ਲੁਧਿਆਣਾ ਆਪ ਮੋਰਚਾ ਜੈਤੋ ਵਿਚ ਗਏ ਤੇ ਸਤ ਮਹੀਨੇ ਕੈਦ ਹੋਈ।

ਭਾ: ਕਪੂਰ ਸਿੰਘ ਪਿਤਾ ਸ: ਗੰਗਾ ਸਿੰਘ ਪਿੰਡ ਰੂਮੀ ਜ਼ਿਲਾ ਲੁਧਿਆਣਾ ਆਪ ਨੂੰ ਭਾਈ ਫੇਰੂ ਦੇ ਮੋਰਚੇ ਵਿਚ ਇਕ ਮਹੀਨਾ ਕੈਦ ਹੋਈ।

ਭਾਈ ਬੰਮਣ ਸਿੰਘ ਪਿਤਾ ਸ: ਦੇਵਾ ਸਿੰਘ ਮਾਤਾ ਗੁਲਾਬ ਕੌਰ ਪਿੰਡ ਮਲ੍ਹਾ ਆਪ ਮੋਰਚਾ ਜੈਤੋ ਦੇ ੧੧ਵੇਂ ਸ਼ਹੀਦੀ ਜਥੇ ਵਿਚ ਗਏ ਤੇ ਕੈਦ ਹੋਏ, ਮੋਰਚਾ ਫਤਿਹ ਹੋਣ ਤੇ ਛਡ ਦਿਤੇ ਗਏ, ਆਪ ਦੀ ਪਿਨਸ਼ਨ ੭ ਸਾਲ ਜ਼ਬਤ ਰਹੀ।

ਭਾਈ ਤ੍ਰਿਲੋਕ ਸਿੰਘ ਪਿਤਾ ਸ: ਦੇਵਾ ਸਿੰਘ ਮਾਤਾ ਗੁਲਾਬ ਕੌਰ ਪਿੰਡ ਮਲ੍ਹਾ ਆਪ ਮੋਰਚਾ ਜੈਤੋ ਦੇ ੧੧ਵੇਂ ਸ਼ਹੀਦੀ ਜਥੇ ਵਿਚ ਕੈਦ ਹੋਏ।

ਭਾਈ ਜਗਤ ਸਿੰਘ ਪਿਤਾ ਸ: ਹਰਨਾਮ ਸਿੰਘ ਮਾਤਾ ਚੰਦ ਕੌਰ ਪਿੰਡ ਮਲ੍ਹਾ ਆਪ ਮੋਰਚਾ ਜੈਤੋ ਦੇ ੧੧ਵੇਂ ਸ਼ਹੀਦੀ ਜਥੇ ਵਿਚ ਕੈਦ ਹੋਏ।

ਭਾਈ ਸ਼ੇਰ ਸਿੰਘ ਪਿਤਾ ਸ: ਬੁਧ ਸਿੰਘ ਪਿੰਡ ਮਲ੍ਹਾ ਆਪ ਮੋਰਚਾ ਜੈਤੋ ਦੇ ੧੧ਵੇਂ ਸ਼ਹੀਦੀ ਜਥੇ ਵਿਚ ਕੈਦ ਹੋਏ।

ਭਾਈ ਸੁੰਦਰ ਸਿੰਘ ਪਿੰਡ ਮਲ੍ਹਾ ਆਪ ਮੋਰਚਾ ਜੈਤੋ ਦੇ ੧੧ਵੇਂ ਸ਼ਹੀਦੀ ਜਥੇ ਵਿਚ ਕੈਦ ਹੋਏ। ਇਨ੍ਹਾਂ ਨੇ ਪਿੰਡ ਵਿਚ ਸਕੂਲ ਖੋਲ੍ਹਿਆ, ਜਿਸ ਦੀ ਰਸਮ ਸੰਤ ਮੱਘਰ ਸਿੰਘ ਜੀ ਨੇ ਅਦਾ ਕੀਤੀ।

ਭਾਈ ਸੋਭਾ ਸਿੰਘ ਪਿੰਡ ਮਲ੍ਹਾ ਆਪ ਮੋਰਚਾ ਜੈਤੋ ਦੇ ੧੧ਵੇਂ ਸ਼ਹੀਦੀ ਜਥੇ ਵਿਚ ਕੈਦ ਹੋਏ।

| ਨਾਮ | ਪਿਤਾ | ਪਿੰਡ | ਵੇਰਵਾ ਕੁਰਬਾਨੀ |
|---|---|---|---|
| ਸੁੰਦਰ ਸਿੰਘ | ਨਿਧਾਨ ਸਿੰਘ | ਮਾਣੂਕੇ | ਸੈਕਸ਼ਨ ਕਮਾਂਡਰ ਜਥਾ ਨੰ: ੧੧ |
| ਮੰਗਲ ਸਿੰਘ | ਖੁਸ਼ਹਾਲ ਸਿੰਘ | ਮਾਣੂਕੇ | ਜੱਥਾ ਨੰ: ੧੧ ਵਿਚ ਗਏ |

Digitized by Panjab Digital Library | www.panjabdigilib.org

| | | | | | |
|---|---|---|---|---|---|
| ਪਾਖਰ ਸਿੰਘ | ਹੀਰਾ ਸਿੰਘ | ਮਾਣੂਕੇ | ਜਥਾ ਨੰ: | ੧੧ | ਵਿਚ ਗਏ |
| ਪੂਰਨ ਸਿੰਘ | ਜੈਮਲ ਸਿੰਘ | ਮਾਣੂਕੇ | " | " | " |
| ਰੂੜ ਸਿੰਘ | ਨੰਦ ਸਿੰਘ | ਮਾਣੂਕੇ | " | " | " |
| ਰੂੜ ਸਿੰਘ | ਸਮੁੰਦ ਸਿੰਘ | ਮਾਣੂਕੇ | " | " | " |
| ਸੁੰਦਰ ਸਿੰਘ | ਇੰਦਰ ਸਿੰਘ | ਮਾਣੂਕੇ | " | " | " |
| ਇੰਦਰ ਸਿੰਘ | ਜਵਾਹਰ ਸਿੰਘ | ਮਾਣੂਕੇ | " | " | " |
| ਦਾਨ ਸਿੰਘ | ਵਜ਼ੀਰ ਸਿੰਘ | ਮਾਣੂਕੇ | " | " | " |
| ਦਲ ਸਿੰਘ | | ਮਾਣੂਕੇ | " | " | ੧੩ |
| ਸੰਤਾ ਸਿੰਘ | ਸ਼ਾਮ ਸਿੰਘ | ਮਾਣੂਕੇ | " | " | " |
| ਹਰਭਜਨ ਸਿੰਘ | ਰੂੜ ਸਿੰਘ | ਮਾਣੂਕੇ | " | " | ਸਪੈਸ਼ਲ |
| ਮਲ ਸਿੰਘ | ਦੇਵਾ ਸਿੰਘ | ਮਾਣੂਕੇ | " | " | ਕੈਨੇਡਾ |
| ਮਲ ਸਿੰਘ | ਸੰਤਾ ਸਿੰਘ | ਮਾਣੂਕੇ | " | " | " |

ਭਾਈ ਕਰਤਾਰ ਸਿੰਘ ਪਿਤਾ ਸ: ਸਰੂਪ ਸਿੰਘ ਮਾਤਾ ਮੁਤਾਬ ਕੌਰ ਪਿੰਡ ਹੇਹਰ ਆਪ ਮੋਰਚਾ ਭਾਈ ਫੇਰੂ ਵਿਚ ਕੈਦ ਹੋਏ, ਮੋਰਚਾ ਫਤਹਿ ਹੋਣ ਤਕ ਜੇਲ੍ਹ ਵਿਚ ਰਹੇ।

ਭਾਈ ਸੁੰਦਰ ਸਿੰਘ ਪਿਤਾ ਸ: ਵਰਿਆਮ ਸਿੰਘ ਪਿੰਡ ਗੁੜੇ ਆਪ ਗੁਰੂ ਕੇ ਬਾਗ ਤੇ ਜੈਤੋ ਦੇ ਮੋਰਚੇ ਵਿਚ ਗਏ।

ਵਰਿਆਮ ਸਿੰਘ ਪਿਤਾ ਗੁਰਦਿਤ ਸਿੰਘ ਪਿੰਡ ਗੁੜੇ ਆਪ ਨੂੰ ਜੈਤੋ ਦੇ ਮੋਰਚੇ ਵਿਚ ੯ ਮਹੀਨੇ ਕੈਦ ਹੋਈ।

ਵਰਿਆਮ ਸਿੰਘ ਪਿਤਾ ਸ: ਕਾਹਨ ਸਿੰਘ ਪਿੰਡ ਗੁੜੇ ਆਪ ਜੈਤੋ ਦੇ ਮੋਰਚੇ ਵਿਚ ੯ ਮਹੀਨੇ ਕੈਦ ਹੋਈ।

ਭਾਈ ਸਰਵਨ ਸਿੰਘ ਪਿਤਾ ਵਰਿਆਮ ਸਿੰਘ ਪਿੰਡ ਗੁੜੇ ਆਪ ਨੂੰ ਜੈਤੋ ਦੇ ਮੋਰਚੇ ਵਿਚ ੩੦੦) ਰੁਪਏ ਜੁਰਮਾਨਾ ਹੋਇਆ।

ਸ: ਬੱਗਾ ਸਿੰਘ ਪਿਤਾ ਸ: ਫੀਨਾ ਸਿੰਘ ਪਿੰਡ ਗੁੜੇ ਟੋਪੀ ਨਾ ਪਹਿਨਣ ਤੇ ਨਾਮ ਕਟ ਦਿਤਾ ਗਿਆ ਤੇ ਜੈਤੋ ਦੇ ਮੋਰਚੇ ਵਿਚ ਗਏ।

ਮਾਸਟਰ ਦਸੌਂਧਾ ਸਿੰਘ ਪਿਤਾ ਸ: ਕਾਲਾ ਸਿੰਘ ਮਾਤਾ ਭੋਲੀ ਪਿੰਡ ਘੁਮਾਣ ਆਪ ਨੇ ਮੋਰਚਾ ਜੈਤੋ ਸਮੇਂ ਫੀਰੋਜ਼ਪੁਰ ਜੇਲ੍ਹ ਵਿਚ ੬ ਮਹੀਨੇ ਕੈਦ ਕੱਟੀ।

ਭਾਈ ਰਘਬੀਰ ਸਿੰਘ ਪਿਤਾ ਸ: ਮਹਿਤਾਬ ਸਿੰਘ ਮਾਤਾ ਜੀਉਣ ਕੌਰ ਪਿੰਡ ਘੁਮਾਣ ਆਪ ਮੋਰਚਾ ਜੈਤੋ ਵਿਚ ੨੫ ਸਿੰਘਾਂ ਦੇ ਜਥਿਆਂ ਨਾਲ ਤਿੰਨ ਵੇਰ ਗਏ। ਬਾਬਲ ਕਾਂਟੀ ਲਿਜਾ ਕੇ ਛੱਡੇ ਗਏ।

ਭਾਈ ਧਿਆਨ ਸਿੰਘ ਪਿਤਾ ਸ: ਅਮਰ ਸਿੰਘ ਮਾਤਾ ਕਾਹਨ ਕੌਰ ਪਿੰਡ ਘੁਮਾਣ ਆਪ ਨੂੰ ਮੋਰਚਾ ਜੈਤੋ ਵਿਚ ਮਾਰ ਕੁਟਾਈ ਤੋਂ ਬਾਦ ਬਾਬਲ ਕਾਂਟੀ ਲਿਜਾ ਕੇ ਛਡੇ ਗਏ।

ਸ: ਵਰਿਆਮ ਸਿੰਘ ਪਿਤਾ ਸ: ਗੁਰਦਿਤ ਸਿੰਘ ਪਿੰਡ ਘੁਮਾਣ ਆਪ ਮੋਰਚਾ ਜੈਤੋ ਵਿਚ ਗਏ ਤੇ ਬਾਬਲ ਕਾਂਟੀ ਲਿਜਾ ਕੇ ਛਡੇ ਗਏ।

Digitized by Panjab Digital Library | www.panjabdigilib.org

ਸ: ਹੀਰਾ ਸਿੰਘ ਪਿਤਾ ਸ: ਬਿਸ਼ਨ ਸਿੰਘ ਪਿੰਡ ਘੁਮਾਣ ਆਪ ਮੋਰਚਾ ਜੈਤੋ ਦੇ ੧੧ਵੇਂ ਸ਼ਹੀਦੀ ਜਥੇ ਵਿਚ ਗਏ ਤੇ ਮੋਰਚਾ ਫਤਹਿ ਹੋਣ ਤਕ ਨਾਭਾ ਬੀੜ ਵਿਚ ਰਹੇ।

ਭਾ: ਭਾਨ ਸਿੰਘ ਪਿਤਾ ਸ: ਗੁਲਾਬ ਸਿੰਘ ਮਾਤਾ ਜੀਉਣ ਕੌਰ ਪਿੰਡ ਮਲਕ ਆਪ ਤਰਨਤਾਰਨ ਦੇ ਮੋਰਚੇ ਵਿਚ ਗਏ ਤੇ ਮੌਜੂਦਾ ੧੯੪੭ ਦੇ ਘਲੂਘਾਰੇ ਵਿਚ ਪੰਥਕ ਪ੍ਰੋਗਰਾਮ ਪਿੰਡਾਂ ਵਿਚ ਪਹੁੰਚਾਇਆ।ਅਕਾਲੀ ਵਰਕਰ ਹਨ।

ਭਾ: ਕੇਹਰ ਸਿੰਘ ਪਿਤਾ ਸ: ਹਰਨਾਮਸਿੰਘ ਮਾਤਾ ਠਾਕਰੀ ਪਿੰਡ ਬੰਗਸੀ ਪੁਰਾ ਆਪ ਮੋਰਚਾ ਜੈਤੋ ਦੇ ਛੇਵੇਂ ਸ਼ਹੀਦੀ ਜੱਥੇ ਵਿਚ ਗਏ ਤੇ ੧੫ ਮਹੀਨੇ ਨਾਭਾ ਬੀੜ ਵਿਚ ਕੈਦ ਕੱਟੀ।

ਭਾ: ਹੀਰਾ ਸਿੰਘ ਪਿਤਾ ਸ: ਅਤਰ ਸਿੰਘ ਪਿੰਡ ਸਿਖ ਦੌਲਤ ਆਪ ਮੋਰਚਾ ਗੁਰੂ ਕਾ-ਬਾਗ ਮੁਕਤਸਰ ਵਿਚ ਗਏ। ਆਪ ਜੀ ਦਾ ਸਪੁਤ੍ਰ ਰਾਮ ਸਿੰਘ ਆਜ਼ਾਦ ਹਿੰਦ ਫੌਜ ਕਪਤਾਨ ਕੌਮ ਪਾਸ ਅਮਾਨਤ ਹਨ।

ਜੱਥੇਦਾਰ ਰੱਖਾ ਸਿੰਘ ਪਿਤਾ ਸ: ਚੜ੍ਹਤ ਸਿੰਘ ਮਾਤਾ ਰਤਨ ਕੌਰ ਪਿੰਡ ਜੱਸੋਵਾਲ (ਤੈ: ਜਗਰਾਓਂ) ਆਪ ੨੨-੨-੨੩ ਨੂੰ ੫੦੦ ਸਿੰਘਾਂ ਦਾ ਜੱਥਾ ਲੈ ਕੇ ਭਾ: ਫੇਰੂ ਪੁਜੇ ਤੇ ਸਾਰੇ ਜੱਥੇ ਨੂੰ ਦੋ ਦੋ ਸਾਲ ਕੈਦ ਤੇ ਪੰਜ ਪੰਜ ਸੌ ਰੁਪਿਆ ਜੁਰਮਾਨਾ ਹੋਇਆ।

ਜੱਥੇਦਾਰ ਭਾ: ਬਦਨ ਸਿੰਘ ਪਿਤਾ ਸ: ਬਿਸ਼ਨ ਸਿੰਘ ਮਾਤਾ ਦਯਾ ਕੌਰ ਪਿੰਡ ਜੱਸੋਵਾਲ (ਤਹਿਸੀਲ ਜਗਰਾਓਂ) ਆਪ ੨੨-੨-੨੩ ਨੂੰ ੫੦੦ ਸਿੰਘਾਂ ਦਾ ਜੱਥਾ ਲੈ ਕੇ ਮੋਰਚਾ ਭਾ: ਫੇਰੂ ਪੁਜੇ ਤੇ ਸਾਰੇ ਜੱਥੇ ਨੂੰ ਦੋ ਦੋ ਸਾਲ ਕੈਦ ਤੇ ਪੰਜ ਪੰਜ ਸੌ ਰੁਪਿਆ ਜੁਰਮਾਨਾ ਹੋਇਆ।

ਜੱਥੇਦਾਰ ਇੰਦਰ ਸਿੰਘ ਪਿੰਡ ਜੱਸੋਵਾਲ ਆਪ ਸ਼ਬਦ ਕੀਰਤਨ ਕਰਦੇ ਦੀਵਾਨ ਵਿਚੋਂ ਗ੍ਰਿਫ਼ਤਾਰ ਹੋਏ। ਅਕਾਲੀ ਲਹਿਰ ਦੇ ਸਬੰਧ ਵਿਚ ਆਪ ਜੀ ਨੇ ਚਾਬੀਆਂ ਦੇ ਮੋਰਚੇ ਵਿਚ ਵੀ ਹਿੱਸਾ ਲਿਆ।

ਭਾ: ਕਰਤਾਰ ਸਿੰਘ ਪਿਤਾ ਸ: ਚਤਰ ਸਿੰਘ ਪਿੰਡ ਜੱਸੋਵਾਲ ਆਪ ਜੀ ਨੇ ਅਕਾਲੀ ਲਹਿਰ ਵਿਚ, ਮੁਕਤਸਰ ਤੇ ਭਾ: ਫੇਰੂ ਦੇ ਮੋਰਚਿਆਂ ਵਿਚ ਹਿੱਸਾ ਲਿਆ। ਆਪ ਜੀ ਨੂੰ ਦੋ ਸਾਲ ਕੈਦ ਸਖਤ ਤੇ ੨੦੦ ਰੁਪਿਆ ਜੁਰਮਾਨਾ ਹੋਇਆ।

ਭਾ: ਸ਼ਾਮ ਸਿੰਘ ਪਿੰਡ ਜੱਸੋਵਾਲ ਆਪ ਜੀ ਨੇ ਅਕਾਲੀ ਲਹਿਰ ਵਿਚ, ਮੁਕਤਸਰ ਤੇ ਭਾ: ਫੇਰੂ ਦੇ ਮੋਰਚਿਆਂ ਵਿਚ ਹਿੱਸਾ ਲਿਆ। ਆਪ ਜੀ ਨੂੰ ਦੋ ਸਾਲ ਕੈਦ ਸਖਤ ਤੇ ੨੦੦ ਰੁਪਿਆ ਜੁਰਮਾਨਾ ਹੋਇਆ।

ਭਾ: ਅਜਾਇਬ ਸਿੰਘ ਸਿੱਖ ਮਿਸ਼ਨਰੀ ਬੀ.ਐਸ.ਡੀ ਪਿਤਾ ਸ: ਵਜ਼ੀਰ ਸਿੰਘ ਪਿੰਡ ਜੱਸੋ-ਵਾਲ ਆਪ ਜੀ ਮੋਰਚਾ ਭਾ: ਫੇਰੂ ਵਿਚ ਗਏ ਤੇ ਇਕ ਸਾਲ ਡੇਢ ਮਹੀਨਾ ਕੈਦ ਤੇ ਜੁਰਮਾਨਾ ਭੀ ਹੋਇਆ।

ਭਾਈ ਗੁਜਰ ਸਿੰਘ ਪਿਤਾ ਸ: ਪ੍ਰੇਮ ਸਿੰਘ ਮਾਤਾ ਕਿਸ਼ਨ ਕੌਰ ਪਿੰਡ ਐਤੀਆਣਾ ਆਪ ਨਾਭੇ ਬਾਰੇ ਲੁਧਿਆਣੇ ਵਿਚ ਇਸ਼ਤਿਹਾਰ ਵੰਡਦੇ ਫੜੇ ਗਏ। ਆਪ ਨੂੰ ਇਕ ਸਾਲ ਕੈਮਲ ਪੁਰ ਜੇਲ੍ਹ ਵਿਚ ਕੈਦ ਹੋਈ।

ਭਾਈ ਹਜ਼ਾਰਾ ਸਿੰਘ ਪਿਤਾ ਸ: ਵਜ਼ੀਰ ਸਿੰਘ ਪਿੰਡ ਐਤੀਆਣਾ ਆਪ ਮੋਰਚਾ ਜੈਤੋ ਵਿਚ ਚੌਥੇ ਜਥੇ ਨਾਲ ਗਏ, ਕਾਫੀ ਮਾਰ ਕੁਟ ਨਾਲ ਨਾਭਾ ਬੀੜ ਵਿਚ ਸ਼ਹੀਦ ਹੋ ਗਏ।

Digitized by Panjab Digital Library | www.panjabdigilib.org

ਭਾਈ ਸੋਹਣ ਸਿੰਘ ਪਿਤਾ ਸ: ਚੰਨਣ ਸਿੰਘ ਮਾਤਾ ਮਹਾਂ ਕੌਰ ਪਿੰਡ ਰਾਜੋਆਣਾ ਛੋਟਾ ਆਪ ਮੋਰਚਾ ਜੈਤੋ ਵਿਚ ਗਏ ਤੇ ੧੦ ਮਹੀਨੇ ਨਾਭਾ ਬੀੜ ਵਿਚ ਕੈਦ ਕਟੀ ।

ਭਾਈ ਰਾਮ ਸਿੰਘ ਪਿਤਾ ਸ: ਸੁੰਦਰ ਸਿੰਘ ਪਿੰਡ ਰਾਜੋਆਣਾ ਛੋਟਾ ਆਪ ਮੋਰਚਾ ਜੈਤੋ ਵਿਚ ਗਏ ਤੇ ਦੋ ਸਾਲ ਕੈਦ ਹੋਈ ।

ਭਾਈ ਧਰਮ ਸਿੰਘ ਪਿਤਾ ਸ: ਸ਼ਾਮ ਸਿੰਘ ਪਿੰਡ ਰਾਜੋਆਣਾ ਕਲਾਂ ਆਪ ਮੋਰਚਾ ਜੈਤੋ ਵਿਚ ਗਏ ਤੇ ਦੋ ਸਾਲ ਕੈਦ ਕਟੀ ।

ਭਾਈ ਲਾਲ ਸਿੰਘ ਪਿਤਾ ਸ: ਅਤਰ ਸਿੰਘ ਪਿੰਡ ਰਾਜੋਆਣਾ ਆਪ ਮੋਰਚਾ ਜੈਤੋ ਵਿਚ ਗਏ ਤੇ ੧੦ ਮਹੀਨੇ ਨਾਭਾ ਬੀੜ ਵਿਚ ਕੈਦ ਕਟੀ ।

ਭਾਈ ਸ਼ੇਰ ਸਿੰਘ ਪਿਤਾ ਸ: ਸ਼ਾਮ ਸਿੰਘ ਪਿੰਡ ਰਾਜੋਆਣਾ ਕਲਾਂ ਆਪ ਮੋਰਚਾ ਜੈਤੋ ਵਿਚ ਗਏ ਤੇ ਦੋ ਸਾਲ ਕੈਦ ਕਟੀ ।

ਭਾਈ ਨਿਹਾਲ ਸਿੰਘ ਪਿਤਾ ਸ: ਚੰਦਾ ਸਿੰਘ ਪਿੰਡ ਰਾਜੋਆਣਾ ਕਲਾਂ ਆਪ ਮੋਰਚਾ ਜੈਤੋ ਵਿਚ ਗਏ ਤੇ ਦੋ ਸਾਲ ਕੈਦ ਕਟੀ ।

ਭਾਈ ਆਤਮਾ ਸਿੰਘ ਪਿਤਾ ਸ: ਚੰਦਾ ਸਿੰਘ ਪਿੰਡ ਰਾਜੋਆਣਾ ਆਪ ਮੋਰਚਾ ਜੈਤੋ ਵਿਚ ਗਏ ਤੇ ੪ ਮਹੀਨੇ ਕੈਦ ਨਾਭਾ ਬੀੜ ਵਿਚ ਹੋਈ ਤੇ ਫੇਰੂ ਵਿਚ ੬ ਮਹੀਨੇ ਕੈਦ ਕਟੀ ।

ਭਾਈ ਤ੍ਰਲੋਕ ਸਿੰਘ ਪਿਤਾ ਸ: ਅਤਰ ਸਿੰਘ ਪਿੰਡ ਰਾਜੋਆਣਾ ਕਲਾਂ ਆਪ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਵਿਚ ਗਏ ਤੇ ੪ ਮਹੀਨੇ ਨਾਭਾ ਬੀੜ ਵਿਚ ਕੈਦ ਕਟੀ । ਆਪ ਭਾਈ ਫੇਰੂ ਵਿਚ ਗਏ ਤੇ ੬ ਮਹੀਨੇ ਮੁਲਤਾਨ ਜੇਲ੍ਹ ਵਿਚ ਕੈਦ ਕਟੀ ।

ਭਾ: ਆਸਾ ਸਿੰਘ ਪਿਤਾ ਸ: ਬਿਸ਼ਨ ਸਿੰਘ ਮਾਤਾ ਰਤਨ ਕੌਰ ਪਿੰਡ ਰਾਜੋਆਣਾ ਕਲਾਂ ਆਪ ਜੈਤੋ ਵਿਚ ੧੪ਵੇਂ ਸ਼ਹੀਦੀ ਜਥੇ ਵਿਚ ਗਏ ਤੇ ੫ ਮਹੀਨੇ ਨਾਭਾ ਬੀੜ ਵਿਚ ਕੈਦ ਕਟੀ । ਆਪ ਭਾਈ ਫੇਰੂ ਵਿਚ ਗਏ ਤੇ ੬ ਮਹੀਨੇ ਮੁਲਤਾਨ ਜੇਲ੍ਹ ਵਿਚ ਕੈਦ ਕਟੀ ।

ਭਾਈ ਫਤਿਹ ਸਿੰਘ ਪਿਤਾ ਸ: ਰਾਮ ਸਿੰਘ ਮਾਤਾ ਅਤਰ ਕੌਰ ਪਿੰਡ ਸੂਜਾ ਪੁਰ ਆਪ ਮੋਰਚਾ ਜੈਤੋ ਵਿਚ ੧੧ਵੇਂ ਸ਼ਹੀਦੀ ਜਥੇ ਨਾਲ ਗਏ ਤੇ ਬਹੁਤ ਤਕਲੀਫਾਂ ਸਹਾਰੀਆਂ ।

ਭਾਈ ਫੁਮਣ ਸਿੰਘ ਪਿਤਾ ਸ: ਸਾਹਿਬ ਸਿੰਘ ਪਿੰਡ ਸੂਜਾ ਪੁਰ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਦੋ ਸਾਲ ਕੈਮਲ ਪੁਰ ਜੇਲ੍ਹ ਵਿਚ ਕੈਦ ਕਟੀ ।

ਭਾਈ ਮਹੇਸ਼ਰਾ ਸਿੰਘ ਪਿਤਾ ਸ: ਕਿਸ਼ਨ ਸਿੰਘ ਪਿੰਡ ਸੂਜਾ ਪੁਰ ਆਪ ਮੋਰਚਾ ਜੈਤੋ ਵਿਚ ਗਏ ਤੇ ਮਾਰ ਖਾਧੀ, ਮਾਰ ਕੁਟ ਪਿਛੋਂ ਬਾਬਲ ਕਾਂਟੀ ਜਾ ਕੇ ਛਡੇ ਗਏ ।

ਭਾਈ ਮਘਰ ਸਿੰਘ ਪਿਤਾ ਸ: ਸੋਭਾ ਸਿੰਘ ਮਾਤਾ ਭੋਲੀ ਪਿੰਡ ਸਿਧਵਾਂਬੇਟ ਆਪ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ।

ਭਾਈ ਮੇਹਰ ਸਿੰਘ ਪਿਤਾ ਸ: ਨਰੈਣ ਸਿੰਘ ਮਾਤਾ ਮਹਾਂ ਕੌਰ ਪਿੰਡ ਸਿਧਵਾਂਬੇਟ ਆਪ ਮੋਰਚਾ ਜੈਤੋ ਵਿਚ ਪੰਜਵੇਂ ਸ਼ਹੀਦੀ ਜਥੇ ਵਿਚ ਗਏ, ੧੪ ਦਿਨ ਭੁਖ ਹੜਤਾਲ ਕੀਤੀ ਰਖੀ ਪਰ ਕ੍ਰਿਪਾਨ ਨਹੀਂ ਛਡੀ ।

ਭਾਈ ਜਗਤ ਸਿੰਘ ਪਿੰਡ ਸਿਧਵਾਂ ਬੇਟ ਆਪ ਅਕਾਲੀ ਵਰਕਰ ਤੇ ਭਜਨੀਕ ਗੁਰਮੁਖ ਸਨ । ਆਪ ਸ੍ਰੀ ਨਨਕਾਣਾ ਸਾਹਿਬ ਗਏ ਤੇ ਦੋ ਮਹੀਨੇ ਸੇਵਾ ਕੀਤਾ । ੧੯੪੭ ਦੇ ਘਲੂਘਾਰੇ ਵਿਚ ਲੋਹਟ ਬਦੀ ਵਿਖੇ ਅੰਮ੍ਰਿਤ ਪ੍ਰਚਾਰ ਕੀਤਾ ।

Digitized by Panjab Digital Library | www.panjabdigilib.org

ਭਾਈ ਕਰਤਾਰ ਸਿੰਘ ਪਿਤਾ ਸ: ਭੋਲਾ ਸਿੰਘ ਪਿੰਡ ਲੰਮੇ ਆਪ ਜੈਤੋ ਦੇ ਮੋਰਚੇ ਵਿਚ ਗਏ ।

ਭਾਈ ਭਾਨ ਸਿੰਘ ਉਰਫ ਇੰਦਰ ਸਿੰਘ ਪਿਤਾ ਸ: ਮਹਿਮਾ ਸਿੰਘ ਪਿੰਡ ਲੰਮੇ ਆਪ ਜੈਤੋ ਦੇ ਮੋਰਚੇ ਵਿਚ ਗਏ ।

ਭਾਈ ਬਿਸ਼ਨ ਸਿੰਘ ਕੈਨੇਡੀਅਨ ਪਿੰਡ ਲੰਮੇ ਆਪ ਜੈਤੋ ਦੇ ਮੋਰਚੇ ਵਿਚ ਗਏ ।

ਗੁਰੂ ਦਸਮੇਸ਼ ਨੂੰ ਔਸਰ ਝੋਟੀਆਂ ਦਾ ਦੁਧ ਪਿਲਾਉਣ ਵਾਲਾ ਮਾਹੀ ਏਸੇ ਪਿੰਡ ਦਾ ਸੀ, ਇਥੇ ਹੀ ਸਾਹਿਬਜ਼ਾਦਿਆਂ ਦੀ ਖ਼ਬਰ ਪੁਜੀ ਤੇ ਕਾਹੀ ਦਾ ਬੂਟਾ ਪੁਟ ਕੇ ਗੁਰੂ ਜੀ ਨੇ ਜ਼ਾਲਮਾਂ ਦੀ ਜੜ੍ਹ ਪੁਟੀ ।

ਭਾਈ ਈਸ਼ਰ ਸਿੰਘ ਪਿਤਾ ਸ: ਨਰੈਣ ਸਿੰਘ ਮਾਤਾ ਧਨ ਕੌਰ ਪਿੰਡ ਕਮਾਲਪੁਰਾ ਆਪ ਮੋਰਚਾ ਜੈਤੋ ਦੇ ਤੀਜੇ ਸ਼ਹੀਦੀ ਜਥੇ ਵਿਚ ਗਏ ਤੇ ਤਕਲੀਫਾਂ ਸਹੀਆਂ ।

ਭਾਈ ਸੰਤਾ ਸਿੰਘ ਪਿਤਾ ਸ: ਸੇਵਾ ਸਿੰਘ ਮਾਤਾ ਹਰ ਕੌਰ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਪੰਥ ਦੀ ਸੇਵਾ ਕੀਤੀ ।

ਸ: ਸੁਚਾ ਸਿੰਘ ਪਿਤਾ ਸ: ਲਾਲ ਸਿੰਘ ਪਿੰਡ ਕਮਾਲਪੁਰਾ ਆਪ ਮੋਰਚਾ ਭਾਈ ਫੇਰੂ ਗਏ ।

ਭਾ: ਠਾਕਰ ਹਿੰਘ ਪਿਤਾ ਸ: ਮੋਦਨ ਸਿੰਘ ਪਿੰਡ ਕਮਾਲਪੁਰਾ ਆਪ ਮੋਰਚਾ ਜੈਤੋ ਦੇ ਪਹਿਲੇ ਸ਼ਹੀਦੀ ਜਥੇ ਵਿਚ ਗਏ ਤੇ ਦੋ ਸਾਲ ਕੈਦ ਕੱਟੀ ।

ਭਾ: ਹਜ਼ੂਰਾ ਸਿੰਘ ਪਿਤਾ ਸ: ਦਿਆਲ ਸਿੰਘ ਮਾਤਾ ਭਾਨ ਕੌਰ ਆਪ ਮੋਰਚਾ ਜੈਤੋ ਦੇ ੧੧ਵੇਂ ਸ਼ਹੀਦੀ ਜਥੇ ਵਿਚ ਗਏ । ਆਪ ਜੀ ਦਾ ਦਾਦਾ ਸ: ਗੁਲਾਬ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦਾ ਹੌਲਦਾਰ ਸੀ ਤੇ ਪੈਨਸ਼ਨ ਲੈ ਕੇ ਆਇਆ ਸੀ । ਇਹਨਾਂ ਦਾ ਬਾਪ ਅਮਰੀਕਾ ਦੀ ਗਦਰ ਪਾਰਟੀ ਦਾ ਮੈਂਬਰ ਸੀ ।

ਸ: ਨੱਥਾ ਸਿੰਘ ਪਿਤਾ ਸ: ਵਜ਼ੀਰ ਸਿੰਘ ਮਾਤਾ ਭੋਲੀ ਪਿੰਡ ਕਮਾਲਪੁਰਾ ਆਪ ਜੈਤੋ ਦੇ ਮੋਰਚੇ ਵਿਚ ਦੂਜੇ ਜਥੇ ਨਾਲ ਗਏ ।

ਭਾਈ ਮਲ ਸਿੰਘ ਪਿਤਾ ਸ: ਚੰਦਾ ਸਿੰਘ ਮਾਤਾ ਰਾਮ ਕੌਰ ਪਿੰਡ ਕਮਾਲਪੁਰਾ ਆਪ ਜੈਤੋ ਦੇ ਮੋਰਚੇ ਵਿਚ ਦੂਜੇ ਸ਼ਹੀਦੀ ਜਥੇ ਨਾਲ ਗਏ ।

ਭਾਈ ਸ਼ਾਮ ਸਿੰਘ ਪਿਤਾ ਸ: ਸਦਾ ਸਿੰਘ ਮਾਤਾ ਜੀਉਣ ਕੌਰ ਪਿੰਡ ਚੱਕਰ ਆਪ ਮੋਰਚਾ ਜੈਤੋ ਦੇ ੧੧ਵੇਂ ਸ਼ਹੀਦੀ ਜਥੇ ਵਿਚ ਗਏ, ਕਾਫੀ ਤਕਲੀਫਾਂ ਸਹਾਰੀਆਂ, ਮੋਰਚਾ ਫ਼ਤਿਹ ਹੋਣ ਤਕ ਨਾਭਾ ਬੀੜ ਵਿਚ ਰਹੇ ।

ਭਾਈ ਸਰਮੁਖ ਸਿੰਘ ਪਿਤਾ ਸ: ਭੋਲਾ ਸਿੰਘ ਮਾਤਾ ਇੰਦ ਕੌਰ ਪਿੰਡ ਚਕਰ ਆਪ ਮੋਰਚਾ ਜੈਤੋ ਦੇ ੧੧ਵੇਂ ਸ਼ਹੀਦੀ ਜਥੇ ਵਿਚ ਗਏ, ਕਾਫੀ ਤਕਲੀਫ਼ਾਂ ਸਹਾਰੀਆਂ, ਮੋਰਚਾ ਫਤਹਿ ਹੋਣ ਤਕ ਨਾਭਾ ਬੀੜ ਵਿਚ ਰਹੇ ।

ਭਾਈ ਚੰਨਣ ਸਿੰਘ ਪਿਤਾ ਸ: ਨਿਧਾਨ ਸਿੰਘ ਮਾਤਾ ਅਤਰ ਕੌਰ ਪਿੰਡ ਚਕਰ ਆਪ ਮੋਰਚਾ ਜੈਤੋ ਵਿਚ ਗਏ ਤੇ ਕਾਫੀ ਤਕਲੀਫਾਂ ਸਹਾਰੀਆਂ ।

ਭਾਈ ਸੁਚਾ ਸਿੰਘ ਪਿਤਾ ਸ: ਗੁਰਮੁਖ ਸਿੰਘ ਮਾਤਾ ਰੂੜ ਕੌਰ ਪਿੰਡ ਚਕਰ ਆਪ ਮੋਰਚਾ ਜੈਤੋ ਵਿਚ ਗਏ ਤੇ ਕਾਫੀ ਤਕਲੀਫਾਂ ਸਹਾਰੀਆਂ ।

ਭਾਈ ਨਰੈਣ ਸਿੰਘ ਨਿਹੰਗ ਪਿੰਡ ਚਕਰ ਆਪ ਮੋਰਚਾ ਜੈਤੋ ਵਿਚ ਬਰਮਾ ਵਾਲੇ ਜਥੇ

Digitized by Panjab Digital Library | www.panjabdigilib.org

ਨਾਲ ਗਏ ਸਨ ।

ਸੰਤ ਈਸ਼ਰ ਸਿੰਘ ਪਿਤਾ ਸ: ਰਤਨ ਸਿੰਘ ਮਾਤਾ ਇੰਦ ਕੌਰ ਪਿੰਡ ਚਕਰ ਆਪ ਮੋਰਚਾ ਜੈਤੋ ਵਿਚ ੧੧ਵੇਂ ਸ਼ਹੀਦੀ ਜਥੇ ਵਿਚ ਗਏ ।

ਡਾ: ਅਰਜਨ ਸਿੰਘ ਜੀ ਡਾਕਟਰ ਪਿਤਾ ਸ: ਕਰਮ ਸਿੰਘ ਮਾਤਾ ਇੰਦ ਕੌਰ ਪਿੰਡ ਸਿੰਘ ਆਖ ਮੋਰਚਾ ਜੈਤੋ ਵਿਚ ਗਏ ਤੇ ੧ ਸਾਲ ੧੧ ਮਹੀਨੇ ਕੈਦ ਹੋਈ । ਆਪ ਗਿਆਨੀ ਸੁੰਦਰ ਲੰਮੇਂ ਜੀ ਭਿੰਡਰਾਂ ਵਾਲਿਆਂ ਦੇ ਸਾਥੀਆਂ ਵਿਚੋਂ ਹਨ ।

ਨੋਟ:—ਭਾਈ ਅਰਜਨ ਸਿੰਘ ਡਾਕਟਰ ਦਾ ਹਲਫੀਆ ਬਿਆਨ ਅਖੀਂ ਵੇਖੀ ਝਾਕੀ ।

"ਇਕ ਦਿਨ ਸ਼ਾਮ ਦੇ ਚਾਰ ਵਜੇ ਬਹੁਤ ਸਾਰੇ ਕਾਵਾਂ ਦੇ ਝੁੰਡ ਵਿਚੋਂ ਗੁਰੂ ਸਾਹਿਬ ਦੇ ਬਾਜ਼ ਨੇ ਦਰਸ਼ਨ ਦਿਤੇ । ਬਾਜ਼ ਦੀਆਂ ਕਿਰਨਾਂ ਦੇ ਪਰਵਾਰ ਦੇ ਅੰਦਰ ਕੋਈ ਪੱਖ ਨਹੀਂ ਸੀ ਆਉਂਦਾ । ਦਰਸ਼ਨ ਕਰਕੇ ਸਿੰਘਾਂ ਨੇ ਜੈਕਾਰੇ ਛਡੇ, ਅਰਦਾਸਾ ਕੀਤਾ ਕਿ ਬਾਜ਼ ਜੇ ਗੁਰੂ ਕਾ ਹੈ ਤਾਂ ਸਾਡੀ ਨਾਭਾ ਜੇਲ੍ਹ ਵਿਚ ਬੈਠ ਕੇ ਦਰਸ਼ਨ ਦੇਵੇ। ਪਰ ਲੱਕੜਾਂ ਦੇ ਟਾਲ ਕੋਲ ਇਕ ਕਿੱਕਰ ਖੜੀ ਸੀ, ਜੋ ਸੁਕੀ ਸੀ, ਉਸ ਦੇ ਉਪਰ ਬੈਠ ਕੇ ਬਾਜ਼ ਨੇ ਖੁਲ੍ਹੇ ਦਰਸ਼ਨ ਦਿਤੇ । ਸਿੰਘਾਂ ਨੇ ਇਸ ਖੁਸ਼ੀ ਵਿਚ ਜੈਕਾਰਿਆਂ ਨਾਲ ਆਸਮਾਨ ਗੁੰਜਾ ਦਿਤਾ ਤੇ ਕਈ ਕਮਜ਼ੋਰਾਂ ਦੇ ਹੌਂਸਲੇ ਪਕੇ ਹੋ ਗਏ। ਏਸ ਤਰ੍ਹਾਂ ਕਈ ਦਿਨ ਦਰਸ਼ਨ ਹੁੰਦੇ ਰਹੇ। ਜੇਲ੍ਹ ਨੰ: ੬ ਵਿਚ ੫੦੦੦ ਸ਼ਹੀਦ ਸਿੰਘਾਂ ਨੂੰ ਕਈ ਕਈ ਦਿਨ ਖੁਲ੍ਹੇ ਦਰਸ਼ਨ ਹੁੰਦੇ ਰਹੇ ਸਨ ।"

ਭਾਈ ਪਾਲਾ ਸਿੰਘ ਪਿਤਾ ਸ: ਵਰਿਆਮ ਸਿੰਘ ਮਾਤਾ ਗੁਰਨੰਦ ਕੌਰ ਪਿੰਡ ਚਕਰ ਆਪ ਮੋਰਚਾ ਜੈਤੋ ਵਿਚ ੧੧ਵੇਂ ਸ਼ਹੀਦੀ ਜਥੇ ਵਿਚ ਗਏ ।

ਭਾਈ ਗੁਰਦਿਤ ਸਿੰਘ ਪਿਤਾ ਸ: ਰਲਾ ਸਿੰਘ ਮਾਤਾ ਮਾਨ ਕੌਰ ਪਿੰਡ ਜਸੋਵਾਲ ਆਪ ਮੋਰਚਾ ਜੈਤੋ ਵਿਚ ਪਹਿਲੇ ਸ਼ਹੀਦੀ ਜਥੇ ਵਿਚ ਗਏ ਤੇ ਬਾਬਲ ਦੇ ਕਿਲੇ ਤੇ ਨਾਭਾ ਬੀੜ ਵਿਚ ੧ ਸਾਲ ਕੈਦ ਕਟੀ ।

ਭਾਈ ਅਜਾਇਬ ਸਿੰਘ ਪਿਤਾ ਸ: ਵਜ਼ੀਰ ਸਿੰਘ ਮਾਤਾ ਬੱਸੋ ਪਿੰਡ ਜਸੋਵਾਲ ਆਪ ਨੂੰ ਭਾਈ ਫੇਰੂ ਦੇ ਮੋਰਚੇ ਵਿਚ ੧ ਸਾਲ ਕੈਦ ਹੋਈ । ਕਾਂਗਰਸ ਵਿਚ ੬ ਮਹੀਨੇ ਕੈਦ ।

ਭਾਈ ਸ਼ਾਮ ਸਿੰਘ ਪਿਤਾ ਸ: ਹੀਰਾ ਸਿੰਘ ਮਾਤਾ ਸ਼ਾਮ ਕੌਰ ਪਿੰਡ ਜਸੋਵਾਲ ਆਪ ਮੋਰਚਾ ਜੈਤੋ ਵਿਚ ਗਏ, ੫੦੦ ਰੁਪਿਆ ਜੁਰਮਾਨਾ ਹੋਇਆ, ਜੁਰਮਾਨਾ ਨਾ ਦੇ ਸਕਣ ਤੇ ਘਰ ਦਾ ਸਾਮਾਨ ਨੀਲਾਮ ਕਰਕੇ ਵਸੂਲਿਆ ਗਿਆ ।

ਭਾਈ ਸੰਤਾ ਸਿੰਘ ਪਿਤਾ ਸ: ਰਲਾ ਸਿੰਘ ਪਿੰਡ ਜਸੋਵਾਲ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ੬ ਮਹੀਨੇ ਮੁਲਤਾਨ ਜੇਲ੍ਹ ਵਿਚ ਕੈਦ ਕਟੀ ।

ਭਾਈ ਅਰਜਨ ਸਿੰਘ ਪਿਤਾ ਸ: ਹਰਨਾਮ ਸਿੰਘ ਪਿੰਡ ਜਸੋਵਾਲ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਤਿੰਨ ਮਹੀਨੇ ਕੈਦ ਕਟੀ ।

ਭਾਈ ਇੰਦਰ ਸਿੰਘ ਪਿਤਾ ਸ: ਜਵਾਹਰ ਸਿੰਘ ਪਿੰਡ ਜਸੋਵਾਲ ਆਪ ਮੋਰਚਾ ਜੈਤੋ ਵਿਚ ਗਏ ਤੇ ਬਾਬਲ ਕਾਂਟੀ ਜਾ ਕੇ ਛਡੇ ਗਏ। ਆਪ ਮੋਰਚਾ ਭਾਈ ਫੇਰੂ ਵਿਚ ਵੀ ਗਏ ।

ਭਾਈ ਸੰਤਾ ਸਿੰਘ ਪਿਤਾ ਸ: ਰਾਮ ਸਿੰਘ ਮਾਤਾ ਰੂਪ ਕੌਰ ਪਿੰਡ ਜਸੋਵਾਲ ਆਪ ਜਥੇਦਾਰ ਸ਼ਾਮ ਸਿੰਘ ਜੀ ਨਾਲ ਚਾਬੀਆਂ ਦੇ ਮਾਮਲੇ ਵਿਚ ਅੰਮ੍ਰਿਤਸਰ ਗਏ ।

ਭਾਈ ਦੇਵਾ ਸਿੰਘ ਪਿੰਡ ਜਸੋਵਾਲ ਆਪ ਜਥੇਦਾਰ ਸ਼ਾਮ ਸਿੰਘ ਜੀ ਨਾਲ ਚਾਬੀਆਂ ਦੇ

Digitized by Panjab Digital Library | www.panjabdigilib.org

ਮੁਆਮਲੇ ਵਿਚ ਅੰਮ੍ਰਿਤਸਰ ਗਏ।

ਜਥੇਦਾਰ ਇੰਦਰ ਪਿੰਡ ਜੱਸੋਵਾਲ ਸ਼ਬਦ ਕੀਰਤਨ ਕਰਦੇ ਹੋਏ ਗ੍ਰਿਫਤਾਰ ਹੋਏ।

ਭਾਈ ਕਰਤਾਰ ਸਿੰਘ ਪਿਤਾ ਸ: ਚਤਰ ਸਿੰਘ ਪਿੰਡ ਜਸੋਵਾਲ ਆਪ ਮੋਰਚਾ ਭਾਈ ਫੇਰੂ ਤੇ ਮੁਕਤਸਰ ਵਿਚ ਜਾ ਕੇ ਕੈਦ ਹੋਏ। ਮੈਜਿਸਟਰੇਟ ਵਲੋਂ ਆਪ ਪਾਸੋਂ ਬਿਆਨ ਪੁਛਣ ਤੇ ਆਪ ਨੇ ਕਿਹਾ ਕਿ ਏਥੇ ਇਨਸਾਫ ਨਹੀਂ, ਇਸ ਲਈ ਬਿਆਨ ਦੇਣਾ ਫਜ਼ੂਲ ਹੈ।

ਭਾਈ ਸ਼ਾਮ ਸਿੰਘ ਪਿੰਡ ਜਸੋਵਾਲ ਆਪ ਮੋਰਚਾ ਮੁਕਤਸਰ, ਜੈਤੋ ਤੇ ਭਾਈ ਫੇਰੂ ਵਿਚ ਗਏ।

ਭਾ: ਮਹਿਮਾ ਸਿੰਘ ਪਿਤਾ ਦਲੇਲ ਸਿੰਘ ਪਿੰਡ ਜਸੋਵਾਲ ਕਲਾਰ ਆਪ ਨੂੰ ਮੋਰਚਾ ਗੁਰੂ ਕੇ ਬਾਗ ਵਿਚ ਡੇਢ ਸਾਲ ਕੈਦ ਤੇ ੫੦੦ ਰੁਪਏ ਜੁਰਮਾਨਾ ਹੋਇਆ।

ਭਾਈ ਕਰਮ ਸਿੰਘ ਪਿਤਾ ਸ: ਸੰਤ ਸਿੰਘ ਪਿੰਡ ਜਸੋਵਾਲ ਕਲਾਰ ਆਪ ਮੋਰਚਾ ਗੁਰੂ ਕੇ ਬਾਗ ਭਾਈ ਫੇਰੂ ਤੇ ਜੈਤੋ ਵਿਚ ਗਏ।

ਭਾਈ ਤੇਜਾ ਸਿੰਘ ਪਿਤਾ ਟਹਿਲ ਸਿੰਘ ਮਾਤਾ ਹਰ ਕੌਰ ਪਿੰਡ ਦੇਹੜ ਕੇ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਅਰਜਨ ਸਿੰਘ ਪਿਤਾ ਤਾਰਾ ਸਿੰਘ ਮਾਤਾ ਬਿਸ਼ਨ ਕੌਰ ਪਿੰਡ ਦੇਹੜ ਕੇ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਨਾਜ਼ਰ ਸਿੰਘ ਪਿਤਾ ਤਾਰਾ ਸਿੰਘ ਮਾਤਾ ਬਿਸ਼ਨ ਕੌਰ ਪਿੰਡ ਦੇਹੜ ਕੇ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਤਾਰਾ ਸਿੰਘ ਪਿਤਾ ਸਹੇਲ ਸਿੰਘ ਮਾਤਾ ਅਤਰ ਕੌਰ ਪਿੰਡ ਦੇਹੜ ਕੇ ਆਪ ਮੋਰਚਾ ਮੁਕਤਸਰ ਤੇ ਭਾਈ ਫੇਰੂ ਵਿਚ ਗਏ।

ਭਾਈ ਭਗਤ ਸਿੰਘ ਪਿਤਾ ਸ: ਧੰਨਾ ਸਿੰਘ ਪਿੰਡ ਦੇਹੜ ਕੇ ਆਪ ਭੀ ਮੋਰਚਾ ਮੁਕਤਸਰ ਤੇ ਭਾਈ ਫੇਰੂ ਵਿਚ ਗਏ।

ਭਾਈ ਜੋਗਿੰਦਰ ਸਿੰਘ ਪਿਤਾ ਰੂੜ ਸਿੰਘ ਮਾਤਾ ਭੋਲੀ ਜੀ ਪਿੰਡ ਦੇਹੜ ਕੇ ਆਪ ਮੋਰਚਾ ਮੁਕਤਸਰ ਤੇ ਭਾਈ ਫੇਰੂ ਵਿਚ ਗਏ।

ਭਾਈ ਸੁਚਾ ਸਿੰਘ ਪਿਤਾ ਸ: ਜਿਊਣ ਸਿੰਘ ਮਾਤਾ ਸੋਭ ਕੌਰ ਪਿੰਡ ਦੇਹੜ ਕੇ ਆਪ ਮੋਰਚਾ ਮੁਕਤਸਰ ਤੇ ਭਾਈ ਫੇਰੂ ਵਿਚ ਗਏ।

ਭਾਈ ਧਰਮ ਸਿੰਘ ਪਿਤਾ ਅਲਬੇਲ ਸਿੰਘ ਮਾਤਾ ਪਰਧਾਨ ਕੌਰ ਪਿੰਡ ਦੇਹੜ ਕੇ ਆਪ ਮੋਰਚਾ ਮੁਕਤਸਰ ਤੇ ਭਾਈ ਫੇਰੂ ਵਿਚ ਗਏ।

ਭਾਈ ਠਾਕਰ ਸਿੰਘ ਪਿਤਾ ਸ: ਬਦਨ ਸਿੰਘ ਪਿੰਡ ਮਾਜਰੀ ਆਪ ਨੂੰ ਮੋਰਚਾ ਜੈਤੋ ਸਮੇ ੧੦ ਮਹੀਨੇ ਕੈਦ ਤੇ ੨੦੦ ਰੁਪਏ ਜੁਰਮਾਨਾ ਹੋਇਆ।

ਭਾਈ ਗੁਰਦਿਤ ਸਿੰਘ ਪਿਤਾ ਸ: ਹਮੀਰ ਸਿੰਘ ਮਾਤਾ ਗੁਜਰੀ ਪਿੰਡ ਨੱਥੋਵਾਲ ਆਪ ਮੋਰਚਾ ਜੈਤੋ ਵਿਚ ਦੋ ਵੇਰ ਗਏ। ਪਹਿਲੀ ਵਾਰ ਬਾਬਲ ਕਾਂਟੀ ਲਿਜਾ ਕੇ ਛਡੇ ਗਏ ਤੇ ਦੂਜੀ ਵੇਰ ੬ ਮਹੀਨੇ ਨਾਭਾ ਬੀੜ ਵਿਚ ਕੈਦ ਹੋਈ।

ਭਾਈ ਦਲੀਪ ਸਿੰਘ ਪਿਤਾ ਸ: ਨਰੈਣ ਸਿੰਘ ਜੀ ਪਿੰਡ ਨੱਥੋਵਾਲ ਆਪ ਮੋਰਚਾ ਜੈਤੋ ਵਿਚ ਗਏ ਤੇ ਬਾਬਲ ਕਾਂਟੀ ਛਡੇ ਗਏ। ਮੋਰਚਾ ਭਾਈ ਫੇਰੂ ਵਿਚ ਕੈਦ ਢਾਈ ਸਾਲ ਹੋਈ।

ਭਾਈ ਦਿਆਲ ਸਿੰਘ ਪਿਤਾ ਸ: ਬਿਸ਼ਨ ਸਿੰਘ ਮਾਤਾ ਰਾਜ ਕੌਰ ਪਿੰਡ ਨੱਥੋਵਾਲ ਆਪ

Digitized by Panjab Digital Library | www.panjabdigilib.org

ਮੋਰਚਾ ਜੈਤੋ ਵਿਚ ਗਏ ਤੇ ਬਾਬਲ ਕਾਂਟੀ ਛਡੇ ਗਏ । ਮੋਰਚਾ ਭਾਈ ਫੇਰੂ ਵਿਚ ਦੋ ਸਾਲ ਕੈਦ ।

ਭਾਈ ਰਾਮ ਸਿਘ ਪਿਤਾ ਸ: ਈਸ਼ਰ ਸਿੰਘ ਪਿੰਡ ਨੱਥੋਵਾਲ ਆਪ ਮੋਰਚਾ ਭਾਈ ਫੇਰੂ ਵਿਚ ਗਏ, ਬਾਬਲ ਕਾਂਟੀ ਛਡੇ ਗਏ । ਮੋਰਚਾ ਭਾਈ ਫੇਰੂ ਵਿਚ ਦੋ ਸਾਲ ਕੈਦ ਹੋਈ ।

ਭਾਈ ਆਤਮਾ ਸਿੰਘ ਪਿਤਾ ਸ: ਰਾਮ ਸਿੰਘ ਮਾਤਾ ਦਿਆ ਕੌਰ ਪਿੰਡ ਨੱਥੋਵਾਲ ਮੋਰਚਾ ਜੈਤੋ ਵਿਚ ਬਾਬਲ ਕਾਂਟੀ ਛਡੇ ਗਏ । ਮੋਰਚਾ ਭਾਈ ਫੇਰੂ ਵਿਚ ੧ ਸਾਲ ਕੈਦ ਹੋਈ ।

ਭਾਈ ਜਗੀਰ ਸਿੰਘ ਪਿਤਾ ਸ: ਹਜ਼ਾਰਾ ਸਿੰਘ ਮਾਤਾ ਸੰਤ ਕੌਰ ਪਿੰਡ ਨੱਥੋਵਾਲ ਆਪ ਮੋਰਚਾ ਜੈਤੋ ਵਿਚ ਬਾਬਲ ਕਾਂਟੀ ਛਡੇ ਗਏ । ਮੋਰਚਾ ਭਾਈ ਫੇਰੂ ਵਿਚ ੩ ਮਹੀਨੇ ਕੈਦ ਹੋਈ ।

ਭਾਈ ਸੰਤਾ ਸਿੰਘ ਪਿਤਾ ਸ: ਲਹਿਣਾ ਸਿੰਘ ਮਾਤਾ ਸਾਹਿਬ ਕੌਰ ਪਿੰਡ ਨੱਥੋਵਾਲ ਆਪ ਮੋਰਚਾ ਜੈਤੋ ਵਿਚ ਬਾਬਲ ਕਾਂਟੀ ਛਡੇ ਗਏ। ਮੁਕਤਸਰ ਵਿਚ ਇਕ ਮਹੀਨਾ ਸੇਵਾ ਕੀਤੀ ।

ਭਾਈ ਅਨੋਖ ਸਿੰਘ ਪਿਤਾ ਸ: ਸੋਡਾ ਸਿੰਘ ਮਾਤਾ ਖੇਮ ਕੌਰ ਪਿੰਡ ਨੱਥੋਵਾਲ ਆਪ ਮੋਰਚਾ ਜੈਤੋ ਵਿਚ ਗਏ ਤੇ ਬਾਬਲ ਕਾਂਟੀ ਛਡੇ ਗਏ ।

ਭਾਈ ਹਰਨਾਮ ਸਿੰਘ ਪਿਤਾ ਸ: ਗੁਜਰ ਸਿੰਘ ਪਿੰਡ ਨੱਥੋਵਾਲ ਆਪ ਜੈਤੋ ਵਿਚ ਗਏ ਤੇ ਬਾਬਲ ਕਾਂਟੀ ਛਡੇ ਗਏ । ਭਾਈ ਫੇਰੂ ਵਿਚ ੧ ਸਾਲ ਕੈਦ ਮੁਲਤਾਨ ਜੇਲ੍ਹ ਵਿਚ ਹੋਈ ।

ਭਾਈ ਰਾਮ ਸਿੰਘ ਪਿਤਾ ਸ: ਉਤਮ ਸਿੰਘ ਮਾਤਾ ਪ੍ਰਤਾਪ ਕੌਰ ਪਿੰਡ ਹਾਂਸ ਆਪ ਨੂੰ ਮੋਰਚਾ ਭਾਈ ਫੇਰੂ ਵਿਚ ਦੋ ਸਾਲ ਕੈਦ ਹੋਈ ।

ਸ: ਬਖਤੌਰ ਸਿੰਘ ਪਿਤਾ ਨਿਹਾਲ ਸਿੰਘ ਮਾਤਾ ਸੋਭ ਕੌਰ ਪਿੰਡ ਹਾਂਸ ਜੈਤੋ ਮੋਰਚੇ ਵਿਚ ਗਏ

ਭਾਈ ਬਿਸ਼ਨ ਸਿੰਘ ਪਿਤਾ ਸ: ਰੌਲਾ ਸਿੰਘ ਮਾਤਾ ਰਤਨ ਕੌਰ ਪਿੰਡ ਹਾਂਸ ਆਪ ਅਕਾਲੀ ਵਰਕਰ ਹਨ ਤੇ ਪੰਥ ਲਈ ਹਰ ਕੁਰਬਾਨੀ ਕਰਦੇ ਹਨ ।

ਭਾਈ ਰਾਮ ਸਿੰਘ ਪਿਤਾ ਸ: ਉਤਮ ਸਿੰਘ ਮਾਤਾ ਪਰਤਾਪ ਕੌਰ ਪਿੰਡ ਵਡੇ ਹਾਂਸ ਆਪ ਸੰਤ ਬਾਬਾ ਅਤਰ ਸਿੰਘ ਜੀ ਦੇ ਸੰਗੀ ਹਨ । ਮੋਰਚਾ ਜੈਤੋ ਵਿਚ ੨ ਸਾਲ ਕੈਦ ਹੋਈ ।

ਭਾਈ ਬਖਤੌਰ ਸਿੰਘ ਪਿਤਾ ਸ: ਨਿਹਾਲ ਸਿੰਘ ਮਾਤਾ ਸੋਭੀ ਪਿੰਡ ਵਡੇ ਹਾਂਸ ਆਪ ਸੰਤ ਬਾਬਾ ਅਤਰ ਸਿੰਘ ਜੀ ਦੇ ਸੰਗੀ ਹਨ ਤੇ ਮੋਰਚਾ ਜੈਤੋ ਵਿਚ ੨ ਸਾਲ ਕੈਦ ਹੋਈ ।

ਭਾਈ ਰਾਮ ਸਿੰਘ ਪਿਤਾ ਸ: ਉਤਮ ਸਿੰਘ ਮਾਤਾ ਪਰਤਾਪ ਕੌਰ ਪਿੰਡ ਬੜੈਚ ਆਪ ਨੇ ਮੋਰਚਾ ਭਾਈ ਫੇਰੂ ਵਿਚ ਕੈਦ ਕੱਟੀ ।

ਭਾਈ ਭਜਨ ਸਿੰਘ ਪਿਤਾ ਸ: ਦਲੇਰ ਸਿੰਘ ਮਾਤਾ ਪਰੇਮ ਕੌਰ ਪਿੰਡ ਡੱਲਾ ਆਪ ਮੋਰਚਾ ਜੈਤੋ ਵਿਚ ਗਏ ਤੇ ਮੋਰਚਾ ਫਤਹਿ ਹੋਣ ਤਕ ਕੈਦ ਰਹੇ ।

ਭਾ: ਇੰਦਰ ਸਿੰਘ ਪਿਤਾ ਸ: ਸੁਖਾ ਸਿੰਘ ਮਾਤਾ ਕਰਮ ਕੌਰ ਪਿੰਡ ਰਤੋ ਵਾਲ ਆਪ ਮੋਰਚਾ ਜੈਤੋ ਗਏ ਤੇ ਬਾਬਲ ਕਾਂਟੀ ਲੈ ਜਾ ਕੇ ਛੱਡੇ ਗਏ ।

ਭਾ: ਗੰਗਾ ਸਿੰਘ ਪਿਤਾ ਸ: ਗੇਂਦਾ ਸਿੰਘ ਮਾਤਾ ਭੋਲੀ ਪਿੰਡ ਰੱਤੋ ਵਾਲ ਆਪ ਭਾ: ਫੇਰੂ ਦੇ ਮੋਰਚੇ ਵਿਚ ਗਏ ।

ਭਾ: ਭਾਨ ਸਿੰਘ ਪਿਤਾ ਸ; ਸਰਮੁਖ ਸਿੰਘ ਪਿੰਡ ਰੱਤੋ ਵਾਲ ਆਪ ਮੋਰਚਾ ਭਾ: ਫੇਰੂ ਵਿਚ ਗਏ । ਭਾ: ਗੁਰਬਖਸ਼ ਸਿੰਘ ਪਿਤਾ ਸ: ਰੋਡਾ ਸਿੰਘ ਮਾਤਾ ਅਤਰ ਕੌਰ ਪਿੰਡ

Digitized by Panjab Digital Library | www.panjabdigilib.org

ਰੱਤੇ ਵਾਲ ਆਪ ਮੋਰਚਾ ਭਾ: ਫੇਰੂ ਵਿਚ ਗਏ ਤੇ ਛੇ ਮਹੀਨੇ ਕੈਦ ਰਾਵਲਪਿੰਡੀ ਜੇਲ੍ਹ ਵਿਚ ਕੱਟੀ।

ਭਾਃ ਵੀਰ ਸਿੰਘ ਪਿਤਾ ਸ: ਅਤਰ ਸਿੰਘ ਮਾਤਾ ਰਤਨ ਕੌਰ ਪਿੰਡ ਵਿੰਝਲ ਆਪ ਮੋਰਚਾ ਜੈਤੋ ਵਿਚ ਗਏ ਤੇ ਨਾਭਾ ਬੀੜ ਵਿਚ ਦੋ ਸਾਲ ਕੈਦ ਹੋਈ ਤੇ ਨੰਬਰਦਾਰੀ ਭੀ ਜ਼ਬਤ ਕੀਤੀ ਗਈ, ਆਪ ਨਨਕਾਣੇ ਸਾਹਿਬ ਦੇ ਜੱਥੇ ਨਾਲ ਭੀ ਗਏ ਸਨ।

ਭਾ: ਦੁੱਲਾ ਸਿੰਘ ਪਿਤਾ ਸ: ਨੱਥਾ ਸਿੰਘ ਮਾਤਾ ਚੰਦ ਕੌਰ ਪਿੰਡ ਵਿੰਝਲ ਆਪ ਜੈਤੋ ਦੇ ਛੇਵੇਂ ਸ਼ਹੀਦੀ ਜੱਥੇ ਵਿਚ ਗਏ ਤੇ ਦੋ ਸਾਲ ਨਾਭਾ ਬੀੜ ਵਿਚ ਕੈਦ ਕੱਟੀ।

ਭਾ: ਚੰਨਣ ਸਿੰਘ ਪਿਤਾ ਸ: ਖਜ਼ਾਨ ਸਿੰਘ ਮਾਤਾ ਰੂੜ ਕੌਰ ਪਿੰਡ ਵਿੰਝਲ ਆਪ ਮੋਰਚਾ ਜੈਤੋ ਵਿਚ ਗਏ ਤੇ ਬਾਬਲ ਕਾਂਟੀ ਗੱਡੇ ਗਏ।

ਭਾ: ਕਾਲਾ ਸਿੰਘ ਪਿਤਾ ਸਃ ਫਤਹਿ ਸਿੰਘ ਪਿੰਡ ਵਿੰਝਲ ਆਪ ਮੋਰਚਾ ਭਾ: ਫੇਰੂ ਵਿਚ ਗਏ। ਭਾ: ਸੁੱਚਾ ਸਿੰਘ ਪਿਤਾ ਸ:ਸਰੂਪ ਸਿੰਘ ਪਿੰਡ ਵਿੰਝਲ ਆਪ ਅਕਾਲੀ ਵਰਕਰ ਸਨ ਤੇ ਨਨਕਾਣਾ ਸਾਹਿਬ ਦੇ ਮੋਰਚੇ ਵਿਚ ਗਏ।

ਭਾ: ਪੂਰਨ ਸਿੰਘ ਪਿਤਾ ਸ: ਸੰਤੋਖ ਸਿੰਘ ਪਿੰਡ ਵਿੰਝਲ ਆਪ ਨਨਕਾਣਾ ਸਾਹਿਬ ਦੇ ਮੋਰਚੇ ਵਿਚ ਗਏ। ਭਾ: ਕਰਤਾਰ ਸਿੰਘ ਪਿਤਾ ਸ: ਭਗਵਾਨ ਸਿੰਘ ਪਿੰਡ ਵਿੰਝਲ ਆਪ ਸ੍ਰੀ ਮੁਕਤਸਰ ਜੱਥੇ ਨਾਲ ਗਏ। ਭਾ: ਭਗਤ ਸਿੰਘ ਪਿਤਾ ਸ; ਭੋਲਾ ਸਿੰਘ ਪਿੰਡ ਟੂਸੇ ਆਪ ਮੋਰਚਾ ਜੈਤੋ ਵਿਚ ਗਏ ਤੇ ਨਾਭਾ ਬੀੜ ਦੀ ਜੇਲ੍ਹ ਵਿਚ ਰਹੇ।

ਭਾ: ਵਸਾਵਾ ਸਿੰਘ ਪਿਤਾ ਸ: ਬੀਰ ਸਿੰਘ ਮਾਤਾ ਰਾਮ ਕੌਰ ਪਿੰਡ ਟੂਸੇ ਆਪ ਮੋਰਚਾ ਜੈਤੋ ਵਿਚ ਗਏ ਤੇ ਨਾਭਾ ਬੀੜ ਦੀ ਜੇਲ੍ਹ ਵਿਚ ਰਹੇ।

ਭਾ: ਰਾਮ ਸਿੰਘ ਢਾਡੀ ਪਿਤਾ ਸ: ਅਤਰ ਸਿੰਘ ਪਿੰਡ ਟੂਸੇ ਆਪ ਨੂੰ ਤਿੰਨ ਮਹੀਨੇ ਸਜ਼ਾ ਤੇ ੨੦੦ ਰੁਪਿਆ ਜੁਰਮਾਨਾ ਹੋਇਆ। ਭਾ: ਉਤਮ ਸਿੰਘ ਪਿਤਾ ਸ: ਊਦੇ ਸਿੰਘ ਮਾਤਾ ਰਤਨੋ ਪਿੰਡ ਟੂਸੇ ਆਪ ਮੋਰਚਾ ਜੈਤੋ ਵਿਚ ਗਏ ਤੇ ਮੋਰਚਾ ਫਤਹਿ ਹੋਣ ਤਕ ਨਾਭਾ ਬੀੜ ਵਿਚ ਕੈਦ ਰਹੇ। ਭਾ: ਜਗਤ ਸਿੰਘ ਪਿਤਾ ਸ: ਪੰਜਾਬ ਸਿੰਘ ਮਾਤਾ ਅਤਰ ਕੌਰ ਪਿੰਡ ਟੂਸੇ ਆਪ ਮੋਰਚਾ ਜੈਤੋ ਵਿਚ ਗਏ ਤੇ ਮੋਰਚਾ ਫਤਹਿ ਹੋਣ ਤੱਕ ਨਾਭਾ ਬੀੜ ਵਿਚ ਕੈਦ ਰਹੇ।

ਸੰਤ ਭਾਨ ਸਿੰਘ ਪਿਤਾ ਸ: ਦਲੇਰ ਸਿੰਘ ਪਿੰਡ ਢੱਲਣ ਆਪ ਜੈਤੋ ਦੇ ਮੋਰਚੇ ਵਿਚ ਗਏ, ਤੇ ਤਕਲੀਫਾਂ ਸਹਾਰੀਆਂ। ਆਪ ਨੇ ਆਪਣੀ ੩੦ ਘੁਮਾਂ ਜ਼ਮੀਨ ਗੁਰਦਵਾਰੇ ਨੂੰ ਲਵਾ ਕੇ ਗੁਰਦਵਾਰਾ ਬਣਵਾਇਆ। ਸੰਤ ਨੱਥਾ ਸਿੰਘ ਪਿਤਾ ਸ: ਦੀਵਾਨ ਸਿੰਘ ਪਿੰਡ ਢੱਲਣ।

ਸੰਤ ਹਜ਼ਾਰਾ ਸਿੰਘ ਪਿੰਡ ਢੱਲਣ। ਸੰਤ ਨਿੱਕਾ ਸਿੰਘ ਪਿਤਾ ਸ: ਸੁਜਾਨ ਸਿੰਘ।

ਨੋਟ:– ਇਨ੍ਹਾਂ ਤਿੰਨਾਂ ਸਿੰਘਾਂ ਨੇ ਮੋਰਚਾ ਜੈਤੋ ਵਿਚ ਹਿੱਸਾ ਲਿਆ ਤੇ ਮੋਰਚਾ ਫਤਹਿ ਹੋਣ ਤੱਕ ਕੈਦਾਂ ਕੱਟੀਆਂ।

ਭਾਈ ਰੁਲੀਆ ਸਿੰਘ ਪਿਤਾ ਸ. ਸਾਹਿਬ ਸਿੰਘ ਮਾਤਾ ਸੋਭੀ ਪਿੰਡ ਚੋਕੀਮਾਨ ਭਾਈ ਇੰਦਰ ਸਿਘ, ਭਾਈ ਦਲ ਸਿੰਘ, ਭਾਈ ਅਮਰ ਸਿੰਘ, ਭਾਈ ਹਰਨਾਮ ਸਿੰਘ, ਭਾਈ ਪਰੇਮ ਸਿੰਘ ਅਮਰੀਮਾਨ। ਆਪ ਅਕਾਲੀ ਦੀਵਾਨ ਤੇ ਜਾਂਦੇ ਸ਼ਬਦ ਪੜ੍ਹਦੇ ਪਕੜੇ ਗਏ। ਕਈ ਦਿਨ ਹਵਾਲਾਤ ਵਚ ਬੰਦ ਰਹਿ ਕੇ ੬ ਮਹੀਨੇ ਦੀ ਕੈਦ ਹੋਈ ਤੇ ਪ੦) ਰੁਪਏ ਜੁਰਮਾਨਾ ਹੋਇਆ। ਮੋਰਚਾ ਜੈਤੋ ਦੇ ੧੪ ਵੇਂ ਜਥੇ ਵਿਚ ਗਏ ਤੇ ਮੋਰਚਾ ਫਤਹਿ ਹੋਣ ਤਕ ਨਾਭਾ ਬੀੜ ਵਿਚ ਕੈਦ ਕੱਟੀ।

ਭਾਈ ਗੱਜਣ ਸਿੰਘ ਜਥੇਦਾਰ ਪਿੰਡ ਕੁਲਾਰ ਭਾਈ ਗਿਆਨ ਸਿੰਘ, ਭਾਈ ਨੰਦ ਸਿੰਘ

Digitized by Panjab Digital Library | www.panjabdigilib.org

ਭਾਈ ਧਿਆਨ ਸਿੰਘ, ਭਾਈ ਈਸ਼ਰ ਸਿੰਘ, ਭਾਈ ਰਾਮ ਸਿੰਘ, ਭਾਈ ਨਿਰੰਜਨ ਸਿੰਘ, ਭਾਈ ਸੰਤਾ ਸਿੰਘ, ਭਾਈ ਨਰੈਨ ਸਿੰਘ ਪਿੰਡ ਕੁਲਾਰ ਦੇ ਇਹਨਾਂ ਸਿੰਘਾਂ ਨੇ ਗੁਰਦਵਾਰਾ ਹੇਹਰ ਦਾ ਕਬਜ਼ਾ ਲੈਣ ਵਿਚ ਤਨੋਂ, ਮਨੋਂ, ਧਨੋਂ ਸੇਵਾ ਕੀਤੀ ਤੇ ਮੋਰਚੇ ਤੇ ਜਾ ਕੇ ਕਬਜ਼ਾ ਲਿਆ।

ਭਾਇ ਬੰਤਾ ਸਿੰਘ ਪਿਤਾ ਮਹਿਤਾਬ ਸਿੰਘ ਪਿੰਡ ਕੁਲਾਰ

ਭਾਈ ਨਰੰਜਨ ਸਿੰਘ ਪਿਤਾ ਸ: ਗੁਰਦਿਤ ਸਿੰਘ ਪਿੰਡ ਕੁਲਾਰ

ਭਾਈ ਅਮਰ ਸਿੰਘ, ਭਾਈ ਫਤਹਿ ਸਿੰਘ ਇਹ ਚਾਰੇ ਸਿੰਘ ਭਾਈ ਰੁਲੀਆ ਸਿੰਘ ਚੋਕੀਮਾਨ ਦੇ ਜਥੇ ਨਾਲ ਮੋਰਚਾ ਜੈਤੋ ਗਏ ਸਨ ਤੇ ਮੋਰਚਾ ਫ਼ਤਹਿ ਹੋਣ ਤਕ ਨਾਭਾ ਬੀੜ ਵਿਚ ਰਹੇ।

ਭਾਈ ਜੀਉਣ ਸਿੰਘ ਪਿਤਾ ਸ: ਰੁਲੀਆ ਸਿੰਘ ਪਿੰਡ ਜਟ ਪੁਰਾ ਆਪ ਮੋਰਚਾ ਜੈਤੋ ਵਿਚ ਗਏ ਤੇ ਦੋ ਸਾਲ ਨਾਭਾ ਬੀੜ ਵਿਚ ਕੈਦ ਕਟੀ।

ਭਾਈ ਪ੍ਰਤਾਪ ਸਿੰਘ ਪਿਤਾ ਸ: ਸੇਵਾ ਸਿੰਘ ਮਾਤਾ ਸਦਾ ਕੌਰ ਪਿੰਡ ਝੋਰੜ ਆਪ ਮੋਰਚਾ ਜੈਤੋ ਵਿਚ ਗਏ ਤੇ ਬਾਬਲ ਕਾਂਟੀ ਛਡੇ ਗਏ। ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਤਿੰਨ ਮਹੀਨੇ ਕੈਮਲ ਪੁਰ ਜੇਲ੍ਹ ਵਿਚ ਕੈਦ ਕਟੀ।

ਭਾਈ ਸ਼ੇਰ ਸਿੰਘ ਪਿਤਾ ਸ: ਸੇਵਾ ਸਿੰਘ ਮਾਤਾ ਸਦਾ ਕੌਰ ਪਿੰਡ ਝੋਰੜ ਆਪ ਮੋਰਚਾ ਜੈਤੋ ਵਿਚ ਗਏ ਤੇ ਬਾਬਲ ਕਾਂਟੀ ਛਡੇ ਗਏ।

ਭਾਈ ਨਿਕਾ ਸਿੰਘ ਪਿਤਾ ਸ: ਸਰਮੁਖ ਸਿੰਘ ਪਿੰਡ ਝੋਰੜ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਬਾਬਲ ਕਾਂਟੀ ਛਡੇ ਗਏ। ਆਪ ਭਾਈ ਫੇਰੂ ਦੇ ਮੋਰਚੇ ਵਿਚ ਗਏ ਤੇ ਤਿੰਨ ਮਹੀਨੇ ਮੁਲਤਾਨ ਜੇਲ੍ਹ ਵਿਚ ਕੈਦ ਕਟੀ।

ਭਾਈ ਸਰਵਣ ਸਿੰਘ ਪਿਤਾ ਮਾਘਾ ਸਿੰਘ ਪਿੰਡ ਝੋਰੜ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਦੋ ਸਾਲ ਕੈਮਲ ਪੁਰ ਜੇਲ੍ਹ ਵਿਚ ਕੈਦ ਕਟੀ।

ਭਾਈ ਕਰਤਾਰ ਸਿੰਘ ਪਿਤਾ ਸ: ਭਾਨ ਸਿੰਘ ਮਾਤਾ ਜੀਵੀ ਪਿੰਡ ਫੇਰੂ ਰਾਈਂ ਆਪ ਮੋਰਚਾ ਜੈਤੋ ਵਿਚ ਗਏ ਤੇ ੬ ਮਹੀਨੇ ਨਾਭਾ ਬੀੜ ਵਿਚ ਕੈਦ ਕਟੀ।

ਭਾਈ ਕਾਕਾ ਸਿੰਘ ਪਿਤਾ ਸ: ਵਸਾਵਾ ਸਿੰਘ ਪਿੰਡ ਬੱਸੀਆਂ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਤਿੰਨ ਮਹੀਨੇ ਮੁਲਤਾਨ ਜੇਲ੍ਹ ਵਿਚ ਕੈਦ ਕਟੀ।

ਭਾਈ ਬੂਟਾ ਸਿੰਘ ਪਿੰਡ ਬਸੀਆਂ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਤਿੰਨ ਮਹੀਨੇ ਮੁਲਤਾਨ ਜੇਲ੍ਹ ਵਿਚ ਕੈਦ ਕਈ।

ਭਾਈ ਬਚਨ ਸਿੰਘ ਪਿਤਾ ਸ: ਨੰਦ ਸਿੰਘ ਮਾਤਾ ਰਾਮ ਕੌਰ ਪਿੰਡ ਬੱਸੀਆਂ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਨਿਰੰਜਨ ਸਿੰਘ ਪਿਤਾ ਸ: ਬੱਗਾ ਸਿੰਘ ਮਾਤਾ ਮਹਾਂ ਕੌਰ ਪਿੰਡ ਬੱਸੀਆਂ ਆਪ ਮੋਰਚਾ ਜੈਤੋ ਵਿਚ ੬ਵੇਂ ਸ਼ਹੀਦੀ ਵਿਚ ਗਏ ਤੇ ੧ ਸਾਲ ੩ ਮਹੀਨੇ ਨਾਭਾ ਬੀੜ ਵਿਚ ਕੈਦ ਕਟੀ। ਕਾਂਗਰਸ ਵਿਚ ੧ ਸਾਲ ਕੈਦ, ਵਰਤਮਾਨ ਪ੍ਰਧਾਨ ਕਾਂਗਰਸ ਕਮੇਟੀ ਤਹਿਸੀਲ ਜਗਰਾਉਂ।

ਭਾਈ ਰਾਮ ਸਿੰਘ ਪਿਤਾ ਸ: ਰਤਨ ਸਿੰਘ ਮਾਤਾ ਦਿਆ ਕੌਰ ਪਿੰਡ ਬਸੀਆਂ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਭੋਲਾ ਸਿੰਘ ਪਿਤਾ ਸ: ਹਰੀ ਸਿੰਘ ਮਾਤਾ ਸਾਹਿਬ ਕੌਰ ਪਿੰਡ ਬੱਸੀਆਂ ਆਪ ਮੋਰਚਾ ਜੈਤੋ ਵਿਚ ਗਏ।

Digitized by Panjab Digital Library | www.panjabdigilib.org

ਭਾਈ ਨਰੈਣ ਸਿੰਘ ਪਿਤਾ ਲਾਲ ਸਿੰਘ ਪਿੰਡ ਬਸੀਆਂ ਮੋਰਚਾ ਜੈਤੋ ਵਿਚ ਗਏ।

ਭਾਈ ਧਰਮ ਸਿੰਘ ਪਿਤਾ ਰੁਲੀਆ ਸਿੰਘ ਮਾਤਾ ਅਤਰ ਕੌਰ ਪਿੰਡ ਹਿਸੋਵਾਲ ਆਪ ਜੈਤੋ ਦੇ ਮੋਰਚੇ ਵਿਚ ੨੫ ਸਿੰਘਾਂ ਦੇ ਜਥੇ ਨਾਲ ਗਏ ਤੇ ੪ ਮਹੀਨੇ ਕੈਦ ਹੋਈ।

ਭਾਈ ਸੰਤਾ ਸਿੰਘ ਪਿਤਾ ਬੋਜਾ ਸਿੰਘ ਪਿੰਡ ਹਿਸੋਵਾਲ ਮੋਰਚਾ ਜੈਤੋ ਵਿਚ ੨੫ ਸਿੰਘਾਂ ਦੇ ਜਥੇ ਨਾਲ ਗਏ।

ਜੱਥੇਦਾਰ ਧਰਮ ਸਿੰਘ ਪਿਤਾ ਸ: ਵਸਾਵਾ ਸਿੰਘ ਮਾਤਾ ਚੰਦ ਕੌਰ ਪਿੰਡ ਅਕਾਲ ਗੜ੍ਹ ਆਪ ਮੋਰਚਾ ਗੁ: ਰਕਾਬ ਗੰਜ ਦਿੱਲੀ ਗਏ, ੧੦੦ ਸਿੰਘਾਂ ਦਾ ਜੱਥਾ ਲੈ ਕੇ ਮੋਰਚਾ ਜੈਤ ਦੇ ਜੱਥੇ ਵਿਚ ਗਏ ਤੇ ਜੱਥਿਆਂ ਦੀ ਹਰ ਤਰ੍ਹਾਂ ਸੇਵਾ ਕੀਤੀ। ਜਿਸ ਜੁਰਮ ਵਿਚ ਆਪ ਜੀ ਦੀ ੮੦ ਵਿਘੇ ਜ਼ਮੀਨ ਜ਼ਬਤ ਕੀਤੀ ਗਈ। ਆਪ ਨੂੰ ਜ਼ਮਾਨਤ ਤੇ ਛੱਡਿਆ ਗਿਆ, ਇਸ ਤੋਂ ਉਪ੍ਰੰਤ ਭੀ ਆਪ ਨੇ ਬਹੁਤ ਸੇਵਾ ਜਾਰੀ ਰੱਖੀ।

ਭਾ: ਕਿਸ਼ਨ ਸਿੰਘ ਪਿਤਾ ਸ: ਕਾਲਾ ਸਿੰਘ ਮਾਤਾ ਕਰਮੋਂ ਪਿੰਡ ਅਕਾਲ ਗੜ੍ਹ ਆਪ ਅਕਾਲੀ ਵਰਕਰ ਸਨ ਤੇ ਮੋਰਚਾ ਭਾ: ਫੇਰੂ ਵਿਚ ਕੁਝ ਕੈਦ ਕਟੀ।

ਭਾ: ਇੰਦਰ ਸਿੰਘ ਪਿਤਾ ਸ: ਸੋਹਣ ਸਿੰਘ ਮਾਤਾ ਅਤਰ ਕੌਰ ਪਿੰਡ ਅਕਾਲ ਗੜ੍ਹ ਆਪ ਅਕਾਲੀ ਵਰਕਰ ਸਨ ਤੇ ਮੋਰਚਾ ਭਾ: ਫੇਰੂ ਵਿਚ ਕੁਝ ਕੈਦ ਕਟੀ।

ਭਾ: ਕੇਹਰ ਸਿੰਘ ਪਿਤਾ ਸ: ਵੀਰ ਸਿੰਘ ਮਾਤਾ ਰਾਮ ਕੌਰ ਪਿੰਡ ਅਕਾਲ ਗੜ੍ਹ ਆਪ ਅਕਾਲੀ ਵਰਕਰ ਸਨ ਤੇ ਮੋਰਚਾ ਭਾ: ਫੇਰੂ ਵਿਚ ਕੁਝ ਕੈਦ ਕਟੀ।

ਹੌਲਦਾਰ ਗੱਜਣ ਸਿੰਘ ਪਿਤਾ ਸ: ਭੰਗਾ ਸਿੰਘ ਪਿੰਡ ਬੁਟਜ ਲਿਟਾ ਆਪ ਹਾਂਗ-ਕਾਂਗ ਤੋਪਖਾਨੇ ਵਿਚ ਭਰਤੀ ਸਨ ਤੇ ਟੋਪੀ ਪਾਉਣ ਤੋਂ ਹੁਕਮ ਅਦੂਲੀ ਕੀਤੀ ਤੇ ਆਪਣੇ ਹੋਰ ਕਈ ਸਾਥੀਆਂ ਨਾਲ ੪ ਸਾਲ ਕੈਦ ਕੱਟੀ।

ਭਾ: ਰਣਜੋਧ ਸਿੰਘ ਪਿਤਾ ਸ: ਅਤਰ ਸਿੰਘ ਮਾਤਾ ਰਾਜ ਕੌਰ ਪਿੰਡ ਸਹੌਲੀ ਆਪ ਮੋਰਚਾ ਜੈਤੋ ਵਿਚ ਗਏ ਤੇ ਮੋਰਚਾ ਫਤਹਿ ਹੋਣ ਤੱਕ ਨਾਭਾ ਬੀੜ ਵਿਚ ਕੈਦ ਰਹੇ।

ਭਾਈ ਸਰੂਪ ਸਿੰਘ ਪਿੰਡ ਲੱਖਾ ਆਪ ਮੋਰਚਾ ਮੁਕਤਸਰ, ਜੈਤੋ ਤੇ ਭਾਈ ਫੇਰੂ ਗਏ।

ਭਾਈ ਗੰਡਾ ਸਿੰਘ ਪਿੰਡ ਲੱਖਾ ,, ,, ,, ,,

ਭਾਈ ਦੂਲਾ ਸਿੰਘ ਪਿਤਾ ਕਾਹਨ ਸਿੰਘ ਮਾਤਾ ਮਤਾਬ ਕੌਰ ਪਿੰਡ ਕਿਸ਼ਨ ਗੜ੍ਹ ਆਪ ਨੂੰ ਮੋਰਚਾ ਜੈਤੋ ਵਿਚ ਨਾਭਾ ਬੀੜ ਵਿਚ ੬ ਮਹੀਨੇ ਕੈਦ ਹੋਈ।

ਭਾਈ ਚੰਨਣ ਸਿੰਘ ਪਿਤਾ ਸ: ਭਾਨ ਸਿੰਘ ਮਾਤਾ ਧਰਮੋ ਪੱਤੀ ਚਮਿੰਡਾ ਭਾਈ ਫੇਰੂ ਵਿਚ ਇਕ ਮਹੀਨਾ ਕੈਦ ਹੋਈ

ਭਾਈ ਹਜ਼ਾਰਾ ਸਿੰਘ ਪਿਤਾ ਫਤਹਿ ਸਿੰਘ ਮਾਤਾ ਨੰਦੀ ਜੀ ਪਿੰਡ ਸੀਲੋਆਣੀ ਮੋਰਚਾ ਮੁਕਤਸਰ ਵਿਚ ਬਾਂਹ ਭਜ ਗਈ, ਜੈਤੋ ਵਿਚ ਇਕ ਸਾਲ ਕੈਦ ਨਾਭਾ ਬੀੜ ਵਿਚ ਹੋਈ।

ਭਾਈ ਗਿਆਨ ਸਿੰਘ ਪਿਤਾ ਰੁਲੀਆ ਸਿੰਘ ਮਾਤਾ ਭੋਲੀ ਪਿੰਡ ਸੀਲੋਆਣੀ ਜੈਤੋ ਦੇ ਮੋਰਚੇ ਵਿਚ ਗਏ ਤੇ ਬਾਬਲ ਕਾਂਟੀ ਛਡੇ ਗਏ। ਆਪ ਜੀ ਨੇ ਤੇ ਆਪ ਜੀ ਦੀ ਸਿੰਘਣੀ ਨੇ ਆਪਣੀ ਸਾਰੀ ਜ਼ਮੀਨ ਸ਼੍ਰੋਮਣੀ ਕਮੇਟੀ ਨੂੰ ਦੇ ਦਿਤੀ।

ਭਾਈ ਈਸ਼ਰ ਸਿੰਘ ਪਿਤਾ ਸ: ਸੱਦਾ ਸਿੰਘ ਪਿੰਡ ਗੋਂਦਵਾਲ ਮੋਰਚਾ ਜੈਤੋ ਵਿਚ ਇਕ ਸਾਲ ਨਾਭਾ ਬੀੜ ਵਿਚ ਕੈਦ ਕੱਟੀ।

Digitized by Panjab Digital Library | www.panjabdigilib.org

ਭਾਈ ਮਿਤ ਸਿੰਘ ਪਿਤਾ ਸ: ਅੱਘੜ ਸਿੰਘ ਪਿੰਡ ਗੋਂਦਵਾਲ ਮੋਰਚਾ ਜੈਤੋ ਵਿਚ ਇਕ ਸਾਲ ਨਾਭਾ ਬੀੜ ਵਿਚ ਕੈਦ ਕੱਟੀ।

ਭਾਈ ਨਰੈਣ ਸਿੰਘ ਪਿਤਾ ਰਾਮ ਸਿੰਘ ਮਾਤਾ ਰਾਮ ਦੇਈ ਪਿੰਡ ਗੋਂਦਵਾਲ ਆਪ ਮੋਰਚਾ ਜੈਤੋ ਵਿਚ ਗਏ ਤੇ ਇਕ ਸਾਲ ਕੈਦ ਨਾਭਾ ਬੀੜ ਵਿਚ ਕਟੀ।

ਭਾ: ਹੀਰਾ ਸਿੰਘ ਪਿਤਾ ਸ: ਸ਼ੇਰ ਸਿੰਘ ਪਿਡ ਰਾਏ ਕੋਟ, ( ਜਗਲਾਓਂ ) ਆਪ ਸ਼ੋ: ਅਕਾਲੀ ਦਲ ਦੇ ਅੰਤ੍ਰਿੰਗ ਮੈਂਬਰ ਸਨ ਅਤੇ ਹਰ ਮੋਰਚੇ ਵਿਚ ਹਿੱਸਾ ਲਿਆ ਤੇ ਸਜ਼ਾ ਪਾਈ।

ਭਾ: ਰਾਮ ਸਿੰਘ ਪਿਤਾ ਸ: ਰੁੜ ਸਿੰਘ ਮਾਤਾ ਅਤਰ ਕੌਰ ਪਿੰਡ ਬਿਰਕ ਆਪ ਮੁਕਤਸਰ ਦਾ ਕਬਜ਼ਾ ਲੈਣ ਸਮੇਂ ਮੋਰਚੇ ਵਿਚ ਗਏ।

ਭਾ: ਸੰਤੋਖ ਸਿੰਘ ਪਿਤਾ ਸ: ਭੋਲਾ ਸਿੰਘ ਮਾਤਾ ਦਾਨ ਕੌਰ ਪਿੰਡ ਬਿਰਕ ਆਪ ਮੁਕਤਸਰ ਸਾਹਿਬ ਦਾ ਕਬਜ਼ਾ ਲੈਣ ਸਮੇਂ ਮੋਰਚਾ ਵਿਚ ਗਏ।

ਭਾਈ ਰਖਾ ਸਿੰਘ ਪਿਤਾ ਸ: ਬੋਘਾ ਸਿੰਘ ਮਾਤਾ ਦਾਨ ਕੌਰ ਪਿੰਡ ਬਿਰਕ ਆਪ ਗੁਰੂ ਕਾ ਬਾਗ ਦੇ ਮੋਰਚੇ ਸਮੇਂ ਜਥੇ ਵਿਚ ਗਏ।

ਭਾਈ ਸ਼ੇਰ ਸਿੰਘ ਪਿਤਾ ਸ: ਇੰਦਰ ਸਿੰਘ ਪਿੰਡ ਬਿਰਕ ਆਪ ਗੁਰੂ ਕਾ ਬਾਗ ਦੇ ਮੋਰਚੇ ਸਮੇਂ ਜਥੇ ਵਿਚ ਗਏ ਤੇ ਪੁਲੀਸ ਦੀ ਕੁਟ ਦੇ ਨਾਲ ਜਬਾੜਾ ਟੁਟ ਗਿਆ, ਦੁਬਾਰਾ ਜਬਾੜਾ ਲਵਾਇਆ।

ਭਾਈ ਜਾਗੀਰ ਸਿੰਘ ਪਿਤਾ ਸ: ਪੰਜਾਬ ਸਿੰਘ ਪਿੰਡ ਬਿਰਕ ਆਪ ਭਾਈ ਫੇਰੂ ਅਤੇ ਜੈਤੋ ਦੇ ਮੋਰਚੇ ਸਮੇਂ ਜਥਿਆਂ ਵਿਚ ਗਏ, ਕੈਦਾਂ ਕਟੀਆਂ ਇਸ ਤੋਂ ਬਿਨਾਂ ਆਪ ਨੇ ਆਈ. ਐਨ. ਏ. ਵਿਚ ਭੀ ਹਿਸਾ ਲਿਆ।

ਭਾਈ ਸ਼ਾਮ ਸਿੰਘ ਪਿਤਾ ਰੋਡਾ ਸਿੰਘ ਪਿੰਡ ਰਸੂਲ ਪੁਰ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਦੋ ਸਾਲ ਕੈਦ ਹੋਈ।

ਭਾਈ ਬਚਨ ਸਿੰਘ ਪਿਤਾ ਸ: ਵੀਰ ਸਿੰਘ ਪਿੰਡ ਬਰਸਾਲ ਆਪ ਨੇ ਅਕਾਲੀ ਲਹਿਰ ਵਿਚ ਤਨੋ, ਮਨੋ, ਕੁਰਬਾਨੀ ਕੀਤੀ।

ਭਾਈ ਨੰਦ ਸਿੰਘ 'ਭਗਤ' ਪਿੰਡ ਬਰਸਾਲ ਆਪ ਨੇ ਅਕਾਲੀ ਲਹਿਰ ਵਿਚ ਤਨੋ ਮਨੋ ਕੁਰਬਾਨੀ ਕੀਤੀ।

ਗਿਆਨੀ ਅਵਤਾਰ ਸਿੰਘ ਪਿਤਾ ਸ: ਦਇਆ ਸਿੰਘ ਪਿੰਡ ਬਰਸਾਲ ਆਪ ਭਾਈ ਫੇਰੂ ਦੇ ਮੋਰਚੇ ਵਿਚ ਤਿੰਨ ਵੇਰ ਗਏ।

ਭਾਈ ਈਸ਼ਰ ਸਿੰਘ ਪਿਤਾ ਸ: ਸ਼ਾਮ ਸਿੰਘ ਪਿੰਡ ਬਰਸਾਲ ਆਪ ਭਾਈ ਅਰਜਨ ਸਿੰਘ ਦੇ ਜਥੇ ਨਾਲ ਮੋਰਚੇ ਵਿਚ ਗਏ।

ਭਾਈ ਚੰਦ ਸਿੰਘ ਪਿਤਾ ਸ: ਨਿਹਾਲ ਸਿੰਘ ਮਾਤਾ ਜੀਵੀ ਪਿੰਡ ਬਰਸਾਲ ਆਪ ਭਾਈ ਫੇਰੂ ਦੇ ਮੋਰਚੇ ਵਿਚ ਗਏ।

ਭਾਈ ਅਰਜਣ ਸਿੰਘ ਪਿਤਾ ਸ: ਜਗਤ ਸਿੰਘ ਪਿੰਡ ਬਰਸਾਲ ਆਪ ਜਥਾ ਨੰ: ੧੧ ਦੀ ਜਥੇਦਾਰੀ ਹੇਠ ਗੰਗਸਰ ਜੈਤੋ ਨੂੰ ਜਥਾ ਲੈ ਕੇ ਗਏ, ਗ੍ਰਿਫ਼ਤਾਰ ਹੋਣ ਤੇ ਨਾਭੇ ਜੇਲ੍ਹ ਦੇ ਤਸੀਹੇ ਗੁਰੂ ਭਰੋਸੇ ਸਹਾਰਦੇ ਹੋਏ ਮੋਰਚਾ ਫਤਹਿ ਹੋਣ ਤੇ ਅਕਾਲ ਤਖਤ ਸਾਹਿਬ ਜੀ ਤੋਂ ਸਿਰੋਪਾਉ ਅਤੇ ਪੰਥਕ ਖੁਸ਼ੀਆਂ ਪ੍ਰਾਪਤ ਕੀਤੀਆਂ। ੧੯੪੭ ਵਿਚ ਕੌਮ ਦੀ ਸੇਵਾ ਕੀਤੀ।

Digitized by Panjab Digital Library | www.panjabdigilib.org

# ਤਹਿਸੀਲ ਸਮਰਾਲਾ ਦੇ

## ਕੌਮ ਤੋਂ ਮਰ ਮਿਟਣ ਵਾਲੇ ਸਿੰਘ

### ਭਾ: ਨਿਰਮਲ ਸਿੰਘ ਜੀ ਰੁਪਾਲੋਂ

ਆਪ ਜੀ ਦਾ ਜਨਮ ਪਿੰਡ ਰੁਪਾਲੋਂ ਵਿਚ ਮਾ: ਕ੍ਰਿਪਾਲ ਸਿੰਘ ਜੀ ਦੇ ਘਰ ੧੮੯੦ ਈ: ਵਿਚ ਹੋਇਆ। ਆਪ ਜੀ ਦੇ ਪਿਤਾ ਛੋਟੀ ਉਮਰ ਵਿਚ ਹੀ ਚਲਾਣਾ ਕਰ ਗਏ ਸਨ। ਇਸ ਕਰਕੇ ਆਪ ਦੀ ਪ੍ਰਵਰਸ਼ ਸ: ਸ਼ੇਰ ਸਿੰਘ ਲਸਾੜੇ ਵਾਲਿਆਂ ਨੇ ਕੀਤੀ। ਆਪ ਨੇ ਵਿਦਿਆ ਉਦਾਸੀ ਸੰਤਾਂ ਪਾਸੋਂ ਪੜ੍ਹੀ ਸੀ। ਇਸ ਕਰਕੇ ਇਕ ਵੇਰ ਸੰਤ ਭੀ ਬਣ ਗਏ ਪ੍ਰੰਤੂ ਆਪ ਜੀ ਦੇ ਮਾਮਾ ਜੀ ਨੇ ਅੰਮ੍ਰਿਤ ਛਕਾਕੇ ਫਿਰ ਸਿੰਘ ਸਜਾ ਲਏ। ਫਿਰ ਆਪ ਪਲਟਨ ਵਿਚ ਭਰਤੀ ਹੋ ਗਏ ਤੇ ਪਹਿਲੀ ਵੱਡੀ ਲੜਾਈ ਵਿਚ ਚੀਨ ਤੇ ਹਾਂਗਕਾਗ ਗਏ ਤੇ ਪੈਨਸ਼ਨ ਲੈਕੇ ਵਾਪਸ ਆਏ।

ਇਥੋਂ ਆਪ ਅਮ੍ਰੀਕਾ ਜਾਣ ਲਈ ਤਿਆਰ ਹੋਕੇ ਤੁਰ ਪਏ। ਹਾਂਗਕਾਗ ਪੁਜੇ ਸਨ ਕਿ ਬਜ ਬਜ ਘਾਟ ਦਾ ਸਾਕਾ ਹੋ ਗਿਆ। ਇਥੋਂ ਆਪ ਵਾਪਸ ਦੇਸ਼ ਮੁੜ ਆਏ ਤੇ ਬੰਬਈ ਤੋਂ ਪੁਲਸ ਦੀ ਅੱਖ ਬਚਾਕੇ ਬੜੀ ਮੁਸ਼ਕਲ ਨਾਲ ਪੰਜਾਬ ਪਹੁੰਚੇ। ਪਿਛੋਂ ਭੀ ਆਪ ਜੀ ਦਾ ਗਦਰੀ ਦੇਸ਼ ਭਗਤਾਂ ਨਾਲ ਸਬੰਧ ਰਿਹਾ ਤੇ ਉਨ੍ਹਾਂ ਦੀਆਂ ਤਿਆਰੀਆਂ ਵਿਚ ਹਿੱਸਾ ਭੀ ਲੈਂਦੇ ਰਹੇ। ਸ੍ਰੀ ਨਨਕਾਣਾ ਸਾਹਿਬ ਪਰ ਕਬਜ਼ਾ ਕਰਨ ਸਮੇਂ ਆਪ ਸ: ਕਰਤਾਰ ਸਿੰਘ ਝਬਰ ਦੇ ਨਾਲ ਸਨ। ਸ੍ਰੀ ਨਨਕਾਣਾ ਸਾਹਿਬ ਪੁਜਕੇ ਆਪ ਨੇ ਗੁਰਦੁਆਰੇ ਪਰ ਕਬਜ਼ਾ ਕਰਨ ਵਿਚ ਸਹਾਇਤਾ ਕੀਤੀ। ਇਥੋਂ ਆਪ ਨੂੰ ਅਕਾਲੀ ਲੀਡਰਾਂ ਨੇ ਮਾਲਵੇ ਵਿਚ ਅਕਾਲੀ ਲਹਿਰ ਦਾ ਪ੍ਰਚਾਰ ਕਰਨ ਲਈ ਹੁਕਮ ਕੀਤਾ। ਗੁ: ਕਿਆਰਾ ਸਾਹਿਬ ਦੇ ਮੋਰਚੇ ਵਿਚ ਭੀ ਆਪ ਜੱਥਾ ਲੈਕੇ ਗਏ ਤੇ ਗ੍ਰਿਫਤਾਰ ਹੋਕੇ ਇਕ ਸਾਲ ਕੈਦ ਕੱਟੀ। ਹੀਰੋਂ ਝਾੜੋਂ ਗੁਰਦੁਆਰੇ ਦੀ ਰਾਖੀ ਲਈ ਭੀ ਆਪ ਜੱਥਾ ਲੈਕੇ ਗਏ ਤੇ ਬਹੁਤ ਸਾਰੀਆਂ ਤਕਲੀਫਾਂ ਸਹਾਰੀਆਂ। ਬਾਘੇ ਥਾਨੇ ਵਿਚ ਆਪ ਜੀ ਨੂੰ ਬਬਰ ਸਮਝ ਕੇ ਬਹੁਤ ਕੁਟ ਮਾਰ ਕੀਤੀ ਗਈ। ਬਾਗੜੀਆਂ ਦੀਵਾਨ ਪਰ ਬਾਗੀਆਨਾ ਤਕਰੀਰ ਕਰਨ ਦੇ ਦੋਸ਼ ਵਿਚ ਆਪ ਜੀ ਨੂੰ ਤਿੰਨ ਸਾਲ ਕੈਦ ਸਖਤ ਤੇ ੨੦੦ ਰੁ: ਜੁਰਮਾਨੇ ਦੀ ਸਜ਼ਾ ਹੋਈ। ਜੁਰਮਾਨੇ ਦੀ ਆਪ ਨੇ ਕੈਦ ਭੀ ਕੱਟੀ ਤੇ ਜਾਇਦਾਦ ਕੁਰਕ ਕਰਕੇ ਜੁਰਮਾਨਾ ਭੀ ਵਸੂਲਿਆ ਗਿਆ। ਖੰਨੇ ਵਿਚ ਕਾਂਗਰਸ ਦਾ ਜਲੂਸ ਨਿਕਲਿਆ ਜਿਸ ਵਿਚ ਆਪ ਨੇ ਜੋਸ਼ੀਲੀ ਤਕਰੀਰ ਕੀਤੀ ਤੇ ਇਕ ਸਾਲ ਦੀ ਸਜ਼ਾ ਹੋਈ।

੧੯੨੯ ਵਿਚ ਫਿਰ ਖੰਨੇ ਦੀਵਾਨ ਹੋਇਆ। ਉਸ ਵਿਚ ਆਪ ਜੀ ਨੇ ਪੁਲਸ ਦੀਆਂ ਕਾਰਰਵਾਈਆਂ ਵਿਰੁਧ ਤਕਰੀਰ ਕੀਤੀ ਜਿਸ ਆਪ ਜੀ ਨੂੰ ੧੨੪ ਏ. ਹੇਠ ਫੇਰ ਮੁਕਦਮਾ ਚਲਾਕੇ ਇਕ ਸਾਲ ਦੀ ਸਜ਼ਾ ਦਿੱਤੀ ਗਈ। ਫਿਰ ਇਕ ਵੇਰ ਆਪ ਨੇ ਇਕ ਦੀਵਾਨ ਪਰ ਤਕਰੀਰ ਕੀਤੀ ਤੇ ਵਾਰੰਟ ਨਿਕਲੇ। ਆਪ ਭਜਕੇ ਸ੍ਰੀ ਹਜ਼ੂਰ ਸਾਹਿਬ ਚਲੇ ਗਏ। ਮਨਮਾੜ ਵਿਚ ਆਪ ਜੀ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਗਿਆ। ਆਪ ਨੇ ਹਵਾਲਾਤੀਆਂ ਨੂੰ ਭੁੱਖੇ ਵੇਖਕੇ ਪੁਲਸ ਨਾਲ ਟੱਕਰ ਲਈ ਤੇ ਸਾਰਿਆਂ ਨੂੰ ਰਿਹਾ ਕਰਵਾਇਆ। ਸ੍ਰੀ ਹਜ਼ੂਰ ਸਾਹਿਬ ਕਾਫੀ ਅਰਸਾ ਸੇਵਾ ਕਰਦੇ ਰਹੇ। ਉਥੋਂ ਵਾਪਸ ਆਕੇ ਅਨਥੱਕ ਪੰਥ ਦੀ ਸੇਵਾ ਕਰ ਰਹੇ ਹਨ ਤੇ ਇਸ ਵੇਲੇ ਅਕਾਲੀ ਜੱਥਾ ਤਹਿਸੀਲ ਸਮਰਾਲਾ ਦੇ ਜਨਰਲ ਸਕੱਤ੍ਰ ਹਨ।

Digitized by Panjab Digital Library | www.panjabdigilib.org

# ਭਾ: ਅਮਰ ਸਿੰਘ ਜੀ ਅਲੂਣੇ

ਆਪ ਜੀ ਦੇ ਪਿਤਾ ਦਾ ਨਾਮ ਸ: ਮੁਨਸ਼ਾ ਸਿੰਘ ਤੇ ਮਾਤਾ ਦਾ ਨਾਮ ਕਾਹਨ ਕੌਰ ਸੀ। ਆਪ ਨੂੰ ਬਚਪਨ ਤੋਂ ਹੀ ਧਾਰਮਕ ਕੰਮਾਂ ਦੀ ਲਗਨ ਸੀ। ਅਕਾਲੀ ਲਹਿਰ ਆਰੰਭ ਹੋਣ ਸਮੇਂ ਆਪ ਜੀ ਨੇ ਉਸ ਵਿਚ ਵਧ ਚੜ੍ਹਕੇ ਹਿੱਸਾ ਲਿਆ। ਆਪ ਪਹਿਲੇ ਪਲਟਨ ਵਿਚ ਨੌਕਰ ਸਨ ਤੇ ਨਨਕਾਣਾ ਸਾਹਿਬ ਦੇ ਸਾਕੇ ਸਮੇਂ ਆਪ ਨੂੰ ਕਾਲਾ ਦਸਤਾਰਾ ਪਹਿਨਣ ਕਰਕੇ ਕੋਰਟ ਮਾਰਸ਼ਲ ਕਰਕੇ ੬ ਮਹੀਨੇ ਸਜ਼ਾ ਦਿੱਤੀ ਗਈ। ਉਸ ਤੋਂ ਉਪ੍ਰੰਤ ਆਪ ਗੁਰੂ ਕੇ ਬਾਗ ਭਾਈ ਫੇਰੂ ਤੇ ਜੈਤੋ ਦੇ ਮੋਰਚਿਆਂ ਵਿਚ ਜਾਕੇ ਬਹੁਤ ਸਾਰੇ ਤਸੀਹੇ ਸਹਾਰਕੇ ਆਏ। ਜੈਤੋ ਦੇ ਮੋਰਚੇ ਦੇ ਜੱਥੇ ਨਾਲ ਆਪ ਪੰਜਾਂ ਪਿਆਰੀਆਂ ਵਿਚ ਸਨ ਇਸ ਸਮੇਂ ਭੀ ਆਪ ਪੰਥਕ ਕੰਮਾਂ ਵਿਚ ਵਧ ਚੜ੍ਹ ਹਿੱਸਾ ਲੈਂਦੇ ਹਨ।

# ਤਹਿਸੀਲ ਸਮਰਾਲਾ ਦੇ ਹੋਰ ਸੂਰਬੀਰ ਜੋ ਮੋਰਚਾ ਰੀਗਸਰ ਜੈਤੋ ਭਾਈ ਫੇਰੂ ਤੇ ਮੁਕਤਸਰ ਗਏ

ਭਾ: ਨਿਰੰਜਨ ਸਿੰਘ ਪਿਤਾ ਫਤਹਿ ਸਿੰਘ ਮਾਤਾ ਭੋਲੀ ਪਿੰਡ ਘੰਡਾ ਬੰਨਾ ਆਪ ਅਕਾਲੀ ਵਰਕਰ ਹਨ।

ਭਾਈ ਸਾਹਿਬ ਸਿੰਘ ਪਿਤਾ ਸ: ਜੈਮਲ ਸਿੰਘ ਪਿੰਡ ਖਟੜੇ ਆਪ ਮੋਰਚਾ ਜੈਤੋ ਦੇ ੧੧ਵੇਂ ਸ਼ਹੀਦੀ ਜਥੇ ਵਿਚ ਗਏ ਤੇ ੧ ਸਾਲ ਨਾਭਾ ਬੀੜ ਵਿਚ ਕੈਦ ਰਹੇ।

ਭਾਈ ਨੰਦ ਸਿੰਘ ਪਿਤਾ ਸ: ਅਣੋਖ ਸਿੰਘ ਮਾਤਾ ਅਤਰ ਕੌਰ ਪਿੰਡ ਸਲੌਦੀ ਆਪ ਮੋਰਚਾ ਜੈਤੋ ਵਿਚ ਗਏ ਤੇ ਤਕਲੀਫਾਂ ਸਹਾਰੀਆਂ।

ਭਾਈ ਰਾਮ ਸਿੰਘ ਪਿਤਾ ਸ: ਹੀਰਾ ਸਿੰਘ ਮਾਤਾ ਪਲੀ ਪਿਡ ਫਤਹਿਗੜ੍ਹ ਅਕਾਲੀ ਲਹਿਰ ਦੇ ਪ੍ਰਚਾਰਕ ਹੋਣ ਦੇ ਦੋਸ਼ ਵਿਚ ਗ੍ਰਿਫ਼ਤਾਰ ਹੋਏ ਤੇ ੧੫ ਦਿਨ ਹਵਾਲਾਤ ਬੰਦ ਰਹੇ। ਜੈਤੋ ਦਸਵੇਂ ਸ਼ਹੀਦੀ ਜਥੇ ਵਿਚ ਗਏ। ਇਸ ਜਥੇ ਤੇ ਬਹੁਤ ਲਾਠੀਚਾਰਜ ਹੋਇਆ, ਮੋਰਚਾ ਫਤਹਿ ਹੋਣ ਤਕ ਕੈਦ ਰਹੇ।

ਭਾਈ ਸੁੰਦਰ ਸਿੰਘ ਪਿਤਾ ਸ: ਨਿਹਾਲ ਸਿੰਘ ਪਿੰਡ ਇਕੋਲਾਹ ਆਪ ਮੋਰਚਾ ਭਾਈ ਫੇਰੂ ਵਿਚ ਗਏ।

ਭਾਈ ਸੁੰਦਰ ਸਿੰਘ ਪਿਤਾ ਨਿਹਾਲ ਸਿੰਘ ਪਿੰਡ ਕੋਟਲਾ ਬਡਲਾ ਆਪ ਅਕਾਲੀ ਮੋਰਚਿਆਂ ਵਿਚ ਗਏ ਤੇ ਕੁਰਬਾਨੀਆਂ ਕੀਤੀਆਂ।

ਭਾਈ ਅਣੋਖ ਸਿੰਘ ਪਿਤਾ ਗੋਪਾਲ ਸਿੰਘ ਮਾਤਾ ਬਿਸ਼ਨ ਕੌਰ ਪਿੰਡ ਕੋਟਲਾ ਬਡਲਾ ਆਪ ਅਕਾਲੀ ਮੋਰਚਿਆਂ ਵਿਚ ਗਏ।

ਸ: ਖੇਬੜ ਸਿੰਘ ਜ਼ੈਲਦਾਰ ਪਿਤਾ ਸ: ਕਰਤਾਰ ਸਿੰਘ ਪਿੰਡ ਕੋਟਲਾ ਬਡਲਾ. ਆਪ ਅਕਾਲੀ ਮੋਰਚਿਆਂ ਵਿਚ ਜਾਂਦੇ ਰਹੇ।

ਭਾਈ ਤਰਲੋਕ ਸਿੰਘ ਪਿਤਾ ਅਤਰ ਸਿੰਘ ਪਿੰਡ ਰਾਜੇਵਾਲ ਆਪ ਅਕਾਲੀ ਮੋਰਚਿਆਂ ਵਿਚ ਗਏ।

ਭਾਈ ਪਰੇਮ ਸਿੰਘ ਪਿੰਡ ਘੰਗਰਾਲੀ ਭਾਠੜਿਆਂ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਸਾਧੂ ਸਿੰਘ ਪਿਤਾ ਨੰਦ ਸਿੰਘ ਪਿਡ ਅਜਨੇਰ ਆਪ ਭਾਈ ਫੇਰੂ ਵਿਚ ਗਏ ਤੇ ਕੈਦ ਦੀ ਸਜ਼ਾ ਹੋਈ।

Digitized by Panjab Digital Library | www.panjabdigilib.org

ਭਾਈ ਹੰਸਾ ਸਿੰਘ ਪਿਤਾ ਸਾਧੂ ਸਿੰਘ ਪਿੰਡ ਕੋਟਲਾ ਆਪ ਜੀ ਬੜੇ ਉਦਾਰ ਤੇ ਉਤਸ਼ਾਹੀ ਦਿਲ ਹੋਣ ਕਰਕੇ ਜਿੰਨੇ ਕੈਦੀ ਲਾਹੌਰ ਤੋਂ ਅੰਮ੍ਰਤਸਰ ਜੀ ਨੂੰ ਆਉਂਦੇ ਉਹਨਾਂ ਸਾਰਿਆਂ ਨੂੰ ਆਪਣੇ ਕੋਲੋਂ ਕਰਾਏ ਦੇ ਕੇ ਭੇਜਦੇ। ਅਖੀਰ ਭਾਈ ਫੇਰੂ ਦੇ ਮੋਰਚੇ ਵਿਚ ਆਪਣੀ ਜਥੇਦਾਰੀ ਹੇਠ ਜਥਾ ਲੈ ਕੇ ਗਏ। ਜਿਸ ਕਾਰਨ ਆਪ ਜੀ ਨੂੰ ਚਾਰ ਮਹੀਨੇ ਦੀ ਕੈਦ ਤੇ ੧੦੦) ਰੁਪਿਆ ਜੁਰਮਾਨਾ ਹੋਇਆ।

ਭਾਈ ਜਗਤ ਸਿੰਘ ਪਿਤਾ ਸ: ਵਜ਼ੀਰ ਸਿੰਘ ਪਿੰਡ ਕੋਟਲਾ ਆਪ ਨੇ ਮੁਕਤਸਰ, ਭਾਈ ਫੇਰੂ, ਜੈਤੋ ਆਦਿ ਮੋਰਚਿਆਂ ਵਿਚ ਹਿਸਾ ਲਿਆ ਤੇ ਆਪ ਨੂੰ ੫੦੦) ਜੁਰਮਾਨਾ ਹੋਇਆ।

ਭਾਈ ਦੇਵਾ ਸਿੰਘ ਪਿਤਾ ਵਧਾਵਾ ਸਿੰਘ ਮਾਤਾ ਕਾਹਨ ਕੌਰ ਆਪ ਜੀ ਨੇ ਅਕਾਲੀ ਲਹਿਰ ਵਿਖੇ ਪੂਰਨ ਹਿਸਾ ਲਿਆ। ਜੇਲ੍ਹਾਂ ਦੇ ਤਸੀਹੇ ਸਹਾਰਦਿਆਂ ਕਈ ਸਰੀਰਕ ਬੀਮਾਰੀਆਂ ਲਗ ਗਈਆਂ ਪਰ ਪੰਥਕ ਸ਼ਾਨ ਨੂੰ ਉਚਿਆਂ ਰਖਿਆ।

ਭਾਈ ਢੁਮਣ ਸਿੰਘ ਪਿਤਾ ਸ: ਦੇਵਾ ਸਿੰਘ ਪਿੰਡ ਰਬੋਂ ਜ਼ਿਲਾ ਲੁਧਿਆਣਾ ਆਪ ਜੀ ਨੇ ਅਕਾਲੀ ਲਹਿਰ ਵਿਚ ਭਾਈ ਦੇਵਾ ਸਿੰਘ ਜੀ ਦੇ ਨਾਲ ਮਿਲਵੀਆਂ ਜੁਲਵੀਆਂ ਕੁਰਬਾਨੀਆਂ ਕਰਕੇ ਸਿੱਖੀ ਸ਼ਾਨ ਨੂੰ ਚਮਕਾਇਆ ਹੀ ਨਹੀਂ ਬਲਕਿ ਚਾਰ ਚੰਨ ਲਾਏ ਸਨ ਕਿਉਂਕਿ ਆਪ ਦੋਹਾਂ ਭਾਈਆਂ ਸਿਆਸੀ ਕੈਦੀਆਂ ਨਾਲ ਜੋ ਜੇਲ੍ਹ ਦੇ ਕਰਮਚਾਰੀਆਂ ਵਲੋਂ ਅਯੋਗ ਕਾਰਰਵਾਈਆਂ ਕੀਤੀਆਂ ਜਾਂਦੀਆਂ ਸਨ ਉਸ ਨੂੰ ਦੂਰ ਕਰਨ ਹਿਤ ਦੋਹਾਂ ਨੇ ਭੁੱਖ ਹੜਤਾਲਾਂ ਕੀਤੀਆਂ। ੨੯-੨੯ ਦਿਨ ਦੀ ਭੁੱਖ ਹੜਤਾਲ ਤੋਂ ਬਾਦ ਸਾਰੇ ਕੈਦੀਆਂ ਨੂੰ ਜੋਗ ਸਹੂਲਤਾਂ ਦੁਆਕੇ ਭੁੱਖ ਹੜਤਾਲਾਂ ਛਡੀਆਂ।

ਭਾਈ ਰਾਮ ਸਿੰਘ ਪਿਤਾ ਹੀਰਾ ਸਿੰਘ ਪਿੰਡ ਨੇਹੂਆਂ ਆਪ ਨੇ ਮੋਰਚਾ ਜੈਤੋ ਵਿਖੇ ਜੇਲ੍ਹ ਤੇ ਕਾਰਖਾਸ ਦੇ ਕਸ਼ਟ ਸਹੇ।

ਭਾਈ ਮਹਾਂ ਸਿੰਘ ਪਿਤਾ ਲਾਭ ਸਿੰਘ ਪਿੰਡ ਨੇਹੂਆਂ ਆਪ ਜੈਤੋ ਦੇ ਮੋਰਚੇ ਵਿਚ ਗਏ ਅਤੇ ਨਾਭਾ ਜੇਲ੍ਹ ਤੇ ਕਾਰਖਾਸ ਦੇ ਸੰਕਟ ਸਹਾਰੇ।

ਭਾਈ ਵਧਾਵਾ ਸਿੰਘ ਪਿਤਾ ਲਾਭ ਸਿੰਘ ਪਿੰਡ ਨੇਹੂਆਂ ਆਪ ਜੈਤੋ ਦੇ ਮੋਰਚੇ ਵਿਚ ਗਏ ਅਤੇ ਨਾਭਾ ਜੇਲ੍ਹ ਤੇ ਕਾਰਖਾਸ ਦੇ ਸੰਕਟ ਸਹਾਰੇ।

ਭਾਈ ਸ਼ਾਮ ਸਿੰਘ ਪਿਤਾ ਜੈਮਲ ਸਿੰਘ ਆਪ ਨੇ ਜੱਥਾ ਨੰ: ੨ ਵਿਚ ਜਾਕੇ ਨਾਭਾ ਬੀੜ ਦੇ ਸੰਕਟ ਸਹਾਰੇ।

ਦਲੀਪ ਸਿੰਘ ਪਿਤਾ ਛਿਬੂ ਸਿੰਘ ਪਿੰਡ ਨੇਹੂਆਂ ਆਪ, ਜੈਤੋ ਦੇ ਮੋਰਚੇ ਵਿਚ ਗਏ ਤੇ ਨਾਭਾ ਬੀੜ ਤੇ ਕਾਰਖਾਸ ਦੇ ਦੁਖੜੇ ਖਿੜੇ ਮੱਥੇ ਸਹਾਰੇ।

ਭਾਈ ਲਾਭ ਸਿੰਘ ਪਿਤਾ ਕ੍ਰਿਪਾ ਸਿੰਘ ਪਿੰਡ ਨੇਹੂਆਂ ਆਪ ਨੇ ਜੱਥੇ ਵਿਚ ਆਪਣਾ ਨਾਮ ਲਿਖਾ ਦਿੱਤਾ ਜਿਸ ਦਿਨ ਜੱਥੇ ਨੇ ਤੁਰਨਾ ਸੀ ਉਸ ਦੀ ਸਿੰਘਣੀ ਇਕ ਛੋਟਾ ਜੇਹਾ ਬਚਾ ਛਡਕੇ ਗੁਜਰ ਗਈ, ਦੇਖੋ ਕੈਸਾ ਇਮਤਿਹਾਨ ਪ੍ਰਚਾ ਅੱਗੇ ਆਇਆ। ਹੁਣ ਗੁਰੂ ਭਰੋਸੇ ਵਾਲਾ ਸਿੰਘ ਸਿੰਘਣੀ ਦਾ ਗੁਰਮਤ ਅਨੁਸਾਰ ਦੇਹ ਸਸਕਾਰ ਕਰਕੇ ਛੋਟੇ ਬੱਚੇ ਨੂੰ ਗੁਆਂਢੀਆਂ ਨੂੰ ਸੰਭਾਲ ਕੇ ਗੁਰੂ ਪੰਥ ਦੇ ਸਹੀ ਪ੍ਰੋਗਰਾਮ ਤੇ ਜੱਥੇ ਵਿਚ ਭਰਤੀ ਹੋਕੇ ਜੈਤੋ ਨੂੰ ਗਏ, ਅੱਗੇ ਨਾਭਾ ਬੀੜ ਤੇ ਕਾਰਖਾਸ ਦੇ ਕਸ਼ਟ ਸਹਾਰੇ।

ਭਾਈ ਮੂਲਾ ਸਿੰਘ ਪਿਤਾ ਸ: ਚੰਨਣ ਸਿੰਘ ਦਾਦਾ ਵਸਾਖਾ ਸਿੰਘ ਪਿੰਡ ਬਰਵਾਲੀ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਨਾਭਾ ਬੀੜ ਤੇ ਕਾਰਖਾਸ ਦੇ ਸੰਕਟ ਸਹਾਰੇ।

Digitized by Panjab Digital Library | www.panjabdigilib.org

ਭਾਈ ਰੂੜ ਸਿੰਘ ਪਿੰਡ ਬਰਸਾਲੀ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਨਾਭਾ ਬੀੜ ਦੀਆਂ ਤਕਲੀਫਾਂ ਸਹਾਰੀਆਂ ।

ਭਾਈ ਅਰਜਣ ਸਿੰਘ ਪਿਤਾ ਦਸੌਂਧਾ ਸਿੰਘ ਮਾਤਾ ਸੋਭ ਕੌਰ ਪਿੰਡ ਜਲੋਦ ਆਪ ਜੈਤੋ ਦੇ ਮੋਰਚੇ ਵਿਚ ਗਏ ।

ਭਾਈ ਹਿੰਮਤ ਸਿੰਘ ਨੰਬਰਦਾਰ ਪਿਤਾ ਸ: ਠਾਕਰ ਸਿੰਘ ਮਾਤਾ ਕਰਤਾਰ ਕੌਰ ਪਿੰਡ ਹਰਿਓ ਕਲਾਂ ਆਪ ਜੀ ਨੇ ਜੈਤੋ ਦੇ ਮੋਰਚੇ ਤੇ ਭਾਈ ਫੇਰੂ ਦੇ ਮੋਰਚੇ ਵਿਚ ਜਾ ਕੇ ਗੁਰੂ ਪੰਥ ਦੇ ਹੁਕਮ ਤੇ ਫੁਲ ਚੜ੍ਹਾਏ । ਆਪ ਜੀ ਨੇ ਗੁਰਦੁਆਰਾ ਝਾੜ ਸਾਹਿਬ ਜੀ ਦੀ ਸੇਵਾ ਕਰਾਈ ।

ਭਾਈ ਬਚਨ ਸਿੰਘ ਪਿਤਾ ਸਾਹਿਬ ਸਿੰਘ ਮਾਤਾ ਨੰਦ ਕੌਰ ਪਿੰਡ ਸਲੋਦੀ ਆਪ ਜੈਤੋ ਦੇ ਮੋਰਚੇ ਵਿਚ ਗਏ ।

ਭਾਈ ਨੰਦ ਸਿੰਘ ਪਿਤਾ ਸ: ਅਣੋਖ ਸਿੰਘ ਮਾਤਾ ਅਤਰ ਕੌਰ ਪਿੰਡ ਸਲੋਦੀ ਆਪ ਜੈਤੋ ਦੇ ਮੋਰਚੇ ਵਿਚ ਗਏ ।

ਭਾਈ ਤ੍ਰਿਲੋਕ ਸਿੰਘ ਪਿਤਾ ਸਰਦਾਰਾ ਸਿੰਘ ਪਿੰਡ ਇਕਲਾਹਾ ਆਪ ਨੇ ਗੁਰੂ ਕੇ ਬਾਗ, ਭਾਈ ਫੇਰੂ ਅਤੇ ਜੈਤੋ ਦੇ ਮੋਰਚਿਆਂ ਵਿਚ ਹਿਸਾ ਲਿਆ ।

ਭਾਈ ਅਰਜਣ ਸਿੰਘ ਪਿਤਾ ਵਧਾਵਾ ਸਿੰਘ ਪਿੰਡ ਇਕਲਾਹਾ ਆਪ ਨੇ ਗੁਰੂ ਕੇ ਬਾਗ, ਭਾਈ ਫੇਰੂ ਅਤੇ ਜੈਤੋ ਦੇ ਮੋਰਚੇ ਵਿਚ ਕੁਰਬਾਨੀਆਂ ਦਿਤੀਆਂ ।

ਭਾਈ ਲਾਹੌਰਾ ਸਿੰਘ ਪਿਤਾ ਸਾਈਂ ਦਿਤਾ ਪਿੰਡ ਇਕਲਾਹਾ ਆਪ ਨੇ ਗੁਰੂ ਕੇ ਬਾਗ, ਭਾਈ ਫੇਰੂ ਅਤੇ ਜੈਤੋ ਦੇ ਮੋਰਚੇ ਵਿਚ ਕੁਰਬਾਨੀਆਂ ਦਿਤੀਆਂ ।

ਭਾ: ਬਹਾਦਰ ਸਿੰਘ ਪਿਤਾ ਸ: ਲੰਗਰ ਸਿੰਘ ਪਿੰਡ ਕੋਟਲਾ ਆਪ ਨੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਕੁਟ ਤੇ ਸਜ਼ਾ ਖਾਧੀ, ਬਾਦ ਵਿਚ ਮੋਰਚਾ ਮੁਕਤਸਰ ਗਏ ਜੋ ਉੱਥੇ ਹੀ ਸ਼ਹੀਦ ਹੋ ਗਏ ।

ਭਾ: ਜਗਤ ਸਿੰਘ ਪਿਤਾ ਵਜ਼ੀਰ ਸਿੰਘ ਪਿੰਡ ਅਜਨੇਰ ਆਪ ਜੀ ਭਾ: ਫੇਰੂ ਤੇ ਜੈਤੋ ਦੇ ਮੋਰਚੇ ਵਿਚ ਗਏ, ਨਾਭਾ ਬੀੜ ਤੇ ਕਾਰਖਾਸ ਦੇ ਦੁਖ ਖਿੜੇ ਮੱਥੇ ਤੇ ਸਹਾਰਦੇ ਹੋਏ ਮੋਰਚਾ ਫਤਹਿ ਹੋਣ ਤੇ ਆਏ । ਭਾ: ਰੂੜ ਸਿੰਘ ਤੇ ਭਾ: ਜਗਤ ਸਿੰਘ ਪਿੰਡ ਵੱਡੀ ਬਰਵਾਲੀ ਇਹ ਦੋਨੋਂ ਗੁਰੂ ਦੇ ਪਿਆਰੇ ਜੈਤੋ ਦੇ ਮੋਰਚੇ ਵਿਚ ਗਏ, ਜੋ ਨਾਭੇ ਬੀੜ ਤੇ ਕਾਰਖਾਸ ਦੇ ਦੁਖੜੇ ਸਹਾਰਦੇ ਹੋਏ ਭਾਣੇ ਅੰਦਰ ਅਡੋਲ ਰਹੇ । ਭਾ: ਠਾਕਰ ਸਿੰਘ ਤੇ ਭਾ: ਬਹਾਦਰ ਸਿੰਘ ਪਿੰਡ ਭੜੀ ਆਪ ਦੋਹਾਂ ਨੇ ਅਕਾਲੀ ਲਹਿਰ ਵਿਖੇ ੮-੮ ਮਹੀਨੇ ਸਜ਼ਾ ਕੱਟੀ ।

ਭਾ: ਮਾਨ ਸਿੰਘ ਪਿੰਡ ਰਸੂਲੜਾ ਆਪ ਜੀ ਨੂੰ ਅਕਾਲੀ ਲਹਿਰ ਵਿਚ ੮ ਸਾਲ ਦੀ ਸਜ਼ਾ ਹੋਈ ਸੀ, ਜੋ ਆਪ ਬੜੀ ਦਲੇਰੀ ਨਾਲ ਭੁਗਤ ਕੇ ਆਏ ।

ਭਾ: ਰਾਮ ਸਿੰਘ ਪਿੰਡ ਈਸੜੂ ਆਪ ਨੇ ਅਕਾਲੀ ਲਹਿਰ ਵਿਚ ਬਹੁਤ ਕੰਮ ਕੀਤਾ, ਜਿਸ ਦੇ ਕਾਰਨ ੯ ਮਹੀਨੇ ਸਜ਼ਾ ਕੱਟੀ । ਆਪ ਨੌਜਵਾਨ ਭਾਰਤ ਸਭਾ ਦੇ ਮੈਂਬਰ ਬਣੇ ਤੇ ਮੰਡੀ ਅਹਿਮਦ ਗੜ੍ਹ ਲੁਟਣ ਵਿਚ ਸੀ ਜਿਸ ਕਰਕੇ ੯ ਸਾਲ ਸਜ਼ਾ ਕੱਟ ਕੇ ਆਏ ਤੇ ਆਪ ਪਰਜਾ ਮੰਡਲ ਦੇ ਪ੍ਰਧਾਨ ਹੋਣ ਤੇ ਛੇ ਮਹੀਨੇ ਸਜ਼ਾ ਕਟੀ ।

ਭਾਈ ਠਾਕਰ ਸਿੰਘ ਪਿਤਾ ਵਧਾਵਾ ਸਿੰਘ ਪਿੰਡ ਇਕੋਲਾਹ ਆਪ ਨੇ ਦੇਸ਼ ਭਗਤਾਂ ਵਿਚ ਛੇ ਮਹੀਨੇ ਕੈਦ ਕੱਟੀ ।

ਭਾਈ ਉਤਮ ਸਿੰਘ ਪਿੰਡ ਇਕੋਲਾਹ ਆਪ ਨੇ ਛੇ ਮਹੀਨੇ ਕੈਦ ਕੱਟੀ ।

Digitized by Panjab Digital Library | www.panjabdigilib.org

# ਜ਼ਿਲਾ ਫੀਰੋਜ਼ਪੁਰ

ਦੇ

ਸੂਰਬੀਰ ਅਕਾਲੀ

ਜਿਨ੍ਹਾਂ ਨੇ

ਮੋਰਚਾ ਭਾਈ ਫੇਰੂ, ਮੁਕਤਸਰ ਤੇ ਗੰਗਸਰ ਜੈਤੋ ਆਦਿ ਵਿਚ ਸ਼੍ਰੋਮਣੀ
ਗੁਰਦਵਾਰਾ ਪ੍ਰ: ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ 'ਅੰਮ੍ਰਿਤਸਰ
ਕਮ ਅਨੁਸਾਰ ਸ਼ਾਂਤਮਈ ਰਹਿੰਦਿਆਂ ਹੋਇਆਂ ਨੇ
ਨਾ-ਲਿਖੇ ਜਾਣ ਵਾਲੇ ਕਾਰਖਾਸ ਤੇ ਆਦਮ-
ਖਾਣੀਆਂ ਜੇਲ੍ਹਾਂ ਦੇ ਕਸ਼ਟ ਸਹਾਰੇ
ਅਤੇ ਸ਼ਹੀਦੀਆਂ ਪ੍ਰਾਪਤ
ਕੀਤੀਆਂ, ਹਾਲ ਅਗੇ
ਪੜ੍ਹੋ

ਦਾਸ:– ਵਿਸਾਖਾ ਸਿਘ ਸੰਤ ਸਿਪਾਹੀ

Digitized by Panjab Digital Library | www.panjabdigilib.org

# ਤਹਿਸੀਲ ਫੀਰੋਜ਼ਪੁਰ
## ਦੇ ਜੋਸ਼ੀਲੇ ਸਿੰਘ

## ਸ: ਹਰਨਾਮ ਸਿੰਘ ਜੀ ਕਬਰਵੱਛਾ (ਅਕਾਲੀ ਲੀਡਰ)

ਆਪ ਜ਼ਿਲਾ ਫੀਰੋਜ਼ਪੁਰ ਦੇ ਪ੍ਰਸਿਧ ਅਕਾਲੀ ਆਗੂ ਹੋਏ ਹਨ। ਆਪ ਦਾ ਜਨਮ ਸੰਮਤ ੧੯੪੪ ਬਿ: ਵਿਚ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਸ: ਉਤਮ ਸਿੰਘ ਤੇ ਮਾਤਾ ਦਾ ਨਾਮ ਮਹਾਂ ਕੌਰ ਸੀ। ਬਚਪਨ ਵਿਚ ਆਪ ਆਪਣੇ ਪਿੰਡ ਕਬਰ ਵੱਛਾ ਵਿਚ ਹੀ ਸਾਧਾਂ ਪਾਸੋਂ ਗੁਰਮੁਖੀ ਵਿਦਿਆ ਪੜ੍ਹਦੇ ਰਹੇ। ਸੰਤ ਆਪ ਜੀ ਦਾ ਸਾਧੂਆਂ ਵਾਲਾ ਸੁਭਾ ਵੇਖ ਕੇ ਆਪ ਨੂੰ ਮਤੰਗ ਰਿਖੀ ਕਿਹਾ ਕਰਦੇ ਸਨ। ਛੋਟਿਆਂ ਹੁੰਦਿਆਂ ਆਪ ਦੇ ਮਾਤਾ ਪਿਤਾ ਸਦੀਵੀ ਵਿਛੋੜਾ ਦੇ ਗਏ ਤਾਂ ਆਪ ਆਪਣੀ ਰਿਸ਼ਤੇਦਾਰੀ ਵਿਚ ਚੱਕ ਨੰ: ੨੬ ਮਿੰਟ ਗੁਮਰੀ ਵਿਚ ਚਲੇ ਗਏ। ਉਥੇ ਆਪ ਨੇ ਸਿੰਘ ਸਭਾਈਆਂ ਦਾ ਅਖਬਾਰ ਖਾਲਸਾ ਲਾਹੌਰ ਤੋਂ ਮੰਗਾ ਕੇ ਪੜ੍ਹਨਾ ਸ਼ੁਰੂ ਕੀਤਾ। ਇਸ ਦਾ ਆਪ ਜੀ ਪਰ ਬਹੁਤ ਅਸਰ ਹੋਇਆ ਅਤੇ ਆਪ ਕੱਟੜ ਸਿੰਘ ਸਭੀਏ ਬਣ ਗਏ। ਜਵਾਨੀ ਵਿਚ ਜਦ ਆਪ ਜੀ ਦੀ ਸ਼ਾਦੀ ਹੋ ਗਈ ਤਾਂ ਆਪ ਪਿੰਡ ਆ ਗਏ।

੧੯੧੪-੧੫ ਵਿਚ ਜਦ ਗਦਰੀ ਦੇਸ਼ ਭਗਤ ਪੰਜਾਬ ਵਿਚ ਗਦਰ ਦੀਆਂ ਤਿਆਰੀਆਂ ਕਰ ਰਹੇ ਸਨ ਤਾਂ ਜਿਹੜੀ ਪਾਰਟੀ ਫੀਰੋਜ਼ਪੁਰ ਦੇ ਕਿਲ੍ਹੇ ਪਰ ਕਬਜ਼ਾ ਕਰਨ ਲਈ ਆਈ ਸੀ ਉਸ ਦਾ ਮਿਸਰੀ ਵਾਲੇ ਦੇ ਨੇੜੇ ਪੁਲਸ ਨਾਲ ਮੁਕਾਬਲਾ ਹੋ ਗਿਆ। ਪਿੰਡਾਂ ਦੇ ਲੋਕਾਂ ਨੂੰ ਪੁਲਸ ਨੇ ਇਹ ਦਸਿਆ ਸੀ ਕਿ ਇਹ ਡਾਕੂ ਹਨ ਇਸ ਕਰਕੇ ਪੁਲਸ ਦੀ ਮਦਦ ਕਰਨ ਲਈ ਪਿੰਡਾਂ ਦੇ ਬਹੁਤ ਸਾਰੇ ਲੋਕ ਇਕਠੇ ਹੋ ਗਏ। ਸ: ਹਰਨਾਮ ਸਿੰਘ ਜੀ ਭੀ ਇਸ ਘਟਨਾ ਸਮੇਂ ਮਿਸਰੀ ਵਾਲੇ ਪੁਜ ਗਏ। ਦੇਸ਼ ਭਗਤਾਂ ਦੀਆਂ ਲਾਸ਼ਾਂ ਬੜੀ ਬੇਕਦਰੀ ਨਾਲ ਸੜਕ ਪਰ ਸੁਟੀਆਂ ਪਈਆਂ ਸਨ। ਪੁਲਸ ਉਨ੍ਹਾਂ ਨੂੰ ਘਸੀਟ ਕੇ ਗੱਡਿਆਂ ਪਰ ਸੁਟ ਰਹੀ ਸੀ। ਇਸ ਘਟਨਾ ਦਾ ਸ: ਹਰਨਾਮ ਸਿੰਘ ਜੀ ਪਰ ਬਹੁਤ ਅਸਰ ਹੋਇਆ। ਆਪ ਨੂੰ ਜਦ ਇਹ ਪਤਾ ਲਗਿਆ ਕਿ ਇਹ ਦੇਸ਼ ਭਗਤ ਤਾਂ ਮੁਲਕ ਆਜ਼ਾਦ ਕਰਾਉਣ ਦੀ ਖਾਤਰ ਲੜ ਰਹੇ ਸਨ ਤਾਂ ਆਪ ਦਾ ਦਿਲ ਹੋਰ ਭੀ ਦੁਖੀ ਹੋਇਆ।

ਜਿਹੜੇ ਦੇਸ਼ ਭਗਤ ਇਸ ਮੁਕਾਬਲੇ ਵਿਚੋਂ ਬਚ ਰਹੇ ਉਹ ਪਿੰਡਾਂ ਵਿਚ ਲੁਕ ਕੇ ਗੁਜ਼ਾਰਾ ਕਰਦੇ ਸਨ। ਸ: ਰਾਘੋ ਸਿੰਘ ਤੇ ਉਨ੍ਹਾਂ ਦੇ ਸਾਥੀ ਲਖੀ ਜੰਗਲ ਵਿਚੋਂ ਇਕ ਮੁਖਬਰ ਦੇ ਖਬਰ ਦੇਣ ਪਰ ਗ੍ਰਿਫਤਾਰ ਕੀਤੇ ਗਏ। ਇਨ੍ਹਾਂ ਗ੍ਰਿਫਤਾਰੀਆਂ ਵਿਰੁਧ ਮਾਲਵੇ ਵਿਚ ਕਾਫੀ ਰੋਸ ਫੈਲ ਗਿਆ। ਸ: ਹਰਨਾਮ ਸਿੰਘ ਜੀ ਕਬਰ ਵਛਾ ਨੇ ਵਕੀਲ ਚੰਦਾ ਸਿੰਘ ਫੀਰੋਜ਼ਪੁਰ ਨੂੰ ਪ੍ਰੇਰਣਾ ਕੀਤੀ ਕਿ ਸ: ਰਾਘੋ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦਾ ਮੁਕਦਮਾ ਲੜਿਆ ਜਾਵੇ। ਸ: ਚੰਦਾ ਸਿੰਘ ਜੀ ਨੇ ਮੁਕਦਮਾ ਲੜਿਆ ਜਿਸ ਦੇ ਦੋਸ਼ ਵਿਚ ਅੰਗਰੇਜ਼ੀ ਸਰਕਾਰ ਨੇ ਆਪ ਦਾ ਵਕਾਲਤ ਦਾ ਲਾਇਸੈਂਸ ਜ਼ਬਤ ਕਰ ਲਿਆ।

੧੯੨੦-੨੧ ਵਿਚ ਜਦ ਅਕਾਲੀ ਲਹਿਰ ਆਰੰਭ ਹੋਈ ਤਾਂ ਸ: ਹਰਨਾਮ ਸਿੰਘ ਜੀ ਜ਼ਿਲਾ ਫੀਰੋਜ਼ਪੁਰ ਵਿਚ ਇਸ ਲਹਿਰ ਦੇ ਮੋਢੀ ਵਰਕਰਾਂ ਵਿਚੋਂ ਸਨ। ਪਹਿਲੀ ਸ਼੍ਰੋ: ਕਮੇਟੀ ਬਣੀ ਤਾਂ ਜ਼ਿਲਾ ਫੀਰੋਜ਼ਪੁਰ ਵਿਚੋਂ ਸਤ ਮੈਂਬਰ ਲਏ ਗਏ। ਦੂਜੀ ਸ਼੍ਰੋ: ਕਮੇਟੀ ਵਿਚ ੧੧ ਮੈਂਬਰ ਲਏ

Digitized by Panjab Digital Library | www.panjabdigilib.org

ਗਏ । ਸ: ਹਰਨਾਮ ਸਿੰਘ ਜੀ ਦੂਜੀ ਸ਼੍ਰੋ: ਕਮੇਟੀ ਦੇ ਮੈਂਬਰ ਸਨ ਅਤੇ ਲੀਡਰਾਂ ਦੇ ਨਾਲ ਹੀ ਜਦ ਸ਼੍ਰੋ: ਅਕਾਲੀ ਦਲ ਤੇ ਸ਼੍ਰੋ: ਕਮੇਟੀ ਕਾਨੂੰਨ ਵਿਰੁਧ ਜਮਾਤਾਂ ਕਰਾਰ ਦਿਤੀਆਂ ਗਈਆਂ ਤਾਂ ਆਪ ਭੀ ਗ੍ਰਿਫਤਾਰ ਕਰ ਲਏ ਗਏ । ਇਸ ਤੋਂ ਪਹਿਲਾਂ ਗੁਰਦੁਆਰਾ ਮੁਕਤਸਰ ਸਾਹਿਬ ਪਰ ਕਬਜ਼ਾ ਕਰਨ ਦੀਆਂ ਤਿਆਰੀਆਂ ਵਿਚ ਆਪ ਜੀ ਨੇ ਵਧ ਚੜ੍ਹਕੇ ਹਿੱਸਾ ਲਿਆ । ਦੀਵਾਨ ਅਸਥਾਨ ਤੋਂ ੧੦੦ ਸਿੰਘਾਂ ਦਾ ਜੋ ਜਥਾ ਦਰਬਾਰ ਸਾਹਿਬ ਸ੍ਰੀ ਮੁਕਤਸਰ ਪਰ ਕਬਜ਼ਾ ਕਰਨ ਲਈ ਬਣਾਇਆ ਗਿਆ ਸੀ, ਸ: ਹਰਨਾਮ ਜੀ ਇਸ ਜਥੇ ਦੇ ਜਥੇਦਾਰ ਥਾਪੇ ਗਏ ਸਨ । ਇਸ ਜਥੇ ਨੇ ਦਰਬਾਰ ਸਾਹਿਬ ਵਿਚ ਜਾ ਕੇ ਜੈਕਾਰੇ ਗਜਾਏ ਤੇ ਦੀਵਾਨ ਵਿਚੋਂ ਸਾਰੀਆਂ ਸੰਗਤਾਂ ਉਠ ਕੇ ਸ੍ਰੀ ਦਰਰਾਰ ਸਾਹਿਬ ਦੇ ਅੰਦਰ ਆ ਗਈਆਂ ।

ਸ: ਹਰਨਾਮ ਸਿੰਘ ਜੀ ਗੁਰਦੁਆਰਾ ਐਕਟ ਬਣਨ ਪਰ ਲੀਡਰਾਂ ਦੇ ਦੂਜੇ ਗਰੁਪ ਨਾਲ ਰਿਹਾ ਹੋ ਕੇ ਆਏ । ਇਸ ਤੋਂ ਪਿਛੋਂ ਆਪ ਜ਼ਿਲਾ ਅਕਾਲੀ ਜਥੇ ਦੇ ਲਗਾਤਾਰ ਕਈ ਵੇਰ ਪ੍ਰਧਾਨ ਚੁਣੇ ਜਾਂਦੇ ਰਹੇ ਅਤੇ ਸ਼੍ਰੋ: ਕਮੇਟੀ ਦੇ ਮੈਂਬਰ ਚੁਣੇ ਗਏ । ਲੋਕਲ ਕਮੇਟੀ ਮੁਕਤਸਰ ਦੇ ਪੰਜ ਛੀ ਸਾਲ ਪ੍ਰਧਾਨ ਰਹੇ ਅਤੇ ਸਾਰਾ ਸਮਾਂ ਗੁਰਦੁਆਰੇ ਦੀ ਸੇਵਾ ਕਰਨ ਵਿਚ ਹੀ ਲਗਾਉਂਦੇ ਰਹੇ । ਆਪ ਦੇ ਕੋਈ ਲੜਕਾ ਨਹੀਂ ਸੀ ਕੇਵਲ ਇਕ ਲੜਕੀ ਸੀ ਇਸ ਕਰਕੇ ਆਪ ਨੇ ਬਾਕੀ ਦਾ ਸਮਾਂ ਮੋਗੇ ਵਿਚ ਰਹਿ ਕੇ ਗੁਜ਼ਾਰਿਆ । ਪੰਥ ਦੀ ਅਥੱਕ ਮੇਹਨਤ ਕਰਦਿਆਂ, ਜੇਲ੍ਹਾਂ ਦੀਆਂ ਸਖਤੀਆਂ ਸਹਿੰਦਿਆਂ ਤੇ ਧਾਰਮਕ ਕੰਮਾਂ ਵਿਚ ਹਿਸਾ ਲੈਂਦਿਆਂ ਹੋਇਆਂ ਆਪ ਜੀ ਦੀ ਸੇਹਤ ਕਮਜ਼ੋਰ ਹੋ ਗਈ । ਸਰੀਰ ਵਿਚ ਖ਼ੂਨ ਦੀ ਕਮੀ ਹੋ ਗਈ ਤੇ ਕਮਜ਼ੋਰੀ ਬਹੁਤ ਹੋ ਗਈ । ਇਸ ਪ੍ਰਕਾਰ ਆਪ ਨੇ ਆਪਣੀ ਜ਼ਿੰਦਗੀ ਦਾ ਅੰਤਮ ਭਾਗ ਬੜੀ ਔਖ ਵਿਚ ਗੁਜ਼ਾਰਿਆ ।

## ਭਾ: ਇੰਦਰ ਸਿੰਘ ਜੀ ਜੱਥੇਦਾਰ

ਆਪ ਜੀ ਦਾ ਜਨਮ ਪਿੰਡ ਕੋਟ ਕਰੋੜ ਕਲਾਂ ਵਿਚ ਸ: ਘੁਮੰਡ ਸਿੰਘ ਜੀ ਦੇ ਘਰ ਹੋਇਆ । ਆਪ ਜੀ ਨੇ ਗੌਰਮਿੰਟ ਹਾਈ ਸਕੂਲ ਫੀਰੋਜ਼ ਪੁਰ ਤੋਂ ਮੈਟ੍ਰਿਕ ਦਾ ਇਤਿਹਾਨ ਪਾਸ ਕੀਤਾ । ਉਪ੍ਰੰਤ ਕੁਝ ਚਿਰ ਆਪ ਠੇਕੇਦਾਰੀ ਦਾ ਕੰਮ ਕਰਦੇ ਰਹੇ । ੧੯੩੩ ਤੋਂ ਆਪ ਨੇ ਸ਼੍ਰੋ: ਅਕਾਲੀ ਦੱਲ ਵਿਚ ਕੰਮ ਕਰਨਾ ਸ਼ੁਰੂ ਕੀਤਾ ਤੇ ੧੯੪੬ ਤੋਂ ੪੭ ਤੱਕ ਆਪ ਅਕਾਲੀ ਜੱਥਾ ਜ਼ਿ: ਫੀਰੋਜ਼ ਪੁਰ ਦੇ ਜੱਥੇਦਾਰ ਰਹੇ । ਆਪ ਸ਼੍ਰੋ: ਕਮੇਟੀ ਦੇ ਮੈਂਬਰ ਭੀ ਚੁਣੇ ਗਏ । ੧੯੪੭ ਵਿਚ ਜਦ ਸਿੱਖ ਲੀਡਰਾਂ ਨੇ ਸ਼ਹੀਦੀ ਦੱਲ ਬਣਾਇਆ ਤਾਂ ਆਪ ਉਸ ਦੱਲ ਦੇ ਜ਼ਿਲਾ ਫੀਰੋਜ਼ ਪੁਰ ਦੇ ਜੱਥੇਦਾਰ ਰਹੇ । ੧੯੪੧ ਵਿਚ ਆਪ ਨੇ ਗਾਂਧੀ ਜੀ ਦੇ ਹੁਕਮ ਅਨੁਸਾਰ ਇਨਫਰਾਦੀ ਸਤਿਆਗ੍ਰਹਿ ਕੀਤਾ, ਜਿਸ ਵਿਚ ਆਪ ਨੂੰ ੨ ਮਹੀਨੇ ਜੇਲ੍ਹ ਹੋਈ । ੧੯੩੬ ਵਿਚ ਆਪ ਸੂਬਾ ਕਾਨਫਰੰਸ ਦੇ ਮੈਂਬਰ ਚੁਣੇ ਗਏ ਸਨ । ਆਪ ਇਸ ਸਮੇਂ ਗੁਰਦਵਾਰਾ ਬਾਜੀਦ-ਪੁਰ ਦੇ ਪ੍ਰਧਾਨ ਹਨ ਤੇ ਦੇਸ਼ ਤੇ ਪੰਥ ਦੀ ਸੇਵਾ ਕਰਨ ਲਈ ਹਰ ਸਮੇਂ ਤਿਆਰ ਰਹਿੰਦੇ ਸਨ ।

## ਭਾ: ਸੁੰਦਰ ਸਿੰਘ ਜੀ ਅਕਾਲੀ

ਆਪ੍ ਜੀ ਦਾ ਜਨਮ ਪਿੰਡ ਕਲਿਆਣ ਸੁੱਖਾ ਵਿਚ ਸ: ਕ੍ਰਿਪਾਲ ਸਿੰਘ ਜੀ ਤਹਿਸੀਲਦਾਰ ਦੇ ਘਰ ਮਾਤਾ ਚੰਦ ਕੌਰ ਦੀ ਕੁਖ ਤੋਂ ਹੋਇਆ । ਆਪ ਦੇ ਪਿਤਾ ਜੀ ਨਾਭੇ ਵਿਚ ਤਹਿਸੀਲਦਾਰ ਸਨ ਇਸ ਕਰਕੇ ਆਪ ਨੂੰ ਮੈਟ੍ਰਿਕ ਤੱਕ ਪੜ੍ਹਾਇਆ ਗਿਆ । ਪਿਤਾ ਜੀ ਦੀ ਇੱਛਾ ਸੀ ਕਿ ਮੇਰਾ ਪੁਤ੍ਰ ਕਿਸੇ ਚੰਗੇ ਔਹਦੇ ਪਰ ਲਗੇਗਾ, ਪ੍ਰੰਤੂ ਆਪ ਜੀ ਨੂੰ ਬਚਪਨ ਤੋਂ ਹੀ ਦੇਸ਼ ਤੇ ਪੰਥ ਦੀ ਸੇਵਾ ਕਰਨ ਦੀ ਲਗਨ ਲੱਗ ਗਈ । ਅਕਾਲੀ ਲਹਿਰ ਦੇ ਆਰੰਭ ਵਿਚ ਆਪ ਬਾਹੀਏ ਵਿਚ ਸਿੱਖੀ ਪ੍ਰਚਾਰ ਕਰਨ ਲੱਗੇ ਤੇ ਇਲਾਕੇ ਨੂੰ

Digitized by Panjab Digital Library | www.panjabdigilib.org

ਟਲੂਣਾ ਦੇ ਕੇ ਜਗਾਇਆ। ਆਪ ਭਾ: ਫੇਰੂ ਦੇ ਮੋਰਚੇ ਵਿਚ ਗਏ ਤੇ ਛੇ ਮਹੀਨੇ ਕੈਦ ਕੱਟੀ। ਫਿਰ ਆਪ ਜੈਤੋ ਦੇ ਮੋਰਚੇ ਵਿਚ ਭੀ ਗਏ ਤੇ ਨਾਭਾ ਬੀੜ ਵਿਚ ਤਸੀਹੇ ਝਲਦੇ ਰਹੇ। ਅਕਾਲੀ ਲਹਿਰ ਪਿਛੋਂ ਆਪ ਕਾਂਗਰਸ ਵਿਚ ਹਿੱਸਾ ਲੈਣ ਲੱਗ ਪਏ ਤੇ ਦੇਸ਼ ਦੀ ਆਜ਼ਾਦੀ ਲਈ ਬੜੀ ਸਰਗਰਮੀ ਨਾਲ ਕੰਮ ਕਰਦੇ ਰਹੇ। ਆਪਣੇ ਪਿੰਡ ਵਿਚ ਆਪ ਜੀ ਨੇ ਕਾਨਫ਼ਰੰਸ ਕਰਾਈ, ਜਿਸ ਪਰ ਪੰਜਾਬ ਦੇ ਉੱਘੇ ਕਾਂਗਰਸੀ ਲੀਡਰ ਆਏ। ਆਪ ਗੁ: ਗੁਰੂਸਰ ਮਰਾੜ ਦੇ ਤਿੰਨ ਸਾਲ ਪ੍ਰਧਾਨ ਰਹੇ ਅਤੇ ਸਰੋਵਰ ਬਣਾਉਣ ਦਾ ਸਿਹਰਾ ਲਿਆ।

ਆਪ ਸ਼੍ਰੋ: ਕਮੇਟੀ ਦੇ ਮੈਂਬਰ ਭੀ ਰਹੇ। ਇਕ ਵੇਰ ਆਪ ਜੀ ਨੇ ਸਾਰੇ ਬਾਹੀਏ ਵਿਚ ਠੀਕਰੀ ਪਹਿਰਾ ਬੰਦ ਕਰ ਦਿੱਤਾ, ਇਸ ਪਰ ਤਹਿਸੀਲਦਾਰ ਸਾਹਿਬ ਬਹੁਤ ਔਖੇ ਹੋਏ ਤੇ ਆਪ ਜੀ ਨੂੰ ਬੁਲਾ ਲਿਆ। ਆਪ ਬਹੁਤ ਸਾਰੇ ਲੋਕਾਂ ਨੂੰ ਨਾਲ ਲੈ ਕੇ ਢੋਲ ਵਜਾ ਕੇ ਤਹਿਸੀਲਦਾਰ ਨੂੰ ਮਿਲਣ ਗਏ। ਜਦ ਉਸ ਨੇ ਵੇਖਿਆ ਕਿ ਸਾਰਾ ਇਲਾਕਾ ਇਨ੍ਹਾਂ ਦੇ ਨਾਲ ਹੈ, ਤਾਂ ਆਪ ਜੀ ਨਾਲ ਤਹਿਸੀਲਦਾਰ ਨੇ ਸਮਝੌਤੇ ਦੀ ਗੱਲ ਬਾਤ ਕੀਤੀ ਤੇ ਵਾਰੰਟ ਕੈਂਸਲ ਕਰ ਦਿੱਤੇ। ਆਪ ਜੀ ਇਲਾਕੇ ਦੇ ਹਰ ਮਨ ਪਿਆਰੇ ਲੀਡਰ ਸਨ। ਮਹਾਰਾਜਾ ਪਟਿਆਲਾ ਨੇ ਆਪ ਜੀ ਨੂੰ ਨੌਕਰੀ ਲੈਣ ਲਈ ਆਖਿਆ ਪਰ ਆਪ ਨੇ ਕੋਈ ਪ੍ਰਵਾਹ ਨਾ ਕੀਤੀ। ਆਪ ਦੇ ਵਿਰੋਧੀ ਆਪ ਜੀ ਦੀ ਚੜ੍ਹਦੀ ਕਲਾਂ ਵੇਖ ਕੇ ਬ੍ਰਦਾਸ਼ਤ ਨਾ ਕਰ ਸਕੇ ਤੇ ਭਾਈ ਸੁੰਦਰ ਸਿੰਘ ਜੀ ਤੇ ਆਪ ਦੇ ਭਰਾਤਾ ਨੂੰ ਜਦੋਂ ਉਹ ਧਰਮਸਾਲਾ ਵਿਚ ਬੈਠੇ ਅਖਬਾਰ ਪੜ੍ਹ ਰਹੇ ਸਨ, ਗੋਲੀਆਂ ਦਾ ਨਿਸ਼ਾਨਾ ਬਣਾ ਦਿੱਤਾ ਗਿਆ। ਪਿਛੋਂ ਆਪ ਜੀ ਦੇ ਪਿੰਡ ਲੋਕ ਹੀ ਨਹੀਂ ਸਗੋਂ ਸਾਰੇ ਬਾਹੀਏ ਦੇ ਲੋਕ ਇਹ ਅਨਭਵ ਕਰਦੇ ਹਨ ਕਿ ਉਨ੍ਹਾਂ ਦਾ ਸਹਿਯੋਗ ਲੀਡਰ ਖੁਸ ਜਾਣ ਕਰਕੇ ਇਲਾਕੇ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਆਪ ਦਾ ਪਰਵਾਰ ਗੁਰੂ ਦੀ ਕ੍ਰਿਪਾ ਨਾਲ ਖੂਬ ਵਧ ਫੁਲ ਰਿਹਾ ਹੈ।

## ਸ: ਕ੍ਰਿਪਾਲ ਸਿੰਘ ਜੀ ਸੇਮਾਂ

ਆਪ ਜੀ ਦਾ ਜਨਮ ਪਿੰਡ ਸ਼ੇਮਾਂ ਵਿਚ ਸ: ਜੰਗ ਸਿੰਘ ਜੀ ਦੇ ਘਰ ਹੋਇਆ। ਬਚਪਨ ਵਿਚ ਆਪ ਜੀ ਨੇ ਪੰਜਾਬੀ ਵਿਦਿਆ ਪੜ੍ਹੀ ਤੇ ਚੰਗੇ ਪ੍ਰਚਾਰਕ ਬਣ ਗਏ। ਅਕਾਲੀ ਲਹਿਰ ਸਮੇਂ ਆਪ ਜੀ ਨੇ ਬੜੇ ਉਤਸ਼ਾਹ ਨਾਲ ਸੇਵਾ ਕੀਤੀ ਅਤੇ ਗੁਰਦਵਾਰਾ ਕੇਰ ਸਾਹਿਬ ਪਰ ਕਬਜ਼ਾ ਕਰਨ ਸਮੇਂ ਜੱਥਾ ਲੈ ਕੇ ਗਏ। ਆਪ ਜ਼ਿਲਾ ਫੀਰੋਜ਼ ਪੁਰ ਦੇ ਮੀਤ ਜੱਥੇਦਾਰ ਤੇ ਸਬ ਤਹਿਸੀਲ ਨਥਾਨਾ ਦੇ ਜੱਥੇਦਾਰ ਰਹੇ ਹਨ। ਪੰਥ ਦੀ ਸੇਵਾ ਕਰਨ ਲਈ ਆਪ ਹਰ ਸਮੇਂ ਤੱਤਪਰ ਰਹਿੰਦੇ ਹਨ।

## ਭਾ: ਇੰਦਰ ਸਿੰਘ ਜੀ ਪੂਹਲੀ

ਆਪ ਜੀ ਦਾ ਜਨਮ ਪਿੰਡ ਪੂਹਲੀ ਵਿਚ ਸ: ਵਰਯਾਮ ਸਿੰਘ ਜੀ ਦੇ ਘਰ ਹੋਇਆ। ਬਚਪਨ ਵਿਚ ਆਪ ਜੀ ਨੇ ਗੁਰਮੁਖੀ ਵਿਦਿਆ ਪੜ੍ਹੀ ਤੇ ਚੰਗੇ ਪਾਠੀ ਬਣ ਗਏ। ਆਪ ਅਕਾਲੀ ਜੱਥਾ ਜ਼ਿਲਾ ਫੀਰੋਜ਼ ਪੁਰ ਦੇ ਮੋਢੀ ਵਰਕਰਾਂ ਵਿਚ ਰਹੇ ਤੇ ਜਦ ਜੈਤੋ ਦਾ ਮੋਰਚਾ ਲੱਗਿਆ ਤਾਂ ਆਪ ੨੫ ਸਿੰਘਾਂ ਦਾ ਜੱਥਾ ਲੈ ਕੇ ਗਏ ਤੇ ੨੫ ਦਿਨ ਜੈਤੋ ਮੋਰਚੇ ਵਿਚ ਰਹੇ। ਫਿਰ ਇਹ ਜੱਥਾ ਸ੍ਰੀ ਅੰਮ੍ਰਿਤਸਰ ਪੁਜਾ ਤੇ ਕਿਸੇ ਹੋਰ ਮੋਰਚੇ ਵਿਚ ਜਾਣ ਲਈ ਬਿਨੇ ਕੀਤੀ ਪਰ ਆਪ ਜੀ ਨੂੰ ਵਾਪਸ ਭੇਜ ਦਿੱਤਾ ਗਿਆ। ਨਥਾਣੇ ਆ ਕੇ ਆਪ ਨੇ ਜੋਸ਼ੀਲਾ ਲੈਕਚਰ ਦਿੱਤਾ ਤੇ ਵਾਰੰਟ ਜਾਰੀ ਹੋ ਗਏ। ਇਸ ਕੇਸ 'ਚ ਆਪ ਨੂੰ ੯ ਮਹੀਨੇ ਕੈਦ ਤੇ ਇਕ ਸੌ ਰੁਪਿਆ ਜੁਰਮਾਨਾ ਹੋਇਆ। ਆਪ ਨੇ ਡੇਰਿਆਂ ਦੀ ਜ਼ਮੀਨ ਸਾਧਾਂ ਦੇ ਕਬਜ਼ੇ ਵਿਚੋਂ ਕੱਢਣ ਲਈ ਜਦੋ ਜਹਿਦ ਕੀਤੀ। ਆਪ ਦੇ ਉਦਮ ਨਾਲ ਡੇਰਾ ਬਾਬਾ ਪਾਉਨ ਆਹਰੀ ਉਰਫ਼ ਲਾਲ ਚੰਦ ਦੀ

Digitized by Panjab Digital Library | www.panjabdigilib.org

੩੨ ਘੁਮਾਂ ਜ਼ਮੀਨ । ਬਾਬਾ ਸਰੂਪੇ ਦੀ ਖੂਹੀ, ਢਾਬ ਵਾਲੀ ੧੪ਘੁਮਾਂ ਜ਼ਮੀਨ, ਪੰਥਕ ਪ੍ਰਬੰਧ ਹੇਠ ਆਈ । ਹੋਰ ਮੁਕੱਮੇ ਵਿਚ ਆਪ ਨੇ ਤਿੰਨ ਸੌ ਰੁਪਿਆ ਖਰਚਿਆ, ਜਿਸ ਵਿਚ ਆਪ ਜੀ ਦੀ ਜ਼ਮੀਨ ਗਿਰਵੀ ਹੋ ਗਈ । ਆਪ ਸੱਚੇ, ਸੁਚੇ ਤੇ ਨਿਧੜਕ ਪੰਥਕ ਸੇਵਕ ਹਨ ਅਤੇ ਇਲਾਕੇ ਵਿਚ ਬੜੇ ਸਤਿਕਾਰ ਨਾਲ ਵੇਖੇ ਜਾਂਦੇ ਸਨ । ਆਪ ਜ਼ਿਲਾ ਫੀਰੋਜ਼ ਪੁਰ ਦੇ ਅਕਾਲੀ ਲਹਿਰ ਦੇ ਮੋਢੀਆਂ ਵਿਚੋਂ ਹਨ ।

## ਜਥੇਦਾਰ ਨਿਰੰਜਨ ਸਿੰਘ ਜੀ ਮਰਾੜ

ਆਪ ਜੀ ਦਾ ਜਨਮ ਪਿੰਡ ਮਰਾੜ ਵਿਚ ਸ: ਹਰਨਾਮ ਸਿੰਘ ਜੀ ਦੇ ਘਰ ਮਾਤਾ ਪਰੇਮ ਕੌਰ ਦੀ ਕੁਖ ਤੋਂ ਹੋਇਆ । ਬਚਪਨ ਵਿਚ ਆਪ ਜੀ ਨੇ ਗੁਰਮੁਖੀ ਤੇ ਹਿੰਦੀ ਪੜ੍ਹੀ ਤੇ ਗੁਰਬਾਣੀ ਤੇ ਸਿਖ ਇਤਿਹਾਸ ਤੋਂ ਚੰਗੇ ਜਾਣੂੰ ਹੋ ਗਏ । ਛੋਟੀ ਉਮਰ ਤੋਂ ਹੀ ਆਪ ਜੀ ਦੀਆਂ ਰੁਚੀਆਂ ਧਾਰਮਕ ਸਨ । ਆਪ ਜੀ ਦੇ ਪਿਤਾ ਜੀ ਭੀ ਬੜੇ ਗੁਰਮੁਖ ਸਨ । ਜਦ ਅਕਾਲੀ ਲਹਿਰ ਅਰੰਭ ਹੋਈ ਤਾਂ ਆਪ ਉਸ ਵਿਚ ਸ਼ਾਮਲ ਹੋ ਗਏ । ਪਹਿਲੇ ਆਪ ਗੁਰੂ ਕੇ ਬਾਗ ਵਿਚ ਗਏ ਤੇ ਸਖ਼ਤ ਮਾਰ ਕੁਟਾਈ ਸਹਾਰੀ । ਜੈਤੋ ਦੇ ਮੋਰਚੇ ਵਿਚ ਆਪ ਜੀ ਨੇ ਨਾਭੇ ਬੀੜ ਵਿਚ ਦੋ ਸਾਲ ਕੈਦ ਕੱਟੀ । ਕ੍ਰਿਪਾਨ ਦੇ ਮੋਰਚੇ ਵਿਚ ਆਪ ਸ਼ਰੋਮਣੀ ਕਮੇਟੀ ਦੇ ਮੈਂਬਰਾਂ ਦੀ ਹੈਸੀਅਤ ਵਿਚ ਲਾਹੌਰ ਜਥਾ ਲੈ ਕੇ ਗਏ ਤੇ ਕਚਹਿਰੀ ਉਠਣ ਤਕ ਦੀ ਸਜ਼ਾ ਹੋਈ । ਡਸਕੇ ਦੇ ਮੋਰਚੇ ਵਿਚ ਜਥੇਦਾਰ ਦੂਲਾ ਸਿੰਘ ਰੋਡੇ ਜੋ ੧੦੦ ਸਿੰਘਾਂ ਦਾ ਜਥਾ ਲੈ ਕੇ ਗਏ, ਆਪ ਉਸ ਦੇ ਜਨਰਲ ਸਕੱਤਰ । ਗੁਰਦਵਾਰਾ ਮੁਕਤਸਰ ਦਾ ਕਬਜ਼ਾ ਲੈਣ ਸਮੇਂ ਭੀ ਆਪ ਹਾਜ਼ਰ ਸਨ ਤੇ ਹਰ ਪ੍ਰਕਾਰ ਦੀ ਸੇਵਾ ਕਰਦੇ ਰਹੇ । ਅਕਾਲੀ ਲਹਿਰ ਵਿਚ ਹਿਸਾ ਲੈਣ ਕਰਕੇ ਆਪ ਜੀ ਦੀ ਨੰਬਰਦਾਰੀ ਜ਼ਬਤ ਹੋਈ ਜਿਸਦਾ ੨੦੦) ਰੁਪਏ ਸਾਲਾਨਾ ਪੰਜੋਤਰਾ ਮਿਲਦਾ ਸੀ । ੯ ਸਾਲ ਆਪ ਇਲਾਕੇ ਵਲੋਂ ਸ਼੍ਰੋ: ਗ: ਪ੍ਰ: ਕਮੇਟੀ ਦੇ ਮੈਂਬਰ ਰਹਿ ਕੇ ਸੇਵਾ ਕਰਦੇ ਰਹੇ । ਕਈ ਸਾਲ ਆਪ ਤਹਿਸੀਲ ਅਕਾਲੀ ਜਥੇ ਦੇ ਪ੍ਰਧਾਨ ਤੇ ਜ਼ਿਲਾ ਫ਼ੀਰੋਜ਼ਪੁਰ ਦੇ ਮੀਤ ਪ੍ਰਧਾਨ ਰਹੇ ।

## ਭਾਈ ਪੂਜਾ ਸਿੰਘ ਜੀ ਅਕਾਲੀ ਮਰਾੜ

ਆਪ ਜੀ ਦਾ ਜਨਮ ਪਿੰਡ ਮਰਾੜ ਵਿਚ ਸ: ਗਿਆਨ ਸਿੰਘ ਜੀ ਦੇ ਘਰ ਮਾਤਾ ਅਤਰ ਕੌਰ ਦੀ ਕੁਖ ਤੋਂ ਹੋਇਆ । ਬਚਪਨ ਵਿਚ ਆਪ ਜੀ ਨੇ ਗੁਰਮੁਖੀ ਤੇ ਉਰਦੂ ਵਿਦਿਆ ਪੜ੍ਹੀ ਤੇ ਚੰਗੇ ਸਿਆਣੇ ਹੋ ਗਏ । ੧੯੨੩ ਵਿਚ ਆਪ ਅਕਾਲੀ ਜਥਾ ਸਬ ਤਹਿਸੀਲ ਨਥਾਣਾ ਵਿਚ ਭਰਤੀ ਹੋਏ । ਅਕਾਲੀ ਲਹਿਰ ਸਮੇਂ ਆਪ ਨੇ ਵਧ ਚੜ੍ਹ ਕੇ ਸੇਵਾ ਕੀਤੀ । ਗੁਰਦਵਾਰਾ ਮੁਕਤਸਰ ਦੇ ਮੈਨੇਜਰ ਭੀ ਰਹੇ ਤੇ ਸ਼ਰੋਮਣੀ ਕਮੇਟੀ ਦੇ ਇਲਾਕੇ ਵਲੋਂ ਮੈਂਬਰ ਰਹੇ । ਜਦ ਜੈਤੋ ਦਾ ਮੋਰਚਾ ਗਰਮ ਸੀ ਤਾਂ ਆਪ ਰੀਵਾੜੀ ਕੈਂਪ ਦੇ ਇਨਚਾਰਜ ਸਨ । ਹਿਸਾਰ ਤੋਂ ਜਥੇ ਭੇਜਣ ਦੇ ਦੋਸ਼ ਵਿਚ ਆਪ ਜੀ ਵਿਰੁਧ ਮੁਕਦਮਾ ਚਲਾਇਆ ਗਿਆ ਤੇ ਆਪ ਜੀ ਦੀ ਜਾਇਦਾਦ ਜ਼ਬਤ ਕੀਤੀ ਗਈ । ੬ਵੇਂ ਤੇ ੭ਵੇਂ ਸ਼ਹੀਦੀ ਜਥੇ ਦੀ ਸੇਵਾ ਕਰਨ ਬਦਲੇ ਆਪ ਜੀ ਨੂੰ ਫਿਰ ਗ੍ਰਿਫਤਾਰ ਕਰ ਲਿਆ ਗਿਆ ਤੇ ਛੇ ਮਹੀਨੇ ਸਜ਼ਾ ਹੋਈ । ਆਪ ਗੁ: ਕੇਰ ਸਾਹਿਬ ਦੇ ਮੋਰਚੇ ਵਿਚ ਭੀ ਜਥਾ ਲੈ ਕੇ ਗਏ । ਅਕਾਲੀ ਲਹਿਰ ਤੋਂ ਪਿਛੋਂ ਆਪ ਹੁਣ ਤਕ ਪੰਥਕ ਸੇਵਾ ਦੇ ਮੈਦਾਨ ਵਿਚ ਸਰਗਰਮੀ ਨਾਲ ਕੰਮ ਕਰਦੇ ਹਨ ।

## ਭਾਈ ਅਰਜਨ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਮਾੜੀ ਮਾਨ ਵਿਚ ਬਾਹੀਆ ਵਿਚ ਸ: ਭਾਨ ਸਿੰਘ ਜੀ ਦੇ ਘਰ ਹੋਇਆ । ਆਪ ਨੇ ਬਚਪਨ ਵਿਚ ਗੁਰਮੁਖੀ ਵਿਦਿਆ ਪੜ੍ਹੀ ਤੇ ੧ ਸਾਲ ਪਟਿਆਲੇ ਨੌਕਰੀ ਕੀਤੀ ।

Digitized by Panjab Digital Library | www.panjabdigilib.org

ਅਕਾਲੀ ਲਹਿਰ ਅਰੰਭ ਹੋਣ ਸਮੇਂ ਆਪ ਨੌਕਰੀ ਛਡ ਕੇ ਲਹਿਰ ਵਿਚ ਸ਼ਾਮਲ ਹੋ ਗਏ। ਛੇਵੇਂ ਸ਼ਹੀਦੀ ਜਥੇ ਨਾਲ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਡੇਢ ਸਾਲ ਨਾਭਾ ਬੀੜ ਵਿਚ ਤਸੀਹੇ ਸਹਾਰੇ। ਆਪ ਗੁਰਦਵਾਰਾ ਗੁਰੂਸਰ ਦੇ ਮੈਨੇਜਰ ਸਨ। ਡਸਕੇ ਦੇ ਮੋਰਚੇ ਵਿਚ ਆਪ ਜ: ਦੁਲਾ ਸਿੰਘ ਰੋੜੇ ਦੇ ਜਥੇ ਨਾਲ ਜਾ ਰਹੇ ਸਨ ਕਿ ਰਾਹ ਵਿਚ ਬੀਮਾਰ ਹੋ ਗਏ ਤੇ ਸ੍ਰੀ ਗੁਰੂ ਰਾਮ ਦਾਸ ਹਸਪਤਾਲ ਵਿਚ ਚਲਾਣਾ ਕਰ ਗਏ। ਜਥੇ ਨੂੰ ਪੰਜਾ ਸਾਹਿਬ ਆਪ ਦੇ ਚਲਾਣ ਦੀ ਖਬਰ ਮਿਲੀ ਤਾਂ ਆਪ ਜੀ ਦੀ ਕਲਿਆਣ ਨਮਿਤ ਸਾਰੇ ਸਿੰਘਾਂ ਨੇ ਪੰਜ ਪੰਜ ਜਪੁਜੀ ਸਾਹਿਬ ਦੇ ਪਾਠ ਕੀਤੇ। ਆਪ ਬੜੇ ਗੁਰਮੁਖ ਗੁਰਸਿਖ ਤੇ ਪੰਥ ਭਗਤ ਸਨ।

## ਭਾਈ ਹਜ਼ੂਰਾ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਨਗਰ ਬਜੋਆਣਾ ਤਹਿਸੀਲ ਨਥਾਣਾ ਵਿਚ ਸ: ਬਾਜਾ ਸਿੰਘ ਜੀ ਦੇ ਘਰ ਮਾਤਾ ਬਿਸ਼ਨ ਕੌਰ ਦੀ ਕੁਖ ਤੋਂ ਹੋਇਆ। ਆਪ ਨੇ ਗੁਰਮੁਖੀ ਵਿਦਿਆ ਪੜ੍ਹੀ ਤੇ ਅਕਾਲੀ ਲਹਿਰ ਵਿਚ ਸ਼ਾਮਲ ਹੋ ਗਏ। ਪਹਿਲਾਂ ਆਪ ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ। ਰਾਵਲਪਿੰਡੀ ਜੇਲ੍ਹ ਵਿਚੋਂ ਕਢ ਕੇ ਪੁਲਸ ਨੇ ਜਿਨ੍ਹਾਂ ੧੦੦ ਸਿੰਘਾਂ ਪਰ ਮਾਰ ਕੁਟ ਕੀਤੀ ਸੀ ਆਪ ਉਸ ਵਿਚ ਸ਼ਾਮਲ ਸਨ। ਜਿਸ ਦਿਨ ਜੈਤੋ ਵਿਚ ਪਹਿਲੇ ਸ਼ਹੀਦੀ ਜਥੇ ਪਰ ਗੋਲੀ ਚਲੀ ਆਪ ਉਥੇ ਹੀ ਸਨ ਤੇ ਸਾਰਾ ਖ਼ੂਨੀ ਦ੍ਰਿਸ਼ਜ ਆਪਣੀਆਂ ਅੱਖਾਂ ਨਾਲ ਵੇਖਿਆ। ਇਸ ਸਮੇਂ ਗੁਰਦਵਾਰੇ ਦੀ ਸੇਵਾ ਕਰਦੇ ਹਨ ਤੇ ਪਿੰਡ ਵਿਚ ਆਪ ਦਾ ਬੜਾ ਸਤਿਕਾਰ ਹੈ।

## ਭਾ: ਜੋਗਾ ਸਿੰਘ ਅਕਾਲੀ

ਆਪ ਜੀ ਦਾ ਜਨਮ ਨਗਰ ਦਿਆਲ ਪੁਰਾ ਮਿਰਜ਼ੇ ਕਾ ਵਿਚ ਸ: ਉਦੇ ਸਿੰਘ ਦੇ ਘਰ ਮਾਤਾ ਰਾਜ ਕੌਰ ਦੀ ਕੁਖ ਤੋਂ ਹੋਇਆ। ਆਪ ਕੁਝ ਚਿਰ ਮਲਾਇਆ ਵਿਚ ਰਹੇ। ਜਿਸ ਦਿਨ ਜੈਤੋ ਵਿਚ ਪਹਿਲੇ ਸ਼ਹੀਦੀ ਜਥੇ ਪਰ ਗੋਲੀ ਚਲੀ ਤਾਂ ਆਪ ਉਥੇ ਹੀ ਸਨ ਤੇ ਗ੍ਰਿਫਤਾਰ ਕਰ ਲਏ ਗਏ। ਜੇਲ੍ਹ ਵਿਚ ਆਪ ਜੀ ਨੇ ਭੁਖਹੜਤਾਲ ਰਖੀ। ਇਥੋਂ ਆਕੇ ਆਪ ਫਿਰ ਜਥੇ ਵਿਚ ਗਏ ਤੇ ਇਸ ਤਰਾਂ ਜਦ ਤਕ ਮੋਰਚਾ ਫਤਹਿ ਨਹੀਂ ਹੋਇਆ ਆਪ ਸੇਵਾ ਕਰਦੇ ਰਹੇ। ਆਪ ਅਕਾਲੀ ਜਥਾ ਜ਼ਿਲਾ ਸੰਗਰੂਰ ਦੇ ਸਕੱਤ੍ਰ ਰਹਿ ਚੁਕੇ ਹਨ।

## ਸ: ਨੱਥਾ ਸਿੰਘ ਜੀ ਫਿੱਡੇ

ਆਪ ਜੀ ਦਾ ਜਨਮ ਪਿੰਡ ਫਿਡੇ ਵਿਚ ਸ: ਬੂੜ ਸਿੰਘ ਜੀ ਦੇ ਘਰ ਹੋਇਆ। ਅਕਾਲੀ ਲਹਿਰ ਵਿਚ ਆਪ ਪ੍ਰਚਾਰ ਦੁਆਰਾ ਸੇਵਾ ਕਰਦੇ ਰਹੇ ਡਸਕੇ ਦੇ ਮੋਰਚੇ ਵਿਚ ਜਥੇਦਾਰ ਦੂਲਾ ਸਿੰਘ ਦੇ ਜਥੇ ਨਾਲ ਗਏ। ਆਪ ਚੰਗੇ ਸਿਆਣੇ ਪ੍ਰਚਾਰਕ ਹਨ। ਉਪ੍ਰੰਤ ਆਪ ਜੀ ਦਾ ਝੁਕਾ ਕਾਂਗਰਸ ਵਲ ਹੋ ਗਿਆ ਅਤੇ ਆਪ ਨੇ ੧੯੪੧ ਦੇ ਸਤਿਆਗ੍ਰਹਿ ਵਿਚ ਦੋ ਮਹੀਨੇ ਕੈਦ ਤੇ ੫੦) ਰੁਪਏ ਜੁਰਮਾਨਾ ਭਰਿਆ। ਆਪ ਅਕਾਲੀ ਜਥੇ ਦੇ ਉੱਘੇ ਵਰਕਰ ਰਹੇ ਹਨ।

## ਭਾ : ਅਰਜਨ ਸਿੰਘ ਅਕਾਲੀ

ਆਪ ਦਾ ਜਨਮ ਪਿੰਡ ਕੋਟ ਕਰੋੜ ਕਲਾਂ ਵਿਚ ਸ: ਚੰਦਾ ਜੀ ਦੇ ਘਰ ਮਾਤਾ ਮਹਿਤਾਬ ਕੌਰ ਦੀ ਕੁਖੋਂ ਹੋਇਆ। ਜਵਾਨ ਹੋ ਕੇ ਆਪ ਫੌਜ ਵਿਚ ਭਰਤੀ ਹੋ ਗਏ। ਅਕਾਲੀ ਲਹਿਰ ਸਮੇ ਆਪ ਜੈਤੋ ਦੇ ਦੂਜੇ ਸ਼ਹੀਦੀ ਜਥੇ ਵਿਚ ਸ਼ਾਮਲ ਹੋ ਕੇ ਗਏ ਤੇ ਨਾਭਾ ਬੀੜ ਵਿਚ ਆਪ ਜੀ ਪਰ ਬਹੁਤ ਸਖਤੀਆਂ ਕੀਤੀਆਂ

Digitized by Panjab Digital Library | www.panjabdigilib.org

ਗਈਆਂ। ਨਾਭੇ ਦੀ ਖੂਨੀ ਕਾਰਖਾਸ ਵਿਚ ਆਪ ਪਰ ਇਤਨੀ ਮਾਰ ਕੁਟਾਈ ਕੀਤੀ ਗਈ ਕਿ ਆਪ ਜੇਹਲ ਤੋਂ ਵਾਪਸ ਤੋਂ ਇਕ ਮਹੀਨਾ ਪਿਛੋਂ ਅਕਾਲ ਚਲਾਣਾ ਕਰ ਗਏ।

## ਸ: ਪ੍ਰੀਤਮ ਸਿੰਘ "ਤਰੰਗ"

ਆਪ ਜੀ ਦਾ ਜਨਮ ਪਿੰਡ ਕੋਟ ਕਰੋੜ ਵਿਚ ਸ: ਭਗਵਾਨ ਸਿੰਘ ਜੀ ਦੇ ਘਰ ਮਾਤਾ ਸ਼ਾਮ ਕੌਰ ਦੀ ਕੁਖ ਤੋਂ ਹੋਇਆ। ਬਚਪਨ ਵਿਚ ਆਪ ਜੀ ਨੇ ਗੁਰਮਖੀ, ਉਰਦੂ ਤੇ ਅੰਗਰੇਜ਼ੀ ਪੜ੍ਹੀ। ਸੁਰਤ ਸੰਭਾਲਦੇ ਹੀ ਆਪ ਅਕਾਲੀ ਦਲ ਵਿਚ ਕੰਮ ਕਰਨ ਲਗ ਪਏ ਤੇ ਹੌਲੀ ਹੌਲੀ ਜਿਲੇ ਦੇ ਸਕੱਤਰ ਤਕ ਦੀ ਪਦਵੀ ਪਰ ਆ ਪੁਜੇ। ਗਿਆਨੀ ਕਰਤਾਰ ਸਿੰਘ ਜੀ ਲਾਇਲਪੁਰੀ ਵਜ਼ੀਰ ਪੰਜਾਬ ਆਪ ਜੀ ਦੇ ਮਿਤਰ ਹਨ। ਇਸ ਕਰਕੇ ਆਪ ਸਦਾ ਉਨ੍ਹਾਂ ਦੇ ਹੁਕਮ ਅਨੁਸਾਰ ਪੰਥ ਦੀ ਸੇਵਾ ਕਰਦੇ ਹਨ।

## ਭਾਈ ਸੇਵਾ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਫੇਰੂ ਸ਼ਹਿਰ ਵਿਚ ਸ: ਭਾਨ ਸਿੰਘ ਜੀ ਦੇ ਘਰ ਮਾਤਾ ਮਹਿਤਾਬ ਕੌਰ ਦੀ ਕੁਖ ਤੋਂ ਹੋਇਆ। ਆਪ ਚੰਗੇ ਵਿਦਵਾਨ ਹਨ। ਉਰਦੂ, ਗੁਰਮਖੀ, ਅੰਗਰੇਜ਼ੀ ਕਈ ਜ਼ਬਾਨਾਂ ਜਾਣਦੇ ਹਨ। ਆਪ ਪਹਿਲਾਂ ਮਲਾਇਆ ਵਿਚ ਪੁਲਸ ਦੀ ਨੌਕਰੀ ਕਰਦੇ ਸਨ ਤੇ ਫਿਰ ਗੁਰਦਵਾਰਾ ਸਿੰਘਾ ਪੁਰ ਵਿਚ ਗਰੰਥੀ ਭੀ ਰਹੇ। ਆਪ ਗੁਰਪ੍ਰਤਾਪ ਸੂਰਜ ਦੇ ਚੰਗੇ ਕਥਾਕਾਰ ਹਨ। ਅਕਾਲੀ ਲਹਿਰ ਅਰੰਭ ਹੋਣ ਸਮੇਂ ਆਪ ਪੰਜਾਬ ਵਾਪਸ ਆ ਗਏ ਤੇ ਅਕਾਲੀ ਆਗੂਆਂ ਨਾਲ ਮਿਲ ਕੇ ਪੰਥ ਦੀ ਸੇਵਾ ਵਿਚ ਜੁਟ ਗਏ। ਜਿਸ ਸਮੇਂ ਸ਼ਰੋਮਣੀ ਕਮੇਟੀ ਬਣੀ ਤਾਂ ਆਪ ਉਸਦੇ ਮੈਂਬਰ ਚੁਣੇ ਗਏ। ਆਪ ਜੀ ਪੁਰਾਤਨ ਸਿੰਘਾਂ ਵਾਂਗ ਗੁਰਬਾਣੀ ਦੇ ਬਹੁਤ ਪਰੇਮੀ ਤੇ ਸੁਖਮਣੀ ਸਾਹਿਬ ਕੰਠ ਕੀਤੀ ਹੋਈ ਹੈ।

## ਸ: ਭਾਗ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਨਗਰ ਪੂਹਲੀ ਵਿਚ ਸ: ਪ੍ਰੇਮ ਸਿੰਘ ਜੀ ਦੇ ਘਰ ਮਾਤਾ ਰਾਮ ਕੌਰ ਦੀ ਕੁਖ ਤੋਂ ਹੋਇਆ। ਬਚਪਨ ਵਿਚ ਆਪ ਜੀ ਨੇ ਗੁਰਮੁਖੀ ਵਿਦਿਆ ਪੜ੍ਹੀ ਤੇ ਅਮਰ ਗੜ੍ਹ ਵਿਦਿਆਲੇ ਵਿਚ ਜਾ ਕੇ ਅਖੰਡ ਪਾਠੀ ਬਣੇ। ਆਪ ਦੀ ਉਮਰ ਅਜੇ ੧੩ ਸਾਲ ਦੀ ਸੀ ਗੁਰੂ ਕੇ ਬਾਗ ਦੇ ਮੋਰਚੇ ਵਿਚ ਕੈਦ ਹੋ ਕੇ ਬੋਸਟਲ ਜੇਲ੍ਹ ਲਾਹੌਰ ਵਿਚ ਤਿੰਨ ਮਹੀਨੇ ਕੈਦ ਕੱਟੀ। ਨਥਾਣੇ ਦੇ ਚੇਤ ਚੌਦੇ ਦੇ ਮੇਲੇ ਪਰ ਆਪ ਨੇ ਇਕ ਪੁਰ-ਅਸਰ ਤਕਰੀਰ ਕੀਤੀ ਜਿਸ ਨੂੰ ਸੁਣ ਕੇ ਸੰਗਤਾਂ ਨੇ ਆਪ ਨੂੰ ਜੱਥੇਦਾਰੀ ਦਾ ਮਾਣ ਬਖਸ਼ਿਆ। ਆਪ ਇਲਾਕਾ ਬਾਹੀਆ ਵਿਚ ਪ੍ਰਚਾਰ ਕਰਕੇ ਸਿੰਘਾਂ ਨੂੰ ਮੋਰਚਿਆਂ ਵਿਚ ਭੇਜਦੇ ਰਹੇ। ਨਾਭੇ ਦੇ ਮੋਰਚੇ ਵਿਚ ਆਪ ੩੦ ਸਿੰਘਾਂ ਦਾ ਜੱਥਾ ਲੈ ਕੇ ਗਏ ਤੇ ਜੱਥੇਦਾਰ ਹੋਣ ਕਰਕੇ ਦੋ ਸਾਲ ਦੀ ਸਜ਼ਾ ਹੋਈ। ਮੁਕਤਸਰ ਭੀ ਆਪ ਜੱਥਾ ਲੈ ਕੇ ਗਏ। ਆਪ ਗੁਰਦਵਾਰਾ ਗੁਰੂਸਰ ਕਮੇਟੀ ਦੇ ਮੈਂਬਰ ਭੀ ਰਹੇ। ਅਮਰ ਗੜ੍ਹ ਵਿਦਿਆਲੇ ਵਿਚ ਆਪ ਧਾਰਮਿਕ ਟੀਚਰ ਦਾ ਕੰਮ ਕਰਦੇ ਰਹੇ ਅਤੇ ਆਪ ਦੀ ਧਰਮ ਪਤਨੀ ਭੀ ਪੜ੍ਹੀ ਲਿਖੀ ਤੇ ਅਧਿਆਪਕਾ ਰਹੇ ਸਨ।

## ਭਾ: ਜਿਊਣ ਸਿੰਘ ਜੀ ਪੰਜੂ ਪੂਹਲੀ

ਭਾ: ਜਿਊਣ ਸਿੰਘ ਜੀ ਭੀ ਨਗਰ ਪੂਹਲੀ ਦੇ ਰਹਿਣ ਵਾਲੇ ਸਨ। ਆਪ ਸ਼ਹੀਦੀ ਜੱਥਾ ਨੰ: ੯ ਵਿਚ ਦਾਸ ਵਿਸਾਖ ਸਿੰਘ ਜੀ ਦੇ ਨਾਲ ਜੈਤੋ ਜਾ ਕੇ ਗ੍ਰਿਫਤਾਰ ਹੋਏ। ਜੇਲ੍ਹ ਵਿਚ ਆਪ ਜੀ ਨੂੰ ਬਹੁਤ ਤਸੀਹੇ ਦਿੱਤੇ ਗਏ ਪ੍ਰੰਤੂ ਆਪ ਜੀ ਨੇ ਬੜੀ ਦ੍ਰਿੜ੍ਹਤਾ ਨਾਲ ਸਾਰੇ ਦੁਖ ਸਹਾਰੇ ਤੇ ਮੋਰਚਾ ਫਤਹਿ ਹੋਣ ਪਰ ਵਾਪਸ ਆਏ।

Digitized by Panjab Digital Library | www.panjabdigilib.org

## ਭਾ: ਹੀਰਾ ਸਿੰਘ ਜੀ ਪੂਹਲੀ ਸ਼ਹੀਦ

ਆਪ ਜੀ ਦਾ ਜਨਮ ਪਿੰਡ ਪੂਹਲੀ ਵਿਚ ਸ: ਸਰਮੁਖ ਸਿੰਘ ਜੀ ਦੇ ਘਰ ਹੋਇਆ। ਆਪ ਦਾ ਰੁਝਾਨ ਬਚਪਨ ਤੋਂ ਹੀ ਧਾਰਮਿਕ ਕੰਮਾਂ ਵੱਲ ਸੀ। ਆਪ ਦਾ ਸਰੀਰ ਬੜਾ ਸੁੰਦਰ ਤੇ ਸਡੋਲ ਸੀ। ਆਪ ਜੈਤੋ ਦੇ ਮੋਰਚੇ ਵਿਚ ਦੋ ਸਾਲ ਕੈਦ ਹੋਏ। ਇਕ ਸਾਲ ਕੈਦ ਆਪ ਨੇ ਕੱਟੀ ਸੀ ਤੇ ਇਕ ਸਾਲ ਰਹਿੰਦੀ ਸੀ ਕਿ ੩੦ ਸਾਲ ਦੀ ਜਵਾਨ ਅਵਸਥਾ ਵਿਚ ਹੀ ਜ਼ਾਲਮ ਦੇ ਜ਼ੁਲਮ ਦਾ ਸ਼ਕਾਰ ਹੋ ਕੇ ਜੇਲ੍ਹ ਵਿਚ ਹੀ ਸ਼ਹੀਦ ਹੋ ਗਏ।

## ਭਾ: ਸੁੰਦਰ ਸਿੰਘ ਜੀ ਬੇਗਾ ਲਹਿਰਾ

ਆਪ ਜੀ ਦਾ ਜਨਮ ਪਿੰਡ ਬੇਗਾ ਲਹਿਰਾ ਵਿਚ ਸ: ਅਤਰ ਸਿੰਘ ਜੀ ਦੇ ਘਰ ਮਾਤਾ ਬਿਸ਼ਨ-ਕੌਰ ਦੀ ਕੁਖ ਤੋਂ ਹੋਇਆ। ਆਪ ਬਾਹੀਆ ਇਲਾਕਾ ਵਿਚ ਅਕਾਲੀ ਲਹਿਰ ਦੇ ਮੋਢੀ ਰਹੇ ਸਨ। ਪਹਿਲੇ ਆਪ ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ ਤੇ ਆਪ ਨੂੰ ੯ ਮਹੀਨੇ ਕੈਦ ਤੇ ੧੨੦ ਰੁਪਿਆ ਜੁਰਮਾਨਾ ਹੋਇਆ। ਉਪ੍ਰੰਤ ਆਪ ਜੈਤੋ ਦੇ ਮੋਰਚੇ ਵਿਚ ੨੫ ਸਿੰਘਾਂ ਦਾ ਜੱਥਾ ਲੈ ਕੇ ਗਏ ਤੇ ਬਾਬਲ ਕਾਂਟੀ ਛੱਡੇ ਗਏ। ਵਾਪਸ ਆ ਕੇ ਫਿਰ ਆਪ ੯ ਵੇਂ ਸ਼ਹੀਦੀ ਜੱਥੇ ਵਿਚ ਸ਼ਾਮਲ ਹੋ ਕੇ ਗਏ ਤੇ ੪ ਮਹੀਨੇ ਕੈਦ ਕੱਟ ਕੇ ਮੋਰਚਾ ਫਤਹਿ ਹੋਣ ਪੁਰ ਵਾਪਸ ਆਏ। ਆਪ ਇਸ ਸਮੇਂ ਅਕਾਲੀ ਜੱਥਾ ਸਬ ਤਹਿਸੀਲ ਨਥਾਣਾ ਦੇ ਜੱਥੇਦਾਰ ਹਨ ਤੇ ਪਾਕਿਸਤਾਨੀ ਘਲੂਘਾਰੇ ਸਮੇਂ ਗੁਰਦਵਾਰਾ ਕੇਰ ਬਾਬਾ ਨਾਨਕ ਗੁਜਰਾਤ ਦੀ ਰਾਖੀ ਲਈ ਜੱਥਾ ਲੈ ਕੇ ਗਏ।

## ਸ: ਬੱਗਾ ਸਿੰਘ ਜੀ ਸ਼ਹੀਦ

ਭਾ: ਬੱਗਾ ਸਿੰਘ ਜੀ ਦਾ ਜਨਮ ਸ: ਕਿਸ਼ਨ ਸਿੰਘ ਜੀ ਦੇ ਘਰ ਮਾਤਾ ਜਿੰਦ ਕੌਰ ਦੀ ਕੁਖ ਤੋਂ ਪਿੰਡ ਚਹਿਲਾ ਵਾਲ ਵਿਚ ਹੋਇਆ। ਆਪ ਗੁਰੂ ਕੇ ਬਾਗ, ਮੁਕਤਸਰ ਆਦਿ ਮੋਰਚਿਆਂ ਵਿਚ ਗਏ ਤੇ ਪਿਛੋਂ ਆਪ ਨਾਭੇ ਦੇ ਮੋਰਚੇ ਵਿਚ ਨਾਭਾ ਬੀੜ ਵਿਚ ਕੈਦ ਸਨ। ਨਾਭੇ ਦੀ ਖੂਨੀ ਕਾਰਖਾਸ ਵਿਚ ਆਪ ਜੀ ਨੂੰ ਇਤਨੇ ਤਸੀਹੇ ਦਿੱਤੇ ਗਏ ਕਿ ਆਪ ਸ਼ਹੀਦ ਹੋ ਗਏ।

## ਜਥੇਦਾਰ ਸੁਧਾ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਮਹੇਸਰੀ ਵਿਚ ਸ: ਖਜ਼ਾਨ ਸਿੰਘ ਜੀ ਦੇ ਘਰ ਹੋਇਆ। ਆਪ ਜ਼ਿਲਾ ਫੀਰੋਜ਼ਪੁਰ ਦੇ ਪ੍ਰਸਿਧ ਅਕਾਲੀ ਵਰਕਰਾਂ ਵਿਚੋਂ ਸਨ। ਅਕਾਲੀ ਲਹਿਰ ਅਰੰਭ ਹੋਣ ਸਮੇਂ ਆਪ ਗੁਰੂ ਕੇ ਬਾਗ ਵਿਚ ਗਏ ਤੇ ਛੇ ਮਹੀਨੇ ਦੀ ਸਜ਼ਾ ਹੋਈ ਤੇ ਕੋਹਾਟ ਜੇਲ੍ਹ ਵਿਚ ਰਹੇ। ਫਿਰ ਆਪ ਛੇਵੇਂ ਸ਼ਹੀਦੀ ਜਥੇ ਨਾਲ ਜੈਤੋ ਗਏ ਤੇ ਮੋਰਚਾ ਫਤਹਿ ਹੋਣ ਪਰ ਵਾਪਸ ਆਏ। ਆਪ ਨੂੰ ਛੇ ਸੌ ਰੁਪਿਆ ਜੁਰਮਾਨਾ ਵੀ ਹੋਇਆ। ਆਪ ਬੜੇ ਪਰੇਮੀ ਸਿਖ ਸਨ।

## ਭਾਈ ਕਰਤਾਰ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਮਹੇਸਰੀ ਵਿਚ ਸ: ਰੂੜ ਸਿੰਘ ਜੀ ਦੇ ਘਰ ਮਾਤਾ ਪਰਤਾਪ ਕੌਰ ਦੀ ਕੁਖ ਤੋਂ ਹੋਇਆ। ਪਹਿਲੇ ਆਪ ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ ਤੇ ਛੇ ਮਹੀਨੇ ਕੈਦ ਅਟਕ ਜੇਲ੍ਹ ਵਿਚ ਕੱਟੀ। ਉਪਰੰਤ ਆਪ ਜੈਤੋ ਦੇ ਮੋਰਚੇ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਨਾਭਾ ਬੀੜ ਵਿਚੋਂ ਮੋਰਚਾ ਫਤਹਿ ਹੋਣ ਪਰ ਰਿਹਾ ਹੋਏ।

Digitized by Panjab Digital Library | www.panjabdigilib.org

## ਭਾਈ ਮੋਹਨ ਸਿੰਘ ਅਕਾਲੀ

ਆਪ ਜੀ ਦਾ ਜਨਮ ਪਿੰਡ ਘੁਮਿਆਰਾ ਜ਼ਿਲਾ ਫੀਰੋਜ਼ਪੁਰ ਵਿਚ ਸ: ਸੰਤ ਸਿੰਘ ਜੀ ਦੇ ਘਰ ਹੋਇਆ । ਆਪ ਜੀ ੨੫ ਸਿੰਘਾਂ ਦੇ ਜਥੇ ਨਾਲ ਜੈਤੋ ਗਏ । ਆਪ ਤਿੰਨ ਵੇਰ ਜੈਤੋ ਦੇ ਮੋਰਚੇ ਵਿਚ ਗਏ ਤੇ ਬਾਵਲ ਕਾਂਟੀ ਜਾ ਕੇ ਰਿਹਾ ਹੁੰਦੇ ਰਹੇ। ਇਸ ਸਮੇਂ ਭੀ ਆਪ ਪੰਥਕ ਸੇਵਾ ਬੜੇ ਪ੍ਰੇਮ ਨਾਲ ਕਰਦੇ ਰਹੇ ਹਨ ।

## ਭਾਈ ਅਜੀਤ ਸਿੰਘ ਜੀ ਅਕਾਲੀ ਮਦੀਹਰ

ਆਪ ਜੀ ਦੇ ਪਿਤਾ ਦਾ ਨਾਮ ਸ: ਰੁਲੀਆ ਸਿੰਘ ਸੀ। ਆਪ ਦੋ ਭਾਈ ਸਨ, ਜਦ ਅਕਾਲੀ ਲਹਿਰ ਆਰੰਭ ਹੋਈ ਤਾਂ ਇਨ੍ਹਾਂ ਦੋਹਾਂ ਭਰਾਵਾਂ ਨੇ ਪਰਚੀਆਂ ਪਾਈਆਂ ਕਿ ਜਿਸ ਦੀ ਪਰਚੀ ਨਿਕਲ ਆਵੇ ਉਹ ਜਥੇ ਵਿਚ ਜਾਵੇ ਸੋ ਆਪ ਜੀ ਦੇ ਭਾਈ ਦੀ ਪਰਚੀ ਨਿਕਲ ਆਈ । ਕਮੇਟੀ ਵਲੋਂ ਭਾਈ ਅਜੀਤ ਸਿੰਘ ਜੀ ਨੂੰ ਇਲਾਕੇ ਵਿਚੋਂ ਭਰਤੀ ਕਰਕੇ ਦੇਣ ਦਾ ਹੁਕਮ ਹੋਇਆ । ਆਪ ਨੇ ਪ੍ਰਚਾਰ ਦੁਆਰਾ ਬਹੁਤ ਸਾਰੇ ਸਿੰਘ ਭੇਜੇ ਤੇ ਇਲਾਕੇ ਵਿਚ ਨਿਧੜਕ ਹੋ ਕੇ ਸੇਵਾ ਕਰਦੇ ਰਹੇ। ਆਪ ਸਰਕਲ ਦੇ ਜਥੇਦਾਰ ਭੀ ਰਹਿ ਚੁਕੇ ਹਨ ਤੇ ਬੜੇ ਪ੍ਰੇਮੀ ਗੁਰਸਿੱਖ ਹਨ।

## ਭਾਈ ਨੰਦ ਸਿੰਘ ਜੀ ਮਦੀਹਰ

ਆਪ ਦਾ ਜਨਮ ਪਿੰਡ ਮਦੀਹਰ ਵਿਚ ਸ: ਗਿਆਨ ਸਿੰਘ ਜੀ ਦੇ ਘਰ ਮਾਤਾ ਨੰਦ ਕੌਰ ਦੀ ਕੁਖ ਤੋਂ ਹੋਇਆ । ਆਪ ਜੈਤੋ ਦੇ ਮੋਰਚੇ ਵਿਚ ੬ਵੇਂ ਸ਼ਹੀਦੀ ਜਥੇ ਨਾਲ ਗਏ। ਨਾਭਾ ਬੀੜ ਵਿਚੋਂ ਆਪ ਜੀ ਨੂੰ ਕਾਰਖਾਸ ਵਿਚ ਲਿਆ ਕੇ ਇਤਨੀ ਸਖਤ ਮਾਰ ਕੁਟ ਕੀਤੀ ਗਈ ਕਿ ਆਪ ੮ ਦਿਨ ਪਿਛੋਂ ਸ਼ਹੀਦ ਹੋ ਗਏ ।

## ਭਾਈ ਲਾਭ ਸਿੰਘ ਜੀ ਅਕਾਲੀ ਮਦੀਹਰ

ਆਪ ਜੀ ਦਾ ਜਨਮ ਪਿੰਡ ਮਦੀਹਰ ਵਿਚ ਸ: ਫਤਹਿ ਸਿੰਘ ਜੀ ਦੇ ਘਰ ਮਾਤਾ ਰਾਜ ਕੌਰ ਦੀ ਕੁਖ ਤੋਂ ਹੋਇਆ। ਆਪ ਚੰਗੇ ਪੜ੍ਹੇ ਲਿਖੇ ਤੇ ਪ੍ਰਚਾਰਕ ਹਨ । ਜਦ ਆਪ ਅਜੇ ਜਵਾਨ ਹੀ ਸਨ ਤਾਂ ੬ਵੇਂ ਸ਼ਹੀਦੀ ਜਥੇ ਨਾਲ ਜੈਤੋ ਗਏ ਤੇ ਨਾਭਾ ਬੀੜ ਵਿਚ ਬਹੁਤ ਸਾਰੇ ਤਸੀਹੇ ਝਲੇ । ਆਪ ਮੋਰਚਾ ਫਤਹਿ ਹੋਣ ਪਰ ਹੀ ਘਰ ਵਾਪਸ ਆਏ । ਆਪ ਸਾਰੀ ਉਮਰ ਪੰਥਕ ਸੇਵਾ ਵਿਚ ਤਤਪਰ ਰਹੇ। ਆਪ ਦੇ ਭਰਾਤਾ ਸ: ਨਰੈਣ ਸਿੰਘ ਜੀ ਭੀ ਤੀਜੇ ਜਥੇ ਵਿਚ ਜੈਤੋ ਗਏ ਸਨ।

## ਸ: ਪੂਰਨ ਸਿੰਘ ਜੀ ਅਕਾਲੀ ਮਦੀਹਰ

ਆਪ ਜੀ ਦੇ ਪਿਤਾ ਦਾ ਨਾਮ ਸ: ਬਿਸ਼ਨ ਸਿੰਘ ਤੇ ਮਾਤਾ ਦਾ ਨਾਮ ਬਿਸ਼ਨ ਕੌਰ ਹੈ। ਆਪ ਅਕਾਲੀ ਲਹਿਰ ਸਮੇਂ ਭਾਵੇਂ ਜਥੇ ਵਿਚ ਨਹੀਂ ਗਏ ਪਰ ਸਿੰਘਾਂ ਦੀ ਸੇਵਾ ਵਿਚ ਹਿੱਸਾ ਲੈਂਦੇ ਰਹੇ। ਆਪ ਇਸ ਸਮੇਂ ਅਕਾਲੀ ਟਿਕਟ ਪਰ ਐਮ. ਐਲ. ਏ. ਚੁਣੇ ਗਏ ਹਨ ਤੇ ਚੰਗੇ ਰਸੂਖ ਵਾਲੇ ਹਨ ।

ਨਗਰ ਮਦੀਹਰ ਵਿਚ ਅਕਾਲੀ ਲਹਿਰ ਸਮੇਂ ਸੇਵਾ ਕਰਨ ਵਾਲੇ ਬਹੁਤ ਸਾਰੇ ਸਿੰਘ ਹੋਏ ਹਨ ਪ੍ਰੰਤੂ ਇਸ ਨਗਰ ਦੀ ਖਾਸ ਵਿਸ਼ੇਸ਼ਤਾ ਇਹ ਹੈ ਕਿ ਇਥੋਂ ਦੇ ਤਿੰਨ ਭੁਜੰਗੀ ੧੧-੧੧ ਸਾਲ ਦੀ ਅਵਸਥਾ ਵਿਚ ਭਾਈ ਫੇਰੂ ਦੇ ਮੋਰਚੇ ਵਿਚ ਕੈਦ ਹੋਏ। ਇਨ੍ਹਾਂ ਦੇ ਨਾਮ ਇਹ ਹਨ, ਕਾਕਾ

Digitized by Panjab Digital Library | www.panjabdigilib.org

ਅਵਤਾਰ ਸਿੰਘ ਸਪੁਤਰ ਸਰਦਾਰਾ ਸਿੰਘ, ਕਾਕਾ ਕਪੂਰ ਸਿੰਘ ਸਪੁਤ੍ਰ ਅਜੀਤ ਸਿੰਘ ਤੇ ਕਾਕਾ ਮਹਾਂ ਸਿੰਘ ਸਪੁਤਰ ਹੀਰਾ ਸਿੰਘ, ਇਨ੍ਹਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਿਰੋਪਾਉ ਮਿਲੇ ਸਨ ।

## ਭਾਈ ਕਿਸ਼ਨ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਮੁਦਕੀ ਵਿਚ ਸ: ਦਮਣ ਸਿੰਘ ਜੀ ਦੇ ਘਰ ਮਾਤਾ ਰਾਮ ਕੌਰ ਦੀ ਕੁਖੋਂ ਹੋਇਆ । ਆਪ ਜੀ ਦੇ ਦਿਲ ਵਿਚ ਪੰਥਕ ਪਿਆਰ ਦਾ ਜਜ਼ਬਾ ਬਹੁਤ ਸੀ । ਗੁਰੂ ਕੇ ਬਾਗ ਦੇ ਮੋਰਚੇ ਵਿਚ ਆਪ ਦੋ ਵੇਰ ਗਏ । ਦੂਜੀ ਵਾਰ ਦੋ ਸਾਲ ਦੀ ਸਜ਼ਾ ਹੋਈ । ਸਾਰੀ ਉਮਰ ਵਿਚ ਆਪ ਜੀ ਪੰਥਕ ਸੇਵਾ ਵਿਚ ਤਤਪਰ ਰਹੇ ।

## ਭਾਈ ਉਜਾਗਰ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਕਬਰ ਵੱਛਾ ਵਿਚ ਸ: ਬੂੜ ਸਿੰਘ ਦੇ ਘਰ ਮਾਤਾ ਚੰਦ ਕੌਰ ਦੀ ਕੁਖ ਤੋਂ ਹੋਇਆ । ਪਹਿਲੇ ਆਪ ਗੁਰੂ ਕੇ ਬਾਗ ਵਿਚ ਗਏ ਤੇ ਜੇਲ੍ਹ ਯਾਤਰਾ ਕੀਤੀ । ਪਿਛੋਂ ਆਪ ਜੀ ਪਰ ਸ਼ਹੀਦੀ ਜਥਿਆਂ ਦੀ ਸੇਵਾ ਕਰਨ ਬਦਲੇ ਮੁਕਦਮਾ ਚਲਾਇਆ ਗਿਆ ਤੇ ੪ ਮਹੀਨੇ ਸਜ਼ਾ ਦਿਤੀ ਗਈ । ਆਪ ਗੁਰਦਵਾਰਾ ਮੁਕਤਸਰ ਸਾਹਿਬ ਦੇ ੭ ਸਾਲ ਤੇ ਗੁ: ਬਾਜੀਦਪੁਰ ਦੇ ੯ ਸਾਲ ਪ੍ਰਧਾਨ ਰਹੇ ।

## ਤਹਿਸੀਲ ਫੀਰੋਜ਼ਪੁਰ ਦੇ ਹੋਰ ਸੂਰਬੀਰ

ਭਾ: ਉਜਾਗਰ ਸਿੰਘ ਪਿਤਾ ਸ: ਸੋਹਣ ਸਿੰਘ ਮਾਤਾ ਨੰਦ ਕੌਰ ਪਿੰਡ ਉੱਗੋਕੇ ਆਪ ਜੀ ਨੂੰ ਸ਼ਹੀਦੀ ਜੱਥਿਆਂ ਦੀ ਸੇਵਾ ਬਦਲੇ ੬ ਮਹੀਨੇ ਕੈਦ ਤੇ ਨੰਬਰਦਾਰੀ ਜ਼ਬਤ ਕੀਤੀ ਗਈ ਤੇ ਆਪ ਮੋਰਚਾ ਗੁਰੂ ਕੇ ਬਾਗ ਭੀ ਗਏ । ਭਾ: ਸੱਜਣ ਸਿੰਘ ਅਕਾਲੀ ਪਿਤਾ ਸ: ਪ੍ਰੇਮ ਸਿੰਘ ਮਾਤਾ ਭਾਗ ਕੌਰ ਪਿੰਡ ਇੱਟਾਂ ਵਾਲੀ ਆਪ ਮੋਰਚਾ ਭਾ: ਫੇਰੂ ਵਿਚ ਗਏ ਤੇ ਅਟਕ ਜੇਲ੍ਹ ਵਿਚ ਕੈਦ ਕੱਟੀ ।

ਭਾ: ਅਰਜਨ ਸਿੰਘ ਜੀ ਪਿਤਾ ਸ: ਪ੍ਰੇਮ ਸਿੰਘ ਜੀ ਮਾਤਾ ਭਾਗ ਕੌਰ ਪਿੰਡ ਇੱਟਾਂ ਵਾਲੀ ਆਪ ਮੋਰਚਾ ਫੇਰੂ ਵਿਚ ਸ਼ਹੀਦ ਹੋ ਗਏ । ਭਾ: ਪਾਲਾ ਸਿੰਘ ਪਿਤਾ ਸ: ਵਿਸਾਖਾ ਸਿੰਘ ਮਾਤਾ ਕੇਸਰ ਕੌਰ ਪਿੰਡ ਇੱਟਾਂ ਵਾਲੀ ਆਪ ਜੈਤੋ ਤੇ ਮੁਕਤਸਰ ਦੇ ਮੋਰਚਿਆਂ ਵਿਚ ਗਏ ।

ਭਾ: ਲੱਖਾ ਸਿੰਘ ਜੀ ਪਿਤਾ ਸ: ਮਲੂਕ ਸਿੰਘ ਮਾਤਾ ਰਾਜ ਕੌਰ ਪਿੰਡ ਇੱਟਾਂ ਵਾਲੀ ਆਪ ਨੇ ਜੈਤੋ ਤੇ ਮੁਕਤਸਰ ਦੇ ਮੋਰਚਿਆਂ ਵਿਚ ਕੈਦ ਕੱਟੀ ।

ਭਾ: ਭੁਮਣ ਸਿੰਘ ਜੀ ਪਿਤਾ ਸ: ਵਜ਼ੀਰ ਸਿੰਘ ਮਾਤਾ ਰਾਜ ਕੌਰ ਪਿੰਡ ਮਾੜੀ ਬੁਗਰਾ ਆਪ ਜੀ ਨੇ ਮੋਰਚਾ ਭਾ: ਫੇਰੂ ਵਿਚ ਤਿੰਨ ਮਹੀਨੇ ਕੈਦ ਕੱਟੀ ।

ਭਾ: ਅਮਰ ਸਿੰਘ ਜੀ ਪਿਤਾ ਸ: ਵਜ਼ੀਰ ਸਿੰਘ ਜੀ ਮਾਤਾ ਰਾਜ ਕੌਰ ਪਿੰਡ ਮਾੜੀ ਬੁਗਰਾ ਆਪ ਜੀ ਨੇ ਮੋਰਚਾ ਭਾ: ਫੇਰੂ ਵਿਚ ਤਿੰਨ ਮਹੀਨੇ ਕੈਦ ਕੱਟੀ ।

ਭਾ: ਵਜ਼ੀਰ ਸਿੰਘ ਜੀ ਪਿਤਾ ਸ: ਤ੍ਰਲੋਕ ਸਿੰਘ ਜੀ ਮਾਤਾ ਦਯਾ ਕੌਰ ਪਿੰਡ ਮਾੜੀ ਬੁਗਰਾ ਆਪ ਜੀ ਨੂੰ ਮੋਰਚਾ ਭਾ: ਫੇਰੂ ਵਿਚ ਛੇ ਮਹੀਨੇ ਕੈਦ ਹੋਈ ।

ਭਾ: ਮੇਲਾ ਸਿੰਘ ਜੀ ਅਕਾਲੀ ਪਿਤਾ ਸ: ਸੁੰਦਰ ਸਿੰਘ ਜੀ ਮਾਤਾ ਹਰ ਕੌਰ ਪਿੰਡ ਮਾੜੀ-

Digitized by Panjab Digital Library | www.panjabdigilib.org

ਬੁਗਰਾ ਆਪ ਜੀ ਨੂੰ ਮੋਰਚਾ ਭਾ: ਫੇਰੂ ਵਿਚ ਤਿੰਨ ਸਾਲ ਕੈਦ ਹੋਈ।

ਭਾ: ਰਣ ਸਿੰਘ ਜੀ ਪਿਤਾ ਸ: ਕੇਹਰ ਸਿੰਘ ਜੀ ਮਾਤਾ ਸਮਾਂ ਕੌਰ ਪਿੰਡ ਮਾੜੀ ਬੁਗਰਾ ਆਪ ਜੀ ਨੂੰ ਭਾ: ਫੇਰੂ ਦੇ ਮੋਰਚੇ ਤਿੰਨ ਮਹੀਨੇ ਕੈਦ ਹੋਈ।

ਭਾ: ਕੇਹਰ ਸਿੰਘ ਜੀ ਪਿਤਾ ਸ: ਰੂੜ ਸਿੰਘ ਜੀ ਮਾਤਾ ਰੱਜੀ ਪਿੰਡ ਮਾੜੀ ਬੁਗਰਾ ਆਪ ਜੀ ਨੇ ਫੀਰੋਜ਼ ਪੁਰ ਜੇਲ੍ਹ ਵਿਚ ਛੇ ਮਹੀਨੇ ਕੈਦ ਕੱਟੀ।

ਭਾ: ਸੁੱਚਾ ਸਿੰਘ ਅਕਾਲੀ ਪਿਤਾ ਸ: ਭਾਗ ਸਿੰਘ ਮਾਤਾ ਹਰ ਕੌਰ ਪਿੰਡ ਵਾੜਾ ਜਵਾਹਰ ਸਿੰਘ ਆਪ ਜੈਤੋ ਦੇ ਪਹਿਲੇ ਸ਼ਹੀਦੀ ਜੱਥੇ ਦੇ ਸ਼ਹੀਦ ਵੀਰ ਸੰਭਾਲਣ ਲਈ ੭ ਗੱਡੇ ਤੇ ੨੭ ਆਦਮੀ ਲੈ ਕੇ ਕਿਲੇ ਵਿਚ ਗਏ ਤੇ ਉੱਥੇ ਹੀ ੨੧ ਦਿਨ ਤੱਕ ਰੋਕ ਲੇ ਗਏ।

ਭਾ: ਵਸਾਵਾ ਸਿੰਘ ਪਿਤਾ ਸ: ਬੱਗਾ ਸਿੰਘ ਪਿੰਡ ਵਾੜਾ ਜਵਾਹਰ ਸਿੰਘ ਆਪ ਨੇ ਜੈਤੋ ਦੇ ਮੋਰਚੇ ਸਮੇਂ ਸੇਵਾ ਕੀਤੀ।

ਭਾ: ਦਸੌਂਧਾ ਸਿੰਘ ਪਿਤਾ ਸ: ਮੇਵਾ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਹਰਾਜ ਆਪ ਨੇ ਅਕਾਲੀ ਲਹਿਰ ਵਿਚ ਸੇਵਾ ਕੀਤੀ।

ਜਥੇਦਾਰ ਮੱਲ ਸਿੰਘ ਪਿਤਾ ਸ: ਬਚਨ ਸਿੰਘ ਮਾਤਾ ਜੈ ਕੌਰ ਪਿੰਡ ਹਰਾਜ ਆਪ ਅਕਾਲੀ ਲਹਿਰ ਦੇ ਵਰਕਰ ਸਨ।

ਭਾ: ਹਰਨਾਮ ਸਿੰਘ ਪਿਤਾ ਸ: ਗੱਗੜ ਸਿੰਘ ਪਿੰਡ ਠੇਠਰ ਵੱਡਾ ਆਪ ਜੈਤੋ ਦੇ ਦੂਜੇ ਸ਼ਹੀਦੀ ਜੱਥੇ ਵਿਚ ਗਏ।

ਭਾ: ਨੰਦ ਸਿੰਘ ਪਿਤਾ ਸ: ਭਗਤ ਸਿੰਘ ਮਾਤਾ ਪੈਂਦੀ ਪਿੰਡ ਠੇਠਰ ਵੱਡਾ ਆਪ ਜੈਤੋ ਤੀਜੇ ਸ਼ਹੀਦੀ ਜੱਥੇ ਦੇ ਜੱਥੇਦਾਰ ਰਹੇ ਤੇ ਆਖਰੀ ਫੈਸਲੇ ਤੱਕ ਕੈਦ ਕੱਟੀ।

ਭਾ: ਬਹਾਦਰ ਸਿੰਘ ਪਿੰਡ ਠੇਠਰ ਛੋਟਾ ਆਪ ਜੈਤੋ ਦੇ ਤੀਜੇ ਸ਼ਹੀਦੀ ਜੱਥੇ ਵਿਚ ਗਏ।

ਭਾ: ਬਿਸ਼ਨ ਸਿੰਘ ਪਿਤਾ ਸ: ਕਾਲਾ ਸਿੰਘ ਮਾਤਾ ਚੰਦ ਕੌਰ ਪਿੰਡ ਕਿਰਮਿਤੀ ਆਪ ਮੋਰਚਾ ਜੈਤੋ ਵਿਚ ਗਏ ਤੇ ਅਖੀਰ ਤੱਕ ਨਾਭੇ ਬੀੜ ਵਿਚ ਕੈਦ ਰਹੇ।

ਭਾ: ਜਵਾਹਰ ਸਿੰਘ ਅਕਾਲੀ ਪਿਤਾ ਸ: ਪ੍ਰੇਮ ਸਿੰਘ ਮਾਤਾ ਕੌੜ ਕੌਰ ਪਿੰਡ ਖ਼ਾਜਾ ਖੜਕ ਨੇ ਮੋਰਚਾ ਜੈਤੋ ਤੇ ਮੁਕਤਸਰ ਵਿਚ ਜਾ ਕੇ ਪੰਜ ਵਾਰ ਸੇਵਾ ਕੀਤੀ ਤੇ ਪਿੰਡ ਦੇ ਜੱਥੇਦਾਰ ਰਹੇ।

ਭਾ: ਪੂਰਨ ਸਿੰਘ ਪਿਤਾ ਸ: ਸੁੰਦਰ ਸਿੰਘ ਮਾਤਾ ਆਸ ਕੌਰ ਪਿੰਡ ਖਾਜਾ ਖੜਕ ਆਪ ਜੈਤੋ ਦੇ ਛੇਵੇਂ ਸ਼ਹੀਦੀ ਜੱਥੇ ਵਿਚ ਗਏ ਤੇ ਨਾਭਾ ਬੀੜ ਵਿਚ ਕੈਦ ਕੱਟੀ। ਕਾਰਖਾਸ ਵਿਚ ਮਾਰਾਂ ਖਾਧੀਆਂ। ਭਾ: ਸੁੰਦਰ ਸਿੰਘ ਅਕਾਲੀ ਪਿਤਾ ਸ: ਲੱਖਾ ਸਿੰਘ ਪਿੰਡ ਖਾਜਾ ਖੜਕ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਨਾਭਾ ਬੀੜ ਵਿਚ ਕੈਦ ਕੱਟੀ।

ਭਾ: ਚੰਦਾ ਸਿੰਘ ਪਿਤਾ ਸ: ਜੀਉਣ ਸਿੰਘ ਮਾਤਾ ਇੰਦ ਕੌਰ ਪਿੰਡ ਕਬਰਵੱਛਾ ਆਪ ਨੂੰ ਜੈਤੋ ਦੇ ਜੱਥਿਆਂ ਨੂੰ ਪ੍ਰਸ਼ਾਦ ਛਕਾਉਣ ਦੇ ਜੁਰਮ ਵਿਚ ੪ ਮਹੀਨੇ ਕੈਦ ਹੋਈ।

ਭਾਈ ਸੁਰਜਨ ਸਿੰਘ ਪਿਤਾ ਸ: ਗੁਰਮੁਖ ਸਿੰਘ ਮਾਤਾ ਹਰਸਾਂ ਪਿੰਡ ਕਬਰ ਵੱਛਾ ਆਪ ਨੂੰ ਜਥਿਆਂ ਨੂੰ ਪ੍ਰਸ਼ਾਦਿ ਛਕਾਉਣ ਦੇ ਜੁਰਮ ਵਿਚ ੪ ਮਹੀਨੇ ਲਾਹੌਰ ਜੇਲ੍ਹ ਵਿਚ ਕੈਦ।

ਭਾਈ ਬੂਟਾ ਸਿੰਘ ਅਕਾਲੀ ਪਿਤਾ ਸ: ਦੇਵਾ ਸਿੰਘ ਪਿੰਡ ਕਬਰ ਵੱਛਾ ਆਪ ਨੂੰ ਜਥਿਆਂ ਨੂੰ ਪ੍ਰਸ਼ਾਦਿ ਛਕਾਉਣ ਦੇ ਜੁਰਮ ਵਿਚ ੪ ਮਹੀਨੇ ਲਾਹੌਰ ਜੇਲ੍ਹ ਵਿਚ ਕੈਦ।

Digitized by Panjab Digital Library | www.panjabdigilib.org

ਭਾਈ ਜੀਊਣ ਸਿੰਘ ਪਿੰਡ ਕਬਰ ਵੱਛਾ ਆਪ ਨੂੰ ਸ਼੍ਰੋ: ਕਮੇਟੀ ਦੇ ਪਹਿਲੇ ਜਥੇ ਵਿਚ ਛੇ ਮਹੀਨੇ ਕੈਦ ਹੋਈ।

ਭਾਈ ਇੰਦਰ ਸਿੰਘ ਪਿਤਾ ਸ: ਬਿਸ਼ਨ ਸਿੰਘ ਮਾਤਾ ਬਿਸ਼ਨ ਕੌਰ ਪਿੰਡ ਭਾਈ ਕਾ ਵਾੜਾ ਆਪ ਮੋਰਚਾ ਜੈਤੋ ਵਿਚ ਗਏ ਤੇ ੬ ਮਹੀਨੇ ਕੈਦ ਹੋਈ। ਆਪ ਸੰਤ ਗੁਰਮੁਖ ਸਿੰਘ ਜੀ ਦੇ ਸਹਿਚਾਰੀ, ਪ੍ਰਸਿਧ ਪੰਥ ਸੇਵਕ, ਅਕਾਲੀ ਲਹਿਰ ਵਿਚ ਇਲਾਕੇ ਦੇ ਜਥੇਦਾਰ ਸ਼੍ਰੋ: ਪ੍ਰਤਿਨਿਧ ਖਾ: ਦੀਵਾਨ ਮਾਲਵਾ ਦੇ ਜਥੇਦਾਰ ਰਹੇ, ਅਕਾਲੀ ਲਹਿਰ ਵਿਚ ਚੰਗੀ ਸੇਵਾ ਕੀਤੀ।

ਭਾਈ ਨਥਾ ਸਿੰਘ ਪਿਤਾ ਸ: ਰਤਨ ਸਿੰਘ ਮਾਤਾ ਮਾਨ ਕੌਰ ਪਿੰਡ ਭਾਈ ਕਾ ਵਾੜਾ ਆਪ ਜੈਤੋ ਦੇ ਮੋਰਚੇ ਵਿਚ ੧੪ਵੇਂ ਸ਼ਹੀਦੀ ਜਥੇ ਨਾਲ ਗਏ।

ਭਾਈ ਕੇਹਰ ਸਿੰਘ ਪਿਤਾ ਸ: ਸ਼ਾਮ ਸਿੰਘ ਮਾਤਾ ਸਮਾਂ ਕੌਰ ਪਿੰਡ ਭਾਈ ਕਾ ਵਾੜਾ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ੬ ਮਹੀਨੇ ਕੈਦ ਹੋਈ। ਆਪ ਗੁਰੂ ਕੇ ਬਾਗ ਦੇ ਮੋਰਚੇ ਤੇ ਗਏ ਤੇ ਕੈਦ ਕਟੀ।

ਭਾਈ ਰੂੜ ਸਿੰਘ ਪਿਤਾ ਸ: ਸੁੰਦਰ ਸਿੰਘ ਮਾਤਾ ਰਾਜ ਕੌਰ ਪਿੰਡ ਭਾਈ ਕਾ ਵਾੜਾ ਆਪ ਜੈਤੋ ਦੇ ਮੋਰਚੇ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਨਾਭਾ ਜੇਲ੍ਹ ਵਿਚ ਕੈਦ ਕਟੀ।

ਭਾਈ ਰੂਪਾ ਸਿੰਘ ਪਿਤਾ ਸ: ਬਾਘ ਸਿੰਘ ਮਾਤਾ ਮਤਾਬ ਕੌਰ ਪਿੰਡ ਭਾਈ ਕਾ ਵਾੜਾ ਆਪ ਮੋਰਚਾ ਜੈਤੋ ਵਿਚ ਗਏ ਤੇ ਮੋਰਚਾ ਫਤਹਿ ਹੋਣ ਤੱਕ ਕੈਦ ਰਹੇ।

ਭਾਈ ਬਹਾਦਰ ਸਿੰਘ ਪਿਤਾ ਸ: ਈਸ਼ਰ ਸਿੰਘ ਮਾਤਾ ਪ੍ਰਤਾਪ ਕੌਰ ਪਿੰਡ ਭਾਈ ਕਾ ਭਾੜਾ ਆਪ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ।

ਭਾਈ ਬੰਤਾ ਸਿੰਘ ਪਿਤਾ ਸ: ਅਨੋਖ ਸਿੰਘ ਮਾਤਾ ਭੋਲੀ ਪਿੰਡ ਭਾਈ ਕਾ ਵਾੜਾ ਆਪ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ।

ਭਾਈ ਸਜਣ ਸਿੰਘ ਪਿਤਾ ਸ: ਮੂਲਾ ਸਿੰਘ ਮਾਤਾ ਰਾਜ ਕੌਰ ਪਿੰਡ ਭਾਈ ਕਾ ਵਾੜਾ ਆਪ ਮੋਰਚਾ ਜੈਤੋ ਵਿਚ ੯ਵੇਂ ਸ਼ਹੀਦੀ ਜਥੇ ਵਿਵ ਗਏ।

ਭਾਈ ਗਜਣ ਸਿੰਘ ਪਿਤਾ ਸ: ਮੂਲਾ ਸਿੰਘ ਮਾਤਾ ਰਾਜ ਕੌਰ ਪਿੰਡ ਭਾਈ ਕਾ ਵਾੜਾ ਆਪ ਮੋਰਚਾ ਜੈਤੋ ਵਿਚ ੯ਵੇਂ ਸ਼ਹੀਦੀ ਜਥੇ ਵਿਚ ਗਏ।

ਭਾਈ ਝੰਡਾ ਸਿੰਘ ਮਿਸਤ੍ਰੀ ਪਿਤਾ ਸ: ਹਰਨਾਮ ਸਿੰਘ ਮਾਤਾ ਭਾਨ ਕੌਰ ਪਿੰਡ ਭਾਈ ਕਾ ਵਾੜਾ ਆਪ ਇਕ ਉਚੇ ਵਿਦਵਾਨ ਤੇ ਅਕਾਲੀ ਵਰਕਰ ਹਨ। ਆਪ ਜਥਿਆਂ ਨੂੰ ਕਿਰਪਾਨਾਂ ਮੁਫ਼ਤ ਵੰਡਦੇ ਰਹੇ।

ਭਾਈ ਸਰਦਾਰ ਸਿੰਘ ਪਿਤਾ ਸ: ਬੂੜ ਸਿੰਘ ਮਾਤਾ ਦੇਸ਼ ਕੌਰ ਪਿੰਡ ਭਾਈ ਕਾ ਵਾੜਾ ਆਪ ਮੋਰਚਾ ਜੈਤੋ ਵਿਚ ੧੭ਵੇਂ ਸ਼ਹੀਦੀ ਜਥੇ ਵਿਚ ਗਏ।

ਭਾਈ ਮਤਾਬ ਸਿੰਘ ਪਿਤਾ ਸ: ਬੂੜ ਸਿੰਘ ਪਿੰਡ ਸਰਾਂਵਾਲੀ ਆਪ ਮੋਰਚਾ ਜੈਤੋ ਵਿਚ ੧੦ਵੇਂ ਸ਼ਹੀਦ ਜਥੇ ਵਿਚ ਗਏ ਤੇ ਨਾਭਾ ਬੀੜ ਵਿਚ ਕੈਦ ਕਟੀ।

ਭਾਈ ਹਰਨਾਮ ਸਿੰਘ ਪਿਤਾ ਸ: ਗੁਰਦਿਤ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਭਾਂਗਰ ਆਪ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਵਿਚ ਗਏ ਤੇ ਨਾਭਾ ਬੀੜ ਵਿਚ ਅਖੀਰ ਤਕ ਕੈਦ ਰਹੇ।

ਭਾਈ ਭਗਤ ਸਿੰਘ ਪਿਤਾ ਸ: ਬੂਟਾ ਸਿੰਘ ਮਾਤਾ ਰਾਮ ਕੌਰ ਪਿੰਡ ਭਾਂਗਰ ਆਪ ਮਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਵਿਚ ਗਏ ਤੇ ਨਾਭਾ ਬੀੜ ਵਿਚ ਅਖੀਰ ਤਕ ਕੈਦ ਰਹੇ।

Digitized by Panjab Digital Library | www.panjabdigilib.org

ਭਾਈ ਇੰਦਰ ਸਿੰਘ ਜਥੇਦਾਰ ਪਿਤਾ ਸ: ਗਜਣ ਸਿੰਘ ਮਾਤਾ ਸਦਾ ਕੌਰ ਪਿੰਡ ਭਾਂਗਰ ਆਪ ਅਕਾਲੀ ਵਰਕਰ ਵੀ ਸਨ, ੧੧ ਸਾਲ ਗੁ: ਬਜੀਦਪੁਰ ਦੇ ਮੈਂਬਰ ਰਹੇ।

ਭਾਈ ਲਾਲ ਸਿੰਘ ਜੀ ਪ੍ਰਚਾਰਕ ਅਕਾਲੀ ਪਿਤਾ ਸ: ਭੋਲਾ ਸਿੰਘ ਮਾਤਾ ਤਾਬ ਕੌਰ ਪਿੰਡ ਵਧਣੀ ਆਪ ਗੁਰਮਤ ਪ੍ਰਚਾਰਕ ਤੇ ਅਕਾਲੀ ਵਰਕਰ ਹਨ।

ਭਾਈ ਬੋਘਾ ਸਿੰਘ ਪਿਤਾ ਸ: ਚੰਨਣ ਸਿੰਘ ਮਾਤਾ ਸਦਾ ਕੌਰ ਪਿੰਡ ਘਲਖੁਰਦ ਆਪ ਜੈਤੋ ਦੇ ਮੋਰਚੇ ਵਿਚ ਛੇਵੇਂ ਸ਼ਹੀਦੀ ਜਥੇ ਵਿਚ ਗਏ ਤੇ ਨਾਭਾ ਜੇਲ੍ਹ ਵਿਚ ਕੈਦ ਕਟੀ।

ਭਾਈ ਇੰਦਰ ਸਿੰਘ ਪਿਤਾ ਸ: ਹਰਨਾਮ ਸਿੰਘ ਮਾਤਾ ਕੌਰਾਂ ਕੌਰ ਪਿੰਡ ਜੈਦਾ ਵਾਲਾ ਵਾੜਾ ਆਪ ਮੋਰਚਾ ਜੈਤੋ ਵਿਚ ਦੂਜੇ ਸ਼ਹੀਦੀ ਜਥੇ ਵਿਚ ਗਏ ਤੇ ਨਾਭਾ ਬੀੜ ਵਿਚ ਮੋਰਚਾ ਫਤਹਿ ਹੋਣ ਤਕ ਕੈਦ ਰਹੇ।

ਭਾਈ ਜੋਗਿੰਦਰ ਸਿੰਘ ਪਿਤਾ ਸ: ਹਰਨਾਮ ਸਿੰਘ ਮਾਤਾ ਕੌਰਾਂ ਕੌਰ ਪਿੰਡ ਜੈਦਾ ਵਾਲਾ ਵਾੜਾ ਆਪ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਵਿਚ ਗਏ ਤੇ ਮੋਰਚਾ ਫਤਿਹ ਹੋਣ ਤਕ ਕੈਦ ਰਹੇ।

ਭਾਈ ਰੂੜ ਸਿੰਘ ਪਿਤਾ ਸ: ਦੀਦਾਰ ਸਿੰਘ ਮਾਤਾ ਕੌਰਾਂ ਕੌਰ ਪਿੰਡ ਜੈਦਾ ਵਾਲਾ ਵਾੜਾ ਆਪ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਵਿਚ ਗਏ ਤੇ ਮੋਰਚਾ ਫਤਹਿ ਹੋਣ ਤਕ ਕੈਦ ਰਹੇ।

ਭਾਈ ਭਗਤ ਸਿੰਘ ਪਿਤਾ ਸ: ਹੀਰਾ ਸਿੰਘ ਪਿੰਡ ਜੈਦਾਂ ਵਾਲਾ ਵਾੜਾ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਵਿਚ ਗਏ ਤੇ ਮੋਰਚਾ ਫਤਹਿ ਹੋਣ ਤਕ ਕੈਦ ਰਹੇ।

ਭਾਈ ਚੰਨਣ ਸਿੰਘ ਪਿਤਾ ਸ: ਦਿਆਲ ਸਿੰਘ ਮਾਤਾ ਭੋਲੀ ਪਿੰਡ ਲੁਹਾਮ ਆਪ ਮੋਰਚਾ ਜੈਤੋ ਵਿਚ ੧੭ਵੇਂ ਸ਼ਹੀਦੀ ਜਥੇ ਵਿਚ ਗਏ।

ਭਾਈ ਕੇਹਰ ਸਿੰਘ ਪਿਤਾ ਸ: ਪ੍ਰਤਾਪ ਸਿੰਘ ਮਾਤਾ ਸਦਾ ਕੌਰ ਪਿੰਡ ਲੁਹਾਮ ਆਪ ਚੰਗੇ ਅਕਾਲੀ ਵਰਕਰ ਸਨ ਤੇ ਪਰਉਪਕਾਰੀ ਵੀ ਸਨ।

ਭਾਈ ਨਥਾ ਸਿੰਘ ਪਿਤਾ ਸ: ਬੂੜ ਸਿੰਘ ਮਾਤਾ ਭਾਗਣ ਪਿੰਡ ਫਿਡੇ ਆਪ ਮੋਰਚਾ ਡਸਕਾ ਵਿਚ ਗਏ, ਦੋ ਮਹੀਨੇ ਕੈਦ ਤੇ ੫੦ ਰੁਪਏ ਜੁਰਮਾਨਾਂ ਹੋਇਆ।

ਭਾਈ ਬੀਲਾ ਸਿੰਘ ਪਿਤਾ ਸ: ਸਮੁੰਦ ਸਿੰਘ ਮਾਤਾ ਕਾਹਨ ਕੌਰ ਪਿੰਡ ਕੋਟ ਕਰੋੜ ਵੱਡਾ ਆਪ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਵਿਚ ਗਏ ਤੇ ਮੋਰਚਾ ਫਤਹਿ ਹੋਣ ਤਕ ਕੈਦ ਰਹੇ।

ਭਾਈ ਅਰਜਨ ਸਿੰਘ ਪਿਤਾ ਸ: ਚੰਦਾ ਸਿੰਘ ਮਾਤਾ ਮਤਾਬ ਕੌਰ ਪਿੰਡ ਕੋਟ ਕਰੋੜ ਵੱਡਾ ਆਪ ਮੋਰਚਾ ਜੈਤੋ ਵਿਚ ਦੂਜੇ ਸ਼ਹੀਦੀ ਜਥੇ ਵਿਚ ਗਏ ਤੇ ਮੋਰਚਾ ਫਤਹਿ ਹੋਣ ਤਕ ਕੈਦ ਰਹੇ।

ਭਾਈ ਬਚਿਤਰ ਸਿੰਘ ਪਿਤਾ ਸ: ਜੀਉਣ ਸਿੰਘ ਮਾਤਾ ਰਤਨ ਕੌਰ ਪਿੰਡ ਕੋਟ ਕਰੋੜ ਵੱਡਾ ਆਪ ਮੋਰਚਾ ਜੈਤੋ ਵਿਚ ਦੂਜੇ ਸ਼ਹੀਦੀ ਜਥੇ ਵਿਚ ਗਏ ਤੇ ਮੋਰਚਾ ਫਤਿਹ ਹੋਣ ਤਕ ਕੈਦ ਰਹੇ।

ਭਾਈ ਹਜ਼ਾਰਾ ਸਿੰਘ ਪਿਤਾ ਸ: ਦੇਵਾ ਸਿੰਘ ਪਿੰਡ ਕੋਟ ਕਰੋੜ ਵੱਡਾ ਆਪ ਨੂੰ ਜੈਤੋ ਦੇ ਛੇਵੇਂ ਜਥੇ ਵਿਚ ਕੈਦ ਕੱਟੀ।

ਭਾਈ ਨੰਦ ਸਿੰਘ ਜੀ ਪਿਤਾ ਸ: ਦਸੌਂਧਾ ਸਿੰਘ ਮਾਤਾ ਭਾਗ ਕੌਰ ਪਿੰਡ ਭੋਲੂ ਵਾਲਾ ਖੋਸਿਆਂ ਦਾ ਆਪ ਜੈਤੋ ਦੇ ਪਹਿਲੇ ਸ਼ਹੀਦੀ ਜਥੇ ਨਾਲ ਗਏ ਤੇ ਭਾਈ ਫੇਰੂ ਵੀ ੫ ਮਹੀਨੇ ਕੈਦ ਕਟੀ

ਭਾਈ ਜੁਆਲਾ ਸਿੰਘ ਜੀ ਪਿਤਾ ਸ: ਲਾਲ ਸਿੰਘ ਜੀ ਮਾਤਾ ਰਾਜ ਕੌਰ ਪਿੰਡ ਤਲਵੰਡੀ ਭਾਈ ਆਪ ਨੂੰ ਜੈਤੋ ਦੇ ਦੂਜੇ ਜਥੇ ਵਿਚ ਕੈਦ ਹੋਈ। ਕਾਂਗਰਸ ਲਹਿਰ ਵਿਚ ਵੀ ਕੈਦ ਕਟੀ।

ਭਾਈ ਸੰਤ ਸਿੰਘ ਜੀ ਪਿਤਾ ਸ: ਸ਼ੇਰ ਸਿੰਘ ਜੀ ਮਾਤਾ ਸੰਤ ਕੌਰ ਸਾਂਦੇ ਪਿੰਡ ਆਪ ਨੂੰ

Digitized by Panjab Digital Library | www.panjabdigilib.org

ਛੇਵੇਂ ਸ਼ਹੀਦੀ ਜਥੇ ਵਿਚ ੧੪ ਮਹੀਨੇ ਕੈਦ ਹੋਈ।

ਭਾਈ ਬਦਨ ਸਿੰਘ ਪਿਤਾ ਸ: ਭੋਲਾ ਸਿੰਘ ਮਾਤਾ ਜੀਵੀ ਪਿੰਡ ਸਾਂਦੇ ਆਪ ਜੈਤੋ ਛੇਵੇਂ ਸ਼ਹੀਦੀ ਜਥੇ ਵਿਚ ਗਏ ਤੇ ਕੈਦ ਹੋਏ।

ਭਾਈ ਪ੍ਰੀਤਮ ਸਿੰਘ ਅਕਾਲੀ ਪਿਤਾ ਸ: ਤਖਤ ਸਿੰਘ ਮਾਤਾ ਹਰਨਾਮ ਕੌਰ ਫੀਰੋਜ਼ਪੁਰ ਸ਼ਹਿਰ ਆਪ ਪੰਜਵੇਂ ਸ਼ਹੀਦੀ ਜਥੇ ਵਿਚ ਜੈਤੋ ਗਏ।

ਭਾਈ ਭਾਗ ਸਿੰਘ ਪਿਤਾ ਸ: ਈਸ਼ਰ ਸਿੰਘ ਫੀਰੋਜ਼ਪੁਰ ਸ਼ਹਿਰ ਆਪ ਦਸਵੇਂ ਸ਼ਹੀਦੀ ਜਥੇ ਵਿਚ ਜੈਤੋ ਗਏ ਤੇ ਕੈਦ ਹੋਏ।

ਭਾਈ ਕਾਲਾ ਸਿੰਘ ਪਿਤਾ ਸ: ਹੀਰਾ ਸਿੰਘ ਜੀ ਮਾਤਾ ਇੰਦਰ ਕੌਰ ਪਿੰਡ ਕਲਿਆਣ ਸੁਖ ਇਕ ਵੇਰ ਜੈਤੋ ਦੇ ਮੋਰਚੇ ਵਿਚ ਗਏ ਤੇ ਬਾਬਲ ਚਾਂਟੀ ਛਡੇ ਗਏ। ਦੂਜੀ ਵੇਰ ਨਾਭੇ ਕੈਦ ਹੋਏ।

ਭਾਈ ਲਾਭ ਸਿੰਘ ਪਿਤਾ ਸ: ਬਚਿਤਰ ਸਿੰਘ ਮਾਤਾ ਪਰੇਮ ਕੌਰ ਪਿੰਡ ਕਲਿਆਣ ਸੁਖ ਅਕਾਲੀ ਵਰਕਰ ਹਨ। ਮੋਰਚਾ ਜੈਤੋ, ਮੁਕਤਸਰ ਤੇ ਭਾਈ ਫੇਰੂ ਗਏ।

ਭਾਈ ਉਜਾਗਰ ਸਿੰਘ ਪਿਤਾ ਸ: ਨਿਕਾ ਸਿੰਘ ਮਾਤਾ ਬਿਸ਼ਨ ਕੌਰ ਪਿੰਡ ਕਲਿਆਣ ਸੁਖ ਆਪ ੨੧ ਸਾਲ ਦੀ ਉਮਰ ਵਿਚ ਕੌਮੀ ਸੇਵਾ ਬਦਲੇ ਝੋਲੀ ਚੁਕਾਂ ਹਥੋਂ ਗੋਲੀ ਦਾ ਨਿਸ਼ਾਨਾ ਬਣ ਕੇ ਸ਼ਹੀਦ ਹੋਏ।

ਸ: ਹਜ਼ੂਰਾ ਸਿੰਘ ਪਿਤਾ ਸ: ਨੱਥਾ ਸਿੰਘ ਮਾਤਾ ਤਾਬ ਕੌਰ ਪਿੰਡ ਮੰਗਾ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਕੈਦ ਕਟੀ।

ਭਾਈ ਜੁਆਲਾ ਸਿੰਘ ਪਿਤਾ ਸ: ਚੇਤ ਸਿੰਘ ਪਿੰਡ ਪੂਹਲ ਨਾਭੇ ਵਿਚ ਕੈਦ ਹੋਏ।

ਭਾਈ ਹਰਦਿਤ ਸਿੰਘ ਪਿਤਾ ਸ: ਚੰਨਣ ਸਿੰਘ ਪਿੰਡ ਪੂਹਲੀ ਆਪ ਜੈਤੋ ਮੋਰਚੇ ਤੇ ਗਏ।

ਭਾਈ ਸਾਉਣ ਸਿੰਘ ਪਿਤਾ ਜੀਉਣ ਸਿੰਘ ਪਿੰਡ ਪੂਹਲੀ ਆਪ ਨੂੰ ਜੈਤੋ ਦੇ ਮੋਰਚੇ ਵਿਚ ਦੋ ਸਾਲ ਕੈਦ ਹੋਈ।

ਭਾਈ ਨਿਰੰਜਨ ਸਿੰਘ ਪਿਤਾ ਸ: ਬੋਗਾ ਸਿੰਘ ਪਿੰਡ ਪੂਹਲੀ ਮੋਰਚ | ਭਾਈ ਫੇਰੂ ਵਿਚ ਕੈਦ ਹੋਏ। ਕਾਂਗਰਸ ਵਿਚ ਦੋ ਸਾਲ ਤਿੰਨ ਨਹੀਨੇ ਕੈਦ ਕੱਟੀ।

ਜਥੇਦਾਰ ਇੰਦਰ ਸਿੰਘ ਪਿੰਡ ਪੂਹਲੀ ਤਹਿਸੀਲ ਨਥਾਣਾ, ਬਾਹੀਆ ਤੇ ਪੁਲੀਸ ਹਵਾਲਦਾਰ ਦੀ ਅਤ ਸਖਤੀ ਕਾਰਨ ਬੇਕਾਰ ਹੋ ਗਏ।

ਭਾਈ ਸੇਵਾ ਸਿੰਘ ਪਿਤਾ ਸ: ਅਤਰ ਸਿੰਘ ਮਾਤਾ ਬਿਸ਼ਨ ਕੌਰ ਪਿੰਡ ਲਹਿਰਾ ਬੇਗਾ ਦੋ ਵੇਰ ਜੈਤੋ ਗਏ ਤੇ ੧੪ ਮਹੀਨੇ ਕੈਦ ਕੱਟੀ। ਗੁਰੂ ਕੇ ਬਾਗ ਵਿਚ ਭੀ ੯ ਮਹੀਨੇ ਕੈਦ ਕਟੀ।

ਭਾਈ ਬਾਬੂ ਸਿੰਘ ਪਿਤਾ ਸ: ਬਖਸ਼ੀਸ਼ ਸਿੰਘ ਮਾਤਾ ਇੰਦਰ ਕੌਰ ਪਿੰਡ ਬਜੋਆਣਾ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ੧੪ ਮਹੀਨੇ ਕੈਦ ਕੱਟੀ।

ਭਾ: ਪ੍ਰਦਮਨ ਸਿੰਘ ਪਿਤਾ ਸ: ਮਹਿਲ ਸਿੰਘ ਮਾਤਾ ਸ ਹਿਬ ਕੌਰ ਪਿੰਡ ਬੇਗਾ ਲਹਿਰਾ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਕੈਦ ਕੱਟੀ।

ਭਾ: ਜੰਗ ਸਿੰਘ ਪਿਤਾ ਸ: ਹਰਨਾਮ ਸਿੰਘ ਮਾਤਾ ਭਾਨ ਕੌਰ ਪਿੰਡ ਬੇਗਾ ਲਹਿਰਾ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਇਕ ਸਾਲ ਕੈਦ ਕੱਟੀ। ਆਪ ਮੋਰਚਾ ਗੁਰੂ ਕੇ ਬਾਗ ਭੀ ਗਏ।

ਭਾ: ਮੁਕੰਦ ਸਿੰਘ ਪਿਤਾ ਸ: ਰਤਨ ਸਿੰਘ ਮਾਤਾ ਰਾਮ ਕੌਰ ਪਿੰਡ ਬੇਗਾ ਲਹਿਰਾ ਆਪ ਨੇ ਭਾਈ ਫੇਰੂ ਤੇ ਜੈਤੋ ਦੇ ਮੋਰਚਿਆਂ ਵਿਚ ਕੈਦ ਕੱਟੀ ਤੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਭੀ ਗਏ।

Digitized by Panjab Digital Library | www.panjabdigilib.org

ਕਲਿਆਣ ਸੁਖਾ ਵਿਖੇ ਵੱਡੀ ਕਾਨਫਰੰਸ ਬਦਲੇ ਛੇ ਮਹੀਨੇ ਕੈਦ ਕੱਟੀ ।

ਭਾ: ਸਰਵਣ ਸਿੰਘ ਪਿਤਾ ਸ: ਪ੍ਰੇਮ ਸਿੰਘ ਮਾਤਾ ਮਹਾਂ ਕੌਰ ਪਿੰਡ ਬੇਗਾ ਲਹਿਰਾ ਇਕ ਵੇਰ ਬਾਬਲ ਕਾਂਟੀ ਛਡੇ ਗਏ ਦੂਜੀ ਵੇਰ ੧੪ ਮਹੀਨੇ ਕੈਦ ਹੋਈ ਤੇ ਮੋਰਚਾ ਗੁਰੂ ਕੇ ਬਾਗ ਵਿਚ ਭੀ ਗਏ ।

ਭਾ: ਗੁਰਬਖਸ਼ ਸਿੰਘ ਪਿਤਾ ਸ: ਕੁੰਢਾ ਸਿੰਘ ਮਾਤਾ ਕਾਹਨ ਕੌਰ ਪਿੰਡ ਬੇਗਾ ਲਹਿਰਾ ਆਪ ਦੀ ਪੰਜ ਸਾਲ ਦੀ ਪੈਨਸ਼ਨ ਜ਼ਬਤ ਕੀਤੀ ਗਈ ਤੇ ਨਾਭੇ ਦੇ ਛੇਵੇਂ ਜੱਥੇ ਵਿਚ ਤੇ ਮੋਰਚਾ ਜੈਤੋ ਵਿਚ ਵੀ ਗਏ । ਭਾ: ਦੀਦਾਰ ਸਿੰਘ ਪਿਤਾ ਸ: ਦਸੌਂਧਾ ਸਿੰਘ ਮਾਤਾ ਕਰਤਾਰ ਕੌਰ ਪਿੰਡ ਬੇਗਾ-ਲਹਿਰਾ ਆਪ ਜੈਤੋ ਦੇ ਛੇਵੇਂ ਜੱਥੇ ਵਿਚ ਗਏ ।

ਭਾ: ਹਜ਼ਾਰਾ ਸਿੰਘ ਪਿਤਾ ਸ: ਦਸੌਂਧਾ ਸਿੰਘ ਮਾਤਾ ਕਰਤਾਰ ਕੌਰ ਪਿੰਡ ਬੇਗਾ ਲਹਿਰਾ ਆਪ ਜੈਤੋ ਦੇ ਮੋਰਚੇ ਵਿਚ ਗਏ ।

ਭਾ: ਰੌਣਕ ਸਿੰਘ ਰਮਦਾਸੀਆ ਪਿੰਡ ਬੇਗਾ ਲਹਿਰਾ ਆਪ ਜੈਤੋ ਦੇ ਮੋਰਚੇ ਵਿਚ ਗਏ ।

ਭਾ: ਈਸ਼ਰ ਸਿੰਘ ਪਿਤਾ ਸ: ਚੰਨਣ ਸਿੰਘ ਮਾਤਾ ਆਨੰਦ ਕੌਰ ਪਿੰਡ ਬੇਗਾ ਲਹਿਰਾ ਆਪ ਜੈਤੋ ਦੇ ਛੇਵੇਂ ਜੱਥੇ ਵਿਚ ਗਏ ।

ਭਾ: ਪ੍ਰੇਮ ਸਿੰਘ ਪਿਤਾ ਸ: ਭਾਨ ਸਿੰਘ ਮੋਰ ਪਿੰਡ ਬਗਾ ਲਹਿਰਾ ਆਪ ਜੈਤੋ ਦੇ ਛੇਵੇਂ ਜੱਥੇ ਵਿਚ ਗਏ । ਭਾ: ਚਿਤੱਨ ਸਿੰਘ ਪਿਤਾ ਸ: ਹਰਨਾਮ ਸਿਘ ਮਾਤਾ ਫਤਹਿ ਕੌਰ ਪਿੰਡ ਬੇਗਾ ਲਹਿਰਾ ਆਪ ਜੈਤੋ ਦੇ ਛੇਵੇਂ ਜੱਥੇ ਵਿਚ ਗਏ ।

ਭਾ: ਕਰਤਾਰ ਸਿੰਘ ਪਿਤਾ ਸ:ਹਰੀ ਸਿੰਘ ਮਾਤਾ ਰਾਮ ਕੌਰ ਪਿੰਡ ਬੇਗਾ ਲਹਿਰਾ ਆਪ ਜੈਤੋ ਦੇ ਛੇਵੇਂ ਜੱਥੇ ਵਿਚ ਗਏ ।

ਭਾ: ਕੁੰਢਾ ਸਿੰਘ ਪਿਤਾ ਸ: ਸੰਤੋਖ ਸਿੰਘ ਮਾਤਾ ਜਿੰਦ ਕੌਰ ਪਿੰਡ ਬੇਗਾ ਲਹਿਰਾ ਆਪ ਜੈਤੋ ਦੇ ਮੋਰਚੇ ਵਿਚ ਤਿੰਨ ਵੇਰ ਗਏ ਤੇ ਇਕ ਸਾਲ ਮੁਲਤਾਨ ਜੇਲ੍ਹ ਵਿਚ ਕੈਦ ਕੱਟੀ ।

ਭਾ: ਸੁੱਚਾ ਸਿੰਘ ਪਿਤਾ ਸ: ਨਰੈਣ ਸਿੰਘ ਮਾਤਾ ਹਰ ਕੌਰ ਪਿੰਡ ਬੇਗਾ ਲਹਿਰਾ ਆਪ ਜੈਤੋ ਦੇ ਜੱਥੇ ਵਿਚ ਜਾਣ ਲਈ ਹਾਂਗ ਕਾਂਗ ਚੀਨ ਵਿਚੋਂ ਆਏ, ਆਉਂਦਿਆਂ ਮੋਰਚਾ ਫਤਹਿ ਹੋ ਗਿਆ ।

ਭਾ: ਜਾਗੀਰ ਸਿੰਘ ਪਿਤਾ ਸ:ਹਰੀ ਸਿੰਘ ਮਾਤਾ ਰਾਮ ਕੌਰ ਪਿੰਡ ਬੇਗਾ ਲਹਿਰਾ ਆਪ ਜੈਤੇ ਦੇ ਮੋਰਚੇ ਵਿਚ ਗਏ । ਭਾ: ਜੰਗ ਸਿੰਘ ਪਿਤਾ ਸ: ਹਰਨਾਮ ਸਿੰਘ ਮਾਤਾ ਰਾਮ ਕੌਰ ਪਿੰਡ ਬੇਗਾ ਲਹਿਰਾ ਆਪ ਜੈਤੋ ਦੇ ਮੋਰਚੇ ਵਿਚ ਗਏ ।

ਭਾ: ਸ਼ੇਰ ਸਿੰਘ ਪਿਤਾ ਸ: ਦਰਬਾਰਾ ਸਿੰਘ ਮਾਤਾ ਜਿੰਦ ਕੌਰ ਪਿੰਡ ਬੇਗਾ ਲਹਿਰਾ ਆਪ ਮੋਰਚਾ ਜੈਤੋ ਵਿਚ ਗਏ ।

ਭਾ: ਸੋਹਣ ਸਿੰਘ ਪਿਤਾ ਸ: ਜੋਧ ਸਿੰਘ ਪਿੰਡ ਬੇਗਾ ਲਹਿਰਾ ਆਪ ਮੋਰਚਾ ਜੈਤੋ ਵਿਚ ਗਏ ਤੇ ਛੇ ਮਹੀਨੇ ਕੈਦ ਕੱਟੀ । ਭਾ: ਹਰੀ ਸਿੰਘ ਪਿਤਾ ਸ: ਸ਼ਾਮ ਸਿੰਘ ਪਿੰਡ ਬੇਗਾ ਲਹਿਰਾ ਆਪ ਨੂੰ ਮੋਰਚਾ ਜੈਤੋ ਵਿਚ ਇਕ ਸਾਲ ਕੈਦ ਹੋਈ ਤੇ ਉੱਥੇ ਹੀ ਸ਼ਹੀਦ ਹੋ ਗਏ ।

ਭਾ: ਪਸ਼ੌਰਾ ਸਿੰਘ ਪਿਤਾ ਸ: ਜਗਤ ਸਿੰਘ ਪਿੰਡ ਬੇਗਾ ਲਹਿਰਾ ਆਪ ਨੇ ਜੈਤੋ ਦੇ ਮੋਰਚੇ ਵਿਚ ਜਾ ਕੇ ਬਹੁਤ ਕੁਰਬਾਨੀਆਂ ਕੀਤੀਆਂ ।

ਭਾ: ਦਲੀਪ ਸਿੰਘ ਪਿਤਾ ਸ: ਹਰੀ ਸਿਘ ਪਿੰਡ ਬੇਗਾ ਲਹਿਰਾ ਆਪ ਨੇ ਜੈਤੋ ਦੇ ਮੋਰਚੇ ਵਿਚ ਕੁਰਬਾਨੀਆਂ ਕੀਤੀਆਂ ।

Digitized by Panjab Digital Library | www.panjabdigilib.org

ਭਾ: ਸੇਵਾ ਸਿੰਘ ਪਿਤਾ ਸ: ਭੋਲਾ ਸਿੰਘ ਪਿੰਡ ਬੇਗਾ ਲਹਿਰਾ ਆਪ ਮੋਰਚਾ ਜੈਤੋ ਦੇ ਛੇਵੇਂ ਸ਼ਹੀਦੀ ਜੱਥੇ ਵਿਚ ਕੈਦ ਹੋਏ ।

ਭਾ: ਹਰਦਿੱਤ ਸਿੰਘ ਪਿਤਾ ਸ: ਬੱਗਾ ਸਿੰਘ ਪਿੰਡ ਬੇਗਾ ਲਹਿਰਾ ਆਪ ਮੋਰਚਾ ਜੈਤੋ ਦੇ ਛੇਵੇਂ ਸ਼ਹੀਦੀ ਜੱਥੇ ਵਿਚ ਕੈਦ ਹੋਏ ।

ਭਾ: ਲਛਮਣ ਸਿੰਘ ਪਿੰਡ ਬੇਗਾ ਲਹਿਰਾ ਆਪ ਨੇ ਜੈਤੋ ਦੇ ਮੋਰਚੇ ਵਿਚ ੧ ਸਾਲ ਕੈਦ ਕੱਟੀ ।

ਭਾ: ਗੁਰਮੁਖ ਸਿੰਘ ਪਿੰਡ ਬੇਗਾ ਲਹਿਰਾ ਆਪ ਨੂੰ ਜੈਤੋ ਦੇ ਮੋਰਚੇ ਵਿਚ ੧ ਸਾਲ ਕੈਦ ਹੋਈ ।

ਭਾ: ਇੰਦਰ ਸਿੰਘ ਪਿਤਾ ਸ: ਕੁੰਦਾ ਸਿੰਘ ਪਿੰਡ ਬੇਗਾ ਲਹਿਰਾ ਆਪ ਅਕਾਲੀ ਵਰਕਰ ਸਨ ਤੇ ਮੋਰਚਾ ਜੈਤੋ, ਮੁਕਤਸਰ, ਭਾ: ਫੇਰੂ ਵਿਚ ਗਏ ।

ਭਾ: ਪਾਲ ਸਿੰਘ ਪਿਤਾ ਸ: ਜਵਾਹਰ ਸਿੰਘ ਪਿੰਡ ਬੇਗਾ ਲਹਿਰਾ ਆਪ ਨੂੰ ਜੱਥੇ ਦੀ ਸੇਵਾ ਕਰਨ ਬਦਲੇ ਛੇ ਮਹੀਨੇ ਕੈਦ ਹੋਈ ।

ਭਾ: ੍ਰੇਮ ਸਿੰਘ ਪਿਤਾ ਸ: ਕਾਲਾ ਸਿੰਘ ਪਿੰਡ ਬੇਗਾ ਲਹਿਰਾ ਆਪ ਨੇ ਮੋਰਚਾ ਜੈਤੋ ਵਿਚ ੪ ਮਹੀਨੇ ਕੈਦ ਕੱਟੀ । ਭਾ: ਵਰਯਾਮ ਸਿੰਘ ਪਿਤਾ ਸ: ਗੇਂਦਾ ਸਿੰਘ ਪਿੰਡ ਬੇਗਾ ਲਹਿਰਾ ਆਪ ਨੇ ਮੋਰਚਾ ਜੈਤੋ ਵਿਚ ਕੈਦ ਕੱਟੀ ।

ਭਾ: ਮੁਕੰਦ ਸਿੰਘ ਪਿਤਾ ਸ: ਹਰਨਾਮ ਸਿੰਘ ਪਿੰਡ ਭੈਣੀ ਬਾਹੀਆ ਆਪ ਮੋਰਚਾ ਜੈਤੋ ਵਿਚ ਗਏ ਤੇ ਨਾਭਾ ਬੀੜ ਵਿਚ ਕੈਦ ਕੱਟੀ ।

ਭਾ: ਫਰਣ ਸਿੰਘ ਪਿਤਾ ਸ: ਧਰਮ ਸਿੰਘ ਮਾਤਾ ਸਾਹਿਬ ਕੌਰ ਪਿੰਡ ਭੈਣੀ ਬਾਹੀਆਂ ਆਪ ਨੇ ਨਾਭਾ ਬੀੜ ਵਿਚ ਕੈਦ ਕੱਟੀ ।

ਭਾ: ਕੇਹਰ ਸਿੰਘ ਪਿਤਾ ਸ: ਦਲ ਸਿੰਘ ਮਾਤਾ ਦਯਾ ਕੌਰ ਪਿੰਡ ਬੱਜੋਆਣਾ ਆਪ ਜੈਤੋ ਦੇ ਪਹਿਲੇ ਤੇ ਸਤਾਰ੍ਹਵੇਂ ਜੱਥੇ ਵਿਚ ਗਏ ਤੇ ਸਤਾਰ੍ਹਵੇਂ ਜੱਥੇ ਸਮੇਂ ਮੋਰਚਾ ਫਤਹਿ ਹੋ ਗਿਆ ।

ਭਾ: ਭੂਰਾ ਸਿੰਘ ਪਿਤਾ ਸ: ਬਾਜ ਸਿੰਘ ਪਿੰਡ ਬੱਜੋਆਣਾ ਆਪ ੨੫ ਸਿੰਘਾਂ ਦੇ ਜੱਥੇ ਨਾਲ ਮੋਰਚਾ ਜੈਤੋ ਵਿਚ ਗਏ ਤੇ ਬਾਬਲ ਕਾਂਟੀ ਛੱਡੇ ਗਏ ।

Digitized by Panjab Digital Library | www.panjabdigilib.org

# ਤਹਿਸੀਲ ਮੋਗਾ

## ਦੇ

## ਬੀਰ ਰਸ ਪੂਰਤ ਸਿੰਘ

## ਜਥੇਦਾਰ ਸੰਤ ਪ੍ਰੇਮ ਸਿੰਘ ਜੀ ਕੋਕਰੀ ਖੁਰਦ

ਆਪ ਜੀ ਦਾ ਜਨਮ ਪਿੰਡ ਕੋਕਰੀ ਫੂਲਾ ਸਿੰਘ ਵਿਚ ਸ: ਸੂਬਾ ਸਿੰਘ ਜੀ ਦੇ ਘਰ ਹੋਇਆ। ਆਪ ਜੀ ਦੀਆਂ ਰੁਚੀਆਂ ਬਚਪਨ ਤੋਂ ਹੀ ਧਾਰਮਕ ਸਨ, ਇਸ ਕਰ ਕੇ ਨਾਮ ਅਭਿਆਸ ਵਿਚ ਲਗ ਗਏ। ਅਕਾਲੀ ਲਹਿਰ ਅਰੰਭ ਹੋਣ ਸਮੇਂ ਆਪ ਦਾ ਦਰਦੀ ਦਿਲ ਬ੍ਰਦਾਸ਼ਤ ਨਾ ਕਰ ਸਕਿਆ ਤੇ ਆਪ ਜੈਤੋ ਦੇ ਮੋਰਚੇ ਵਿਚ ਛੇਵੇਂ ਸ਼ਹੀਦੀ ਜਥੇਦੇ ਜਥੇਦਾਰ ਬਣ ਕੇ ਗਏ। ਆਪ ਨੂੰ ਨਾਭਾ ਬੀੜ ਵਿਚ ਡੇਢ ਸਾਲ ਰਖ ਕੇ ਬਹੁਤ ਸਾਰੇ ਤਸੀਹੇ ਦਿਤੇ ਗਏ। ਪਹਿਲਾਂ ਆਪ ਗੁਰੂ ਕੇ ਬਾਗ ਮੋਰਚੇ ਵਿਚ ਭੀ ਗਏ ਸਨ। ਆਪ ਨੇ ਕਈ ਪਿੰਡਾਂ ਵਿਚ ਗੁਰਦਵਾਰਿਆਂ ਦੀ ਸੇਵਾ ਕਰਵਾਈ ਅਤੇ ਸਕੂਲ ਮਹਿਣਾ ਦੇ ਮੈਨੇਜਰ ਹਨ ਅਤੇ ਜੋ ਗੁਰਦਵਾਰਾ ਜਰਨੈਲੀ ਸੜਕ ਪਰ ਹੈ, ਆਪ ਜੀ ਦੇ ਉਦਮ ਨਾਲ ਹੀ ਬਣਿਆ। ਆਪ ਨੇ ਮਹਿਣਾ ਸਕੂਲ ਦੀ ਸਹਾਇਤਾ ਲਈ ਮਲਾਇਆ ਦਾ ਦੌਰਾ ਕੀਤਾ ਅਤੇ ਪਰਉਪਕਾਰ ਦੇ ਕੰਮਾਂ ਵਿਚ ਵਧ ਚੜ੍ਹ ਕੇ ਸਹਾਇਤਾ ਕਰਦੇ ਰਹੇ। ਆਪ ਅਕਾਲੀ ਜਥਾ ਜ਼ਿਲਾ ਫੀਰੋਜ਼ਪੁਰ ਦੇ ਜਨਰਲ ਸਕੱਤਰ ਤੇ ਸ਼ਰੋਮਣੀ ਕਮੇਟੀ ਦੇ ਮੈਂਬਰ ਰਹੇ ਹਨ।

## ਸਃ ਨਰੈਣ ਸਿੰਘ ਧੂੜਕੋਟ ਰਈਸ ਅਕਾਲੀ

ਜਨਮ:– ਆਪ ਦਾ ਜਨਮ ਸ: ਰਾਮ ਸਿੰਘ ਦੇ ਘਰ ਮਾਤਾ ਰਤਨ ਕੌਰ ਦੇ ਉਦਰ ਤੋਂ ਪਿੰਡ ਧੂੜਕੋਟ ਵਿਚ ਤਹਿਸੀਲ ਮੋਗਾ ਜ਼ਿਲਾ ਫੀਰੋਜ਼ਪੁਰ ਵਿਚ ਹੋਇਆ।

ਬਾਲਪਣ:– ਆਪ ਦੀ ਮੁਢਲੀ ਅਵਸਥਾ ਪਿੰਡ ਵਿਚ ਹੀ ਲੰਘੀ।

ਵਿਦਿਆ:– ਆਪ ਜੀ ਗੁਰਮੁਖੀ ਵਿਦਿਆ ਪੜ੍ਹੇ ਹੋਏ ਹਨ।

ਕੰਮ:– ਆਪ ਦੀ ਰੁਚੀ ਆਰੰਭ ਵਿਚ ਹੀ ਧਾਰਮਿਕ ਭਾਵਾਂ ਵਾਲੀ ਸੀ, ਆਪ ਅਜੇ ਮਸਫੁਟ ਜੁਆਨ ਸਨ ਕਿ ਅਕਾਲੀ ਲਹਿਰ ਚਲ ਪਈ, ਗੁਰਦੁਆਰਿਆਂ ਦੀਆਂ ਕੁਰੀਤੀਆਂ ਹੁੰਦੀਆਂ ਸੁਣ ਕੇ ਆਪ ਦੇ ਦਿਲ ਵਿਚ ਜੋਸ਼ ਆਇਆ, ਅਣਖ ਜਾਗੀ, ਝਟ ਸ੍ਰੀ ਅੰਮ੍ਰਿਤਸਰ ਜਾ ਕੇ ਅਕਾਲੀ ਲਹਿਰ ਵਿਚ ਭਰਤੀ ਹੋ ਗਏ। ਜੇਹਲਾਂ ਦੇ ਅਸਹਿ ਤੇ ਅਕਹਿ ਕਸ਼ਟ ਝਲੇ, ਮੋਰਚਾ ਫਤਹਿ ਹੋਣ ਪਰ ਰਿਹਾ ਹੋ ਕੇ ਆਏ।

ਆਪ ਮਾਲਵੇ ਦੇ ਜੰਮਪਲ ਹਨ, ਆਪ ਆਪਣੇ ਮਲਵਈ ਸੁਭਾ ਅਤੇ ਈਮਾਨਦਾਰੀ ਵਿਚ ਬਹੁਤ ਪ੍ਰਸਿਧ ਹਨ, ਮਾਲਵਾ ਪ੍ਰਤੀਨਿਧ ਦੀਵਾਨ ਦੇ ਆਪ ਕਈ ਸਾਲ ਸਕੱਤਰ ਰਹੇ, ਜਿਸ ਦੀ ਬੁਨਿਆਦ ਸ: ਮਹਿੰਦਰ ਸਿੰਘ ਸਿਧਮ ਗਿ: ਸ਼ੇਰ ਸਿੰਘ ਜੀ ਠੀਕਰੀਵਾਲ ਸ: ਨਰੈਣ ਸਿੰਘ ਧੂੜਕੋਟ ਇਤ ਆਦਿ ਨੇ ਰਖੀ ਜਿਸ ਦੇ ਪ੍ਰਧਾਨ ਸ: ਮਹਿੰਦਰ ਸਿੰਘ ਜੀ ਸਿਧਮ ਆਪ ਜਨਰਲ ਸਕੱਤਰ ਚੁਣੇ ਗਏ। ਜੋ ਸੇਵਾ ਆਪ ਨੇ ਬੜੀ ਜੋਗਤਾਈ ਨਾਲ ਮਾਃ ਪ੍ਰਤੀਨਿਧ ਦੀਵਾਨ ਨੂੰ ਚੜ੍ਹਦੀ ਕਲਾ ਵਿਚ ਲੈ ਗਏ। ਮਾਲਵਾ ਪ੍ਰੈਸ ਜੋ ਸ੍ਰੀ ਅੰਮ੍ਰਿਤਸਰ ਵਿਚ ਮਲਵਈ ਬੁੰਗੇ ਵਿਚ ਜਾਰੀ ਕੀਤਾ ਆਪ

Digitized by Panjab Digital Library | www.panjabdigilib.org

ਉਸ ਦੇ ਕਈ ਸਾਲ ਮੈਨੇਜਿੰਗ ਡਾਇਰੈਕਟਰ ਰਹੇ, ਪੰਥਕ ਪ੍ਰਸਿਧ ਵਿਦਵਾਨ ਗਿਆਨੀ ਸ਼ੇਰ ਸਿੰਘ ਸੁਰਗਵਾਸੀ ਨਾਲ ਰਲ ਕੇ ਗੁਰਮੁਖੀ ਦੇ ਕਈ ਅਖਬਾਰ ਚਲਾਏ ਯਥਾ ਕੌਮੀ ਦਰਦ, ਅਸਲੀ ਕੌਮੀ ਦਰਦ, ਸਿਖ ਸੇਵਕ ਆਦਿ । ਖਾਲਸਾ ਕਾਲਜ ਵਿਰੁਧ ਚਲੀ ਹੋਈ ਹੜਤਾਲੀ ਲਹਿਰ ਨੂੰ ਦਬਾਉਣ ਲਈ ਆਪ ਨੇ ਪੰਥ ਵਿਰੋਧੀਆਂ ਦਾ ਖੂਬ ਟਾਕਰਾ ਕੀਤਾ । ਆਪ ਜੀ ਸ਼੍ਰੋ: ਗੁ: ਪ੍ਰ: ਕਮੇਟੀ ਦੇ ਮੈਂਬਰ ਲਗਾਤਾਰ ਬਿਨਾ ਮੁਕਾਬਲਾ ਹੁੰਦੇ ਰਹੇ ।

ਸੁਭਾ:— ਆਪ ਦਾ ਸੁਭਾ ਬਹੁਤ ਹੀ ਸਰਲ ਹੈ, ਆਪ ਅਣਖ ਦੀ ਮੂਰਤੀ ਹਨ । ਆਪ ਬੋਲ ਤੋਲ ਦੇ ਪੂਰੇ ਸਨ ਅਤੇ ਬਹੁਤ ਈਮਾਨਦਾਰ ਸਮਝੇ ਜਾਂਦੇ ਹਨ, ਮਾਲਵੇ ਦੇ ਕੁਝ ਸਿੰਘ ਰਲਕੇ ਜੋ ਮਲਵਈ ਪਰੈੱਸ ਅਮਰੀਕਾ ਦੇ ਸਿੰਘਾਂ ਦੀ ਸਹਾਇਤਾ ਨਾਲ ਜਾਰੀ ਕੀਤਾ ਸੀ,ਆਪ ਨੂੰ ਸੌਂਪਿਆ ਗਿਆ, ਆਪ ਹੁਣ ਨਗਰ ਵਿਚ ਹੀ ਟਿਕਦੇ ਹਨ ਅਤੇ ਦਸਾਂ ਨਵਾਂ ਦੀ ਕਮਾਈ ਖੇਤੀ ਬਾੜੀ ਦਾ ਆਪਣਾ ਵਿਹਾਰ ਕਰਦੇ ਹਨ ।

## ਧੂੜਕੋਟ ਰਨਸ਼ੀਹ ਕਲਾਂ ਦੇ ਅਕਾਲੀ

ਸ: ਸ਼ਾਮ ਸਿੰਘ ਜੀ ਪਿਤਾ ਹਰਨਾਮ ਸਿੰਘ ਜੀ ਪਿੰਡ ਧੂੜਕੋਟ
ਸ: ਮੰਗਲ ਸਿੰਘ ਜੀ ਪਿਤਾ ਸੋਭਾ ਸਿੰਘ ਜੀ ਪਿੰਡ ਰੱਨਸ਼ੀਹ ਕਲਾਂ
ਸ: ਬੰਮਣ ਸਿੰਘ ਜੀ ਸ: ਛੁਮਣ ਸਿੰਘ ਜੀ

ਗੁਰਦੁਆਰਾ ਬਿਲ ਤਿਆਰ ਕਰਾਉਣ ਦੇ ਮੋਢੀ

## ਸ: ਤਾਰਾ ਸਿੰਘ ਵਕੀਲ

ਆਪ ੧੮੯੦ ਈ: ਵਿਚ ਸ: ਪਰਤਾਪ ਸਿੰਘ ਜ਼ੈਲਦਾਰ ਮੋਗਾ ਦੇ ਘਰ ਪੈਦਾ ਹੋਏ । ਮੋਗੇ ਤੋਂ ਦਸਵੀਂ ਜਮਾਤ ਪਾਸ ਕਰ ਲੈਣ ਮਗਰੋਂ ੧੯੦੭ ਵਿਚ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਦਾਖਲ ਹੋਏ। ੧੯੧੧ ਵਿਚ ਬੀ. ਏ. ਪਾਸ ਕਰ ਲਈ ਤੇ ੧੯੧੩ ਵਿਚ ਐਲ. ਐਲ. ਬੀ. ਦਾ ਇਮਤਿਹਾਨ ਪਾਸ ਕਰਕੇ ਫੀਰੋਜ਼ਪੁਰ ਵਿਚ ਵਕਾਲਤ ਕਰਨੀ ਸ਼ੁਰੂ ਕਰ ਦਿਤੀ ਪਰ ਛੇਤੀ ਹੀ ਮੋਗੇ ਆ ਗਏ।

ਆਪ ਗੁਰਬਾਣੀ ਦੇ ਬੜੇ ਪਰੇਮੀ ਤੇ ਅਭਿਆਸੀ ਸਨ । ਮੁਕਤਸਰ ਦੇ ਮੋਰਚੇ ਵੇਲੇ ਜਿਹੜਾ ਜਥਾ ਉਥੇ ਗਿਆ ਆਪ ਸਭ ਤੋਂ ਮੂਹਰੇ ਹੋ ਕੇ ਗਏ ਸਨ ।

੧੯੨੩ ਦੀ ਕੌਂਸਲ ਚੋਣ ਵਿਚ ਆਪ ਨੂੰ ਜ਼ਿਲਾ ਫੀਰੋਜ਼ਪੁਰ ਵਿਚੋਂ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਮੈਂਬਰ ਖੜੇ ਕੀਤਾ । ਆਪ ਨੂੰ ੯੦ ਫੀਸਦੀ ਵੋਟਾਂ ਮਿਲੀਆਂ ਤੇ ਭਾਰੀ ਗਿਣਤੀ ਵਿਚ ਕਾਮਯਾਬ ਹੋਏ। ਆਪ ਕੌਂਸਲ ਵਿਚ ਖੱਦਰ ਦੇ ਕਪੜੇ ਤੇ ਕਾਲੀ ਦਸਤਾਰ ਸਜਾ ਕੇ ਜਾਇਆ ਕਰਦੇ ਸਨ ਤੇ ਆਪ ਨੇ ਗੁੰਝਲਦਾਰ ਸਵਾਲਾਂ ਦੀ ਬੁਛਾੜ ਨਾਲ ਕਈ ਵੇਰ ਸਰਕਾਰੀ ਕਰਮਚਾਰੀਆਂ ਨੂੰ ਹੈਰਾਨ ਕੀਤਾ।

੧੯੨੪ ਵਿਚ ਖਾਲਸਾ ਕਾਲਜ ਸੁਧਾਰ ਲਹਿਰ ਚਲੀ ਤੇ ਇਸ ਸਬੰਧ ਵਿਚ ਅੰਮ੍ਰਿਤਸਰ ਵਿਖੇ ਜੋ ਭਾਰੀ ਕਾਨਫਰੰਸ ਹੋਈ, ਆਪ ਉਸਦੇ ਪ੍ਰਧਾਨ ਬਣਾਏ ਗਏ। ਜੈਤੋ ਦੇ ਅਖੰਡ ਪਾਠ ਦਾ ਮੋਰਚਾ ਕਾਮਯਾਬ ਕਰਾਉਣ ਵਿਚ ਸ: ਤਾਰਾ ਸਿੰਘ ਦਾ ਬਹੁਤ ਸਾਰਾ ਹਿਸਾ ਸੀ। ਜੈਤੋ ਜਾਣ ਵਾਲੇ ਜਥਿਆਂ ਦੇ ਪਹੁੰਚਣ ਸਮੇਂ ਆਪ ਆਮ ਤੌਰ ਤੇ ਜੈਤੋ ਜਾਂਦੇ ਰਹੇ ਤੇ ਨਾਭਾ ਕਾਰਖਾਸ ਵਿਚ ਵਰਤ ਰਹੀਆਂ ਸਖਤੀਆਂ ਦੀ ਪੜਤਾਲ ਕਰਨ ਅਤੇ ਨਾਭਾ ਜੇਲ੍ਹਾਂ ਨੂੰ ਵੇਖਣ ਵਾਸਤੇ ਆਪ ਨੇ ਕਈ ਵਾਰ ਸਰਕਾਰ ਪਾਸੋਂ ਆਗਿਆ ਮੰਗੀ, ਪਰ ਨਾ ਮਿਲੀ।

Digitized by Panjab Digital Library | www.panjabdigilib.org

ਸ਼ਰੋਮਣੀ ਗੁ: ਪ੍ਰ: ਕਮੇਟੀ ਨੇ ਆਪਣੇ ਇਕ ਖਾਸ ਐਲਾਨ ਦਵਾਰਾ ੧੯੨੫ ਵਿਚ ਆਪ ਜੀ ਜੀ ਦੀ ਪੰਥਕ ਸੇਵਾ ਦੀ ਹੇਠ ਲਿਖੇ ਸ਼ਬਦਾਂ ਵਿਚ ਪਰਸੰਸਾ ਕੀਤੀ ਸੀ:-

"ਸਿਖ ਪੰਥ ਵਿਚ ਅਜਿਹਾ ਕੌਣ ਹੈ, ਜੋ ਸਰਦਾਰ ਤਾਰਾ ਸਿੰਘ ਮੋਗਾ, ਮੈਂਬਰ ਪੰਜਾਬ ਕੌਂਸਲ ਦੇ ਨਾਮ ਤੇ ਕੰਮ ਤੋਂ ਵਾਕਫ ਨਹੀਂ। ਆਪ ਨੇ ਜਿਸ ਦਿਨ ਤੋਂ ਗੁਰਦਵਾਰਾ ਸੁਧਾਰ ਲਹਿਰ ਚਲੀ ਹੈ, ਆਪਣੀ ਵਕਾਲਤ ਦਾ ਕੰਮ ਭੁਲਾ ਹੀ ਛਡਿਆ ਹੈ। ਸਿਰ ਤੋਂ ਪੈਰਾਂ ਤਕ ਖਦਰ ਦੀ ਪੁਸ਼ਾਕ, ਸਿਰ ਪਰ ਕਾਲੀ ਦਸਤਾਰ ਤੇ ਗਾਤਰੇ ਵਿਚ ਕਿਰਪਾਨ ਹਰ ਵਕਤ ਤੇ ਹਰ ਘੜੀ ਵੇਖੀ ਗਈ ਹੈ। ਦਿਨ ਕਿਤੇ, ਰਾਤ ਕਿਤੇ, ਦੁਪਹਿਰ ਕਿਤੇ, ਸ਼ਾਮ ਕਿਤੇ ਗਲ ਕੀ ਹਰ ਵੇਲੇ ਆਪ ਪੰਥਕ ਕੰਮਾਂ ਵਿਚ ਹੀ ਫਿਰਦੇ ਵਿਖਾਈ ਦਿੰਦੇ ਹਨ। ਹਜ਼ਾਰਾਂ ਰੁਪਿਆਂ ਮਹੀਨੇ ਦੀ ਵਕਾਲਤ ਦੀ ਆਮਦਨ ਨੂੰ ਲੱਤ ਮਾਰ ਕੇ ਆਪ ਦੇ ਚੌਵੀ ਘੰਟੇ ਰੇਲ ਦੇ ਸਫਰ ਵਿਚ ਹੀ ਗੁਜ਼ਾਰਨੇ ਤੇ ਕਰਾਇਆਂ ਰਾਹੀਂ ਬਾਪ ਦਾਦੇ ਦੀ ਕਮਾਈ ਨੂੰ ਪਾਣੀ ਵਾਂਗਰ ਰੋੜ੍ਹੀ ਜਾਣਾ ਆਪਣੇ ਸਮੇਂ ਦੀ ਇਕ ਲਸਾਨੀ ਕੁਰਬਾਨੀ ਦਾ ਨਮੂਨਾ ਹੈ। ਅਜ ਕਲ ਆਪ ਦੇ ਘਰ ਵਿਚ ਬੀਮਾਰੀ ਦੀ ਕਰੜੀ ਸ਼ਕਾਇਤ ਹੈ ਤੇ ਆਪ ਨੂੰ ਘਰੋਂ ਬਹੁਤ ਸਾਰੀਆਂ ਚਿਠੀਆਂ ਸਨੇਹੇ ਭੀ ਪੁਜ ਚੁਕੇ ਹਨ ਪਰ ਆਪ ਦੇ ਘਰੋਗੀ ਕੰਮ ਨੂੰ ਪੰਥਕ ਕੰਮਾਂ ਦੇ ਸਾਹਮਣੇ ਤੁਛ ਸਮਝ ਰਹੇ ਹਨ।

ਵਾਹਿਗੁਰੂ ਆਪ ਦੀ ਸੇਵਾ ਨੂੰ ਫਲ ਲਾਵੇ ਤੇ ਉਹ ਦਿਨ ਛੇਤੀ ਹੀ ਆਵੇ ਜਦ ਕਿ ਸਾਰਾ ਪੰਥ ਆਪ ਦੀ ਮਿਹਨਤ ਦੇ ਸਿਟੇ ਦਾ ਰਸ ਲੈ ਕੇ ਆਪ ਦੀਆਂ ਕੁਰਬਾਨੀਆਂ ਲਈ ਧੰਨਵਾਦੀ ਹੋਵੇ।"

## ਸ: ਸੁਚਾ ਸਿੰਘ ਜੀ ਮੋਗਾ

ਆਪ ਜੀ ਦਾ ਜਨਮ ਮੋਗੇ ਵਿਚ ੧੮੯੯ ਵਿਚ ਸ: ਦੇਵਾ ਸਿੰਘ ਜੀ ਦੇ ਘਰ ਮਾਤਾ ਰਾਜ ਕੌਰ ਦੀ ਕੁਖ ਤੋਂ ਹੋਇਆ। ਆਪ ਦੀ ਜ਼ਮੀਨ ਪਿੰਡ ਸੋਢੀ ਵਾਲਾ ਤਹਿਸੀਲ ਜ਼ੀਰਾ ਵਿਚ ਭੀ ਹੈ। ੧੯੧੪ ਵਿਚ ਜਦ ਪਹਿਲੀ ਵਡੀ ਲੜਾਈ ਆਰੰਭ ਹੋਈ ਤਾਂ ਸ: ਸੁਚਾ ਸਿੰਘ ਜੀ ਨੇ ਸਰਕਾਰ ਨੂੰ ਭਰਤੀ ਦੇਣ ਵਿਚ ਕਾਫੀ ਸਹਾਇਤਾ ਕੀਤੀ ਜਿਸ ਦਾ ਫਲ ਇਹ ਹੋਇਆ ਕਿ ਆਪ ਨੂੰ ਦੋ ਮੁਰੱਬੇ ਜ਼ਮੀਨ ਮਿਲਣ ਦਾ ਹੁਕਮ ਹੋਇਆ। ੧੯੧੯ ਵਿਚ ਜਦ ਜੰਗ ਖਤਮ ਹੋਈ ਤਾਂ ਅੰਗ੍ਰੇਜ਼ਾਂ ਨੇ ਹਿੰਦੁਸਤਾਨ ਪਰ ਰੌਲਟ ਐਕਟ ਦਾ ਵਾਰ ਕੀਤਾ ਤੇ ਜਲ੍ਹਿਆਂ ਵਾਲਾ ਬਾਗ ਵਿਚ ਗੋਲੀਆਂ ਦੀ ਵਰਖਾ ਕੀਤੀ। ਇਸ ਘਟਨਾ ਤੇ ਅੰਗਰੇਜ਼ਾਂ ਦੇ ਹੋਰ ਜ਼ੁਲਮਾਂ ਨੇ ਸ: ਜੀ ਦੇ ਮਨ ਪਰ ਬਹੁਤ ਬੁਰਾ ਅਸਰ ਕੀਤਾ ਤੇ ਆਪ ਪੰਥ ਤੇ ਦੇਸ਼ ਦੀ ਸੇਵਾ ਦੇ ਮੈਦਾਨ ਵਿਚ ਕੁਦ ਪਏ।

੧੯੨੧ ਵਿਚ ਆਪ ਜ਼ਿਲੇ ਦੇ ਮੀਤ ਜਥੇਦਾਰ ਚੁਣੇ ਗਏ। ੧੯੨੨ ਵਿਚ ਆਪ ਜੀ ਨੂੰ ੧੨੪ ਅਲਫ ਹੇਠ ਗ੍ਰਿਫਤਾਰ ਕਰ ਲਿਆ ਗਿਆ। ਸਰਕਾਰੀ ਅਫਸਰਾਂ ਨੇ ਆਪ ਨੂੰ ਕਿਹਾ ਕਿ ਆਪ ਦੇ ਮੁਰਬੇ ਜ਼ਬਤ ਕਰ ਲਏ ਜਾਣਗੇ ਨਹੀਂ ਤਾਂ ਪੰਥਕ ਕੰਮਾਂ ਤੋਂ ਅੱਡ ਹੋ ਜਾਉ ਪਰ ਆਪ ਨੇ ਇਕ ਨਾਂਹ ਮੰਨੀ। ਅੱਡ ਅੱਡ ਤਕਰੀਰਾਂ ਦੀ ਬਿਨਾ ਤੇ ਆਪ ਜੀ ਪਰ ੯ ਮੁਕਦਮੇ ਬਣਾਏ ਗਏ ਪਰ ਸਰਕਾਰ ਤਿੰਨ ਤੋਂ ਵਧ ਨਹੀਂ ਸੀ ਚਲਾ ਸਕਦੀ। ਤਿੰਨਾਂ ਕੇਸਾਂ ਵਿਚ ਆਪ ਜੀ ਨੂੰ ਦੋ ਸਾਲ ਕੈਦ ਹੋਈ। ਅਦਾਲਤ ਨੇ ਆਪ ਜੀ ਨੂੰ ਸਪੈਸ਼ਲ ਕਲਾਸ ਦਿਤੀ ਜੋ ਰੋਸ ਵਜੋਂ ਆਪ ਨੇ ਛਡ ਦਿਤੀ। ੧੯੨੪ ਵਿਚ ਜਦ ਆਪ ਰਿਹਾ ਹੋ ਕੇ ਆਏ ਤਾਂ ਜੈਤੋ ਦਾ ਮੋਰਚਾ ਗਰਮ ਸੀ। ਆਪ ੧੨ਵੇਂ ਜਥੇ ਦੇ ਜਥੇਦਾਰ ਬਣਕੇ ਗਏ। ਇਸ ਜਥੇ ਦਾ ਡਸਿਪਲਨ ਤੇ ਪ੍ਰਬੰਧ ਬਹੁਤ ਸ਼ਲਾਂਘਾ ਯੋਗ

Digitized by Panjab Digital Library | www.panjabdigilib.org

ਸੀ । ਜਥਾ ਵਕਤ ਸਿਰ ਮਾਰਚ ਕਰਿਆ ਕਰਦਾ ਸੀ । ਇਸ ਜਥੇ ਨੇ ਅਗਲੇ ਸਾਲ ੨੧ ਫਰਵਰੀ ਨੂੰ ਗੋਲੀ ਚਲਣ ਵਾਲੇ ਦਿਨ ਜੈਤੋ ਪੁਜਣਾ ਸੀ ਇਸ ਕਰਕੇ ਸਰਕਾਰ ਚਾਹੁੰਦੀ ਸੀ ਕਿ ਜਥਾ ਵਕਤ ਸਿਰ ਨਾ ਪੁਜੇ । ਜਥੇ ਨੇ ਮੋਕਲਾ ਦੇ ਪੜਾ ਤੋਂ ਸਤਲੁਜ ਨੂੰ ਪਾਰ ਕਰਨਾ ਸੀ । ਝੋਲੀ ਚੁਕਾਂ ਨੇ ਬੇੜੀਆਂ ਨਾ ਦੇਣ ਦਾ ਫੈਸਲਾ ਕੀਤਾ ਹੋਇਆ ਸੀ ਇਸ ਕਰਕੇ ਜਥੇਦਾਰ ਸੁਚਾ ਸਿੰਘ ਜੀ ਮੋਗਾ ਨੇ ਕਮਾਲ ਹੁਸ਼ਿਆਰੀ ਨਾਲ ਜਥਾ ਗੰਡਾ ਸਿੰਘ ਵਾਲੇ ਦੇ ਹੈਡ ਤੋਂ ਦਰਿਆ ਪਾਰ ਕੀਤਾ ਅਤੇ ਪ੍ਰੋਗਰਾਮ ਵਿਚ ਕੋਈ ਵਿਘਨ ਨਾ ਪੈਣ ਦਿਤਾ ।

੧੨ਵੇਂ ਜਥੇ ਨੂੰ ਮਲੋਟ ਵਿਚ ਜ਼ਹਿਰ ਦੇਣ ਦੀ ਦੁਰਘਟਨਾ ਹੋਈ ਜਿਸ ਦਾ ਅਸਰ ਜਥੇਦਾਰ ਜੀ ਦੇ ਕਥਨ ਅਨੁਸਾਰ ੮੦ ਸਿੰਘਾਂ ਪਰ ਹੋਇਆ । ਇਹ ਜਥਾ ੨੧ ਫਰਵਰੀ ਵਾਲੇ ਦਿਨ ਨੀਯਤ ਤਾਰੀਖ ਪਰ ਜੈਤੋ ਪੁਜ ਕੇ ਗ੍ਰਿਫਤਾਰ ਹੋਇਆ । ਇੰਨੇ ਲੰਬੇ ਪ੍ਰੋਗਰਾਮ ਨੂੰ ਅਨੇਕਾਂ ਵਿਘਨ ਤੇ ਰੁਕਾਵਟਾਂ ਪੈਣ ਦੇ ਬਾਵਜੂਦ ਸਿਰੇ ਚੜ੍ਹਾਉਣਾ, ਜਥੇਦਾਰ ਸਾਹਿਬ ਜੀ ਦੀ ਹੁਸ਼ਿਆਰੀ ਅਤੇ ਸਿਆਣਪ ਦਾ ਹੀ ਨਤੀਜਾ ਸੀ ।

ਜਥੇਦਾਰ ਸੁਚਾ ਸਿੰਘ ਜੀ ਇਕ ਸਾਲ ਨਾਭਾ ਜੇਲ੍ਹ ਵਿਚ ਰਹੇ ਅਤੇ ਕਈ ਪ੍ਰਕਾਰ ਦੀਆਂ ਤਕਲੀਫਾਂ ਬਰਦਾਸ਼ਤ ਕੀਤੀਆਂ ਸਾਰੇ ਜਥੇਦਾਰਾਂ ਨਾਲ ਆਪ ਪਟਿਆਲੇ ਤੋਂ ਰਿਹਾ ਕੀਤੇ ਗਏ ਤੇ ਦੁਬਾਰਾ ਜੈਤੋ ਵਿਚ ਭੋਗ ਪਾ ਕੇ ਸ੍ਰੀ ਅੰਮ੍ਰਿਤਸਰ ਜਾਣ ਲਈ ਜਥੇ ਦੇ ਹੈਡ ਜਥੇਦਾਰ ਚੁਣੇ ਗਏ । ਆਪ ਦੇ ਜੀਵਨ ਦੀ ਇਕ ਵਚਿਤ੍ਰ ਘਟਨਾ ਇਹ ਹੈ ਕਿ ਰਿਆਸਤ ਬਹਾਵਲ ਪੁਰ ਦਾ ਇਕ ਜ਼ੈਲਦਾਰ ਸ਼ਾਰੇ ਖਾਂ ਝਟਕੇ ਦੀ ਬਹੁਤ ਵਿਰੋਧਤਾ ਕਰਦਾ ਸੀ ਤੇ ਸਿੰਘਾਂ ਦੇ ਝਟਕਾ ਕਰਨ ਪਰ ਪਾਬੰਦੀਆਂ ਲਗਾਉਣ ਲਈ ਰਿਆਸਤ ਦੇ ਕਰਮਚਾਰੀਆਂ ਪਰ ਜ਼ੋਰ ਦਿੰਦਾ ਸੀ । ਜਥੇਦਾਰ ਸੁਚਾ ਸਿੰਘ ਜੀ ਸੀ. ਆਈ. ਡੀ. ਦੇ ਇੰਸਪੈਕਟਰ ਬਣ ਕੇ ਥਾਣੇ ਤੋਂ ਸਿਪਾਹੀ ਲੈ ਕੇ ਉਸ ਦੇ ਪਿੰਡ ਗਏ ਤੇ ਉਸ ਦੇ ਸਾਹਮਣੇ ਝਟਕਾ ਕਰਕੇ ਖਾਧਾ ਤੇ ਅਖਬਾਰਾਂ ਵਿਚ ਮਜ਼ਮੂਨ ਕਢਾਇਆ ਕਿ ਜ਼ੈਲਦਾਰ ਦਾ ਇਸਲਾਮੀ ਜੋਸ਼ ਉਸ ਵਕਤ ਕਿਥੇ ਸੀ ਜਦੋਂ ਉਸੇ ਦੇ ਮੁਕਾਮ ਪਰ ਉਸ ਦੇ ਸਾਹਮਣੇ ਝਟਕਾ ਕੀਤਾ ਗਿਆ ।

ਜਥੇਦਾਰ ਸੁਚਾ ਸਿੰਘ ਜੀ ਬੜੇ ਕਦਾਵਰ ਤੇ ਸ਼ਾਨਦਾਰ ਜਵਾਨ ਹਨ ਅਤੇ ਆਪ ਨੂੰ ਗਲ ਬਾਤ ਕਰਨ ਦਾ ਬਹੁਤ ਸੋਹਣਾ ਢੰਗ ਆਉਂਦਾ ਹੈ । ਭਾਵੇਂ ਆਪ ਪੜ੍ਹੇ ਲਿਖੇ ਨਹੀਂ ਪਰ ਆਪ ਨਾਲ ਗਲ ਬਾਤ ਕਰਨ ਵਾਲਾ ਕੋਈ ਸਜਨ ਆਪ ਨੂੰ ਅਨਪੜ੍ਹ ਨਹੀਂ ਕਹਿ ਸਕਦਾ । ਆਪ ਕਈ ਸਾਲ ਸ੍ਰੀ ਨਨਕਾਣਾ ਸਾਹਿਬ ਮੇਲੇ ਦੇ ਕੈਂਪ ਇੰਚਾਰਜ ਬਣਦੇ ਰਹੇ ਤੇ ਇਸ ਸਬੰਧ ਵਿਚ ਆਪ ਜੀ ਦੇ ਪਾਸ ਕਈ ਪ੍ਰਸੰਸਾ ਪੱਤਰ ਹਨ । ਆਪ ਅਕਾਲੀ ਲਹਿਰ ਦੇ ਮੋਢੀਆਂ ਵਿਚੋਂ ਹਨ ਅਤੇ ਜਦ ਤੋਂ ਆਪ ਨੇ ਸਰਕਾਰ ਪ੍ਰਸਤੀ ਦਾ ਰਾਹ ਛਡ ਕੇ ਦੇਸ਼ ਸੇਵਾ ਤੇ ਪੰਥ ਸੇਵਾ ਦਾ ਮਾਰਗ ਫੜਿਆ ਹੈ ਬੜੀ ਗੰਭੀਰਤਾ ਨਾਲ ਆਪਣੇ ਰਾਹ ਪਰ ਤੁਰੇ ਜਾ ਰਹੇ ਹਨ ।

## ਗਿ: ਜਾਗੀਰ ਸਿੰਘ ਜੀ ਰੋਡੇ

ਆਪ ਜੀ ਦਾ ਜਨਮ ਪਿੰਡ ਰੋਡੇ ਵਿਚ ਸ: ਬੂੜ ਸਿੰਘ ਜੀ ਦੇ ਘਰ ਮਾਤਾ ਚੰਦ ਕੌਰ ਦੀ ਕੁਖ ਤੋਂ ੧੯੧੦ ਵਿਚ ਹੋਇਆ । ਆਪ ਨੇ ਭੁਪਿੰਦਰਾ ਖਾ: ਹਾਈ ਸਕੂਲ ਮੋਗਾ ਤੋਂ ਦਸਵੀਂ ਪਾਸ ਕੀਤੀ ਤੇ ਉਪਰੰਤ ਗਿਆਨੀ ਦਾ ਇਮਤਿਹਾਨ ਪਾਸ ਕੀਤਾ । ਪਹਿਲੇ ਆਪ ਪੁਲਸ ਵਿਚ ਭਰਤੀ ਹੋਏ, ਪਰ ਪੁਲਸ ਦਾ ਮਹਿਕਮਾਂ ਆਪ ਨੂੰ ਠੀਕ ਨਾ ਜਾਪਿਆ ਤੇ ਆਪ ਨੌਕਰੀ ਛੱਡ ਕੇ ਮਲਾਇਆ ਚਲੇ ਗਏ । ਮਲਾਇਆ ਵਿਚ ਆਪ ੯ ਮਹੀਨੇ ਰਹੇ ਤੇ ਵਾਪਸ ਆ ਕੇ ਡਿਪਟੀ ਕਮਿਸ਼ਨਰ ਦੀ ਕਚਿਹਰੀ ਵਿਚ ਨਾਜ਼ਰ ਲੱਗ

Digitized by Panjab Digital Library | www.panjabdigilib.org

ਗਏ। ਇੱਥੇ ਆਪ ਸਿੰਘ ਸਭਾ ਦੇ ਸਕੱਤ੍ਰ ਦੀ ਸੇਵਾ ਕਰਦੇ ਰਹੇ ਤੇ ਥੋੜੇ ਚਿਰ ਪਿਛੋਂ ਇਹ ਨੌਕਰੀ ਭੀ ਛੱਡ ਦਿੱਤੀ। ਗੁ: ਦੀਨਾ ਸਾਹਿਬ ਪਰ ਕਬਜ਼ਾ ਕਰਨ ਸਮੇਂ ਆਪ ਨੇ ਬਹੁਤ ਉੱਦਮ ਕੀਤਾ। ਫਿਰ ਆਪ ਕਾਂਗਰਸ ਵਿਚ ਸ਼ਾਮਲ ਹੋ ਕੇ ਕੰਮ ਕਰਨ ਲੱਗ ਪਏ ਤੇ ਡਾ: ਕਿਚਲੂ ਦੀ ਪ੍ਰਧਾਨਗੀ ਹੇਠ ਰੋਡਿਆਂ ਵਿਚ ਬਹੁਤ ਭਾਰੀ ਪੁਲੀਟੀਕਲ ਕਾਨਫਰੰਸ ਕਰਵਾਈ, ਜਿਸ ਦੀ ਸੁਾਗਤ ਕਮੇਟੀ ਦੇ ਆਪ ਪ੍ਰਧਾਨ ਸਨ। ਫਿਰ ਆਪ ੧੯੩੨ ਵਿਚ ਸਿੱਖ ਮਿਸ਼ਨਰੀ ਕਾਲਜ ਵਿਚ ਦਾਖਲ ਹੋ ਗਏ ਤੇ ਪ੍ਰਚਾਰਕ ਕਲਾਸ ਪਾਸ ਕੀਤੀ। ਇਸ ਤੋਂ ਪਿਛੋਂ ਆਪ ਫਿਰ ਮਲਾਇਆ ਦੇ ਦੌਰੇ ਪਰ ਚਲੇ ਗਏ ਤੇ ਵਾਪਸ ਆ ਕੇ "ਨਵਾਂ ਸੰਸਾਰ" ਮੋਗਾ ਦੇ ਐਡੀਟਰ ਲੱਗੇ ਰਹੇ। ਆਪ ਪੁਲਸ ਦੀਆਂ ਵਧੀਕੀਆਂ ਵਿਰੁਧ ਬੜੇ ਧੜੱਲੇਦਾਰ ਲੇਖ ਲਿਖਿਆ ਕਰਦੇ ਸਨ। ੧੯੪੧ ਵਿਚ ਆਪ ਜੀ ਨੂੰ ਜਾਪਾਨ ਦੇ ਏਜੰਟ ਹੋਣ ਦਾ ਦੋਸ਼ ਲਗਾ ਕੇ ਗ੍ਰਿਫਤਾਰ ਕਰ ਲਿਆ ਗਿਆ ਪਰ ਪੁਲਸ ਕੋਈ ਕੇਸ ਨਾ ਚਲਾ ਸਕੀ। ਆਪ ਪੰਥਕ ਕੰਮ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਵਾਲੇ ਜੋਸ਼ੀਲੇ ਨੌਜਵਾਨ ਹਨ ਤੇ ਪੰਥ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਰਹਿੰਦੇ ਹਨ। ਮਾਰਚ ੧੯੫੩ ਵਿਚ ਮੋਗਾ ਅੰਦਰ ਹੋਈ ਨੌਜਵਾਨ-ਸਰਬ-ਹਿੰਦ ਅਕਾਲੀ ਕਾਨਫਰੰਸ ਦੀ ਸੁਾਗਤ ਕਮੇਟੀ ਦੇ ਪ੍ਰਧਾਨ ਦੀ ਸੇਵਾਂ ਨਿਭਾਈ, ਜਿਸ ਕਰਕੇ ਇਲਾਕੇ ਵਿਚ ਆਪ ਦਾ ਬਹੁਤ ਸਤਿਕਾਰ ਵਧ ਗਿਆ।

## ਜੱਥੇਦਾਰ ਦੁੱਲਾ ਸਿੰਘ ਜੀ ਰੋਡੇ

ਆਪ ਜ਼ਿਲਾ ਫੀਰੋਜ਼ ਪੁਰ ਦੇ ਅਕਾਲੀ ਲਹਿਰ ਦੇ ਮੋਢੀਆਂ ਵਿਚੋਂ ਹਨ। ਆਪ ਦੇ ਪਿਤਾ ਦਾ ਨਾਮ ਸ: ਬੂੜ ਸਿੰਘ ਸੀ। ਸ: ਬੂੜ ਸਿੰਘ ਆਪਣੇ ਜ਼ਮਾਨੇ ਦੇ ਪ੍ਰਸਿੱਧ ਬਹਾਦਰ ਆਦਮੀ ਤੇ ਧਾੜਵੀ ਸਨ। ਪੰਜਾਬ ਦੀਆਂ ਜੇਲ੍ਹਾਂ ਵਿਚ ਮਿੱਟੀ ਦੇ ਠੂਠੇ ਭੰਨਵਾ ਕੇ ਸਾਰੇ ਕੈਦੀਆਂ ਲਈ ਲੋਹੇ ਦੇ ਬਾਟੇ ਪ੍ਰਵਾਨ ਕਰਾਉਣੇ ਆਪ ਦਾ ਹੀ ਸ਼ਾਨਦਾਰ ਕਾਰਨਾਮਾ ਸੀ। ਇਸ ਕੰਮ ਵਿਚ ਆਪ ਨੇ ਸਾਰੇ ਕੈਦੀਆਂ ਦੀ ਅਗਵਾਈ ਕੀਤੀ।

ਜੱਥੇਦਾਰ ਦੁੱਲਾ ਸਿੰਘ ਜੀ ਜਦ ਭਰ-ਜਵਾਨੀ ਵਿਚ ਸਨ, ਤਾਂ ਅਕਾਲੀ ਲਹਿਰ ਆਰੰਭ ਹੋ ਗਈ। ਆਪ ਦੇ ਪੰਥਕ ਜੀਵਨ ਦਾ ਆਰੰਭ ਗੁ: ਮੁਕਤਸਰ ਸਾਹਿਬ ਦੇ ਕਬਜ਼ਾ ਲੈਣ ਤੋਂ ਹੁੰਦਾ ਹੈ। ਸਭ ਤੋਂ ਪਹਿਲੇ ਆਪ ਇੱਥੇ ਜੱਥਾ ਲੈ ਕੇ ਗਏ ਤੇ ਗੁਰਦਵਾਰੇ ਪਰ ਕਬਜ਼ਾ ਕਰਨ ਵਿਚ ਪੰਥਕ ਲੀਡਰਾਂ ਦੀ ਸਹਾਇਤਾ ਕੀਤੀ। ਜਦ ਗੁ: ਗੰਗਸਰ ਵਿਚ ਆਪਣੇ ਸਿੱਖ ਭਰਾਵਾਂ ਨੂੰ ਸਰਕਾਰੀ ਕਰਮਚਾਰੀਆਂ ਦੇ ਘੇਰੇ ਵਿਚ ਆਏ ਭੁਖਣ ਭਾਣੇ ਵੇਖਿਆ ਤਾਂ ਆਪ ਦਾ ਦਰਦੀ ਹਿਰਦਾ ਤੜਫ ਉੱਠਿਆ। ਇਲਾਕੇ ਦੇ ਸਿੰਘਾਂ ਨੂੰ ਇਕੱਠੇ ਕਰਕੇ ਆਪ ਨੇ ਤੇ ਜੱਥੇਦਾਰ ਸੁੱਚਾ ਸਿੰਘ ਨੇ ਇਕ ਛੁਰਲੀ ਜੱਥਾ ਬਣਾਇਆ ਅਤੇ ਹਕੂਮਤ ਦੇ ਘੇਰੇ ਨੂੰ ਤੋੜ ਕੇ ਗੁ: ਗੰਗਸਰ ਵਿਚ ਰਾਸ਼ਨ ਪਹੁੰਚਾਇਆ। ਇਸ ਅਪ੍ਰਾਧ ਵਿਚ ਆਪ ਨੂੰ ੧੨ ਸਾਲ ਸਜ਼ਾ ਹੋਈ ਤੇ ਆਪ ਦਾ ਨਾਮ ਸਿੱਖ ਜਗਤ ਵਿਚ ਪ੍ਰਸਿੱਧ ਹੋ ਗਿਆ।

ਜੈਤੋ ਦਾ ਮੋਰਚਾ ਫਤਹਿ ਹੋਣ ਪਰ ਆਪ ਸਭ ਤੋਂ ਪਿਛੋਂ ਰਿਹਾ ਹੋ ਕੇ ਆਏ। ਅਕਾਲੀ ਆਗੂ-ਆਂ ਨੇ ਆਪ ਦਾ ਸ਼ਾਨਦਾਰ ਸਵਾਗਤ ਕੀਤਾ, ਅਤੇ ਸਿਰੋਪਾਓ ਦਿੱਤੇ ਗਏ। ਡਸਕੇ ਦੇ ਮੋਰਚੇ ਵਿਚ ਭੀ ਆਪ ੧੦੦ ਸਿੰਘਾਂ ਦੇ ਜੱਥੇ ਦੇ ਜੱਥੇਦਾਰ ਬਣ ਕੇ ਗਏ। ਮੋਰਚਾ ਫਤਹਿ ਹੋਣ ਪਰ ਸ੍ਰੀ ਅੰਮ੍ਰਿਤਸਰ ਵਿਚ ਆ ਕੇ ਬਿਦੇਸ਼ੀ ਕਪੜੇ ਪਰ ਪਿਕਟਿੰਗ ਲਾਉਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤੇ ਗਏ। ਕ੍ਰਿਤੀ ਕਿਸਾਨ ਪਾਰਟੀ ਅਤੇ ਕਾਂਗਰਸ ਵਿਚ ਭੀ ਆਪ ਵਧ ਚੜ੍ਹ ਕੇ ਹਿੱਸਾ ਲੈਂਦੇ ਰਹੇ ਹਨ। ਅਕਾਲੀ ਜਥਾ ਜ਼ਿ: ਫੀਰੋਜ਼ ਪੁਰ ਦੇ ਆਪ ਕਈ ਵੇਰ ਪ੍ਰਧਾਨ ਚੁਣੇ ਗਏ ਅਤੇ ਕਾਫੀ ਅਰਸਾ ਤੱਕ ਜ਼ਿਲੇ ਦੇ ਮੁਖੀ ਅਕਾਲੀ ਆਗੂਆਂ ਦੀ ਹੈਸੀਅਤ ਵਿਚ ਪੰਥਕ ਸੇਵਾ ਕਰਦੇ ਰਹੇ। ਦੁਖੀਆਂ ਲਈ ਆਪ ਦੇ ਦਿੱਲ ਵਿਚ ਬਹੁਤ ਦਰਦ ਹੈ, ਅਤੇ ਹਰ ਸਮੇਂ ਕੁਰਬਾਨੀ ਕਰਨ ਲਈ ਤਿਆਰ ਰਹਿੰਦੇ ਸਨ। ਭਾਵੇਂ ਆਪ ਬਹੁਤ ਪੜ੍ਹੇ ਲਿਖੇ ਨਹੀਂ, ਕੇਵਲ

Digitized by Panjab Digital Library | www.panjabdigilib.org

ਗੁਰਮੁਖੀ ਅੱਖਰ ਹੀ ਜਾਣਦੇ ਹਨ ਪ੍ਰੰਤੂ ਮੁਆਮਲਾ ਫ਼ਹਿਮੀ ਵਿਚ ਆਪ ਪੜ੍ਹੇ ਲਿਖਿਆਂ ਨੂੰ ਮਾਤ ਪਾ ਦਿੰਦੇ ਸਨ। ਆਪ ਦਾ ਸਾਰਾ ਜੀਵਨ ਹੀ ਜੰਤਕ ਲਹਿਰ ਵਿਚ ਮੁਲਕ ਦੀ ਆਜ਼ਾਦੀ ਤੇ ਖੁਸ਼-ਹਾਲੀ ਲਈ ਘੋਲ ਕਰਦਿਆਂ ਬੀਤਿਆ।

## ਜਥੇਦਾਰ ਸੁਚਾ ਸਿੰਘ ਜੀ ਤੇ ਭਾਈ ਮੋਹਣ ਸਿੰਘ ਜੀ ਰੋਡੇ

ਆਪ ਦਾ ਜਨਮ ਪਿੰਡ ਰੋਡੇ ਵਿਚ ਸ: ਸੁੰਦਰ ਸਿੰਘ ਜੀ ਦੇ ਘਰ ਹੋਇਆ। ਜਦ ਆਪ ਜਵਾਨ ਅਵਸਥਾ ਵਿਚ ਸਨ ਤਾਂ ਅਕਾਲੀ ਲਹਿਰ ਅਰੰਭ ਹੋ ਗਈ। ਜਵਾਨੀ ਦੇ ਜੋਸ਼ ਵਿਚ ਪਾਰਟੀਆਂ ਦੇ ਧੜੇ ਬਣਾ ਕੇ ਲੜਨਾ ਤੇ ਮੇਲਿਆਂ ਪਰ ਜਾ ਕੇ ਖੱਪ ਪਾਉਣੀ ਤੇ ਬਹਾਦਰੀ ਦੇ ਕਾਰਨਾਮੇ ਕਰਨ ਦਾ ਸ਼ੌਕ ਆਪ ਦੇ ਜੀਵਨ ਦੀਆਂ ਅਰੰਭਕ ਲਹਿਰਾਂ ਸਨ। ਪਰੰਤੂ ਖੁਸ਼ਕਿਸਮਤੀ ਨਾਲ ਆਪ ਦਾ ਸੰਗ ਉਨ੍ਹਾਂ ਪੰਥਕ ਆਗੂਆਂ ਨਾਲ ਹੋ ਗਿਆ ਜੋ ਜਵਾਨੀ ਦੇ ਜੋਸ਼ ਨੂੰ ਧਾਰਮਕ ਕੰਮਾ ਵਿਚ ਵਰਤਨਾ ਚਾਹੁੰਦੇ ਸਨ।

ਆਪ ਦਾ ਪੰਥਕ ਜੀਵਨ ਭੀ ਗੁ: ਗੰਗਸਰ ਵਿਚ ਰਾਸ਼ਨ ਸੁਟਣ ਦੇ ਮਹਾਨ ਵਾਕਿਆ ਤੋਂ ਪ੍ਰਾਰੰਭ ਹੁੰਦਾ ਹੈ। ਰਾਸ਼ਨ ਸੁਟਣ ਵਾਲੇ ਡੁਰਲੀ ਜਥੇ ਦੇ ਆਪ ਆਗੂ ਸਨ ਤੇ ਇਸ ਸਮੇਂ ਆਪ ਨੇ ਸ਼ਾਨਦਾਰ ਬਹਾਦਰੀ ਵਿਖਾਈ। ਇਸ ਦੋਸ਼ ਵਿਚ ਆਪ ਨੂੰ ਭੀ ਜਥੇਦਾਰ ਦੂਲਾ ਸਿੰਘ ਜੀ ਦੇ ਨਾਲ ਹੀ ੧੨ ਸਾਲ ਦੀ ਸਖਤ ਕੈਦ ਹੋਈ ਤੇ ਆਪ ਮੋਰਚਾ ਜੈਤੋ ਫਤਹਿ ਹੋਣ ਪਰ ਸਭ ਤੋਂ ਪਿਛੋਂ ਰਿਹਾ ਹੋ ਕੇ ਆਏ। ਆਪ ਪਰ ਤਸ਼ੱਦਦ ਵਰਤਣ ਦਾ ਦੋਸ਼ ਲਗਾਇਆ ਗਿਆ ਸੀ। ਇਸ ਕਰਕੇ ਆਪ ਜੀ ਨੂੰ ਅਕਾਲੀਆਂ ਦੇ ਨਾਲ ਰਿਹਾ ਨਾ ਕੀਤਾ ਗਿਆ।

ਗੁਰਦਵਾਰਾ ਐਕਟ ਬਣਨ ਸਮੇਂ ਪੰਥ ਵਿਚ ਪਾਰਟੀ ਬਾਜ਼ੀ ਤੇ ਧੜੇਬੰਦੀ ਦਾ ਦੁਖਾਂਤ ਕਾਂਡ ਪ੍ਰਾਰੰਭ ਹੋ ਗਿਆ। ਜਥੇਦਾਰ ਦੂਲਾ ਸਿੰਘ ਜੀ ਨਾਲ ਆਪ ਜੀ ਦੇ ਜ਼ਾਤੀ ਮਤਭੇਦ ਹੋ ਗਏ ਸਨ। ਇਸ ਕਰਕੇ ਆਪ ਗਿ: ਸ਼ੇਰ ਸਿੰਘ ਗਰੁਪ ਨਾਲ ਮਿਲ ਗਏ। ਇਸ ਧੜੇਬੰਦੀ ਦਾ ਸਦਕਾ ਦੋਹਾਂ ਜਥੇਦਾਰਾਂ ਵਿਚ ਪੰਥਕ ਸੇਵਾ ਦਾ ਮੁਕਾਬਲਾ ਸ਼ੁਰੂ ਹੋ ਗਿਆ ਤੇ ਇਕ ਦੂਜੇ ਨਾਲੋਂ ਵਧ ਸੇਵਾ ਕਰਨ ਦੇ ਖਿਆਲ ਨਾਲ ਬੜੀ ਸਰਗਰਮੀ ਨਾਲ ਕੰਮ ਕੀਤਾ। ਡਸਕੇ ਦੇ ਮੋਰਚੇ ਵਿਚ ਆਪ ਸਭ ਤੋਂ ਪਹਿਲਾਂ ਜ਼ਿਲਾ ਫੀਰੋਜ਼ਪੁਰ ਵਿਚੋਂ ੧੦੦ ਸਿੰਘਾਂ ਦਾ ਜਥਾ ਲੈ ਕੇ ਗਏ। ਅਕਾਲੀ ਜਥਾ ਜ਼ਿਲਾ ਫੀਰੋਜ਼ਪੁਰ ਦੇ ਕਈ ਸਾਲ ਪ੍ਰਧਾਨ ਰਹੇ। ਜ਼ਿਲੇ ਦੇ ਸਿਆਣੇ ਸਜਨਾਂ ਨੇ ਇਹਨਾਂ ਦੋਹਾਂ ਜਥੇਦਾਰਾਂ ਦਾ ਸਮਝੌਤਾ ਕਰਵਾ ਦਿਤਾ ਤੇ ਦੋਵੇਂ ਅਕਾਲੀ ਦਲ ਵਿਚ ਮਿਲ ਕੇ ਕੰਮ ਕਰਦੇ ਰਹੇ। ਜਥੇਦਾਰ ਸੁਚਾ ਸਿੰਘ ਜੀ ਦਾ ਸਡੌਲ ਸਰੀਰ, ਭਰਵਾਂ ਚੇਹਰਾ, ਮੋਟੀਆਂ ਮੋਟੀਆਂ ਅਖਾਂ ਵੇਖਣ ਵਾਲੇ ਪਰ ਪ੍ਰਭਾਵ ਪਾਉਂਦੀਆਂ ਹਨ। ਆਪ ਧੁਨ ਦੇ ਪਕੇ ਤੇ ਸਚੇ ਸੁਚੇ ਪੰਥਕ ਸੇਵਕ ਹਨ। ਜੋ ਕੁਝ ਦਿਲ ਵਿਚ ਹੈ ਉਹੀ ਮੂੰਹ ਤੋਂ ਕਹਿੰਦੇ ਹਨ। ਆਪ ਪੁਰਾਣੇ ਸਿੰਘਾਂ ਦਾ ਨਮੂਨਾ ਹਨ ਤੇ ਹਰ ਸਮੇਂ ਪੰਥਕ ਭਲਾਈ ਦੀਆਂ ਗਲਾਂ ਸੋਚਦੇ ਰਹਿੰਦੇ ਹਨ।

ਆਪ ਜੀ ਦੇ ਭਰਾ ਮੋਹਣ ਸਿੰਘ ਭੀ ਪੰਥਕ ਸੇਵਕ ਹਨ।

## ਸ੍ਰੀਮਾਨ ਸੰਤ ਕ੍ਰਿਪਾਲ ਸਿੰਘ ਜੀ ਰੋਡੇ ੧੫/੪ ਦੇ ਹੈਡ ਜਥੇਦਾਰ

ਆਪ ਜੀ ਦਾ ਜਨਮ ਪਿੰਡ ਰੋਡੇ ਜ਼ਿਲਾ ਫੀਰੋਜ਼ ਪੁਰ ਵਿਚ ਸ: ਹਜ਼ਾਰਾ ਸਿੰਘ ਜੀ ਦੇ ਘਰ ਮਾਤਾ ਰਾਮ ਕੌਰ ਦੀ ਕੁਖ ਤੋਂ ੧੯੫੨ ਬਿਕ੍ਰਮੀ ਵਿਚ ਹੋਇਆ। ਬਚਪਨ ਵਿਚ ਹੀ ਆਪ ਸਤਿ ਸੰਗੀ ਬਣ ਗਏ, ਤੇ ਧਾਰਮਿਕ ਵਿਦਿਆ ਪੜ੍ਹਨ ਲਈ ਲਗਨ ਲੱਗ ਗਈ। ਸੰਤ ਚਰਨ ਸਿੰਘ ਜੀ ਵਿਰਕਤ ਅਮਰੀਕਾ ਤੋਂ ਆਏ ਸਨ। ਉਨ੍ਹਾਂ ਦੀ ਸੰਗਤ ਦਾ ਆਪ ਜੀ ਪਰ ਇਹ ਅਸਰ ਹੋਇਆ ਕਿ ਆਪ ਭੀ ਦੁਨੀਆਵੀ ਸੁਖਾਂ ਨੂੰ ਅਨਿੱਤ ਸਮਝਣ ਲੱਗ ਪਏ ਤੇ ਆਪ ਜੀ ਦੀਆਂ ਰੁਚੀਆਂ ਧਾਰਮਿਕ ਬਣ ਗਈਆਂ। ਸੰਤ ਜੀ ਮਹਾਰਾਜ

Digitized by Panjab Digital Library | www.panjabdigilib.org

ਦੇ ਮਾਤਾ ਪਿਤਾ ਭੀ ਸੰਤ ਸੇਵਾ ਤੇ ਸ਼ੁਭ ਜੀਵਨ ਵਾਲੇ ਸਨ, ਇਸ ਕਰਕੇ ਬਚਪਨ ਤੋਂ ਹੀ ਆਪ ਦਾ ਜੀਵਨ ਧਾਰਮਿਕ ਰੰਗਣ ਵਿਚ ਰੰਗਿਆ ਗਿਆ।

੧੯੨੧ ਵਿਚ ਅਕਾਲੀ ਲਹਿਰ ਆਰੰਭ ਹੋ ਗਈ। ਆਪ ਦੇ ਦਿੱਲ ਵਿਚ ਪੰਥਕ ਪਿਆਰ ਦਾ ਜਜ਼ਬਾ ਠਾਠਾਂ ਮਾਰ ਰਿਹਾ ਸੀ, ਇਸ ਕਰਕੇ ਆਪ ਨੇ ਗ੍ਰਿਹਸਤ ਜੀਵਨ ਦਾਂ ਤਿਆਗ ਕਰਕੇ ਸਾਰਾ ਜੀਵਨ ਪੰਥਕ ਸੇਵਾ ਲਈ ਵਕਫ਼ ਕਰਨ ਦਾ ਫੈਸਲਾ ਕਰ ਲਿਆ। ਭਰ ਜਵਾਨੀ ਵਿਚ ਆਪ ਮੰਗਣੀ ਛੱਡ ਕੇ ਸੰਤ ਬਣ ਗਏ ਤੇ ਮਾਪਿਆਂ ਨੂੰ ਕਹਿ ਦਿੱਤਾ ਕਿ ਮੈਂ ਤਿਆਗੀਆਂ ਵਾਲਾ ਜੀਵਨ ਬਤੀਤ ਕਰਨਾ ਹੈ, ਇਸ ਕਰਕੇ ਵਿਆਹ ਨਹੀਂ ਕਰਾਉਣਾ। ਅਕਾਲੀ ਲਹਿਰ ਦੇ ਆਰੰਭ ਹੋਣ ਵਿਚ ਹੀ ਜਦ ਅਕਾਲੀ ਲੀਡਰਾਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਹੋਈਆਂ, ਤਾਂ ਆਪ ਭੀ ਗ੍ਰਿਫਤਾਰ ਕਰ ਲਏ ਗਏ ਤੇ ੯ ਮਹੀਨੇ ਜੇਲ੍ਹ ਵਿਚ ਬੰਦ ਰਹੇ। ਗੁਰੂ ਕੇ ਬਾਗ ਦੇ ਮੋਰਚੇ ਵਿਚ ਕੈਦ ਹੋ ਕੇ ਆਪ ਅਟਕ ਤੇ ਮੁਲਤਾਨ ਦੀਆਂ ਜੇਲ੍ਹਾਂ ਵਿਚ ਬਹੁਤ ਸਾਰੇ ਤਸੀਹੇ ਝਲਦੇ ਰਹੇ। ਵਾਪਸ ਆ ਕੇ ਸ੍ਰੀ ਅੰਮ੍ਰਿਤਸਰ ਵਿਚ ਹਿੰਦੂ ਮੁਸਲਮਾਨ ਫਸਾਦ ਸਮੇਂ ਆਪ ਨੇ ਸ਼ਹਿਰ ਵਿਚ ਅਮਨ ਕਰਾਉਣ ਵਿਚ ਖਾਸ ਤੌਰ ਪਰ ਹਿੱਸਾ ਲਿਆ।

ਗੁਰਦਵਾਰਾ ਗੰਗਸਰ ਜੈਤੋ ਵਿਚ ਜਦ ਹਕੂਮਤ ਨੇ ਸਿੰਘਾਂ ਨੂੰ ਘੇਰੇ ਵਿਚ ਲੈ ਕੇ ਰਾਸ਼ਨ ਜਾਣਾ ਬੰਦ ਕਰ ਦਿੱਤਾ, ਤਾਂ ਸ: ਰਣਬੀਰ ਸਿੰਘ ਕਾਉਂਕਿਆਂ ਵਾਲੇ ਨੇ ਡੁਰਲੀ ਜੱਥਾ ਤਿਆਰ ਕਰਨ ਵਿਚ ਤੇ ਰਾਸ਼ਨ ਸੁਟਣ ਵਿਚ ਖਾਸ ਹਿੱਸਾ ਲਿਆ। ਮਲਕੀਆਂ ਦੇ ਸ: ਕੇਸਰ ਸਿੰਘ ਨੇ ਗੱਡਾ ਤੇ ਬਲਦ ਦਿੱਤੇ ਅਤੇ ਰਾਸ਼ਨ ਸੁਟਣ ਵਾਲਾ ੯੦ ਸਿੰਘਾਂ ਦਾ ਜੱਥਾ ਤੁਰ ਪਿਆ, ਜਿਸ ਦੀ ਅਗਵਾਈ ਜੱਥੇਦਾਰ ਦੁੱਲਾ ਸਿੰਘ ਤੇ ਸੁੱਚਾ ਸਿੰਘ ਰੋਡੇ ਕਰ ਰਹੇ ਸਨ। ਜੱਥੇ ਨੂੰ ਜ਼ਰੂਰੀ ਹਦਾਇਤਾਂ ਸੰਤ ਜੀ ਮਹਾਰਾਜ ਨੇ ਦਿੱਤੀਆਂ। ਸਰਕਾਰੀ ਕਰਮਚਾਰੀਆਂ ਨਾਲ ਮੁੱਠ ਭੇੜ ਹੋਈ, ਸੁੱਚਾ ਸਿੰਘ ਤੇ ਦੁੱਲਾ ਸਿਘ ਨੇ ਸਰਕਾਰੀ ਆਦਮੀਆਂ ਨੂੰ ਕੁਟਿਆ। ਰਾਸ਼ਨ ਸੁਟਣ ਵਾਲੀ ਰਾਤ ਸੰਤ ਜੀ ਮਹਾਰਾਜ ਨੇ ੩੫ ਮੀਲ ਪੈਦਲ ਸਫ਼ਰ ਕੀਤਾ। ਉਪ੍ਰੰਤ ਆਪ ਜੱਥਾ ਨੰ: ੧੫ ਦੇ ਜੱਥੇਦਾਰ ਬਣ ਕੇ ਜੈਤੋ ਗਏ ਅਤੇ ਗ੍ਰਿਫਤਾਰ ਹੋ ਕੇ ਨਾਭਾ ਜੇਲ੍ਹ ਵਿਚ ਬਹੁਤ ਸਾਰੇ ਕਸ਼ਟ ਸਹਾਰੇ।

## ਡੁਰਲੀ ਜਥਾ

ਜੈਤੋ ਵਿਚ ਅਖੰਡ ਪਾਠ ਖੰਡਤ ਤੇ ਦੀਵਾਨ ਪੁਲੀਸ ਦੇ ਘੇਰੇ ਵਿਚ ਜਿਨ੍ਹਾਂ ਨੂੰ ਨਾਂ ਸਰੋਵਰ ਵਿਚੋਂ ਜਲ ਛਕਣ ਦਿਤਾ ਜਾਂਦਾ ਅਤੇ ਨਾ ਹੀ ਬਾਹਰੋਂ ਕੋਈ ਸਿੰਘ ਅੰਨ, ਜਲ, ਲਿਜਾ ਸਕਦਾ ਸੀ, ਜਿਸ ਕਰਕੇ ਘਾਸ ਖਾ ਕੇ ਗੁਜਾਰਾ ਕਰਨ ਵਾਲੇ ਸਿੰਘਾਂ ਦੀਆਂ ਪੁਕਾਰਾਂ ਬਾਹਰ ਆਉਣ ਤੇ ਸ: ਰਣਬੀਰ ਸਿੰਘ ਜੀ ਕਾਉਂਕੇ ਮੈਂਬਰ ਸ਼੍ਰੋ: ਗੁ: ਪ੍ਰ: ਕਮੇਟੀ ਨੇ ਆ ਕੇ ਸੰਤ ਕ੍ਰਿਪਾਲ ਸਿੰਘ ਜੀ ਰੋਡੇ, ਭਾਈ ਕੁੰਦਾ ਸਿੰਘ ਜੀ ਲੰਡੇ, ਭਾਈ ਇੰਦਰ ਸਿੰਘ ਜੀ ਭਾਈ ਕਾ ਵਾੜਾ, ਜ਼ਿਲੇ ਦੇ ਜਥੇਦਾਰ ਸ: ਕਾਹਨ ਸਿੰਘ ਜੀ ਮੰਡੀਰ, ਸ: ਸ਼ਾਮ ਸਿੰਘ ਜੀ ਸਾਹੋ ਆਦਿ ਸਿੰਘਾਂ ਦੀ ਇਕੱਤਰਤਾ ਪਿੰਡ ਸਾਹੋ ਤਹਿਸੀਲ ਮੋਗਾ ਵਿਖੇ ਪਾਸ ਕੀਤਾ ਕਿ ਡੁਰਲੀ ਜਥੇ ਬਣਾਂ ਕੇ ਰਾਸ਼ਣ ਜ਼ਰੂਰ ਭੇਜਣਾ ਚਾਹੀਏ। ਰਾਸ਼ਣ ਲੈ ਜਾਣ ਵਾਸਤੇ ਗੱਡਾ ਬੇਲ ਸ: ਕੇਸਰ ਸਿੰਘ ਜੀ ਮਲਕੀਆਂ ਵਾਲੇ ਨੇ ਹਾਜ਼ਰ ਕੀਤੇ। ਹੁਣ ਜਥੇ ਦੀ ਭ੍ਰਤੀ ਕਰਨ ਵਾਸਤੇ ਸ: ਦੂਲਾ ਸਿੰਘ, ਸ: ਸੁਚਾ ਸਿੰਘ ਜੀ ਪਾਸ ਰੋਡੀਂ ਪੁਜਣ ਤੇ ਕਿਹਾ ਅਜ ਜੈਤੋ ਰਾਸ਼ਣ ਸਿਟਣ ਜਾਣਾ ਹੈ ਆਪ ਜੀ ਨਾਲ ਚਲੋ ਤਾਂ ਸ: ਸੁਚਾ ਸਿੰਘ ਸ: ਦੂਲਾ ਸਿੰਘ ਜੀ ਨੇ ਕਿਹਾ ਕਿ ਅਸੀਂ ਡਾਇਰੀ ਦੇਣ ਵਾਲੇ ਸਫੈਦ ਪੋਸ਼ ਸ਼ਾਮ ਸਿਘ ਨੂੰ ਖੂਬ ਚਾਹਟਾ ਛਕਾਇਆ ਸੀ, ਜਿਸ ਕਰਕੇ ਸੁਭਾਹ ਸਾਡੀ ਉਹ ਤਾਰੀਖ ਹੈ, ਜਿਸ ਤੋਂ ਆ ਕੇ ਪਰਸੋਂ ਰਾਸ਼ਣ ਲੈ ਚਲਾਂਗੇ, ਅਗੋਂ ਸਿੰਘਾਂ ਕਿਹਾ ਪਰਸੋਂ ਨੂੰ ਤਾਂ ਸਿੰਘ ਭੁਖੇ ਸ਼ਹੀਦੀਆਂ ਪਾ ਜਾਣਗੇ। ਤੁਸੀਂ ਅਜ ਹੀ ਚਲੋ ਜਿਥੇ ਮਝੀਆਂ

Digitized by Panjab Digital Library | www.panjabdigilib.org

ਉਥੇ ਕਟੀਆਂ ਦੇ ਮੁਲ ਹੁੰਦੇ ਫਿਰਨਗੇ। ਜੇ ਉਥੇ ਫੜੇ ਗਏ ਤਾਂ ਵਿਚੇ ਸਫੇਦ ਪੋਸ਼ ਦਾ ਮੁਕੱਦਮਾ ਹੁੰਦਾ ਫਿਰੇਗਾ। ਬਸ ਕੀ ਸੀ ਸੌ ਸਿਆਣਾ ਇਕ ਮਤ ਗੁਰੂ ਦੁਲਾਰੇ ਕਾਇਮ ਹੋ ਗਏ ਤੇ ਜਥਾ ਵੀ ਇਕੱਤ੍ਰ ਹੋਣ ਲਗਾ ਜਿਸ ਵਿਚ ਹੇਠ ਲਿਖੇ ਸਿੰਘ ਸਨ:-

| ਨਾਮ | ਪਿਤਾ | ਪਿੰਡ | ਜ਼ਿਲਾ |
|---|---|---|---|
| ਜਥੇਦਾਰ ਦੂਲਾ ਸਿੰਘ | ਸ: ਬੂੜ ਸਿੰਘ | ਰੋਡੇ | ਫੀਰੋਜ਼ਪੁਰ |
| ਜਥੇਦਾਰ ਸੁਚਾ ਸਿੰਘ | ਸ: ਸੁੰਦਰ ਸਿੰਘ | ਰੋਡੇ | ,, |
| ਸੰਤ ਕ੍ਰਿਪਾਲ ਸਿੰਘ | ਸ: ਹਜ਼ਾਰਾ ਸਿੰਘ | ਰੋਡੇ | ,, |
| ਸ: ਮੰਗਲ ਸਿੰਘ | ਸ: ਸੌਣ ਸਿੰਘ | ਰੋਡੇ | ,, |
| ਸ: ਮੋਹਣ ਸਿੰਘ | ਸ: ਰਾਮ ਸਿੰਘ | ਰੋਡੇ | ,, |
| ਸ: ਮਘਰ ਸਿੰਘ | ਸ: ਸੰਤਾ ਸਿੰਘ | ਰੋਡੇ | ,, |
| ਸ: ਹੀਰਾ ਸਿੰਘ | | ਰੋਡੇ | ,, |
| ਸ: ਅਣੋਖ ਸਿੰਘ | ਸ: ਠੋਬਾ ਸਿੰਘ | ਰੋਡੇ | ,, |
| ਸ: ਉਜਾਗਰ ਸਿੰਘ | | ਰੋਡੇ | ,, |
| ਸ: ਕਰਮ ਸਿੰਘ | ਸ: ਸੋਹਣ ਸਿੰਘ | ਰੋਡੇ | ,, |
| ਸ: ਥੰਮਣ ਸਿੰਘ | ਸ: ਹਜ਼ਾਰਾ ਸਿੰਘ | ਰੋਡੇ | ,, |
| ਸ: ਕੇਹਰ ਸਿੰਘ | ਸ: ਦੇਵਾ ਸਿੰਘ | ਰੋਡੇ | ,, |
| ਸ: ਅਣੋਖ ਸਿੰਘ | | ਰੋਡੇ | ,, |
| ਸ: ਮਾਹਲਾ ਸਿੰਘ | ਸ: ਸ਼ੇਰ ਸਿੰਘ | ਰੋਡੇ | ,, |
| ਸ: ਇੰਦਰ ਸਿੰਘ | ਸ: ਖੁਸ਼ਹਾਲ ਸਿੰਘ | ਰੋਡੇ | ,, |
| ਸ: ਬਦਨ ਸਿੰਘ | ਸ: ਸ਼ਾਮ ਸਿੰਘ | ਰੋਡੇ | ,, |
| ਸ: ਕੇਹਰ ਸਿੰਘ | | ਲੰਡੇ | ,, |
| ਸ: ਕੂੰਦਾ ਸਿੰਘ | | ਲੰਡੇ | ,, |
| ਸ: ਪ੍ਰੇਮ ਸਿੰਘ | | ਲੰਡੇ | ,, |
| ਸ: ਟਿਕਾ ਸਿੰਘ | ਸ: ਮੰਗਾ ਸਿੰਘ | ਲੰਡੇ | ,, |
| ਸ: ਬੂੜ ਸਿੰਘ | | ਲੰਢਿਆਣਾ | ,, |
| ਸਾਈਂ ਲੋਕ ਜੋ ਧੂਦਾਧਾਰੀ | | ਲੰਢਿਆਣਾ | ,, |
| ਸ: ਵਰਿਆਮ ਸਿੰਘ | ਸ: ਚਤਰ ਸਿੰਘ | ਲੰਢਿਆਣਾ | ,, |
| ਸ: ਜੈਮਲ ਸਿੰਘ | ਸ: ਚਤਰ ਸਿੰਘ | ਲੰਢਿਆਣਾ | ,, |
| ਸ: ਗੁਰਦਿਆਲ ਸਿੰਘ | | ਲੰਢਿਆਣਾ | ,, |
| ਸ: ਲਾਲ ਸਿੰਘ ਜਟਾਣਾ | | ਡੇਵਰੂ | ,, |
| ਸ: ਈਸ਼ਰ ਸਿੰਘ | | ਸਮਾਲਸਰ | ,, |
| ਸ: ਨਿਰੰਜਣ ਸਿੰਘ | | ਸਮਾਲਸਰ | ,, |
| ਸ: ਸ਼ਾਮ ਸਿੰਘ | | ਸਾਹੋ | ,, |
| ਸ: ਹਰਚੰਦ ਸਿੰਘ | ਸ: ਨਥਾ ਸਿੰਘ | ਸਾਹੋ | ,, |
| ਸ: ਸੇਵਾ ਸਿੰਘ | | ਸਾਹੋ | ,, |

Digitized by Panjab Digital Library | www.panjabdigilib.org

| | | |
|---|---|---|
| ਸ: ਰੋਲਾ ਸਿੰਘ | ਸਾਹੋ | ,, |
| ਸ: ਕੇਸਰ ਸਿੰਘ | ਮਲਕੇ | ,, |
| ਸ: ਪ੍ਰੇਮ ਸਿੰਘ | ਮਲਕੇ | ,, |
| ਸ: ਸੁਰਜਣ ਸਿੰਘ | ਮਲਕੇ | ,, |
| ਸ: ਕਾਲਾ ਸਿੰਘ | ਸੇਖਾ | ,, |
| ਸ: ਠਾਕਰ ਸਿੰਘ | ਸੇਖਾ | ,, |
| ਸ: ਪ੍ਰੇਮ ਸਿੰਘ | ਸੇਖਾ | ,, |
| ਸ: ਇੰਦਰ ਸਿੰਘ | ਵਡਾ ਘਰ | ,, |
| ਸ: ਸਾਉਣ ਸਿੰਘ | ਵਡਾ ਘਰ | ,, |
| ਸ: ਸ਼ਾਮ ਸਿੰਘ | ਵਡਾ ਘਰ | ,, |
| ਸ: ਅਰਜਣ ਸਿੰਘ | ਵਡਾ ਘਰ | ,, |
| ਪੰਡਤ ਪਰਮਾ ਨੰਦ ਜੀ | ਵਡਾ ਘਰ | ,, |

ਰਾਸ਼ਨ ਸਿਟਣ ਦੇ ਅਪਰਾਧ ਵਿਖੇ ਸਜ਼ਾ ਵਾਰ ਹੋਏ ਸਿਖਾਂ ਦੇ ਨਾਮ ਮੋਰਚਾ ਜੈਤੋ ਸਫਾ ੬੦੮ ਤੇ ਪੜ੍ਹੋ, ਅਫਸੋਸ ਨਾਲ ਲਿਖਣਾ ਪੈਂਦਾ ਹੈ ਕਿ ਰਾਸ਼ਣ ਸਿਟਣ ਵਾਲੇ ੬੦ ਸਿੰਘਾਂ ਵਿਚੋਂ ਬਹੁਤ ਪੜਤਾਲ ਕਰਨ ਤੇ ਏਨੇ ਹੀ ਮਿਲੇ ਹਨ। ਜੋ ਪਾਠਕ ਜਨ ਪੜ੍ਹਨ ਤੇ ਵਿਚਾਰਨ। ਗ੍ਰਿਸਤ ਦਾ ਤਿਆਗ ਕਰਨਾ ਗੁਰਮਤਿ ਦੇ ਉਲਟ ਹੈ, ਪਰ ਆਪ ਜੀ ਨੇ ਤਾਂ ਸ਼ਹੀਦੀ ਬਹਾਰ ਹੋਣ ਤੇ ਤਿਆਗ ਕੀਤਾ ਸੀ।

## ਹੋਰ ਕੁਰਬਾਨੀਆਂ

੧੯੩੧ ਨੂੰ ਗੁਰਦਵਾਰਾ ਦੀਨਾ ਦਾ ਕਬਜ਼ਾ ਲੈਣ ਵਾਲੇ ਸਿੰਘਾਂ 'ਚੋਂ ਕੁਝ ਕੁ ਨਾਮ ਲਿਖੇ ਜਾਂਦੇ ਹਨ। ਗਿ: ਜਾਗੀਰ ਸਿੰਘ ਜੀ ਰੋਡੇ, ਪ੍ਰਧਾਨ ਗੁੱਜਰ ਸਿੰਘ ਜੱਥੇ ਸਮੇਤ ਲੰਢੇ ਕੇ, ਜੱਥੇਦਾਰ ਦੁੱਲਾ ਸਿੰਘ, ਜ਼ਥੇਦਾਰ ਸੁੱਚਾ ਸਿੰਘ ਆਦਿਕ ਸਨ।

੧੯੫੫ ਦੇ ਪੰਜਾਬੀ ਸੂਬੇ ਦੇ ਮੋਰਚੇ ਦੇ ਸਬੰਧ ਵਿਚ ਹੇਠ ਲਿਖੇ ਸੱਜਣ ਅਕਾਲੀ ਦਫਤਰ ਮੋਗਾ ਚੋਂ ਗ੍ਰਿਫਤਾਰ ਕਰ ਲਏ ਗਏਃ—ਸ: ਦਵਿੰਦਰ ਸਿੰਘ ਜੀ ਐਮ.ਐਲ.ਏ. ਚੜਿਕ, ਜੱਥੇਦਾਰ ਸੁੱਚਾ ਸਿੰਘ ਜੀ, ਗਿ: ਜਾਗੀਰ ਸਿੰਘ ਜੀ ਤੇ ਸੰਤ ਕ੍ਰਿਪਾਲ ਸਿੰਘ ਜੀ ਰੋਡੇ, ਸੰਤ ਜੀ ਜ਼ਿਲਾ ਫੀਰੋਜ਼ ਪੁਰ ਦੇ ਜੱਥੇਦਾਰ ਹੋਣ ਤੇ ਗ੍ਰਿਫਤਾਰ ਕੀਤੇ ਗਏ ਸਨ।

ਜੈਤੋ ਦਾ ਮੋਰਚਾ ਫਤਹਿ ਹੋਣ ਪਰ ਆਪ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਿਰੋਪਾਓ ਲੈ ਕੇ ਵਾਪਸ ਆਏ। ਪਿੰਡ ਵਿਚ ਆਲੀਸ਼ਾਨ ਗੁਰਦਵਾਰਾ ਬਣਾਉਣ ਦਾ ਉੱਦਮ ਆਰੰਭ ਕੀਤਾ। ੧੦੧ ਅਖੰਡ ਪਾਠ ਪ੍ਰਾਰੰਭ ਕਰਾਇਆ, ਜਿਸ ਦੀ ਸਮਾਪਤੀ ਦੇ ਸਮਾਗਮ ਪਰ ਸ੍ਰੀਮਾਨ ਸੰਤ ਸੁੰਦਰ ਸਿੰਘ ਜੀ ਲੁਧਿਆਣਾ, ਸੰਤ ਚੰਨਣ ਸਿੰਘ ਜੀ ਰੱਬ ਮਾਣੂਕੇ, ਸੰਤ ਗੁਲਾਬ ਸਿੰਘ ਜੀ ਘੋਲੀਆ, ਸੰਤ ਨੰਦ ਸਿੰਘ ਜੀ ਕਲੇਰ, ਤੇ ਮਾਲਵੇ ਦੇ ਬਹੁਤ ਸਾਰੇ ਸੰਤ ਮਹੰਤ ਅਤੇ ਬੇਅੰਤ ਸੰਗਤਾਂ ਇਕੱਤ੍ਰ ਹੋਈਆਂ।

ਵਿਦਿਆ ਪ੍ਰਚਾਰ ਵੱਲ ਭੀ ਆਪ ਜੀ ਨੂੰ ਖਾਸ ਰੁਚੀ ਰਹੀ ਹੈ। ਰੋਡਿਆਂ ਦੇ ਹਾਈ ਸਕੂਲ ਅਤੇ ਲੜਕੀਆਂ ਦੇ ਸਕੂਲ ਨੂੰ ਪ੍ਰਾਰੰਭ ਕਰਨ ਤੇ ਚਲਾਉਣ ਵਿਚ ਭੀ ਆਪ ਯਥਾ ਯੋਗ ਸਹਾਇਤਾ ਕਰਦੇ ਰਹੇ ਹਨ। ਸ੍ਰੀ ਹਜ਼ੂਰ ਸਾਹਿਬ ਤੇ ਪਟਨਾ ਸਾਹਿਬ ਦੀ ਯਾਤ੍ਰਾ ਲਈ ਆਪ ਸੰਗਤਾਂ ਨੂੰ ਲਾਰੀਆਂ ਪਰ ਲੈ ਕੇ ਗਏ,

Digitized by Panjab Digital Library | www.panjabdigilib.org

ਅਤੇ ਧਾਰਮਿਕ ਪ੍ਰਚਾਰ ਵਿਚ ਖਾਸ ਤੌਰ ਪਰ ਦਿਲਚਸਪੀ ਲੈਂਦੇ ਹਨ। ਇਸ ਸਮੇਂ ਆਪ ਅਕਾਲੀ ਜੱਥਾ ਜ਼ਿਲਾ ਫੀਰੋਜ਼ ਪੁਰ ਦੇ ਪ੍ਰਧਾਨ ਹਨ।

ਹੋਰ ਪਿੰਡ ਦੇ ਅਕਾਲੀਆਂ ਦੇ ਨਾਮ ਅਤੇ ਕੁਰਬਾਨੀ ਬਾਰੇ ਸ੍ਰੀ ਸੰਤ ਕ੍ਰਿਪਾਲ ਸਿੰਘ ਜੀ ਤੋਂ ਕਈ ਬਾਰ ਸਿੰਘ ਘਲ ਕੇ ਕਈ ਦਫ਼ਾ ਬੇਨਤੀਆਂ ਕਰਨ ਤੇ ਭੀ ਨਾਮ ਨਹੀਂ ਪੁਜੇ।

ਕੁਰਬਾਨੀ ਪੁੰਜ ਸੂਰਬੀਰਾਂ ਤੋਂ ਖਿਮਾਂ ਦਾ ਜਾਚਕ:–

ਦਾਸ ਵਿਸਾਖਾ ਸਿੰਘ ਸੰਤ ਸਿਪਾਹੀ

## ਭਾ: ਤੇਜਾ ਸਿੰਘ ਜੀ ਜੱਥੇਦਾਰ ਕੋਕਰੀ ਕਲਾਂ

ਆਪ ਜੀ ਦਾ ਜਨਮ ਸ: ਤੋਤਾ ਸਿੰਘ ਦੇ ਘਰ ਮਾਤਾ ਮਹਿਤਾਬ ਕੌਰ ਦੀ ਗੋਦ ਵਿਖੇ ਪਿੰਡ ਕੋਕਰੀ ਕਲਾਂ ਤਹਿਸੀਲ ਮੋਗਾ ਜ਼ਿ: ਫੀਰੋਜ਼ ਪੁਰ ਵਿਚ ਹੋਇਆ। ਬਚਪਨ ਵਿਚ ਪਿੰਡ ਦੇ ਗੁਰਦਵਾਰੇ ਵਿਚ ਪੜ੍ਹਨ ਪਾਏ ਗਏ, ਜੋ ਹੋਣਹਾਰ ਬੁਧੀ ਅਨੁਸਾਰ ਥੋੜੇ ਅਰਸੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਧਾਰਨ ਪਾਠੀ ਹੋ ਗਏ, ਅਤੇ ਭਾਈ ਸਾਉਣ ਸਿੰਘ ਜੀ ਦੀ ਸੰਗਤ ਹੋਣ ਤੇ ਆਪ ਜੀ ਕੀਰਤਨ ਦੁਆਰਾ ਸਿੰਘ ਸਭਾ ਦਾ ਪ੍ਰਚਾਰ ਕਰਨ ਲੱਗੇ। ਇਨ੍ਹਾਂ ਹੀ ਦਿਨਾਂ ਵਿਚ ਸ੍ਰੀਮਾਨ ਰਾਗੀ ਬਾਬਾ ਬੁਧ ਸਿੰਘ ਜੀ ਪਿੰਡ ਹਸਨ ਪੁਰ ਨੇ ਗੁ: ਕੋਕਰੀ ਕਲਾਂ ਵਿਖੇ ਗਰਗ ਵਿਦਿਆਲੇ ਦਾ ਕੰਮ ਚਾਲੂ ਕੀਤਾ। ਬਸ ਹੁਣ ਤਾਂ ਸੋਨੇ ਤੇ ਸੁਹਾਗੇ ਦਾ ਕੰਮ ਹੋਇਆ। ਬਾਬਾ ਜੀ ਦੀ ਸੰਗਤ ਨੇ ਤਾਂ ਆਪ ਜੀ ਦਾ ਜੀਵਨ ਹੀ ਪਲਟ ਦਿੱਤਾ। ਆਪ ਜੀ ਦੀਆਂ ਪ੍ਰਮਾਰਥ ਰੁਚੀਆਂ ਦਿਨ ਪਰ ਦਿਨ ਵਧਣ ਲੱਗੀਆਂ, ਇਸ ਕਰਕੇ ਆਪ ਚੰਗੇ ਅਖੰਡ ਪਾਠੀ ਭੀ ਹੋ ਗਏ, ਜੋ ਮਾਇਆ ਪਾਠਾਂ ਤੇ ਕੀਰਤਨ ਦੁਆਰਾ ਹੁੰਦੀ ਉਹ ਧਾਰਮਿਕ ਕੰਮਾਂ ਤੇ ਹੀ ਖਰਚ ਕਰਦੇ ਆਪ ਜੀ ਨੇ ਸੰਤ ਪ੍ਰੇਮ ਸਿੰਘ, ਬਾਬਾ ਸਾਉਣ ਸਿੰਘ ਜੀ, ਭਾ: ਬਖਤੌਰ ਸਿੰਘ ਜੀ, ਭਾ: ਬਚਨ ਸਿੰਘ ਜੀ, ਭਾ: ਪਾਖਰ ਸਿੰਘ ਆਦਿ ਨਾਲ ਮਿਲ ਕੇ ਇਲਾਕੇ ਵਿਚ ਬਹੁਤ ਸਿੱਖੀ ਪ੍ਰਚਾਰ ਕੀਤਾ। ਜਦ ੧੯੨੧ ਵਿਖੇ ਅਕਾਲੀ ਲਹਿਰ ਚਲੀ ਤਾਂ ਆਪ ਸਾਰੇ ਸੱਜਣ ਸ਼ਾਮਲ ਹੋ ਕੇ ਪੰਥਕ ਸੇਵਾ ਵਿਚ ਪੂਰਾ੨ ਹਿੱਸਾ ਲੈਂਦੇ ਰਹੇ। ਆਪ ਮੋਰਚਾ ਗੁਰੂ ਕਾ ਬਾਗ, ਮੁਕਤਸਰ, ਗੰਗਸਰ ਜੈਤੋ ਆਦਿ ਵਿਚ ਗਏ, ਤੇ ਜੱਥਾ ਨੰ: ੧੧ ਦੇ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋ ਕੇ ਅਤੇ ਨਾਭੇ ਬੀੜ ਦੇ ਮਹਾਂ ਕਸ਼ਟ ਖਿੜੇ ਮੱਥੇ ਸਹਾਰਦੇ ਹੋਏ ਮੋਰਚਾ ਫਤਹਿ ਹੋਣ ਤੇ ਕਾਮਯਾਬੀ ਅਨੁਸਾਰ ਆਏ ਅਤੇ ਆਪ ਜੀ ਦਾ ਦਿੱਲ ਬੜਾ ਹੀ ਹਮਦਰਦ ਹੋਣ ਤੇ ਦਾਸ ਵਰਗਿਆਂ ਨਾਲ ਗੂੜ੍ਹਾ ਪਿਆਰ ਹੀ ਨਹੀਂ। ਇਕ ਦਫ਼ਾ ਦਾਸ ਮੁਕਤਸਰ ਦੇ ਮੋਰਚੇ ਵਿਚ ਬੁਖਾਰ ਨਾਲ ਬਹੁਤ ਹੀ ਬੇਸੁਧ ਹੋ ਗਿਆ ਤਾਂ ਆਪ ਜੀ ਕਿਸੇ ਭੀ ਗਲੋਂ ਜੋਆ ਨਾ ਕਰਕਾਂਦੇ ਹੋਏ ਸੇਵਾ ਵਿਚ ਤੱਤ ਪਰ ਰਹੇ। ਔਰ ਕਈ ਸਾਲ ਦਾਸ ਦਾ ਕੇਸੀਂ ਇਸ਼ਨਾਨ ਜਿੱਥੇ ਭੀ ਦਾਸ ਹੋਵੇ ਉੱਥੇ ਜਾਕੇ ਕਰਾਂਦੇ ਸਨ। ਆਪਜੀ ਨੇ ਸੰਤ ਪ੍ਰੇਮ ਸਿੰਘ ਜੀ ਨਾਲ ਮਿਲ ਕੇ ਗੁਰੁਸਰ ਮਦੋ ਦੇ ਸ੍ਰੋਵਰ ਦੀ ਸੇਵਾ ਵਿਚ ਪੂਰਾ ਹਿੱਸਾ ਲਿਆ। ਆਪ ਜੀ ਦਾ ਦਾਸ ਨਾਲ ਮਹੰਤ ਨਿੱਕਾ ਸਿੰਘ ਜੀ, ਸੰਤ ਪ੍ਰੇਮ ਸਿੰਘ ਜੀ, ਸੰਤ ਮੋਹਣ ਸਿੰਘ, ਗਿ: ਸ਼ੇਰ ਸਿੰਘ ਜੀ ਇਤ ਆਦਿ ਨਾਲ ਗੂੜ੍ਹਾ ਪਿਆਰ ਕਰਦੇ ਹਨ।

## ਭਾਈ ਮੋਤਾ ਸਿੰਘ ਜੀ ਕੋਕਰੀ ਕਲਾਂ

ਆਪ ਜੀ ਦਾ ਜਨਮ ਸ: ਖੇਮ ਸਿੰਘ ਦੇ ਘਰ ਮਾਤਾ ਕਰਮ ਕੌਰ ਦੀ ਕੁਖ ਤੋਂ ਪਿੰਡ ਕੋਕਰੀ ਵਿਖੇ ਹੋਇਆ। ਆਪ ਜੀ ਬਚਪਨ ਤੇ ਜੋਬਨ ਦੋਨੋਂ ਅਵਸਥਾ ਪੇਂਡੂ ਆਜ਼ਾਦੀ ਵਿਚ ਖੇਡਦਿਆਂ ਹੋਇਆਂ ਨੂੰ ਖਿਆਲ ਫੁਰਿਆ ਕਿ ਸਾਡੇ ਪਿੰਡ ਵਿਚ ਬਾਬਾ ਬੁਧ ਸਿੰਘ ਜੀ ਜੋ ਰਾਗ ਵਿਦਿਆ, ਗੁਰਮੁਖੀ ਪੜ੍ਹਾਈ ਅਤੇ ਗੁਰਮਤ ਪ੍ਰਚਾਰ ਹਿਤ ਪਰਉਪਕਾਰ ਕਰ ਰਹੇ ਹਨ, ਹੇ ਮੇਰੇ ਮਨ ਤੈਂ ਕੀ ਲਾਭ ਪ੍ਰਾਪਤ ਕੀਤਾ

Digitized by Panjab Digital Library | www.panjabdigilib.org

ਬਸ ਇਸ ਵਿਚਾਰ ਧਾਰਾ ਵਿਚ ਵਹਿੰਦਿਆਂ ਹੋਇਆਂ ਆਪ ਜੀ ਨੇ ਮਨ ਨਾਲ ਫੈਸਲਾ ਕੀਤਾ ਕਿ ਹੁਣ ਸਿੱਘ ਸਜ ਕੇ ਜੀਵਨ ਦਾ ਬਾਕੀ ਹਿਸਾ ਪੰਥਕ ਸੇਵਾ ਵਿਚ ਖਰਚ ਹੋਵੇ ਤਾਂ ਚੰਗਾ ਹੈ। ਬਸ ਹੁਣ 'ਜਨਮ ਜਨਮ ਕੀ ਸੋਈ ਜਾਗੀ' ਦੇ ਅਨੁਸਾਰ ਆਪ ਜੀ ਅੰਮ੍ਰਿਤ ਛਕ ਕੇ ਗੁਰੂ ਪੰਥ ਵਿਚ ਪ੍ਰਵੇਸ਼ ਹੋਏ ਅਤੇ ਸਿੰਘਾਂ ਨਾਲ ਪਿਆਰ ਤੇ ਸੰਤ ਸੰਗ ਕਰਨ ਲਗੇ ਜਦੋਂ ਗੰਗਸਰ ਜੈਤੋ ਦਾ ਮੋਰਚਾ ਗਰਮ ਹੋਇਆ ਤਾਂ ਆਪ ਜੀ ਦਾ ਮੁਕਲਾਵਾ ਆਇਆ ਹੋਇਆ ਸੀ ਤਾਂ ਆਪ ਜੀ ਨੂੰ ਸਰਕਲ ਜੱਥੇਦਾਰ ਭ: ਤੇਜਾ ਸਿੰਘ ਜੀ ਵਲੋਂ ਹੁਕਮ ਪੁਜਾ ਕੇ ਜੱਥੇ ਵਿਚ ਜਾਣ ਨੂੰ ਤਿਆਰ ਹੋ ਜਾਵੇ ਆਪ ਜੀ ਹੁਕਮ ਮੰਨਦੇ ਹੋਏ ਘਰੋਂ ਨੰਗੇ ਪੈਰੀਂ ਗਏ ਕਿਉਂਕਿ ਘਰ ਦੇ ਸਿਰ ਨਾ ਹੋ ਜਾਣ, ਜੁਤੀ ਪਾ ਕੇ ਕਿਥੇ ਚਲੇ ਹੋ ? ਬਸ ਸ੍ਰੀ ਅੰਮ੍ਰਿਤਸਰ ਜੀ ਪੁਜੇ ਅਤੇ ਜਥੇ ਵਿਚ ਨਾਮ ਲਿਖਵਾ ਦਿਤਾ ਤਾਂ ਆਪ ਜੀ ਨੂੰ ਜੱਥਾ ਨੰ: ੧੧ ਵਿਚ ਪੰਜ ਪਿਆਰਿਆਂ ਦੀ ਸੇਵਾ ਵਿਚ ਸ਼ਾਮਲ ਕਰਕੇ ਗੰਗਸਰ ਜੈਤੋ ਨੂੰ ਭੇਜਿਆ ਗਿਆ। ਆਪ ਨਾਭੇ ਬੀੜ ਦੇ ਗੁਰੂ ਭਰੋਸੇ ਸੰਕਟ ਸਹਾਰਦੇ ਹੋਏ ਅਡੋਲ ਰਹਿੰਦੇ ਹੋਏ ਮੋਰਚਾ ਫਤਹਿ ਹੋਣ ਤੇ ਵਾਪਸ ਆਏ। ਜੇਲ੍ਹ ਵਿਚ ਆਪ ਜੀ ਦਾ ਤੇ ਭਾਈ ਤੇਜਾ ਸਿੰਘ ਜੀ ਦਾ ਇਤਨਾਂ ਗੂੜ੍ਹਾ ਪਿਆਰ ਸੀ ਕਿ ਆਪ ਜੀ ਦਿਨ ਵਿਚ ਜ਼ਰੂਰ ਮਿਲਦੇ, ਜਿਸ ਕਰਕੇ ਸੰਗਤ ਨੇ ਆਪ ਜੀ ਦੇ ਨਾਮ ਦਿਲਬਾਗ ਤੇ ਗੁਲਬਾਗ ਰਖੇ ਹੋਏ ਸਨ ਅਰ ਜਿਥੇ ਸਾਕ ਸਬੰਧ ਜਾਂ ਤੀਰਥ ਯਾਤਰਾ ਜਾਣਾ ਹੋਵੇ ਤਾਂ ਦੋਵੇਂ ਹੀ ਜਾਂਦੇ ਸਨ।

## ਰਾਗੀ ਬੁਧ ਸਿੰਘ ਜੀ ਪੁਮਾਲ ਕੋਕਰੀ ਕਲਾਂ

ਬਾਬਾ ਬੁਧ ਸਿੰਘ ਜੀ ਦਾ ਜਨਮ ਪਿਤਾ ਅਮਰੀਕ ਸਿੰਘ ਦੇ ਘਰ ਮਾਤਾ ਮਾਨ ਕੌਰ ਦੀ ਸੁਭਾਗੀ ਗੋਦ ਵਿਚੋਂ ਪਿੰਡ ਪੁਮਾਲ, ਤਹਿਸੀਲ ਲੁਧਿਆਣਾ, ਜ਼ਿਲਾ ਲੁਧਿਆਣਾ ਵਿਖੇ ਹੋਇਆ। ਆਪ ਜੀ ਦੀ ਬਚਪਨ ਵਿਚ ਅਖਾਂ ਦੀ ਜੋਤ ਮਧਮ ਪੈ ਗਈ ਇਸ ਵਾਸਤੇ ਆਪ ਜੀ ਨੂੰ ਰਾਗ ਵਿਦਿਆ ਦੇ ਹਾਸਲ ਕਰਨ ਹਿਤ ਦੌਧਰ ਗੁਰਦੁਆਰੇ ਛਡ ਦਿਤਾ ਗਿਆ। ਜਿਥੇ ਕਿ ਆਪ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਅਤੇ ਰਾਗ ਬੜੇ ਹੀ ਸ਼ੌਕ ਨਾਲ ਸਖਲਾਈ, ਪੜ੍ਹਾਈ ਕੀਤੀ। ਆਪ ਜੀ ਦੀ ਬੁਧੀ ਪਵਿਤਰ ਤੇ ਚਿਤਿੰਨ ਹੋਣੇ ਤੇ ਥੋੜ੍ਹੇ ਸਾਲਾਂ ਵਿਚ ਹੀ ਇਕ ਗਿਨਤੀ ਦੇ ਰਾਗੀ ਮੰਨੇ ਜਾਣ ਲਗੇ। ਕਿਉਂਕਿ ਆਪ ਜੀ ਗੁਰਬਾਣੀ ਤੋਂ ਇਲਾਵਾ ਹੋਰ ਪ੍ਰਚਾਰ ਨਹੀਂ ਸਨ ਕਰਦੇ, ਗੁਰਬਾਣੀ ਆਪ ਜੀ ਦੇ ਬਹੁਤ ਹੀ ਕੰਠ ਆਰਗ ਹੋਣ ਤੇ ਸਾਰਾ ਦਿਨ ਹੀ ਬਾਣੀ ਦਾ ਪਾਠ ਕਰਨਾ ਆਪ ਜੀ ਦਾ ਸੁਭਾ ਬਣ ਚੁਕਾ ਸੀ। ਜਿਸ ਕਰਕੇ ਆਪ ਜੀ ਨੂੰ ਅਖੰਡ ਕੀਰਤਨ ਕਰਨ ਦੀ ਲਗਨ ਨੇ ਮਹੰਤ ਭੂਪ ਦਾਸ ਜੀ ਕੋਕਰੀ ਕਲਾਂ ਦੇ ਪਾਸੋਂ ਲਿਆਂਦਾ, ਇਥੇ ਹੀ ਆਪ ਦੇ ਪ੍ਰੇਮ ਦੇ ਅਣਿਆਲੇ ਤੀਰਾਂ ਨੇ ਭਾਈ ਸਾਉਣ ਸਿੰਘ ਜੀ ਤੇ ਭਾਈ ਤੇਜਾ ਸਿੰਘ ਕੋਕਰੀ ਦਾ ਦਿਲ ਵਿਨ੍ਹ ਛਡਿਆ ਤੇ ਭਾਈ ਸੌਣ ਸਿੰਘ ਜੀ ਨੇ ਆਪ ਜੀ ਦੇ ਪਾਸ ਰਹਿਕੇ ਇੰਨੇ ਜ਼ਬਰਦਸਤ ਪ੍ਰੇਮ ਦੇ ਸੰਗਲ ਪਾਏ ਜੋ ਆਪ ਜੀ ਨੂੰ ਗੁਰਦੁਆਰਾ ਪਤੀ ਨੰਗਲ ਲੈ ਆਏ, ਭਾਈ ਸਾਹਿਬ ਜੀ ਦੀ ਪ੍ਰੇਮ ਦੀ ਕੀਲ ਦੇ ਕੀਲੇ ਹੋਏ ਕੋਕਰੀ ਹੀ ਰਹਿਣ ਲਗੇ, ਸੰਗਤ ਤੇ ਭਾਈ ਸਾਹਿਬ ਜੀ ਨੂੰ ਪ੍ਰੇਰ ਕੇ ਗੁਰਦੁਆਰੇ ਦੀ ਸੇਵਾ ਪ੍ਰਾਰੰਭ ਕੀਤੀ ਜਿਸ ਨੂੰ ਸੰਗਤਾਂ ਨੇ ਚਾਈਂ ੨ ਪ੍ਰਵਾਨ ਕਰਕੇ ਸੰਪੂਰਨ ਕੀਤਾ। ਜਦ ੧੯੨੧ ਵਿਚ ਅਕਾਲੀ ਲਹਿਰ ਪ੍ਰਾਰੰਭ ਹੋਈ ਤਾਂ ਆਪ ਜੀ ਨੇ ਵਧ ਚੜ੍ਹਕੇ ਸੇਵਾ ਵਿਚ ਹਿਸਾ ਲਿਆ ਅਤੇ ਆਪ ਦੇ ਸ਼ੁਭ ਉਪਦੇਸ਼ ਦੇ ਕਾਰਨ ਹੀ ਕੋਕਰੀ ਨਗਰ ਦੇ ਅਕਾਲੀ ਸਿੰਘਾਂ ਨੇ ਮੋਰਚਿਆਂ ਵਿਚ ਬਹੁਤ ਹਿਸਾ ਪਾਇਆ।

ਆਪ ਜੀ ਪੜ੍ਹਨ ਵਾਲੇ ਵਿਦਿਆਰਥੀ ਤੇ ਰਾਗ ਸਖਲਾਈ ਵਾਲੇ ਉਨੇ ਹੀ ਵਿਦਿਆਰਥੀ ਰਖਦੇ ਜਿੰਨਿਆਂ ਨੂੰ ਪ੍ਰੇਮ ਨਾਲ ਪੂਰਨ ਸਖਲਾਈ ਕਰਾ ਸਕਦੇ, ਆਪ ਜੀ ਤੋਂ ਵਰੋਸਾਇ ਹੋਏ ਪੰਥ

Digitized by Panjab Digital Library | www.panjabdigilib.org

ਵਿਚ ਮਨੇ ਪ੍ਰਮੰਨੇ ਭਾਈ ਪੂਰਨ ਸਿੰਘ ਜੀ ਤਰਨ ਤਾਰਨ, ਗਿਆਨੀ ਸ਼ੇਰ ਸਿੰਘ ਜੀ ਹਸਨ ਪੁਰ ਅਤੇ ਗਿਆਨੀ ਰਣਜੋਧ ਸਿੰਘ ਜੀ ਆਲਮ ਵਾਲਾ ਕਲਾਂ ਇਤ ਆਦਿ ਤੇ ਜਿਨ੍ਹਾਂ ਤੇ ਗੁਰੂ ਪੰਥ ਨੂੰ ਬੜਾ ਹੀ ਮਾਣ ਹੈ । ਆਪ ਜੀ ਦਾ ਨਿਤ ਪ੍ਰਤੀ ਦਾ ਪ੍ਰੋਗਰਾਮ ਅੰਮ੍ਰਿਤ ਵੇਲੇ ਉਠ ਇਸ਼ਨਾਨ ਕਿਰਿਆ ਸੋਧ ਕੇ ਨਿਤਨੇਮ ਕਰਕੇ ਅਤੇ ਬਾਦ ਵਿਚ ਸਾਧ ਸੰਗਤ ਦੀ ਸੇਵਾ ਕਰਿਆ ਕਰਦੇ ਸਨ ।

## ਗਿ: ਸ਼ੇਰ ਸਿੰਘ ਜੀ ਹਸਨਪੁਰ ਕੋਕਰੀ ਕਲਾਂ

ਗਿਆਨੀ ਸ਼ੇਰ ਸਿੰਘ ਦਾ ਜਨਮ ਪਿੰਡ ਹਸਨ ਪੁਰ ਤਹਿਸੀਲ ਲੁਧਿਹਾਣਾ, ਜ਼ਿਲਾ ਲੁਧਿਹਾਣਾ ਵਿਖੇ ਹੋਇਆ, ਆਪ ਜੀ ਦੇ ਨੇਤਰਾਂ ਦੀ ਜੋਤ ਬਚਪਨ ਵਿਚ ਹੀ ਜਾਂਦੀ ਰਹੀ, ਇਸ ਕਰਕੇ ਆਪ ਜੀ ਨੂੰ ਪਰਉਪਕਾਰੀ ਰਾਗੀ ਬੁਧ ਸਿੰਘ ਜੀ ਨੇ ਆਪ ਜੀ ਦੇ ਪਾਸ ਕੋਕਰੀ ਲਿਆਂਦਾ ਅਤੇ ਆਪ ਜੀ ਨੂੰ ਬੜੀ ਹੀ ਮਿਹਨਤ ਨਾਲ ਆਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਨਾਨਕ ਪ੍ਰਕਾਸ਼, ਸ੍ਰੀ ਸੂਰਜ ਪ੍ਰਤਾਪ ਦੇ ਅਰਥ ਬੋਧ ਕਰਾਇ ਅਤੇ ਆਪ ਜੀ ਨੂੰ ਰਾਗ ਵਿਦਿਆ ਵਿਚ ਪ੍ਰਪਕ ਕੀਤਾ ਕਿ ਆਪ ਜੀ ਨੂੰ ਰੇਡੀਓ ਸਿੰਗਰ ਦੇ ਖਤਾਬ ਨਾਲ ਸਤਕਾਰਿਆ ਜਾਂਦਾ ਹੈ ਆਪ ਜੀ ਤੀਖਣ ਬੁਧੀ ਦੇ ਅਨੁਸਾਰ ਛੋਟੀ ਉਮਰ ਵਿਚ ਇਤਨੀ ਵਿਦਿਆ ਹਾਸਲ ਕਰਕੇ ਇਲਾਕੇ ਤੇ ਗੁਰੂ ਪੰਥ ਅੰਦਰ ਮਾਨ ਪ੍ਰਾਪਤ ਕਰ ਰਹੇ ਹਨ, ਅਰ ਆਪ ਦੀ ਰਚਨਾ ਕਾਵ ਤੇ ਤਕਰੀਰ ਬਹੁਤ ਖੋਜ ਭਰੀ ਹੋਣ ਤੇ ਆਪ ਜੀ ਨੂੰ ਵਡੇ ੨ ਸ਼ਹਿਰੀ ਜੋੜ ਮੇਲਿਆ ਤੇ ਬੜੇ ਮਾਣ ਨਾਲ ਯਾਦ ਕੀਤਾ ਜਾਂਦਾ ਹੈ । ਆਪ ਦਾ ਕੁਰਬਾਨੀ ਮਾਦਾ ਹੋਣ ਤੇ ਅਕਾਲੀ ਮੋਰਚਿਆਂ ਵਿਚ ਸਜ਼ਾ ਕਟ ਚੁਕੇ ਹਨ । ਹਰ ਇਕ ਪੰਥਕ ਕੰਮ ਵਿਚ ਬੜਾ ਹਿਸਾ ਲੈਂਦੇ ਸਨ ਅਤੇ ਅੰਮ੍ਰਿਤ ਵੇਲੇ ਰੋਜ਼ ਆਸਾ ਜੀ ਦੀ ਵਾਰ ਦਾ ਕੀਰਤਨ ਮੁਖ ਵਾਕ ਦੀ ਕਥਾ ਉਪਰੰਤ ਅਰਦਾਸਾ ਸੋਧਣਾ, ਦਿਨ ਭਰ ਵਿਚ ਬਚਿਆਂ ਨੂੰ ਪੜ੍ਹਾਉਣਾ ਤੇ ਰਾਗ ਸਿਖਲਾਈ ਕਰਾਉਣਾ ਆਪ ਜੀ ਦਾ ਨਿਤ ਕਰਮ ਹੈ ।

## ਸ: ਜਗਤ ਸਿੰਘ ਸੇਵਕ ਮੋਗਾ

ਆਪ ਦਾ ਜਨਮ ਪਿੰਡ ਪਰਾਣੇ ਵਾਲਾ ਵਿਚ ਸ: ਦਲੀਪ ਸਿੰਘ ਜੀ ਦੇ ਘਰ ਮਾਤਾ ਜੀਵਨ ਕੌਰ ਦੀ ਕੁਖ ਤੋਂ ਸੰਮਤ ੧੯੪੬ ਬਿ: ਵਿਚ ਹੋਇਆ । ਜਿਸ ਸਮੇਂ ਅਕਾਲੀ ਲਹਿਰ ਆਰੰਭ ਹੋਈ ਆਪ ਜ਼ਿਲਾ ਫੀਰੋਜ਼ਪੁਰ ਦੇ ਅਕਾਲੀ ਜਥੇ ਦੇ ਸਕੱਤਰ ਸਨ । ਜੈਤੋ ਦੇ ਮੋਰਚੇ ਸਮੇਂ ਜਿਹੜੇ ਜਥੇ ਜ਼ਿਲਾ ਫ਼ੀਰੋਜ਼ਪੁਰ ਵਿਚੋਂ ਲੰਘ ਕੇ ਗੁ: ਗੰਗਸਰ ਜੈਤੋ ਨੂੰ ਜਾਇਆ ਕਰਦੇ ਸਨ । ਉਨ੍ਹਾਂ ਦੀ ਸੇਵਾ ਦਾ ਪ੍ਰਬੰਧ ਕਰਨ ਵਾਸਤੇ ਆਪ ਜੀ ਦੀ ਡਿਊਟੀ ਲਗਾਈ ਜਾਂਦੀ ਸੀ । ਆਪ ਦੀਆਂ ਰੁਚੀਆਂ ਮੁਢ ਤੋਂ ਹੀ ਧਾਰਮਕ ਸਨ ਤੇ ਸੰਤਾਂ ਦੀ ਸੇਵਾ ਕਰਨ ਦੀ ਖਾਸ ਤੌਰ ਪਰ ਲਗਨ ਸੀ । ਸ੍ਰੀ ਮਾਨ ਸੰਤ ਗੁਲਾਬ ਸਿੰਘ ਜੀ ਘੋਲੀਆ ਤੇ ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਦੇ ਦਿਲ ਵਿਚ ਆਪ ਦਾ ਖਾਸ ਸਨੇਹ ਸੀ ।

ਬਚਪਨ ਤੋਂ ਹੀ ਆਪ ਨੂੰ ਵਿਦਿਆ ਪ੍ਰਚਾਰ ਦਾ ਸ਼ੌਕ ਸੀ । ਆਪ ਭਾਵੇਂ ਪੜ੍ਹੇ ਲਿਖੇ ਨਹੀਂ ਸਨ ਪ੍ਰੰਤੂ ਇਲਾਕੇ ਵਿਚੋਂ ਅਨ ਪੜ੍ਹਤਾ ਦੂਰ ਕਰਨ ਦੀ ਆਪ ਦੇ ਦਿਲ ਵਿਚ ਅਮਿੱਟ ਲਗਨ ਸੀ । ਆਪ ਜਾਣਦੇ ਸਨ ਕਿ ਵਿਦਿਆ ਨਾ ਹੋਣ ਕਰਕੇ ਸਾਡਾ ਇਲਾਕਾ ਕਿਤਨਾ ਪਿਛੇ ਰਹਿ ਗਿਆ ਹੈ ਇਸ ਕਰਕੇ ਆਪ ਨੇ ਅਥੱਕ ਮੇਹਨਤ ਕਰਕੇ ਮਹਿਣਾ ਤੇ ਕੋਕਰੀ ਦੇ ਸਕੂਲ ਚਲਾਉਣ ਵਿਚ ਹਿਸਾ ਲਿਆ । ਚੁਗਾਵਾਂ, ਕਪੂਰੇ ਤੇ ਕਈ ਹੋਰ ਪਿੰਡਾਂ ਵਿਚ ਉਪਦੇਸ਼ ਦੇ ਕੇ ਪ੍ਰਾਇਮਰੀ ਸਕੂਲ ਖੁਲ੍ਹਵਾਏ । ਅਕਾਲੀ ਲਹਿਰ ਵਿਚ ਇਕ ਦੋ ਵੇਰ ਕੈਦ ਭੀ ਹੋਏ । ਜਦ ਪੰਥ ਵਿਚ ਦੋ ਧੜੇ ਹੋ ਗਏ ਤਾਂ ਆਪ

Digitized by Panjab Digital Library | www.panjabdigilib.org

ਸਰਕਾਰ ਪੁਜ ਧੜੇ ਨਾਲ ਰਹੇ। ਮੋਗੇ ਵਿਚ ਆਪ ਕਾਫੀ ਅਰਸਾ ਤੱਕ ਕਿਤਾਬਾਂ ਦੀ ਦੁਕਾਨ ਕਰਦੇ ਰਹੇ। ਗਿਆਨੀ ਸ਼ੇਰ ਸਿੰਘ ਜੀ ਆਪ ਦਾ ਬਹੁਤ ਆਦਰ ਕਰਿਆ ਕਰਦੇ ਸਨ। ਆਪ ਦੇ ਦਿਲ ਵਿਚ ਪੰਥਕ ਭਲਾਈ ਤੇ ਵਿਦਿਆ ਪ੍ਰਚਾਰ ਦਾ ਜਜ਼ਬਾ ਬਹੁਤ ਸੀ ਅਤੇ ਆਪਣੇ ਵਿਚਾਰਾਂ ਅਨੁਸਾਰ ਆਪ ਨੇ ਸਾਰੀ ਉਮਰ ਸਾਂਝੇ ਕੌਮੀ ਕੰਮਾਂ ਵਿਚ ਵਧ ਚੜ੍ਹਕੇ ਹਿੱਸਾ ਲਿਆ।

## ਬਾਬਾ ਸੁਲਤਾਨ ਸਿੰਘ ਜੀ ਪੁਰਾਣੇਵਾਲ

ਆਪ ਜੀ ਦਾ ਜਨਮ ਸ: ਗਹਿਲ ਸਿੰਘ ਦੇ ਘਰ ਪਿੰਡ ਪੁਰਾਣੇ ਵਾਲ ਤਹਿਸੀਲ ਮੋਗਾ ਜ਼ਿਲਾ ਫੀਰੋਜ਼ਪੁਰ ਵਿਖੇ ਹੋਇਆ। ਆਪ ਜੀ ਛੇ ਸਤ ਸਾਲ ਦੇ ਹੋਏ ਤਾਂ ਪਿੰਡ ਦੇ ਗੁਰਦਵਾਰੇ ਵਿਚ ਪੜ੍ਹਾਏ ਗਏ। ਆਪ ਦੀ ਬੁਧੀ ਚਿਤੰਨ ਹੋਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠੀ ਛੇਤੀ ਹੋ ਗਏ। ਜੋ ਬੜੇ ਪਰੇਮ ਲਹਿਜੇ ਵਿਚ ਪਾਠ ਕਰਿਆ ਕਰਨ ਅਰ ਨਾਲ ਹੀ ਸਿੰਘ ਸਭਾ ਲਹਿਰ ਵਿਚ ਸ਼ਾਮਲ ਹੋ ਕੇ ਢੋਲਕੀ ਛੈਣਿਆਂ ਨਾਲ ਕੀਰਤਨ ਬੜੇ ਸ਼ੌਕ ਨਾਲ ਕਰਿਆ ਕਰਦੇ ਸਨ ਅਤੇ ਪਹਿਲੀ ਉਮਰ ਵਿਚ ਹੀ ਆਪ ਜੀ ਬਾਹਰਲੇ ਮੁਲਕਾਂ ਨੂੰ ਚਲੇ ਗਏ। ਜਦ ੧੯੧੪-੧੫ ਵਾਲੇ ਦੇਸ਼ ਭਗਤ ਮੁੜ ਹਿੰਦੁਸਤਾਨ ਆਏ ਤਾਂ ਆਪ ਜੀ ਵੀ ਉਨ੍ਹਾਂ ਦੇ ਨਾਲ ਹੀ ਦੇਸ਼ ਪਿਆਰ ਵਿਚ ਮੁੜ ਆਏ, ਪਰ ਜਿਸ ਨਿਸਚੇ ਨੂੰ ਲੈ ਕੇ ਆਇ ਸਨ ਉਹ ਸਫਲ ਨਾ ਹੋ ਸਕਿਆ ਅਤੇ ਆਪ ਜੀ ਗੁਝੀ ਭਾਹ ਵਿਚ ਕੰਮ ਕਰਦੇ ਰਹੇ। ਜਦ ੧੯੨੧ ਵਿਚ ਅਕਾਲੀ ਲਹਿਰ ਅਰੰਭ ਹੋਈ ਤਾਂ ਆਪ ਜੀ ਉਸ ਵਕਤ ਹੀ ਅਕਾਲੀ ਲਹਿਰ ਦੇ ਮੋਢੀਆਂ ਨਾਲ ਮੋਢਾ ਲਾ ਕੇ ਕੰਮ ਕਰਨ ਵਾਲੇ ਇਕ ਸਨ। ਅਰ ਇਲਾਕੇ ਵਲੋਂ ਸ਼ਰੋਮਣੀ ਗੁ: ਪ੍ਰ: ਕਮੇਟੀ ਦੇ ਮੈਂਬਰ ਚੁਣ ਕੇ ਭੇਜੇ ਗਏ। ਮੈਂਬਰ ਹੁੰਦੇ ਹੋਏ ਭੀ ਆਪ ਮੋਰਚਾ ਗੁਰੂ ਕਾ ਬਾਗ, ਮੋਰਚਾ ਮੁਕਤਸਰ ਵਿਚ ਸ਼ਾਮਲ ਹੋ ਕੇ ਗਏ। ਬਾਬਾ ਜੀ ਦੀ ਸਾਰੀ ਜ਼ਿੰਦਗੀ ਪੰਥਕ ਸੇਵਾ ਵਿਚ ਹੀ ਗੁਜਰੀ ਅਤੇ ਖਾਲਸਾ ਹਾਈ ਸਕੂਲ ਮਹਿਣਾ ਦੇ ਸਿਰਕਰਦਾ ਪ੍ਰਬੰਧਕ ਸਨ। ਚਾਹੇ ਆਪ ਜੀ ਪੂਰਨ ਉਮਰ ਭੋਗਕੇ ਸਭ ਸੰਗੀਆਂ ਸਾਥੀਆਂ ਨੂੰ ਸਦਾ ਲਈ ਵਿਛੋੜਾ ਦੇ ਗਏ ਪਰ ਆਪ ਜੀ ਦਾ ਮਿਠਾ ਸੁਭਾਵ ਤੇ ਸਿਆਸੀ ਦਮਾਗ ਹੋਣ ਕਰਕੇ ਅਜ ਡਾਢੀ ਲੋੜ ਸੀ।

## ਸ: ਕੇਸਰ ਸਿੰਘ ਜੀ ਡਾਲਾ ਵੈਦ ਰਾਜ

ਆਪ ਜੀ ਦਾ ਜਨਮ ਪਿੰਡ ਡਾਲਾ ਵਿਚ ਸ: ਬਿਸ਼ਨ ਸਿੰਘ ਜੀ ਦੇ ਘਰ ਹੋਇਆ। ਆਪ ਜ਼ਿ: ਫੀਰੋਜ਼ ਪੁਰ ਦੇ ਅਕਾਲੀ ਲਹਿਰ ਦੇ ਮੋਢੀਆਂ ਵਿਚੋਂ ਹਨ। ਪਹਿਲੇ ਆਪ ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ ਤੇ ਬਹੁਤ ਸਾਰੇ ਕਸ਼ਟ ਸਹਾਰੇ। ਫਿਰ ਆਪ ਜੈਤੋ ਦੇ ਮੋਰਚੇ ਵਿਚ ਪਹਿਲੇ ਸ਼ਹੀਦੀ ਜੱਥੇ ਦੀ ਸੇਵਾ ਕਰਦੇ ਹੋਏ ਜੈਤੋ ਤਕ ਨਾਲ ਗਏ। ਅਕਾਲੀ ਜੱਥੇ ਵਲੋਂ ਆਪ ਜੀ ਦੀ ਡਿਊਟੀ ਸੀ। ਆਪ ਉੱਥੇ ਗ੍ਰਿਫਤਾਰ ਕਰ ਲਏ ਗਏ ਤੇ ਕੁਝ ਚਿਰ ਰਖ ਕੇ ਬਾਬਲ ਕਾਂਟੀ ਲੈ ਜਾ ਕੇ ਛੱਡੇ ਗਏ। ਉਪ੍ਰੰਤ ਆਪ ੨੫ ਸਿੰਘਾਂ ਦੇ ਜੱਥੇ ਨਾਲ ਫਿਰ ਜੈਤੋ ਗਏ। ਆਪ ਬੜੇ ਪਰਉਪਕਾਰੀ ਹਨ, ਆਪ ਜੀ ਨੇ ਮਹੰਤ ਪ੍ਰਤਾਪ ਦਾਸ ਪਾਸੋਂ ਵੈਦਕ ਸਿੱਖੀ ਤੇ ਗ੍ਰੀਬਾਂ ਨੂੰ ਦਵਾਈ ਮੁਫ਼ਤ ਦੇਣ ਦਾ ਪ੍ਰਣ ਲਿਆ। ਆਪ ਦੇ ਦਿੱਲ ਵਿਚ ਗ੍ਰੀਬਾਂ ਲਈ ਬਹੁਤ ਪਿਆਰ ਹੈ। ਆਪ ਸੰਤਾਂ ਦੇ ਬੜੇ ਸੇਵਕ ਹਨ ਤੇ ਗੁਰਦਵਾਰਿਆਂ ਦੀ ਸੇਵਾ ਲਈ ਤੱਤਪਰ ਰਹਿੰਦੇ ਹਨ।

## ਸ: ਬਿਸ਼ਨ ਸਿੰਘ ਜੀ ( ਦੇਸ਼ ਭਗਤ ) ਮੱਲ੍ਹਣ

ਆਪ ਜੀ ਦਾ ਜਨਮ ਪਿੰਡ ਮੱਲ੍ਹਣ ਜ਼ਿਲਾ ਫੀਰੋਜ਼ ਪੁਰ ਵਿਚ ਹੋਇਆ। ਆਪ ਬਚਪਨ ਤੋਂ ਹੀ ਆਜ਼ਾਦ ਖਿਆਲ ਸਨ। ਸਕੂਲ ਵਿਚ ਆਪ ਨੇ ਵਿਦਿਆ ਪ੍ਰਾਪਤ ਕਰਨ ਤੋਂ ਪਿਛੋਂ ਆਪ ਨੇ ਸਿੱਖ ਇਤਿਹਾਸ ਤੇ ਗੁਰਬਾਣੀ ਦਾ ਚੰਗੀ ਤਰ੍ਹਾਂ ਪੂਰਨ ਪਾਠ ਕੀਤਾ। ੧੯੧੯ ਵਿਚ ਜੱਲਿਆਂ ਵਾਲੇ ਬਾਗ

Digitized by Panjab Digital Library | www.panjabdigilib.org

ਵਿਚ ਹੋਏ ਹੱਤਿਆ ਕਾਂਡ ਨੇ ਦੇਸ਼ ਦੇ ਅਣਖੀਲੇ ਨੌਜਵਾਨਾਂ ਵਿਚ ਅਥਾਹ ਜੋਸ਼ ਭਰ ਦਿੱਤਾ। ਦੇਸ਼ ਭਗਤੀ ਦੀ ਲਹਿਰ ਤੇਜ਼ ਹੋ ਗਈ ਤਾਂ ਆਪ ਭੀ ਕਾਂਗਰਸ ਵਿਚ ਸ਼ਾਮਲ ਹੋ ਗਏ। ਸ: ਦਰਬਾਰਾ ਸਿੰਘ ਕੈਨੇਡੀਅਨ ਦੇ ਨਾਲ ਮਿਲ ਕੇ ਆਪ ਨੇ ਇਲਾਕੇ ਵਿਚ ਆਜ਼ਾਦੀ ਦੀ ਲਹਿਰ ਨੂੰ ਤੇਜ਼ ਕਰ ਦਿੱਤਾ। ੧੯੧੯ ਵਿਚ ਨਗਰ ਮੱਲ੍ਹਣ ਵਿਚ ਕਾਂਗਰਸ ਦੀ ਕਾਨਫਰੰਸ ਹੋਈ, ਜਿਸ ਦੇ ਆਪ ਮੁਖ ਪ੍ਰਬੰਧਕ ਸਨ। ਸਰਕਾਰ ਨੇ ਸ: ਬਿਸ਼ਨ ਸਿੰਘ ਤੇ ਆਪ ਦੇ ਸਾਥੀਆਂ ਵਿਰੁਧ ਵਾਰੰਟ ਜਾਰੀ ਕਰ ਦਿੱਤੇ। ਗ੍ਰਿਫਤਾਰ ਹੋਣ ਪਿਛੋਂ ਕੇਸ ਚਲਿਆ, ਇਸ ਕੇਸ ਵਿਚ ਆਪ ਨੂੰ ਪੌਣੇ ਦੋ ਸਾਲ ਕੈਦ ਹੋਈ।

ਇਸ ਤੋਂ ਉਪ੍ਰੰਤ ਜਦ ਚੋਰਾ ਚੋਰੀ ਦੀ ਘਟਨਾ ਹੋਈ ਅਤੇ ਕਾਂਗਰਸ ਨੇ ਸਿਵਲ-ਨਾ-ਫਰਮਾਨੀ ਦੀ ਲਹਿਰ ਤੇਜ਼ ਕਰ ਦਿੱਤੀ ਤਾਂ ਤਹਿਸੀਲ ਮੁਕਤਸਰ ਵਿਚੋਂ ਆਪ ਨੇ ਇਸ ਲਹਿਰ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਇਸ ਦੋਸ਼ ਵਿਚ ਆਪ ਨੂੰ ੯ ਮਹੀਨੇ ਕੈਦ ਹੋਈ, ਇਸ ਤੋਂ ਪਿਛੋਂ ਅਕਾਲੀ ਲਹਿਰ ਚਲ ਪਈ ਤਾਂ ਸ: ਦਰਬਾਰਾ ਸਿੰਘ ਤੇ ਨਗਰ ਮੱਲ੍ਹਣ ਦੇ ਹੋਰ ਅਕਾਲੀ ਸਜਣਾਂ ਨਾਲ ਸ: ਬਿਸ਼ਨ ਸਿੰਘ ਜੀ ਦੇਸ਼ ਭਗਤ ਨੇ ਭੀ ਇਸ ਲਹਿਰ ਵਿਚ ਵਧ ਚੜ੍ਹ ਕੇ ਹਿੱਸਾ ਲਿਆ।

ਜੈਤੋ ਦਾ ਮੋਰਚਾ ਗਰਮ ਹੋ ਗਿਆ, ਪੰਡਤ ਨਹਿਰੂ ਤੇ ਮਿ: ਗਿਡਵਾਨੀ ਆਦਿਕ ਕਾਂਗਰਸੀ ਲੀਡਰ ਜੈਤੋ ਦੇ ਹਾਲਾਤ ਅੱਖੀਂ ਵੇਖਣਾ ਚਾਹੁੰਦੇ ਸਨ ਇਸ ਕਰਕੇ ਇਹ ਸੱਜਣ ਪਿੰਡ ਮੱਲ੍ਹਣ ਵਿਚ ਪਹੁੰਚੇ। ਸ: ਦਰਬਾਰਾ ਸਿੰਘ ਤੇ ਸ: ਬਿਸ਼ਨ ਸਿੰਘ ਜੀ ਕਾਂਗਰਸੀ ਲੀਡਰਾਂ ਦੇ ਨਾਲ ਜੈਤੋ ਤੱਕ ਗਏ। ਨਾਭੇ ਦੇ ਹਾਕਮਾਂ ਨੇ ਇਨ੍ਹਾਂ ਸਾਰੇ ਸਜਣਾਂ ਨੂੰ ਗ੍ਰਿਫਤਾਰ ਕਰ ਲਿਆ। ਪੰਡਤ ਨਹਿਰੂ ਪ੍ਰੋ: ਗਿਡਵਾਨੀ ਤੇ ਸ: ਦਰਬਾਰਾ ਸਿੰਘ ਜੀ ਮੱਲ੍ਹਣ ਵਿਰੁਧ ਇਕੱਠਾ ਮੁਕੱਦਮਾ ਚਲਾਇਆ ਗਿਆ। ਸ: ਬਿਸ਼ਨ ਸਿੰਘ ਵਿਰੁਧ ਅੱਡ ਮੁਕੱਦਮੇ ਚਲਾ ਕੇ ਆਪ ਨੂੰ ਢਾਈ ਸਾਲ ਦੀ ਸਜ਼ਾ ਕੀਤੀ ਗਈ। ਇਹ ਕੈਦ ਕੱਟ ਕੇ ਆਪ ਵਾਪਸ ਆਏ ਹੀ ਸਨ ਕਿ ਪਸ਼ਾਵਰ ਦੇ ਕਿੱਸਾ ਖਾਨੀ ਬਾਜ਼ਾਰ ਵਿਚ ਅੰਗ੍ਰੇਜ਼ੀ ਸਰਕਾਰ ਨੇ ਲਾਲ ਕੁੜਤੀ ਵਾਲੇ ਪਠਾਣਾਂ ਪਰ ਬੇ ਤਹਾਸ਼ਾ ਗੋਲੀਆਂ ਦੀ ਵਰਖਾ ਕੀਤੀ ਜਿਸ ਵਿਚ ਬਹੁਤ ਸਾਰੇ ਪਠਾਨ ਸ਼ਹੀਦ ਹੋ ਗਏ। ਇਸ ਘਟਨਾ ਨੇ ਸਾਰੇ ਦੇਸ਼ ਵਿਚ ਰੋਸ ਦੀ ਜ਼ਬਰਦਸਤ ਲਹਿਰ ਪੈਦਾ ਕਰ ਦਿੱਤੀ। ਅਕਾਲੀ ਲੀਡਰ ਮਾ: ਤਾਰਾ ਸਿੰਘ ਪਠਾਨ ਭਰਾਵਾਂ ਦੀ ਸਹਾਇਤਾ ਲਈ ਦੋ ਸੌ ਸੂਰਬੀਰ ਅਕਾਲੀਆਂ ਦਾ ਜੱਥਾ ਲੈ ਕੇ ਪਸ਼ਾਵਰ ਨੂੰ ਰਵਾਨਾ ਹੋਇ। ਸ: ਬਿਸ਼ਨ ਸਿੰਘ ਜੀ ਆਪਣੇ ਇਲਾਕੇ ਵਿਚੋਂ ਹੋਰ ਸਿੰਘਾਂ ਨੂੰ ਨਾਲ ਲੈ ਕੇ ਇਸ ਜੱਥੇ ਵਿਚ ਸ਼ਾਮਲ ਹੋ ਗਏ। ਜੇਹਲਮ ਦਰਿਆ ਦੇ ਪੁੱਲ ਪਰ ਜਥਾ ਗ੍ਰਿਫਤਾਰ ਕਰ ਲਿਆ ਗਿਆ ਤੇ ਹੋਰ ਸਾਥੀਆਂ ਸਮੇਤ ਆਪ ਨੂੰ ਇਕ ਸਾਲ ਦੀ ਸਜ਼ਾ ਹੋਈ। ਇਹ ਕੈਦ ਕੱਟ ਕੇ ਆਪ ਵਾਪਸ ਪਿੰਡ ਆ ਗਏ। ੧੯੩੨ ਵਿਚ ਕਲਕੱਤੇ ਵਿਚ ਆਲ-ਇੰਡੀਆ ਕਾਂਗਰਸ ਕਮੇਟੀ ਦਾ ਸਪੈਸ਼ਲ ਇਜਲਾਸ ਬੁਲਾਇਆ ਗਿਆ। ਹਕੂਮਤ ਨੇ ਇਸ ਸਮਾਗਮ ਪਰ ਪਾਬੰਦੀਆਂ ਲਗਾ ਦਿੱਤੀਆਂ। ਪੰਜਾਬ ਵਿਚੋਂ ਡੈਲੀਗੇਟ ਜਾਣੇ ਸਨ ਪ੍ਰੰਤੂ ਸ਼ਹਿਰਾਂ ਦੇ ਕਾਂਗਰਸੀ ਗ੍ਰਿਫਤਾਰੀਆਂ ਤੋਂ ਡਰਦੇ ਤਿਆਰ ਨਾ ਹੋਏ। ਹਰ ਇਕ ਸੂਬੇ ਵਿਚੋਂ ਡੈਲੀਗੇਟ ਪਹੁੰਚਾਣੇ ਜ਼ਰੂਰੀ ਸਨ। ਜਿਸ ਸੂਬੇ ਵਿਚੋਂ ਨਾ ਪੁਜਦੇ ਉਸ ਦੀ ਸਾਰੇ ਦੇਸ਼ ਵਿਚ ਬਦਨਾਮੀ ਹੁੰਦੀ ਸੀ। ਪੰਜਾਬ ਦੇ ਕਾਂਗਰਸੀ ਲੀਡਰਾਂ ਨੇ ਅਕਾਲੀਆਂ ਤੇ ਖਾਸ ਕਰਕੇ ਸਿੱਖਾਂ ਪਾਸ ਅਪੀਲ ਕੀਤੀ ਕਿ ਉਹ ਪੰਜਾਬ ਸੂਬੇ ਦੀ ਲਾਜ ਰੱਖਣ। ਸ: ਬਿਸ਼ਨ ਸਿੰਘ ਜੀ ਤੇ ਗਿ: ਜੰਗ ਸਿੰਘ ਜੀ ਸੁਖਨਾਂ ਨੇ ਇਕ ਜਥਾ ਤਿਆਰ ਕੀਤਾ ਜਿਸ ਦੇ ਮੈਂਬਰਾਂ ਨੇ ਲਾਹੌਰ ਬ੍ਰੈਡਲਾ ਹਾਲ ਵਿਚੋਂ ਡੈਲੀਗੇਟ ਬਣ ਕੇ ਕਲਕੱਤੇ ਪੁਜਣਾ ਸੀ। ਇਸ ਜਥੇ ਵਿਚ ਮਾਲਵੇ ਤੇ ਦੁਆਬੇ ਦੇ ੩੦ ਦੇ ਕਰੀਬ ਸਿੰਘ ਸਨ। ਲਾਹੌਰ ਇਹ ਜਥਾ ਸ: ਗੋਪਾਲ ਸਿੰਘ 'ਕੌਮੀ' ਦੇ ਅਖਬਾਰ 'ਕੁੰਦਨ' ਦੇ ਦਫਤਰ ਵਿਚ ਪਹੁੰਚ ਗਿਆ, ਉੱਥੇ ਕਾਂਗਰਸੀ ਲੀਡਰਾਂ ਨਾਲ ਵਿਚਾਰ ਕਰਨ ਤੋਂ ਪਿਛੋਂ ਫੈਸਲਾ ਹੋਇਆ ਕਿ ਜਥਾ ਸ਼ੇਰੇ-ਪੰਜਾਬ ਮਹਾਰਾਜਾ

Digitized by Panjab Digital Library | www.panjabdigilib.org

ਰਣਜੀਤ ਸਿੰਘ ਜੀ ਦੀ ਸਮਾਧ ਤੋਂ ਜਲੂਸ ਆਰੰਭ ਕਰਕੇ ਸਾਰੇ ਸ਼ਹਿਰ ਵਿਚ ਚੱਕਰ ਲਗਾਵੇ। ਇਸ ਜਥੇ ਨੂੰ ਗਿਫਤਾਰ ਕਰਕੇ ਇਕ ਇਕ ਸਾਲ ਦੀ ਸਜ਼ਾ ਸੁਣਾਈ ਗਈ। ਅਕਾਲੀ ਲਹਿਰ ਵਿਚ ਭੀ ਸ: ਬਿਸ਼ਨ-ਸਿੰਘ ਜੀ ਨੇ ਕਾਫੀ ਹਿੱਸਾ ਲਿਆ। ਉਪਰ ਲਿਖੀਆਂ ਲਹਿਰਾਂ ਵਿਚ ਕੁਰਬਾਨੀਆਂ ਕਰਨ ਕਰਕੇ ਇਲਾਕੇ ਵਿਚ ਆਪ ਦਾ ਸਤਿਕਾਰ ਬਹੁਤ ਵਧ ਗਿਆ। ਕਾਫੀ ਅਰਸਾ ਆਪ ਜ਼ਿਲਾ ਕਾਂਗਰਸ ਕਮੇਟੀ ਦੀ ਵਰਕਿੰਗ ਕਮੇਟੀ ਦੇ ਮੈਂਬਰ, ਤੇਹਸੀਲ ਕਿਸਾਨ ਕਮੇਟੀ ਤੇ ਤੇਸੀਲ ਕਾਂਨਗਰਸ ਕਮੇਟੀ ਦੇ ਪ੍ਰਧਾਨ ਰਹੇ।

ਲੋਕ ਭਲਾਈ ਦਾ ਜਜ਼ਬਾ ਆਪ ਦੇ ਦਿਲ ਵਿੱਚ ਠਾਠਾਂ ਮਾਰਦਾ ਸੀ। ਡਾ: ਕਿਚਲੂ, ਡਾ: ਭਾਰਗੋ ਤੇ ਸੂਬੇ ਦੇ ਹੋਰ ਪ੍ਰਸਿੱਧ ਕਾਂਗਸੀ ਲੀਡਰਾਂ ਨਾਲ ਆਪਦੀ ਮਿਤ੍ਰਤਾ ਸੀ ਸਾਰੇ ਲੀਡਰ ਆਪ ਨੂੰ ਦੇਸ਼ ਦਾ ਇਕ ਨਿਸ਼ਕਾਮ ਸੇਵਕ ਸਮਝੇ ਕੇ ਬੜਾ ਆਦਰ ਕਰਦੇ ਸਨ ਆਪ ਪੰਜਾਬ ਦੇ ਸਾਰੇ ਪ੍ਰਸਿਧ ਕਾਂਗਰਸੀ ਤੇ ਅਕਾਲੀ ਲੀਡਰਾਂ ਦੇ ਜਾਣੂ ਸਨ ਅਤੇ ਸਮੇਂ ਤੱਕ ਆਪ ਦੇਸ਼ ਪਿਆਰ ਦੇ ਗੀਤ ਗਾਉਂਦੇ ਰਹੇ ਦੁਖ ਦੀ ਗੱਲ ਹੈ ਕਿ ਦੇਸ਼ ਦੇ ਅਜ਼ਾਦ ਹੋਣ ਤੋਂ ਪਿਛੋਂ ਭੀ ਕਾਂਗਰਸ ਨੇ ਏਸ ਦੇਸ਼ ਭਗਤ ਦੀ ਸੰਭਾਲ ਨਾ ਕੀਤੀ ਅਤੇ ਬੁੜ੍ਹਾਪੇ ਦੇ ਦਿਨ ਆਪ ਨੇ ਆਪਣੇ ਨਗਰ ਮਲੂਣ ਵਿਚ ਬਹੁਤ ਮੁਸ਼ਕਲ ਨਾਲ ਗੁਜ਼ਾਰੇ।ਆਪ ਜੀ ਨੇ ਸ਼ਾਦੀ ਨਹੀਂ ਕਰਾਈ ਸੀ ਇਸ ਕਰਕੇ ਬੁੜ੍ਹਾਪੇ ਵਿੱਚ ਆਪਦੀ ਸੇਵਾ ਕਰਨ ਵਾਲਾ ਕੋਈ ਨਹੀਂ ਸੀ।

## ਸ: ਬਸੰਤ ਸਿੰਘ ਜੀ ਮੋਗਾ

ਸ: ਬਸੰਤ ਸਿੰਘ ਜੀ ਦਾ ਜਨਮ ਪਿੰਡ ਚੂਹੜ ਚੱਕ ਵਿਚ ਸ: ਪਾਲ ਸਿੰਘ ਜੀ ਦੇ ਘਰ ਹੋਇਆ। ਆਪ ਦੇ ਖਾਨਦਾਨ ਵਿਚ ਵਿਦਿਆ ਪ੍ਰਾਪਤੀ ਦਾ ਬਹੁਤ ਸ਼ੌਕ ਸੀ। ਸ: ਬਸੰਤ ਸਿੰਘ ਜੀ ਨੂੰ ਬੀ. ਏ. ਤੱਕ ਦੀ ਉਚ ਵਿਦਿਆ ਪੜ੍ਹਾਈ ਗਈ। ਆਪ ਖਾਲਸਾ ਕਾਲਜ ਅੰਮ੍ਰਿਤਸਰ ਦੇ ਹੋਣਹਾਰ ਵਿਦਿਆਰਥੀ ਤੇ ਹਾਕੀ ਦੀ ਟੀਮ ਦੇ ਮੰਨੇ ਪ੍ਰਮੰਨੇ ਖਿਲਾੜੀ ਰਹੇ। ਆਪ ਦੇ ਪਿਤਾ ਜੀ ਮੋਗੇ ਰਹਿੰਦੇ ਸਨ ਇਸ ਕਰਕੇ ਆਪ ਜੀ ਨੇ ਭੀ ਮੋਗੇ ਹੀ ਰਹਿਣਾ ਆਰੰਭ ਕੀਤਾ। ਦੇਸ਼ ਪਿਆਰ ਦਾ ਜਜ਼ਬਾ ਆਪ ਦੇ ਦਿਲ ਵਿਚ ਠਾਠਾਂ ਮਾਰਦਾ ਸੀ ਇਸ ਕਰਕੇ ਸਰਕਾਰੀ ਨੌਕਰੀ ਨਾ ਕਰਨ ਦਾ ਫੈਸਲਾ ਕਰਕੇ ਆਪ ਪਬਲਕ ਸੇਵਾ ਵਿਚ ਜੁੱਟ ਪਏ। ੧੯੩੦ ਵਿਚ ਆਪ ਜੀ ਦਾ ਜਨਤਕ ਜੀਵਨ ਸ਼੍ਰੋ: ਅਕਾਲੀ ਦਲ ਦੇ ਮੈਂਬਰ ਬਣਨ ਤੋਂ ਆਰੰਭ ਹੋਇਆ।

ਉਨ੍ਹਾਂ ਦਿਨਾਂ ਵਿਚ ਅਕਾਲੀ ਦਲ ਤੇ ਕਾਂਗਰਸ ਦੋਵੇਂ ਜਮਾਤਾਂ ਮਿਲ ਕੇ ਦੇਸ਼ ਦੀ ਆਜ਼ਾਦੀ ਲਈ ਜਦੋ ਜਿਹਦ ਕਰ ਰਹੀਆਂ ਸਨ। ਸ: ਬਸੰਤ ਸਿੰਘ ਜੀ ਦਾ ਰੁਝਾਨ ਕਾਂਗਰਸ ਵੱਲ ਸੀ ਪਰ ਆਪ ਅਕਾਲੀ ਰਾਜਨੀਤੀ ਦੇ ਭੀ ਮੰਨੇ ਪ੍ਰਮੰਨੇ ਖਿਲਾੜੀਆਂ ਵਿਚੋਂ ਸਨ। ੧੯੩੦ ਤੋਂ ੧੯੩੯ ਤੱਕ ਆਪ ਸੂਬਾ ਕਾਂਗਰਸ, ਸ਼੍ਰੋ: ਅਕਾਲੀ ਦਲ ਤੇ ਸ਼੍ਰੋ: ਕਮੇਟੀ ਵਿਚ ਸਿਰ ਕੱਢ ਆਗੂਆਂ ਵਿਚੋਂ ਗਿਣੇ ਜਾਂਦੇ ਸਨ। ੧੯੪੦ ਵਿਚ ਆਪ ਜੀ ਨੇ ਗਾਂਧੀ ਜੀ ਦੇ ਹੁਕਮ ਅਨਸਾਰ ਆਪਣੇ ਪਿੰਡ ਚੂਹੜ ਚੱਕ ਵਿਚ ਇਨਫਰਾਦੀ ਸਤਿਆਗ੍ਰਹਿ ਕਰਕੇ ਗ੍ਰਿਫਤਾਰੀ ਦਿਤੀ। ਇਸ ਕੇਸ ਵਿਚ ਆਪ ਜੀ ਨੂੰ ੧੫ ਮਹੀਨੇ ਦੀ ਸਜ਼ਾ ਦਿਤੀ ਗਈ ਤੇ ਆਪ ਜੀ ਦੀ ਵਿਦਵਤਾ ਤੇ ਪਦਵੀ ਦਾ ਭੀ ਖਿਆਲ ਨਾ ਕਰਦੇ ਹੋਏ ਸੀ. ਕਲਾਸ ਵਿਚ ਰਖ ਕੇ ਤਸੀਹੇ ਦਿਤੇ ਗਏ ਜਿਨ੍ਹਾਂ ਨੂੰ ਆਪ ਨੇ ਖਿੜੇ ਮਥੇ ਸਹਾਰਿਆ।

੧੯੪੧ ਵਿਚ ਜਦ ਸਰਬ ਹਿੰਦ ਕਾਂਗਰਸ ਨੇ "ਹਿੰਦ ਛੋੜੋ" ਦਾ ਮਤਾ ਪਾਸ ਕੀਤਾ ਤਾਂ ਸ: ਬਸੰਤ ਸਿੰਘ ਜੀ ਨੂੰ ਸਰਬ ਹਿੰਦ ਕਾਂਗਰਸ ਦੇ ਮੈਂਬਰ ਤੇ ਸੂਬਾ ਕਾਂਗਰਸ ਦੀ ਵਰਕਿੰਗ ਕਮੇਟੀ ਦੇ ਮੈਂਬਰ ਹੋਣ ਕਰਕੇ ਗ੍ਰਿਫਤਾਰ ਕਰ ਲਿਆ ਗਿਆ। ੮ ਮਹੀਨੇ ਕਰੜੀ ਕੈਦ ਭੁਗਤਣ ਪਿਛੋਂ ਆਪ ਜੀ ਰਿਹਾ ਹੋ ਕੇ ਆਏ। ਕਾਫੀ ਅਰਸਾ ਆਪ ਸ਼੍ਰੋ: ਗੁ; ਪ੍ਰ: ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ

Digitized by Panjab Digital Library | www.panjabdigilib.org

ਰਹੇ ਤੇ ਇਸ ਅਰਸੇ ਵਿਚ ਆਪ ਨੇ ਬਹੁਤ ਸਾਰੇ ਗੁਰਦੁਆਰਿਆਂ ਤੇ ਸਕੂਲਾਂ ਨੂੰ ੪੪੧੨੫ ਰੁਪਏ ਸਹਾਇਤਾ ਦਵਾਈ । ਆਪ ਪੰਥ ਤੋਂ ਦੇਸ਼ ਲਈ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਲਈ ਤਿਆਰ ਰਹਿੰਦੇ ਹਨ ।

## ਭਾਈ ਸੁਦਾਗਰ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਲੰਢੇਕੇ ਵਿਚ ਸ: ਭੁਮਣ ਸਿੰਘ ਜੀ ਦੇ ਘਰ ਮਾਤਾ ਸੋਭ ਕੌਰ ਦੀ ਕੁਖ ਤੋਂ ਹੋਇਆ । ਆਪ ਛੇਵੇਂ ਜਥੇ ਨਾਲ ਜੈਤੋ ਗਏ ਤੇ ਨਾਭਾ ਬੀੜ ਵਿਚ ਬਹੁਤ ਸਾਰੀਆਂ ਤਕਲੀਫਾਂ ਸਹ ਰੀਆਂ ।

## ਭਾਈ ਗੁਜਰ ਸਿੰਘ ਜੀ ਲੰਢੇਕੇ

ਆਪ ਜੀ ਦਾ ਜਨਮ ਪਿੰਡ ਲੰਢੇਕੇ ਵਿਚ ਸ: ਘਾਲੀ ਸਿੰਘ ਦੇ ਘਰ ਮਾਤਾ ਪ੍ਰੇਮ ਕੌਰ ਦੀ ਕੁਖ ਤੋਂ ਹੋਇਆ । ਆਪ ਭੀ ਅਕਾਲੀ ਲਹਿਰ ਦੇ ਮੋਢੀਆਂ ਵਿਚੋਂ ਹਨ । ਆਪ ਨੇ ਕੀਰਤਨੀ ਜਥਾ ਬਣਾ ਕੇ ਪਥ ਦੀ ਬੜੀ ਸ਼ਾਨਦਾਰ ਸੇਵਾ ਕੀਤੀ । ਆਪ ਜੀ ਦੇ ਸਾਥੀ ਭਾ: ਕਰਨੈਲ ਸਿੰਘ ਸਪੁਤ੍ਰ ਭਾ: ਸੇਵਾ ਸਿੰਘ, ਭਾ: ਨਾਜ਼ਰ ਸਿੰਘ ਸਪੁਤ੍ਰ ਕਾਲਾ ਸਿੰਘ, ਭਾ: ਸਰਬਣ ਸਿੰਘ ਪਿਤਾ ਦੇਵਾ ਸਿੰਘ ਮਾਤਾ ਅਤਰ ਕੌਰ, ਭਾ: ਗੁਰਦਿਤ ਸਿੰਘ ਆਦਿ ਸਜਨ ਭੀ ਗੁਰੂ ਘਰ ਦੇ ਬੜੇ ਪ੍ਰੇਮੀ ਸਨ ਤੇ ਜੈਤੋ ਦੇ ਮੋਰਚੇ ਵਿਚ ਗਏ ਸਨ ।

ਇਸ ਨਗਰ ਦੇ ਸ: ਰਾਮ ਸਿੰਘ ਸਪੁਤ੍ਰ ਸ: ਸੁੰਦਰ ਸਿੰਘ, ਰਾਮ ਸਿੰਘ ਸਪੁਤ੍ਰ ਪੰਜਾਬ ਸਿੰਘ, ਵਰਿਆਮ ਸਿੰਘ ਸਪੁਤ੍ਰ ਬੂੜ ਸਿੰਘ, ਸੋਭਾ ਸਿੰਘ ਸਪੁਤ੍ਰ ਸ: ਜਗਤ ਸਿੰਘ, ਫੌਜਦਾਰ ਸਿੰਘ ਸਪੁਤਰ ਸ: ਪ੍ਰੇਮ ਸਿੰਘ ਆਦਿ ਸਜਨ ਜਥੇ ਦੀ ਸੇਵਾ ਵਾਸਤੇ ਗੱਡੇ ਲੈ ਕੇ ਜੈਤੋ ਗਏ ਅਤੇ ਇਨ੍ਹਾਂ ਦੇ ਗਡੇ ਖੋਹਕੇ ਪੁਲਸ ਨੇ ਨੀਲਾਮ ਕਰ ਦਿਤੇ । ਕਈ ਸਿੰਘ ਫਿਰ ਜਥਿਆਂ ਵਿਚ ਗਏ । ਇਸ ਨਗਰ ਵਿਚ ਅਕਾਲੀ ਲਹਿਰ ਦਾ ਬਹੁਤ ਪ੍ਰਚਾਰ ਸੀ । ਇਥੋਂ ਦੇ ਸ: ਸਰਬਣ ਸਿੰਘ ਸਪੁਤ੍ਰ ਸ: ਦੇਵਾ ਸਿੰਘ ਭਾਈ ਫੇਰੂ, ਜੈਤੋ ਤੇ ਗੁਰਦੁਆਰਾ ਦੀਨਾ ਪਰ ਕਬਜ਼ਾ ਕਰਨ ਸਮੇਂ ਜਥਾ ਲੈ ਕੇ ਗਏ ।

## ਭਾਈ ਸੁਦਾਗਰ ਸਿੰਘ ਜੀ ਮਾੜੀ ਬੁਗਰਾ

ਆਪ ਜੀ ਦਾ ਜਨਮ ਪਿੰਡ ਮਾੜੀ ਬੁਗਰਾ ਵਿਚ ਸ: ਸੁੰਦਰ ਸਿਘ ਜੀ ਦੇ ਘਰ ਮਾਤਾ ਹਰ ਕੌਰ ਦੀ ਕੁਖ ਤੋਂ ਹੋਇਆ । ਅਕਾਲੀ ਲਹਿਰ ਵਿਚ ਆਪ ਜੀ ਨੇ ਕਾਫੀ ਸੇਵਾ ਕੀਤਾ ਤੇ ਸ਼ਹੀਦੀ ਜਥਿਆਂ ਦੀ ਸੇਵਾ ਕਰਨ ਦੇ ਦੋਸ਼ ਵਿਚ ਤਿੰਨ ਮਹੀਨੇ ਜੇਲ੍ਹ ਕਟੀ ।

## ਘਲ ਕਲਾਂ ਦੇ ਅਣਖੀਲੇ ਤੇ ਮਸ਼ਹੂਰ ਅਕਾਲੀ

ਦੇਸ਼ ਕੌਮ ਅਤੇ ਗੁਰਦਵਾਰਿਆਂ ਨੂੰ ਆਜ਼ਾਦ ਕਰਾਉਣ ਹਿਤ ਮਰ ਮਿਟਣ ਵਾਲੇ ਮਰਜੀਉੜੇ ਜਿਨ੍ਹਾਂ ਨੇ ਮੋਰਚਾ ਮੁਕਤਸਰ, ਜੈਤੋ ਅਤੇ ਭਾਈ ਫੇਰੂ ਆਦਿ ਸਾਰਿਆਂ ਮੋਰਚਿਆਂ ਵਿਚ ਇਕ ਤੋਂ ਇਕ ਵਧ ਚੜ੍ਹ ਕੇ ਆਪਾ ਵਾਰਨ ਵਾਲੇ ਸਜਣਾਂ ਦੇ ਪਵਿਤਰ ਨਾਮ ਹੇਠਾਂ ਪੜ੍ਹੋ:—

ਸ: ਜੋਗਿੰਦਰ ਪਿਤਾ ਸ: ਸਾਧੂ ਸਿੰਘ ਮਾਤਾ ਮਹਾਂ ਕੌਰ ਆਪ ਮੰਨੇ ਪ੍ਰਮੰਨੇ ਅਕਾਲੀ ਲੀਡਰ ਸਨ ।

ਭਾਈ ਅਣੋਖ ਸਿੰਘ ਪਿਤਾ ਸੁਚੇਤ ਸਿੰਘ ਮਾਤਾ ਨੰਦ ਕੌਰ ਆਪ ਜੀ ਸਿਆਸੀ ਕੰਮਾਂ ਵਚ ਬੜੀਆਂ ਉਕਤੀਆਂ ਯੁਕਤੀਆਂ ਸੋਚਣ ਵਾਲੇ ਸਨ ।

Digitized by Panjab Digital Library | www.panjabdigilib.org

ਸ: ਫੱਗਣ ਸਿੰਘ ਪਿਤਾ ਵਰਿਆਮ ਸਿੰਘ ਮਾਤਾ ਰਾਮ ਕੌਰ ਆਪ ੧੯੧੪-੧੫ ਵਾਲਿਆਂ ਦੇ ਸਾਥੀ ਤੇ ੧੯੨੩ ਨੂੰ ਮੋਰਚਾ ਗੰਗਸਰ ਜੈਤੋ ਵੇਲੇ ਅਮਰੀਕਾ ਤੋਂ ਮੋਰਚੇ ਵਾਸਤੇ ਜਥਾ ਲੈ ਕੇ ਆਏ ਸਨ।

ਸ: ਮਸਾ ਸਿੰਘ ਆਪ ਕੱਟੜ ਅਕਾਲੀ, ਸਿਆਸੀ ਤੇ ਧਾਰਮਕ ਦੋਹਾਂ ਤੇ ਚਲਣ ਵਾਲੇ ਸਨ ਪਰ ਸਿਆਸਤ ਨਾਲੋਂ ਧਰਮ ਨੂੰ ਮੁਖ ਰਖਦੇ ਸਨ।

ਸ: ਹਰੀ ਸਿੰਘ ਪਿਤਾ ਬਾਗ ਸਿਘ

ਸੰਤਾ ਸਿੰਘ ਅਕਾਲੀ

ਸ: ਰਣ ਸਿੰਘ ਪਿਤਾ ਅਤਰ ਕੌਰ

ਨਰੈਣ ਸਿੰਘ ਮਹੰਤ

ਸ: ਬੁਢਾ ਸਿਘ ਪਿਤਾ ਨਥਾ ਸਿੰਘ

ਸ: ਮੱਸਾ ਸਿੰਘ

## ਭਾ: ਕਰਤਾਰ ਸਿਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਮੱਦੋਕੇ ਵਿਚ ਸ: ਜਿਉਣ ਸਿੰਘ ਜੀ ਦੇ ਘਰ ਮਾਤਾ ਭੋਲੀ ਦੀ ਕੁਖ ਤੋਂ ਹੋਇਆ। ਆਪ ਜੀ ਜੈਤੋ ਦੇ ਮੋਰਚੇ ਵਿੱਚ ੧੪ਵੇਂ ਜਥੇ ਨਾਲ ਗਏ ਅਤੇ ਬਹੁਤ ਤਸੀਹੇ ਸਹਾਰੇ। ਗੁਰਦਾਵਾਰਾ ਗੁਰੂਸਰ ਮੱਦੋਕੇ ਤਿਆਰ ਕਰਨ ਸਮੇਂ ਆਪ ਜੀ ਨੇ ਬਹੁਤ ਸੇਵਾ ਕੀਤੀ ਆਪ ਹਰਮਨ ਪਿਆਰੇ ਪੰਥ ਸੇਵਕ ਹਨ ਤੇ ਸਾਂਝੇ ਕੰਮ ਵਿੱਚ ਹਿੱਸਾ ਲੈਣ ਲਈ ਹਰ ਸਮੇਂ ਤੱਤ ਪਰ ਰਹਿੰਦੇ ਹਨ।

## ਭਾ: ਵੀਰ ਸਿੰਘ ਜੀ ਨਥੂਵਾਲ

ਆਪ ਜੀ ਦਾ ਜਨਮ ਪਿੰਡ ਨਥੂਵਾਲ ਵਿੱਚ ਸ: ਖਜ਼ਾਨ ਸਿੰਘ ਜੀ ਦੇ ਘਰ ਮਾਤਾ ਜਿੰਦ ਕੌਰ ਦੀ ਕੁਖ ਤੋਂ ਹੋਇਆ। ਪਹਿਲੇ ਆਪ ਗੁਰੂ ਕੇ ਬਾਗ ਦੇ ਮੋਰਚੇ ਵਿੱਚ ਗਏ। ਫਿਰ ਸ਼ਹੀਦੀ ਜਥਾ ਨੰ: ਛੇ ਵਿੱਚ ਡੇਢ ਸਾਲ ਦੀ ਸਜ਼ਾ ਨਾਭਾ ਬੀੜ ਵਿੱਚ ਕੱਟੀ। ਆਪ ਪੰਥਕ ਮੋਰਚਿਆਂ ਵਿਚ ਜਾਣ ਲਈ ਹਰ ਸਮੇ ਤਿਆਰ ਰਹਿੰਦੇ ਸਨ ਤੇ ਪੰਥ ਸੇਵਾ ਦਾ ਬਹੁਤ ਚਾ ਰਖਦੇ ਸਨ।

## ਭਾ: ਸੂਬਾ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਮਹਿਣਾ ਵਿੱਚ ਸ: ਸ਼ਾਮ ਸਿੰਘ ਜੀ ਦੇ ਘਰ ਹੋਇਆ। ਆਪ ਨੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਤੇ ਫਿਰ ਜੈਤੋ ਦੇ ਮੋਰਚੇ ਵਿੱਚ ਕੈਦਾਂ ਕੱਟੀਆਂ ਤੇ ਬਹੁਤ ਸਾਰੇ ਤਸੀਹੇ ਸਹਾਰੇ। ਜਦ ਤੱਕ ਮੋਰਚੇ ਫਤਹਿ ਨਹੀਂ ਹੋਇ। ਆਪ ਘਰ ਹੀ ਨਹੀਂ ਆਇ। ਇਸ ਨਗਰ ਦੇ ਭਾਈ ਨਿੱਕਾ ਸਿੰਘ ਜੀ ਸਪੁਤ੍ਰ ਸ: ਈਸ਼ਰ ਸਿੰਘ ਜੀ ਭੀ ਗੁਰੂ ਕੇ ਬਾਗ ਤੋਂ ਦੋਹਾਂ ਮੋਰਚਿਆਂ ਵਿਚ ਗਏ।

## ਭਾ: ਤੇਜਾ ਸਿੰਘ ਜੀ

ਆਪ ਜੀ ਦਾ ਜਨਮ ਪਿੰਡ ਮਹਿਣਾ ਪੜਾਉ ਵਿਚ ਸ: ਚਤਰ ਸਿੰਘ ਜੀ ਦੇ ਘਰ ਹੋਇਆ। ਜਦ ਅਕਾਲੀ ਲਹਿਰ ਦਾ ਆਰੰਭ ਹੋਇਆ ਤਾਂ ਆਪ ਜੀ ਨੇ ਪੁਤ੍ਰ ਦੀ ਸ਼ਾਦੀ ਕਰਕੇ ਪਿਛੋਂ ਆਪਣੇ ਸ਼ਹੀਦੀ ਗਾਨ੍ਹਾ ਬੰਨ ਲਿਆ ਤੇ ਕਿਹਾ ਕਿ ਮੈਂ ਪ੍ਰਨ ਲੈਂਦਾ ਹਾਂ ਕਿ ਜਦ ਤੱਕ ਸਾਰੇ ਗੁਰੂਦਾਵਾਰੇ ਆਜ਼ਾਦ ਨਹੀਂ ਹੋ ਜਾਂਦੇ ਮੈਂ ਘਰ ਨਹੀਂ ਆਵਾਂਗਾ। ਜੇਕਰ ਫਤਹਿ ਨਾ ਹੋਈ ਤਾਂ ਮੇਰਾ ਸਰੀਰ ਗੁਰੂ ਦੇ ਚਰਨਾਂ ਵਿੱਚ ਲੱਗ ਜਾਵੇਗਾ। ਆਪਨੇ ਇਸ ਪ੍ਰਣ ਪਰ ਬੜੀ ਦ੍ਰਿੜਤਾ ਨਾਲ ਅਮਲ ਕੀਤਾ ਤੇ ਗੁਰਦਾਵਾਰਾ ਐਕਟ ਬਣਨ ਤੋਂ ਪਿਛੋਂ ਵਾਪਸ ਆਇ।

## ਭਾ: ਗਿਆਨ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਮਹਿਣਾ ਵਿੱਚ ਸ: ਵੀਰ ਸਿੰਘ ਜੀ ਦੇ ਘਰ ਮਾਤਾ ਰਾਮ ਕੌਰ ਦੀ

Digitized by Panjab Digital Library | www.panjabdigilib.org

ਕੁਖ ਤੋਂ ਹੋਇਆ। ਆਪ ਨੂੰ ਬਚਪਨ ਵਿੱਚ ਹੀ ਪੰਥ ਸੇਵਾ ਹੀ ਲਗਨ ਲੱਗੀ ਤੇ ਭਾਈ ਫੇਰੂ ਭੁਜੰਗੀਆਂ ਦੇ ਜਥੇ ਨਾਲ ਗਏ ਤੇ ਬੋਸਟਲ ਜੇਹਲ ਲਾਹੌਰ ਵਿੱਚ ਤਿੰਨ ਮਹੀਨੇ ਸਜ਼ਾ ਕੱਟੀ। ਫਿਰ ਆਪ ਨੇ ਜੈਤੋ ਜਾਣ ਲਈ ਨਾਮ ਦਿੱਤਾ ਜੋ ਉਮਰ ਛੋਟੀ ਹੋਣ ਕਰਕੇ ਪ੍ਰਵਾਨ ਨਾ ਹੋਇਆ।

## ਸ: ਕਰਤਾਰ ਸਿੰਘ ਜੀ ਮੱਲੇਆਣਾ

ਆਪ ਜੀ ਦਾ ਜਨਮ ਪਿੰਡ ਮੱਲੇਆਣਾ ਜ਼ਿਲਾ ਫੀਰੋਜ਼ਪੁਰ ਵਿਚ ਸ: ਸੋਹਣ ਸਿੰਘ ਜੀ ਦੇ ਘਰ ਮਾਤਾ ਜੀਉਣ ਕੌਰ ਦੀ ਕੁਖ ਤੋਂ ੧੯੦੫ ਵਿਚ ਹੋਇਆ ਬਚਪਨ ਵਿੱਚ ਆਪ ਜੀ ਨੇ ਪੰਜਾਬੀ ਵਿਦਿਆ ਪੜ੍ਹੀ ਅਤੇ ਗੁਰਬਾਣੀ ਤੇ ਸਿੱਖ ਇਤਹਾਸ ਤੋਂ ਚੰਗੀ ਤਰ੍ਹਾਂ ਜਾਣੂ ਹੋ ਗਏ। ੧੯੨੮ ਵਿੱਚ ਆਪ ਸ਼ੰਘਾਈ (ਚੀਨ) ਚਲੇ ਗਏ। ਆਪ ਦੇ ਪਿਤਾ ਜੀ ਪਹਿਲੇ ਹੀ ਚੀਨ ਵਿਚ ਗਏ ਹੋਏ ਸਨ।

੧੯੨੮ ਵਿੱਚ ਜਦ ਗਦਰ ਪਾਰਟੀ ਦੀਆਂ ਸ਼ਾਖਾ ਹੋਰ ਦੇਸ਼ਾਂ ਵਿੱਚ ਭੀ ਕਾਇਮ ਕੀਤੀਆਂ ਗਈਆਂ ਅਤੇ ਭਾ: ਤੇਜਾ ਸਿੰਘ ਸੁਤੰਤ੍ਰ ਨੇ ਨਵੇਂ ਸਿਰੇ ਗਦਰ ਪਾਰਟੀ ਨੂੰ ਜਥੇ ਬੰਦ ਕਰਨਾ ਸ਼ੁਰੂ ਕੀਤਾ ਤਾਂ ਸਾਥੀ ਕਰਤਾਰ ਸਿੰਘ ਜੀ ਗਿਰਫਤਾਰ ਕਰ ਲਏ ਗਏ। ਦੋ ਮਹੀਨੇ ਮੁਕਦਮੇਂ ਵਿੱਚ ਤੇ ਦੋ ਮਹੀਨੇ ਦੀ ਕੈਦ ਕਰਕੇ ਜੇਹਲ ਅੰਦਰ ਰਖੇ ਗਏ ਅਤੇ ਪਿਛੋਂ ਬ੍ਰਤਾਨਵੀ ਸਰਕਾਰ ਦੇ ਹੁਕਮ ਅਨਸਾਰ ਜਬਰੀ ਤੌਰ ਪਰ ਡੀਪੋਟ ਕਰ ਦਿਤੇ ਗਏ। ਸ: ਕਰਤਾਰ ਸਿੰਘ ਜੀ ਚੀਨ ਜਾਣ ਤੋਂ ਪਹਿਲਾਂ ਅਕਾਲੀ ਲਹਿਰ ਵਿੱਚ ਵੱਧ ਚੜ੍ਹਕੇ ਹਿੱਸਾ ਲੈਂਦੇ ਰਹੇ ਅਤੇ ਸ਼ਹੀਦੀ ਜਥਾ ਨੰ: ੬ ਵਿੱਚ ਜੈਤੋ ਗਏ। ਚੀਨ ਤੋਂ ਵਾਪਸ ਆਕੇ ਆਪ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਏ ਅਤੇ ਹੁਣ ਤੱਕ ਆਜ਼ਾਦੀ ਆਮ ਤੇ ਖੁਸ਼ਹਾਲੀ ਲਈ ਜਦੋ-ਜਹਿਦ ਕਰ ਰਹੇ ਹਨ।

## ਭਾਈ ਮੇਵਾ ਸਿੰਘ ਜੀ ਸ਼ਹੀਦ

ਆਪ ਜੀ ਦਾ ਜਨਮ ਪਿੰਡ ਕਾਉਂਕੇ ਕਲਾਂ ਵਿਚ ਸ: ਵਰਿਆਮ ਸਿੰਘ ਜੀ ਦੇ ਘਰ ਹੋਇਆ। ਆਪ ਗੁਰੂ ਕੇ ਬਾਗ ਵਿਚ ਗਏ ਅਤੇ ਪੁਲਸ ਨੇ ਆਪ ਪਰ ਇਤਨੀ ਮਾਰ ਕੁਟਾਈ ਕੀਤੀ ਕਿ ਆਪ ਹਸਪਤਾਲ ਵਿਚ ਸ਼ਹੀਦ ਹੋ ਗਏ। ਆਪ ਗੁਰੂ ਘਰ ਦੇ ਬੜੇ ਪਰੇਮੀ ਸਨ ਅਤੇ ਪੰਥ ਸੇਵਾ ਲਈ ਹਰ ਵਕਤ ਤਿਆਰ ਬਰ ਤਿਆਰ ਰਹਿੰਦੇ ਸਨ।

## ਭਾਈ ਧੰਨਾ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਵਡੇ ਰਣਸ਼ੀਂਹ ਕੇ ਵਿਚ ਸ: ਹਰਨਾਮ ਸਿੰਘ ਜੀ ਦੇ ਘਰ ਮਾਤਾ ਨੰਦ ਕੌਰ ਦੀ ਕੁਖ ਤੋਂ ਹੋਇਆ। ਆਪ ਅਕਾਲੀ ਲਹਿਰ ਵਿਚ ਸ਼ਾਮਲ ਹੋਏ ਤੇ ਜੈਤੋ ਦੇ ਮੋਰਚੇ ਵਿਚ ਪਹਿਲੇ ਸ਼ਹੀਦੀ ਜਥੇ ਨਾਲ ਗਏ। ਜਿਸ ਸਮੇਂ ਗੋਲੀ ਚਲੀ ਆਪ ਜਥੇ ਦੇ ਨਾਲ ਸਨ ਪਰ ਆਪ ਬਚ ਗਏ। ਆਪ ਜੀ ਨੂੰ ਪੰਜ ਮਹੀਨੇ ਕਾਰਖਾਸ ਵਿਚ ਰੱਖ ਕੇ ਬਹੁਤ ਤਸੀਹੇ ਦਿੱਤੇ ਗਏ ਪਰ ਆਪ ਜੀ ਨੇ ਮਾਫੀ ਨਾ ਮੰਗੀ। ਆਪ ਜੀ ਪਰ ਮੁਕੱਦਮਾ ਬਣਾ ਕੇ ੭ ਸਾਲ ਸਖਤ ਸਜ਼ਾ ਸੁਣਾਈ ਗਈ ਅਤੇ ਇਕ ਹਜ਼ਾਰ ਰੁਪਿਆ ਜੁਰਮਾਨਾ ਕੀਤਾ ਗਿਆ। ਆਪ ਜੀ ਫੌਜੀ ਪੈਨਸ਼ਨਰ ਸਨ ਇਸ ਲਈ ਆਪ ਜੀ ਦੀ ਪੈਨਸ਼ਨ ਭੀ ਜ਼ਬਤ ਕਰ ਲਈ ਗਈ।

## ਭਾ: ਪੂਰਨ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਨੰਗਲ ਵਿਚ ਸ: ਸੱਜਣ ਸਿੰਘ ਜੀ ਦੇ ਘਰ ਮਾਤਾ ਕਿਸ਼ਨ ਕੌਰ ਦੀ ਕੁਖ ਤੋਂ ਹੋਇਆ। ਆਪ ੧੧ ਵੇਂ ਸ਼ਹੀਦੀ ਜਥੇ ਨਾਲ ਸ਼ਾਮਲ ਹੋ ਕੇ ਜੈਤੋ ਨੂੰ ਜਾ ਰਹੇ ਸਨ, ਜਦ ਜਥਾ ਗੋਬਿੰਦ ਪੁਰ ਰਿ: ਫਰੀਦ ਕੋਟ ਵਿਚ ਪੁਜਿਆ ਤਾਂ ਉਸ ਪਿੰਡ ਦੇ ਨੰਬਰਦਾਰ ਨੇ ਜਥੇ ਨੂੰ ਪਰ੍ਹਾ ਕਰਨ ਤੋਂ

Digitized by Panjab Digital Library | www.panjabdigilib.org

ਰੋਕਿਆ। ਭਾ: ਪੂਰਨ ਸਿੰਘ ਜੀ ਨਾਲ ਉਨ੍ਹਾਂ ਦੇ ਬਚਨ ਬਿਲਾਸ ਹੋਏ ਤੇ ਨੰਬਰਦਾਰ ਨੇ ਕਿਹਾ,ਤੁਹਾਨੂੰ ਕਿਸ ਦਾ ਹੁਕਮ ਹੈ। ਭਾ: ਪੂਰਨ ਸਿੰਘ ਨੇ ਕਿਹਾ,ਗੁਰੂ ਗੋਬਿੰਦ ਸਿੰਘ ਜੀ ਦਾ। ਨੰਬਰਦਾਰ ਨੇ ਕਿਹਾ,ਜੇ ਤੈਨੂੰ ਗੁਰੂ ਬਚਾ ਸਕਦਾ ਹੈ ਤਾਂ ਖੂਹ ਵਿਚ ਛਾਲ ਮਾਰ ਤਾਂ, ਭਾ: ਪੂਰਨ ਸਿੰਘ ਜੀ ਨੇ ਅਰਦਾਸ ਕਰਕੇ ਛਾਲ ਮਾਰ ਦਿੱਤੀ। ਆਪ ਜੀ ਨੂੰ ਸਖਤ ਸੱਟਾਂ ਵੱਜੀਆਂ, ਪਰ ਆਪ ਬਚ ਗਏ। ਸੰਗਤਾਂ ਨੇ ਕਿਹਾ ਕਿ ਆਪ ਦੀ ਸੇਵਾ ਸਫਲ ਹੋਈ, ਇਸ ਲਈ ਵਾਪਸ ਘਰ ਜਾਉ ਪਰ ਆਪ ਜੀ ਨੇ ਕਿਹਾ, ਮੈਂ ਜਥੇ ਨਾਲ ਜ਼ਰੂਰ ਜਾਵਾਂਗਾ। ਆਪ ਰਾਜ਼ੀ ਹੋ ਕੇ ਜਥੇ ਨਾਲ ਗਏ ਤੇ ਮੋਰਚਾ ਫਤਹਿ ਹੋਣ ਪਰ ਵਾਪਸ ਆਏ।

## ਭਾਈ ਰਤਨ ਸਿਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਲੁਹਾਰਾ ਵਿਚ ਸ: ਅਨੋਖ ਸਿੰਘ ਜੀ ਦੇ ਘਰ ਹੋਇਆ। ਆਪ ਜੈਤੋ ਦੇ ਮੋਰਚੇ ਵਿਚ ੬ਵੇਂ ਸ਼ਹੀਦੀ ਜਥੇ ਨਾਲ ਜਾ ਰਹੇ ਸਨ ਤਾਂ ਦੁਆਬੇ ਦੇ ਨਗਰ ਸੂਸ ਵਿਚ ਆਪ ਸ਼ਹੀਦੀ ਪਾ ਗਏ। ਆਪ ਗੁਰੂ ਘਰ ਦੇ ਬੜੇ ਪ੍ਰੇਮੀ ਸਨ। ਆਪ ਨੇ ਗੁਰੂ ਕੇ ਬਾਗ ਤੇ ਭਾਈ ਫੇਰੂ ਦੇ ਮੋਰਚੇ ਵਿਚ ਭੀ ਸਜ਼ਾਵਾਂ ਕਟੀਆਂ। ਆਪ ਹਰ ਸਮੇਂ ਕੁਰਬਾਨੀ ਕਰਨ ਲਈ ਤਿਆਰ ਰਹਿੰਦੇ ਸਨ। ਆਪ ਜੀ ਦੀ ਉਥੇ ਸ਼ਹੀਦੀ ਯਾਦਗਾਰ ਕਾਇਮ ਹੋਈ।

## ਭਾਃ ਮੋਤਾ ਸਿੰਘ ਜੀ ਸ਼ਹੀਦ

ਆਪ ਜੀ ਦਾ ਜਨਮ ਪਿੰਡ ਲੋਪੋਂ ਵਿਚ ਸ: ਭੁਮਣ ਸਿੰਘ ਜੀ ਦੇ ਘਰ ਹੋਇਆ। ਆਪ ਜੀ ਸ਼ਹੀਦੀ ਜਥਾ ਨੰਬਰ ੬ ਵਿਚ ਗਏ ਅਤੇ ਨਾਭਾ ਬੀੜ ਦੀਆਂ ਸਖਤੀਆਂ ਸਹਿੰਦੇ ਹੋਏ ਜੇਲ੍ਹ ਵਿਚ ਹੀ ਸ਼ਹੀਦ ਹੋ ਗਏ। ਆਪ ਜੀ ਦੀ ਸਪੁਤਨੀ ਰਾਮ ਕੌਰ ਗੁਰੂ ਘਰ ਦੀ ਪ੍ਰੇਮਣ ਤੇ ਅਕਾਲੀ ਬਾਣੇ ਵਿਚ ਰਹਿ ਕੇ ਗੁਰਦੁਆਰਿਆਂ ਦੀ ਸੇਵਾ ਕਰਦੇ ਹਨ।

## ਭਾਃ ਤੇਗਾ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਭਾਗੀ ਕੇ ਵਿਚ ਸ: ਅਨੋਖ ਸਿੰਘ ਜੀ ਦੇ ਘਰ ਮਾਤਾ ਰਾਮ ਕੌਰ ਦੀ ਕੁਖ ਤੋਂ ਹੋਇਆ। ਜਦ ਅਕਾਲੀ ਲਹਿਰ ਚਲੀ ਤਾਂ ਆਪ ਜੀ ਨੇ ਪਲਟਨ ਵਿਚ ਕਾਲੀ ਪੱਗ ਬੰਨੀ ਤੇ ਨਾਮ ਕਟਾ ਕੇ ਵਾਪਸ ਆ ਗਏ। ਪਹਿਲੇ ਆਪ ੨੫ ਸਿੰਘਾਂ ਦੇ ਜਥੇ ਨਾਲ ਜੈਤੋ ਗਏ ਤੇ ਰੀਵਾੜੀ ਲੈ ਜਾਕੇ ਛਡੇ ਗਏ। ਫਿਰ ਆਪ ਮੁਕਤਸਰ ਸਾਹਿਬ ਤੋਂ ਗ੍ਰਿਫਤਾਰ ਕੀਤੇ ਗਏ ਤੇ ਇਕ ਸਰਲ ਕੈਦ ਕਟੀ। ਫਿਰ ਆਪ ੧੪ਵੇਂ ਸ਼ਹੀਦੀ ਜਥੇ ਨਾਲ ਗਏ। ਦੇਸ਼ ਦੀ ਵੰਡ ਸਮੇਂ ਆਪ ਗੁਰਦੁਆਰਾ ਪੰਜਾ ਸਾਹਿਬ ਦੀ ਰਖਿਆ ਲਈ ਜਥਾ ਲੈ ਕੇ ਗਏ।

## ਭਾਃ ਹਰੀ ਸਿੰਘ ਜੀ ਸ਼ਹੀਦ

ਆਪ ਜੀ ਦਾ ਜਨਮ ਪਿੰਡ ਬਲਾਸ ਪੁਰ ਵਿਚ ਸ: ਦੇਵਾ ਸਿੰਘ ਜੀ ਦੇ ਘਰ ਮਾਤਾ ਕ੍ਰਿਪਾ ਕੌਰ ਦੀ ਕੁਖ ਤੋਂ ਹੋਇਆ। ਆਪ ਨੇ ਅਕਾਲੀ ਲਹਿਰ ਸਮੇਂ ਪਲਟਨ ਵਿਚ ਦਾਹੜੀ ਖੁਲ੍ਹੀ ਰਖਣ ਦੇ ਦੋਸ਼ ਵਿਚ ੨੮ ਦਿਨ ਕੈਦ ਕੱਟੀ ਤੇ ਨਾਮ ਕਟਾ ਕੇ ਘਰ ਆ ਗਏ। ਜੈਤੋ ਦੇ ਮੋਰਚੇ ਸਮੇਂ ਆਪ ਸ਼ਹੀਦੀ ਜਥੇ ਨਾਲ ਗਏ ਤੇ ਨਾਭੇ ਬੀੜ ਦੀਆਂ ਸਖਤੀਆਂ ਸਹਾਰਦੇ ਹੋਏ ਜੇਲ੍ਹ ਵਿਚ ਹੀ ਸ਼ਹੀਦ ਹੋ ਗਏ।

## ਭਾਃ ਅਰਜਨ ਸਿੰਘ ਜੀ ਸ਼ਹੀਦ

ਆਪ ਜੀ ਦਾ ਜਨਮ ਪਿੰਡ ਉਗੋਕੇ ਵਿੱਚ ਸ: ਪ੍ਰੇਮ ਸਿੰਘ ਜੀ ਦੇ ਘਰ ਮਾਤਾ ਭਾਗ ਕੌਰ ਦੀ ਕੁਖ

Digitized by Panjab Digital Library | www.panjabdigilib.org

ਤੋਂ ਹੋਇਆ । ਆਪ ੩੦ ਸਾਲ ਦੀ ਜਵਾਨੀ ਦੀ ਉਮਰ ਵਿੱਚ ਭਾਈ ਫੇਰੂ ਦੇ ਮੋਰਚੇ ਵਿੱਚ ਗਏ ਤੇ ਉਥੇ ਹੀ ਸ਼ਹੀਦੀਆਂ ਪਾ ਗਏ ।

## ਭਾ: ਉਜਾਗਰ ਸਿੰਘ ਜੀ ਉਗੋਕੇ

ਆਪ ਜੀ ਦਾ ਜਨਮ ਪਿੰਡ ਉਗੋਕੇ ਵਿੱਚ ਸ: ਸੌਣ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਨੰਦ ਕੌਰ ਕੌਰ ਦੀ ਕੁਖ ਤੋਂ ਹੋਇਆ । ਬਚਪਨ ਵਿੱਚ ਆਪ ਜੀ ਨੇ ਗੁਰਮੁਖੀ ਵਿਦਿਆ ਪੜ੍ਹੀ ਤੇ ਗੁਰੂ ਘਰ ਨਾਲ ਅਤੁਟ ਪ੍ਰੇਮ ਹੋਗਿਆ । ਅਕਾਲੀ ਲਹਿਰ ਵਿੱਚ ਆਪ ਜੀ ਨੇ ਗੁਰੂ ਕੇ ਬਾਗ ਦੇ ਮੋਰਚੇ ਵਿੱਚ ਕੈਦ ਕਟੀ ਤੇ ਮਾਰ ਕੁਟਾਈ ਸਹਾਰੀ । ਉਥੋਂ ਵਾਪਸ ਆਕੇ ਆਪ ਜੀ ਨੇ ਜੈਤੋ ਦੇ ਮੋਰਚੇ ਵਿੱਚ ਸ਼ਹੀਦੀ ਜਥਿਆ ਦੀ ਬੜੇ ਪ੍ਰੇਮ ਨਾਲ ਸੇਵੀ ਕੀਤੀ ਜਿਸ ਪਰ ਆਪ ਵਿਰੁਧ ਮੁਕਦਮਾ ਚਲਾਇਆ ਗਿਆ ਤੇ ਨੰਬਰਦਾਰੀ ਸਦਾ ਵਾਸਤੇ ਜ਼ਬਤ ਕਰਨ ਤੋਂ ਇਲਾਵਾ ਆਪ ਜੀ ਨੂੰ ੬ ਮਹੀਨੇ ਦੀ ਸਜ਼ਾ ਸੁਣਾਈ ਗਈ । ਆਪ ਗੁਰੂ ਘਰ ਦੇ ਪ੍ਰੇਮੀ ਹਨ ਤੇ ਕੌਮ ਦੀ ਸੇਵਾ ਲਈ ਹਰ ਸਮੇਂ ਤੱਤਪਰ ਰਹਿੰਦੇ ਹਨ ।

## ਭਾ: ਸੌਦਾਗਰ ਸਿੰਘ ਸ਼ਹੀਦ

ਆਪ ਜੀ ਦਾ ਜਨਮ ਪਿੰਡ ਉਗੋਕੇ ਵਿੱਚ ਸ: ਸੰਤਾ ਸਿੰਘ ਜੀ ਦੇ ਘਰ ਮਾਤਾ ਜਿੰਦ ਕੌਰ ਦੀ ਕੁਖ ਤੋਂ ਹੋਇਆ । ਆਪ ਦਾ ਸੁਭਾ ਬਚਪਨ ਤੋਂ ਹੀ ਹਰ ਮਨ ਪਿਆਰਾ ਸੀ । ੧੭ ਸਾਲ ਦੀ ਉਮਰ ਵਿੱਚ ਆਪ ਗੁਰੂ ਕੇ ਬਾਗ ਦੇ ਮੋਰਚੇ ਵਿੱਚ ਗਏ ਤੇ ਜ਼ਾਲਮ ਬੀ.ਟੀ. ਦੀ ਪੁਲਸ ਨੇ ਆਪ ਜੀ ਨੂੰ ਏਨੀ ਬੇਰਹਿਮੀ ਨਾਲ ਕੁਟਿਆ ਕਿ ਆਪ ਸ੍ਰੀ ਅੰਮ੍ਰਿਤਸਰ ਹਸਤਪਤਾਲ ਵਿੱਚ ਆ ਕੇ ਸ਼ਹੀਦ ਹੋ ਗਏ ।

## ਭਾ: ਹਰੀ ਸਿੰਘ ਜੀ ਸ਼ਹੀਦ

ਆਪ ਜੀ ਦਾ ਜਨਮ ਪਿੰਡ ਢੁਡੀਕੇ ਵਿੱਚ ਸ: ਸੁਹੇਲ ਸਿੰਘ ਜੀ ਦੇ ਘਰ ਮਾਤਾ ਰਾਮ ਕੌਰ ਦੀ ਕੁਖ ਤੋਂ ਹੋਇਆ ਆਪ ਨੇ ਅਕਾਲੀ ਲਹਿਰ ਵਿੱਚ ਕਾਫੀ ਹਿੱਸਾ ਲਿਆ ਤੇ ਆਪ ਮੋਰਚੇ ਵਿੱਚ ਜਾਂਦੇ ਹੀ ਸ੍ਰੀ ਅੰਮ੍ਰਿਤਸਰ ਸਾਹਿਬ ਜਾਕੇ ਸ਼ਹੀਦ ਹੋ ਗਏ ।

## ਭਾ: ਸਾਉਣ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਨਗਰ ਢੁਡੀਕੇ ਵਿੱਚ ਹੋਇਆ । ਆਮ ਗੁਰਦਾਵਾਰਾ ਗੁਰੂ ਕੇ ਬਾਗ ਜਥਾ ਲੈ ਕੇ ਗਏ ਤੇ ਗੁਰਦਾਵਾਰਾ ਹੇਹਰਾਂ ਪਰ ਕਬਜ਼ਾ ਕਰਨ ਸਮੇਂ ਭੀ ਆਪ ਜਥੇ ਦੇ ਮੋਢੀ ਸਨ । ਆਪ ਉਥੇ ੧੦ਦਿਨ ਰਹਿਕੇ ਸੇਵਾ ਕਰਦੇ ਰਹੇ ਜਦ ਗੁਰਦਾਵਾਰਾ ਚੰਗੀ ਤਰਾਂ ਪੰਥਕ ਪ੍ਰਬੰਧ ਹੇਠ ਆ ਗਿਆ ਤਾਂ ਆਪ ਵਾਪਸ ਆ ਗਏ ।

## ਭਾ: ਮੋਤਾ ਸਿੰਘ ਜੀ ਆਕਲੀ

ਆਪ ਜੀ ਦਾ ਪਿੰਡ ਭੀ ਢੁਡੀਕੇ ਹੈ । ਆਪ ੧੪ ਵੇਂ ਸ਼ਹੀਦੀ ਜਥੇ ਨਾਲ ਗਏ ਤੇ ਪੰਜਾਂ ਪਿਆਰਿਆਂ ਵਿਚੋਂ ਸਨ । ਪੌਣਾ ਮਹੀਨਾ ਜਥਾ ਸਫਰ ਵਿੱਚ ਰਿਹਾ ਤੇ ਆਪ ਜੀ ਨੇ ੧੧ ਮਹੀਨੇ ਕੈਦ ਕੱਟੀ । ਆਪ ਗੁਰਬਾਣੀ ਦੇ ਨਿਤ ਨੇਮੀ ਤੇ ਗੁਰਮੁਖ ਗੁਰ ਸਿੱਖ ਸਨ ।

## ਭਾ: ਗੁਰਮੁਖ ਸਿੰਘ ਜੀ

ਆਪ ਜੀ ਦਾ ਜਨਮ ਪਿੰਡ ਬਲਾਸਪੁਰ ਵਿੱਚ ਸ: ਫੁਮਣ ਸਿੰਘ ਜੀ ਦੇ ਘਰ ਹੋਇਆ ਆਕਾਲੀ ਲਹਿਰ ਦੇ ਆਰੰਭ ਹੋਣ ਸਮੇਂ ਆਪ ਨੰਬਰਦਾਰ ਸਨ ਪ੍ਰੰਤੂ ਨੰਬਰਦਾਰੀ ਜ਼ਬਤ ਹੋਣ ਦੀ ਪ੍ਰਵਾਹ ਨਾ ਕਰਦੇ ਹੋਇ ਜੈਤੋ ਦੇ ਮੋਰਚੇ ਵਿੱਚ ਗਏ ਤੇ ਇਕ ਸਾਲ ਦੀ ਸਜ਼ਾ ਕਟਕੇ ਆਏ । ਆਪ ਗੁਰੂ ਘਰ ਦੇ ਬੜੇ ਪ੍ਰੇਮੀ ਸਨ ।

Digitized by Panjab Digital Library | www.panjabdigilib.org

## ਭਾ: ਕਰਤਾਰ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਬਲਾਸਪੁਰ ਵਿੱਚ ਸ: ਸੁੰਦਰ ਸਿੰਘ ਜੀ ਦੇ ਘਰ ਹੋਇਆ। ਆਪ ਜੀ ਅਕਾਲੀ ਲਹਿਰ ਦੇ ਸਰਗਰਮ ਵਰਕਰ ਰਹੇ ਹਨ ਅਤੇ ਆਪ ਜੀ ਨੇ ਭਾਈ ਫੇਰੂ ਤੇ ਡਸਕੇ ਦੇ ਮੋਰਚੇ ਵਿੱਚ ਕੈਦਾਂ ਕੱਟੀਆਂ। ਆਪ ਦੇ ਖਾਨਦਾਨ ਨੇ ਗੁਰਦਾਵਾਰਾ ਤਖਤੂਪੁਰਾ ਸਾਹਿਬ ਦੀ ਇਮਾਰਤ ਬਨਾਉਣ ਵਿੱਚ ਵਧ ਚੜ੍ਹਕੇ ਹਿੱਸਾ ਪਾਇਆ। ਆਪ ਬੜੇ ਨਿਤ ਨੇਮੀ ਗੁਰਸਿੱਖ ਹਨ ਤੇ ਮੋਗੇ ਵਿੱਚ ਮੋਟਰਾਂ ਦਾ ਕੰਮ ਕਰਦੇ ਹਨ।

## ਭਾ: ਕੇਹਰ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਵਧਣੀ ਕਲਾਂ ਵਿੱਚ ਭਾਈ ਲਾਭ ਸਿੰਘ ਸਿੰਘ ਜੀ ਦੇ ਘਰ ਮਾਤਾ ਮਹਾਂ ਕੌਰ ਦੀ ਕੁਖ ਤੋਂ ਹੋਇਆ। ਪਹਿਲੇ ਆਪ ਗੁਰਦਾਵਾਰਾ ਗੰਗਸਰ ਦੇ ਮੋਰਚੇ ਵਿੱਚ ੨ ਸਾਲ ਕੈਦ ਰਹੇ। ਬਾਹਰ ਆਕੇ ਆਪ ਨੇ ਬਬੱਰ ਅਕਾਲੀਆਂ ਵਿੱਚ ਸ਼ਾਮਲ ਹੋ ਕੇ ਹਥਿਆਰ ਇਕਠੇ ਕਰਨੇ ਸ਼ੁਰੂ ਕੀਤੇ। ਹਥਿਆਰਾਂ ਲਈ ੩੦੦੦) ਤਿੰਨ ਹਜ਼ਾਰ ਰੁਪਇਆ ਇਕਠਾ ਕੀਤਾ। ਆਪ ਗ੍ਰਿਫਤਾਰ ਕਰ ਲਏ ਗਏ ਤੇ ਮੁਕਦਮਾ ਚਲਾ ਕੇ ੭ ਸਾਲ ਦੀ ਸਜ਼ਾ ਸੁਣਾਈ ਗਈ। ਆਪ ਮਦਰਾਸ ਜੇਲ੍ਹ ਵਿੱਚ ਭਾ: ਸਾ: ਭਾ: ਰਣਧੀਰ ਸਿੰਘ ਜੀ ਦੇ ਨਾਲ ਰਹੇ।

## ਜਥੇਦਾਰ ਮੇਹਰ ਸਿੰਘ ਜੀ ਚੂਹੜਚੱਕ

ਆਪ ਜੀ ਦਾ ਜਨਮ ਪਿੰਡ ਚੂਹੜਚੱਕ ਵਿੱਚ ਕਪਤਾਨ ਗੁਰਦਿੱਤ ਸਿੰਘ ਜੀ ਦੇ ਘਰ ਮਾਤਾ ਰੂਪ ਕੌਰ ਦੀ ਕੁਖ ਤੋਂ ਹੋਇਆ। ਆਪ ਨੇ ਦਸਵੀਂ ਪਾਸ ਹੀ ਕੀਤੀ ਸੀ ਤੇ ਕਿਸੇ ਸਰਕਾਰੀ ਨੌਕਰੀ ਵਿੱਚ ਜਾਣ ਦੀਆਂ ਤਿਆਰੀਆਂ ਕਰ ਰਹੇ ਸਨ ਕਿ ਅਕਾਲੀ ਲਹਿਰ ਆਰੰਭ ਹੋ ਗਈ ਤੇ ਆਪ ਦਾ ਜੋਸ਼ੀਲਾ ਦਿਲ ਜੋਸ਼ ਵਿੱਚ ਆ ਗਿਆ। ਆਪ ਜੈਤੋ ਦੇ ਮੋਰਚੇ ਵਿਚ ਤੀਜੇ ਜਥੇ ਦੇ ਕੰਪਨੀ ਕਮਾਂਡਰ ਹੋ ਕੇ ਸ਼ਹੀਦੀ ਜਥੇ ਨਾਲ ਗਏ ਅਤੇ ੪ ਸਾਲ ਕੈਦ ਰਹੇ। ਆਪ ਜੀ ਪਰ ਬਹੁਤ ਸਖਤੀਆਂ ਕੀਤੀਆਂ ਗਈਆਂ ਪਰ ਆਪ ਨੇ ਕੋਈ ਕਮਜ਼ੋਰੀ ਨਾ ਦਿਖਾਈ। ਆਪਦੇ ਉਦਮ ਨਾਲ ਗਰਲਜ਼ ਹਾਈ ਸਕੂਲ ਤੇ ਲੜਕਿਆਂ ਦਾ ਸਕੂਲ ਚਲਦੇ ਰਹੇ ਹਨ।

### ਆਪ ਜੀ ਦੀ ਹੋਰ ਪੰਥਕ ਸੇਵਾ

੧੯੦੧ ਤੋਂ ੧੯੨੦-੨੧ ਤਕ ਬਚਪਨ ਤੇ ਵਿਦਿਆ ਪ੍ਰਾਪਤੀ।

੧੯੨੧-੨੨ ਅਕਾਲੀ ਲਹਿਰ ਦੇ ਮੋਰਚਿਆਂ ਵਿਚ ਹਿਸਾ ਲੈਣ, ਗੁਰੂ ਕੇ ਬਾਗ ੬ ਮਹੀਨੇ ਬੋਸਟਲ ਜੇਲ੍ਹ ਲਾਹੌਰ ਵਿੱਚ ਸਖਤ ਸਜ਼ਾ। ਮੋਰਚਾ ਜੈਤੋ ਦੇ ਤੀਜੇ ਜਥੇ ਦੇ ਕੰਪਨੀ ਕਮਾਂਡਰ ਦੀ ਸੇਵਾ ਤੇ ਨਭਾ ਬੀੜ ਤੇ ਹੋਰ ਕੇਸ ਚਲਾ ਕੇ ੩ ਸਾਲ ਸਖਤ ਸਜ਼ਾ।

੧੯੨੬-੧੯੩੩ ਤਕ ਖਾਲਸਾ ਹਾਈ ਸਕੂਲ ਚੂਹੜ ਚਕ ਦੇ ਮੈਨੇਜਰ ਰਹੇ।

੧੯੩੪ ਤੋਂ ੧੯੪੪ ਤਹਿਸੀਲ ਚੂਨੀਆ ਜ਼ਿਲਾ ਲਾਹੌਰ, ਖਾਲਸਾ ਬੋਰਡਿੰਗ ਵਿੱਚ ਸੁਪ੍ਰਟੰਡੈਂਟ ਰਹੇ ਜਿਥੇ ਬੜੀ ਯੋਗਤਾ ਨਾਲ ਸੇਵਾ ਨਿਭਾਈ।

੧੯੪੬-੧੯੪੭ ਨੂੰ ਖਾਸ ਚੂਹੜ ਚਕ ਵਿੱਚ ਗੁਰਮਤ ਪਰਚਾਰ ਤੇ ਗੁਰਦਾਵਾਰੇ ਦੀ ਸੇਵਾ ਨੂੰ ਮੁਖ ਰਖ ਕੇ ਕੀਰਤਨੀ ਜੱਥੇ ਵਿਚ ਭਾਈ ਸ਼ੇਰ ਸਿੰਘ ਜੀ ਚੂਹੜ ਚਕ, ਭਾਈ ਉਦੇ ਸਿੰਘ ਜੀ ਚੂਹੜਚਕ, ਭਾਈ ਹਰਨਾਮ ਸਿੰਘ ਜੀ ਚੂਹੜ ਚਕ, ਭਾ:ਮੇਹਰ ਸਿੰਘ ਜੀ ਚੂਹੜਚਕ, ਭਾਈ ਸਰਨ ਸਿੰਘ ਆਦਿ ਸਜਣਾਂ ਦਾ ਜੱਥਾ ਗੁਰੂ ਕ੍ਰਿਪਾ ਨਾਲ ਹੁਣ ਤਕ ਮਿਲਕੇ ਸੋਹਣਾ ਕੰਮ ਚਲਾ ਰਿਹਾ ਹੈ।

Digitized by Panjab Digital Library | www.panjabdigilib.org

## ਭਾ: ਤ੍ਰਲੋਕ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਚੂਹੜ ਚੱਕ ਵਿੱਚ ਭਾ: ਪਾਲਾ ਸਿੰਘ ਜੀ ਦੇ ਘਰ ਹੋਇਆ। ਆਪ ਜੀ ਇਸ ਪਿੰਡ ਵਿਚੋਂ ਪਹਿਲੇ ਗੁਰਸਿਖ ਸਨ ਜਿੰਨ੍ਹਾਂ ਨੇ ਅਕਾਲੀ ਲਹਿਰ ਵਿਚ ਵਧ ਚੜ੍ਹ ਕੇ ਹਿਸਾ ਲਿਆ। ਆਪ ਬਰਮਾ ਵਿਚੋਂ ਆਇ ਸਨ। ਜੈਤੋ ਦੇ ਮੋਰਚੇ ਵਿਚ ਗਏ ਅਤੇ ਮੋਰਚਾ ਫਤਹਿ ਹੋ ਜਾਣ ਤੋਂ ਵਾਪਸ ਆਇ। ਆਪ ਨੇ ਅਕਾਲੀ ਲਹਿਰ ਵਿਚ ਬਹੁਤ ਸੇਵਾ ਕੀਤੀ।

## ਭਾ: ਹਰੀ ਸਿੰਘ ਜੀ ਸ਼ਹੀਦ

ਆਪ ਜੀ ਦਾ ਜਨਮ ਪਿੰਡ ਸਾਹੋਕੇ ਵਿੱਚ ਸ: ਮਨੀ ਸਿੰਘ ਦੇ ਘਰ ਮਾਤਾ ਸੋਹੀ ਦੀ ਕੁਖ ਤੋਂ ਹੋਇਆ। ਆਪ ਦਾ ਜਨਮ ਮਜ਼ਹਬੀ ਸਿੰਘਾਂ ਦੇ ਘਰ ਦਾ ਸੀ ਤੇ ਆਪ ਜੀ ਦੇ ਦਿਲ ਵਿੱਚ ਧਰਮ ਲਈ ਕੁਰਬਾਨ ਹੋਣ ਦਾ ਚਾਅ ਬਹੁਤ ਸੀ। ਭਾਈ ਫੇਰੂ ਦੇ ਮੋਰਚੇ ਵਿੱਚ ਕੈਦ ਹੋ ਕੇ ਗਏ ਤੇ ਅਟਕ ਜੇਲ੍ਹ ਵਿਚ ਜਾ ਕੇ ਸ਼ਹੀਦ ਹੋ ਗਏ।

## ਜ: ਪ੍ਰੇਮ ਸਿੰਘ ਜੀ ਮੱਲਕੇ

ਆਪ ਜੀ ਦਾ ਜਨਮ ਪਿੰਡ ਮੱਲਕੇ ਵਿੱਚ ਸ: ਹੀਰਾ ਸਿੰਘ ਜੀ ਦੇ ਘਰ ਮਾਤਾ ਅਤਰ ਕੌਰ ਦੀ ਕੁਖ ਤੋਂ ਹੋਇਆ। ਜਦ ਜੈਤੋ ਦਾ ਮੋਰਚਾ ਲਗਿਆ ਤੇ ਸਰਕਾਰ ਨੇ ਗੁਰਦਾਵਾਰਾ ਗੰਗਸਰ ਵਿੱਚ ਰਾਸ਼ਨ ਜਾਣਾ ਬੰਦ ਕਰ ਦਿੱਤਾ ਤਾਂ ਜੋ ਜਥਾ ਰਾਸ਼ਨ ਸੁਟਣ ਗਿਆ ਭਾਈ ਪ੍ਰੇਮ ਸਿੰਘ ਜੀ ਨੇ ਉਸ ਨੂੰ ਗੱਡਾ ਦਿੱਤਾ ਤੇ ਨਾਲ ਗਏ। ਰਾਸ਼ਨ ਸੁਟਕੇ ਆਪ ਵਾਪਸ ਆ ਗਏ ਸਨ ਪ੍ਰੰਤੂ ਦਿਲ ਵਿੱਚ ਫਿਰ ਜੋਸ਼ ਆਇਆ ਤਾਂ ਆਪ ੬ਵੇਂ ਸ਼ਹੀਦੀ ਜਥੇ ਨਾਲ ਸ਼ਾਮਲ ਹੋ ਕੇ ਜੈਤੋ ਗਏ। ਤੀਜੀ ਵੇਰ ਫਿਰ ਜਥਾ ਲੈ ਕੇ ਗਏ ਤੇ ਸੁਲਾਹ ਹੋਣ ਪਰ ਹੀ ਵਾਪਸ ਆਇ।

## ਭਾ: ਕੇਸਰ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਮਲਕੇ ਵਿੱਚ ਸ: ਜੈਮਲ ਸਿੰਘ ਜੀ ਦੇ ਘਰ ਮਾਤਾ ਮਹਿਤਾਬ ਕੌਰ ਦੀ ਕੁਖ ਤੋਂ ਹੋਇਆ। ਜਦ ਜੈਤੋ ਵਿੱਚ ਸਿੰਘਾਂ ਨੂੰ ਰਾਸ਼ਨ ਦੇਣ ਪਰ ਪਾਬੰਦੀਆਂ ਲਗਾ ਦਿੱਤੀਆਂ ਗਈਆਂ ਸਨ ਤਾਂ ਆਪ ਜੀ ਨੇ ਜਥੇ ਨਾਲ ਜਾ ਕੇ ਰਾਸ਼ਨ ਪਹੁੰਚਾਇਆ। ਪਹਿਲੇ ਸ਼ਹੀਦੀ ਜਥੇ ਪਰ ਗੋਲੀ ਚਲਣ ਸਮੇਂ ਆਪ ਨਾਲ ਸਨ। ਗੋਲੀ ਆਪ ਦੀ ਕ੍ਰਿਪਾਨ ਨੂੰ ਵਿੰਗੀ ਕਰਕੇ ਵਖੀ ਦੇ ਇਕ ਹਿੱਸੇ ਵਿਚੋਂ ਲੰਘ ਗਈ ਪਰ ਵਾਹਿਗੁਰੂ ਦੀ ਕ੍ਰਿਪਾ ਨਾਲ ਆਪ ਬਚ ਗਏ। ਨਾਲ ਦੇ ਸਾਥੀ ਇਹ ਦਸਦੇ ਸਨ ਕਿ ਆਪ ਜੀ ਪਰ ਜੋ ਭੂਰਾ ਸੀ ਉਸ ਵਿਚ ਗੋਲੀਆਂ ਦੇ ੩੬ ਛੇਕ ਹੋਏ ਪਰ ਆਪ ਫਿਰ ਭੀ ਬਚੇ ਰਹੇ, ਆਪ ਜੀ ਪਾਸੋਂ ਸਤਿਗੁਰਾਂ ਨੇ ਹੋਰ ਸੇਵਾ ਲੈਣੀ ਸੀ ਇਸ ਲਈ ਆਪ ਦੀ ਸਤਿਗੁਰੂ ਨੇ ਹਥ ਦੇਕੇ ਰਖਿਆ ਕੀਤੀ।

## ਭਾ: ਸੋਣ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਮੱਲਕੇ ਵਿੱਚ ਸ: ਅਨੋਖ ਸਿੰਘ ਜੀ ਦੇ ਘਰ ਹੋਇਆ। ਜੈਤੋ ਦੇ ਮੋਰਚੇ ਸਮੇਂ ਆਪ ਨੇ ਪਹਿਲਾਂ ਭੁਰਲੀ ਜਥੇ ਨਾਲ ਸ਼ਾਮਲ ਹੋ ਕੇ ਗੁਰਦਾਵਾਰਾ ਗੰਗਸਰ ਵਿੱਚ ਰਾਸ਼ਨ ਪਹੁੰਚਾਇਆ। ਉਪ੍ਰੰਤ ਆਪ ੬ ਵੇਂ ਸ਼ਹੀਦੀ ਜਥੇ ਨਾਲ ਜੈਤੋ ਗਏ ਤੇ ਮੋਰਚਾ ਫਤਿਹ ਹੋਣ ਤੱਕ ਨਾਭਾ ਬੀੜ ਵਿੱਚ ਕੈਦ ਰਹੇ। ਆਪ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਭੀ ਕੈਦ ਹੋ ਕੇ ਅਟਕ ਜੇਲ੍ਹ ਵਿੱਚ ਰਹੇ ਸਨ।

## ਗਿ: ਕਰਮ ਸਿੰਘ ਜੀ ਜੋਗੀ ਸਿਵੀਆਂ

ਆਪ ਦਾ ਜਨਮ ਪਿੰਡ ਸਿਵੀਆਂ ਵਿਚ ਸ: ਸੋਭਾ ਸਿੰਘ ਦੇ ਘਰ ਹੋਇਆ। ਆਪ ਗੁਰੂ ਕੇ ਬਾਗ ਦੇ ਮੋਰਚੇ ਵਿੱਚ ਗਏ ਤੇ ਗ੍ਰਿਫਤਾਰ ਹੋ ਕੇ ਅਟਕ ਜੇਲ੍ਹ ਵਿੱਚ ਕਸ਼ਟ ਸਹਾਰੇ। ਵਾਪਸ ਆ ਕੇ ਆਪ ਜੀ ਨੇ ਕੀਰਤਨ ਪ੍ਰਚਾਰ ਦਵਾਰਾ ਅਕਾਲੀ ਲਹਿਰ ਵਿੱਚ ਬਹੁਤ ਸੇਵਾ ਕੀਤੀ। ਆਪ ਦਾ ਕੀਰਤਨ ਰਸੀਲਾ ਤੇ

Digitized by Panjab Digital Library | www.panjabdigilib.org

ਮਸਤ ਕਰਨ ਵਾਲਾ ਹੁੰਦਾ ਸੀ। ਵਾਜੇ ਪਰ ਆਪ ਬੀਨ ਦੀ ਧੁਨ ਇਤਨੇ ਮਸਤ ਹੋ ਕੇ ਵਜਾਉਂਦੇ ਕਿ ਆਪ ਦਾ ਨਾਮ ਜੋਗੀ ਪੈ ਗਿਆ। ਆਪ ਮਾਲਵੇ ਦੇ ਪ੍ਰਸਿੱਧ ਪ੍ਰਚਾਰਕਾਂ ਵਿਚੋਂ ਹੋਇ ਹਨ।

## ਭਾਈ ਫੁਮਣ ਸਿਘ ਜੀ ਸ਼ਹੀਦ

ਆਪ ਜੀ ਦਾ ਜਨਮ ਪਿੰਡ ਵਾਂਦਰ ਵਿੱਚ ਸ: ਹਮੀਰ ਸਿੰਘ ਜੀ ਦੇ ਘਰ ਮਾਤਾ ਮਹਿਤਾਬ ਕੌਰ ਦੀ ਕੁਖ ਤੋਂ ਹੋਇਆ। ਆਪ ੨੨ ਸਾਲ ਦੀ ਉਮਰ ਵਿੱਚ ਪਹਿਲੇ ਸ਼ਹੀਦੀ ਜਥੇ ਨਾਲ ਜੈਤੋ ਗਏ ਅਤੇ ਜ਼ਾਲਮਾਂ ਦੀਆਂ ਗੋਲੀਆਂ ਨਾਲ ਸ਼ਹੀਦ ਹੋ ਗਏ। ਆਪ ਜੈਸੇ ਬਹਾਦਰ ਤੇ ਕੌਮ ਤੋਂ ਕੁਰਬਾਨ ਹੋਣ ਵਾਲੇ ਨੌਜਵਾਨਾਂ ਦਾ ਸਦਕਾ ਹੀ ਅਕਾਲੀ ਲਹਿਰ ਵਿੱਚ ਸਫਲਤਾ ਪ੍ਰਾਪਤ ਹੋਈ।

## ਭਾਈ ਸੁੰਦਰ ਸਿਘ ਜੀ ਸ਼ਹੀਦ

ਆਪ ਜੀ ਦਾ ਜਨਮ ਪਿੰਡ ਚੀਦਾ ਵਿੱਚ ਸ: ਨਥਾ ਸਿੰਘ ਜੀ ਦੇ ਘਰ ਮਾਤਾ ਰਤਨ ਕੌਰ ਦੀ ਕੁਖ ਤੋਂ ਹੋਇਆ। ਆਪ ਪਹਿਲੇ ਸ਼ਹੀਦੀ ਜਥੇ ਨਾਲ ਜੈਤੋ ਗਏ ਤੇ ਗੋਲੀ ਲਗਣ ਨਾਲ ਸ਼ਹੀਦ ਹੋ ਗਏ। ਆਪ ਦੀ ਉਮਰ ਉਸ ਸਮੇਂ ੪੫ ਸਾਲ ਦੀ ਸੀ। ਆਪ ਬ੍ਰਾੜ ਖਾਨਦਾਨ ਵਿਚੋਂ ਸਨ ਤੇ ਆਪ ਦੀ ਸੰਤਾਨ ਦੋ ਲੜਕੇ ਤੇ ਇਕ ਬੀਬੀ ਹੈ।

## ਭਾ: ਕਪੂਰ ਚੰਦ ਜੀ

ਆਪ ਜੀ ਦੇ ਪਿਤਾ ਦਾ ਨਾਮ ਦੌਲਤ ਮੱਲ ਸੀ। ਆਪ ਨੂੰ ਗੁਰੂ ਘਰ ਨਾਲ ਬਹੁਤ ਪਿਆਰ ਸੀ, ਇਸ ਕਰਕੇ ਆਪ ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ ਤੇ ਪੰਜ ਮਹੀਨੇ ਕੈਦ ਕਰਕੇ ਅਟਕ ਜੇਲ੍ਹ ਵਿਚ ਭੇਜੇ ਗਏ। ਆਪ ਕੱਟਰ ਸਹਿਜ ਧਾਰੀ ਸਿੱਖ ਸਨ ਤੇ ਗੁਰੂ ਘਰ ਦੀ ਸੇਵਾ ਲਈ ਹਰ ਸਮੇਂ ਤੱਤਪਰ ਰਹਿੰਦੇ ਸਨ।

## ਭਾ: ਇੰਦਰ ਸਿੰਘ ਜੀ ਕਿਰਤੀ

ਆਪ ਜੀ ਦਾ ਜਨਮ ਪਿੰਡ ਨਵੇਂ ਚੰਦ ਵਿਚ ਸ: ਗੌਰਾ ਸਿੰਘ ਜੀ ਦੇ ਘਰ ਮਾਤਾ ਹਰ ਕੌਰ ਦੀ ਕੁਖ ਤੋਂ ਹੋਇਆ। ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਅਕਾਲੀ ਲਹਿਰ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਰਹੇ। ਜਦ ਆਪ ਨੇ ਵੇਖਿਆ ਕਿ ਅਕਾਲੀ ਗ੍ਰੀਬਾਂ ਦੀ ਸੇਵਾ ਕਰਨ ਦੇ ਪ੍ਰੋਗਰਾਮ ਵਲੋਂ ਮੂੰਹ ਮੋੜ ਚੁਕੇ ਹਨ ਤਾਂ ਆਪ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਏ ਤੇ ਸਾਰੀ ਉਮਰ ਆਜ਼ਾਦੀ, ਅਮਨ, ਤੇ ਰੋਟੀ ਲਈ ਜਦੋ ਜਹਿਦ ਕਰਦੇ ਰਹੇ। ਆਪ ਬੜੇ ਧੜੱਲੇਦਾਰ ਪ੍ਰਚਾਰਕ ਸਨ।

## ਜਥੇਦਾਰ ਸੱਜਣ ਸਿੰਘ ਜੀ ਭੇਖਾ

ਆਪ ਜੀ ਦਾ ਜਨਮ ਪਿੰਡ ਭੇਖਾ ਵਿਚ ਸ: ਅਨੋਖ ਸਿੰਘ ਜੀ ਦੇ ਘਰ ਮਾਤਾ ਮਹਿਤਾਬ ਕੌਰ ਦੀ ਕੁਖ ਤੋਂ ਹੋਇਆ। ਬਚਪਨ ਵਿਚ ਆਪ ਜੀ ਨੇ ਗੁਰਮੁਖੀ ਵਿਦਿਆ ਪੜ੍ਹੀ। ਜਵਾਨ ਹੋ ਕੇ ਆਪ ਚੀਨ ਚਲੇ ਗਏ ਤੇ ਸ਼ੰਘਾਈ ਵਿਚ ਦੇਸ਼ ਦੀ ਆਜ਼ਾਦੀ ਲਈ ਪ੍ਰਚਾਰ ਕਰਦੇ ਰਹੇ। ਇੱਥੋਂ ਆਪ ਨੂੰ ਡੀਪੋਟ ਕਰਕੇ ਵਾਪਸ ਭੇਜ਼ ਦਿੱਤਾ ਗਿਆ। ਜਦ ਅਕਾਲੀ ਲਹਿਰ ਆਰੰਭ ਹੋਈ ਤਾਂ ਆਪ ਜੀ ਨੇ ਉਸ ਵਿਚ ਕਾਫੀ ਹਿੱਸਾ ਲਿਆ। ਬਾਘੇ ਪੁਰਾਣੇ ਇਕ ਦੀਵਾਨ ਵਿਚ ਪ੍ਰਚਾਰ ਕਰਦੇ ਹੋਏ ਆਪ ਫੜੇ ਗਏ, ਤੇ ਡੇਢ ਸਾਲ ਦੀ ਸਜ਼ਾ ਤੇ ਦੋ ਸੌ ਰੁਪਿਆ ਜੁਰਮਾਨਾ ਹੋਇਆ। ਆਪ ਨੇ ਜੁਰਮਾਨਾ ਅਦਾ ਨਾ ਕੀਤਾ ਤੇ ਦੋ ਸਾਲ ਦੀ ਸਜ਼ਾ ਮੁਲਤਾਨ ਜੇਲ੍ਹ ਵਿਚ ਕੱਟੀ।

Digitized by Panjab Digital Library | www.panjabdigilib.org

## ਭਾਈ ਘੁਲਾ ਸਿੰਘ ਜੀ ਸ਼ਹੀਦ

ਆਪ ਜੀ ਦਾ ਜਨਮ ਪਿੰਡ ਭਲੂਰ ਵਿਚ ਸ: ਨਰੈਣ ਸਿੰਘ ਜੀ ਦੇ ਘਰ ਹੋਇਆ । ਇਸ ਸਿੰਘ ਦੇ ਦਿੱਲ ਵਿਚ ਪੰਥ ਦੀ ਸੇਵਾ ਕਰਨ ਦਾ ਬਹੁਤ ਚਾ ਸੀ । ਜਿਸ ਸਮੇਂ ਜੈਤੋ ਵਿਚ ਕੁਰਬਾਨੀ ਦਾ ਹਵਨ-ਕੁੰਡ ਰੱਚਿਆ ਗਿਆ ਤਾਂ ਆਪ ਉਸ ਵਿਚ ਆਹੂਤੀ ਪਾਉਣ ਲਈ ਤਿਆਰ ਹੋ ਗਏ । ਆਪ ਟਿੱਬੀ ਸਾਹਿਬ ਦੇ ਨੇੜੇ ਗੋਲੀ ਲੱਗਣ ਨਾਲ ਸ਼ਹੀਦ ਹੋ ਗਏ ।

**ਭਾ: ਨਰੈਣ ਸਿੰਘ ਜੀ ਸ਼ਹੀਦ:—** ਆਪ ਜੀ ਦਾ ਜਨਮ ਪਿੰਡ ਨਾਥੇ ਵਾਲ ਵਿਚ ਸ: ਉਤਮ ਸਿੰਘ ਜੀ ਦੇ ਘਰ ਮਾਤਾ ਚੰਦ ਕੌਰ ਦੀ ਕੁਖ ਤੋਂ ਹੋਇਆ । ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਗ੍ਰਿਫਤਾਰ ਕਰਕੇ ਨਾਭਾ ਬੀੜ ਵਿਚ ਰੱਖੇ ਗਏ । ਉੱਥੇ ਆਪ ਜੀ ਨੂੰ ਨਾਭੇ ਦੀ ਖੂਨੀ ਕਾਰਖਾਸ ਵਿਚ ਲਿਆ ਕੇ ਬਹੁਤ ਤਸੀਹੇ ਦਿੱਤੇ ਗਏ । ਜਦ ਆਪ ਮਰਨਾਊ ਹੋ ਗਏ ਤਾਂ ਛੱਡ ਦਿੱਤੇ ਗਏ । ਵਾਪਸ ਆਉਂਦੇ ਹੀ ਆਪ ਪਿੰਡ ਆ ਕੇ ਸ਼ਹੀਦ ਹੋ ਗਏ।

## ਭਾਈ ਫਤਹਿ ਸਿੰਘ ਜੀ ਮਜ਼ਹਬੀ

ਆਪ ਜੀ ਦਾ ਜਨਮ ਪਿੰਡ ਨੱਥੂ ਵਾਲਾ ਵਿਚ ਭਾਈ ਵਜ਼ੀਰ ਸਿੰਘ ਜੀ ਦੇ ਘਰ ਹੋਇਆ । ਆਪ ਜੈਤੋ ਦੇ ਮੋਰਚੇ ਵਿਚ ਨਾਭੇ ਬੀੜ ਵਿਚ ਕੈਦ ਰਹੇ । ਉਪ੍ਰੰਤ ਭਾ: ਫੇਰੂ ਦੇ ਮੋਰਚੇ ਵਿਚ ਕੈਦ ਕਰਕੇ ਅਟਕ ਜੇਲ੍ਹ ਵਿਚ ਭੇਜੇ ਗਏ। ਆਪ ਜੀ ਨੂੰ ਜੇਲ੍ਹ ਵਿਚ ਬਹੁਤ ਸਾਰੀਆਂ ਤਕਲੀਫਾਂ ਦਿੱਤੀਆਂ ਗਈਆਂ ਅਤੇ ਮਾਰ-ਕੁਟਾਈ ਇਤਨੀ ਹੋਈ ਕਿ ਆਪ ਅੱਖਾਂ ਤੋਂ ਆਰੀ ਹੋ ਗਏ।

## ਭਾਈ ਸੋਹਣ ਸਿਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਆਲਮ ਵਾਲਾ ਵੱਡਾ ਵਿਚ ਸ: ਬੱਗਾ ਸਿੰਘ ਜੀ ਦੇ ਘਰ ਹੋਇਆ । ਅਕਾਲੀ ਲਹਿਰ ਵਿਚ ਆਪ ਜੀ ਨੇ ਵਧ ਚੜ੍ਹ ਕੇ ਹਿੱਸਾ ਲਿਆ ਅਤੇ ਗੁਰੂ ਕੇ ਬਾਗ ਵਿਚ ਜਾ ਕੇ ਸਖਤੀਆਂ ਸਹਾਰੀਆਂ । ਆਪ ਧਾਰਮਕ ਰੁਚੀਆਂ ਵਾਲੇ ਤੇ ਸੰਤਾਂ ਦੇ ਸੇਵਕ ਸਨ, ਇਸ ਕਰਕੇ ਆਪ ਜੀ ਨੇ ਆਪਣੇ ਪਾਸੋਂ ਜ਼ਮੀਨ ਦੇ ਕੇ ਗੁਰਦਵਾਰਾ ਬਣਵਾਇਆ ਹੈ ।

## ਭਾਈ ਰਤਨ ਸਿੰਘ ਜੀ ਸ਼ਹੀਦ

ਆਪ ਜੀ ਦਾ ਜਨਮ ਪਿੰਡ ਲੰਡੇ ਵਿਚ ਭਾਈ ਦਿੱਤਾ ਸਿੰਘ ਦੇ ਘਰ ਹੋਇਆ । ਆਪ ਗੁਰੂ ਘਰ ਦੇ ਪ੍ਰੇਮੀ ਸਨ ਤੇ ਸੇਵਾ ਲਈ ਹਰ ਸਮੇਂ ਤੱਤਪਰ ਰਹਿੰਦੇ ਸਨ । ਆਪ ਛੇਵੇਂ ਸ਼ਹੀਦੀ ਜਥੇ ਨਾਲ ਜੈਤੋ ਗਏ, ਅਤੇ ਜੇਲ੍ਹ ਵਿਚ ਆਪ ਪਰ ਬਹੁਤ ਸਖਤੀਆਂ ਕੀਤੀਆਂ ਗਈਆਂ । ਨਾਭੇ ਦੀ ਖੂਨੀ ਕਾਰਖਾਸ ਵਿਚ ਲੈ ਜਾ ਕੇ ਇਤਨਾ ਕੁਟਿਆ ਗਿਆ ਕਿ ਆਪ ਜੇਲ੍ਹ ਵਿਚ ਹੀ ਸ਼ਹੀਦ ਹੋ ਗਏ ।

## ਭਾ: ਨਿਹਾਲ ਸਿੰਘ ਜੀ ਅਕਾਲੀ ਜੌਹਲ

ਆਪ ਜੀ ਦਾ ਜਨਮ ਪਿੰਡ ਧੱਲੇਕੇ ਵਿੱਚ ਸ: ਮੋਤਾ ਸਿੰਘ ਜੀ ਦੇ ਘਰ ਮਾਤਾ ਪ੍ਰੇਮ ਕੌਰ ਜੀ ਦੀ ਕੁਖ ਤੋਂ ਹੋਇਆ । ਆਪ ਪਹਿਲੇ ਸ਼ਹੀਦੀ ਜਥੇ ਨਾਲ ਜੈਤੋ ਗਏ ਤੇ ੧੧ ਮਹਨੇ ਬਾਵਲਕਾਂਟੀ ਕਿਲੇ ਵਿੱਚ ਰਖਕੇ ਨਾਭੇ ਬੀੜ ਵਿੱਚ ਲਿਆਂਦੇ ਗਏ ਤੇ ਬਹੁਤ ਸਾਰੇ ਤਸੀਹੇ ਦਿਤੇ ਗਏ। ਗੁਰੂ ਕੇ ਬਾਗ ਦੇ ਮੋਰਚੇ ਵਿੱਚ ਆਪ ਜੀ ਨੂੰ ਸਖਤ ਕੁਟ ਮਾਰ ਕੀਤੀ ਗਈ ਤੇ ਜੇਹਲ ਵਿੱਚ ਆਪ ਜੀ ਨੂੰ ੨੫ ਬੈਂਤਾਂ ਦੀ ਸਜ਼ਾ ਦਿੱਤੀ ਗਈ ਜਿਸ ਸਮੇਂ ਆਪ ਦੇ ਬੈਂਤ ਲਗਾਏ ਜਾ ਰਹੇ ਸਨ ਤਾਂ ਆਪ ੨੦ ਬੈਂਤਾਂ ਖਾਕੇ ਬੇਹੋਸ਼ ਹੋ ਗਏ। ਲਾਹੌਰ ਜੇਹਲ ਵਿੱਚ ਭੀ ਆਪ ਨੇ ਬਹੁਤ ਸਾਰੀਆਂ ਸਖਤੀਆਂ ਸਹਾਰੀਆਂ।

Digitized by Panjab Digital Library | www.panjabdigilib.org

## ਭਾ: ਕ੍ਰਿਪਾਲ ਸਿੰਘ ਜੀ ਨਵੇਂ ਚੰਦ

ਆਪ ਜੀ ਦਾ ਜਨਮ ਪਿੰਡ ਨਵੇਂ ਚੰਦ ਵਿਚ ਸ: ਬੁਲੰਦ ਸਿੰਘ ਜੀ ਦੇ ਘਰ ਹੋਇਆ। ਆਪ ਬੜੇ ਸਿਆਣੇ ਤੇ ਦਿਮਾਗੀ ਕੰਮ ਕਰਨ ਵਾਲੇ ਨੌਜਵਾਨ ਹਨ। ਜੈਤੋ ਦੇ ਮੋਰਚੇ ਵਿੱਚ ਜਥੇ ਵਿੱਚ ਗਏ ਤੇ ਨਾਭਾ ਬੀੜ ਵਿੱਚ ਬਹੁਤ ਸਾਰੀਆਂ ਸਖਤੀਆਂ ਸਹਾਰੀਆਂ। ਇਸ ਨਗਰ ਦੇ ਹੋਰ ਭੀ ਬਹੁਤ ਸਾਰੇ ਉਘੇ ਅਕਾਲੀ ਵਰਕਰ ਹੋਏ ਹਨ। ਆਪ ਸਦਾ ਪੰਥ ਦੀ ਚੜ੍ਹਦੀ ਕਲਾ ਵੇਖਣ ਦੇ ਚਾਹਵਾਨ ਹਨ ਅਤੇ ਵੈਦਕ ਵਿਚ ਭੀ ਬਹੁਤ ਮਾਹਰ ਹਨ, ਆਪ ਵਿਚ ਪੁਰਾਣੇ ਸਿੰਘਾਂ ਵਾਲੇ ਖਿਆਲ ਪਾਏ ਜਾਂਦੇ ਹਨ।

## ਭਾਈ ਸ਼ੇਰ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਚੋਟੀਆਂ ਠੋਬਾ ਸਿੰਘ ਵਿਚ ਸ: ਵਿਸਾਖਾ ਸਿੰਘ ਜੀ ਦੇ ਘਰ ਮਾਤਾ ਮਾਨ ਕੌਰ ਦੀ ਕੁਖ ਤੋਂ ਹੋਇਆ। ਆਪ ਜੀ ਜੈਤੋ ਦੇ ਮੋਰਚੇ ਵਿਚ ਗ੍ਰਿਫਤਾਰ ਕੀਤੇ ਗਏ ਤੇ ਆਪ ਨੂੰ ਪੰਜ ਸਾਲ ਦੀ ਸਜ਼ਾ ਤੇ ਇਕ ਹਜ਼ਾਰ ਰੁਪਯਾ ਜੁਰਮਾਨਾ ਕੀਤਾ ਗਿਆ। ਆਪ ਨੇ ਜੁਰਮਾਨਾ ਅਦਾ ਨਾ ਕੀਤਾ, ਜਿਸ ਕਰਕੇ ਇਕ ਸਾਲ ਸਜ਼ਾ ਹੋਰ ਕਟੀ, ਆਪ ਬੜੇ ਬਹਾਦਰ ਸਨ।

## ਲਾਲਾ ਬੰਸੀ ਲਾਲ

ਅਕਾਲੀ ਲਹਿਰ ਵਿਚ ਸਿੱਖਾਂ ਨਾਲ ਹਿੰਦੂ ਤੇ ਮੁਸਲਮਾਨ ਭੀ ਕਾਫੀ ਹਮਦਰਦੀ ਰਖਦੇ ਸਨ। ਡਾ: ਸੈਫਦੀਨ ਕਿਚਲੂ ਜੈਤੋ ਵਿਚ ਗ੍ਰਿਫਤਾਰ ਕੀਤੇ ਗਏ। ਪੰ: ਨਹਿਰੂ ਤੇ ਪ੍ਰੋ: ਗਿਡਵਾਨੀ ਭੀ ਗ੍ਰਿਫਤਾਰ ਹੋਏ। ਇਨ੍ਹਾਂ ਲੀਡਰਾਂ ਦੇ ਨਕਸ਼ਿ ਕਦਮ ਪਰ ਚਲਦੇ ਹੋਏ ਲਾਲਾ ਬੰਸੀ ਲਾਲ ਸਪੁਤਰ ਲਾਲਾ ਮੋਤੀ ਰਾਮ, ਪਿੰਡ ਜੇਮਲ ਵਾਲਾ ਭੀ ਸ਼ਹੀਦੀ ਜਥਿਆਂ ਨਾਲ ਜੈਤੋ ਦੇ ਮੋਰਚੇ ਵਿਚ ਗਏ ਤੇ ਗ੍ਰਿਫਤਾਰ ਕਰਕੇ ਨਾਭਾ ਬੀੜ ਵਿਚ ਰਖੇ ਗਏ। ਸਾਰੀ ਕੈਦ ਕਟ ਕੇ ਰਿਹਾ ਹੋਏ। ਆਪ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਿਰੋਪਾਉ ਦਿਤਾ ਗਿਆ।

## ਭਾਈ ਭਗਤ ਸਿੰਘ ਜੀ ਨੰਬਰਦਾਰ

ਆਪ ਜੀ ਦਾ ਜਨਮ ਪਿੰਡ ਜੈਮਲ ਵਾਲ ਵਿਚ ਸ: ਵੀਰ ਸਿੰਘ ਜੀ ਦੇ ਘਰ ਹੋਇਆ। ਅਕਾਲੀ ਲਹਿਰ ਦਾ ਆਪ ਪਰ ਇਹ ਅਸਰ ਹੋਇਆ ਕਿ ਆਪ ਜੀ ਨੰਬਰਦਾਰੀ ਦੀ ਕੋਈ ਪ੍ਰਵਾਹ ਨਾ ਕਰਦੇ ਹੋਏ ਜੈਤੋ ਦੇ ਮੋਰਚੇ ਵਿਚ ਗਏ ਤੇ ਸੁਲਾਹ ਹੋਣ ਤੱਕ ਕੈਦ ਰਹੇ। ਸਰਕਾਰ ਨੇ ਇਸ ਦੋਸ਼ ਵਿਚ ਆਪ ਜੀ ਦੀ ਨੰਬਰਦਾਰੀ ਜ਼ਬਤ ਕਰ ਲਈ, ਇਸ ਤੋਂ ਪਿਛੋਂ ਭੀ ਆਪ ਕੌਮੀ ਕੰਮਾਂ ਵਿਚ ਵਧ ਚੜ੍ਹਕੇ ਹਿੱਸਾ ਲੈਂਦੇ ਰਹੇ।

## ਭਾਈ ਪ੍ਰੇਮ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਚੰਦ ਪੁਰਾਣੇ ਵਿਚ ਸ: ਸਰੂਪ ਸਿੰਘ ਜੀ ਦੇ ਘਰ ਹੋਇਆ। ਆਪ ਜੀ ਜੈਤੋ ਦੇ ਮੋਰਚੇ ਵਿਚ ਗਏ ਤੇ ਨਾਭਾ ਬੀੜ ਵਿਚ ਬਹੁਤ ਸਾਰੀਆਂ ਸਖਤੀਆਂ ਸਹੀਆਂ। ਪਿੰਡ ਵਿਚ ਆਪ ਜੀ ਨੇ ਸਕੂਲ ਖੁਲ੍ਹਵਾਇਆ ਤੇ ਕਈ ਗੁਰਦੁਆਰਿਆਂ ਦੀ ਸੇਵਾ ਕਰਵਾਈ।

## ਸ: ਕਿਸ਼ਨ ਸਿੰਘ ਜੀ ਆਲਮ ਵਾਲਾ

ਆਪ ਜੀ ਦਾ ਜਨਮ ਪਿੰਡ ਗਾਲਬ ਕਲਾਂ ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਵਿਖੇ ਹੋਇਆ। ਆਪ ਛੇ ਸਾਲ ਦੇ ਹੋਏ ਤਾਂ ਗੁਰਦਵਾਰੇ ਸੰਤਾਂ ਕੋਲ ਗੁਰਮੁਖੀ ਪੜ੍ਹਨ ਲਾ ਦਿਤਾ ਤਾਂ ਆਪ ਜੀ

Digitized by Panjab Digital Library | www.panjabdigilib.org

ਕੁਝ ਚਿਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠੀ ਹੋ ਗਏ। ਹੁਣ ਪਾਠੀ ਹੋ ਕੇ ਭੀ ਘਰ ਦੇ ਕੰਮਾਂ ਵਿਚ ਨਹੀਂ ਲਗੇ ਕਿਉਂਕਿ ਆਪ ਜੀ ਦੀ ਰੁਚੀ ਜ਼ਿਆਦਾ ਸੇਵਾ ਵਲ ਹੋਣ ਕਰਕੇ ਘਰੇਗੀ ਕੰਮਾਂ ਤੋਂ ਸੰਕੋਚ ਕਰਨ ਲਗੇ ਅਤੇ ਆਪ ਜੀ ਨੂੰ ਸੇਵਾ, ਬਾਣੀ ਪੜ੍ਹਣ ਅਤੇ ਕੀਰਤਨ ਕਰਨ ਦਾ ਬਹੁਤ ਹੀ ਸ਼ੌਕ ਸੀ। ਇਸ ਕਰਕੇ ਆਪ ਜੀ ਨੂੰ ਚੰਗੇ ਚੰਗੇ ਸੰਤ ਮਹਾਤਮਾ ਭੀ ਮਿਲਣ ਦੇ ਚਾਹਵਾਨ ਹੁੰਦੇ ਸਨ, ਜਿਸ ਕਰਕੇ ਪ੍ਰਮਾਰਥ ਰੁਚੀਆਂ ਦਿਨ ਪਰ ਦਿਨ ਬਣਨੀਆਂ ਸ਼ੁਰੂ ਹੋਈਆਂ।

ਸਾਦਾ ਲਿਬਾਸ, ਜਿਹਾ ਮਿਲਣਾ ਤੇਹਾ ਛਕਣਾ, ਪਾਣੀ ਤੱਤਾ ਕਰਕੇ ਵਿਚ ਸਿਰਫ ਲੂਣ ਪਾਕੇ ਖੁਲ੍ਹਾ ਛਕਣਾ, ਮਾਇਆ ਤੋਂ ਸੰਕੋਚ, ਪਖੰਡ ਦੇ ਵੈਰੀ, ਵਾਹ ਲਗਦੀ ਕਿਸੇ ਨੂੰ ਸੁਆਲ ਨਹੀਂ ਪਾਉਂਦੇ ਸਨ।

ਅੰਮ੍ਰਿਤ ਵੇਲੇ ਇਸ਼ਨਾਨ ਕਿਰਿਆ ਸੋਧ ਕੇ ਗੁਰਬਾਣੀ ਤੇ ਸ੍ਰੀ ਗੁਰੂ ਦੇ ਦਰਸ਼ਨ ਕਰ ਕੇ ਫੇਰ ਹੋਰ ਸੇਵਾ ਵਲ ਧਿਆਨ ਦੇਂਦੇ। ਦਿਨ ਭਰ ਬਚਿਆਂ ਨੂੰ ਪੜ੍ਹਾਈ ਕਰਾਉਂਦੇ, ਛੋਟੇ ਛੋਟੇ ਬਚਿਆਂ ਨੂੰ ਐਨੇ ਪਰੇਮ ਤੇ ਤਰੀਕੇ ਨਾਲ ਪੜ੍ਹਾਉਂਦੇ ਕਿ ਪਾਠ ਕਰਦੇ ਸਾਰ ਹੀ ਸ਼ੁਧ ਪਾਠੀ ਹੋ ਜਾਂਦੇ। ਆਪ ਜੀ ਨੇ ਗੁਰਮੁਖੀ ਵਿਦਿਆ ਦੀ ਪੜ੍ਹਾਈ ਕਮਾਈ ਹੈ ਜੋ ਘਟ ਹੀ ਹੋਰ ਕਿਸੇ ਦੇ ਵਿਰਸੇ ਵਿਚ ਆਈ ਹੋਵੇਗੀ। ਆਪ ਜੀ ਦੇ ਐਸੇ ਗੁਣਾਂ ਤੇ ਸਾਦੇ ਜੀਵਨ ਨੂੰ ਵਡਿਆਂ ਵਡਿਆਂ ਦੇ ਹਿਰਦੇ ਵਿਚ ਥਾਂ ਮਿਲੀ ਹੋਈ ਹੈ। ਆਪ ਜੀ ਨੇ ਅਕਾਲੀ ਲਹਿਰ ਵਿਚ ਬਹੁਤ ਹਿਸਾ ਲਿਆ।

## ਜਥੇਦਾਰ ਖਜ਼ਾਨ ਸਿੰਘ ਜੀ ਸਿੰਘਾਂਵਾਲਾ

ਭਾਈ ਖਜ਼ਾਨ ਸਿੰਘ ਜੀ ਦਾ ਜਨਮ ਪਿੰਡ ਸਿੰਘਾਂਵਾਲਾ, ਤਹਿਸੀਲ ਮੋਗਾ ਜ਼ਿਲਾ ਫੀਰੋਜ਼ਪੁਰ ਵਿਖੇ ਹੋਇਆ। ਬਚਪਨ ਤੇ ਜੋਬਨ ਦੋਨੋਂ ਅਵਸਥਾ ਤਾਂ ਪੇਂਡੂ ਖਿਆਲਾਂ ਵਿਚ ਬਤੀਤ ਕੀਤੀਆਂ। ਜਦ ੧੯੨੧ ਵਿਚ ਅਕਾਲੀ ਲਹਿਰ ਪ੍ਰਾਰੰਭ ਹੋਈ ਤਾਂ ਅਕਾਲੀਆਂ ਉਪਰ ਸਰਕਾਰ ਵਲੋਂ ਹੋ ਰਹੀਆਂ ਸਖਤੀਆਂ ਨੂੰ ਨਾ ਸਹਾਰਦੇ ਹੋਏ ਕੁਰਬਾਨੀ ਦੇ ਮੈਦਾਨ ਵਿਚ ਪਿਆਰੇ ਸਪੁਤਰ ਸਮੇਤ ਕੁਦ ਪਏ ਅਤੇ ਪੁਤਰ ਨੂੰ ਹਥੀਂ ਜਥੇ ਵਿਚ ਭੇਜਿਆ। ਹੋਰ ਮਾਇਕ ਸਹਾਇਤਾ ਵੀ ਬਹੁਤ ਕੀਤੀ ਆਪ ਦੇ ਕੁਰਬਾਨੀ ਮਾਦੇ ਦੇ ਕਾਰਨ ਜ਼ਿਲਾ ਕਮੇਟੀ ਵਲੋਂ ਜ਼ਿਲੇ ਦੇ ਜਥੇਦਾਰ ਥਾਪੇ ਗਏ ਜਿਸ ਨੂੰ ਬੜੀ ਯੋਗਤਾ ਨਾਲ ਨਭਾਉਂਦੇ ਹੋਇਆਂ ਨੇ ਬਹੁਤ ਘਾਲਣਾ ਘਾਲੀ ਜਿਸ ਕਰਕੇ ਹਰ ਇਕ ਦੇ ਹਰਮਨ ਪਿਆਰੇ ਬਣ ਗਏ।

## ਭਾਈ ਸੰਤ ਸਿੰਘ ਜੀ ਸ਼ਹੀਦ

ਆਪ ਜੀ ਦਾ ਜਨਮ ਪਿੰਡ ਬਰਾਜ ਵਿੱਚ ਸ: ਕਾਲਾ ਸਿੰਘ ਜੀ ਦੇ ਘਰ ਮਾਤਾ ਕ੍ਰਿਸ਼ਨ ਕੌਰ ਦੀ ਕੁਖ ਤੋਂ ਹੋਇਆ। ਆਪ ਨੇ ਗੁਰੂ ਕੇ ਬਾਗ ਵਿੱਚ ਬਹੁਤ ਸਾਰੇ ਕਸ਼ਟ ਸਹਾਰੇ ਅਤੇ ਕੈਦ ਕਰ ਕੇ ਮੁਲਤਾਨ ਤੇ ਅਟਕ ਦੀਆਂ ਜੇਲ੍ਹਾਂ ਵਿੱਚ ਰਖੇ ਗਏ। ਜੇਲ੍ਹ ਵਿੱਚ ਆਪ ਜੀ ਨੂੰ ਇਤਨਾ ਕੁਟਿਆ ਗਿਆ ਕਿ ਆਪ ਮੂਰਛਤ ਹੋ ਗਏ। ਆਪ ਜੀ ਦੇ ਬਚਣ ਦੀ ਕੋਈ ਆਸ ਨਹੀਂ ਸੀ। ਸਿੰਘਾਂ ਨੇ ਸਚੇ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ ਜਿਸ ਦਾ ਸਦਕਾ ਆਪ ਬਚ ਗਏ। ਆਪ ਨੂੰ ਜਥੇ ਦੇ ਸਿੰਘਾਂ ਵਲੋਂ ਜਿੰਦਾ ਸ਼ਹੀਦ ਹੋਣ ਦਾ ਖਿਤਾਬ ਦਿੱਤਾ ਗਿਆ।

## ਭਾਈ ਨਥਾ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਕੋਟਲਾ ਰਾਏ ਕਾ ਵਿਚ ਸ: ਜੈਮਲ ਸਿੰਘ ਜੀ ਦੇ ਘਰ ਮਾਤਾ ਰਾਮ ਕੌਰ ਦੀ ਕੁਖ ਤੋਂ ਹੋਇਆ। ਆਪ ਬਾੜ੍ਹ ਖਾਨਦਾਨ ਦੇ ਚਮਕਦੇ ਸਤਾਰੇ ਸਨ। ਆਪ ਜੀ ਜੈਤੋ ਦੇ ਮੋਰਚੇ

Digitized by Panjab Digital Library | www.panjabdigilib.org

ਵਿਚ ਗਏ ਅਤੇ ਆਪ ਜੀ ਪਰ ਕਾਰਖਾਸ ਵਿਚ ਲੈ ਜਾ ਕੇ ਇਤਨੀਆਂ ਸਖਤੀਆਂ ਕੀਤੀਆਂ ਗਈਆਂ ਕਿ ਬੀੜ ਵਿਚ ਹੀ ਸ਼ਹੀਦ ਹੋ ਗਏ।

## ਭਾਈ ਤ੍ਰਲੋਕ ਸਿੰਘ ਜੀ

ਆਪ ਜੀ ਦਾ ਜਨਮ ਪਿੰਡ ਨਥੋਕੇ ਵਿੱਚ ਸ: ਪਾਲ ਸਿੰਘ ਜੀ ਦੇ ਘਰ ਹੋਇਆ। ਆਪ ਜੀ ਜੈਤੋ ਦੇ ਮੋਰਚੇ ਵਿੱਚ ਕੈਨੇਡਾ ਤੋਂ ਆਏ ਜਥੇ ਨਾਲ ਸ਼ੰਘਾਈ ਤੋਂ ਸ਼ਾਮਲ ਹੋਏ ਸਨ ਤੇ ਸਾਰੇ ਪੰਜਾਬ ਦਾ ਦੌਰਾ ਕਰਕੇ ਜੈਤੋ ਗਏ ਤੇ ਮੋਰਚਾ ਫਤਹਿ ਹੋਣ ਪਰ ਵਾਪਸ ਆਏ। ਆਪ ਬਾਣੀ ਦੇ ਪ੍ਰੇਮੀ ਗੁਰਸਿੱਖ ਸਨ ਤੇ ਪੰਥ ਲਈ ਕੁਰਬਾਨ ਹੋਣ ਲਈ ਹਰ ਸਮੇਂ ਤਿਆਰ ਰਹਿੰਦੇ ਸਨ।

## ਭਾਈ ਵਧਾਵਾ ਸਿੰਘ ਜੀ ਸ਼ਹੀਦ

ਆਪ ਜੀ ਦਾ ਜਨਮ ਪਿੰਡ ਉਗੋਕੇ ਵਿੱਚ ਸ: ਝੰਡਾ ਸਿੰਘ ਜੀ ਦੇ ਘਰ ਮਾਤਾ ਕਰਮ ਕੌਰ ਦੀ ਕੁਖ ਤੋਂ ਹੋਇਆ। ਆਪ ਪਹਿਲੇ ਸ਼ਹੀਦੀ ਜਥੇ ਨਾਲ ਜੈਤੋ ਗਏ ਅਤੇ ਗੋਲੀ ਲਗਨ ਨਾਲ ਸ਼ਹੀਦ ਹੋ ਗਏ। ਆਪ ਜੀ ਦੀ ਉਮਰ ਸ਼ਹੀਦ ਹੋਣ ਸਮੇਂ ੫੦ ਸਾਲ ਦੀ ਸੀ। ਆਪ ਗੁਰੂ ਘਰ ਦੇ ਪ੍ਰੇਮ ਸਨੇਹੀ ਤੇ ਧਾਰਮਕ ਰੁਚੀਆਂ ਵਾਲੇ ਗੁਰਸਿੱਖ ਸਨ।

## ਭਾ: ਬਲਵੰਤ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਛੋਟਾ ਘੋਲੀਆ ਵਿੱਚ ਸ: ਅਤਰ ਸਿੰਘ ਜੀ ਦੇ ਘਰ ਹੋਇਆ। ਆਪ ਜੀ ਪਹਿਲੇ ਸ਼ਹੀਦੀ ਜਥੇ ਨਾਲ ਜੈਤੋ ਗਏ। ਆਪ ਜੀ ਦੀ ਸਜੀ ਪਿੰਜਣੀ ਵਿੱਚੋਂ ਗੋਲੀ ਨਿਕਲ ਗਈ ਪਰ ਆਪ ਬਚ ਗਏ। ਮੋਰਚਾ ਫਤਹਿ ਹੋਣ ਪਰ ਰਿਹਾ ਹੋ ਕੇ ਆਏ।

## ਭਾਈ ਮਿੱਤ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਛੋਟਾ ਘੋਲੀਆ ਵਿੱਚ ਸ: ਬਦਨ ਸਿੰਘ ਜੀ ਦੇ ਘਰ ਹੋਇਆ। ਜਿਸ ਸਮੇਂ ਸ਼ੰਘਾਈ (ਚੀਨ) ਵਿਚ ਨੌਕਰੀ ਕਰਦੇ ਸਨ। ਕੈਨੇਡਾ ਤੋਂ ਜੋ ਜਥਾ ਆਇਆ ਆਪ ਉਸ ਨਾਲ ਸ਼ਾਮਲ ਹੋਇਆ ਤੇ ਜੈਤੋ ਦੇ ਮੋਰਚੇ ਵਿੱਚ ਭਾਗ ਲੈਣ ਲਈ ਆਏ। ਇਹ ਜਥਾ ਅਜੇ ਦੌਰਾ ਹੀ ਕਰ ਰਿਹਾ ਸੀ ਕਿ ਮੋਰਚਾ ਫਤਹਿ ਹੋ ਗਿਆ। ਆਪ ਸ਼੍ਰੋ: ਕਮੇਟੀ ਦੇ ਹੁਕਮ ਅਨੁਸਾਰ ਵਾਪਸ ਘਰਾਂ ਨੂੰ ਗਏ।

## ਭਾ: ਤੇਜਾ ਸਿੰਘ ਜੀ ਗਿੱਲ

ਆਪ ਜੀ ਦਾ ਜਨਮ ਪਿੰਡ ਗਿੱਲ ਵਿੱਚ ਸ: ਹੀਰਾ ਸਿੰਘ ਜੀ ਦੇ ਘਰ ਮਾਤਾ ਅਤਰ ਕੌਰ ਦੀ ਕੁਖ ਤੋਂ ਹੋਇਆ। ਪਹਿਲੇ ਆਪ ਗੁਰੂ ਕੇ ਬਾਗ ਦੇ ਮੋਰਚੇ ਵਿੱਚ ਗਏ ਤੇ ਬਹੁਤ ਸਾਰੀਆਂ ਤਕਲੀਫਾਂ ਸਹਾਰੀਆਂ ਅਤੇ ਫਿਰ ਆਪ ਛੇਵੇਂ ਜਥੇ ਵਿੱਚ ਜੈਤੋ ਦੇ ਮੋਰਚੇ ਵਿੱਚ ਗਏ ਅਤੇ ਨਾਭਾ ਬੀੜ ਵਿੱਚ ੧੪ ਮਹੀਨੇ ਕੈਦ ਰਹੇ। ਆਪ ਬੜੇ ਗੁਰਮੁਖ ਗੁਰਸਿੱਖ ਸਨ।

## ਭਾ: ਏਕਮ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਰਾਊਕੇ ਕਲਾਂ ਵਿਚੋਂ ਸ: ਪ੍ਰੇਮ ਸਿੰਘ ਜੀ ਦੇ ਘਰ ਮਾਤਾ ਰਾਮ ਕੌਰ ਦੀ ਕੁਖ ਤੋਂ ਹੋਇਆ। ਆਪ ਨੇ ਅਕਾਲੀ ਲਹਿਰ ਵਿੱਚ ਕਾਫੀ ਹਿੱਸਾ ਲਿਆ ਅਤੇ ਆਪ ਜੈਤੋ ਦੇ ਮੋਰਚੇ ਵਿੱਚ ਗਏ। ਆਪ ਬੜੇ ਚੰਗੇ ਵੈਦ ਸਨ ਤੇ ਸਾਰੀ ਉਮਰ ਮੁਫਤ ਦਵਾਈ ਦਿੰਦੇ ਰਹੇ।

## ਸਰਦਾਰ ਦਸੌਂਧਾ ਸਿੰਘ ਅਜੀਤ ਵਾਲ

ਸ: ਦਸੌਂਧਾ ਸਿੰਘ ਪਿੰਡ ਅਜੀਤ ਵਾਲ (ਅਸਟੇਸਨ) ਆਪ ਜੀ ਬੜੇ ਪੜ੍ਹਕੇ ਗੁਜ਼ੇ ਹੋਏ ਹੋਣ ਤੇ ਆਪ ਜੀ ਦੀ ਛੋਟੀ ਅਵਸਥਾ ਵਿੱਚ ਹੀ ਬਾਹਰ ਪ੍ਰਦੇਸ਼ਾਂ ਵਲ ਜਾਣ ਕਰਕੇ ਆਪ ਰਹਮ ਦਿਲ ਤੇ ਸਿਆਸੀ

Digitized by Panjab Digital Library | www.panjabdigilib.org

ਖਿਆਲਾਂ ਵਲ ਝੁਕਾ ਰਖਦਿਆਂ ਧਾਰਮਕ ਕੰਮ ਵਿੱਚ ਬੜਾ ਵਧ ਚੜ੍ਹਕੇ ਹਿਸਾ ਲੈਂਦੇ ਰਹੇ ਹਨ। ਆਪ ਜੀ ਦੇ ਖਿਆਲ ਬਹੁਤ ਹੀ ਅਗਾ ਵਧੂ ਹੋਣ ਤੇ ਇਲਾਕੇ ਦੀ ਉਨਤੀ ਵਾਰੇ ਕੁਝ ਨਾ ਕੁਝ ਸੋਚਦੇ ਹੀ ਰਹਿੰਦੇ ਹਨ।

## ਭਾਈ ਕਰਮ ਸਿੰਘ ਜੀ

ਆਪ ਪਿੰਡ ਅਜੀਤ ਵਾਲ ਜ਼ਿਲਾ ਫੀਰੋਜ਼ਪੁਰ ਦੇ ਰਹਿਣ ਵਾਲੇ ਹਨ। ਆਪ ਦੇ ਪਿਤਾ ਦਾ ਨਾਮ ਸ: ਚੰਦ ਸਿੰਘ ਤੇ ਮਾਤਾ ਚੰਦ ਕੌਰ ਸੀ, ਆਪ ਦਾ ਕੱਦ ਪੰਜ ਫੁਟ ਨੌਂ ਇੰਚ ਹੈ।

ਆਪ ਫੌਜ ਵਿਚ ਭਰਤੀ ਹੋਏ ਪਰ ਥੋੜੇ ਚਿਰ ਮਗਰੋਂ ਹੀ ਚਿੱਤ ਉਚਾਟ ਹੋ ਗਿਆ। ਗੁਰਦੁਆਰਾ ਲਹਿਰ ਜ਼ੋਰਾਂ ਵਿਚ ਸੀ ਤੇ ਆਪ ਨੇ ਆਪਣੇ ਦਿੱਲ ਨਾਲ ਫੈਸਲਾ ਕੀਤਾ ਕਿ ਸਰਕਾਰ ਦੀ ਗੁਲਾਮੀ ਨਾਲੋਂ ਪੰਥ ਦੀ ਸੇਵਾ ਕਰਨ ਵਿਚ ਬਹੁਤ ਸੁਆਦ ਆਵੇਗਾ, ਸੋ ਆਪ ਹੁਣ ਤੱਕ ਏਸੇ ਫੈਸਲੇ ਉੱਤੇ ਡਟੇ ਹੋਏ ਹਨ।

ਆਪ ਨੂੰ ਅਕਾਲੀ ਹੋਣ ਦੇ ਦੋਸ਼ ਵਿਚ ਫੌਜ ਵਿਚੋਂ ਡਿਸ ਮਿਸ ਕੀਤਾ ਗਿਆ। ੧੯੨੧ ਵਿਚ ਜਦੋਂ ਸਰਕਾਰ ਨੇ ਕ੍ਰਿਪਾਨ ਉੱਤੇ ਪਾਬੰਦੀ ਲਗਾਈ ਸੀ ਤੇ ਆਪ ਨੂੰ ਕ੍ਰਿਪਾਨ ਰੱਖਣ ਦੇ ਦੋਸ਼ ਵਿਚ ਬਗ਼ਦਾਦ ਤੋਂ ਗ੍ਰਿਫਤਾਰ ਕਰਕੇ ਪੰਜ ਸਾਲ ਦੀ ਕੈਦ ਕੀਤੀ ਗਈ। ੧੧ ਮਹੀਨੇ ਮਗਰੋਂ ਜਦੋਂ ਕ੍ਰਿਪਾਨ ਆਜ਼ਾਦ ਹੋਈ ਤਾਂ ਆਪ ਜੇਲ ਵਿਚੋਂ ਰਿਹਾ ਹੋ ਕੇ ਸ੍ਰੀ ਅਕਾਲ ਤਖਤ ਸਾਹਿਬ ਦਰਸ਼ਨਾਂ ਲਈ ਹਾਜ਼ਰ ਹੋਏ ਤੇ ਇਸ ਮੌਕੇ ਆਪ ਨੂੰ ਸਿਰੋਪਾ ਪੇਸ਼ ਕੀਤਾ ਗਿਆ।

੧੯੨੩ ਵਿਚ ਨਾਭੇ ਦੇ ਮੋਰਚੇ ਵਿਚ ਕੈਦ ਹੋ ਕੇ ੨੩ ਮਹੀਨੇ ਕੈਦ ਕੱਟੀ। ੧੯੨੯ ਵਿਚ ਸਿਵਲ ਨਾ ਫਰਮਾਨੀ ਦੇ ਦੋਸ਼ ਵਿਚ ੯ ਮਹੀਨੇ ਦੀ ਕੈਦ ਹੋਈ। ੧੯੩੦ ਵਿਚ ਕਿਸਾਨ ਲਹਿਰ ਵਿਚ ਕੰਮ ਕਰਨ ਦੇ ਅਪ੍ਰਾਧ ਸਦਕਾ ਪੰਜ ਸਾਲ ਦੀ ਕੈਦ ਹੋਈ ਤੇ ਆਪ ਨੂੰ ੧੯੩੫ ਵਿਚ ਰਿਹਾ ਕੀਤਾ ਗਿਆ। ਰਿ: ਕਲਸੀਆਂ ਵਿਰੁਧ ਲਾਏ ਗਏ ਮੋਰਚੇ ਵਾਸਤੇ ਆਪ ਨੇ ਸਖਤ ਐਜੀਟੇਸ਼ਨ ਕੀਤਾ ਤੇ ਅਖੀਰ ਇਸ ਰਿਆਸਤ ਵਿਚ ੯ ਮਹੀਨੇ ਕੈਦ ਭੁਗਤੀ ਤੇ ਦੋ ਸੌ ਰੁਪਿਆ ਜੁਰਮਾਨਾ ਅਦਾ ਕੀਤਾ, ੧੯੪੩ ਦਾ ਸਾਰਾ ਸਾਲ ਨਜ਼ਰ ਬੰਦ ਰਹੇ। ਆਪ ਜੀ ਦੀਆਂ ਇਹ ਕੁਰਬਾਨੀਆਂ ਸਦਾ ਲਈ ਯਾਦ ਰਹਿਣਗੀਆਂ।

## ਸਃ ਹਾਕਮ ਸਿੰਘ ਜੀ ਬੁਟਰ

ਆਪ ਜੀ ਦਾ ਜਨਮ ਸੰਨ ੧੯੧੪ ਵਿਚ ਸ: ਰਾਮ ਸਿੰਘ ਜੀ ਦੇ ਘਰ ਮਾਤਾ ਹਰ ਕੌਰ ਦੀ ਕੁਖ ਤੋਂ ਪਿੰਡ ਬੁਟਰ ਵਿਚ ਹੋਇਆ। ਬਚਪਨ ਵਿਚ ਸਕੂਲ ਵਿਚ ਦਸਵੀਂ ਤੱਕ ਪੜ੍ਹਾਈ ਕੀਤੀ। ਜਦ ਆਪ ਸਕੂਲ ਵਿਚ ਪੜ੍ਹ ਰਹੇ ਸਨ ਤਾਂ ਆਪ ਜੀ ਨੂੰ ਪੰਥਕ ਸੇਵਾ ਤੇ ਦੇਸ਼ ਸੇਵਾ ਦੀ ਲਗਨ ਲੱਗ ਗਈ। ੧੯੩੦ ਵਿਚ ਸਕੂਲੋਂ ਨਿਕਲਦੇ ਹੀ ਅਕਾਲੀ ਜਥੇ ਵਿਚ ਕੰਮ ਕਰਨ ਲੱਗ ਪਏ। ਡਸਕੇ ਦੇ ਮੋਰਚੇ ਵਿਚ ਜਥੇ ਨਾਲ ਗਏ ਤੇ ਚਾਰ ਮਹੀਨੇ ਕੈਦ ਕੱਟੀ। ੧੯੩੫–੩੬ ਵਿਚ ਕਾਂਗਰਸ ਸੋਸਲਿਸ਼ਟ ਪਾਰਟੀ ਵਿਚ ਸ਼ਾਮਲ ਹੋਏ, ਤੇ ਬੜੀ ਸਰਗਰਮੀ ਨਾਲ ਕੰਮ ਕੀਤਾ, ਉਪ੍ਰੰਤ ਕਿਸਾਨ ਲਹਿਰ ਵਿਚ ਕੰਮ ਕਰਦੇ ਰਹੇ। ੧੪੩੭–੩੮ ਵਿਚ ਜਦ ਚੜ੍ਹਿੱਕ ਦਾ ਕਿਸਾਨ ਮੋਰਚਾ ਲੱਗਿਆ ਤਾਂ ਆਪ ਕੌਂਸਲ-ਆਫ਼-ਐਕਸ਼ਨ ਦੇ ਮੈਂਬਰ ਚੁਣੇ ਗਏ। ਇਸ ਕੌਂਸਲ ਦੇ ਦੂਜੇ ਦੋਵੇਂ ਮੈਂਬਰ ਪ੍ਰਸਿੱਧ ਦੇਸ਼ ਭਗਤ ਬਾਬਾ ਰੂੜ ਸਿੰਘ ਜੀ ਚੂਹੜ ਚੱਕ, ਤੇ ਭਾ: ਦੇਵਾ-ਸਿੰਘ ਜੀ ਮਾਹਲਾਂ ਸਨ। ਜਦ ਲਾਹੌਰ ਕਿਸਾਨ ਮੋਰਚਾ ਲੱਗਿਆ ਤਾਂ ਆਪ ਉਸ ਵਿਚ ਸ਼ਾਮਲ ਹੋਣ ਲਈ ਜਥੇ ਭੇਜਦੇ ਰਹੇ, ਸਰਕਾਰ ਨੇ ਆਪ ਦੀਆਂ ਸਰਗਰਮੀਆਂ ਵੇਖ ਕੇ ਪਿੰਡੋਂ ਹੀ ਫੜ ਲਏ ਤੇ ਮੁਕੱਦਮਾ ਚਲਾ ਕੇ ਦੋ ਸਾਲ ਦੀ ਕੈਦ ਸੁਣਾ ਦਿੱਤੀ।

੧੯੩੯ ਵਿਚ ਜਦ ਦੂਜੀ ਵੱਡੀ ਲੜਾਈ ਆਰੰਭ ਹੋਈ ਤਾਂ ਪੰਜਾਬ ਸਰਕਾਰ ਨੇ ਖਤਰਨਾਕ

Digitized by Panjab Digital Library | www.panjabdigilib.org

ਆਦਮੀਆਂ ਦੀ ਲਿਸਟ ਬਣਾ ਕੇ ਆਪ ਦੇ ਭੀ ਵਾਰੰਟ ਗ੍ਰਿਫਤਾਰੀ ਜਾਰੀ ਕਰ ਦਿੱਤੇ। ਆਪ ਦੋ ਤਿੰਨ ਸਾਲ ਅੰਡਰ-ਗਰਾਊਂਡ ਰਹਿ ਕੇ ਕੰਮ ਕਰਦੇ ਰਹੇ। ੧੯੪੨-੪੩ ਵਿਚ ਜਦ ਆਜ਼ਾਦ ਹਿੰਦ ਫੌਜਾਂ ਇੰਫਲ ਦੀਆਂ ਪਹਾੜੀਆਂ ਵਿਚ ਲੜ ਰਹੀਆਂ ਸਨ ਤਾਂ ਆਪ ਜੀ ਫਿਰ ਡੀਫੈਂਸ-ਆਫ਼ ਇੰਡੀਆ ਐਕਟ ਗ੍ਰਿਫਤਾਰ ਕੀਤੇ ਗਏ। ਥੋੜਾ ਚਿਰ ਨਜ਼ਰ ਬੰਦ ਰੱਖ ਕੇ ਆਪ ਜੀ ਨੂੰ ਰਿਹਾ ਕਰ ਦਿੱਤਾ ਗਿਆ। ਉਸ ਸਮੇਂ ਤੋਂ ਹੀ ਆਪ ਲੋਕ ਭਲਾਈ ਦੇ ਕੰਮਾਂ ਵਿਚ ਲੱਗੇ ਹੋਏ ਹਨ। ਆਪ ਜੀ ਦੇ ਵਿਚਾਰ ਅਗੇ ਵਧੂ ਹਨ ਤੇ ਆਪ ਸੱਚੇ ਸੁਚੇ ਪਬਲਿਕ ਵਰਕਰ ਹਨ।

## ਜਥੇਦਾਰ ਈਸ਼ਰ ਸਿੰਘ ਜੀ ਮਾਣੂਕੇ

ਜਥੇਦਾਰ ਈਸ਼ਰ ਸਿੰਘ ਜੀ ਦਾ ਜਨਮ ਪਿੰਡ ਮਾਣੂਕੇ ਜ਼ਿਲਾ ਫੀਰੋਜ਼ਪੁਰ ਵਿਚ ਸ: ਸੁੰਦਰ ਸਿੰਘ ਜੀ ਦੇ ਘਰ ਮਾਤਾ ਇੰਦ ਕੌਰ ਦੀ ਕੁਖ ਤੋਂ ਹੋਇਆ। ਆਪ ਦਾ ਪੰਥਕ ਜੀਵਨ ਗੁ: ਦੀਨਾ ਪਰ ਕਬਜ਼ਾ ਕਰਨ ਦੇ ਸਮੇਂ ਤੋਂ ਹੁੰਦਾ ਹੈ। ਜਿਸ ਸਮੇਂ ਸਿੱਖਾਂ ਪਰ ਇਤਿਹਾਸਕ ਗੁਰ ਅਸਥਾਨ ਨੂੰ ਸਾਂਝੇ ਪੰਥਕ ਕੰਟਰੋਲ ਵਿਚ ਲਿਆਉਣ ਦਾ ਖਿਆਲ ਪੈਦਾ ਹੋਇਆ ਤਾਂ ਇਲਾਕੇ ਦੇ ਸਿੰਘਾਂ ਨੇ ਗੁਰਦੁਆਰਾ ਦੀਨੇ ਪਰ ਕਬਜ਼ਾ ਕਰਨ ਦਾ ਫੈਸਲਾ ਕਰ ਲਿਆ। ਸ: ਈਸ਼ਰ ਸਿੰਘ ਜੀ ਆਪਣਾ ਜਥਾ ਲੈ ਕੇ ਵੇਲੇ ਸਿਰ ਪੁਜ ਗਏ ਤੇ ਗੁਰਦੁਆਰੇ ਨੂੰ ਪੰਥਕ ਪ੍ਰਬੰਧ ਵਿਚ ਲਿਆਉਣ ਲਈ ਉਪਰਾਲਾ ਕੀਤਾ। ਇਸ ਕੰਮ ਵਿਚ ਬਿਨਾਂ ਕਿਸੇ ਵਿਘਨ ਦੇ ਸਫਲਤਾ ਪ੍ਰਾਪਤ ਹੋ ਗਈ। ਆਪ ਗੁਰਦੁਆਰਾ ਕਮੇਟੀ ਦੀਨਾ ਦੇ ਮੀਤ ਪ੍ਰਧਾਨ ਅਤੇ ਅਕਾਲੀ ਜਥਾ ਜ਼ਿਲਾ ਫੀਰੋਜ਼ਪੁਰ ਦੇ ਮੀਤ ਜਥੇਦਾਰ ਰਹਿ ਚੁਕੇ ਹਨ।

੧੯੩੧ ਵਿਚ ਜਦ ਮਹਾਤਮਾ ਗਾਂਧੀ ਜੀ ਨੇ ਸਿਵਲ ਨਾ ਫੁਰਮਾਨੀ ਦੀ ਤਹਿਰੀਕ ਚਲਾਈ ਤਾਂ ਆਪ ਨੇ ਇਲਾਕੇ ਵਿਚ ਦੇਸ਼ ਦੀ ਆਜ਼ਾਦੀ ਲਈ ਜ਼ਬਰਦਸਤ ਅੰਦੋਲਨ ਕੀਤਾ। ਆਪ ਨੂੰ ਪਿੰਡ ਵਿਚੋਂ ਹੀ ਗ੍ਰਿਫਤਾਰ ਕਰਕੇ ੧ ਸਾਲ ਦੀ ਸਖਤ ਕੈਦ ਦਾ ਹੁਕਮ ਸੁਣਾਇਆ ਗਿਆ। ਆਪ ਪੰਥ ਤੇ ਦੇਸ਼ ਲਈ ਕੁਰਬਾਨੀ ਕਰਨ ਲਈ ਹਰ ਸਮੇਂ ਤਿਆਰ ਰਹਿੰਦੇ ਸਨ। ਗੁਰਦੁਆਰਾ ਮੁਕਤਸਰ ਸਾਹਿਬ ਤੇ ਸਮਾਧ ਭਾਈ ਦਾ ਕਬਜ਼ਾ ਲੈਣ ਸਮੇਂ ਭੀ ਆਪ ਨੇ ਖਾਸ ਤੌਰ ਪਰ ਹਿੱਸਾ ਲਿਆ। ਗੁਰਦੁਆਰਾ ਪੰਜਾ ਸਾਹਿਬ ਦੇ ਨਵੇਂ ਹਰਿਮੰਦਰ ਤੇ ਸਰੋਵਰ ਦੀ ਨੀਂਹ ਰਖਣ ਸਮੇਂ ਆਪ ਜ਼ਿਲਾ ਫੀਰੋਜ਼ਪੁਰ ਵਿਚੋਂ ਜਥਾ ਲੈ ਕੇ ਗਏ। ਆਪ ਦੀ ਗਿਣਤੀ ਜ਼ਿਲਾ ਫੀਰੋਜ਼ਪੁਰ ਦੇ ਉਘੇ ਅਕਾਲੀ ਆਗੂਆਂ ਵਿਚ ਕੀਤੀ ਜਾਂਦੀ ਹੈ। ਅਕਾਲੀ ਲਹਿਰ ਸਮੇਂ ਆਪ ਨੇ ਜੋ ਸ਼ਾਨਦਾਰ ਕੰਮ ਕੀਤਾ ਉਸ ਦਾ ਵਿਸਥਾਰ ਲਿਖਿਆ ਜਾਵੇ ਤਾਂ ਇਕ ਕਿਤਾਬ ਬਣ ਜਾਂਦੀ ਹੈ ਪਰ ਇਥੇ ਆਪ ਜੀ ਦਾ ਸੰਖੇਪ ਜੀਵਨ ਦੇਣਾ ਹੀ ਜ਼ਰੂਰੀ ਸਮਝਿਆ ਗਿਆ ਹੈ। ਮਾਲਵੇ ਨੂੰ ਆਪ ਜੈਸੇ ਪੰਥ ਸੇਵਕਾਂ ਪਰ ਬਜਾ ਤੌਰ ਪਰ ਮਾਣ ਹੈ।

## ਸ: ਬਚਨ ਸਿੰਘ ਜੀ ਚੁਗਾਵਾਂ

ਸ: ਬਚਨ ਸਿੰਘ ਜੀ ਦਾ ਜਨਮ ਪਿੰਡ ਚੁਗਾਵਾਂ ਜ਼ਿਲਾ ਫੀਰੋਜ਼ਪੁਰ ਵਿਚ ਜਮਾਂਦਾਰ ਹਰਨਾਮ ਸਿੰਘ ਜੀ ਦੇ ਘਰ ਹੋਇਆ। ਜਦ ਆਪ ਜਵਾਨ ਹੋਏ ਤਾਂ ਅਕਾਲੀ ਲਹਿਰ ਵਿਚ ਹਿੱਸਾ ਲੈਣਾ ਆਰੰਭ ਕੀਤਾ। ਗੁਰਦੁਆਰਿਆਂ ਦੀਆਂ ਜਾਇਦਾਦਾਂ ਨੂੰ ਪੰਥਕ ਪ੍ਰਬੰਧ ਵਿਚ ਲਿਆਉਣ ਲਈ ਅਤੇ ਸ਼ਾਨਦਾਰ ਇਮਾਰਤ ਬਣਾਉਣ ਵਾਸਤੇ ਆਪ ਦੇ ਦਿੱਲ ਵਿਚ ਬਹੁਤ ਲਗਨ ਸੀ। ਗੁ: ਲੋਹ ਗੜ੍ਹ ਦੀਨਾ ਤੇ ਗੁ: ਲੋਪੋ ਦੇ ਆਪ ਕਈ ਸਾਲ ਤੱਕ ਪ੍ਰਧਾਨ ਰਹੇ। ਇਨ੍ਹਾਂ ਗੁਰਦਵਾਰਿਆਂ ਦੀਆਂ ਜਾਇਦਾਦਾਂ

Digitized by Panjab Digital Library | www.panjabdigilib.org

ਦੀ ਸੰਭਾਲ ਲਈ ਆਪ ਨੇ ਜੋ ਉੱਦਮ ਕੀਤਾ, ਉਹ ਆਪ ਦੇ ਪੰਥਕ ਪਿਆਰ ਦਾ ਜੀਉਂਦਾ ਜਾਗਦਾ ਸਬੂਤ ਹੈ।

ਗੁਰਦਵਾਰਾ ਗੁਰੂਸਰ ਮੱਦੋਕੇ ਵਿਚ ੧੦੫ ਫੁੱਟ ਉੱਚਾ ਨਿਸ਼ਾਨ ਸਾਹਿਬ ਆਪ ਜੀ ਦਾ ਹੀ ਝੁਲਾਇਆ ਹੋਇਆ ਹੈ। ਆਪ ਕਈ ਸਾਲ ਤੱਕ ਅਕਾਲੀ ਜਥਾ ਜ਼ਿ: ਫੀਰੋਜ਼ਪੁਰ ਦੇ ਸਕੱਤ੍ਰ ਰਹੇ। ਲੋਪੋ ਵਿਚ ਸਕੂਲ ਖੁਲ੍ਹਵਾਣ ਦਾ ਆਪ ਨੇ ਹੀ ਉੱਦਮ ਕੀਤਾ। ਆਪ ਬੜੀ ਲਗਨ ਨਾਲ ਪੰਥਕ ਸੇਵਾ ਕਰ ਰਹੇ ਸਨ ਕਿ ਇਕ ਦਿਨ ਅਚਾਨਕ ਹੀ ਕਿਸੇ ਡਾਕੂ ਨੇ ਆਪ ਨੂੰ ਪਿੰਡ ਤੋਂ ਮੋਗੇ ਨੂੰ ਆਉਂਦੇ ਹੋਏ ਰਾਹ ਵਿਚ ਗੋਲੀ ਦਾ ਨਿਸ਼ਾਨਾ ਬਣਾ ਦਿੱਤਾ। ਪੰਥਕ ਹਲਕਿਆਂ ਵਿਚ ਆਪ ਜੀ ਦੀ ਮੌਤ ਨੂੰ ਇਕ ਵੱਡਾ ਘਾਟਾ ਤਸੱਵਰ ਕੀਤਾ ਗਿਆ, ਕਿਉਂਕਿ ਆਪ ਪੰਥਕ ਸੇਵਾ ਵਿਚ ਬਹੁਤ ਹਿੱਸਾ ਲੈ ਰਹੇ ਸਨ ਤੇ ਜ਼ਿ: ਫੀਰੋਜ਼ਪੁਰ ਦੇ ਮੁਖੀ ਅਕਾਲੀ ਆਗੂਆਂ ਵਿਚੋਂ ਸਨ।

## ਤਹਿਸੀਲ ਮੋਗਾ ਦੇ ਹੋਰ ਸੂਰਬੀਰ

ਭਾਈ ਇੰਦਰ ਸਿੰਘ ਪਿਤਾ ਸ: ਸ਼ਾਮ ਸਿੰਘ ਮਾਤਾ ਬਿਸ਼ਨ ਕੌਰ ਪਿੰਡ ਬਲਾਸਪੁਰ ਆਪ ਅਕਾਲੀ ਵਰਕਰ ਸਨ।

ਭਾਈ ਨਥਾ ਸਿੰਘ ਜੀ ਪਿਤਾ ਸ: ਹਜ਼ਾਰਾ ਸਿੰਘ ਜੀ ਪਿੰਡ ਬਲਾਸਪੁਰ ਕਿਰਪਾਨ ਆਜ਼ਦੀ ਤੇ ਡਸਕੇ ਦੇ ਮੋਰਚੇ ਦੋ ਮਹੀਨੇ ਕੈਦ ਰਹੇ।

ਬੀਬੀ ਹਰਨਾਮ ਕੌਰ ਜੀ ਪਿਤਾ ਸ: ਨਰੈਣ ਸਿੰਘ ਜੀ ਪਿੰਡ ਬਲਾਸਪੁਰ ਮੋਰਚਾ ਨਾਭਾ ਤੇ ਕਾਂਗਰਸ ਸਿਵਲ ਨਾ ਫੁਰਮਾਨੀ ਵਿਚ ਕਈ ਵੇਰ ਕੈਦ ਕਟੀ।

ਭਾ: ਹਰਨਾਮ ਸਿੰਘ ਜੀ ਪਿਤਾ ਸ: ਪਾਖਰ ਸਿੰਘ ਜੀ ਮਾਤਾ ਪਰਤਾਪ ਕੌਰ ਪਿੰਡ ਬਲਾਸਪੁਰ ਆਪ ਨੇ ਕਿਰਪਾਨ ਦੇ ਮੋਰਚੇ ਵਿਚ ਕੈਦ ਕਟੀ।

ਭਾ: ਮਲ ਸਿੰਘ ਜੀ ਪਿਤਾ ਸ: ਸ਼ਾਮ ਸਿੰਘ ਜੀ ਪਿੰਡ ਬਲਾਸਪੁਰ ਆਪ ਕਿਰਪਾਨ ਦੇ ਮੋਰਚੇ ਵਿਚ ਕੈਦ ਕਟੀ

ਭਾ: ਬਚਿਤ੍ਰ ਸਿੰਘ ਜੀ ਪਿਤਾ ਗੁਜਰ ਸਿੰਘ ਜੀ ਮਾਤਾ ਨੰਦ ਕੌਰ ਜੀ ਪਿੰਡ ਬਲਾਸਪੁਰ ਆਪ ਕਿਰਪਾਨ ਦੇ ਮੋਰਚੇ ਵਿਚ ਕੈਦ ਕਟੀ।

ਭਾ: ਸੁਰੈਣ ਸਿੰਘ ਜੀ ਉਰਫ਼ ਹੇਤ ਰਾਮ ਲੈਫ਼ਟੀਨੈਂਟ ਆਈ. ਐਨ. ਏ. ਪਿਤਾ ਪੰਡਤ ਬਾਲਕ ਰਾਮ ਬ੍ਰਹਾਮਨ ਪਿੰਡ ਬਲਾਸਪੁਰ ਆਪ ਨੇ ਸ਼ਹੀਦੀ ਜਥੇ ਵਿਚ ਜੈਤੋ ਮੋਰਚੇ ਤੇ ਜਾ ਕੇ ਕੈਦ ਕਟੀ।

ਭਾ: ਗੰਗਾ ਸਿੰਘ ਜੀ ਅਕਾਲੀ ਪਿਤਾ ਸ: ਕੁੰਡਾ ਸਿੰਘ ਜੀ ਪਿੰਡ ਬਲਾਸਪੁਰ ਆਪ ਅਕਾਲੀ ਲਹਿਰ ਵਿੱਚ ਡੇਢ ਸਾਲ ਦੀ ਕੈਦ ਕਟੀ ੧੫੦) ਜੁਮਾਨਾ (ਥਾਣਾ ਨਿਹਾਲ ਸਿੰਘ ਵਾਲਾ)
(੨) ਕਿਰਪਾਨ ਆਜ਼ਾਦੀ ਲਈ ਫਿਰ ਸਜ਼ਾ ਕਟੀ।

ਭਾ: ਚਨਣ ਸਿੰਘ ਜੀ ਪਿਤਾ ਸ: ਹਰਨਾਮ ਸਿੰਘ ਜੀ ਪਿੰਡ ਬਲਾਸਪੁਰ ਆਪ ਨੇ ਕ੍ਰਿਪਾਨ ਆਜ਼ਾਦੀ ਲਈ ਕੈਦ ਕੱਟੀ।

ਭਾ: ਬੜ ਸਿੰਘ ਜੀ ਪਿਤਾ ਅਨੂਪ ਸਿੰਘ ਜੀ ਪਿੰਡ ਬਲਾਸਪੁਰ ਆਪ ਜੈਤੋ ੬ ਵੇਂ ਸ਼ਹੀਦੀ ਜਥੇ ਵਿੱਚ ਗਏ। ਇਕ ਸਾਲ ਕੈਦ ਨਾਭਾ ਬੀੜ ਵਿੱਚ ਕਟੀ।

Digitized by Panjab Digital Library | www.panjabdigilib.org

ਭਾ: ਬਚਨ ਸਿੰਘ ਜੀ ਪਿਤਾ ਸ: ਰਾਮ ਸਿੰਘ ਪਿੰਡ ਬਲਾਸਪੁਰ ਆਪ ਅਕਾਲੀ ਲਹਿਰ ਤੇ ਮੋਰਚਾ ਡਸਕਾ ਵਿੱਚ ਗਏ।

ਭਾ: ਭਰਪੂਰ ਸਿੰਘ ਜੀ ਪਿਤਾ ਰਾਮ ਸਿੰਘ ਜੀ ਪਿੰਡ ਬਲਾਸਪੁਰ ਆਪ ਮੋਰਚਾ ਡਸਕੇ ਵਿੱਚ ਹਿਸਾ ਲਿਆ।

ਭਾ: ਇੰਦਰ ਸਿੰਘ ਜੀ ਪਿਤਾ ਸ: ਕਰਮ ਸਿੰਘ ਜੀ ਆਪ ਜੈਤੋ ੬ ਵੇਂ ਸ਼ਹੀਦੀ ਜਥੇ ਵਿੱਚ ਤੇ ਨਾਭਾ ਬੀੜ ਵਿੱਚ ਕੈਦ ਕਟੀ।

ਭਾ: ਬਹਾਦਰ ਸਿੰਘ ਜੀ ਪਿਤਾ ਸ: ਕਿਰਪਾਲ ਸਿੰਘ ਜੀ ਪਿੰਡ ਮੱਦੋ ਕੇ ਆਪ ਨੇ ਜੈਤੋ ੬ਵੇਂ ਸ਼ਹੀਦੀ ਜਥੇ ਵਿੱਚ ਕੈਦ ਕਟੀ। (ਥਾਣਾ ਨਿਹਾਲ ਸਿੰਘ ਵਾਲਾ)

ਭਾ: ਗੁਰਬਖਸ਼ ਸਿੰਘ ਜੀ ਪਿਤਾ ਸ: ਕਾਬਲ ਸਿੰਘ ਜੀ ਮਾਤਾ ਪਰਤਾਪ ਕੌਰ ਪਿੰਡ ਮੱਦੋ ਕੇ ਆਪ ਨੇ ਜੈਤੋ ੧੧ ਵੇਂ ਸ਼ਹੀਦੀ ਜਥੇ ਵਿੱਚ ਕੈਦ ਕਟੀ।

ਭਾ: ਰਣਜੀਤ ਸਿੰਘ ਜੀ ਪਿਤਾ ਸ: ਵਸਾਵਾ ਸਿੰਘ ਜੀ ਪਿੰਡ ਮੱਦੋ ਕੇ ਆਪ ਅਕਾਲੀ ਵਰਕਰ ਸਨ।

ਭਾ: ਰਤਨ ਸਿੰਘ ਜੀ ਪਿੰਡ ਮੱਦੋ ਕੇ ਆਪ ਅਕਾਲੀ ਵਰਕਰ ਸਨ।

ਭਾਈ ਰਣਜੋਧ ਸਿੰਘ ਜੀ ਅਕਾਲੀ ਪਿੰਡ ਮਦੋਕੇ ਆਪ ਨੇ ਜੈਤੋ ੬ ਵੇਂ ਸ਼ਹੀਦੀ ਜਥੇ ਵਿੱਚ ਕੈਦ ਕਟੀ।

ਭਾਈ ਗੁਰਬਖਸ਼ ਸਿੰਘ ਜੀ ਪਿਤਾ ਗੁਰਦਿੱਤ ਸਿੰਘ ਕਪਤਾਨ ਮਾਤਾ ਰੂਪਕੌਰ ਪਿੰਡ ਚੂਹੜਚੱਕ ਆਪ ਨੇ ਮੋਰਚਾ ਜੈਤੋ ੧੧ ਵੇਂ ਸ਼ਹੀਦੀ ਜਥੇ ਵਿਚ ਜਾ ਕੇ ਕੈਦ ਕਟੀ। (ਥਾਣਾ ਮਹਿਣਾ

ਭਾ: ਸੁੱਚਾ ਸਿੰਘ ਜੀ ਪਿਤਾ ਨਰੈਣ ਸਿੰਘ ਜੀ ਪਿੰਡ ਚੂਹੜਚੱਕ ਆਪ ੬ ਵੇਂ ਸ਼ਹੀਦੀ ਜਥੇ ਵਿਚ ਜੈਤੋ ਦੇ ਮੋਰਚੇ ਵਿਚ ਕੈਦ ਕਟੀ।

ਭਾ: ਨਰੈਣ ਸਿੰਘ ਜੀ ਪਿਤਾ ਸ: ਸੁਰਜਨ ਸਿੰਘ ਜੀ ਪਿੰਡ ਚੂਹੜਚੱਕ ਆਪ ਨੇ ਮੋਰਚਾ ਜੈਤੋ ੬ ਵੇਂ ਸ਼ਹੀਦੀ ਜਥੇ ਵਿਚ ਪੌਣੇ ਦੋ ਸਾਲ ਕੈਦ ਰਹੇ।

ਭ: ਕਰਤਾਰ ਸਿੰਘ ਜੀ ਪਿਤਾ ਸ: ਕੇਹਰ ਸਿੰਘ ਜੀ ਪਿੰਡ ਚੂਹੜਚੱਕ ਆਪ ਨੇ ਜੈਤੋ ਜਥਾ ਨ: ੬ ਵਿਚ ਕੈਦ ਰਹੇ।

ਭਾ: ਉਜਾਗਰ ਸਿੰਘ ਜੀ ਪਿਤਾ ਸ: ਖ਼ੁਸ਼ੀਆ ਸਿੰਘ ਜੀ ਪਿੰਡ ਚੂਹੜਚੱਕ ਆਪ ਅਕਾਲੀ ਵਰਕਰ ਸਨ।

ਭਾ: ਜਗਤ ਸਿੰਘ ਜੀ ਪਿਤਾ ਸ: ਹੀਰਾ ਸਿੰਘ ਜੀ ਪਿੰਡ ਚੂਹੜਚੱਕ ਆਪ ਨੇ ਜੈਤੋ ਜਥਾ ਨ: ੬ ਵਿਚ ੬ ਮਹਿਨੇ ਕੈਦ ਰਹੇ।

ਭਾ: ਹਰਨਾਮ ਸਿੰਘ ਜੀ ਅਕਾਲੀ ਪਿਤਾ ਸ: ਗੁਲਾਬ ਸਿੰਘ ਜੀ ਪਿੰਡ ਚੂਹੜਚੱਕ ਆਪ ਅਕਾਲੀ ਵਰਕਰ ਸਨ।

ਭਾ: ਅਨੋਖ ਸਿੰਘ ਜੀ ਪਿਤਾ ਸ: ਭਗਵਾਨ ਸਿੰਘ ਜੀ ਮਾਤਾ ਨੰਦ ਕੌਰ ਪਿੰਡ ਚੂਹੜਚੱਕ ਆਪ ਅਕਾਲੀ ਵਰਕਰ ਸਨ।

ਭਾਈ ਬੁਧ ਸਿੰਘ ਪਿਤਾ ਪ੍ਰਤਾਪ ਸਿੰਘ ਮਾਤਾ ਰੂੜ ਕੌਰ ਪਿੰਡ ਚੂਹੜ ਚਕ।

ਭਾਈ ਰਾਮ ਸਿੰਘ ਪਿਤਾ ਬੂੜ ਸਿੰਘ ਪਿੰਡ ਚੂਹੜ ਚਕ।

ਭਾਈ ਇੰਦਰ ਸਿੰਘ ਪਿਤਾ ਈਸ਼ਰ ਸਿੰਘ ਪਿੰਡ ਚੂਹੜ ਚੱਕ।

Digitized by Panjab Digital Library | www.panjabdigilib.org

ਭਾ: ਸੁਰਜਣ ਸਿੰਘ ਪਿਤਾ ਸ: ਸੁਚਾ ਸਿੰਘ ਪਿੰਡ ਚੂਹੜ ਚੱਕ ।
ਭਾ: ਸੁੱਚਾ ਸਿੰਘ ਪਿਤਾ ਸ: ਬੂੜ ਸਿੰਘ ਪਿੰਡ ਚੂਹੜ ਚੱਕ ।
ਭਾ: ਅੱਛਰ ਸਿੰਘ ਪਿਤਾ ਸ: ਸੁੰਦਰ ਸਿੰਘ ਮਾਤਾ ਤਾਬ ਕੌਰ ਪਿੰਡ ਚੂਹੜ ਚੱਕ ।
ਭਾਈ ਹਰਨਾਮ ਸਿੰਘ ਪਿਤਾ ਸ: ਗੁਲਾਬ ਸਿੰਘ ਮਾਤਾ ਸੋਭ ਕੌਰ ਪਿੰਡ ਚੂਹੜ ਚੱਕ ।
ਭਾਈ ਜਗਤ ਸਿੰਘ ਪਿਤਾ ਸ: ਹਰੀ ਸਿੰਘ ਮਾਤਾ ਇੰਦ ਕੌਰ ਪਿੰਡ ਚੂਹੜ ਚੱਕ ।
ਭਾਈ ਜੈ ਸਿੰਘ ਪਿਤਾ ਸ: ਜੀਉਣ ਸਿੰਘ ਪਿੰਡ ਚੂਹੜ ਚੱਕ ।
ਭਾਈ ਕੇਹਰ ਸਿੰਘ ਜਥੇਦਾਰ ਪਿਤਾ ਸ: ਮੋਦਾ ਸਿੰਘ ਪਿੰਡ ਚੂਹੜ ਚੱਕ ।
ਭਾਈ ਵਰਯਾਮ ਸਿੰਘ ਪਿਤਾ ਸ: ਅਮਰੀਕ ਸਿੰਘ ਮਾਤਾ ਰੂੜ ਕੌਰ ਪਿੰਡ ਚੂਹੜ ਚੱਕ ।

ਭਾ: ਸ਼ੇਰ ਸਿੰਘ ਜੀ ਪਿਤਾ ਸ: ਦਸੌਂਧਾ ਸਿੰਘ ਜੀ ਮਾਤਾ ਨੰਦ ਕੌਰ ਜੀ ਪਿੰਡ ਢੁਡੀ ਕੇ (ਥਾਣਾ ਮਹਿਣਾ) ਆਪ ਜੈਤੋ ਦੇ ਮੋਰਚੇ ਵਿੱਚ ਦੋ ਸਾਲ ਨਾਭਾ ਜੇਲ੍ਹ ਵਿੱਚ ਕੈਦ ਕਟੀ ।

ਭਾ: ਗੁਰਮੁਖ ਸਿੰਘ ਜੀ ਅਕਾਲੀ ਪਿਤਾ ਸ: ਕਾਕੂ ਸਿੰਘ ਜੀ ਪਿੰਡ ਢੁਡੀ ਕੇ ਆਪ ਨੇ ਜੈਤੋ ਦੇ ਮੋਰਚੇ ਵਿਚ ਸਵਾ ਸਾਲ ਤੇ ਨਾਭਾ ਜੇਲ੍ਹ ਵਿਚ ਕੈਦ ਕਟੀ ।

ਭਾ: ਰਣਜੀਤ ਸਿੰਘ ਜੀ ਪਿਤਾ ਸ: ਹਰਨਾਮ ਸਿੰਘ ਜੀ ਮਾਤਾ ਪਰਤਾਪ ਕੌਰ ਜੀ ਪਿੰਡ ਢੁਡੀ ਕੇ ਆਪ ਨੇ ਹਾਂਗਕਾਂਗ ਤੋਂ ਜਥੇ ਨਾਲ ਆ ਕੇ ਅਕਾਲੀ ਲਹਿਰ ਵਿਚ ਹਿਸਾ ਲਿਆ ਤੇ ਸਵਾ ਸਾਲ ਕੈਦ ਕਟੀ ।

ਭਾ: ਅਤਰ ਸਿੰਘ ਜੀ ਪਿਤਾ ਸ: ਨਰੈਣ ਸਿੰਘ ਜੀ ਮਾਤਾ ਸੋਭ ਕੌਰ ਜੀ ਪਿੰਡ ਢੁਡੀਕੇ ਆਪ ਨੇ ਹਾਂਗਕਾਂਗ ਤੋਂ ਜਥਾ ਲੈ ਕੇ ਅਕਾਲੀ ਲਹਿਰ ਵਿਚ ਹਿਸਾ ਲਿਆ ਤੇ ਸਵਾ ਸਾਲ ਕੈਦ ਕਟੀ ।

ਸੂਬਣ ਸਿੰਘ ਜੀ ਪਿਤਾ ਸ: ਈਸ਼ਰ ਸਿੰਘ ਜੀ ਮਾਤਾ ਭੋਲੀ ਜੀ ਪਿੰਡ ਢੁਡੀ ਕੇ ਆਪ ਨੇ ਅਕਾਲੀ ਲਹਿਰ ਵਿਚ ਕੈਦ ਕਟੀ ।

ਸ: ਰੂੜ ਸਿੰਘ ਪਿਤਾ ਸ: ਘੁਲਾ ਸਿੰਘ ਮਾਤਾ ਨੰਦ ਕੌਰ ਪਿੰਡ ਥੱਮਣ ਵਾਲਾ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਕੁਝ ਕੈਦ ਭੀ ਕਟੀ ।

ਸ: ਭਾਗ ਸਿੰਘ ਜੀ ਪਿਤਾ ਸ: ਈਸ਼ਰ ਸਿੰਘ ਪਿੰਡ ਦਾਰਾ ਪੁਰ ਆਪ ਨੇ ਮੋਰਚਾ ਭਾਈ ਫੇਰੂ ਵਿਚ ਤਿੰਨ ਮਹੀਨੇ ਕੈਦ ਲਾਹੌਰ ਵਿਚ ਕਟੀ ।

ਸ: ਦਲੀਪ ਸਿੰਘ ਜੀ ਪਿਤਾ ਬੂਟਾ ਸਿੰਘ ਮਾਤਾ ਮਾਲਾਂ ਜੀ ਪਿੰਡ ਦਾਰਾਪੁਰ ਆਪ ਨੇ ਮੋਰਚਾ ਭਾਈ ਫੇਰੂ ਵਿੱਚ ਤਿੰਨ ਮਹੀਨੇ ਕੈਦ ਲਾਹੌਰ ਵਿੱਚ ਕਟੀ ।

ਸ: ਸੁੱਚਾ ਸਿੰਘ ਪਿਤਾ ਅਨੋਖ ਸਿੰਘ ਪਿੰਡ ਦਾਰਾ ਪੁਰ ਆਪ ਨੇ ਮੋਰਚਾ ਭਾਈ ਫੇਰੂ ਵਿਚ ਵਿਚ ਤਿੰਨ ਮਹੀਨੇ ਕੈਦ ਲਾਹੌਰ ਵਿਚ ਕਟੀ ।

ਸ: ਰਾਮ ਸਿੰਘ ਜੀ ਪਿਤਾ ਸ: ਜਮੀਤ ਸਿੰਘ ਮਾਤਾ ਜੀਮਾ ਪਿੰਡ ਦਾਰਾ ਪੁਰ ਆਪ ਨੇ ਮੋਰਚਾ ਭਾਈ ਫੇਰੂ ਵਿੱਚ ਤਿੰਨ ਮਹੀਨੇ ਕੈਦ ਲਾਹੌਰ ਵਿੱਚ ਕਟੀ ।

ਸ: ਕੇਹਰ ਸਿੰਘ ਪਿਤਾ ਸ: ਵਰਿਆਮ ਸਿੰਘ ਮਾਤਾ ਜਿੰਦ ਕੌਰ ਜੀ ਪਿੰਡ ਖਖਰਾਣਾ ਆਪ ਜੈਤੋ ਦੇ ਮੋਰਚੇ ਵਿਚ ਗਏ ।

ਸ: ਦਾਨ ਸਿੰਘ ਪਿਤਾ ਸ: ਰਾਮ ਸਿੰਘ ਮਾਤਾ ਰਾਜ ਕੌਰ ਪਿੰਡ ਖਖਰਾਣਾ ਆਪ ਜੈਤੋ ਦੇ ਮੋਰਚੇ ਗਏ ।

ਸ: ਨਰੈਣ ਸਿੰਘ ਪਿਤਾ ਸ: ਮੰਗਲ ਸਿੰਘ ਪਿੰਡ ਖਖਰਾਣਾ ਆਪ ਜੈਤੋ ਦੇ ਮੋਰਚੇ ਵਿਚ ਗਏ

Digitized by Panjab Digital Library | www.panjabdigilib.org

ਸ: ਦਸੌਂਧਾ ਸਿੰਘ ਜੀ ਪਿਤਾ ਸ: ਸੁੰਦਰ ਸਿੰਘ ਮਾਤਾ ਖੇਮ ਕੌਰ ਜੀ ਪਿੰਡ ਜੋਗੇ ਵਾਲਾ ਆਪ ਨੇ ਮੋਰਚਾ ਜੈਤੋ ਵਿੱਚ ਛੇ ਮਹੀਨੇ ਕੈਦ ਕਟੀ।

ਸ: ਸੋਭਾ ਸਿੰਘ ਜੀ ਪਿਤਾ ਸ: ਨੱਥਾ ਸਿੰਘ ਜੀ ਮਾਤਾ ਇਦਰ ਕੌਰ ਜੀ ਪਿੰਡ ਰਤੀਆਂ ਆਪ ਨੇ ਮੋਰਚਾ ਜੈਤੋ ਵਿੱਚ ਬਹੁਤ ਤਕਲੀਫਾ ਸਹੀਆਂ।

ਸ ਸੁੱਚਾ ਸਿੰਘ ਪਿਤਾ ਸ: ਹੀਰਾ ਸਿੰਘ ਪਿੰਡ ਰਤੀਆਂ ਆਪ ਨੇ ਮੋਰਚਾ ਜੈਤੋ ਵਿੱਚ ਬਹੁਤ ਤਕਲੀਫਾਂ ਸਹੀਆਂ।

ਸ: ਜਿਊਣ ਸਿੰਘ ਜੀ ਪਿਤਾ ਸ: ਮੇਹਰ ਸਿੰਘ ਜੀ ਪਿੰਡ ਬਘੇਲੇ ਵਾਲਾ ਆਪ ਨੇ ਮੋਰਚਾ ਜੈਤੋ ਤੇ ਭਾਈ ਫੇਰੂ ਵਿੱਚ ਕੈਦਾਂ ਕਟੀਆਂ।

ਸ: ਮੁਨਸ਼ਾ ਸਿੰਘ ਪਿਤਾ ਸ: ਹਰਨਾਮ ਸਿੰਘ ਮਾਤਾ ਚੰਦ ਕੌਰ ਪਿੰਡ ਬਘੇਲੇ ਵਾਲਾ ਆਪ ਨੇ ਭਾਈ ਫੇਰੂ ਦੇ ਮੋਰਚੇ ਵਿੱਚ ਦੋ ਮਹੀਨੇ ਕੈਦ ਕਟੀ।

ਭਾਈ ਰਣਜੀਤ ਸਿੰਘ ਪਿਤਾ ਸ: ਜੀਊਣ ਸਿੰਘ ਮਾਤਾ ਖੇਮ ਕੌਰ ਪਿੰਡ ਸੰਧੂਆਂ ਵਾਲਾ ਆਪ ਮੋਰਚਾ ਜੈਤੋ ਵਿਚ ਗਏ ਤੇ ਸਜ਼ਾ ਕਟੀ।

ਭਾਈ ਧਰਮ ਸਿੰਘ ਪਿਤਾ ਸ: ਅਤਰ ਸਿੰਘ ਪਿੰਡ ਸੰਧੂਆਂ ਵਾਲਾ ਆਪ ਮੋਰਚਾ ਜੈਤੋ ਵਿਚ ਗਏ ਤੇ ਸਜ਼ਾ ਕਟੀ।

ਭਾਈ ਹਰਨਾਮ ਸਿੰਘ ਪਿਤਾ ਸ: ਸ਼ੇਰ ਸਿੰਘ ਪਿੰਡ ਅਜੀਤ ਵਾਲ ਆਪ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਕੈਦ ਕਟੀ।

ਭਾਈ ਰਾਮ ਸਿੰਘ ਪਿਤਾ ਸ: ਖਜ਼ਾਨ ਸਿੰਘ ਪਿੰਡ ਅਜੀਤ ਵਾਲ ਆਪ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਕੈਦ ਕਟੀ।

ਭਾਈ ਨੰਦ ਸਿੰਘ ਪਿਤਾ ਸ: ਪਰਤਾਪ ਸਿੰਘ ਮਾਤਾ ਰਾਮ ਕੌਰ ਪਿੰਡ ਅਜੀਤ ਵਾਲ ਆਪ ਜੈਤੋ ਦੇ ਮੋਰਚੇ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਕੈਦ ਕਟੀ।

ਭਾਈ ਬੀਲਾ ਸਿੰਘ ਪਿਤਾ ਸ: ਮੀਹਾਂ ਸਿੰਘ ਮਾਤਾ ਬਿਸ਼ਨ ਕੌਰ ਪਿੰਡ ਅਜੀਤ ਵਾਲ ਆਪ ਜੈਤੋ ਦੇ ਮੋਰਚੇ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਕੈਦ ਕਟੀ।

ਭਾਈ ਬਖਸ਼ੀ ਸਿੰਘ ਅਕਾਲੀ ਪਿਤਾ ਸ: ਕਾਨ੍ਹ ਸਿੰਘ ਮਾਤਾ ਰਾਮ ਕੌਰ ਪਿੰਡ ਅਜੀਤਵਾਲ ਆਪ ਜੈਤੋ ਦੇ ਮੋਰਚੇ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਕੈਦ ਕਟੀ।

ਭਾਈ ਲਾਭ ਸਿੰਘ ਪਿਤਾ ਸ: ਉਤਮ ਸਿੰਘ ਪਿੰਡ ਅਜੀਤ ਵਾਲ ਆਪ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਕੈਦ ਕਟੀ।

ਭਾਈ ਚੰਨਣ ਸਿੰਘ ਪਿਤਾ ਸ: ਸਾਹਿਬ ਸਿੰਘ ਮਾਤਾ ਇੰਦ ਕੌਰ ਪਿਡ ਅਜੀਤ ਵਾਲ ਆਪ ਜੈਤੋ ਦੇ ਮੋਰਚੇ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਕੈਦ ਕਟੀ।

ਭਾਈ ਚੇਤ ਸਿੰਘ ਪਿਤਾ ਸ: ਸਾਹਿਬ ਸਿੰਘ ਮਾਤਾ ਇੰਦ ਕੌਰ ਪਿਡ ਅਜੀਤ ਵਾਲ ਆਪ ਮੋਰਚਾ ਜੈਤੋ ਦੇ ਛੇਵੇਂ ਸ਼ਹੀਦੀ ਜਥੇ ਵਿਚ ਗਏ ਤੇ ਕੈਦ ਕਟੀ।

ਭਾਈ ਮਾਘ ਸਿੰਘ ਪਿਤਾ ਸ: ਬਖਸ਼ੀਸ਼ ਸਿੰਘ ਮਾਤਾ ਰਤਨ ਕੌਰ ਪਿੰਡ ਅਜੀਤ ਵਾਲ ਆਪ ਮੋਰਚਾ ਜੈਤੋ ਦੇ ਛੇਵੇਂ ਸ਼ਹੀਦੀ ਜਥੇ ਵਿਚ ਗਏ ਤੇ ਕੈਦ ਕਟੀ।

ਭਾਈ ਸ਼ੇਰ ਸਿੰਘ ਪਿਤਾ ਸ: ਵਿਸਾਖਾ ਸਿੰਘ ਮਾਤਾ ਮਾਨ ਕੌਰ ਪਿੰਡ ਚੋਟੀਆਂ ਠੋਬਾ ਸਿੰਘ ਆਪ ਮੋਰਚਾ ਜੈਤੋ ਵਿਚ ਗਏ, ਆਪ ਨੂੰ ਪੰਜ ਸਾਲ ਕੈਦ ਤੇ ਇਕ ਹਜ਼ਾਰ ਰੁਪਿਆ ਜੁਰਮਾਨਾ ਹੋਇਆ।

Digitized by Panjab Digital Library | www.panjabdigilib.org

ਜੁਰਮਾਨਾ ਨਾ ਦੇ ਸਕਣ ਤੇ ਇਕ ਸਾਲ ਹੋਰ ਕੈਦ ਹੋਈ। ਆਪ ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ।

ਭਾਈ ਹਰਦਿੱਤ ਸਿੰਘ ਪਿਤਾ ਸ: ਮਾਨ ਸਿੰਘ ਮਾਤਾ ਧਰਮ ਕੌਰ ਪਿੰਡ ਚੋਟੀਆਂ ਠੋਬਾ-ਸਿੰਘ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਦਾਨ ਸਿੰਘ ਪਿਤਾ ਸ: ਮੋਹਣ ਸਿੰਘ ਪਿੰਡ ਚੋਟੀਆਂ ਠੋਬਾ ਆਪ ਮੋਰਚਾ ਜੈਤੋ ਵਿਚ ਗਏ। ਭਾਈ ਪਾਖਰ ਸਿੰਘ ਪਿਤਾ ਸ: ਕੂੰਢਾ ਸਿੰਘ ਮਾਤਾ ਮਹਾਂ ਕੌਰ ਪਿੰਡ ਚੋਟੀਆਂ ਠੋਬਾ ਆਪ ਜੈਤੋ ਦੇ ਮੋਰਚੇ ਵਿਚ ਗਏ।

ਭਾਈ ਜੀਵਨ ਸਿੰਘ ਪਿਤਾ ਸ: ਬਾਲਾ ਸਿੰਘ ਮਾਤਾ ਰਤਨ ਕੌਰ ਪਿੰਡ ਜੈਮਲ ਵਾਲਾ ਆਪ ਮੋਰਚਾ ਜੈਤੋ ਤੇ ਡਸਕੇ ਵਿਚ ਗਏ। ਗੁਰੂ ਕੇ ਬਾਗ ਦੇ ਮੋਰਚੇ ਵਿਚ ਭੀ ਇਕ ਮਹੀਨਾ ਕੈਦ ਕੱਟੀ।

ਭਾਈ ਮਾਘੀ ਸਿੰਘ ਜੀ ਪਿਤਾ ਸ: ਸੁਲਤਾਨ ਸਿੰਘ ਪਿੰਡ ਜੈਮਲ ਵਾਲਾ ਮੋਰਚਾ ਜੈਤੋ ਵਿਚ ਕੈਦ ਕੱਟੀ।

ਭਾਈ ਹਰਨਾਮ ਸਿੰਘ ਪਿਤਾ ਮਾਘੀ ਸਿੰਘ ਮਾਤਾ ਕਿਸ਼ਨ ਕੌਰ ਪਿੰਡ ਜੈਮਲ ਵਾਲਾ ਆਪ ਮੋਰਚਾ ਜੈਤੋ ਵਿਚ ਗਏ।

ਜਥੇਦਾਰ ਸੇਵਾ ਸਿੰਘ ਅਕਾਲੀ ਪਿਤਾ ਸ: ਪੂਰਨ ਚੰਦ ਬ੍ਰਾਹਮਣ ਮਾਤਾ ਕਿਰਪੋ ਪਿੰਡ ਜੈਮਲ ਵਾਲਾ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਜੀਤ ਸਿੰਘ ਪਿਤਾ ਸ: ਤੋਖਾ ਸਿੰਘ ਪਿੰਡ ਜੈਮਲ ਵਾਲਾ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕੱਟੀ। ਭਾਈ ਹਰਦਿੱਤ ਸਿੰਘ ਪਿਤਾ ਸ: ਭੰਗਾ ਸਿੰਘ ਮਾਤਾ ਅਤਰ ਕੌਰ ਪਿੰਡ ਜੈਮਲ ਵਾਲਾ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕੱਟੀ।

ਭਾਈ ਬਿਸ਼ਨ ਸਿੰਘ ਪਿਤਾ ਸ: ਸੁਧ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਜੈਮਲ ਵਾਲਾ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕੱਟੀ। ਭਾ: ਵੀਰ ਸਿੰਘ ਪਿਤਾ ਸ: ਕਾਲਾ ਸਿੰਘ ਮਾਤਾ ਮਹਿਤਾਬ ਕੌਰ ਪਿੰਡ ਜੈਮਲ ਵਾਲਾ ਆਪ ਮੋਰਚਾ ਜੈਤੋ ਵਿਚ ਗਏ ਤੇ ੯ ਮਹੀਨੇ ਕੈਦ ਕੱਟੀ।

ਭਾ: ਬੰਸੀ ਰਾਮ ਪਿਤਾ ਭਾਈ ਮੋਤਾ ਰਾਮ ਮਾਤਾ ਆਸੋ ਪਿੰਡ ਜੈਮਲ ਵਾਲਾ ਆਪ ਮੋਰਚਾ ਜੈਤੋ ਵਿਚ ਗਏ ਤੇ ਅਟਕ ਜੇਲ੍ਹ ਵਿਚ ਕੈਦ ਕੱਟੀ।

ਭਾ: ਈਸ਼ਰ ਸਿੰਘ ਪਿਤਾ ਸ: ਠੋਲਾ ਸਿੰਘ ਪਿੰਡ ਜੈਮਲ ਵਾਲਾ ਆਪ ਨੂੰ ਮੋਰਚਾ ਜੈਤੋ ਵਿਚ ਕੈਦ ਹੋਈ। ਭਾ: ਭਗਤ ਸਿੰਘ ਪਿਤਾ ਸ: ਵੀਰ ਸਿੰਘ ਮਾਤਾ ਹਰਨਾਮ ਕੌਰ ਆਪ ਨੂੰ ਮੋਰਚਾ ਜੈਤੋ ਵਿਚ ਕੈਦ ਹੋਈ। ਭਾ: ਨਰੰਜਨ ਸਿੰਘ ਪਿਤਾ ਸ: ਵੀਰ ਸਿੰਘ ਮਾਤਾ ਹਰਨਾਮ ਕੌਰ ਪਿੰਡ ਜੈਮਲ ਵਾਲਾ ਆਪ ਨੂੰ ਜੈਤੋ ਦੇ ਮੋਰਚੇ ਵਿਚ ਕੈਦ ਹੋਈ।

ਭਾ: ਰਣ ਸਿੰਘ ਪਿਤਾ ਸ: ਪ੍ਰੇਮ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਜੈਮਲ ਵਾਲਾ ਆਪ ਨੂੰ ਜੈਤੋ ਦੇ ਮੋਰਚੇ ਵਿਚ ਕੈਦ ਹੋਈ। ਭਾ: ਹਰਨਾਮ ਸਿੰਘ ਪਿਤਾ ਸ: ਚੰਦਾ ਸਿੰਘ ਮਾਤਾ ਗੁਲਾਬ ਕੌਰ ਪਿੰਡ ਜੈਮਲ ਵਾਲਾ ਆਪ ਨੂੰ ਮੋਰਚਾ ਜੈਤੋ ਵਿਚ ਕੈਦ ਹੋਈ।

ਭਾ: ਬਚਨ ਸਿੰਘ ਪਿਤਾ ਸ: ਸੇਵਾ ਸਿੰਘ ਮਾਤਾ ਰਤਨ ਕੌਰ ਪਿੰਡ ਨਵੇਂ ਚੰਦ ਆਪ ਨੂੰ ਜੈਤੋ ਦੇ ਪਹਿਲੇ ਸ਼ਹੀਦੀ ਜਥੇ ਵਿਚ ਗੋਲੀ ਲੱਗੀ ਪ੍ਰੰਤੂ ਮੌਤ ਤੋਂ ਬਚ ਗਏ, ਕਾਫੀ ਚਿਰ ਹਸਪਤਾਲ ਰਹੇ। ਗੋਲੀ ਲਗਣ ਨਾਲ ਸੱਜੀ ਲੱਤ ਨਕਾਰਾ ਹੋ ਗਈ, ਆਪ ਨੂੰ ਪੰਥ ਵਲੋਂ ਪੈਨਸ਼ਨ ਮਿਲਦੀ ਹੈ।

ਭਾਈ ਇੰਦਰ ਸਿੰਘ ਪਿਤਾ ਸ: ਗੌਰਾ ਸਿੰਘ ਮਾਤਾ ਹਰ ਕੌਰ ਪਿੰਡ ਨਵੇਂ ਚੰਦ ਆਪ

Digitized by Panjab Digital Library | www.panjabdigilib.org

ਮੋਰਚਾ ਜੈਤੋ ਵਿਚ ਗਏ ਤੇ ਗ੍ਰਿਫਤਾਰ ਕਰਕੇ ਬਾਬਲ ਕਾਂਟੀ ਛਡੇ ਗਏ ।

ਭਾ: ਖੇਮ ਸਿੰਘ ਪਰਉਪਕਾਰੀ ਪਿਤਾ ਸ: ਸਰੂਪ ਸਿੰਘ ਪਿੰਡ ਚੰਦ ਪੁਰਾਣੇ ਆਪ ਨੇ ਮੋਰਚਾ ਜੈਤੋ ਵਿਚ ਜਾ ਕੇ ਕੈਦ ਕਟੀ, ਪਿੰਡ ਵਿਚ ਪ੍ਰਾਇਮਰੀ ਸਕੂਲ ਤੇ ਮਲਵਈ ਬੁੰਗੇ ਲੰਗਰ ਦੀ ਥਾਂ ਬਣਵਾਈ ।

ਭਾਈ ਧੰਨਾ ਸਿੰਘ ਪਿਤਾ ਸ: ਫਤੂ ਸਿੰਘ ਮਾਤਾ ਸਾਹਿਬ ਕੌਰ ਪਿੰਡ ਨਵੇਂ ਚੰਦ ਆਪ ਮੋਰਚਾ ਜੈਤੋ ਵਿਚ ਗਏ ਤੇ ਗ੍ਰਿਫਤਾਰ ਕਰਕੇ ਬਾਬਲ ਕਾਂਟੀ ਛਡੇ ਗਏ ।

ਭਾਈ ਬਚਨ ਸਿੰਘ ਪਿਤਾ ਸ: ਸੇਵਾ ਸਿੰਘ ਪਿੰਡ ਨਵੇਂ ਚੰਦ ਆਪ ਮੋਰਚਾ ਜੈਤੋ ਵਿਚ ਗਏ ਤੇ ਗ੍ਰਿਫਤਾਰ ਕਰਕੇ ਬਾਬਲ ਕਾਂਟੀ ਛਡੇ ਗਏ ।

ਭਾਈ ਸੁੰਦਰ ਸਿੰਘ ਪਿਤਾ ਸ: ਜਵਾਹਰ ਸਿੰਘ ਪਿੰਡ ਨਵੇਂ ਚੰਦ ਆਪ ਮੋਰਚਾ ਜੈਤੋ ਵਿਚ ਗਏ ਤੇ ਗ੍ਰਿਫਤਾਰ ਕਰਕੇ ਬਾਬਲ ਕਾਂਟੀ ਛਡੇ ਗਏ ।

ਭਾਈ ਰਤਨ ਸਿੰਘ ਪਿਤਾ ਸ: ਨਿਧਾਨ ਸਿੰਘ ਮਾਤਾ ਭਾਗੋ ਪਿੰਡ ਨਵੇਂ ਚੰਦ ਆਪ ਮੋਰਚਾ ਜੈਤੋ ਵਿਚ ਗਏ ਤੇ ਗ੍ਰਿਫਤਾਰ ਕਰਕੇ ਬਾਬਲ ਕਾਂਟੀ ਛਡੇ ਗਏ ।

ਭਾਈ ਨੰਦ ਸਿੰਘ ਅਕਾਲੀ ਪਿਤਾ ਸ: ਸੇਵਾ ਸਿੰਘ ਮਾਤਾ ਆਸ ਕੌਰ ਪਿੰਡ ਨਵੇਂ ਚੰਦ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਕੈਦ ਕਟੀ ।

ਭਾਈ ਬਹਾਦਰ ਸਿੰਘ ਪਿਤਾ ਸ: ਘੁਮੰਡ ਸਿੰਘ ਮਾਤਾ ਦਿਆ ਕੌਰ ਪਿੰਡ ਨਵੇਂ ਚੰਦ ਆਪ ਮੋਰਚਾ ਡਸਕਾ ਵਿਚ ਗਏ ਤੇ ਕੈਦ ਕਟੀ ।

ਭਾਈ ਕਿਸ਼ਨ ਸਿੰਘ ਪਿਤਾ ਸ: ਬਗਾ ਸਿੰਘ ਪਿੰਡ ਨਵੇਂ ਚੰਦ ਆਪ ਮੋਰਚਾ ਡਸਕਾ ਵਿਚ ਗਏ ਤੇ ਕੈਦ ਕਟੀ ।

ਭਾਈ ਲਾਹੌਰਾ ਸਿੰਘ ਪਿਤਾ ਸ: ਰਤਨ ਸਿੰਘ ਮਾਤਾ ਧਰਮ ਕੌਰ ਪਿੰਡ ਨਵੇਂ ਚੰਦ ਆਪ ਮੋਰਚਾ ਡਸਕਾ ਵਿਚ ਗਏ ਤੇ ਕੈਦ ਕਟੀ ।

ਭਾਈ ਜੋਗਿੰਦਰ ਸਿੰਘ ਪਿਤਾ ਸ: ਸੇਵਾ ਸਿੰਘ ਪਿੰਡ ਨਵੇਂ ਚੰਦ ਆਪ ਮੋਰਚਾ ਡਸਕਾ ਵਿਚ ਗਏ ਤੇ ਕੈਦ ਕਟੀ ।

ਭਾਈ ਕਰਤਾਰ ਸਿੰਘ ਪਿਤਾ ਸ: ਇੰਦਰ ਸਿੰਘ ਪਿੰਡ ਨਵੇਂ ਚੰਦ ਆਪ ਮੋਰਚਾ ਡਸਕਾ ਵਿਚ ਗਏ ਤੇ ਕੈਦ ਕਟੀ ।

ਭਾਈ ਸੁੰਦਰ ਸਿੰਘ ਪਿਤਾ ਸ: ਸ਼ਾਮ ਸਿੰਘ ਮਾਤਾ ਇੰਦ ਕੌਰ ਪਿੰਡ ਚੰਦ ਨਵੇਂ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ ।

ਭਾਈ ਕਿਸ਼ਨ ਸਿੰਘ ਪਿਤਾ ਸ: ਸੋਭਾ ਸਿੰਘ ਮਾਤਾ ਚੰਦ ਕੌਰ ਪਿੰਡ ਚੰਦ ਨਵੇਂ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ ।

ਭਾਈ ਬਿਸ਼ਨ ਸਿੰਘ ਪਿਤਾ ਸ: ਸਮੁੰਦ ਸਿੰਘ ਮਾਤਾ ਹਰ ਕੌਰ ਪਿੰਡ ਚੰਦ ਨਵੇਂ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ ।

ਭਾਈ ਭਾਗ ਸਿੰਘ ਪਿਤਾ ਸ: ਗੁਰਦਿਆਲ ਸਿੰਘ ਮਾਤਾ ਕਾਨ੍ਹ ਕੌਰ ਪਿੰਡ ਨਵੇਂ ਚੰਦ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ ।

ਭਾਈ ਇੰਦਰ ਸਿੰਘ ਪਿਤਾ ਸ: ਗੁਰਦਿਆਲ ਸਿੰਘ ਮਾਤਾ ਜੀਮਾਂ ਕੌਰ ਪਿਡ ਨਵੇਂ ਚੰਦ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ ।

ਜਥੇਦਾਰ ਸਜਣ ਸਿੰਘ ਪਿਤਾ ਸ: ਅਨੋਖ ਸਿੰਘ ਮਾਤਾ ਤਾਬ ਕੌਰ ਪਿੰਡ ਭੇਖੀ ਆਪ ਮੋਰਚਾ ਜੈਤੋ ਵਿਚ ਸਟੇਜ਼ ਤੇ ਲਹਿਰ ਬਾਰੇ ਪਰਚਾਰ ਕਰਨ ਦੇ ਦੋਸ਼ ਵਿਚ ਦੋ ਸਾਲ ਕੈਦ ਹੋਏ ।

Digitized by Panjab Digital Library | www.panjabdigilib.org

ਭਾਈ ਸੰਗਤ ਸਿੰਘ ਪਿਤਾ ਸ: ਬੁਧ ਸਿੰਘ ਮਾਤਾ ਖੇਮ ਕੌਰ ਪਿੰਡ ਭੇਖੀ ਆਪ ਮੋਰਚਾ ਜੈਤੋ ਸ਼ਿੰਘਾਈ ਦੇ ਜਥੇ ਵਿਚ ਸ਼ਾਮਲ ਹੋ ਕੇ ਗਏ। ਆਪ ਇਕ ਅਖਬਾਰ ਦੇ ਐਡੀਟਰ ਸਨ, ਪੰਥਕ ਸੇਵਾ ਦੇ ਚਾ ਵਿਚ ਅਖਬਾਰ ਛਡ ਕੇ ਆਏ ਸੀ।

ਭਾਈ ਖੜਕ ਸਿੰਘ ਪਿਤਾ ਸ: ਪਰਤਾਪ ਸਿੰਘ ਮਾਤਾ ਸ਼ਾਮ ਕੌਰ ਪਿੰਡ ਛੋਟਾ ਮੱਲਾ ਆਪ ਨੇ ਮੋਰਚਾ ਜੈਤੋ ਤੇ ਮੋਰਚਾ ਡਸਕਾ ਵਿਚ ਜਾ ਕੇ ਕੈਦਾਂ ਕਟੀਆਂ।

ਭਾਈ ਸਰਦਾਰਾ ਸਿੰਘ ਪਿਤਾ ਸ: ਪਰਤਾਪ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਛੋਟਾ ਮੱਲਾ ਆਪ ਮੋਰਚਾ ਜੈਤੋ ਦੇ ੧੭ਵੇਂ ਸ਼ਹੀਦੀ ਜਥੇ ਵਿਚ ਗਏ ਤੇ ਮੋਰਚਾ ਡਸਕਾ ਵਿਚ ਜਾ ਕੇ ਕੈਦਾਂ ਕਟੀਆਂ।

ਭਾਈ ਗੰਡਾ ਸਿੰਘ ਪਿਤਾ ਸ: ਸਾਹਿਬ ਸਿੰਘ ਮਾਤਾ ਰੂਪ ਕੌਰ ਪਿੰਡ ਵੱਡਾ ਮੱਲਾ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦਾਂ ਕਟੀਆਂ।

ਭਾਈ ਭਾਗ ਸਿੰਘ ਪਿਤਾ ਭਾਈ ਵਜ਼ੀਰ ਸਿੰਘ ਮਾਤਾ ਅਤਰ ਕੌਰ ਪਿੰਡ ਵੱਡਾ ਮੱਲਾ ਆਪ ਨੇ ਮੋਰਚਾ ਨਨਕਾਣਾ ਸਾਹਿਬ ਤੇ ਰਿਆਸਤ ਫਰੀਦ ਕੋਟ ਦਾ ਗੋਲੇ ਵਾਲੇ ਮੋਰਚੇ ਵਿਚ ਸਤ ਸਾਲ ਕੈਦ ਕਟੀ। ਭਾਈ ਤ੍ਰਲੋਕ ਸਿੰਘ ਪਿਤਾ ਸ: ਭੋਲਾ ਸਿੰਘ ਮਾਤਾ ਇੰਦ ਕੌਰ ਪਿੰਡ ਮਦੋਕੇ ਆਪ ਮੋਰਚਾ ਜੈਤੋ ਵਿਚ ੧੩ਵੇਂ ਸ਼ਹੀਦੀ ਜਥੇ ਨਾਲ ਗਏ ਤੇ ੧੩ ਮਹੀਨੇ ਨਾਭਾ ਬੀੜ ਵਿਚ ਕੈਦ ਕਟੀ।

ਭਾਈ ਨਾਜ਼ਰ ਸਿੰਘ ਪਿਤਾ ਸ: ਸੁਚੇਤ ਸਿੰਘ ਮਾਤਾ ਕੇਸਰ ਕੌਰ ਪਿੰਡ ਮਦੋਕੇ ਆਪ ਮੋਰਚਾ ਜੈਤੋ ਵਿਚ ਗਏ ਤੇ ੨ ਸਾਲ ੩ ਮਹੀਨੇ ਕੈਦ ਕਟੀ।

ਭਾਈ ਅਰਜਨ ਸਿੰਘ ਪਿਤਾ ਸ: ਰੋਡਾ ਸਿੰਘ ਪਿੰਡ ਮਦੋਕੇ ਆਪ ਮੋਰਚਾ ਜੈਤੋ ਤੇ ਭਾਈ ਫੇਰੂ ਦੋਹਾਂ ਥਾਵਾਂ ਤੇ ਗਏ।

ਭਾਈ ਮੇਹਰ ਸਿੰਘ ਪਿਤਾ ਸ: ਹੀਰਾ ਸਿੰਘ ਮਾਤਾ ਜੀਊਣ ਕੌਰ ਪਿੰਡ ਮਦੋਕੇ ਆਪ ਮੋਰਚਾ ਜੈਤੋ ਵਿਚ ਗਏ ਤੇ ਮੋਰਚਾ ਫਤਹਿ ਹੋਣ ਤਕ ਉਥੇ ਰਹੇ।

ਭਾਈ ਭਜਨ ਸਿੰਘ ਪਿਤਾ ਸ: ਨਿਧਾਨ ਸਿੰਘ ਮਾਤਾ ਦੇਵਾ ਕੌਰ ਪਿੰਡ ਮਦੋਕੇ ਆਪ ਮੋਰਚਾ ਜੈਤੋ ਵਿਚ ਗਏ ਤੇ ਸਜ਼ਾ ਕਟੀ।

ਭਾਈ ਬਿਸ਼ਨ ਸਿੰਘ ਪਿਤਾ ਸ: ਬੱਗਾ ਸਿੰਘ ਮਾਤਾ ਪ੍ਰਤਾਪ ਕੌਰ ਪਿੰਡ ਮਦੋਕੇ ਆਪ ਮੋਰਚਾ ਜੈਤੋ ਵਿਚ ਗਏ ਤੇ ੧੯੪੭ ਦੇ ਘਲੂਘਾਰੇ ਵਿਚ ਵੀ ਸੇਵਾ ਕੀਤੀ।

ਭਾਈ ਅਨੋਖ ਸਿੰਘ ਪਿਤਾ ਸ: ਰਤਨ ਸਿੰਘ ਮਾਤਾ ਸਦਾ ਕੌਰ ਪਿੰਡ ਰਾਊਲੀ ਆਪ ਮੋਰਚਾ ਜੈਤੋ ਵਿਚ ਗਏ ਤੇ ੧੩ ਮਹੀਨੇ ਨਾਭਾ ਜੇਲ੍ਹ ਵਿਚ ਕੈਦ ਕਟੀ।

ਭਾਈ ਨੰਦ ਸਿੰਘ ਪਿਤਾ ਸ: ਬੂੜ ਸਿੰਘ ਪਿੰਡ ਰਾਊਲੀ ਆਪ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਵਿਚ ਜਾ ਕੇ ੧੩ ਮਹੀਨੇ ਨਾਭਾ ਬੀੜ ਵਿਚ ਬੰਦ ਰਹੇ।

ਭਾਈ ਸੋਭਾ ਸਿੰਘ ਪਿਤਾ ਸ: ਮਤਾਬ ਸਿੰਘ ਪਿੰਡ ਭਾਈ ਕੀ ਸਮਾਧ ਮੋਰਚਾ ਜੈਤੋ ਦੇ ੧੭ਵੇਂ ਸ਼ਹੀਦੀ ਜਥੇ ਵਿਚ ਗਏ।

ਭਾਈ ਸੁਰਜਨ ਸਿੰਘ ਪਿਤਾ ਸ: ਬਾਘਾ ਸਿੰਘ ਪਿੰਡ ਭਾਈ ਕੀ ਸਮਾਧ ਆਪ ਮੋਰਚਾ ਜੈਤੋ ਦੇ ੧੭ਵੇਂ ਸ਼ਹੀਦੀ ਜਥੇ ਵਿਚ ਗਏ।

ਭਾਈ ਪਾਲਾ ਸਿੰਘ ਪਿੰਡ ਭਾਈ ਕੀ ਸਮਾਭ ਆਪ ਨੇ ਜੈਤੋ ਦੇ ਮੋਰਚਿਆਂ ਵਿਚ ਸਤ ਸਾਲ ਕੈਦ ਕੱਟੀ। ਭਾਈ ਰਣਜੀਤ ਸਿੰਘ ਹੌਲਦਾਰ ਪੈਨਸ਼ਨਰ ਪਿੰਡ ਭਾਈ ਕੀ ਸਮਾਧ ਆਪ ਜੈਤੋ ਦੇ ੧੭ਵੇਂ ਸ਼ਹੀਦੀ ਜਥੇ ਵਿਚ ਗਏ।

Digitized by Panjab Digital Library | www.panjabdigilib.org

ਭਾਈ ਨੱਥਾਂ ਸਿੰਘ ਮੋਗਾ ਆਪ ਨੇ ਮੋਰਚਾ ਜੈਤੋ ਸਮੇਂ ਬਹੁਤ ਕੁਰਬਾਨੀ ਕੀਤੀ।

ਭਾਈ ਇੰਦਰ ਸਿੰਘ ਅਕਾਲੀ ਪਿਤਾ ਸ: ਨਰੈਣ ਸਿੰਘ ਜੀ ਮਾਤਾ ਜੀਵਾਂ ਕੌਰ ਪਿੰਡ ਸੱਦਾ ਸਿੰਘ ਵਾਲਾ ਆਪ ਨੇ ਮੋਰਚਾ ਜੈਤੋ ਵਿਚ ਤਿੰਨ ਮਹੀਨੇ ਕੈਦ ਮੁਲਤਾਨ ਜੇਲ੍ਹ ਵਿਚ ਕੱਟੀ।

ਭਾਈ ਵੀਰ ਸਿੰਘ ਜੀ ਹੌਲਦਾਰ ਪਿਤਾ ਸ: ਧਿਆਨ ਸਿੰਘ ਜੀ ਮਾਤਾ ਦਿਆ ਕੌਰ ਪਿੰਡ ਸੱਦਾ ਸਿੰਘ ਵਾਲਾ ਆਪ ਮੋਰਚਾ ਜੈਤੋ ਵਿਚ ੧ ਸਾਲ ਕੈਦ ਰਹੇ।

ਭਾਈ ਰਤਨ ਸਿੰਘ ਜੀ ਪਿਤਾ ਸ: ਮੰਗਲ ਸਿੰਘ ਮਾਤਾ ਭੋਲੀ ਪਿੰਡ ਸੱਦਾ ਸਿੰਘ ਵਾਲਾ ਆਪ ਮੋਰਚਾ ਜੈਤੋ ਵਿਚ ੧ ਸਾਲ ਕੈਦ ਰਹੇ।

ਭਾਈ ਸ਼ੇਰ ਸਿੰਘ ਅਕਾਲੀ ਪਿਤਾ ਸ: ਹਰਨਾਮ ਸਿੰਘ ਪਿੰਡ ਦੁਨੇ ਵਾਲਾ ਆਪ ਨੇ ਮੋਰਚਾ ਜੈਤੋ ਵਿਚ ਡੇਢ ਸਾਲ ਕੈਦ ਕੱਟੀ।

ਭਾਈ ਬਚਨ ਸਿੰਘ ਪਿਤਾ ਸ: ਖੁਸ਼ਹਾਲ ਸਿੰਘ ਮਾਤਾ ਰਾਜ ਕੌਰ ਪਿੰਡ ਦੁਨੇ ਵਾਲਾ ਆਪ ਨੂੰ ਮੋਰਚਾ ਜੈਤੋ ਵਿਚ ਡੇਢ ਸਾਲ ਕੈਦ ਹੋਈ।

ਭਾਈ ਨਰੰਜਨ ਸਿੰਘ ਪਿਤਾ ਸ: ਦਿਤ ਸਿੰਘ ਮਾਤਾ ਹਰ ਕੌਰ ਪਿੰਡ ਦੁਨੇ ਵਾਲਾ ਆਪ ਨੂੰ ਮੋਰਚਾ ਜੈਤੋ ਵਿਚ ਡੇਢ ਸਾਲ ਕੈਦ ਹੋਈ।

ਭਾਈ ਨਾਜ਼ਰ ਸਿੰਘ ਪਿਤਾ ਸ: ਸੁਚਾ ਸਿੰਘ ਮਾਤਾ ਚੰਦ ਕੌਰ ਪਿੰਡ ਦੁਨੇ ਵਾਲਾ ਆਪ ਨੂੰ ਮੋਰਚਾ ਜੈਤੋ ਵਿਚ ਡੇਢ ਸਾਲ ਕੈਦ ਹੋਈ।

ਭਾਈ ਸਰਵਣ ਸਿੰਘ ਪਿਤਾ ਸ: ਪਰਤਾਪ ਸਿੰਘ ਮਾਤਾ ਇੰਦ ਕੌਰ ਪਿੰਡ ਦੁਨੇ ਵਾਲਾ ਆਪ ਨੇ ਭੀ ਮੋਰਚਾ ਜੈਤੋ ਵਿਚ ਡੇਢ ਸਾਲ ਕੈਦ ਕਟੀ।

ਭਾਈ ਕੇਸਰ ਸਿੰਘ ਪਿਤਾ ਸ: ਫਤਿਹ ਸਿੰਘ ਪਿੰਡ ਦੌਲਤ ਪੁਰਾ ਆਪ ਨੇ ਮੋਰਚਾ ਜੈਤੋ ਤੇ ਭਾਈ ਫੇਰੂ ਵਿਚ ਕੈਦਾਂ ਕਟੀਆਂ।

ਭਾਈ ਸੰਤਾ ਸਿੰਘ ਪਿਤਾ ਸ: ਮੰਗਲ ਸਿੰਘ ਮਾਤਾ ਅਤਰੀ ਪਿੰਡ ਦੌਲਤ ਪੁਰਾ ਆਪ ਨੇ ਮੋਰਚਾ ਜੈਤੋ ਤੇ ਭਾਈ ਫੇਰੂ ਵਿਚ ਕੈਦਾਂ ਕਟੀਆਂ।

ਭਾਈ ਕਪੂਰ ਸਿੰਘ ਪਿਤਾ ਸ: ਮੇਘ ਸਿੰਘ ਮਾਤਾ ਰਾਮ ਕੌਰ ਪਿੰਡ ਕੋਠੇ ਵਾਲਾ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ।

ਭਾਈ ਹਜ਼ੂਰਾ ਸਿੰਘ ਪਿਤਾ ਸ: ਬੇਲਾ ਸਿੰਘ ਪਿੰਡ ਕੋਠੇ ਵਾਲਾ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ।

ਭਾਈ ਮਾਘੀ ਸਿੰਘ ਪਿਤਾ ਸ: ਕਾਕੂ ਸਿੰਘ ਮਾਤਾ ਮੁਤਾਬ ਕੌਰ ਪਿੰਡ ਸਾਫ਼ੂ ਵਾਲਾ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ, ਗੁਰੂ ਕੇ ਬਾਗ ਬਾਰੇ ਭੀ ਛੇ ਮਹੀਨੇ ਕੈਦ ਕਟੀ।

ਮਾਈ ਨੰਦ ਸਿੰਘ ਪਿਤਾ ਸ: ਕਾਕੂ ਸਿੰਘ ਮਾਤਾ ਮੁਤਾਬ ਕੌਰ ਪਿੰਡ ਸਾਫ਼ੂਵਾਲਾ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ, ਗੁਰੂ ਕੇ ਬਾਗ ਬਾਰੇ ਭੀ ਛੇ ਮਹੀਨੇ ਕੈਦ ਕਟੀ।

ਭਾਈ ਕੇਹਰ ਸਿੰਘ ਅਕਾਲੀ ਪਿਤਾ ਸ: ਮੋਗਾ ਸਿੰਘ ਪਿੰਡ ਸਾਫ਼ੂਵਾਲਾ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ, ਗੁਰੂ ਕੇ ਬਾਗ ਬਾਰੇ ਭੀ ਛੇ ਮਹੀਨੇ ਕੈਦ ਕਟੀ।

ਭਾਈ ਪਰਤਾਪ ਸਿੰਘ ਅਕਾਲੀ ਪਿਤਾ ਸ: ਜੈ ਸਿੰਘ ਮਾਤਾ ਨੰਦ ਕੌਰ ਪਿੰਡ ਸਾਫ਼ੂਵਾਲਾ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ, ਗੁਰੂ ਕੇ ਬਾਗ ਬਾਰੇ ਭੀ ਛੇ ਮਹੀਨੇ ਕੈਦ ਕਟੀ।

ਭਾਈ ਸਰਦਾਰਾ ਸਿੰਘ ਪਿਤਾ ਸ: ਰਾਮ ਸਿੰਘ ਮਾਤਾ ਰਾਜ ਕੌਰ ਪਿੰਡ ਸਾਫ਼ੂਵਾਲਾ

Digitized by Panjab Digital Library | www.panjabdigilib.org

ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ, ਗੁਰੂ ਕੇ ਬਾਗ ਬਾਰੇ ਭੀ ਛੇ ਮਹੀਨੇ ਕੈਦ ਕਟੀ।

ਭਾਈ ਧਰਮ ਸਿੰਘ ਪਿਤਾ ਸ: ਮੰਗਲ ਸਿੰਘ ਪਿੰਡ ਸਾਹੂਵਾਲਾ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ, ਗੁਰੂ ਕੇ ਬਾਗ ਬਾਰੇ ਭੀ ਛੇ ਮਹੀਨੇ ਕੈਦ ਕਟੀ।

ਭਾਈ ਰਾਮ ਸਿੰਘ ਪਿਤਾ ਸ: ਬੋਘਾ ਸਿੰਘ ਪਿੰਡ ਬੁਕਣ ਵਾਲਾ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ।

ਭਾਈ ਘੁਮੰਡਾ ਸਿੰਘ ਪਿਤਾ ਸ: ਸ਼ਾਮ ਸਿੰਘ ਪਿੰਡ ਬੁਕਣ ਵਾਲਾ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ।

ਭਾਈ ਪਰਤਾਪ ਸਿੰਘ ਸੁਰਗਵਾਸੀ ਅਕਾਲੀ ਪਿੰਡ ਬੁਕਣ ਵਾਲਾ ਆਪ ਮੋਰਚਾ ਜੈਤੋ ਵਿਚ ਗਏ ਤੇ ਸਜ਼ਾ ਕਟੀ।

ਭਾਈ ਆਤਮਾ ਸਿੰਘ ਪਿਤਾ ਸ: ਸੁੰਦਰ ਸਿੰਘ ਪਿੰਡ ਤਾਰੇਵਾਲ ਆਪ ਮੋਰਚਾ ਜੈਤੋ ਵਿਚ ਗਏ ਤੇ ਸਜ਼ਾ ਕਟੀ।

ਭਾਈ ਸਰਦਾਰਾ ਸਿੰਘ ਪਿਤਾ ਸ: ਸੰਤਾ ਸਿੰਘ ਮਾਤਾ ਕਿਸ਼ਨ ਕੌਰ ਪਿੰਡ ਤਾਰੇਵਾਲ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਸਜ਼ਾ ਕਟੀ।

ਭਾਈ ਪਾਲ ਸਿੰਘ ਪਿਤਾ ਸ: ਫੁਮਣ ਸਿੰਘ ਮਾਤਾ ਰਾਮ ਕੌਰ ਪਿੰਡ ਤਾਰੇਵਾਲ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਸਜ਼ਾ ਕਟੀ।

ਭਾਈ ਬਿਸ਼ਨ ਸਿੰਘ ਪਿਤਾ ਸ: ਫਤੂ ਸਿੰਘ ਮਾਤਾ ਜੀਉਣੀ ਪਿੰਡ ਤਾਰੇਵਾਲ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਸਜ਼ਾ ਕਟੀ।

ਭਾਈ ਅਨੋਖ ਸਿੰਘ ਪਿਤਾ ਭਾਈ ਸੇਵਾ ਸਿੰਘ ਮਾਤਾ ਜੀਉਣੀ ਪਿੰਡ ਤਾਰੇਵਾਲ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਤਿੰਨ ਮਹੀਨੇ ਸਜ਼ਾ ਕਟੀ।

ਭਾਈ ਹੁਕਮ ਸਿੰਘ ਪਿਤਾ ਸ: ਠੋਲਾ ਸਿੰਘ ਮਾਤਾ ਰਾਮ ਕੌਰ ਪਿੰਡ ਤਾਰੇਵਾਲ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਤਿੰਨ ਮਹੀਨੇ ਕੈਦ ਕਟੀ।

ਭਾਈ ਇੰਦਰ ਸਿੰਘ ਪਿਤਾ ਸ: ਕਰਮ ਸਿੰਘ ਮਾਤਾ ਰਾਜ ਕੌਰ ਪਿੰਡ ਮ੍ਰੇਸਰੀ ਆਪ ਮੋਰਚਾ ਜੈਤੋ ਵਿਚ ਗਏ ਤੇ ਦੋ ਸਾਲ ਕੈਦ ਕਟੀ, ਗੁਰੂ ਕੇ ਬਾਗਵਿਚ ਭੀ ੮ ਮਹੀਨੇ ੧ ਹਫਤਾ ਕੈਦ ਕਟੀ।

ਭਾਈ ਮੋਹਨ ਸਿੰਘ ਪਿਤਾ ਸ: ਭਗਵਾਨ ਸਿੰਘ ਪਿੰਡ ਮ੍ਰੇਸਰੀ ਆਪ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਦੋ ਸਾਲ ਕੈਦ ਕਟੀ।

ਭਾਈ ਪਾਲ ਸਿੰਘ ਪਿਤਾ ਸ: ਸ਼ੇਰ ਸਿੰਘ ਮਾਤਾ ਇੰਦਰ ਕੌਰ ਪਿੰਡ ਮ੍ਰੇਸਰੀ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਦੋ ਸਾਲ ਕੈਦ ਕਟੀ।

ਭਾਈ ਜੀਉਣ ਸਿੰਘ ਪਿਤਾ ਸ: ਪੰਜਾਬ ਸਿੰਘ ਪਿੰਡ ਮ੍ਰੇਸਰੀ ਆਪ ਮੋਰਚਾ ਜੈਤੋ ਵਿਚ ਗਏ ਤੇ ਦੋ ਸਾਲ ਕੈਦ ਕਟੀ।

ਭਾਈ ਕਰਤਾਰ ਸਿੰਘ ਜੀ ਗੁੰਬੀ ਅਕਾਲੀ ਪਿਤਾ ਸ: ਰੁੜ ਸਿੰਘ ਮਾਤਾ ਪਰਤਾਪ ਕੌਰ ਪਿੰਡ ਮ੍ਰੇਸਰੀ ਆਪ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਦੋ ਸਾਲ ਕੈਦ ਕਟੀ। ਗੁਰੂ ਕੇ ਬਾਗ ਵਿਚ ਭੀ ਆਪ ਨੇ ੮ ਮਹੀਨੇ ੧ ਹਫਤਾ ਕੈਦ ਕਟੀ।

ਭਾਈ ਵਰਿਆਮ ਸਿੰਘ ਪਿਤਾ ਸ: ਸਾਉਣ ਸਿੰਘ ਮਾਤਾ ਪਰਤਾਪ ਕੌਰ ਪਿੰਡ ਮ੍ਰੇਸਰ ਆਪ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਦੋ ਸਾਲ ਕੈਦ ਕਟੀ।

Digitized by Panjab Digital Library | www.panjabdigilib.org

ਭਾਈ ਮੋਤਾ ਸਿੰਘ ਪਿਤਾ ਸ: ਹਜ਼ਾਰਾ ਸਿੰਘ ਮਾਤਾ ਭੋਲੀ ਪਿੰਡ ਮਹੇਸਰੀ ਆਪ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਦੋ ਸਾਲ ਕੈਦ ਕਟੀ। ਗੁਰੂ ਕੇ ਬਾਗ ਵਿਚ ਭੀ ਆਪ ਨੂੰ ੮ ਮਹੀਨੇ ੧ ਹਫਤਾ ਕੈਦ ਕਟੀ।

ਭਾਈ ਵਰਿਆਮ ਸਿੰਘ ਪਿਤਾ ਸ: ਝਗੜ ਸਿੰਘ ਪਿੰਡ ਮਹੇਸਰੀ ਆਪ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਦੋ ਸਾਲ ਕੈਦ ਕਟੀ।

ਭਾਈ ਭਾਗ ਸਿੰਘ ਪਿਤਾ ਸ: ਕਾਲਾ ਸਿੰਘ ਮਾਤਾ ਭੋਲੀ ਆਪ ਮੋਰਚਾ ਜੈਤੋ ਵਿਚ ਛੇਵੇਂ ਵਿਚ ਜਥੇ ਨਾਲ ਗਏ ਤੇ ਦੋ ਸਾਲ ਕੈਦ ਕਟੀ।

ਭਾਈ ਨਥਾ ਸਿੰਘ ਪਿਤਾ ਹਜ਼ਾਰਾ ਸਿੰਘ ਮਾਤਾ ਸੋਭਾਂ ਪਿੰਡ ਮਹੇਸਰੀ ਆਪ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਦੋ ਸਾਲ ਕੈਦੇ ਕਟੀ।

ਭਾਈ ਰਣਧੀਰ ਸਿੰਘ ਪਿਤਾ ਸ: ਖਜ਼ਾਨ ਸਿੰਘ ਪਿੰਡ ਮਹੇਸਰੀ ਆਪ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਦੋ ਸਾਲ ਕੈਦ ਕਟੀ।

ਭਾਈ ਵਿਸਾਖਾ ਸਿੰਘ ਪਿਤਾ ਸ: ਈਸ਼ਰ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਮਹੇਸਰੀ ਆਪ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਵਿਚ ਗਏ ਤੇ ਦੋ ਸਾਲ ਕੈਦ ਕਟੀ।

ਭਾਈ ਵਿਸਾਖਾ ਸਿੰਘ ਪਿਤਾ ਸ: ਦੇਵਾ ਸਿੰਘ ਪਿੰਡ ਮਹੇਸਰੀ ਆਪ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਦੋ ਸਾਲ ਕੈਦ ਕਟੀ।

ਜਥੇਦਾਰ ਸੁੱਧਾ ਸਿੰਘ ਅਕਾਲੀ ਪਿਤਾ ਸ: ਖਜ਼ਾਨ ਸਿੰਘ ਮਾਤਾ ਸੋਭੀ ਪਿੰਡ ਮਹੇਸਰੀ ਆਪ ਜੈਤੋ ਦੇ ਛੇਵੇਂ ਸ਼ਹੀਦੀ ਜਥੇ ਵਿਚ ਗਏ ਤੇ ੨ ਸਾਲ ਕੈਦ ਕਟੀ। ਆਪ ਨੂੰ ਮੋਰਚਾ ਗੁਰੂ ਕੇ ਬਾਗ ਵਿਚ ਵੀ ਛੇ ਮਹੀਨੇ ਕੈਦ ਹੋਈ ਤੇ ਦੋ ਸੌ ਰੁਪਿਆ ਜੁਰਮਾਨੇ ਵਿਚ ਨੌ ਹਫਤੇ ਹੋਰ ਕੈਦ ਹੋਈ।

ਭਾਈ ਜੀਉਣ ਸਿੰਘ ਅਕਾਲੀ ਪਿਤਾ ਸ: ਸਾਹਿਬ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਮਹੇਸਰੀ ਆਪ ਮੋਰਚਾ ਜੈਤੋ ਦੇ ਛੇਵੇਂ ਸ਼ਹੀਦੀ ਜਥੇ ਵਿਚ ਗਏ।

ਭਾਈ ਈਸ਼ਰ ਸਿੰਘ ਪਿਤਾ ਸ: ਚੰਦਾ ਸਿੰਘ ਮਾਤਾ ਗੁਰਦੇਵ ਕੌਰ ਪਿੰਡ ਧੱਲੇਕੇ ਆਪ ਮੋਰਚਾ ਜੈਤੋ ਦੇ ਪਹਿਲੇ ਸ਼ਹੀਦੀ ਜਥੇ ਵਿਚ ੧੦-੨-੨੩ ਨੂੰ ਦੋ ਸਾਲ ਕੈਦ ਹੋਏ।

ਭਾ: ਅਨੋਖ ਸਿੰਘ ਅਕਾਲੀ ਪਿਤਾ ਸ: ਫੌਜਾ ਸਿੰਘ ਮਾਤਾ ਮਹਾਂ ਕੌਰ ਪਿੰਡ ਧੱਲੇਕੇ ਆਪ ਅਕਾਲੀ ਵਰਕਰ ਸਨ। ਭਾ: ਬੁਧ ਸਿੰਘ ਪਿਤਾ ਸ: ਲਹਿਣਾ ਸਿੰਘ ਪਿੰਡ ਧੱਲੇਕੇ ਆਪ ਨੇ ਮੋਰਚਿਆਂ ਵਿਚ ਸੇਵਾ ਕੀਤੀ ਤੇ ਹੁਣ ਸੁਰਗ੍ਰਾਸ਼ ਹੋ ਗਏ ਹਨ।

ਭਾ: ਹੀਰਾ ਸਿੰਘ ਪਿਤਾ ਸ: ਦਾਨ ਸਿੰਘ ਮਾਤਾ ਨੰਦ ਕੌਰ ਪਿੰਡ ਧੱਲੇਕੇ ਆਪ ਨੇ ਮੋਰਚਿਆਂ ਵਿਚ ਸੇਵਾ ਕੀਤੀ ਤੇ ਹੁਣ ਸੁਰਗ੍ਰਾਸ਼ ਹੋ ਗਏ।

ਭਾ: ਕੁੰਢਾ ਸਿੰਘ ਪਿਤਾ ਸ: ਹੀਰਾ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਧੱਲੇਕੇ ਆਪ ਨੇ ਮੋਰਚਿਆਂ ਵਿਚ ਸੇਵਾ ਕੀਤੀ। ਪਿੰਡ ਵਿਚ ਗੁਰਦਵਾਰਾ ਬਣਾ ਕੇ ਆਪਣੀ ਛੇ ਘੁਮਾਂ ਜ਼ਮੀਨ ਅਰਦਾਸ ਕਰਾਈ। ਭਾ: ਸੇਵਾ ਸਿੰਘ ਪਿਤਾ ਸ: ਜੈਮਲ ਸਿੰਘ ਮਾਤਾ ਨੰਦ ਕੌਰ ਪਿੰਡ ਧੱਲੇਕੇ ਆਪ ਮੋਰਚਾ ਜੈਤੋ ਦੇ ਪਹਿਲੇ ਸ਼ਹੀਦੀ ਜਥੇ ਵਿਚ ਗਏ ਤੇ ਕੈਦ ਕਟੀ।

ਭਾ: ਦਾਨ ਸਿੰਘ ਅਕਾਲੀ ਪਿਤਾ ਸ: ਹਰੀ ਸਿੰਘ ਪਿੰਡ ਧੱਲੇਕੇ ਆਪ ਅਕਾਲੀ ਵਰਕਰ ਸਨ ਤੇ ਜੈਤ ਦੇ ਪਹਿਲੇ ਸ਼ਹੀਦੀ ਜਥੇ ਵਿਚ ਗਏ। ਆਪ ਆਜ਼ਾਦੀ ਦੇ ਮੋਢੀਆਂ ਵਿਚੋਂ ਸਨ।

ਭਾ: ਮਹਾਂ ਸਿੰਘ ਨੰਬਰਦਾਰ ਪਿੰਡ ਧੱਲੇਕੇ ਆਪ ਨੇ ਜੈਤੋ ਦੇ ਪਹਿਲੇ ਮੋਰਚੇ ਵਿਚ ਹਿੱਸਾ

Digitized by Panjab Digital Library | www.panjabdigilib.org

ਲਿਆ। ਭਾ: ਨਿਹਾਲ ਸਿੰਘ ਪਿਤਾ ਸ: ਮੋਤਾ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਧੱਲੇਕੇ ਆਪ ਦੇ ਸਾਥੀ ਜੈਤੋ ਦੇ ਪਹਿਲੇ ਸ਼ਹੀਦੀ ਜਥੇ ਵਿਚ ਸ਼ਹੀਦ ਹੋ ਗਏ ਤੇ ਆਪ ਨੇ ੧੧ ਮਹੀਨੇ ਬਾਬਲ ਕਾਂਟੀ ਵਿਚ ਤੇ ੯ ਮਹੀਨੇ ਨਾਭੇ ਬੀੜ ਵਿਚ ਕੈਦ ਕਟੀ। ਆਪ ਨੇ ਮੋਰਚਾ ਗੁਰੂ ਕੇ ਬਾਗ ਵਿਚ ਭੀ ਸਜ਼ਾ ਕਟੀ।

ਭਾਈ ਹਰਨਾਮ ਸਿੰਘ ਪਿਤਾ ਸ: ਮੋਤਾ ਸਿੰਘ ਮਾਤਾ ਪਰੇਮ ਕੌਰ ਪਿੰਡ ਧੱਲੇ ਕੇ ਆਪ ਪਹਿਲੇ ਸ਼ਹੀਦੀ ਜਥੇ ਨਾਲ ਗਏ ਤੇ ਦੋ ਬਾਰ ਕੈਦ ਕੱਟੀ।

ਭਾ: ਮੇਹਰ ਸਿੰਘ ਪਿਤਾ ਸ: ਜੈਮਲ ਸਿੰਘ ਮਾਤਾ ਨੰਦ ਕੌਰ ਪਿੰਡ ਧੱਲੇਕੇ ਆਪ ਅਕਾਲੀ ਵਰਕਰ ਸਨ। ਭਾ: ਗਹਿਲਾ ਸਿੰਘ ਪਿੰਡ ਧੱਲੇਕੇ ਆਪ ਅਕਾਲੀ ਵਰਕਰ ਸਨ।

ਭਾ: ਚੰਨਣ ਸਿੰਘ ਅਕਾਲੀ ਪਿਤਾ ਸ: ਕਰਮ ਸਿੰਘ ਮਾਤਾ ਰਾਮ ਕੌਰ ਪਿੰਡ ਮਹਿਣਾ-ਪੜਾਓ ਆਪ ਅਕਾਲੀ ਵਰਕਰ ਸਨ।

ਭਾ: ਮਹਾਂ ਸਿੰਘ ਪਿਤਾ ਸ: ਦੱਲ ਸਿੰਘ ਮਾਤਾ ਨੰਦ ਕੌਰ ਪਿੰਡ ਮਹਿਣਾ ਪੜਾਓ (ਥਾਣਾ ਖਾਸ) ਆਪ ਅਕਾਲੀ ਵਰਕਰ ਸਨ।

ਭਾ: ਨਿੱਕਾ ਸਿੰਘ ਪਿਤਾ ਸ: ਈਸ਼ਰ ਸਿੰਘ ਪਿੰਡ ਮਹਿਣਾ ਪੜਾਓ ਆਪ ਨੂੰ ਜੈਤੋ ਦੇ ਛੇਵੇਂ ਸ਼ਹੀਦੀ ਜਥੇ ਵਿਚ ਡੇਢ ਸਾਲ ਕੈਦ ਹੋਈ।

ਭਾ: ਕੇਹਰ ਸਿੰਘ ਪਿਤਾ ਸ: ਕੌੜਾ ਸਿੰਘ ਪਿੰਡ ਮਹਿਣਾ ਪੜਾਓ ਆਪ ਅਕਾਲੀ ਵਰਕਰ ਸਨ, ਪੁਤ੍ਰ ਦੀ ਸ਼ਾਦੀ ਕਰਕੇ ਜੀਵਨ ਗੁਰਦਵਾਰਿਆਂ ਦੀ ਆਜ਼ਾਦੀ ਲਈ ਅਰਪਨ ਕਰ ਦਿੱਤਾ।

ਭਾਈ ਬਚਨ ਸਿੰਘ ਪਿਤਾ ਸ: ਵਰਿਆਮ ਸਿੰਘ ਮਾਤਾ ਭੋਲੀ ਪਿੰਡ ਛੋਟੇ ਰਣਸੀਂਹ ਕੇ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਖੇਮ ਸਿੰਘ ਪਿਤਾ ਸ: ਚੜ੍ਹਤ ਸਿੰਘ ਮਾਤਾ ਇੰਦਰ ਕੌਰ ਪਿੰਡ ਛੋਟੇ ਰਣਸੀਂਹ ਕੇ ਜੈਤੋ ਦੇ ਛੇਵੇਂ ਸ਼ਹੀਦੀ ਜਥੇ ਵਿਚ ਡੇਢ ਸਾਲ ਕੈਦ ਹੋਈ।

ਭਾਈ ਮਹਾਂ ਸਿੰਘ ਪਿਤਾ ਸ: ਵੀਰ ਸਿੰਘ ਮਾਤਾ ਪਰੇਮ ਕੌਰ ਪਿੰਡ ਨਿਹਾਲ ਸਿੰਘ ਵਾਲਾ ਜੈਤੋ ਦੇ ਛੇਵੇਂ ਸ਼ਹੀਦੀ ਜਥੇ ਵਿਚ ਡੇਢ ਸਾਲ ਕੈਦ ਕੱਟੀ।

ਭਾਈ ਕੁੰਦਨ ਸਿੰਘ ਪਿਤਾ ਸ: ਸੁੰਦਰ ਸਿੰਘ ਮਾਤਾ ਪਰੇਮ ਕੌਰ ਬੌਡੋ ਧੂੜ ਕੋਟ ਰਣਸੀਂਹ ਮੋਰਚਾ ਭਾਈ ਫੇਰੂ ਵਿਚ ਕੈਦ ਹੋਏ ਤੇ ਕੈਮਲਪੁਰ ਜੇਲ੍ਹ ਵਿਚ ਭੇਜੇ ਗਏ।

ਭਾਈ ਮੋਖਾ ਸਿੰਘ ਪਿਤਾ ਸ: ਦੀਪਾ ਸਿੰਘ ਪਿੰਡ ਨੰਗਲ ਮੋਰਚਾ ਜੈਤੋ ਵਿਚ ਕੈਦ ਹੋਏ।

ਭਾਈ ਨੱਥਾ ਸਿੰਘ ਪਿਤਾ ਸ: ਧਿਆਨ ਸਿੰਘ ਪਿੰਡ ਨੰਗਲ ਮੋਰਕਾ ਜੈਤੋ ਵਿਚ ਕੈਦ ਹੋਏ।

ਭਾਈ ਇੰਦਰ ਸਿੰਘ ਪਿਤਾ ਸ: ਜੁਆਲਾ ਸਿੰਘ ਮਾਤਾ ਰਤਨ ਕੌਰ ਪਿੰਡ ਨੰਗਲ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਹੋਏ।

ਭਾਈ ਬੂਟਾ ਸਿੰਘ ਪਿਤਾ ਸ: ਵਧਾਵਾ ਸਿੰਘ ਪਿੰਡ ਨੰਗਲ ਮੋਰਚਾ ਜੈਤੋ ਵਿਚ ਕੈਦ ਹੋਏ।

ਭਾ: ਕਰਤਾਰ ਸਿੰਘ ਪਿਤਾ ਸ: ਅਨੋਖ ਸਿੰਘ ਜੀ ਮਾਤਾ ਸਮਾ ਕੌਰ ਪਿੰਡ ਲੁਹਾਰਾ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਗ੍ਰਿਫਤਾਰ ਕਰਕੇ ਬਾਬਲ ਕਾਂਕੀ ਛੱਡੇ ਗਏ।

ਭਾਈ ਭਗਵਾਨ ਸਿੰਘ ਪਿਤਾ ਸ: ਅਮਰ ਸਿੰਘ ਪਿੰਡ ਲੁਹਾਰਾ ਮੋਰਚਾ ਜੈਤੋ ਵਿਚ ਗਏ।

ਭਾਈ ਰਤਨ ਸਿੰਘ ਜੀ ਅਕਾਲੀ ਪਿਤਾ ਸ: ਭਗਤ ਸਿੰਘ ਜੀ ਮਾਤਾ ਧੰਨ ਕੌਰ ਪਿੰਡ ਲੁਹਾਰਾ ਆਪ ਮੋਰਚਾ ਭਾਈ ਫੇਰੂ ਵਿਚ ਗਏ। ਛੇਵੇਂ ਸ਼ਹੀਦੀ ਜਥੇ ਨਾਲ ਜੈਤੋ ਜਾਂਦੇ ਹੋਏ ਸੂਸ ਨਗਰ ਦੁਆਬੇ ਵਿਚ ਸ਼ਹੀਦੀ ਪਾ ਗਏ। ਭਾਈ ਪ੍ਰੀਤਮ ਸਿੰਘ ਪਿਤਾ ਸ: ਬਿਸ਼ਨ ਸਿੰਘ ਮਾਤਾ ਪਰੇਮ ਕੌਰ ਪਿੰਡ ਲੁਹਾਰਾ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕੱਟੀ।

Digitized by Panjab Digital Library | www.panjabdigilib.org

ਭਾਈ ਤਿਲੋਕ ਸਿੰਘ ਪਿਤਾ ਸ: ਦਿਆਲ ਸਿੰਘ ਮਾਤਾ ਰਤਨ ਕੌਰ ਪਿੰਡ ਲੋਪੋਂ ਆਪ ਮੋਰਚਾ ਜੈਤੋ ਵਿਚ ਗਏ ਤੇ ਨਾਭਾ ਬੀੜ ਵਿਚ ਕੈਦ ਰਹੇ ।

ਭਾਈ ਬਹਾਨਾ ਸਿੰਘ ਪਿਤਾ ਸ: ਬੇਲਾ ਸਿੰਘ ਮਾਤਾ ਗਨੇਸ਼ ਕੌਰ ਪਿੰਡ ਬੜੀ ਬੱਧਣੀ ਆਪ ਮੋਰਚਾ ਜੈਤੋ ਵਿਚ ਗਏ ।

ਭਾਈ ਕੇਹਰ ਸਿੰਘ ਪਿਤਾ ਸ: ਬੋਘਾ ਸਿੰਘ ਪਿੰਡ ਬੜੀ ਬੱਧਣੀ ਆਪ ਮੋਰਚਾ ਜੈਤੋ ਵਿਚ ਗਏ ਤੇ ਸਖਤ ਤਕਲੀਫਾਂ ਸਹਾਰੀਆਂ ।

ਭਾਈ ਸੋਭਾ ਸਿੰਘ ਪਿਤਾ ਸ: ਬੂਟਾ ਸਿੰਘ ਪਿੰਡ ਤਖਤੂ ਪੁਰਾ ਆਪ ਮੋਰਚਾ ਜੈਤੋ ਵਿਚ ਗਏ ਤੇ ਅਟਕ ਜੇਲ੍ਹ ਵਿਚ ਕੈਦ ਕੱਟੀ ।

ਭਾਈ ਹਰਨਾਮ ਸਿੰਘ ਪਿਤਾ ਸ: ਰਾਮ ਸਿੰਘ ਮਾਤਾ ਰਾਨ ਕੌਰ ਪਿੰਡ ਤਖਤੂ ਪੁਰਾ ਆਪ ਮੋਰਚਾ ਜੈਤੋ ਵਿਚ ਗਏ ਤੇ ਅਟਕ ਜੇਲ੍ਹ ਵਿਚ ਕੈਦ ਕੱਟੀ ।

ਭਾਈ ਸ਼ੇਰ ਸਿੰਘ ਪਿਤਾ ਸ: ਵੀਰ ਸਿੰਘ ਪਿੰਡ ਤਖਤੂ ਪੁਰਾ ਅਕਾਲੀ ਲਹਿਰ ਵਿਚ ਕੈਦ ਰਹੇ

ਭਾਈ ਕਰਤਾਰ ਸਿੰਘ ਪਿਤਾ ਸ: ਜਮੀਤ ਸਿੰਘ ਮਾਤਾ ਕਰਮ ਕੌਰ ਪਿੰਡ ਤਖਤੂ ਪੁਰਾ ਆਪ ਅਕਾਲੀ ਲਹਿਰ ਵਿਚ ਕੈਦ ਰਹੇ ।

ਭਾਈ ਸੇਵਾ ਸਿੰਘ ਪਿੰਡ ਤਖਤੂ ਪੁਰਾ ਆਪ ਮੋਰਚਾ ਜੈਤੋ ਵਿਚ ਗਏ ।

ਭਾਈ ਜੀਤਾ ਸਿੰਘ ਪਿਤਾ ਸ: ਇੰਦਰ ਸਿੰਘ ਪਿੰਡ ਤਖਤੂ ਪੁਰਾ ਮੋਰਚਾ ਜੈਤੋ ਵਿਚ ਗਏ ।

ਭਾਈ ਬਿਸ਼ਨ ਸਿੰਘ ਪਿਤਾ ਸ: ਅਤਰ ਸਿੰਘ ਮਾਤਾ ਮਤਾਬ ਕੌਰ ਪਿੰਡ ਭਾਗੀ ਕੇ ਆਪ ਨੂੰ ਜੈਤੋ ਦੇ ਛੇਵੇਂ ਸ਼ਹੀਦੀ ਜਥੇ ਵਿਚ ਇਕ ਸਾਲ ਕੈਦ ਹੋਈ ।

ਭਾਈ ਕਿਸ਼ਨ ਸਿੰਘ ਪਿਤਾ ਸ: ਅਤਰ ਸਿੰਘ ਮਾਤਾ ਮਤਾਬ ਕੌਰ ਪਿੰਡ ਭਾਗੀ ਕੇ ਆਪ ਅਕਾਲੀ ਲਹਿਰ ਵਿਚ ੯ ਮਹੀਨੇ ਕੈਦ ਰਹੇ ।

ਭਾਈ ਗੁਰਦਿਆਲ ਸਿੰਘ ਪਿਤਾ ਸ: ਗੁਰਮੁਖ ਸਿੰਘ ਮਾਤਾ ਅਤਰ ਕੌਰ ਪਿੰਡ ਭਾਗੀ ਕੇ ਮੋਰਚਾ ਜੈਤੋ ਵਿਚ ਗਏ ਤੇ ਅਟਕ ਜੇਲ੍ਹ ਵਿਚ ਕੈਦ ਕੱਟੀ ।

ਭਾਈ ਬਗਾ ਸਿੰਘ ਪਿਤਾ ਸ: ਗੋਧਾ ਸਿੰਘ ਪਿੰਡ ਰਣਸੀਹ ਵਡਾ ਮੋਰਚਾ ਜੈਤੋ ਵਿਚ ਗਏ ।

ਭਾਈ ਰੂੜ ਸਿੰਘ ਪਿਤਾ ਸ: ਵਜ਼ੀਰ ਸਿੰਘ ਪਿੰਡ ਰਣਸੀਹ ਵਡਾ ਮੋਰਚਾ ਜੈਤੋ ਵਿਚ ਗਏ ।

ਭਾਈ ਚੰਨਣ ਸਿੰਘ ਪਿਤਾ ਸ: ਕਾਲਾ ਸਿੰਘ ਪਿੰਡ ਰਣਸੀਹ ਵਡਾ ਮੋਰਚਾ ਜੈਤੋ ਵਿਚ ਗਏ ।

ਭਾ: ਚਨਣ ਸਿੰਘ ਜੀ ਪਿਤਾ ਸ: ਕਿਸ਼ਨ ਸਿੰਘ ਜੀ ਪਿੰਡ ਰਾਊ ਕੇ ਕਲਾਂ ਥਾਣਾ ਨਿਹਾਲ ਸਿੰਘ ਵਾਲਾ ਆਪ ਜੈਤੋ ਦੇ ੧੭ ਵੇਂ ਸ਼ਹੀਦੀ ਜਥੇ ਵਿੱਚ ਗਏ ।

ਭਾ: ਜੁਆਲਾ ਸਿੰਘ ਪਿਤਾ ਸ: ਵਰਿਆਮ ਸਿੰਘ ਜੀ ਪਿੰਡ ਰਾਊਕੇ ਕਲਾਂ ਆਪ ਅਕਾਲੀ ਵਰਕਰ ਸਨ ।

ਭਾ: ਜੋਗਾ ਸਿੰਘ ਜੀ ਪਿਤਾ ਸ: ਸੰਤਾ ਸਿੰਘ ਜੀ ਮਾਤਾ ਭੋਜ ਕੌਰ ਪਿੰਡ ਰਾਊ ਕੇ ਕਲਾਂ ਆਪ ਮੋਰਚਾ ਭਾਈ ਫੇਰੂ ਵਿਚ ਗਏ ।

ਭਾ: ਦੀਪਾ ਸਿੰਘ ਜੀ ਪਿਤਾ ਭਾ: ਦਿਤਾ ਸਿੰਘ ਜੀ ਪਿੰਡ ਰਾਊ ਕੇ ਕਲਾਂ ਆਪ ਜੈਤੋ ੧੧ ਵੇਂ ਸ਼ਹੀਦੀ ਜਥੇ ਵਿਚ ਤਿੰਨ ਵੇਰ ਗਏ ।

ਭਾ: ਪਾਲਾ ਸਿੰਘ ਜੀ ਪਿਤਾ ਭਾ: ਭੰਗਾ ਜੀ ਮਾਤਾ ਅਤਰ ਕੌਰ ਜੀ ਪਿੰਡ ਰਾਊ ਕੇ ਕਲਾਂ ਆਪ ਅਕਾਲੀ ਸੇਵਕ ਸਨ ।

ਭਾ: ਪ੍ਰੇਮਸਿੰਘ ਜੀ ਪਿਤਾ ਸ: ਸੁਹੇਲ ਸਿੰਘ ਜੀ ਪਿੰਡ ਰਾਊ ਕੇ ਕਲਾਂ ਆਪ ਜੈਤੋ ਦੇ ੧੩ਵੇਂ

Digitized by Panjab Digital Library | www.panjabdigilib.org

ਸ਼ਹੀਦੀ ਜਥੇ ਵਿਚ ਗਏ ।

ਭਾ: ਮੇਹਰ ਸਿੰਘ ਜੀ ਪਿਤਾ ਸ: ਰੋਡਾ ਸਿੰਘ ਜੀ ਪਿੰਡ ਰਾਊ ਕੇ ਕਲਾਂ ਆਪ ਜੈਤੋ ਦੇ ੧੭ ਵੇਂ ਸ਼ਹੀਦੀ ਜਥੇ ਵਿਚ ਗਏ ।

ਸ: ਮਿੱਤ ਸਿੰਘ ਪਿਤਾ ਸ: ਧਰਮ ਸਿੰਘ ਮਾਤਾ ਰਤਨ ਕੌਰ ਜੀ ਪਿੰਡ ਰਾਊ ਕੇ ਕਲਾਂ ਆਪ ਜੈਤੋ ਦੇ ੧੨ ਵੇਂ ਸ਼ਹੀਦੀ ਜਥੇ ਵਿਚ ਗਏ ਤੇ ਡਸਕੇ ਦੇ ਮੋਰਚੇ ਵਿਚ ਵੀ ਸਜ਼ਾ ਕਟੀ ।

ਭਾ: ਮੱਲ ਸਿੰਘ ਅਕਾਲੀ ਪਿਤਾ ਸ: ਭੋਲਾ ਸਿੰਘ ਜੀ ਪਿੰਡ ਰਾਉ ਕੇ ਕਲਾਂ ਆਪ ਜੈਤੋ ਦੇ ੧੧ ਵੇਂ ਸ਼ਹੀਦੀ ਜਥੇ ਵਿਚ ਗਏ ।

ਭਾ: ਰਾਮ ਸਿੰਘ ਜੀ ਪਿਤਾ ਸ:ਪ੍ਰੇਮ ਸਿੰਘ ਜੀ ਪਿੰਡ ਰਾਊਕੇ ਕਲਾਂ ਆਪ ਅਕਾਲੀ ਸੇਵਕ ਸਨ । ਭਾ: ਵੀਰ ਸਿੰਘ ਜੀ ਪਿਤਾ ਸ: ਕਿਸ਼ਨ ਸਿੰਘ ਜੀ ਮਾਤਾ ਜੀਉਣ ਕੌਰ ਜੀ ਪਿੰਡ ਰਾਊ ਕੇ ਕਲਾ ਆਪ ਡਸਕੇ ਦੇ ਮੋਰਚੇ ਵਿਚ ਗਏ ।

ਭਾ: ਵਰਿਆਮ ਸਿੰਘ ਪਿੰਤਾ ਸ: ਸੰਗਤ ਸਿੰਘ ਜੀ ਪਿੰਡ ਰਾਊ ਕੇ ਕਲਾਂ ਆਪ ਜੈਤੋ ਦੇ ੧੭ ਵੇਂ ਜਥੇ ਵਿਚ ਗਏ ਤੇ ਦਫ਼ਾ ੧੨੪ ਵਿਚ ਕੈਦ ਕੱਟੀ ।

ਭਾਈ ਫੁਮਣ ਸਿੰਘ ਪਿਤਾ ਸ: ਕਾਕਾ ਸਿੰਘ ਪਿੰਡ ਰਾਊਕੇ ਕਲਾਂ ਆਪ ਨੇ ਮੋਰਚਾ ਡਸਕੇ ਵਿਚ ਕੈਦ ਕਟੀ । ਭਾਈ ਅਰਜਨ ਸਿੰਘ ਅਕਾਲੀ ਪਿਤਾ ਸ: ਹਰਨਾਮ ਸਿੰਘ ਪਿੰਡ ਰਾਊਕੇ ਕਲਾਂ ਆਪ ਨੇ ਮੋਰਚਾ ਡਸਕਾ ਵਿਚ ਕੈਦ ਕਟੀ ।

ਭਾਈ ਸਾਵਣ ਸਿੰਘ ਪਿਤਾ ਸ: ਨਿਹਾਲ ਸਿੰਘ ਮਾਤਾ ਜਿੰਦ ਕੌਰ ਪਿੰਡ ਰਾਊਕੇ ਕਲਾਂ ਆਪ ਮੋਰਚਾ ਜੈਤੋ ਦੇ ੧੨ਵੇਂ ਤੇ ੧੪ਵੇਂ ਸ਼ਹੀਦੀ ਜਥੇ ਵਿਚ ੨੫ ਸਿੰਘਾਂ ਦਾ ਜਥਾ ਲੈ ਕੇ ਤਿੰਨ ਵੇਰ ਗਏ, ਤੇ ਡਸਕੇ ਦੇ ਮੋਰਚੇ ਵਿਚ ਕੈਦ ਕਟੀ ।

ਭਾਈ ਸਾਹਿਬ ਸਿੰਘ ਅਕਾਲੀ ਪਿਤਾ ਸ: ਸਾਵਣ ਸਿੰਘ ਮਾਤਾ ਅਤਰ ਕੌਰ ਪਿੰਡ ਰਾਊਕੇ ਕਲਾਂ ਆਪ ਮੋਰਚਾ ਜੈਤੋ ਵਿਚ ਗਏ ਤੇ ਸੇਵਾਦਾਰਾਂ ਵਿਚ ਕੈਦ ਕਟੀ ।

ਭਾਈ ਸੋਹਣ ਸਿੰਘ ਪਿਤਾ ਸ: ਭਾਗ ਸਿੰਘ ਮਾਤਾ ਜੀਵੀ ਪਿੰਡ ਰਾਊਕੇ ਕਲਾਂ ਆਪ ਮੋਰਚਾ ਜੈਤੋ ਦੇ ੧੧ਵੇਂ ਸ਼ਹੀਦੀ ਜਥੇ ਵਿਚ ਗਏ ।

ਭਾਈ ਕਰਮ ਸਿੰਘ ਪਿਤਾ ਸ: ਸਰਮੁਖ ਸਿੰਘ ਮਾਤਾ ਲਛਮਣ ਕੌਰ ਪਿੰਡ ਰਾਊਕੇ ਕਲਾਂ ਆਪ ਜੈਤੋ ਦੇ ਸ਼ਹੀਦੀ ਜਥੇ ਨਾਲ ਗਏ । ਭਾ; ਕਰਨੈਲ ਸਿੰਘ ਪਿਤਾ ਸ: ਰੁੜ ਸਿੰਘ ਮਾਤਾ ਇੰਦ੍ਰ ਕੌਰ ਪਿੰਡ ਰਾਊਕੇ ਕਲਾਂ ਆਪ ਭਾ: ਫੇਰੂ ਦੇ ਮੋਰਚੇ ਵਿਚ ਤਿੰਨ ਵੇਰ ਗਏ ।

ਭਾਈ ਗੱਜਣ ਸਿੰਘ ਅਕਾਲੀ ਪਿਤਾ ਸ: ਕੁੰਦਾ ਸਿੰਘ ਮਾਤਾ ਭਾਨ ਕੌਰ ਪਿੰਡ ਰਾਊਕੇ ਕਲਾਂ ਆਪ ਕੌਲਸਰ ਦੀ ਸੇਵਾ ਵਿਚ ਗਏ, ਆਪ ਅਕਾਲੀ ਵਰਕਰ ਸਨ ।

ਭਾਈ ਚਾਨਣ ਸਿੰਘ ਪਿਤਾ ਸ: ਪ੍ਰੇਮ ਸਿੰਘ ਮਾਤਾ ਰਾਜ ਕੌਰ ਪਿੰਡ ਰਾਊਕੇ ਕਲਾਂ ਆਪ ਅਕਾਲੀ ਵਰਕਰ ਸਨ । ਭਾਈ ਚਤਰ ਸਿੰਘ ਉਰਫ਼ ਸੰਤ ਹਰਨਾਮ ਸਿੰਘ ਪਿੰਡ ਰਾਊਕੇ ਕਲਾਂ ( ਪਿਛਲਾ ਪਿੰਡ ਭਾਈ ਬਖ਼ਤੌਰ ) ਆਪ ਅਕਾਲੀ ਵਰਕਰ ਤੇ ਨੰਬਰਦਾਰ ਦੇ ਪੁਤ੍ਰ ਸਨ, ਧਰਮ ਭਾਵ ਨਾਲ ਸੰਤਾਂ ਦੇ ਚੇਲੇ ਬਣੇ ।

ਭਾਈ ਨਥਾ ਸਿੰਘ ਪਿਤਾ ਸ: ਜੈਮਲ ਸਿੰਘ ਮਾਤਾ ਰਾਮ ਕੌਰ ਪਿੰਡ ਕੋਟਲਾ ਰਾਏ ਕਾ ਆਪ ਮੋਰਚਾ ਜੈਤੋ ਵਿਚ ਗਏ ਤੇ ਨਾਭਾ ਬੀੜ ਵਿਚ ਸਖਤੀਆਂ ਨਾਲ ਹੀ ਸ਼ਹੀਦ ਹੋ ਗਏ ।

ਭਾਈ ਆਸਾ ਸਿੰਘ ਪਿਤਾ ਸ: ਗਿਆਨ ਸਿੰਘ ਪਿੰਡ ਕੋਟਲਾ ਰਾਏ ਕਾ ਆਪ ਮੋਰਚਾ ਜੈਤੋ

Digitized by Panjab Digital Library | www.panjabdigilib.org

ਵਿਚ ਗਏ। ਭਾਈ ਤਿਲੋਕ ਸਿੰਘ ਪਿਤਾ ਸ: ਵਰਯਾਮ ਸਿੰਘ ਮਾਤਾ ਮਹਿਤਾਬ ਕੌਰ ਪਿੰਡ ਕੋਟਲਾ ਰਾਏ ਕਾ ਆਪ ਮੋਰਚਾ ਜੈਤੋ ਵਿਚ ਗਏ ਤੇ ਨਾਭਾ ਬੀੜ ਵਿਚ ਦੋ ਸਾਲ ਕੈਦ ਕਟੀ।

ਭਾਈ ਕਰਮ ਸਿੰਘ ਪਿਤਾ ਸ: ਨਿਧਾਨ ਸਿੰਘ ਮਾਤਾ ਗੁਜਰੀ ਪਿੰਡ ਕੋਟਲਾ ਰਾਏ ਕਾ ਆਪ ਮੋਰਚਾ ਜੈਤੋ ਵਿਚ ਗਏ ਤੇ ਨਾਭਾ ਬੀੜ ਵਿਚ ਦੋ ਸਾਲ ਕੈਦ ਕਟੀ।

ਭਾਈ ਪਾਖਰ ਸਿੰਘ ਪਿਤਾ ਸ: ਵਸਾਵਾ ਸਿੰਘ ਪਿੰਡ ਕੋਟਲਾ ਰਾਏ ਕਾ ਆਪ ਮੋਰਚਾ ਜੈਤੋ ਵਿਚ ਗਏ ਤੇ ਨਾਭਾ ਬੀੜ ਵਿਚ ਦੋ ਸਾਲ ਕੈਦ ਕਟੀ।

ਭਾਈ ਸਰਵਣ ਸਿੰਘ ਪਿਤਾ ਸ: ਕਾਲਾ ਸਿੰਘ ਪਿੰਡ ਕੋਟਲਾ ਰਾਏ ਕਾ ਆਪ ਮੋਰਚਾ ਜੈਤੋ ਵਿਚ ਗਏ ਤੇ ਨਾਭਾ ਬੀੜ ਵਿਚ ਦੋ ਸਾਲ ਕੈਦ ਕਟੀ।

ਭਾਈ ਪਾਲਾ ਸਿੰਘ ਪਿਤਾ ਸ: ਅਰਜਨ ਸਿੰਘ ਮਾਤਾ ਕਿਸ਼ਨ ਕੌਰ ਪਿੰਡ ਕੋਟਲਾ ਰਾਏ ਕਾ ਆਪ ਮੋਰਚਾ ਜੈਤੋ ਵਿਚ ਗਏ ਤੇ ਨਾਭਾ ਬੀੜ ਵਿਚ ਦੋ ਸਾਲ ਕੈਦ ਕਟੀ।

ਭਾਈ ਲਾਲ ਸਿੰਘ ਪਿਤਾ ਸ: ਫੁਮਣ ਸਿੰਘ ਮਾਤਾ ਦਾਨ ਕੌਰ ਪਿੰਡ ਕੋਟਲਾ ਰਾਏ ਕਾ ਆਪ ਮੋਰਚਾ ਭਾਈ ਫੇਰੂ ਵਿਚ ਜਥੇ ਨਾਲ ਗਏ।

ਭਾਈ ਫੁਮਣ ਸਿੰਘ ਪਿਤਾ ਸ: ਘੁਲਾ ਸਿੰਘ ਪਿੰਡ ਕੋਟਲਾ ਰਾਏ ਕਾ ਆਪ ਮੋਰਚਾ ਭਾ: ਫੇਰੂ ਵਿਚ ਜਥੇ ਨਾਲ ਗਏ। ਭਾ: ਬਚਨ ਸਿੰਘ ਪਿਤਾ ਸ: ਜੱਸਾ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਕੋਟਲਾ ਰਾਏ ਕਾ ਆਪ ਮੋਰਚਾ ਭਾਈ ਫੇਰੂ ਵਿਚ ਜਥੇ ਨਾਲ ਗਏ।

ਭਾਈ ਹਰੀ ਸਿੰਘ ਪਿਤਾ ਸ: ਗੁਰਦਿੱਤ ਸਿੰਘ ਮਾਤਾ ਚੰਦ ਕੌਰ ਪਿੰਡ ਚੰਨੂੰ ਵਾਲਾ ਆਪ ਮੋਰਚਾ ਜੈਤੋ ਵਿਚ ਜਥੇ ਨਾਲ ਗਏ ਤੇ ੨ ਸਾਲ ਕੈਦ ਕਟੀ।

ਭਾ: ਭਾਨ ਸਿੰਘ ਪਿਤਾ ਸ: ਨੰਦ ਸਿੰਘ ਮਾਤਾ ਜੀਊਣੀ ਪਿੰਡ ਚੰਨੂੰ ਵਾਲਾ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ੨ ਸਾਲ ਕੈਦ ਕਟੀ।

ਭਾਈ ਅਨੋਖ ਸਿੰਘ ਪਿਤਾ ਸ: ਨਥਾ ਸਿੰਘ ਪਿੰਡ ਬੁਧ ਸਿੰਘ ਵਾਲਾ ਆਪ ਮੋਰਚਾ ਜੈਤੋ ਵਿਚ ਗਏ ਤੇ ਨਾਭਾ ਬੀੜ ਵਿਚ ਦੋ ਸਾਲ ਕੈਦ ਕਟੀ।

ਭਾਈ ਕਿਸ਼ਨ ਸਿੰਘ ਪਿਤਾ ਸ: ਨਥਾ ਸਿੰਘ ਮਾਤਾ ਭਾਗੋ ਪਿੰਡ ਬੁਧ ਸਿੰਘ ਵਾਲਾ ਆਪ ਮੋਰਚਾ ਜੈਤੋ ਵਿਚ ਗਏ ਤੇ ਨਾਭਾ ਬੀੜ ਵਿਚ ਦੋ ਸਾਲ ਕੈਦ ਕਟੀ।

ਭਾਈ ਨੱਥਾ ਸਿੰਘ ਪਿਤਾ ਸ: ਕਿਸ਼ਨ ਸਿੰਘ ਮਾਤਾ ਭਾਗ ਕੌਰ ਪਿੰਡ ਛੋਟਾ ਘੋਲੀਆ ਆਪ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਡੇਢ ਸਾਲ ਕੈਦ ਹੋਈ।

ਭਾਈ ਹੀਰਾ ਸਿੰਘ ਪਿਤਾ ਸ: ਧੂਮ ਸਿੰਘ ਪਿੰਡ ਛੋਟਾ ਘੋਲੀਆ ਆਪ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਡੇਢ ਸਾਲ ਕੈਦ ਹੋਈ।

ਭਾਈ ਵਰਿਆਮ ਸਿੰਘ ਪਿਤਾ ਸ: ਖਜ਼ਾਨ ਸਿੰਘ ਪਿੰਡ ਛੋਟਾ ਘੋਲੀਆ ਆਪ ਮੋਰਚਾ ਜੈਤੋ ਵਿਚ ਗਏ। ਭਾਈ ਮੁਕੰਦ ਸਿੰਘ ਪਿਤਾ ਸ: ਨਰੈਣ ਸਿੰਘ ਪਿੰਡ ਛੋਟਾ ਘੋਲੀਆ ਆਪ ਮੋਰਚਾ ਜੈਤੋ ਵਿਚ ਗਏ ਤੇ ਕੁਰਬਾਨੀਆਂ ਕੀਤੀਆਂ।

ਭਾਈ ਇੰਦਰ ਸਿੰਘ ਪਿਤਾ ਸ: ਬਦਨ ਸਿੰਘ ਪਿੰਡ ਛੋਟਾ ਘੋਲੀਆ ਆਪ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਡੇਢ ਸਾਲ ਕੈਦ ਹੋਈ।

ਭਾਈ ਗੁਰਦਿਤ ਸਿੰਘ ਪਿਤਾ ਸ: ਕਟਾਰ ਸਿੰਘ ਪਿੰਡ ਛੋਟਾ ਘੋਲੀਆ ਆਪ ਮੋਰਚਾ ਜੈਤੋ ਵਿਚ ਗਏ ਤੇ ਕਾਰਖਾਸ ਦੇ ਤਸੀਹੇ ਸਹਾਰੇ।

Digitized by Panjab Digital Library | www.panjabdigilib.org

ਭਾਈ ਹਰਦਿਤ ਸਿੰਘ ਅਕਾਲੀ ਸ਼ਹੀਦ ਪਿਤਾ ਸ: ਨਰੈਣ ਸਿੰਘ ਪਿੰਡ ਕਾਲੇ ਕੇ ਆਪ ਮੋਰਚਾ ਜੈਤੋ ਵਿਚ ਪਹਿਲੇ ਸ਼ਹੀਦੀ ਜਥੇ ਨਾਲ ਗਏ ਤੇ ਗੋਲੀ ਨਾਲ ਸ਼ਹੀਦ ਹੋਏ।

ਭਾਈ ਸੁਚਾ ਸਿੰਘ ਪਿਤਾ ਸ: ਮੀਹਾਂ ਸਿੰਘ ਮਾਤਾ ਮਤਾਬ ਕੌਰ ਪਿੰਡ ਕਾਲੇ ਕੇ ਆਪ ਨੂੰ ਮੋਰਚਾ ਜੈਤੋ ਵਿਚ ੨ ਸਾਲ ਕੈਦ ਹੋਈ।

ਭਾਈ ਕਾਹਨ ਸਿੰਘ ਪਿਤਾ ਸ: ਅਨੋਖ ਸਿੰਘ ਪਿੰਡ ਮੜੀਰਾਂ ਆਪ ਨੂੰ ਮੋਰਚਾ ਜੈਤੋ ਵਿਚ ਇਕ ਸਾਲ ਕੈਦ ਹੋਈ।

ਭਾਈ ਹਜ਼ਾਰਾ ਸਿੰਘ ਪਿਤਾ ਸ: ਭਗਤ ਸਿੰਘ ਪਿੰਡ ਮੜੀਰਾਂ ਆਪ ਮੋਰਚਾ ਜੈਤੋ ਵਿਚ ਗਏ ਤੇ ਇਕ ਸਾਲ ਕੈਦ ਹੋਈ।

ਭਾਈ ਨਿਹਾਲ ਸਿੰਘ ਪਿਤਾ ਸ: ਹਰਨਾਮ ਸਿੰਘ ਮਾਤਾ ਕਾਹਨ ਕੌਰ ਪਿੰਡ ਬਰਾਜ ਆਪ ਮੋਰਚਾ ਜੈਤੋ ਵਿਚ ਪਹਿਲੇ ਸ਼ਹੀਦੀ ਜਥੇ ਨਾਲ ਗਏ ਤੇ ਗੋਲੀ ਲੱਗਣ ਨਾਲ ਜ਼ਖਮੀ ਹੋ ਗਏ ਫਿਰ ਗਏ ਤੇ ੩ ਮਹੀਨੇ ਕੈਦ ਹੋਈ।

ਭਾਈ ਨਿਰੰਜਨ ਸਿੰਘ ਜੀ ਪਿਤਾ ਸ: ਸੰਤਾ ਸਿੰਘ ਜੀ ਮਾਤਾ ਪਰਤਾਪ ਕੌਰ ਬਰਾਜ ਆਪ ਜੈਤੋ ਦੇ ਪਹਿਲੇ ਸ਼ਹੀਦੀ ਜਥੇ ਵਿਚ ਜ਼ਖ਼ਮੀ ਹੋਏ ਤੇ ਫਿਰ ੩ ਮਹੀਨੇ ਕੈਦ ਕਟੀ।

ਭਾ: ਕੇਹਰ ਸਿੰਘ ਜੀ ਪਿਤਾ ਸ: ਮੀਹਾਂ ਸਿੰਘ ਜੀ ਬਰਾਜ ਆਪ ਮੋਰਚਾ ਜੈਤੋ ਤੇ ਗਏ ਗ੍ਰਿਫਤਾਰ ਹੋਏ, ਬਾਬਲ ਕਾਂਟੀ ਛੱਡੇ ਗਏ।

ਭਾ: ਨਥਾ ਸਿੰਘ ਜੀ ਪਿਤਾ ਸ: ਦੇਵਾ ਸਿੰਘ ਜੀ ਮਾਤਾ ਗੋਖੀ ਜੀ ਪਿੰਡ ਬਰਾਜ ਆਪ ਮੋਰਚਾ ਜੈਤੋ ਗਏ ਤੇ ਗ੍ਰਿਫਤਾਰ ਹੋਏ, ਬਾਬਲ ਕਾਂਟੀ ਛੱਡੇ ਗਏ।

ਭਾ: ਹੀਰਾ ਸਿੰਘ ਜੀ ਪਿਤਾ ਸ: ਸੋਭਾ ਸਿੰਘ ਜੀ ਮਾਤਾ ਭੋਲੀ ਪਿੰਡ ਬਰਾਜ ਆਪ ਮੋਰਚਾ ਜੈਤੋ ਵਿਚ ਗਏ ਤੇ ਗ੍ਰਿਫਤਾਰ ਹੋਏ, ਬਾਬਲ ਕਾਂਟੀ ਛੱਡੇ ਗਏ।

ਭਾ: ਦਲੀਪ ਸਿੰਘ ਜੀ ਪਿਤਾ ਸ: ਸੰਤਾ ਸਿੰਘ ਜੀ ਮਾਤਾ ਭਾਨ ਕੌਰ ਪਿੰਡ ਬਰਾਜ ਆਪ ਮੋਰਚਾ ਭਾਈ ਫੇਰੂ ਗ੍ਰਿਫਤਾਰ ਕਰਕੇ ਛੱਡੇ ਗਏ।

ਭਾ: ਗਿੰਦਰ ਸਿੰਘ ਪਿਤਾ ਨਰਿੰਜਨ ਸਿੰਘ ਮਾਤਾ ਭਾਨ ਕੌਰ ਪਿੰਡ ਬਰਾਜ ਆਪ ਮੋਰਚਾ ਭਾਈ ਫੇਰੂ ਵਿਚ ਗ੍ਰਿਫਤਾਰ ਕਰਕੇ ਛੱਡੇ ਗਏ।

ਭਾ: ਲਾਲ ਸਿੰਘ ਅਕਾਲੀ ਪਿਤਾ ਸ: ਸੁੰਦਰ ਸਿੰਘ ਮਾਤਾ ਭਾਨ ਕੌਰ ਪਿੰਡ ਬਰਾਜ ਆਪ ਮੋਰਚਾ ਭਾਈ ਫੇਰੂ ਗ੍ਰਿਫਤਾਰ ਕਰਕੇ ਛੱਡੇ ਗਏ।

ਭਾ: ਮਹਿੰਦਰ ਸਿੰਘ ਜੀ ਪਿਤਾ ਸ: ਕਾਲਾ ਸਿੰਘ ਮਾਤਾ ਸੋਭੀ ਪਿੰਡ ਬਰਾਜ ਆਪ ਮੋਰਚਾ ਭਾਈ ਫੇਰੂ ਗ੍ਰਿਫਤਾਰ ਕਰਕੇ ਛੱਡੇ ਗਏ।

ਭਾ: ਸਰਵਣ ਸਿੰਘ ਪਿਤਾ ਸ: ਗਜਣ ਸਿੰਘ ਮਾਤਾ ਰੂੜੀ ਪਿੰਡ ਬਰਾਜ ਆਪ ਮੋਰਚਾ ਭਾਈ ਫੇਰੂ ਗ੍ਰਿਫਤਾਰ ਕਰਕੇ ਛੱਡੇ ਗਏ।

ਭਾ; ਨਗਿੰਦਰ ਸਿੰਘ ਪਿਤਾ ਸ: ਫੁਮਣ ਸਿੰਘ ਮਾਤਾ ਸੰਤ ਕੌਰ ਪਿੰਡ ਬਰਾਜ ਆਪ ਮੋਰਚਾ ਭਾਈ ਫੇਰੂ ਗ੍ਰਿਫਤਾਰ ਕਰਕੇ ਛੱਡੇ ਗਏ

ਭਾ: ਵੀਰ ਸਿੰਘ ਪਿਤਾ ਸ: ਮਈਆ ਸਿੰਘ ਮਾਤਾ ਸੰਤ ਕੌਰ ਪਿੰਡ ਬਰਾਜ ਆਪ ਮੋਰਚਾ ਭਾਈ ਫੇਰੂ ਵਿਚ ਗ੍ਰਿਤਾਰ ਕਰਕੇ ਛੱਡੇ ਗਏ।

Digitized by Panjab Digital Library | www.panjabdigilib.org

ਭਾਃ ਘੁਮੰਡ ਸਿੰਘ ਪਿਤਾ ਸਃ ਖੜਕ ਸਿੰਘ ਅਕਾਲੀ ਪਿੰਡ ਬਰਾਜ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਗ੍ਰਿਫਤਾਰ ਕਰਕੇ ਛਡੇ ਗਏ।

ਭਾਃ ਕਾਲਾ ਸਿੰਘ ਪਿਤਾ ਸਃ ਕਾਕੜ ਸਿੰਘ ਪਿੰਡ ਬਰਾਜ ਮੋਗੇ ਦੀਵਾਨ ਵਿਚ ਤਕਰੀਰ ਕਰਨ ਦੇ ਦੋਸ਼ ਵਿਚ ੭ ਸਾਲ ਕੈਦ ਹੋਈ।

ਭਾਈ ਸੰਤੋਖ ਸਿੰਘ ਪਿਤਾ ਸ: ਮੌਜੂ ਸਿੰਘ ਮਾਤਾ ਰਖੋ ਪਿੰਡ ਬਰਾਜ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ੬ ਮਹੀਨੇ ਮੁਲਤਾਨ ਜੇਲ੍ਹ ਵਿਚ ਕੈਦ ਕਟੀ।

ਭਾਈ ਮਿਤ ਸਿੰਘ ਪਿਤਾ ਸ: ਵਜ਼ੀਰ ਸਿੰਘ ਪਿੰਡ ਬਰਾਜ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ੬ ਮਹੀਨੇ ਮੁਲਤਾਨ ਜੇਲ੍ਹ ਵਿਚ ਕੈਦ ਕਟੀ।

ਭਾਈ ਚੰਨਣ ਸਿੰਘ ਪਿਤਾ ਸ: ਸਾਧੂ ਸਿੰਘ ਮਾਤਾ ਜੈ ਕੌਰ ਪਿੰਡ ਬਰਾਜ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ੬ ਮਹੀਨੇ ਮੁਲਤਾਨ ਜੇਲ੍ਹ ਵਿਚ ਕੈਦ ਕਟੀ।

ਭਾਈ ਚੰਦ ਸਿੰਘ ਪਿਤਾ ਸ: ਕਿਸ਼ਨ ਸਿੰਘ ਪਿੰਡ ਬਰਾਜ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ੬ ਮਹੀਨੇ ਮੁਲਤਾਨ ਜੇਲ੍ਹ ਵਿਚ ਕੈਦ ਕਟੀ।

ਭਾਈ ਮੱਲ ਸਿੰਘ ਪਿਤਾ ਸ: ਮਹਾਂ ਸਿੰਘ ਮਾਤਾ ਪ੍ਰੇਮ ਕੌਰ ਆਪ ਮੋਰਚਾ ਜੈਤੋ ਵਿਚ ਗਏ ਤੇ ਕਾਰਖਾਸ, ਹਾਬੀ ਖ਼ਾਨੇ ਵਿਚ ਕੈਦਾਂ ਕਟੀਆਂ।

ਭਾਈ ਬਿਸ਼ਨ ਸਿੰਘ ਪਿਤਾ ਸ: ਜਗਤ ਸਿੰਘ ਮਾਤਾ ਗੁਲਾਬ ਕੌਰ ਪਿੰਡ ਠੱਠੀ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ।

ਭਾਈ ਭੂਪ ਸਿੰਘ ਪਿਤਾ ਸ: ਮੇਘ ਸਿੰਘ ਮਾਤਾ ਮਾਨ ਕੌਰ ਪਿੰਡ ਠੱਠੀ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ।

ਭਾਈ ਟੈਹਲ ਸਿੰਘ ਪਿਤਾ ਸ: ਨਥਾ ਸਿੰਘ ਮਾਤਾ ਮਤਾਬ ਕੌਰ ਪਿੰਡ ਠੱਠੀ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ।

ਭਾਈ ਜੀਉਣ ਸਿੰਘ ਪਿੰਡ ਠੱਠੀ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ।

ਭਾਈ ਜਗਤ ਸਿੰਘ ਪਿਤਾ ਸ: ਜੀਉਣ ਸਿੰਘ ਮਾਤਾ ਪਰਤਾਪ ਕੌਰ ਪਿਡ ਠੱਠੀ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ।

ਭਾਈ ਹਰੀ ਸਿੰਘ ਜੀ ਅਕਾਲੀ ਪਿਤਾ ਸਃ ਮੋਹਰ ਸਿੰਘ ਮਾਤਾ ਬਿਸ਼ਨ ਕੌਰ ਪਿੰਡ ਠੱਠੀ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ।

ਭਾਈ ਬਿਸ਼ਨ ਸਿੰਘ ਪਿਤਾ ਸ: ਕਾਹਨ ਸਿੰਘ ਮਾਤਾ ਕੋੜੀ ਪਿੰਡ ਠੱਠੀ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ।

ਭਾਈ ਮੋਹਰ ਸਿੰਘ ਪਿਤਾ ਸ: ਗੰਡਾ ਸਿੰਘ ਮਾਤਾ ਭੋਲੀ ਪਿੰਡ ਠੱਠੀ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ।

ਭਾਈ ਕਰਤਾਰ ਸਿੰਘ ਪਿਤਾ ਸ: ਈਸ਼ਰ ਸਿੰਘ ਮਾਤਾ ਕਿਸ਼ਨ ਕੌਰ ਪਿੰਡ ਠੱਠੀ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ।

ਭਾਈ ਬਗਾ ਸਿੰਘ ਪਿਤਾ ਜਥੇਦਾਰ ਖਜ਼ਾਨ ਸਿੰਘ ਪਿੰਡ ਸਿੰਘਾਂ ਵਾਲਾ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ।

Digitized by Panjab Digital Library | www.panjabdigilib.org

ਭਾਈ ਇੰਦਰ ਸਿੰਘ ਪਿਤਾ ਸ: ਕਿਸ਼ਨ ਸਿੰਘ ਪਿੰਡ ਵੱਡਾ ਮੱਲ੍ਹਾ ਆਪ ੧੯੪੭ ਦੇ ਫਸਾਦਾਂ ਵਿਚ ਤਲਵੰਡੀ ਦੇ ਮੋਰਚੇ ਵਿਚ ਸ਼ਹੀਦ ਹੋ ਗਏ ।

ਭਾਈ ਰੂੜ ਸਿੰਘ ਪਿਤਾ ਸ: ਦਸੌਂਧਾ ਸਿੰਘ ਮਾਤਾ ਭੋਲੀ ਪਿੰਡ ਵੱਡਾ ਮੱਲ੍ਹਾ ਆਪ ਸਾਕਾ ਨਨਕਾਣਾ ਸਾਹਿਬ ਚੋਂ ਆ ਕੇ ਗੋਲੇ ਵਾਲੇ ਅਕਾਲੀ ਦੀਵਾਨ ਤੋਂ ਗ੍ਰਿਫਤਾਰ ਹੋ ਕੇ ੭ ਸਾਲ ਕੈਦ ਰਹੇ ।

ਭਾਈ ਜੁਆਲਾ ਸਿੰਘ ਪਿਤਾ ਸ: ਸ਼ਾਮ ਸਿੰਘ ਮਾਤਾ ਮਹਾਂ ਕੌਰ ਪਿੰਡ ਭਲੂਰ ਆਪ ਨੇ ਜੈਤੋ ਮੋਰਚੇ ਤੇ ਕਈ ਵੇਰ ਜਾ ਕੇ ਕੈਦ ਕਟੀ ।

ਜ਼ੈਲਦਾਰ ਦਲੀਪ ਸਿੰਘ ਪਿਤਾ ਸ: ਜੁਆਲਾ ਸਿੰਘ ਮਾਤਾ ਸੰਤ ਕੌਰ ਪਿੰਡ ਭਲੂਰ ਆਪ ਜ਼ੈਲਦਾਰੀ ਦੀ ਪ੍ਰਵਾਹ ਨਾ ਕਰਕੇ ਮੋਰਚਾ ਜੈਤੋ ਵਿਚ ਕੈਦ ਰਹੇ ।

ਭਾਈ ਭਗਤ ਸਿੰਘ ਪਿਤਾ ਸ: ਜੀਉਣ ਸਿੰਘ ਪਿੰਡ ਭਲੂਰ ਆਪ ਮੋਰਚਾ ਜੈਤੋ ਵਿਚ ਗ੍ਰਿਫਤਾਰ ਕਰਕੇ ਬਾਬਲ ਕਾਂਟੀ ਛੱਡੇ ਗਏ । ਭਾ: ਉਜਾਗਰ ਸਿੰਘ ਪਿਤਾ ਸ: ਚੜ੍ਹਤ ਸਿੰਘ ਮਾਤਾ ਸੋਭੀ ਪਿੰਡ ਭਲੂਰ ਆਪ ਜੈਤੋ ਦੇ ਪਹਿਲੇ ਸ਼ਹੀਦੀ ਜਥੇ ਨਾਲ ਗਏ ਤੇ ਮੋਰਚਾ ਟਿੱਬੀ ਸਾਹਿਬ ਵਿਚ ਗੋਲੀ ਲੱਗਣ ਨਾਲ ਸ਼ਹੀਦ ਹੋ ਗਏ ।

ਭਾਈ ਫਤਹਿ ਸਿੰਘ ਪਿਤਾ ਸ: ਵਜ਼ੀਰ ਸਿੰਘ ਮਾਤਾ ਮਾਨ ਕੌਰ ਪਿੰਡ ਨਾਥੇ ਵਾਲ ਆਪ ਨੇ ਮੋਰਚਾ ਜੈਤੋ ਤੇ ਭਾ: ਫੇਰੂ ਵਿਚ ੬ ਮਹੀਨੇ ਕੈਦ ਮੁਲਤਾਨ ਜੇਲ੍ਹ ਵਿਚ ਕਟੀ ਤੇ ਡਸਕੇ ਦੇ ਮੋਰਚੇ ਵਿਚ ੪ ਮਹੀਨੇ ਕੈਦ ਕਟੀ । ਆਪ ਸੱਟਾਂ ਦੇ ਮਾਰੇ ਨੇਤਰ ਹੀਨ ਹੋ ਗਏ ।

ਭਾਈ ਦਿਆਲ ਸਿੰਘ ਪਿਤਾ ਸ: ਰੁਲੀਆ ਸਿੰਘ ਮਾਤਾ ਰਾਮ ਕੌਰ ਪਿੰਡ ਨਾਥੇ ਵਾਲਾ ਆਪ ਨੇ ਡਸਕੇ ਦੇ ਮੋਰਚੇ ਵਿਚ ੪ ਮਹੀਨੇ ਕੈਦ ਕਟੀ ।

ਭਾਈ ਜੈਮਲ ਸਿੰਘ ਅਕਾਲੀ ਪਿਤਾ ਸ: ਹਾਕਮ ਸਿੰਘ ਮਾਤਾ ਖੇਮ ਕੌਰ ਪਿੰਡ ਲਡੇਆਣਾ ਆਪ ਨੇ ਮੋਰਚਾ ਜੈਤੋ ਦੇ ਜਥਿਆਂ ਦੀ ਸੇਵਾ ਬਦਲੇ ਦੋ ਸਾਲ ਕੈਦ ਕਟੀ ।

ਭਾਈ ਖਜ਼ਾਨ ਸਿੰਘ ਪਿਤਾ ਸ: ਗੁਰਦਿੱਤ ਸਿੰਘ ਮਾਤਾ ਇੰਦਰ ਕੌਰ ਪਿੰਡ ਲਡੇਆਣਾ ਆਪ ਨੇ ਮੋਰਚਾ ਜੈਤੋ ਵਿਚ ਕੈਦ ਕਟੀ ।

ਭਾਈ ਪਾਲ ਸਿੰਘ ਅਕਾਲੀ ਪਿਤਾ ਸ: ਰੂੜ ਸਿੰਘ ਮਾਤਾ ਰੱਖੀ ਪਿੰਡ ਲਡੇਆਣਾ ਆਪ ਨੇ ਮੋਰਚਾ ਜੈਤੋ ਵਿਚ ਕੈਦ ਕਟੀ । ਭਾ: ਜੀਉਣ ਸਿੰਘ ਅਕਾਲੀ ਪਿਤਾ ਸ: ਕਾਲਾ ਸਿੰਘ ਮਾਤਾ ਕਾਹਨ ਕੌਰ ਪਿੰਡ ਲਡੇਆਣਾ ਆਪ ਨੇ ਮੋਰਚਾ ਜੈਤੋ ਵਿਚ ਕੈਦ ਕਟੀ ।

ਭਾਈ ਮੇਹਰ ਸਿੰਘ ਅਕਾਲੀ ਪਿਤਾ ਸ: ਲਾਲ ਸਿੰਘ ਮਾਤਾ ਖੇਮ ਕੌਰ ਪਿੰਡ ਲਡੇਆਣ ਆਪ ਨੇ ਜੈਤੋ ਦੇ ਮੋਰਚੇ ਵਿਚ ਕੈਦ ਕਟੀ ।

ਭਾਈ ਗੁਰਦਿੱਤ ਸਿੰਘ ਪਿਤਾ ਸ: ਦੀਦਾਰ ਸਿੰਘ ਮਾਤਾ ਨੰਦ ਕੌਰ ਪਿੰਡ ਆਲਮ ਵਾਲਾ ਵੱਡਾ ਆਪ ਨੇ ਜੈਤੋ ਦੇ ਮੋਰਚੇ ਵਿਚ ਕੈਦ ਕਟੀ ।

ਭਾਈ ਨਾਜਰ ਸਿੰਘ ਪਿਤਾ ਸ: ਮਹਿਤਾਬ ਸਿੰਘ ਮਾਤਾ ਰਤਨ ਕੌਰ ਪਿੰਡ ਆਲਮ ਵਾਲਾ ਵੱਡਾ ਆਪ ਨੇ ਜੈਤੋ ਦੇ ਮੋਰਚੇ ਵਿਚ ਡੇਢ ਸਾਲ ਕੈਦ ਕਟੀ ।

ਭਾ: ਮਿੱਤ ਸਿੰਘ ਪਿਤਾ ਸ: ਕਿਸ਼ਨ ਸਿੰਘ ਮਾਤਾ ਰਾਜ ਕੌਰ ਪਿੰਡ ਆਲਮ ਵਾਲਾ ਵੱਡਾ ਆਪ ਨੇ ਮੋਰਚਾ ਜੈਤੋ ਵਿਚ ਡੇਢ ਸਾਲ ਕੈਦ ਕਟੀ ।

ਭਾਈ ਲਾਲ ਸਿੰਘ ਅਕਾਲੀ ਪਿਤਾ ਸ: ਨਿਧਾਨ ਸਿੰਘ ਮਾਤਾ ਰਾਮ ਕੌਰ ਪਿੰਡ ਆਲਮ-ਵਾਲਾ ਵੱਡਾ ਆਪ ਨੇ ਮੋਰਚਾ ਜੈਤੋ ਵਿਚ ਕੈਦ ਕਟੀ ।

Digitized by Panjab Digital Library | www.panjabdigilib.org

ਭਾਈ ਕਿਸ਼ਨ ਸਿੰਘ ਪਿਤਾ ਸ: ਅਮਰੀਕ ਸਿੰਘ ਮਾਤਾ ਭਾਗਣ ਪਿੰਡ ਆਲਮ ਵਾਲਾ ਵੱਡਾ ਆਪ ਨੇ ਮੋਰਚਾ ਜੈਤੋ ਵਿਚ ਕੈਦ ਕਟੀ।

ਜਥੇਦਾਰ ਫੁਮਣ ਸਿੰਘ ਪਿਤਾ ਸ: ਮਲੂਕ ਸਿੰਘ ਮਾਤਾ ਕਾਹਨ ਕੌਰ ਪਿੰਡ ਬਾਘਾ ਪੁਰਾਣਾ ਆਪ ਨੇ ਮੋਰਚਾ ਜੈਤੋ ਵਿਚ ਡੇਢ ਸਾਲ ਕੈਦ ਕਟੀ।

ਭਾਈ ਅਰਜਨ ਸਿੰਘ ਪਿਤਾ ਸ: ਫੁਮਣ ਸਿੰਘ ਮਾਤਾ ਇੰਦ ਕੌਰ ਪਿੰਡ ਬਾਘਾ ਪੁਰਾਣਾ ਆਪ ਨੇ ਜੈਤੋ ਦੇ ਮੋਰਚੇ ਵਿਚ ਡੇਢ ਸਾਲ ਕੈਦ ਕਟੀ।

ਭਾਈ ਇੰਦਰ ਸਿੰਘ ਪਿਤਾ ਸ: ਧਿਆਨ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਬਾਘਾ ਪੁਰਾਣਾ ਆਪ ਨੇ ਮੋਰਚਾ ਜੈਤੋ ਵਿਚ ਡੇਢ ਸਾਲ ਕੈਦ ਕਟੀ।

ਭਾਈ ਬਹਾਲ ਸਿੰਘ ਪਿਤਾ ਸ: ਗਿਆਨ ਸਿੰਘ ਪਿੰਡ ਬਾਘਾ ਪੁਰਾਣਾ ਆਪ ਮੋਰਚਾ ਜੈਤੋ ਵਿਚ ਗਏ ਤੇ ਮੁਕਤਸਰ ਵਿਚ ੩ ਮਹੀਨੇ ਕੈਦ ਕਟੀ।

ਭਾਈ ਬਚਨ ਸਿੰਘ ਪਿਤਾ ਸ: ਹਜ਼ਾਰਾ ਸਿੰਘ ਮਾਤਾ ਭੋਲੀ ਪਿੰਡ ਬਾਘਾ ਪੁਰਾਣਾ ਆਪ ਮੋਰਚਾ ਜੈਤੋ ਵਿਚ ਗਏ ਤੇ ਮੁਕਤਸਰ ਵਿਚ ੩ ਮਹੀਨੇ ਕੈਦ ਕਟੀ।

ਭਾਈ ਕੇਹਰ ਸਿੰਘ ਜੀ ਅਕਾਲੀ ਪਿਤਾ ਸ: ਭਾਨ ਸਿੰਘ ਪਿੰਡ ਬਾਘਾ ਪੁਰਾਣਾ ਆਪ ਮੋਰਚਾ ਜੈਤੋ ਵਿਚ ਗਏ ਤੇ ਤਿੰਨ ਮਹੀਨੇ ਮੁਲਤਾਨ ਜੇਲ੍ਹ ਵਿਚ ਕੈਦ ਕਟੀ।

ਭਾਈ ਗੁਰਦਿਤ ਸਿੰਘ ਜੀ ਅਕਾਲੀ ਪਿਤਾ ਸ: ਹਰੀ ਸਿੰਘ ਪਿੰਡ ਬਾਘਾ ਪੁਰਾਣਾ ਆਪ ਮੋਰਚਾ ਜੈਤੋ ਵਿਚ ਗਏ ਤੇ ਤਿੰਨ ਮਹੀਨੇ ਮੁਲਤਾਨ ਜੇਲ੍ਹ ਵਿਚ ਕੈਦ ਕਟੀ।

ਭਾਈ ਬੂੜ ਸਿੰਘ ਪਿਤਾ ਸ: ਰੂੜ ਸਿੰਘ ਪਿੰਡ ਬਾਘਾ ਪੁਰਾਣਾ ਆਪ ਮੋਰਚਾ ਜੈਤੋ ਵਿਚ ਗਏ ਤੇ ਤਿੰਨ ਮਹੀਨੇ ਮੁਲਤਾਨ ਜੇਲ੍ਹ ਵਿਚ ਕੈਦ ਕਟੀ।

ਭਾਈ ਜਿਉਣ ਸਿੰਘ ਦੀ ਅਕਾਲੀ ਪਿਤਾ ਸ: ਧਿਆਨ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਬਾਘਾ ਪੁਰਾਣਾ ਆਪ ਮੋਰਚਾ ਜੈਤੋ ਵਿਚ ਗਏ ਤੇ ਤਿੰਨ ਮਹੀਨੇ ਮੁਲਤਾਨ ਜੇਲ੍ਹ ਵਿਚ ਕੈਦ ਕਟੀ।

ਭਾਈ ਨੰਦ ਸਿੰਘ ਜੀ ਅਕਾਲੀ ਪਿਤਾ ਸ: ਭਗਵਾਨ ਸਿੰਘ ਮਾਤਾ ਰਤਨ ਕੌਰ ਬਾਘਾ ਪੁਰਾਣਾ ਮੋਰਚਾ ਜੈਤੋ ਵਿਚ ਗਏ ਤੇ ਤਿੰਨ ਮਹੀਨੇ ਮੁਲਤਾਨ ਜੇਲ੍ਹ ਵਿਚ ਕੈਦ ਕਟੀ।

ਭਾਈ ਮੋਹਣ ਸਿੰਘ ਪਿਤਾ ਸ: ਕਾਹਨ ਸਿੰਘ ਮਾਤਾ ਜ਼ਿੰਦਾਂ ਪਿੰਡ ਰਾਜੇਆਣਾ ਆਪ ਮੋਰਚਾ ਜੈਤੋ ਵਿਚ ਗਏ, ਆਪ ਅਕਾਲੀ ਵਰਕਰ ਭੀ ਹਨ।

ਭਾਈ ਬੋਗਾ ਸਿੰਘ ਪਿਤਾ ਸ: ਮਾਲਾ ਸਿੰਘ ਮਾਤਾ ਖੇਮ ਕੌਰ ਪਿੰਡ ਰਾਜੇਆਣਾ ਆਪ ਮੋਰਚਾ ਜੈਤੋ ਵਿਚ ਗਏ, ਆਪ ਅਕਾਲੀ ਵਰਕਰ ਭੀ ਹਨ।

ਭਾਈ ਇੰਦਰ ਸਿੰਘ ਪਿਤਾ ਸ: ਬੂਟਾ ਸਿੰਘ ਪਿੰਡ ਰਾਜੇਆਣਾ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ।

ਭਾਈ ਰੂੜ ਸਿੰਘ ਪਿਤਾ ਸ: ਸੁੰਦਰ ਸਿੰਘ ਪਿੰਡ ਰਾਜੇਆਣਾ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ।

ਭਾਈ ਹਾਕਮ ਸਿੰਘ ਪਿਤਾ ਸ: ਹਰਨਾਮ ਸਿੰਘ ਮਾਤਾ ਹਰਨਾਮ ਕੌਰ ਪਿੰਡ ਸਮਾਲਸਰ ਆਪ ਮੋਰਚਾ ਜੈਤੋ ਵਿਚ ਗਏ ਤੇ ੬ ਮਹੀਨੇ ਮੁਲਤਾਨ ਜੇਲ੍ਹ ਵਿਚ ਕੈਦ ਕਟੀ।

ਭਾਈ ਵੀਰ ਸਿੰਘ ਪਿਤਾ ਸ: ਦਲ ਸਿੰਘ ਮਾਤਾ ਹਰ ਕੌਰ ਪਿੰਡ ਸਮਾਲਸਰ ਆਪ ਮੋਰਚਾ ਜੈਤੋ ਦੇ ੧੭ਵੇਂ ਜਥੇ ਵਿਚ ਗਏ।

Digitized by Panjab Digital Library | www.panjabdigilib.org

ਭਾਈ ਤੁੰਮਣ ਸਿੰਘ ਪਿੰਡ ਸਮਾਲਸਰ ਆਪ ਮੋਰਚਾ ਜੈਤੋ ਦੇ ੧੭ਵੇਂ ਜਥੇ ਵਿਚ ਗਏ।

ਭਾਈ ਮਿਤ ਸਿੰਘ ਅਕਾਲੀ ਪਿੰਡ ਸਮਾਲਸਰ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ।

ਭਾਈ ਨਿਧਾਨ ਸਿੰਘ ਜੀ ਅਕਾਲੀ ਪਿਤਾ ਸ: ਮੀਹਾਂ ਸਿੰਘ ਮਾਤਾ ਚੰਦ ਕੌਰ ਆਪ ਮੋਰਚਾ ਜੈਤੋ ਦੇ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਕੈਦ ਕਟੀ।

ਭਾਈ ਲਛਮਣ ਸਿੰਘ ਜੀ ਅਕਾਲੀ ਪਿਤਾ ਸ: ਵੀਰ ਸਿੰਘ ਮਾਤਾ ਜੀਉਣ ਕੌਰ ਪਿੰਡ ਸਮਾਲਸਰ ਆਪ ਮੋਰਚਾ ਜੈਤੋ ਵਿਚ ਪਹਿਲੇ ਸ਼ਹੀਦੀ ਜਥੇ ਨਾਲ ਗਏ ਤੇ ਸ਼ਹੀਦ ਹੋਏ।

ਭਾਈ ਰੁਲੀਆ ਸਿੰਘ ਪਿਤਾ ਸ: ਪ੍ਰੇਮ ਸਿੰਘ ਮਾਤਾ ਵੀਰ ਕੌਰ ਪਿੰਡ ਸਮਾਲਸਰ ਆਪ ਮੋਰਚਾ ਜੈਤੋ ਵਿਚ ਗਏ ਤੇ ਨਾਭਾ ਬੀੜ ਵਿਚ ਕੈਦ ਕਟੀ।

ਭਾਈ ਈਸ਼ਰ ਸਿੰਘ ਪਿਤਾ ਸ: ਸੁੰਦਰ ਸਿੰਘ ਮਾਤਾ ਖੇਮ ਕੌਰ ਪਿੰਡ ਸਮਾਲਸਰ ਆਪ ਮੋਰਚਾ ਜੈਤੋ ਦੇ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਕੈਦ ਹੋ ਕੇ ਨਾਭਾ ਬੀੜ ਜੇਲ੍ਹ ਵਿਚ ਸ਼ਹੀਦ ਹੋਏ।

ਭਾਈ ਹਾਕਮ ਸਿੰਘ ਪਿੰਡ ਸਮਾਲਸਰ ਆਪ ਮੋਰਚਾ ਭਾਈ ਫੇਰੂ ਵਿਚ ਗਏ।

ਭਾਈ ਮੇਹਰ ਸਿੰਘ ਪਿਤਾ ਸ: ਸ਼ਾਮ ਸਿੰਘ ਪਿੰਡ ਕੋਕਰੀ ਕਲਾਂ ਆਪ ਮੋਰਚਾ ਮੁਕਤਸਰ ਵਿਚ ਗਏ ਤੇ ੧੧ ਮਹੀਨੇ ਕੈਦ ਹੋਈ।

ਭਾਈ ਬੁਧ ਸਿੰਘ ਅਕਾਲੀ ਪਿੰਡ ਕੋਕਰੀ ਕਲਾਂ ਆਪ ਮੋਰਚਾ ਮੁਕਤਸਰ ਵਿਚ ਗਏ ਤੇ ੧੧ ਮਹੀਨੇ ਕੈਦ ਹੋਈ।

ਭਾਈ ਹਰੀ ਸਿੰਘ ਪਿਤਾ ਸ: ਸ਼ਾਮ ਸਿੰਘ ਪਿੰਡ ਕੋਕਰੀ ਕਲਾਂ

ਭਾਈ ਕੇਹਰ ਸਿੰਘ ਪਿਤਾ ਸ: ਪਾਲਾ ਸਿੰਘ ਮਾਤਾ ਭੋਲੀ ਪਿੰਡ ਕੋਕਰੀ ਕਲਾਂ

ਭਾਈ ਹਰਦਿਆਲ ਸਿੰਘ ਪਿਤਾ ਸ: ਇੰਦਰ ਸਿੰਘ ,,

ਭਾਈ ਇੰਦਰ ਸਿੰਘ ਪਿਤਾ ਰਾਮ ਸਿੰਘ ਮਾਤਾ ਚੰਦ ਕੌਰ ,,

ਭਾਈ ਬਖਤੌਰ ਸਿੰਘ ਪਿਤਾ ਵਧਾਵਾ ਸਿੰਘ ਮਾਤਾ ਸਾਬੂ ਕੌਰ ਪਿੰਡ ਕੋਕਰੀ ਕਲਾਂ

ਭਾਈ ਮਨਸ਼ਾ ਸਿੰਘ ਪਿਤਾ ਸ: ਪਰੇਮ ਸਿੰਘ ਮਾਤਾ ਰਾਜ ਕੌਰ ਪਿੰਡ ਕੋਕਰੀ ਕਲਾਂ

ਭਾਈ ਠਾਕਰ ਸਿੰਘ ਪਿਤਾ ਸ: ਬੋਘਾ ਸਿੰਘ ਪਿੰਡ ਕੋਕਰੀ ਕਲਾਂ

ਭਾਈ ਕਰਤਾਰ ਸਿੰਘ ਪਿਤਾ ਸ: ਕਾਲਾ ਸਿੰਘ ਮਾਤਾ ਇੰਦ ਕੌਰ

[ਇਹ ਸਾਰੇ ਸਿੰਘ ਭਾਈ ਤੇਜਾ ਸਿੰਘ ਦੀ ਜਥੇਦਾਰੀ ਹੇਠ ਮੋਰਚੇ ਵਿਚ ਗਏ ਤੇ ਕੁਰਬਾਨੀਆਂ ਕੀਤੀਆਂ]

ਭਾਈ ਦਿਆਲ ਸਿੰਘ ਪਿੰਡ ਕੋਕਰੀ

ਭਾਈ ਗੁਰਬਖਸ਼ ਸਿੰਘ ਪਿਤਾ ਸ: ਦਿਆਲ ਸਿੰਘ ਪਿੰਡ ਕੋਕਰੀ

ਭਾਈ ਹਰੀ ਸਿੰਘ ਪਿਤਾ ਸ: ਮੇਹਰ ਸਿੰਘ ਮਾਤਾ ਹਰ ਕੌਰ ਪਿੰਡ ਕੋਕਰੀ

ਭਾਈ ਜਾਗੀਰ ਸਿੰਘ ਪਿਤਾ ਸ: ਬੀਕਾ ਸਿੰਘ ਮਾਤਾ ਹਰਨਾਮ ਕੌਰ ਪਿੰਡ ਕੋਕਰੀ

ਭਾਈ ਬਹਾਦਰ ਸਿੰਘ ਪਿੰਡ ਕੋਕਰੀ

ਭਾਈ ਗੁਰਦਿਤ ਸਿੰਘ ਪਿੰਡ ਕੋਕਰੀ

ਭਾਈ ਸੇਵਾ ਸਿੰਘ ਪਿਤਾ ਸ: ਗੁਰਮੁਖ ਸਿੰਘ ਪਿੰਡ ਕੋਕਰੀ

ਭਾਈ ਪਾਖਰ ਸਿੰਘ ਪਿਤਾ ਸ: ਜਗਤ ਸਿੰਘ ਮਾਤਾ ਜੀਉਣ ਕੌਰ ਪਿੰਡ ਕੋਕਰੀ

ਭਾਈ ਤੇਜਾ ਸਿੰਘ ਪਿਤਾ ਸ: ਹਜ਼ਾਰਾ ਸਿੰਘ ਮਾਤਾ ਧੰਨ ਕੌਰ ਪਿੰਡ ਤਲਵੰਡੀ ਆਪ ਮੋਰਚਾ ਜੈਤੋ ਵਿਚ ਗਏ।

Digitized by Panjab Digital Library | www.panjabdigilib.org

ਭਾਈ ਕਿਸ਼ਨ ਸਿੰਘ ਪਿਤਾ ਸ: ਵਜ਼ੀਰ ਸਿੰਘ ਪਿੰਡ ਤਲਵੰਡੀ ਆਪ ਜੈਤੋ ਦੇ ਮੋਰਚੇ ਵਿਚ ਗਏ।

ਭਾਈ ਹਰੀ ਸਿੰਘ ਪਿਤਾ ਸ: ਦਲੀਪ ਸਿੰਘ ਮਾਤਾ ਜਿਊਣ ਕੌਰ ਪਿੰਡ ਪ੍ਰਾਣੇ ਵਾਲਾ ਆਪ ਮੋਰਚਾ ਜੈਤੋ ਵਿਚ ਗਏ, ਡੇਢ ਸਾਲ ਕੈਦ ਰਹੇ ਤੇ ਸਿਰੋਪਾਉ ਲੈ ਕੇ ਘਰ ਆਏ।

ਭਾਈ ਭਗਤ ਸਿੰਘ ਮਾਤਾ ਭੋਲੀ ਪਿੰਡ ਪ੍ਰਾਣੇ ਵਾਲਾ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਸਾਢੇ ੯ ਸਾਲ ਕੈਦ ਕਟੀ।

ਭਾਈ ਲਾਲ ਸਿੰਘ ਪਿਤਾ ਸ: ਗੁਰਦਿਤ ਸਿੰਘ ਮਾਤਾ ਜੀਊਣ ਕੌਰ ਆਖ ਜੈਤੋ ਦੇ ਮੋਰਚੇ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਨਾਭਾ ਬੀੜ ਵਿਚ ਕੈਦ ਰਹੇ।

ਭਾ: ਲਾਲ ਸਿੰਘ ਜੀ ਪਿਤਾ ਸ: ਬੰਤਾ ਸਿੰਘ ਜੀ ਮਾਤਾ ਜਸ ਕੌਰ ਪਿੰਡ ਲੰਢੇ ਕੇ ਆਪ ਮੋਰਚਾ ਜੈਤੋ ਵਿਚ ਗੋਲੀ ਨਾਲ ਫੱਟੜ ਹੋਏ ਤੇ ਕੈਦ ਹੋਏ।

ਭਾ: ਕਰਨੈਲ ਸਿੰਘ ਪਿਤਾ ਭ: ਸੇਵਾ ਸਿੰਘ ਆਪ ਨੇ ਮੋਰਚਾ ਜੈਤੋ ਵਿਚ ਕੁਰਬਾਨੀ ਕੀਤੀ।

ਭਾ: ਨਾਜਰ ਸਿੰਘ ਜੀ ਪਿਤਾ ਸ: ਕਾਲਾ ਸਿੰਘ ਜੀ ਪਿੰਡ ਲੰਢੇ ਕੇ ਆਪ ਮੋਰਚਾ ਜੈਤੋ ਵਿਚ ਕੁਰਬਾਨੀ ਕੀਤੀ।

ਭਾ: ਭਾਗ ਸਿਘ ਜੀ ਪਿਤਾ ਸ: ਗੁਰਦਿਤ ਸਿੰਘ ਮਾਤਾ ਸ਼ਾਮ ਕੌਰ ਪਿੰਡ ਲੰਢੇ ਕੇ ਆਪ ਨੇ ਜੈਤੋ ਦੇ ਮੋਰਚੇ ਕੁਰਬਾਨੀ ਕੀਤੀ।

ਭਾ: ਰਾਮ ਸਿੰਘ ਪਿਤਾ ਸ: ਸੁੰਦਰ ਸਿੰਘ ਪਿੰਡ ਲੰਢੇਕੇ

ਭਾਈ ਰਾਮ ਸਿੰਘ ਪਿਤਾ ਸ: ਪੰਜਾਬ ਸਿੰਘ ਪਿੰਡ ਲੰਢੇ ਕੇ

ਭਾਈ ਵਰਿਆਮ ਸਿੰਘ ਪਿਤਾ ਬੂੜ ਸਿੰਘ ,,

ਭਾਈ ਸੋਭਾ ਸਿੰਘ ਪਿਤਾ ਸ: ਜਗਤ ਸਿਘ ,,

ਭਾਈ ਫੌਜਦਾਰ ਸਿੰਘ ਪਿਤਾ ਸ: ਪਰੇਮ ਸਿੰਘ ਮਾਤਾ ਮਤਾਬ ਕੌਰ ਪਿੰਡ ਲੰਢੇ ਕੇ

[ਉਪਰ ਲਿਖੇ ਇਹ ਸਿੰਘ ਪਹਿਲੇ ਸ਼ਹੀਦੀ ਜਥੇ ਨਾਲ ਆਪੋ ਆਪਣੇ ਗਡੇ ਸੇਵਾ ਵਾਸਤੇ ਲੈ ਕੇ ਗਏ, ਜੋ ਸਰਕਾਰ ਨੇ ਕਬਜ਼ੇ ਵਿਚ ਕਰਕੇ ਬੋਲੀ ਕਰਾ ਦਿਤੀ। ਇਹ ਗਡੇ ਜੈਤੋ ਦੇ ਲੋਕਾਂ ਨੇ ਖਰੀਦੇ। ਕੁਝ ਸਿੰਘ ਫ਼ਿਰ ਜਥਿਆਂ ਨਾਲ ਗਏ।

ਭਾਈ ਸਰਵਣ ਸਿੰਘ ਪਿਤਾ ਸ: ਦੇਵਾ ਸਿੰਘ ਮਾਤਾ ਅਤਰ ਕੌਰ ਪਿਡ ਲੰਢੇ ਕੇ ਆਪ ਮੋਰਚਾ ਜੈਤੋ ਤੇ ਭਾਈ ਫੇਰੂ ਵਿਚ ਗਏ।

ਭਾਈ ਪਰਤਾਪ ਸਿੰਘ ਪਿਤਾ ਸ: ਅਮਰੀਕ ਸਿੰਘ ਪਿੰਡ ਲੰਢੇ ਕੇ ਆਪ ਮੋਰਚਾ ਵਿਚ ਗਏ।

ਭਾਈ ਮੁਨਸ਼ੀ ਸਿੰਘ ਪਿਤਾ ਸ: ਸੋਭਾ ਸਿੰਘ ਮਾਤਾ ਮਾਨ ਕੌਰ ਪਿਡ ਲੰਢੇ ਕੇ ਆਪ ਮੋਰਚਾ ਜੈਤੋ ਵਿਚ ਗਏ ਤੇ ਕੁਰਬਾਨੀਆਂ ਕੀਤੀਆਂ।

ਭਾਈ ਫਤਹਿ ਸਿੰਘ ਪਿਤਾ ਭਾਈ ਜਬੂ ਸਿੰਘ ਮਾਤਾ ਮੈਦੀ ਪਿੰਡ ਲੰਢੇ ਕੇ ਆਪ ਮੋਰਚਾ ਜੈਤੋ ਵਿਚ ਗਏ ਤੇ ਕੁਰਬਾਨੀਆਂ ਕੀਤੀਆਂ।

ਭਾਈ ਬਚਨ ਸਿੰਘ ਪਿਤਾ ਭਾਈ ਚੰਨਣ ਸਿੰਘ ਮਾਤਾ ਨੰਦ ਕੌਰ ਪਿੰਡ ਲੰਢੇ ਕੇ ਆਪ ਮੋਰਚਾ ਜੈਤੋ ਵਿਚ ਗਏ ਤੇ ਕੁਰਬਾਨੀਆਂ ਕੀਤੀਆਂ।

ਭਾਈ ਹਜ਼ਾਰਾ ਸਿੰਘ ਪਿਤਾ ਸ: ਫਤਹਿ ਸਿੰਘ ਮਾਤਾ ਸੋਭ ਕੌਰ ਪਿੰਡ ਲੰਢੇ ਕੇ ਆਪ ਮੋਰਚਾ ਜੈਤੋ ਵਿਚ ਗਏ ਤੇ ਕੁਰਬਾਨੀਆਂ ਕੀਤੀਆਂ।

Digitized by Panjab Digital Library | www.panjabdigilib.org

ਭਾਈ ਪ੍ਰਿਥੀ ਸਿੰਘ ਪਿਤਾ ਸ: ਦੁਲਾ ਸਿੰਘ ਮਾਤਾ ਜੀਉਣ ਕੌਰ ਪਿੰਡ ਲੰਦੇ ਕੇ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਅਮਰ ਸਿੰਘ ਪਿਤਾ ਸ: ਦੁਲਾ ਸਿੰਘ ਮਾਤਾ ਜੀਉਣ ਕੌਰ ਪਿੰਡ ਲੰਢੇ ਕੇ ਆਪ ਮੋਰਚਾ ਜੈਤੋ ਵਿਚ ਗਏ ਤੇ ਬਹੁਤ ਤਕਲੀਫਾਂ ਸਹਾਰੀਆਂ।

ਭਾਈ ਕਟਾਰ ਸਿੰਘ ਪਿਤਾ ਸ: ਬਿਸ਼ਨ ਸਿੰਘ ਪਿੰਡ ਲੰਢੇ ਕੇ ਮਾਤਾ ਰਾਜ ਕੌਰ ਆਪ ਮੋਰਚਾ ਜੈਤੋ ਵਿਚ ਗਏ ਤੇ ਕੁਰਬਾਨੀਆਂ ਕੀਤੀਆਂ।

ਭਾ:ਨਾਜਰ ਸਿੰਘ ਜੀ ਪਿਤਾ ਸ: ਸੰਤਾ ਮਾਤਾ ਰਤਨ ਕੌਰ ਪਿੰਡ ਲੰਡੇ ਆਪ ਨੇ ਮੋਰਚਾ ਜੈਤੋ ਵਿਚ ਕੁਰਬਾਨੀ ਕੀਤੀ।

ਭਾ: ਬਚਿੱਤਰ ਸਿੰਘ ਪਿਤਾ ਸ: ਕੁੰਢਾ ਸਿੰਘ ਮਾਤਾ ਮਹਾਂ ਕੌਰ ਪਿੰਡ ਲੰਡੇ ਆਪ ਮੋਰਚਾ ਜੈਤੋ ਵਿਚ ਛੇਵੇਂ ਜਥੇ ਵਿਚ ਕਾਰਖਾਸ ਵਿਚ ੭ ਮਹੀਨੇ ਬੰਦ ਕੈਦ ਅਖੀਰ ਫ਼ੈਸਲੇ ਤਕ ਕੱਟੀ।

ਭ: ਚੰਦਾ ਸਿੰਘ ਪਿਤਾ ਮਾਹਣਾ ਪਿੰਡ ਲੰਡੇ ਆਪ ਨੇ ਅਕਾਲੀ ਮੋਰਚਿਆਂ ਵਿਚ ਸੇਵਾ ਕੀਤੀ। ਭਾ: ਚੰਨਣ ਸਿੰਘ ਸ: ਰੋਡਾ ਸਿੰਘ ਪਿੰਡ ਲੰਡੇ ਆਪ ਅਕਾਲੀ ਮੋਰਚਿਆਂ ਵਿਚ ਕੈਦ ਕੱਟੀ।

ਭਾਈ ਰਾਮ ਸਿੰਘ ਪਿਤਾ ਮਾਨ ਸਿੰਘ ਪਿੰਡ ਲੰਡੇ ਆਪ ਨੇ ਮੋਰਚਾ ਜੈਤੋ ਵਿਚ ੬ਵੇਂ ਸ਼ਹੀਦੀ ਜਥੇ ਵਿਚ ੧੧ ਮਹੀਨੇ ਕੈਦ ਕਟੀ।

ਭਾਈ ਵਰਯਾਮ ਸਿੰਘ ਪਿਤਾ ਸ: ਦਿਆਲ ਸਿੰਘ ਪਿੰਡ ਲੰਡੇ ਆਪ ਮੋਰਚਾ ਜੈਤੋ ਵਿਚ ਗਏ। ਭਾਈ ਰਤਨ ਸਿੰਘ ਪਿਤਾ ਸ: ਦਿੱਤਾ ਸਿਘ ਪਿੰਡ ਲੰਡੇ ਆਪ ਮੋਰਚਾ ਜੈਤੋ ਦੇ ਛੇਵੇਂ ਸ਼ਹੀਦੀ ਜਥੇ ਵਿਚ ਗਏ ਤੇ ਮਾਰ ਕੁਟਾਈ ਨਾਲ ਉਥੇ ਜੇਲ੍ਹ ਵਿਚ ਹੀ ਸ਼ਹੀਦ ਹੋ ਗਏ।

ਭਾਈ ਮਾਘ ਸਿੰਘ ਪਿਤਾ ਸਃ ਸ਼ਾਮ ਸਿੰਘ ਪਿੰਡ ਲੰਡੇ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਕਪੂਰ ਸਿੰਘ ਪਿਤਾ ਸ: ਵਰਯਾਮ ਸਿੰਘ ਪਿੰਡ ਲੰਡੇ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਗੰਗਾ ਸਿੰਘ ਪਿਤਾ ਸ: ਤੋਤਾ ਸਿੰਘ ਮਾਤਾ ਬੁਧ ਕੌਰ ਪਿੰਡ ਲੰਡੇ ਆਪ ਮੋਰਚਾ ਜੈਤੋ ਦੇ ਛੇਵੇਂ ਸ਼ਹੀਦੀ ਜਥੇ ਵਿਚ ਗਏ ਤੇ ੧੪ ਮਹੀਨੇ ਕੈਦ ਕਾਰਖਾਸ ਤੇ ਨਾਭਾ ਬੀੜ ਵਿਚ ਕਟੀ।

ਭਾਈ ਹਰੀ ਸਿੰਘ ਪਿਤਾ ਸਃ ਫੂਲ ਸਿੰਘ ਮਾਤਾ ਸੋਭੀ ਪਿੰਡ ਪੰਜ ਗਰਾਈਂ ਆਪ ਨੇ ਮੋਰਚਾ ਜੈਤੋ ਵਿਚ ਕੈਦ ਕਟੀ। ਭਾ: ਸੁੰਦਰ ਸਿੰਘ ਪਿਤਾ ਸ: ਭਗਵਾਨ ਸਿੰਘ ਮਾਤਾ ਚੰਦ ਕੌਰ ਪਿੰਡ ਸਾਹੋਕੇ ਆਪ ਨੇ ਮੋਰਚਾ ਜੈਤੋ ਵਿਚ ਕੈਦ ਕਟੀ।

ਭਾਈ ਅਤਰ ਸਿੰਘ ਪਿਤਾ ਸ: ਫੁਮਣ ਸਿੰਘ ਪਿੰਡ ਸਾਹੋਕੇ ਆਪ ਮੋਰਚਾ ਜੈਤੋ ਵਿਚ ਗਏ।

ਭਾ: ਨਗੀਨਾ ਸਿੰਘ ਪਿਤਾ ਸ: ਭੂਪ ਸਿੰਘ ਮਾਤਾ ਰਾਮ ਕੌਰ ਪਿੰਡ ਸਾਹੋਕੇ ਆਪ ਨੇ ਮੋਰਚਾ ਜੈਤੋ ਵਿਚ ਕੈਦ ਕਟੀ। ਭਾ: ਸੇਵਾ ਸਿੰਘ ਪਿਤਾ ਸ: ਨਰੈਣ ਸਿੰਘ ਪਿੰਡ ਸਾਹੋਕੇ ਆਪ ਮੋਰਚਾ ਜੈਤੋ ਵਿਚ ਗਏ। ਭਾ: ਬੁਧ ਸਿੰਘ ਪਿਤਾ ਸ: ਕਾਕੂ ਸਿੰਘ ਮਾਤਾ ਚੰਦੋ ਪਿੰਡ ਸਾਹੋਕੇ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਕੇਹਰ ਸਿੰਘ ਪਿਤਾ ਸ: ਕ੍ਰਿਪਾਲ ਸਿੰਘ ਪਿੰਡ ਸਾਹੋਕੇ ਆਪ ਮੋਰਚਾ ਜੈਤੋ ਵਿਚ ਗਏ। ਭਾ: ਝੰਡਾ ਸਿੰਘ ਪਿਤਾ ਸ: ਸਰੂਪ ਸਿੰਘ ਮਾਤਾ ਅਤਰ ਕੌਰ ਪਿੰਡ ਸਾਹੋਕੇ ਆਪ ਮੋਰਚਾ ਜੈਤੋ ਵਿਚ ਗਏ। ਭਾ: ਕੇਹਰ ਸਿੰਘ ਪਿਤਾ ਸ: ਉਤਮ ਸਿੰਘ ਮਾਤਾ ਦਜਾ ਕੌਰ ਪਿੰਡ ਸਾਹੋਕੇ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ।

Digitized by Panjab Digital Library | www.panjabdigilib.org

ਭਾਈ ਹਰੀ ਸਿੰਘ ਪਿਤਾ ਸ: ਰੋਲੀ ਸਿੰਘ ਪਿੰਡ ਸਾਹੋਕੇ ਆਪ ਮੋਰਚਾ ਭਾਈ ਫੇਰੂ ਵਿਚ ਸ਼ਹੀਦ ਹੋ ਗਏ।

ਭਾਈ ਵਰਿਆਮ ਸਿੰਘ ਪਿਤਾ ਸ: ਸੰਤਾ ਸਿੰਘ ਮਾਤਾ ਗਣੇਸ਼ੀ ਪਿੰਡ ਸਾਹੋਕੇ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ।

ਭਾਈ ਪ੍ਰੇਮ ਸਿੰਘ ਪਿਤਾ ਸ: ਨਥਾ ਸਿੰਘ ਮਾਤਾ ਮਤਾਬ ਕੌਰ ਪਿੰਡ ਸਾਹੋਕੇ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ।

ਭਾਈ ਸ਼ਾਮ ਸਿੰਘ ਪਿਤਾ ਸ: ਭਗਵਾਨ ਸਿੰਘ ਮਾਤਾ ਇੰਦੀ ਪਿੰਡ ਸਾਹੋਕੇ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ।

ਭਾਈ ਹਰਚੰਦ ਸਿੰਘ ਪਿਤਾ ਸ: ਫੁਮਣ ਸਿੰਘ ਮਾਤਾ ਕਾਹਨ ਕੌਰ ਪਿੰਡ ਸਾਹੋਕੇ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ।

ਜਥੇਦਾਰ ਪ੍ਰੇਮ ਸਿੰਘ ਪਿਤਾ ਸ: ਹੀਰਾ ਸਿੰਘ ਮਾਤਾ ਅਤਰ ਕੌਰ ਪਿੰਡ ਮੱਲਕੇ ਆਪ ਮੋਰਚਾ ਜੈਤੋ ਦੇ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਕੈਦ ਕਟੀ।

ਭਾਈ ਤਾਰਾ ਸਿੰਘ ਪਿਤਾ ਸ: ਚੰਦਾ ਸਿੰਘ ਪਿੰਡ ਮੱਲ ਕੇ ਮੋਰਚਾ ਜੈਤੋ ਵਿਚ ਗਏ।

ਭਾਈ ਸਰਦਾਰਾ ਸਿੰਘ ਪਿਤਾ ਸ: ਮਿਤ ਸਿੰਘ ਪਿੰਡ ਮੱਲ ਕੇ ਮੋਰਚਾ ਜੈਤੋ ਵਿਚ ਗਏ।

ਭਾਈ ਕੇਸਰ ਸਿੰਘ ਜੀ ਅਕਾਲੀ ਪਿਤਾ ਸ: ਜੈਮਲ ਸਿੰਘ ਮਾਤਾ ਮਤਾਬ ਕੌਰ ਪਿੰਡ ਮੱਲ ਕੇ ਆਪ ਮੋਰਚਾ ਜੈਤੋ ਦੇ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਕੈਦ ਕਟੀ।ਪਹਿਲੇ ਸ਼ਹੀਦੀ ਜਥੇ ਵਿਚ ਗੋਲੀ ਨਾਲ ਜ਼ਖਮੀ ਹੋਏ ਤੇ ਜਥਿਆਂ ਦੀ ਸੇਵਾ ਕਰਦੇ ਰਹੇ।

ਭਾਈ ਰੂੜ ਸਿੰਘ ਪਿਤਾ ਸ: ਸੁੰਦਰ ਸਿੰਘ ਮਾਤਾ ਚੰਦ ਕੌਰ ਪਿੰਡ ਮੱਲ ਕੇ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਛੇ ਮਹੀਨੇ ਅਟਕ ਜੇਲ੍ਹ ਵਿਚ ਕੈਦ ਕਟੀ।

ਭਾਈ ਸਰਦਾਰਾ ਸਿੰਘ ਪਿਤਾ ਸ: ਬੇਲਾ ਸਿੰਘ ਮਾਤਾ ਰਾਜ ਕੌਰ ਪਿੰਡ ਮੱਲ ਕੇ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਛੇ ਮਹੀਨੇ ਅਟਕ ਜੇਲ੍ਹ ਵਿਚ ਕੈਦ ਕਟੀ।

ਭਾਈ ਰਤਨ ਸਿੰਘ ਪਿਤਾ ਸ: ਨਿੱਕਾ ਸਿੰਘ ਪਿੰਡ ਢਿਲਵਾਂ ਵਾਲਾ ਆਪ ਮੋਰਚਾ ਜੈਤੋ ਵਿਚ ਗਏ ਤੇ ਇਕ ਸਾਲ ਕੈਦ ਕਟੀ।

ਭਾਈ ਗੁਲਾਬ ਸਿੰਘ ਪਿਤਾ ਸ: ਫਤਹਿ ਸਿੰਘ ਮਾਤਾ ਰਾਮ ਕੌਰ ਪਿੰਡ ਬੰਬੀਹਾ।

ਭਾਈ ਭਾਗ ਸਿੰਘ ਅਕਾਲੀ ਪਿਤਾ ਸ: ਹਰਨਾਮ ਸਿੰਘ ਮਾਤਾ ਰਤਨ ਕੌਰ ਪਿੰਡ ਬੰਬੀਹਾ

ਭਾਈ ਉਤਮ ਸਿੰਘ ਪਿਤਾ ਸ: ਦੀਵਾਨ ਸਿੰਘ ਮਾਤਾ ਪਰੇਮ ਕੌਰ ਪਿੰਡ ਬੰਬੀਹਾ

ਭਾਈ ਹਰਦਿਤ ਸਿੰਘ ਪਿਤਾ ਸ: ਅਤਰ ਸਿੰਘ ਮਾਤਾ ਪਹਾੜ ਕੌਰ ,,

ਭਾਈ ਬਿਸ਼ਨ ਸਿੰਘ ਪਿਤਾ ਸ: ਕਿਰਪਾ ਸਿੰਘ ਪਿੰਡ ਬੰਬੀਹਾ

ਭਾਈ ਕਰਤਾਰ ਸਿੰਘ ਪਿਤਾ ਸ: ਫੰਙਣ ਸਿੰਘ ,,

ਭਾਈ ਸਰਦਾਰ ਸਿੰਘ ਪਿਤਾ ਸ: ਚੇਂਚਲ ਸਿੰਘ ਮਾਤਾ ਸ਼ਾਮ ਕੌਰ ਪਿੰਡ ਬੰਬੀਹਾ

[ਇਹ ਸਿੰਘ ਜੈਤੋ ਦੇ ਮੋਰਚੇ ਵਿਚ ਗਏ ਤੇ ੧੧ ਮਹੀਨੇ ਕੈਦ ਰਹੇ।]

ਭਾਈ ਨੰਦ ਸਿੰਘ ਪਿਤਾ ਸ: ਰੋੜਾ ਸਿੰਘ ਮਾਤਾ ਰਾਮ ਕੌਰ ਪਿੰਡ ਵਾਂਦਰ

ਜਥੇਦਾਰ ਈਸ਼ਰ ਸਿੰਘ ਪਿਤਾ ਸ: ਦਿਆਲ ਸਿੰਘ ਮਾਤਾ ਰਾਜ ਕੌਰ ਪਿੰਡ ਵਾਂਦਰ

ਭਾਈ ਭਾਗ ਸਿੰਘ ਪਿਤਾ ਸ: ਗੇਂਦਾ ਸਿੰਘ ਮਾਤਾ ਰਾਮ ਕੌਰ ਪਿੰਡ ਵਾਂਦਰ

ਭਾਈ ਸੱਜਣ ਸਿੰਘ ਪਿਤਾ ਸ: ਬਗਲਾ ਸਿੰਘ ਮਾਤਾ ਸਾਹਿਬ ਕੌਰ ਪਿੰਡ ਵਾਂਦਰ

Digitized by Panjab Digital Library | www.panjabdigilib.org

ਭਾਈ ਵਰਿਆਮ ਸਿੰਘ ਪਿਤਾ ਸ: ਬਗਲਾ ਸਿੰਘ ਮਾਤਾ ਸਾਹਿਬ ਕੌਰ ,,

ਭਾਈ ਮੱਘਰ ਸਿੰਘ ਪਿਤਾ ਸ: ਪੰਜਾਬ ਸਿੰਘ ਮਾਤਾ ਰਾਜ ਕੌਰ ਪਿੰਡ ਵਾਂਦਰ

[ਪਿੰਡ ਵਾਂਦਰ ਦੇ ਉਪਰ ਲਿਖੇ ਸਿੰਘ ਜਿਨ੍ਹਾਂ ਨੂੰ ਮੋਰਚਾ ਜੈਤੋ ਵਿਚ ਦੋ ਦੋ ਸਾਲ ਕੈਦ ਹੋਈ।]

ਭਾਈ ਬੂਟਾ ਸਿੰਘ ਪਿਤਾ ਸ: ਘੁਲਾ ਸਿੰਘ ਮਾਤਾ ਰੂੜੀ ਪਿੰਡ ਵਾਂਦਰ ਆਪ ਮੋਰਚਾ ਜੈਤੋ ਵਿਚ ਗਏ ਤੇ ਨਾਭਾ ਬੀੜ ਵਿਚ ਦੋ ਸਾਲ ਕੈਦ ਕਟੀ।

ਭਾਈ ਪ੍ਰੇਮ ਸਿੰਘ ਪਿਤਾ ਸ: ਝੰਡਾ ਸਿੰਘ ਪਿੰਡ ਵਾਂਦਰ ਆਪ ਮੋਰਚਾ ਜੈਤੋ ਵਿਚ ਗਏ ਤੇ ਨਾਭਾ ਬੀੜ ਵਿਚ ਦੋ ਸਾਲ ਕੈਦ ਕਟੀ।

ਭਾਈ ਮਾਹਲਾ ਸਿੰਘ ਅਕਾਲੀ ਪਿਤਾ ਸ: ਸੁੰਦਰ ਸਿੰਘ ਮਾਤਾ ਰੂਪ ਕੌਰ ਪਿੰਡ ਵਾਂਦਰ ਆਪ ਮੋਰਚਾ ਜੈਤੋ ਵਿਚ ਗਏ ਤੇ ਨਾਭਾ ਬੀੜ ਵਿਚ ਦੋ ਸਾਲ ਕੈਦ ਕਟੀ।

ਭਾਈ ਈਸ਼ਰ ਸਿੰਘ ਪਿਤਾ ਸ: ਵਸਾਵਾ ਸਿੰਘ ਪਿੰਡ ਵਾਂਦਰ ਆਪ ਮੋਰਚਾ ਜੈਤੋ ਵਿਚ ਗਏ ਤੇ ਨਾਭਾ ਬੀੜ ਵਿਚ ਦੋ ਸਾਲ ਕੈਦ ਕਟੀ।

ਭਾਈ ਰੁਮਣ ਸਿੰਘ ਪਿਤਾ ਸ: ਹਮੀਰ ਸਿੰਘ ਮਾਤਾ ਮਹਿਤਾਬ ਕੌਰ ਪਿੰਡ ਵਾਂਦਰ ਆਪ ਮੋਰਚਾ ਜੈਤੋ ਦੇ ਪਹਿਲੇ ਸ਼ਹੀਦੀ ਜਥੇ ਵਿਚ ਗੋਲੀ ਨਾਲ ਸ਼ਹੀਦ ਹੋ ਗਏ।

ਭਾਈ ਹਰਨਾਮ ਸਿੰਘ ਪਿਤਾ ਸ: ਦੇਵਾ ਸਿੰਘ ਮਾਤਾ ਦਾਖਾਂ ਪਿੰਡ ਵਾਂਦਰ ਆਪ ਨੇ ਮੋਰਚਾ ਭਾ: ਫੇਰੂ ਵਿਚ ਕੈਦ ਕਟੀ। ਭਾ: ਜੀਉਣ ਸਿੰਘ ਪਿਤਾ ਸ: ਨਰੈਣ ਸਿੰਘ ਪਿੰਡ ਵਾਂਦਰ ਆਪ ਨੇ ਮੋਰਚਾ ਭਾਈ ਫੇਰੂ ਵਿਚ ਕੈਦ ਕਟੀ।

ਭਾਈ ਮੇਹਰ ਸਿੰਘ ਪਿਤਾ ਸ: ਬੁਧ ਸਿੰਘ ਪਿੰਡ ਵਾਂਦਰ ਆਪ ਨੇ ਮੋਰਚਾ ਭਾ: ਫੇਰੂ ਵਿਚ ਕੈਦ ਕਟੀ। ਭਾ: ਭਾਗ ਸਿੰਘ ਪਿਤਾ ਸ: ਨਰੈਣ ਸਿੰਘ ਪਿੰਡ ਵਾਂਦਰ ਆਪ ਨੇ ਮੋਰਚਾ ਭਾਈ ਫੇਰੂ ਵਿਚ ਕੈਦ ਕਟੀ।

ਭਾਈ ਨੰਦ ਸਿੰਘ ਪਿਤਾ ਸ: ਸੁੰਦਰ ਸਿੰਘ ਮਾਤਾ ਰਾਮ ਕੌਰ ਪਿੰਡ ਵਾਂਦਰ ਆਪ ਨੇ ਮੋਰਚਾ ਭਾਈ ਫੇਰੂ ਵਿਚ ਕੈਦ ਕਟੀ।

ਭਾਈ ਠਾਕਰ ਸਿੰਘ ਪਿਤਾ ਸ: ਸੋਭਾ ਸਿੰਘ ਮਾਤਾ ਬੁੱਧਾਂ ਪਿੰਡ ਵਾਂਦਰ ਆਪ ਨੇ ਮੋਰਚਾ ਭਾਈ ਫੇਰੂ ਵਿਚ ਕੈਦ ਕਟੀ।

ਭਾਈ ਪਾਲਾ ਸਿੰਘ ਪਿੰਡ ਸੁੱਖਾ ਨੰਦ ਆਪ ਨੇ ਮੋਰਚਾ ਭਾਈ ਫੇਰੂ ਵਿਚ ਕੈਦ ਕਟੀ।

ਭਾਈ ਸੁੰਦਰ ਸਿੰਘ ਪਿਤਾ ਸ: ਨਥਾ ਸਿੰਘ ਮਾਤਾ ਰਤਨ ਕੌਰ ਪਿੰਡ ਚੀਦਾ ਆਪ ਮੋਰਚਾ ਜੈਤੋ ਦੇ ਪਹਿਲੇ ਸ਼ਹੀਦੀ ਜਥੇ ਵਿਚ ਗੋਲੀ ਨਾਲ ਸ਼ਹੀਦ ਹੋ ਗਏ।

ਭਾਈ ਈਸ਼ਰ ਸਿੰਘ ਪਿਤਾ ਸ: ਪਾਲਾ ਸਿੰਘ ਮਾਤਾ ਰੂਪ ਕੌਰ ਪਿੰਡ ਚੀਦਾ ਆਪ ਨੇ ਮੋਰਚਾ ਜੈਤੋ ਦੇ ੧੧ਵੇਂ ਸ਼ਹੀਦੀ ਜਥੇ ਵਿਚ ਇਕ ਸਾਲ ਕੈਦ ਕਟੀ।

ਭਾਈ ਚੰਨਣ ਸਿੰਘ ਪਿਤਾ ਸ: ਸੋਹਣ ਸਿੰਘ ਮਾਤਾ ਰਾਮ ਕੌਰ ਪਿੰਡ ਚੀਦਾ ਆਪ ਨੇ ਮੋਰਚਾ ਜੈਤੋ ਦੇ ੧੧ਵੇਂ ਸ਼ਹੀਦੀ ਜਥੇ ਵਿਚ ਇਕ ਸਾਲ ਕੈਦ ਕਟੀ।

ਭਾਈ ਸੁੱਚਾ ਸਿੰਘ ਪਿਤਾ ਸ: ਮਿੱਤ ਸਿੰਘ ਪਿੰਡ ਚੀਦਾ ਆਪ ਨੇ ਮੋਰਚਾ ਜੈਤੋ ਦੇ ੧੧ਵੇਂ ਸ਼ਹੀਦੀ ਜਥੇ ਵਿਚ ਇਕ ਸਾਲ ਕੈਦ ਕਟੀ।

ਭਾਈ ਚੰਨਣ ਸਿੰਘ ਪਿਤਾ ਸ: ਅਤਰ ਸਿੰਘ ਮਾਤਾ ਹਰਨਾਮ ਕੌਰ ਪਿੰਡ ਚੀਦਾ ਆਪ ਨੇ ਮੋਰਚਾ ਜੈਤੋ ਦੇ ੧੧ਵੇਂ ਸ਼ਹੀਦੀ ਜਥੇ ਵਿਚ ਇਕ ਸਾਲ ਕੈਦ ਕਟੀ।

Digitized by Panjab Digital Library | www.panjabdigilib.org

ਭਾਈ ਗੁਰਦਿੱਤ ਸਿੰਘ ਪਿਤਾ ਸ: ਪਾਖਰ ਸਿੰਘ ਮਾਤਾ ਮਾਨ ਕੌਰ ਪਿੰਡ ਚੀਦਾ ਆਪ ਨੇ ਮੋਰਚਾ ਜੈਤੋ ਦੇ ੧੧ਵੇਂ ਸ਼ਹੀਦੀ ਜਥੇ ਵਿਚ ਇਕ ਸਾਲ ਕੈਦ ਕਟੀ।

ਭਾਈ ਮਨਸ਼ਾ ਸਿੰਘ ਪਿਤਾ ਸ: ਪੂਰਨ ਸਿੰਘ ਮਾਤਾ ਕਿਸ਼ਨ ਕੌਰ ਪਿੰਡ ਚੀਦਾ ਆਪ ਨੇ ਮੋਰਚਾ ਜੈਤੋ ਦੇ ੧੧ਵੇਂ ਸ਼ਹੀਦੀ ਜਥੇ ਵਿਚ ਇਕ ਸਾਲ ਕੈਦ ਕਟੀ।

ਭਾਈ ਉਜਾਗਰ ਸਿੰਘ ਪਿਤਾ ਸ: ਸੁਚਾ ਸਿੰਘ ਮਾਤਾ ਰਤਨ ਕੌਰ ਪਿੰਡ ਚੀਦਾ ਆਪ ਨੇ ਮੋਰਚਾ ਜੈਤੋ ਦੇ ੧੧ਵੇਂ ਸ਼ਹੀਦੀ ਜਥੇ ਵਿਚ ਇਕ ਸਾਲ ਕੈਦ ਕਟੀ।

ਭਾਈ ਮੀਨਾ ਸਿੰਘ ਪਿਤਾ ਸ: ਨੰਦ ਸਿੰਘ ਪਿੰਡ ਚੀਦਾ ਆਪ ਨੇ ਜੈਤੋ ਦੇ ੧੧ਵੇਂ ਸ਼ਹੀਦੀ ਜਥੇ ਵਿਚ ਇਕ ਸਾਲ ਕੈਦ ਕਟੀ। ਭਾ: ਰੂੜ ਸਿੰਘ ਪਿਤਾ ਸ: ਪੂਰਨ ਸਿੰਘ ਮਾਤਾ ਕ੍ਰਿਸ਼ਨ ਕੌਰ ਪਿੰਡ ਚੀਦਾ ਆਪ ਨੇ ਮੋਰਚਾ ਭਾਈ ਫੇਰੂ ਵਿਚ ਕੈਦ ਕਟੀ।

ਭਾਈ ਦਰਬਾਰਾ ਸਿੰਘ ਪਿੰਡ ਚੀਦਾ ਆਪ ਨੇ ਮੋਰਚਾ ਭਾਈ ਫੇਰੂ ਵਿਚ ਕੈਦ ਕਟੀ।

ਭਾ: ਬਿਸ਼ਨ ਸਿੰਘ ਪਿਤਾ ਸ: ਗੁਰਮੁਖ ਸਿੰਘ ਮਾਤਾ ਮਹਿਤਾਬ ਕੌਰ ਪਿੰਡ ਚੀਦਾ ਆਪ ਨੇ ਮੋਰਚਾ ਭਾਈ ਫੇਰੂ ਵਿਚ ਕੈਦ ਕਟੀ।

ਭਾਈ ਦੀਦਾਰ ਸਿੰਘ ਪਿਤਾ ਸ: ਚੰਨਣ ਸਿੰਘ ਪਿੰਡ ਚੀਦਾ ਆਪ ਨੇ ਮੋਰਚਾ ਭਾ: ਫੇਰੂ ਵਿਚ ਕੈਦ ਕਟੀ। ਭਾ: ਖੜਕ ਸਿੰਘ ਪਿਤਾ ਸ: ਸੋਹਣ ਸਿੰਘ ਮਾਤਾ ਮਾਨ ਕੌਰ ਪਿੰਡ ਚੀਦਾ ਆਪ ਨੇ ਮੋਰਚਾ ਭਾਈ ਫੇਰੂ ਵਿਚ ਕੈਦ ਕਟੀ।

ਭਾ: ਹਰਨਾਮ ਸਿੰਘ ਪਿੰਡ ਚੀਦਾ ਆਪ ਨੇ ਮੋਰਚਾ ਭਾਈ ਫੇਰੂ ਵਿਚ ਕੈਦ ਕਟੀ।

ਭਾ: ਥੱਮਣ ਸਿੰਘ ਪਿਤਾ ਸ: ਗੁਰਦਿੱਤ ਸਿੰਘ ਮਾਤਾ ਧਰਮ ਕੌਰ ਪਿੰਡ ਚੀਦਾ ਆਪ ਨੇ ਮੋਰਚਾ ਭਾ: ਫੇਰੂ ਵਿਚ ਕੈਦ ਕਟੀ। ਭਾ: ਸਰਵਣ ਸਿੰਘ ਅਕਾਲੀ ਪਿਤਾ ਸ: ਨੰਦ ਸਿੰਘ ਮਾਤਾ ਹਰ ਕੌਰ ਪਿੰਡ ਚੀਦਾ ਆਪ ਨੇ ਮੋਰਚਾ ਭਾਈ ਫੇਰੂ ਵਿਚ ਕੈਦ ਕਟੀ।

| | | |
|---|---|---|
| ਭਾਈ ਬਗਾ ਸਿੰਘ | | ਪਿੰਡ ਮਾਣੂਕੇ |
| ਭਾਈ ਚੇਤ ਸਿੰਘ | ਪਿਤਾ ਸ: ਨਿਕਾ ਸਿੰਘ | ਪਿੰਡ ਮਾਣੂਕੇ |
| ਭਾਈ ਬਾਘ ਸਿੰਘ | ਪਿਤਾ ਸ: ਗਿਆਨ ਸਿੰਘ | ਪਿੰਡ ਮਾਣੂਕੇ |
| ਭਾਈ ਕਿਸ਼ਨ ਸਿੰਘ | ਪਿਤਾ ਸ: ਅਤਰ ਸਿੰਘ | ਪਿੰਡ ਮਾਣੂਕੇ |
| ਭਾਈ ਕ੍ਰਿਪਾਲ ਸਿੰਘ | ਪਿਤਾ ਸ: ਭਗਤ ਸਿੰਘ | ਪਿੰਡ ਦੋਹਦਰ |
| ਭਾਈ ਕੇਹਰ ਸਿੰਘ | ਪਿਤਾ ਸ: ਸਾਉਣ ਸਿੰਘ | ਪਿੰਡ ਦੋਹਦਰ |
| ਭਾਈ ਡਲਾ ਸਿੰਘ | ਪਿਤਾ ਸ: ਸੇਵਾ ਸਿੰਘ | ਪਿੰਡ ਦੋਹਦਰ |
| ਭਾਈ ਕੇਹਰ ਸਿੰਘ | ਪਿਤਾ ਸ: ਭਾਨ ਸਿੰਘ | ਪਿੰਡ ਦੋਹਦਰ |
| ਭਾਈ ਹਰਨਾਮ ਸਿੰਘ | ਪਿਤਾ ਸ: ਹੀਰਾ ਸਿੰਘ | ਪਿੰਡ ਦੋਹਦਰ |
| ਭਾਈ ਮਹਿੰਗਾ ਸਿੰਘ | | ਪਿੰਡ ਰੋਡੇ |
| ਭਾਈ ਉਜਾਗਰ ਸਿੰਘ | | ਪਿੰਡ ਰੋਡੇ |
| ਭਾਈ ਸੰਤਾ ਸਿੰਘ | ਪਿਤਾ ਸ: ਉਦੇ ਸਿੰਘ | ਪਿੰਡ ਨਿਹਾਲੇ ਵਾਲਾ |
| ਭਾਈ ਹਰਨਾਮ ਸਿੰਘ | ਪਿਤਾ ਸ: ਨਿਹਾਲ ਸਿੰਘ | ਪਿੰਡ ਰਣੀਆ |
| ਭਾਈ ਵਰਿਆਮ ਸਿੰਘ | ਪਿਤਾ ਸ: ਫੌਜੂ ਸਿੰਘ | ਪਿੰਡ ਰਣੀਆਂ |
| ਬੀਬੀ ਵੀਰ ਕੌਰ | | ਪਿੰਡ ਸਮਾਧ ਭਾਈ |

Digitized by Panjab Digital Library | www.panjabdigilib.org

ਬੀਬੀ ਰਤਨ ਕੌਰ ਪਿੰਡ ਭਾਈ ਸਮਾਧ
ਭਾਈ ਗੋਖਾ ਸਿੰਘ ਪਿਤਾ ਕੇਸਰ ਸਿੰਘ ਪਿੰਡ ਮੋਗਾ
ਭਾਈ ਤਾਰਾ ਸਿੰਘ ਪਿੰਡ ਰੋਡੇ
ਭਾਈ ਵਰਿਆਮ ਸਿੰਘ ਪਿਤਾ ਸ: ਝੰਡਾ ਸਿੰਘ ਪਿੰਡ ਬਾਘਾ ਪੁਰਾਣਾ
ਭਾਈ ਦਿਆਲ ਸਿੰਘ ਪਿਤਾ ਸ: ਦੂਲਾ ਸਿੰਘ ਪਿੰਡ ਮਾੜੀ

ਭਾਈ ਬਾਬੂ ਸਿੰਘ ਪਿਤਾ ਸ: ਕਾਲਾ ਸਿੰਘ ਮਾਤਾ ਪਰਤਾਪ ਕੌਰ ਪਿੰਡ ਬੇਗਾ ਲੈਹਰਾ ਆਪ ਮੋਰਚਾ ਜੈਤੋ ਵਿਚ ਗਏ ਤੇ ਕੁਰਬਾਨੀ ਕੀਤੀ।

ਭਾਈ ਬਚਨ ਸਿੰਘ ਪਿਤਾ ਸ: ਹਰਨਾਮ ਸਿੰਘ ਮਾਤਾ ਫਤਹਿ ਕੌਰ ਪਿੰਡ ਬੇਗਾ ਲੈਹਰਾ ਆਪ ਮੋਰਚਾ ਜੈਤੋ ਵਿਚ ਗਏ ਤੇ ਕੁਰਬਾਨੀ ਕੀਤੀ।

ਭਾਈ ਧੰਨਾ ਸਿੰਘ ਪਿਤਾ ਸ: ਅਤਰ ਸਿੰਘ ਮਾਤਾ ਬਿਸ਼ਨ ਕੌਰ ਪਿਡ ਬੇਗਾ ਲੈਹਰਾ ਆਪ ਮੋਰਚਾ ਜੈਤੋ ਵਿਚ ਗਏ ਤੇ ਕੁਰਬਾਨੀਆਂ ਕੀਤੀਆਂ।

ਭਾਈ ਈਸ਼ਰ ਸਿੰਘ ਪਿਤਾ ਨਰੈਣ ਸਿੰਘ ਮਾਤਾ ਭੋਲੀ ਪਿੰਡ ਬੇਗਾ ਲੈਹਰਾ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਕੁਰਬਾਨੀ ਕੀਤੀ।

ਭਾਈ ਈਸ਼ਰ ਸਿੰਘ ਪਿਤਾ ਸ: ਉਤਮ ਸਿੰਘ ਮਾਤਾ ਕਰਮ ਕੌਰ ਪਿੰਡ ਖਾਨਾ ਲੈਹਰਾ ਜੈਤੋ ਦੇ ਮੋਰਚੇ ਵਿਚ ਕੈਦ ਹੋਈ, ਕਾਰਖਾਸ ਵਿਚ ਅਸਹਿ ਤਕਲੀਫਾਂ ਕਾਰਨ ਚਲਾਣਾ ਕਰ ਗਏ।

ਸ: ਸਰਮੁਖ ਸਿੰਘ ਪਿਤਾ ਸ: ਭਿੰਦਰ ਸਿੰਘ ਮਾਤਾ ਮਹਾਂ ਕੌਰ ਪਿੰਡ ਸਾਰੂਵਾਲ ਬਬਰ ਅਕਾਲੀ ਸਨ, ੭ ਸਾਲ ਦੀ ਕੈਦ ਹੋਈ। ਪੰਜ ਸਾਲ ਭੁਗਤ ਕੇ ਰਿਹਾ ਹੋਏ।

ਭਾਈ ਕੇਸਰ ਸਿੰਘ ਪਿਤਾ ਸ: ਦੇਵਾ ਸਿੰਘ ਮਾਤਾ ਆਸ ਕੌਰ ਪਿੰਡ ਤਲਵੰਡੀ ਭੰਗੇਰੀਆਂ ਮੋਰਚਾ ਜੈਤੋ ਵਿਚ ਜਥੇ ਨਾਲ ਗਏ। ਅੰਮ੍ਰਿਤਸਰ ਸੰਗਤਾਂ ਦੀ ਸੇਵਾ ਕਰਦਿਆਂ ਚੜ੍ਹਾਈ ਕਰ ਗਏ।

ਭਾਈ ਨੱਥਾ ਸਿੰਘ ਪਿਤਾ ਸ: ਬੂਟਾ ਸਿੰਘ ਪਿੰਡ ਤਲਵੰਡੀ ਭੰਗੇਰੀਆਂ ਆਪ ਨੇ ਮੋਰਚਾ ਜੈਤੋ ਵਿਚ ਕੈਦ ਕਟੀ।

ਭਾਈ ਜਮੀਤ ਸਿੰਘ ਪਿਤਾ ਸ: ਕਾਹਨ ਸਿੰਘ ਮਾਤਾ ਮਤਾਬ ਕੌਰ ਪਿੰਡ ਤਲਵੰਡੀ ਭੰਗੇਰੀਆਂ ਆਪ ਨੇ ਮੋਰਚਾ ਜੈਤੋ ਵਿਚ ਕੈਦ ਕੱਟੀ।

ਭਾਈ ਵਧਾਵਾ ਸਿੰਘ ਪਿਤਾ ਸ: ਝੰਡਾ ਸਿੰਘ ਪਿੰਡ ਚੜਿਕ
ਭਾਈ ਭਗਤ ਸਿੰਘ ਪਿਤਾ ਸ: ਜੀਤਾ ਸਿੰਘ ਪਿੰਡ ਮਹਿਰੋਂ
ਭਾਈ ਹਰਨਾਮ ਸਿੰਘ ਪਿਤਾ ਸ: ਜੈਮਲ ਸਿੰਘ ਪਿੰਡ ਗੋਧੇਵਾਲਾ
ਭਾਈ ਪਾਲਾ ਸਿੰਘ ਪਿੰਡ ਮੋਗਾ
ਭਾਈ ਧਰਮ ਸਿੰਘ ਪਿੰਡ ਮੋਗਾ
ਭਾਈ ਅਨੋਖ ਸਿੰਘ ਪਿਤਾ ਸ: ਸੇਵਾ ਸਿੰਘ ਪਿੰਡ ਤਾਰੇਵਾਲਾ
ਭਾਈ ਹੁਕਮ ਸਿੰਘ ਪਿਤਾ ਸ: ਫੌਲਾ ਸਿੰਘ ਪਿੰਡ ਤਾਰੇਵਾਲਾ
ਭਾਈ ਹਜ਼ੂਰਾ ਸਿੰਘ ਪਿਤਾ ਸ: ਕਿਸ਼ਨ ਸਿੰਘ ਪਿੰਡ ਕੁਸਾ
ਭਾਈ ਭਾਨ ਸਿੰਘ ਪਿਤਾ ਸ: ਕਿਸ਼ਨ ਸਿੰਘ ਪਿੰਡ ਦਿਆਲੇ ਵਾਲਾ
ਭਾਈ ਵਰਿਆਮ ਸਿੰਘ ਪਿਤਾ ਸ: ਹਰੀ ਸਿੰਘ ਪਿੰਡ ਡਰੋਲੀ
ਭਾਈ ਗੁਰਦਿਆਲ ਸਿੰਘ ਪਿਤਾ ਸ: ਬਦਨ ਸਿੰਘ ਪਿੰਡ ਡਰੋਲੀ

Digitized by Panjab Digital Library | www.panjabdigilib.org

| | | |
|---|---|---|
| ਭਾਈ ਸ਼ਾਮ ਸਿੰਘ | ਪਿਤਾ ਸ: ਦੇਵਾ ਸਿੰਘ | ਪਿੰਡ ਡਰੋਲੀ |
| ਭਾਈ ਮਾਘੀ ਸਿੰਘ | ਪਿਤਾ ਸ: ਕਾਲਾ ਸਿੰਘ | ਪਿੰਡ ਭੇਖਾ |
| ਭਾਈ ਨਿਕਾ ਸਿੰਘ | ਪਿਤਾ ਸ: ਸ਼ੇਰ ਸਿੰਘ | ਪਿੰਡ ਖੋਟੇ |
| ਭਾਈ ਪੂਰਨ ਸਿੰਘ | ਪਿਤਾ ਸ: ਕਾਹਨ ਸਿੰਘ | ਪਿੰਡ ਪਤੋ ਹੀਰਾ ਸਿੰਘ |
| ਭਾਈ ਮਿਤ ਸਿੰਘ | | ਪਿੰਡ ਖਾਈ |
| ਭਾਈ ਉਜਾਗਰ ਸਿੰਘ | ਪਿਤਾ ਸ: ਚੂਹੜ ਸਿੰਘ | ਪਿੰਡ ਪਤੋ ਜੁਆਹਰ ਸਿੰਘ |
| ਭਾਈ ਸੇਵਾ ਸਿੰਘ | | ਪਿੰਡ ਮਲੇਆਣਾ |
| ਭਾਈ ਅਰਜਨ ਸਿੰਘ | ਪਿਤਾ ਸ: ਕਟਾਰ ਸਿੰਘ | ਪਿੰਡ ਸੰਗਤ ਪੁਰਾ |
| ਭਾਈ ਕੇਹਰ ਸਿੰਘ | | ਪਿੰਡ ਮੋਗਾ |
| ਭਾਈ ਕਿਸ਼ਨ ਸਿੰਘ | | ਪਿੰਡ ਰਾਮੂਵਾਲਾ |

# ਤਹਿਸੀਲ ਮੁਕਤਸਰ

## ਦੇ ਅਣਖੀਲੇ ਸਿੰਘ

## ਸ: ਸਰਮੁਖ ਸਿੰਘ ਜੀ ਮੱਲਣ

ਆਪ ਜੀ ਦਾ ਜਨਮ ਪਿੰਡ ਮਲਣ ਵਿੱਚ ਸ: ਸੁਧ ਸਿਘ ਜੀ ਰਾਮਗੜੀਆਂ ਦੇ ਘਰ ਹੋਇਆ। ਆਪ ਸ਼ਹੀਦੀ ਜਥੇ ਵਿੱਚ ਸ਼ਾਮਲ ਹੋਣ ਲਈ ਸ੍ਰੀ ਅੰਮ੍ਰਿਤਸਰ ਜੀ ਗਏ। ਕਮੇਟੀ ਨੇ ਆਪ ਜੀ ਦੀ ਸੇਵਾ ਲੰਗਰ ਵਿੱਚ ਲਗਾ ਦਿਤੀ। ਆਪ ਮੋਰਚਾ ਫਤਹਿ ੋਣ ਪਰ ਵਾਪਸ ਆਇੰਤੇ ਆਪ ਜੀ ਨੂੰ ਕਮੇਟੀ ਵਲੋਂ ਪ੍ਰਸੰਸਾ ਪੱਤ੍ਰ ਦਿਤੇ ਗਏ। ਆਪ ਗੁਰੂ ਘਰ ਦੇ ਬੜੇ ਪ੍ਰੇਮੀ ਹਨ।

## ਜ: ਕੇਹਰ ਸਿੰਘ ਜੀ ਸਾਹਿਬ ਚੰਦ

ਆਪ ਜੀ ਦਾ ਜਨਮ ਪਿੰਡ ਸਾਹਿਬ ਚੰਦ ਜ਼ਿਲਾ ਫੀਰੋਜ਼ਪੁਰ ਵਿੱਚ ਸ: ਸ਼ਾਮ ਸਿੰਘ ਜੀ ਦੇ ਘਰ ਮਾਤਾ ਰਤਨ ਕੌਰ ਦੀ ਕੁਖ ਤੋਂ ਹੋਇਆ। ਬਚਪਨ ਤੋਂ ਹੀ ਆਪ ਜੀ ਨੂੰ ਗੁਰ ਸਿੱਖੀ ਨਾਲ ਬਹੁਤ ਪਿਆਰ ਸੀ। ਗੁਰਮੁਖੀ ਵਿਦਿਆ ਪਿੰਡ ਵਿੱਚ ਹੀ ਪੜ੍ਹੀ। ਜਦ ਅਕਾਲੀ ਲਹਿਰ ਆਰੰਭ ਹੋਈ ਤਾਂ ਆਪ ਸੇਵਾ ਦੇ ਮੈਦਾਨ ਵਿੱਚ ਕੁਦ ਪਏ। ਪਹਿਲੇ ਆਪ ਗੁਰੂ ਕੇ ਬਾਗ ਦੇ ਮੋਰਚੇ ਵਿੱਚ ਗਏ ਤੇ ਦੋ ਮਹੀਨੇ ਜੇਹਲ ਕੱਟੀ। ਉਪ੍ਰੰਤ ਜਦ ਜੈਤੋ ਦਾਂ ਮੋਰਚਾ ਲੱਗਿਆ ਤਾਂ ਆਪ ਜਥੇ ਨਾਲ ਗਏ ਤੇ ਮੋਰਚਾ ਫਤਹਿ ਹੋਣ ਪਰ ਹੀ ਘਰ ਵਾਪਸ ਆਇ। ਆਪ ਤਹਿਸੀਲ ਮੁਕਤਸਰ ਦੇ ਜਥੇਦਾਰ ਗੁਰਦਵਾਰਾ ਕਮੇਟੀ ਗੁਪਤਸਰ ਦੇ ਪਧਾਨ ਰਹੇ ਹਨ। ਆਪ ਨੇ ਉਦਮ ਕਰਕੇ ਗੁਰਦਵਾਰਾ ਗੁਪਤਸਰ ਦੀ ਨਵੀਂ ਇਮਾਰਤ ਬਨਵਾਈ ਤੇ ਆਪ ਅੰਤਮ ਸਮੇਂ ਤਕ ਗੁਰੂ ਪੰਥ ਦੀ ਸੇਵਾ ਕਰਦੇ ਰਹੇ। ਆਪ ਦਾ ਇਲਾਕੇ ਵਿਚ ਬਹੁਤ ਰਸੂਖ ਤੇ ਅਕਾਲੀ ਜਥਾ ਜ਼ਿਲਾ ਫੀਰੋਜ਼ਪੁਰ ਦੇ ਸਰਗਰਮ ਵਰਕਰ ਸਨ। ਆਪ ਦਾ ਸਾਰਾ ਘਰਾਣਾ ਹੀ ਗੁਰਸਿੱਖੀ ਵਿੱਚ ਪਰਪੱਕ ਰਿਹਾ ਹੈ ਤੇ ਆਪ ਦੇ ਵਡੇ ਭਾਈ ਸ: ਮੇਹਰ ਸਿੰਘ ਜੀ ਭੀ ਚੰਗੇ ਪ੍ਰੇਮੀ ਗੁਰਸਿੱਖ ਸਨ।

## ਬਾਬਾ ਚੂਹੜ ਸਿਘ ਜੀ ਸ਼ਹੀਦ

ਆਪ ਜੀ ਦਾ ਜਨਮ ਪਿੰਡ ਸਾਹਿਬ ਚੰਦ ਵਿਚ ਸ: ਰਾਮ ਸਿੰਘ ਜੀ ਦੇ ਘਰ ਮਾਤਾ ਸਾਹਿਬ ਕੌਰ ਦੀ ਕੁਖ ਤੋਂ ਹੋਇਆ। ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਮੋਰਚਾ ਫਤਹਿ ਹੋਣ ਪਰ ਆਏ, ਫਿਰ ਆਪ

Digitized by Panjab Digital Library | www.panjabdigilib.org

ਡਸਕੇ ਦੇ ਮੋਰਚੇ ਵਿਚ ਗਏ। ੧੯੫੦-੫੧ ਵਿਚ ਪਟਿਆਲੇ ਦੀ ਝੋਲੀਚੁਕ ਵਜ਼ਾਰਤ ਵਿਰੁਧ ਅਕਾਲੀਆਂ ਨੇ ਮੋਰਚਾ ਲਗਾਇਆ ਤੇ ਆਪ ਉਸ ਵਿਚ ਜੇਹਲ ਗਏ ਤੇ ਮਹਿੰਦਰ-ਗੜ੍ਹ ਕਿਲੇ ਵਿੱਚ ਸ਼ਹੀਦ ਹੋ ਗਏ। ਆਪ ਕੁਰਬਾਨੀ ਦੇ ਪੁਤਲੇ ਸਨ ਤੇ ਪੰਥ ਲਈ ਜੇਹਲ ਜਾਣ ਵਾਸਤੇ ਹਰ ਸਮੇਂ ਤਿਆਰ ਰਹਿੰਦੇ ਸਨ।

## ਗਿ: ਇੰਦਰ ਸਿੰਘ ਜੀ ਭੁਲਰ

ਗਿ: ਇੰਦਰ ਸਿੰਘ ਜੀ ਦਾ ਜਨਮ ਪਿੰਡ ਭੁਲਰ ਜ਼ਿਲਾ ਫੀਰੋਜ਼ਪੁਰ ਵਿਚ ਸ: ਪੰਜਾਬ ਸਿੰਘ ਜੀ ਅਕਾਲੀ ਦੇ ਘਰ ਹੋਇਆ। ਆਪ ਅਜੇ ਛੋਟੀ ਅਵਸਥਾ ਵਿਚ ਹੀ ਸਨ ਕਿ ਗੁਰੂ ਕੇ ਬਾਗ ਦਾ ਮੋਰਚਾ ਲਗ ਗਿਆ। ਇਹ ਛੋਟੀ ਅਵਸਥਾ ਵਿਚ ਹੀ ਇਕਲੇ ਸ੍ਰੀ ਅੰਮ੍ਰਿਤਸਰ ਪੁਜੇ ਤੇ ਜਥੇਦਾਰ ਹਰੀ ਸਿੰਘ ਕੈਨੇਡੀਅਨ ਤੇ ਸ: ਉਜਾਗਰ ਸਿੰਘ ਕਬਰ ਵੱਛਾ ਦੇ ਜਥੇ ਨਾਲ ਗੁਰੂ ਕੇ ਬਾਗ ਵਿਚ ਗਏ। ਬੀ. ਟੀ. ਨਾਲ ਆਪ ਨੇ ਬੜੇ ਨਿਧੜਕ ਹੋ ਕੇ ਉੱਤਰ ਪ੍ਰਸ਼ਨ ਕੀਤੇ। ਗ੍ਰਿਫਤਾਰ ਕਰ ਕੇ ਆਪ ਨੂੰ ੧੧ ਮਹੀਨੇ ਸਜ਼ਾ ਤੇ ਡੇਢ ਸੌ ਰੁਪਿਆ ਜੁਰਮਾਨਾ ਕੀਤਾ ਗਿਆ। ਆਪ ਨੇ ਜੁਰਮਾਨੇ ਦੀ ਭੀ ਸਜ਼ਾ ਕਟ ਲਈ, ਪਰ ਪੁਲਸ ਫਿਰ ਭੀ ਜੁਰਮਾਨੇ ਵਿਚ ਆਪ ਦੇ ਘਰ ਦਾ ਸਾਮਾਨ ਕੁਰਕ ਕਰਕੇ ਲੈ ਗਈ। ਆਪ ਦੇ ਪਿਤਾ ਸ: ਪੰਜਾਬ ਸਿੰਘ ਜੀ ਨੂੰ ਭੀ ਸ਼ਹੀਦੀ ਜਥਿਆਂ ਦੀ ਸੇਵਾ ਕਰਨ ਬਦਲੇ ਜੁਰਮਾਨਾ ਹੋਇਆ ਸੀ। ਉਪਰੰਤ ਆਪ ਡਸਕੇ ਦੇ ਮੋਰਚੇ ਤੇ ਸੰਗਰੂਰ ਦੇ ਮੋਰਚੇ ਵਿਚ ਭੀ ਗਏ। ਆਪ ਸੋਹਣੇ ਰਸੀਲੇ ਪ੍ਰਚਾਰਕ ਹਨ। ਪੰਜਾਬ ਵਿਚ ਆਪ ਨੇ ਕਾਫੀ ਪ੍ਰਚਾਰ ਕੀਤਾ ਤੇ ਹੁਣ ਯੂ.ਪੀ. ਸਿਖ ਮਿਸ਼ਨ ਹਾਪੜ ਦੇ ਅਧੀਨ ਮੁਰਾਦਾ-ਬਾਦ ਪ੍ਰਚਾਰਕ ਲਗੇ ਹੋਏ ਹਨ।

## ਭਾਈ ਸੁੱਚਾ ਸਿੰਘ ਜੀ ਅਕਾਲੀ ਗੜ੍ਹੀ

ਆਪ ਜੀ ਦਾ ਜਨਮ ਪਿੰਡ ਗੜ੍ਹੀ ਵਿਚ ਸ: ਮਘਰ ਸਿੰਘ ਜੀ ਦੇ ਘਰ ਹੋਇਆ। ਜਦ ਅਕਾਲੀ ਲਹਿਰ ਚਲੀ ਤਾਂ ਆਪ ਜੈਤੋ ਦੇ ਮੋਰਚੇ ਵਿਚ ਪਹਿਲੇ ਸ਼ਹੀਦੀ ਜਥੇ ਨਾਲ ਸ਼ਾਮਲ ਹੋ ਕੇ ਗਏ ਤੇ ਮੋਰਚਾ ਫਤਹਿ ਹੋਣ ਪਰ ਵਾਪਸ ਆਏ। ਆਪ ਬੜੇ ਗੁਰੂ ਘਰ ਦੇ ਪ੍ਰੇਮੀ ਬਾਣੀ ਦੇ ਰਸੀਏ ਤੇ ਨਿਤਨੇਮੀ ਹਨ।

## ਭਾਈ ਬਹਾਦਰ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਗੜ੍ਹੀ ਵਿਚ ਸ: ਸਰਦਾਰਾ ਸਿੰਘ ਜੀ ਦੇ ਘਰ ਮਾਤਾ ਰਾਮ ਕੌਰ ਦੀ ਕੁਖ ਤੋਂ ਹੋਇਆ। ਆਪ ਨੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਬਹੁਤ ਤਸੀਹੇ ਸਹੇ ਤੇ ਮੋਰਚਾ ਫਤਹਿ ਹੋਣ ਪਰ ਵਾਪਸ ਆਏ। ਆਪ ਪੂਰਨ ਗੁਰਸਿੱਖ ਤੇ ਸਾਧੂ ਸੁਭਾ ਹਨ। ਆਪ ਦੇ ਬਹੁਤ ਸਾਰੀ ਗੁਰਬਾਣੀ ਕੰਠ ਹੈ ਤੇ ਨਾਮ ਅਭਿਆਸ ਕਰਦੇ ਹਨ।

## ਭਾਈ ਰਤਨ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਦੌਦਾ ਵਿਚ ਸ: ਹਜ਼ਾਰਾ ਸਿੰਘ ਜੀ ਦੇ ਘਰ ਮਾਤਾ ਕਰਮ ਕੌਰ ਦੀ ਕੁਖ ਤੋਂ ਹੋਇਆ। ਆਪ ਦਾ ਕਦ ੬ ਫੁਟ ਲੰਮਾ ਸੀ, ਆਪ ਅਕਾਲੀ ਲਹਿਰ ਵਿਚ ਵਧ ਚੜ੍ਹਕੇ ਹਿੱਸਾ ਲੈਂਦੇ ਰਹੇ। ਆਪ ਸ਼ਹੀਦੀ ਜਥਾ ਲੈ ਕੇ ਜੈਤੋ ਵਿਚ ਗਏ ਤੇ ਮੋਰਚਾ ਫਤਹਿ ਹੋਣ ਪਰ ਹੀ ਵਾਪਸ ਆਏ ਤੇ ਹੁਣ ਅਕਾਲ ਚਲਾਣਾ ਕਰ ਚੁਕੇ ਹਨ। ਇਸ ਨਗਰ ਦੇ ਭਾਈ ਖੇਤਾ ਸਿੰਘ ਭੀ ਬੜੇ ਗੁਰਮੁਖ ਹਨ।

Digitized by Panjab Digital Library | www.panjabdigilib.org

## ਭਾਈ ਨਿਰੰਜਨ ਸਿੰਘ ਜੀ ਕੌਣੀ

ਆਪ ਜੀ ਦਾ ਜਨਮ ਪਿੰਡ ਕੌਣੀ ਵਿਚ ਭਾਈ ਤੁਲਸੀ ਰਾਮ ਜੀ ਦੇ ਘਰ ਮਾਤਾ ਮਹਿਤਾਬ ਕੌਰ ਦੀ ਕੁਖ ਤੋਂ ਹੋਇਆ। ਆਪ ਜੀ ਦਾ ਸੁਭਾ ਬਹੁਤ ਮਿਲਣਸਾਰ ਸੀ। ਗੁਰਮੁਖੀ ਤੇ ਹਿੰਦੀ ਚੰਗੀ ਤਰਾਂ ਜਾਣਦੇ ਸਨ। ਸਭ ਤੋਂ ਪਹਿਲਾਂ ਆਪ ਜੀ ਨੇ ਗੁ: ਰਕਾਬ ਗੰਜ ਦੇ ਮੋਰਚੇ ਲਈ ਨਾਮ ਦਿਤਾ। ਕੁੰਜੀਆਂ ਦੇ ਮੋਰਚੇ ਵਿਚ ਆਪ ਸ੍ਰੀ ਅੰਮ੍ਰਿਤਸਰ ਗਏ, ਗੁਰੂ ਕੇ ਬਾਗ ਦੇ ਮੋਰਚੇ ਵਿਚ ਆਪ ਜੀ ਨੂੰ ਬਹੁਤ ਕੁਟਿਆ ਗਿਆ ਤੇ ਘੋੜੇ ਹੇਠ ਲਤਾੜਿਆ ਗਿਆ। ਆਪ ਦੇ ਗੋਡੇ ਪਰ ਸੰਗੀਨ ਲੱਗੀ ਤੇ ਡੰਡਾ ਵਜਣ ਨਾਲ ਦੰਦ ਟੁਟ ਗਏ। ਅੰਮ੍ਰਿਤਸਰ ਵਿਚ ਆਪ ਜੀ ਦਾ ਇਲਾਜ ਕੀਤਾ ਗਿਆ।

## ਭਾ: ਸੁੰਦਰ ਸਿੰਘ ਜੀ ਅਕਾਲੀ ਸੁਖਨਾ

ਆਪ ਜੀ ਦਾ ਜਨਮ ਪਿੰਡ ਸੁਖਨਾ ਵਿਚ ਸ: ਨਿਹਾਲ ਸਿੰਘ ਜੀ ਦੇ ਘਰ ਹੋਇਆ। ਬਚਪਨ ਵਿਚ ਆਪ ਜੀ ਨੇ ਗੁਰਮੁਖੀ ਵਿਦਿਆ ਪੜ੍ਹੀ। ਜੈਤੋ ਦੇ ਮੋਰਚੇ ਵਿਚ ਆਪ ਸ਼ਹੀਦੀ ਜਥੇ ਨਾਲ ਗਏ, ਤੇ ਨਾਭਾ ਬੀੜ ਵਿਚ ਬਹੁਤ ਸਾਰੇ ਤਸੀਹੇ ਝੱਲੇ। ਵਾਪਸ ਆ ਕੇ ਅਕਾਲੀ ਜਥਾ ਜ਼ਿਲਾ ਫੀਰੋਜ਼ਪੁਰ ਦੇ ਸਰਗਰਮ ਵਰਕਰ ਰਹੇ ਤੇ ਇਲਾਕੇ ਵਲੋਂ ਸ਼੍ਰੋ: ਕਮੇਟੀ ਦੇ ਮੈਂਬਰ ਚੁਣ ਕੇ ਭੇਜੇ ਗਏ।

## ਸ: ਦਰਬਾਰਾ ਸਿੰਘ ਜੀ ਸੁਖਨਾ

ਆਪ ਜੀ ਦਾ ਜਨਮ ਸ: ਬਹਾਲ ਸਿੰਘ ਜੀ ਦੇ ਘਰ ਪਿੰਡ ਸੁਖਨਾ ਵਿਚ ਹੋਇਆ। ਜਿਸ ਸਮੇਂ ਅਕਾਲੀ ਲਹਿਰ ਆਰੰਭ ਹੋਈ ਤਾਂ ਆਪ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਸਿੰਘ ਸੱਜ ਗਏ। ਪਿਸ਼ਾਵਰ ਦੇ ਕਿੱਸਾ ਖਾਨੀ ਬਾਜ਼ਾਰ ਵਿਚ ਲਾਲ ਕੁੜਤੀ ਵਾਲੇ ਪਠਾਨਾਂ ਪਰ ਅੰਗ੍ਰੇਜ਼ੀ ਸਰਕਾਰ ਨੇ ਗੋਲੀ ਚਲਾਈ ਤਾਂ ਮਾ: ਤਾਰਾ ਸਿੰਘ ਜੀ ਦੋ ਸੌ ਸਿੰਘਾਂ ਦਾ ਜਥਾ ਲੈ ਕੇ ਗਏ। ਸ: ਕਰਤਾਰ ਸਿੰਘ ਜੀ ਤੇ ਸਰਦਾਰ ਦਰਬਾਰਾ ਸਿੰਘ ਜੀ ਇਸ ਜਥੇ ਵਿਚ ਗਏ।

ਭਾਈ ਭਾਨ ਸਿੰਘ ਪਿਤਾ ਸ: ਨੰਦ ਸਿੰਘ ਪਿੰਡ ਸੁਖਨਾ ਅਪ ਨੇ ਪਟਿਆਲੇ ਦੇ ਮੋਰਚੇ ਸਮੇਂ ਕੈਦ ਕਟੀ, ਆਪ ਅਕਾਲੀ ਲਹਿਰ ਦੇ ਮੋਢੀ ਵਰਕਰ ਸਨ।

ਗਿ: ਜੰਗ ਸਿੰਘ ਪਿਤਾ ਸ: ਸੰਤਾ ਸਿੰਘ ਮਾਤਾ ਦਾਨ ਕੌਰ ਪਿੰਡ ਸੁਖਨਾ ਆਪ ਨੇ ਮੋਰਚਾ ਡਸਕਾ, ਸੰਗਰੂਰ, ਕਾਂਗਰਸ ਵਿਚ ਕੈਦਾਂ ਕਟੀਆਂ। ਆਪ "ਅਕਾਲੀ ਪ੍ਰਦੇਸੀ" ਅਖ਼ਬਾਰ ਦੇ ਐਡੀਟਰ ਭੀ ਰਹਿ ਚੁਕੇ ਹਨ।

ਭਾਈ ਪੂਰਨ ਸਿੰਘ ਪਿਤਾ ਸ: ਬਿਸ਼ਨ ਸਿੰਘ ਮਾਤਾ ਬਿਸ਼ਨ ਕੌਰ ਪਿੰਡ ਮਦੀਹਰ ਆਪ ਫੰਡ ਇਕੱਠਾ ਕਰਨ, ਤੇ ਅਕਾਲੀ ਭਰਤੀ ਦੀ ਸੇਵਾ ਕਮੇਟੀ ਦੇ ਹੁਕਮ ਅਨੁਸਾਰ, ਤੇ ਅਕਾਲੀ ਜਥੇ ਦੀ ਓਹਦੇਦਾਰੀ ਕਦੇ ਸਨ।

ਭਾਈ ਕਰਤਾਰ ਸਿੰਘ ਪਿਤਾ ਸ: ਦੇਵਾ ਸਿੰਘ ਮਾਤਾ ਹਰ ਕੌਰ ਪਿੰਡ ਗਿਲਜੇ ਵਾਲਾ ਆਪ ਮੋਰਚਾ ਜੈਤੋ ਦੇ ਛੇਵੇਂ ਸ਼ਹੀਦੀ ਜਥੇ ਵਿਚ ਕੈਦ ਹੋ ਕੇ ਨਾਭਾ ਬੀੜ ਵਿਚ ਗਏ।

ਭਾਈ ਵੀਰ ਸਿੰਘ ਪਿਤਾ ਸ: ਬਘੇਲ ਸਿੰਘ ਮਾਤਾ ਕਾਹਨ ਕੌਰ ਪਿਡ ਗਿਲਜੇ ਵਾਲਾ ਆਪ ਮੋਰਚਾ ਜੈਤੋ ਦੇ ਛੇਵੇਂ ਸ਼ਹੀਦੀ ਜਥੇ ਵਿਚ ਗਏ।

ਭਾ: ਪ੍ਰੇਮ ਸਿੰਘ ਪਿਤਾ ਸ: ਮੂਲਾ ਸਿੰਘ ਮਾਤਾ ਧੰਨ ਕੌਰ ਪਿੰਡ ਗਿਲਜੇ ਵਾਲਾ ਆਪ ਮੋਰਚਾ ਜੈਤੋ ਦੇ ਛੇਵੇਂ ਸ਼ਹੀਦੀ ਜਥੇ ਵਿਚ ਕੈਦ ਹੋ ਕੇ ਨਾਭੇ ਬੀੜ ਵਿਚ ਰਹੇ।

Digitized by Panjab Digital Library | www.panjabdigilib.org

ਭਾਈ ਖੇਤਾ ਸਿੰਘ ਪਿਤਾ ਸ: ਵੀਰ ਸਿੰਘ ਮਾਤਾ ਜੀਉਣ ਕੌਰ ਪਿੰਡ ਦੋਦਾ ਆਪ ਨੂੰ ਸ਼ਹੀਦੀ ਜਥਿਆਂ ਦੀ ਸੇਵਾ ਬਦਲੇ ਸਜ਼ਾ ਤੇ ਤਲਾਸ਼ੀਆਂ ਹੋਈਆਂ। ਆਪ ਗਦਰ ਪਾਟਰੀ ਨਾਲ ਵੀ ਸੰਬੰਧਤ ਸਨ।

ਭਾਈ ਰਾਏ ਸਿੰਘ ਪਿੰਡ ਕੌਣੀ ਆਪ ਮੁਖੀ ਅਕਾਲੀ ਲੀਡਰ ਸਨ, ਪਹਿਲੀ ਸ਼੍ਰੋ: ਕਮੇਟੀ ਵਿਚ ਲਾਹੌਰ ਵਿਚ ਕੈਦ ਹੋਏ। ਆਪ ਗੁਰੂ ਨਾਨਕ ਕੈਨੇਡਾ ਜਹਾਜ਼ ਦੇ ਸਕੱਤ੍ਰ ਸਨ।

ਭਾਈ ਨਰੈਣ ਸਿੰਘ ਪਿਤਾ ਸ: ਰੂੜ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਕੌਣੀ ਆਪ ਨੇ ਜੈਤੋ ਦੇ ਮੋਰਚੇ ਵਿਚ ਕੈਦ ਕਟੀ, ਆਪ ਗੁਰੂ ਕੇ ਬਾਗ ਦੇ ਮੋਰਚੇ ਵਿਚ ਭੀ ਗਏ।

ਭਾਈ ਕ੍ਰਿਪਾਲ ਸਿੰਘ ਪਿਤਾ ਸ: ਸੋਹਣ ਸਿੰਘ ਪਿੰਡ ਕੌਣੀ ਆਪ ਅਕਾਲੀ ਵਰਕਰ ਸਨ, ਤੇ ਸਾਰਾ ਪ੍ਰਵਾਰ ਅਕਾਲੀ ਲਹਿਰ ਵਿਚ ਕੰਮ ਕਰਦਾ ਰਿਹਾ।

ਭਾ: ਬਿਸ਼ਨ ਸਿੰਘ ਪਿੰਡ ਮੱਲ੍ਹਣ ਆਪ ਨੇ ਸਾਰੇ ਮੋਰਚਿਆਂ ਵਿਚ ਕੈਦਾਂ ਕਟੀਆਂ।

ਭਾ: ਦਰਬਾਰਾ ਸਿੰਘ ਕੈਨੇਡੀਅਨ ਪਿੰਡ ਮੱਲ੍ਹਣ ਆਪ ਪ੍ਰਸਿੱਧ ਅਕਾਲੀ ਲੀਡਰ ਸਨ,ਮੋਰਚਾ ਜੈਤੋ ਵਿਚਪੰਡਤ ਜਵਾਹਰ ਲਾਲ ਨਾਲ ਚਾਰ ਸਾਲ ਕੈਦ ਕਟੀ। ਆਪ ਦੇਸ਼ ਦੀ ਆਜ਼ਾਦੀ ਲਈ ਸਾਰੀ ਉਮਰ ਲੜੇ। ਭਾ: ਸਰੂਪ ਸਿੰਘ ਪਿੰਡ ਮੱਲ੍ਹਣ ਆਪ ਨੇ ਜੈਤੋ ਤੇ ਡਸਕੇ ਦੇ ਮੋਰਚੇ ਵਿਚ ਕੈਦ ਕਟੀ, ਆਪ ਮਸ਼ਹੂਰ ਅਕਾਲੀ ਵਰਕਰ ਸਨ।

ਭਾ: ਮਾਘੀ ਸਿੰਘ ਪਿੰਡ ਮੱਲ੍ਹਣ ਆਪ ਚੰਗੇ ਅਕਾਲੀ ਵਰਕਰ ਸਨ ਤੇ ਗੁ: ਮੁਕਤਸਰ ਦੇ ਮੈਨੇਜਰ ਰਹੇ। ਭਾ: ਮੰਗਲ ਸਿੰਘ ਪਿੰਡ ਮੱਲ੍ਹਨ ਆਪ ਅਕਾਲੀ ਮੋਰਚਿਆਂ ਵਿਚ ਗਏ।

ਭਾ: ਈਸ਼ਰ ਸਿੰਘ ਪਿਤਾ ਸ: ਰਣਜੀਤ ਸਿੰਘ ਪਿੰਡ ਮੱਲ੍ਹਣ ਆਪ ਅਕਾਲੀ ਮੋਰਚਿਆਂ ਵਿਚ ਗਏ ਆਪ ਚੰਗੇ ਅਕਾਲੀ ਵਰਕਰ ਸਨ।

ਭਾਈ ਰਾਮ ਸਿੰਘ ਅਰੋੜਾ ਸਿੱਖ ਪਿਤਾ ਸ: ਮੱਈਆ ਸਿੰਘ ਅਰੋੜਾ ਸਿੱਖ ਪਿੰਡ ਮੁਕਤਸਰ ਆਪ ਨੇ ਮੋਰਚਾ ਭਾਈ ਫੇਰੂ ਵਿਚ ੪ ਮਹੀਨੇ ਕੈਦ ਕਟੀ।

ਭਾਈ ਦੁੱਲਾ ਸਿੰਘ ਪਿਤਾ ਸ: ਮਸਤਾਨ ਸਿੰਘ ਪਿੰਡ ਮੁਕਤਸਰ ਆਪ ਨੇ ਮੋਰਚਾ ਭਾਈ ਫੇਰੂ ਵਿਚ ੪ ਮਹੀਨੇ ਕੈਦ ਕਟੀ।

ਭਾਈ ਮੇਵਾ ਸਿੰਘ ਪਿਤਾ ਸ: ਨਿਧਾਨ ਸਿੰਘ ਪਿੰਡ ਮੁਕਤਸਰ ਆਪ ਨੇ ਮੋਰਚਾ ਭਾਈ ਫੇਰੂ ਵਿਚ ਚਾਰ ਮਹੀਨੇ ਕੈਦ ਕਟੀ।

ਭਾਈ ਭਾਗ ਸਿੰਘ ਪਿਤਾ ਸ: ਗੁਰਮੁਖ ਸਿੰਘ ਪਿੰਡ ਭੁਲਰ

ਭਾਈ ਨਿਕਾ ਸਿੰਘ ਪਿਤਾ ਸ: ਜੈਮਲ ਸਿੰਘ ਪਿੰਡ ਚੱਕ ਮੁਕੰਦ ਸਿੰਘ ਵਾਲਾ

ਭਾਈ ਮੇਹਰ ਸਿੰਘ ਪਿਤਾ ਸ: ਹੀਰਾ ਸਿੰਘ ਪਿੰਡ ਚੱਕ ਮੁਕੰਦ ਸਿੰਘ ਵਾਲਾ

ਭਾਈ ਪ੍ਰੀਤਮ ਸਿੰਘ ਪਿਤਾ ਸ: ਝੰਡਾ ਸਿੰਘ ਪਿੰਡ ਨਥਾਣਾ

ਭਾਈ ਅਜੀਤ ਸਿੰਘ ਪਿਤਾ ਸ: ਰੁਲੀਆ ਸਿੰਘ ਮਾਤਾ ਭੋਲੀ ਪਿੰਡ ਮਦੀਹਰ ਆਪ ਮੋਰਚਾ ਭਾਈ ਫੇਰੂ ਵਿਚ ਗਏ। ਆਪ ਜੀ ਦੇ ਦੋ ਪੁਤਰ ਭਾਈ ਕਪੂਰ ਸਿੰਘ ਤੇ ਭਾਈ ਹਜ਼ੂਰਾ ਸਿੰਘ ਜੀ ਨੇ ਅਕਾਲੀ ਲੈਹਰ ਵਿਚ ਪ੍ਰਚਾਰ ਤੇ ਮਾਇਆ ਉਗ੍ਰਾਹ ਕੇ ਭੇਜਣ ਦੁਆਰਾ ਪੰਥ ਦੀ ਬੜੀ ਸੇਵਾ ਕੀਤੀ। ਮੋਰਚਿਆਂ ਦੇ ਫਤਹਿ ਹੋਣ ਤਕ ਅਠ ਪੈਹਰਾ ਪ੍ਰਸ਼ਾਦਾ ਛਕਣਾ ਤੇ ਭੁੰਜੇ ਸੌਣਾ ਭਾਈ ਕਪੂਰ ਸਿੰਘ ਦਾ ਨਿਯਮ ਰਿਹਾ।

ਭਾਈ ਕਾਹਨ ਸਿੰਘ ਪਿਤਾ ਸ: ਗੁਲਾਬ ਸਿੰਘ ਮਾਤਾ ਆਸ ਕੌਰ ਪਿੰਡ ਮਦੀਹਰ ਆਪ ਮੋਰਚਾ ਜੈਤੋ ਦੇ ਸਤਾਰ੍ਹਵੇਂ ਸ਼ਹੀਦੀ ਜਥੇ ਵਿਚ ਗਏ।

Digitized by Panjab Digital Library | www.panjabdigilib.org

ਭਾਈ ਨੰਦ ਸਿੰਘ ਪਿਤਾ ਸ: ਗਿਆਨ ਸਿੰਘ ਮਾਤਾ ਆਸ ਕੌਰ ਪਿੰਡ ਮਦੀਹਰ ਆਪ ਛੇਵੇਂ ਸ਼ਹੀਦੀ ਵਿਚ ਨਾਭੇ ਗਏ, ਕਰਮਚਾਰੀਆਂ ਨੇ ਮਾਰ ਕੁਟਕੇ ਕਢ ਦਿਤਾ, ਪਿੰਡ ਆਕੇ ਸ਼ਹੀਦ ਹੋ ਗਏ।

ਭਾਈ ਦਾਨ ਸਿੰਘ ਪਿਤਾ ਸ: ਗਿਆਨ ਸਿੰਘ ਮਾਤਾ ਆਸ ਕੌਰ ਪਿੰਡ ਮਦੀਹਰ ਆਪ ਮੋਰਚਾ ਭਾਈ ਫੇਰੂ ਵਿਚ ਗਏ, ਗੁਰੂ ਕੇ ਬਾਗ ਦੇ ਮੋਰਚੇ ਤੇ ਭੀ ਗਏ।

ਭਾਈ ਹੀਰਾ ਸਿੰਘ ਪਿਤਾ ਸ: ਰੂਪ ਸਿੰਘ ਮਾਤਾ ਆਸ ਕੌਰ ਪਿੰਡ ਮਦੀਹਰ ਆਪ ਮੋਰਚਾ ਜੈਤੋ ਵਿਚ ਸਤਾਰਵੇਂ ਸ਼ਹੀਦੀ ਜਥੇ ਨਾਲ ਗਏ।

ਭਾਈ ਬਿਸ਼ਨ ਸਿੰਘ ਪਿਤਾ ਸ: ਹੀਰਾ ਸਿੰਘ ਮਾਤਾ ਹਰਨਾਮ ਸਿੰਘ ਪਿੰਡ ਮਦੀਹਰ ਆਪ ਜੈਤੋ ਦੇ ਛੇਵੇਂ ਸ਼ਹੀਦੀ ਜਥੇ ਵਿਚ ਗਏ।

ਭਾਈ ਮਹਾਂ ਸਿੰਘ ਪਿਤਾ ਸ: ਹੀਰਾ ਸਿੰਘ ਮਾਤਾ ਹਰਨਾਮ ਕੌਰ ਪਿੰਡ ਮਦੀਹਰ ਆਪ ਮੋਰਚਾ ਭਾਈ ਫੇਰੂ ਵਿਚ ਗਏ।

ਭਾਈ ਅਵਤਾਰ ਸਿੰਘ ਪਿਤਾ ਸ: ਸਰਦਾਰਾ ਸਿੰਘ ਮਾਤਾ ਸੋਭੀ ਪਿੰਡ ਮਦੀਹਰ ਆਪ ੧੧ ਸਾਲ ਦੀ ਉਮਰ ਵਿਚ ਭਾਈ ਫੇਰੂ ਦੇ ਮੋਰਚੇ ਵਿਚ ਗਏ।

ਭਾਈ ਲਾਭ ਸਿੰਘ ਪਿਤਾ ਸ: ਫਤਹਿ ਸਿੰਘ ਮਾਤਾ ਰਾਜ ਕੌਰ ਪਿੰਡ ਮਦੀਹਰ ਆਪ ਜੈਤੋ ਦੇ ਛੇਵੇਂ ਸ਼ਹੀਦੀ ਜਥੇ ਵਿਚ ਗਏ ਤੇ ਨਾਭਾ ਬੀੜ ਵਿਚ ਕੈਦ ਕਟੀ।

ਭਾਈ ਬੂਟਾ ਸਿੰਘ ਪਿਤਾ ਸ: ਰੂੜ ਸਿੰਘ ਮਾਤਾ ਜੈ ਕੌਰ ਪਿੰਡ ਸਾਹਿਬ ਚੰਦ ਨਗਰ ਆਪ ਮੋਰਚਾ ਜੈਤੋ ਦੇ ਸਤਾਰਵੇਂ ਸ਼ਹੀਦੀ ਜਥੇ ਵਿਚ ਗਏ, ਗੁਰੂ ਕੇ ਬਾਗ ਦੇ ਮੋਰਚੇ ਵਿਚ ਭੀ ਗਏ।

ਭਾਈ ਵਜ਼ੀਰ ਸਿੰਘ ਪਿਤਾ ਸ: ਬੁਧ ਸਿੰਘ ਮਾਤਾ ਮਤਾਬ ਕੌਰ ਪਿੰਡ ਗੜ੍ਹੀ ਆਪ ਮੋਰਚਾ ਜੈਤੋ ਦੇ ੧੨ਵੇਂ ਸ਼ਹੀਦੀ ਜਥੇ ਵਿਚ ਗਏ ਤੇ ਕੈਦ ਕਟੀ।

ਭਾਈ ਦਸੌਂਧਾ ਸਿੰਘ ਪਿਤਾ ਸ: ਮਤਾਬ ਸਿੰਘ ਮਾਤਾ ਮਾਨ ਕੌਰ ਪਿੰਡ ਗੜ੍ਹੀ ਆਪ ਮੋਰਚਾ ਮੁਕਤਸਰ ਗਏ ਤੇ ਫਿਰ ਜੈਤੋ ਦੇ ਮੋਰਚੇ ਵਿਚ ਗਏ।

ਭਾਈ ਫੁਮਣ ਸਿੰਘ ਪਿਤਾ ਸ: ਪ੍ਰੇਮ ਸਿੰਘ ਮਾਤਾ ਮਾਨ ਕੌਰ ਪਿੰਡ ਗੜ੍ਹੀ ਆਪ ਮੁਕਤਸਰ ਤੇ ਜੈਤੋ ਦੇ ਮੋਰਚਿਆਂ ਵਿਚ ਗਏ।

ਭਾਈ ਹਰਨਾਮ ਸਿੰਘ ਪਿਤਾ ਸ: ਗੁਰਮੁਖ ਸਿੰਘ ਮਾਤਾ ਨੰਦ ਕੌਰ ਪਿੰਡ ਗੜ੍ਹੀ ਆਪ ਮੋਰਚਾ ਮੁਕਤਸਰ ਤੋਂ ੨੫ ਸਿੰਘਾਂ ਦੇ ਜਥੇ ਨਾਲ ਜੈਤੋ ਵਿਚ ਗਏ ਤੇ ਬਾਬਲ ਕਾਂਟੀ ਵਿਚ ਰਰੇ।

ਭਾਈ ਝੰਡਾ ਸਿੰਘ ਪਿਤਾ ਸ: ਕਾਹਨ ਸਿੰਘ ਮਾਤਾ ਰਾਮ ਕੌਰ ਪਿੰਡ ਗੜ੍ਹੀ ਆਪ ਮੋਰਚਾ ਜੈਤੋ ਵਿਚ ੨੫ ਸਿੰਘਾਂ ਦੇ ਜਥੇ ਨਾਲ ਬਾਬਲ ਕਾਂਟੀ ਛਡੇ ਗਏ।

ਭਾਈ ਬਗਾ ਸਿੰਘ ਪਿਤਾ ਸ: ਫਤਹਿ ਸਿੰਘ ਮਾਤਾ ਭੋਲੀ ਪਿੰਡ ਗੜ੍ਹੀ ਆਪ ਮੋਰਚਾ ਜੈਤੋ ਵਿਚ ੨੫ ਸਿੰਘਾਂ ਦੇ ਜਥੇ ਨਾਲ ਬਾਬਲ ਕਾਂਟੀ ਛਡੇ ਗਏ।

ਭਾਈ ਹਿੰਮਤ ਸਿੰਘ ਪਿਤਾ ਸ: ਸੁੰਦਰ ਸਿੰਘ ਮਾਤਾ ਜੈ ਕੌਰ ਪਿੰਡ ਗੜ੍ਹੀ ਆਪ ਜੀ ਨੇ ਜਥੇ ਵਿਚ ਜਾਣ ਲਈ ਕਈ ਵੇਰ ਆਪਣਾ ਨਾਉਂ ਦਿਤਾ, ਪਰੰਤੂ ਕਮੇਟੀ ਨੇ ਇਲਾਕੇ ਵਿਚ ਪ੍ਰਚਾਰ ਹਿਤ ਮਨਜ਼ੂਰ ਨਾ ਕੀਤਾ, ਆਪ ਜੀ ਨੇ ਜਥਿਆਂ ਲਈ ਬਹੁਤ ਭਰਤੀ ਦਿਤੀ। ਆਪ ਇਕ ਬਹੁਤ ਵਡੇ ਅਕਾਲੀ ਵਰਕਰ ਹਨ।

Digitized by Panjab Digital Library | www.panjabdigilib.org

# ਤਹਿਸੀਲ ਫ਼ਾਜ਼ਲ ਕਾ

## ਦੇ ਆਪਾ-ਵਾਰੂ ਨੌਜਵਾਨ ਅਕਾਲੀ

### ਭਾ: ਉਜਾਗਰ ਸਿੰਘ ਜੀ ਲਾਲਬਾਈ

ਆਪ ਜੀ ਦਾ ਜਨਮ ਪਿੰਡ ਲਾਲਬਾਈ ਵਿਚ ਸ: ਗੁਰਦਿਆਲ ਸਿੰਘ ਜੀ ਦੇ ਘਰ ਮਾਤਾ ਜੈ ਕੌਰ ਦੀ ਕੁਖ ਤੋਂ ਹੋਇਆ। ਆਪ ਉਨਾਂ ਪੁਰਾਣੇ ਬਜ਼ੁਰਗਾਂ ਮਾਲੀ ਸਿੰਘ ਤੇ ਪਾਲੀ ਸਿੰਘ ਦੀ ਸੰਤਾਨ ਵਿਚੋਂ ਹਨ ਜਿਨ੍ਹਾਂ ਨੇ ਬੰਦੇ ਬਹਾਦਰ ਨਾਲ ਮਿਲਕੇ ਸੂਬਾ ਸਰਹੰਦ ਨਾਲ ਯੁਧ ਕੀਤਾ ਆਪ ਦੇ ਪਿਤਾ ਭੀ ਗੁਰਮਖ ਗੁਰਸਿੱਖ ਸਨ ਇਸ ਕਰਕੇ ਬਚਪਨ ਤੋਂ ਹੀ ਆਪ ਜੀ ਨੂੰ ਗੁਰਸਿੱਖੀ ਦੀ ਲਗਨ ਲੱਗ ਗਈ। ਜਦ ਬਾਬਲ-ਕਾਂਟੀ ਤੋਂ ਜਥੇ ਵਾਪਸ ਆਇਆ ਕਰਦੇ ਸਨ ਤਾਂ ਆਪ ਜੀ ਦੀ ਉਮਰ ੧੯ ਸਾਲ ਦੀ ਸੀ। ਆਪ ਉਨ੍ਹਾਂ ਸਿੰਘਾਂ ਦੀ ਪਿੰਡ ਵਿਚੋਂ ਰਸਦਾਂ ਆਦਿ ਇਕੱਠੀਆਂ ਕਰਕੇ ਬਹੁਤ ਸੇਵਾ ਕਰਿਆ ਕਰਦੇ ਸਨ। ਫਿਰ ਆਪ ੨੫ ਸਿੰਘਾਂ ਦਾ ਜਥਾ ਲੈਕੇ ਜੈਤੋ ਮੋਰਚੇ ਵਿਚ ਗਏ ਤੇ ਬਾਵਲ ਕਾਂਟੀ ਲੈ ਜਾ ਕੇ ਛਡੇ ਗਏ। ਇਥੋਂ ਆਪ ਮੁਕਤਸਰ ਪੁਜ਼ੇ ਤੇ ਭਾਈ ਫੇਰੂ ਦੇ ਮੋਰਚੇ ਵਿਚ ਜਾਣ ਦਾ ਹੁਕਮ ਹੋਇਆ ਤੇ ਆਪ ਉਥੇ ਪੁਜੇ ਤਾਂ ਗ੍ਰਿਫਤਾਰ ਕਰਕੇ ਦੋ ਸਾਲ ਦੀ ਸਜ਼ਾ ਦੇ ਕੇ ਰਾਵਲਪਿੰਡੀ ਜੇਹਲ ਵਿਚ ਭੇਜ ਦਿਤੇ ਗਏ। ਆਪ ਨੇ ਇਹ ਸਜ਼ਾ ਬੜੀ ਦਲੇਰੀ ਨਾਲ ਕਟੀ ਤੇ ਪਿਛੋਂ ਭੀ ਪੰਥ ਦੀ ਸੇਵਾ ਵਿਚ ਵਧ ਚੜ੍ਹਕੇ ਹਿੱਸਾ ਲੈਂਦੇ ਰਹੇ ਹਨ।

### ਭਾ: ਪਿਆਰਾ ਸਿੰਘ ਜੀ ਰਾਮ ਕੋਟ

ਆਪ ਜੀ ਦੇ ਪਿਤਾ ਦਾ ਨਾਮ ਭਾ: ਊਧਮ ਸਿੰਘ ਜੀ ਹੈ ਆਪ ਸ: ਭਗਵਾਨ ਸਿੰਘ ਸ਼ਹੀਦ ਲੌਂਗੋ ਵਾਲੀਏ ਨਾਲ ਸੰਬੰਧ ਰਖਦੇ ਹਨ। ਜਲਾਵਤਨੀ ਸਮੇਂ ਸ: ਭਗਵਾਨ ਸਿੰਘ ਜੀ ਇਨ੍ਹਾਂ ਪਾਸ ਹੀ ਆਏ ਸਨ। ਆਪ ਜੀ ਨੂੰ ਛੋਟੀ ਉਮਰ ਵਿਚ ਹੀ ਪੰਥ ਦੀ ਸੇਵਾ ਦਾ ਸ਼ੌਕ ਲਗਾ ੧੩ ਸਾਲ ਦੀ ਉਮਰ ਵਿਚ ਆਪ ਨੂੰ ਇਸ਼ਤਿਆਰ ਤੇ ਅਖਬਾਰ ਸੱਚਾ ਢੰਢੋਰ ਤਕਸੀਮ ਕਰਦਿਆਂ ਗ੍ਰਿਫਤਾ ਕੀਤਾ ਗਿਆ, ਕੇਸ ਛਤ ਨਾਲ ਬੰਨ੍ਹ ਕੇ ਤਸੀਹੇ ਦਿਤੇ ਗਏ। ਲਾਹੌਰ ਆਲ ਇੰਡੀਆ ਅਕਾਲੀ ਕਾਨਫ਼ਰਸ ਸਮੇਂ ਆਪ ਨੂੰ ਦੋ ਮਹੀਨੇ ਕੈਦ ਹੋਈ। ਪਰਜਾ ਮੰਡਲ ਤਹਿਰਕ ਵਿਚ ਆਪ ਦੀ ਲਤ ਤੋੜ ਦਿੱਤੀ ਗਈ। ਸ: ਭਗਵਾਨ ਸਿੰਘ ਸ਼ਹੀਦ ਨੂੰ ਮੁਕਰੌਣ ਲਈ ਉਨ੍ਹਾਂ ਦੇ ਵਿਰੁਧ ਸ਼ਹਾਦਤ ਦੇਣ ਦੇ ਲਾਲਚ ਦਿਤੇ ਗਏ। ਪਰੰਤੂ ਆਪ ਅਡੋਲ ਰਹੇ। ਸ: ਭਗਵਾਨ ਸਿੰਘ ਜੀ ਸ਼ਹੀਦ ਹੋ ਜਾਣ ਬਾਦ ਆਪ ਨੇ ਉਨ੍ਹਾਂ ਦੇ ਪ੍ਰੀਵਾਰ ਦੀ ਸੇਵਾ ਸੰਭਾਲੀ, ਜੋ ਹੁਣ ਤਕ ਨਿਭਾ ਰਹੇ ਹਨ ਤੇ ਹਰ ਸਾਲ ਉਨ੍ਹਾਂ ਦੀ ਬਰਸੀ ਮਨਾਂਦੇ ਹਨ।

ਭਾਈ ਈਸ਼ਰ ਸਿੰਘ ਪਿਤਾ ਸ: ਗੁਰਦਿਆਲ ਸਿੰਘ ਪਿੰਡ ਲਾਲਬਾਈ ਨਗਰ ਆਪ ਜੀ ਮੋਰਚਾ ਜੈਤੋ ਵਿਚ ਗਏ ਤੇ ਕੁਰਬਾਨੀ ਕੀਤੀ।

ਭਾਈ ਦਲੀਪ ਸਿੰਘ ਜੀ ਪਿਤਾ ਭਾ: ਅਤਰ ਸਿੰਘ ਜੀ ਪਿੰਡ ਗਗੜਾ ਜੈਤੋ ਤੇ ਭਾਈ ਫੇਰੂ ਦੇ ਮੋਰਚਿਆਂ ਵਿਚ ਤਿੰਨ ਵੇਰ ਗਏ, ਛੋਟੀ ਉਮਰ ਕਰ ਕੇ ਛਡੇ ਜਾਂਦੇ ਰਹੇ।

ਭਾਈ ਰਣ ਸਿੰਘ ਜੀ ਪਿਤਾ ਸ: ਸਖਤਾ ਸਿੰਘ ਜੀ ਪਿੰਡ ਘੁਗਿਆੜਾ ਨਗਰ ਆਪ ਮੋਰਚਾ ਜੈਤੋ ਭਿਚ ਗਏ ਤੇ ਇਕ ਸਾਲ ਕੈਦ ਹੋਈ, ਜੋ ਮੁਲਤਾਨ ਜੇਲ੍ਹ ਵਿਚ ਕੱਟੀ।

Digitized by Panjab Digital Library | www.panjabdigilib.org

ਭਾਈ ਈਸ਼ਰ ਸਿੰਘ ਪਿਤਾ ਸ: ਦਿਆਲ ਸਿੰਘ ਮਾਤਾ ਜੈ ਕੌਰ ਪਿੰਡ ਮਿਡੂ ਖੇੜਾ ਆਪ ਮੋਰਚਾ ਜੈਤੋ ਵਿਚ ਗਏ ਤੇ ਕੁਰਬਾਨੀ ਕੀਤੀ।

ਭਾਈ ਸੋਹਣ ਸਿੰਘ ਪਿਤਾ ਸ: ਸੰਤਾ ਸਿੰਘ ਪਿੰਡ ਮਿਡੂ ਖੇੜਾ ਮੋਰਚਾ ਜੈਤੋ ਵਿਚ ਗਏ।

ਭਾਈ ਪ੍ਰੀਤਮ ਸਿੰਘ ਪਿਤਾ ਸ: ਤ੍ਰਲੋਕ ਸਿੰਘ ਪਿੰਡ ਬਾਦਲ ਨਗਰ ਆਪ ਨੂੰ ਮੋਰਚਾ ਭਾਈ ਫੇਰੂ ਵਿਚ ਤਿੰਨ ਮਹੀਨੇ ਕੈਦ ਹੋਈ।

ਭਾਈ ਸ਼ੇਰ ਸਿੰਘ ਪਿਤਾ ਸ: ਪਾਨੂੰ ਸਿੰਘ ਜੀ ਮਾਤਾ ਪਰੇਮ ਕੌਰ ਆਪ ਨੂੰ ਮੋਰਚਾ ਭਾਈ ਫੇਰੂ ਵਿਚ ਤਿੰਨ ਮਹੀਨੇ ਕੈਦ ਹੋਈ।

ਭਾਈ ਮਤਾਬ ਸਿੰਘ ਪਿਤਾ ਸ: ਬੂੜ ਸਿੰਘ ਪਿੰਡ ਸਰਾਂਵਾਲੀ ਆਪ ਮੋਰਚਾ ਜੈਤੋ ਵਿਚ ਗਏ ਤੇ ਤਕਲੀਫਾਂ ਸਹੀਆਂ।

ਭਾਈ ਸ਼ੇਰ ਸਿੰਘ ਪਿਤਾ ਸ: ਝੰਡਾ ਸਿੰਘ ਪਿੰਡ ਕੁੰਡਲ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਇਕ ਮਹੀਨਾ ਰਾਵਲਪਿੰਡੀ ਜੇਲ੍ਹ ਵਿਚ ਕੈਦ ਕੱਟੀ।

ਭਾਈ ਕੁਲਵੰਤ ਸਿੰਘ ਪਿਤਾ ਸ: ਮਸਤਾਨ ਸਿੰਘ ਪਿੰਡ ਧਰਾਂਮ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਦੋ ਮਹੀਨੇ ਕ਼ੈਦ ਰਾਵਲਪਿੰਡੀ ਜੇਲ੍ਹ ਵਿਚ ਕੱਟੀ।

ਭਾਈ ਭਾਗ ਸਿੰਘ ਪਿਤਾ ਸ: ਨੱਥਾ ਸਿੰਘ ਪਿੰਡ ਕੁੰਡਲ ਸ਼ਰਾਬ ਵਾਲੇ ਠੇਕੇ ਪਰ ਪਿਕਟਿੰਗ ਕੀਤੀ ਤੇ ੭ ਮਹੀਨੇ ਕੈਦ ਰਾਵਲਪਿੰਡੀ ਜੇਲ੍ਹ ਵਿਚ ਹੋਈ।

ਭਾਈ ਮੰਗਲ ਸਿੰਘ ਪਿਤਾ ਸ: ਬੰਤਾ ਸਿੰਘ ਪਿੰਡ ਕੁੰਡਲ ਆਪ ਨੂੰ ਮੋਰਚਾ ਭਾਈ ਫੇਰੂ ਵਿਚ ੭ ਮਹੀਨੇ ਕੈਦ ਹੋਈ।

ਭਾਈ ਸ਼ੇਰ ਸਿੰਘ ਪਿਤਾ ਸ: ਮੀਹਾਂ ਸਿੰਘ ਪਿੰਡ ਹੁਸਨਰ ਆਪ ਦੋ ਵੇਰ ਜੈਤੋ ਗਏ ਤੇ ਦੋ ਸਾਲ ਕੈਦ ਹੋਈ। ਆਪ ਗੁਰੂ ਕੇ ਬਾਗ ਵਿਚ ਵੀ ਗਏ।

ਬਾਬਾ ਮਲਨ ਸਿੰਘ ਜੀ ਮਾਤਾ ਸਦਾ ਕੌਰ ਜੀ ਪਿੰਡ ਬਰਾਜ ਧਾਰਮਿਕ ਦੀਵਾਨ ਵਿਚ ਤਕਰੀਰ ਕੀਤੀ ਤੇ ਛੇ ਮਹੀਨੇ ਕੈਦ ਫੀਰੋਜ਼ਪੁਰ ਜੇਲ੍ਹ ਵਿਚ ਕਟੀ।

ਭਾਈ ਹਰਨਾਮ ਸਿੰਘ ਪਿਤਾ ਸ: ਸਹੇਲ ਸਿੰਘ ਪਿੰਡ ਬਰਾਜ ਧਾਰਮਿਕ ਦੀਵਾਨ ਵਿਚ ਤਕਰੀਰ ਕਰਨ ਦੇ ਦੋਸ਼ ਵਿਚ ਛੇ ਮਹੀਨੇ ਕੈਦ ਫੀਰੋਜ਼ਪੁਰ ਜੇਲ੍ਹ ਵਿਚ ਕਟੀ।

ਭਾਈ ਵਰਿਆਮ ਸਿੰਘ ਪਿਤਾ ਸ: ਗੋਧਾ ਸਿੰਘ ਪਿੰਡ ਮਰਾਜ ਜੈਤੋ ਮੋਰਚੇ ਵਿਚ ਗਏ।

Digitized by Panjab Digital Library | www.panjabdigilib.org

# ਤਹਿਸੀਲ ਜ਼ੀਰਾ

## ਦੇ ਬਹਾਦਰ ਅਕਾਲੀ

## ਸ੍ਰੀਮਾਨ ਸੰਤ ਸੰਤੋਖ ਸਿੰਘ ਜੀ ਬੱਡੂ ਵਾਲ

ਸ੍ਰੀਮਾਨ ਸੰਤ ਸੰਤੋਖ ਸਿੰਘ ਜੀ ਬੱਡੂ ਵਾਲ ਪੰਥ ਵਿਚ ਇਕ ਮੰਨੀ ਪ੍ਰਮੰਨੀ ਹਸਤੀ ਸਨ। ਆਪ ਜੀ ਦਾ ਜਨਮ ਪਿੰਡ ਭੁਚੋ ਵਿਚ ਹੋਇਆ। ਬਚਪਨ ਵਿਚ ਆਪ ਜੀ ਦੀ ਸੰਗਤ ਸੰਤ ਵਧਾਵਾ ਸਿੰਘ ਜੀ ਲਹਿਰਾ ਨਾਲ ਹੋਈ, ਜਿਨ੍ਹਾਂ ਤੋਂ ਆਪ ਜੀ ਨੂੰ ਪ੍ਰਮਾਰਥ ਦੀ ਲਗਨ ਲੱਗੀ। ਜਵਾਨ ਹੋ ਕੇ ਆਪ ਫੌਜ ਵਿਚ ਭਰਤੀ ਹੋ ਗਏ ਪ੍ਰੰਤੂ ਆਪ ਜੀ ਦੀਆਂ ਰੁਚੀਆਂ ਧਾਰਮਕ ਬਣ ਚੁਕੀਆਂ ਸਨ ਇਸ ਕਰਕੇ ਫੌਜ ਵਿਚ ਜਾ ਕੇ ਭੀ ਆਪ ਕਥਾ ਕੀਰਤਨ ਪ੍ਰਚਾਰ ਦੀ ਸੇਵਾ ਕਰਦੇ ਰਹੇ।

ਆਪ ਜੀ ਦੇ ਸਾਧੂਆਂ ਵਾਲੇ ਸੁਭਾ ਤੋਂ ਪ੍ਰਭਾਵਤ ਹੋ ਕੇ ਫੌਜ ਦੇ ਸਿੰਘ ਆਪ ਜੀ ਦਾ ਬਹੁਤ ਹੀ ਆਦਰ ਕਰਨ ਲੱਗ ਪਏ। ਪ੍ਰਮਾਰਥ ਦੀ ਲਗਨ ਤੀਬਰ ਹੁੰਦੀ ਚਲੀ ਗਈ ਜਿਸ ਕਰਕੇ ਆਪ ਜੀ ਨੇ ਨੌਕਰੀ ਛੱਡ ਦਿੱਤੀ। ਪਿੰਡ ਜਨੇਤ ਪੁਰਾ ਦੇ ਸ: ਨਰੈਣ ਸਿੰਘ ਜੀ ਫੌਜ ਵਿਚ ਆਪ ਜੀ ਦੇ ਨਾਲ ਸਨ। ਉਸ ਨੇ ਦਸਿਆ ਕਿ ਸਾਡਾ ਨਗਰ ਸਿੰਘ ਸਭਾ ਦੇ ਪ੍ਰਚਾਰ ਦਾ ਕੇਂਦਰ ਹੈ, ਇਹ ਸੁਣ ਕੇ ਆਪ ਨੌਕਰੀ ਛੱਡ ਕੇ ਜਨੇਤ ਪੁਰੇ ਆ ਗਏ ਤੇ ਕੁਝ ਅਰਸਾ ਇਸ ਨਗਰ ਵਿਚ ਰਹਿ ਕੇ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ। ਉਪ੍ਰੰਤ ਬੱਡੂ ਵਾਲ ਆ ਕੇ ਆਲੀਸ਼ਾਨ ਗੁਰਦਵਾਰਾ ਬਣਾਇਆ।

ਜਦ ਅਕਾਲੀ ਲਹਿਰ ਆਰੰਭ ਹੋਈ ਤਾਂ ਆਪ ਨੇ ਇਸ ਦਾ ਕਾਫੀਪ੍ਰਚਾਰ ਕੀਤਾ, ਜਿਸ ਕਰਕੇ ਪਥ ਵਿਚ ਆਪ ਜੀ ਦਾ ਸਨਮਾਨ ਬਹੁਤ ਵਧਿਆ। ਜੈਤੋ ਨੂੰ ਜਾਣ ਵਾਲੇ ੧੧ਵੇਂ ਸ਼ਹੀਦੀ ਜਥੇ ਦੇ ਆਪ ਹੈਡ ਜਥੇਦਾਰ ਬਣ ਕੇ ਗਏ। ਇਸ ਪੰਥਕ ਸੇਵਾ ਨੇ ਆਪ ਦਾ ਨਾਮ ਸਾਰੇ ਪੰਥ ਵਿਚ ਰੋਸ਼ਨ ਕਰ ਦਿੱਤਾ। ਨਾਭਾ ਬੀੜ ਵਿਚ ਆਪ ਜੀ ਨੇ ਬਹੁਤ ਸਾਰੇ ਤਸੀਹੇ ਸਹਾਰੇ ਪਰ ਆਪ ਜੀ ਦਾ ਅਡੋਲ ਹਿਰਦਾ ਸਤਿ-ਮਾਰਗ ਤੋਂ ਨਾ ਡੋਲਿਆ। ਵਾਪਸ ਆ ਕੇ ਆਪ ਜੀ ਨੇ ਗੁਰਦਵਾਰਿਆਂ ਦੀਆਂ ਇਮਾਰਤਾਂ ਬਣਾਉਣੀਆਂ ਅਤੇ ਸਿੱਖੀ ਪ੍ਰਚਾਰ ਕਰਨਾ ਹੀ ਆਪਣੇ ਜੀਵਨ ਦਾ ਆਦਰਸ਼ ਬਣਾ ਲਿਆ ਅਤੇ ਸਾਰੀ ਜ਼ਿੰਦਗੀ ਇਸ ਪਵਿੱਤ੍ਰ ਕਾਰਜ ਨੂੰ ਜਾਰੀ ਰੱਖਿਆ। ਗੁਰਦਵਾਰਾ ਭੁਚੋ ਦੀ ਭੀ ਆਪ ਜੀ ਨੇ ਸੇਵਾ ਕਰਾਈ। ‡

## ਜਰਨੈਲ ਰਤਨ ਸਿੰਘ ਜੀ ਐਮ. ਐਲ. ਏ. ਲੋਹਗੜ੍ਹ

ਸ੍ਰੀਮਾਨ ਸ: ਰਤਨ ਸਿੰਘ ਜੀ ਲੋਹਗੜ੍ਹ ਦੇ ਨਾਮ ਤੋਂ ਖਾਸ ਕਰ ਇਲਾਕਾ ਤਿਹਾੜਾ ਅਤੇ ਆਮ ਕਰਕੇ ਪੰਜਾਬ ਦਾ ਬੱਚਾ ਬੱਚਾ ਜਾਣੂੰ ਹੈ। ਸਰਦਾਰ ਸਾਹਿਬ ਨੇ ਸੰਨ ੧੯੪੭ ਦੇ ਹੋਏ ਘਲੂ ਘਾਰੇ ਵਿਚ ਜੋ ਜਨਤਾ ਦੀ ਰੱਖਿਆ ਅਤੇ ਸਹਾਇਤਾ ਕੀਤੀ ਉਹ ਹਿੰਦੁਸਤਾਨ ਦੇ ਆਜ਼ਾਦੀ ਦੇ ਘੋਲ ਦੇ ਇਤਿਹਾਸ ਵਿਚ ਸੁਨਹਿਰੀ ਅਖਰਾਂ ਵਿਚ ਲਿਖਣ ਦੇ ਯੋਗ ਹੈ।

---

‡ ਹੋਰ ਕੁਰਬਾਨੀ ਵਾਲੇ ਸਿੰਘਾਂ ਦਾ ਜੀਵਨ ਲੈਣ ਵਾਸਤੇ ਤਕਰੀਬਨ ਤਿੰਨ ਚਾਰ ਦਫ਼ਾ ਬੱਡੂ ਵਾਲ ਪੁਜਣ ਤੇ ਭੀ ਇਤਿਹਾਸਕ ਮਿਸਾਲਾ ਨਹੀਂ ਮਿਲਿਆ। ਕਾਰਨ:- ਸੰਤ ਜੀ ਪਿੰਡ ਵਾਲੇ ਸਿੰਘਾਂ ਕੋਲ ਘੱਲ ਦੇਣ ਤੇ ਪਿੰਡ ਵਾਲੇ ਸੰਤਾਂ ਜੀ ਕੋਲ, ਪਲੇ ਕੁਝ ਨਹੀਂ ਪਿਆ।

Digitized by Panjab Digital Library | www.panjabdigilib.org

ਜਨਮ : ਆਪ ਦਾ ਜਨਮ ਸ: ਨੱਥਾ ਸਿੰਘ ਦੇ ਘਰ ਮਾਤਾ ਬੁਧ ਕੌਰ ਦੀ ਕੁਖ ਤੋਂ ਪਿੰਡ ਲੋਹਗੜ੍ਹ ਤਹਿਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ ਵਿਚ ਹੋਇਆ।

ਬਾਲਪਣ : ਆਪ ਦੀ ਪਹਿਲੀ ਉਮਰ ਆਪ ਦੇ ਨਗਰ ਵਿਚ ਹੀ ਲੰਘੀ।

ਵਿਦਿਆ : ਆਪ ਜੀ ਦਾ ਝੁਕਾ ਛੋਟੀ ਉਮਰ ਤੋਂ ਹੀ ਵਿਦਿਆ ਪੜ੍ਹਣ ਵਲ ਸੀ। ਆਪ ਨੇ ਦਸਵੀਂ ਜਮਾਤ ਏ. ਡੀ. ਹਾਈ ਸਕੂਲ ਧਰਮਕੋਟ ਵਿਚ ਚੰਗੇ ਨੰਬਰ ਲੈ ਕੇ ਪਾਸ ਕੀਤੀ।

ਪ੍ਰਦੇਸ ਫੇਰੀ : ਆਪ ਦੀ ਸ਼ਾਦੀ ਛੇਤੀ ਹੀ ਹੋ ਗਈ। ਇਸ ਲਈ ਆਪ ਕਾਲਜ ਵਿਚ ਨਾ ਪੜ੍ਹ ਸਕੇ ਅਤੇ ਛੇਤੀ ਹੀ ਬਰਮਾ ਚਲੇ ਗਏ। ਉਥੇ ਜਾ ਕੇ ਆਪ ਨੇ ਠੇਕੇਦਾਰੀ ਕਰਨੀ ਅਰੰਭ ਦਿਤੀ, ਜਿਸ ਤੋਂ ਆਪ ਨੇ ਕਾਫੀ ਪ੍ਰਸਿਧਤਾ ਪ੍ਰਾਪਤ ਕਰ ਲਈ।

ਸੁਭਾ : ਆਪ ਦਾ ਸੁਭਾ ਬੜਾ ਅਣਖੀਲਾ ਹੈ। ਆਪ ਆਪਣੇ ਦਾਨੀ ਸੁਭਾ ਕਰਕੇ ਕਾਫੀ ਪ੍ਰਸਿਧ ਹਨ। ਆਪ ਗੁਰੂ ਘਰ ਦੇ ਬਹੁਤ ਸ਼ਰਧਾਲੂ ਹਨ, ਜਦ ਵੀ ਕਦੇ ਔਕੜ ਆਈ, ਆਪ ਨੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਰੱਬੀ ਬਾਣੀ ਦਾ ਆਸਰਾ ਲਿਆ। ਆਪ ਨੇ ਦੇਸ਼ ਆ ਕੇ ਅਖੰਡ ਪਾਠ ਕਰਾਏ ਅਤੇ ੬੦੦੦) ਰੁਪਿਆ ਦਾਨ ਕੀਤਾ।

ਐਮ. ਐਲ. ਏ. ਬਨਣਾ : ਆਪ ਜਿਨ੍ਹੀਂ ਦਿਨੀਂ ਬਰਮਾ ਤੋਂ ਵਾਪਸ ਆਏ, ਉਹਨਾਂ ਦਿਨਾਂ ਵਿਚ ਪੰਜਾਬ ਅਸੈਂਬਲੀ ਦੀਆਂ ਚੋਣਾਂ ਹੋਣ ਵਾਲੀਆਂ ਸਨ। ਇਲਾਕੇ ਦੇ ਮੁਖੀ ਸਜਣਾਂ ਨੇ ਆਪ ਦੀ ਯੋਗਤਾ ਨੂੰ ਮੁਖ ਰਖ ਕੇ ਇਸ ਇਲਾਕੇ ਵਲੋਂ ਖੜਾ ਹੋਣ ਲਈ ਕਿਹਾ, ਜਿਸ ਨੂੰ ਆਪ ਨੇ ਪ੍ਰਸੰਨਤਾ ਨਾਲ ਪ੍ਰਵਾਨ ਕੀਤਾ। ਆਪ ਨੇ ਚੋਣਾਂ ਲੜੀਆਂ, ਇਲਾਕੇ ਨੇ ਆਪ ਦਾ ਪੂਰਾ ੨ ਸਾਥ ਦਿੱਤਾ, ਆਪ ਮੁਕਾਬਲੇ ਤੇ ਵੋਟ ਲੈ ਕੇ ਸਫਲ ਹੋਏ। ਆਪ ਨੇ ਇਸ ਐਮ.ਐਲ.ਏ ਦੀ ਡਿਊਟੀ ਨੂੰ ਵੱਡੀ ਯੋਗਤਾ ਨਾਲ ਨਿਭਾਇਆ ਅਤੇ ਇਸ ਇਲਾਕੇ ਦੀ ਸੇਵਾ ਕੀਤੀ।

ਕੌਮੀ ਸੇਵਾ:– ਸੰਨ ੧੯੪੭ ਦੇ ਬਟਵਾਰੇ ਵਿਚ ਆਪ ਨੇ ਸਿੱਖਾਂ ਦੀ ਹੀ ਨਹੀਂ ਸਗੋਂ ਸਾਰੇ ਇਲਾਕਾ ਨਿਵਾਸੀ ਹਿੰਦੂ ਸਿੱਖਾਂ ਦੀ ਆਪਣੀ ਜਾਨ ਹੀਲ ਕੇ ਸੇਵਾ ਕੀਤੀ। ਜਿੱਥੇ ਕਿੱਥੇ ਵੀ ਮੁਸਲਮਾਨਾਂ ਵਲੋਂ ਕੋਈ ਲੋਕਾਂ ਨੂੰ ਤਕਲੀਫ ਦੇਣ ਦੀ ਖਬਰ ਆਪ ਪਾਸ ਪੁਜਦੀ, ਆਪ ਝੱਟ ਉੱਥੇ ਪੁਜ ਜਾਂਦੇ ਅਤੇ ਆਪ ਦਾ ਨਾਮ ਅਤੇ ਔਣਾ ਸੁਣ ਕੇ ਮੁਸਲਮਾਨ ਭੱਜ ਜਾਂਦੇ।

ਪਿੰਡ ਇੰਦ ਗੜ੍ਹ ਵਿਚ ਮੁਸਲਮਾਨਾਂ ਦੀ ਕਾਫੀ ਵਸੋਂ ਸੀ ਅਤੇ ਈਦ ਵਾਲੇ ਦਿਨ ਪਿੰਡ ਦਿਆਂ ਅਤੇ ਬੇਟ ਇਲਾਕੇ ਦੇ ਮੁਸਲਮਾਨਾਂ ਦਾ ਬਹੁਤ ਇਕੱਠ ਹੋ ਗਿਆ। ਉਨ੍ਹਾਂ ਗੁਰਦਵਾਰਾ ਸਾਹਿਬ ਤੇ ਧਾਵਾ ਬੋਲ ਦਿੱਤਾ, ਅਤੇ ਐਲੀ ਐਲੀ ਕਰਦੇ ਗੁਰਦਵਾਰਾ ਸਾਹਿਬ ਦੇ ਕੋਲ ਪੁਜ ਗਏ, ਤੱਦ ਹੀ ਪਤਾ ਲੱਗਾ ਕਿ ਆਪ ਵੀ ਜੀਪ ਪਰ ਪੁਜ ਗਏ। ਆਪ ਨੇ ਔਣ ਸਾਰ ਪਿੰਡ ਦੇ ਸਿੰਘਾਂ ਨੂੰ ਟਾਕਰੇ ਲਈ ਕਿਹਾ ਪਰ ਕਿਸੇ ਦਾ ਹੋਸਲਾ ਨਾ ਪਿਆ, ਆਪ ਜੀ ਇਕੱਲੇ ਹੀ ਅਗੇ ਵਧੇ। ਜਦ ਮੁਸਲਮਾਨਾਂ ਨੇ ਆਪ ਨੂੰ ਵੇਖਿਆ ਤਾਂ ਉਨ੍ਹਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਅਤੇ ਆਪ ਜੀ ਦੇ ਅਗੇ ਸਭ ਹਰਨ ਹੋ ਗਏ। ਜਿਹੜੇ ਕਹਿੰਦੇ ਸਨ ਕਿ ਕਾਫ਼ਰਾਂ ਨੂੰ ਮਾਰ ਕੇ ਈਦ ਦੀਆਂ ਸੇਵੀਆਂ ਖਾਵਾਂਗੇ, ਮੁੜ ਕੇ ਪਿੰਡ ਵੜਨਾ ਵੀ ਨਸੀਬ ਨਾ ਹੋਇਆ। ਜੇ ਆਪ ਜੀ ਪੰਜ ਮਿੰਟ ਹੋਰ ਨਾ ਪੁਜਦੇ ਤਾਂ ਪਤਾ ਨਹੀਂ ਕੀ ਸਿੱਟਾ ਨਿਕਲਦਾ, ਸੋ ਇਸ ਉਪਕਾਰ ਦਾ ਸਦਕਾ ਪਿੰਡ ਇੰਦ ਗੜ੍ਹ ਅਤੇ ਇਹ ਇਲਾਕਾ ਆਪ ਜੀ ਦਾ ਖਾਸ ਰਿਣੀ ਹੈ। ਇਸ ਪ੍ਰਕਾਰ ਇਲਾਕਾ ਬੇਟ ਅਤੇ ਜ਼ਿਲਾ ਫੀਰੋਜ਼ ਪੁਰ ਦੀ ਹਿਫਾਜ਼ਤ ਕਰਨ ਤੇ ਆਪ ਜੀ ਨੂੰ ਜਰਨੈਲੀ ਖਿਤਾਬ ਸੰਗਤਾਂ ਵਲੋਂ ਮਿਲਿਆ ਹੈ। ਆਪ ਸਦਾ ਹੀ ਖ਼ਾਲਸਾ ਪੰਥ ਦੀ ਸ਼ਰਨ ਰਹੇ ਅਤੇ ਕਿਸੇ ਲਾਲਚ ਵਿਚ ਵਿਕੇ ਨਹੀਂ। ਖ਼ਾਲਸਾ ਪੰਥ ਦੀ ਡੱਟ ਕੇ ਸੇਵਾ ਕਰ ਰਹੇ ਹਨ। ਆਪ ਦਾ ਇਲਾਕੇ ਵਿਚ ਕਾਫੀ ਮਾਣ ਅਤੇ ਸਤਿਕਾਰ

Digitized by Panjab Digital Library | www.panjabdigilib.org

ਕੀਤਾ ਜਾਂਦਾ ਹੈ ਅਤੇ ਦਾਸ ਨਾਲ ਆਪ ਦਾ ਖਾਸ ਸਹਿਚਾਰ ਅਤੇ ਦਿੱਲੀ ਹਮਦਰਦੀ, ਅਤੇ ਸੱਚੀ ਸ਼ਰਧਾ ਰਖਦੇ ਹਨ ।

## ਸ: ਜਗਤੀਤ ਸਿੰਘ ਜੀ ਗੋਗੋਆਣੀ

ਆਪ ਜੀ ਦਾ ਜਨਮ ਪਿੰਡ ਗੋਗੋਆਣੀ ਵਿਚ ਸ: ਈਸ਼ਰ ਸਿੰਘ ਜੀ ਦੇ ਘਰ ਮਾਤਾ ਰਤਨ ਕੌਰ ਦੀ ਕੁਖ ਤੋਂ ਹੋਇਆ । ਬਚਪਨ ਵਿਚ ਹੀ ਆਪ ਜੀ ਨੂੰ ਪੰਥਕ ਸੇਵਾ ਦੀ ਲਗਨ ਲਗ ਗਈ । ਮੈਟਰਿਕ ਪਾਸ ਕਰਕੇ ਆਪ ਪੰਥ ਸੇਵਾ ਦੇ ਮੈਦਾਨ ਵਿਚ ਕੁਦ ਪਏ ਤੇ ਸ੍ਰੀ ਅੰਮ੍ਰਿਤਸਰ ਜਾ ਕੇ 'ਕੌਮੀ ਦਰਦ' ਅਖਬਾਰ ਵਿਚ ਕੰਮ ਕਰਨ ਲਗੇ । ਉਪਰੰਤ ਇਸ ਅਖਬਾਰ ਦਾ ਨਾਮ 'ਖਾਲਸਾ ਸੇਵਕ' ਹੋ ਗਿਆ, ਜਿਸ਼ ਦੇ ਆਪ ਚੀਫ ਐਡੀਟਰ ਕਈ ਸਾਲ ਤੱਕ ਰਹੇ । ਆਪ ਛੇਵੇਂ ਸ਼ਹੀਦੀ ਜਥੇ ਵਿਚ ਜੈਤੋ ਗਏ ਸਨ ਤੇ ਨਾਭਾ ਬੀੜ ਵਿਚ ਬਹੁਤ ਸਾਰੀਆਂ ਸਖਤੀਆਂ ਸਹੀਆਂ । ਦੇਸ਼ ਦੀ ਵੰਡ ਹੋਣ ਤੋਂ ਥੋੜੇ ਦਿਨ ਪਹਿਲਾਂ ਜਦ ਪੰਜਾਬ ਫਿਰਕੂ ਫ਼ਸਾਦਾਂ ਦੀ ਅੱਗ ਵਿਚ ਸੜ ਰਿਹਾ ਸੀ ਤੇ ਸ਼੍ਰੋ: ਅਕਾਲੀ ਦਲ ਨੇ ਸ੍ਰੀ ਨਨਕਾਣਾ ਸਾਹਿਬ ਵਿਚ ਭਾਰੀ ਕਾਨਫ਼ਰੰਸ ਰਖੀ ਤਾਂ ਆਪ ਸ੍ਰੀ ਅੰਮ੍ਰਿਤਸਰ ਤੋਂ ਜਥੇ ਲੈ ਕੇ ਗਏ ਤੇ ਗ੍ਰਿਫਤਾਰ ਕਰ ਲਏ ਗਏ । ਵਾਪਸ ਆ ਕੇ ਆਪ ਨੇ ਸ਼ਰਨਾਰਥੀਆਂ ਦੀ ਸੇਵਾ ਬਹੁਤ ਪ੍ਰੇਮ ਨਾਲ ਕੀਤੀ । ਦੇਸ਼ ਦੀ ਵੰਡ ਸਮੇਂ ਜਦ ਪੰਜਾਬ ਦੀਆਂ ਸਾਰੀਆਂ ਅਖਬਾਰਾਂ ਬੰਦ ਹੋ ਗਈਆਂ ਤਾਂ ਸ: ਜਗਜੀਤ ਸਿੰਘ ਤੇ ਆਪ ਦੇ ਸਾਥੀ ਗਿ: ਜੰਗ ਸਿੰਘ ਜੀ ਐਡੀਟਰ ਨੇ ਸ਼ਰਨਾਰਥੀਆਂ ਨੂੰ ਇਕ ਦੂਜੇ ਨਾਲ ਮਿਲਾਉਣ ਤੇ ਮੁੜ ਵਸਾਉਣ ਵਿਚ ਬਹੁਤ ਹੀ ਸਹਾਇਤਾ ਕੀਤੀ । ਲੁਟੇ ਪੁਟੇ ਗਏ ਸ਼ਰਨਾਰਥੀਆਂ ਦੇ ਪਤੇ ਆਪ ਮੁਫਤ ਛਾਪਿਆ ਕਰਦੇ ਸਨ ਤਾਕਿ ਉਨ੍ਹਾਂ ਦੇ ਵਿਛੜੇ ਸਬੰਧੀ ਮਿਲ ਜਾਣ । ਦੇਸ਼ ਦੀ ਵੰਡ ਤੋਂ ਪਿਛੋਂ ਜਦ ਕਾਂਗਰਸੀ ਸਰਕਾਰ ਨੇ ਅਕਾਲੀ ਵਰਕਰਾਂ ਦੀ ਫੜੋ ਫੜੀ ਆਰੰਭ ਕੀਤੀ ਤਾਂ ਆਪ ਜੀ ਦੇ ਭੀ ਵਾਰੰਟ ਗ੍ਰਿਫਤਾਰੀ ਜਾਰੀ ਹੋ ਗਏ । ਆਪ ਕਾਫੀ ਅਰਸਾ ਗੁਪਤ ਰਹਿ ਕੇ ਜਥੇਦਾਰ ਪ੍ਰੀਤਮ ਸਿੰਘ ਗੁਜਰਾਂ ਨਾਲ ਮਿਲ ਕੇ ਸਾਰੇ ਪੰਜਾਬ ਦਾ ਦੌਰਾ ਕਰਦੇ ਰਹੇ । ਗ੍ਰਿਫਤਾਰ ਕਰਕੇ ਸਰਕਾਰ ਨੇ ਆਪ ਜੀ ਨੂੰ ਕਾਫੀ ਅਰਸਾ ਜੇਲ੍ਹ ਵਿਚ ਰਖਿਆ ਤੇ ਸਾਰੇ ਅਕਾਲੀ ਵਰਕਰਾਂ ਤੋਂ ਪਿਛੋਂ ਰਿਹਾ ਹੋ ਆਏ । ਮਾਰਚ ੧੯੫੩ ਵਿਚ ਹੋਈ ਨੌਵੀਂ ਸਰਬ ਹਿੰਦ ਅਕਾਲੀ ਕਾਨਫਰੰਸ ਦੇ ਆਪ ਜਨਰਲ ਸਕੱਤ੍ਰ ਸਨ ਤੇ ਸਾਰੀ ਉਮਰ ਪੰਥਕ ਸੇਵਾ ਕਰਨ ਵਿਚ ਲਗੇ ਰਹੇ । ਆਪ ਚੰਗੇ ਤਜਰਬੇਕਾਰ ਪਤਰਕਾਰ ਤੇ ਧੜੱਲੇਦਾਰ ਲੀਡਰ ਹਨ ਅਤੇ ਸਚਾਈ ਦੀ ਖਾਤਰ ਡਟ ਜਾਣ ਦਾ ਮਾਦਾ ਰਖਦੇ ਹਨ ।

## ਭਾ: ਭਗਤ ਸਿੰਘ ਜੀ ਲੌਂਗੋਦੇਵਾ

ਆਪ ਜੀ ਦਾ ਜਨਮ ਪਿੰਡ ਲੌਂਗੋਦੇਵਾ ਵਿਚ ਸ: ਮੰਗਲ ਸਿੰਘ ਜੀ ਦੇ ਘਰ ਮਾਤਾ ਜਿਉਣ ਕੌਰ ਦੀ ਕੁਖ ਤੋਂ ਹੋਇਆ । ਬਚਪਨ ਵਿਚ ਆਪ ਜੀ ਨੇ ਗੁਰਮੁਖੀ ਵਿਦਿਆ ਪੜ੍ਹੀ ਤੇ ਕਲਕਤੇ ਚਲੇ ਗਏ । ਓਥੇ ਜਾ ਕੇ ਆਪ ਨੇ ਵਦੇਸ਼ੀ ਕਪੜੇ ਦੇ ਬਾਈਕਾਟ ਕਰਨ ਵਿਚ ਹਿੱਸਾ ਲਿਆ ਤੇ ਜੇਲ੍ਹ ਕਟੀ । ਉਪਰੰਤ ਆਪ ਕਈ ਦੇਸ਼ਾਂ ਵਿਚ ਵਿਚਰ ਕੇ ਦੇਸ਼ ਦੀ ਗੁਲਾਮੀ ਵਿਰੁਧ ਪ੍ਰਚਾਰ ਕਰਦੇ ਰਹੇ । ਅਕਾਲੀ ਲਹਿਰ ਚਲੀ ਤਾਂ ਆਪ ਉਸ ਵਿਚ ਸ਼ਾਮਲ ਹੋ ਕੇ ਮੋਰਚਾ ਗੁਰੂ ਕੇ ਬਾਗ ਵਿਚ ਗਏ ।

Digitized by Panjab Digital Library | www.panjabdigilib.org

## ਭਾ: ਦਲੀਪ ਸਿੰਘ ਜੀ

ਆਪ ਦਾ ਜਨਮ ਪਿੰਡ ਜਲਾਲਾਬਾਦ ਤਹਿਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ ਵਿਚ ਹੋਇਆ।

ਬਾਲਪਨ :- ਆਪ ਦਾ ਬਾਲਪਨ ਪਿੰਡ ਵਿੱਚ ਖੇਡਾਦਿਆਂ ਦਾ ਲੰਘਿਆ। ਆਪ ਨੇ ਗੁਰਮੁਖੀ ਵਿਦਿਆ ਪੜ੍ਹ ਕੇ ਢੱਡ ਸਾਰੰਗੀ ਨਾਲ ਕੀਰਤਨ ਕਰਨਾਂ ਸਿਖਿਆ ਅਤੇ ਅਕਾਲੀ ਲਹਿਰ ਤੇ ਗੁਰਮਤ ਪ੍ਰਚਾਰ ਦੀ ਸੇਵਾ ਕੀਤੀ। ਆਪ ਨੇ ਜੈਤੋ ਦੇ ਮੋਰਚੇ ਵਿਚ ਲੰਗਰ ਲਈ ਮਾਇਆ ਉਗ੍ਰਾਹ ਕੇ ਘਲਣ ਦੀ ਸੇਵਾ ਕੀਤੀ। ਗੁਰਦਵਾਰਾ ਬੋਲੀ ਸਾਹਿਬ ਦੇ ਬਨ੍ਹ ਸਮੇਂ ਜਦ ਬਿਆਸਾ ਨੇ ਢਾਹ ਲਾਈ ੧੦੫ ਸਿੰਘਾਂ ਦਾ ਜਥਾ ਲੈ ਕੇ ਗਏ। ਉਦਾਸੀ ਸਾਧੂਆਂ ਦੀ ਮੰਡਲੀ ਜੋ ਮਹੰਤ ਨਰੈਣ ਦਾਸ ਦੀ ਮਦਤ ਕਰਨ ਆਈ ਸੀ ਉਨ੍ਹਾਂ ਦਾ ਖੂਬ ਪਾਜ ਖੋਲਿਆ। ਢਾਡੀ ਜਥੇ ਦੁਆਰਾ ਪ੍ਰਚਾਰ ਦੀ ਬਹੁਤ ਸੇਵਾ ਕੀਤੀ। ਆਪ ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕ ਵੀ ਰਹੇ।

## ਸ: ਗੁਰਬਖਸ਼ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਖੋਸਾ ਰਣਧੀਰ ਸਿੰਘ ਵਿਚ ਸ: ਠੋਬਾ ਸਿੰਘ ਜੀ ਦੇ ਘਰ ਮਾਤਾ ਭਾਨ ਕੌਰ ਦੀ ਕੁਖ ਤੋਂ ਹੋਇਆ। ਬਚਪਨ ਵਿਚ ਆਪ ਨੇ ਵਿਦਿਆ ਪੜ੍ਹੀ, ਮੋਗੇ ਸਕੂਲ ਤੋਂ ਮਿਡਲ ਪਾਸ ਕੀਤਾ। ਛੋਟੀ ਉਮਰ ਵਿਚ ਹੀ ਆਪ ਜੀ ਦੇ ਦਿਲ ਵਿਚ ਪੰਥਕ ਸੇਵਾ ਦਾ ਚਾਅ ਪੈਦਾ ਹੋ ਗਿਆ। ਉਸ ਸਮੇਂ ਜੈਤੋ ਦਾ ਮੋਰਚਾ ਗਰਮ ਸੀ, ਸ਼ਹੀਦੀ ਜਥੇ ਵਹੀਰਾਂ ਪਾ ਰਹੇ ਸਨ। ਆਪ ਸ੍ਰੀ ਅੰਮ੍ਰਿਤਸਰ ਪੁਜ ਗਏ ਤੇ ਜਥੇ ਵਿਚ ਜਾਣ ਲਈ ਬੇਨਤੀ ਕੀਤੀ ਪਰ ਉਮਰ ਛੋਟੀ ਹੋਣ ਕਰਕੇ ਆਪ ਜੀ ਨੂੰ ਭਰਤੀ ਨਾ ਕੀਤਾ ਗਿਆ। ਉਪਰੰਤ ਆਪ ਗਿਆਰਵੇਂ ਸ਼ਹੀਦੀ ਜਥੇ ਵਿਚ ਜੈਤੋ ਗਏ ਤੇ ਨਾਭਾ ਬੀੜ ਵਿਚ ਕੈਦ ਰਹੇ ਤੇ ਖੂਨੀ ਕਾਰਖਾਸ ਦੀਆਂ ਸਖਤੀਆਂ ਸਹਾਰੀਆਂ। ਫਿਰ ਆਪ ੨੫ ਸਿੰਘਾਂ ਦੇ ਜਥੇ ਨਾਲ ਗਏ। ਤੀਜੀ ਵੇਰ ੧੫ਵੇਂ ਸ਼ਹੀਦੀ ਜਥੇ ਨਾਲ ਗਏ ਤੇ ਬਾਬਲ ਕਾਂਟੀ ਲਿਜਾ ਕੇ ਛਡੇ ਗਏ। ਗੁ: ਮੁਕਤਸਰ ਸਾਹਿਬ ਦਾ ਕਬਜ਼ਾ ਲੈਣ ਸਮੇਂ ਆਪ ਜਥੇ ਵਿਚ ਸ਼ਾਮਲ ਸਨ। ਫਿਰ ਆਪ ਮਲਾਇਆ ਚਲੇ ਗਏ ਤੇ ਬਿਜਲੀ ਦਾ ਕੰਮ ਸਿਖ ਕੇ ਤੱਤ ਖਾਲਸਾ ਦੀਵਾਨ ਵਲੋਂ ਚਲ ਰਹੇ ਕੁਆਲਾ ਲੰਪਰ ਦੇ ਸਕੂਲ ਵਿਚ ਲੜਕਿਆਂ ਨੂੰ ਬਿਜਲੀ ਦਾ ਕੰਮ ਸਿਖਾਂਦੇ ਰਹੇ।

## ਸ: ਸਰਦਾਰਾ ਸਿੰਘ ਜੀ ਸ਼ਾਹ

ਆਪ ਜੀ ਦਾ ਜਨਮ ਪਿੰਡ ਖੋਸਾ ਰਣਧੀਰ ਵਿਚ ਸ: ਖਜ਼ਾਨ ਸਿੰਘ ਜੀ ਦੇ ਘਰ ਮਾਤਾ ਪਰੇਮ ਕੌਰ ਦੀ ਕੁਖ ਤੋਂ ਹੋਇਆ। ਆਪ ਨੇ ਗੁਰਮੁਖੀ ਵਿਦਿਆ ਪੜ੍ਹੀ ਤੇ ਲੰਡੇ ਭੀ ਸਿਖੇ। ਸ਼ਹੀਦੀ ਜਥਿਆਂ ਦੀ ਸੇਵਾ ਕਰਨ ਬਦਲੇ ਆਪ ਪਰ ਮੁਕੱਦਮਾ ਚਲਾਇਆ ਗਿਆ। ਡਿਸਟਰਿਕਟ ਬੋਰਡ ਫੀਰੋਜ਼ਪੁਰ ਦੇ ਆਪ ਦਸ ਸਾਲ ਮੈਂਬਰ ਰਹੇ। ਇਸ ਸਮੇਂ ਆਪ ਗੁਰਦਵਾਰਾ ਖੋਸਾ ਰਣਧੀਰ ਦੇ ਪ੍ਰਧਾਨ ਹਨ ਤੇ ਪਿੰਡ ਵਿਚ ਸਕੂਲ ਦੀ ਪ੍ਰਵਾਨਗੀ ਲੈਣ ਦਾ ਉਦਮ ਕਰ ਰਹੇ ਹਨ।

## ਭਾ: ਚੰਨਣ ਸਿੰਘ ਜੀ ਭਿੰਡਰ

ਆਪ ਜੀ ਦਾ ਜਨਮ ਪਿੰਡ ਭਿੰਡਰ ਕਲਾਂ ਵਿਚ ਸ: ਬਿਸ਼ਨ ਸਿੰਘ ਜੀ ਦੇ ਘਰ ਮਾਤਾ ਗੁਲਾਬ ਕੌਰ ਦੀ ਕੁਖ ਤੋਂ ਹੋਇਆ। ਆਪ ਜੀ ਦਾ ਸਰੀਰ ਬਹੁਤ ਸੋਹਣਾ, ਕਦ ੬ ਫੁਟ ਤੇ ਰੰਗ ਗੋਰਾ। ਆਪ ੧੬ ਸਾਲ ਦੀ ਉਮਰ ਵਿਚ ਹੀ ਮਲਾਇਆ ਚਲੇ ਗਏ ਅਤੇ ਜਦ ਅਕਾਲੀ ਲਹਿਰ ਚਲੀ ਤਾਂ ਆਪ ਵਾਪਸ ਆ ਕੇ ਉਸ ਵਿਚ ਸ਼ਾਮਲ ਹੋ ਗਏ। ੬ਵੇਂ ਸ਼ਹੀਦੀ ਜਥੇ ਨਾਲ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ

Digitized by Panjab Digital Library | www.panjabdigilib.org

ਮੋਰਚਾ ਫਤਹਿ ਹੋਣ ਤੱਕ ਕੈਦ ਰਹੇ । ਗੁਰਮੁਖੀ ਵਿਦਿਆ ਆਪ ਨੇ ਜੇਹਲ ਵਿਚ ਹੀ ਪੜ੍ਹੀ ਤੇ ਵਾਪਸ ਆਕੇ ਗਿ: ਸੁੰਦਰ ਸਿੰਘ ਜੀ ਭਿੰਡਰ ਵਾਲਿਆਂ ਪਾਸੋਂ ਗੁਰਬਾਣੀ ਦੇ ਅਰਥ ਸਿੱਖੇ ।

## ਭਾ: ਭਾਗ ਸਿੰਘ ਜੀ ਚੁਘਾ ਕਲਾਂ

ਆਪ ਜੀ ਦਾ ਜਨਮ ਪਿੰਡ ਚੁਘਾ ਕਲਾਂ ਵਿਚ ਸ: ਜਗਤ ਸਿੰਘ ਜੀ ਨੰਬਰਦਾਰ ਦੇ ਘਰ ਮਾਤਾ ਭੋਲੀ ਦੀ ਕੁਖ ਤੋਂ ਹੋਇਆ । ਆਪ ੬ਵੇਂ ਸ਼ਹੀਦੀ ਜਥੇ ਨਾਲ ਜੈਤੋ ਦੇ ਮੋਰਚੇ ਵਿਚ ਗਏ ਤੇ ਫਤਹਿ ਹੋਣ ਤੱਕ ਨਾਭਾ ਬੀੜ ਵਿਚ ਤਸੀਹੇ ਝਲਦੇ ਰਹੇ । ਆਪ ਅਖੰਡ-ਪਾਠੀ, ਨਿਤਨੇਮੀ ਤੇ ਚੰਗੇ ਸੋਹਣੇ ਕੀਰਤਨੀਏ ਬਣੇ । ਆਪ ਦੀ ਗੰਭੀਰ ਅਵਾਜ਼ ਨਾਲ ਸਾਰਾ ਦੀਵਾਨ ਗੂੰਜ ਉਠਦਾ ਸੀ । ਆਪ ਨੇ ਕੀਰਤਨ ਪਚਾਰ ਨਾਲ ਇਲਾਕੇ ਵਿਚ ਬਹੁਤ ਧਰਮ-ਪ੍ਰਚਾਰ ਕੀਤਾ ।

## ਭਾਈ ਅਮਰ ਸਿੰਘ ਜੀ ਕੈਨੇਡੀਅਨ

ਆਪ ਜੀ ਦਾ ਜਨਮ ਪਿੰਡ ਭੋਲੂਵਾਲਾ ਖੋਸਿਆਂ ਦਾ ਵਿਚ ਸ: ਦਸੌਂਧਾ ਸਿੰਘ ਜੀ ਦੇ ਘਰ ਮਾਤਾ ਭਾਗ ਕੌਰ ਦੀ ਕੁਖ ਤੋਂ ਹੋਇਆ । ਆਪ ਨੇ ਬਚਪਨ ਵਿਚ ਗੁਰਮੁਖੀ ਵਿਦਿਆ ਪੜ੍ਹੀ ਤੇ ਜਵਾਨੀ ਦੀ ਉਮਰ ਵਿਚ ਕੈਨੇਡਾ ਚਲੇ ਗਏ । ਆਪ ਜੀ ਦੀਆਂ ਰੁਚੀਆਂ ਧਾਰਮਕ ਸਨ । ਜਦ ਅਕਾਲੀ ਲਹਿਰ ਚਲੀ ਤੇ ਕੈਨੇਡੀਅਨ ਸਿੰਘਾਂ ਦਾ ਜਥਾ ਉਸ ਵਿਚ ਹਿਸਾ ਲੈਣ ਲਈ ਆਇਆ ਤਾਂ ਸ: ਅਮਰ ਸਿੰਘ ਜੀ ਉਸ ਜਥੇ ਦੇ ਨਾਲ ਆਏ । ਇਹ ਜਥਾ ਜੈਤੋ ਗਿਆ ਤੇ ਮੋਰਚਾ ਫਤਹਿ ਹੋਣ ਪਰ ਵਾਪਸ ਅੰਮ੍ਰਿਤਸਰ ਆਇਆ । ਅੰਮ੍ਰਿਤਸਰ ਵਿਚ ਆਪ ਨੇ ਕਮੇਟੀ ਦੀ ੬ ਮਹੀਨੇ ਬਿਨਾਂ ਤਨਖਾਹ ਸੇਵਾ ਕੀਤੀ । ਇਥੋਂ ਆਪ ਸ੍ਰੀ ਹਜ਼ੂਰ ਸਾਹਿਬ ਚਲੇ ਗਏ ਤੇ ੬ ਮਹੀਨੇ ਉਥੇ ਸੇਵਾ ਕਰਦੇ ਰਹੇ । ਅਕਾਲੀ ਲਹਿਰ ਦੇ ਅੰਤ ਵਿਚ ਆਪ ਸਿਰੋਪਾਉ ਲੈ ਕੇ ਵਾਪਸ ਆਏ । ਕਾਂਗਰਸ ਸਤਿਆਗ੍ਰਹਿ ਵਿਚ ਭੀ ਆਪ ਜੀ ਨੇ ਕੈਦ ਕਟੀ ਤੇ ਦੇਸ਼ ਤੇ ਪੰਥ ਦੀ ਖਾਤਰ ਕੁਰਬਾਨੀ ਕਰਨ ਲਈ ਹਰ ਸਮੇਂ ਤਿਆਰ ਰਹਿੰਦੇ ਹਨ ।

## ਭਾ: ਸੁਚਾ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਵਾੜਾ ਜਵਾਹਰ ਸਿੰਘ ਵਿਚ ਸ: ਭਾਗ ਸਿੰਘ ਜੀ ਦੇ ਘਰ ਮਾਤਾ ਹਰ ਕੌਰ ਦੀ ਕੁਖ਼ੋਂ ਤੋਂ ਹੋਇਆ । ਆਪ ਨੇ ਜੈਤੋ ਦੇ ਪਹਿਲੇ ਸ਼ਹੀਦੀ ਜਥੇ ਵਿਚ ਜਾਣ ਲਈ ਨਾਮ ਦਿੱਤਾ, ਪਰ ਭਰਤੀ ਪੂਰੀ ਹੋਣ ਕਰਕੇ ਆਪ ਜੀ ਨੂੰ ਇਹ ਸੁਭਾਗ ਪ੍ਰਾਪਤ ਨਾ ਹੋਇਆ । ਫਿਰ ਆਪ ਸੇਵਾਦਾਰ ਬਣ ਕੇ ਨਾਲ ਚਲੇ ਗਏ ਤੇ ਜਦ ਜਥੇ ਪਰ ਗੋਲੀ ਚਲੀ ਤਾਂ ਆਪ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ੩੧ ਦਿਨ ਜੇਲ੍ਹ ਵਿਚ ਰਖ ਕੇ ਰਿਹਾ ਕੀਤੇ ਗਏ ।

## ਜਥੇਦਾਰ ਦਸੌਂਧਾ ਸਿੰਘ ਜੀ ਹਰਾਜ

ਆਪ ਜੀ ਦੇ ਪਿਤਾ ਦਾ ਨਾਮ ਸ: ਮੇਵਾ ਸਿੰਘ ਤੇ ਮਾਤਾ ਦਾ ਨਾਮ ਪ੍ਰੇਮ ਕੌਰ ਸੀ । ਆਪ ਨੇ ਅਕਾਲੀ ਲਹਿਰ ਵਿਚ ਵਧ ਚੜ੍ਹ ਕੇ ਹਿੱਸਾ ਲਿਆ । ਪਹਿਲੇ ਆਪ ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ ਤੇ ਦੋ ਸਾਲ ਕੈਦ ਕਟ ਕੇ ਆਏ । ਜੈਤੋ ਦੇ ਮੋਰਚੇ ਸਮੇਂ ਆਪ ਜਥਿਆਂ ਦੀ ਸੇਵਾ ਕਰਦੇ ਰਹੇ ਤੇ ਪਿਛੋਂ ਭੀ ਆਪ ਪੰਥਕ ਕੰਮਾਂ ਵਿਚ ਵਧ ਚੜ੍ਹ ਕੇ ਸਹਾਇਤਾ ਕਰਦੇ ਰਹੇ ।

Digitized by Panjab Digital Library | www.panjabdigilib.org

## ਭਾ: ਜਵਾਹਰ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਖਾਜਾ ਖੜਕ ਵਿਚ ਸ: ਪ੍ਰੇਮ ਸਿੰਘ ਜੀ ਦੇ ਘਰ ਮਾਤਾ ਪ੍ਰੇਮ ਕੌਰ ਦੀ ਕੁਖ ਤੋਂ ਹੋਇਆ। ਬਚਪਨ ਵਿਚ ਆਪ ਜੀ ਨੇ ਗੁਰਮੁਖੀ ਵਿਦਿਆ ਪੜ੍ਹੀ। ਆਪ ਜੀ ਦਾ ਖਾਨਦਾਨ ਗੁਰਸਿੱਖੀ ਜੀਵਨ ਵਾਲਾ ਸੀ ਤੇ ਆਪ ਦੇ ਪਿਤਾ ਜੀ ਨਿੱਤ-ਨੇਮੀ ਸਨ ਇਸ ਕਰਕੇ ਆਪ ਜੀ ਨੂੰ ਬਚਪਨ ਤੋਂ ਹੀ ਪੰਥ ਸੇਵਾ ਦੀ ਲਗਣ ਲੱਗ ਗਈ। ਪਹਿਲੇ ਆਪ ੨੫ ਸਿੰਘਾਂ ਦੇ ਜਥੇ ਨਾਲ ਜੈਤੋ ਗਏ ਤੇ ਬਾਬਲ ਕਾਂਟੀ ਛੱਡੇ ਗਏ। ਵਾਪਸ ਇਹ ਜਥਾ ਮੁਕਤਸਰ ਪੁਜਿਆ, ਜਥੇ ਨੂੰ ਹੋਰ ਕਿਸੇ ਮੋਰਚੇ ਵਿਚ ਨਾ ਭੇਜਿਆ ਗਿਆ। ਵਾਪਸ ਆ ਕੇ ਆਪ ਸ਼ਹੀਦੀ ਜਥਿਆਂ ਦੀ ਸੇਵਾ ਵਿਚ ਜੁੱਟ ਗਏ ਤੇ ਆਪ ਦੇ ਵਾਰੰਟ ਜਾਰੀ ਹੋ ਗਏ। ਇਸ ਕੇਸ ਵਿਚ ਆਪ ਨੂੰ ੯ ਮਹੀਨੇ ਸਜ਼ਾ ਹੋਈ। ਜੇਲ੍ਹ ਤੋਂ ਵਾਪਸ ਆਉਂਦੇ ਹੀ ਆਪ ਫਿਰ ਜਥੇ ਨਾਲ ਜੈਤੋ ਚਲੇ ਗਏ ਤੇ ਮੋਰਚਾ ਫਤਹਿ ਹੋਣ ਪਰ ਵਾਪਸ ਆਏ।

## ਭਾ: ਕ੍ਰਿਪਾਲ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਖਾਜਾ ਖੜਕ ਵਿਚ ਸ: ਜਗਤ ਸਿੰਘ ਜੀ ਦੇ ਘਰ ਮਾਤਾ ਦਾਨ ਕੌਰ ਦੀ ਕੁਖ ਤੋਂ ਹੋਇਆ। ਆਪ ਜੀ ਨੇ ਬਚਪਨ ਵਿਚ ਉਰਦੂ, ਅੰਗਰੇਜ਼ੀ, ਹਿੰਦੀ ਤੇ ਗੁਰਮੁਖੀ ਵਿਦਿਆ ਪੜ੍ਹੀ। ਜਵਾਨ ਹੋ ਕੇ ਆਪ ਪ੍ਰਾਗਰਾਜ ਜਾ ਕੇ ਰਸਾਲਾ ਨੰ: ੧੨ ਵਿਚ ਭਰਤੀ ਹੋ ਗਏ। ਪਹਿਲੀ ਜੰਗ ਵਿਚ ਆਪ ਬਸਰਾ, ਬਗਦਾਦ ਆਦਿ ਦੇਸ਼ਾਂ ਵਿਚ ਗਏ। ਜੰਗ ਖਤਮ ਹੋਣ ਪਰ ਆਪ ਮੇਰਠ ਛਾਉਣੀ ਆ ਗਏ। ਜਦ ਅਕਾਲੀ ਲਹਿਰ ਚਲੀ ਤਾ ਆਪ ਜੀ ਨੇ ਨਾਮ ਕਟਾਉਣ ਦਾ ਯਤਨ ਕੀਤਾ, ਜਦ ਕਿਸੇ ਪ੍ਰਕਾਰ ਨਾ ਮੰਨੇ ਤਾਂ ਆਪ ਨੇ ਦਸਤਾਰ ਬਿਨਾਂ ਸ਼ਮਲੇ ਤੋਂ ਬੰਨ੍ਹਣੀ ਸ਼ੁਰੂ ਕੀਤੀ। ਇਸ ਪਰ ਕਰਨਲ ਸਾਹਿਬ ਦੇ ਪੇਸ਼ੀ ਹੋਈ ਤਾਂ ਆਪ ਨੇ ਬੜੇ ਨਿਧੜਕ ਹੋ ਕੇ ਜਵਾਬ ਦਿੱਤੇ। ਆਪ ਨਾਮ ਕਟਾ ਕੇ ਆ ਗਏ, ਤੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਦੋ ਵੇਰ ਗਏ ਤੇ ਮਾਰ ਕੁਟ ਕੇ ਛੱਡੇ ਜਾਂਦੇ ਰਹੇ। ਤੀਜੀ ਵੇਰ ਆਪ ਫੀਰੋਜ਼ਪੁਰ ਦੇ ਸੌ ਸਿੰਘਾਂ ਦੇ ਜਥੇ ਨਾਲ ਸ਼ਾਮਲ ਹੋ ਕੇ ਗਏ। ੧੧ ਮਹੀਨੇ ਦੀ ਸਜ਼ਾ ਲਾਹੌਰ ਜੇਲ੍ਹ ਵਿਚ ਕਟੀ। ਆਪ ਸ਼੍ਰੋ: ਕਮੇਟੀ ਦੇ ਮੈਂਬਰ ਭੀ ਰਹੇ ਤੇ ਬਹਾਵਲ ਪੁਰ ਰਿਆਸਤ ਵਿਚ ਸਿੱਖੀ ਦਾ ਪ੍ਰਚਾਰ ਕਰਦੇ ਰਹੇ।

## ਭਾ: ਇੰਦਰ ਸਿੰਘ ਜੀ ਜਥੇਦਾਰ

ਆਪ ਜੀ ਦਾ ਜਨਮ ਪਿੰਡ ਭਾਈ ਕਾ ਵਾੜਾ ਵਿਚ ਸ: ਬਿਸ਼ਨ ਸਿੰਘ ਜੀ ਦੇ ਘਰ ਮਾਤਾ ਬਿਸ਼ਨ ਕੌਰ ਦੀ ਕੁਖ ਤੋਂ ਹੋਇਆ। ਆਪ ਜੀ ਨੇ ਬਚਪਨ ਵਿਚ ਗੁਰਮੁਖੀ ਵਿਦਿਆ ਉਦਾਸੀ ਸੰਤ ਪਾਸੋਂ ਪੜ੍ਹੀ। ਉਪ੍ਰੰਤ ਆਪ ਆਪਣੇ ਮਾਮੇ ਪਾਸ ਪਿੰਡ ਰਾਮ ਗੜ੍ਹ ਰਿ:ਪਟਿਆਲਾ ਵਿੱਚ ਚਲੇ ਗਏ ਉਹ ਸਿੰਘ ਸਭਾ ਦੇ ਮੋਢੀ ਸਨ। ਉਨ੍ਹਾਂ ਤੋਂ ਆਪ ਨੂੰ ਸਿੱਖੀ ਦੀ ਸਿਖਿਆ ਮਿਲੀ ਤੇ ਆਪ ਸਿੰਘ ਸਭਾ ਦੇ ਕਟਰ ਹਾਮੀ ਬਣ ਗਏ। ਜਦ ਸ੍ਰੀ ਨਨਕਾਣਾ ਸਾਹਿਬ ਦਾ ਸਾਕਾ ਹੋਇਆ ਤਾਂ ਆਪ ਜਥਾ ਲੈ ਕੇ ਸ੍ਰੀ ਅੰਮ੍ਰਿਤਸਰ ਪੁਜੇ। ਵਾਪਸ ਆ ਕੇ ਆਪ ਅਕਾਲੀ ਲਹਿਰ ਵਿਚ ਜਥੇਬੰਦੀ ਕਰਨ ਦਾ ਕੰਮ ਕਰਦੇ ਰਹੇ। ਜੈਤੋ ਦੇ ਮੋਰਚੇ ਵਿਚ ਜਾਣ ਲਈ ਜੋ ਪਹਿਲਾ ਸ਼ਹੀਦੀ ਜਥਾ ਚਲਿਆ ਉਸਦੇ ਫੀਰੋਜ਼ਪੁਰ ਦੇ ਪੜਾਵਾਂ ਦਾ ਪ੍ਰਬੰਧ ਆਪ ਦੇ ਸਪੁਰਦ ਸੀ। ਸ: ਖ਼ਜ਼ਾਨ ਸਿੰਘ ਸਿੰਘਾਂਵਾਲੇ ਦੇ ਗ੍ਰਿਫਤਾਰ ਹੋਣ ਪਰ ਆਪ ਜ਼ਿਲੇ ਦੇ ਜਥੇਦਾਰ ਚੁਣੇ ਗਏ ਸਨ। ਜਥੇ ਤੇ ਗੋਲੀ ਚਲਣ ਸਮੇਂ ਭੀ ਆਪ ਨਾਲ ਸਨ। ਜਥਿਆਂ ਦੀ ਸੇਵਾ ਕਰਨ ਦੇ ਦੋਸ਼ ਵਿਚ ਆਪ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ੬ ਮਹੀਨੇ ਦੀ ਸਜ਼ਾ ਤੇ ੧ ਸੌ ਰੁਪਿਆ ਜੁਰਮਾਨਾ ਹੋਇਆ। ਪੰਥ ਵਿਚ ਫੁਟ ਪੈਣ ਕਰਕੇ ਆਪ ਜੀ ਦਾ ਦਿਲ ਟੁਟ ਗਿਆ ਤੇ ਆਪ ਪੰਥ ਸੇਵਾ ਤੋਂ ਪਿਛੇ ਹਟ ਗਏ।

Digitized by Panjab Digital Library | www.panjabdigilib.org

## ਭਾ: ਇੰਦਰ ਸਿੰਘ ਜੀ ਸਰਾਂ ਵਾਲੀ

ਆਪ ਜੀ ਦੇ ਪਿਤਾ ਦਾ ਨਾਮ ਗਜਣ ਸਿੰਘ ਤੇ ਮਾਤਾ ਦਾ ਨਾਮ ਸਦਾ ਕੌਰ ਸੀ। ਆਪ ਅਕਾਲੀ ਲਹਿਰ ਵਿਚ ਪ੍ਰਚਾਰ ਦੁਆਰਾ ਬਹੁਤ ਹਿੱਸਾ ਲੈਂਦੇ ਰਹੇ। ਆਪ ਚੰਗੇ ਸੋਹਣੇ ਰਾਗੀ ਸਨ। ਤੇ ਜਥਿਆਂ ਨਾਲ ਕੀਰਤਨ ਕਰਿਆ ਕਰਦੇ ਸਨ। ਜਥਿਆਂ ਦੀ ਸੇਵਾ ਕਰਨ ਕਰਕੇ ਆਪ ਜੀ ਦੇ ਵਰੰਟ ਜਾਰੀ ਹੋ ਗਏ ਪਰ ਆਪ ਸੰਗਤ ਦੇ ਅਨੁਸਾਰ ਗੁਪਤ ਰਹਿਕੇ ਭੀ ਪ੍ਰਚਾਰ ਸੇਵਾ ਕਰਦੇ ਰਹੇ। ਆਪ ਗੁਰਦਵਾਰਾ ਕਮੇਟੀ ਵਾਜੀਦਪੁਰ ਦੇ ੧੧ ਸਾਲ ਮੈਂਬਰ ਰਹੇ ਤੇ ਗੁਰਦਵਾਰੇ ਦੀ ਸੇਵਾ ਕਰਦੇ ਰਹੇ।

## ਭਾਈ ਇੰਦਰ ਸਿੰਘ ਜੀ ਵਾੜਾ ਜੈਦਾ

ਇਸ ਨਗਰ ਦੀ ਮੋੜ੍ਹੀ ਸ: ਜਵਾਹਰ ਸਿੰਘ ਜੀ ਨੇ ਮੁਦਕੀ ਦੀ ਲੜਾਈ ਤੋਂ ਇਕ ਸਾਲ ਪਿਛੋਂ ਗੱਡੀ। ਇਥੇ ਸਭ ਸਿਧੂ ਬਰਾੜ ਵਸਦੇ ਹਨ। ਇਸ ਨਗਰ ਦੇ ਸ: ਇੰਦਰ ਸਿੰਘ ਜੀ ਸਪੁਤਰ ਸ: ਹਰਨਾਮ ਸਿੰਘ ਜੀ ਅਕਾਲੀ ਲਹਿਰ ਦੇ ਚੰਗੇ ਵਰਕਰ ਹੋਏ ਹਨ। ਆਪ ਜੈਤੋ ਦੇ ਮੋਰਚੇ ਵਿਚ ਜਥੇ ਨਾਲ] ਗਏ ਤੇ ਮੋਰਚਾ ਫਤਹਿ ਹੋਣ ਪਰ ਵਾਪਸ ਆਏ।

## ਗਿ: ਚੰਨਣ ਸਿੰਘ ਜੀ ਤਲਵੰਡੀ ਮੱਲ੍ਹੀਆਂ

ਆਪ ਪਿੰਡ ਤਲਵੰਡੀ ਮੱਲ੍ਹੀਆਂ ਜ਼ਿਲਾ ਫੀਰੋਜ਼ਪੁਰ ਦੇ ਵਸਨੀਕ ਹਨ। ਆਪ ਜੀ ਦੇ ਪਿਤਾ ਦਾ ਨਾਮ ਸ: ਭਾਨ ਸਿੰਘ ਜੀ ਸੀ। ਆਪ ਨੂੰ ਗੁਰੂ ਘਰ ਦੇ ਨਾਲ ਖਾਸ ਪਰੇਮ ਤੇ ਹਿਤ ਹੈ। ਹਠੀਲੇ ਏਨੇ ਹਨ ਕਿ ਹਠ ਤੇ ਆ ਜਾਂਦੇ ਤਾਂ ਸੱਤ ਅਸੱਤ ਨਹੀਂ ਵਿਚਾਰਦੇ। ਅਕਾਲੀ ਲਹਿਰ ਸਮੇਂ ਆਪ ਛੇਵੇਂ ਸ਼ਹੀਦੀ ਜਥੇ ਵਿਚ ਸ਼ਾਮਲ ਹੋ ਕੇ ਜੈਤੋ ਪੁਜੇ। ਜੇਲ੍ਹ ਦੀਆਂ ਮੁਸੀਬਤਾਂ ਝਲੀਆਂ ਤੇ ਸਿਖੀ ਸ਼ਾਨ ਨੂੰ ਉਚਿਆਂ ਰੱਖਿਆ।

## ਵੈਦ ਹਰਨਾਮ ਸਿੰਘ ਜੀ ਤਲਵੰਡੀ ਮੱਲ੍ਹੀਆਂ

ਆਪ ਜੀ ਦਾ ਜਨਮ ਸ: ਗੁਰਮੁਖ ਸਿੰਘ ਜੀ ਦੇ ਘਰ ਮਾਤਾ ਸਦਾ ਕੌਰ ਦੀ ਕੁਖ ਤੋਂ ਹੋਇਆ। ਆਪ ਜੀ ਨੇ ਮੋਰਚਾ ਜੈਤੋ, ਗੁਰੂ ਕੇ ਬਾਗ ਆਦਿ ਵਿਚ ਕਈ ਵਾਰੀ ਸਜ਼ਾਵਾਂ ਅਤੇ ਹਕੂਮਤ ਵਲੋਂ ਦਿਤੇ ਤਸੀਹੇ ਖਿੜੇ ਮਥੇ ਸਹਾਰਦੇ ਹੋਏ ਜ਼ਾਲਮਾਂ ਨੂੰ ਹਾਰ ਦਿੰਦੇ ਸਦਾ ਚੜ੍ਹਦੀਆਂ ਕਲਾਂ ਵਿਚ ਰਹੇ। ਆਪ ਜੀ ਵੈਦਕ ਵਿਚ ਬੜੇ ਮਾਹਰ ਹੋਣ ਤੇ ਵੈਦਕ ਮੰਡਲ ਦੇ ਮੁਖੀ ਸਨ। ਮਿਠ ਬੋਲੜੇ ਸੁਭਾ ਅਤੇ ਸੰਜਮੀ ਹੋਣ ਤੇ ਆਪ ਜੀ ਧਰਮ ਅਰਥ ਬੋਰਡ ਦੇ ਮੈਂਬਰ ਲਏ ਗਏ। ਜਿਥੇ ਆਪ ਜੀ ਨੇ ਬੜੀ ਯੋਗਤਾ ਨਾਲ ਕੰਮ ਨਿਭਾਇਆ।

## ਤਲਵੰਡੀ ਮੱਲ੍ਹੀਆਂ ਦੇ ਹੋਰ ਸਿੰਘ

ਭਾਈ ਗੁਰਨਾਮ ਸਿੰਘ ਜੀ ਸੰਗਾ — ਆਪ ਜੈਤੋ ਦੇ ਮੋਰਚੇ ਵਿਚ ਗਏ।

ਭਾਈ ਜੇਠਾ ਸਿੰਘ ਜੀ — ਭਾਈ ਦਸੌਂਧਾ ਸਿੰਘ ਜੀ

ਭਾਈ ਸਰਦਾਰਾ ਸਿੰਘ ਜੀ — ਭਾਈ ਮੋਤਾ ਸਿੰਘ ਜੀ

ਭਾਈ ਸੱਚਾ ਸਿੰਘ ਜੀ ਅਕਾਲੀ — ਆਪ ਮੋਰਚਾ ਜੈਤੋ ਵਿਚ ਗਏ।

## ਸ: ਵਧਾਵਾ ਸਿੰਘ ਮੇਲਕ

ਆਪ ਜੀ ਦਾ ਜਨਮ ਪਿੰਡ ਮੇਲਕ ਵਿਚ ਸ: ਈਸ਼ਰ ਸਿੰਘ ਦੇ ਘਰ ਮਾਤਾ ਗੁਲਾਬ ਕੌਰ

Digitized by Panjab Digital Library | www.panjabdigilib.org

ਦੀ ਕੁਖ ਤੋਂ ਹੋਇਆ । ਅੰਗਰੇਜ਼ੀ ਰਾਜ ਤੋਂ ਆਪ ਦੇ ਘਰ ਪੁਸ਼ਤ ਪਰ ਪੁਸ਼ਤ ਨੰਬਰਦਾਰੀ ਚਲੀ ਆਉਂਦੀ ਸੀ ੧੯੨੪ ਵਿਚ ਆਪ ਜੀ ਨੰਬਰਦਾਰੀ ਕਰ ਰਹੇ ਸਨ ਅਤੇ ਜੈਤੋ ਦੇ ਮੋਰਚੇ ਮੁਤਲਕ ਆਪ ਜੀ ਦੇ ਪਿੰਡ ਅਕਾਲੀਆਂ ਦਾ ਦੀਵਾਨ ਆਰੰਭ ਸੀ ਜਿਸ ਕਰਕੇ ਡਿਪਟੀ ਕਮਿਸ਼ਨਰ ਫੀਰੋਜ਼ਪੁਰ ਖੁਦ ਦੀਵਾਨ ਨੂੰ ਰੋਕਣ ਵਾਸਤੇ ਪੁਜਿਆ ਅਤੇ ਚੌਕੀਦਾਰ ਰਾਹੀਂ ਨੰਬਰਦਾਰ ਜੀ ਨੂੰ ਸਦਿਆ। ਅਗੇ ਨੰਬਰਦਾਰ ਵਧਾਵਾ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਸ੍ਰੀ ਸਾਹਿਬ ਲੈ ਕੇ ਪਹਿਰਾ ਦੇ ਰਹੇ ਸਨ, ਜਿਸ ਕਰਕੇ ਚੌਕੀਦਾਰ ਨੂੰ ਕਿਹਾ ਕਿ ਏਥੋਂ ਸੇਵਾ ਤੋਂ ਫਾਰਗ ਹੋਵਾਂਗਾ ਤਾਂ ਸਾਹਿਬ ਦੇ ਪਾਸ ਆਵਾਂਗਾ, ਇਸ ਤਰਾਂ ਚੌਕੀਦਾਰ ਦੇ ਤਿੰਨ ਦਫਾ ਆਉਣ ਤੇ ਨਾ ਗਏ, ਤਾਂ ਡਿਪਟੀ ਸਾਹਿਬ ਨੇ ਫੀਰੋਜ਼ਪੁਰ ਬੁਲਾਇਆ ਅਤੇ ਤਾੜ ਕੇ ਪੁਛਿਆ ਤੇਰੇ ਪਿੰਡ ਤੈਨੂੰ ਬੁਲਾਉਣ ਤੇ ਤੂੰ ਕਿਉਂ ਨਹੀਂ ਆਇਆ ? ਵਧਾਵਾ ਸਿੰਘ ਨੇ ਕਿਹਾ, ਸਚੀ ਸਰਕਾਰ ਦੀ ਅਦਾਲਤ ਵਿਚੋਂ, ਝੂਠੀ ਸਰਕਾਰ ਦੀ ਸੇਵਾ ਵਿਚ ਆਉਣਾ ਠੀਕ ਨਹੀਂ ਸੀ। ਡਿਪਟੀ ਨੇ ਕਿਹਾ, ਤੇਰੀ ਨੰਬਰਦਾਰੀ ਤੋੜ ਲਈ ਹੈ, ਤਾਂ ਨੰਬਰਦਾਰ ਨੇ ਮੋਹਰ ਲਾਹ ਕੇ ਡਿਪਟੀ ਦੇ ਅਗੇ ਰਖ ਦਿਤੀ । ਇਸ ਨੰਬਰਦਾਰੀ ਦੇ ਬਾਰੇ ਮੇਲਕ ਪਿੰਡ ਦੇ ਲੋਕਾਂ ਨੂੰ ਡਿਪਟੀ ਨੇ ਕਿਹਾ ਕਿ ਕੋਈ ਦਰਖਾਸਤ ਕਰੋ, ਸਾਰੇ ਪਿੰਡ ਨੇ ਇਤਫਾਕ ਕਰਕੇ ਜਵਾਬ ਦਿਤਾ। ਜਿਸ ਤੋਂ ਹਾਰ ਕੇ ਡਿਪਟੀ ਨੇ ਵਧਾਵਾ ਸਿੰਘ ਨੂੰ ਬਹਾਲ ਕਰ ਦਿਤਾ ।

ਹੁਣ ਆਪ ਜੀ ਦੇ ਸਪੁਤਰ ਸ: ਨਰੈਣ ਸਿੰਘ ਜੀ ਨੰਬਰਦਾਰੀ ਕਰਦੇ ਹਨ । ਸਾਰੇ ਪਿੰਡ ਦਾ ਬਹੁਤ ਇਤਫਾਕ ਹੈ ਅਤੇ ਸਾਰੇ ਇਲਾਕੇ ਵਿਚ ਮੇਲਕ ਦੇ ਹੇਠ ਲਿਖੇ ਸਜਣ ਬੜੀ ਪ੍ਰਸਿਧਤਾ ਰਖਦੇ ਹਨ:– ਸ: ਪ੍ਰੀਤਮ ਸਿੰਘ, ਸ: ਇਦਰ ਸਿੰਘ, ਸ: ਮਘਰ ਸਿੰਘ, ਨੰਬਰਦਾਰ ਚੰਦਾ ਸਿੰਘ, ਸ: ਰਾਮ ਸਿੰਘ, ਸ: ਕਰਤਾਰ ਸਿੰਘ ਮਾਸਟਰ, ਪੰਡਤ ਕਾਸ਼ੀ ਰਾਮ, ਸ: ਤੋਤਾ ਸਿੰਘ ਇਤ ਆਦਿ ।

## ਸ: ਹੀਰਾ ਸਿੰਘ ਜੀ ਫਤਹਿ ਗੜ੍ਹ ਕੋਰੋਟਾਨਾ

ਆਪ ਜੀ ਦਾ ਜਨਮ ਪਿੰਡ ਫਤਹਿਗੜ੍ਹ ਕੋਰੋਟਾਣਾ ਵਿਚ ਸ: ਰਾਮ ਸਿੰਘ ਮਾਤਾ ਮਾਨ ਕੌਰ ਦੇ ਘਰ ਹੋਇਆ। ਆਪ ਜੀ ਦਾ ਬਚਪਨ ਮਾਤਾ ਪਿਤਾ ਦੀਆਂ ਮਿਠੀਆਂ ਲੋਰੀਆਂ ਵਿਚ ਬਤੀਤ ਕਰਦਿਆਂ ਹੋਇਆਂ ਆਪ ਜੀ ਸਕੂਲੇ ਪੜ੍ਹਨ ਪਾਏ ਗਏ ਅਤੇ ਅਠਵੀਂ ਪਾਸ ਕਰਕੇ ਤਹਿਸੀਲ ਵਿਚ ਮੁਣਸ਼ੀ ਦਾ ਕੰਮ ਕਰਦੇ ਰਹੇ, ਜਦ ੧੯੨੧ ਵਿਚ ਅਕਾਲੀ ਲਹਿਰ ਆਰੰਭ ਹੋਈ ਤਾਂ ਆਪ ਜੀ ਨੇ ਅਕਾਲੀ ਲਹਿਰ ਦਾ ਬੜੀ ਤੇਜ਼ੀ ਨਾਲ ਪ੍ਰਚਾਰ ਕਰਨਾ ਸ਼ੁਰੂ ਕੀਤਾ ਇਸ ਕਰਕੇ ਫਤਿਹ ਗੜ੍ਹ ਦੇ ਆਲੇ ਦੁਆਲੇ ਦੇ ਪਿੰਡਾਂ ਵਿਚੋਂ ਹਰ ਇਕ ਮੋਰਚੇ ਵਿਚ ਬਹੁਤ ਸਿੰਘ ਗਏ ਅਤੇ ਫਤਹਿ ਗੜ੍ਹ ਦੇ ਹੇਠ ਲਿਖੇ ਸਿੰਘਾਂ ਨੇ ਬੜੀ ਉਦਾਰਤਾ ਨਾਲ ਅਕਾਲੀ ਲਹਿਰ ਵਿਚ ਕੰਮ ਕੀਤੇ ਆਪ ਜੀ ਜੈਤੋ ਦੇ ਮੋਰਚੇ ਵਿਚ ਛੇਵੇਂ ਸ਼ਹੀਦੀ ਜਥੇ ਵਿਚ ਭਰਤੀ ਹੋ ਕੇ ਨਾਭਾ ਬੀੜ ਦੇ ਤਸੀਹੇ ਸਹੇ, ਆਪ ਚਾਹੇ ਬਿਰਧ ਸਨ, ਪਰ ਦਿਲ ਨੌਜਵਾਨਾ ਵਾਲਾ ਰਖਦੇ ਸਨ, ਆਪ ਦੇ ਪਾਸ ਸਾਰਾ ਦਿਨ ਇਕੱਠ ਰਹਿਣਾ ਕਿਉਂਕਿ ਹਸਮੁਖ ਐਨੇ ਸਨ, ਚਾਹੁਣ ਤਾਂ ਰੋਂਦੇ ਨੂੰ ਹਸਾ ਦਿੰਦੇ ਸਨ।

## ਭਾਈ ਰੰਗਾ ਸਿੰਘ ਜੀ ਅਕਾਲੀ

ਸ: ਰੰਗਾ ਸਿੰਘ ਜੀ ਦਾ ਜਨਮ ਪਿੰਡ ਫਤਹਿਗੜ੍ਹ ਕੋਰੋਟਾਣਾ ਵਿਕ ਸ: ਸੰਤਾ ਸਿੰਘ ਜੀ ਦੇ ਘਰ ਮਾਤਾ ਪ੍ਰੇਮ ਕੌਰ ਦੀ ਕੁਖ ਤੋਂ ਹੋਇਆ । ਬਚਪਨ ਵਿਚ ਆਪ ਜੀ ਨੇ ਗੁਰਮੁਖੀ ਵਿਦਿਆ ਪੜ੍ਹੀ । ਅਕਾਲੀ ਲਹਿਰ ਵਿਚ ਆਪ ਜੀ ਨੇ ਵਧ ਚੜ੍ਹਕੇ ਹਿਸਾ ਲਿਆ । ਪਹਿਲੇ ਸ਼ਹੀਦੀ ਜਥੇ

Digitized by Panjab Digital Library | www.panjabdigilib.org

ਨਾਲ ਆਪ ਜੈਤੋ ਗਏ ਤੇ ਮੋਰਚਾ ਫਤਹਿ ਹੋਣ ਤਕ ਬੀੜ ਵਿਚ ਰਹੇ । ਆਪ ਬੜੇ ਗੁਰਮੁਖ ਗੁਰਸਿੱਖ ਸਨ ।

## ਭਾਈ ਜੋਗਿੰਦਰ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਫਤਹਿਗੜ੍ਹ ਕੋਰੋਟਾਨਾ ਵਿਚ ਸ: ਵਸਾਵਾ ਸਿੰਘ ਜੀ ਦੇ ਘਰ ਹੋਇਆ । ਆਪ ਪਹਿਲੇ ਸ਼ਹੀਦੀ ਜਥੇ ਵਿਚ ਜੈਤੋ ਗਏ ਅਤੇ ਮੋਰਚਾ ਫਤਹਿ ਹੋਣ ਪਰ ਵਾਪਸ ਆਏ । ਇਸ ਨਗਰ ਦੇ ਸ: ਵਧਾਵਾ ਸਿੰਘ ਸਪੁਤ੍ਰ ਸ: ਸ਼ੇਰ ਸਿੰਘ, ਸ: ਹੀਰਾ ਸਿੰਘ ਸਪੁਤਰ ਸ: ਰਾਮ ਸਿੰਘ, ਸ: ਭਾਨ ਸਿੰਘ ਸਪੁਤ੍ਰ ਸ: ਬੂਟਾ ਸਿੰਘ, ਸ: ਹਰਨਾਮ ਸਿੰਘ ਸਪੁਤ੍ਰ ਸ: ਭਗਤ ਸਿੰਘ ਜੀ ਭੀ ਜੈਤੋ ਦੇ ਮੋਰਚੇ ਵਿਚ ਸ਼ਹੀਦੀ ਜਥਿਆਂ ਨਾਲ ਗਏ ਤੇ ਪੰਥਕ ਸੇਵਾ ਲਈ ਤਨ, ਮਨ, ਧਨ ਕੁਰਬਾਨ ਕਰਨ ਤੋਂ ਭੀ ਸੰਕੋਚ ਨਾ ਕੀਤੀ ।

## ਇੰਦ੍ਰਗੜ੍ਹ ਦੇ ਸਿੰਘ

ਇੰਦਰਗੜ੍ਹ ਦੀ ਸੰਗਤ ਨੇ ਹਰ ਤਰ੍ਹਾਂ ਦੀ ਸੇਵਾ ਵਿਚ ਵਧ ਚੜ੍ਹਕੇ ਹਿਸਾ ਲੈਣ ਤੋਂ ਇਲਾਵਾ ਹੇਠ ਲਿਖੇ ਸਿੰਘਾਂ ਨੇ ਮੋਰਚੇ ਵਿਚ ਹਿਸਾ ਲਿਆ:—

| | | |
|---|---|---|
| ਸ: ਸੁੰਦਰ ਸਿੰਘ | ਪਿਤਾ ਸ: ਫੁਮਣ ਸਿੰਘ | ਮਾਤਾ ਧਰਮ ਕੌਰ |
| ਜਥੇਦਾਰ ਲਾਲ ਸਿੰਘ | ਪਿਤਾ ਸ: ਸੇਵਾ ਸਿੰਘ | ਮਾਤਾ ਰਾਮ ਕੌਰ |
| ਸ: ਭਗਤ ਸਿੰਘ | ਪਿਤਾ ਸ: ਗੁਰਦਿਤ ਸਿੰਘ | ਮਾਤਾ ਜੀਵੀ |
| ਸ: ਸ਼ਾਮ ਸਿੰਘ | ਪਿਤਾ ਸ: ਧੰਨਾ ਸਿੰਘ | ਮਾਤਾ ਰਤਨ ਕੌਰ |
| ਭਾਈ ਮਸਾ ਸਿੰਘ | ਪਿਤਾ ਸ: ਫੁਮਣ ਸਿੰਘ | ਮਾਤਾ ਅਤਰ ਕੌਰ |

## ਤਹਿਸੀਲ ਜ਼ੀਰਾ ਦੇ ਹੋਰ ਸੂਰਬੀਰ ਸਿੰਘ

ਬਾਵਾ ਵਧਾਵਾ ਸਿੰਘ ਪਿਤਾ ਸ: ਸ਼ੇਰ ਸਿੰਘ ਮਾਤਾ ਰਾਜ ਕੌਰ ਪਿੰਡ ਫਤਹਿਗੜ੍ਹ ਕੋਰੋਟਾਣਾ ਆਪ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਕੈਦ ਕਟੀ ।

ਭਾਈ ਹਰਨਾਮ ਸਿੰਘ ਪਿਤਾ ਸ: ਭਗਤ ਸਿੰਘ ਜੀ ਮਾਤਾ ਦਾਨ ਕੌਰ ਪਿੰਡ ਫਤਹਿਗੜ੍ਹ ਕੋਰੋਟਾਣਾ ਆਪ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਕੈਦ ਕੱਟੀ ।

ਭਾਈ ਭਾਨ ਸਿੰਘ ਪਿਤਾ ਸ: ਬੂਟਾ ਸਿੰਘ ਮਾਤਾ ਰਾਮ ਕੌਰ ਫਤਹਿਗੜ੍ਹ ਕੋਰੋਟਾਣਾ ਆਪ ਜੈਤੋ ਦੇ ਮੋਰਚੇ ਵਿਚ ਪਹਿਲੇ ਸ਼ਹੀਦੀ ਜਥੇ ਨਾਲ ਗਏ ਤੇ ਕੈਦ ਕੱਟੀ ।

ਭਾਈ ਸੁੰਦਰ ਸਿੰਘ ਪਿੰਡ ਫਤਹਿਗੜ੍ਹ ਕੋਰੋਟਾਣਾ ਆਪ ਮੋਰਚਾ ਜੈਤੋ ਵਿਚ ਗਏ ।

ਭਾਈ ਚੰਨਣ ਸਿੰਘ ਪਿਤਾ ਸ: ਜੀਵਾ ਸਿੰਘ ਮਾਤਾ ਖੇਮ ਕੌਰ ਪਿੰਡ ਫਤਹਿਗੜ੍ਹ ਕੋਰੋਟਾਣਾ ਆਪ ਜੈਤੋ ਵਿਚ ਪਹਿਲੇ ਸ਼ਹੀਦੀ ਜਥੇ ਨਾਲ ਗਏ ਕੈਦ ਹੋਏ ।

ਭਾਈ ਦਸੌਂਧਾ ਸਿੰਘ ਪਿਤਾ ਸ: ਵੀਰ ਸਿੰਘ ਮਾਤਾ ਨੰਦ ਕੌਰ ਪਿੰਡ ਫਤਹਿਗੜ੍ਹ ਕੋਰੋਟਾਣਾ ਆਪ ਛੇਵੇਂ ਸ਼ਹੀਦੀ ਜਥੇ ਨਾਲ ਗਏ ।

ਭਾਈ ਈਸ਼ਰ ਸਿੰਘ ਪਿਤਾ ਸ: ਸੁੰਦਰ ਸਿੰਘ ਮਾਤਾ ਰਾਜ ਕੌਰ ਪਿੰਡ ਫਤਹਿਗੜ੍ਹ ਕੋਰੋਟਾਣਾ ਆਪ ਪਹਿਲੇ ਸ਼ਹੀਦੀ ਜਥੇ ਨਾਲ ਜੈਤੋ ਗਏ ਤੇ ਕੈਦ ਕੱਟੀ ।

ਭਾਈ ਅਰਜਨ ਸਿੰਘ ਪਿਤਾ ਮਤਾਬ ਸਿੰਘ ਮਾਤਾ ਮਹਾਂ ਕੌਰ ਪਿੰਡ ਫਤਹਿਗੜ੍ਹ ਕੋਰੋਟਾਣਾ ਆਪ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਕੈਦ ਹੋਏ ।

Digitized by Panjab Digital Library | www.panjabdigilib.org

ਭਾਈ ਬਾਬੂ ਸਿੰਘ ਪਿਤਾ ਸ: ਸਾਉਣ ਸਿੰਘ ਮਾਤਾ ਗਨੇਸ਼ ਕੌਰ ਪਿੰਡ ਫਤਹਿਗੜ੍ਹ ਕੋਰੋਟਾਣਾ ਆਪ ਪਹਿਲੇ ਸ਼ਹੀਦੀ ਜਥੇ ਵਿਚ ਗਏ ਤੇ ਕੈਦ ਹੋਏ।

ਭਾਈ ਸਰਦੂਲ ਸਿੰਘ ਪਿਤਾ ਸ: ਸੰਤ ਸਿੰਘ ਮਾਤਾ ਕਿਸ਼ਨ ਕੌਰ ਪਿੰਡ ਫਤਹਿਗੜ੍ਹ ਕੋਰੋਟਾਣਾ ਆਪ ਪਹਿਲੇ ਸ਼ਹੀਦੀ ਜਥੇ ਵਿਚ ਗਏ ਤੇ ਕੈਦ ਕੱਟੀ।

ਭਾਈ ਸੋਹਣ ਸਿੰਘ ਪਿਤਾ ਸ: ਬਦਨ ਸਿੰਘ ਮਾਤਾ ਜੀਉਣ ਕੌਰ ਪਿੰਡ ਫ਼ਤਹਿਗੜ੍ਹ ਕੋਰੋਟਾਣਾ ਆਪ ਜੈਤੋ ਵਿਚ ਪਹਿਲੇ ਸ਼ਹੀਦੀ ਜਥੇ ਨਾਲ ਗਏ ਤੇ ਕੈਟ ਕੱਟੀ।

ਭਾਈ ਜੁਆਲਾ ਸਿੰਘ ਪਿਤਾ ਸ: ਅਮਰ ਸਿੰਘ ਪਿੰਡ ਫਤਹਿਗੜ੍ਹ ਕੋਰੋਟਾਣਾ ਆਪ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਕੈਦ ਹੋਏ।

ਭਾਈ ਦੇਵਾ ਸਿੰਘ ਪਿਤਾ ਸ: ਨਿਹਾਲ ਸਿੰਘ ਮਾਤਾ ਭੋਲੀ ਪਿੰਡ ਫਤਹਿਗੜ੍ਹ ਕੋਰੋਟਾਣਾ ਆਪ ੨੫ ਸਿੰਘਾਂ ਦੇ ਜਥੇ ਨਾਲ ਗਏ ਤੇ ਕੈਦ ਹੋਏ।

ਭਾਈ ਬਿਸ਼ਨ ਸਿੰਘ ਪਿਤਾ ਸ: ਹੀਰਾ ਸਿੰਘ ਪਿੰਡ ਫਤਹਿਗੜ੍ਹ ਕੋਰੋਟਾਣਾ ਆਪ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਕੈਦ ਕੱਟੀ।

ਭਾਈ ਸੇਵਾ ਸਿੰਘ ਪਿਤਾ ਸ: ਕਾਲਾ ਸਿੰਘ ਮਾਤਾ ਜਮਾ ਕੌਰ ਪਿੰਡ ਫ਼ਤਹਿਗੜ੍ਹ ਕੋਰੋਟਾਣਾ ਆਪ ਛੇਵੇਂ ਸ਼ਹੀਦੀ ਜਥੇ ਨਾਲ ਜੈਤੋ ਗਏ ਤੇ ਕੈਦ ਹੋਏ।

ਭਾਈ ਬੂੜ ਸਿੰਘ ਪਿਤਾ ਸ: ਬੇਲਾ ਸਿੰਘ ਮਾਤਾ ਜਸ ਕੌਰ ਪਿੰਡ ਧਰਮਕੋਟ ਆਪ ਨੇ ਮੋਰਚਾ ਜੈਤੋ ਵਿਚ ਕੈਦ ਕੱਟੀ ਅਤੇ ਗੁਰੂ ਕੇ ਬਾਗ ਵੀ ਗਏ।

ਭਾਈ ਚੇਤ ਸਿੰਘ ਪਿਤਾ ਸ: ਨਿਕਾ ਸਿੰਘ ਪਿੰਡ ਭਿੰਡਰ ਕਲਾਂ ਮੋਰਚਾ ਜੈਤੋ ਵਿਚ ਗਏ।

ਭਾਈ ਬਖਤੌਰ ਸਿੰਘ ਪਿਤਾ ਸ: ਸੁੰਦਰ ਸਿੰਘ ਮਾਤਾ ਕਰਮ ਕਰ ਪਿੰਡ ਭਿੰਡਰ ਖੁਰਦ ਆਪ ਮੋਟਚਾ ਜੈਤੋ ਵਿਚ ਗਏ ਤੇ ਕੈਦ ਕੱਟੀ।

ਭਾਈ ਪਾਖਰ ਸਿੰਘ ਨਿਹੰਗ ਪਿਤਾ ਸ: ਠੋਲਾ ਸਿੰਘ ਪਿੰਡ ਭਿਡਰ ਖੁਰਦ ਆਪ ਜੀ ਮੋਰਚਾ ਜੈਤੋ ਵਿਚ ਗਏ।

ਭਾਈ ਵਰਿਆਮ ਹਿੰਘ ਪਿਤਾ ਸ: ਸੋਭਾ ਸਿੰਘ ਮਾਤਾ ਸਾਹਿਬ ਕੌਰ ਪਿੰਡ ਭਿੰਡਰ ਖੁਰਦ ਆਪ ਅਕਾਲੀ ਵਰਕਰ ਸਨ ਤੇ ਭਰਤੀ ਦੀ ਸੇਵਾ ਕਰਦੇ ਰਹੇ।

ਭਾਈ ਇੰਦਰ ਸਿੰਘ ਜੀ ਅਕਾਲੀ ਪਿਤਾ ਸ: ਵੀਰ ਸਿੰਘ ਮਾਤਾ ਰਾਮ ਕੌਰ ਪਿੰਡ ਚੁਘਾ ਕਲਾਂ ਆਪ ਜੈਤੋ ਵਿਚ ਛੇਵੇਂ ਜਥੇ ਨਾਲ ਗਏ।

ਭਾਈ ਗੁਰਦਿਤ ਸਿੰਘ ਪਿਤਾ ਸ: ਧਿਆਨ ਸਿੰਘ ਪਿੰਡ ਚੁਘਾ ਕਲਾਂ ਆਪ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਕੈਦ ਕਟੀ।

ਭਾਈ ਸੁਚਾ ਸਿੰਘ ਪਿਤਾ ਸ: ਕਿਸ਼ਨ ਸਿੰਘ ਮਾਤਾ ਹਰ ਕੌਰ ਪਿੰਡ ਚੁਘਾ ਕਲਾਂ ਆਪ ਅਗਾਂਹ ਵਧੂ ਨੌਜਵਾਨ ਅਕਾਲੀ ਵਰਕਰ ਹਨ।

ਭਾਈ ਵਰਿਆਮ ਸਿੰਘ ਪਿਤਾ ਸ: ਕਿਸ਼ਨ ਸਿੰਘ ਮਾਤਾ ਕਾਹਨ ਕੌਰ ਪਿੰਡ ਮੁਨਾਵਾਂ ਆਪ ਮੋਰਚਾ ਜੈਤੋ ਵਿਚ ਪਹਿਲੇ ਜਥੇ ਨਾਲ ਗਏ ਤੇ ਕੈਦ ਹੋਏ। ਗੁਰੂ ਕੇ ਬਾਗ ਦੇ ਮੋਰਚੇ ਵਿਚ ਭੀ ਗਏ।

ਭਾਈ ਕਿਸ਼ਨ ਸਿੰਘ ਪਿਤਾ ਸ: ਬੱਗਾ ਸਿੰਘ ਪਿੰਡ ਮੁਨਾਵਾਂ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਕਿਸ਼ਨ ਸਿੰਘ ਪਿਤਾ ਸ: ਬਾਗ ਸਿੰਘ ਮਾਤਾ ਦਿਆਲ ਕੌਰ ਆਪ ਮੋਰਚਾ ਜੈਤੋ ਵਿਚ ਗਏ ਤੇ ਕੁਰਬਾਨੀ ਕੀਤੀ।

Digitized by Panjab Digital Library | www.panjabdigilib.org

ਭਾਈ ਦੇਵਾ ਸਿੰਘ ਪਿਤਾ ਸ: ਸੋਹਣ ਸਿੰਘ ਮਾਤਾ ਗੁਲਾਬ ਕੌਰ ਪਿੰਡ ਝਤਰੇ ਆਪ ਮੋਰਚਾ ਜੈਤੋ ਵਿਚ ਗਏ ਤੇ ਮੋਰਚਾ ਫਤਹਿ ਹੋਣ ਤਕ ਕੈਦ ਰਹੇ । ਮੁਕਤਸਰ ਵੀ ਗਏ ।

ਭਾਈ ਜੋਗਿੰਦਰ ਸਿੰਘ ਪਿਤਾ ਸ: ਭੋਲਾ ਸਿੰਘ ਮਾਤਾ ਜੀਉਣ ਕੌਰ ਪਿੰਡ ਝਤਰੇ ਆਪ ਮੋਰਚਾ ਮੁਕਤਸਰ ਵਿਚ ਗਏ ।

ਭਾਈ ਵੀਰ ਸਿੰਘ ਪਿਤਾ ਸ: ਜੀਤ ਸਿੰਘ ਮਾਤਾ ਕਰਮ ਕੌਰ ਪਿੰਡ ਫੇਰੂਕੇ ਆਪ ਜੈਤੋ ਦੇ ਗਿਆਰਵੇਂ ਸ਼ਹੀਦੀ ਜਥੇ ਨਾਲ ਗਏ ।

ਭਾਈ ਜੀਤਾ ਸਿੰਘ ਪਿਤਾ ਸ: ਸੋਣ ਸਿੰਘ ਮਾਤਾ ਰਾਮ ਕੌਰ ਪਿੰਡ ਫੇਰੂਕੇ ਆਪ ਮੋਰਚਾ ਜੈਤੋ ਵਿਚ ੧੧ਵੇਂ ਸ਼ਹੀਦੀ ਜਥੇ ਨਾਲ ਗਏ ।

ਭਾਈ ਅਨੋਖ ਸਿੰਘ ਪਿਤਾ ਸ: ਹੀਰਾ ਸਿੰਘ ਮਾਤਾ ਭਾਗ ਕੌਰ ਪਿੰਡ ਫੇਰੂਕੇ ਆਪ ਮੋਰਚਾ ਜੈਤੋ ਵਿਚ ਗਿਆਰਵੇਂ ਸ਼ਹੀਦੀ ਜਥੇ ਨਾਲ ਗਏ ।

ਭਾਈ ਅਤਰ ਸਿੰਘ ਪਿਤਾ ਸ: ਹੁਕਮ ਸਿੰਘ ਮਾਤਾ ਪਰਤਾਪ ਕੌਰ ਪਿੰਡ ਮੱਲੋਕੇ ਆਪ ਮੋਰਚਾ ਜੈਤੋ ਵਿਚ ਪੰਜਵੇਂ ਸ਼ਹੀਦੀ ਜਥੇ ਨਾਲ ਗਏ ।

ਭਾਈ ਸੁਰੈਣ ਸਿੰਘ ਪਿਤਾ ਸ: ਜਵੰਦ ਸਿੰਘ ਮਾਤਾ ਹਰ ਕੌਰ ਪਿੰਡ ਬੋਤੀਆਂ ਵਾਲਾ ਆਪ ਮੋਰਚਾ ਜੈਤੋ ਵਿਚ ਗਏ ।

ਭਾਈ ਬਚਨ ਸਿੰਘ ਪਿਤਾ ਸ: ਰਾਮ ਸਿੰਘ ਮਾਤਾ ਰਾਮ ਕੌਰ ਪਿੰਡ ਮਸੂਰ ਵਾਲਾ ਆਪ ਨੇ ਮੋਰਚਾ ਭਾਈ ਫੇਰੂ ਵਿਚ ੬ ਮਹੀਨੇ ਕੈਦ ਕਟੀ ।

ਭਾਈ ਬੰਤਾ ਸਿੰਘ ਪਿਤਾ ਸ: ਕਾਲਾ ਸਿੰਘ ਮਾਤ ਮਾਨ ਕੌਰ ਪਿੰਡ ਮਸੂਰ ਵਾਲਾ ਆਪ ਮੋਰਚਾ ਭਾਈ ਫੇਰੂ ਵਿਚ ਦੋ ਸਾਲ ਕੈਦ ਕਟੀ ।

ਭਾਈ ਘੋਨਾ ਸਿੰਘ ਪਿਤਾ ਸ: ਇੰਦਰ ਸਿੰਘ ਮਾਤਾ ਰਾਜ ਕੌਰ ਪਿੰਡ ਮਸੂਰ ਵਾਲਾ ਆਪ ਅਕਾਲ਼ੀ ਵਰਕਰ ਸਨ ।

ਭਾਈ ਸਾਧੂ ਸਿੰਘ ਪਿਤਾ ਸ: ਗੁਲਾਬ ਸਿੰਘ ਮਾਤਾ ਹਰਦੇਵ ਕੌਰ ਪਿੰਡ ਲੋਂਗੋ ਦੇਵਾ ਆਪ ਨੇ ਮੋਰਚਾ ਜੈਤੋ ਦੇ ਛੇਵੇਂ ਸਹੀਦੀ ਜਥੇ ਵਿਚ, ਤੇ ਆਜ਼ਾਦ ਹਿੰਦ ਫੌਜ ਵਿਚ ਕੈਦ ਕਟੀ ।

ਭਾਈ ਆਤਮਾ ਸਿੰਘ ਪਿਤਾ ਸ: ਟੇਕ ਸਿੰਘ ਮਾਤਾ ਕਿਸ਼ਨ ਕੌਰ ਪਿੰਡ ਲੋਂਗੋ ਦੇਵਾ ਆਪ ਅਕਾਲੀ ਵਰਕਰ ਸਨ ।

ਭਾਈ ਹਰਨਾਮ ਸਿੰਘ ਪਿਤਾ ਸ: ਹਜ਼ਾਰਾ ਸਿੰਘ ਪਿੰਡ ਲੋਹ ਗੜ੍ਹ ਆਪ ਮੋਰਚਾ ਜੈਤੋ ਦੇ ੬ਵੇਂ ਸ਼ਹੀਦੀ ਜਥੇ ਵਿਚ ਗਏ। ਭਾ: ਪਾਲਾ ਸਿੰਘ ਪਿਤਾ ਸ: ਵਸਾਵਾ ਸਿੰਘ ਮਾਤਾ ਰਾਜ ਕੌਰ ਪਿੰਡ ਲੋਹ ਗੜ੍ਹ ਆਪ ਮੋਰਚਾ ਜੈਤੋ ਦੇ ਛੇਵੇਂ ਸ਼ਹੀਦੀ ਜਥੇ ਵਿਚ ਗਏ ।

ਭਾਈ ਅਮਰ ਸਿੰਘ ਪਿਤਾ ਸ: ਦਸੌਂਧਾ ਸਿੰਘ ਮਾਤਾ ਭਾਗ ਕੌਰ ਪਿੰਡ ਭੁਲ੍ਹ ਵਾਲਾ ਖੋਸਿਆਂ ਦਾ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ, ਤੇ ਕਾਂਗਰਸ ਸਤਿਆਗ੍ਰਹਿ ਵਿਚ ਭੀ ਕੈਦ ਕਟੀ ।

ਭਾਈ ਇੰਦਰ ਸਿੰਘ ਪਿਤਾ ਸ: ਨੱਥਾ ਸਿੰਘ ਮਾਤਾ ਭਾਗ ਕੌਰ ਪਿੰਡ ਲੋਹ ਗੜ੍ਹ ਆਪ ਨੇ ਅਕਾਲੀ ਲਹਿਰ ਵਿਚ ਹਿੱਸਾ ਲਿਆ ।

ਨਿਹੰਗ ਕਰਤਾਰ ਸਿੰਘ ਪਿਤਾ ਨਿਹੰਗ ਇੰਦਰ ਸਿੰਘ ਮਾਤਾ ਮਹਾਂ ਕੌਰ ਪਿੰਡ ਲੋਹ ਗੜ੍ਹ ਆਪ ਅਕਾਲੀ ਮੋਰਚਿਆਂ ਵਿਚ ਗਏ ਤੇ ਤਸੀਹੇ ਝੱਲੇ ।

ਭਾ: ਹਜ਼ਾਰਾ ਸਿੰਘ ਪਿਤਾ ਸ: ਝੱਗੜ ਸਿੰਘ ਮਾਤਾ ਇੰਦ ਕੌਰ ਪਿੰਡ ਖੋਸੇ ਪਾਂਡੋ ਕੇ

Digitized by Panjab Digital Library | www.panjabdigilib.org

ਆਪ ਨੇ ਮੋਰਚਾ ਜੈਤੋ ਦੇ ਜਥਿਆਂ ਦੀ ਸੇਵਾ ਕੀਤੀ ਤੇ ਨਾਭਾ ਬੀੜ ਵਿਚ ਡੇਢ ਸਾਲ ਕੈਦ ਕਟੀ।

ਭਾਈ ਵੀਰ ਸਿੰਘ ਪਿਤਾ ਸ: ਧਿਆਨ ਸਿੰਘ ਮਾਤਾ ਸ਼ਾਮ ਕੌਰ ਪਿੰਡ ਖੋਸੇ ਪਾਂਡੋਕੇ ਆਪ ਨੇ ਮੋਰਚਾ ਜੈਤੋ ਦੇ ਪਹਿਲੇ ਸ਼ਹੀਦੀ ਜਥੇ ਵਿਚ ਡੇਢ ਸਾਲ ਕੈਦ ਕਟੀ।

ਭਾਈ ਉਤਮ ਸਿੰਘ ਪਿਤਾ ਸ: ਡੰਗਰ ਸਿੰਘ ਮਾਤਾ ਜੀਉਣੀ ਪਿੰਡ ਖੋਸੇ ਪਾਂਡੋਕੇ ਆਪ ਨੇ ਮੋਰਚਾ ਜੈਤੋ ਵਿਚ ਡੇਢ ਸਾਲ ਕੈਚ ਕਟੀ।

ਭਾਈ ਰਘਬੀਰ ਸਿੰਘ ਪਿਤਾ ਸ: ਗਿਆਨ ਸਿੰਘ ਮਾਤਾ ਪੰਜਾਬ ਕੌਰ ਪਿੰਡ ਖੋਸੇ ਪਾਂਡੋਕੇ ਆਪ ਅਕਾਲੀ ਵਰਕਰ ਸਨ। ਭਾ: ਵਸਾਵਾ ਸਿੰਘ ਸੁਰਗਵਾਸੀ ਮਾਤਾ ਮਾਲਾਂ ਪਿੰਡ ਖੋਸੇ ਪਾਂਡੋ ਕੇ ਆਪ ਨੇ ਮੋਰਚਾ ਜੈਤੋ ਵਿਚ ਡੇਢ ਸਾਲ ਕੈਦ ਕਟੀ।

ਭਾਈ ਕੇਹਰ ਸਿੰਘ ਪਿਤਾ ਸ: ਨੰਦ ਸਿੰਘ ਪਿੰਡ ਖੋਸੇ ਪਾਂਡੋਕੇ ਆਪ ਨੇ ਮੋਰਚਾ ਜੈਤੋ ਵਿਚ ਡੇਢ ਸਾਲ ਕੈਦ ਕਟੀ।

ਭਾਈ ਬਚਨ ਸਿੰਘ ਪਿਤਾ ਸ: ਨੰਦ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਰਤੀਆਂ ਆਪ ਨੇ ਮੋਰਚਾ ਜੈਤੋ ਵਿਚ ੩ ਸਾਲ ਕੈਦ ਕਟੀ ਤੇ ੧੯੪੭ ਦੇ ਘਲੂਘਾਰੇ ਵਿਚ ਨਿਹੰਗ ਸਿੰਘਾਂ ਦੇ ਜਥੇ ਨਾਲ ਵਿਰੋਧੀਆਂ ਦੇ ਹੱਥੋਂ ਸ਼ਹੀਦ ਹੋਏ।

ਭਾਈ ਵਸਾਵਾ ਸਿੰਘ ਸੁਰਗਵਾਸੀ ਪਿਤਾ ਸ: ਚੰਦਾ ਸਿੰਘ ਪਿੰਡ ਰਤੀਆਂ ਆਪ ਨੇ ਮੋਰਚਾ ਜੈਤੋ ਵਿਚ ਬਹੁਤ ਕੁਰਬਾਨੀ ਦਿੱਤੀ।

ਭਾਈ ਕਪੂਰ ਸਿੰਘ ਪਿਤਾ ਸ: ਕਾਹਨ ਸਿੰਘ ਮਾਤਾ ਜੀਉਣ ਕੌਰ ਪਿੰਡ ਬੋਤੀਆਂ ਵਾਲਾ ਆਪ ਮੋਰਚਾ ਜੈਤੋ ਵਿਚ ਗਏ। ਭਾ: ਵਰਯਾਮ ਸਿੰਘ ਪਿਤਾ ਸ: ਬੋਘ ਸਿੰਘ ਮਾਤਾ ਅਤਰ ਕੌਰ ਪਿੰਡ ਬੋਤੀਆਂ ਵਾਲਾ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਰੋੜਾ ਸਿੰਘ ਪਿਤਾ ਸ: ਘੁਲਾ ਸਿੰਘ ਮਾਤਾ ਧਰਮ ਕੌਰ ਪਿੰਡ ਬੋਤੀਆਂ ਵਾਲਾ, ਆਪ ਮੋਰਚਾ ਜੈਤੋ ਵਿਚ ਗਏ।

ਭਾਈ ਆਤਮਾ ਸਿੰਘ ਪਿਤਾ ਸ: ਅਮਰ ਸਿੰਘ ਮਾਤਾ ਚੰਦ ਕੌਰ ਪਿੰਡ ਸੰਤੂ ਵਾਲਾ ਆਪ ਨੇ ਮੋਰਚਾ ਭਾਈ ਫ਼ੇਰੂ ਵਿਚ ੩ ਸਾਲ ਕੈਦ ਕਟੀ।

ਭਾਈ ਬਮਣ ਸਿੰਘ ਪਿਤਾ ਸ: ਵਸਾਵਾ ਸਿੰਘ ਮਾਤਾ ਸਦਾ ਕੌਰ ਪਿੰਡ ਸੰਤੂ ਵਾਲਾ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਬੰੜਾ ਸਿੰਘ ਪਿਤਾ ਸ: ਘੱਦੀਆ ਸਿੰਘ ਮਾਤਾ ਭੋਲੀ ਕੌਰ ਪਿੰਡ ਲੋਕੇ ਵੱਡੇ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਕਰਮ ਸਿੰਘ ਪਿਤਾ ਸ: ਸੁੰਦਰ ਸਿੰਘ ਮਾਤਾ ਰਾਜ ਕੌਰ ਪਿੰਡ ਗਾਦੜੀ ਵਾਲਾ ਆਪ ਜੀ ਮੋਰਚਾ ਜੈਤੋ ਵਿਚ ਗਏ। ਬਾਬਾ ਭਗਤ ਸਿੰਘ ਪਿਤਾ ਸ: ਰਾਮ ਸਿੰਘ ਮਾਤਾ ਹਰ ਦੇਈ ਪਿੰਡ ਗਾਦੜੀ ਵਾਲਾ ਆਪ ਡਸਕਾ ਤੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ।

ਭਾਈ ਈਸ਼ਰ ਸਿੰਘ ਪਿਤਾ ਸ: ਬੇਲਾ ਸਿੰਘ ਮਾਤਾ ਮਹਾਂ ਕੌਰ ਪਿੰਡ ਕੱਸੋ ਆਣਾ ਆਪ ਮੋਰਚਾ ਜੈਤੋ ਦੇ ੬ਵੇਂ ਸ਼ਹੀਦੀ ਜਥੇ ਵਿਚ ਗਏ।

ਭਾਈ ਸ਼ੇਰ ਸਿੰਘ ਪਿਤਾ ਸ: ਚੇਤ ਸਿੰਘ ਪਿੰਡ ਠੱਟਾ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਲਾਲ ਸਿੰਘ ਪਿਤਾ ਸ: ਤਿਲੋਕ ਸਿੰਘ ਮਾਤਾ ਮਹਾਂ ਕੌਰ ਪਿੰਡ ਵਾੜਾ ਵਰਯਾਮਸਿੰਘ ਵਾਲਾ

ਭਾਈ ਗਿਆਨ ਸਿੰਘ ਪਿਤਾ ਸ: ਜਗਤ ਸਿੰਘ ਮਾਤਾ ਨੰਦ ਕੌਰ ਪਿੰਡ ਹੋਲਾਂ ਵਾਲੀ

Digitized by Panjab Digital Library | www.panjabdigilib.org

ਆਪ ਮੋਰਚਾ ਜੈਤੋ ਦੇ ਪਹਿਲੇ ਸਹੀਦੀ ਜਥੇ ਵਿਚ ਗਏ ।

ਭਾਈ ਕਿਸ਼ਨ ਸਿੰਘ ਅਕਾਲੀ ਪਿਤਾ ਸਃ ਬੱਗਾ ਸਿੰਘ ਮਾਤਾ ਸੱਦੀ ਪਿੰਡ ਬੂਟੀਆਂ ਵਾਲਾ ੨੫ ਸਿੰਘਾਂ ਦੇ ਜ ੇ ਨਾਲ ਮੋਰਚਾ ਜੈਤੋ ਵਿਚ ਗਏ ।

ਭਾਈ ਨਾਜਰ ਸਿੰਘ ਪਿਤਾ ਸਃ ਸੋਦਾਗਰ ਸਿੰਘ ਮਾਤਾ ਰਾਮ ਕੌਰ ਪਿੰਡ ਗੋਗੋ ਆਣੀ ਆਪ ਮੋਰਚਾ ਜੈਤੋ ਵਿਚ ਗਏ । ਭਾਃ ਮੰਗਲ ਸਿੰਘ ਪਿਤਾ ਸਃ ਸੁਧ ਸਿੰਘ ਮਾਤਾ ਹੁਕਮਾਂ ਪਿੰਡ ਗੋਗੋ ਆਣੀ ਆਪ ਨੇ ਮੋਰਚਾ ਜੇਤੋ ਤੇ ਭਾਈ ਫੇਰੂ ਵਿਚ ਦੋ ਸਾਲ ਕੈਦ ਕਟੀ ।

ਭਾਈ ਨੰਦ ਸਿੰਘ ਪਿਤਾ ਸਃ ਸੋਹਣ ਸਿੰਘ ਮਾਤਾ ਦਾਨ ਕੌਰ ਪਿੰਡ ਗੋਗੋ ਆਣੀ ਆਪ ਮੋਰਚਾ ਜੈਤੋ ਵਿਚ ੨੫ ਸਿੰਘਾਂ ਦੇ ਜਥੇ ਨਾਲ ਗਏ ।

ਭਾਈ ਵਜ਼ੀਰ ਸਿੰਘ ਪਿਤਾ ਸ: ਜਮੀਤ ਸਿੰਘ ਮਾਤਾ ਦਜਾ ਕੌਰ ਪਿੰਡ ਗੋਗੋ ਅ ਣੀ ਆਪ ਮੋਰਚਾ ਜੈਤੋ ਵਿਚ ਗਏ । ਭਾਃ ਫਤਹਿ ਸਿੰਘ ਪਿਤਾ ਸ: ਨਿਹਾਲ ਸਿੰਘ ਮਾਤਾ ਕਰਮ ਕੌਰ ਪਿੰਡ ਗੋਗੋ ਆਣੀ ਆਪ ਮੋਰਚਾ ਜੈਤੋ ਵਿਚ ਗਏ ।

ਭਾਈ ਪ੍ਰੇਮ ਸਿੰਘ ਪਿਤਾ ਸਃ ਧਿਆਨ ਸਿੰਘ ਮਾਤਾ ਚੰਦ ਕੌਰ ਪਿੰਡ ਗੋਗੋ ਆਣੀ ਆਪ ਅਕਾਲੀ ਵਰਕਰ ਸਨ ।

ਭਾਈ ਇੰਦਰ ਸਿੰਘ ਪਿਤਾ ਸਃ ਅਤਰ ਸਿੰਘ ਮਾਤਾ ਮਹਾਂ ਕੌਰ ਪਿੰਡ ਭੁੜਾਣਾ ਆਪ ਮੋਰਚਾ ਜੈਤੋ ਦੇ ੬ਵੇਂ ਸ਼ਹੀਦੀ ਜਥੇ ਵਿਚ ਗਏ ।

ਭਾਈ ਗੁਰਮੁਖ ਸਿੰਘ ਪਿਤਾ ਸਃ ਵਿਸਾਖਾ ਸਿੰਘ ਮਾਤਾ ਰਾਮ ਕੌਰ ਪਿੰਡ ਭੁੜਾਣਾ ਆਪ ਮੋਰਚਾ ਜੈਤੋ ਦੇ ਛੇਵੇਂ ਸ਼ਹੀਦੀ ਜਥੇ ਵਿਚ ਗਏ ।

ਭਾਈ ਦੇਵਾ ਸਿੰਘ ਪਿਤਾ ਸ: ਵਿਸਾਖਾ ਸਿੰਘ ਮਾਤਾ ਰਾਮ ਕੌਰ ਪਿੰਡ ਭੁੜਾਣਾ ਆਪ ਮੋਰਚਾ ਜੈਤੋ ਦੇ ਛੇਵੇਂ ਸ਼ਹੀਦੀ ਜਥੇ ਵਿਚ ਗਏ ।

ਭਾਈ ਬਚਨ ਸਿੰਘ ਪਿਤਾ ਸ: ਨਿਹਾਲ ਸਿੰਘ ਮਾਤਾ ਰਾਜ ਕੌਰ ਪਿੰਡ ਭੁੜਾਣਾ ਆਪ ੨੫ ਸਿੰਘਾਂ ਦੇ ਜਥੇ ਨਾਲ ਮੋਰਚਾ ਜੈਤੋ ਵਿਚ ਗਏ ।

ਭਾਈ ਸੁੰਦਰ ਸਿੰਘ ਪਿਤਾ ਸ: ਦੇਵਾ ਸਿੰਘ ਮਾਤਾ ਭਾਗ ਕੌਰ ਪਿੰਡ ਵਕੀਲ ਆਪ ਜੀ ਅਕਾਲੀ ਵਰਕਰ ਸਨ । ਭਾਈ ਗੁਰਪਾਲ ਸਿੰਘ ਪਿਤਾ ਸ: ਝੰਡਾ ਸਿੰਘ ਪਿਡ ਵਕੀਲ ਆਪ ਅਕਾਲੀ ਵਰਕਰ ਸਨ ।

ਭਾਈ ਬੋਘ ਸਿੰਘ ਪਿਤਾ ਸ: ਦੀਵਾਨ ਸਿੰਘ ਪਿੰਡ ਵਕੀਲ ਆਪ ਮੋਰਚਾ ਜੈਤੋ ਦੇ ਤੀਜੇ ਜਥੇ ਵਿਚ ਗਏ । ਭਾਈ ਹੀਰਾ ਸਿੰਘ ਪਿੰਡ ਵਕੀਲ ਆਪ ਮੋਰਚਾ ਜੈਤੋ ਦੇ ਤੀਜੇ ਸ਼ਹੀਦੀ ਜਥੇ ਵਿਚ ਗਏ । ਭਾਈ ਬਿਸ਼ਨ ਸਿੰਘ ਪਿਤਾ ਸ: ਮਹਿਣਾ ਸਿੰਘ ਮਾਤਾ ਧਰਮ ਕੌਰ ਪਿੰਡ ਵਕੀਲ ਆਪ ਮੋਰਚਾ ਜੈਤੋ ਦੇ ਤੀਜੇ ਸ਼ਹੀਦੀ ਜਥੇ ਵਿਚ ਗਏ ।

ਭਾਈ ਦਿਆਲ ਸਿੰਘ ਪਿਤਾ ਸ: ਜੈਮਲ ਸਿੰਘ ਪਿੰਡ ਵਕੀਲ ਆਪ ਅਕਾਲੀ ਵਰਕਰ ਸਨ ।

ਭਾਈ ਦਿਆਲ ਸਿੰਘ ਪਿਤਾ ਸ: ਬਹਾਦਰ ਸਿੰਘ ਪਿੰਡ ਮਿਠੜੀ ਮੋਰਚਾ ਜੈਤੋ ਵਿਚ ਗਏ ।

ਭਾਈ ਮਨਸ਼ਾ ਸਿੰਘ ਪਿੰਡ ਰਟੋਲ ਮੋਰਚਾ ਜੈਤੋ ਵਿਚ ਗਏ ।

ਭਾਈ ਰਤਨ ਸਿੰਘ ਜੀ ਅਕਾਲੀ ਪਿਤਾ ਸ: ਹਰੀ ਸਿੰਘ ਮਾਤਾ ਨਰੈਣ ਕੌਰ ਪਿੰਡ ਚੀਮੇ ਆਪ ਜੈਤੋ ਦੇ ਮੋਰਚੇ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਅਖੀਰ ਤਕ ਕੈਦ ਰਹੇ ।

Digitized by Panjab Digital Library | www.panjabdigilib.org

ਭਾਈ ਬਚਨ ਸਿੰਘ ਪਿਤਾ ਸ: ਘੁਲਾ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਚੀਮੇ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਕੈਦ ਕਟੀ।

ਭਾਈ ਦੁਨਾ ਸਿੰਘ ਜੀ ਅਕਾਲੀ ਪਿਤਾ ਸ: ਹੀਰਾ ਸਿੰਘ ਮਾਤਾ ਨੰਦ ਕੌਰ ਪਿੰਡ ਗਗੜਾ ਆਪ ਮੋਰਚਾ ਜੈਤੋ ਦੇ ਛੇਵੇਂ ਸ਼ਹੀਦੀ ਜਥੇ ਵਿਚ ਗਏ ਤੇ ਕੈਦ ਕਟੀ।

ਭਾਈ ਇੰਦਰ ਸਿੰਘ ਜੀ ਅਕਾਲੀ ਪਿਤਾ ਸ: ਅਤਰ ਸਿੰਘ ਮਾਤਾ ਅਤਰ ਕੌਰ ਪਿੰਡ ਖੋਸਾ ਕੋਟਲਾ ਆਪ ਮੋਰਚਾ ਜੈਤੋ ਵਿਚ ੬ਵੇਂ ਸ਼ਹੀਦੀ ਜਥੇ ਨਾਲ ਗਏ, ਆਪ ਜੀ ਨੇ ਮਾਲਵੇ ਤੇ ਮਲਾਇਆ ਵਿਚ ਕਈ ਗੁਰ ਅਸਥਾਨਾਂ ਦੀ ਸੇਵਾ ਕਰਵਾਈ, ਆਪ ਨਾਮਧਾਰੀਏ ਗੁਰਸਿੱਖ ਸੰਤ ਹਨ।

ਭਾਈ ਸੋਭਾ ਸਿੰਘ ਪਿਤਾ ਸ: ਭੋਲਾ ਸਿੰਘ ਪਿੰਡ ਖੋਸਾ ਕੋਟਲਾ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਅਖੀਰ ਤਕ ਕੈਦ ਰਹੇ।

ਭਾਈ ਸਰਵਣ ਸਿੰਘ ਜੀ ਅਕਾਲੀ ਪਿਤਾ ਸ: ਕਿਰਪਾਲ ਸਿੰਘ ਮਾਤਾ ਜੈ ਕੌਰ ਪਿੰਡ ਖੋਸਾ ਕੋਟਲਾ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਅਖੀਰ ਤਕ ਕੈਦ ਰਹੇ।

ਭਾਈ ਅਮਰ ਸਿੰਘ ਪਿਤਾ ਸ: ਕਿਸ਼ਨ ਸਿੰਘ ਮਾਤਾ ਪੈਂਦੀ ਪਿੰਡ ਖੋਸਾ ਕੋਟਲਾ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਅਖੀਰ ਤਕ ਕੈਦ ਰਹੇ।

ਭਾਈ ਕਿਸ਼ਨ ਸਿੰਘ ਪਿਤਾ ਸ: ਅਨੂਪ ਸਿੰਘ ਪਿੰਡ ਖੋਸਾ ਕੋਟਲਾ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਅਖੀਰ ਤਕ ਕੈਦ ਰਹੇ।

ਭਾਈ ਉਤਮ ਸਿੰਘ ਪਿਤਾ ਸ: ਭੂਪ ਸਿੰਘ ਪਿੰਡ ਖੋਸਾ ਕੋਟਲਾ ਆਪ ਜੈਤੋ ਦੇ ਮੋਰਚੇ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਨਾਭਾ ਜੇਲ੍ਹ ਵਿਚ ਕੈਦ ਕਟੀ।

ਭਾਈ ਮੰਗਲ ਸਿੰਘ ਪਿਤਾ ਸ: ਖਜ਼ਾਨ ਸਿੰਘ ਪਿੰਡ ਖੋਸਾ ਕੋਟਲਾ ਆਪ ਜੈਤੋ ਦੇ ਮੋਰਚੇ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਨਾਭਾ ਜੇਲ੍ਹ ਵਿਚ ਕੈਦ ਕਟੀ।

ਭਾਈ ਮੱਸਾ ਸਿੰਘ ਪਿਤਾ ਸ: ਫੌਜਦਾਰ ਸਿੰਘ ਪਿੰਡ ਖੋਸਾ ਕੋਟਲਾ ਆਪ ਜੈਤੋ ਦੇ ਮੋਰਚੇ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਨਾਭਾ ਜੇਲ੍ਹ ਵਿਚ ਕੈਦ ਕਟੀ।

ਭਾਈ ਤਾਰਾ ਸਿੰਘ ਪਿਤਾ ਸ: ਗਜਣ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਖੋਸਾ ਰੰਧੀਲਾ ਆਪ ਮੋਰਚਾ ਜੈਤੋ ਦੇ ਦੂਜੇ ਸ਼ਹੀਦੀ ਜਥੇ ਵਿਚ ਗਏ।

ਭਾਈ ਕੇਹਰ ਸਿੰਘ ਪਿਤਾ ਸ: ਵਧਾਵਾ ਸਿੰਘ ਮਾਤਾ ਜੀਵਾਂ ਕੌਰ ਪਿੰਡ ਖੋਸਾ ਰੰਧੀਲਾ ਆਪ ਮੋਰਚਾ ਜੈਤੋ ਦੇ ਛੇਵੇਂ ਸ਼ਹੀਦੀ ਜਥੇ ਵਿਚ ਗਏ।

ਭਾਈ ਗੰਡਾ ਸਿੰਘ ਪਿਤਾ ਸ: ਵਜ਼ੀਰ ਸਿੰਘ ਮਾਤਾ ਸੋਭੀ ਪਿੰਡ ਖੋਸਾ ਰੰਧੀਲਾ ਆਪ ਮੋਰਚਾ ਜੈਤੋ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ। ਆਪ ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ।

ਭਾਈ ਵਿਸਾਖਾ ਸਿੰਘ ਜੀ ਅਕਾਲੀ ਪਿਤਾ ਸ: ਜੋਧ ਸਿੰਘ ਪਿੰਡ ਖੋਸਾ ਰੰਧੀਲਾ ਆਪ ਮੋਰਚਾ ਜੈਤੋ ਦੇ ਛੇਵੇਂ ਸ਼ਹੀਦੀ ਜਥੇ ਵਿਚ ਗਏ।

ਭਾਈ ਸਰਦਾਰਾ ਸਿੰਘ ਜੀ ਸ਼ਾਹ ਪਿਤਾ ਸ: ਖਜ਼ਾਨ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਖੋਸਾ ਰੰਧੀਲਾ ਆਪ ਅਕਾਲੀ ਵਰਕਰ ਰਹੇ, ਡਿਸਟ੍ਰਿਕਟ ਬੋਰਡ ਦੇ ਮੈਂਬਰ ਰਹੇ, ਗੁਰਦੁਆਰਾ ਖੋਸਾ ਰੰਧੀਲਾ ਦੇ ਪ੍ਰਧਾਨ ਰਹੇ।

ਭਾਈ ਗੁਜਰ ਸਿੰਘ ਪਿਤਾ ਸ: ਕਾਲਾ ਸਿੰਘ ਪਿੰਡ ਖੋਸਾ ਪਾਂਡੋ ਆਪ ਜੀ ਨੇ ਅਕਾਲੀ ਮੋਰਚਿਆਂ ਵਿਚ ਬਹੁਤ ਕੁਰਬਾਨੀਆਂ ਕੀਤੀਆਂ।

Digitized by Panjab Digital Library | www.panjabdigilib.org

ਭਾਈ ਜੀਤਾ ਸਿੰਘ ਪਿਤਾ ਸ: ਮਲੂਕ ਸਿੰਘ ਮਾਤਾ ਧਰਮ ਕੌਰ ਪਿੰਡ ਕੜਿਆਲ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਮੰਗਲ ਸਿੰਘ ਪਿਤਾ ਸ: ਅਨੂਪ ਸਿੰਘ ਮਾਤਾ ਸਾਹਿਬ ਕੌਰ ਪਿੰਡ ਕੜਿਆਲ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਜੀਉਣ ਸਿੰਘ ਜੀ ਅਕਾਲੀ ਪਿਤਾ ਸ: ਗੁਲਾਬ ਸਿੰਘ ਮਾਤਾ ਜਸ ਕੌਰ ਪਿੰਡ ਰਾਊਵਾਲ ਆਪ ਮੋਰਚਾ ਜੈਤੋ ਵਿਚ ਗਏ ਤੇ ਇਕ ਸਾਲ ਨਾਭਾ ਜੇਲ੍ਹ ਵਿਚ ਕੈਦ ਕਟੀ।

ਭਾਈ ਰਣ ਸਿੰਘ ਪਿਤਾ ਸ: ਈਸ਼ਰ ਸਿੰਘ ਪਿੰਡ ਮੇਲਕ ਆਪ ਮੋਰਚਾ ਜੈਤੋ ਵਿਚ ਗਏ ਤੇ ਇਕ ਸਾਲ ਨਾਭਾ ਜੇਲ੍ਹ ਵਿਚ ਕੈਦ ਕਟੀ।

ਭਾਈ ਹਰੀ ਸਿੰਘ ਪਿਤਾ ਸ: ਅਤਰ ਸਿੰਘ ਮਾਤਾ ਤਾਬ ਕੌਰ ਪਿੰਡ ਮੇਲਕ ਆਪ ਜੈਤੋ ਦੇ ਮੋਰਚੇ ਵਿਚ ਛੇਵੇਂ ਸ਼ਹੀਦੀ ਜਥੇ ਨਾਲ ਗਏ ਤੇ ਕੈਦ ਕਟੀ।

ਭਾਈ ਰਾਮ ਸਿੰਘ ਪਿਤਾ ਸ: ਗੁਪਾਲ ਸਿੰਘ ਮਾਤਾ ਰਾਮ ਕੌਰ ਪਿੰਡ ਮੇਲਕ ਆਪ ਮੋਰਚਾ ਜੈਤੋ ਦੇ ਛੇਵੇਂ ਸ਼ਹੀਦੀ ਜਥੇ ਨਾਲ ਗਏ।

ਭਾਈ ਅਛਰ ਸਿੰਘ ਪਿਤਾ ਸ: ਸਮੁੰਦ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਤੋਤਾ ਸਿੰਘ ਵਾਲਾ ਆਪ ਚੰਗੇ ਅਕਾਲੀ ਵਰਕਰ ਹਨ।

ਭਾਈ ਹਰਨਾਮ ਸਿੰਘ ਪਿਤਾ ਸ: ਬਘੇਲ ਸਿੰਘ ਮਾਤਾ ਕਰਮ ਕੌਰ ਪਿੰਡ ਵੈਹਨੀਵਾਲ ਆਪ ਮੋਰਚਾ ਜੈਤੋ ਵਿਚ ਗਏ ਤੇ ਕੈਦ ਕਟੀ।

Digitized by Panjab Digital Library | www.panjabdigilib.org

# ਜ਼ਿਲਾ ਅੰਬਾਲਾ

ਦੇ

## ਦੇਸ਼ ਤੇ ਕੌਮ ਤੋਂ ਮਰ ਮਿਟਣ ਵਾਲੇ ਅਕਾਲੀ

– ਜਿਨ੍ਹਾਂ ਨੇ –

ਮੋਰਚਾ ਭਾਈ ਫੇਰੂ, ਮੁਕਤਸਰ ਤੇ ਗੰਗਸਰ ਜੈਤੋ ਆਦਿ ਵਿਚ
ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ
ਅੰਮ੍ਰਿਤਸਰ ਦੇ ਹੁਕਮ ਅਨੁਸਾਰ, ਸ਼ਾਂਤਮਈ
ਰਹਿੰਦਿਆਂ ਹੋਇਆਂ, ਨੇ ਜਾਬਰ ਸ੍ਰਕਾਰ
ਦਾ ਹੰਕਾਰ ਤੋੜ ਕੇ ਫ਼ਤਹਿ
ਪਾਈ, ਉਨ੍ਹਾਂ ਦਾ ਹਾਲ
ਅੰਦਰ ਪੜ੍ਹੋ ।

ਦਾਸ ਵਿਸਾਖਾ ਸਿੰਘ ਸੰਤ ਸਪਾਹੀ।

# ਸ਼ਹੀਦ ਬੀਬੀ ਬਚਨ ਕੌਰ

ਬੀਬੀ ਬਚਨ ਕੌਰ ਪਤਨੀ ਡਾਕਟਰ ਬਖਸ਼ੀਸ਼ ਸਿੰਘ ਜੀ ਸਿਆਸੀ ਪਿੰਡ ਦਾਨੀ ਮਾਜਰਾ ਤਹਿਸੀਲ ਖਰੜ ਜ਼ਿਲਾ ਅੰਬਾਲਾ ਦੇ ਰਹਿਣ ਵਾਲੇ ਸਨ। ਆਪ ਜੀ ਦੀ ਉਮਰ ਤੀਹ ਸਾਲ ਸੀ। ਆਪ ਨੂੰ ਨਾਭਾ ਪਟਿਆਲਾ ਦੀ ਸਾਜ਼ਸ਼ ਵਿਚ ਸ਼ਰੋਮਣੀ ਗੁ: ਪ੍ਰ: ਕਮੇਟੀ ਅੰਮਿਤਸਰ ਦੇ ਵਿਰੁਧ ਫਰਜ਼ੀ ਸ਼ਹਾਦਤ ਨਾ ਦੇਣ ਤੇ ਝੂਠੇ ਮੁਕਦਮੇਂ ਵਿਚ ਕਿਲ੍ਹਾ ਬਹਾਦਰਗੜ੍ਹ ਦੇ ਕਮਰਾ ਨੰ: ੭ ਵਿਚ ਬੰਦ ਕਰ ਦਿਤਾ ਗਿਆ। ਉਥੇ ਪਟਿਆਲਾ ਹਕੂਮਤ ਵਲੋਂ ਨਾ ਸਹੇ ਜਾਣ ਵਾਲੇ ਤਸੀਹੇ ਦਿਤੇ ਗਏ।

ਜਿਨ੍ਹਾਂ ਦੇ ਕਾਰਨ ਬੀਬੀ ਜੀ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਦੇ ਸਿਰ ਸਰੀਰ ਰੂਪੀ ਭਾਂਡਾ ਭੰਨ ਕੇ ਆਪ ਅਮਰ ਪੁਰੀ ਦੇ ਵਾਸੀ ਤੇ ਰਾਜੇ ਨੂੰ ਦੋਜ਼ਖਾਂ ਦੇ ਵਾਸੀ ਬਣਾ ਕੇ ਸ਼ਹੀਦੀ ਪਾ ਗਏ।

ਡਾ: ਬਖਸ਼ੀਸ਼ ਸਿੰਘ ਜੀ ਦੀ ਪੂਰੀ ਕਹਾਣੀ ਨਾ-ਵਾਕਫੀਅਤ ਹੋਣ ਕਰਕੇ ਅਜੇ ਲਿਖੀ ਨਹੀਂ ਗਈ। ਜਦ ਮੁਕੰਮਲ ਮਿਲ ਗਈ, ਓਦੋਂ ਅਡਰੀ ਛਾਪ ਕੇ ਸੰਗਤਾਂ ਦੀ ਭੇਟਾ ਕੀਤੀ ਜਾਵੇਗੀ।

ਭਾਈ ਸੱਜਣ ਸਿੰਘ ਪਿਤ ਸ: ਫੱਗਾ ਸਿੰਘ ਮਾਤਾ ਮੰਗਲ ਕੌਰ ਪਿੰਡ ਸ਼ਾਹ ਪੁਰ ਆਪ ਨੇ ਮੋਰਚਾ ਭਾਈ ਫੇਰੂ ਵਿਚ ਇਕ ਦਿਨ ਕੈਦ ਕਟੀ।

ਭਾਈ ਗੁਰਬਖਸ਼ ਸਿੰਘ ਪਿਤਾ ਸ: ਹੀਰਾ ਸਿੰਘ ਮਾਤਾ ਆਸ ਕੌਰ ਪਿੰਡ ਸ਼ਾਹ ਪੁਰ ਆਪ ਨੇ ਮੋਰਚਾ ਭਾਈ ਫੇਰੂ ਵਿਚ ੫ ਮਹੀਨੇ ਕੈਦ ਕਟੀ।

ਭਾਈ ਅਲਬੇਲ ਸਿੰਘ ਪਿਤਾ ਸ: ਫਤਹਿ ਸਿੰਘ ਮਾਤਾ ਭੋਲੀ ਪਿੰਡ ਸ਼ਾਹ ਪੁਰ ਆਪ ਨੇ ਮੋਰਚਾ ਭਾਈ ਫੇਰੂ ਵਿਚ ੫ ਮਹੀਨੇ ਕੈਦ ਕਟੀ।

ਭਾਈ ਨਰੈਣ ਸਿੰਘ ਪਿਤਾ ਸ: ਫੌਜਾ ਸਿੰਘ ਪਿੰਡ ਸ਼ਾਹ ਪੁਰ ਆਪ ਨੇ ਮੋਰਚਾ ਭਾਈ ਫੇਰੂ ਵਿਚ ੫ ਮਹੀਨੇ ਕੈਦ ਕਟੀ। ਭਾ: ਨਗੀਨਾ ਸਿੰਘ ਪਿਤਾ ਸ: ਦੇਵਾ ਸਿੰਘ ਮਾਤਾ ਬਿਸ਼ਨ ਕੌਰ ਪਿੰਡ ਸ਼ਾਹ ਪੁਰ ਆਪ ਮੋਰਚਾ ਭਾਈ ਫੇਰੂ ਵਿਚ ੨ ਸਾਲ ਕੈਦ ਕਟੀ।

ਭਾਈ ਗੁਰਦਿਆਲ ਸਿੰਘ ਪਿਤਾ ਸ: ਗੋਪਾਲ ਸਿੰਘ ਮਾਤਾ ਜੌਹਰ ਕੌਰ ਪਿੰਡ ਫੈਜਲ ਪੁਰ ਆਪ ਨੇ ਜੈਤੋ ਦੇ ਮੋਰਚੇ ਵਿਚ ਇਕ ਸਾਲ ਕੈਦ ਕਟੀ।

ਭਾਈ ਬਸੰਤ ਸਿੰਘ ਪਿਤਾ ਸ: ਸੁੰਦਰ ਸਿੰਘ ਮਾਤਾ ਮਾਨ ਕੌਰ ਪਿੰਡ ਫੈਜਲ ਪੁਰ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਅਰਜਨ ਸਿੰਘ ਪਿਤਾ ਸ: ਜੈਮਲ ਸਿੰਘ ਮਾਤਾ ਆਸ ਕੌਰ ਪਿੰਡ ਪੰਜੋਖਰਾ ਆਪ ਮੋਰਚਾ ਜੈਤੋ ਵਿਚ ਸ਼ਹੀਦ ਹੋਏ।

ਭਾਈ ਗਿਆਨ ਸਿੰਘ ਪਿਤਾ ਸ: ਹੀਰਾ ਸਿੰਘ ਪਿੰਡ ਪੰਜੋਖਰਾ ਆਪ ਮੋਰਚਾ ਜੈਤੋ ਵਿਚ ਗਏ। ਭਾ: ਬਿਸ਼ਨ ਸਿੰਘ ਪਿਤਾ ਸ: ਬੀਰ ਸਿੰਘ ਮਾਤਾ ਨਰੈਨ ਕੌਰ ਪਿੰਡ ਪੰਜੋਖਰਾ ਆਪ ਮੋਰਚਾ ਕ੍ਰਿਪਾਨ ਵਿਚ ਗਏ।

ਭਾਈ ਗੁੱਜਰ ਸਿੰਘ ਪਿਤਾ ਸ: ਬਿਸ਼ਨ ਸਿੰਘ ਮਾਤਾ ਰਾਮ ਕੌਰ ਪਿੰਡ ਪੰਜੋਖਰਾ ਆਪ ਕ੍ਰਿਪਾਨ ਦੇ ਮੋਰਚੇ ਵਿਚ ਗਏ। ਭਾ: ਹਰਬੰਸ ਸਿੰਘ ਪਿਤਾ ਸ: ਕਿਸ਼ਨ ਸਿੰਘ ਮਾਤਾ ਪ੍ਰਤਾਪ ਕੌਰ ਪਿੰਡ ਪੰਜੋਖਰਾ ਆਪ ਕ੍ਰਿਪਾਨ ਦੇ ਮੋਰਚੇ ਵਿਚ ਗਏ।

ਭਾਈ ਬਚਨ ਸਿੰਘ ਪਿਤਾ ਸ: ਕਰਤਾਰ ਸਿੰਘ ਮਾਤਾ ਇੰਦਰ ਕੌਰ ਪਿੰਡ ਪੰਜੋਖਰਾ ਆਪ ਕ੍ਰਿਪਾਨ ਦੇ ਮੋਰਚੇ ਵਿਚ ਗਏ।

Digitized by Panjab Digital Library | www.panjabdigilib.org

ਭਾਈ ਅਰਜਨ ਸਿੰਘ ਪਿਤਾ ਸ: ਬਿਸ਼ਨ ਸਿੰਘ ਮਾਤਾ ਰਮੇਲ ਕੌਰ ਪਿੰਡ ਪੰਜੋਖਰਾ ਆਪ ਮੁਕਤਸਰ ਦੇ ਮੋਰਚੇ ਵਿਚ ਗਏ ।

ਭਾਈ ਸੰਤ ਸਿੰਘ ਪਿਤਾ ਸ: ਰਾਮ ਸਿੰਘ ਪਿੰਜ ਪੰਜੋਖਰਾ ਆਪ ਮੁਕਤਸਰ ਦੇ ਮੋਰਚੇ ਵਿਚ ਗਏ । ਭਾ: ਰਮੇਲ ਸਿੰਘ ਪਿਤਾ ਸ: ਖੜਕ ਸਿੰਘ ਮਾਤਾ ਸੋਭੀ ਪਿੰਡ ਪੰਜੋਖਰਾ ਆਪ ਮੋਰਚਾ ਜੈਤੋ ਵਿਚ ਗਏ । ਭਾ: ਅਮਰ ਸਿੰਘ ਪਿਤਾ ਸ: ਗੋਪਾਲ ਸਿੰਘ ਮਾਤਾ ਨਰੈਣ ਕੌਰ ਪਿੰਤੇ ਪੰਜੋਖਰਾ ਆਪ ਜੈਤੋ ਦੇ ਮੋਰਚੇ ਵਿਚ ਗਏ ।

ਭਾਈ ਤੋਖਾ ਰਾਮ ਪਿਤਾ ਭਾ: ਘੋਨਾ ਰਾਮ ਮਾਤਾ ਅਤਰੀ ਪਿੰਡ ਜੰਬੋਲ ( ਕਰਨਾਲ ) ਆਪ ਮੋਰਚਾ ਜੈਤੋ ਵਿਚ ਸ਼ਹੀਦ ਹੋ ਗਏ ।

ਭਾ: ਤਿਲੋਕ ਸਿੰਘ ਪਿਤਾ ਸ: ਕਿਸ਼ਨ ਸਿੰਘ ਮਾਤਾ ਨਰੈਣ ਕੌਰ ਪਿੰਡ ਪੰਜੋਖਰਾ ਆਪ ਮੋਰਚਾ ਜੈਤੋ ਵਿਚ ਸ਼ਹੀਦ ਹੋ ਗਏ ।

ਭਾਈ ਭਗਵਾਨ ਸਿੰਘ ਪਿਤਾ ਸ: ਕ੍ਰਿਪਾ ਸਿੰਘ ਮਾਤਾ ਹਰਦੇਵ ਕੌਰ ਪਿੰਡ ਟੋਡਰ ਮਾਜਰਾ ਆਪ ਮੋਰਚਾ ਜੈਤੋ ਦੇ ਚੌਥੇ ਸ਼ਹੀਦੀ ਜਥੇ ਵਿਚ ਗਏ ਤੇ ਡੇਢ ਸਾਲ ਕੈਦ ਕਟੀ ।

ਭਾਈ ਸੰਤੋਖ ਸਿੰਘ ਪਿਤਾ ਸ: ਭਗਵਾਨ ਸਿੰਘ ਮਾਤਾ ਹਰਨਾਮ ਕੌਰ ਪਿੰਡ ਟੋਡਰ ਮਾਜਰਾ ਆਪ ਮੋਰਚਾ ਜੈਤੋ ਦੇ ੧੬ਵੇਂ ਸ਼ਹੀਦੀ ਜਥੇ ਵਿਚ ਗਏ ਤੇ ਨਾਭਾ ਬੀੜ ਵਿਚ ਕੈਦ ਕਟੀ ।

ਭਾਈ ਧਰਮ ਸਿੰਘ ਪਿਤਾ ਸ: ਪ੍ਰਤਾਪ ਸਿੰਘ ਪਿੰਡ ਟੋਡਰ ਮਾਜਰਾ ਆਪ ਮੋਰਚਾ ਜੈਤੋ ਵਿਚ ਗਏ ਤੇ ਨਾਭਾ ਬੀੜ ਵਿਚ ਕੈਦ ਕਟੀ ।

ਭਾਈ ਦਿਆਲ ਸਿੰਘ ਪਿਤਾ ਸ: ਲਛਮਣ ਸਿੰਘ ਮਾਤਾ ਬਸੰਤ ਕੌਰ ਪਿੰਡ ਟੋਡਰ ਮਾਜਰਾ ਆਪ ਮੋਰਚਾ ਜੈਤੋ ਦੇ ਪੰਜਵੇਂ ਸ਼ਹੀਦੀ ਜਥੇ ਨਾਲ ਗਏ ਤੇ ਭਾ: ਫੇਰੂ ਦੇ ਮੋਰਚੇ ਵਿਚ ਵੀ ਗਏ ।

ਭਾਈ ਅਰਜਨ ਸਿੰਘ ਪਿਤਾ ਸ: ਜੀਉਣ ਸਿੰਘ ਮਾਤਾ ਸ਼ਾਮ ਕੌਰ ਪਿੰਡ ਟੋਡਰ ਮਾਜਰਾ ਆਪ ਨੇ ਭਾਈ ਫੇਰੂ ਦੇ ਮੋਰਚੇ ਵਿਚ ੬ ਮਹੀਨੇ ਕੈਦ ਕਟੀ । ਫੇਰ ਮੋਰਚਾ ਜੈਤੋ ਪੰਜਵੇਂ ਸ਼ਹੀਦੀ ਜਥੇ ਵਿਚ ਗਏ ਤੇ ਕੁਰਬਾਨੀ ਕੀਤੀ । ਭਾ: ਉਜਾਗਰ ਸਿੰਘ ਪਿਤਾ ਸ: ਨਗੀਨਾ ਸਿੰਘ ਪਿੰਡ ਟੋਡਰਮਾਜਰਾ ਆਪ ਮੋਰਚਾ ਜੈਤੋ ਦੇ ੧੬ਵੇਂ ਸ਼ਹੀਦੀ ਜਥੇ ਵਿਚ ਗਏ ਤੇ ਕੁਰਬਾਨੀ ਕੀਤੀ ।

ਭਾਈ ਹਰਨਾਮ ਸਿੰਘ ਪਿਤਾ ਸ: ਵਰਯਾਮ ਸਿੰਘ ਮਾਤਾ ਬਸੰਤ ਕੌਰ ਪਿੰਡ ਚੁਪਕੀ ਉਰਫ਼ ਸੰਤ ਪੁਰਾ ਉੱਚਾ ਆਪ ਸੰਨ ੧੯੨੯ ਵਿਚ ਜੰਡ ਸਾਹਿਬ ਵਿਖੇ ਕਾਂਗਰਸ ਲਹਿਰ ਵਿਚ ਇਕ ਮਹੀਨਾ ਕੈਦ ਕਟੀ ।

ਭਾਈ ਨੱਥਾ ਸਿੰਘ ਪਿਤਾ ਸ: ਮਸੰਦ ਸਿੰਘ ਪਿੰਡ ਸੁਹਾਲੀ ਆਪ ਨੇ ਮੋਰਚਾ ਜੈਤੋ ਵਿਚ ਇਕ ਸਾਲ ਅੱਠ ਮਹੀਨੇ ਕੈਦ ਕਟੀ ਤੇ ੨੦੦ ਰੁਪਿਆ ਜੁਰਮਾਨਾ ਅਦਾ ਕੀਤਾ ।

ਭਾਈ ਗੁਰਮੁਖ ਸਿੰਘ ਪਿਤਾ ਸ: ਨੱਥਾ ਸਿੰਘ ਮਾਤਾ ਸਮਾਂ ਕੌਰ ਪਿੰਡ ਸੁਹਾਲੀ ਆਪ ਨੇ ਮੋਰਚਾ ਜੈਤੋ ਵਿਚ ਇਕ ਸਾਲ ਕੈਦ ਕਟੀ । ਆਪ ਕਾਂਗਰਸ ਵਰਕਰ ਸਨ ।

ਭਾਈ ਨਰਿੰਦਰ ਸਿੰਘ ਪਿਤਾ ਸ: ਵਰਯਾਮ ਸਿੰਘ ਪਿੰਡ ਅਟੌਰ ਆਪ ਅਕਾਲੀ ਵਰਕਰ ਸਨ ਤੇ ਅਕਾਲੀ ਲਹਿਰ ਦੇ ਪ੍ਰਚਾਰ ਦੇ ਸਬੰਧ ਵਿਚ ੬ ਮਹੀਨੇ ਕੈਦ ਕਟੀ ।

ਭਾਈ ਕਰਤਾਰ ਸਿੰਘ ਪਿਤਾ ਸ: ਹਰਨਾਮ ਸਿੰਘ ਪਿੰਡ ਅਟੌਰ ਆਪ ਮੋਰਚਾ ਜੈਤੋ ਦੇ ਤੀਜੇ ਸ਼ਹੀਦੀ ਜਥੇ ਵਿਚ ਗਏ ਤੇ ਦੋ ਸਾਲ ਕੈਦ ਕਟੀ, ਨਗਰ ਵਿਚ ਗੁਰਦੁਆਰੇ ਸਾਹਿਬ ਦੀ ਸੇਵਾ ਕਰਾਈ ।

ਭਾਈ ਬਚਨ ਸਿੰਘ ਪਿਤਾ ਸ: ਛੱਜਾ ਸਿੰਘ ਪਿੰਡ ਅਟੌਰ ਆਪ ਜੈਤੋ ਦੇ ਮੋਰਚੇ ਵਿਚ ਗਏ ।

Digitized by Panjab Digital Library | www.panjabdigilib.org

ਤੇ ਮੋਰਚਾ ਫਤਹਿ ਹੋਣ ਤਕ ਕੈਦ ਰਹੇ।

ਭਾਈ ਉਜਾਗਰ ਸਿੰਘ ਪਿਤਾ ਸ: ਮਤਾਬ ਸਿੰਘ ਪਿੰਡ ਰਕੋਲੀ ਆਪ ਮੋਰਚਾ ਜੈਤੋ ਵਿਚ ਗਏ, ੧ ਸਾਲ ੮ ਮਹੀਨੇ ਕੈਦ ਤੇ ੨੦੦) ਰੁਪਿਆ ਜੁਰਮਾਨਾ ਹੋਇਆ।

ਭਾਈ ਰਤਨ ਸਿੰਘ ਪਿਤਾ ਸ: ਬਸੰਤ ਸਿੰਘ ਪਿੰਡ ਸਰੋੜਾ ਆਪ ਅਕਾਲੀ ਵਰਕਰ ਸਨ, ਤਕਰੀਰਾਂ ਦੇ ਦੋਸ਼ ਵਿਚ ਡੇਢ ਸਾਲ ਕੈਦ ਹੋਈ। ਭਾਈ ਲਹਿਰੀ ਸਿੰਘ ਮਸਤਾਨਾ ਆਪ ਦੇ ਸਾਥੀ ਪਰਚਾਰਕ ਸਨ।

ਭਾਈ ਨਰਾਤਾ ਸਿੰਘ ਪਿਤਾ ਸ: ਦੀਪ ਸਿੰਘ ਪਿੰਡ ਥਿਵੀ ਪੁਰ ਆਪ ਮੋਰਚਾ ਜੈਤੋ ਵਿਚ ਗਏ ਤੇ ਡੇਢ ਸਾਲ ਕੈਦ ਹੋਈ।

ਭਾਈ ਸਰਵਣ ਸਿੰਘ ਪਿਤਾ ਸ: ਗੰਡਾ ਸਿੰਘ ਪਿੰਡ ਹਸਨਪੁਰ ਆਪ ਮੋਰਚਾ ਭਾਈ ਫੇਰੂ ਵਿਚ ਗਏ, ਤਿੰਨ ਦਿਨ ਦੀ ਕੈਦ ਤੇ ੩੦੦) ਰੁਪੈ ਜੁਰਮਾਨਾ ਹੋਇਆ।

ਭਾਈ ਅਨੋਖ ਸਿੰਘ ਪਿਡ ਹਸਨਪੁਰ ਆਪ ਭਾਈ ਫੇਰੂ ਦੇ ਮੋਰਚੇ ਵਿਚ ਸ਼ਹੀਦ ਹੋ ਗਏ।

ਭਾਈ ਬਸੰਤ ਸਿੰਘ ਪਿਤਾ ਸ: ਖੜਕ ਸਿੰਘ ਪਿੰਡ ਹਸਨ ਪੁਰ ਮੋਰਚਾ ਜੈਤੋ ਵਿਚ ਚੌਥੇ ਸ਼ਹੀਦੀ ਜਥੇ ਵਿਚ ੧ ਸਾਲ ੮ ਮਹੀਨੇ ਕੈਦ ਰਹੇ।

ਭਾਈ ਹਜ਼ਾਰਾ ਸਿੰਘ ਪਿਤਾ ਸ: ਬਿਸ਼ਨ ਸਿੰਘ ਪਿੰਡ ਹਸਨ ਪੁਰ ਆਪ ਨੂੰ ਮੋਰਚਾ ਜੈਤੋ ਵਿਚ ੧ ਸਾਲ ੮ ਮਹੀਨੇ੧੭ ਦਿਨ ਕੈਦ ਹੋਈ।

ਭਾਈ ਚਤਰ ਸਿੰਘ ਪਿਤਾ ਸ: ਸੁੰਦਰ ਸਿੰਘ ਪਿੰਡ ਹਸਨ ਪੁਰ ਆਪ ਮੁਕਤਸਰ ਤੇ ਭਾਈ ਫੇਰੂ ਦੇ ਮੋਰਚਿਆਂ ਵਿਚ ਗਏ।

ਭਾਈ ਤਰਲੋਕ ਸਿੰਘ ਪਿਤਾ ਸ: ਛੱਜਾ ਸਿੰਘ ਪਿੰਡ ਰੁੜਕੀ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਤਿੰਨ ਮਹੀਨੇ ਕੈਦ ਰਹੇ।

ਭਾਈ ਕੇਹਰ ਸਿੰਘ ਪਿਤਾ ਚੜ੍ਹਤ ਸਿੰਘ ਪਿੰਡ ਰੁੜਕੀ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਫਤਹਿ ਹੋਣ ਤਕ ਕੈਦ ਰਹੇ।

ਭਾਈ ਨਿੱਕਾ ਸਿੰਘ ਪਿਤਾ ਸ: ਵਰਿਆਮ ਸਿੰਘ ਪਿੰਡ ਰੁੜਕੀ ਆਪ ਮੋਰਚਾ ਜੈਤੋ ਵਿਚ ੧ ਸਾਲ ੨ ਮਹੀਨੇ ਕੈਦ ਰਹੇ।

ਭਾਈ ਖੇਮ ਸਿੰਘ ਪਿਤਾ ਸ: ਕਿਰਪਾਲ ਸਿੰਘ ਪਿੰਡ ਲੰਗਰ ਛੰਨੀਆਂ ਆਪ ਮੋਰਚਾ ਜੈਤੋ ਵਿਚ ਗਏ ਤੇ ੨ ਸਾਲ ਕੈਦ ਕਟੀ।

ਭਾਈ ਇੰਦਰ ਸਿੰਘ ਪਿਤਾ ਸ: ਗੰਗਾ ਸਿੰਘ ਪਿੰਡ ਲੰਗਰ ਛੰਨੀਆਂ ਆਪ ਮੋਰਚਾ ਜੈਤੋ ਵਿਚ ਗਏ ਤੇ ਦੋ ਸਾਲ ਕੈਦ ਕਟੀ।

ਭਾਈ ਨੌਹਰ ਸਿੰਘ ਪਿਤਾ ਸ: ਹੀਰਾ ਸਿੰਘ ਪਿੰਡ ਮੋਹੜਾ ਆਪ ਮੋਰਚਾ ਜੈਤੋ ਵਿਚ ਗਏ ਤੇ ਦੋ ਸਾਲ ਕੈਦ ਕਟੀ।

ਭਾਈ ਹੀਰਾ ਸਿੰਘ ਪਿੰਡ ਮੋਹੜਾ ਆਪ ਮੋਰਚਾ ਜੈਤੋ ਵਿਚ ਗਏ ਤੇ ਦੋ ਸਾਲ ਕੈਦ ਕਟੀ।

ਭਾਈ ਗਿਆਨ ਸਿੰਘ ਪਿਤਾ ਸ: ਕਾਲਾ ਸਿੰਘ ਪਿੰਡ ਸਲੂਰ ਆਪ ਮੋਰਚਾ ਜੈਤੋ ਵਿਚ ਗਏ ਤੇ ਦੋ ਸਾਲ ਕੈਦ ਕਟੀ।

ਭਾਈ ਧਿਆਨ ਸਿੰਘ ਪਿਤਾ ਸ: ਹਰਜਸ ਸਿੰਘ ਪਿੰਡ ਕੋਕਪੁਰ ਆਪ ਮੋਰਚਾ ਜੈਤੋ ਵਿਚ ਗਏ ਤੇ ਇਕ ਸਾਲ ਕੈਦ ਕਟੀ।

Digitized by Panjab Digital Library | www.panjabdigilib.org

ਭਾਈ ਪਰਤਾਪ ਸਿੰਘ ਪਿਤਾ ਸ: ਕਿਰਪਾਲ ਸਿੰਘ ਪਿੰਡ ਕੋਕਪੁਰ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਇਕ ਸਾਲ ਕੈਦ ਕਟੀ ।

ਭਾਈ ਤਾਰਾ ਸਿੰਘ ਪਿਤਾ ਸ: ਰਾਜਾ ਸਿੰਘ ਪਿੰਡ ਭਾਨੋਖੇੜੀ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਇਕ ਸਾਲ ਕੈਦ ਕਟੀ ।

ਭਾਈ ਕਿਸ਼ਨ ਸਿੰਘ ਪਿਤਾ ਸ: ਚੰਨਣ ਸਿੰਘ ਪਿੰਡ ਲੰਡਾ ਆਪ ਮੋਰਚਾ ਜੈਤੋ ਵਿਚ ਗਏ ਤੇ ਦੋ ਸਾਲ ਕੈਦ ਕਟੀ ।

ਭਾਈ ਕੇਸਰ ਸਿੰਘ ਪਿਤਾ ਸ: ਕਾਲਾ ਸਿੰਘ ਪਿੰਡ ਮੂਲਾ (ਗੁਰਮੂਲਾ) ਆਪ ਮੋਰਚਾ ਜੈਤੋ ਵਿਚ ਗਏ ਤੇ ਦੋ ਸਾਲ ਕੈਦ ਕਟੀ ।

ਭਾਈ ਰਤਨ ਸਿੰਘ ਪਿਤਾ ਸ: ਕਿਸ਼ਨ ਸਿੰਘ ਪਿੰਡ ਜੱਟਵਾੜ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਇਕ ਸਾਲ ਕੈਦ ਕਟੀ ।

ਭਾਈ ਪੰਜਾਬ ਸਿੰਘ ਪਿਤਾ ਸ: ਜੀਤ ਸਿੰਘ ਪਿੰਡ ਜੱਟਵਾੜ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਇਕ ਸਾਲ ਕੈਦ ਕਟੀ ।

ਭਾਈ ਅਤਰ ਸਿੰਘ (ਫੌਜੀ) ਪਿਤਾ ਸ: ਹਰੀ ਸਿੰਘ ਪਿੰਡ ਜਰੀਕ ਪੁਰ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਇਕ ਸਾਲ ਕੈਦ ਕਟੀ ।

ਭਾਈ ਮਾੜੂ ਸਿੰਘ ਪਿਤਾ ਸ: ਮੰਗਤ ਸਿੰਘ ਪਿੰਡ ਛਜੂ ਮਾਜਰਾ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਇਕ ਸਾਲ ਕੈਦ ਕਟੀ ।

ਭਾਈ ਅਰਜਨ ਸਿੰਘ ਪਿਤਾ ਸ: ਪੂਰਨ ਸਿੰਘ ਪਿੰਡ ਕੇਸਰੀ ਮਾਜਰਾ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਇਕ ਸਾਲ ਕੈਦ ਕਟੀ ।

ਭਾਈ ਤਾਰਾ ਸਿੰਘ ਪਿਤਾ ਸ: ਹਰਨਾਮ ਸਿੰਘ ਪਿੰਡ ਗਰਨਾਲਾ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਇਕ ਸਾਲ ਕੈਦ ਕਟੀ ।

ਭਾਈ ਸੁੰਦਰ ਸਿੰਘ ਪਿਤਾ ਸ: ਰਾਮ ਸਿੰਘ ਪਿੰਡ ਕਿਸ਼ਨਪੁਰਾ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਇਕ ਸਾਲ ਕੈਦ ਕਟੀ ।

ਭਾਈ ਤੇਜਾ ਸਿੰਘ ਪਿਤਾ ਸ; ਜੀਵਨ ਸਿੰਘ ਪਿੰਡ ਕੇਸਰੀ ਪੁਰਾ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਇਕ ਸਾਲ ਕੈਦ ਕਟੀ ।

ਭਾਈ ਕੋਲ੍ਹਾ ਸਿੰਘ ਪਿਤਾ ਸ: ਬੀਰ ਸਿੰਘ ਪਿੰਡ ਸਜਾਦ ਪੁਰ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਦੋ ਸਾਲ ਕੈਦ ਕਟੀ ।

ਭਾਈ ਮੋਹਮਾਂ ਸਿੰਘ ਪਿਤਾ ਸ: ਮੰਗਲ ਸਿੰਘ ਮਾਤਾ ਬਿਸ਼ਨ ਕੌਰ ਪਿੰਡ ਸਜਾਦ ਪੁਰ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਸ਼ਹੀਦ ਹੋਏ ।

ਭਾਈ ਹੀਰਾ ਸਿੰਘ ਪਿਤਾ ਸ: ਹਰਨਾਮ ਸਿਘ ਮਾਤਾ ਮਤਾਬ ਕੌਰ ਪਿੰਡ ਮਛੋੜਾ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਦੋ ਸਾਲ ਸਜ਼ਾ ਕਟੀ ।

ਭਾਈ ਗੁਰਦਿਆਲ ਸਿੰਘ ਪਿਤਾ ਸ: ਸੇਵਾ ਸਿੰਘ ਮਾਤਾ ਬਲਵੀਰ ਕੌਰ ਪਿੰਡ ਮੋਹੜਾ ਆਪ ਜੈਤੋ ਦੇ ਮੋਰਚੇ ਵਿਚ ਗਏ ।

ਭਾਈ ਰਾਮ ਸਿੰਘ ਪਿਤਾ ਸ: ਦੇਵਾ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਮੋਹੜਾ ਆਪ ਜੈਤੋ ਦੇ ਮੋਰਚੇ ਵਿਚ ਗਏ ।

Digitized by Panjab Digital Library | www.panjabdigilib.org

ਭਾਈ ਸੁੰਦਰ ਸਿੰਘ ਪਿਤਾ ਸ: ਵਜ਼ੀਰ ਸਿੰਘ ਪਿੰਡ ਮੋਹੜ ਪੁਰ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ੯ ਮਹੀਨੇ ਕੈਦ ਕਟੀ ।

ਭਾਈ ਸ਼ੇਰ ਸਿੰਘ ਪਿਤਾ ਸ: ਨਗੀਨਾ ਸਿੰਘ ਮਾਤਾ ਕਿਸ਼ਨ ਕੌਰ ਪਿੰਡ ਸ਼ਾਹਪੁਰ ਆਪ ਮੋਰਚਾ ਭਾਈ ਫੇਰੂ ਵਿਚ ਗਏ ।

ਭਾਈ ਸਾਹਿਬ ਸਿੰਘ ਪਿਤਾ ਸ: ਫੱਗਾ ਸਿੰਘ ਮਾਤਾ ਮੰਗਲ ਕੌਰ ਪਿੰਡ ਸ਼ਾਹਪੁਰ ਆਪ ਮੋਰਚਾ ਭਾਈ ਫੇਰੂ ਵਿਚ ਗਏ।

ਭਾਈ ਮੱਲ ਸਿੰਘ ਪਿਤਾ ਸ: ਸੁੰਦਰ ਸਿੰਘ ਮਾਤਾ ਰਾਮ ਦੇਈ ਪਿੰਡ ਮੀਆਂ ਪੁਰ ਆਪ ੨੪ ਸਾਲ ਦੀ ਉਮਰ ਵਿਚ ਮੋਰਚੇ ਵਿਚ ਗਏ ਤੇ ਉਥੇ ਹੀ ਸ਼ਹੀਦ ਹੋ ਗਏ।

ਭਾਈ ਕਿਰਪਾ ਸਿੰਘ ਪਿਤਾ ਸ: ਚੜ੍ਹਤ ਸਿੰਘ ਮਾਤਾ ਭੋਲੀ ਪਿੰਡ ਭਕੂ ਮਾਜਰਾ ਆਪ ਮੋਰਚਾ ਭਾਈ ਫੇਰੂ ਗਏ ਤੇ ਦੋ ਸਾਲ ਕੈਦ ਹੋਏ।

ਭਾਈ ਨਿਰਮਲ ਸਿੰਘ ਪਿਤਾ ਸ: ਦਿਆ ਸਿੰਘ ਮਾਤਾ ਭਗਵਾਨ ਕੌਰ ਪਿੰਡ ਭਕੂ ਮਾਜਰਾਂ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਡੇਢ ਸਾਲ ਕੈਦ ਹੋਏ।

ਬਾਬਾ ਅਰਜਨ ਸਿੰਘ ਪਿਤਾ ਸ: ਸਾਹਿਬ ਸਿੰਘ ਮਾਤਾ ਭਾਗ ਕੌਰ ਪਿੰਡ ਭਕੂ ਮਾਜਰਾ ਆਪ ਭਾਈ ਫੇਰੂ ਦੇ ਮੋਰਚੇ ਵਿਚ ਗਏ ਤੇ ੬ ਮਹੀਨੇ ਕੈਦ ਹੋਏ ।

ਭਾਈ ਮਲਹਰਾ ਸਿੰਘ ਪਿਤਾ ਸ: ਖੁਸ਼ੀਆ ਸਿੰਘ ਮਾਤਾ ਸਾਹਿਬ ਕੌਰ ਪਿੰਡ ਬਹਰਾਮ ਪੁਰ ਆਪ ਜੰਡ ਸਾਹਿਬ ਦੇ ਮੋਰਚੇ ਤੇ ਗਏ ਤੇ ਮੋਰਚਾ ਫਤਹਿ ਹੋਣ ਤਕ ੧ ਮਹੀਨਾ ਕੈਦ ਰਹੇ।

ਭਾਈ ਲਹਿਣਾ ਸਿੰਘ ਪਿਤਾ ਸ: ਮਜਾ ਸਿੰਘ ਮਾਤਾ ਜਸ ਕੌਰ ਪਿੰਡ ਖਨਟ ਆਪ ਜੈਤੋ ਦੇ ਮੋਰਚੇ ਵਿਚ ਜਾ ਕੇ ੬ ਮਹੀਨੇ ਕੈਦ ਰਹੇ।

ਗਿਆਨੀ ਭਗਤ ਸਿੰਘ ਪਿਤਾ ਸ: ਲਾਲ ਸਿੰਘ ਮਾਤਾ ਇੰਦਰ ਕੌਰ ਪਿੰਡ ਖਨਟ ਆਪ ਮੋਰਚਾ ਜੈਤੋ ਵਿਚ ੭ਵੇਂ ਸ਼ਹੀਦੀ ਜਥੇ ਨਾਲ ਗਏ ਤੇ ਸਵਾ ਸਾਲ ਕੈਦ ਹੋਏ।

ਭਾਈ ਸੰਤ ਸਿੰਘ ਪਿਤਾ ਸ: ਗੁਰਦਿਤ ਸਿੰਘ ਪਿੰਡ ਕਾਲੇ ਮਾਜਰਾ ਮੋਰਚਾ ਜੈਤੋ ਵਿਚ ਗਏ ੧ ਸਾਲ ੧੦ ਮਹੀਨੇ ਕੈਦ ਹੋਈ ਤੇ ਮੋਰਚਾ ਗੁਰੂ ਕੇ ਬਾਗ ਵਿਚ ਡੇਢ ਸਾਲ ਕੈਦ ਤੇ ੧੫੦ ਰੁਪਏ ਜੁਰਮਾਨਾ ਹੋਇਆ ।

ਭਾਈ ਬਚਨ ਸਿੰਘ ਪਿਤਾ ਸ: ਹਰਨਾਮ ਸਿੰਘ ਪਿੰਡ ਸਕਰੁਲਾ ਪੁਰ ਆਪ ਮੋਰਚਾ ਜੈਤੋ ਵਿਚ ਤੀਜੇ ਜਥੇ ਨਾਲ ਗਏ ਤੇ ਦੋ ਸਾਲ ਕੈਦ ਹੋਈ।

ਭਾਈ ਕਰਤਾਰ ਸਿੰਘ ਪਿਤਾ ਸ: ਕਰਮ ਸਿੰਘ ਪਿੰਡ ਫਾਟਵਾਂ ਆਪ ਜੈਤੋ ਦੇ ਮੋਰਚੇ ਵਿਚ ਪਹਿਲੇ ਸ਼ਹੀਦੀ ਜਥੇ ਨਾਲ ਗਏ। ਸ੍ਰੀ ਨਨਕਾਣਾ ਸਾਹਿਬ ਦੇ ਮੋਰਚੇ ਵਿਚ ਗਏ। ੧੯੪੭ ਦੇ ਘਲੂਘਾਰੇ ਵਿਚ ਸੇਵਾ ਵਾਸਤੇ ਰਾਵਲਪਿੰਡੀ ਗਏ।

ਜਥੇਦਾਰ ਜਾਤਾ ਸਿੰਘ ਪਿਤਾ ਸ: ਚੂਹੜ ਸਿੰਘ ਪਿੰਡ ਫਾਟਵਾਂ ਮੋਰਚਾ ਜੈਤੋ ਵਿਚ ਜਥੇ ਦੇ ਜਥੇਦਾਰ ਬਣਕੇ ਗਏ ਤੇ ਦੋ ਸਾਲ ਕੈਦ ਰਹੇ। ਕਿਰਪਾਨ ਦੇ ਮੋਰਚੇ ਵਿਚ ਗਏ। ਕਾਂਗਰਸ ਲਹਿਰ ਵਿਚ ਦੋ ਸਾਲ ਕੈਦ ਰਹੇ।

ਭਾਈ ਫੁਮਨ ਸਿੰਘ ਪਿਤਾ ਸ: ਹਰਨਾਮ ਸਿੰਘ ਮਾਤਾ ਤਾਬੀ ਮੋਰਚਾ ਜੈਤੋ ਵਿਚ ਦੋ ਸਾਲ ਕੈਦ ਕੱਟੀ। ਭਾਈ ਕਰਮ ਸਿੰਘ ਮਾਤਾ ਪਰਤਾਪ ਕੌਰ ਪਿੰਡ ਫਾਟਵਾਂ ਆਪ ਜੈਤੋ ਵਿਚ ਪਹਿਲੇ ਤੇ ਚੌਥੇ ਜਥੇ ਨਾਲ ਗਏ ਤੇ ਦੋ ਸਾਲ ਕੈਦ ਰਹੇ। ਬਹੁਤ ਕੁਟਾਂ ਖਾਧੀਆਂ।

Digitized by Panjab Digital Library | www.panjabdigilib.org

ਭਾਈ ਦਲੀਪ ਸਿੰਘ ਪਿਤਾ ਸ: ਬਿਸ਼ਨ ਸਿੰਘ ਪਿੰਡ ਵਡੇ ਢਡੋਰੇ ਆਪ ਨੂੰ ਮੋਰਚਾ ਜੈਤੋ ਵਿਚ ੧ ਸਾਲ ਕੈਦ ਹੋਈ ਫਿਰ ਲੈਕਚਰ ਦੇਣ ਕਾਰਨ ੧ ਸਾਲ ਕੈਦ ਕੱਟੀ।

ਭਾਈ ਉਤਮ ਸਿੰਘ ਪਿਤਾ ਸ: ਰਾਮ ਸਿੰਘ ਮਾਤਾ ਜਸਵੰਤ ਕੌਰ ਪਿੰਡ ਨਖਨੌਰ ਆਪ ਮੋਰਚਾ ਭਾਈ ਫੇਰੂ ਤੇ ਜੈਤੋ ਵਿਚ ਸਾਢੇ ਚਾਰ ਸਾਲ ਕੈਦ ਰਹੇ। ਜੈਤੋ ਵਿਚ ੧੪ਵੇਂ ਸ਼ਹੀਦੀ ਜਥੇ ਵਿਚ ੨੦੦) ਰੁਪਿਆ ਜੁਰਮਾਨਾ ਵੀ ਹੋਇਆ।

ਭਾਈ ਅਰਜਨ ਸਿੰਘ ਪਿਤਾ ਸ: ਗੁਰਮੁਖ ਸਿੰਘ ਪਿੰਡ ਵਡੇ ਢਡੋਰੇ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਤਕਲੀਫਾਂ ਸਹੀਆਂ।

ਭਾਈ ਨਿਰੰਜਨ ਸਿੰਘ ਪਿਤਾ ਸ: ਤੁਲਸਾ ਸਿੰਘ ਮਾਤਾ ਮੰਗਲ ਕੌਰ ਪਿੰਡ ਸੰਗਤ ਪੁਰਾ ਜੈਤੋ ਪਹਿਲੇ ਜਥੇ ਵਿਚ ਗਏ, ਬਹੁਤ ਮਾਰ ਕੁਟ ਤੋਂ ਬਾਦ ੭ ਸਾਲ ਕੈਦ ਹੋਈ।

ਭਾਈ ਗੰਗਾ ਸਿੰਘ ਪਿਤਾ ਸ: ਲਾਲ ਸਿੰਘ ਮਾਤਾ ਰਾਜ ਕੌਰ ਪਿੰਡ ਮੀਆਂ ਪੁਰ ਆਪ ਮੋਰਚਾ ਭਾਈ ਫੇਰੂ ਵਿਚ ਛੇ ਮਹੀਨੇ ਕੈਦ ਰਹੇ।

ਭਾਈ ਜੈਮਲ ਸਿੰਘ ਪਿਤਾ ਸ: ਨਰੈਣ ਸਿੰਘ ਪਿੰਡ ਸਿਵਲ ਮਾਜਰਾ ਆਪ ਨੇ ਮੋਰਚਾ ਭਾ: ਫੇਰੂ ਵਿਚ ਇਕ ਮਹੀਨਾ ਕੈਦ ਕਟੀ ਤੇ ੩੦੦ ਰੁਪਿਆ ਜੁਰਮਾਨਾ ਅਦਾ ਕੀਤਾ।

ਭਾ: ਚੰਨਣ ਸਿੰਘ ਤਿਤਾ ਸ: ਨਰੈਣ ਸਿੰਘ ਪਿੰਡ ਸਿਵਲ ਮਾਜਰਾ ਆਪ ਨੇ ਮੋਰਚਾ ਭਾਈ ਫੇਰੂ ਵਿਚ ੨ ਸਾਲ ਕੈਦ ਕਟੀ ਤੇ ੨੦੦ ਰੁਪਿਆ ਜੁਰਮਾਨਾ ਅਦਾ ਕੀਤਾ।

ਭਾਈ ਗਿਆਨ ਸਿੰਘ ਪਿਤਾ ਸ: ਜੀਊਣ ਸਿੰਘ ਪਿੰਡ ਹਸਨ ਪੁਰ ਆਪ ਨੇ ਮੋਰਚਾ ਭਾਈ ਫੇਰੂ ਵਿਚ ੩ ਮਹੀਨੇ ਕੈਦ ਕਟੀ ਤੇ ੩੦੦ ਪੁਪਿਆ ਜੁਰਮਾਨਾ ਅਦਾ ਕੀਤਾ।

ਭਾਈ ਤਾਰਾ ਸਿੰਘ ਪਿਤਾ ਸ: ਨਾਨਕ ਸਿੰਘ ਪਿੰਡ ਆਲਾ ਪੁਰ ਆਪ ਮੋਰਚਾ ਭਾ: ਫੇਰੂ ਵਿਚ ਗਏ ਤੇ ਛੋਟੀ ਉਮਰ ਕਰਕੇ ਛੱਡ ਦਿੱਤੇ ਗਏ।

ਭਾਈ ਮੰਗਲ ਸਿੰਘ ਪਿਤਾ ਸ: ਰੱਲਾ ਸਿੰਘ ਪਿੰਡ ਆਲਾ ਪੁਰ ਆਪ ਮੋਰਚਾ ਜੈਤੋ ਵਿਚ ਗਏ ਤੇ ਮੋਰਚਾ ਫਤਹਿ ਹੋਣ ਤੇ ਰਿਹਾ ਕੀਤੇ ਗਏ।

ਭਾਈ ਨਿਹਾਲ ਸਿੰਘ ਪਿਤਾ ਸ: ਰੱਲਾ ਸਿੰਘ ਪਿੰਡ ਆਲਾ ਪੁਰ ਆਪ ਮੋਰਚਾ ਜੈਤੋ ਵਿਚ ਕੈਦ ਹੋ ਕੇ ਇਕ ਸਾਲ ਨਾਭਾ ਬੀੜ ਵਿਚ ਰਹੇ।

ਭਾਈ ਗੁਰਮੁਖ ਸਿੰਘ ਪਿਤਾ ਸ: ਨਿੱਕਾ ਸਿੰਘ ਪਿੰਡ ਆਲਾ ਪੁਰ ਆਪ ਮੋਰਚਾ ਜੈਤੋ ਵਿਚ ਗਏ ਤੇ ਮੋਰਚਾ ਫਤਹਿ ਹੋਣ ਤੋਂ ਛੇ ਮਹੀਨੇ ਪਿਛੋਂ ਛੱਡੇ ਗਏ।

ਭਾਈ ਪ੍ਰਤਾਪ ਸਿੰਘ ਪਿਤਾ ਸ: ਭਗਵਾਨ ਸਿੰਘ ਪਿੰਡ ਆਲਾ ਪੁਰ ਆਪ ਕਪੂਰਥਲੇ ਦੇ ਮੋਰਚੇ ਵਿਚ ਗਏ।

ਭਾਈ ਦਲੀਪ ਸਿੰਘ ਪਿੰਡ ਸੋਹੜਾ ਆਪ ਨੇ ਅਕਾਲੀ ਲਹਿਰ ਦੇ ਕਿਸੇ ਮੋਰਚੇ ਵਿਚ ਜਾ ਕੇ ਛੇ ਮਹੀਨੇ ਕੈਦ ਕਟੀ।

ਭਾਈ ਨਥਾ ਸਿੰਘ ਪਿਤਾ ਸ: ਮੁਸੱਦਾ ਸਿੰਘ ਪਿੰਡ ਪਰਖਾਲੀ ਆਪ ਨੇ ਮੋਰਚਾ ਜੈਤੋ ਵਿਚ ਵਿਚ ਸਾਲ ਅੱਠ ਮਹੀਨੇ ਕੈਦ ਕਟੀ ਤੇ ਦੋ ਸੌ ਰੁਪਿਆ ਜੁਰਮਾਨਾ ਅਦਾ ਕੀਤਾ।

ਗਿਆਨੀ ਮਹਿੰਦਰ ਸਿੰਘ ਪਿਤਾ ਸ: ਬਹੇਗ ਸਿੰਘ ਪਿੰਡ ਘਟਾ ਉੜ ਆਪ ਅਕਾਲੀ ਵਰਕਰ ਸਨ ਤੇ ਅਕਾਲੀ ਲਹਿਰ ਦੇ ਪ੍ਰਚਾਰ ਵਿਚ ਕੈਦ ਕਟੀ।

ਭਾਈ ਈਸ਼ਰ ਸਿੰਘ ਪਿਤਾ ਸ: ਲਾਲ ਸਿੰਘ ਪਿੰਡ ਮਰੰਡੇ ਮੋਰਚਾ ਜੈਤੋ ਵਿਚ ਗਏ।

Digitized by Panjab Digital Library | www.panjabdigilib.org

ਭਾਈ ਜੀਉਣ ਸਿੰਘ ਪਿਤਾ ਸ: ਸ਼ਿਵ ਸਿੰਘ ਪਿੰਡ ਪਿਸਆਲਾ ਮੋਰਚਾ ਜੈਤੋ ਵਿਚ ਗਏ।

ਭਾਈ ਦਸੌਂਧਾ ਸਿੰਘ ਪਿਤਾ ਸ: ਦੀਵਾਨ ਸਿੰਘ ਪਿੰਡ ਬੋਆ ਮੋਰਚਾ ਜੈਤੋ ਵਿਚ ਗਏ।

ਭਾਈ ਰਾਮ ਸਿੰਘ ਪਿੰਡ ਪੰਜੇਖਰਾ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਤਰਲੋਕ ਸਿੰਘ ਪਿਤਾ ਸ: ਦੀਵਾਨ ਸਿੰਘ ਪਿੰਡ ਭਾਨੋ ਖੇੜੀ ਜੈਤੋ ਵਿਚ ਗਏ।

ਭਾਈ ਅਰਜਨ ਸਿੰਘ ਪਿਤਾ ਪੂਰਨ ਸਿੰਘ ਪਿੰਡ ਕੇਸਰੀ ਆਪ ਮੋਰਚਾ ਜੈਤੋ ਵਿਕ ਗਏ।

ਭਾਈ ਮੋਹਰ ਸਿੰਘ ਪਿਤਾ ਗੰਧਾ ਸਿੰਘ ਪਿੰਡ ਜਟਵਾਲ ,, ,, ,,

ਭਾਈ ਖੁਸ਼ਾਲਾ ਸਿੰਘ ਪਿਤਾ ਸ: ਚੰਨਣ ਸਿੰਘ ਪਿੰਡ ਲੰਡੇ ,, ,, ,,

ਭਾਈ ਦਲੀਪ ਸਿੰਘ ਪਿਤਾ ਸ: ਨਗੀਨਾ ਸਿੰਘ ਮਾਤਾ ਕਿਸ਼ਨ ਕੌਰ ਪਿੰਡ ਸ਼ਾਹ ਪੁਰ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਚੰਨਨ ਸਿੰਘ ਪਿਤਾ ਸ: ਹੀਰਾ ਸਿੰਘ ਪਿੰਡ ਭਾਨੋ ਖੇੜੀ ਮੋਰਚਾ ਜੈਤੋ ਵਿਚ ਗਏ।

ਭਾਈ ਰਤਨ ਸਿੰਘ ਪਿਤਾ ਸ: ਮੰਗਲ ਸਿੰਘ ਮਾਤਾ ਤਾਰਾ ਕੌਰ ਪਿੰਡ ਮਾਜਰੀ ਠਾਰਵਾ ਆਪ ਮੋਰਚਾ ਜੈਤੋ ਵਿਚ ਗਏ ਤੇ ਕੁਰਬਾਨੀ ਕੀਤੀ।

ਭਾਈ ਆਸਾ ਸਿੰਘ ਪਿਤਾ ਸ: ਚੰਦਾ ਸਿੰਘ ਪਿੰਡ ਕੌਕ ਪੁਰ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਇੰਦਰ ਸਿੰਘ ਪਿਤਾ ਸ: ਜੈਮਲ ਸਿੰਘ ਮਾਤਾ ਨਿਹਾਲ ਕੌਰ ਪਿੰਡ ਫੈਜ਼ਲ ਪੁਰ ਆਪ ਮੋਰਚਾ ਜੈਤੋ ਵਿਚ ਗਏ।

ਭਾਈ ਕਾਬਲ ਸਿੰਘ ਪਿੰਡ ਪੰਜੇਖਰਾ ਆਪ ਜੈਤੋ ਦੇ ਮੋਰਚੇ ਵਿਚ ਕਲਕਤੇ ਦੇ ਜਥੇ ਨਾਲ ਗਏ ਤੇ ਸ਼ਹੀਦ ਹੋਏ।

ਭਾਈ ਭੋਲਾ ਸਿੰਘ ਪਿੰਡ ਪੰਜੇਖਰਾ ਆਪ ਜੈਤੋ ਦੇ ਮੋਰਚੇ ਵਿਚ ਕਲਕਤੇ ਦੇ ਜਥੇ ਨਾਲ ਗਏ।

ਭਾਈ ਬਸੰਤ ਸਿੰਘ ਪਿੰਡ ਪੰਜੇਖਰਾ ਆਪ ਜੈਤੋ ਦੇ ਮੋਰਚੇ ਵਿਚ ਕਲਕਤੇ ਦੇ ਜਥੇ ਨਾਲ ਗਏ।

ਭਾਈ ਬਾਵਾ ਸਿੰਘ ਪਿਤਾ ਸ: ਵਰਿਆਮ ਸਿੰਘ ਮਾਤਾ ਨਿਹਾਲ ਕੌਰ ਪਿੰਡ ਸਤੇੜਾ ਆਪ ਜੈਤੋ ਦੇ ਮੋਰਚੇ ਵਿਦ ਕਲਕਤੇ ਦੇ ਜਥੇ ਨਾਲ ਗਏ।

ਭਾਈ ਪਿਆਰਾ ਸਿੰਘ ਪਿਤਾ ਸ: ਰਾਮ ਸਿੰਘ ਪਿੰਡ ਜਟਵਾਲ ਆਪ ਜੈਤੋ ਦੇ ਮੋਰਚੇ ਵਿਚ ਕਲਕਤੇ ਦੇ ਜਥੇ ਨਾਲ ਗਏ।

ਭਾਈ ਗਿਆਨ ਸਿੰਘ ਪਿਤਾ ਸ: ਅਮੋਲਕ ਸਿੰਘ ਮਾਤਾ ਜੀਉਣ ਕੌਰ ਪਿੰਡ ਸਤੇੜਾ ਆਪ ਕ੍ਰਿਪਾਨ ਦੇ ਮੋਰਚੇ ਵਿਚ ਕਲਕਤੇ ਦੇ ਜਥੇ ਨਾਲ ਗਏ।

ਭਾਈ ਜਿਉਣ ਸਿੰਘ ਪਿਤਾ ਸ: ਬਹਾਦਰ ਸਿੰਘ ਮਾਤਾ ਗਿਆਨ ਕੌਰ ਪਿੰਡ ਸਤੇੜਾ ਆਪ ਕ੍ਰਿਪਾਨ ਦੇ ਮੋਰਚੇ ਵਿਚ ਕਲਕਤੇ ਦੇ ਜਥੇ ਨਾਲ ਗਏ।

ਭਾਈ ਵਰਿਆਮ ਸਿੰਘ ਪਿਤਾ ਸ: ਸ਼ੇਰ ਸਿੰਘ ਮਾਤਾ ਹਰਨਾਮ ਕੌਰ ਪਿੰਡ ਸਤੇੜਾ ਆਪ ਜੈਤੋ ਦੇ ਮੋਰਚੇ ਵਿਚ ਕਲਕਤੇ ਦੇ ਜਥੇ ਨਾਲ ਗਏ।

ਭਾਈ ਬਿਸ਼ਨ ਸਿੰਘ ਪਿਤਾ ਸ: ਮੇਵਾ ਸਿੰਘ ਮਾਤਾ ਗਿਆਨ ਕੌਰ ਪਿੰਡ ਸਤੇੜਾ ਆਪ ਜੈਤੋ ਦੇ ਮੋਰਚੇ ਵਿਚ ਕਲਕਤੇ ਦੇ ਜਥੇ ਨਾਲ ਹੋਏ।

ਭਾਈ ਰੂੜ ਸਿੰਘ ਪਿਤਾ ਸ: ਦੇਵਾ ਸਿੰਘ ਮਾਤਾ ਦਿਆ ਕੌਰ ਪਿੰਡ ਸਤੇੜਾ

Digitized by Panjab Digital Library | www.panjabdigilib.org

ਆਪ ਜੈਤੋ ਦੇ ਮੋਰਚੇ ਵਿਚ ਕਲਕਤੇ ਦੇ ਜਥੇ ਨਾਲ ਗਏ।

ਭਾਈ ਦਲੀਪ ਸਿੰਘ ਪਿਤਾ ਸ: ਬੀਰ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਸਤੇੜਾ ਆਪ ਭਾਈ ਫੇਰੂ ਦੇ ਮੋਰਚੇ ਵਿਚ ਕਲਕਤੇ ਦੇ ਜਥੇ ਨਾਲ ਗਏ।

ਭਾਈ ਮਨਸ਼ਾ ਸਿੰਘ ਪਿਤਾ ਸ: ਦੋਨਾਲਾ ਸਿੰਘ ਮਾਤਾ ਭੋਲੀ ਪਿੰਡ ਸਤੇੜਾਂ ਆਪ ਭਾਈ ਫੇਰੂ ਦੇ ਮੋਰਚੇ ਵਿਚ ਕਲਕਤੇ ਦੇ ਜਥੇ ਨਾਲ ਗਏ।

ਭਾਈ ਅਰਜਣ ਸਿੰਘ ਪਿਤਾ ਸ: ਚਰਨ ਸਿੰਘ ਮਾਤਾ ਕਿਸ਼ਨ ਕੌਰ ਪਿੰਡ ਪੰਜੋਖਰਾ ਆਪ ਜੈਤੋ ਦੇ ਮੋਰਚੇ ਵਿਚ ਕਲਕਤੇ ਦੇ ਜਥੇ ਨਾਲ ਗਏ।

ਭਾਈ ਗੁਰਦਿਆਲ ਸਿੰਘ ਪਿਤਾ ਸ: ਕਿਸ਼ਨ ਸਿੰਘ ਮਾਤਾ ਕਰਮ ਕੌਰ ਪਿੰਡ ਪਜੋਖਰਾ ਆਪ ਜੈਤੋ ਦੇ ਮੋਰਚੇ ਵਿਚ ਕਲਕਤੇ ਦੇ ਜਥੇ ਨਾਲ ਗਏ।

ਭਾਈ ਮੱਲ ਸਿੰਘ ਪਿਤਾ ਸ: ਗਿੰਦਰ ਸਿੰਘ ਮਾਤਾ ਰਾਮ ਕੌਰ ਪਿੰਡ ਪੰਜੋਖਰਾ ਆਪ ਮੋਰਚਾ ਜੈਤੋ ਵਿਚ ਕਲਕੱਤੇ ਵਾਲੇ ਜਥੇ ਨਾਲ ਗਏ।

ਭਾਈ ਰਾਮ ਸਿੰਘ ਪਿਤਾ ਸ: ਰੁਲੀਆ ਸਿੰਘ ਪਿੰਜੋਖਰਾ ਆਪ ਮੋਰਚਾ ਜੈਤੋ ਵਿਚ ਕਲਕਤੇ ਵਾਲੇ ਜਥੇ ਨਾਲ ਗਏ।

ਭਾਈ ਜੁਆਲਾ ਸਿੰਘ ਪਿਤਾ ਸ: ਸ਼ਾਮ ਸਿੰਘ ਪਿੰਡ ਕੇਸਰੀ ਆਪ ਮੋਰਚਾ ਜੈਤੋ ਵਿਚ ਕਲਕੱਤੇ ਵਾਲੇ ਜਥੇ ਨਾਲ ਗਏ।

ਭਾਈ ਰਣਜੀਤ ਸਿੰਘ ਪਿਤਾ ਸ: ਇੰਦਰ ਸਿੰਘ ਮਾਤਾ ਧਰਮ ਕੌਰ ਪਿੰਡ ਧਰਾਲਾ ਆਪ ਮੋਰਚਾ ਜੈਤੋ ਵਿਚ ਕਲਕੱਤੇ ਵਾਲੇ ਜਥੇ ਨਾਲ ਗਏ।

ਭਾਈ ਮੰਗਲ ਸਿੰਘ ਪਿਤਾ ਸ: ਜੁਆਲਾ ਸਿੰਘ ਪਿੰਡ ਖੰਡ ਆਲ ਆਪ ਮੋਰਚਾ ਜੈਤੋ ਵਿਚ ਕਲਕੱਤੇ ਵਾਲੇ ਜਥੇ ਨਾਲ ਗਏ।

ਭਾਈ ਸੰਪੂਰ ਸਿੰਘ ਪਿਤਾ ਸ: ਦੇਵਾ ਸਿੰਘ ਮਾਤਾ ਨਰੈਣ ਕੌਰ ਪਿੰਡ ਥੋਹ ਆਪ ਮੋਰਚਾ ਜੈਤੋ ਵਿਚ ਕਲਕੱਤੇ ਵਾਲੇ ਜਥੇ ਨਾਲ ਗਏ ਤੇ ਸ਼ਹੀਦ ਹੋ ਗਏ।

ਭਾਈ ਦਲੀਪ ਸਿੰਘ ਪਿਤਾ ਸ: ਬੀਰ ਸਿੰਘ ਪਿੰਡ ਸਪੇੜਾ ਆਪ ਮੋਰਚਾ ਜੈਤੋ ਵਿਚ ਕਲਕੱਤੇ ਵਾਲੇ ਜਥੇ ਨਾਲ।

ਭਾਈ ਕਪੂਰ ਸਿੰਘ ਪਿਤਾ ਸ: ਰਾਮ ਸਿੰਘ ਅੰਬਾਲਾ ਆਪ ਮੋਰਚਾ ਜੈਤੋ ਵਿਚ ਕਲਕੱਤੇ ਵਾਲੇ ਜਥੇ ਵਿਚ ਗਏ।

Digitized by Panjab Digital Library | www.panjabdigilib.org

# ਰਿਆਸਤ ਫਰੀਦਕੋਟ

ਦੇ

ਸਿੰਘ ਸੂਰੇ ਸਰਦਾਰ ਅਕਾਲੀ

ਜੋ ਮੋਰਚਾ ਭਾਈ ਫੇਰੂ, ਮੁਕਤਸਰ, ਗੰਗਸਰ ਜੈਤੋ ਆਦਿ ਵਿਚ

ਸ਼ਰੋਮਣੀ ਗੁ: ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ

ਅੰਮ੍ਰਿਤਸਰ ਦੇ ਹੁਕਮ ਅਨੁਸਾਰ, ਸ਼ਾਂਤਮਈ

ਰਹਿੰਦਿਆਂ ਹੋਇਆਂ ਰਿ: ਫਰੀਦਕੋਟ

ਤੇ ਅੰਗਰੇਜ਼ੀ ਦੋਹਾਂ ਸਰਕਾਰਾਂ

ਦੇ ਦਿਤੇ ਕਸ਼ਟ ਸਿਰ-ਮੱਥੇ

ਸਹਾਰਦੇ ਹੋਏ

ਜ਼ਾਲਮਾਂ ਨੂੰ ਮੱਧਮ ਪਾਕੇ, ਆਪ ਸੁਰਜੀਵਤ ਚਮਕ ਰਹੇ ਹਨ,

ਹਾਲ ਅਗੇ ਪੜ੍ਹੋ ।

ਦਾਸ ਵਿਸਾਖਾ ਸਿੰਘ ਸੰਤ ਸਪਾਹੀ।

Digitized by Panjab Digital Library | www.panjabdigilib.org

## ਭਾਈ ਪੰਜਾਬ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਮਹਿਮਾ ਸਰਜਾ ਵਿਚ ਸ: _ਰਮਖ ਸਿਘ ਜੀ ਦੇ ਘਰ ਮਾਤਾ ਸਾਹਿਬ ਕੌਰ ਦੀ ਕੁਖ ਤੋਂ ਹੋਇਆ। ਆਪ ਬੜੇ ਦਰਸ਼ਨੀ ਜਵਾਨ ਸਨ। ੧੨ਵੇਂ ਸ਼ਹੀਦੀ ਜਥੇ ਵਿਚ ਆਪ ਜੈਤੋ ਗਏ ਤੇ ਨਾਭਾ ਬੀੜ ਵਿਚ ਜ਼ਾਲਮ ਹਕੂਮਤ ਦੀਆਂ ਸਖਤੀਆਂ ਦਾ ਸ਼ਿਕਾਰ ਹੋ ਕੇ ਸ਼ਹੀਦ ਹੋ ਗਏ।

## ਭਾਈ ਘੁਲਾ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਨੇਹੀਆਂ ਵਾਲਾ ਵਿਚ ਸ: ਬਗਾ ਸਿੰਘ ਜੀ ਦੇ ਘਰ ਮਾਤਾ ਰੂੜ ਕੌਰ ਦੀ ਕੁਖ ਤੋਂ ਹੋਇਆ। ੧੨ ਸਾਲ ਤੱਕ ਆਪ ਨੇ ਗੁਰਮੁਖੀ ਵਿੱਦਿਆ ਪੜ੍ਹੀ ਤੇ ਪਲਟਣ ਵਿਚ ਭਰਤੀ ਹੋ ਗਏ। ੧੦ ਸਾਲ ਮਲਾਇਆ ਵਿਚ ਨਕਰੀ ਕੀਤੀ ਜਦ ਸ੍ਰੀ ਨਨਕਾਣਾ ਸਾਹਿਬ ਦਾ ਸਾਕਾ ਹੋਇਆ ਤਾਂ ਆਪ ਪਰ ਇਤਨਾ ਅਸਰ ਹੋਇਆ ਕਿ ਆਪ ਨਾਮ ਕਟਾਕੇ ਵਾਪਸ ਆ ਗਏ ਤੇ ਅਕਾਲੀ ਲਹਿਰ ਵਿਚ ਸ਼ਾਮਲ ਹੋ ਗਏ। ਪਹਿਲੇ ਆਪ ਨੇ ਮੋਰਚਾ ਗੁਰੂ ਕੇ ਬਾਗ ਵਿਚ ਕੁਟ ਮਾਰ ਸਹਾਰੀ। ਫਿਰ ੨੫ ਸਿੰਘਾਂ ਦੇ ਜਥੇ ਨਾਲ ਜੈਤੋ ਗਏ ਤੇ ਬਾਬਲ ਕਾਂਟੀ ਛਡੇ ਗਏ। ਉਪਰੰਤ ਆਪ ੧੧ਵੇਂ ਸ਼ਹੀਦੀ ਜਥੇ ਵਿਚ ਭਰਤੀ ਹੋ ਕੇ ਗਏ, ਮੋਰਚਾ ਫਤਹਿ ਹੋਣ ਤਕ ਨਾਭਾ ਬੀੜ ਵਿਚ ਸਖਤੀਆਂ ਬ੍ਰਦਾਸ਼ਤ ਕਰਦੇ ਰਹੇ। ਆਪ ਗੁਰਬਾਣੀ ਦੇ ਨਿਤਨੇਮੀ ਤੇ ਚੰਗੇ ਗੁਰਸਿੱਖ ਹਨ।

## ਭਾਈ ਕੇਹਰ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਬਲਾਹੜ ਵਿਚ ਸ: ਦੇਵਾ ਸਿੰਘ ਜੀ ਦੇ ਘਰ ਮਾਤਾ ਪ੍ਰਤਾਪ ਕੌਰ ਦੀ ਕੁਖ ਤੋਂ ਹੋਇਆ। ਜੈਤੋ ਵਿਚ ਪਹਿਲੇ ਜਥੇ ਪਰ ਗੋਲੀ ਚਲਣ ਸਮੇਂ ਆਪ ਨਾਲ ਸਨ ਤੇ ਆਪ ਦੀ ਖੱਬੀ ਵੱਖੀ ਵਿਚੋਂ ਗੋਲੀ ਲੰਘੀ ਪਰ ਆਪ ਬਚ ਗਏ, ਕਾਫੀ ਅਰਸਾ ਨਜ਼ਰ ਦ ਰਹੇ। ਸ਼ੋ: ਕਮੇਟੀ ਵਲੋਂ ਆਪ ਜੀ ਨੂੰ ਸਹਾਇਤਾ ਭੀ ਮਿਲਦੀ ਰਹੀ ਸੀ।

## ਭਾਈ ਨਥਾ ਸਿੰਘ ਜੀ ਸ਼ਹੀਦ

ਆਪ ਜੀ ਦਾ ਜਨਮ ਪਿੰਡ ਅਮਰਗੜ੍ਹ ਵਿਚ ਪਿਤਾ ਭਜੂ ਮਜ਼ਹਬੀ ਸਿਖ ਦੇ ਘਰ ਹੋਇਆ। ਆਪ ਨੇ ਬਚਪਨ ਵਿਚ ਗੁਰਮੁਖੀ ਵਿਦਿਆ ਪੜ੍ਹੀ ਤੇ ਗੁਰੂ ਘਰ ਦਾ ਪੇਮ ਜਾਗਿਆ। ਆਪ ਨਾਭਾ ਬੀੜ ਵਿਚ ਸਖਤੀਆਂ ਦਾ ਸ਼ਿਕਾਰ ਹੋ ਕੇ ਜੇਹਲ ਵਿਚ ਹੀ ਸ਼ਹੀਦ ਹੋ ਗਏ।

## ਗਿ: ਦਿਆਲ ਸਿੰਘ ਪ੍ਰਵਾਨਾ

ਗਿਆਨੀ ਦਿਆਲ ਸਿੰਘ ਪਿਤਾ ਸ: ਭਾਗ ਸਿੰਘ ਗਿੱਲ ਦੇ ਘਰ ਮਾਤਾ ਹਰਨਾਮ ਕੌਰ ਦੀ ਸੁਭਾਗ ਕੁਖੋਂ ਪਿੰਡ ਪੰਜਗਰਾਈਂ ੧੪ ਹਾੜ੍ਹ ੧੯੦੭ ਈਸਵੀ ਨੂੰ ਰਿਆਸਤ ਫਰੀਦਕੋਟ ਵਿਖੇ ਜਨਮ ਹੋਇਆ। ਆਪ ਜੀ ਨੇ ਵਿਦਿਆ ਪਿੰਡ ਵਿਚ ਹੀ ਕੁਝ ਪ੍ਰਾਪਤ ਕੀਤੀ ਅਰ ਆਪ ਨੂੰ ਬਚਪਨ ਤੋਂ ਹੀ ਕਵਿਤਾ ਦਾ ਸ਼ੌਕ ਹੋਣ ਤੇ ਹੁਣ ਗਿਣਵੇਂ ਕਵੀਆਂ ਦੀ ਲੜੀ 'ਚੋਂ ਹੈ। ਅੰਮ੍ਰਿਤ ਪਾਨ ੧੯੯੨ ਬਿ: ਨੂੰ ਸੰਤ ਨਿਰੰਜਨ ਸਿੰਘ ਮੋਹੀ ਤੋਂ ਕੀਤਾ।

ਆਪ ਜੀ ਨੂੰ ਬਾਣੀ ਦੇ ਕੀਰਤਨ ਨਾਲ ਜੀਵਨ ਵਿਚ ਪਲਟਾ ਆਇਆ ਹੈ। ਪਥਕ ਸੇਵਾ ਨਾਲ ਪਿਆਰ ਹੋਣ ਕਰਕੇ ੨੦੦੦ ਬਿ: ਨੂੰ ਅਕਾਲੀ ਦੱਲ ਵਿਚ ਸ਼ਾਮਲ ਹੋ ਗਏ ਜਿਸ ਕਰਕੇ ਆਪ ਜੀ ੯ ਦਫਾ ਜੇਲ੍ਹ ਯਾਤ੍ਰਾ ਕਰ ਆਏ ਹਨ। ਇਸ ਲਗਨ ਵਿਚ ਆਪ ਜੀ ਨੇ ੧੯੪੦ ਈ: ਵਿਚ "ਪ੍ਰਵਾਨਾ"

Digitized by Panjab Digital Library | www.panjabdigilib.org

ਰਸਾਲਾ ਜਾਰੀ ਕੀਤਾ । ੨੦੦੫ ਬਿ: ਨੂੰ ਆਪ ਰਿ: ਫਰੀਦ ਕੋਟ ਦੇ ਜਥੇਦਾਰ ਥਾਪੇ ਗਏ, ਇਸ ਦੌਰਾਨ ਵਿਚ ਸਰੋਵਰ ਢਿਲਵਾਂ ਦੀ ਸੇਵਾ ਕਰਾਈ।

੧੯੪੭ ਦੇ ਘਲੂ ਘਾਰੇ ਵਿਚ ਆਪ ਨੇ ਦੇਸ਼ ਅਤੇ ਕੌਮ ਦੀ ਸੇਵਾ ਕੀਤੀ। ਆਪ ਗੁਰਮਤਿ ਪ੍ਰਚਾਰਕ ਸਿੰਘਸਭਾ ਇਲਾਕਾ ਤਿਹਾੜਾ ਦੇ ਅੰਤ੍ਰੰਗ ਮੈਂਬਰ ਹਨ, ਤੇ ਕਾਂਗਰਸ ਦੀਆਂ ਵਧੀਕੀਆਂ ਤੋਂ ਤੰਗ ਆ ਕੇ ਆਪ ਨੇ ਪਿੰਡ ਪਰ ਪਿੰਡ ਡੱਟ ਕੇ ਪ੍ਰਚਾਰ ਕਰਕੇ ਸਫਲਤਾ ਪ੍ਰਾਪਤ ਕੀਤੀ। ਆਪ ਵਿਚ ਸਿਫ਼ਤ ਇਹੋ ਸੀ ਕਿ ਜਿਥੇ ਆਪ ਸਿਆਸੀ ਜਮਾਤ ਵਿਚ ਅਗਾਂ ਵਧੂ ਹਨ, ਉਥੇ ਗੁਰਮਿਤ ਖਿਆਲਾਂ ਦੇ ਕਟੜ ਧਾਰਨੀ ਹਨ।

## ਭਾਃ ਵਰਯਾਮ ਸਿੰਘ ਜੀ ਅਕਾਲੀ ਜਥੇਦਾਰ

ਆਪ ਜੀ ਦਾ ਜਨਮ ਪਿੰਡ ਗੋਨਿਆਣਾ ਵਿਚ ਸ: ਹਰੀ ਸਿੰਘ ਜੀ ਦੇ ਘਰ ਮਾਤਾ ਪੈਦ ਕੌਰ ਦੀ ਕੁਖ ਤੋਂ ਹੋਇਆ। ਬਚਪਨ ਵਿਚ ਆਪ ਨੇ ਗੁਰਮੁਖੀ ਵਿਦਿਆ ਪੜ੍ਹੀ। ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਦਾ ਆਪ ਪਰ ਬਹੁਤ ਅਸਰ ਹੋਇਆ ਤੇ ਆਪ ਅਕਾਲੀ ਲਹਿਰ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਲੱਗ ਪਏ। ਗੁਰੂ ਕੇ ਬਾਗ ਵਿਚ ਆਪ ੧੦੦ ਸਿੰਘਾਂ ਦਾ ਜਥਾ ਲੈ ਕੇ ਗਏ ਤੇ ੬ ਮਹੀਨੇ ਸਜ਼ਾ ਕਟ ਕੇ ਆਏ। ਜੈਤੋ ਦੇ ਮੋਰਚਿਆਂ ਵਿਚ ਜਾਣ ਵਾਲੇ ਜਥਿਆਂ ਦੀ ਆਪ ਬਹੁਤ ਪ੍ਰੇਮ ਨਾਲ ਸੇਵਾ ਕਰਦੇ ਰਹੇ ਅਤੇ ਸਿੰਘਾਂ ਨੂੰ ਭਰਤੀ ਹੋਣ ਵਾਸਤੇ ਭੇਜਦੇ ਰਹੇ। ਆਪ ਨੇ ਜਥੇ ਵਿਚ ਜਾਣ ਲਈ ਨਾਮ ਦਿੱਤਾ, ਪ੍ਰੰਤੂ ਕਮੇਟੀ ਨੇ ਕਿਹਾ ਕਿ ਆਪ ਦੀ ਬਾਹਰ ਹੀ ਸੇਵਾ ਦੀ ਲੋੜ ਹੈ। ਆਪ ਪੰਥ ਦੀ ਸੇਵਾ ਲਈ ਹਰ ਸਮੇਂ ਤੱਤਪਰ ਰਹਿੰਦੇ ਹਨ।

## ਭਾ: ਬੱਗਾ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਖਿਆਲੀ ਵਾਲਾ ਰਿਆਸਤ ਫਰੀਦਕੋਟ ਵਿਚ ਹੋਇਆ। ਅਕਾਲੀ ਲਹਿਰ ਵਿਚ ਸ਼ਾਮਲ ਹੋ ਕੇ ਆਪ ਬਹੁਤ ਸੇਵਾ ਕਰਦੇ ਰਹੇ ਤੇ ਨਾਭਾ ਬੀੜ ਵਿਚ ਗੁਰੂਪੰਥ ਦੀ ਸੇਵਾ ਕਰਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ। ਆਪ ਦੀ ਯਾਦ ਵਿਚ ਸਰਕਲ ਵਲੋਂ ਅਖੰਡ ਪਾਠ ਕਰਾਇਆ ਗਿਆ।

## ਭਾਃ ਹਰਚੰਦ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਭਾਈ ਕੇ ਭਗਤੇ ਵਿਚ ਸਃ ਠਾਕਰ ਸਿੰਘ ਜੀ ਦੇ ਗ੍ਰਿਹ ਵਿਖੇ ਮਾਤਾ ਸੋਭ-ਕੌਰ ਦੀ ਸੁਭਾਗ ਕੁਖ ਤੋਂ ਹੋਇਆ। ਆਪ ਭਾਈ ਭਗਤੂ ਦੇ ਪ੍ਰਸਿੱਧ ਖਾਨਦਾਨ ਵਿਚੋਂ ਹਨ। ਆਪ ਜੀ ਨੇ ਸੁਰਤ ਸੰਭਾਲਦਿਆਂ ਹੀ ਅੰਮ੍ਰਿਤ ਪਾਨ ਕੀਤਾ, ਤੇ ਸਿੰਘ ਸਭਾ ਲਹਿਰ ਵਿਚ ਬੜੀ ਸਰਗਰਮੀ ਨਾਲ ਕੰਮ ਕਰਦੇ ਰਹੇ। ਆਪ ਛੂਤ ਛਾਤ ਤੇ ਵਹਿਮਾਂ, ਭਰਮਾਂ ਦੇ ਕਟਰ ਵਿਰੋਧੀ ਸਨ। ਅਕਾਲੀ ਲਹਿਰ ਆਰੰਭ ਹੋਈ ਤਾਂ ਆਪ ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ ਤੇ ੯ ਮਹੀਨੇ ਸਜ਼ਾ ਕਟਕੇ ਆਏ। ਫਰੀਦਕੋਟ ਰਿਆਸਤ ਨੇ ਆਪ ਨੂੰ ਗੋਲੇ ਵਾਲੇ ਦੀਵਾਨ ਤੋਂ ਗ੍ਰਿਫਤਾਰ ਕਰਕੇ ੭ ਸਾਲ ਦੀ ਸਜ਼ਾ ਸੁਣਾਈ। ਇਸ ਸਮੇਂ ਆਪ ਦੀ ਧਰਮ ਪਤਨੀ ਗੁਜ਼ਰ ਚੁਕੀ ਸੀ ਤੇ ਬਾਲ ਬਚੇ ਨਿਕੇ ਨਿਕੇ ਸਨ ਜਿਨ੍ਹਾਂ ਦੀ ਪਾਲਣਾ ਆਪ ਜੀ ਦੀ ਬਿਰਧ ਮਾਤਾ ਕਰਦੀ ਸੀ। ਦੇਵਨੇਤ ਨਾਲ ਉਹ ਭੀ ਬੀਮਾਰ ਹੋ ਗਈ। ਪਿੰਡ ਦੀ ਪੰਚਾਇਤ ਪ੍ਰੈਜ਼ੀਡੈਂਟ ਕੋਲ ਗਈ ਕਿ ਭਾਈ ਸਾਹਿਬ ਨੂੰ ਰਿਹਾ ਕਰ ਦਿਤਾ ਜਾਵੇ, ਉਨ੍ਹਾਂ ਦੀ ਮਾਤਾ ਅੰਤਮ ਸਵਾਸਾਂ ਤੇ ਹੈ। ਸਰਕਾਰ ਨੇ ਕਿਹਾ ਮਾਫੀ ਮੰਗ ਕੇ ਜਾ ਸਕਦੇ ਹਨ। ਪੰਚਾਇਤ ਨੇ ਆਪ ਨੂੰ ਜੇਲ੍ਹ ਵਿਚ ਮਿਲ ਕੇ ਮਾਫੀ ਮੰਗਣ ਲਈ ਕਿਹਾ ਪਰ ਆਪ ਨੇ ਉਤਰ ਦਿਤਾ ਜੇ ਮੇਰੀ ਮਾਤਾ ਗੁਜ਼ਰ ਜਾਏ ਤਾਂ ਤੁਸੀਂ ਅੰਤਮ ਸੰਸਕਾਰ ਕਰ ਦੇਣਾ ਤੇ ਮੇਰਾ ਸਾਮਾਨ ਪੰਚਾਂ ਦੇ ਹਵਾਲੇ ਕਰ

Digitized by Panjab Digital Library | www.panjabdigilib.org

ਦੇਣਾ ਮੈਂ ਮਾਫੀ ਮੰਗ ਕੇ ਮੂੰਹ ਕਾਲਾ ਨਹੀਂ ਕਰਾਉਣਾ, ਜੇ ਵਾਹਿਗੁਰੂ ਨੂੰ ਪ੍ਰਵਾਨ ਹੋਏ ਤਾਂ ਮੈਂ ਤਿੰਨ ਸਾਲਾਂ ਪਿਛੋਂ ਮਾਤਾ ਦੇ ਦਰਸ਼ਨ ਆ ਕਰਾਂਗਾ । ਪੰਚਾਇਤ ਦੇ ਵਾਪਸ ਜਾਣ ਤਕ ਆਪ ਦੇ ਮਾਤਾ ਜੀ ਗੁਜ਼ਰ ਗਏ । ਬਚਿਆਂ ਨੂੰ ਉਨ੍ਹਾਂ ਦਾ ਮਾਮਾ ਲੈ ਗਿਆ ਤੇ ਆਪ ਪੂਰੀ ਸਜ਼ਾ ਕਟਕੇ ਆਏ । ਇਹੋ ਜਿਹੇ ਸਿੱਦਕੀ ਗੁਰਸਿੱਖਾਂ ਦੀਆਂ ਕੁਰਬਾਨੀਆਂ ਦਾ ਸਦਕਾ ਹੀ ਅਕਾਲੀ ਲਹਿਰ ਜ਼ੋਰਾਂ ਪਰ ਚਲੀ ਸੀ ।

## ਭਾਈ ਕੇਹਰ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਭਗਤਾ ਭਾਈ ਕਾ ਵਿਚ ਸ: ਹਰਨਾਮ ਸਿੰਘ ਜੀ ਦੇ ਘਰ ਮਾਤਾ ਇੰਦ ਕੌਰ ਦੀ ਕੁਖ ਤੋਂ ਹੋਇਆ । ਬਚਪਨ ਵਿਚ ਹੀ ਆਪ ਜੀ ਨੂੰ ਗੁਰਸਿਖੀ ਦੀ ਲਗਨ ਭਾਈ ਹਰਚੰਦ ਸਿੰਘ ਹੋਰਾਂ ਪਾਸੋਂ ਲਗੀ । ਆਪ ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ ਤੇ ੯ ਮਹੀਨੇ ਬੋਸਟਲ ਜੇਲ੍ਹ ਵਿਚ ਕੈਦ ਕਟ ਕੇ ਆਏ । ਜੈਤੋ ਨੂੰ ਜਾਣ ਵਾਲੇ ਜਥਿਆਂ ਦੀ ਆਪ ਵਧ ਚੜ੍ਹ ਕੇ ਸੇਵਾ ਕਰਦੇ ਰਹੇ । ਰਿਆਸਤੀ ਕਰਮਚਾਰੀਆਂ ਨੇ ਕਈ ਪ੍ਰਕਾਰ ਦੀਆਂ ਧਮਕੀਆਂ ਦਿਤੀਆਂ, ਪਰ ਆਪ ਬਾਜ਼ ਨਾ ਆਏ । ਵਿਦਿਆ ਪ੍ਰਚਾਰ ਵਲ ਆਪ ਜੀ ਦੀ ਖਾਸ ਰੁਚੀ ਹੈ । ਪ੍ਰਵਾਰ ਨੂੰ ਵਿਦਿਆ ਪੜ੍ਹਾਉਣ ਦਾ ਇਹ ਸਿਟਾ ਨਿਕਲਿਆ ਕਿ ਆਪ ਦੇ ਸਪੁਤਰ ਤੇ ਪੋਤਰੇ ਚੰਗੇ ਅਹੁਦਿਆਂ ਪਰ ਲਗੇ ਹੋਏ ਹਨ ।

## ਭਾਈ ਉਜਾਗਰ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਰੋੜੀ ਕਪੂਰਾ ਵਿਚ ਸ: ਭੁਮਨ ਸਿੰਘ ਜੀ ਦੇ ਘਰ ਮਾਤਾ ਰਤਨ ਕੌਰ ਦੀ ਕੁਖ ਤੋਂ ਹੋਇਆ । ਆਪ ਸ਼ਹੀਦੀ ਜਥਾ ਨੰ: ੬ ਵਿਚ ਕੈਦ ਹੋਏ ਤੇ ਨਾਭਾ ਬੀੜ ਵਿਚ ਬਹੁਤ ਸਾਰੀਆਂ ਸਖਤੀਆਂ ਸਹਿੰਦੇ ਰਹੇ । ਆਪ ਦੇ ਪਿੰਡ ਦਾ ਇਕ ਥਾਨੇਦਾਰ ਨਾਭੇ ਦੀ ਪੁਲਸ ਵਿਚ ਲਗਾ ਹੋਇਆ ਸੀ, ਉਸ ਨੇ ਆਪ ਜੀ ਪਰ ਮਾਫੀ ਮੰਗਣ ਲਈ ਬਹੁਤ ਜ਼ੋਰ ਪਾਇਆ । ਪਰੰਤੂ ਭਾਈ ਉਜਾਗਰ ਸਿੰਘ ਜੀ ਅਡੋਲ ਰਹੇ । ਇਕ ਦਿਨ ਉਸ ਨੇ ਆਪ ਨੂੰ ਮੁਲਾਕਾਤ ਦੇ ਬਹਾਨੇ ਬਾਹਰ ਲਿਆਕੇ ਛਡ ਦੇਣ ਦੀ ਗੋਂਦ ਗੁੰਦੀ । ਜਥੇਦਾਰ ਜੀ ਨੇ ਕਿਹਾ, ਉਜਾਗਰ ਸਿੰਘ ਤੇਰੇ ਨਾਲ ਚਾਰ ਸੌ ਵੀਹ ਹੋਣ ਲਗੀ ਹੈ । ਇਸ ਪਰ ਭਾਈ ਉਜਾਗਰ ਸਿੰਘ ਨੇ ਕਿਹਾ ਕਿ ਪੰਥ ਹੁਣ ਮੇਰੀ ਸਹਾਇਤਾ ਕਰੇ । ਸਿੰਘਾਂ ਨੇ ਪੁਲਸ ਕਰਮਚਾਰੀਆਂ ਨੂੰ ਕਿਹਾ, ਅਸੀਂ ਇਸ ਨੂੰ ਬਾਹਰ ਨਹੀਂ ਜਾਣ ਦੇਵਾਂਗੇ । ਇਸ ਪਰ ਪੁਲਸ ਦਾ ਪਾਰਾ ਚੜ੍ਹ ਗਿਆ, ਬਹੁਤ ਸਾਰੀ ਗਾਰਦ ਮੰਗਵਾ ਲਈ । ਇਧਰ ਸਿੰਘਾਂ ਨੇ ਭੀ ਹਰ ਇਕ ਮੁਸੀਬਤ ਦਾ ਟਾਕਰਾ ਕਰਨ ਦਾ ਦ੍ਰਿੜ ਇਰਾਦਾ ਬਣਾ ਲਿਆ । ਗਾਰਦ ਨੇ ਬਹੁਤ ਸਖਤੀ ਕੀਤੀ, ਪਰ ਸਿੰਘ ਆਪਣੇ ਪ੍ਰਣ ਤੋਂ ਨਾ ਥਿੜਕੇ । ਅੰਤ ਸਬਰ ਤੇ ਜਬਰ ਦੀ ਜੰਗ ਵਿਚ ਸਬਰ ਦੀ ਜਿਤ ਹੋ ਗਈ । ਭਾਈ ਉਜਾਗਰ ਸਿੰਘ ਨੇ ਸਿੰਘਾਂ ਦਾ ਧੰਨਵਾਦ ਕੀਤਾ । ਇਸ ਪਰਕਾਰ ਇਸ ਸਿਦਕਵਾਨ ਸਿੱਖ ਨੇ ਮੋਰਚਾ ਫਤਹਿ ਹੋਣ ਤਕ ਕੋਈ ਕਮਜ਼ੋਰੀ ਨਾ ਵਿਖਾਈ ਤੇ ਹੋਰ ਸਿੰਘਾਂ ਦੇ ਸਾਹਮਣੇ ਇਕ ਸੋਹਣੀ ਮਿਸਾਲ ਕਾਇਮ ਕੀਤੀ ।

## ਭਾਈ ਮੰਗਲ ਸਿੰਘ ਜੀ ਅਕਾਲੀ ਰੋੜੀ ਕਪੂਰਾ

ਆਪ ਜੀ ਸਰਕਾਰੀ ਮੁਲਾਜ਼ਮ ਸਨ, ਜੈਤੋ ਦੇ ਸਾਕੇ ਤੋਂ ੧ ਮਹੀਨਾ ਪਹਿਲੋਂ ਆਪ ਪੰਥਕ ਸੇਵਾ ਦੇ ਮੈਦਾਨ ਵਿਚ ਆਏ ਤੇ ਉਸ ਵਕਤ ਦੇ ਪਿੰਡ ਦੇ ੯ ਅਕਾਲੀ ਸਿੰਘ (ਭਾ: ਬਿਸ਼ਨ ਸਿੰਘ, ਰਣਜੋਧ ਸਿੰਘ, ਲਾਲ ਸਿੰਘ, ਭਗਤ ਸਿੰਘ, ਸੁੰਦਰ ਸਿੰਘ, ਜਲੌਰ ਸਿੰਘ, ਨਰੈਣ ਸਿੰਘ ਚਨਣ ਸਿੰਘ ਤੇ ਸਰਦੂਲ ਸਿੰਘ ਜੀ ਨਾਲ ਰਲਕੇ ਸੇਵਾ ਦੇ ਮੈਦਾਨ ਵਿਚ ਆਏ । ਅੰਮ੍ਰਿਤ ਛਕਿਆ ਤੇ ਪਿੰਡ ਦੇ ਅਕਾਲੀ

Digitized by Panjab Digital Library | www.panjabdigilib.org

ਜੱਥੇ ਦੇ ਮੀਤ ਸਕਤ੍ਰ ਤੇ ਉਪ੍ਰੰਤ ਜਕਤ੍ਰ ਥਾਪੇ ਗਏ। ਪੰਥਕ ਫੰਡ ਇਕੱਠੇ ਕੀਤੇ ਜੱਥਿਆ ਵਿਚ ਭੇਜਣ ਲਈ ਸਿੰਘ ਤਿਆਰ ਕਰਦੇ ਰਹੇ। ਇਕ ਦਿਨ ਆਪਨੇ ਭਾਈ ਨੱਥਾ ਸਿੰਘ ਸਪੁਤ੍ਰ ਭਾ: ਫੁਮਣ ਸਿੰਘ ਜੀ ਨਾਲ ਜਾਕੇ ਹੱਦ ਤੇ ੨੫ ਸਿੰਘਾਂ ਦੇ ਜੱਥੇ ਨੂੰ ਪਰਸ਼ਾਦ ਛਕਾਇਆ, ਉਦੋਂ ਜੱਥਿਆਂ ਨੂੰ ਪ੍ਰਸ਼ਾਦ ਛਕੌਣਾ ਬੜਾ ਜੁਰਮ ਮਨਿਆ ਜਾਂਦਾ ਸੀ। ਜੈਤੋ ਦਾ ੧੦ ਫਗਣ ੧੯੮੦ ਬਿਕ੍ਰਮੀ ਦਾ ਸ਼ਹੀਦੀ ਸਾਕਾ ਆਪ ਨੇ ਅੱਖੀ ਡਿਠਾ ਲਿਖਿਆ ਹੈ। ਆਪ ਜੀ ਆਪਣੀ ਨੋਟ ਬੁਕ ਵਿਚ ਲਿਖਦੇ ਹਨ, ਕਿ ਉਸ ਮੌਕੇ ਨੀਲੇ ਘੋੜੇ ਤੇ ਸਵਾਰ ਇਕ ਸਿੰਘ ਜੱਥੇ ਦੇ ਹੌਸਲੇ ਵਧਾ ਰਿਹਾ ਸੀ। ਆਪ ਜੀ ਨੇ ਅਕਾਲੀ ਲਹਿਰ ਦੇ ਅਖੀਰ ਤਕ ਪੰਥਕ ਫੰਡ ਇਕਠੇ ਕਰਨੇ ਤੇ ਜੱਥਿਆ ਵਿਚ ਸਿੰਘ ਭੇਜਣ ਦੀ ਸੇਵਾ ਬਤੌਰ ਸਕਤ੍ਰ ਅਕਾਲੀ ਜੱਥਾ ਨਿਭਾਈ। ਆਪ ਜੀ ਨੂੰ ਜਦੋਂ ਸ੍ਰੀ ਅਕਾਲ ਤਖਤ ਤੋਂ ਸਿਰੋਪਾਓ ਮਿਲਿਆ ਤਾਂ ਆਪ ਜੀ ਦੇ ਪਿੰਡ ਦੇ ਹੇਠ ਲਿਖੇ ਗੁਰਮੁਖਾਂ ਨੂੰ ਵੀ ਮਿਲਿਆ। (੧) ਭਾਈ ਲਾਲ ਸਿੰਘ (੨) ਭਾ: ਭਗਤ ਸਿੰਘ (੩) ਭਾਈ ਕਰਮ ਸਿੰਘ (੪) ਭਾਈ ਜਲੌਰ ਸਿੰਘ (੫) ਭਾਈ ਨਰੈਣ ਸਿੰਘ (੬) ਭਾਈ ਚਨਣ ਸਿੰਘ (੭) ਭਾ: ਰੂੜ ਸਿੰਘ (੮) ਭਾਈ ਬਿਸ਼ਨ ਸਿੰਘ (੯) ਬੀਬੀ ਪ੍ਰੇਮ ਕੋਰ ਸੁਪਤਨੀ ਭਾ: ਬਿਸ਼ਨ ਸਿੰਘ (੧੦) ਬੀਬੀ ਰਤਨ ਕੌਰ ਸੁਪਤਨੀ ਭਾ: ਫੁਮਣ ਸਿੰਘ (੧੧) ਬੀਬੀ ਬਿਸ਼ਨ ਕੋਰ।

## ਸ: ਸ਼ਾਮ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਚੰਦ ਬਾਜਾ ਵਿਚ ਸ: ਕਾਹਨ ਸਿੰਘ ਜੀ ਦੇ ਘਰ ਮਾਤਾ ਸਾਹਿਬ ਕੌਰ ਦੀ ਕੁਖ ਤੋਂ ਹੋਇਆ। ਆਪ ਦਾ ਬਚਪਨ ਪਿੰਡ ਵਿਚ ਹੀ ਗੁਜ਼ਰਿਆ ਤੇ ਆਪ ਜੀ ਨੇ ਗੁਰਮੁਖੀ ਵਿਦਿਆ ਪੜ੍ਹੀ। ੧੯੦੪ ਵਿਚ ਆਪ ਫੌਜ ਵਿਚ ਭਰਤੀ ਹੋ ਗਏ ਤੇ ਪੈਨਸ਼ਨ ਲੈ ਕੇ ਵਾਪਸ ਆਏ। ਜਦ ਅਕਾਲੀ ਲਹਿਰ ਅਰੰਭ ਹੋਈ ਤਾਂ ਆਪ ਉਸ ਵਿਚ ਵਧ ਚੜ੍ਹਕੇ ਹਿਸਾ ਲੈਣ ਲਗ ਪਏ। ਜੈਤੋ ਨੂੰ ਜਾਣ ਵਾਲੇ ਸ਼ਹੀਦੀ ਜਥਿਆਂ ਦੀ ਸੇਵਾ ਕਰਨ ਬਦਲੇ ਫਰੀਦਕੋਟ ਦੀ ਸਰਕਾਰ ਨੇ ਆਪ ਜੀ ਨੂੰ ਇਕ ਸਾਲ ਦੀ ਸਖਤ ਸਜ਼ਾ ਦਿਤੀ। ਵਾਪਸ ਆ ਕੇ ਆਪ ਜੀ ਨੇ ਵਿਦਿਆ ਪ੍ਰਚਾਰ ਵਲ ਧਿਆਨ ਦਿਤਾ ਤੇ ਆਪਣੇ ਪਿੰਡ ਵਿਚ ਮਿਡਲ ਸਕੂਲ ਜਾਰੀ ਕਰਵਾਇਆ।

## ਭਾਈ ਭਗਵਾਨ ਸਿੰਘ ਜੀ ਅਕਾਲੀ ਚਾਹਲ

ਆਪ ਜੀ ਦਾ ਜਨਮ ਪਿੰਡ ਚਾਹਲ ਰਿਆਸਤ ਫਰੀਦਕੋਟ ਵਿਚ ਸ: ਲਾਲ ਸਿੰਘ ਜੀ ਦੇ ਘਰ ਮਾਤਾ ਚੰਦ ਕੌਰ ਦੀ ਕੁਖ ਤੋਂ ਹੋਇਆ। ਬਚਪਨ ਵਿਚ ਆਪ ਜੀ ਨੇ ਗੁਰਮੁਖੀ ਵਿਦਿਆ ਪੜ੍ਹੀ ਤੇ ਰਾਗ ਸਿਖਿਆ। ਆਪ ਬਹੁਤ ਸੋਹਣਾ ਤੇ ਰਸ ਭਿੰਨਾ ਕੀਰਤਨ ਕਰਦੇ ਹਨ। ਅਕਾਲੀ ਲਹਿਰ ਵਿਚ ਆਪ ਨੇ ਕੀਰਤਨ ਪਰਚਾਰ ਦਵਾਰਾ ਬਹੁਤ ਸੇਵਾ ਕੀਤੀ ਤੇ ਭਾਈ ਫੇਰੂ ਦੇ ਮੋਰਚੇ ਵਿਚ ਕੈਦ ਹੋਏ। ਕ੍ਰਿਪਾਨ ਦੇ ਮੋਰਚੇ ਵਿਚ ਆਪ ਲਾਹੌਰ ੨੦੦ ਸਿੰਘਾਂ ਦੇ ਜਥੇ ਨਾਲ ਗਏ ਤੇ ਗ੍ਰਿਫਤਾਰ ਕੀਤੇ ਗਏ। ਜਦ ਮੋਰਚਾ ਫਤਹਿ ਹੋਇਆ ਤਾਂ ਰਿਹਾ ਹੋ ਕੇ ਵਾਪਸ ਆਏ।

## ਭਾਈ ਈਸ਼ਰ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਚਾਹਲ ਵਿਚ ਸ: ਦੇਵਾ ਸਿੰਘ ਜੀ ਦੇ ਘਰ ਮਾਤਾ ਨੰਦ ਕੌਰ ਦੀ ਕੁਖ ਤੋਂ ਹੋਇਆ। ਆਪ ਨੇ ਬਚਪਨ ਵਿਚ ਗੁਰਮੁਖੀ ਤੇ ਅੰਗਰੇਜ਼ੀ ਪੜ੍ਹੀ ਤੇ ਸਰਕਾਰੀ ਨੌਕਰ ਹੋ ਗਏ। ਨੌਕਰੀ ਸਮੇਂ ਪਸ਼ਾਵਰ ਛਾਉਣੀ ਵਿਚ ਕ੍ਰਿਪਾਨ ਨਾ ਉਤਾਰਨ ਦੇ ਦੋਸ਼ ਵਿਚ ਨਾਮ ਕਟਾ ਕੇ ਘਰ ਵਾਪਸ ਆਏ। ਉਸ ਸਮੇਂ ਜੈਤੋ ਦਾ ਮੋਰਚਾ ਗਰਮ ਸੀ। ਰਿਆਸਤਾਂ ਦੀ ਪਰਜਾ ਪਰ ਬਹੁਤ ਸਾਰੀਆਂ ਸਖਤੀਆਂ ਹੋ ਰਹੀਆਂ ਸਨ। ਆਪ ਜੀ ਨੇ ਅਕਾਲੀ ਜਥੇ ਵਿਚ ਸ਼ਾਮਲ ਹੋ ਕੇ ਕੰਮ ਕਰਨਾ ਸ਼ੁਰੂ ਕੀਤਾ। ਗੁਰਦਵਾਰਾ

Digitized by Panjab Digital Library | www.panjabdigilib.org

ਸੁਰਗਾ ਪੁਰੀ ਦਾ ਕੇਸ ਚਲ ਰਿਹਾ ਸੀ। ਥਾਨੇਦਾਰ ਸ਼ੰਭੂ ਪ੍ਰਸ਼ਾਦ ਨੇ ਬੂਟਾਂ ਸਣੇ ਗੁਰਦਵਾਰੇ ਵਿਚ ਜਾ ਕੇ ਗੁਰੂ ਘਰ ਦੀ ਨਿਰਾਦਰੀ ਕੀਤੀ ਸੀ, ਜਿਸ ਵਿਰੁਧ ਰੋਸ ਪਰਗਟ ਕਰਨ ਲਈ ਬੀਲ੍ਹੇ ਗਮਿਆਣੇ ਤੇ ਗੋਲੇ ਵਾਲੇ ਦੀਵਾਨ ਕੀਤੇ ਗਏ। ਗੋਲੇ ਵਾਲੇ ਤੋਂ ੧੨੮ ਆਦਮੀ ਫੜ ਕੇ ਕੈਦ ਕੀਤੇ ਗਏ। ਭਾਈ ਈਸ਼ਰ ਸਿੰਘ ਨੂੰ ਸਤ ਸਾਲ ਸਜ਼ਾ ਤੇ ਇਕ ਹਜ਼ਾਰ ਰੁਪਿਆ ਜਰਮਾਨਾ ਕੀਤਾ ਗਿਆ। ਆਪ ਇਸ ਤੋਂ ਪਿਛੋਂ ਭੀ ਪੰਥ ਦੀ ਬੜੀ ਸ਼ਾਨਦਾਰ ਸੇਵਾ ਕਰਦੇ ਰਹੇ ਤੇ ਕਈ ਵੇਰ ਜੇਲ੍ਹ ਗਏ।

## ਸ: ਪ੍ਰਤਾਪ ਸਿੰਘ ਸਿੰਘਾਂ ਵਾਲਾ

ਸ: ਪ੍ਰਤਾਪ ਸਿੰਘ ਜੀ ਦੇ ਪਿਤਾ ਦਾ ਨਾਮ ਜਵਾਲਾ ਸਿੰਘ ਤੇ ਮਾਤਾ ਦਾ ਨਾਮ ਪ੍ਰੇਮ ਕੌਰ ਸੀ। ਆਪ ਅਕਾਲੀ ਲਹਿਰ ਵਿਚ ਵਧ ਚੜ੍ਹਕੇ ਹਿੱਸਾ ਲੈਂਦੇ ਰਹੇ। ਗੋਲੇ ਵਾਲੇ ਦੀਵਾਨ ਤੋਂ ਗ੍ਰਿਫਤਾਰ ਕਰਕੇ ਆਪ ਜੀ ਨੂੰ ੭ ਸਾਲ ਦੀ ਸਜ਼ਾ ਦਿਤੀ ਗਈ। ਕਿਉਂਕਿ ਆਪ ਨੰਬਰਦਾਰ ਸਨ ਇਸ ਲਈ ਬਹੁਤ ਸਖਤ ਤਸੀਹੇ ਦਿਤੇ ਗਏ ਤੇ ਇਕ ਹਜ਼ਾਰ ਰੁਪਿਆ ਜੁਰਮਾਨਾ ਭੀ ਲਿਆ ਗਿਆ। ਆਪ ਨੇ ਪਿੰਡ ਦੇ ਗੁਰਦੁਆਰੇ ਵਿਚ ਆਪਣੇ ਖਰਚ ਨਾਲ ਕਮਰਾ ਬਣਵਾਇਆ ਤੇ ਪਰਉਪਕਾਰ ਸੇਵਾ ਲਈ ਹਰ ਸਮੇਂ ਤਿਆਰ ਰਹਿੰਦੇ ਸਨ।

## ਭਾਈ ਬਿਸ਼ਨ ਸਿੰਘ ਜੀ ਅਕਾਲੀ

ਆਪ ਜੀ ਦਾ ਜਨਮ ਪਿੰਡ ਮਹਿਮਾ ਸਵਾਈ ਰਿ: ਫਰੀਦਕੋਟ ਵਿਚ ਸ: ਠੋਬਾ ਸਿੰਘ ਜੀ ਦੇ ਘਰ ਮਾਤਾ ਇੰਦ ਕੌਰ ਦੀ ਕੁਖ ਤੋਂ ਹੋਇਆ। ਅਕਾਲੀ ਲਹਿਰ ਚਲੀ ਤਾਂ ਆਪ ਜੀ ਦੇ ਦਿਲ ਵਿਚ ਪੰਥ ਦੀ ਸੇਵਾ ਕਰਨ ਦਾ ਉਤਸ਼ਾਹ ਪੈਦਾ ਹੋਇਆ। ਆਪ ਅਕਾਲੀ ਜਥਾ ਰਿ: ਫਰੀਦਕੋਟ ਦੇ ਪਹਿਲੇ ਜਥੇਦਾਰ ਥਾਪੇ ਗਏ। ਸ਼ਹੀਦੀ ਜਥੇ ਵਿਚ ਜਾਣ ਲਈ ਨਾਮ ਦਿਤਾ ਪ੍ਰੰਤੂ ਪੰਥ ਵਲੋਂ ਇਹ ਹੁਕਮ ਆਇਆ ਕਿ ਆਪ ਜਥਿਆਂ ਦੀ ਸੇਵਾ ਕਰੋ। ਜਿਤਨੇ ਜਥੇ ਫ਼ਰੀਦਕੋਟ ਵਿਚੋਂ ਲੰਘਦੇ ਸਨ ਸਭ ਦੀ ਸੇਵਾ ਕਰਨੀ ਆਪ ਦੀ ਡਿਊਟੀ ਸੀ। ਸ: ਇੰਦਰ ਸਿੰਘ ਜੀ ਪ੍ਰੈਜ਼ੀਡੈਂਟ ਫਰੀਦਕੋਟ ਨੇ ਬਹੁਤ ਧਮਕੀਆਂ ਦਿਤੀਆਂ ਪ੍ਰੰਤੂ ਆਪ ਜੀ ਨੇ ਸੇਵਾ ਵਲੋਂ ਮੂੰਹ ਨਾ ਮੋੜਿਆ।

## ਭਾਈ ਨਾਹਰ ਸਿੰਘ ਜੀ ਅਕਾਲੀ

ਆਪ ਜੀ ਸਿੱਖ ਪੰਥ ਦੇ ਪ੍ਰਸਿਧ ਜਰਨੈਲ (ਜਿਨ੍ਹਾਂ ਦੀ ਸਹਾਇਤਾ ਨਾਲ ਦਸ਼ਮੇਸ਼ ਜੀ ਨੇ ਮੁਕਤਸਰ ਸਾਹਿਬ ਦਾ ਯੁਧ ਜਿਤਿਆ) ਬਾਬਾ ਦਾਨ ਸਿੰਘ ਜੀ ਦੇ ਖਾਨਦਾਨ ਵਿਚੋਂ ਹਨ। ਆਪ ਦਾ ਜਨਮ ਪਿੰਡ ਦਾਨ ਸਿੰਘ ਵਾਲਾ ਵਿਚ ਸ: ਹੀਰਾ ਸਿੰਘ ਜੀ ਦੇ ਘਰ ਮਾਤਾ ਗੌਰੀ ਦੀ ਕੁਖ ਤੋਂ ਹੋਇਆ। ਆਪ ਗੁਰਮੁਖੀ, ਉਰਦੂ ਤੇ ਅੰਗਰੇਜ਼ੀ ਪੜ੍ਹੇ ਹੋਏ ਸਨ। ਅਕਾਲੀ ਲਹਿਰ ਸਮੇਂ ਆਪ ਜੀ ਨੇ ਪੰਥ ਦੀ ਬੜੀ ਸ਼ਾਨਦਾਰ ਸੇਵਾ ਕੀਤੀ ਅਤੇ ਰਿ: ਫਰੀਦਕੋਟ ਦੇ ਜਥੇਦਾਰ ਰਹਿ ਚੁਕੇ ਹਨ। ਗੋਲੇ ਵਾਲੇ ਦੀਵਾਨ ਤੋਂ ਗ੍ਰਿਫ਼ਤਾਰ ਕਰਕੇ ਆਪ ਜੀ ਨੂੰ ਅਕਾਲੀ ਲਹਿਰ ਵਿਚ ਹਿਸਾ ਲੈਣ ਦੇ ਅਪ੍ਰਾਧ ਵਿਚ ੭ ਸਾਲ ਦੀ ਸਜ਼ਾ ਦਿਤੀ ਗਈ। ਆਪ ਜੀ ਪਰ ਜੇਲ੍ਹ ਵਿਚ ਬਹੁਤ ਸਖਤੀਆਂ ਕੀਤੀਆਂ ਗਈਆਂ ਤੇ ਮਾਫੀ ਮੰਗਣ ਲਈ ਕਿਹਾ ਗਿਆ ਪ੍ਰੰਤੂ ਆਪ ਜੀ ਨੇ ਕੋਈ ਪ੍ਰਵਾਹ ਨਾ ਕੀਤੀ। ਉਪ੍ਰੰਤ ਆਪ ਨੇ ਪਰਜਾ ਮੰਡਲ ਵਿਚ ਸ਼ਾਮਲ ਹੋ ਕੇ ਦੇਸ਼ ਦੀ ਆਜ਼ਾਦੀ ਤੇ ਰਿਆਸਤਾਂ ਦੀ ਪ੍ਰਜਾ ਨੂੰ ਇਕ ਪੁਰਖੀ ਰਾਜ ਤੋਂ ਆਜ਼ਾਦ ਕਰਾਉਣ ਲਈ ਸ਼ਾਨਦਾਰ ਸੇਵਾ ਕੀਤੀ।

ਭਾਈ ਕਿਸ਼ਨ ਸਿੰਘ ਜੀ ਪਿਤਾ ਸੋਣ ਸਿੰਘ ਜੀ ਮਾਤਾ ਭਾਗ ਕੌਰ ਜੀ ਪਿੰਡ ਚੰਦ ਬਾਜਾ ਆਪ ਨੇ ਭਾਈ ਫੇਰੂ ਦੇ ਮੋਰਚੇ ਵਿਚ ਕੈਦ ਕੱਟੀ।

Digitized by Panjab Digital Library | www.panjabdigilib.org

ਭਾਈ ਜੀਤ ਸਿੰਘ ਜੀ ਪਿਤਾ ਸ: ਵਰਯਾਮ ਸਿੰਘ ਮਾਤਾ ਨਿਹਾਲ ਕੌਰ ਜੀ ਪਿੰਡ ਚੰਦ ਬਾਜਾ ਆਪ ਨੇ ਭਾਈ ਫੇਰੂ ਦੇ ਮੋਰਚੇ ਵਿਚ ਕੈਦ ਕੱਟੀ।

ਭਾਈ ਤਾਰਾ ਸਿੰਘ ਜੀ ਪਿਤਾ ਸ: ਹਰਨਾਮ ਸਿੰਘ ਜੀ ਮਾਤਾ ਸਦਾ ਕੌਰ ਜੀ ਪਿੰਡ ਚਾਹਲ ਆਪ ਨੇ ਭਾਈ ਫੇਰੂ ਦੇ ਮੋਰਚੇ ਵਿਚ ਛੇ ਮਹੀਨੇ ਕੈਦ ਕੈਂਬਲਪੁਰ ਕੱਟੀ।

ਭਾਈ ਚਨਣ ਸਿੰਘ ਜੀ ਪਿਤਾ ਸ: ਵਰਯਾਮ ਸਿੰਘ ਜੀ ਮਾਤਾ ਭਾਗ ਕੌਰ ਜੀ ਪਿੰਡ ਚਾਹਲ ਆਪ ਨੇ ਭਾਈ ਫੇਰੂ ਦੇ ਮੋਰਚੇ ਵਿਚ ਢਾਈ ਸਾਲ ਕੈਦ ਕੱਟੀ।

ਭਾਈ ਗੁਰਬਖਸ਼ ਸਿੰਘ ਜੀ ਪਿਤਾ ਸ: ਰਾਮ ਸਿੰਘ ਮਾਤਾ ਬਿਸ਼ਨ ਕੌਰ ਜੀ ਪਿੰਡ ਚਾਹਲ ਆਪ ਪੰਥ ਦੇ ਦੇਸ਼ ਤੇ ਸੇਵਕ ਸਨ ਅਤੇ ਕਿਰਪਾਨ ਆਜ਼ਾਦੀ ਲਈ ਤਿੰਨ ਮਹੀਨੇ ਕੈਦ ਕੱਟੀ ਅਤੇ ਕਾਂਗਰਸ ਸਰਗਰਮੀਆਂ ਵਿਚ ਤਿੰਨ ਮਹੀਨੇ ਕੈਦ ਕਾਂਗਰਸ ਕਮੇਟੀ ਫਰੀਦ ਕੋਟ ਦੇ ਜਨਰਲ ਸਕੱਤਰ ਸਨ।

ਭਾਈ ਕਰਨੈਲ ਸਿੰਘ ਪਿਤਾ ਸ: ਰਾਮ ਸਿੰਘ ਜੀ ਮਾਤਾ ਸੰਤ ਕੌਰ ਜੀ ਪਿੰਡ ਚਾਹਲ ਆਪ ਪੰਥ ਤੇ ਦੇਸ਼ ਦੇ ਸੇਵਕ ਸਨ ਅਤੇ ਕਿਰਪਾਨ ਆਜ਼ਾਦੀ ਲਈ ਤਿੰਨ ਮਹੀਨੇ ਕੈਦ ਲਾਹੌਰ ਕੱਟੀ।

ਭਾਈ ਭਗਵਾਨ ਸਿੰਘ ਜੀ ਜੱਥੇਦਾਰ ਪਿਤਾ ਸ: ਸੁਹਲ ਸਿੰਘ ਜੀ ਮਾਤਾ ਅਤਰ ਕੌਰ ਜੀ ਪਿੰਡ ਚਾਹਲ ਆਪ ਜੈਤੋ ਚੌਧਵੇਂ ਤੇ ਸਤਾਰਵੇਂ ਸ਼ਹੀਦੀ ਜੱਥਿਆਂ ਦੇ ਜੱਥੇਦਾਰ ਸਨ।

ਭਾਈ ਭੰਗਾ ਜੀ ਪਿਤਾ ਸ: ਫੁਮਣ ਸਿੰਘ ਜੀ ਮਾਤਾ ਬਿਸ਼ਨ ਕੌਰ ਜੀ ਪਿੰਡ ਚਾਹਲ ਆਪ ਪਹਿਲੇ ਸ਼ਹੀਦੀ ਜੱਥੇ ਵਿਚ ਗੋਲੀ ਨਾਲ ਫਟੜ ਹੋਏ ਅਤੇ ਨਾਭੇ ਜੇਲ੍ਹ ਵਿਚ ਬੰਦ ਰਹੇ ਅਤੇ ਆਪਦੇ ਗੁਪਤ ਅੰਗ ਗੋਲੀ ਨਾਲ ਉਡ ਗਏ ਸਨ।

ਭਾਈ ਰਾਮ ਸਿੰਘ ਜੀ ਪਿਤਾ ਸ: ਦੇਵਾ ਸਿੰਘ ਜੀ ਪਿੰਡ ਚਾਹਲ ਆਪ ਅਕਾਲੀ ਵਰਕਰ ਸਨ ਤੇ ਪੰਥਕ ਸੇਵਾ ਬਦਲੇ ਸਾਜ਼ਸ਼ ਦੁਆਰਾ ਪੰਜ ਸਾਲ ਕੈਦ ਕੱਟੀ ਅਤੇ ੩੦੦ ਰੁ: ਜੁਰਮਾਨਾ ਹੋਇਆ।

ਭਾਈ ਕਟਾਰ ਸਿੰਘ ਪਿਤਾ ਸ: ਸੁੰਦਰ ਸਿੰਘ ਮਾਤਾ ਇੰਦਰ ਕੌਰ ।ਪਿੰਡ ਸਿੱਖਾਂ ਵਾਲ ਆਪ ਨੇ ਗੋਲੇ ਵਾਲੇ ਦੀਵਾਨ ਸਬੰਧੀ ਫਰੀਦਕੋਟ ਜੇਲ੍ਹ ਵਿਚ ਡੇਢ ਸਾਲ ਕੈਦ ਕਟੀ।

ਭਾਈ ਬੰਮਣ ਸਿੰਘ ਪਿਤਾ ਸ: ਰਾਜਾ ਸਿੰਘ ਮਾਤਾ ਸਦਾ ਕੌਰ ਪਿੰਡ ਸਿੱਖਾਂ ਵਾਲ ਆਪ ਨੇ ਗੋਲੇ ਵਾਲੇ ਦੀਵਾਨ ਸਬੰਧੀ ਫਰੀਦਕੋਟ ਜੇਲ੍ਹ ਵਿਚ ਡੇਢ ਸਾਲ ਕੈਦ ਕਟੀ।

ਭਾਈ ਕਰਤਾਰ ਸਿੰਘ ਪਿਤਾ ਸ: ਸੈਣ ਸਿੰਘ ਪਿੰਡ ਸਿੱਖਾਂ ਵਾਲ ਆਪ ਨੇ ਗੋਲੇ ਵਾਲੇ ਦੀਵਾਨ ਸਬੰਧੀ ਡੇਢ ਸਾਲ ਫਰੀਦਕੋਟ ਜੇਲ ਵਿਚ ਕੈਦ ਕਟੀ।

ਭਾਈ ਈਸ਼ਰ ਸਿੰਘ ਪਿਤਾ ਸ: ਦਿਆਲ ਸਿੰਘ ਮਾਤਾ ਚੰਦ ਕੌਰ ਪਿੰਡ ਢੈ ਪਈ ਆਪ ਨੇ ਗੋਲੇ ਵਾਲੇ ਦੀਵਾਨ ਦੇ ਸਿਲਸਲੇ ਵਿਚ ੭ ਸਾਲ ਕੈਦ ਕਟੀ।

ਭਾਈ ਵਰਯਾਮ ਸਿੰਘ ਪਿਤਾ ਸ: ਬੀਕਾ ਸਿੰਘ ਮਾਤਾ ਰਤਨ ਕੌਰ ਪਿੰਡ ਢਿਲਵਾਂ ਕਲਾਂ ਆਪ ਨੇ ਮੋਰਚਾ ਜੈਤੋ ਦੇ ਜਥਿਆਂ ਦੀ ਸੇਵਾ ਕੀਤੀ, ੧੭ਵੇਂ ਜਥੇ ਸਮੇਂ ਫੜੇ ਗਏ ਤੇ ਬੜੀਆਂ ਤਕਲੀਫਾਂ ਸਹੀਆਂ। ਆਪ ਅਕਾਲੀ ਲਹਿਰ ਵਿਚ ਸ਼ਾਮਲ ਹੋਣ ਲਈ ਕੋਇਟੇ ਤੋਂ ਆਏ, ਅੱਜ ਕਲ ਫਰੀਦਕੋਟ ਦੇ ਕਾਂਗਰਸੀ ਮੈਂਬਰ ਹਨ। ਭਾ: ਨੱਥਾ ਸਿੰਘ ਪਿਤਾ ਸ: ਨੰਤਾ ਸਿੰਘ ਮਾਤਾ ਮਹਾਂ ਕੌਰ ਪਿੰਡ ਢਿਲਵਾ ਕਲਾਂ ਆਪ ਮੋਰਚਾ ਜੈਤੋ ਦੇ ਪਹਿਲੇ ਜਥੇ ਵਿਚ ਗਏ, ਫਿਰ ਭਾ: ਫੇਰੂ ਵਿਚ ਛੇ ਮਹੀਨੇ ਕੈਦ ਕੈਂਮਲ ਪੁਰ ਜੇਲ੍ਹ ਵਿਚ ਕਟੀ।

ਭਾਈ ਸੁੰਦਰ ਸਿੰਘ ਪਿਤਾ ਸ: ਜੱਸਾ ਸਿੰਘ ਮਾਤਾ ਬਿਸ਼ਨ ਕੌਰ ਪਿੰਡ ਢਿਲਵਾਂ ਕਲਾਂ ਆਪ ਜੈਤੋ ਦੇ ਮੋਰਚਿਆਂ ਵਿਚ ਗਏ।

Digitized by Panjab Digital Library | www.panjabdigilib.org

ਭਾਈ ਜੀਤਾ ਸਿੰਘ ਪਿਤਾ ਸ: ਧਰਮ ਸਿੰਘ ਮਾਤਾ ਰਤਨ ਕੌਰ ਪਿੰਡ ਦਿਲਵਾਂ ਕਲਾਂ ਆਪ ਮੋਰਚਾ ਭਾਈ ਫੇਰੂ ਵਿਚ ਗਏ ਤੇ ਕੈਂਮਲ ਪੁਰ ਜੇਲ੍ਹ ਵਿਚ ਛੇ ਮਹੀਨੇ ਕੈਦ ਕਟੀ ।

ਭਾਈ ਬਦਨ ਸਿੰਘ ਪਿਤਾ ਸ: ਵਜ਼ੀਰ ਸਿੰਘ ਮਾਤਾ ਕਰਮ ਕੌਰ ਪਿੰਡ ਮਹਿਮਾਂ ਸਵਾਈ ਆਪ ਮੋਰਚਾ ਜੈਤੋ ਦੇ ੧੨ਵੇਂ ਸ਼ਹੀਦੀ ਜਥੇ ਵਿਚ ਗਏ ਤੇ ਨਾਭਾ ਬੀੜ ਵਿਚ ਕੈਦ ਕਟੀ ।

ਭਾਈ ਸੱਜਣ ਸਿੰਘ ਪਿਤਾ ਸ: ਗੁਲਾਬ ਸਿੰਘ ਪਿੰਡ ਮਹਿਮਾਂ ਸਵਾਈ ਆਪ ਮੋਰਚਾ ਭਾ: ਫੇਰੂ ਵਿਚ ਗਏ । ਭਾਈ ਨਿਹਾਲ ਸਿੰਘ ਪਿਤਾ ਸ: ਜਾਤੀ ਸਿੰਘ ਮਾਤਾ ਰਾਮ ਕੌਰ ਪਿੰਡ ਦਾਨ ਸਿੰਘ ਵਾਲਾ ਆਪ ਮੋਰਚਾ ਜੈਤੋ ਦੇ ੧੩ਵੇਂ ਸ਼ਹੀਦੀ ਜਥੇ ਵਿਚ ਗਏ ਤੇ ਨਾਭਾ ਬੀੜ ਵਿਚ ਕੈਦ ਕਟੀ ।

ਭਾਈ ਸ਼ਾਮ ਸਿੰਘ ਪਿਤਾ ਸ: ਕ੍ਰਿਪਾਲ ਸਿੰਘ ਮਾਤਾ ਮਹਾਂ ਕੌਰ ਪਿੰਡ ਮਹਿਮਾਂ ਸਰਜਾ ਆਪ ਮੋਰਚਾ ਜੈਤੋ ਦੇ ੧੨ਵੇਂ ਸ਼ਹੀਦੀ ਜਥੇ ਨਾਲ ਗਏ ਤੇ ਨਾਭਾ ਬੀੜ ਵਿਚ ਕੈਦ ਕਟੀ ।

ਭਾਈ ਸੁਖਾ ਸਿੰਘ ਪਿਤਾ ਸ: ਖੇਤਾ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਮਹਿਮਾਂ ਸਰਜਾ ਆਪ ਮੋਰਚਾ ਜੈਤੋ ਵਿਚ ੫੦੦ ਸਿੰਘਾਂ ਦੇ ਸ਼ਹੀਦੀ ਜਥੇ ਨਾਲ ਗਏ ਤੇ ਨਾਭਾ ਬੀੜ ਵਿਚ ਕੈਦ ਕਟੀ ।

ਭਾਈ ਅਮਰ ਸਿੰਘ ਪਿਤਾ ਸ: ਜਵਾਹਰ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਮਹਿਮਾਂ ਸਰਜਾ ਆਪ ਮੋਰਚਾ ਜੈਤੋ ਦੇ ੧੨ਵੇਂ ਸ਼ਹੀਦੀ ਜਥੇ ਵਿਚ ਗਏ ਤੇ ਨਾਭਾ ਬੀੜ ਵਿਚ ਕੈਦ ਕਟੀ । ਆਪ ਭਾਈ ਫੇਰੂ ਦੇ ਮੋਰਚੇ ਵਿਚ ਵੀ ਗਏ ।

ਭਾਈ ਰਤਨ ਸਿੰਘ ਪਿਤਾ ਸ: ਕਪੂਰ ਸਿੰਘ ਪਿੰਡ ਮਹਿਮਾਂ ਸਰਜਾ ਆਪ ਮੋਰਚਾ ਜੈਤੋ ਦੇ ੧੨ਵੇਂ ਸ਼ਹੀਦੀ ਜਥੇ ਵਿਚ ਗਏ ਤੇ ਨਾਭਾ ਬੀੜ ਵਿਚ ਕੈਦ ਰਹੇ ।

ਭਾਈ ਮੈਂਗਲ ਸਿੰਘ ਪਿਤਾ ਸ: ਬੂਟਾ ਸਿੰਘ ਪਿੰਡ ਮਹਿਮਾ ਸਰਜਾ ਆਪ ਨੇ ਮੋਰਚਾ ਜੈਤੋ ਤੇ ਭਾਈ ਫੇਰੂ ਵਿਚ ਕੈਦ ਕਟੀ ।

ਭਾਈ ਅਰਜਨ ਸਿੰਘ ਪਿਤਾ ਸ: ਗੁਜਰ ਸਿੰਘ ਮਾਤਾ ਪਰੇਮ ਕੌਰ ਪਿੰਡ ਮਹਿਮਾ ਸਰਜਾ ਆਪ ਨੂੰ ਗੋਲੇ ਵਾਲੇ ਦੇ ਦੀਵਾਨ ਤੇ ਤਿੰਨ ਸਾਲ ਕੈਦ ਫਰੀਦਕੋਟ ਜੇਲ੍ਹ ਵਿਚ ਹੋਈ ।

ਭਾਈ ਲਛਮਨ ਸਿੰਘ ਪਿਤਾ ਸ: ਮਿਤ ਸਿੰਘ ਮਾਤਾ ਪਰੇਮ ਕੌਰ ਪਿੰਡ ਮਹਿਮਾ ਸਰਜਾ ਆਪ ਨੂੰ ਗੋਲੇ ਵਾਲੇ ਦੇ ਦੀਵਾਨ ਤੇ ਤਿੰਨ ਸਾਲ ਕੈਦ ਫਰੀਦ ਕੋਟ ਜੇਲ੍ਹ ਵਿਚ ਹੋਈ ।

ਭਾਈ ਸੁੰਦਰ ਸਿੰਘ ਪਿਤਾ ਸ: ਹਜ਼ਾਰਾ ਸਿੰਘ ਮਾਤਾ ਦਿਆ ਕੌਰ ਪਿੰਡ ਮਹਿਮਾ ਸਰਜਾ ਆਪ ਨੂੰ ਗੋਲੇ ਵਾਲੇ ਦੇ ਦੀਵਾਨ ਤੇ ਤਿੰਨ ਸਾਲ ਕੈਦ ਫਰੀਦ ਕੋਟ ਜੇਲ੍ਹ ਵਿਚ ਹੋਈ ।

ਭਾਈ ਹਰਨਾਮ ਸਿੰਘ ਜੀ ਜਥੇਦਾਰ ਪਿਤਾ ਸ: ਪੰਜਾਬ ਸਿੰਘ ਜੀ ਮਾਤਾ ਪਰੇਮ ਕੌਰ ਪਿੰਡ ਅਮਰਗੜ੍ਹ ਆਪ ਅਕਾਲੀ ਲਹਿਰ ਵਿਚ ਕੰਮ ਕਰਨ ਦੇ ਦੋਸ਼ ਵਿਚ ਦਸ ਸਾਲ ਜੇਲ੍ਹ ਵਿਚ ਰਹੇ ।

ਭਾਈ ਕੇਹਰ ਸਿੰਘ ਜੀ ਪਿਤਾ ਸ: ਮਸਤਾਨ ਸਿੰਘ ਜੀ ਪਿੰਡ ਗੋਨੇਆਣਾ ਛੋਟਾ ਆਪ ਜੈਤੋ ਦੇ ਮੋਰਚੇ ਵਿਚ ਗਏ ਤੇ ਮੋਰਚਾ ਫਤਹਿ ਹੋਣ ਤਕ ਨਾਭਾ ਬੀੜ ਵਿਚ ਕੈਦ ਰਹੇ ।

ਭਾਈ ਸਰਮੁਖ ਸਿੰਘ ਅਕਾਲੀ ਪਿਤਾ ਸ: ਭਿੰਦਰ ਸਿੰਘ ਜੀ ਮਾਤਾ ਮਹਾਂ ਕੌਰ ਪਿੰਡ ਜਾਫ਼ਵਾਲ ਆਪ ਬਬਰ ਅਕਾਲੀ ਸਨ ਤੇ ਸਤ ਸਾਲ ਕੈਦ ਰਹੇ ।

ਭਾਈ ਅਮਰ ਸਿੰਘ ਕੈਨੇਡੀਅਨ ਪਿਤਾ ਸ: ਦਸੌਂਧਾ ਸਿੰਘ ਮਾਤਾ ਭਾਗ ਕੌਰ ਪਿੰਡ ਭੋਲ੍ਹ ਵਾਲਾ ਖ਼ੋਸਿਆਂ ਦਾ ਸ: ਭਗਵਾਨ ਸਿੰਘ ਦੇ ਜਥੇ ਨਾਲ ੧੯੨੩ ਵਿਚ ਜੈਤੋ ਆਏ ਤੇ ਕੈਦ ਕੱਟੀ । ਛੇ ਮਹੀਨੇ ਬਿਨਾ ਤਨਖਾਹ ਤੋਂ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦੀ ਸੇਵਾ ਕੀਤੀ ਤੇ ਛੇ ਮਹੀਨੇ ਸ੍ਰੀ ਹਜ਼ੂਰ ਸਾਹਿਬ ਦੀ ।

Digitized by Panjab Digital Library | www.panjabdigilib.org

# ਰਿਆਸਤ ਪਟਿਆਲਾ

ਦੇ

'ਕੇਹਰ' 'ਸ਼ੇਰ' 'ਸ਼ਿੰਘ' ਅਕਾਲੀ, ਜਿਨ੍ਹਾਂ ਨੇ ਰਿਆਸਤ ਪਟਿਆਲਾ ਤੇ
ਅੰਗਰੇਜ਼ੀ ਸਰਕਾਰ ਦੀ ਧੱਕੇ-ਸ਼ਾਹੀ ਨੂੰ ਦਲਤ ਕਰਦਿਆਂ ਹੋਇਆਂ,
ਅਤੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਤੇ ਸ਼੍ਰੋ: ਅਕਾਲੀ ਦੱਲ
ਅੰਮ੍ਰਿਤਸਰ ਦੇ ਹੁਕਮ ਤੇ ਫੁੱਲ ਚੜ੍ਹਾਉਂਦੇ ਹੋਇਆਂ,
ਮੋਰਚਾ ਭਾਈ ਫੇਰੂ, ਮੁਕਤਸਰ, ਗੰਗਸਰ ਜੈਤੋ
ਆਦਿ ਵਿਚ ਸ਼ਾਂਤਮਈ ਰਹਿੰਦਿਆਂ ਹੋਇਆਂ,
ਨੇ ਜਾਬਰ ਸਰਕਾਰਾਂ ਦੇ ਅੰਨ੍ਹੇ ਹੁਕਮ
ਅਨੁਸਾਰ ਜਲਾ-ਵਤਨੀਆਂ,
ਸ਼ਹੀਦੀਆਂ, ਜੇਲ੍ਹਾਂ ਤੇ
ਕਾਰਖਾਸ ਦੇ ਸੰਕਟ
ਸਹਾਰਦਿਆਂ ਹੋਇਆਂ,
ਨੇ ਕੁਰਬਾਨੀਆਂ ਦੇ ਕੇ
ਸਰਕਾਰ ਦੇ ਹਰ
ਕਿਸਮ ਦੇ
ਹਥਿਆਰ ਖੁੰਡੇ
ਕੀਤੇ।
ਉਨ੍ਹਾਂ ਦਾ ਜੀਵਨ ਅਗੇ ਪੜ੍ਹੋ।

Digitized by Panjab Digital Library | www.panjabdigilib.org

# ਭਾਈ ਕੇਹਰ ਸਿੰਘ ਜੀ ਸ਼ਹੀਦ

ਪੈਲ ਦੇ ਨੇੜੇ ਪਿੰਡ ਜਰਗ (ਰਿਆਸਤ ਪਟਿਆਲਾ) ਬਹੁਤ ਉੱਘਾ ਤੇ ਪੁਰਾਣਾ ਕਸਬਾ ਹੈ। ਇਸੇ ਪਿੰਡ ਵਿਚ ੧੯੬੯ ਈਸਵੀ ਨੂੰ ਮਾਤਾ ਹਰਨਾਮ ਕੌਰ ਦੀ ਕੁਖੋਂ ਭਾਈ ਜੀਵਨ ਸਿੰਘ ਦੇ ਘਰ ਆਪ ਨੇ ਜਨਮ ਲਿਆ। ਭਾਈ ਹਰਨਾਮ ਸਿੰਘ ਤੇ ਭਾਈ ਸੇਵਾ ਸਿੰਘ ਆਪ ਦੇ ਦੋ ਭਰਾ ਹੋਰ ਸਨ। ਆਪ ਦਾ ਰੰਗ ਗੋਰਾ, ਕੱਦ ਸਾਢੇ ਪੰਜ ਫੁਟ ਤੇ ਸਰੀਰ ਸੁੰਦਰ ਤੇ ਨਰੋਆ ਸੀ।

ਆਪ ਨੂੰ ਮਹੰਤ ਚਰਨ ਦਾਸ ਦੀ ਧਰਮਸ਼ਾਲਾ ਵਿਚ ਜਾਣ ਦਾ ਚਸਕਾ ਪੈ ਗਿਆ ਤੇ ਹੌਲੀ ਹੌਲੀ ਗੁਰਬਾਣੀ ਦਾ ਪਾਠ ਤੇ ਸ਼ਬਦ ਕੀਰਤਨ ਕਰਨ ਦੇ ਅਭਿਆਸੀ ਹੋ ਗਏ।

੧੮ ਸਾਲ ਦੀ ਉਮਰ ਵਿਚ ਪਲਟਨ ਨੰਬਰ ਦੋ ਵਿਚ ਭਰਤੀ ਹੋ ਕੇ ਕੋਹਾਟ ਚਲੇ ਗਏ। ਦਸਾਂ ਸਾਲਾਂ ਦੀ ਨੌਕਰੀ ਮਗਰੋਂ ਆਪ ਨੂੰ ਹੌਲਦਾਰ ਬਣਾਇਆ ਗਿਆ। ਆਪ ਨੇ ਚਤਰਾਲ, ਮਕੀਨ, ਬੰਨੂੰ, ਟਾਂਕ ਅਤੇ ਬਜੌੜ ਆਦਿ ਦੀਆਂ ਲੜਾਈਆਂ ਵਿਚ ਸ਼ਾਮਲ ਹੋ ਕੇ ਆਪਣੀ ਬਹਾਦਰੀ ਵਿਖਾਈ ਤੇ ਦਿਲ ਬਹੁਤ ਮਜ਼ਬੂਤ ਹੋ ਗਿਆ।

## ਸ਼ੇਰ ਨਾਲ ਮੁਕਾਬਲਾ

ਇਕ ਵੇਰੀ ਆਪ ਦੀ ਪਲਟਨ ਬਦਲ ਕੇ ਆਸਾਮ ਵੱਲ ਚਲੀ ਗਈ। ਉਧਰ ਉਸ ਸਮੇਂ ਵਿਚ ਜੰਗਲੀ ਸ਼ੇਰ ਰਹਿੰਦੇ ਹੁੰਦੇ ਸਨ। ਪਲਟਨ ਦੇ ਕਮਾਂਡਰ ਆਫੀਸਰ ਨੂੰ ਸ਼ੇਰਾਂ ਦੇ ਸ਼ਿਕਾਰ ਖੇਡਣ ਦਾ ਬੜਾ ਸ਼ੌਕ ਸੀ। ਉਸ ਨੂੰ ਪਤਾ ਲਗਾ ਕਿ ਕੇਹਰ ਸਿੰਘ ਬਹੁਤ ਖੂਬੀ ਵਾਲਾ ਨਿਸ਼ਾਨਚੀ ਹੈ, ਇਸ ਲਈ ਉਹ ਸ਼ੇਰ ਦਾ ਸ਼ਿਕਾਰ ਖੇਡਣ ਲਈ ਇਕ ਦਿਨ ਸ: ਕੇਹਰ ਸਿੰਘ ਨੂੰ ਆਪਣੇ ਨਾਲ ਲੈ ਗਿਆ। ਕਈ ਸ਼ੇਰ ਆਪਣੀ ਗੋਲੀ ਦਾ ਨਿਸ਼ਾਨਾ ਬਣਾਏ ਪਰ ਇਸ ਮੌਕੇ ਗੁਸੇ ਦਾ ਭਰਿਆ ਹੋਇਆ ਇਕ ਸ਼ੇਰ ਜੰਗਲ ਵਿਚ ਬੁੱਕਦਾ ਹੋਇਆ ਆ ਨਿਕਲਿਆ। ਸ਼ੇਰ ਦੀਆਂ ਦਹਾੜਾਂ ਨੂੰ ਸੁਣ ਕੇ ਅੰਗ੍ਰੇਜ਼ ਝੱਟ ਪੱਟ ਇਕ ਦਰਖਤ ਉਪਰ ਜਾ ਲੁਕਿਆ ਤੇ ਜਦੋਂ ਉਸ ਨੇ ਵੇਖਿਆ ਕਿ ਸ਼ੇਰ ਸ: ਕੇਹਰ ਸਿੰਘ ਉਪਰ ਹਮਲਾ ਕਰਨ ਲਈ ਬਿਲਕੁਲ ਤਿਆਰ ਹੈ ਤਾਂ ਉਸ ਨੇ ਕਿਹਾ, "ਵੈਲ ਕੇਹਰ ਸਿੰਘ ਤੁਮ ਭੀ ਦਰਖਤ ਕੇ ਉਪਰ ਆ ਜਾਓ, ਵਰਨਾ ਸ਼ੇਰ ਤੁਮ ਕੋ ਮਾਰ ਦੇਗਾ।" ਜੋਸ਼ ਵਿਚ ਆਇਆ ਹੋਇਆ ਕੇਹਰ ਸਿੰਘ ਬੋਲਿਆ, "ਸਾਹਿਬ! ਤੂੰ ਆਪਣੀ ਜਾਨ ਬਚਾ, ਮੈਂ ਆਪੇ ਸਭ ਕੁਝ ਕਰ ਲਵਾਂਗਾ। ਸ਼ੇਰ ਨੂੰ ਆਇਆ ਵੇਖਕੇ ਲੁਕ ਜਾਣਾ "ਕੇਹਰ ਲਈ ਸੋਭਾਦਾਇਕ ਨਹੀਂ, ਮੈਂ ਪੂਰੀ ਤਰਾਂ ਡਟ ਕੇ ਮੁਕਾਬਲਾ ਕਰਾਂਗਾ।" ਇੰਨੇ ਨੂੰ ਸ਼ੇਰ ਉਪਰ ਆ ਕੇ ਕੁੱਦ ਪਿਆ, ਸ: ਕੇਹਰ ਸਿੰਘ ਨੇ ਆਪਣੇ ਹੱਥ ਵਿਚਲਾ ਨੇਜ਼ਾ ਸ਼ੇਰ ਦੇ ਮੂੰਹ ਵਿਚ ਅੜਾ ਦਿਤਾ। ਨੇਜ਼ਾ ਸ਼ੇਰ ਦੇ ਸੰਘ ਵਿਚ ਜਾ ਫਸਿਆ, ਉਸ ਦੀ ਜ਼ਬਾਨ ਕੱਟੀ ਗਈ ਤੇ ਮੂੰਹ ਵਿਚੋਂ ਖੂਨ ਨਿਕਲਣ ਲੱਗਾ ਥੋੜ੍ਹੀ ਦੇਰ ਮਗਰੋਂ ਸ਼ੇਰ ਤੜਫ ੨ ਕੇ ਉਥੇ ਹੀ ਮਰ ਗਿਆ।

ਆਪ ਜੀ ਦੀ ਇਸ ਬਹਾਦਰੀ ਦੀਆਂ ਧੁੰਮਾਂ ਸੰਮੂਹ ਫੌਜਾਂ ਵਿਚ ਪੈ ਗਈਆਂ। ਹਿੰਦੁਸਤਾਨ ਦੇ ਪ੍ਰਸਿਧ ਅਖਬਾਰਾਂ ਨੇ ਆਪ ਦੇ ਫੋਟੋ ਛਾਪੇ ਤੇ ਬਹਾਦਰੀ ਦੀ ਬੇਹੱਦ ਸ਼ਲਾਘਾ ਕੀਤੀ।

ਆਪ ੨੧ ਸਾਲ ਦੀ ਫੌਜੀ ਨੌਕਰੀ ਮਗਰੋਂ ੭) ਰੁਪੈ ਮਾਹਵਾਰ ਹੌਲਦਾਰੀ ਪੈਨਸ਼ਨ ਲੈ ਕੇ ਘਰ ਆਏ। ਸਰੀਰ ਬਹੁਤ ਨਰੋਆ ਸੀ, ੫੧ ਸਾਲ ਦੀ ਉਮਰ ਵਿਚ ਆਪ ਦਾ ਦਾਹੜਾ ਕਾਲਾ ਤੇ ਰੰਗ ਲਾਲ ਸੁਰਖ ਸੀ। ਆਪ ਨੇ ਚੱਕ ਨੰ: ੪੯੫ ਵਿਚ ਇਕ ਮੁਰੱਬਾ ਲੈ ਲਿਆ ਤੇ ਖੇਤੀ ਕਰਨੀ ਸ਼ੁਰੂ ਕਰ ਦਿਤੀ।

Digitized by Panjab Digital Library | www.panjabdigilib.org

ਇਨ੍ਹਾਂ ਦਿਨਾਂ ਵਿਚ ਹੀ ਸ੍ਰੀ ਨਨਕਾਣਾ ਸਾਹਿਬ ਦੇ ਮਹੰਤ ਨਰੈਣ ਦਾਸ ਦੀਆਂ ਆਪ-ਹੁਦਰੀਆਂ ਵਿਰੁਧ ਬਹੁਤ ਰੌਲਾ ਸੀ। ਨਿਤ ਨਵੀਆਂ ਸਕੀਮਾਂ ਬਣਦੀਆਂ ਸਨ, ਸ: ਕੇਹਰ ਸਿੰਘ ਨੇ ਭਾਈ ਲਛਮਣ ਸਿੰਘ ਦੇ ਸ਼ਹੀਦੀ ਜਥੇ ਵਿਚ ਸ਼ਾਮਲ ਹੋਣ ਲਈ ਆਪਣਾ ਨਾਮ ਪੇਸ਼ ਕਰ ਦਿਤਾ।

੯ ਫੱਗਣ ਨੂੰ ਜਥੇ ਵਿਚ ਹਾਜ਼ਰ ਹੋਣ ਦੀ ਤਿਆਰੀ ਕੀਤੀ। ਅੰਮ੍ਰਿਤ ਵੇਲੇ ਚਾਰ ਵਜੇ ਉਠ ਕੇ ਇਸ਼ਨਾਨ ਕੀਤਾ ਤੇ ਗੁਰਬਾਣੀ ਦਾ ਪਾਠ ਕਈ ਘੰਟੇ ਲਗਾਤਾਰ ਇਕੋ ਧੁਨ ਵਿਚ ਬੈਠੇ ਹੋਏ ਕਰਦੇ ਰਹੇ। ਬੜੇ ਸ਼ੌਕ ਤੇ ਚਾਉ ਨਾਲ ਨਵੇਂ ਬਸਤਰ ਪਹਿਨੇ। ਥੱਲੇ ਦੀ ਪੀਲੀ ਦਸਤਾਰ ਅਤੇ ਉਪਰ ਕਾਲੀ ਦਸਤਾਰ ਫਿਫਟੀ ਕਰਕੇ ਸਜਾ ਲਈ, ਆਪ ਜੀ ਦਾ ਧੁੰਨੀ ਤੱਕ ਸਿੱਧਾ ਦਾਹੜਾ ਤਿਲੇ ਦੀਆਂ ਤਾਰਾਂ ਵਾਂਗ ਝਿਮ ਝਿਮ ਕਰਦਾ ਸੀ। ਆਪ ਨੇ ਪੂਰਨ ਸੰਤ ਸਿਪਾਹੀਆਂ ਦਾ ਰੂਪ ਧਾਰ ਲਿਆ ਤੇ ਕਲਗੀਧਰ ਪਿਤਾ ਦੇ ਹੁਕਮ ਅਨੁਸਾਰ ਸ਼ਹੀਦੀਆਂ ਪਾਉਣ ਲਈ ਤਿਆਰ ਹੋ ਗਏ। ਮਾਤਾ ਜੀ ਨੂੰ ਮੱਥਾ ਟੇਕਿਆ ਤੇ ਆਖਰੀ ਵਾਰ ਦੀ ਅਸ਼ੀਰਵਾਦ ਮੰਗੀ ਤੇ ਲਾਡਾਂ ਨਾਲ ਪਲੇ ਹੋਏ ਆਪਣੇ ਨਿੱਕੇ ਜਿਹੇ ਚੰਨ *ਕਾਕਾ ਦਰਬਾਰਾ ਸਿੰਘ ਦਾ ਮੱਥਾ ਬੜੇ ਪਿਆਰ ਨਾਲ ਚੁੰਮਿਆਂ। ਪਰ ਇਸ ਨਿੱਕੇ ਬਾਲਕ ਨੇ ਜ਼ਿਦ ਕੀਤੀ 'ਮੈਂ ਬਾਪੂ ਦੇ ਨਾਲ ਜਾਣਾ ਹੈ ਤੇ ਮੈਂ ਵੀ ਸ਼ਹੀਦ ਹੋਣਾ ਹੈ।" ਇਸ ਨੂੰ ਬਥੇਰਾ ਵਰਜਿਆ ਪਰ ਇਹ ਨਾ ਟਲਿਆ।

ਸ: ਕੇਹਰ ਸਿੰਘ ਆਪਣੇ ਘਰੋਂ ਟੁਰ ਕੇ ਕੋਟਲੇ ਕਾਹਲਵਾਂ ਦੇ ਸ਼ਹੀਦੀ ਜਥੇ ਨਾਲ ਜਾ ਮਿਲੇ। ਨਨਕਾਣੇ ਦੇ ਸ਼ਹੀਦੀ ਸਾਕੇ ਵਾਲੇ ਦਿਨ ਆਪ ਚੌਖੰਡੀ ਦੇ ਅੰਦਰ ਗੋਲੀਆਂ ਤੇ ਛਵੀਆਂ ਨਾਲ ਟੋਟੇ ਟੋਟੇ ਹੋ ਕੇ ਸ਼ਹੀਦ ਹੋ ਗਏ। ਇਹਨਾਂ ਦੀ ਮਾਤਾ ਨੂੰ ਜਦੋਂ ਪੁਤਰ ਦੇ ਸ਼ਹੀਦ ਹੋ ਜਾਣ ਦੀ ਖਬਰ ਮਿਲੀ ਤਾਂ ਮਮਤਾ ਦੀ ਮਾਰੀ ਹੋਈ ਬਿਰਧ ਮਾਤਾ ਆਪਣੇ ਸ਼ੇਰ ਦਿਲ ਸੂਰਮੇ ਤੇ ਵਰਿਆਮ ਸਪੁਤਰ ਦੀ ਲਾਸ਼ ਨੂੰ ਵੇਖਣ ਲਈ ਸ੍ਰੀ ਨਨਕਾਣਾ ਸਾਹਿਬ ਪਹੁੰਚੀ। ਸ੍ਰੀ ਜਨਮ ਅਸਥਾਨ ਦੇ ਅੰਦਰ ਸੜੀਆਂ ਹੋਈਆਂ ਲਾਸ਼ਾਂ ਦੇ ਢੇਰ ਲਗੇ ਪਏ ਸਨ। ਲਭਦਿਆਂ ਲਭਦਿਆਂ ਮਾਤਾ ਨੂੰ ਇਹਨਾਂ ਦੇ ਸਜੇ ਪੈਰ ਦੀ ਨਿਸ਼ਾਨੀ ਮਿਲ ਗਈ। ਇਸ ਉਤੇ ਫੁਲਬੈਹਰੀ ਵਰਗੇ ਚਿਟੇ ਦਾਗ ਸਨ। ਜਦੋਂ ਆਪ ਚਤਰਾਲ ਦੀ ਲੜਾਈ ਵਿਚ ਗਏ ਸਨ ਤਾਂ ਉਥੇ ਮੋਰਚੇ ਵਿਚ ਸਾਰੀ ਰਾਤ ਬਰਫ ਨਾਲ ਦੱਬਿਆ ਰਹਿਣ ਕਰਕੇ ਇਹ ਪੈਰ ਚਿਟਾ ਹੋ ਗਿਆ ਸੀ। ਜ਼ਾਲਮਾਂ ਪਾਸੋਂ ਇਹ ਪੈਰ ਕਾਹਲੀ ਵਿਚ ਸਾੜੇ ਜਾਣ ਤੋਂ ਰਹਿ ਗਿਆ ਸੀ। ਮਾਤਾ ਸਾਰਾ ਦਿਨ ਇਸ ਪੈਰ ਨੂੰ ਛਾਤੀ ਨਾਲ ਲਾਈ ਫਿਰਦੀ ਰਹੀ ਤੇ ਸੰਗਤਾਂ ਨੂੰ ਇਹ ਕਹਿ ਕੇ ਦਰਸ਼ਨ ਕਰਾਉਂਦੀ ਰਹੀ, "ਵੇਖੋ ਲੋਕੋ! ਇਹ ਮੇਰੇ ਸ਼ੇਰਾਂ ਦੇ ਸ਼ਿਕਾਰੀ ਪੁਤਰ ਦੀ ਨਿਸ਼ਾਨੀ ਹੈ।"

ਮਾਤਾ ਦੀ ਇਸ ਬ੍ਰਿਹੋਂ ਕੁਠੀ ਹਾਲਤ ਨੂੰ ਵੇਖ ਕੇ ਜਿਸ ਨੇ ਨਹੀਂ ਰੋਣਾ ਸੀ, ਉਸ ਦੀਆਂ ਵੀ ਧਾਹਾਂ ਨਿਕਲ ਗਈਆਂ ਤੇ ਸ: ਕੇਹਰ ਸਿੰਘ ਦੀ ਸ਼ਹੀਦੀ ਸਦਾ ਲਈ ਅਮਰ ਹੋ ਗਈ। ਸ: ਕੇਹਰ ਸਿੰਘ ਦੀ ਅਮਿਟ ਯਾਦ, ਸ਼ਾਇਦ ਕਈ ਸਦੀਆਂ ਬੀਤ ਜਾਣ ਮਗਰੋਂ ਵੀ ਭੁਲਾਈ ਨਾ ਜਾ ਸਕੇ। ਅਜੇਹੇ ਸੂਰਬੀਰਾਂ ਉਤੇ ਮਾਲਵੇ ਨੂੰ ਜਿੰਨਾ ਵੀ ਫਖਰ ਹੋਵੇ, ਥੋੜਾ ਹੈ।

## ਸ: ਦਰਬਾਰਾ ਸਿੰਘ ਜੀ ਸ਼ਹੀਦ

ਫੁੱਲਾਂ ਨੇ ਤਾਂ ਦੋ ਦਿਨ ਖਿੜ ਕੇ, ਚੰਗੀ ਮਹਿਕ ਦਿਖਾਈ।
ਲੱਖ ਅਫ਼ਸੋਸ ਖਿੜਨ ਤੋਂ ਪਹਿਲਾਂ, ਮੌਤ ਕਲੀ ਦੀ ਆਈ।

ਕਾਕਾ ਦਰਬਾਰਾ ਸਿੰਘ ਸ਼ਹੀਦ ਕੇਹਰ ਸਿੰਘ ਦਾ ਇੱਕਲੌਤਾ ਸਪੁਤ੍ਰ ਸੀ। ਇਸ ਦੀ ਮਾਂ ਇਸ

*ਇਸ ਦਾ ਜੀਵਨ ਵੀ ਏਸੇ ਜਿਲਦ ਵਿਚ ਦਿਤਾ ਗਿਆ ਹੈ, ਵੇਖੋ ਦਰਬਾਰਾ ਸਿੰਘ ਸ਼ਹੀਦ।

Digitized by Panjab Digital Library | www.panjabdigilib.org

ਨੂੰ ਵਿਛੋੜਾ ਦੇ ਗਈ ਸੀ, ਜਦੋਂ ਕਿ ਇਹ ਕੇਵਲ ੨੧ ਦਿਨਾਂ ਦਾ ਸੀ। ਬੜੀ ਮੁਸ਼ਕਲ ਨਾਲ ਇਸ ਦੀ ਪਾਲਣਾ ਕੀਤੀ ਗਈ। ਸ: ਕੇਹਰ ਸਿੰਘ ਆਪਣੇ ਇਕੋ ਇਕ ਚੰਨ ਮੁਖੜੇ ਨੂੰ ਵੇਖਕੇ ਖੁਸ਼ ਹੋਇਆ ਕਰਦੇ ਸਨ।

ਨਨਕਾਣੇ ਸਾਹਿਬ ਦੇ ਸਾਕੇ ਵਾਲੇ ਦਿਨ ਜਦੋਂ ਸ: ਕੇਹਰ ਸਿੰਘ ਜਥੇ ਵਿਚ ਸ਼ਾਮਲ ਹੋਣ ਲਈ ਨਨਕਾਣਾ ਸਾਹਿਬ ਨੂੰ ਟੁਰਨ ਲੱਗੇ ਤਾਂ ਕਾਕਾ ਦਰਬਾਰਾ ਸਿੰਘ ਦੀ ਆਯੂ ੬ ਸਾਲ ਤੋਂ ਜ਼ਿਆਦਾ ਨਹੀਂ ਸੀ। ਇਸ ਨੇ ਜ਼ਿੱਦ ਕੀਤੀ ਕਿ ਮੈਂ ਵੀ ਆਪਣੇ ਬਾਪੂ ਦੇ ਨਾਲ ਜਾਣਾ ਹੈ, ਮੈਂ ਵੀ ਸ਼ਹੀਦ ਹੋਣਾ ਹੈ। ਕਈ ਲਾਲਚ ਦਿੱਤੇ, ਲਾਰੇ ਲਾਏ, ਗੋਲੀਆਂ ਦਾ ਡਰਾਵਾ ਦਿੱਤਾ, ਪਰ ਇਹ ਸਿੱਖੀ ਸਪ੍ਰਿਟ ਵਿਚ ਪਲਿਆ ਹੋਇਆ ਬਾਲਕਾ ਇਹੋ ਜਹੀਆਂ ਧਮਕੀਆਂ ਤੋਂ ਘਬਰਾਉਣ ਵਾਲਾ ਨਹੀਂ ਸੀ। ਇਹ ਆਪਣੇ ਇਰਾਦੇ ਵਿਚ ਦ੍ਰਿੜ੍ਹ ਰਿਹਾ ਤੇ ਜਦੋਂ ਇਸ ਦੀ ਪਿਆਰੀ ਦਾਦੀ ਦੀਆਂ ਸਭ ਕੋਸ਼ਸ਼ਾਂ ਨਿਸਫਲ ਰਹੀਆਂ ਤਾਂ ਮਜਬੂਰ ਹੋ ਕੇ, ਇਸ ਨੂੰ ਵੀ ਪਿਤਾ ਸ: ਕੇਹਰ ਸਿੰਘ ਨਾਲ ਤੋਰ ਦਿੱਤਾ। ਦਾਦੀ ਦਾ ਕਲੇਜਾ ਹੱਥਾਂ ਵਿਚ ਘੁਟਿਆ ਹੋਇਆ ਸੀ ਤੇ ਉਹ ਆਪਣੇ ਪੁਤ੍ਰ ਤੇ ਪੋਤਰੇ ਨੂੰ ਤੁਰਿਆਂ ਜਾਂਦਿਆਂ ਵੇਖ, ਅਰਦਾਸ ਕਰ ਰਹੀ ਸੀ, "ਮੇਰੇ ਬੇਟਿਓ, ਸਤਿਗੁਰੂ ਤੁਹਾਡੀ ਰੱਖਿਆ ਕਰੇ। ਤੁਸੀਂ ਸੁੱਖੀ ਸਾਂਦੀ ਘਰ ਆਵੋਂ ਤੇ ਤੁਹਾਡੇ ਕੰਮ ਵਿਚ ਸਫਲਤਾ ਹੋਵੇ।

ਵਾਪਸ ਮੁੜਨਾ ਤਾਂ ਸ਼ਾਇਦ ਕਠਨ ਸੀ, ਕਿਉਂਕਿ ਇਸ ਤਰ੍ਹਾਂ ਕੌਮ ਦੀ ਸਫਲਤਾ ਨਹੀਂ ਹੋ ਸਕਦੀ ਸੀ। ਸੋ ਦੋਵੇਂ ਪਿਓ ਪੁਤ੍ਰ ਅਰਦਾਸਾ ਕਰਦੇ, ਖੁਸ਼ੀਆਂ ਮਨਾਉਂਦੇ ਰਾਤੋ ਰਾਤ ਪੰਦਰ੍ਹਾਂ ਸੋਲ੍ਹਾਂ ਮੀਲ ਦਾ ਪੈਂਡਾ ਪੈਦਲ ਚਲ ਕੇ ਸ੍ਰੀ ਨਨਕਾਣਾ ਸਾਹਿਬ ਪਹੁੰਚ ਗਏ। ਕਾਕਾ ਦਰਬਾਰਾ ਸਿੰਘ ਰਸਤੇ ਵਿਚ ਥੱਕਿਆ ਨਹੀਂ, ਸਗੋਂ ਇਹ ਇਕ ਖਾਸ ਖੁਸ਼ੀ ਵਿਚ ਆਪਣੇ ਬਾਪੂ ਦੀ ਉਂਗਲੀ ਪਕੜੀ; ਗੁਰੂ ਨਾਨਕ ਦੇਵ ਦੇ ਦਰਬਾਰ ਦੀ ਧੂੜ ਨੂੰ ਮਸਤਕ ਨਾਲ ਲਾਉਣ ਵਾਸਤੇ ਦੌੜਿਆ ਆ ਰਿਹਾ ਸੀ।

ਜਦ ਸ੍ਰੀ ਜਨਮ ਅਸਥਾਨ ਦੇ ਅੰਦਰ ਗੋਲ਼ੀਆਂ ਦਾ ਮੀਂਹ ਵਰ੍ਹਨਾ ਸ਼ੁਰੂ ਹੋਇਆ ਤਾਂ ਭਾਈ ਕੇਹਰ ਸਿੰਘ ਜੀ ਆਪਣੇ ਨਿੱਕੇ ਜਹੇ ਚੰਨ ਨੂੰ ਆਪਣੇ ਨਾਲ ਲਈ ਫਿਰ ਰਹੇ ਸਨ। ਉਨ੍ਹਾਂ ਨੂੰ ਆਪਣੀ ਮੌਤ ਨਾਲੋਂ ਇਸ ਲਖ਼ਤਿ-ਜਿਗਰ ਦੀ ਸ਼ਹੀਦੀ ਦਾ ਬਹੁਤ ਫਿਕਰ ਸੀ। ਭਾ: ਕੇਹਰ ਸਿੰਘ ਦੇ ਸਾਥੀਆਂ ਨੇ ਸਲਾਹ ਦਿੱਤੀ ਕਿ ਕਿਤੇ ਇਹ ਮਾਸੂਮ ਬੱਚਾ ਅਜਾਈਂ ਨਾ ਮਾਰਿਆ ਜਾਵੇ, ਸੋ ਇਸ ਨਿਰਛੱਲ ਬਾਲ ਨੂੰ ਅੰਦਰਲੀ ਬੁਖਾਰਚੀ ਵਿਚ ਦੇ ਕੇ, ਬਾਹਰੋਂ ਤਾਕੀ ਮਾਰ ਕੇ ਕੁੰਡੀ ਲਾ ਦਿੱਤੀ ਤਾਂ ਜੁ ਕਿਸੇ ਦੁਸ਼ਟ ਦੀ ਨਿਗ੍ਹਾ ਪੈਣ ਤੋਂ ਬਚਿਆ ਰਹੇ।

ਜਦ ਚੌਖੰਡੀ ਦੇ ਪਹਾੜ ਵਾਲੇ ਬੂਹੇ ਦੀ ਚੂਥੀ ਪੁੱਟ ਕੇ ਦੁਸ਼ਟਾਂ ਨੇ ਅੰਦਰਲੇ ਸਿੰਘਾਂ ਨੂੰ ਭੱਠੀਆਂ ਦੇ ਦਾਣਿਆਂ ਦੀ ਤਰ੍ਹਾਂ ਭੁੰਨ ਸੁੱਟਿਆ, ਫੇਰ ਜ਼ਖਮੀਆਂ ਨੂੰ ਛਵ੍ਹੀਆਂ ਨਾਲ ਟੋਟੇ ਟੋਟੇ ਕਰਕੇ ਬਲਦੀਆਂ ਚਿਖ਼ਾਵਾਂ ਵਿਚ ਫੂਕ ਦਿੱਤਾ ਤਾਂ ਸਾਰਾ ਦ੍ਰਿਸ਼ਯ ਬੜਾ ਹੀ ਭੈ ਭੀਤ ਕਰਨ ਵਾਲਾ ਸੀ। ਇਸ ਨੀਚਤਾ ਭਰੇ ਕਾਰੇ ਵਿਚ ਕੋਟ ਸਾਧੂ ਰਾਮ ਦੇ ਮੁਜ਼ਾਰਿਆਂ ਦਾ ਵਧੇਰਾ ਹਿੱਸਾ ਸੀ। ਕਈ ਬਾਹਰੋਂ ਪਾਣੀ ਦੇ ਘੜੇ ਲਿਆ ਕੇ ਪਵਿੱਤ੍ਰ ਸ਼ਹੀਦੀ ਖੂਨ ਦੇ ਨਿਸ਼ਾਨ ਮੇਟ ਰਹੇ ਸਨ ਅਤੇ ਕਈ ਲਾਸ਼ਾਂ ਨੂੰ ਧੂਹ ਕੇ ਅੱਗਾਂ ਦੀ ਭੇਟ ਕਰ ਰਹੇ ਸਨ। ਇਨ੍ਹਾਂ ਹੀ ਜ਼ਾਲਮਾਂ ਵਿਚ ਇਕ ਦੁਸ਼ਟ ਕਪੂਰ ਸਿੰਘ ਨਾਮ ਕਰਕੇ ਵੀ ਸੀ। ਮਹੰਤਾਂ ਦਾ ਨੌਕਰ ਸੀ ਤੇ ਇਸ ਨੇ ਇਸ ਦਿਨ ਬਹੁਤ ਸਾਰੀਆਂ ਲਾਸ਼ਾਂ ਨੂੰ ਧੂਹ ਕੇ ਅੱਗ ਦੀ ਭੇਟ ਕੀਤਾ ਸੀ।

ਕਪੂਰ ਸਿੰਘ ਭੱਜ ਕੇ ਜਨਮ ਅਸਥਾਨ ਦੇ ਅੰਦਰ ਗਿਆ ਤਾਂ ਬੁਖਾਰਚੀ ਵਿਚੋਂ ਕਿਸੇ ਬਾਲਕ ਦੇ ਰੋਣ ਦੀ ਆਵਾਜ਼ ਆਈ, ਕਪੂਰ ਸਿੰਘ ਡਰ ਗਿਆ ਕਿ ਇਹ ਆਵਾਜ਼ ਕਿਸ ਦੀ ਹੋਈ? ਇਸ ਨੇ ਬੁਖਾਰਚੀ ਖੋਲ੍ਹੀ ਤਾਂ ਅੱਗੋਂ ਬਾਲਕ ਦਰਬਾਰਾ ਸਿੰਘ ਅੰਦਰ ਬੰਦ ਹੋਇਆ ਰੋ ਰਿਹਾ ਸੀ। ਇਸ ਮਾਸੂਮ ਬੱਚੇ ਨੇ ਹੱਥ ਜੋੜ ਕੇ ਤਰਲਾ ਕੀਤਾ, "ਮੈਨੂੰ ਇਓਂ ਨਾ ਮਾਰੋ, ਮੈਨੂੰ ਮੇਰਾ ਬਾਪੂ ਮਿਲਾ ਦਿਓ, ਮੈਂ ਉਸੇ ਦੇ ਨਾਲ

Digitized by Panjab Digital Library | www.panjabdigilib.org

ਸ਼ਹੀਦ ਹੋਣਾ ਹੈ'' ਪਰ ਏਥੇ ਇਸ ਤਰਲੇ ਦੀ ਕਿਸ ਨੂੰ ਪ੍ਰਵਾਹ ਸੀ । ਇਕ ਹੈਂਸਿਆਰੇ ਜ਼ਾਲਮ ਨੇ ਇਸ ਸੋਹਲ ਫੁੱਲ ਨੂੰ ਲੱਤਾਂ ਤੋਂ ਪਕੜ ਅੱਗ ਦੇ ਭਾਂਬੜ ਵਿਚ ਫੂਕ ਦਿੱਤਾ । ਇਹ ਮਾਸੂਮ ਤੇ ਭੋਲਾ ਭਾਲਾ ਬੱਚਾ ਆਪਣੇ ਤੋਤਲੀ ਜ਼ਬਾਨ ਨਾਲ ਕੀਤੇ ਹੋਏ ਇਕਰਾਰਾਂ ਨੂੰ ਪੂਰਾ ਕਰ ਗਿਆ ।

ਆਪਣੇ ਪਿਤਾ ਦੇ ਨਾਲ ਹੀ ਸ਼ਹੀਦੀ ਪ੍ਰਾਪਤ ਕਰਕੇ, ਦਸਮੇਸ਼ ਪਿਤਾ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਯਾਦ ਨੂੰ ਮੁੜ ਤਾਜ਼ਾ ਕਰ ਗਿਆ । ਕੌਮੀ ਬੱਚਿਆਂ ਨੂੰ ਇਸ ਗੱਲ ਦਾ ਸਬਕ ਦੇ ਗਿਆ ਕਿ ਜਦ ਧਰਮ ਦੀ ਖ਼ਾਤਰ ਕੁਰਬਾਨੀ ਕਰਨ ਦੀ ਲੋੜ ਪੈਂਦੀ ਹੈ ਤਾਂ ਫੁੱਲਾਂ ਵਰਗੇ ਸੋਹਲ, ਮਖਮੱਲ ਵਰਗੇ ਕੂਲੇ ਜੁੱਸਿਆਂ ਵਾਲੇ ਬੱਚੇ, ਆਪਣੇ ਆਪ ਨੂੰ ਜ਼ੁਲਮਾਂ ਤੇ ਪਾਪਾਂ ਦੀ ਲੱਟ ਲੱਟ ਬਲਦੀ ਭੱਠੀ ਵਿਚ ਸਾੜ ਕੇ ਕੁਰਬਾਨ ਕਰ ਦਿੰਦੇ ਨੇ ।

## ਸ: ਸੇਵਾ ਸਿੰਘ ਜੀ ਠੀਕਰੀ ਵਾਲਾ

ਦੀਨਾਂ ਹਿਤ ਲੜ ਮਰਨ ਦੀ ਕਰ ਸਰਦਾਰ ਤਗੀਦ ।
ਜ਼ੁਲਮ ਭਮੱਕੜ ਬਣ ਗਏ ਸੇਵਾ ਸਿੰਘ ਸ਼ਹੀਦ ।

ਆਪ ਦਾ ਜਨਮ ਸ: ਦੇਵਾ ਸਿੰਘ ਦੇ ਘਰ ਮਾਤਾ ਹਰ ਕੌਰ ਜੀ ਦੀ ਸੁਭਾਗ ਕੁਖ ਤੋਂ ਪਿੰਡ ਠੀਕਰੀ ਵਾਲਾ ਜ਼ਿਲਾ ਬਰਨਾਲਾ ਰਿਆਸਤ ਪਟਿਆਲਾ ਵਿਚ ਹੋਇਆ । ਆਪ ਜੀ ਦੀ ਬੁਧੀ ਬਾਲ ਅਵਸਥਾ ਵਿਚ ਹੀ ਤੀਖਣ ਸੀ । ਕੁਝ ਵਿਦਿਆ ਪਿੰਡ ਵਿਚ ਹੀ ਪੜ੍ਹੀ । ਬਾਅਦ ਵਿਚ ਘਰ ਦੇ ਕੰਮ ਕਾਜਾਂ ਵਲ ਪਿਤਾ ਦੇ ਨਾਲ ਹਥ ਵਟਾਣ ਲਗ ਪਏ । ਘਰੋਗੀ ਝਮੇਲਿਆਂ ਤੋਂ ਉਪਰਾਮ ਹੋ ਕੇ ਅਕਾਲੀ ਲਹਿਰ ਵਿਚ ਹਿਸਾ ਲੈਣ ਲਗ ਪਏ । ਫੇਰ ਕੀ ਸੀ ? ਸ: ਸੇਵਾ ਸਿੰਘ ਦੇਸ਼ ਅਰ ਕੌਮ ਦੇ ਸਚੇ ਤੇ ਸਚੇ ਹੀਰੇ ਸਨ । ਜਿਨ੍ਹਾਂ ਨੇ ਉਹਨਾਂ ਦੇ ਦਰਸ਼ਨ ਕੀਤੇ ਓਹੀ ਸਜਨ ਜਾਣ ਸਕਦੇ ਹਨ ਕਿ ਆਪ ਜੀ ਦੀ ਸ਼ਖਸੀਅਤ ਕਿਤਨੀ ਉਚੀ ਸੀ । ਬਾਣੀ ਦੇ ਰਸੀਏ, ਕੁਰਬਾਨੀ ਦੇ ਪੁੰਜ, ਹਰ ਪੰਥਕ ਮੋਰਚੇ ਵਿਚ ਆਪਣੇ ਆਪ ਨੂੰ ਪੇਸ਼ ਕਰਨ ਵਾਲੇ, ਸਦਾ ਚੜ੍ਹਦੀਆਂ ਕਲਾਂ ਵਿਚ ਰਹਿ ਕੇ ਸੇਵਾ ਨਿਭਾਉਣ ਵਾਲੇ ਆਪ ਗੁਰਮੁਖ ਸਿੰਘ ਸਨ । ਆਪ ਜਿੰਨਾ ਚਿਰ ਸੇਵਾ ਕਰਦੇ ਰਹੇ ਕਦੇ ਭੀ ਇਛਾ ਪਰਗਟ ਨਹੀਂ ਕੀਤੀ ਕਿ ਮੈਨੂੰ ਕੋਈ ਜਥੇਦਾਰੀ ਜਾਂ ਚੌਧਰ ਮਿਲੇ ਬਲਕਿ ਆਪ ਦੀ ਸਦਾ ਏਹੋ ਖਾਹਸ਼ ਰਹਿੰਦੀ ਸੀ ਕਿ ਮੇਰਾ ਨਾਂ ਅਗੇ ਨਾ ਆਵੇ । ਆਪ ਇਕ ਨਿਸ਼ਕਾਮ ਸੇਵਕ ਸਨ । ਆਪ ਜੀ ਦਾ ਸੁਭਾ ਬਚਿਆਂ ਵਾਂਗ ਸਰਲ ਤੇ ਪਿਆਰ ਕਰਨ ਵਾਲਾ ਸੀ । ਜਿਸ ਨੂੰ ਮਿਲਣਾ ਹਸੂੰ ੨ ਕਰਕੇ ਖੁਸ਼ੀ ਨਾਲ ਮਿਲਣਾ । ਪੰਥਕ ਜਥੇਬੰਦੀ ਅਰ ਖਾਸ ਕਰ ਮਾਲਵਾ ਤੇ ਪਟਿਆਲਾ ਦੇ ਪ੍ਰਜਾ ਸੇਵਕਾਂ ਦੀ ਜਥੇਬੰਦੀ ਨੂੰ ਪੱਕਿਆਂ ਅਰ ਕਾਇਮ ਰਖਣ ਵਿਚ ਆਪ ਦਾ ਕਾਫੀ ਹਿਸਾ ਸੀ । ਗੁਰਦਵਾਰਿਆਂ ਦੇ ਸੁਧਾਰ ਅਤੇ ਪਟਿਆਲਾ ਪਰਜਾ ਦੇ ਦੁਖਾਂ ਦੀ ਨਵਿਰਤੀ ਕਰਨ ਖਾਤਰ ਆਪ ਕਈ ਬਾਰ ਜੇਲ੍ਹ ਗਏ । ਆਖਰ ੯ ਮਹੀਨਿਆਂ ਦੀ ਭੁਖ ਹੜਤਾਲ ਮਗਰੋਂ ਪਟਿਆਲੇ ਜੇਲ੍ਹ ਵਿਚ ੧੯-੨੦ ਜਨਵਰੀ ਦੀ ਦਰਮਿਆਨੀ ਰਾਤ ਨੂੰ ਡੇਢ ਬਜੇ ਸਰਕਾਰ ਦੇ ਸਿਰ ਖਾਕ ਪਾ ਕੇ ਅਤੇ ਪਰਜਾ ਸੇਵਕਾਂ ਦੇ ਸਿਰ ਅਹਿਸਾਨ ਚੜ੍ਹਾ ਕੇ ਸ਼ਹੀਦ ਹੋ ਗਏ ।

ਐਸੇ ਗੁਰਮੁਖਾਂ ਨੂੰ ਜਿੰਨਾ ਯਾਦ ਕਰੀਏ ਓਨਾ ਹੀ ਥੋੜਾ ਹੈ । ਪਰਜਾ ਸੇਵਕਾਂ ਨੇ ਆਪ ਜੀ ਦੀ ਸਦਾ ਚਮਕਦੀ ਯਾਦ ਵਿਚ ਇਕ ਸਕੂਲ ਜਾਰੀ ਕੀਤਾ ਹੈ ।

ਸਰਦਾਰ ਜੀ ਦੀਆਂ ਜ਼ਿਮੇਂਵਾਰੀਆਂ:—

੧. ਮਾਲਵਾ ਖਾਲਸਾ ਦੀਵਾਨ ਦੇ ਪ੍ਰਧਾਨ
੨. ਸ਼ਰੋਮਣੀ ਗੁਰਦੁਆਰਾ ਕਮੇਟੀ ਦੇ ਸਾਰੇ ਪੰਜਾਬ ਵਲੋਂ ਨਾਮਜ਼ਦ ਅਤੇ ਐਗਜ਼ੇਕਟਿਵ ਮੈਂਬਰ

Digitized by Panjab Digital Library | www.panjabdigilib.org

੩. ਪੰਜਾਬ ਸਟੇਟਸ ਪਰਜਾ ਮੰਡਲ ਦੇ ਪ੍ਰਧਾਨ
੪. ਸ਼ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ
੫. ਅਕਾਲ ਕਾਲਜ ਗੁਰ ਸਾਗਰ ਕੌਂਸਲ ਦੇ ਪ੍ਰਧਾਨ
੬. ਖਾਨਦਾਨੀ ਸਰਦਾਰ ਬਿਸਵੇਦਾਰ ਸਨ ।

## ਸ਼ੇਰ ਸਿੰਘ ਜੀ ਠੀਕਰੀ ਵਾਲਾ

ਚਤੁਰ ਸਿਆਣੇ ਵਿਦਵਾਨ ਕੁਰਬਾਨੀ ਚੰਦ ।
ਸੇਵਾ ਵਿਚ ਗੁਜ਼ਾਰਿਆ ਸਗਲਾ ਜੀਵਨ ਪੰਧ ।

ਪੰਥ ਰਤਨ ਵਿਦਿਆ ਭੂਸ਼ਨ ਸਰਵੋਤਮ ਗਿਆਨੀ ਸ੍ਰੀਮਾਨ ਗਿਆਨੀ ਸ਼ੇਰ ਸਿੰਘ ਜੀ ਉਨ੍ਹਾਂ ਪੰਥਕ ਪ੍ਰਸਿੱਧ ਵਿਅੱਕਤੀਆਂ ਵਿਚੋਂ ਇਕ ਸਨ ਕਿ ਜਿਨ੍ਹਾਂ ਪਰ ਸਿਖ ਕੌਮ ਜਿੰਨਾ ਮਾਨ ਕਰੇ ਥੋੜਾ ਹੈ ਆਪ ਦਾ ਨਾਮ ਅਕਾਲੀ ਲਹਿਰ ਦੇ ਇਤਹਾਸ ਵਿਚ ਬੜੇ ਸਤਿਕਾਰ ਨਾਲ ਪੜ੍ਹਿਆ ਜਾਇਆ ਕਰੇਗਾ ।

ਜਨਮ—ਆਪ ਜੀ ਸ: ਵਰਯਾਮ ਸਿੰਘ ਦੇ ਘਰ ਮਾਤਾ ਨੰਦ ਕੌਰ ਦੀ ਕੁਖੋਂ ਪਿੰਡ ਠੀਕਰੀ ਵਾਲਾ ਰਿਆਸਤ ਪਟਿਆਲਾ ਵਿਚ ਪੈਦਾ ਹੋਏ ।

ਬਚਪਨ—ਆਪ ਜੀ ਦੀ ਮੁਢਲੀ ਅਵਸਥਾ ਮਾਪਿਆਂ ਦੀ ਗੋਦ ਵਿਚ ਲੰਘੀ ਜਦ ਆਪ ਜੀ ਨੇ ਸੁਰਤ ਸੰਭਾਲੀ ਤਾਂ ਆਪ ਜੀ ਦੀਆਂ ਅੱਖਾਂ ਦੁਖ ਕੇ ਨਿਗ੍ਹਾ ਸਦਾ ਲਈ ਬੰਦ ਹੋ ਗਈ ।

ਵਿਦਿਆ—ਜਦ ਆਪ ਜੀ ਨੇਤਰ ਹੀਣ ਹੋ ਗਏ ਤਾਂ ਆਪ ਜੀ ਨੂੰ ਵਿਦਿਆ ਤੇ ਰਾਗ ਪ੍ਰਾਪਤੀ ਲਈ ਗੁ: ਸਾ: ਦੌਧਰ ਵਿਚ ਆਪ ਦੇ ਮਾਤਾ ਪਿਤਾ ਛੱਡ ਗਏ । ਆਪ ਜੀ ਮੁਦ ਤੋਂ ਹੀ ਤੀਖਣ ਬੁਧੀ ਹੋਣ ਕਰਕੇ ਪੜ੍ਹਨ ਵਿਚ ਬਹੁਤ ਹੁਸ਼ਿਆਰ ਨਿਕਲੇ । ਆਪਦਾ ਝੁਕਾ ਰਾਗ ਵਲ ਤਾਂ ਨਾ ਲਗਾ ਪਰ ਗੁਰਬਾਣੀ ਦੇ ਕਈ ਗ੍ਰੰਥ ਪੜ੍ਹ ਲਏ । ਥੋੜੇ ਚਿਰ ਵਿਚ ਹੀ ਨਿਤ ਨੇਮ ਅਤੇ ਕਈ ਬਾਣੀਆਂ ਜ਼ਬਾਨੀ ਯਾਦ ਕਰ ਲਈਆਂ ਆਪ ਦੀ ਯਾਦ ਸ਼ਕਤੀ ਬਹੁਤ ਕਮਾਲ ਦੀ ਸੀ । ਆਪ ਜੀ ਨੂੰ ਸ: ਰਾਮ ਸਿੰਘ ਜੀ ਸਿੰਘ ਸਭਾ ਦੇ ਮੋਢੀ ਬੁਟਰ ਲੈ ਗਏ । ਉਨਾਂ ਦਿਨਾਂ ਵਿਚ ਸਿੰਘ ਸਭਾ ਲਹਿਰ ਦਾ ਬਹੁਤ ਜ਼ੋਰ ਸੀ । ਆਪ ਦੀਆਂ ਉਕਤੀਆਂ ਯੁਕਤੀਆਂ ਪਰ ਸ: ਸਾਹਿਬ ਬਹੁਤ ਖੁਸ਼ ਹੋਏ । ਕਿਉਂ ਕਿ ਆਪ ਕਟੜ ਸਿੰਘ ਸਭੀਏ ਹੋਣ ਤੇ ਆਪ ਨੂੰ ਅਨਮੁਲਾ ਰਤਨ ਲਭਾ ।

ਉੱਚ ਵਿਦਿਆ—ਆਪ ਦਾ ਵਿਦਿਆ ਦਾ ਚਾਅ ਪੂਰਾ ਨਾ ਹੁੰਦਾ ਵੇਖਕੇ ਆਪ ਸੰਤ ਜੁਆਲਾ ਸਿੰਘ ਜੀ ਖਾਸ ਚਲੇ ਗਏ ਉਥੇ ਆਪ ਜੀ ਨੇ ਗੁਰਬਾਣੀ ਦੇ ਗੁਰ ਇਤਿਹਾਸ ਦੇ ਤੇ ਅਨਮਤ ਗ੍ਰੰਥਾਂ ਦਾ ਬਹੁਤ ਅਭਿਆਸ ਕੀਤਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਕਰਨ ਦਾ ਢੰਗ ਸਿਖਿਆ । ਉਪ੍ਰੰਤ ਆਪ ਜੀ ਨੇ ਪੋਠੋਹਾਰ ਦੇ ਇਲਾਕੇ ਵਿਚ ਬਹੁਤ ਸਿੱਖੀ ਪ੍ਰਚਾਰ ਕੀਤਾ । ਆਪਦਾ ਬੋਲਣ ਦੇ ਢੰਗ ਅਤੇ ਗੁਰਬਾਣੀ ਦੀ ਗੂੜ ਕਥਾ ਕਰਨ ਨੇ ਆਪ ਨੂੰ ਥੋੜੇ ਅਰਸੇ ਵਿਚ ਬਹੁਤ ਪ੍ਰਸਿੱਧ ਕਰ ਦਿੱਤਾ ਤੇ ਆਪ ਜੀ ਨੂੰ ਖੂੰਡੇ ਵਾਲੇ ਗਿਆਨੀ ਦੇ ਨਾ ਨਾਲ ਸਦਿਆ ਜਾਣ ਲਗਾ । ਆਪ ਦੀ ਇਸ ਪ੍ਰਸਿੱਧਤਾ ਦਾ ਪਤਾ ਇਕ ਅੰਗ੍ਰੇਜ਼ ਪਾਦਰੀ ਨੂੰ ਲਗਾ ਜਿਸ ਪਾਸੋਂ ਆਪ ਨੇ ਅੰਗ੍ਰੇਜ਼ੀ ਪੜ੍ਹੀ ਤੇ ਉਸ ਨੂੰ ਗੁਰਮੁਖੀ ਅੱਖਰਾਂ ਅਤੇ ਗੁਰਮਤ ਦਾ ਬੋਧ ਕਰਾਇਆ । ਸਿੰਘ ਸਭਾ ਲਹਿਰ ਵਿਚ (ਓਨੀ ਦਿਨੀਂ ਸਿੰਘ ਸਭਾ ਲਹਿਰ ਜੋਬਨ ਤੇ ਸੀ) ਥਾਂ ਥਾਂ ਸਿੰਘਾਂ ਦੀਆਂ ਬਹਿਸਾਂ ਅਨਮਤੀਆਂ ਨਾਲ ਹੋਇਆ ਕਰਦੀਆਂ ਸਨ । ਆਪ ਜੀ ਜਿੱਥੇ ਜਾਂਦੇ ਫਤਹਿ ਪ੍ਰਾਪਤ ਕਰਦੇ । ਆਪ ਦੀ ਚਰਚਾ ਦੀ ਧਾਂਕ ਸਾਰੇ ਪੋਠੋਹਾਰ ਵਿਚ ਬੈਠ ਗਈ ਤੇ ਆਪ ਤੋਂ ਆਰੀਆ ਸਮਾਜੀ ਮਹਾਸ਼ੇ ਬਹੁਤ ਢਲਦੇ ।

Digitized by Panjab Digital Library | www.panjabdigilib.org

ਅੰਮ੍ਰਿਤਸਰ ਵਿਚ—ਆਪ ਜੀ ਕਿਸੇ ਕੰਮ ਅੰਮ੍ਰਿਤਸਰ ਆਇ ਸਨ । ਉਸ ਦਿਨ ਸ੍ਰੀ ਅੰਮ੍ਰਿਤਸਰ ਵਿਚ ਆਰੀਆ ਸਮਾਜੀ ਮਹਾਸ਼ਿਆਂ ਨਾਲ ਬਹਿਸ ਰੱਖੀ ਹੋਈ ਸੀ। ਮਾ: ਮੋਤਾ ਸਿੰਘ ਜੀ ਆਪ ਜੀ ਨੂੰ ਨਾਲ ਲੈ ਗਏ, ਆਪ ਜੀ ਨੇ ਉਥੇ ਉਹ ਦਲੀਲਾਂ ਪੇਸ਼ ਕੀਤੀਆਂ ਤੇ ਉਕਤੀਆਂ ਯੁਕਤੀਆਂ ਵਰਤੀਆਂ ਕਿ ਆਪ ਜੀ ਨੇ ਮਹਾਸ਼ਿਆਂ ਨੂੰ ਨਿਰੁਤਰ ਕਰ ਦਿੱਤਾ ਤੇ ਸਿੱਖ ਵਿਦਵਾਨ ਆਪ ਦੀ ਯਾਦ ਸ਼ਕਤੀ, ਬੋਲਣ ਦਾ ਢੰਗ ਤੇ ਦਲੀਲ ਬਾਜ਼ੀ ਪਰ ਬਹੁਤ ਪ੍ਰਸੰਨ ਹੋਏ। ਆਪ ਜੀ ਨੂੰ ਰਾਵਲਪਿੰਡੀ ਤੋਂ ਅੰਮ੍ਰਿਤਸਰ ਆਉਣ ਦੀ ਖਿੱਚ ਕੀਤੀ। ਉਸ ਦਿਨ ਤੋਂ ਆਪ ਜੀ ਅੰਮ੍ਰਿਤਸਰ ਆ ਗਏ।

ਯੋਗਤਾ—ਆਪ ਕੌਮ ਦੇ ਚੋਟੀ ਦੇ ਵਿਦਵਾਨਾਂ ਵਿਚੋਂ ਇਕ ਸਨ। ਜਿਨ੍ਹਾਂ ਨੇ ਆਪਣੀ ਸ਼ਖਸ਼ੀਅਤ ਦਾ ਪ੍ਰਭਾਵ ਧਾਰਮਿਕ ਅਤੇ ਰਾਜਨੀਤਿਕ ਦੋਹਾਂ ਕੰਮਾਂ ਵਿਚ ਪਾਇਆ । ਆਪ ਜੈਸੇ ਲੈਕਚਰਾਰ ਤੇ ਮੁਬਾਹਿਸ ਘਟ ਹੀ ਦੇਖਣ ਵਿਚ ਆਏ ਹਨ। ਆਪ ਜੀ ਦੂਰ ਅੰਦੇਸ਼ ਤੇ ਮੰਨੇ ਪ੍ਰਮੰਨੇ ਰਾਜਸੀ ਨੇਤਾ ਸਨ। ਆਪਣੀ ਵਿਦਵਤਾ ਅਤੇ ਰਾਜਸੀ ਸੂਝ ਤੇ ਬਰੀਕੀ ਲਈ ਮਸ਼ਹੂਰ ਸਨ।

ਉਪਕਾਰ—੧੯੨੦ ਵਿਚ ਅਕਾਲੀ ਲਹਿਰ ਆਰੰਭ ਹੋਈ, ਆਪ ਜੀ ਮੈਦਾਨ ਵਿਚ ਕੁਦ ਕੇ ਅਗੇ ਆਏ ਅਤੇ ਆਪਣੇ ਸ਼ਖਸ਼ੀ ਪ੍ਰਭਾਵ ਤੇ ਸੁਚੱਜੇ ਦਿਮਾਗ ਨਾਲ ਸ: ਬਹਾਦਰ ਮਹਿਤਾਬ ਸਿੰਘ ਨਾਲ ਰਲ ਕੇ ਅਜੇਹੀ ਅਕਾਲੀ ਲਹਿਰ ਚਲਾਈ ਕਿ ਅੰਗਰੇਜ਼ ਸਰਕਾਰ ਥਰ ਥਰ ਕੰਬਣ ਲਗ ਪਈ, ਆਪ ਨੇ ਰਾਤ ਦਿਨ ਲੈਕਚਰਾਂ ਦੁਆਰਾ ਅਤੇ ਕਲਮੀ ਸੇਵਾ ਦੁਆਰਾ ਕੌਮ ਵਿਚ ਉਹ ਜੋਸ਼ ਭਰਿਆ ਕਿ ਕੁਝ ਦਿਨਾਂ ਵਿਚ ਹੀ ਸਾਰਾ ਦੇਸ਼ ਅਕਾਲੀ ਲਹਿਰ ਵਿਚ ਸ਼ਾਮਲ ਹੋ ਗਿਆ, ਇਸ ਦੀ ਸਫਲਤਾ ਦਾ ਸਿਹਰਾ ਆਪ ਸਿਰ ਹੈ।

ਸੰਪਾਦਿਕ--ਆਪ ਜੀ ਨੇ ਕੌਮੀ ਦਰਦ, ਅਸਲੀ ਕੌਮੀ ਦਰਦ, ਸਿਖ ਸੇਵਕ ਅਤੇ ਪੰਜਾਬ ਆਦਿ ਅਖਬਾਰ ਕੱਢ ਕੇ ਕੌਮ ਨੂੰ ਹਲੂਣਿਆਂ, ਪੰਜਾ ਸਾਹਿਬ ਆਦਿ ਟ੍ਰੈਕਟ ਕਢ ਕੇ ਗੁਰਮਤਿ ਪ੍ਰਚਾਰ ਦੀ ਸੇਵਾ ਕਰਦੇ ਰਹੇ।

ਰਦਨਾ—ਆਪ ਗੁਰਬਾਣੀ ਦੇ ਚੰਗੇ ਜਾਣੂ ਸੀ, ਆਪ ਨੇ ਨਿਤਨੇਮ ਸਟੀਕ, ਗੁਰੂ ਗ੍ਰੰਥ ਤੇ ਪੰਥ ਅਤੇ ਗੁਰੂ ਗੋਬਿੰਦ ਸਿੰਘ ਖਾਲਸੇ ਦਾ ਛਤਰ ਲਿਖ ਕੇ ਬਹੁਤ ਉਪਕਾਰ ਕੀਤਾ।

ਕੁਰਬਾਨੀ—ਆਪ ਜੀ ਕੌਮੀ ਮੋਰਚਿਆਂ ਵਿਚ ਸ੍ਰੀ ਪੰਜਾ ਸਾਹਿਬ, ਡਸਕੇ ਦੇ ਮੋਰਚੇ ਵਿਚ ਅਤੇ ਸ੍ਰੀ ਨਨਕਾਣਾ ਸਾਹਿਬ ਦੇ ਮੋਰਚੇ ਦੇ ਮੁਖੀ ਪ੍ਰਬੰਧਕਾਂ ਵਿਚੋਂ ਸਨ, ਆਪ ਜੀ ਕਈ ਵਾਰ ਜੇਲ੍ਹ ਗਏ।

ਪੰਥਕ ਸਤਿਕਾਰ—ਆਪ ਜੀ ਨੂੰ ਧਾਰਮਿਕ ਅਤੇ ਰਾਜਨੀਤਕ ਸਮਾਗਮਾਂ ਪਰ ਬੜੇ ਸਤਿਕਾਰ ਨਾਲ ਬੁਲਾਇਆ ਜਾਂਦਾ ਸੀ, ਭਾਵੇਂ ਆਪ ਨੇਤਰ ਹੀਣ ਸਨ ਪਰ ਆਪ ਦੀ ਯੋਗਤਾ, ਵਿਦਵਤਾ ਤੇ ਦੂਰ ਅੰਦੇਸ਼ੀ ਨੂੰ ਮੁਖ ਰਖਕੇ ਸ਼੍ਰੋ: ਗੁ: ਪ੍ਰ: ਕਮੇਟੀ ਦੇ ਨਾਮਜ਼ਦ ਮੈਂਬਰਾਂ ਵਿਚ ਬੜੇ ਮਾਣ ਨਾਲ ਲਿਆ ਜਾਂਦਾ। ਮਾਲਵਾ ਕਾਨਫਰੰਸ ਮੋਗਾ ਦੀ ਪ੍ਰਧਾਨਗੀ ਦਾ ਮਾਣ ਸਾਰੇ ਮਾਲਵੇ ਵਲੋਂ ਆਪ ਨੂੰ ਦਿਤਾ ਗਿਆ, ਨਹਿਰੂ ਰਪੋਟ ਦੀ ਗਜ ਵਜ ਕੇ ਵਿਰੋਧਤਾ ਕਰਨੀ ਅਤੇ ਉਸ ਨੂੰ ਦਲੀਲ ਨਾਲ ਰਦ ਕਰਕੇ ਰਦੀ ਦੀ ਟੋਕਰੀ ਵਿਚ ਸਟਾਉਣਾ ਆਪ ਦੀ ਅਕਲ ਅਤੇ ਵਿਦਵਤਾ ਦਾ ਕ੍ਰਿਸ਼ਮਾਂ ਹੈ। ਸਿਖਾਂ ਨੂੰ ਤੀਜੀ ਕੌਮ ਸਾਬਤ ਕਰਨਾ ਆਪ ਦੀ ਗੁਰਬਾਣੀ ਤੇ ਗੁਰਇਤਿਹਾਸ ਦੀ ਖੋਜ ਦਾ ਸਿਟਾ ਸੀ। ਆਪ ਜੀ ਨੂੰ ਕਾਂਗਰਸ ਐਡਵਾਇਜ਼ਰੀ ਬੋਰਡ ਵਿਚ ਅਤੇ ਕਾਂਗਰਸ ਹਾਈ ਕਮਾਂਡ ਵਿਚ ਮੈਂਬਰੀ ਦੇ ਸਦੇ ਆਏ ਪਰ ਆਪ ਕੁਝ ਸਿਖ ਹਕਾਂ ਨੂੰ ਮਨਾ ਕੇ ਜਾਣਾ ਚਾਹੁੰਦੇ ਸਨ, ਪੰਡਤ ਮਦਨ ਮੋਹਨ ਮਾਲਵੀ ਤੇ

Digitized by Panjab Digital Library | www.panjabdigilib.org

ਸ: ਬਹਾਦਰ ਮਹਿਤਾਬ ਸਿੰਘ ਆਪ ਦਾ ਖਾਸ ਸਤਿਕਾਰ ਕਰਦੇ ਸਨ।

ਸ਼੍ਰੋ: ਗੁ: ਪ੍ਰ: ਕਮੇਟੀ ਅੰਮ੍ਰਿਤਸਰ ਜੀ ਦੇ ਐਗਜ਼ੈਕਟਿਵ ਮੈਂਬਰ ਰਹੇ। ਆਪ ਦਾ ਧਾਰਮਕ ਅਤੇ ਪੋਲੀਟੀਕਲ ਪ੍ਰਚਾਰ ਕਰਨ ਵਿਚ ਸਭ ਤੋਂ ਵਧਵਾਂ ਹਿਸਾ ਹੈ, ਇਨ੍ਹਾਂ ਵਿਸ਼ਿਆਂ ਵਿਚ ਬਹਿਸ ਕਰਕੇ ਜਿਤ ਪ੍ਰਾਪਤ ਕਰਨੀ ਆਪ ਜੀ ਵਿਸ਼ੇਸ਼ਤਾ ਹੈ। ਜਦੋਂ ਅਲਾਹਬਾਦ ਵਿਚ ਮੋਤੀ ਲਾਲ ਨਹਿਰੂ ਦੀ ਪ੍ਰਧਾਨਗੀ ਵਿਚ ਕਾਂਗਰਸ ਦਾ ਸਮਾਗਮ ਹੋਇਆ ਤਾਂ ਸਿਖਾਂ ਦੀ ਥੋੜੀ ਗਿਣਤੀ ਹੋਣ ਤੇ ਸਿਖਾਂ ਲੀਡਰਾਂ ਨੂੰ ਕੋਈ ਨਾ ਪੁਛੇ, ਜਦ ਬਹਿਸ ਮੁਬਾਸੇ ਕਰਕੇ ਵਕਤ ਮਿਲਿਆ ਤਾਂ ਸਿਰਫ ਪੰਜ ਮਿੰਟ, ਤਾਂ ਆਪ ਜੀ ਨੇ ਕੈਹਰ ਵਾਲੀ ਭਬਕ ਮਾਰ ਕੇ ਦੋਹਾਂ ਸਟੇਜਾਂ ਤੇ ਆ ਕੇ ਕੌਮਾਂ ਨੂੰ ਹਰਾ ਕੇ ਸਿੱਖਾਂ ਨੂੰ ਤੀਜੀ ਕੌਮ ਮਨਵਾਉਣ ਤੇ ਦੋ ਮਿੰਟ ਲਾਏ, ਤਿੰਨ ਮਿੰਟ ਕਾਂਗਰਸ ਕੋਲ ਜਮ੍ਹਾਂ ਕਰਾਏ। ਇਹ ਸੇਹਰਾ ਇਨ੍ਹਾਂ ,ਦੇ ਹੀ ਸਿਰ ਸੀ, ਆਪ ਦੀ ਵਿਦਵਤਾ ਤੋਂ ਪ੍ਰਭਾਵਿਤ ਹੋਏ ੨ ਆਲ ਇੰਡੀਆ ਲੀਡਰ ਸਭ ਦੇ ਸਭ ਮਤੇ ਆਪ ਤੋਂ ਸ਼ੁੱਧ ਕਰਾਕੇ ਪੇਸ਼ ਕਰਦੇ ਰਹੇ। ੧੯੨੬ ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਦੇ ਇਲੈਕਸ਼ਨ ਸਮੇਂ ਆਪ ਜੀ ਨੇ ਮਾਸਟਰ ਤਾਰਾ ਸਿੰਘ ਜੀ ਦਾ ਫਾਰਮ ਕਨੂੰਨ ਰਦ ਕਰਾਕੇ ਆਪ ਚੋਣ ਜਿਤੇ ਤੇ ਮਾਸਟਰ ਜੀ ਫੇਰ ਨਾਮਜ਼ਦ ਮੈਂਬਰ ਲਏ ਗਏ।

ਸੁਭਾ—ਆਪ ਦਾ ਸੁਭਾ ਜੋਸ਼ੀਲਾ, ਹਾਜ਼ਰ ਜਵਾਬ, ਤੇ ਪਰਉਪਕਾਰੀ ਸੀ, ਆਪ ਜੀ ਪੰਜਾ ਸਾਹਿਬ ਅਤੇ ਸ਼੍ਰੋ: ਗੁ: ਪ੍ਰ: ਕਮੇਟੀ ਦੇ ਆਰੰਭ ਤੋਂ ਅਖੀਰ ਤੱਕ ਐਗਜ਼ੈਕਟਿਵ ਮੈਂਬਰ ਰਹੇ।

ਦਿਹਾਂਤ:– ਆਪ ਜੀ ਦਾ ਦਿਹਾਂਤ ੧੯੪੪ ਵਿਚ ਸ੍ਰੀ ਅੰਮ੍ਰਿਤਸਰ ਹੋਇਆ।

ਆਪ ਦੀ ਰਚਨਾ:– ( ੧ ) ਨਿੱਤ ਨੇਮ ਸਟੀਕ ( ੨ ) ਗੁਰੂ ਗ੍ਰੰਥ ਪੰਥ ( ੩ ) ਜੀਵਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ (੪) ਟ੍ਰੈਕਟ– ਮੋਰਚਾ ਸ੍ਰੀ ਪੰਜਾ ਸਾਹਿਬ, ਸ੍ਰੀ ਨਨਕਾਣਾ ਸਾਹਿਬ, ਡਸਕਾ ਇਤ ਆਦਿ।

## ਜਥੇਦਾਰ ਬਚਿੱਤ੍ਰ ਸਿੰਘ ਰਾਮ ਪੁਰ

ਆਪ ਨੂੰ ਅਕਾਲੀ ਲਹਿਰ ਤੋਂ ਭੀ ਪਹਿਲਾਂ ਸਿੰਘ ਸਭਾ ਦੇ ਸਮੇਂ ਤੋਂ ਸਿੱਖੀ ਪ੍ਰਚਾਰ ਦੀ ਲਗਨ ਹੈ। ਆਪ ਜੱਸ਼ਪਾਲੋਂ ਵਾਲੇ ਸ: ਰਣਜੀਤ ਸਿੰਘ ਨਾਲ ਮਿਲ ਕੇ ਖਾਲਸਾ ਹਾਈ ਸਕੂਲ ਅਤੇ ਓਰੀਅੰਟਲ-ਕੰਨਿਆਂ-ਮਹਾਂ-ਵਿਦਿਆਲਯ ਜੱਸਪਾਲੋਂ ਦੀ ਸੇਵਾ ਬਹੁਤ ਚਿਰ ਕਰਦੇ ਰਹੇ। ਅਕਾਲੀ ਲਹਿਰ ਦੇ ਆਰੰਭ ਹੋਣ ਦੇ ਸਮੇਂ ਆਪ ਕਈਆਂ ਮੋਰਚਿਆਂ ਵਿਚ ਗਏ। ਜਦੋਂ ਕੂਕਿਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੇ-ਅਦਬੀ ਕਰਕੇ ਪੱਤ੍ਰਾ ਪਾਠ ਆਰੰਭ ਕੀਤਾ, ਅਤੇ ਜਦੋਂ ਲੁਧਿਆਣੇ ਦੀਆਂ ਸੰਗਤਾਂ ਖਾਲਸਾ ਦਰਬਾਰ ਬਣਾ ਕੇ ਬੜੇ ਜ਼ੋਰ ਸ਼ੋਰ ਨਾਲ ਕੂਕਿਆਂ ਦੀ ਇਸ ਸ਼ਰਾਰਤ ਵਿਰੁਧ ਕਈਆਂ ਸਾਲਾਂ ਤੱਕ ਪ੍ਰਚਾਰ ਕੀਤਾ। ਉਕਤ ਦਰਬਾਰ ਦੇ ਪ੍ਰਧਾਨ ਇਹੋ ਬਣੇ। ਸ਼੍ਰੋ: ਗੁ: ਪ੍ਰ: ਕਮੇਟੀ ਦੇ ਮੈਂਬਰ ਭੀ ਬਣਾ ਕੇ ਭੇਜੇ ਗਏ। ਆਪ ਉਸ ਦੀ ਕਾਰਜ ਸਾਧਕ ਕਮੇਟੀ ਦੇ ਸਭਾ ਸੱਦ ਅਤੇ ਪੈਪਸੂ ਦੇ ਧਰਮ-ਅਰਥ-ਬੋਰਡ ਦੀ ਕਾਰਜ ਸਾਧਕ ਕਮੇਟੀ ਦੇ ਭੀ ਸਭਾ-ਸੱਦ ਹਨ।

## ਸੰਤ ਨਿਧਾਨ ਸਿੰਘ ਜੀ ਭੋਤਨੇ

ਆਪ ਜੀ ਦਾ ਜਨਮ ਪਿੰਡ ਨਿਹਾਲੇ ਵਾਲਾ ਵਿਚ ਬ੍ਰਹਿਮਣ ਘਰਾਣੇ ਵਿਚ ਹੋਇਆ। ਘਰ ਤੋਂ ਉਪ੍ਰਾਮ ਹੋ ਕੇ ਆਪ ਸੰਤ ਨਰਾਇਣ ਸਿੰਘ ਜੀ ਭੋਤਨੇ ਦੀ ਸੇਵਾ ਕਰਨ ਆ ਲੱਗੇ। ਆਪ ਦੇ ਪਿਤਾ ਜੀ ਕਈ ਵੇਰ ਵਾਪਸ ਲੈ ਜਾਣ ਲਈ ਆਏ, ਪਰ ਆਪ ਲੁਕ ਜਾਇਆ ਕਰਨ। ਆਪ ਜੀ ਨੂੰ ਧਾਰਮਕ ਵਿਦਿਆ ਦਾ ਬਹੁਤ ਚਾ ਸੀ ਤੇ ਥੋੜੇ ਸਮੇਂ ਵਿਚ ਹੀ ਆਪ ਚੰਗੇ ਵਿਦਵਾਨ ਬਣ ਗਏ। ਰਿਆਸਤ ਵਿਚੋਂ

Digitized by Panjab Digital Library | www.panjabdigilib.org

ਜ਼ਲਾ-ਵਤਨ ਹੋਏ ਸਿੰਘਾਂ ਦੀ ਆਪ ਬੜੀ ਸਹਾਇਤਾ ਕਰਦੇ ਰਹੇ ਤੇ ਸੰਗਰੂਰ ਮੋਰਚੇ ਵਿਚ ਆਪ ੧੦੦ ਸਿੰਘਾਂ ਦਾ ਜਥਾ ਲੈ ਕੇ ਗਏ।

## ਭਾ: ਇੰਦਰ ਸਿੰਘ ਜੀ "ਚਮਨ"

ਆਪ ਜੀ ਦਾ ਜਨਮ ਨਗਰ ਲੇਲ੍ਹ ਤਹਿਸੀਲ ਸਨਾਮ ਵਿਚ ਸ: ਦੇਵਾ ਸਿੰਘ ਜੀ ਦੇ ਘਰ ਮਾਤਾ ਬਿਸ਼ਨ ਕੌਰ ਦੀ ਕੁਖ ਤੋਂ ੧੯੧੦ ਈ: ਵਿਚ ਹੋਇਆ। ਆਪ ਨੇ ਪੰਜਾਬੀ ਵਿਦਿਆ ਪੜ੍ਹੀ, ਤੇ ਚੰਗੇ ਵਿਦਵਾਨ ਕਵੀ ਹਨ। ਪੰਜਾਬੀ ਤੋਂ ਇਲਾਵਾ ਆਪ ਉਰਦੂ, ਅੰਗਰੇਜ਼ੀ ਤੇ ਹਿੰਦੀ ਭੀ ਜਾਣਦੇ ਹਨ। ਰਿਆਸਤ ਦੀ ਆਜ਼ਾਦੀ ਦੀ ਜਦੋ-ਜਹਿਦ ਦੇ ਆਪ ਨਿਧੜਕ ਸਿਪਾਹੀ ਰਹੇ ਹਨ। ਆਪ ਜੀ ਨੇ ੧੯੨੧ ਵਿਚ ਅੰਮ੍ਰਿਤ ਪਾਨ ਕੀਤਾ ਤੇ ੧੯੨੪ ਵਿਚ ਭਾ: ਫੇਰੂ ਦੇ ਮੋਰਚੇ ਵਿਚ ਗਏ, ਛੋਟੀ ਉਰ ਹੋਣ ਕਰਕੇ ਆਪ ਜੀ ਨੂੰ ਸਜ਼ਾ ਨਾ ਦਿੱਤੀ ਗਈ। ਰਿਆਸਤ ਪ੍ਰਜਾ ਦੀ ਜਥੇਬੰਦੀ ਵਿਚ ਆਪ ਨੇ ਬਹੁਤ ਸ਼ਾਨਦਾਰ ਕੰਮ ਕੀਤਾ। ਤਹਿਸੀਲ ਸਨਾਮ ਦੇ ਅਕਾਲੀ ਜਥੇ ਦੇ ਜਨਰਲ ਸਕੱਤ੍ਰ ਰਹੇ। ਬਾਬਾ ਖੜਕ ਸਿੰਘ ਜੀ ਦੇ ਦੌਰੇ ਸਮੇਂ ਆਪ ਨੇ ਦਸਾਂ ਤਹਿਸੀਲਾਂ ਵਿਚ ਦਸ ਦੀਵਾਨ ਕਰਾਏ। ਇਸ ਦੋਸ਼ ਵਿਚ ਆਪ ਘਲੋਟੀ ਪਿੰਡ ਵਿਚੋਂ ਗ੍ਰਿਫ਼ਤਾਰ ਕਰ ਲਏ ਗਏ ਤੇ ਨੌ ਮਹੀਨੇ ਕੈਦ ਕਟੀ।

੧੯੩੦ ਵਿਚ ਆਪ ਜੀ ਨੇ ਰਿਆਸਤ ਮਾਲੇਰ ਕੋਟਲਾ ਵਿਰੁਧ ਮੋਰਚਾ ਲਗਾ ਲਿਆ, ਜਿਸ ਵਿਚ ਆਪ ਜੀ ਨੇ ਬੜੀ ਸਰਗਰਮੀ ਨਾਲ ਕੰਮ ਕੀਤਾ। ਸ: ਸੇਵਾ ਸਿੰਘ ਜੀ ਦੇ ਸ਼ਹੀਦ ਹੋਣ ਪਿਛੋਂ ਆਪ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਪੰਜਾਂ ਸਿੰਘਾਂ ਸਮੇਤ ਭੁਖ ਹੜਤਾਲ ਕੀਤੀ, ਜੋ ਪ੍ਰਸਿੱਧ ਦੇਸ਼-ਭਗਤ ਬਾਬਾ ਜਵਾਲਾ ਸਿੰਘ ਜੀ ਦੇ ਜ਼ੋਰ ਦੇਣ ਪਰ ਛੱਡੀ, ਉਪ੍ਰੰਤ ਆਪ ਨੇ ਕਈ ਗੁਦਵਾਰਿਆਂ ਦੀ ਸੇਵਾ ਕਰਾਈ।

## ਭਾ: ਰਣਜੋਧ ਸਿੰਘ ਜੀ ਫੂਲਾ ਵਾਲ

ਆਪ ਜੀ ਦਾ ਜਨਮ ਪਿੰਡ ਫੂਲਾ ਵਾਲ ਵਿਚ ਸ: ਬੀਰ ਸਿੰਘ ਜੀ ਦੇ ਘਰ ਮਾਤਾ ਬਸੰਤ ਕੌਰ ਦੀ ਕੁਖ ਤੋਂ ੧੯੧੦ ਈ: ਵਿਚ ਹੋਇਆ। ਆਪ ਨੌਵੀਂ ਜਮਾਤ ਵਿਚ ਲੁਧਿਆਣੇ ਪੜ੍ਹਦੇ ਸਨ ਕਿ ਚੌਥਾ ਸ਼ਹੀਦੀ ਜਥਾ ਲੁਧਿਆਣੇ ਆਇਆ। ਆਪ ਜੀ ਪਰ ਪ੍ਰਚਾਰ ਦਾ ਇਹ ਅਸਰ ਹੋਇਆ ਕਿ ਆਪ ਪੜ੍ਹਾਈ ਛੱਡ ਕੇ, ਪੈਦਲ ਚਲ ਕੇ ਸ੍ਰੀ ਅਕਾਲ ਤਖਤ ਸਾਹਿਬ ਪੁਜੇ ਪ੍ਰੰਤੂ ਛੋਟੀ ਉਮਰ ਹੋਣ ਕਰਕੇ ਆਪ ਜੀ ਨੂੰ ਜਥੇ ਵਿਚ ਭਰਤੀ ਨਾ ਕੀਤਾ ਗਿਆ। ਵਾਪਸ ਆ ਕੇ ਆਪ ਜੀ ਨੇ ਮੈਟ੍ਰਿਕ ਪਾਸ ਕੀਤੀ ਉਪ੍ਰੰਤ ਆਪ ਆ ਕੇ ਬਦੇਸ਼ੀ ਕਪੜੇ ਪਰ ਪਿਕਟਿੰਗ ਕਰਨ ਦੇ ਦੋਸ਼ ਵਿਚ ਫੜੇ ਗਏ। ਆਪ ਨੂੰ ੩ ਮਹੀਨੇ ਕੈਦ ਹੋਈ, ਜੋ ਮੁਲਤਾਨ ਜੇਲ੍ਹ ਵਿਚ ਕਟੀ। ਵਾਪਸ ਆ ਕੇ ਆਪ ਨੇ ਸੱਚ ਖੰਡ ਸ੍ਰੀ ਹਜ਼ੂਰ ਸਾਹਿਬ, ਪਟਨਾ ਸਾਹਿਬ ਤੇ ਪੰਜਾ ਸਾਹਿਬ ਆਦਿਕ ਗੁਰਦਵਾਰਿਆਂ ਦੀ ਯਾਤ੍ਰਾ ਕੀਤੀ। ਇੱਥੇ ਆਪ ਜੀ ਨੂੰ ਪਤਾ ਲੱਗਿਆ ਕਿ ਗੁਰਦਵਾਰਾ ਮੁਜ਼ੱਫ਼ਰਾ ਬਾਦ ਕਸ਼ਮੀਰ, ਵਿਚ ਮੋਰਚਾ ਲੱਗਿਆ ਹੈ। ਆਪ ਉਧਰ ਜਾ ਰਹੇ ਸਨ ਕਿ ਰਸਤੇ ਵਿਚ ਗ੍ਰਿਫ਼ਤਾਰ ਕੀਤੇ ਗਏ ਤੇ ਇਕ ਸਾਲ ਦੀ ਕੈਦ ਕਟੀ। ਇਥੋਂ ਆ ਕੇ ਆਪ ਚੱਕ ਨੰ: ੨੯੯ ਜ਼ਿਲਾ ਮਿੰਟਗੁਮਰੀ ਵਿਚ ਗੁੰਬੀ ਦੀ ਸੇਵਾ ਕਰਦੇ ਰਹੇ, ਪਾਕਿਸਤਾਨ ਬਣਨ ਪਰ ਵਾਪਸ ਫੂਲਾ ਵਾਲ ਆ ਗਏ ਹਨ।

## ਸ: ਧੰਨਾ ਸਿੰਘ ਜੀ ਸ਼ਹੀਦ (ਸੰਗਤਪੁਰਾ)

ਆਪ ਦਾ ਜਨਮ ਪਿੰਡ ਸੰਗਤਪੁਰਾ ਤਹਿਸੀਲ ਸੁਨਾਮ ਵਿਚ ਹੋਇਆ। ਆਪ ਬਚਪਨ ਤੋਂ ਹੀ ਰਿਆਸਤੀ ਪ੍ਰਜਾ ਦੀ ਪੁਕਾਰ ਸੁਣਕੇ ਆਜ਼ਾਦੀ ਦੇ ਪ੍ਰੇਮੀ ਬਣ ਗਏ ਅਤੇ ਆਜ਼ਾਦੀ ਦੇ ਅੰਦੋਲਨ

Digitized by Panjab Digital Library | www.panjabdigilib.org

ਵਿਚ ਸ਼ਾਮਲ ਹੋ ਗਏ। ਜਦ ਰਿਆਸਤ ਪਟਿਆਲਾ ਦੀ ਪ੍ਰਜਾ ਮਹਾਰਾਜਾ ਸਾਹਿਬ ਪਟਿਆਲਾ ਦੇ ਜ਼ੁਲਮ ਤੋਂ ਤੰਗ ਆ ਚੁਕੀ ਸੀ ਤਾਂ ਉਸ ਨੇ ਫੈਸਲਾ ਕੀਤਾ ਕਿ ਸਰਕਾਰ ਅੰਗੇਜ਼ੀ ਤੱਕ ਭੀ ਆਪਣੀ ਦਾਸਤਾਨ ਪਹੁੰਚਾਈ ਜਾਵੇ।

ਮਹਾਰਾਜਾ ਪਟਿਆਲਾ ਨੇ ਬਹੁਤ ਸਾਰੇ ਪ੍ਰਜਾ ਭਗਤਾਂ ਨੂੰ ਰਿਆਸਤ ਵਿਚੋਂ ਕੱਢ ਦਿੱਤਾ ਸੀ ਤੇ ਉਹ ਅੰਮ੍ਰਿਤਸਰ ਤੇ ਦੇਹਲੀ ਆਦਿਕ ਥਾਵਾਂ ਪਰ ਰਿਆਸਤੀ ਕਰਮਚਾਰੀਆਂ ਦੇ ਜ਼ੁਲਮਾਂ ਵਿਰੁਧ ਆਵਾਜ਼ ਉਠਾ ਰਹੇ ਸਨ। ਸ਼ਹੀਦ ਸ: ਧੰਨਾ ਸਿੰਘ ਜੀ ਨੇ ਆਪਣੇ ਸਾਥੀਆਂ ਸ: ਕਾਕਾ ਸਿੰਘ ਸੰਗਤਪੁਰਾ ਤੇ ਭਾਈ ਜਗਤ ਸਿੰਘ ਭਟਾਲ ਆਦਿ ਦਾ ਡੈਪੂਟੇਸ਼ਨ ਲੈ ਜਾਕੇ ਦਿਲੀ ਵਾਇਸਰਾਏ ਹਾਲ ਅੱਗੇ ਮੁਜ਼ਾਹਰਾ ਕੀਤਾ ਅਤੇ ਪਟਿਆਲੇ ਦੀ ਦੁਖੀ ਪ੍ਰਜਾ ਦੇ ਦੁਖੜੇ ਪ੍ਰਗਟ ਕੀਤੇ। ਜਦ ਆਪ ਵਾਪਸ ਆਏ ਤਾਂ ਹੋਰ ਸਾਥੀਆਂ ਸਮੇਤ ਆਪ ਜੀ ਨੂੰ ਭੀ ਗ੍ਰਿਫਤਾਰ ਕਰ ਲਿਆ ਗਿਆ। ਸ: ਪ੍ਰੀਤਮ ਸਿੰਘ ਸਿੱਧੂ ਨਾਜ਼ਮ ਸਨ। ਉਨਾਂ ਨੇ ਇੰਨਾ ਪ੍ਰਜਾ ਭਗਤਾਂ ਪਰ ਆਪਣੀਆਂ ਅੱਖਾਂ ਦੇ ਸਾਹਮਣੇ ਇਤਨਾ ਤਸ਼ਦਦ ਕਰਾਇਆ ਕਿ ਆਪ ਕੁਟ ਦੇ ਮਾਰੇ ਬੀਮਾਰ ਹੋ ਗਏ। ਜੇਹਲ ਵਿਚ ਆਪ ਜੀ ਦੇ ਇਲਾਜ ਵਲੋਂ ਜਾਣ ਬੁਝਕੇ ਲਾਪ੍ਰਵਾਹੀ ਕੀਤੀ ਗਈ। ਪਟਿਆਲਾ ਜੇਲ੍ਹ ਦੀਆਂ ਸਖਤੀਆਂ ਸਹਿੰਦੇ ਹੋਇਆ ੨੯ ਜਨਵਰੀ ੧੯੩੫ ਨੂੰ ਪਟਿਆਲਾ ਜੇਲ੍ਹ ਅੰਦਰ ਹੀ ਕੁਟ ਦੇ ਮਾਰੇ ਸ਼ਹੀਦ ਹੋਇ। ਆਪ ਸੱਚੇ ਪ੍ਰਜਾ ਹਿਤੈਸ਼ੀ ਸਨ ਅਤੇ ਆਪ ਦੇ ਦਿਲ ਵਿਚ ਦੁਖੀ ਪਰਜਾ ਦਾ ਦਰਦ ਕੁਟ ਕੁਟ ਕੇ ਭਰਿਆ ਹੋਇਆ ਸੀ, ਆਪ ਪ੍ਰਜਾ ਲਈ ਹਰ ਸਮੇਂ ਮਰਨ ਲਈ ਤਿਆਰ ਰਹਿੰਦੇ ਸਨ। ਆਪ ਚੜ੍ਹਦੀ ਜਵਾਨੀ ਵਿਚ ਹੀ ਪਟਿਆਲਾ ਸ਼ਾਹੀ ਦਾ ਸ਼ਿਕਾਰ ਹੋ ਗਏ।

## ਜਥੇਦਾਰ ਸੰਤਾ ਸਿੰਘ ਜੀ ਟਿੱਬਾ

ਆਪ ਜੀ ਦਾ ਜਨਮ ਪਿੰਡ ਟਿੱਬਾ ਰਿ: ਪਟਿਆਲਾ ਵਿਚ ਸ: ਦੇਵਾ ਸਿੰਘ ਜੀ ਦੇ ਘਰ ਹੋਇਆ। ਆਪ ਜੀ ਨੇ ੧੪ ਸਾਲ ਫੌਜੀ ਨੌਕਰੀ ਕਰਕੇ ਪੈਨਸ਼ਨ ਲਈ। ਆਪ ਉਸ ਫੌਜ ਵਿਚ ਸਨ ਜਿਥੇ ਸੰਤ ਮਘਰ ਸਿੰਘ ਜੀ ਰਾਮ ਗੜ੍ਹ ਵਾਲੇ ਸਨ ਇਸ ਕਰਕੇ ਆਪ ਜੀ ਨੂੰ ਸੰਤਾਂ ਤੋਂ ਪ੍ਰਮਾਰਥ ਦੀ ਲਗਨ ਲਗ ਗਈ। ਫੌਜ ਤੋਂ ਵਾਪਸ ਆ ਕੇ ਸੰਤ ਜੀ ਮਹਾਰਾਜ ਨੇ ਗੁ: ਟਾਹਲੀ ਆਣਾ ਸਾਹਿਬ ਦੀ ਸੇਵਾ ਆਰੰਭ ਕੀਤੀ ਤਾਂ ਜਥੇਦਾਰ ਸੰਤਾ ਸਿੰਘ ਜੀ ਨੇ ਭੀ ਸੇਵਾ ਵਿਚ ਆਪਣਾ ਤਨ, ਮਨ, ਧਨ ਲਗਾ ਦਿਤਾ। ਆਪ ਆਪਣੀ ਪੈਨਸ਼ਨ ਨਾਲ ਗੁਜ਼ਾਰਾ ਕਰਦੇ ਸਨ ਤੇ ਕਠਨ ਘਾਲਣਾ ਘਾਲ ਕੇ ਗੁਰੂ ਕੇ ਲੰਗਰ ਦੀ ਸੇਵਾ ਕਰਦੇ ਸਨ। ਸੰਤ ਮਘਰ ਸਿੰਘ ਜੀ ਦੇ ਪ੍ਰਲੋਕ ਗਮਨ ਪਿਛੋਂ ਜਥੇਦਾਰ ਜੀ ਨੂੰ ਗੁਰਦੁਆਰਾ ਟਾਹਲੀਆਣਾ ਦੇ ਜਥੇਦਾਰ ਚੁਣਿਆ ਗਿਆ! ਆਪ ਨਮੂਨੇ ਦੇ ਗੁਰਸਿੱਖ ਅਤੇ 'ਕਿਰਤ ਵਿਰਤ ਕਰ ਧਰਮ ਦੀ ਹਥੋਂ ਦੇ ਕੇ ਭਲਾ ਮਨਾਏ' ਦੇ ਮਹਾਂ ਵਾਕ ਪਰ ਅਮਲ ਕਰਨ ਵਾਲੇ ਮਹਾਂ ਪੁਰਖ ਸਨ। ਕਾਸ਼ ਕਿ ਇਕ ਵਿਗੜੇ ਹੋਏ ਨਿਹੰਗ ਨੇ ਆਪ ਨੂੰ ਕਿਸੇ ਗਲਤ ਫਹਿਮੀ ਦਾ ਸ਼ਿਕਾਰ ਹੋ ਕੇ ਗੋਲੀ ਦਾ ਨਿਸ਼ਾਨਾ ਬਣਾ ਦਿਤਾ।

## ਸ: ਉਜਾਗਰ ਸਿੰਘ ਜੀ ਭੌਰਾ

ਆਪ ਜੀ ਦਾ ਜਨਮ ਪਿੰਡ ਠੀਕਰੀ ਵਾਲਾ ਵਿਚ ਹੋਇਆ। ਬਚਪਨ ਵਿਚ ਆਪ ਨੇ ਗੁਰਮੁਖੀ ਵਿਦਿਆ ਪੜ੍ਹੀ। ਜਦ ਅਕਾਲੀ ਲਹਿਰ ਆਰੰਭ ਹੋਈ ਤਾਂ ਆਪ ਜੀ ਦਾ ਨੌਜਵਾਨ ਦਿੱਲ ਕੁਰਬਾਨੀਆਂ ਕਰਨ ਲਈ ਉਛਲਿਆ। ਸ: ਸੇਵਾ ਸਿੰਘ ਜੀ ਠੀਕਰੀ ਵਾਲਾ ਅਕਾਲੀ ਲਹਿਰ ਦੇ ਮੋਢੀਆਂ ਵਿਚੋਂ ਸਨ। ਆਪ ਦੀ ਪੰਥਕ ਸੇਵਾ ਨੂੰ ਵੇਖ ਕੇ ਸ: ਉਜਾਗਰ ਸਿੰਘ ਜੀ ਭੌਰਾ ਭੀ ਪੰਥ ਲਈ ਹਰ ਪ੍ਰਕਾਰ ਦੀ ਕੁਰਬਾਨੀ

Digitized by Panjab Digital Library | www.panjabdigilib.org

ਕਰਨ ਲਈ ਤਿਆਰ ਹੋ ਗਏ ।

ਜੈਤੋ ਦੇ ਮੋਰਚੇ ਵਿਚ ਆਪ ਜੀ ਨੇ ਨਾਭੇ, ਕਾਰਖਾਸ ਵਿਚ ਬਹੁਤ ਸਾਰੇ ਤਸੀਹੇ ਝੱਲੇ । ੧੯੩੩ ਵਿਚ ਆਪ ਪ੍ਰਜਾ ਮੰਡਲ ਵਿਚ ਰਹਿ ਕੇ ਸੇਵਾ ਕਰਦੇ ਰਹੇ ਤੇ ਲਾਹੌਰ ਤੇ ਮੁਲਤਾਨ ਦੀਆਂ ਜੇਲ੍ਹਾਂ ਵਿਚ ਡੇਢ ਸਾਲ ਕੈਦ ਕਟੀ। ਇਸ ਤੋਂ ਉਪ੍ਰੰਤ ੧੯੩੧ ਵਿਚ ੨ ਸਾਲ ਕੈਦ ਹੋਈ । ੧੯੩੯ ਵਿਚ ਮੁਜ਼ਾਰਾ ਐਜੀਟੇਸ਼ਨ ਵਿਚ ਸਾਢੇ ਤਿੰਨ ਸਾਲ ਦੀ ਕੈਦ ਹੋਈ । ਕਿਸਾਨ ਐਜੀਟੇਸ਼ਨ ਕਿਸ਼ਨ ਗੜ੍ਹ ਤੇ ਕਿਸਾਨ ਐਜੀਟੇਸ਼ਨ ਨਾਭਾ ਵਿਚ ਭੀ ਆਪ ਜੀ ਨੇ ਜੇਲ੍ਹਾਂ ਕਟੀਆਂ । ਆਪ ਰਜਵਾੜਾ ਸ਼ਾਹੀ ਦੇ ਕੱਟਰ ਵਿਰੋਧੀ ਤੇ ਸੱਚੇ ਸੁੱਚੇ ਦੇਸ਼ ਭਗਤ ਤੇ ਪ੍ਰਜਾ ਮੰਡਲ ਦੇ ਮੋਢੀਆਂ ਵਿਚੋਂ ਸਨ ।

ਸ: ਉਜਾਗਰ ਸਿੰਘ ਜੀ ਸੱਚ ਦੀ ਖਾਤਰ ਡੱਟ ਜਾਣ ਵਾਲੇ ਸਨ । ਜਦ ਮਾ: ਤਾਰਾ ਸਿੰਘਨੇ ਮਹਾਰਾਜਾ ਪਟਿਆਲਾ ਨਾਲ ਸਮਝੌਤਾ ਕਰ ਲਿਆ ਤਾਂ ਗਿ: ਸਰਦਾਰਾ ਸਿੰਘ ਜੀ ਸੂਬਪ ਭੌਰਾ ਜੀ ਤੇ ਆਪ ਜੀ ਦੇ ਸਾਥੀਆਂ ਨੇ ਇਸ ਗੱਠ ਜੋੜ ਦਾ ਡੱਟ ਕੇ ਮੁਕਾਬਲਾ ਕੀਤਾ । ਭੌਰਾ ਜੀ ਆਪਣੇ ਵਿਚਾਰ ਦੇ ਬੜੇ ਦ੍ਰਿੜ੍ਹ ਸਨ ਤੇ ਧੁੰਨ ਦੇ ਪੱਕੇ ਸਨ ।

## ਸ: ਜਾਗੀਰ ਸਿੰਘ ਜੀ ਫੱਗੂ ਵਾਲ

ਆਪ ਜੀ ਦਾ ਜਨਮ ਪਿੰਡ ਫੱਗੂ ਵਾਲ ਵਿਚ ਹੋਇਆ । ਬਚਪਨ ਵਿਚ ਆਪ ਜੀ ਨੇ ਗੁਰਮੁਖੀ ਵਦਿਆ ਪੜ੍ਹੀ । ਜਦ ਆਪ ਜਵਾਨ ਹੋਏ ਤਾਂ ਅਕਾਲੀ ਲਹਿਰ ਜ਼ੋਰਾਂ ਪਰ ਸੀ, ਨਾਭੇ, ਪਟਿਆਲੇ ਦਾ ਝਗੜਾ ਸਾਰੇ ਪੰਜਾਬ ਦੀ ਤਵੱਜੋ ਦਾ ਕੇਂਦਰ ਬਣਿਆ ਹੋਇਆ ਸੀ । ਮਹਾਂਰਾਜਾ ਭੂਪਿੰਦਰ ਸਿੰਘ ਪਟਿਆਲਾ ਸਿੱਖ ਪੰਥ ਦੇ ਵਿਰੁਧ ਸਨ ਅਤੇ ਸਰਕਾਰ ਅੰਗਰੇਜ਼ੀ ਦੇ ਇਸ਼ਾਰਿਆਂ ਨਾਲ ਅਕਾਲੀ ਲਹਿਰ ਵਿਚ ਹਿੱਸਾ ਲੈਣ ਵਾਲੇ ਪੰਥ ਸੇਵਕਾਂ ਨੂੰ ਸਖਤੀ ਦਾ ਸ਼ਿਕਾਰ ਬਨਾਉਣਾ ਆਪ ਦਾ ਮੰਨ ਭਾਉਂਦਾ ਸ਼ੁਗਲ ਸੀ ।

ਮਹਾਂਰਾਜਾ ਸਾਹਿਬ ਨੇ ਰਿਆਸਤ ਦੇ ਅਕਾਲੀਆਂ ਨੂੰ ਚਿਤਾਵਨੀ ਦਿੱਤੀ ਕਿ ਜੇ ਉਨ੍ਹਾਂ ਨੇ ਪੰਥਕ ਜਥੇ ਬੰਦੀਆਂ ਦੇ ਹੁਕਮ ਅਨੁਸਾਰ ਅਕਾਲੀ ਲਹਿਰ ਵਿਚ ਹਿੱਸਾ ਲਿਆ ਤਾਂ ਉਨ੍ਹਾਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣਗੀਆਂ । ਜਿਨ੍ਹਾਂ ਅਕਾਲੀ ਵਰਕਰਾਂ ਨੇ ਮਹਾਰਾਜਾ ਪਟਿਆਲਾ ਦੀਆਂ ਧਮਕੀਆਂ ਦੀ ਕੋਈ ਪ੍ਰਵਾਹ ਨਾ ਕਰਦੇ ਹੋਏ ਪੰਥਕ ਸੇਵਾ ਨੂੰ ਜ਼ਾਰੀ ਰੱਖਿਆ । ਸ: ਜਾਗੀਰ ਸਿੰਘ ਜੀ ਫੱਗੂ ਵਾਲ, ਉਨ੍ਹਾਂ ਚੋਣਵੇਂ ਅਕਾਲੀ ਆਗੂਆਂ ਵਿਚੋਂ ਹਨ । ਆਪ ਨੇ ਰਿਆਸਤੀ ਹਾਕਮਾਂ ਦੇ ਅਤਿਆਚਾਰਾਂ ਵਿਰੁਧ ਜ਼ੋਰਦਾਰ ਆਵਾਜ਼ ਉਠਾਈ, ਜਿਸ ਦਾ ਫ਼ਲ ਇਹ ਹੋਇਆ ਕਿ ਤਹਿਸੀਲ ਭਵਾਨੀ ਗੜ੍ਹ ਦੇ ਨਾਜ਼ਮ ਦੀ ਕਚਹਿਰਾਂ ਵਿਚ ਆਪ ਜੀ ਵਿਰੁਧ ਮੁਕੱਦਮਾ ਚਲਾਇਆ ਗਿਆ । ਜਿਸ ਦਾ ਫੈਸਲਾ ਸੁਣਾਂਦੇ ਹੋਏ ਅਦਾਲਤ ਨੇ ੨੯ ਹਾੜ ਸੰਵਤ ੧੯੯੨ ਬਿ: ਨੂੰ ਸ: ਜਾਗੀਰ ਸਿੰਘ ਜੀ ਨੂੰ ੧੫ ਸਾਲ ਦੀ ਕੈਦ ਸਖਤ ਤੇ ੫੦੦) ਜੁਰਮਾਨੇ ਦੀ ਸਜ਼ਾ ਸੁਣਾਈ ਗਈ ।

ਇਨ੍ਹਾਂ ਸਖਤੀਆਂ ਦੀ ਕੋਈ ਪ੍ਰਵਾਹ ਨਾ ਕਰਦੇ ਹੋਏ ਆਪ ਨੇ ਅਕਾਲੀ ਲਹਿਰ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਅਤੇ ਸ਼੍ਰੋ: ਰਿਆਸਤੀ ਅਕਾਲੀ ਦੱਲ ਵਿਚ ਅੱਡ ਅੱਡ ਔਹਦਿਆਂ ਪਰ ਰਹਿ ਕੇ ਸੇਵਾ ਕਰਦੇ ਰਹੇ । ਆਪ ਦਾ ਸਰੀਰ ਬੜਾ ਸਡੋਲ ਤੇ ਚੇਹਰਾ ਰੋਅਬ ਵਾਲਾ ਸੀ । ਭਾਵੇਂ ਆਪ ਬਹੁਤ ਪੜ੍ਹੇ ਲਿਖੇ ਨਹੀਂ ਸਨ ਪ੍ਰੰਤੂ ਜਦ ਆਪ ਸਟੇਜ ਤੇ ਤਕਰੀਰ ਕਰਦੇ ਸਨ ਤਾਂ ਇਉਂ ਪ੍ਰਤੀਤ ਹੁੰਦਾ ਸੀ ਕਿ ਕੋਈ ਵੱਡਾ ਫੌਜੀ ਅਫਸਰ ਫੌਜ ਨੂੰ ਲੜਾਈ ਦਾ ਹੁਕਮ ਦੇ ਰਿਹਾ ਹੈ ।

Digitized by Panjab Digital Library | www.panjabdigilib.org

# ਬਾਬਾ ਨੰਦ ਸਿੰਘ ਜੀ ਉਗਰਾਹਾਂ

ਬਾਬਾ ਨੰਦ ਸਿੰਘ ਜੀ ਦਾ ਜਨਮ ਸੰਨ ੧੮੭੫ ਵਿਚ ਪਿੰਡ ਉਗਰਾਹਾਂ ਰਿ: ਪਟਿਆਲਾ ਵਿਚ ਹੋਇਆ । ਆਪ ਦਾ ਖਾਨਦਾਨ ਬਿਸਵੇਦਾਰ ਅਤੇ ਸਰਦਾ ਪੁਜਦਾ ਸੀ। ਪ੍ਰੰਤੂ ਜਦੋਂ ਸ: ਸੇਵਾ ਸਿੰਘ ਜੀ ਠੀਕਰੀਵਾਲਾ ਨੇ ਰਿਆਸਤੀ ਪ੍ਰਜਾ ਦੀ ਅਜ਼ਾਦੀ ਲਈ ਘੋਲ ਆਰੰਭ ਕੀਤਾ ਤਾਂ ਆਪ ਸਾਰੇ ਸੁਖਾਂ ਦਾ ਤਿਆਗ ਕਰਕੇ ਪਰਜਾ ਮੰਡਲ ਦੀ ਲਹਿਰ ਵਿਚ ਸ਼ਾਮਲ ਹੋ ਗਏ। ਆਪ ਨੇ ਸ: ਸੇਵਾ ਸਿੰਘ ਜੀ ਨਾਲ ਮਿਲ ਕੇ ਰਿਆਸਤੀ ਪਰਜਾ ਦੇ ਦੁਖਾਂ ਨੂੰ ਦੂਰ ਕਰਨ ਦਾ ਵਧ ਤੋਂ ਵਧ ਯਤਨ ਕੀਤਾ ਅਤੇ ਅਕਾਲੀ ਲਹਿਰ ਵਿਚ ਭੀ ਵਧ ਚੜ੍ਹਕੇ ਹਿੱਸਾ ਲੈਂਦੇ ਰਹੇ ।

ਪ੍ਰਜਾ ਦੀ ਹਮਦਰਦੀ ਵਿਚ ਆਪ ਨੇ ਕਈ ਵੇਰ ਜੇਲ੍ਹਾਂ ਕਟੀਆਂ । ਸੰਮਤ ੧੯੯੪-੯੫ ਵਿਚ ਫੂਲਕੀਆਂ ਰਿਆਸਤਾਂ ਦੀ ਵਸੋਂ ਵਲੋਂ ਵਾਇਸ ਰਾਇ ਨੂੰ ਇਕ ਮੈਮੋਰੰਡਮ ਪੇਸ਼ ਕੀਤਾ ਗਿਆ। ਇਸ ਕੰਮ ਵਿਚ ਬਾਬਾ ਨੰਦ ਸਿੰਘ ਜੀ ਨੇ ਬਹੁਤ ਸਰਗਰਮੀ ਨਾਲ ਹਿੱਸਾ ਲਿਆ। ਰਿਆਸਤ ਵਿਚ ਅਜ਼ਾਦੀ ਦਿਨ ਮਨਾਉਣ ਦੇ ਦੋਸ਼ ਵਿਚ ਆਪ ਜੀ ਵਿਰੁਧ ਮੁਕਦਮਾ ਚਲਾਇਆ ਗਿਆ, ਜਿਸ ਵਿਚ ਆਪ ਜੀ ਨੂੰ ੬ ਸਾਲ ਸਖਤ ਕੈਦ ਅਤੇ ੫੦੦) ਰੁਪਇਆ ਜੁਰਮਾਨਾ ਕੀਤਾ ਗਿਆ । ਜੇਲ੍ਹ ਦੇ ਦੌਰਾਨ ਵਿਚ ਰਿਆਸਤੀ ਕਰਮਚਾਰੀਆਂ ਨੇ ਆਪ ਜੀ ਨੂੰ ਦੇਸ਼ ਭਗਤੀ ਦੇ ਰਾਹ ਤੋਂ ਰੋਕਣ ਲਈ ਬਹੁਤ ਸਾਰੇ ਲਾਲਚ ਤੇ ਧਮਕੀਆਂ ਦਿਤੀਆਂ ਪ੍ਰੰਤੂ ਆਪ ਜੀ ਪਰ ਉਨ੍ਹਾਂ ਦਾ ਕੋਈ ਅਸਰ ਨਾ ਹੋਇਆ ।

ਜੇਲ੍ਹ ਤੋਂ ਰਿਹਾ ਹੋ ਕੇ ਆਏ ਤਾਂ ਅੰਮ੍ਰਿਤਸਰ ਵਿਚ ਮਹਾਰਾਜਾ ਪਟਿਆਲਾ ਵਿਰੁਧ ਫਰਿਆਦੀ ਮੋਰਚਾ ਲਗਾਉਣ ਵਿਚ ਵਧ ਚੜ੍ਹਕੇ ਹਿਸਾ ਲਿਆ ਤੇ ਜੇਲ੍ਹ ਗਏ। ਆਪ ਦਾ ਸੁਭਾ ਬਹੁਤ ਸਾਦਾ ਸੀ ਤੇ ਬੜੇ ਮਿਠ ਬੋਲੇ ਸਨ। ਰਿਆਸਤੀ ਪਰਜਾ ਦੇ ਦੁਖਾਂ ਨੂੰ ਦੂਰ ਕਰਨ ਦੀ ਜਦੋ ਜਹਿਦ ਕਰਦੇ ਹੋਏ ਆਪ ੯ ਸਤੰਬਰ ੧੯੩੫ ਨੂੰ ਇਸ ਅਸਾਰ ਸੰਸਾਰ ਤੋਂ ਚਲਾਣਾ ਕਰ ਗਏ । ਆਪ ਦੇ ਚਲਾਣੇ ਪਰ ਰਿਆਸਤੀ ਪ੍ਰਜਾ ਦੇ ਸਚੇ ਹਮਦਰਦ ਅਖਬਾਰ 'ਦੇਸ਼ ਦਰਦੀ' ਨੇ ਲਿਖਿਆ ਕਿ ਬਾਬਾ ਨੰਦ ਸਿੰਘ ਜੀ ਦੀ ਮੌਤ ਨਾਲ ਰਿਆਸਤੀ ਦੁਨੀਆਂ ਵਿਚ ਇਕ ਜੋਸ਼ੀਲੇ ਜਰਨੈਲ ਅਤੇ ਅਣਥੱਕ ਸਿਪਾਹੀ ਦਾ ਘਾਟਾ ਪੈ ਗਿਆ ਹੈ ।

# ਸ: ਹਰਚੰਦ ਸਿੰਘ ਜੀ ਜੇਜੀ

ਆਪ ਜੀ ਦਾ ਜਨਮ ਪਿੰਡ ਚੜ੍ਹਲ ਰਿਆਸਤ ਪਟਿਆਲਾ ਵਿਚ ਸ: ਗੁਲਾਬ ਸਿੰਘ ਜੀ ਰਈਸ ਦੇ ਘਰ ੩੦ ਪੋਹ ਸੰਮਤ ੧੯੪੯ ਵਿਚ ਹੋਇਆ। ਆਪ ਦੇ ਖਾਨਦਾਨ ਨੇ ਪਟਿਆਲਾ ਰਿਆਸਤ ਦੀ ਕਾਇਮੀ ਤੇ ਅਸਥਿਰਥਾ ਲਈ ਬਹੁਤ ਸਾਰੀ ਸੇਵਾ ਕੀਤੀ ਸੀ। ਜੇਜੀ ਸਾਹਿਬ ਦਾ ਖਾਨਦਾਨ ਰਿਆਸਤ ਦਾ ਇਕ ਪ੍ਰਸਿਧ ਘਰਾਣਾ ਸੀ । ਇਸ ਕਰਕੇ ਸ: ਹਰਚੰਦ ਸਿੰਘ ਜੀ ਦੀ ਵਿਦਿਆ ਤੇ ਪਾਲਣ ਪੋਸਣ ਦਾ ਸ਼ਾਨਦਾਰ ਤਰੀਕੇ ਨਾਲ ਪ੍ਰਬੰਧ ਕੀਤਾ ਗਿਆ। ਜਦ ਆਪ ਖਾਲਸਾ ਕਾਲਜ ਅੰਮ੍ਰਿਤਸਰ ਪੜ੍ਹਿਆ ਕਰਦੇ ਸਨ ਤਾਂ ਆਪ ਜੀ ਦੀ ਸਾਦਾ ਰਹਿਣੀ ਬਹਿਣੀ ਤੇ ਧਾਰਮਕ ਵਿਦਿਆ ਸਬੰਧੀ ਲਗਣ ਦੀ ਖਾਸ ਚਰਚਾ ਸੀ।

ਧਾਰਮਿਕ ਵਿਦਿਆ ਦੇਣ ਲਈ ਆਪ ਦੇ ਖਾਸ ਅਧਿਆਪਕ ਸ: ਹਰੀ ਸਿੰਘ ਜੀ ਬੀ.ਏ. ਨੀਯਤ ਕੀਤੇ ਗਏ। ਵਿਦਿਆ ਖਤਮ ਕਰਨ ਤੋਂ ਪਿਛੋਂ ਆਪ ਰਿਆਸਤ ਵਿਚ ਆ ਕੇ ਮਹਾਰਾਜਾ ਭੂਪਿੰਦਰ ਸਿੰਘ ਜੀ ਦੇ ਖਾਸ ਮੁਸਾਹਿਬ ਨੀਯਤ ਹੋਏ। ਸਵਾ ਅਠ ਸਾਲ ਆਪ ਨੇ ਸਰਵਸ ਕੀਤੀ।

Digitized by Panjab Digital Library | www.panjabdigilib.org

ਆਪ ਇਕ ਨੇਕ ਅਹਿਲਕਾਰ ਸਨ ਪਰੰਤੂ ਰਿਆਸਤ ਪਟਿਆਲਾ ਵਿਚ ਬੇਈਮਾਨ ਅਹਿਲਕਾਰਾਂ ਦਾ ਬੋਲ ਬਾਲਾ ਸੀ। ਇਸ ਕਰਕੇ ਆਪ ਦਾ ਦਿਲ ਸਰਕਾਰੀ ਨੌਕਰੀ ਤੋਂ ਉਚਾਟ ਹੋ ਗਿਆ।

ਜਿਸ ਸਮੇਂ ਪੰਡਤ ਦਇਆ ਕਿਸ਼ਨ ਕੌਲ ਨੇ ਪਟਿਆਲੇ ਦੇ ਮੁਖ ਮੰਤਰੀ ਦਾ ਕਲਮਦਾਨ ਸੰਭਾਲਿਆ ਤਾਂ ਉਹਨਾਂ ਨੇ ਰਿਆਸਤ ਪਟਿਆਲਾ ਵਿਚ ਆਪਣੀ ਡਿਕਟੇਟਰਸ਼ਿਪ ਕਾਇਮ ਕਰ ਲਈ। ਤਾਂ ਸ: ਹਰਚੰਦ ਸਿੰਘ ਜੀ ਜੈਸੇ ਈਮਾਨਦਾਰ ਅਹਿਲਕਾਰਾਂ ਲਈ ਸਰਕਾਰੀ ਨਕਰੀ ਵਿਚ ਰਹਿਣਾ ਔਖਾ ਹੋ ਗਿਆ। ਮਹਾਰਾਜਾ ਸਾਹਿਬ ਆਪ ਦਾ ਬਹੁਤ ਆਦਰ ਕਰਦੇ ਸਨ ਪਰੰਤੂ ਪੰਡਤ ਦਇਆ ਕਿਸ਼ਨ ਦਾ ਜਾਲ ਬਹੁਤ ਫੈਲਿਆ ਹੋਇਆ ਸੀ। ਇਸ ਕਰਕੇ ਸਰਦਾਰ ਸਾਹਿਬ ਨੇ ਅਸਤੀਫਾ ਦੇ ਦਿਤਾ ਅਤੇ ਪਰਜ਼ਾ ਭਲਾਈ ਦਾ ਕੰਮ ਕਰਦੇ ਰਹੇ।

ਭਾਵੇਂ ਆਪ ਦਾ ਖਾਨਦਾਨ ਇਕ ਚੰਗਾ ਸਰਦਾ ਪੁਜਦਾ ਖਾਨਦਾਨ ਸੀ। ਪਰੰਤੂ ਆਪ ਜੀ ਦੇ ਦਿਲ ਵਿਚ ਪਰਜਾ ਦਾ ਹਿਤ ਮਜੂਦ ਸੀ। ਜਿਸ ਕਰਕੇ ਆਪ ਪਰਜਾ ਭਲਾਈ ਦੇ ਕੰਮ ਕਰਦੇ ਰਹੇ। ਸ: ਸੇਵਾ ਸਿੰਘ ਜੀ ਠੀਕਰੀ ਵਾਲਾ ਰਿਆਸਤੀ ਪਰਜਾ ਮੰਡਲ ਦੇ ਬਾਨੀ ਸਨ। ਦੇਵ ਨੇਤ ਨਾਲ ਸ: ਹਰਚੰਦ ਸਿੰਘ ਜੀ ਦੇ ਸਪੁਤਰ ਦਾ ਅਨੰਦ ਕਾਰਜ ਸ: ਸੇਵਾ ਸਿੰਘ ਜੀ ਦੀ ਸਪੁਤਰੀ ਨਾਲ ਹੋ ਗਿਆ। ਇਸ ਦਾ ਅਸਰ ਇਹ ਹੋਇਆ ਕਿ ਹੁਣ ਇਹ ਦੋਵੇਂ ਖਾਨਦਾਨ ਪੰਥਕ ਸਰਗਰਮੀਆਂ ਵਿਚ ਹਿਸਾ ਲੈਣ ਲਗ ਪਏ। ਸ: ਸੇਵਾ ਸਿੰਘ ਜੀ ਸ਼ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਸਨ। ਇਸ ਕਰਕੇ ਪੰਥ ਵਿਚ ਉਨ੍ਹਾਂ ਦਾ ਬਹੁਤ ਸਤਿਕਾਰ ਸੀ। ਸ: ਹਰਚੰਦ ਸਿੰਘ ਜੀ ਦੇ ਦਿਲ ਵਿਚ ਭੀ ਪੰਥਕ ਪਿਆਰ ਦਾ ਜਜ਼ਬਾ ਮੌਜੂਦ ਸੀ। ਸ: ਸੇਵਾ ਸਿੰਘ ਜੀ ਨਾਲ ਸਬੰਧ ਜੁੜਨ ਕਰਕੇ ਆਪ ਪਰ ਬਹੁਤ ਅਸਰ ਹੋਇਆ। ਮਹਾਰਾਜਾ ਭੁਪਿੰਦਰ ਸਿੰਘ, ਸ: ਸੇਵਾ ਸਿੰਘ ਜੀ ਨੂੰ ਆਪਣਾ ਵਿਰੋਧੀ ਨੰ: ੧ ਸਮਝਦੇ ਸਨ, ਇਸ ਕਰਕੇ ਆਪ ਨਹੀਂ ਚਾਹੁੰਦੇ ਸਨ ਕਿ ਕੋਈ ਅਹਿਲਕਾਰ ਸ: ਸੇਵਾ ਸਿੰਘ ਜੀ ਨਾਲ ਰਿਸ਼ਤਾ ਜੋੜੇ। ਜਦ ਉਪਰ ਲਿਖੇ ਦੋਵੇਂ ਪ੍ਰਤਿਸ਼ਟਤ ਖਾਨਦਾਨ ਇਕੱਠੇ ਹੋ ਗਏ ਤਾਂ ਮਹਾਰਾਜਾ ਸਾਹਿਬ ਨੇ ਇਸ ਮੇਲ ਨੂੰ ਚੰਗਾ ਨਾ ਸਮਝਿਆ ਤੇ ਉਹ ਸ: ਸੇਵਾ ਸਿੰਘ ਜੀ ਦੇ ਨਾਲ ਹੀ ਸ: ਹਰਚੰਦ ਸਿੰਘ ਜੀ ਜੇਜੀ ਦੇ ਭੀ ਖੇਹਿੜੇ ਪੈ ਗਏ। ਪਹਿਲੇ ਆਪ ਨੂੰ ਕਾਲੀ ਪੱਗ ਨਾ ਉਤਾਰਨ ਦੇ ਦੋਸ਼ 'ਚ ਪਟਿਆਲੇ ਵਾਲੀ ਕੋਠੀ ਵਿਚ ਨਜ਼ਰ ਬੰਦ ਰੱਖਿਆ ਗਿਆ। ਇਕ ਡੇਪੁਟੇਸ਼ਨ ਨੇ ਮਹਾਰਾਜਾ ਸਾਹਿਬ ਪਾਸ ਇਹ ਗੱਲ ਪ੍ਰਗਟ ਕੀਤੀ ਕਿ ਸ: ਹਰਚੰਦ ਸਿੰਘ ਜੀ ਬੇਕਸੂਰ ਹਨ ਤਾਂ ਆਪ ਨੂੰ ਬਾਹਰ ਅੰਦਰ ਜਾਣ ਦੀ ਖੁਲ੍ਹ ਹੋਈ।

੧੯੩੩-੩੪ ਵਿਚ ਬਾਬਾ ਖੜਕ ਸਿੰਘ ਜੀ ਨੇ ਰਿਆਸਤ ਪਟਿਆਲਾ ਦਾ ਦੌਰਾ ਕੀਤਾ। ਮਹਾਰਾਜਾ ਭੁਪਿੰਦਰ ਸਿੰਘ ਨੇ ਇਸ ਨੂੰ ਆਪਣੇ ਪਰ ਹਮਲਾ ਸਮਝਿਆ ਤੇ ਇਸ ਦੌਰੇ ਦਾ ਸਖਤ ਵਿਰੋਧ ਕੀਤਾ। ਆਪਣੀ ਰਿਆਇਆ ਨੂੰ ਮਹਾਰਾਜਾ ਸਾਹਿਬ ਨੇ ਕਿਹਾ ਕਿ ਕੋਈ ਸਿੱਖ ਸ: ਖੜਕ ਸਿੰਘ ਦੇ ਸਵਾਗਤ ਵਿਚ ਹਿੱਸਾ ਨਾ ਲਵੇ ਪ੍ਰੰਤੂ ਜਿਨ੍ਹਾਂ ਸਿੰਘਾਂ ਦਾ ਪੰਥ ਨਾਲ ਪਿਆਰ ਸੀ, ਉਹ ਬਾਜ਼ ਨਾ ਆਏ। ਮਹਾਰਾਜਾ ਸਾਹਿਬ ਨੇ ਇਸ ਅਪ੍ਰਾਧ ਵਿਚ ਬਹੁਤ ਸਾਰੇ ਸਿੰਘਾਂ ਨੂੰ ਰਿਆਸਤ ਵਿਚੋਂ ਕੱਢ ਦਿੱਤਾ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ। ਸ: ਹਰਚੰਦ ਸਿੰਘ ਜੀ ਜੇਜੀ ਪਰ ਇਹ ਇਲਜ਼ਾਮ ਲਗਾਇਆ ਕਿ ਉਨ੍ਹਾਂ ਨੇ ਭੀ ਬਾਬਾ ਖੜਕ ਸਿੰਘ ਜੀ ਦੇ ਸਵਾਗਤ ਵਿਚ ਹਿੱਸਾ ਲਿਆ ਹੈ। ਇਸ ਦੋਸ਼ ਵਿਚ ਆਪ ਜੀ ਦੀ ਪਟਿਆਲੇ ਵਾਲੀ ਕੋਠੀ ਜਿਸ ਵਿਚ ਲੱਖਾ ਰੁਪਿਆਂ ਦਾ ਸਾਮਾਨ ਸੀ, ਜ਼ਬਤ ਕਰ ਲਈ ਗਈ।

ਇਸ ਪਰ ਭੀ ਮਹਾਰਾਜਾ ਸਾਹਿਬ ਦਾ ਦਿਲ ਨਾ ਭਰਿਆ ਅਤੇ ਉਨ੍ਹਾਂ ਨੇ ਸ: ਹਰਚੰਦ ਸਿੰਘ ਜੀ ਜੇਜੀ ਦੀ ਸਾਰੀ ਜਾਇਦਾਦ ਜ਼ਬਤ ਕਰਕੇ ਉਨ੍ਹਾਂ ਨੂੰ ਰਿਆਸਤ ਵਿਚੋਂ ਕੱਢ ਦਿੱਤਾ ਗਿਆ ਤੇ ਕੁਝ ਚਿਰ

Digitized by Panjab Digital Library | www.panjabdigilib.org

ਤੱਕ ਆਪ ਨੂੰ ਸ੍ਰੀ ਅੰਮ੍ਰਿਤਸਰ ਵਿਚ ਜਲਾ ਵਤਨੀ ਦੇ ਦਿਨ ਬਤੀਤ ਕਰਨੇ ਪਏ।

ਸ: ਹਰਚੰਦ ਸਿੰਘ ਜੀ ਦੀ ਜਾਇਦਾਦ ਤਕਰੀਬਨ ਵੀਹ ਮੁਰੱਬੇ ਹੈ ਅਤੇ ਆਪ ਜੀ ਨੂੰ ਖੇਤੀ ਬਾੜੀ ਦਾ ਇਤਨਾ ਸ਼ੌਕ ਸੀ ਕਿ ਆਪ ਨੇ ਸ਼ਾਨਦਾਰ ਬਾਗ ਲਗਾਏ ਅਤੇ ਵਧੀਆ ਕੋਠੀਆਂ ਬਣਾਈਆਂ। ਮਹਾਰਾਜਾ ਭੂਪਿੰਦਰ ਸਿੰਘ ਜੀ ਦੀ ਆਪ ਨਾਲ ਜੋ ਟਕਰ ਹੋਈ ਸੀ ਉਸ ਵਿਚ ਆਪ ਦਾ ਬਹੁਤ ਨੁਕਸਾਨ ਹੋਇਆ। ਇਸ ਤੋਂ ਪਹਿਲਾਂ ਆਪ ਨੇ ਪੰਥਕ ਕੰਮਾਂ ਲਈ ਲਖਾਂ ਰੁਪਏ ਦਾਨ ਦਿਤੇ ਅਤੇ ਪੰਥ ਵਲੋਂ ਜਦ ਭੀ ਕੋਈ ਅਪੀਲ ਹੋਈ ਸ: ਸਾਹਿਬ ਦੇ ਖਾਨਦਾਨ ਨੇ ਦਾਨ ਦੇਣ ਤੋਂ ਢਿੱਲ ਨਹੀਂ ਕੀਤੀ।

ਰਿਆਸਤਾਂ ਦੀ ਮਜ਼ਲੂਮ ਪ੍ਰਜਾ ਲਈ ਭੀ ਆਪ ਜੀ ਦੇ ਦਿਲ ਵਿਚ ਅਥਾਹ ਜੋਸ਼ ਸੀ। ਬਹੁਤ ਸਾਰੇ ਰਾਜਸੀ ਵਰਕਰ ਆਪ ਪਾਸੋਂ ਸਹਾਇਤਾ ਲੈ ਕੇ ਦੇਸ਼ ਭਲਾਈ ਦੇ ਕੰਮਾਂ ਵਿਚ ਹਿੱਸਾ ਲੈਂਦੇ ਰਹੇ। ਸ: ਸੇਵਾ ਸਿੰਘ ਜੀ ਠੀਕਰੀਵਾਲਾ ਜੇਲ੍ਹ ਵਿਚ ਸ਼ਹੀਦ ਹੋ ਗਏ। ਮਹਾਰਾਜਾ ਪਟਿਆਲਾ ਭੀ ਕੁਝ ਚਿਰ ਪਿਛੋਂ ਚਲਾਣਾ ਕਰ ਗਏ। ਮਹਾਰਾਜਾ ਯਾਦਵਿੰਦਰ ਸਿੰਘ ਗੱਦੀ ਪਰ ਬੈਠੇ ਤਾਂ ਆਪ ਨੇ ਸਭ ਤੋਂ ਪਹਿਲਾਂ ਇਹ ਯਤਨ ਕੀਤਾ ਕਿ ਜਿਨ੍ਹਾਂ ਖਾਨਦਾਨਾਂ ਨੂੰ ਮਹਾਰਾਜਾ ਭੂਪਿੰਦਰ ਸਿੰਘ ਜੀ ਨੇ ਜ਼ਿਦ ਵਿਚ ਆ ਕੇ ਨੁਕਸਾਨ ਪਹੁੰਚਾਇਆ ਸੀ ਉਸ ਨੂੰ ਦੂਰ ਕੀਤਾ ਜਾਵੇ। ਜੇਜੀ ਖਾਨਦਾਨ ਦਾ ਬਹੁਤ ਹੀ ਨੁਕਸਾਨ ਹੋਇਆ ਸੀ। ਦੇਵ ਨੇਤ ਨਾਲ ਮਹਾਰਾਜਾ ਯਾਦਵਿੰਦਰ ਸਿੰਘ ਜੀ ਦਾ ਰਿਸ਼ਤਾ ਸ: ਹਰਚੰਦ ਜੀ ਜੇਜੀ ਦੀ ਸਪੁਤਰੀ ਨਾਲ ਹੋ ਗਿਆ ਜਿਸ ਨੂੰ ਮਹਾਰਾਣੀ ਹੋਣ ਦਾ ਮਾਣ ਪ੍ਰਾਪਤ ਹੋਇਆ। ਇਸ ਪ੍ਰਕਾਰ ਸ: ਹਰਚੰਦ ਸਿੰਘ ਜੀ ਜੇਜੀ ਜੋ ਕੁਝ ਅਰਸਾ ਪਹਿਲਾਂ ਰਾਜਸੀ ਮਜ਼ਲੂਮ ਸਨ ਮਹਾਰਾਜਾ ਸਾਹਿਬ ਦੇ ਸੌਹਰੇ ਬਣ ਗਏ ਤੇ ਹੌਲੀ ਹੌਲੀ ਉਹ ਜ਼ਖਮ ਭਰਨੇ ਆਰੰਭ ਹੋ ਗਏ ਜੋ ਸਾਬਕ ਮਹਾਰਾਜਾ ਸਾਹਿਬ ਨੇ ਲਗਾਏ ਸਨ। ਉਪਰ ਲਿਖੀਆਂ ਲਿਖਤਾਂ ਤੋਂ ਪ੍ਰਗਟ ਹੁੰਦਾ ਹੈ ਕਿ ਸ: ਹਰਚੰਦ ਸਿੰਘ ਜੀ ਜੇਜੀ ਪਰਜਾ ਦੇ ਸਚੇ ਸੇਵਕ ਅਤੇ ਆਪਣੀ ਧੁਨ ਦੇ ਪਕੇ ਸਨ।

## ਜਥੇਦਾਰ ਇੰਦਰ ਸਿੰਘ ਜੀ ਮੱਝੂਕੇ

ਜਥੇਦਾਰ ਇੰਦਰ ਸਿੰਘ ਪਿਤਾ ਕਾਲਾ ਸਿੰਘ ਮਾਤਾ ਬਿਸ਼ਨ ਕੌਰ ਸਪੁਤ੍ਰੀ ਗੁਰਦਿਆਲ ਕੌਰ ਸਪੁਤਰ ਰਤਨ ਸਿੰਘ, ਜੀਵਨ ਸਿੰਘ, ਧੰਨਾ ਸਿੰਘ, ਜੀਤ ਸਿੰਘ, ਬੀਬੀ ਚਰਨ ਕੌਰ, ਕਰਤਾਰ ਕੌਰ ਪਿੰਡ ਮਝੂਕੇ, ਆਪ ਜੀ ਸ੍ਰੀ ਪੰਜਾ ਸਾਹਿਬ ਦੇ ਮੋਰਚੇ ਤੇ ਜਥਾ ਲੈ ਕੇ ਗਏ ਤੇ ਭਾਈ ਜੋਗਾ ਸਿੰਘ ਜੀ ਦੇ ਗੁਰਦੁਆਰਾ ਸਾਹਿਬ ਦੇ ਮੋਰਚੇ ਤੇ ਜਥੇ ਦੇ ਮੀਤ ਜਥੇਦਾਰ ਹੋ ਕੇ ਗਏ, ਜਿਨ੍ਹਾਂ ਦੀ ਸੇਵਾ ਹਿੰਦੂ ਤੇ ਪਠਾਣਾਂ ਨੇ ਬੜੇ ਪ੍ਰੇਮ ਨਾਲ ਕੀਤੀ, ਧੂਰੀ ਦੀਵਾਨ ਤੇ ਗ੍ਰਿਫਤਾਰ ਕਰ ਲਏ ਗਏ ਅਤੇ ਥਾਣੇਦਾਰ ਭਰਪੂਰ ਸਿੰਘ, ਸੋਡੀ ਬਖਸ਼ੀਸ਼ ਸਿੰਘ, ਬਖਸ਼ੀਸ਼ ਸਿੰਘ ਆਹਲੂਵਾਲੀਆ ਇਲਾਕਾ ਅੰਮ੍ਰਿਤਸਰ ਦੇ ਇਤ ਆਦਿ ਆਫੀਸਰਾਂ ਨੇ ਬੇਹਦ ਕੁਟਾਈ ਕਰਕੇ ਜਾਹਲੀ ਮੁਕਦਮੇ ਬਨਾਏ ਅਤੇ ਸਜ਼ਾ ੨੯ ਸਾਲ ਵਖ ੨ ਸੁਣਾਈ ਗਈ, ਉਗਾਹੀ ਸ: ਹਰਚੰਦ ਸਿੰਘ ਭਧੌੜੀਆਂ ਸ: ਨਥਾ ਸਿੰਘ ਭਧੋੜੀਆ ਆਨਰੇਰੀ ਨੇ ਦਿਤੀ। ਆਪ ਜੀ ਨੇ ਗੁਰਦੁਆਰੇ ਤੇ ਸਕੂਲ ਵਾਸਤੇ ਜ਼ਮੀਨ ਅਰਦਾਸ ਕਰਾਈ ਆਪ ਜੀ ਕੁਰਬਾਨੀ ਦੇ ਪੁੰਜ ਅਤੇ ਮਰਜੀਊੜੇ ਹਨ।

## ਭਾਈ ਨਰੈਣ ਸਿੰਘ ਜੀ ਚੰਨਣਵਾਲ

ਆਪ ਜੀ ਦਾ ਜਨਮ ਪਿੰਡ ਭਦੌੜ ਵਿਚ ਸ: ਮਹਿਤਾਬ ਸਿੰਘ ਜੀ ਦੇ ਘਰ ਮਾਤਾ ਦਇਆ ਕੌਰ ਦੀ ਕੁਖ ਤੋਂ ਹੋਇਆ। ਪਹਿਲਾਂ ਆਪ ਜੀ ਨੇ ੧੪ ਨੰਬਰ ਸਿੱਖ ਪਲਟਨ ਵਿਚ ੧੦

Digitized by Panjab Digital Library | www.panjabdigilib.org

ਸਾਲ ਨੌਕਰੀ ਕੀਤੀ ਤੇ ਰੀਜ਼ਰਵ ਆਏ। ਇਸ ਦੌਰਾਨ ਵਿਚ ਆਪ ਜੀ ਨੇ ਤਿੰਨ ਤਗਮੇ ਪ੍ਰਾਪਤ ਕੀਤੇ। ੧੯੧੪ ਦੀ ਲੜਾਈ ਵਿਚ ਫਿਰ ਗਏ ਤੇ ਜ਼ਖ਼ਮੀ ਹੋਏ ਤੇ ਦੋ ਤਗਮੇ ਹੋਰ ਮਿਲੇ। ੧੯੧੮ ਵਿਚ ਪੈਨਸ਼ਨ ਲੈ ਕੇ ਵਾਪਸ ਆਏ। ਜੈਤੋ ਦੇ ਮੋਰਚੇ ਵਿਚ ਆਪ ਪਹਿਲੇ ਸ਼ਹੀਦੀ ਜਥੇ ਨਾਲ ਗਏ ਤੇ ਬਹੁਤ ਸਾਰੀ ਮਾਰ ਕੁਟਾਈ ਸਹਾਰੀ। ੧੦ ਮਹੀਨੇ ਬਾਵਲ ਕਾਂਟੀ ਜੇਲ੍ਹ ਵਿਚ ਰਹੇ। ਦੋ ਸਾਲ ਆਪ ਨਾਭੇ ਬੀੜ ਵਿਚ ਬੰਦ ਰਹੇ। ਸੰਗਰੂਰ ਦੇ ਮੋਰਚੇ ਵਿਚ ਭੀ ਆਪ ਜਥਾ ਲੈ ਕੇ ਗਏ। ਮਲੇਰ ਕੋਟਲਾ ਐਜ਼ੀਟੇਸ਼ਨ ਸਮੇਂ ਭੀ ਆਪ ਜੀ ਨੇ ਵਧ ਚੜ੍ਹਕੇ ਹਿਸਾ ਲਿਆ। ਬਾਬਾ ਖੜਕ ਸਿੰਘ ਜੀ ਦੇ ਪਟਿਆਲੇ ਦੌਰੇ ਸਮੇਂ ਆਪ ਨੇ ਉਨ੍ਹਾਂ ਦੇ ਸਵਾਗਤ ਲਈ ਯਤਨ ਕੀਤੇ। ਇਸ ਦੋਸ਼ ਵਿਚ ਆਪ ਇਕ ਮਹੀਨਾ ਭਦੌੜ ਥਾਨੇ ਦੀ ਹਵਾਲਾਤ ਵਿਚ ਬੰਦ ਰਖੇ ਗਏ ਤੇ ਪੁਲਸ ਆਪ ਜੀ ਨੂੰ ਹਰ ਰੋਜ਼ ਮਾਰ ਕੁਟਾਈ ਕਰਿਆ ਕਰਦੀ ਸੀ। ਇਸ ਤੋਂ ਪਿਛੋਂ ਆਪ ਜੀ ਨੂੰ ਰਿਆਸਤ ਵਿਚੋਂ ਜਿਲਾਵਤਨ ਕਰ ਦਿਤਾ ਗਿਆ ਤੇ ੨੨ ਸਾਲ ਤੱਕ ਜਿਲਾਵਤਨ ਰਹੇ। ਪਟਿਆਲੇ ਵਿਚ ਬੰਦੋਬਸਤ ਹੋਣ ਤੇ ਮਾਮਲਾ ਵਧਾਉਣ ਵਿਚ ਐਜੀਟੇਸ਼ਨ ਕਰਨ ਦੇ ਸਿਲਸਲੇ ਵਿਚ ਆਪ ਨੂੰ ਦੋ ਸਾਲ ਕੈਦ ਤੇ ਦੋ ਸੌ ਰੁਪਏ ਜੁਰਮਾਨਾ ਕੀਤਾ ਗਿਆ। ੧੨ ਸਿੰਘਾਂ ਦੇ ਡੇਪੂਟੇਸ਼ਨ ਦੇ ਜਥੇਦਾਰ ਬਣਕੇ ਆਪ ਜੀ ਨੇ ਮਹਾਰਾਜਾ ਪਟਿਆਲਾ ਨਾਲ ਮੁਲਾਕਾਤ ਕੀਤੀ। ਮਹਾਰਾਜੇ ਨੇ ਮੰਗਾਂ ਨਾ ਮੰਨੀਆਂ ਤਾਂ ਆਪ ਨੇ ੭੮੫ ਪਿੰਡਾਂ ਦੇ ਮੁਜ਼ਾਰਿਆਂ ਨੂੰ ਭੜਕਾ ਕੇ ਬਟਾਈ ਦੇਣੀ ਰੋਕ ਦਿਤੀ। ਇਸ ਲਹਿਰ ਵਿਚ ਆਪ ਜੀ ਨੇ ਬੜੀਆਂ ਸਖਤੀਆਂ ਸਹਾਰੀਆਂ। ਜਿਲਾਵਤਨੀ ਦੇ ਦੌਰਾਨ ਵਿਚ ਆਪ ਚੰਨਣਵਾਲ ਰਹਿੰਦੇ ਰਹੇ ਅਤੇ ਕਾਂਗਰਸ ਵ੍ਹਿਚ ਭੀ ਕਈ ਵੇਰ ਜੇਲ੍ਹ ਗਏ।

## ਸ: ਉਜਾਗਰ ਸਿੰਘ ਕਪਤਾਨ ਭੋਤਨੇ

ਆਪ ਦਾ ਜਨਮ ਜਮਾਂਦਾਰ ਸਜਨ ਸਿੰਘ ਜੀ ਦੇ ਘਰ ਮਾਤਾ ਪਰਤਾਪ ਕੌਰ ਦੀ ਕੁਖ ਤੋਂ ਹੋਇਆ। ਆਪ ਅਜੇ ਸਕੂਲ ਵਿਚ ਹੀ ਪੜ੍ਹਦੇ ਸਨ ਕਿ ਭਾਈ ਫੇਰੂ ਤੇ ਜੈਤੋ ਦਾ ਮੋਰਚਾ ਆਰੰਭ ਹੋ ਗਿਆ। ਭਾਈ ਫੇਰੂ ਦੇ ਮੋਰਚੇ ਵਿਚ ਆਪ ਜੀ ਨੂੰ ਤਿੰਨ ਮਹੀਨੇ ਕੈਦ ਹੋਈ। ਵਾਪਸ ਆ ਕੇ ਆਪ ਨੇ ਮੈਟ੍ਰਿਕ ਪਾਸ ਕੀਤੀ ਤੇ ਰੁੜਕੀ ਜਾ ਕੇ ਸਾਇਪਰ ਮਾਈਨਜ਼ ਵਿਚ ਭਰਤੀ ਹੋ ਗਏ। ਇਸ ਸਮੇਂ ਆਪ ਕਪਤਾਨ ਹਨ ਤੇ ਪੰਥਕ ਮਾਮਲਿਆਂ ਵਿਚ ਕਾਫੀ ਦਿਲਚਸਪੀ ਲੈਂਦੇ ਹਨ। ਆਪ ਜੀ ਦੀਆਂ ਰੁਚੀਆਂ ਧਾਰਮਕ ਹਨ।

## ਸ: ਥੱਮਣ ਸਿੰਘ ਜੀ

ਸ: ਥੱਮਣ ਸਿੰਘ ਪਿੰਡ ਖਿਆਲਾ ਵਡਾ ਤੈਹਸੀਲ ਮਾਨਸਾ। ਆਪ ਜੀ ਨੂੰ ਬਾਬਾ ਖੜਕ ਸਿੰਘ ਜੀ ਦੇ ਦੌਰੇ ਸਮੇਂ ਬਾਬਾ ਜੀ ਨੂੰ ਫਤਹਿ ਬਲੌਣ ਦੇ ਜੁਰਮ ਵਿਚ ਪੁਲੀਸ ਨੇ ਕੁਟਕੁਟ ਕੇ ਸ਼ਹੀਦ ਕਰ ਦਿੱਤਾ। ਆਪ ਜੀ ਮਿੰਟਾਂ ਵਿਚ ਹੀ ਮਾਤਾ ਪਿਤਾ ਦੀਆਂ ਅੱਖਾਂ ਅੱਗੇ ਅਨ੍ਹੇਰਾਂ ਕਰ ਗਏ। ਸ: ਜੀ ਦੇ ਮਾਤਾ ਪਿਤਾ ਨੂੰ ਹੱਥੀਂ ਅੰਤਮ ਕਿਰਆ ਕਰਕੇ ਭੀ ਸਚ ਨ ਆਵੇ ਕਿ ਸਾਡਾ ਪੁਤ੍ਰ ਸ਼ਹੀਦ ਹੋ ਗਿਆ ਹੈ। ਪਿੰਡ ਚੋਂ ਭਮਤ੍ਰਿਆਂ ਵਤ ਫਿਰਦੇ ਪੁਛਿਆ ਕਰਨ (ਸਾਡਾ) ਥੱਮਣ ਸਿੰਘ ਨਹੀਂ ਦੇਖਿਆ? ਪੁਤਰਾਂ ਦੇ ਸਲ॥ ਨੋਟ॥ ਇਕ ਲਖਤ ਪੁਤਰ ਸ਼ਹੀਦ ਹੋਣ ਤੇ ਮਾਪਿਆਂ ਦਾ ਦਿਲ ਪੱਥਰ ਹੋ ਗਿਆ ਆਪ ਜੀ ਦਾ ਪੁਤ੍ਰ ਸੁਧ ਅਖੰਡ ਪਾਠੀ ਤੇ ਸੁੰਦਰ ਜੁਆਨ ਇਕ ਪੰਥ ਦਾ ਹੀਰਾ ਸੀ।

Digitized by Panjab Digital Library | www.panjabdigilib.org

## ਸ: ਭਗਵਾਨ ਸਿੰਘ ਲੌਂਗੋਵਾਲ

ਸ: ਭਗਵਾਨ ਸਿੰਘ ਲੌਂਗੋਵਾਲ ਕਟੜ ਅਕਾਲੀ ਹੋਣ ਦੇ ਕਾਰਨ ਆਪ ਜੀ ਨੂੰ ਬਾਗੀ ਕਰਾਰ ਦਿਤਾ ਗਿਆ ਤਾਂ ਆਪ ਜੀ ਇਸ ਕਰਕੇ ਰਿ: ਛਡਕੇ ਅੰਗ੍ਰੇਜ਼ੀ ਇਲਾਕੇ ਚੁ ਆਕੇ ਕੰਮ ਕਰਦੇ ਰਹੇ ਤਾਂ ਰਿਆਸਤੀ ਕਰਮ ਚਾਰੀਆਂ ਨੇ ਝੂਠੇ ਮੁਕੱਦਮੇ ਵਿਚ ਅੰਗ੍ਰੇਜ਼ੀ ਇਲਾਕੇ ਵਿਚੋਂ ਆਪ ਜੀ ਨੂੰ ਜ਼ਬਰੀ ਚਕਕੇ ਲੇ ਗਏ ਅਤੇ ੩੫ ਸਾਲ ਸਖਤ ਸਜ਼ਾ ਦਿੱਤੀ। ਜਿਸ ਪਰ ਕਰਨਲ ਰਘਬੀਰ ਸਿੰਘ ਦੇ ਪ੍ਰਬੰਧ ਹੇਠ ਆਪ ਜੀ ਉੱਤੇ ਬੇਹੱਦ ਸਖਤੀ ਕੀਤੀ ਗਈ। ਮੁਕਦੀ ਗੱਲ ਕਰਨਲ ਰਘਬੀਰ ਸਿੰਘ ਨੇ ਸ: ਭਗਵਾਨ ਸਿੰਘ ਤੇ ਰਜਕ ਕੇ ਕਸਾਈ ਪੁਣਾ ਕਰਕੇ ਆਪ ਜੀ ਨੂੰ ਸ਼ਹੀਦ ਕੀਤਾ ਗਿਆ। ਸ: ਜੀ ਪਰਜਾ ਮੰਡਲ ਦੇ ਮੋਡੀਆਂ ਚੁ ਸ: ਸੇਵਾ ਸਿੰਘ ਜੀ ਦੇ ਸਾਥੀ ਅਤੇ ਕੌਮ ਦੀ ਅੱਗਵਾਈ ਕਰਨ ਵਾਲੇ ਸਨ।

## ਭਾਈ ਵਜ਼ੀਰ ਸਿੰਘ ਜੀ ਦਫ਼ਤਰੀ ਵਾਲਾ

ਆਪ ਜੀ ਦਾ ਜਨਮ ਸਾਵਣ ਦੀ ਪੂਰਨਮਾਸ਼ੀ ਸੰਮਤ ੧੯੫੫ ਬਿਕਰਮੀ ਨੂੰ ਅੰਮ੍ਰਿਤ ਵੇਲੇ ੪ ਬਜੇ ਪਿਤਾ ਕਾਲੂ ਸਿੰਘ ਤੇ ਮਾਤਾ ਰਾਮ ਕੌਰ ਜੀ ਦੇ ਘਰ ਹੋਇਆ। ਆਪ ਜੀ ਨੂੰ ਪੰਥ ਸੇਵਾ ਦੀ ਲਗਨ ਫ਼ੌਜੀ ਨੌਕਰੀ ਵਿਚ ਨਨਕਾਣੇ ਸਾਹਿਬ ਦੇ ਸਾਕੇ ਤੋਂ ਪ੍ਰਭਾਵਤ ਹੋ ਕੇ ਲਗੀ। ਖਾਸਕਰ ਮੁਰਬਾ ਪੋਸਟ ਪਠਾਣਾਂ ਦੀ ਸਾਜ਼ਸ਼ ਦਬੌਣ ਗਿਆ। ਇਕ ਪਠਾਣ ਨਾਲ ਲੜਦਿਆਂ ਦੁਸ਼ਮਨ ਪਠਾਣ ਦੇ ਸਚੇ ਤੇ ਅਣਖੀਲੇ ਇਸ ਉਦੇਸ਼ ਨੇ ਅਸਰ ਕੀਤਾ ਕਿ ਜਲ੍ਹਿਆਂ ਵਾਲੇ ਬਾਗ ਦਾ ਕਾਰਾ ਵਰਤਾਉਣ ਵਾਲੇ ਅੰਗਰੇਜ਼ ਦੀ ਮਦਦ ਵਿਚ ਤੁਸੀਂ ਸਾਡੇ ਨਾਲ ਕਿਉਂ ਲੜ ਰਹੇ ਹੋ? ਨੌਕਰੀ ਛਡ ਦਿਤੀ ਤੇ ਦੇਸ਼ ਤੇ ਕੌਮ ਦੀ ਸੇਵਾ ਵਿਚ ਲੋੜ ਅਨੁਸਾਰ ਵਧ ਚੜ੍ਹਕੇ ਹਿਸਾ ਲਿਆ। ਜਿਸ ਦਾ ਕੁਝ ਵੇਰਵਾ ਇਹ ਹੈ:—

(੧) ੨੩ ਭਾਦੋਂ ੧੯੮੦ ਬਿਕਰਮੀ ਨੂੰ ਨਾਂਭਾ ਐਜੀਟੇਸ਼ਨ ਵਿਚ ਗ੍ਰਿਫ਼ਤਾਰ ਹੋ ਕੇ ਡੇਢ ਸਾਲ ਕੈਦ ਹੋਏ।

(੨) ਜੇਲ੍ਹ ਵਿਚ ਯੋਗ ਮੰਗ ਲਈ ੧੦ ਦਿਨ ਭੁਖ ਹੜਤਾਲ ਕੀਤੀ।

(੩) ਤਹਿਸੀਲ ਪਟਿਆਲੇ ਤੇ ਤਹਿਸੀਲ ਭਵਾਨੀ ਗੜ੍ਹ ਦੇ ਜਥੇਦਾਰ ਬਣ ਕੇ ਬਾਬਾ ਖੜਕ ਸਿੰਘ ਨਾਲ ਪ੍ਰਚਾਰ ਦੌਰਾ ਕੀਤਾ।

(੪) ੧ ਸਾਵਣ ੧੯੮੫ ਬਿ: ਨੂੰ ਮੰਡੀ ਮਾਨਸਾ ਵਿਖੇ ਬਾਬਾ ਖੜਕ ਸਿੰਘ, ਸ: ਭਗਵਾਨ ਸਿੰਘ ਲੌਂਗੋਵਾਲ, ਜਾਂਗੀਰ ਸਿੰਘ ਫੱਗੂਵਾਲ ਤੇ ਗਿਆਨੀ ਕਰਤਾਰ ਸਿੰਘ ਜੀ ਆਦਿ ਨਾਲ ਮਿਲ ਕੇ ਪਰਜਾ ਮੰਡਲ ਦੀ ਬੁਨਿਆਦ ਰਖੀ।

(੫) ੧੯੮੩ ਬਿ: ਵਿਚ 'ਬੀਰ ਅਕਾਲੀ' ਅਖਬਾਰ ਦੇ ਐਡੀਟਰ ਬਣ ਕੇ ਸੇਵਾ ਕੀਤੀ।

(੬) ੧੯੮੫ ਬਿ: ਵਿਚ ਦੁਗਲ ਤੋਂ ਕੌਮੀ ਸੇਵਾ ਕਰਦਿਆਂ ਗ੍ਰਿਫ਼ਤਾਰ ਹੋਕੇ ੪ ਮਹੀਨੇ ਕੈਦ ਹੋਏ

(੭) ਜੈਕਾਰਾ ਛਡਣ ਦੇ ਜੁਰਮ ਵਿਚ ੧ ਮਹੀਨਾ ਵਧ ਸਜ਼ਾ ਭੁਗਤੀ।

(੮) ੧੬ ਹਾੜ ੧੯੮੮ ਬਿ: ਨੂੰ ਧਾਰਮਕ ਦੀਵਾਨਾਂ ਬਾਰੇ ਧੂਰੀ ਤੋਂ ਗ੍ਰਿਫ਼ਤਾਰ ਹੋ ਕੇ ਭਗਤ ਸਿੰਘ ਢੰਡੋਵਾਲ, ਆਤਮਾ ਸਿੰਘ ਰੰਗੀਆਂ, ਹਰਨਾਮ ਸਿੰਘ ਧਰਮਗੜ੍ਹ, ਹਜ਼ੂਰਾ ਸਿੰਘ ਮਟਰਾਂ, ਜੋਗਿੰਦਰ ਸਿੰਘ ਹਰਚੰਦ ਪੁਰ, ਲਾਲ ਸਿੰਘ, ਸਾਧੂ ਸਿੰਘ ਭੁਲਰ ਹੇੜੀ ਨਾਭਾ, ਕਿਸ਼ਨ ਸਿੰਘ ਮਹਿਲ ਸਮੇਤ ਕੈਦ ਹੋਏ। ਪਹਿਲੇ ਪੰਜਾਂ ਨੂੰ ੪-੪ ਸਾਲ ਤੇ ਇਹਨਾਂ ਸਮੇਤ ਪਿਛਲੇ ਚੌਹਾਂ ਨੂੰ ੨-੨ ਸਾਲ ਦੀ ਸਜ਼ਾ ਹੋਈ ਤੇ ੭ ਸਾਵਣ ੧੯੯੦ ਬਿਕਰਮੀ ਨੂੰ ਰਿਹਾ ਹੋਏ।

Digitized by Panjab Digital Library | www.panjabdigilib.org

(੯) ੧੯੪੦ ਈ: ਨੂੰ ਭਵਾਨੀ ਗੜ੍ਹ ਕਾਨਫਰੰਸ ਵਿਚ ਪ੍ਰਾਪੇਗੰਡਾ ਸਕੱਤਰ ਕਣ ਕੇ ਦੋ ਸਾਲ ਕੈਦ ਹੋਏ, ੪ ਮਹੀਨੇ ਬਾਦ ਛਡੇ ਗਏ। ਇਸ ਪਰਕਾਰ ਆਪ ਹੁਣ ਤਕ ਦੇਸ਼ ਤੇ ਕੌਮ ਦੀ ਸੇਵਾ ਕਰਦੇ ਹਨ।

## ਸ: ਰਿੱਧਾ ਸਿੰਘ ਜੀ ਨਗਰ ਘੱਘਾ

ਆਪ ਜੀ ਦਾ ਜਨਮ ਸੰਮਤ ੧੯੪੯ ਬਿਕ੍ਰਮੀ ਵਿਚ ਇਕ ਸਰਦਾਰ ਘਰਾਣੇ ਵਿਚ ਸ: ਪ੍ਰਤਾਪ ਸਿੰਘ ਦੇ ਘਰ ਮਾਤਾ ਬਿਸ਼ਨ ਕੌਰ ਦੀ ਕੁਖ ਤੋਂ ਹੋਇਆ। ਨਨਕਾਣੇ ਸਾਹਿਬ ਦੇ ਸਾਕੇ ਨੇ ਆਪ ਜੀ ਨੂੰ ਪ੍ਰਭਾਵਤ ਕਰਕੇ ਪੰਥ ਸੇਵਾ ਵੱਲ ਲਾਇਆ। ਆਪ ਜੀ ਨੇ ਆਪਣੇ ਜੀਵਨ ਤਕ ਦੇਸ਼ ਤੇ ਕੌਮ ਲਈ ਅਣਖੀਲੇ ਸੂਰਬੀਰ ਬਣ ਕੇ ਬੇ ਅੰਤ ਕਸ਼ਟ ਝੱਲੇ, ਤੇ ਗੁਰੂ ਦੀ ਕ੍ਰਿਪਾ ਨਾਲ ਅਡੋਲ ਰਹੇ। ਸੰਖੇਪ ਵੇਰਵਾ ਇਉਂ ਹੈ:- (੧) ਸ਼੍ਰੋ: ਗੁ: ਪ੍ਰ: ਕਮੇਟੀ ਦੇ ਹੁਕਮ ਅਨੁਸਾਰ ਹੋਈ ਭਵਾਨੀ ਗੜ੍ਹ ਐਜੀਟੇਸ਼ਨ ਸਮੇਂ ਇਨ੍ਹਾਂ ਨੂੰ ਥਾਣੇਦਾਰ ਕੁਲਵੰਤ ਸਿੰਘ ਨੇ ਪਕੜ ਕੇ ਇਕ ਸਾਲ ਕੈਦ ਕਰਵਾਇਆ। (੨) ੧੯੮੧ ਬਿ: ਵਿਚ ੫੦੦ ਦੇ ਜਥੇ ਨਾਲ ਭਾ: ਫੇਰੂ ਦੇ ਮੋਰਚੇ ਵਿਚ ਜਾ ਕੇ ੬ ਮਹੀਨੇ ਕੈਦ ਰਾਵਲਪਿੰਡੀ ਜੇਲ੍ਹ ਵਿਚ ਕਟੀ। (੩) ੧੯੮੪ ਬਿ: ਵਿਚ ਬਾਬਾ ਖੜਕ ਸਿੰਘ ਨਾਲ ਦੌਰਾ ਕਰਦੇ ਹੋਇਆਂ ਨੂੰ ੧੦ ਮਾਘ ਨੂੰ ਥਾਣੇਦਾਰ ਰਘਬੀਰ ਸਿੰਘ, ਸੁਪ੍ਰੰਟੰਡੰਟ ਭਰਪੂਰ ਸਿੰਘ ਨੇ ਗ੍ਰਿਫਤਾਰ ਕਰਕੇ ਕਿਹਾ ਕਿ ਇਹ ਇਲਾਕੇ ਦੇ ਮੰਨੇ ਪ੍ਰਮੰਨੇ ਸਰਦਾਰ ਹਨ, ਇਨ੍ਹਾਂ ਦੀ ਨਿਰਾਦਰੀ ਪਿੰਡਾਂ ਦੇ ਬਾਜ਼ਾਰਾਂ ਵਿਚ ਫਿਰਾ ਕੇ ਕਰੋ, ਸੋ ਅਜੇਹਾ ਹੀ ਕੀਤਾ ਗਿਆ। (ਪੁਸਤਕ ਪਟਿਆਲਾ ਦਰਪਨ) ਇਸ ਮੌਕੇ ਤੇ ਥਾਣੇਦਾਰ ਬਘੇਲ ਸਿੰਘ ਸਨਾਮ ਤੇ ਥਾਣੇਦਾਰ ਬਖਸ਼ੀਸ਼ ਸਿੰਘ ਸੋਢੀ ਅੰਮ੍ਰਿਤਸਰ ਵੀ ਨਾਲ ਸਨ। (੪) ਨਾਜ਼ਮ ਜਮੀਲ ਹੁਸੈਨ ਤੇ ਤਹਿਸੀਲਦਾਰ ਸੁੰਦਰ ਸਿੰਘ ਦੀ ਰਾਹੀਂ ਆਪ ਦਾ ਘਰ ਬਾਰ ਜ਼ਬਤ ਕਰਕੇ ਆਪ ਨੂੰ ਜਲਾਵਤਨ ਕੀਤਾ ਗਿਆ। (੫) ੮ ਮਹੀਨੇ ਸਨਾਮ ਵਿਖੇ ਅਸਹਿ ਤੇ ਅਕਹਿ ਕਸ਼ਟ ਦਿੱਤੇ ਗਏ। (੬) ਆਪ ਨੇ ਜਲਾਵਤਨੀ ਵਿਚ ਪ੍ਰਜਾ ਮੰਡਲ ਦੀ ਪ੍ਰਧਾਨਗੀ ਨਿਭਾਈ। (੭) ਜੈਤੋ ਦੇ ਮੋਰਚੇ ਵਿਚ ਇਕ ਸਾਲ ਨਾਭਾ ਬੀੜ ਵਿਚ ਕੈਦ ਰਹੇ। (੮) ੧੯੮੫ ਬਿ: ਵਿਚ ਬਾਬਾ ਖੜਕ ਸਿੰਘ ਨਾਲ ਦੌਰਾ ਕਰਦੇ ਗ੍ਰਿਫਤਾਰ ਹੋ ਕੇ ਇਕ ਮਹੀਨਾ ਕੈਦ ਕਟੀ।

## ਜਥੇਦਾਰ ਸੰਪੂਰਨ ਸਿੰਘ ਰਾਮਾਂ

ਆਪ ਦਾ ਪਿਛਲਾ ਪਿੰਡ ਕੋਟਲੀ (ਮਾਨਸਾ) ਕੋਲ ਸੀ। ਆਪ ਪੁਰਾਣੀ ਰਿਸ਼ਤੇਦਾਰੀ ਦੇ ਕਾਰਨ ਰਾਮਾ ਮੰਡੀ ਵਿਖੇ ਵਾਸ ਕਰਦੇ ਹਨ। ਪਹਿਲਾਂ ਪਹਿਲਾਂ ਆਪ ਦੀਵਾਨਾਂ ਵਿਚ ਕੰਵਿਤਾ ਪੜ੍ਹਿਆ ਕਪਦੇ ਸਨ। ਫਿਰ ਆਪ ਆਪਣੇ ਪੁਰਸ਼ਾਰਥ ਨਾਲ ਅਕਾਲੀ ਲੀਡਰਾਂ ਨਾਲ ਕੰਮ ਕਰਨ ਕਰਕੇ ਆਪਣੇ ਇਲਾਕੇ ਦੇ ਸਰਕਰਦਾ ਲੀਡਰ ਮੰਨੇ ਜਾਂਦੇ ਹਨ। ਪੈਪਸੂ ਦੇ ਰਾਜਨੀਤਕ ਛੇਤ੍ਰ ਵਿਚ ਅਜ ਕਲ ਆਪ ਸਿਰਕਢ ਲੀਡਰ ਅਤੇ ਪੰਥ ਵਿਚ ਮਾਣਨੀਕ ਹਸਤੀ ਹੋਣ ਤੇ ਆਪ ਜੀ ਨੂੰ ਸਤਕਾਰਿਆ ਜਾਂਦਾ ਹੈ।

## ਜਥੇਦਾਰ ਪ੍ਰੀਤਮ ਸਿੰਘ ਗੁਜਰਾਂ

ਆਪ ਪਿੰਡ ਗੁੱਜਰਾਂ (ਸੁਨਾਮ ਕੋਲ) ਦੇ ਧਾਲੀਵਾਲਾਂ ਦੀ ਪਤੀ ਵਿਚੋਂ ਹਨ। ਪਹਿਲਾਂ ਅਕਾਲੀ ਲਹਿਰ ਵਿਚ ਆਪ ਨੇ ਬਹੁਤ ਕੰਮ ਕੀਤਾ। ਕਈਆਂ ਮੋਰਚਿਆਂ ਵਿਚ ਗਏ ਅਤੇ ਮਹਾਵਿਦਿਆਲਾ ਗੁਰਦੁਆਰਾ ਭਵਾਨੀਗੜ੍ਹ ਵਿਚ ਰਹਿ ਕੇ ਬਹੁਤ ਸੇਵਾ ਕਰਦੇ ਰਹੇ। ਪੈਪਸੂ ਬਣਨ ਦੇ ਸਮੇਂ ਤੋਂ ਅਜ ਤਕ ਰਾਜਨੀਤਕ ਛੇਤਰ ਵਿਚ ਆਪ ਅੱਥਕ ਸੇਵਾ ਕਰ ਰਹੇ ਹਨ। ਆਪ ਜੀ ਨੂੰ

Digitized by Panjab Digital Library | www.panjabdigilib.org

ਸ਼ੋ: ਅਕਾਲੀ ਦਲ ਦੀ ਪ੍ਰਧਾਨਗੀ ਉਸ ਵੇਲੇ ਸੌਂਪੀ ਗਈ, ਜਦ ਅਕਾਲੀ ਦਲ ਡਾਵਾਂ ਡੋਲ ਹਾਲਤ ਵਿਚ ਦੀ ਲੰਘ ਰਿਹਾ ਸੀ ਤਾਂ ਆਪ ਜੀ ਨੇ ਸਤਿਗੁਰੂ ਤੇ ਆਪ ਦੇ ਹਮਜੋਲੀਆਂ ਦੀ ਮਦਦ ਨਾਲ ਪੂਰੇ ਪੈਰਾਂ ਤੇ ਲਿਆਂਦਾ ਤਾਂ ਉਸ ਵੇਲੇ ਫੇਰ ਉਹਨਾਂ ਲੀਡਰਾਂ ਨੇ ਗੱਦੀ ਮੱਲ ਲਈ ।

## ਸ: ਕਰਤਾਰ ਸਿੰਘ ਦੀਵਾਨਾ

ਆਪ ਪਿੰਡ ਦੀਵਾਨਾ ਦੇ ਵਸਨੀਕ ਹਨ। ਆਪ ਅੰਗਰੇਜ਼ੀ ਤੇ ਗੁਰਮੁਖੀ ਦੇ ਜਾਣੂ ਹਨ। ਅਕਾਲੀ ਲਹਿਰ ਵਿਚ ਆਪ ਨੇ ਸ: ਮਹਿਤਾਬ ਸਿੰਘ ਅਤੇ ਗਿ: ਸ਼ੇਰ ਸਿੰਘ ਦੇ ਧੜੇ ਨਾਲ ਹੋ ਕੇ ਬਹੁਤ ਕੰਮ ਕੀਤਾ। ਅਖਬਾਰ ਕੌਮੀ ਦਰਦ ਅਤੇ ਮਾਲਵਾ ਪ੍ਰੈਸ ਤੋਰਨ ਵਾਲਿਆਂ ਮੋਢੀਆਂ ਵਿਚੋਂ ਹਨ। ਪੈਪਸੂ ਅਤੇ ਪੰਜਾਬ ਵਿਚ ਕੋਈ ਅਕਾਲੀ ਲਹਿਰ ਜਾਂ ਸੁਸਾਇਟੀ ਨਹੀਂ ਜਿਸ ਵਿਚ ਦੀਵਾਨਾ ਸਾਹਿਬ ਮੋਢੀ ਜਾਂ ਸੇਵਕ ਨਾ ਰਹੇ ਹੋਣ। ਪੈਪਸੂ ਦੀ ਪਹਿਲੀ ਕੌਂਸਲ ਦੇ ਆਪ ਐਮ. ਐਲ. ਏ. ਹਨ। ਧਰਮ ਅਰਥ ਬੋਰਡ ਦੇ ਆਪ ਮੀਤ ਪ੍ਰਧਾਨ ਹਨ। ਦੂਰ ਅੰਦੇਸ਼ ਤੇ ਸਿਆਸਤਦਾਨ ਬਹੁਤ ਹਨ।

## ਸਃ ਕਰਤਾਰ ਸਿੰਘ ਭਵਾਨੀਗੜ੍ਹ

ਆਪ ਢੋਡੇ ਭਵਾਨੀਗੜ੍ਹ ਦੇ ਵਸਨੀਕ ਹਨ। ਅਕਾਲੀ ਲਹਿਰ ਵਿਚ ਆਪ ਨੇ ਪ੍ਰੀਤਮ ਸਿੰਘ (ਗੁੱਜਰਾਂ) ਦੇ ਜਥੇ ਨਾਲ ਹੋ ਕੇ ਬੜੀ ਸੇਵਾ ਕੀਤੀ। ਕਈ ਵਾਰ ਆਪ ਮੋਰਚਿਆਂ ਵਿਚ ਗਏ।

## ਸਃ ਭੁਪਿੰਦਰ ਸਿੰਘ ਜੀ ਮਾਨ

ਆਪ ਪੰਥ ਵਿਚ ਮੰਨੀ ਪ੍ਰਮੰਨੀ ਹਸਤੀ ਅਤੇ ਉਚ ਦਰਜੇ ਦੇ ਵਿਦਵਾਨ ਸਿਖ ਲੀਡਰ ਹਨ। ਏਸੇ ਕਰਕੇ ਆਪ ਜੀ ਨੂੰ ਗੁਰੂ ਪੰਥ ਵਲੋਂ ਪਾਰਲੀਮੈਂਟ ਨਮਾਇੰਦਗੀ ਤੇ ਪੈਪਸੂ ਦੀ ਵਜ਼ੀਰੀ ਪ੍ਰਾਪਤ ਹੋਈ ਹੈ। ੧੯੫੫ ਦੇ ਅਕਾਲੀ ਦਲ ਵਲੋਂ ਸ਼ਹਿਰੀ ਅਜ਼ਾਦੀ ਮੋਰਚੇ ਦੇ ਦੂਜੇ ਨੰਬਰ ਤੇ ਡਿਕਟੇਟਰੀ ਹਾਸਲ ਕਰਕੇ ਜੇਲ੍ਹ ਅੰਦਰ ਜਾ ਕੇ ਮੋਰਚਾ ਫਤ੍ਹੇ ਹੋਣ ਤੇ ਸਾਰਿਆਂ ਅਕਾਲੀਆਂ ਨੂੰ ਰਿਹਾ ਕਰਕੇ ਬਾਹਰ ਆਏ।

## ਸਃ ਬਲਵੰਤ ਸਿੰਘ ਤੇ ਗਿਃ ਜਵਰ ਸਿੰਘ ਜੀ

ਆਪ ਦਾ ਪਿਡ ਬੀਹਲਾ ਬਾਬਾ ਬੁਢਾ ਜੀ ਦੀ ਵੰਸ ਵਿਚ ਜਨਮ ਲੈਣ ਦਾ ਮਾਨ ਪ੍ਰਾਪਤ ਹੋਇਆ। ਇਹ ਦੋਨੋਂ ਗੁਰੂ ਪੰਥ ਦੀ ਸੇਵਾ ਦਿਨ ਰਾਤ ਕਰਨਾ ਆਪ ਦਾ ਫਰਜ਼ ਸਮਝਦੇ ਹੋਏ ਬੜੀ ਹੀ ਨਿਰਮਾਨਤਾ ਨਾਲ ਸੇਵਾ ਕਰ ਰਹੇ ਹਨ।

## ਸਃ ਜੋਗਾ ਸਿੰਘ ਦਿਆਲ ਪੁਰ

ਆਪ ਜੀ ਦਾ ਪਿੰਡ ਦਿਆਲ ਪੁਰ ਮਿਰਜੇ ਦੇ ਪ੍ਰਸਿਧ ਖਾਨਦਾਨ ਸਰਦਾਰ ਹੁੰਦੇ ਹੋਏ ਅਕਾਲੀ ਲਹਿਰ ਵਿਚ ਪੂਰਾ ਹਿਸਾ ਪਾਇਆ। ਜੈਸੇ ਮੋਰਚਾ ਜੈਤੋ ਤੇ ਸੰਗਰੂਰ ਆਦਿ ਵਿਚ ਵਧ ਚੜ੍ਹਕੇ ਕੁਰਬਾਨੀਆਂ ਦਿੰਦਿਆਂ ਹੋਇਆਂ ਆਪ ਨੇ ਕਰਮਚਾਰੀਆਂ ਵਲੋਂ ਦਿਤੇ ਹੋਏ ਤਸੀਹੇ ਖਿੜੇ ਮਥੇ ਝਲ ਕੇ ਅਕਾਲ ਪੁਰਖ ਦਾ ਸ਼ੁਕਰ ਕਰਨ ਵਾਲੇ ਹਨ।

## ਸ: ਪ੍ਰੀਤਮ ਸਿੰਘ ਜੀ ਮੋਫਰ

ਆਪ ਜੀ ਪੈਪਸੂ ਤੇ ਪੰਜਾਬ ਵਿਚ ਕੁਰਬਾਨੀਆਂ ਤੇ ਪੰਥਕ ਪਿਆਰ ਹੋਣ ਤੇ ਹਰਮਨ ਪਿਆਰੇ ਹਨ। ੧੯੫੫ ਵਿਚ ਸ਼ਹਿਰੀ ਅਜ਼ਾਦੀ ਮੋਰਚੇ ਦੇ ੭ ਨੰਬਰ ਤੇ ਪੰਥ ਵਲੋਂ ਡਿਕਟੇਟਰ ਤੇ

Digitized by Panjab Digital Library | www.panjabdigilib.org

ਪੈਪਸੂ ਅਸੈਂਬਲੀ ਦੇ ਐਮ. ਐਲ. ਏ. ਚੁਣੇ ਗਏ ਸਨ। ਆਪ ਪੰਥ ਵਲੋਂ ਇਤਨਾ ਮਾਨ ਪ੍ਰਾਪਤ ਕਰਕੇ ਨਿਰਮਾਣਤਾਈ ਨਾਲ ਸੇਵਾ ਕਰਦੇ ਹਨ।

## ਗਿਆਨੀ ਬਲਬੀਰ ਸਿੰਘ ਜੀ

ਗਿ: ਬਲਬੀਰ ਸਿੰਘ ਪਿਤਾ ਸ: ਬਲਵੰਤ ਸਿੰਘ ਹਿਸਟੋਰੀਅਨ* ਦੇ ਘਰ ਪਿੰਡ ਗੁਮਟੀ ਕਲਾਂ ਵਿਖੇ ਜਨਮ ਹੋਇਆ। ਆਪ ਜੀ ਵਿਦਿਆ ਹਾਸਲ ਕਰਦਿਆਂ ਆਪ ਨੂੰ ਪੰਥਕ ਸੇਵਾ ਦੀ ਚੇਟਕ ਲਗ ਗਈ ਤੇ ਪੰਥ ਨੂੰ ਹੋਣ ਹਾਰ ਨੌਜਵਾਨ ਬੇਗਰਜ ਤੇ ਪੰਥਕ ਜ਼ਜ਼ਬਾਤ ਭਰਪੂਰ ਉਪਕਾਰੀ ਹਰ ਇਕ ਦੇ ਹਰਮਨ ਪਿਆਰੇ ਹੋਣ ਤੇ ਹਰ ਥਾਂ ਸਲਾਹੀਦੇ ਹਨ।

## ਰਿਆਸਤ ਪਟਿਆਲਾ ਦੇ ਪ੍ਰਵਾਰਾਂ ਸਮੇਤ ਜਲਾਵਤਨ ਅਕਾਲੀ

ਭਾਈ ਸਰਾਇਣ ਸਿੰਘ ਜੀ ਪਿਤਾ ਸ: ਚੰਦਾ ਸਿੰਘ ਜੀ ਮਾਤਾ ਚੰਦ ਕੌਰ ਜੀ ਸਪਤਨੀ ਗੁਰਦਿਆਲ ਕੌਰ ਸਪੁਤਰ ਬਲਵੰਤ ਸਿੰਘ, ਰਣਜੀਤ ਸਿੰਘ, ਮਿਹਰ ਸਿੰਘ, ਰਾਜਿੰਦਰ ਸਿੰਘ ਤੇ ਬੀਬੀ ਬਲਵੰਤ ਕੌਰ ਜੀ।

ਭਾਈ ਕਰਤਾਰ ਸਿੰਘ ਜੀ ਪਿਤਾ ਸ: ਠਾਕਰ ਸਿੰਘ ਜੀ ਪਿੰਡ ਬੀਲ੍ਹਾ।

ਜਥੇਦਾਰ ਹੀਰਾ ਸਿੰਘ ਜੀ ਪਿਤਾ ਸ: ਖ਼ਜ਼ਾਨ ਸਿੰਘ ਮਾਤਾ ਚੰਦ ਕੌਰ ਪਿੰਡ ਮਝੂ ਕੇ

ਭਾਈ ਵਰਿਆਮ ਸਿੰਘ ਜੀ ਪਿਤਾ ਸ: ਭਗਵਾਨ ਸਿੰਘ ਮਾਤਾ ਰਾਜ ਕੌਰ ਪਿੰਡ ਮਝੂਕੇ।

| ਭਾਈ ਕੇਹਰ ਸਿੰਘ | ਪਿੰਡ ਭੌੜੇ ਲੌਪੇ। | |
| ਬਾਬਾ ਸੁੰਦਰ ਸਿੰਘ | ਪਿੰਡ ਢਡਰੀਆਂ। | |
| ਭਾਈ ਜਗਤ ਸਿੰਘ | ਪਿੰਡ ਢਡਰੀਆਂ। | |
| ਭਾਈ ਨੰਦ ਸਿੰਘ | ਪਿੰਡ ਢਡਰੀਆਂ। | |
| ਭਾਈ ਪ੍ਰਤਾਪ ਸਿੰਘ | ਪਿੰਡ ਢਡਰੀਆਂ। | |
| ਭਾਈ ਗੁਰਬਚਨ ਸਿੰਘ | ਪਿੰਡ ਦਾਨ ਗੜ੍ਹ। | |
| ਭਾਈ ਗੁਰਮੁਖ ਸਿੰਘ | ਪਿੰਡ ਦਾਨ ਗੜ੍ਹ ਕਲਾਂ। | |
| ਭਾਈ ਗੁਰਮੁਖ ਸਿੰਘ | ਪਿੰਡ ਦਾਨ ਗੜ੍ਹ ਛੋਟਾ। | |
| ਭਾਈ ਅਰਜਨ ਸਿੰਘ | ਪਿੰਡ ਧਨੌਲਾ। | |
| ਭਾਈ ਕਰਮ ਸਿੰਘ ਨੇਕ ਪਿੰਡ ਗਿੱਲ ਫੂਲ | ਆਪ ਪ੍ਵਾਰ ਸਮੇਤ ਜਲਾ-ਵਤਨ ਕੀਤੇ ਗਏ। | |
| ਭਾਈ ਮਹਿਲ ਸਿੰਘ ਲੋਹਟ ਘਰੀਆਂ | ਪਿੰਡ ਗੁਮਟੀ। | |
| ਭਾਈ ਸ਼ੇਰ ਸਿੰਘ ਪਟਵਾਰੀ | ਪਿੰਡ ਭਧਲਬੂਹਾ। | |

Digitized by Panjab Digital Library | www.panjabdigilib.org

# ਰਿਆਸਤ ਮਾਲੇਰਕੋਟਲਾ

ਦੇ

ਨਗਰ ਕੁਠਾਲਾ ਵਿਖੇ, ਪਰਜਾ ਮਾਲੇਰਕੋਟਲਾ

ਉਤੇ

## ਜ਼ੁਲਮੀਂ ਘਟਾਂ

੧੭ ਜੁਲਾਈ ੧੯੨੭

ਇਸ ਅਨਹੋਣੇ ਜ਼ੁਲਮਾਂ ਦੇ ਭਠ ਵਿਚ ਸ਼ਹੀਦ ਹੋਏ ਸਿੰਘਾਂ ਦੇ ਨਾਮ

ਅਗੇ ਪੜ੍ਹੋ

Digitized by Panjab Digital Library | www.panjabdigilib.org

# ਜ਼ੁਲਮੀ ਘਟਾਂ ਦਾ ਸੰਖੇਪ ਇਤਿਹਾਸ

ਪੰਜਾਬ ਵਿਚ ਹੀ ਨਹੀਂ ਸਗੋਂ ਸਾਰੇ ਹਿੰਦੁਸਤਾਨ ਵਿਚ ਗੁਰ ਅਸਥਾਨਾਂ ਦੇ ਪ੍ਰਬੰਧਕਾਂ (ਪੁਜਾਰੀਆਂ) ਦੇ ਕੁਕਰਮਾਂ ਦੇ ਹਥੋਂ ਸਿੱਖ ਜਨਤਾ ਬਹੁਤ ਹੀ ਤੰਗ ਸੀ, ਜਦ ਸੰਨ ੧੯੨੧ ਵਿਚ ਅਕਾਲੀ ਲਹਿਰ ਉਠੀ ਤਾਂ ਜਨਤਾ ਦੁਧ ਦੇ ਉਬਾਲ ਵਾਂਗੂ ਇਕ ਦਮ ਭੜਕ ਉਠਣ ਦੇ ਕਾਰਨ ਰਿਆਸਤ ਪਟਿਆਲਾ ਤੇ ਰਿਆਸਤ ਨਾਭਾ ਦੇ ਸਰਕਾਰੀ ਕਰਮਚਾਰੀਆਂ ਨੇ ਵੀ ਅਕਾਲੀ ਸਿੰਘਾਂ ਜਾਂ ਅਕਾਲੀ ਲਹਿਰ ਵਿਚ ਹਿਸਾ ਲੈਣ ਵਾਲਿਆਂ ਨੂੰ ਲੰਮੀਆਂ ਸਜ਼ਾਵਾਂ ਅਤੇ ਸਣੇ ਪ੍ਰਵਾਰਾਂ ਦੇ ਹਜ਼ਾਰਾਂ ਦੀ ਗਿਣਤੀ ਵਿਚ ਜਿਲਾਵਤਨ ਕਰ ਦਿਤੇ, ਜੋ ਪਿੰਡਾਂ, ਪਤੀਆਂ ਅਤੇ ਸੈਂਕੜੇ ਘੁਮਾਂਵਾਂ ਦੇ ਮਾਲਕਾਂ ਨੂੰ ਘਰਾਂ ਵਿਚੋਂ ਸੋਟੀ ਵੀ ਚੁਕਣ ਦੀ ਆਗਿਆ ਨਾ ਦਿਤੀ, ਸਚੀ ਕੁਰਬਾਨੀ ਅਤੇ ਆਪਣੇ ਧਰਮ ਦੀ ਰਖਿਆ ਕਰਦਿਆਂ ਨੂੰ ਰਿਆਸਤ ਤੋਂ ਬਾਹਰ ਪੰਜਾਬ ਵਿਚ ਸਿਰਕੀ ਵਾਸਾਂ ਦੀ ਤਰ੍ਹਾਂ ਦਿਨ ਕਟਣੇ ਪਏ। ਇਨ੍ਹਾਂ ਦੀ ਰੀਸੇ ਮਲੇਰ ਕੋਟਲੀਏ ਨੂੰ ਵੀ ਜਿਨ੍ਹਾਂ ਦੇ ਗੁਰੂ ਨੇ ਮਲੇਰੀਆਂ ਦੀ ਜੜ੍ਹ ਹਰੀ ਰਖੀ ਸੀ, ਉਸ ਨੇ ਗੁਰੂ ਦੇ ਸਿਖਾਂ ਨੂੰ ਸਤਾਉਣਾ ਆਰੰਭ ਦਿਤਾ, ਜਦ ਮੁਸੀਬਤ ਦੇ ਮਾਰਿਆਂ ਦੀ ਕੋਈ ਦਾਦ ਫਰਿਆਦ ਨਾ ਸੁਣੇ ਤਾਂ ਰਿਆਸਤਾਂ ਦੇ ਏਜੰਟ ਰਾਹੀਂ ਹਿੰਦ ਵਾਇਸ ਰਾਇ ਨੂੰ ਮੈਮੋਰੰਡਮ ਭੇਜਿਆ, ਇਤ ਆਦਿ ਪਰਜਾ ਦੇ ਦੁਖਾਂ ਦੀ ਨਿਵਰਤੀ ਲਈ ਜ਼ਿਮੀਂਦਾਰ ਕਮੇਟੀ ਦੇ ਸਕੱਤਰ ਵਲੋਂ ੧੭ ਜੁਲਾਈ ਸੰਨ ੧੯੨੭ ਨੂੰ ਨਗਰ ਕੁਠਾਲਾ ਰਿਆਸਤ ਮਲੇਰ ਕੋਟਲਾ ਵਿਖੇ ਇਕ ਭਾਰੀ ਦੀਵਾਨ ਰਖਿਆ ਗਿਆ, ਜਿਸ ਪਰ ਨਿਹਥੀ ਜਨਤਾ ਪਰ ਨਵਾਬ ਮਲੇਰ ਕੋਟਲਾ ਵਲੋਂ ਅਗੇ ਲਿਖੇ ਅਨੁਸਾਰ ਜ਼ੁਲਮ ਅਤੇ ਅਤਿਆਚਾਰ ਕੀਤੇ ਗਏ, ਜਿਨ੍ਹਾਂ ਨੂੰ ਜ਼ੁਲਮੀ ਘਟਾਂ ਕਹਿ ਕੇ ਯਾਦ ਕੀਤਾ ਜਾਂਦਾ ਹੈ।

## ਨਗਰ ਕੁਠਾਲਾ ਰਿਆਸਤ ਮਲੇਰ ਕੋਟਲਾ ਦੀ ਦੁਰਘਟਨਾ

"ਰਾਜੇ ਪਾਪ ਕਮਾਂਵਦੇ, ਉਲਟੀ ਵਾੜ ਖੇਤ ਨੂੰ ਖਾਏ"

ਜ਼ਿਮੀਂਦਾਰ ਕਮੇਟੀ ਰਿਆਸਤ ਮਲੇਰ ਕੋਟਲਾ ਨੇ ੨੫ ਮਾਰਚ ੧੯੨੭ ਨੂੰ ਪੰਜਾਬ ਦੀਆਂ ਰਿਆਸਤਾਂ ਦੇ ਏਜੰਟ ਰਾਹੀਂ ਵਾਇਸਰਾਏ ਹਿੰਦ ਨੂੰ ਇਕ ਮੈਂਮੋਰੰਡਮ ਭੇਜਿਆ, ਜਿਸ ਵਿਚ ਪੀੜਤ ਪਰਜਾ ਦੇ ਕਸ਼ਟਾਂ ਵਿਚ ਪੜਤਾਲ ਲਈ ਕਮਿਸ਼ਨ ਦੀ ਮੰਗ ਕੀਤੀ ਗਈ, ਸੈਕਟਰੀ ਵਲੋਂ ਪਰਜਾ ਦੀ ਮੰਗ ਉਤੇ ਵਿਚਾਰ ਕਰਨ ਲਈ ਤਸੱਲੀ ਭਰਿਆ ਉਤਰ ਆਉਣ ਤੋਂ ਉਸ ਦੀ ਪੈਰਵੀ ਲਈ ਜ਼ਿਮੀਂਦਾਰਾ ਕਮੇਟੀ ਵਲੋਂ ਇਕ ਡੇਪੂਟੇਸ਼ਨ ਤਿਆਰ ਕੀਤਾ ਗਿਆ, ਜਿਸ ਨੇ ਆਪਣੇ ਖੁਲ੍ਹੇ ਪ੍ਰੋਗਰਾਮ ਅਨੁਸਾਰ ੧੯ ਜੁਲਾਈ ੧੯੨੭ ਨੂੰ ਸ਼ਿਮਲੇ ਜਾਣਾ ਸੀ, ਇਕ ਦਿਨ ਪਹਿਲਾਂ ੧੭ ਜੁਲਾਈ ਨੂੰ ਨਵਾਬ ਮਲੇਟ ਕੋਟਲਾ ਨੇ ਸਵੇਰੇ ਸਤ ਵਜੇ ਮਿਲਟਰੀ ਅਤੇ ਪੁਲੀਸ ਨਾਲ ਨਗਰ ਨੂੰ ਘੇਰਾ ਪਾ ਲਿਆ ਅਤੇ ਬਿਨਾਂ ਪੁਛ ਗਿਛ ਕਰਨ ਤੋਂ ਫਾਇਰ ਖੋਲ੍ਹ ਦਿਤਾ, ਬਾਹਰ ਜੋ ਸਿੰਘ ਨਿਕਲ ਗਏ ਸੀ ਉਨ੍ਹਾਂ ਵਿਚੋਂ ਵੀ ਕਈ ਫਟੜ ਕਰਕੇ ਫੜ ਲਿਆਂਦੇ, ਇਸ ਦੁਰਘਟਨਾ ਵਿਚ ਦਸ ਸਿੰਘ ਸ਼ਹੀਦ ਹੋ ਗਏ, ਛੇ ਸਿੰਘ ਮਰਨ ਕਿਨਾਰੇ ਪੁਜ ਗਏ, ਜੋ ਬਿਨਾਂ ਇਲਾਜ ਤੋਂ ਮਗਰੋਂ ਕੁਝ ਚਿਰ ਜਿਉਂਦੇ ਰਹਿ ਕੇ ਮਿਰਤੂ ਹੋ ਗਏ। ਇਕ ਬੀਬੀ ਸ਼ਹੀਦ ਹੋਈ, ਦੋ ਬੈਲ ਅਤੇ ਇਕ ਕੁਤਾ ਗੋਲੀਆਂ ਨਾਲ ਮਾਰੇ ਗਏ।

Digitized by Panjab Digital Library | www.panjabdigilib.org

# ਇਸ ਅਨਹੋਣੇ ਜ਼ੁਲਮ ਦੇ ਭੱਠ ਵਿਚ ਸ਼ਹੀਦ ਹੋਏ ਸਿੰਘਾਂ ਦੇ ਨਾਮ

| ਨਾਮ | ਪਿਤਾ | ਗੋਤ | ਉਮਰ | ਪਿੰਡ |
|---|---|---|---|---|
| ਭਾਈ ਤਾਰਾ ਸਿੰਘ | ਭਾਈ ਇੰਦਰ ਸਿੰਘ | ਚਹਿਲ | ੨੪ ਸਾਲ | ਕੁਠਾਲਾ |
| ਭਾਈ ਸੰਤ ਸਿੰਘ | ਭਾਈ ਹਰਨਾਮ ਸਿੰਘ | ,, | ੩੦ ਸਾਲ | ,, |
| ਭਾਈ ਜੈਮਲ ਸਿੰਘ | ਭਾਈ ਰੂਪ ਸਿੰਘ | ,, | ੪੦ ਸਾਲ | ,, |
| ਭਾਈ ਹਰੀ ਸਿੰਘ | ਭਾਈ ਰਾਜੂ ਸਿੰਘ | ,, | ੩੦ ਸਾਲ | ,, |
| ਭਾਈ ਜਿਉਣ ਸਿੰਘ | ਭਾਈ ਖਜ਼ਾਨ ਸਿੰਘ | ,, | ੪੦ ਸਾਲ | ,, |
| ਭਾਈ ਵੀਰ ਸਿੰਘ | ਭਾਈ ਅਤਰ ਸਿੰਘ | ,, | ੩੫ ਸਾਲ | ,, |
| ਭਾਈ ਘੁਲਾ ਸਿੰਘ | ਭਾਈ ਦਿੱਤੂ ਸਿੰਘ | ,, | ੨੫ ਸਾਲ | ,, |
| ਭਾਈ ਅਰਜਨ ਸਿੰਘ | ਭਾਈ ਦਸੌਂਧਾ ਸਿੰਘ | ,, | ੪੫ ਸਾਲ | ,, |
| ਭਾਈ ਕਾਕਾ ਸਿੰਘ | ਭਾਈ ਰੂੜ ਸਿੰਘ | ,, | ੨੦ ਸਾਲ | ,, |
| ਭਾਈ ਕਿਸ਼ਨ ਸਿੰਘ | ਭਾਈ ਰਾਮ ਸਿੰਘ | ਭਰੀ | ੩੦ ਸਾਲ | ,, |
| ਬੀਬੀ ਕਾਕੋ | ਭਾਈ ਪ੍ਰਤਾਪ ਸਿੰਘ | ਸੰਧੂ | ੪੫ ਸਾਲ | ,, |

# ਫਟੜ ਸਿੰਘਾਂ ਦੇ ਨਾਉਂ ਜੋ ਗੋਲੀਆਂ ਨਾਲ ਫਟੜ ਕੀਤੇ ਗਏ

| ਨਾਮ | ਪਿਤਾ | ਗੋਤ | ਉਮਰ | ਪਿੰਡ |
|---|---|---|---|---|
| ਭਾਈ ਮਲ ਸਿੰਘ | ਭਾਈ ਦਿਤ ਸਿੰਘ | ਚਹਿਲ | ੫੦ ਸਾਲ | ਕੁਠਾਲਾ |
| ਭਾਈ ਚਤਰ ਸਿੰਘ | ਭਾਈ ਜਿਉਣ ਸਿੰਘ | ,, | ੫੫ ਸਾਲ | ,, |
| ਭਾਈ ਵਜ਼ੀਰ ਸਿੰਘ | ਭਾਈ ਰਾਮ ਸਿੰਘ | ਭਰੀ | ੬੦ ਸਾਲ | ,, |
| ਭਾਈ ਹਰਨਾਮ ਸਿੰਘ | ਭਾਈ ਗੁਰਦਿਤ ਸਿੰਘ | ਸੰਧੂ | ੫੫ ਸਾਲ | ,, |
| ਭਾਈ ਚਤਰ ਸਿੰਘ | ਭਾਈ ਸਾਹਿਬ ਸਿੰਘ | ਚਹਿਲ | ਸ਼ਹੀਦ | ,, |
| ਭਾਈ ਤਰਲੋਕ ਸਿੰਘ | ਭਾਈ ਨਿਹਾਲ ਸਿੰਘ | ,, | ਸ਼ਹੀਦ | ,, |

ਜਦੋਂ ਨਗਰ ਨੂੰ ਲੁਟਿਆ ਜਾ ਰਿਹਾ ਸੀ ਤਾਂ ਇਸ ਬੀਬੀ ਨੇ ਜਿਸ ਦਾ ਨਾਉਂ ਕਾਕੋ ਸੀ, ਆਪਣਾ ਗਹਿਣਾ ਦੇਣੇ ਤੋਂ ਇਨਕਾਰ ਕਰ ਦਿੱਤਾ ਸੀ। ਜਿਸ ਤੋਂ ਪੁਲੀਸ ਨੇ ਇਸ ਬੀਬੀ ਦੇ ਗੋਲੀ ਮਾਰੀ, ਗੋਲੀ ਦੁੱਧੀ ਨੂੰ ਚੀਰਦੀ ਹੋਈ ਛਾਤੀ ਤੋਂ ਸਾਰ ਪਾਰ ਲੰਘ ਗਈ। ਭਾਵ ਕਿ ਸਾਰੇ ਨਗਰ ਨੂੰ ਲੁਟ ਕੇ, ਘਰ ਘਰ ਦਾ ਸਾਮਾਨ ਗੱਡਿਆਂ ਵਿਚ ਪਾ ਕੇ ਮਲੇਰਕੋਟਲੇ ਲੈ ਗਏ। ੧੫੦ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਨ੍ਹਾਂ ਵਿਚੋਂ ਗੋਲੀ ਦੇ ਫੱਟੜ ੭, ਸੰਗੀਨਾਂ ਦੇ ਫੱਟੜ ੪ ਅਤੇ ਬਾਕੀਆਂ ਨੂੰ ਡਾਂਗਾਂ ਨਾਲ ਮਾਰਿਆ ਕੁਟਿਆ ਗਿਆ।

# ਸੰਗੀਨਾਂ ਦੇ ਫੱਟੜਾਂ ਦੇ ਨਾਉਂ

੧. ਪ੍ਰਧਾਨ ਨਰੈਣ ਸਿੰਘ ਪਿਤਾ ਸ: ਅਨੋਖ ਸਿੰਘ ਗੋਤ ਚਹਿਲ ਪਿੰਡ ਕੋਠਾਲਾ ਉਮਰ ੫੦ ਸਾਲ।
੨. ਭਾ: ਬਚਨ ਸਿੰਘ ਪਿਤਾ ਸ: ਦੇਵਾ ਸਿੰਘ ਪਿੰਡ ਘਨੌਰ ਕਲਾਂ ਉਮਰ ੬੦ ਸਾਲ।
੩. ਭਾ: ਬਿਜਲਾ ਸਿੰਘ ਪਿਤਾ ਭਾਈ ਨੱਥੂ ਰਾਮ ਪਿੰਡ ਘਨੌਰ ਕਲਾਂ ਉਮਰ ੬੦ ਸਾਲ।
੪. ਭਾ: ਚਤਰ ਸਿੰਘ ਪਿੰਡ ਕੁਠਾਲਾ ਉਮਰ ੪੫ ਸਾਲ।

Digitized by Panjab Digital Library | www.panjabdigilib.org

ਇਨ੍ਹਾਂ ੧੫੦ ਸਿੰਘਾਂ ਵਿਚੋਂ ੩੯ ਸਿੰਘਾਂ ਨੂੰ ਸਜ਼ਾ ਹੋਈ, ਜੋ ੧੯ ਸਾਲ ਤੋਂ ੬ ਮਹੀਨੇ ਤੱਕ ਸੀ। ਇਨ੍ਹਾਂ ਹੇਠ ਲਿਖਿਆਂ ਚੌਂਹ ਸਿੰਘਾਂ ਨੂੰ ੧੯ ਸਾਲ ਦੀ ਕੈਦ ਹੋਈ।

(੧) ਸ: ਦਿਆਲ ਸਿੰਘ ਸਕੱਤ੍ਰ ਪਿੰਡ ਕੁਠਾਲਾ। (੨) ਸ: ਆਤਮਾ ਸਿੰਘ ਪਿੰਡ ਨਬ੍ਹ ਮਾਜਰਾ। (੩) ਸ: ਸੇਵਾ ਸਿੰਘ ਪਿੰਡ ਬਪਲਾ। (੪) ਗਿ: ਕੇਹਰ ਸਿੰਘ ਚੱਕ ਖੁਰਦ।

ਇਨ੍ਹਾਂ ਹੇਠ ਲਿਖਿਆਂ ਸਿੰਘਾਂ ਨੂੰ ਸਤ ੨ ਸਾਲ ਦੀ ਕੈਦ ਹੋਈ:-

ਭਾ: ਨਰਾਇਨ ਸਿੰਘ ਪਿਤਾ ਸ: ਅਨੋਖ ਸਿੰਘ। ਸ: ਜੀਵਾ ਸਿੰਘ ਪਿੰਡ ਕੇਲੋ। ਸ: ਗੰਡਾ ਸਿੰਘ ਪਿੰਡ ਕੁਪ ਕਲਾਂ। ਸ: ਆਤਮਾ ਸਿੰਘ ਪਿੰਡ ਬਦਰਾਮਾ। ਸ: ਬਚਨ ਸਿੰਘ ਪਿੰਡ ਘਨੌਰ। ਸ: ਦੇਵਾ ਸਿੰਘ, ਸ: ਮੱਲ ਸਿੰਘ ਪਿਤਾ ਸ: ਵਿੱਤ ਸਿੰਘ ਪਿੰਡ ਕੁਠਾਲਾ।

ਇਨ੍ਹਾਂ ਸਿੰਘਾਂ ਨੂੰ ਤਿੰਨ ੨ ਸਾਲ ਦੀ ਕੈਦ ਹੋਈ:-

(੧) ਭਾ: ਸਾਉਣ ਸਿੰਘ ਪਿਤਾ ਸ: ਗਿਆਨ ਸਿੰਘ। (੨) ਭਾ: ਰਣਜੀਤ ਸਿੰਘ ਪਿਤਾ ਸ: ਨਿਹਾਲ ਸਿੰਘ। (੩) ਭਾ: ਨਿੱਕਾ ਸਿੰਘ ਪਿਤਾ ਸ: ਮਹਾਂ ਸਿੰਘ। (੪) ਭਾ: ਦਯਾ ਸਿੰਘ ਪਿਤਾ ਸ: ਪੰਜਾਬ ਸਿੰਘ। (੫) ਭਾ: ਨਿੱਕਾ ਸਿੰਘ ਪਿਤਾ ਸ: ਅਰਜਨ ਸਿੰਘ। (੬) ਭਾ: ਚੰਦਾ ਸਿੰਘ ਪਿਤਾ ਸ: ਸੋਭਾ ਸਿੰਘ ਪਿੰਡ ਨੱਬ੍ਹ ਮਾਜਰਾ। (੭) ਭਾ: ਬੱਗਾ ਸਿੰਘ ਪਿੰਡ ਤਖਰ ਕਲਾਂ।

ਇਕ ਸਾਲੇ ਕੈਦੀ:— ਗਿਆਨੀ ਲਾਲ ਸਿੰਘ, ਸ: ਹਰਨਾਮ ਸਿੰਘ, ਸ: ਮੋਦਨ ਸਿੰਘ, ਸ: ਜਗਤ ਸਿੰਘ, ਸ: ਇੰਦਰ ਸਿੰਘ, ਸ: ਸੰਤਾ ਸਿੰਘ, ਸ: ਹਜ਼ੂਰਾ ਸਿੰਘ, ਸ: ਈਸ਼ਰ ਸਿੰਘ, ਸ: ਗੁਰਨਾਮ ਸਿੰਘ, ਸ: ਪਾਖਰ ਸਿੰਘ, ਸ: ਵਜ਼ੀਰ ਸਿੰਘ, ਸ: ਚਤਰ ਸਿੰਘ, ਸ: ਗਿਆਨ ਸਿੰਘ, ਸ: ਤੇਜਾ ਸਿੰਘ, ਸ: ਕ੍ਰਿਸ਼ਨ ਸਿੰਘ, ਸ: ਰਤਨ ਸਿੰਘ, ਸ: ਮੇਹਰ ਸਿੰਘ, ਸ: ਇੰਦ੍ਰ ਸਿੰਘ, ਬਾਬਾ ਸੰਗਤ ਸਿੰਘ ਝਨੇਰ।

ਮਲੇਰਕੋਟਲਾ ਜੇਲ੍ਹ ਵਿਚ ਲਿਆ ਕੇ ਕਸ਼ਟ ਦਿੱਤੇ ਗਏ, ਰੋਟੀ ਚੰਗੀ ਨਾ ਮਿਲਣ ਕਰਕੇ ਬਾਰ੍ਹਾਂ ਸਿੰਘਾਂ ਨੇ ਭੁਖ ਹੜਤਾਲ ਦੋ ਮਹੀਨੇ ਤੇ ਸਤ ਦਿਨ ਲਈ ਕਰ ਦਿੱਤੀ। ਜਿਸ ਦਾ ਸਿੱਟਾ ਇਹ ਹੋਇਆ ਕਿ ੧੯ ਸਾਲ ਤੇ ੭ ਸਾਲ ਵਾਲਿਆਂ ਦੀ ਕੈਦ ਪੰਜ ਪੰਜ ਸਾਲ ਰਹਿ ਗਈ।

ਭੁਖ ਹੜਤਾਲ ਕਰਨ ਵਾਲੇ ਸਿੰਘਾਂ ਦੇ ਨਾਮ ਇਹ ਹਨ:—

ਸ: ਨਰੈਣ ਸਿੰਘ ਪ੍ਰਧਾਨ, ਸ: ਦਯਾ ਸਿੰਘ ਸਕੱਤ੍ਰ, ਸ: ਕ੍ਰਿਸ਼ਨ ਸਿੰਘ, ਸ: ਬਚਨ ਸਿੰਘ, ਸ: ਆਤਮਾ ਸਿੰਘ, ਸ: ਗੰਡਾ ਸਿੰਘ, ਬਾਬਾ ਸੰਗਤ ਸਿੰਘ, ਸ: ਆਤਮਾ ਸਿੰਘ, ਗਿ: ਕੇਹਰ ਸਿੰਘ, ਸ: ਸੇਵਾ ਸਿੰਘ, ਸ: ਜੀਵਾ ਸਿੰਘ ਅਤੇ ਸ: ਪਾਖਰ ਸਿੰਘ।

ਗਿ: ਕੇਹਰ ਸਿੰਘ ਪਿਤਾ ਸ: ਖਜ਼ਾਨ ਸਿੰਘ ਪਿੰਡ ਚੱਕ ਖੁਰਦ ਆਪ ਨੂੰ ੭ ਸਾਲ ਕੈਦ ਹੋਈ।
ਭਾਈ ਨਰੈਣ ਸਿੰਘ ਪਿਤਾ ਸ: ਅਨੋਖ ਸਿੰਘ ਪਿੰਡ ਕੁਠਾਲਾ।
ਭਾਈ ਜੀਵਾ ਸਿੰਘ ਪਿੰਡ ਕੇਲੋ।
ਭਾਈ ਗੰਡਾ ਸਿੰਘ ਪਿੰਡ ਕੁਪ ਕਲਾਂ।
ਭਾਈ ਆਤਮਾ ਸਿੰਘ ਪਿੰਡ ਬਦਰਾਮਾ।
ਭਾਈ ਬਚਨ ਸਿੰਘ ਪਿਤਾ ਸ: ਦੇਵਾ ਸਿੰਘ ਪਿੰਡ ਘਨੌਰ।
ਭਾਈ ਮੱਲ ਸਿੰਘ ਪਿਤਾ ਸ: ਵਿੱਤ ਸਿੰਘ ਪਿੰਡ ਕੁਠਾਲਾ।

॥ ੩-੩ ਸਾਲੇ ਕੈਦੀ ॥

ਭਾਈ ਸਾਉਣ ਸਿੰਘ ਪਿਤਾ ਸ: ਗਿਆਨ ਸਿੰਘ ਪਿੰਡ ਕੁਠਾਲਾ।
ਭਾਈ ਰਣਜੀਤ ਸਿੰਘ ਪਿਤਾ ਸ: ਨਿਹਾਲ ਸਿੰਘ ਪਿੰਡ ਕੁਠਾਲਾ।

Digitized by Panjab Digital Library | www.panjabdigilib.org

ਭਾਈ ਨਿੱਕਾ ਸਿੰਘ ਪਿਤਾ ਸ: ਮਹਾਂ ਸਿੰਘ ਪਿੰਡ ਕੁਠਾਲਾ ।
ਭਾਈ ਦਯਾ ਸਿੰਘ ਪਿਤਾ ਸ: ਪੰਜਾਬ ਸਿੰਘ ਪਿੰਡ ਕੁਠਾਲਾ ।
ਭਾਈ ਨਿੱਕਾ ਸਿੰਘ ਪਿਤਾ ਸ: ਅਰਜਨ ਸਿੰਘ ਪਿੰਡ ਕੁਠਾਲਾ ।
ਭਾਈ ਚੰਦਾ ਸਿੰਘ ਪਿਤਾ ਸ: ਸੋਭਾ ਸਿੰਘ ਪਿੰਡ ਨੱਥੂ ਮਾਜਰਾ ।
ਭਾਈ ਬੱਗਾ ਸਿੰਘ ਪਿੰਡ ਤੱਖਰ ਕਲਾਂ ।

॥ ੧–੧ ਸਾਲੇ ਕੈਦੀ ॥

ਗਿ: ਲਾਲ ਸਿੰਘ ਪਿਤਾ ਸ: ਖਜ਼ਾਨ ਸਿੰਘ ਪਿੰਡ ਚੱਕ ਖੁਰਦ ।
ਭਾਈ ਹਰਨਾਮ ਸਿੰਘ ਪਿੰਡ ਮਾਮਤ ਪੁਰ ।
ਭਾਈ ਮੋਦਨ ਸਿੰਘ ਪਿਤਾ ਸ: ਦੇਵਾ ਸਿੰਘ ਪਿੰਡ ਭੂਦਨੀ ।
ਭਾਈ ਜਗਤ ਸਿੰਘ ਪਿਤਾ ਸ: ਅਨੋਖ ਸਿੰਘ ਪਿੰਡ ਕੁਠਾਲਾ ।
ਭਾਈ ਇੰਦਰ ਸਿੰਘ ਪਿਤਾ ਸ: ਕੇਹਰ ਸਿੰਘ ਪਿੰਡ ਕੁਠਾਲਾ ।
ਭਾਈ ਸੰਤਾ ਸਿੰਘ ਪਿੰਡ ਕੁਠਾਲਾ ।
ਭਾਈ ਹਜ਼ੂਰਾ ਸਿੰਘ ਪਿਤਾ ਸ: ਗਾਦੀ ਸਿੰਘ ਪਿੰਡ ਕੁਠਾਲਾ ।
ਭਾਈ ਈਸ਼ਰ ਸਿੰਘ ਪਿਤਾ ਸ: ਮਹਾਂ ਸਿੰਘ ਪਿੰਡ ਕੁਠਾਲਾ ।
ਭਾਈ ਗੁਰਨਾਮ ਸਿੰਘ ਪਿਤਾ ਸ: ਮੱਲ ਸਿੰਘ ਪਿੰਡ ਸੰਧੂ ਨਗਰ ।
ਭਾਈ ਪਾਖਰ ਸਿੰਘ ਪਿਤਾ ਸ: ਜਵਾਹਰ ਸਿੰਘ ਪਿੰਡ ਕੁਠਾਲਾ ।
ਭਾਈ ਵਜ਼ੀਰ ਸਿੰਘ ਪਿਤਾ ਸ: ਰਾਮ ਸਿੰਘ ਪਿੰਡ ਕੁਠਾਲਾ ।
ਭਾਈ ਗਿਆਨ ਸਿੰਘ ਪਿਤਾ ਸ: ਪੰਜਾਬ ਸਿੰਘ ਪਿੰਡ ਕੁਠਾਲਾ ।
ਭਾਈ ਤੇਜਾ ਸਿੰਘ ਪਿਤਾ ਸ: ਜਵਾਹਰ ਸਿੰਘ ਪਿੰਡ ਕੁਠਾਲਾ ।
ਭਾਈ ਕਿਸ਼ਨ ਸਿੰਘ ਪਿਤਾ ਸ: ਦਸੌਂਧਾ ਸਿੰਘ ਪਿੰਡ ਕੁਠਾਲਾ ।
ਭਾਈ ਰਤਨ ਸਿੰਘ ਪਿਤਾ ਸ: ਉਤਮ ਸਿੰਘ ਪਿੰਡ ਕੁਠਾਲਾ ।
ਭਾਈ ਮੇਹਰ ਸਿੰਘ ਪਿਤਾ ਸ: ਕਾਹਨ ਸਿੰਘ ਪਿੰਡ ਕੁਠਾਲਾ ।
ਭਾਈ ਇੰਦਰ ਸਿੰਘ ਪਿੰਡ ਮੌੜ ।
ਬਾਬਾ ਸੰਗਤ ਸਿੰਘ ਪਿੰਡ ਝਨੇਰ ਰਿਆਸਤ ਪਟਿਆਲਾ ।
ਭਾਈ ਨਰੈਣ ਸਿੰਘ ਸਕੱਤ੍ਰ ਪਿੰਡ ਕੁਠਾਲਾ ।
ਭਾਈ ਦਯਾ ਸਿੰਘ ਸਕੱਤ੍ਰ ਪਿੰਡ ਕੁਠਾਲਾ ।

ਭੁੱਖ ਹੜਤਾਲ ਖੋਲ੍ਹਣ ਸਮੇਂ ਸ਼ਰਤਾਂ ਮਨ ਲਈਆਂ ਸਨ, ਪਰ ਮਗਰੋਂ ਮੁਕਰ ਗਏ ਉਪ੍ਰੰਤ ੧੯੩੩ ਵਿਚ ਮੋਰਚਾ ਲਗਿਆ ਜਿਸ ਦੀ ਅਗਵਾਈ ਸ: ਸੇਵਾ ਸਿੰਘ ਠੀਕਰੀ ਵਾਲਾ ਨੇ ਕੀਤੀ । ਜਿਸ ਵਿਚ ੬ ਸਿੰਘਾਂ ਨੂੰ ਦੂਜੀ ਵਾਰ ਛੇ ਛੇ ਮਹੀਨੇ ਕੈਦ ਅਤੇ ੭ ਦਿਨ ਭੁੱਖ ਹੜਤਾਲ ਕਰਨੀ ਪਈ । ਪ੍ਰਧਾਨ ਨਰਾਇਣ ਸਿੰਘ ਸਕੱਤਰ ਦਿਆ ਸਿਘ ਸ: ਬਚਨ ਸਿੰਘ ਸ: ਜੀਵਾ ਸਿੰਘ ਸ: ਤ੍ਰਲੋਕ ਸਿੰਘ ਸ: ਗੰਡਾ ਸਿੰਘ । ਲਹਿਰ ਉਸੇ ਤਰ੍ਹਾਂ ਜਾਰੀ ਰਹੀ ਤਾਂ ਨਵਾਬ ਮਲੇਰਕੋਟਲਾ ਨੇ ਬੀ.ਟੀ. ਸੁਪਰਿਨਟੈਂਡੈਂਟ ਪੁਲੀਸ ਜੋ ਗੁਰੂ ਕੇ ਬਾਗ ਜ਼ੁਲਮ ਕਰਕੇ ਆਇਆ ਸੀ, ਮੰਗਵਾ ਲਿਆ ਜਿਸ ਨੇ ਆਉਣ ਸਾਰ ਉਪਰ ਲਿਖੇ ਸਿੰਘਾਂ ਪਰ ਸਖਤੀ ਕਰਨੀ ਅਰੰਭ ਦਿਤੀ ਅਤੇ ਇਕ ੨ ਸਾਲ ਕੈਦ ਵਧਾ ਦਿਤੀ । ਪਰ ਲਹਿਰ ਫਿਰ ਵੀ ਜ਼ੋਰਾਂ ਤੇ ਰਹੀ ।

Digitized by Panjab Digital Library | www.panjabdigilib.org

# ਰਿਆਸਤ ਮਲੇਰਕੋਟਲਾ ਦੇ ਅਕਾਲੀ

## ਸ: ਦਿਆ ਸਿੰਘ ਜੀ

ਜਨਮ·--ਆਪ ਦਾ ਜਨਮ ਸ: ਗਿਆਨ ਸਿੰਘ ਦੇ ਘਰ ਪਿੰਡ ਕੁਰਾਲਾ ਰਿਆਸਤ ਮਲੇਰਕੋਟਲਾ ਵਿਚ ਹੋਇਆ।

ਬਚਪਨ--ਆਪ ਦੀ ਪਹਿਲੀ ਬਾਲਪਣ ਦੀ ਉਮਰ ਪਿੰਡ ਵਿਚ ਮੁੰਡਿਆਂ ਨਾਲ ਖੇਡਦਿਆਂ ਦੀ ਲੰਘੀ।

ਵਿਦਿਆ--ਆਪ ਦੀ ਰੁਚੀ ਵਿਦਿਆ ਵਲ ਝੁਕੀ ਤੇ ਆਪ ਨੇ ਗੁਰਮੁਖੀ ਵਿਦਿਆ ਪੜ੍ਹ ਲਈ।

ਉਪਕਾਰ--ਵਿਦਿਆ ਵਲੋਂ ਆਪ ਦੀ ਰੁਚੀ ਉਪਰਾਮ ਹੋ ਗਈ ਪਰ ਆਪ ਕੌਮੀ ਸੇਵਾ ਵਿਚ ਜੁਟ ਪਏ। ਉਨ੍ਹਾਂ ਦਿਨਾਂ ਵਿਚ ਗੁ: ਸੁਧਾਰ ਲਹਿਰ ਚਲ ਪਈ। ਆਪ ਵੀ ਇਸ ਲਹਿਰ ਵਿਚ ਕੁਦ ਪਏ। ਗੁਰੂ ਕੇ ਬਾਗ ਦੇ ਮੋਰਚੇ ਵਿਚ ਜਾ ਕੇ ਬੀ. ਟੀ. ਦੀਆਂ ਡਾਂਗਾਂ ਖਾਧੀਆਂ ਅਤੇ ਅਸਹਿ ਕਸ਼ਟ ਸਹਾਰੇ। ਆਪ ਜੀ ਜੈਤੋ ਦੇ ਮੋਰਚੇ ਵਿਚ ੨੫ ਸਿੰਘ ਦੇ ਜੱਥੇ ਵਿਚ ਗਏ। ਆਪ ਦੀ ਜੱਥੇਦਾਰੀ ਹੇਠ ਜੱਥਾ ਗ੍ਰਿਫਤਾਰ ਕਰਕੇ ਬਾਬਲਕਾਂਟੀ ਜਾਕੇ ਛੱਡਿਆ ਗਿਆ।

ਤੀਜੀ ਵਾਰ ਆਪ ਭਾਈ ਫੇਰੂ ਦੇ ਮੋਰਚੇ ਵਿਚ ਗਏ ਦੋ ਸਾਲ ਦੀ ਕੈਦ ਹੋ ਗਈ। ਆਪ ਨੇ ਜੇਲ੍ਹ ਕੈਮਲ ਪੁਰ ਵਿਚ ਅਸਹਿ ਤੇ ਅਕਹਿ ਕਸ਼ਟ ਝੱਲੇ। ਉਪ੍ਰੰਤ ਅਮ੍ਰਿਤਸਰ ਸਾਹਿਬ ਤੋਂ ਸਰੋਪਾਓ ਲੈਕੇ ਆਏ।

ਸੁਭਾ:--ਆਪ ਦਾ ਸੁਭਾ ਬੜਾ ਚੰਗਾ ਅਤੇ ਮਿਲਾਪੜਾ ਹੈ। ਆਪ ਕੁਰਬਾਨੀ ਦੇ ਪੁੰਜ ਹਨ।

## ਸ: ਸੇਵਾ ਸਿੰਘ ਜੀ

ਸੇਵਾ ਸਿੰਘ ਪਿਤਾ ਹੀਰਾ ਸਿੰਘ ਪਿੰਡ ਜਿੱਤਵਾਲ ਕਲਾਂ ਆਪ ਨੇ ਮੋਰਚਾ ਗੁਰੂ ਕੇ ਬਾਗ ਤੇ ਮੋਰਚਾ ਭਾਈ ਫੇਰੂ ਵਿਚ ੬ ਮਹੀਨੇ ਸਜ਼ਾ ਕੱਟੀ ਤੇ ਆਪ ਨੇ ਆਪਣੀ ਜ਼ਮੀਨ ਵਿਚ ਨਗਰ ਦੇ ਨਾਮ ਤੇ ਗੁਰਦੁਵਾਰਾ ਬਣਵਾਇਆ ਅਤੇ ਆਪ ਜੀ ਦਾ ਪਿੰਡ ਵਾਸੀਆਂ ਦੇ ਦਿਲ ਵਿਚ ਬੜਾ ਪਿਆਰ ਹੈ।

ਸ਼ਾਮ ਸਿੰਘ ਪਿਤਾ ਚਰਨ ਸਿੰਘ (ਟਾਂਕਛਤ੍ਰੀ) ਆਪ ਨੇ ਮੋਰਚਾ ਜੈਤੋ ਤੇ ਨਾਭਾ ਬੀੜ ਵਿਚ ਕਸ਼ਟ ਸਹਾਰੇ ਤੇ ਆਪ ਪ੍ਰਵਾਰ ਸਮੇਤ ਗੁਰੂ ਘਰ ਦੇ ਸ਼ਰਧਾਲੂ ਹਨ।

ਭਾਈ ਚੰਦਾ ਸਿੰਘ ਜੀ ਆਪ ਨੇ ਅਕਾਲੀ ਲਹਿਰ ਵਿਚ ਹਿਸਾ ਲਿਆ।

ਭਾਈ ਉਜਾਗਰ ਸਿੰਘ ਜੀ ਆਪ ਨੇ ਅਕਾਲੀ ਲਹਿਰ ਵਿਚ ਹਿਸਾ ਲਿਆ।

Digitized by Panjab Digital Library | www.panjabdigilib.org

# ਅਕਾਲੀ ਲਹਿਰ ਦੇ ਕੁਝ ਕੁ ਹੋਰ ਸੂਰਬੀਰ

## "ਜਬੀ ਬਾਨ ਲਾਗੈ ਤਬੀ ਰੋਸ ਜਾਗੈ"

ਇਤਨੀਆਂ ਸਖਤੀਆਂ ਦੇ ਹੁੰਦਿਆਂ ਹੋਇਆਂ ਭੀ ਸਿੱਖ ਕੌਮ ਦੇ ਧਾਰਮਕ ਜਜ਼ਬਾਤ ਠਾਠਾਂ ਮਾਰ ਰਹੇ ਸਨ। ਪਹਿਲੇ ਜਥੇ ਪਰ ਗੋਲੀ ਚਲਣੀ ਸੁਣ ਕੇ ਦੂਜੇ ਜਥੇ ਵਿਚ ਭਰਤੀ ਹੋਣ ਲਈ ਗੁਰੂ ਨਾਨਕ ਨਾਮ ਲੇਵੇ ਹਰ ਸ਼੍ਰੇਣੀ ਤੇ ਹਰ ਪੇਸ਼ੇ ਦੇ ਸਿੱਖਾਂ ਨੇ ਵਧ ਤੋਂ ਵਧ ਉਤਸ਼ਾਹ ਪ੍ਰਗਟ ਕੀਤਾ। ਇਕ ਸਿੰਘ ਨੇ ਪਹਿਲੇ ਜ਼ਥੇ ਦੇ ਨਾਲ ਜ਼ਾਣ ਦਾ ਬੜਾ ਯਤਨ ਕੀਤਾ, ਜੋ ਨਿੱਜ ਦੇ ਕੰਮ ਕਰਕੇ ਜਾ ਨਾ ਸਕਿਆ। ਦੂਜੇ ਜਥੇ ਜਾਣੋ ਰੋਕਣ ਲਈ ਉਸ ਦੀ ਸਿੰਘਣੀ ਨੇ ਬੜਾ ਯਤਨ ਕੀਤਾ ਪਰ ਸਿੰਘ ਜੀ ਆਪਣੇ ਟੱਬਰ ਨੂੰ ਸੌਹਰੇ ਘਰ ਛੱਡ ਆਇਆ ਅਤੇ ਆਕੇ ਆਪਣੇ ਘਰ ਨੂੰ ਅੱਗ ਲਾ ਕੇ ਸਾਰੇ ਜੰਜਾਲਾਂ ਤੋਂ ਬੇ-ਫਿਕਰ ਹੋ ਕੇ ਦੂਜੇ ਜਥੇ ਵਿਚ ਭਰਤੀ ਹੋ ਕੇ ਚਲਿਆ ਗਿਆ।

ਇਸੇ ਪ੍ਰਕਾਰ ਇਕ ਹੋਰ ਗੁਰ ਸਿੱਖ ਭਰਤੀ ਹੋਣ ਲਈ ਆਇਆ, ਜਦ ਉਸ ਨੂੰ ਜਾਣ ਤੋਂ ਜਵਾਬ ਦਿੱਤਾ ਤਾਂ ਉਸ ਪਿਆਰੇ ਨੇ ਸ੍ਰੀ ਅਕਾਲ ਤਖਤ ਸਾਹਿਬ ਦੀਵਾਨ ਵਿਚ ਹਾਜ਼ਰ ਹੋਕੇ ਅਰਦਾਸ ਇਸ ਪ੍ਰਕਾਰ ਕੀਤੀ:—"ਹਜ਼ੂਰ ਤਖਤ ਦੇ ਮਾਲਕ ਸ਼ਹਿਨਸ਼ਾਹ ਅਤੇ ਗੁਰੂ ਰੂਪ ਸਾਧ ਸੰਗਤ ਸਾਹਿਬ ਜੀ! ਮੈਂ ਨਿਮਾਣੇ ਦੀ ਬੇਨਤੀ ਹੈ ਕਿ ਦਾਸ ਗੁਰੂ ਕੇ ਲੰਗਰ ਵਾਸਤੇ ਦਾਣੇ ਤੇ ਲਕੜੀਆਂ ਦੀ ਸੇਵਾ ਕਰਦਾ ਰਿਹਾ ਹਾਂ, ਕਾਰ ਸੇਵਾ ਵਿਚ ਭੀ ਸੇਵਾ ਕਰਦਾ ਰਿਹਾ ਹਾਂ। ਹੁਣ ਪ੍ਰਬੰਧਕਾਂ ਨੇ ਮੈਨੂੰ ਜਥੇ ਵਿਚ ਜਾਣ ਦੀ ਆਗਿਆ ਨਹੀਂ ਦਿੱਤੀ ਤੇ ਮੈਨੂੰ ਗੁਰੂ ਦੇ ਵਾਸਤੇ ਆਪਣਾ ਸੀਸ ਕੁਰਬਾਨ ਕਰਨੋਂ ਰੋਕ ਕੇ ਮੇਰੇ ਨਾਲ ਬੇ-ਇਨਸਾਫੀ ਕੀਤੀ ਹੈ। ਪ੍ਰਬੰਧਕ ਆਪਣੇ ਲਿਹਾਜ਼ ਮੁਲਾਹਜ਼ੇ ਵਾਲਿਆਂ ਨੂੰ ਜਥੇ ਨਾਲ ਭੇਜਦੇ ਹਨ, ਸਿੱਖ ਭੀ ਆਪਣੇ ਮਿਤ੍ਰਾਂ ਨਾਲ ਪੱਖ ਕਰਨ ਲੱਗ ਪਏ ਹਨ" ਆਦਿ। ਇਕ ਬਜ਼ੁਰਗ ਬਾਬੇ ਨੇ ਬੜੇ ਦਰਦ ਭਰੇ ਲਫ਼ਜ਼ਾਂ ਵਿਚ ਬੇਨਤੀ ਕੀਤੀ ਕਿ ਮੈਨੂੰ ਬਿਰਧ ਜਾਣ ਕੇ ਜਥੇ ਨਾਲ ਨਹੀਂ ਘਲਦੇ। ਮੈਂ ਗੁਰੂ ਭਰੋਸੇ ਅਰਜ ਕਰਦਾ ਹਾਂ ਕਿ ਆਪ ਦੇ ਕਈਆਂ ਜਵਾਨਾਂ ਨਾਲੋਂ ਮੈਂ ਤਕੜਾ ਹਾਂ। ਮੈਂ ਪੰਜ ਮੀਲ ਦੌੜ ਸਕਦਾ ਹਾਂ ਤੇ ਦੋ ਮਣ ਭਾਰ ਚੁਕ ਸਕਦਾ ਹਾਂ, ਜੇਲ੍ਹ ਵਿਚ ਭੀ ਕਈ ਦਫਾ ਗਿਆ ਹਾਂ ਪਰ ਜੇਲ੍ਹ ਦੇ ਕਰਮਚਾਰੀਆਂ ਕੋਲੋਂ ਮਾਫੀ ਮੰਗ ਕੇ ਕਦੇ ਨਹੀਂ ਆਇਆ ਤੇ ਸਿੱਖੀ ਨਾਮ ਨੂੰ ਲਾਜ ਨਹੀਂ ਲਾਈ। ਹੁਣ ਮੈਨੂੰ ਸ਼ਹੀਦੀ ਦਾ ਤਾਜ ਪ੍ਰਾਪਤ ਕਰਨ ਵਾਸਤੇ ਜਾਣ ਦੇਵੋ, ਬਥੇਰਾ ਚਿਰ ਜੀਉ ਲਿਆ ਹੈ। ਇਸੇ ਪ੍ਰਕਾਰ ਕਈ ਸਿੱਖ ਜਥੇ ਵਿਚ ਜਾਣ ਤੋਂ ਪਹਿਲੇ ਆਪਣੀਆਂ ਜਾਇਦਾਦਾਂ ਸ਼੍ਰੋ: ਕਮੇਟੀ ਦੇ ਨਾਮ ਲਵਾਣ ਦੀਆਂ ਵਸੀਹਤਾਂ ਕਰ ਗਏ ਸਨ। ਦੋ ਗੁਰੂ ਪਿਆਰੇ ਸਿੱਖ ਆਪਸ ਵਿਚ ਇਸ ਗੱਲ ਤੇ ਝਗੜ ਪਏ ਕਿ ਜੈਤੋ ਆਪਣੇ 'ਚੋਂ ਕੌਣ ਜਾਵੇ? ਅਖੀਰ ਫੈਸਲਾ ਸਾਲਸਾਂ ਤੇ ਠਹਿਰਿਆ, ਜਿਨ੍ਹਾਂ ਨੇ ਦੋਹਾਂ ਦੇ ਨਾਮ ਦੀ ਲਾਟਰੀ ਪਾਈ। ਲਾਟਰੀ ਨਿਕਲਣ ਵਾਲੇ ਨੇ ਖੁਸ਼ੀ ਨਾਲ ਛਾਲਾਂ ਮਾਰੀਆਂ ਅਤੇ ਹਾਰਨ ਵਾਲਾ ਭੁਬਾਂ ਮਾਰਦਾ ਰਹਿ ਗਿਆ। ਹਾਲਾਂਕਿ ਜਿੱਤਣ ਵਾਲੇ ਨੂੰ ਸ਼ਾਇਦ ਜੈਤੋ ਸੀਨੇ ਵਿਚ ਗੋਲੀ ਲਗੇਗੀ ਤੇ ਹਾਰਨ ਵਾਲਾ ਸਹੀ ਸਲਾਮਤ ਘਰ ਰਹੇਗਾ। ਇਕ ਮਾਈ ਨੇ ੨੮ ਫਰਵਰੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਹਜ਼ੂਰ ਦੂਜੇ ਜ਼ਥੇ ਵਿਚ ਘੱਲਣ ਵਾਸਤੇ ਸਪੁਤ੍ਰ ਦਾ ਗਲਾ ਫੁੱਲਾਂ ਦੇ ਹਾਰਾਂ ਨਾਲ ਸਜਾ ਕੇ ਬੇਨਤੀ ਕੀਤੀ ਕਿ ਇਕ ਪੁਤ੍ਰ ਮੇਰਾ ਪਹਿਲੇ ਜਥੇ ਵਿਚ ਸ਼ਹੀਦ ਹੋ ਚੁਕਾ ਹੈ। ਦੂਜੇ ਨੂੰ ਲੈ ਕੇ ਆਈ ਹਾਂ ਕਿ ਗੁਰੂ ਪੰਥ ਮੇਰੀ ਬਿਨਾ ਪ੍ਰਵਾਨ ਕਰੇ, ਮੇਰੇ ਪੁਤ੍ਰ ਨੂੰ ਜਥੇ ਵਿਚ ਭਰਤੀ ਕਰਕੇ ਮੇਰਾ ਮਨ ਸ਼ਾਂਤ ਕਰ ਦੇਵੇ ਅਤੇ ਪੁਤ੍ਰ ਨੂੰ ਮਾਤਾ ਜੀ

Digitized by Panjab Digital Library | www.panjabdigilib.org

ਨੇ ਅਸੀਸ ਦਿੱਤੀ, ਪੁਤ੍ਰ ! ਧਰਮ ਪਰ ਆਪਣਾ ਸਰੀਰ ਕੁਰਬਾਨ ਕਰਕੇ ਮੇਰੀ ਕੁਖ ਤੇ ਆਪਣੇ ਸਰੀਰ ਨੂੰ ਸਫਲ ਕਰੀਂ ।

ਇਸੇ ਪ੍ਰਕਾਰ ਬਹੁਤ ਸਾਰੀਆਂ ਮਾਈਆਂ ਨੇ ਪੁਤ੍ਰਾਂ ਦੇ ਗਲੇ, ਸਿੰਘਣੀਆਂ ਨੇ ਪਤੀਆਂ ਦੇ ਗਲੇ, ਭੈਣਾਂ ਨੇ ਵੀਰਾਂ ਦੇ ਗਲੇ ਨੂੰ ਫੁੱਲਾਂ ਦੇ ਹਾਰਾਂ ਨਾਲ ਸਜਾ ਕੇ ਜੈਤੋ ਨੂੰ ਵਿਦਾ ਕੀਤਾ । ਇਕ ਸਿੱਖ ਦੇਵੀ ਨੇ ਆਪਣੇ ਪਤੀ ਨੂੰ ਜਥੇ ਨਾਲ ਜਾ ਰਹੇ ਨੂੰ ਦੋ ਪੁਤ੍ਰਾਂ ਦੇ ਸਖਤ ਬੀਮਾਰ ਹੋਣ ਦੀ ਹਾਲਤ ਦੱਸੀ ਤਾਂ ਸਿੰਘ ਸਾਹਿਬ ਜੀ ਬੋਲੇ, ਜੇ ਬੱਚੇ ਚੜ੍ਹਾਈ ਕਰ ਗਏ ਤਾਂ ਉਨ੍ਹਾਂ ਦੇ ਸਸਕਾਰ ਵਾਸਤੇ ਘਰ ਲਕੜੀਆਂ ਬਹੁਤ ਪਈਆਂ ਹਨ । ਦੇਖੋ ਸੰਸਾਰੀ ਲੋਕੋ ਸਿੱਖਾਂ ਦਾ ਮੋਹ ਮਾਇਆ ਦਾ ਪਿਆਰ ਭੀ ਦੁਨੀਆਂ ਨਾਲੋਂ ਨਿਰਾਲਾ ਹੈ । ਸਿੱਖ ਕੌਮ ਦੇ ਧਾਰਮਕ ਸੁਤੰਤ੍ਰਤਾ ਦੇ ਜਜ਼ਬਾਤ ਦਾ ਅੰਦਾਜ਼ਾ ਲਾਉਣ ਵਾਸਤੇ ਉਪਰਲੀਆਂ ਦੋ ਤਿੰਨ ਮਿਸਾਲਾਂ ਬਥੇਰੀਆਂ ਹਨ, ਇਹ ਸਿਰਫ ਦਾਲ ਚੋਂ ਦਾਣਾ ਦੇਖਣ ਵਾਲੀ ਗਲ ਹੈ । ਇਹੋ ਜੇਹੀਆਂ ਲੱਖਾਂ ਹੋਰ ਮਿਸਾਲਾਂ ਹਨ, ਰੱਬ ਦਾ ਭੈ ਰਖਣ ਵਾਲੇ ਹਰੇਕ ਨੇਕ ਨੀਯਤ ਹਿੰਦੂ ਮੁਸਲਮਾਨ ਤੇ ਈਸਾਈ, ਜੋ ਇਕ ਉਤਮ ਅਰਦਾਸ ਦੀ ਖਾਤਰ ਜਾਨਾਂ ਕੁਰਬਾਨ ਕਰਨ ਵਾਲਿਆਂ ਨਾਲ ਹਮਦਰਦੀ ਰਖਦੇ ਤੇ ਸਤਿਕਾਰ ਕਰਦੇ ਹਨ ।

## ਕਾਗਜ਼ੀ ਚੋਰ

ਜ਼ਿਲਾ ਲੁਧਿਅਣਾ ਤੇ ਫੀਰੋਜ਼ਪੁਰ ਦੇ ਜੋ ਪਿੰਡ ਫਟਕਲ ਲਗੇ ਹਨ । ਇਹ ਦਾਨੇ ਦੁਸ਼ਮਣ ਨੇ ਕਾਗਜ ਚੁਰਾ ਕੇ ਆਪਣੀ ਆਦਤ ਪੂਰੀ ਕੀਤੀ, ਜਿਸ ਕਰਕੇ ਜ਼ਿਲਾ ਕ੍ਰਮ ਤੋਂ ਬਾਹਰ ਲਗੇ ਹਨ ।

| ਜ਼ਿਲਾ ਲੁਧਿਆਣਾ | ਜ਼ਿਲਾ ਫੀਰੋਜ਼ਪੁਰ |
|---|---|
| ਜਨੇਤਪੁਰਾ | ਲੰਢੇ ਕੇ ਪ੍ਰਧਾਨ ਗੁਜਰ ਸਿੰਘ ਜੀ |
| ਗਾਲਬਾਂ ਤਿੰਨੇ | ਧੂੜ ਕੋਟ |
| ਸਿਧਵਾਂ | ਤਲਵੰਡੀ ਦੁਸਾਂਝ |
| | ਬਡੂਵਾਲ, ਆਦਿ |

## ਜਨੇਤ ਪੁਰਾ (ਲੁਧਿਆਣਾ) ਦੇ ਸਿੰਘ

ਰਾਗੀ ਮਹਿੰਗਾ ਸਿੰਘ ਪਿਤਾ ਧਿਆਨ ਸਿੰਘ ਮਾਤਾ ਚੰਦੀ ਪਿੰਡ ਜਨੇਤਪੁਰਾ ਆਪ ਨੇ ਅਕਾਲੀ ਲਹਿਰ ਵਿਚ ਹਿਸਾ ਲਿਆ ।

ਭਾਈ ਸੇਵਾ ਸਿੰਘ ਪਿੰਡ ਜਨੇਤਪੁਰਾ ਆਪ ਜੀ ਨੇ ਮੁਕਤਸਰ ਦੇ ਮੋਰਚੇ ਵਿਚ ਹਿਸਾ ਲਿਆ ।

ਦਾਸ ਵਿਸਾਖਾ ਸਿੰਘ ਸੰਤ ਸਿਪਾਹੀ ਪਿਤਾ ਕਰਮ ਸਿੰਘ ਮਾਤਾ ਕਾਹਨ ਕੌਰ ਪਿੰਡ ਜਨੇਤ ਪੁਰਾ ਆਪ ਮੋਰਚਾ ਗੁਰੂ ਕਾ ਬਾਗ, ਮੁਕਤਸਰ, ਜੈਤੋ ਗੰਗਸਰ, ਵਿਚ ਹਿਸਾ ਲਿਆ ।

## ਗਾਲਬ ਕਲਾਂ ਦੇ ਸਿੰਘ (ਲੁਧਿਆਣਾ)

ਜਰਨੈਲ ਹਰੀ ਸਿੰਘ ਪਿਤਾ ਬਦਨ ਸਿੰਘ ਆਪ ਮੋਰਚਾ ਗੁਰੂ ਕਾ ਬਾਗ, ਜੈਤੋ, ਵਿਚ ਗਏ

ਸ: ਮੋਹਣ ਸਿੰਘ ਪਿਤਾ ਰਣ ਸਿੰਘ ਆਪ ਮੋਰਚਾ ਜੈਤੋ ਵਿਚ ਗਏ ।

ਸ: ਅਰਜਣ ਸਿੰਘ ਪਿਤਾ ਚੰਨਣ ਸਿੰਘ ਮਾਤਾ ਕਿਸ਼ਨ ਕੌਰ ਆਪ ਜੈਤੋ ਦੇ ਮੋਰਚੇ ਵਿਚ ਗਏ ।

Digitized by Panjab Digital Library | www.panjabdigilib.org

ਜਥੇਦਾਰ ਬਖਤੌਰ ਸਿੰਘ ਪਿਤਾ ਬਿਸ਼ਨ ਸਿੰਘ ਆਪ ਜੈਤੋ ਦੇ ਮੋਰਚੇ ਵਿਚ ਗਏ ।

ਸ: ਨਿਰੰਜਨ ਸਿੰਘ ਪਿਤਾ ਕਪੂਰ ਸਿੰਘ ਆਪ ਜੈਤੋ ਦੇ ਮੋਰਚੇ ਵਿਚ ਗਏ ।

## ਮੂਲਾਂ ਪੁਰ ਦੇ ਸਿੰਘ (ਲੁਧਿਆਣਾ)

ਭਾਈ ਜੀਉਣ ਸਿੰਘ ਪਿੰਡ ਮੂਲਾਂ ਪੁਰ ਨੇ ਅਕਾਲੀ. ਲਹਿਰ ਵਿਚ ਵਧ ਚੜ੍ਹਕੇ ਹਿਸਾ ਲਿਆ, ਇਹ ਅਮਰ ਸਿੰਘ ਦੇ ਸਪੁਤਰ ਸਨ, ਆਪ ਨੇ ਜੈਤੋ ਮੋਰਚੇ ਵਿਚ ੬ ਮਹੀਨੇ ਕੈਦ ਕਟੀ । ਲਹਿਰ ਬੰਦ ਹੋ ਜਾਣ ਦੇ ਮਗਰੋਂ ਭੀ ਲੋਕ ਸੇਵਾ ਵਿਚ ਭਾਗ ਲੈਂਦੇ ਰਹੇ ।

ਭਾਈ ਜੁਗਿੰਦਰ ਸਿੰਘ ਸਪੁਤਰ ਹਰਦਿਆਲ ਸਿੰਘ ਨੇ ਭਾਈ ਫੇਰੂ ਦੇ ਮੋਰਚੇ ਵਿਚ ਭਾਗ ਲਿਆ ਅਤੇ ਮੁਲਤਾਨ ਜੇਲ੍ਹ ਵਿਚ ੧ ਸਾਲ ਕੈਦ ਕਟੀ । ਇਸ ਤੋਂ ਉਪਰੰਤ ਫੌਜ ਵਿਚ ਭਰਤੀ ਹੋ ਗਏ ਅਤੇ ਅਜ ਕਲ ਪੈਨਸ਼ਨ ਤੇ ਹਨ ।

ਭਾਈ ਅਮਰ ਸਿੰਘ ਸਪੁਤਰ ਸ: ਬਿਸ਼ਨ ਸਿੰਘ ਰਾਮ ਗੜ੍ਹੀਆਂ ਭਾਈ ਫੇਰੂ ਦੇ ਮੋਰਚੇ ਵਿਚ ਗਏ ਅਤੇ ੯ ਮਹੀਨੇ ਮੁਲਤਾਨ ਜੇਲ੍ਹ ਵਿਚ ਕੈਦ ਕਟੀ । ਇਸ ਤੋਂ ਉਪਰੰਤ ਆਪਣੀ ਕਿਰਤ ਉਪਜੀਵਕਾ ਵਿਚ ਰੁਝੇ ਰਹੇ ਅਤੇ ਮੇਹਨਤੀ ਜੀਵਨ ਬਤੀਤ ਕਰ ਰਹੇ ਹਨ ।

ਭਾਈ ਮਘਰ ਸਿੰਘ ਪਿੰਡ ਤਿਹਾੜਾ ਆਪ ਮੋਰਚਾ ਜੈਤੋ ਵਿਚ ਗਏ ।

ਜਥੇਦਾਰ ਬਿਸ਼ਨ ਸਿੰਘ ਪਿੰਡ ਹਿਦੇਵਾਲ ਆਪ ਮੋਰਚਾ ਜੈਤੋ ਵਿਚ ਗਏ ।

## ਬੜੂ ਵਾਲ ਦੇ ਅਕਾਲੀ

ਸ: ਸਦਾ ਸਿੰਘ ਪਿਤਾ ਸ: ਭਗਵਾਨ ਸਿੰਘ ਪਿੰਡ ਬੜੂ ਵਾਲ ।

ਸ: ਬ੍ਰਿਆਮ ਸਿੰਘ ਪਿਤਾ ਵਸਾਖਾ ਸਿੰਘ ਪਿੰਡ ਬੜੂ ਵਾਲ ।

ਸ: ਗੁਰਬਚਨ ਸਿੰਘ ਪਿਤਾ ਫਤੇ ਸਿੰਘ ਪਿੰਡ ਬੜੂ ਵਾਲ ।

## ਜ਼ਿਲਾ ਜਲੰਧਰ ਦੇ ਅਕਾਲੀ

ਸ: ਗਿਆਨ ਸਿੰਘ ਜੀ ਨਹਿੰਗ ਪਿਤਾ ਦੇਵਾ ਸਿੰਘ ਮਾਤਾ ਰਾਮੀ ਪਿੰਡ ਨਲ ਡਾ: ਲੋਹੀਆਂ ਜ਼ਿਲਾਂ ਜਲੰਧਰ ਦੇ ਅਕਾਲੀ ਜੱਥਾ ਨੰ: ੧੩ ਵਿੱਚ ੧੦੧ ਅਖੰਡ ਪਾਠ ਕਰਨ ਵਾਸਤੇ ਮੋਰਚਾ ਜੈਤੋ ਵਿੱਚ ਗਏ ।

ਸ: ਹਰੀ ਸਿੰਘ ਪਿਤਾ ਸ਼ੇਰ ਸਿੰਘ ਮਾਤਾ ਗਜੋ ਪਿੰਡ ਨਲ ਡਾ: ਲੋਹਈਆਂ ਜ਼ਿਲਾ ਜਲੰਧਰ ।

ਸੁੰਦਰ ਸਿੰਘ ਪਿਤਾ ਕਾਲਾ ਸਿੰਘ ਮਾਤਾ ਰਾਮੀ ਪਿੰਡ ਨਲ ਆਪ ਨੇ ਮੋਰਚਾ ਭਾਈ ਫੇਰੂ ਵਿੱਚ ਚਾਰ ਮਹੀਨੇ ਸਜਾ ਕਟੀ ।

ਸ: ਨਰੈਣ ਸਿੰਘ ਪਿਤਾ ਮੋਹਰ ਸਿੰਘ ਪਿੰਡ ਨਲ ਜ਼ਿਲਾ ਜਲੰਧਰ ਆਪ ਨੂ ਭਾਈ ਫੇਰੂ ਦੇ ਮੋਰਚੇ ਵਿਚ ਚਾਰ ਮਹੀਨੇ ਦੀ ਸਜਾ ਹੋਈ ।

ਸ: ਮੇਹਰ ਸਿੰਘ ਪਿਤਾ ਹਰਨਾਮ ਸਿੰਘ ਮਾਟਾ ਕਿਸ਼ਨੋ ਪਿੰਡ ਨਲ ਜ਼ਿਲਾ ਜਲੰਦਰ ਆਪ ਮੋਰਚਾ ਜੈਤੋ ਜਥਾ ਨੰ: ੧੨ ਵਿਚ ਗਏ ।

ਸ: ਸੰਤਾ ਸਿੰਘ ਪਿਤਾ ਬੁਧ ਸਿੰਘ ਪਿੰਡ ਨਲ ਜ਼ਿਲਾ ਜਲੰਧਰ ਆਪ ਮੋਰਚਾ ਜੈਤੋ ਵਿਚ ਗਏ ।

Digitized by Panjab Digital Library | www.panjabdigilib.org

# ਜ਼ਿਲਾ ਮਿੰਟਗੁਮਰੀ ਦੇ ਅਕਾਲੀ

ਸ: ਰਘਬੀਰ ਸਿੰਘ ਉਰਫ ਮੋਤਾ ਸਿੰਘ ਪਿਤਾ ਹੁਕਮ ਸਿੰਘ ਮਤਾਬਰੀਆਂ ਪਿੰਡ ਵਾਨਦਲ ਸਿੰਘ ਤਹਿਸੀਲ ਪਾਕ ਪਟਨ ਜ਼ਿਲਾ ਮਿੰਟਗੁਮਰੀ ਆਪ ਮੋਰਚਾ ਜੈਤੋ ਵਿਚ ਗਏ।

ਸ: ਮੋਹਰ ਸਿੰਘ ਪਿਤਾ ਪਿਆਰ ਸਿੰਘ ਪਿੰਡ ਮਿਰਦਾਦ ਤਹਿਸੀਲ ਤੇ ਜ਼ਿਲਾ ਮਿੰਟਗੁਮਰੀ ਆਪ ਮੋਰਚਾ ਭਾਈ ਫੇਰੂ ਤੇ ਜੈਤੋ ਵਿਚ ਗਏ

ਸ: ਪਰਤਾਪ ਸਿੰਘ ਪਿਤਾ ਹੁਕਮ ਸਿੰਘ ਜਾਗੀਰਦਾਰ ਮਾਤਾ ਸਦਾ ਕੌਰ ਪਿੰਡ ਮਾੜੀ ਵਾਲਾ ਤਹਿਸੀਲ ਪਾਕ ਪਟਨ ਜ਼ਿਲਾ ਮਿੰਟਗੁਮਰੀ ਆਪ ਹਰ ਅਕਾਲੀ ਮੋਰਚੇ ਵਿਚ ਗਏ ਅਤੇ ਸ਼੍ਰੋ: ਗੁ: ਕਮੇਟੀ ਦੇ ਮੈਂਬਰ ਤੇ ਮੈਨੇਜਰ ਸ੍ਰੀ ਨਨਕਾਣਾ ਸਾਹਿਬ ਔਨਰੇਰੀ ਸਨ।

ਭਾਈ ਹਰਦਿੱਤ ਸਿੰਘ ਪਿਤਾ ਸ: ਬੂਟਾ ਸਿੰਘ ਮਾਤਾ ਦਾਨੋ ਬਾਈ ਪਿੰਡ ਕਿਲਆਣਾ ਆਪ ਮੋਰਚਾ ਭਾਈ ਫੇਰੂ ਵਿਚ ਗਏ।

| | |
|---|---|
| ਭਾਈ ਅਰਜਨ ਸਿੰਘ | ਭਾਈ ਹਰੀ ਸਿੰਘ |
| ਭਾਈ ਦਰਸ਼ਨ ਸਿੰਘ ਪਿੰਡ ਪੁਆਧੜਾ | ਭਾਈ ਤਾਰਾ ਸਿੰਘ ਪਿੰਡ ਪੁਆਧੜਾ |
| ਭਾਈ ਮਿਲਖਾ ਸਿੰਘ ਪਿੰਡ ਰੁੜਕਾ | ਭਾਈ ਅਵਤਾਰ ਸਿੰਘ ਸਰੀਂਹ |
| ਭਾਈ ਲਛਮਣ ਸਿੰਘ ਪਿੰਡ ਰੁੜਕਾ | ਭਾਈ ਮਿਲਖਾ ਸਿੰਘ ਨੰ:੨ ਪਿੰਡ ਰੁੜਕਾ |

ਭਾ: ਕਰਮ ਸਿੰਘ ਪਿਤਾ ਮੋਹਰ ਸਿੰਘ ਉਚਾ ਪਿੰਡ ਜ਼ਿਲਾ ਜਲੰਧਰ ਆਪ ਜਥਾ ਨੰ: ੭ ਵਿਚ ਗਏ।

ਸ: ਕਰਤਾਰ ਸਿੰਘ ਪਿਤਾ ਰੂੜ ਸਿੰਘ ਪਿੰਡ ਬਾਜਵਾ ਕਲਾਂ ਆਪ ਨੇ ੩ ਸਾਲ ਕੈਦ ਕੱਟੀ

ਸ: ਪ੍ਰੇਮ ਸਿੰਘ ਪਿਤਾ ਉਤਮ ਸਿੰਘ ਪਿੰਡ ਬਾਜਵਾ ਆਪ ਨੇ ੧ ਸਾਲ ਕੈਦ ਕੱਟੀ।

(ਦੋਹਾਂ ਨੂੰ ਜਥਾ ਨੰ ੭ ਦੀ ਸੇਵਾ ਕਰਨ ਬਦਲੇ ਕੈਦਾਂ ਹੋਈਆਂ ਸਨ)

## ਜੱਥਾ ਨੰ: ੧੦ ਦੇ ਮੁਖੀ ਗ੍ਰਿਫਤਾਰ ਹੋਣ ਤੇ ਹੋਰ ਜਥੇਦਾਰ ਚੁਣੇ ਗਏ

ਸ: ਮਹਿੰਦਰ ਸਿੰਘ ਦਿਲਵਾਂ।

ਸ: ਕੰਵਰ ਸਿੰਘ ਭਗਤ ਪਠੋਲਾ ਜ਼ਿਲਾ ਗੁਰਦਾਸ ਪੁਰ ਨੂੰ ਹੈਡ ਜਥੇਦਾਰ ਚੁਣਿਆ।

ਸ: ਗਿਆਨ ਸਿੰਘ ਅਲੋਵਾਲ ਜ਼ਿਲਾ ਅੰਮ੍ਰਿਤਸਰ ਨੂੰ ਜਥੇਦਾਰ ਚੁਣਿਆ।

ਸ: ਭਗਵਾਨ ਸਿੰਘ ਟਾਂਡਾ ਲੁਬਾਣਿਆਂ ਜ਼ਿਲਾ ਗੁਰਦਾਸ ਪੁਰ ਮੀਤ ਜਥੇਦਾਰ ਚੁਣਿਆ। ਇਥੋਂ ਇਕ ਦਿਨ ਪਛੜ ਕੇ ਜਥਾ ਚਲਿਆ।

## ਜੱਥਾ ਨੰ: ੧੧ ਦੀ ਸੇਵਾ ਬਦਲੇ ਪਕੜੇ ਹੋਰ ਸੂਰਬੀਰ

| | |
|---|---|
| ਮਿਲਖੀ ਰਾਮ | ਨਰੈਣ ਦਾਸ |
| ਰਾਮ ਚੰਦ | ਸ: ਭਗਵਾਨ ਸਿੰਘ ਨੂੰ ਸਫੈਦਪੋਸ਼ੀ ਤੋਂ ਹਟਾ ਦਿਤਾ |
| *ਸ: ਵੀਰ ਸਿੰਘ ਪੁਆਧੜਾ ੧ ਸਾਲ ਸਜ਼ਾ | ਸ: ਰਵੇਲ ਸਿੰਘ |

---

*ਜਥੇਦਾਰ ਵੀਰ ਸਿੰਘ ਜ਼ਿਲਾ ਜਲੰਧਰ ਦੇ ਪ੍ਰਸਿਧ ਵਰਕਰ ਸਨ। ਆਪ ਨੇ ੧੯੨੮ ਵਿਚ ਨੰਬਰਦਾਰੀ ਛਡੀ। ੩ ਸਾਲ ਕਾਂਗਰਸ ਵਿਚ ਕੈਦ ਕਟੀ। ੧੧ਵੇਂ ਜਥੇ ਦੀ ਸੇਵਾ ਬਦਲੇ ੧ ਸਾਲ ਕੈਦ। ੧੯੨੯ ਵਿਚ ਫਿਰ ਕੈਦ। ੧੯੩੦-੩੫ ਵਿਚ ਨਜ਼ਰ ਬੰਦ ੧੯੩੫ ਕ੍ਰਿਪਾਨ ਦੇ ਮੋਰਚੇ ਵਿਚ ਕੈਦ। ੧੯੪੪ ਵਿਚ ਤਖਤ ਕੇਸਗੜ੍ਹ ਦੇ ਜਥੇਦਾਰ ਰਹੇ।

Digitized by Panjab Digital Library | www.panjabdigilib.org

ਸ: ਬਚਨ ਸਿੰਘ ਸ: ਨਿਹਾਲ ਸਿੰਘ
ਸ: ਕੇਸਰਾ ਸਿੰਘ ਸ: ਪੰਜਾਬ ਸਿੰਘ
ਭਾਈ ਫਤਹਿ ਸਿੰਘ ਪਿੰਡ ਦਰਾਜ ਆਪ ੧੩ ਅਗਸਤ ੧੯੨੪ ਨੂੰ ਚਲਾਣਾ ਕਰ ਗਏ ।

## ਜ਼ਿਲਾ ਗੁਰਦਾਸ ਪੁਰ ਦੇ ਕੁਝ ਮੈਂਬਰ

ਭਾਈ ਰਤਨ ਸਿੰਘ ਜੀ । ਭਾਈ ਸੁਰੈਣ ਸਿੰਘ ਜੀ ।
ਭਾਈ ਠਾਕਰ ਸਿੰਘ ਜੀ । ਭਾਈ ਹਜ਼ਾਰਾ ਸਿੰਘ ਜੀ ।
ਭਾਈ ਝੰਡਾ ਸਿੰਘ ਜੀ ਪਿੰਡ ਬੀਹਲੇ ।

## ਸ: ਸੱਜਣ ਸਿੰਘ ਜੀ ਕਮਾਲ ਪੁਰਾ

ਆਪ ਜੀ ਦਾ ਜਨਮ ਸ: ਗੰਡਾ ਸਿੰਘ ਜੀ ਦੇ ਘਰ ਪਿੰਡ ਕਮਾਲ ਪੁਰਾ ਜ਼ਿਲਾ ਅੰਮ੍ਰਿਤਸਰ ਵਿਚ ੧੯੦੦ ਈ: ਨੂੰ ਹੋਇਆ । ਬਚਪਨ ਤੋਂ ਆਪ ਜੀ ਦੇ ਪਿਤਾ ਮਰਗਿੰਦ ਪੁਰੇ ਵਿਚ ਜ਼ਿਮੀਂਦਾਰਾ ਕਰਦੇ ਹਨ । ਆਪ ਡੀ. ਏ. ਵੀ. ਮਿਡਲ ਸਕੂਲ ਵਿਚ ਮਿਡਲ ਪਾਸ ਕਰਕੇ ਖਾਲਸਾ ਹਾਈ ਸਕੂਲ ਸਰਹਾਲੀ ਵਿਚ ਦਾਖਲ ਹੋ ਗਏ ਅਤੇ ੧੯੨੦ ਵਿਚ ਆਪ ਨੇ ਐਂਟ੍ਰੈਨਸ ਪਾਸ ਕਰਕੇ ਮੈਡੀਕਲ ਸਕੂਲ ਅੰਮ੍ਰਿਤਸਰ ਵਿਚ ਦਾਖਲ ਹੋ ਕੇ ਪੜ੍ਹਾਈ ਕਰਨ ਲੱਗੇ ਤਾਂ ਕੁਝ ਚਿਰ ਬਾਦ ਨਾ ਮਿਲਵਰਤਨ ਦੀ ਲਹਿਰ ਚਲਣ ਤੇ ਕੌਮ ਵਲੋਂ ਮੰਗ ਕੀਤੀ ਗਈ ਸੀ, ਕਿ "ਸਰਕਾਰੀ ਪੜ੍ਹਾਈਆਂ ਤੇ ਨੌਕਰੀਆਂ ਛੱਡ ਕੇ ਨੌਜਵਾਨ ਕੌਮੀ ਸੇਵਾ ਦੇ ਮੈਦਾਨ ਵਿਚ ਨਿਤਰਨ" ਜਿਸ ਕਰਕੇ ਆਪ ਜੀ ਨੇ ਨਾ ਮਿਲਵਰਤਨ ਕਰਕੇ ਡਾਕਟ੍ਰੀ ਦੀ ਪੜ੍ਹਾਈ ਛਡ ਦਿੱਤੀ ਅਤੇ ਆਪਣਾ ਜੀਵਨ ਕੌਮ ਦੇ ਹਵਾਲੇ ਕਰ ਦਿੱਤਾ । ਮੋਰਚਾ ਚਾਬੀਆਂ ਵਿਚ ਆਪ ਨੇ ਕੁਝ ਚਿਰ ਸ਼੍ਰੋ: ਗੁ: ਪ੍ਰ: ਕਮੇਟੀ ਦੇ ਦਫਤਰ ਵਿਚ ਕੰਮ ਕੀਤਾ ।

੧੯੨੨ ਨੂੰ ਕਾਂਗਰਸ ਕਮੇਟੀ ਦੇ ਜਾਇੰਟ ਸੈਕਰਟ੍ਰੀ ਬਣੇ । ਮਾਝਾ ਕਾਂਗਰਸ ਕਮੇਟੀ ਜ਼ਿਲਾ ਲਾਹੌਰ ਦੇ ਜਨਰਲ ਸੈਕਟ੍ਰੀ ਬਣੇ, ਡਿਸਟ੍ਰਿਕਟ ਕਾਂਗਰਸ ਕਮੇਟੀ ਦੇ ਸਕੱਤ੍ਰ ਰਹੇ ਇਤ ਆਦਿ । ਜਦ ਸ਼੍ਰੋ: ਗੁ: ਪ੍ਰ: ਕਮੇਟੀ ਤੇ ਅਕਾਲੀ ਦੱਲੀ ਬਾਗ਼ੀ ਕਰਾਰ ਦਿੱਤੇ ਗਏ ਅਤੇ ਸ: ਤੇਜਾ ਸਿੰਘ ਘਵਿੰਡ ਪਹਿਲੇ ਜਥੇ ਵਿਚ ਫੜੇ ਗਏ ਤਾਂ ਆਪ ਜੀ ਨੂੰ ਉਹਨਾਂ ਦੀ ਥਾਂ ਸ਼੍ਰੋ: ਗੁ: ਪ੍ਰ: ਕਮੇਟੀ ਦਾ ਮੈਂਬਰ ਨਾਮਜ਼ਦ ਕਰ ਲਿਆ ਗਿਆ, ਅਤੇ ਆਪ ਅਕਾਲੀ ਲਹਿਰ ਵਿਚ ਜੁੱਟ ਗਏ ।

੨ ਮਾਰਚ ੧੯੨੪ ਨੂੰ ਦੂਜਾ ਜਥਾ ਆਪ ਦੇ ਪਿੰਡ ਵਿਚ ਦੀ ਜਾਣ ਤੇ ਸੇਵਾ ਪ੍ਰਸ਼ਾਦ ਪਾਣੀ ਛਕਾਉਣ ਤੇ ੪ ਅਪਰੈਲ ਨੂੰ ੧੭ ( ਬੀ ) ਹੇਠਾਂ ਗ੍ਰਿਫਤਾਰ ਕਰ ਲਿਆ ਗਿਆ ਅਤੇ ੫ ਜੂਨ ਨੂੰ ੧੭ ( ਏ ) ਵਿਚ ਆਪ ਨੂੰ ਇਕ ਸਾਲ ਦੀ ਸਜ਼ਾ ਤੇ ਤਿੰਨ ਸੌ ਰੁਪਿਆ ਜੁਰਮਾਨਾ ਕੀਤਾ ਅਤੇ ਆਪ ਨੇ ਸੈਂਟ੍ਰਲ ਜੇਲ੍ਹ ਲਾਹੌਰ ਤੇ ਕੈਮਲ ਪੁਰ ਵਿਚ ਕੈਦ ਕੱਟਣ ਤੇ ੨੭ ਅਪਰੈਲ ੧੯੨੫ ਨੂੰ ਰਿਹਾ ਹੋਏ । ਬਾਦ ਵਿਚ ੮ ਨਵੰਬਰ ੧੯੨੫ ਨੂੰ ਸ਼੍ਰੋ: ਅਕਾਲੀ ਦੱਲ ਨੇ ਜਨਰਲ ਸਕੱਤ੍ਰ ਚੁਣੇ ਗਏ ।

## ਜੱਥਾ ਨੰ: ੧ ਜ਼ਿਲਾ ਅੰਮ੍ਰਿਤਸਰ ਦੇ ਕੁਝ ਮੈਂਬਰ

ਬਾਬਾ ਧਰਮ ਸਿੰਘ ਜੀ । ਭਾਈ ਬਿਸ਼ਨ ਸਿੰਘ ਜੀ ।
ਜਥੇਦਾਰ ਮੋਹਣ ਸਿੰਘ ਜੀ ਨਾਗੋ ਕੇ । ਭਾਈ ਜਗਜੀਤ ਸਿੰਘ ਜੀ ।
ਭਾਈ ਕਿਸ਼ਨ ਸਿੰਘ ਜੀ । ਭਾਈ ਗੁਰਮੁਖ ਸਿੰਘ ਜੀ ।
ਭਾਈ ਸੋਹਣ ਸਿੰਘ ਜੀ । ਭਾਈ ਊਧਮ ਸਿੰਘ ਜੀ ਨਾਗੋ ਕੇ ।

Digitized by Panjab Digital Library | www.panjabdigilib.org

ਭਾਈ ਰਵੇਲ ਸਿੰਘ ਜੀ ਭੁੱਚਰ । ਭਾਈ ਕੇਸਰ ਸਿੰਘ ਜੀ ਖਤਰਾ ।
ਭਾਈ ਹਰਬੰਸ ਸਿੰਘ ਜੀ ਭੁੱਚਰ । ਸੰਤ ਪਾਲ ਸਿੰਘ ਜੀ ਝਾਮਕੇ ।
ਭਾਈ ਨਰੈਣ ਸਿੰਘ ਜੀ ਭਲਾਈ ਪੁਰ ਆਦਿਕ ।

## ਜੱਥਾ ਨੰਃ ੯ ਜ਼ਿਃ ਅੰਮ੍ਰਿਤਸਰ ਦੇ ਨੌਜਵਾਨ ਸਿੰਘ

ਖਾਸ ਅੰਮ੍ਰਿਤਸਰ ਦੇ ਨੌਜਵਾਨ ਭਾਈ ਬੁਧ ਸਿੰਘ ਤੇ ਭਾਈ ਹਰਨਾਮ ਸਿੰਘ ਇਸ ਜਥੇ ਵਿਚ ਜਾਣਾ ਚਾਹੁੰਦੇ ਸਨ । ਘਰ ਵਾਲੇ ਇਨ੍ਹਾਂ ਦੇ ਜਾਣ ਵਿਚ ਖੁਸ਼ ਨਹੀਂ ਸਨ । ਭਾ: ਬੁਧ ਸਿੰਘ ਨੂੰ ਘਰ ਵਿਚ ਬੰਦ ਕਰ ਦਿੱਤਾ, ਬੁਧ ਸਿੰਘ ਬਾਰੀ ਪੁਟ ਕੇ ਸ੍ਰੀ ਅਕਾਲ ਤਖਤ ਜਥੇ ਵਿਚ ਆ ਗਿਆ ਤੇ ਹਰਨਾਮ ਸਿੰਘ ਨੂੰ ਚੌਬਾਰੇ ਵਿਚ ਬੰਦ ਕਰ ਦਿੱਤਾ, ਜਿਸ ਨੇ ਚੌਬਾਰੇ ਨੂੰ ਅੱਗ ਲਾ ਦਿੱਤੀ । ਇਸ ਪਰ ਘਰ ਦਿਆਂ ਨੇ ਬਾਹਰ ਕੱਢ ਲਿਆ ਤੇ ਸਿੰਘ ਜੀ ਜਥੇ ਵਿਚ ਆ ਗਏ । †

## ਜਥਾ ਨੰਃ ੧ ਜ਼ਿਲਾ ਹੁਸ਼ਿਆਰ ਪੁਰ ਦੇ ਕੁਝ ਸਿੰਘ

ਭਾਈ ਨਰੰਜਨ ਸਿੰਘ ਜੀ ਬੂਲੇ ਵਾਲ । ਭਾਈ ਪ੍ਰੇਮ ਸਿੰਘ ਜੀ ।
ਭਾਈ ਬਤਨ ਸਿੰਘ ਜੀ । ਭਾਈ ਤੇਜਾ ਸਿੰਘ ਜੀ ।
ਭਾਈ ਸੰਤੋਖ ਸਿੰਘ ਜੀ ਵਿਛੋੜੀ । ਭਾਈ ਕਰਨ ਸਿੰਘ ਜੀ ਪਹੂਨ ।
ਭਾਈ ਸ਼ੇਰ ਸਿੰਘ ਜੀ ਪਖੋਵਾਲ । ਭਾਈ ਕੁੰਦਨ ਸਿੰਘ ਜੀ ਜਤੋਰੇ ।
ਭਾਈ ਚੰਨਨ ਸਿੰਘ ਜੀ ਜਤੋਰੇ । ਭਾਈ ਬੰਤਾ ਸਿੰਘ ਜੀ ਨੰਗਲ ।

## ਜੱਥਾ ਨੰਃ ੨ ਦੇ ਜਥੇਦਾਰ

ਹੈਡ ਜਥੇਦਾਰ ਸ: ਇੰਦਰ ਸਿੰਘ ਪਿੰਡ ਮਿਰਜ਼ਾ ਜ਼ਿਃ ਸਿਆਲਕੋਟ ।
ਜਥੇਦਾਰ ਦਲਜੀਤ ਸਿੰਘ ਪਿੰਡ ਕੋਟ ਧਰਮ ਚੰਦ ਜ਼ਿਃ ਅੰਮ੍ਰਿਤਸਰ ।
ਮੀਤ ਜਥੇਦਾਰ ਸ: ਪ੍ਰਿਤਪਾਲ ਸਿੰਘ ਖਾਸ ਗੁਰਦਾਸ ਪੁਰ ।
ਸ: ਵੀਰ ਸਿੰਘ ਚੱਕ ਨੰਃ ੪੨ ਲੋਪੋ ਕੇ ਜ਼ਿਃ ਲਾਇਲ ਪੁਰ ।
ਸ: ਆਸਾ ਸਿੰਘ ਜਥੇ ਦੇ ਨਿਰਮਾਣ ( ਕਵੀ ) ਲਾਇਲ ਪੁਰ ।

## ਜੱਥਾ ਨੰਃ ੪ ਦੇ ਜਥੇਦਾਰ

ਭਾਈ ਸ਼ੇਰ ਸਿੰਘ ਪਿੰਡ ਦੌਲਤ ਪੁਰ ਆਪ ਨੂੰ ਪਿੰਡੋਂ ਹੀ ਗ੍ਰਿਫਤਾਰ ਕਰ ਲਿਆ ਗਿਆ ।

ਸਿੰਘ ਸਾਹਿਬ ਜਥੇਦਾਰ ਅਕਾਲ ਤਖਤ ਤੇਜਾ ਸਿੰਘ ਅਕਰ ਪੁਰੀ ਆਪ ਸ਼੍ਰੋ: ਕਮੇਟੀ ਦੇ ਪਹਿਲੇ ਜਥੇ ਨਾਲ ਕਿਲੇ ਵਿਚ ਸਨ ।

ਸਿੰਘ ਸਾਹਿਬ ਅਕਾਲ ਤਖਤ ਤੇਜਾ ਸਿੰਘ ਤੇ ਸ: ਊਧਮ ਸਿੰਘ ਨਾਗੋਕੇ ਨੂੰ ਜੈਤੋ ਦੇ ਜਥੇ ਵਿਚ ਭੇਜਣ ਦੇ ਜੁਰਮ ਵਿਚ ਦੋ ਸਾਲ ਕੈਦ ਕੀਤੇ ਗਏ ।

ਸਿੰਘ ਸਾਹਿਬ ਜਥੇਦਾਰ ਇਛਰਾ ਸਿੰਘ ਜੀ ਨੂੰ ੭ ਮਈ ੧੯੨੪ ਨੂੰ ਡੇਢ ਸਾਲ ਕੈਦ ਤੇ ਇਕ ਸੌ ਰੁਪਿਆ ਜੁਰਮਾਨਾ ਹੋਇਆ ।

ਭਾ: ਕਰਤਾਰ ਸਿੰਘ ਪ੍ਰਚਾਰਕ ਦੀ ਜਗ੍ਹਾ ਗਿ:ਕਰਤਾਰ ਸਿੰਘ ਕਲਾਸ ਵਾਲੀਆ ਨੂੰ ਗ੍ਰਿਫਤਾਰ ਕਰ ਲਿਆ

---

† ਅਕਾਲੀ ਪ੍ਰਦੇਸੀ, ੨੭ ਜੂਨ ੧੯੨੪ ।

Digitized by Panjab Digital Library | www.panjabdigilib.org

## ਸ: ਸੰਤ ਸਿੰਘ ਜੀ ਤੇਗ ਸ਼ੇਰੇ ਕਸ਼ਮੀਰ

ਸ: ਸੰਤ ਸਿੰਘ ਜੀ ਜੋ ਪੰਥਕ ਹੁਕਮ ਅਨੁਸਾਰ ਚਲਣ ਵਾਲੇ ਇਕ ਮੰਨੇ ਪ੍ਰਮੰਨੇ ਲੀਡਰ ਹਨ । ਅਤੇ ਆਪ ਜੀ ਨੇ ਹਰ ਇਕ ਪੰਥਕ ਵਿਪਤਾ ਨੂੰ ਆਪਣੀ ਸਮਝ ਕੇ ਆਪਾ ਵਾਰ ਕੁਰਬਾਨੀਆਂ ਕਰ ਦਿਖਾਈਆਂ ਹਨ ਏਸੇ ਕਰ ਕੇ ਹੀ ਕਸ਼ਮੀਰ ਅਕਾਲੀ ਦਲ ਦੇ ਪ੍ਰਧਾਨ ਚੁਣੇ ਗਏ ਹਨ ਅਤੇ ਆਪ ਦੀ ਜ਼ਿੰਦਗੀ ਤੇ ਕੁਰਬਾਨੀਆਂ ਤੇ ਪੰਥ ਨੂੰ ਪੂਰਾ ਮਾਣ ਹੈ ।

ਗਿ: ਤਾਰਾ ਸਿੰਘ ਜੀ "ਸ਼ਾਂਤ" ਜੰਮੂੰ ਕਸ਼ਮੀਰ ਆਪ ਜੀ ਵਿਚ ਪੰਥਕ ਪਿਆਰ ਕੁਟ ਕੁਟ ਕੇ ਭਰਿਆ ਹੋਇਆ ਹੈ । ਆਪ ਜੀ ਘਰੋਗੀ ਕੰਮਾਂ ਨਾਲੋਂ ਪੰਥਕ ਸੇਵਾ ਨੂੰ ਮੁਖ ਰਖਦੇ ਹੋਏ, ਪ੍ਰਚਾਰ ਦੁਆਰਾ ਬੇਅੰਤ ਸੇਵਾ ਕਰ ਰਹੇ ਹਨ ਅਤੇ ੧੯੫੫ ਸ਼ਹਿਰੀ ਅਜ਼ਾਦੀ ਦੇ ਮੋਰਚੇ ਵਿਚ ਵਧ ਚੜ੍ਹ ਕੇ ਹਿਸਾ ਲਿਆ ।

## ਜ਼ਿਲਾ ਲਾਹੌਰ ਦੇ ਅਕਾਲੀ

ਭਾਈ ਧਾਰਾ ਸਿੰਘ ਟਾਂਕ ਛਤ੍ਰੀ ਪਿਤਾ ਜਵਾਹਰ ਸਿੰਘ ਮਾਤਾ ਕਰਮ ਕੌਰ ਪਿੰਡ ਰਾਜੂ ਮਤਾ ਆਪ ਜਥਾ ਨੰ: ੧ ਨਾਲ ਭਾਈ ਫੇਰੂ ਦੇ ਮੋਰਚੇ ਵਿਚ ਗਏ ਤੇ ਸਜ਼ਾ ਕਟੀ ।

ਭਾਈ ਕਿਸ਼ਨ ਸਿੰਘ ਰਾਮ ਗੜ੍ਹੀਆ ਪਿਤਾ ਬਗਾ ਸਿੰਘ ਪਿੰਡ ਰਾਜੂ ਮਤਾ ਆਪ ਜਥਾ ਨੰ: ੧ ਨਾਲ ਭਾਈ ਫੇਰੂ ਦੇ ਮੋਰਚੇ ਵਿਚ ਗਏ ਤੇ ਸਜ਼ਾ ਕਟੀ ।

ਭਾਈ ਸਹੈਣ ਸਿੰਘ ਟਾਂਕ ਛਤਰੀ ਪਿੰਡ ਰਾਜੂ ਮਤਾ ਆਪ ਜਥਾ ਨੰ: ੧ ਨਾਲ ਭਾਈ ਫੇਰੂ ਦੇ ਮੋਰਚੇ ਵਿਚ ਗਏ ਤੇ ਸਜ਼ਾ ਕਟੀ ।

ਭਾਈ ਜਵਾਹਰ ਸਿੰਘ ਟਾਂਕ ਛਤ੍ਰੀ ਪਿਤਾ ਗੁਲਾਬ ਸਿੰਘ ਮਾਤਾ ਨੰਦ ਕੌਰ ਪਿੰਡ ਰਾਜੂ ਮਤਾ ਆਪ ਪਸ਼ੌਰ ਦੇ ਮੋਰਚੇ ਵਿਚ ਗਏ ।

ਭਾਈ ਬੀਬਾ ਸਿੰਘ, ਭਾਈ ਧਾਰਾ ਸਿੰਘ ਜੀ ਦੇ ਦਾਦਾ ਜੀ ਸਨ, ਆਪ ਭਾਈ ਫੇਰੂ ਦੇ ਮੋਰਚੇ ਵਿਚ ਗਏ ਤੇ ਸਜ਼ਾ ਕਟੀ । ਆਪ ਦਾ ਸਾਰਾ ਪ੍ਰਵਾਰ ਗੁਰਮੁਖ ਹੈ ।

ਭਾਈ ਰਾਜਾ ਸਿੰਘ ਜ਼ਿਮੀਂਦਾਰ (ਜਟ) ਪਿਤਾ ਉਤਮ ਸਿੰਘ ਮਾਤਾ ਚੰਦ ਕੌਰ ਪਿੰਡ ਰਾਜੂ ਮਤਾ ਆਪ ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ ।

ਸ: ਤੇਜਾ ਸਿੰਘ ਮਨੇਸ਼ ਪਿਤਾ ਸਦਾ ਸਿੰਘ ਮਾਤਾ ਜੀਵਾਂ ਪਿੰਡ ਘੁਮਣ ਮਣੇ ਆਪ ਮੋਰਚਾ ਗੁਰੂ ਕੇ ਬਾਗ ਵਿਚ ਗਏ । ਆਪ ਦੇ ਨਾਲ ਦੇ ਸਾਥੀ ਇਹ ਹਨ:-

ਜਥੇਦਾਰ ਨੰਦ ਸਿੰਘ
ਸ: ਰਣਜੀਤ ਸਿੰਘ ਤਾਜਵਰ
ਸ: ਤੇਜਾ ਸਿੰਘ ਘਵਿੰਡ ਜਥੇਦਾਰ
ਸ: ਵਰਿਆਮ ਸਿੰਘ ਬੁਤ ਜਥੇਦਾਰ ।

## ਸ: ਠਾਕਰ ਸਿੰਘ ਲਾਇਲਪੁਰ

ਆਪ ਦਾ ਜਨਮ ਸ: ਨਥਾ ਸਿੰਘ ਦਫੇਦਾਰ ਦੇ ਘਰ ਵਿਖੇ ਚੱਕ ਨੰ: ੩੯ ਡਾ: ਖਾਸ ਤਹਿਸੀਲ ਜੜ ਵਾਲੀ ਜ਼ਿਲਾ ਲਾਇਲਪੁਰ ਵਿਚ ਹੋਇਆ । ਆਪ ੬ਵੇਂ ਸਾਲ ਸਕੂਲੇ ਪੜ੍ਹਨੇ ਪਾਇ ਗਏ । ਆਪ ਜੀ ਹੁੰਦੜ ਹੇਲ ਤੇ ਅਣਖੀਲੇ ਜੁਆਨ ਹੋਣ ਤੇ ਪੜ੍ਹਾਈ ਛਡ ਕੇ ਅਕਾਲੀ ਲਹਿਰ ਵਿਚ ਕੁਦ ਪਏ ਤੇ ਜੋ ਆਪ ਨੇ ਬੇ ਮਸਾਲ ਕੁਰਬਾਨੀਆਂ ਕੀਤੀਆਂ ਹਨ, ਜੇ ਉਹ ਵੇਰਵੇ ਨਾਲ ਲਿਖਣ ਲਗੀਏ ਤਾਂ ਬਹੁਤ ਵਿਸਥਾਰ ਹੁੰਦਾ ਹੈ ਇਸ ਕਰਕੇ ਨੁਕਤੇ ਵਜੋਂ ਲਿਖਦੇ ਹਾਂ ।

Digitized by Panjab Digital Library | www.panjabdigilib.org

ਅਕਾਲੀ ਭਰਤੀ, ਇਲਾਕੇ ਦੇ ਜਥੇਦਾਰ ਬਨਾਇ ਗਏ। ਤਹਿਸੀਲ ਜੜ ਵਾਲੀ ਦੇ ਅਕਾਲੀ ਜਥੇਦਾਰ ਥਾਪੇ ਗਏ। ਅੰਮ੍ਰਿਤਸਰ ਸ਼੍ਰੋ: ਗੁ: ਪ੍ਰ: ਕਮੇਟੀ ਦੇ ਮੈਂਬਰ ਚੁਣੇ ਗਏ। ਜ਼ਿਲਾ ਮਿੰਟਗੁੰਮਰੀ ਵਿਚ ਮੋਰਚੇ ਵਿਚ ਹਿੱਸਾ ਲਿਆ। ਗੁਰੂ ਕੇ ਬਾਗ ਦੇ ਮੋਰਚੇ ਹਿਸਾ ਲਿਆ ਤੇ ਸਿੰਘ ਭੇਜੇ। ਜੈਤੋ ,ਗੰਗਸਰ ਦੇ ਮੋਰਚੇ ਵਿਚ ਕੌਂਪਣੀ ਕਮਾਂਡਰ ਤੇ ਜ਼ਿਲੇਦਾਰ ਹੋਕੇ ਗਏ ਅਤੇ ਨਾਭਾ ਜੇਹਲ ਵਿਚ ਬਹੁਤ ਕਸ਼ਟ ਸਹਾਰੇ ਤੇ ਮੋਰਚਾ ਫਤਹਿ ਹੋਣ ਤੇ ਆਇ। ਜ਼ਿਮੀਦਾਰ ਲਹਿਰ ਵਿਚ ਹਿੱਸਾ ਲਿਆ ਤੇ ਸਰਗਰਮ ਅੱਗੂ ਰਹੇ। ਕਾਂਗਰਸ ਵਿਚ ਵਧ ਚੜ ਕੇ ਹਿਸਾ ਲਿਆ। ਕੌਮੀ ਸਿੱਖ ਕੈਦੀ ਛਡਾਉਂਣ ਵਾਸਤੇ ਜਦੋ-ਜਹਿਦ ਕੀਤੀ। ਵਿਦਿਆ ਵਾਸਤੇ ਪ੍ਰਚਾਰ ਤੇ ੧੦੨ ਰੁਪਏ ਦਾਨ ਕੀਤੇ। ਹੁਣ ਤਬਾਦਲੇ ਵੇਲੇ ਆਪ ਜੀ ਪਿੰਡ ਰਾਧੋਂ ਕਲਾਂ ਡਾ: ਮਿਆਂ ਪੁਰ ਤਹਿਸੀਲ ਰੋਪੜ ਜ਼ਿਲਾ ਅੰਬਾਲਾ ਵਿਚ ਆਪ ਜੀ ਨੂੰ ਜ਼ਮੀਨ ਅਲਾਟ ਹੋਈ ਹੈ।

## ਜ਼ਿਲੇਦਾਰ ਜੀਵਨ ਸਿੰਘ

ਭਾਈ ਜੀਵਨ ਸਿੰਘ ਪਿਤਾ ਛੁਹਾਰਾ ਸਿੰਘ ਜੀ ਦੇ ਘਰ ਪਿੰਡ ਉਢਰ ਵਾਲ ਤਹਿਸੀਲ ਚਕਵਾਲ ਜ਼ਿਲਾ ਰਾਵਲ ਪਿੰਡੀ ਵਿਖੇ ੧੯੦੫ ਦਿਨ ਐਤਵਾਰ ਨੂੰ ਜਨਮ ਹੋਇਆ। ਆਪ ਜੀ ਦੇ ਪਿਤਾ ਗੁਰਬਾਣੀ ਦੇ ਬੜੇ ਸਰਧਾਲੂ ਸਨ। ਆਪ ਜੀ ਚੰਗੇ ਵਿਦਵਾਨ ਤੇ ਗੁਰ ਮੁਖ ਪਿਆਰੇ ਕੌਮੀ ਪ੍ਰਵਾਨੇ ਹਨ। ਆਪ ਜੀ ਦੀ ਸੇਵਾ:— ਆਪ ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ। ਆਪ ਮੋਰਚਾ ਭਾਈ ਫੇਰੂ ਵਿਚ ਗਏ। ਆਪ ਮੋਰਚਾ ਗੰਗਸਰ ਜੈਤੋ ਜਥਾ ਨੰ: ੨ ਵਿਚ ਗਏ। ਯੂ. ਪੀ. ਵਿਚ ਕਿਸਾਨ ਮੋਰਚੇ ਵਿਚ ਗਏ, ਤੇ ੧੯੪੮ ਵਿਖੇ ਜਥਾ ਲੈਕੇ ਲਖਨਊ ਪੁਜੇ। ੧੯੪੭ ਦੇ ਬਟਵਾਰੇ ਪਿਛੋਂ, ਹੁਣ ਹਲਦਵਾਨੀ ਜ਼ਿਲਾ ਨੈਨੀਤਾਲ ਵਿਚ ਹਨ ਤੇ ਸਿੰਘ ਸਭਾ ਦੇ ਸਕੱਤ੍ਰ ਹਨ।

## ਮੁਲਤਾਨ ਜੇਹਲ ਦੇ ਕੈਦੀ

ਬਾਬਾ ਈਸ਼ਰ ਸਿੰਘ, ਸ: ਸੋਭਾ ਸਿੰਘ ਮਰਹਾਣਾ, ਸ: ਕਾਬਲ ਸਿੰਘ (ਐਮ. ਐਲ. ਏ.) ਜਥੇਦਾਰ ਊਦਮ ਸਿਘ ਨਾਗੋਕੇ, ਸ: ਭਾਗ ਸਿੰਘ, ਸ: ਲਹੌਰਾ ਸਿੰਘ ਠੱਠਰ, ਸ: ਨਾਹਰ ਸਿੰਘ ਫਤਹਿ ਗੜ੍ਹ, ਸ: ਦਰਸ਼ਨ ਸਿੰਘ ਫੇਰੂ ਮਾਨ, ਗਿ: ਹੀਰਾ ਸਿੰਘ ਦਰਦ, ਬਾਬਾ ਇੰਦਰ ਸਿੰਘ ਵੇਰਕਾ, ਸ: ਸੁਰੈਣ ਸਿੰਘ ਹੁਸ਼ਿਆਰ ਨਗਰ, ਗਿ: ਗੁਰਮੁਖ ਸਿੰਘ ਮੁਸਾਫਰ, ਸ: ਮਹਿੰਦਰ ਸਿਧਮਾਂ, ਜਰਨੈਲ ਸ਼ਾਮ ਸਿੰਘ ਰੂਮੀ, ਗਿ: ਸਰਦਾਰਾ ਸਿੰਘ ਜਲੰਧਰ, ਸ: ਭਗਤ ਸਿੰਘ ਜਾਮ ਕੇ, ਸ: ਵਸਾਵਾ ਸਿੰਘ ਗੁਰਦਾਸ ਪੁਰ, ਸ: ਸ਼ਿਵ ਸਿੰਘ ਗਜੂ ਗਾਜੀ (ਐਮ. ਐਲ. ਏ.) ਸ: ਰਵੇਲ ਸਿੰਘ ਅੰਮ੍ਰਿਤ ਸਰ, ਸ: ਵਰਿਆਮ ਸਿੰਘ ਬੁਤ ਲਹੌਰ, ਸ; ਭਗਵਾਨ ਸਿੰਘ ਢੇਊ, ਸ: ਅਰਜਣ ਸਿੰਘ ਗੜਗਜ, ਪੰ: ਮੇਹਰ ਚੰਦ ਪੰਡੋਰੀ ਜਿਝਰਾ, ਜਰਨੈਲ ਮੂਲਾ ਸਿੰਘ ਬਾਹੋਵਾਲ, ਪੰ: ਚੰਬਾ ਰਾਮ ਅਕਾਲੀ ਐਡੀਟਰ, ਸ: ਕਰਤਾਰ ਸਿੰਘ ਅਕਾਲੀ ਐਡੀਟਰ, ਸ: ਦੀਵਾਨ ਸਿੰਘ ਅਕਾਲੀ ਐਡੀਟਰ, ਸ: ਨਿਹਾਲ ਸਿੰਘ ਬੰਤੂ, ਚੌਧਰੀ ਜੈਮਲ ਸਿੰਘ ਸਰਗੋਧਾ, ਸ: ਨਿਧਾਨ ਸਿੰਘ ਢੁਲ੍ਹ,(ਲਾਹੌਰ ਜੇਹਲ ਕੈਂਪ ਵਿਚ ਮੁਖੀ ਸਨ) ਸ: ਰਤਨ ਸਿੰਘ ਜਲੰਧਰ, ਸ: ਹਰਨਾਮ ਸਿੰਘ ਗੁਰਦਾਸ-ਪੁਰ।

Digitized by Panjab Digital Library | www.panjabdigilib.org

# ਕਾਗਜ਼ੀ ਢੇਰਾਂ ਦੀ ਭੰਡਾਰੀ ਵਿਚੋਂ

ਇਤਿਹਾਸ ਲਈ ਮਸਾਲਾ ਇਕੱਤਰ ਕਰਨ ਸਮੇਂ ਕੁਝ ਗੁੰਮ ਕੀਤੇ ਗਏ ਕਾਗਜ਼ ਜੋ ਮੋਰਚਾ ਜੈਤੋ ਨਾਲ ਸੰਬੰਧ ਰਖਦੇ ਸਨ, ਦੇ ਹਾਲ ਅੰਕਤ ਕੀਤੇ ਜਾਂਦੇ ਹਨ। ਪਾਠਕ ਧਿਆਨ ਨਾਲ ਪੜ੍ਹਨ।

[ਕਰਤਾ

# ਜਥਾ ਨੰ: ੨ ਦਾ ਦੂਹਰਾ ਪੜਾਉ

ਪੁਲੀਸ ਤੇ ਫੌਜ ਦਾ ਮੋਗੇ ਦੇ ਉਦਾਲੇ ਘੇਰਾ ਪਾਇਆ ਹੋਇਆ ਸੀ। ਇਸ ਕਰਕੇ ਮੋਗੇ ਚੋਂ ਸੇਵਾ ਕਰਨ ਵਾਲੇ ਬਹੁਤ ਘਟ ਆਦਮੀ ਨਿਕਲਦੇ ਸਨ। ਲੋਕਾਂ ਵਿਚ ਸੇਵਾ ਦਾ ਬੜਾ ਹੀ ਉਤਸ਼ਾਹ ਸੀ, ਇਸ ਵਾਸਤੇ ਪੱਤੀ ਓਸੰਗ ਵਲੋਂ ਸ: ਹੀਰਾ ਸਿੰਘ, ਪਾਲਾ ਸਿੰਘ, ਸੁਚਾ ਸਿੰਘ ਆਦਿ ਨੂੰ ਘਲਿਆ ਗਿਆ ਕਿ ਤੁਸੀਂ ਜਥੇ ਦੀ ਹਰ ਤਰਾਂ ਦੀ ਸੇਵਾ ਕਰਿਓ ਅਤੇ ਅਸੀਂ ਸਭ ਕੁਝ ਆਪਨੂੰ ਹਾਜ਼ਰ ਕਰਾਂਗੇ।

ਇਹ ਸਵਾ ੨੫।) ਰੁਪਏ ਦੀ ਦੇਗ ਪੂਰਨ ਮਰਯਾਦਾ ਅਨੁਸਾਰ ਸਜਾ ਕੇ ਸ੍ਰੀ ਆਸਾ ਜੀ ਦੀ ਵਾਰ ਦੇ ਭੋਗ ਤੇ ਪੁਚਾਈ ਅਤੇ ਜਥੇ ਦੇ ਕੇਸੀ ਇਸ਼ਨਾਨ ਵਾਸਤੇ ਦਹੀਂ, ਤੇਲ ਆਦਿ ਦੁਆਰਾ ਸੇਵਾ ਕਰਕੇ ਲਾਭ ਪ੍ਰਾਪਤ ਕੀਤਾ।

# ਜੱਥਾ ਨੰ: ੧ ਦੇ ਨਾਲ ਗਡਿਆਂ ਸਮੇਤ ਮੋਗੇ ਦੇ ਸੇਵਾਦਾਰ

ਭਾਈ ਰੁਲੀਆ ਸਿੰਘ ਪਿਤਾ ਸਮੁੰਦ ਸਿੰਘ ਮੋਗਾ, ਭਾਈ ਖਿਸ਼ਨ ਸਿੰਘ ਪਿਤਾ ਗਜਣ ਸਿੰਘ ਮੋਗਾ, ਭਾਈ ਨਿੱਕਾ ਸਿੰਘ ਪਿਤਾ ਭੱਲੂ ਸਿੰਘ ਮੋਗਾ, ਭਾਈ ਭੋਲੂ ਸਿੰਘ ਪਿਤਾ ਮੰਗਲ ਸਿੰਘ ਮੋਗਾ, ਭਾਈ ਤਲੋਕ ਸਿੰਘ ਪਿਤਾ ਜਵਾਲਾ ਸਿੰਘ ਮੋਗਾ, ਭਾਈ ਰਤਨ ਸਿੰਘ ਪਿਤਾ ਬੇਲਾ ਸਿੰਘ ਪਤੀ ਬਾਜੇ ਦੀ ਮੋਗਾ, ਭਾਈ ਗੁਤਾ ਸਿੰਘ ਪਿਤਾ ਕਰਮ ਸਿੰਘ ਮੋਗਾ, ਭਾਈ ਵਸਾਵਾ ਸਿੰਘ ਪਿਤਾ ਭਗਵਾਨ ਸਿੰਘ ਮੋਗਾ, ਭਾਈ ਸੇਵਾ ਸਿੰਘ ਟਾਂਕਸ਼ਤਰੀ ਮੋਗਾ, ਸ: ਨਰੈਣ ਸਿੰਘ ਪਿਤਾ ਸੁੰਦਰ ਸਿੰਘ ਮੋਗਾ।

# ਜੱਥਾ ਨੰ: ੧ ਦੇ ਨਾਲ ਗਡਿਆਂ ਸਮੇਤ ਲੰਢੇਕੇ ਦੇ ਸੇਵਾਦਾਰ

ਭਾਈ ਰਾਮ ਸਿੰਘ ਪਿਤਾ ਸੁੰਦਰ ਸਿੰਘ ਲੰਢੇਕੇ, ਭਾਈ ਰਾਮ ਸਿੰਘ ਪਿਤਾ ਪੰਜਾਬ ਸਿੰਘ ਲੰਢੇਕੇ, ਭਾਈ ਵਰਿਆਮ ਸਿੰਘ ਪਿਤਾ ਬੂੜ ਸਿੰਘ ਲੰਢੇਕੇ, ਭਾਈ ਸੋਭਾ ਸਿੰਘ ਪਿਤਾ ਜਗਤ ਸਿੰਘ ਲੰਢੇਕੇ, ਭਾਈ ਫੌਜਦਾਰ ਸਿੰਘ ਪਿਤਾ ਪ੍ਰੇਮ ਸਿੰਘ, ਮਾਤਾ ਮਤਾਬ ਕੌਰ ਲੰਢੇ ਕੇ, ਭਾਈ ਲਾਲ ਸਿੰਘ ਪਿਤਾ ਬੰਤਾ ਸਿੰਘ ਮਾਤਾ ਜਸ ਕੌਰ ਲੰਢੇਕੇ, ਭਾਈ ਕਰਨੈਲ ਸਿੰਘ ਪਿਤਾ ਸੇਵਾ ਸਿੰਘ ਲੰਢੇਕੇ, ਭਾਈ ਨਾਜ਼ਰ ਸਿੰਘ ਪਿਤਾ ਕਾਲਾ ਸਿੰਘ ਲੰਢੇਕੇ, ਭਾਈ ਭਾਗ ਸਿੰਘ ਪਿਤਾ ਗੁਰਦਿਤ ਸਿੰਘ, ਮਾਤਾ ਸ਼ਾਮ ਕੌਰ ਲੰਢੇਕੇ।

ਉਪਰ ਲਿਖੇ ਸਾਰੇ ਸਿੰਘ ਆਪੋ ਆਪਣੇ ਗਡਿਆਂ ਤੇ ਬੈਲਾਂ ਸਮੇਤ ਜਥੇ ਦੇ ਨਾਲ ਜੈਤੋ ਪੁਜੇ ਅਤੇ ਸਭ ਭਾਰ ਬਰਦਾਰੀ ਸਮੇਤ ਬੈਲਾਂ ਤੇ ਗਡਿਆਂ ਦੇ ਨਾਭਾ ਸਰਕਾਰ ਨੇ ਨੀਲਾਮ ਕਰ ਦਿਤੇ ਜੋ ਜੈਤੋ ਨਿਵਾਸੀਆਂ ਨੇ ਬੋਲੀ ਦੇਕੇ ਲਏ।

# ਗਡਿਆਂ ਵਾਲਿਆਂ ਦੇ ਬਿਆਨ

ਪਹਿਲਾ ਜੱਥਾ ਟਿੱਬੀ ਸਾਹਿਬ ਦੇ ਨੇੜੇ ਪਹੁੰਚ ਗਿਆ ਸੀ, ਸਾਨੂੰ ਹੁਕਮ ਤਕਰੀਬਨ ਦੋ ਜਾਂ ਡੇਢ ਮੀਲ ਤੇ ਖੜਨ ਦਾ ਸੀ। ਅਸੀਂ ਹੁਕਮ ਅਨੁਸਾਰ ਆਪੋ ਆਪਣੇ ਗਡੇ ਸਮਾਨ ਸਮੇਤ ਲਈ

Digitized by Panjab Digital Library | www.panjabdigilib.org

ਖੜ੍ਹੇ ਸੀ, ਸ਼ਾਮ ਦੇ ੩ ਬਜੇ ਪੁਲੀਸ ਨੇ ਫੌਜ ਦੇ ਨਾਲ ਸਾਨੂੰ ਕਿਲੇ ਵਿਚ ਜਾਕੇ ਬੰਦ ਕਰ ਦਿਤਾ। ਸਾਨੂੰ ਪੁਲੀਸ ਨੇ ਦੋ ਹਫਤੇ ਬਹੁਤ ਹੀ ਤਸੀਹੇ ਦਿਤੇ ਕਿ ਤੁਸੀਂ ਬਿਆਨ ਦਿਓ ਕਿ ਗੋਲੀ ਪਹਿਲੇ ਜੱਥੇ ਨੇ ਚਲਾਈ ਸੀ, ਅਸੀਂ ਇਸ ਗਲ ਨੂੰ ਨਹੀਂ ਮੰਨਿਆ ਜਿਸ ਕਰਕੇ ਸਾਡੇ ਗ.ਡੇ ਸਮੇਤ ਸਾਮਾਨ ਦੇ ਨੀਲਾਮ ਕਰ ਦਿਤੇ ਅਤੇ ਸ਼ਾਨੂੰ ੧੯ ਦਿਨਾਂ ਪਿਛੋਂ ਨਾਭੇ ਦੀ ਹੱਦ ਤੋਂ ਬਾਹਰ ਕੀਤਾ ਗਿਆ।

ਜੱਥੇ ਤੇ ਗੋਲੀ ਸਾਡੇ ਸਾਹਮਣੇ ਚਲੀ ਹੈ। ਜੱਥਾ ਜੈਕਾਰੇ ਗਜਾਂਦਾ ਅਤੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਾ ਜਾ ਰਿਹਾ ਸੀ। ਜਥੇ ਦੇ ਨਾਲ ਆਮ ਪਬਲਿਕ ਬਹੁਤ ਸੀ, ਗੋਲੀ ਚਲ ਰਹੀ ਵਿਚ ਜੱਥਾ ਅਤੇ ਲੋਕ ਅਗੇ ਨੂੰ ਵਧ ਰਹੇ ਸਨ, ਪਰ ਹਥੋਂ ਖਾਲੀ ਸਨ ਅਤੇ ਮਾਈਆਂ ਬੀਬੀਆਂ ਬਹੁਤ ਹੀ ਸਨ। ਸਾਡੇ ਵੇਖਦਿਆਂ ਹੀ ਹਜ਼ਾਰਾਂ ਦੀਆਂ ਲਾਸ਼ਾਂ ਧਰਤੀ ਤੇ ਲਿਟ ਗਈਆਂ, ਪਰ ਲੋਕਾਂ ਵਿਚ ਜੋਸ਼ ਅਗੇ ਵਧਣ ਦਾ ! ਘਬਰਾਹਟ ਕੋਈ ਨਹੀਂ ਸੀ। ਅਸੀਂ ਆਪਣੇ ਗਡਿਆਂ ਦੀ ਆੜ ਲੈਕੇ ਬੈਠੇ ਰਹੇ, ਸਾਡੇ ਤਾਂਈਂ ਗੋਲੀ ਨਹੀਂ ਪਹੁੰਚ ਸਕੀ।

ਬਿਆਨ ਭਾਈ ਰੁਲੀਆ ਸਿੰਘ, ਸਮੁੰਦ ਸਿੰਘ ਪਤੀ ਸਰਵਾਂ ਮੋਗਾ ਮਹਿਲਾ ਸਿੰਘ
ਰਾਹੀਂ ਜਥੇਦਾਰ ਸੁਚਾ ਸਿੰਘ ਜੀ ਮੋਗਾ

## ਮੋਗੇ ਤੋਂ ਜੱਥਾ ਨੰ: ੬ ਤੇ ਜੱਥਾ ਨੰ: ੭ ਵਿਚ ਜਾਣ ਵਾਲੇ ਜ਼ਿੰਦਾ ਸ਼ਹੀਦਾਂ ਦੇ ਨਾਮ

ਜਥਾ ਨੰ: ੬—ਭਾਈ ਹਰਨਾਮ ਸਿੰਘ ਪਿਤਾ ਗੰਡਾ ਸਿੰਘ ਮੋਗਾ, ਭਾਈ ਧਰਮ ਸਿੰਘ ਪਿਤਾ ਚੂਹੜ ਸਿੰਘ ਮੋਗਾ, ਭਾਈ ਪਾਲਾ ਸਿੰਘ ਪਿਤਾ ਸੰਤਾ ਸਿੰਘ ਮੋਗਾ, ਭਾਈ ਮਾਘ ਸਿੰਘ ਪਿਤਾ ਨੱਥਾ ਸਿੰਘ ਮੋਗਾ, ਭਾਈ ਬੀਲਾ ਸਿੰਘ ਪਿਤਾ ਮੀਹਾਂ ਸਿੰਘ ਮੋਗਾ, ਭਾਈ ਪਰਤਾਪ ਸਿੰਘ ਪਿਤਾ ਬਖਸ਼ੀ ਸਿੰਘ ਮੋਗਾ, ਭਾਈ ਨੰਦ ਸਿੰਘ ਪਿਤਾ ਪ੍ਰਤਾਪ ਸਿੰਘ ਮੋਗਾ, ਭਾਈ ਬਖਸ਼ੀ ਸਿੰਘ ਪਿਤਾ ਕਾਹਨ ਸਿੰਘ ਮੋਗਾ, ਭਾਈ ਸ਼ੇਰ ਸਿੰਘ ਪਿਤਾ ਹਰਨਾਮ ਸਿੰਘ ਮੋਗਾ।

ਜੱਥਾ ਨੰ: ੭—ਭਾਈ ਪਾਲਾ ਸਿੰਘ ਪਿਤਾ ਵਰਿਆਮ ਸਿੰਘ ਮੋਗਾ, ਭਾਈ ਬਾਘ ਸਿੰਘ ਪਿਤਾ ਕਿਸ਼ਨ ਸਿੰਘ ਮੋਗਾ, ਭਾਈ ਦਲੀਪ ਸਿੰਘ ਪਿਤਾ ਚੰਦਾ ਸਿੰਘ ਮੋਗਾ, ਭਾਈ ਦਲੀਪ ਸਿੰਘ ਪਿਤਾ ਵਧਾਵਾ ਸਿੰਘ ਮੋਗਾ।

## ਬਡੂਵਾਲ

ਭਾਈ ਬਗਾ ਸਿੰਘ ਪਿਤਾ ਸ਼ੇਰ ਸਿੰਘ ਮੋਰਚਾ ਜੈਤੋ ਜਥਾ ਨੰ: ੧੭ ਵਿਚ ਗੁਰਦੁਆਰਾ ਗੰਗਸਰ ਜੈਤੋ ਨੂੰ ਗਏ।

ਭਾਈ ਜੀਉਣ ਸਿੰਘ ਪਿਤਾ ਦੇਵਾ ਸਿੰਘ ਪਿੰਡ ਰਣੀਆਂ ਤਹਿਸੀਲ ਮੋਗਾ, ਜ਼ਿਲਾ ਫੀਰੋਜ਼ਪੁਰ ਮੋਰਚਾ ਜੈਤੋ ਜੱਥਾ ਨੰ: ੬ ਵਿਚ ਗਏ।

## ਲੋਪੋ ਦੇ ਸਿੰਘ

ਭਾਈ ਨਰੈਣ ਸਿੰਘ ਪਿਤਾ ਅਤਰ ਸਿੰਘ ਪਿੰਡ ਲੋਪੋ ਮੋਰਚਾ ਭਾਈ ਫੇਰੂ ੬ ਮਹੀਨੇ ਤੇ ਕਾਂਗਰਸ ਵਿਚ ਇਕ ਸਾਲ। ਭਾਈ ਤੁਲੰਤ ਸਿਘ ਪਿਤਾ ਦਿਆਲਸਿੰਘ ਮਾਤਾ ਅਤਰ ਕੌਰ ਮੋਰਚਾ ਜੈਤੋ ਜਥਾ ਨੰ:੩।

Digitized by Panjab Digital Library | www.panjabdigilib.org

ਭਾਈ ਭਲਾ ਸਿੰਘ ਜਥਾ ਨੰ: ੬ ਮੋਰਚਾ ਜੈਤੋ । ਭਾਈ ਸੰਤਾ ਸਿੰਘ ਜਥਾ ਨੰ: ੬ ਜੈਤੋ ।

ਸੰਤ ਕੇਸਵਾ ਨੰਦ ਕਾਂਗਰਸੀਏ ਅਬੋਹਰ ਤੋਂ ਜਥਾ ਲੈਕੇ ਸਾਰੇ ਪੰਜਾਬ ਦਾ ਪ੍ਰਚਾਰ ਕਰ ਰਹੇ ਸਨ, ਓਨ੍ਹਾਂ ਦੇ ਨਾਲ ਨਰੈਣ ਸਿੰਘ ਰਾਊਕੀ ਜਾਕੇ ਗ੍ਰਿਫਤਾਰ ਹੋਏ ਜਿਨ੍ਹਾਂ ਨੂੰ ਇਕ ਸਾਲ ਦੀ ਸਜ਼ਾ ਹੋਈ ।

## ਘੋਲੀਆ ਵੱਡਾ

ਭਾਈ ਕੇਹਰ ਸਿੰਘ ਪਿਤਾ ਗਜਣ ਸਿੰਘ ਪਿੰਡ ਘੋਲੀਆ ਵੱਡਾ । ਭਾਈ ਜਾਗੀਰ ਸਿੰਘ ਪਿਤਾ ਸਜਣ ਸਿੰਘ ਪਿੰਡ ਘੋਲੀਆ ਵੱਡਾ ।

## ਤਹਿਸੀਲ ਜਗਰਾਉਂ

ਬਾਬੂ ਗੁਜਰ ਸਿੰਘ ਪਿਤਾ ਮੰਗਤਾ, ਪਿੰਡ ਜਾਂਗਪੁਰ । ਭਾਈ ਕਰਤਾਰ ਸਿੰਘ ਪਿਤਾ ਚੰਨਣ ਸਿੰਘ ਪਿੰਡ ਜਾਂਗਪੁਰ ਮੋਰਚਾ ਜੈਤੋ 'ਚ ਗਏ ।

ਗਿਆਨੀ ਸੋਹਨ ਸਿੰਘ ਸੀਤਲ, ਪਿੰਡ ਕਾਦੀ ਵਿੰਡ, ਲਾਹੌਰ ਹੁਣ ਜ਼ੀਰੇ ਜ਼ਿਲ੍ਹਾ ਫੀਰੋਜ਼ ਪੁਰ ਸ: ਚੰਨਣ ਸਿੰਘ ਰਾੜਾ, ਲਾਹੌਰ, ਡਿਬੀ ਪੁਰਾ ਅੰਮ੍ਰਿਤਸਰ । ਸ: ਕਿਸ਼ਨ ਸਿੰਘ ਰਾੜਾ ਲਾਹੌਰ, ਹੁਣ ਬਲਟੋਹਾ ਅੰਮ੍ਰਿਤਸਰ । ਸ: ਧਾਰਾ ਸਿੰਘ ਗੁਤੂ ਕੀਆਂ ਝੁਗੀਆਂ ਲਾਹੌਰ ਹੁਣ ਮੋਹਣੇਕੇ ਫੀਰੋਜ਼ ਪੁਰ । ਗਿਆਨੀ ਹਰਚਰਨ ਸਿੰਘ ਹਡਿਆਰਾ ਹੁਣ ਬਾਦੀਆ ਫੀਰੋਜ਼ ਪੁਰ । ਜਾਗੀਰ ਸਿੰਘ ਜਾਮਣ ਹੁਣ ਮੈਂਦੀ ਪੁਰ ਅੰਮ੍ਰਿਤਸਰ । ਚਨਣ ਸਿੰਘ ਦਰਵੇਸ਼ ਜਾਮਣ ਹੁਣ ਭਾਈ ਲਧੂ ਅੰਮ੍ਰਿਤਸਰ । ਸ. ਦਰਬਾਰਾ ਸਿੰਘ ਪਿੰਡ ਨਈਏ ਕੇ ਹੁਣ ਬੀਕਾਨੇਰ । ਅਰਜਨ ਸਿੰਘ ਪਿੰਡ ਬਰਕਾ ਹੁਣ ਰਾਣੀ ਵਾਲੇ ਫੀਰੋਜ਼ ਪੁਰ । ਛਿੰਗਾਰ ਸਿੰਘ ਪਿੰਡ ਬਧੋਕਾ, ਹੁਣ ਮਿਡੇ ਫੀਰੋਜ਼ਪੁਰ । ਰੋਡਾ ਸਿੰਘ ਪਿੰਡ ਬਧੋਕਾ ਹੁਣ ਮਿਡੇ ਫੀਰੋਜ਼ ਪੁਰ । ਦਿਆਲ ਸਿੰਘ ਪਿੰਡ ਸਰਾਈਕਾ । ਮੰਗਲ ਸਿੰਘ ਰਾਇਜੰਗਾ ਹੁਣ ਬੀਕਾਨੇਰ । ਕਰਮ ਸਿੰਘ ਲਲਆਣੀ ਹੁਣ ਪਟੀ ਅੰਮ੍ਰਿਤਸਰ । ਪਾਲਾ ਸਿੰਘ ਦਫਬੂਹ ਹੁਣ ਬਰਨਾਲਾ, ਪਟਿਆਲਾ । ਆਸਾ ਸਿੰਘ ਨਥੋਕੇ ਹੁਣ ਟਾਲੀਆਲਾ । ਗਰਜ਼ਾ ਸਿੰਘ ਸਰੇਜ ਹੁਣ ਆਲੀਆਂ ਮਾਸੀਆਂ ਫੀਰੋਜ਼ ਪੁਰ । ਬੂੜ ਸਿੰਘ ਲਧੋਕੀ ਹੁਣ ਪੰਡੋਰੀ । ਦਾਨਾ ਸਿੰਘ ਲਧੋਕੀ ਹੁਣ ਫਤੂ ਆਲੇ । ਪੰਡਤ ਦੀਵਾਨ ਸਿੰਘ ਜਾਮੁਣ ਹੁਣ ਪਟੀ ਅੰਮ੍ਰਿਤਸਰ । ਜ: ਹਜਾਰਾ ਸਿੰਘ ਜੋਧੂ ਹੁਣ ਲਤਰ ਫੀਰੋਜ਼ ਪੁਰ । ਕਰਮ ਸਿੰਘ ਭੰਬਾ ਹੁਣ ਅਲੀ ਪੁਰ ਫੀਰੋਜ਼ ਪੁਰ । ਸ੍ਰੀਮਾਨ ਸੰਤ ਸਬੇਗ ਸਿੰਘ ਪਿੰਡ ਠਠੀਆਂ ਤਹਿਸੀਲ ਚੂਹਣੀ ਜ਼ਿਲਾ ਲਾਹੌਰ ਹੁਣ ਪਿੰਡ ਠੱਠ ਜ਼ਿਲਾ ਫੀਰੋਜ਼ ਪੁਰ । ਸੰਤ ਫਤੇ ਸਿੰਘ ਪ੍ਰਚਾਰਕ ਪਿੰਡ ਮਾਂਗਾ, ਲਾਹੌਰ, ਹੁਣ ਪਿੰਡ ਕਦਗਿਲ ਤ: ਤਰਨ ਤਾਰਨ ਜ਼ਿਲਾ ਅੰਮ੍ਰਿਤਸਰ । ਸੰਤ ਨਰਿੰਦਰ ਸਿੰਘ ਜੀ ਜ਼ਿਲਾ ਮਿੰਟਗੁਮਰੀ, ਹੁਣ ਲਾਧੂਕੇ ਫੀਰੋਜ਼ ਪੁਰ । ਸੰਤ ਦੀਵਾਨਸਿਘ ਮਿੰਟਗੁਮਰੀ ਹੁਣ ਨੈਣੀਤਾਲ । ਬਾਬਾ ਜਵਾਹਰ ਸਿੰਘ ਸਚ ਕੀ ਮੰਝੀ ਵਾਲੇ ਜ਼ਿਲਾ ਸ਼ੇਖੂ ਪੁਰਾ ਹੁਣ ਲਲੇ ਫੀਰੋਜ਼ ਪੁਰ । ਸ: ਸੁਹਾਵਾ ਸਿੰਘ ਪਿੰਡ ਨਥੋਕੇ ਲਾਹੌਰ ਹੁਣ ਨਨੇਹੜ ਖੇੜਾ ਜ਼ਿਲਾ ਹਿਸਾਰ । ਸ: ਸਲਖਣ ਸਿੰਘ ਪਿੰਡ ਘਣੀਏਕੇ ਲਾਹੌਰ ਹੁਣ ਬੰਗੀ ਜ਼ਿਲਾ ਬਠਿੰਡਾ ।

ਸ: ਬਿਰਆਮ ਸਿੰਘ ਜੀ ਗਿਲ ਪਿਤਾ ਅਰੂੜ ਸਿੰਘ ਪਿੰਡ ਦੀਨਾ ਨਾਥ, ਤਹਿਸੀਲ ਚੂਹਨੀਆਂ ਜ਼ਿਲਾ ਲਾਹੌਰ, ਮੋਰਚਾ ਭਾਈ ਫੇਰੂ ਵਿਚ ਸਜਾ ਦੋ ਸਾਲ । ਹੁਣ ਚੁਕਾ ਕਲਾਂ ਤਹਿਸੀਲ ਜ਼ਿਲਾ ਬਠਿੰਡਾ ।

ਇਹ ਮਸਾਲਾ ਸ: ਕਰਤਾਰ ਸਿੰਘ ਪਿਤਾ ਫੌਜ਼ਾ ਸਿੰਘ ਮਾਤਾ ਲਛਮੀ ਪਿੰਡ ਮਧਰ ਸਚੀ ਮੰਜੀ

Digitized by Panjab Digital Library | www.panjabdigilib.org

ਤਹਿਸਲ ਨਾਨਕਾਣਾ ਸਾਹਿਬ ਜ਼ਿਲਾ ਸੇਖੂਪੁਰਾ , ਐਧਰ ਅਲੀਲ ਪੁਰ ਪਟਿਆਲਾ ਨੇ ਦਿਤਾ] ।

ਬਾਬਾ ਫਤਾ ਸਿੰਘ ਪਿਤਾ ਲਧਾ ਸਿੰਘ ਪਿੰਡ ਮਧਰ ਮਹੰਤ ਸਚੀ ਮੰਜੀ ਜ਼ਿਲਾ ਸ਼ੇਖੂਪੁਰਾ । ਹੁਣ ਜਲਾਲ ਪੁਰ ਪਟਿਆਲਾ ।

ਸ: ਠਾਕਰ ਸਿੰਘ ਪਿਤਾ ਹੀਰਾ ਸਿੰਘ ਪਿੰਡ ਮੰਗੂਤਾਰੂ ਤਹਿਸੀਲ ਨਾਨਕਾਣਾ ਸਃ ਜ਼ਿਲਾ ਸ਼ੇਖੂਪੁਰਾ ਸਚਾ ਮੋਰਚਾ ਜੈਤੋ ਹੁਣ ਦਬਖੇੜੀ ਜ਼ਿਲਾ ਕਰਨਾਲ ।

ਬਾਬਾ ਇੰਦਰ ਸਿੰਘ ਜੀ ਢਾਡੀ ਪਿਤਾ ਨਿਹਾਲ ਸਿੰਘ ਮਾਤਾ ਸੁਲਖੀ ਪਿੰਡ ਕਾਵੇ ਮਲੀਆਂ ਤਹਿਸੀਲ ਚੂਹਨੀਆਂ, ਐਧਰ ਰੋਸਨ ਵਾਲਾ ਜ਼ਿਲਾ ਫੀਰੋਜ਼ ਪੁਰ ।

ਸਜਣ ਸਿੰਘ ਪਿਤਾ ਰਣ ਸਿੰਘ ਪਿੰਡ ਜਾਗੂ ਵਾਲਾ, ਐਧਰ ਪਿੰਡ ਕਾਕੂਵਾਲਾ ਠਾਕਰਾਂ ਦਾ ਵਸਤੀ ਢਾਵਾਵਾਲੀ ਫੀਰੋਜ਼ ਪੁਰ ।

ਸ: ਕੁੰਦਨ ਸਿੰਘ ਪਿਤਾ ਨਿਹਾਲ ਸਿਘ ਪਿੰਡ ਕਾਵੇ ਝੋਕ, ਹੁਣ ਵਣਾ ਵਲੀ ।

ਸ: ਮਹਿੰਦਰ ਸਿੰਘ ਪਿੰਡ ਲਮੇ ਜਾਗੀਰ, ਲਾਹੌਰ, ਹੁਣ ਪਿੰਡ ਰੇੜਮਾਂ ਤਹਿਸੀਲ ਜ਼ੀਰਾ, ਜ਼ਿਲਾ ਫੀਰੋਜ਼ ਪੁਰ ।

ਜਥੇਦਾਰ ਈਸ਼ਰ ਸਿੰਘ ਪਿੰਡ ਬੁਤ ਹੁਣ ਵਣਾ ਵਾਲੀ ।

ਪ੍ਰਧਾਨ ਬ੍ਰਿਆਮ ਸਿੰਘ ਪਿਤਾ ਤਾਬਾ ਸਿੰਘ ਪਿੰਡ ਬੁਤ ਹੁਣ ਵਣਾਵਾਲੀ ।

ਗਿਆਨੀ ਵਧਾਵਾ ਸਿੰਘ ਪਿਤਾ ਦੇਵਾ ਸਿੰਘਾ ਪਿੰਡ ਮਾਗਾ ਹੁਣ ਪਿੰਡ ਬੂਹੂ ਗੁਜਰਾ ਵਾਲੀ ।

ਗਿਆਨੀ ਕਰਤਾਰ ਸਿੰਘ ਪਿੰਡ ਧਾਲੇ, ਹੁਣ ਮਧੀਤੀ ਫੀਰੋਜ਼ ਪੁਰ ।

ਢਾਡੀ ਦੀਵਾਨ ਸਿੰਘ ਪਿੰਡ ਗੁਰੂਕੀਆਂ ਝੁਗੀਆਂ, ਲਾਹੌਰ ਹੁਣ ਮੋਹਣਕੇ ਗੁਰੂਕੇ ਫੀਰੋਜ਼ਪੁਰ ।

ਸ: ਕੁੰਦਨ ਸਿੰਘ ਪਿਤਾ ਕਿਸ਼ਨ ਸਿੰਘ ਪਿੰਡ ਬੁਗਦਿਆਣਾ, ਲਾਹੌਰ ਹੁਣ ਕੋਟ ਈਸੇ ਖਾਂ ।

ਸ: ਕਾਹਨ ਸਿੰਘ ਪਿੰਡ ਘਬਿੰਡੀ, ਲਾਹੌਰ ਹੁਣ ਲੁਧਿਆਣੇ ਫੀਰੋਜ਼ਪੁਰ ।

ਜ਼ੈਲਦਾਰ ਗਜਨ ਸਿੰਘ ਘਬਿੰਡੀ ਲਾਹੌਰ ਹੁਣ ਲੁਧਿਆਣੇ ਫੀਰੋਜ਼ਪੁਰ ।

ਸ: ਕਲਗਾ ਸਿੰਘ ਪਿੰਡ ਰਾਜਾ ਜੰਗ ਤੈ: ਕਸੂਰ ਜ਼ਿਲਾ ਲਾਹੌਰ ਹੁਣ ਕਿਸ਼ਨਪੁਰਾ ।

ਸ: ਕਰਤਾਰ ਸਿੰਘ ਪਿੰਡ ਬੁਗਦਿਆਣਾ ਹੁਣ ਬਾਹ ਗੁਜਰਾਂ, ਤਃ ਜ਼ੀਰਾ ਜ਼ਿਲਾ ਫੀਰੋਜ਼ਪੁਰ ।

ਸ: ਵਸਣ ਸਿੰਘ ਹੰਸਾਲ ਹੁਣ ਲੁਹਾਰਾ ਫ਼ੀਰੋਜ਼ਪੁਰ ।

ਸੰਤ ਚੰਦਾ ਸਿੰਘ ਕਾਦੀ ਲਾਹੌਰ, ਹੁਣ ਭਗਵਾਨ ਪੁਰਾ, ਅੰਮ੍ਰਿਤਸਰ ।

ਜਃ ਗੇਜਾ ਸਿੰਘ ਦਫਬੂਹ ਲਾਹੌਰ, ਹੁਣ ਬਰਨਾਲੇ ।

ਜ਼ੈਲਦਾਰ ਉਜਾਗਰ ਸਿੰਘ ਪਿੰਡ ਜੋਧੂ ਲਾਹੌਰ ਬਰਕੰਦੀ ਫੀਰੋਜ਼ਪੁਰ ।

ਬੁਢਾ ਸਿੰਘ ਹੰਸਾਲ ਲਾਹੌਰ ਹੁਣ ਲੋਹਾਰਾ ਫੀਰੋਜ਼ਪੁਰ ।

ਸੰਤ ਸੇਵਾ ਸਿੰਘ ਕੁਲੇਕਾ ਹੁਣ ਲਾਹੌਰ, ਉੜਮੁੜ ਟਾਂਡੇ, ਹੁਸ਼ਿਆਰਪੁਰ ।

ਕਰਤਾਰ ਸਿੰਘ ਘਬਿੰਡ ਲਾਹੌਰ, ਕੁਲਾ ਪਟੀ ਅੰਮ੍ਰਿਤਸਰ ।

ਬਾਬਾ ਹੁਕਮ ਸਿੰਘ ਘਬਿੰਡ ਲਾਹੌਰ, ਮਿਡੇ ਫੀਰੋਜ਼ਪੁਰ ।

ਸਿਰਲਥ ਮੋਹਰ ਸਿੰਘ ਘਬਿੰਡ ਲਾਹੌਰ, ਹੁਣ ਕਿਸ਼ਨਪੁਰਾ ਖੁਰਦ ਫੀਰੋਜ਼ਪੁਰ ।

ਸ: ਚੰਨਣ ਸਿੰਘ ਰਾਜਾ ਜੰਗ ਲਾਹੌਰ, ਹੁਣ ਕਿਸ਼ਨਪੁਰਾ ਕਲਾਂ ਫੀਰੋਜ਼ਪੁਰ ।

ਜੁਆਲਾ ਸਿੰਘ ਖੁਡੀਆਂ ਲਾਹੌਰ, ਹੁਣ ਸ਼ੇਰ ਖਾਂ ਫੀਰੋਜ਼ਪੁਰ ।

Digitized by Panjab Digital Library | www.panjabdigilib.org

# ਜ਼ਿਲਾ ਲਾਹੌਰ ਦੇ ਅਕਾਲੀ

[ਗੁਰੂ ਕੇ ਬਾਗ਼ ਵਾਲੇ]

ਸ: ਮੱਖਣ ਸਿੰਘ ਪਿਤਾ ਸ; ਜਵਾਲਾ ਸਿੰਘ ਮਾਤਾ ਹੁਕਮ ਕੌਰ, ਪਿੰਡ ਭੰਬਾ ਕਲਾਂ।
ਸ: ਕੁੰਦਣ ਸਿੰਘ ਪਿਤਾ ਸ: ਸੁੰਦਰ ਸਿੰਘ ਪਿੰਡ ਭੰਬਾ ਕਲਾਂ।
ਸ: ਕਰਮ ਸਿੰਘ ਪਿਤਾ ਸ: ਕਪੂਰ ਸਿੰਘ ਪਿੰਡ ਭੰਬਾ ਕਲਾਂ।
ਸ: ਦਲੀਪ ਸਿੰਘ ਪਿਤਾ ਮਖਣ ਸਿੰਘ ਮਾਤਾ ਰਾਜ ਕੌਰ ਪਿੰਡ ਭੰਬਾ ਕਲਾਂ।

## ਅਕਾਲੀ ਲਹਿਰ ਦਾ ਅਰੰਭ ਤੇ ਕੁਰਬਾਨੀਆਂ ਦਾ ਸਮਾਂ

੧੨ ਅਕਤੂਬਰ ੧੯੨੦ ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਤੇ ਸ੍ਰੀ ਅਕਾਲ ਤਖਤ ਸਾਹਿਬ ਜੀ ਦਾ ਪ੍ਰਬੰਧ ਗੁਰੂ ਪੰਥ ਦੇ ਕਬਜ਼ੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਕਿਰਪਾ ਨਾਲ ਅਮਨ ਨਾਲ ਹੀ ਆਇਆ।

## ਸ਼੍ਰੋਮਣੀ ਗੁਰਦੁਆਰਾ ਕਮੇਟੀ ਦੀ ਕਾਇਮੀ

੧੫ ਨਵੰਬਰ ੧੯੨੦ ਈ: ਨੂੰ ਕਾਇਮੀ ਅਤੇ ਪਹਿਲੀ ਜਨਰਲ ਇਕੱਤ੍ਰਤਾ ੧੨ ਦਸੰਬਰ ੧੯੨੦ ਈ: ਨੂੰ ਸ੍ਰੀ ਅਕਾਲ ਤਖਤ ਸਾਹਿਬ ਜੀ ਵਿਖੇ ਹੋਈ।

## ਸ਼੍ਰੋਮਣੀ ਅਕਾਲੀ ਦਲ ਦੀ ਕਾਇਮੀ

੧੪ ਦਸੰਬਰ ੧੯੨੦ ਨੂੰ ਸ਼੍ਰੋਮਣੀ ਅਕਾਲੀ ਦਲ ਕਾਇਮ ਕੀਤਾ ਗਿਆ।

## ਗੁਰਦੁਆਰਾ ਪੰਜਾ ਸਾਹਿਬ ਦਾ ਕਬਜ਼ਾ

੨੦ ਦਸੰਬਰ ੧੯੨੦ ਈ: ਨੂੰ ਗੁਰਦੁਆਰਾ ਪੰਜਾ ਸਾਹਿਬ ਜੀ ਦਾ ਕਬਜ਼ਾ ਪੰਥ ਪ੍ਰਬੰਧ ਵਿਚ ਆਇਆ।

## ਸ੍ਰੀ ਤਰਨਤਾਰਨ ਸਾਹਿਬ ਜੀ ਦਾ ਕਬਜ਼ਾ

੨੬ ਜਨਵਰੀ ੧੯੨੧ ਨੂੰ ਪੰਥ ਪ੍ਰਬੰਧ ਵਿੱਚ ਆਇਆ।

## ਬਬਰ ਲਹਿਰ

੧੯੨੧ ਨੂੰ ਬਬਰ ਲਹਿਰ ਅਰੰਭ ਅਤੇ ੧੯੨੨ ਨੂੰ ਬਬਰ ਲਹਿਰ ਖਤਮ।

## ਸ੍ਰੀ ਨਨਕਾਣਾ ਸਾਹਿਬ ਦਾ ਕਬਜ਼ਾ

੨੦ ਫਰਵਰੀ ੧੯੨੧ ਨੂੰ ਸ਼ਹੀਦੀ ਸਾਕਾ ਤੇ ੨੧ ਫਰਵਰੀ ੧੯੨੧ ਈ: ਦਿਨ ਐਤਵਾਰ ਨੂੰ ਪੰਥ ਪ੍ਰਬੰਧ ਵਿਚ ਆਇਆ।

## ਗੁਰੂ ਕੇ ਬਾਗ ਦਾ ਮੋਰਚਾ

੮ ਅਗਸਤ ੧੯੨੨ ਤੋਂ ਅਰੰਭ।
੩੦ ਅਕਤੂਬਰ ੧੯੨੨ ਨੂੰ ਪੰਜਾ ਸਾਹਿਬ ਦੇ ਸ਼ਹੀਦ।

Digitized by Panjab Digital Library | www.panjabdigilib.org

ਆਮ ਰਿਹਾਈ ਅਪ੍ਰੈਲ ੧੯੩੩ ਵਿਚ ਅੰਮ੍ਰਿਤਸਰ ਵਿਚ ਹਿੰਦੂ ਮੁਸਲਿਮ ਫਸਾਦ ਹੋਇਆ। ਜਿਸ ਨੂੰ ਰੋਕਣ ਲਈ ਸਿਖਾਂ ਨੇ ਕਾਫੀ ਕੰਮ ਕੀਤਾ। ਜਿਸ ਕਰਕੇ ਸਰਕਾਰ ਪੰਜਾਬ ਨੇ ੨੨ ਅਪ੍ਰੈਲ ੧੯੨੩ ਨੂੰ ਐਲਾਨ ਜਾਰੀ ਕੀਤਾ। ਜਿਸ ਵਿਚ ਦਰਜ ਸੀ, ਕਿਉਂਕਿ ਵਿਸਾਖੀ ਦੇ ਮੌਕੇ ਅੰਮ੍ਰਿਤਸਰ ਵਿਚ ਹਿੰਦੂ ਮੁਸਲਿਮ ਫਸਾਦ ਨੂੰ ਰੋਕਣ ਲਈ ਕਾਫੀ ਮਦਦ ਕੀਤੀ ਹੈ। ਇਸ ਲਈ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੀ ਸਿਫਾਰਸ਼ ਪਰ ਗੁਰੂ ਕੇ ਬਾਗ ਦੇ ਸਾਰੇ ਕੈਦੀਆਂ ਨੂੰ ਰਿਹਾ ਕੀਤਾ ਜਾਂਦਾ ਹੈ।

੨੯ ਅਪ੍ਰੈਲ ਨੂੰ ਆਮ ਰਿਹਾਈ ਸ਼ੁਰੂ ਹੋਈ। ੩ ਮਈ ੧੯੨੩ ਤਕ ਸਾਰੇ ਸਿੰਘ ਜੇਲ੍ਹਾਂ ਚੋਂ ਰਿਹਾ ਹੋ ਕੇ ਅੰਮ੍ਰਿਤਸਰ ਪੁਜ ਗਏ। ਇਸ ਤਰ੍ਹਾਂ ਗੁਰੂ ਕੇ ਬਾਗ ਦਾ ਮੋਰਚਾ ਸ਼ਾਨਦਾਰ ਜਿਤ ਨਾਲ ਸਮਾਪਤ ਹੋਇਆ।

## ਮੋਰਚਾ ਮੁਕਤਸਰ

੧੩ ਜਨਵਰੀ ੧੯੨੩ ਤੋਂ ਅਰੰਭ।
੧੭ ਫਰਵਰੀ ੧੯੨੩ ਨੂੰ ਫਤਹ ਹੋਇਆ।

## ਮੋਰਚਾ ਭਾਈ ਫੇਰੂ

੨ ਜਨਵਰੀ ੧੯੨੪ ਨੂੰ ਅਰੰਭ ਹੋਇਆ।
੨੦ ਸਤੰਬਰ ੧੯੨੫ ਨੂੰ ਮੋਰਚਾ ਫਤਹ ਹੋਇਆ।

## ਮੋਰਚਾ ਜੈਤੋ

੯ ਸਤੰਬਰ ੧੯੨੩ ਨੂੰ ਸਾਰੇ ਪੰਥ ਨੇ ਨਾਭਾ ਡੇ ਧੂਮ ਧਾਮ ਨਾਲ ਮਨਾਇਆ। ੨੫, ੨੬, ੨੭ ਅਗਸਤ ਨੂੰ ਇਲਾਕਾ ਜੈਤੋ ਦੇ ਸਿੰਘਾਂ ਨੇ ਭਾਰੀ ਧਾਰਮਕ ਦੀਵਾਨ ਤੇ ਅਖੰਡ ਪਾਠ ਰਖਿਆ। ੨੭ ਨੂੰ ਭੋਗ ਪੈਣ ਸਾਰ ਨਾਭਾ ਕਰਮਚਾਰੀਆਂ ਵਲੋਂ ਪਾਠ ਤੇ ਅਰਦਾਸੇ, ਪ੍ਰਾਰਥਨਾ ਤੋਂ ਰੋਕਿਆ ਗਿਆ ਅਤੇ ਬਾਹਰੋਂ ਰਾਸ਼ਨ ਅਤੇ ਸਿੰਘ ਔਣੇ ਬੰਦ ਕਰ ਦਿਤੇ। ਅੰਦਰਲੇ ਸਿੰਘਾਂ ਨੇ ਫੇਰ ਅਖੰਡ ਪਾਠ ਅਰੰਭ ਕਰ ਦਿਤਾ ਜੋ ੧੪ ਸਤੰਬਰ ੧੯੨੩ ਨੂੰ ਅਖੰਡ ਪਾਠ ਕਰ ਰਹੇ ਗ੍ਰੰਥੀ ਇੰਦਰ ਸਿੰਘ ਨੂੰ ਬਾਹੋਂ ਫੜ ਕੇ ਘਸੀਟਿਆ ਅਤੇ ਸਮੇਤ ਸੰਗਤ ਦੇ ਗ੍ਰਿਫਤਾਰ ਕੀਤਾ। ੧੫ ਸਤੰਬਰ ੧੯੨੩ ਤੋਂ ਕਮੇਟੀ ਨੇ ਹਰ ਰੋਜ਼ ਸ੍ਰੀ ਅਕਾਲ ਤਖਤ ਜੀ ਤੋਂ ੨੫, ੨੫ ਸਿੰਘਾਂ ਦੇ ਜਥੇ ਅਖੰਡ ਪਾਠ ਕਰਨ ਲਈ ਭੇਜਣੇ ਸ਼ੁਰੂ ਕੀਤੇ, ਪਰ ਮੋਰਚਾ ਫਤੇ ਨਾ ਹੋਣ ਤੇ ਸ਼੍ਰੋ: ਪ੍ਰ: ਕਮੇਟੀ ਨੇ ੯ ਫਰਵਰੀ ੧੯੨੪ ਨੂੰ ਪੰਜ ਸੌ ਦਾ ਪਹਿਲਾ ਜਥਾ ਜੈਤੋ ਖੰਡਤ ਪਾਠ ਨੂੰ ਮੁੜ ਅਖੰਡ ਪਾਠ ਕਰਨ ਵਾਸਤੇ ਭੇਜਿਆ। ਪਹਿਲੇ ਸ਼ਹੀਦੀ ਜਥੇ ਦੇ ੪੪੪ ਸਿੰਘ ਨਾਭੇ ਦੇ ਹਾਕਮਾਂ ਨੇ ਜੈਤੋ ਤੇ ਬਾਬਲ ਭੇਜੇ ਸਨ। ਇਸ ਤਰਾਂ ਪੰਜ ਪੰਜ ਸੌ ਦੇ ੧੭ ਜਥੇ ਜਾਣ ਤੇ ਮੋਰਚਾ ਫਤਹਿ ਹੋਇਆ ਉਪਰੰਤ ੧੭ ਜੁਲਾਈ ੧੯੨੫ ਨੂੰ ਗੁਰਦੁਆਰਾ ਗੰਗਸਰ ਜੈਤੋ ਵਿਖੇ ੧੦੧ ਅਖੰਡ ਪਾਠ ਪਰਾਰੰਭ ਹੋਏ ਤੇ ੨੧ ਜੁਲਾਈ ਤੋਂ ੨੭ ਜੁਲਾਈ ਤਕ ਸਾਰੇ ਜਥੇ ਰਿਹਾ ਕੀਤੇ ਗਏ।

੧੦ ਅਗਸਤ ੧੯੨੫ ਨੂੰ ਸਾਰਿਆਂ ਜਥਿਆਂ ਨੂੰ ਸਿਰੋਪਾਓ ਸ੍ਰੀ ਅਕਾਲ ਤਖਤ ਸਾਹਿਬ ਜੀ (ਅੰਮ੍ਰਿਤਸਰ ਤੋਂ) ਪ੍ਰਾਪਤ ਹੋਏ ਤੇ ਆਪੋ ਆਪਣੇ ਜ਼ਿਲਿਆਂ ਦੇ ਆਗੂ ਜ਼ਿਲਿਆਂ ਵਿਚ ਜ਼ਿਲਿਆਂ ਤੋਂ ਤਹਿਸੀਲਾਂ ਵਾਲੇ, ਤਹਿਸੀਲਾਂ ਤੋਂ ਸਰਕਲਾਂ ਵਾਲੇ ਇਥੋਂ ਪਿੰਡਾਂ ਵਾਲੇ ਜ਼ੁਮੇਵਾਰਾਂ ਨੇ ਲਜਾ ਕੇ ਮਾਨ ਪੱਤ੍ਰਾਂ, ਸਿਰੋਪਾਓ ਅਖੰਡ ਪਾਠ ਤੇ ਸਹਿਜ ਪਾਠ ਫਤਹਿ ਦੀਆਂ ਖੁਸ਼ੀਆਂ ਵਿਚ ਕਰਕੇ ਜ਼ਿੰਦਾ ਸ਼ਹੀਦਾਂ ਦੇ ਸੁਆਗਤ ਕੀਤੇ।

Digitized by Panjab Digital Library | www.panjabdigilib.org

੧ ਓ ਵਾਹਿਗੁਰੂ ਜੀ ਕੀ ਫਤਹਿ ॥

ਜਿਨਾ ਦਿਸੰਦੜਿਆਂ ਦੁਰਮਤ ਵੰਞੇ, ਮਿਤ੍ਰ ਅਸਾਡੜੇ ਸੇਈ।

ਹਉਂ ਢੂੰਡੇਦੀ ਜਗ ਸਬਾਇਆ, ਜਨ ਨਾਨਕ ਵਿਰਲੇ ਕੇਈ।

ਸਮੂਹ ਜ਼ਿੰਦਾ ਸ਼ਹੀਦ ਜਥਿਆਂ ਦੀ ਸੇਵਾ ਵਿਖੇ

# ਸਵਾਗਤ ਪੱਤਰ

ਜੋ

ਗੁਰਦਵਾਰਾ ਗੰਗਸਰ ਵਿਖੇ ੧੦੧ ਅਖੰਡ ਪਾਠਾਂ ਦਾ ਭੋਗ ਪਾ ਕੇ ਵਡੇ ਭਾਰੀ ਜਲੂਸ ਨਾਲ ਸ਼ਹੀਦੀ ਜਥਿਆਂ ਦੇ ਸ੍ਰੀ ਅੰਮ੍ਰਿਤਸਰ ਵਿਖੇ ਵਾਪਸ ਆਉਣ ਸਮੇਂ

## ਸ਼੍ਰੋਮਣੀ ਅਕਾਲੀ ਦਲ ਵਲੋਂ

ਸ੍ਰੀ ਅਕਾਲ ਤਖਤ ਸਾਹਿਬ ਦੀ ਹਜ਼ੂਰੀ ਵਿਚ ਭੇਟਾ ਕੀਤਾ ਗਿਆ।

ਪ੍ਰਕਾਸ਼ਕ :—

## ਸ਼੍ਰੋਮਣੀ ਅਕਾਲੀ ਦਲ ਸ੍ਰੀ ਅੰਮ੍ਰਿਤਸਰ ਜੀ

ਪ੍ਰਦੇਸੀ ਮਾਲਵਾ ਪ੍ਰੈਸ ਅੰਮ੍ਰਤਸਰ ਵਿਚ ਸ: ਜਬਰ ਜੰਗ ਸਿੰਘ ਰਿਪਦਮਨ ਪ੍ਰਿੰਟਰ ਤੇ ਪਬਲਿਸ਼ਰ ਦੇ ਯਤਨ ਨਾਲ ਛਪਿਆ।

Digitized by Panjab Digital Library | www.panjabdigilib.org

ੴ ਵਾਹਿਗੁਰੂ ਜੀ ਕੀ ਫਤਹਿ ॥

# ਅਰਸ਼ੀ ਪਾਤਸ਼ਾਹ ਦੇ ਰੰਗੀਲੇ ਹੰਸਾਂ ਦਾ ਸੁਭਾਗ ਆਗਮਨ

"ਆਵਹੁ ਸਜਣਾ ਹਉ ਦੇਖਾ ਦਰਸ਼ਨ ਤੇਰਾ ਰਾਮ"

ਬਾਂਕੀ ਕਮਾਣ ਤੇ ਸੁਨੈਹਰੀ ਬਾਜਾਂ ਵਾਲੇ ਦੈਵੀ ਪਾਤਸ਼ਾਹ ਦੇ ਲਾਡਲੇ ਦੁਲਾਰਿਓ ! ਅਕਾਲੀ ਫੌਜਾਂ ਦੇ ਧਰਮੀ ਜਥੇਦਾਰੋ ! ਸ਼ਹੀਦੀ ਜੰਗ ਦੇ ਜਰਨੈਲੋ ਜੋਧਿਓ ! ਆਹਾ ! ਅਜ ਦੀ ਇਹ ਘੜੀ ਕੇਡੀ ਭਾਗਾਂ ਵਾਲੀ, ਪਾਵਨ, ਪਵਿਤ੍ਰ ਅਰ ਸੁਹਾਵਣੀ ਹੈ । ਜਿਸ ਵੇਲੇ ਆਪ ਮੁੜ ਉਥੇ ਨਿਰਮਲ ਅਰ ਸ਼ਾਂਤ ਰੂਪ ਧਰਮ ਦੇ ਸਚ ਖਡੀ ਤਖਤ ਅਰ ਦੈਵੀ ਸੋਮੇਂ ਦੀ ਹਜ਼ੂਰੀ ਵਿਚ ਆਣ ਇਕੱਤ੍ਰ ਹੋਏ ਹੋ, ਜਿਥੋਂ ਅਜ ਤੋਂ ਪੂਰੇ ੨੨ ਮਹੀਨੇ ਪਹਿਲੇ ਕੌਮ ਦੇ ਸੁਚੇ ਲਾਲ ਸ਼ਹਾਦਤ ਦੇ ਬਸੰਤੀ ਚੋਲੇ ਅਰ ਗਰੀਬੀ ਦੀ ਖਿੰਥਾ ਪਹਿਨ ਕੇ ਹਲਤ ਪਲਤ ਦੇ ਰਖਵਾਲੇ ਅਰ ਦੀਨ ਦੁਨੀਆਂ ਦੇ ਬੋਹਿਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤਰ ਬਾਣੀ ਦੀ ਜਾਬਰਾਂ ਵਲੋਂ ਹੋਈ ਬੇਅਦਬੀ ਨੂੰ ਦੂਰ ਕਰਨ ਵਾਸਤੇ ਆਪ ਬੀਰਾਂ ਨੇ ਵਹੀਰਾਂ ਪਾਈਆਂ ਸਨ । ਇਸ ਲੰਮੇਂ ਸਮੇਂ ਅੰਦਰ ਜਿਨਾਂ ਡਰਾਉਣੇ ਭਿਅੰਕਰ ਅਰ ਲੂੰ ਕੰਡੇ ਖੜੇ ਕਰਨ ਵਾਲੇ ਕਸ਼ਟਾਂ ਦੇ ਹੜ੍ਹਾਂ ਨੂੰ ਆਪ ਸੱਚੇ ਬਹਾਦਰਾਂ ਨੇ ਝਾਗਿਆ, ਖਿੜੇ ਮੱਥੇ ਹਸੂੰ ਹਸੂੰ ਕਰਦਿਆਂ ਜ਼ਾਲਮਾਂ ਤੇ ਜਰਵਾਣਿਆਂ ਦੇ ਜਬਰ ਦੇ ਬਾਣਾਂ ਅਗੇ ਆਪਣੀਆਂ ਪਵਿਤ੍ਰ ਛਾਤੀਆਂ ਅਰ ਕਲੇਜਿਆਂ ਨੂੰ ਡਾਹ ਕੇ ਚੋਭਾਂ ਅਰ ਘਾਉ ਸਹੇ, ਅੱਗ ਦੇ ਅਲਾਂਬੜਿਆਂ ਵਿਚ ਭੁਜਦੀਆਂ ਸੜਦੀਆਂ ਲਾਲੋ ਲਾਲ ਸੀਖਾਂ ਦੇ ਜਾਨ ਹਲੂਣੇ ਦਾਗ ਕੋਮਲ ਸਰੀਰਾਂ ਉਤੇ ਝੱਲੇ, ਪਰ ਮੁਖੋਂ ਸੀ ਤਕ ਨਹੀਂ ਉਚਾਰੀ ! ਅਰ ਰੋਮ ਰੋਮ ਵਿਚੋਂ ਪਿਆਰੇ ਦਾ ਸ਼ੁਕਰ ! ਸ਼ੁਕਰ !! ਕਰਦਿਆਂ "ਤੇਰਾ ਭਾਣਾ ਮੀਠਾ ਲਾਗੈ" ਦੀਆਂ ਵੈਰਾਗ ਮਈ ਤੁਕਾਂ ਦਾ ਪਾਠ ਹੀ ਕੀਤਾ ।

ਧਰਮੀ ਦੁਲਾਰਿਓ ! ਸਚ ਤਾਂ ਇਹ ਹੈ ਕਿ ਮਾਨਸੀ ਜਿਹਬਾ ਆਪ ਵੀਰਾਂ ਦੀ ਅਦੁਤੀ ਸਹਿਨ ਸੀਲਤਾ ਪ੍ਰਣ ਪਾਲਕ ਅਰ ਕੁਰਬਾਨੀ ਦੇ ਉਚ ਗੁਣਾਂ ਦੀ ਉਪਮਾਂ ਅਰ ਵਡਿਆਈ ਨਹੀਂ ਕਰ ਸਕਦੀਆਂ । ਸਾਰੀ ਕੌਮ ਦੇ ਰੋਮ ਰੋਮ ਵਿਚ ਅਜ ਆਪ ਲਈ "ਬਲਿਹਾਰ ! ਬਲਿਹਾਰ !! ਧੰਨ ਸਿਖੀ ਸਿਦਕ ! ਧੰਨ ਉਹ ਸੁਹਾਵਣੀਆਂ ਕੁੱਖਾਂ ਜਿਨ੍ਹਾਂ ਐਸੇ ਧਰਮੀ ਲਾਲਾਂ ਨੂੰ ਜਨਮ ਦਿਤਾ" ਪਿਆਰ ਅਰ ਪ੍ਰੇਮ ਭਿੰਨੀਆਂ ਧੁਨਾਂ ਹੀ ਆ ਰਹੀਆਂ ਹਨ । ਇਸ ਲਈ ਅਜ ਸਮੂੰਹ ਖਾਲਸਾ ਪੰਥ ਵਲੋਂ ਆਪ ਸ਼ਹੀਦੀ ਲਾੜਿਆਂ ਦਾ ਦਿਲੀ ਸਤਕਾਰ ਅਰ ਆਦਰ ਕਰਨ ਵਜੋਂ ਸ਼੍ਰੋਮਣੀ ਅਕਾਲੀ ਦਲ ਆਪ ਬੀਰਾਂ ਨੂੰ ਬੜੇ ਹਿਤ ਅਰ ਪਿਆਰ ਨਾਲ "ਜੀ ਆਇਆਂ ਨੂੰ" ਆਖਦਾ ਹੈ ।

ਜਥੇਬੰਦੀ ਦੀ ਲੜੀ ਦੇ ਸੁਚੇ ਹੀਰਿਓ ! ਅਜ ਤੁਹਾਡੀ ਉਚ ਕਰਨੀ ਅਰ ਬੀਰਤਾ ਨੇ ਸਮੂਹ ਖਾਲਸਾ ਪੰਥ ਦੀ ਪੈਜ ਰੱਖ ਵਖਾਈ ਹੈ ! ਤੁਸਾਂ ਹੰਕਾਰੀ ਅਰ ਜਾਬਰ ਨੌਕਰ ਸ਼ਾਹੀ ਦੇ ਤਕੱਬਰ ਦਾ ਸ਼ੀਸ਼ਾ ਸ਼ਾਂਤਮਈ ਦ੍ਰਿੜਤਾ ਅਤੇ ਅਦੁਤੀ ਸਹਿਨ ਸੀਲਤਾ ਨਾਲ ਚਕਨਾ ਚੂਰ ਕਰਕੇ ਮਿਟੀ ਵਿਚ ਮਿਲਾ ਦਿਤਾ ਹੈ, ਅਜ ਤੁਸਾਂ ਇਕ ਵਾਰੀ ਮੁੜ ਪੁਰਾਣੀਆਂ ਇਤਹਾਸਕ ਕੁਰਬਾਨੀਆਂ ਦੇ ਅਦੁਤੀ ਮਨੋਰਥਾਂ ਨੂੰ ਜੀਉਂਦੇ ਜਾਗਦੇ ਰੂਪ ਵਿਚ ਦੁਨੀਆਂ ਦੇ ਸਾਹਮਣੇ ਰੱਖ ਵਖਾਇਆ ਹੈ, ਅਤੇ ਇਕ ਵਾਰੀ ਮੁੜ ਸਿਧ ਕਰ ਵਖਾਇਆ ਹੈ ਕਿ ਖਾਲਸਾਂ ਜ਼ਾਲਮਾਂ ਦੀਆਂ ਗੋਲੀਆਂ ਸੀਨਿਆਂ ਵਿਚ ਸਹਾਰ ਸਕਦਾ ਹੈ, ਹਤਿਆਰੇ ਕਸਾਈਆਂ ਦੀ ਕੁਟ, ਵੇਲਣਿਆਂ ਦੀ ਨਪੀੜ, ਗੋਲੀਆਂ ਦੇ ਸਕੰਜਿਆਂ ਅੰਦਰ

Digitized by Panjab Digital Library | www.panjabdigilib.org

ਸਰੀਰ ਅਰ ਹਡਾਂ ਦਾ ਚਿਥਿਆ ਜਾਣਾ, "ਮੌਤੋਂ ਭੁਖ ਬੁਰੀ" ਵਾਲੇ ਜ਼ਾਲਮਾਂ ਦੇ ਭੁਖ ਅਰ ਪਿਆਸ ਦੇ ਭਿਅੰਕਰ ਕਸ਼ਟ, ਸਪਾਂ, ਠੂਹਿਆਂ ਅਰ ਹੋਰ ਜ਼ਹਿਰੀਲੇ ਜਨੌਰਾਂ ਦੇ ਡੰਗਾਂ ਦਾ ਸ਼ਿਕਾਰ ਹੋਣਾ ਆਦਿ ਸਭ ਕੁਝ ਸਹਾਰ ਸਕਦਾ ਹੈ। ਪ੍ਰੰਤੂ ਖਾਲਸਾ ਨਹੀਂ ਜਰ ਸਕਦਾ ਹੈ ਕਿ ਆਪਣੇ ਪਿਆਰੇ ਇਸ਼ਟ ! ਦੋਹਾਂ ਜਹਾਨਾਂ ਦੇ ਸਹਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ! ਉਨ੍ਹਾਂ ਦੀਆਂ ਅਖਾਂ ਦੇ ਸਾਹਮਣੇ ਹੋਵੇ।

ਹਕੂਮਤ ਦੇ ਨਸ਼ੇ ਵਿਚ ਅਨ੍ਹੀ ਹੋਈ ੨ ਹੰਕਾਰੀ ਨੌਕਰ ਸ਼ਾਹੀ ਸਿਖਾਂ ਦੀ ਇਸ ਚੋਭ ਨੂੰ ਭਲਾ ਕੀ ਸਮਝ ਸਕਦੀ ਸੀ। ਉਹ ਕਿਵੇਂ ਜਾਣ ਸਕਦੀ ਸੀ ਕਿ ਜੈਤੋ ਵਿਚ ਬਾਣੀ ਦਾ ਨਿਰਾਦਰ ਕਰਕੇ ਉਨ੍ਹਾਂ ੪੦ ਲੱਖ ਅਕਾਲੀ ਖਾਲਸਾ ਜੀ ਦੇ ਹਿਰਦੇ ਅੰਦਰ ਕੇਡੇ ਜ਼ਹਿਰੀਲੇ ਤੇ ਅਣਿਆਲੇ ਬਾਣ ਜਾ ਚੋਭੇ ਸਨ। ਸੂਰਜ ਕਾਲੀਆਂ ਬਦਲੀਆਂ ਦੇ ਪੜਦਿਆਂ ਹੇਠ ਕਿੰਨਾਂ ਕੁ ਚਿਰ ਲੁਕ ਸਕਦਾ ਸੀ। ਅੰਤ ਧਰਮ ਅਰ ਸੱਚ ਦੀ ਫ਼ਤਹਿ ਹੋਈ। ਖਾਲਸੇ ਦਾ ਬੋਲ ਬਾਲਾ ਅਰ ਗਦਾਰਾਂ ਦਾ ਮੂੰਹ ਕਾਲਾ ਹੋ ਗਿਆ ਅਰ ੨੧ ਜੁਲਾਈ ਨੂੰ ਅਕਾਲੀ ਫੌਜਾਂ ਨੇ ਪੂਰਨ ਅਜ਼ਾਦੀ, ਸੁਤੰਤਰਤਾ ਅਰ ਨਿਰਭੈਤਾ ਨਾਲ ਹੱਤਕ ਭਰੀਆਂ ਪਾਬੰਦੀਆਂ ਦਾ ਮਲੀਦਾ ਕਰਕੇ ਜੈਤੋ ਦੇ ਗੁਰਦੁਆਰੇ ਉਤੇ ਅਕਾਲੀ ਝੰਡੇ ਜਾ ਗੱਡੇ ਅਰ ਅਖੰਡ ਪਾਠ ਪ੍ਰਾਰੰਭ ਕਰ ਦਿਤੇ।

ਇੰਜ ਬਹਾਦਰੋ ! ਅਕਾਲੀ ਫੌਜਾਂ ਦੀ ਫਤਹ ਦੀਆਂ ਗੂੰਜਾਂ ਸਭ ਵਣ, ਪ੍ਰਬਤ, ਪਹਾੜੀਂ ਅਰ ਅਕਾਸ਼ੀਂ ਗੂੰਜ ਉਠੀਆਂ। ਸੱਚ ਖੰਡ ਵਿਚੋਂ ਸ਼ਹੀਦੀ ਅਕਾਲੀ ਫੌਜਾਂ ਨੇ ਗੁਲਾਬ ਦੀ ਮਹਿਕ ਵਾਲੀਆਂ ਬੂੰਦਾਂ ਦੇ ਛੱਟੇ ਵਰਸਾਏ। ਫੁਲਾਂ ਦੀ ਵਰਖਾ ਹੋਈ ਤੇ ਅਜ ਝਾਤ ਮਾਰਕੇ ਵੇਖੋ ਕਿ ਖਾਲਸਾ ਕੌਮ ਦੀ ਫਤਹ ਨੂੰ ਤੱਕ ਕੇ ਸਾਰੀ ਮੁਰਝਾਈ ਹੋਈ ਧਰਤੀ ਤੇ ਬਨਾਸਪਤੀ ਵੀ ਟਹਿਕ ਉਠੀ ਹੈ। ਮੌਲੀ ਅਰ ਪ੍ਰਫੁਲਤ ਹੋਈ ਫੁਲਵਾੜੀ ਭਿੰਨੀ ਭਿੰਨੀ ਸੁਗੰਧ ਦੀਆਂ ਲਪਟਾਂ ਭੇਜ ਰਹੀ ਹੈ ਤੇ ਆਖ ਰਹੀ ਹੈਃ—

ਭੌਰੇ ਮਿਠੀ ਮਹਿਕ ਦੇ ਅੱਜ ਅਕਾਲੀ ਆਏ !
ਹੰਸ ਰੰਗੀਲੇ ਸੋਹਣੇ ਫੁਲ ਡਾਲੀ ਆਏ !
ਹਠੀਏ ਵਿਧੇ ਇਸ਼ਕ ਦੇ ਧਰਮ ਪਾਲੀ ਆਏ !
ਮੋਤੀ ਹੀਰੇ ਮਾਲ ਦੇ ਏਹ ਕਾਲੀ ਆਏ !
ਜੈ ਹੋਵੇ ! ਜੈ ਅਕਾਲੀਆਂ ਜਿਨ ਜਾਬਰ ਢਾਹਿਆ !
ਰਲ ਮਿਲ ਸਭੀ ਪ੍ਰੇਮੀਆਂ ਇਹ ਗੀਤ ਅਲਾਇਆ !

ਇਸ ਲਈ ਅਕਾਲੀ ਜੋਤ ਦੇ ਪ੍ਰਵਾਨਿਓ ! ਕੌਮ ਦਾ ਹਿਰਦਾ ਇਹ ਵੇਖਕੇ ਅੱਜ ਗੱਦ ਗੱਦ ਹੋ ਰਿਹਾ ਹੈ ਕਿ ਜਿਸ ਸੁਚੇ ਤੇ ਸਚੇ ਆਦਰਸ਼ ਨੂੰ ਆਪ ਅਖਾਂ ਸਾਹਮਣੇ ਰਖਕੇ ਗਏ ਸਾਓ ਉਸ ਨੂੰ ੨੨ ਮਹੀਨਿਆਂ ਦੀ ਕਰੜੀ ਘਾਲ ਤੇ ਤਪੱਸਿਆ ਤੋਂ ਉਪਰੰਤ ਪੂਰਨ ਕਾਮਯਾਬੀ ਸਹਿਤ ਸਿਰੇ ਚਾੜ੍ਹਨ ਤੇ ਮੁੜ ਮੀਰੀ ਪੀਰੀ ਦੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਅਕਾਲ ਤਖਤ ਸਾਹਿਬ ਦੀ ਹਜ਼ੂਰੀ ਵਿਚ ਆਣ ਹਾਜ਼ਰ ਹੋਏ ਹੋ ! ਤੁਹਾਡਾ ਅੱਜ ਦਾ ਆਗਮ ਭਾਗੋ ਭਰਿਆ ਅਰ ਸੁਭਾਗ ਹੈ। ਅਜ ਆਪਣੇ ਪ੍ਰਾਏ ਆਪ ਨੂੰ ਲੱਖ ਲੱਖ ਵਧਾਈਆਂ ਅਰ ਮੁਬਾਰਕਾਂ ਭੇਜ ਰਹੇ ਹਨ। ਆਪ ਨੇ ਮਜ਼ਲੂਮ ਦੇਸ਼ ਵਾਸੀਆਂ ਦੇ ਮੁਰਝਾਏ ਹਿਰਦਿਆਂ ਅੰਦਰ ਸੁਤੰਤਰਤਾ ਦੀ ਆਸ ਦੀ ਪਿਆਰੀ ਕਿਰਨ ਦਾ ਉਜਾਲਾ ਪਸਾਰ ਦਿਤਾ ਹੈ, ਤੇ ਸਭ ਧਰਮੀ ਬੰਦੇ ਆਪ ਦੀ ਇਸ ਸ਼ਹੀਦੀ ਯਾਤ੍ਰਾ ਨੂੰ ਨਿਰਵਿਘਨ ਸਮਾਪਤ ਹੋਣ ਪਰ ਅਕਾਲਪੁਰਖ ਦਾ ਧੰਨਵਾਦ ਅਰ ਸ਼ੁਕਰ ਕਰ ਰਹੇ ਹਨ ਕਿ ਜਿਸ ਨੇ "ਹਰ ਜੁਗ ਜੁਗ ਭਗਤ ਉਪਾਇਆ ਪੈਜ ਰਖਦਾ ਆਇਆ" ਗੁਰਵਾਕ ਅਨੁਸਾਰ ਕੁੰਜੀਆਂ, ਅਰ ਗੁਰੂ ਕੇ ਬਾਗ ਦੇ ਮੋਰਚੇ ਪਿਛੋਂ ਇਸ ਕਰੜੇ ਮੋਰਚੇ

Digitized by Panjab Digital Library | www.panjabdigilib.org

ਨੂੰ ਫਤਹਿ ਕਰਨ ਦਾ ਸੇਹਰਾ ਆਪ ਕੌਮੀ ਲਾਲਾਂ ਦੇ ਸੀਸ ਉਤੇ ਸਜਾਏ, ਪੰਥ ਖਾਲਸਾ ਦੀ ਆਨ ਸ਼ਾਨ ਅਰ ਪੇਜ ਰੱਖੀ ਹੈ। ਸ਼੍ਰੋਮਣੀ ਅਕਾਲੀ ਦਲ ਸੰਮੂਹ ਪੰਥ ਵਲੋਂ ਆਪ ਬਹਾਦਰਾਂ ਨੂੰ ਅਜ ਇਸ ਫਤਹਿ ਲਈ ਸੱਚੇ ਹਿਰਦੇ ਨਾਲ ਵਧਾਈ ਦੇਂਦਾ ਹੈ। ਆਪ ਦੇ ਅਦੁਤੀ ਕਾਰਨਾਮੇ ਸਿਖ ਪੰਥ ਦੇ ਇਤਹਾਸ ਅੰਦਰ ਸੁਨੈਹਰੀ ਅੱਖਰਾਂ ਵਿਚ ਲਿਖੇ ਹੋਏ ਧਰੂੰ ਵਾਂਗ ਸਦਾ ਲਈ ਆਪਣੀ ਚਮਕ ਅਰ ਦਮਕ ਵਿਖਾਂਦੇ ਹੋਏ ਹੋਰ ਅਕਾਲੀ ਜੋਧਿਆਂ ਦੇ ਸਾਹਮਣੇ ਇਕ ਸੱਚਾ ਨਮੂਨਾ ਪੇਸ਼ ਕਰਦੇ ਰਹਿਣਗੇ।

ਬੀਰ ਜੋਧਿਓ ! ਭਾਵੇਂ ਸ਼੍ਰੋਮਣੀ ਅਕਾਲੀ ਦਲ ਅਜ ਆਪ ਨੂੰ ਆਪ ਦੀ ਅਖੰਡ ਪਾਠ ਸੰਬੰਧੀ ਇਸ ਅਦੁਤੀ ਫਤਹਿ ਪਰ ਦਿਲੋਂ ਚਿਤੋਂ ਵਧਾਈ ਦੇਂਦਾ ਹੈ, ਪਰ ਬੀਰੋ ਸ਼੍ਰੋ: ਅਕਾਲੀ ਦਲ ਆਪਣੇ ਦਿਲ ਦੀ ਉਸ ਪੀੜਾ ਨੂੰ ਆਪ ਪਾਸੋਂ ਲੁਕਾਣਾ ਨਹੀਂ ਚਾਹੁੰਦਾ, ਜੋ ਕੌਮ ਦੇ ਬੇ-ਤਾਜ ਬਾਦਸ਼ਾਹ ਸਰਦਾਰ ਖੜਕ ਸਿੰਘ ਜੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਜਥੇਦਾਰ ਸਰਦਾਰ ਸਰਮੁਖ ਸਿੰਘ ਜੀ ਝਬਾਲ ਅਤੇ ਹੋਰ ਕੌਮੀ ਪਰਵਾਨਿਆਂ ਤੇ ਧਰਮੀਂ ਅਕਾਲੀਆਂ ਦੇ ਜੇਲ੍ਹਾਂ ਵਿਚ ਅਜੇ ਤੀਕ ਜ਼ਲੀਲ ਕਰਨ ਵਾਲੀਆਂ ਸ਼ਰਤਾਂ ਲਾ ਕੇ ਡਕੇ ਰਹਿਣ ਤੋਂ ਹੋ ਰਹੀ ਹੈ ਅਤੇ ਜੋ ਦੁਖ ੧੦ਵੇਂ ਤੇ ਤੇਰ੍ਹਵੇਂ ਸ਼ਹੀਦੀ ਜਥਿਆਂ ਦੇ ਬਾਕੀ ਰਹਿੰਦੇ ਅਕਾਲੀ ਵੀਰਾਂ ਅਤੇ ਜਥੇਦਾਰ ਊਧਮ ਸਿੰਘ ਜੀ, ਸ: ਸੁਚਾ ਸਿੰਘ ਜੀ (ਫੀਰੋਜ਼ਪੁਰ) ਅਤੇ ਮਾਈ ਕਿਸ਼ਨ ਕੌਰ ਜੀ ਆਦਿ ਦੇ ਬੰਦੀ ਵਿਚ ਰਹਿਣ ਕਰਕੇ ਅਤੇ ਮਹਾਰਾਜਾ ਸਾਹਿਬ ਨਾਭਾ ਨਾਲ ਹੋਈ ਬੇਇਨਸਾਫੀ ਦੇ ਕਾਰਨ ਅਜੇ ਤਕ ਬਾਕੀ ਹੈ, ਕਈ ਸੈਂਕੜੇ ਗੁਰਸਿਖ ਜੋ ਨਾਭਾ ਰਿਆਸਤ ਤੇ ਕਈ ਹੋਰ ਥਾਵਾਂ ਤੋਂ ਜਲਾਵਤਨ ਹੋ ਕੇ ਘਰੋਂ ਬੇਘਰ ਹੋ ਰਹੇ ਹਨ, ਉਨ੍ਹਾਂ ਦੇ ਦੁਖ ਦੀ ਚੋਭ ਵੀ ਅਜੇ ਸ਼੍ਰੋ: ਅਕਾਲੀ ਦਲ ਦੇ ਹਿਰਦੇ ਨੂੰ ਪੀੜਤ ਕਰ ਰਹੀ ਹੈ। ਸੋ ਗੁਰੂ ਕਲਗੀਧਰ ਦੇ ਬੀਰ ਦੁਲਾਰਿਓ ! ਜਦ ਤੀਕ ਗੁਰੂ ਪੰਥ ਦੀਆਂ ਇਹ ਪੀੜਾਂ ਦੂਰ ਨਹੀਂ ਹੋ ਜਾਂਦੀਆਂ ਉਨਾਂ ਚਿਰ ਸ਼੍ਰੋ: ਅਕਾਲੀ ਦਲ ਦੀਆਂ ਵਧਾਈਆਂ ਪੂਰੀਆਂ ਕਿਦਾਂ ਕਹੀਆਂ ਜਾ ਸਕਦੀਆਂ ਹਨ ?

ਦਸਮੇਸ਼ ਪਿਤਾ ਦੇ ਸਿਰ ਲੱਥ ਸਿਪਾਹੀਓ! ਆਪ ਦੇ ਪਵਿੱਤ੍ਰ ਦੀਦਾਰੇ ਕਰਕੇ ਜਿਥੇ ਅਸਾਡੇ ਮੰਨ ਖੁਸ਼ੀ ਦੇ ਸਮੁੰਦਰ ਵਿਚ ਗੋਤੇ ਲਾ ਰਹੇ ਹਨ, ਉਥੇ ਅਜ ਆਪਦੀ ਇਸ ਕਤਾਰ ਰੂਪੀ ਪ੍ਰੋਤੀ ਹੋਈ ਮੋਤੀਆਂ ਦੀ ਲੜੀ ਵਿਚ ਉਨਾਂ ਸੁਚੇ ਹੀਰਿਆਂ ਦੀ ਥਾਂ ਖਾਲੀ ਵੇਖ ਕੇ ਕਲੇਜੇ ਨੂੰ ਧੂਹ ਪੈ ਰਹੀ ਹੈ। ਸਾਡਾ ਭਾਵ ਸਾਥੋਂ ਜਿਸਮਾਨੀ ਤੌਰ ਤੇ ਸਦਾ ਲਈ ਵਿਛੜ ਚੁਕੇ ਉਨ੍ਹਾਂ ਬੀਰ ਸ਼ਹੀਦਾਂ ਤੋਂ ਹੈ, ਜੇਹੜੇ ਸਵੇ ਮੱਥੇ ਗੋਲੀਆਂ ਖਾ, ਯਾ ਬੀੜਾਂ ਦੇ ਅੰਦਰ ਤਰ੍ਹਾਂ ਤਰ੍ਹਾਂ ਦੇ ਤਸੀਹੇ ਸਰੀਰਾਂ ਤੇ ਸਹਾਰਦੇ ਹੋਏ ਅਖੀਰ ਮੰਜ਼ਲ ਤੇ ਪੁਜ ਅਰਸ਼ੀ ਪਿਤਾ ਦੀ ਗੋਦ ਵਿਚ ਜਾ ਬੈਠੇ ਹਨ। ਸੱਚ ਮੁੱਚ ਇਹ ਇਕ ਨਾ ਮਿਲਣ ਵਾਲਾ ਸੱਲ ਹੈ। ਜਿਨ੍ਹਾਂ ਮਾਵਾਂ ਦੇ ਲਾਲ, ਭੈਣਾਂ ਦੇ ਵੀਰ, ਇਸਤ੍ਰੀਆਂ ਦੇ ਪਤੀ ਅੱਜ ਆਪ ਦੇ ਨਾਲ ਘਰਾਂ ਵਿਚ ਨਹੀਂ ਜਾਣਗੇ, ਉਨ੍ਹਾਂ ਦੇ ਦਿਲ ਤੇ ਕੀ ਕੀ ਗੁਜ਼ਰਦੀ ਹੋਵੇਗੀ। ਸ਼੍ਰੋ: ਅਕਾਲੀ ਦੱਲ ਉਨ੍ਹਾਂ ਬੀਰ ਸ਼ਹੀਦਾਂ ਦੀ ਯਾਦ ਨੂੰ ਸਦਾ ਲਈ ਚੇਤੇ ਰਖਦਾ ਹੋਇਆ ਉਨ੍ਹਾਂ ਦੇ ਪ੍ਰਵਾਰਾਂ ਨਾਲ ਸੱਚੇ ਦਿਲੋਂ ਹਮਦਰਦੀ ਪ੍ਰਗਟ ਕਰਦਾ ਤੇ ਇਹੀ ਪ੍ਰਾਰਥਨਾ ਕਰਦਾ ਹੈ ਕਿ ਵਾਹਿਗੁਰੂ ਉਨ੍ਹਾਂ ਸ਼ਹੀਦਾਂ ਦੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।

ਇਸ ਸਮੇਂ ਵਿਚ ਜਿਨ੍ਹਾਂ ਦਿਨਾਂ ਵਿਚ ਪਿੰਡਾਂ ਦੀਆਂ ਪ੍ਰੇਮੀ ਸੰਗਤਾਂ ਨੇ ਸ਼ੁਰੂ ਤੋਂ ਲੈ ਕੇ ਮੋਰਚੇ ਦੇ ਅੰਤ ਤੱਕ ਇਕ ਖਾਸ ਲੰਮੇ ਅਰਸੇ ਲਈ ਇਨ੍ਹਾਂ ਸੱਚੇ ਤੇ ਉੱਚੇ ਰਸਤੇ ਦੇ ਪੰਧਾਊਆਂ ਦੀ ਤਨੋਂ, ਮਨੋਂ ਸੇਵਾ ਕੀਤੀ ਹੈ, ਇਥੇ ਸ਼੍ਰੋ: ਅਕਾਲੀ ਦੱਲ ਉਨ੍ਹਾਂ ਪ੍ਰੇਮੀਆ ਦਾ ਧੰਨਵਾਦ ਕੀਤੇ ਬਿਨਾ ਨਹੀਂ ਰਹਿ ਸਕਦਾ। ਅੰਤ ਵਿਚ ਸ਼੍ਰੋ: ਅਕਾਲੀ ਦੱਲ ਆਪ ਸੱਚੇ ਬੀਰਾਂ ਦੇ ਸਾਹਮਣੇ ਇਹ ਪ੍ਰਗਟ ਕਰਨਾ ਭੀ ਯੋਗ ਸਮਝਦਾ ਹੈ ਕਿ

Digitized by Panjab Digital Library | www.panjabdigilib.org

ਇਹ ਫਤਹਿ ਦੀਆਂ ਬਰਕਤਾਂ ਕੇਵਲ ਜਥੇਬੰਦੀ ਦੇ ਪ੍ਰਤਾਪ ਦੇ ਸਦਕੇ ਹੀ ਪ੍ਰਾਪਤ ਹੋਈਆਂ ਹਨ। ਅਰ ਸਤਗੁਰਾਂ ਦਾ ਵੀ ਹੁਕਮ ਹੈ ਕਿ"ਮਿਲਬੇ ਕੀ ਮਹਿਮਾਂ ਬਰਨ ਨ ਸਾਕਉ ਨਾਨਕ ਪਰੇ ਪਰੀਲਾ"ਇਸ ਲਈ ਪੰਥ ਆਪ ਧਰਮੀਆਂ ਤੇ ਆਸ ਰਖਦਾ ਹੈ ਕਿ ਆਪ ਪੰਥਕ ਜਥੇਬੰਦੀ ਦੇ ਸਾਹਮਣੇ ਬਾਗ ਦੀ ਵਾੜ ਬਣ ਕੇ ਹਰ ਸਮੇਂ ਇਸ ਦੀ ਰੱਖਿਆ ਲਈ ਤਿਆਰ ਬਰ ਤਿਆਰ ਰਹੋਗੇ। ਬਹਾਦਰੋ! ਇਸ ਜਥੇਬੰਦੀ ਦੇ ਬੱਲ ਨਾਲ ਅਜੇ ਅਸਾਂ ਉਪਰ ਲਿਖੇ ਦੁਖਾਂ ਨੂੰ ਨਵਿਰਤ ਕਰਨ ਤੋਂ ਛੁਟ ਹੋਰ ਬਹੁਤ ਕੁਝ ਪਰਉਪਕਾਰ ਗ੍ਰੀਬਾਂ ਦਾ ਭਲਾ, ਅਰ ਧਰਮ ਪ੍ਰਚਾਰ ਦੇ ਚੁਕੇ ਬੀੜੇ ਆਦਿ ਕੌਮੀ ਕਾਰਜਾਂ ਨੂੰ ਸਿਰੇ ਚੜ੍ਹਾਨਾ ਹੈ।

ਆਓ! ਅੱਜ ਉਸ ਸਿਰਜਨ ਹਾਰ ਸਰਬ ਸ਼ਕਤੀ ਮਾਨ ਪਿਤਾ ਦੇ ਦਰਬਾਰ ਅੱਗੇ ਨਿਮ੍ਰਤਾ ਅਰ ਅਦਬ ਨਾਲ ਅਰਜ਼ੋਈ ਕਰੀਏ, "ਹੇ ਕਲਗੀਧਰ ਪਿਤਾ! ਖਾਲਸੇ ਨੂੰ ਬੱਲ ਬਖਸ਼, ਜੋ ਤੇਰੀ ਅਕਾਲੀ ਬਾਣੀ ਦਾ ਝੰਡਾ ਚਹੁੰ ਕੂੰਟਾਂ ਵਿਚ ਝੁਲਾਣ ਲਈ ਖਾਲਸਾ ਤਿਆਰ ਬਰ ਤਿਆਰ ਹੋ ਕੇ ਮੈਦਾਨ ਵਿਚ ਡੱਟਿਆ ਰਹੇ। ਆਪਣੀਆਂ ਅਰਸ਼ੀ ਮੇਹਰਾਂ ਦਾ ਛੱਟਾ ਅਕਾਲੀ ਫੌਜਾਂ ਤੇ ਵਰਸਾ। ਅਰ ਪੰਥ ਪਾਸੋਂ ਉਹ ਸੇਵਾ ਲੈ, ਜੋ ਤੇਰੇ ਦਰਬਾਰ ਕਬੂਲ ਪਵੇ। ਖਾਲਸੇ ਨੂੰ ਸਿੱਖੀ ਸਿਦਕ, ਨਾਮ ਦਾਨ, ਅਰ ਧਰਮ ਦੇ ਸੁੱਚੇ ਮਾਰਗ ਉਤੇ ਡੱਟੇ ਰਹਿਣ ਦੀ ਸਮਰੱਥਾ ਬਖਸ਼। ਅਰ ਤੇਰੀ ਰਜਾ ਅੰਦਰ ਖਾਲਸਾ ਸਰਬੱਤ ਜੀਆ ਮਾਤ੍ਰ ਦੇ ਭਲੇ ਅਰ ਸੇਵਾ ਲਈ ਤਨ, ਮਨ, ਧੰਨ ਨਿਛਾਵਰ ਕਰਨ ਵਾਲਾ ਚੜ੍ਹਦੀਆਂ ਕਲਾਂ ਦਾ ਸਿੱਖੀ ਆਦਰਸ਼ ਵਾਲਾ ਧਰਮ ਪੁਤਲਾ ਬਣਿਆ ਰਹੇ।" ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹਿ।

ਅਸੀਂ ਹਾਂ:-

ਅਕਾਲੀ ਫੌਜਾਂ ਦੇ ਨਰਮਾਣ ਸੇਵਕ, ਤੇ ਗੁਰੂ ਪੰਥ ਦੇ ਟਹਿਲੀਏ ਸੇਵਾਦਾਰ ਤੇ ਮੈਂਬਰ,

ਸ਼੍ਰੋਮਣੀ ਅਕਾਲੀ ਦੱਲ ਅੰਮ੍ਰਿਤਸਰ।

ਨੋਟ:- ਸ਼ਰੋਮਣੀ ਕਮੇਟੀ, ਸਮੂਹ ਜ਼ਿਲਾ ਕਮੇਟੀਆਂ ਤੇ ਸਿੰਘ ਸਭਾਵਾਂ ਵਲੋਂ ਮਾਨ ਪੱਤਰ ਤੇ ਸਰੋਪਾਓ ਭੇਟ ਕੀਤੇ ਗਏ ਸਨ। ਇਥੇ ਸਿਰਫ ਸ਼ਰੋਮਣੀ ਅਕਾਲੀ ਦਲ ਵਾਲਾ ਸਵਾਗਤ ਪੱਤਰ ਹੀ ਦਿਤਾ ਗਿਆ ਹੈ।

ਗੁਰਦੁਵਾਰਾ ਸੁਧਾਰ ਦਾ ਅਸਲੀ ਨਮੂਨਾ

# ਅਕਾਲੀ ਲਹਿਰ ਨੂੰ ਯੋਗ ਫਖਰ

ਅਕਾਲੀ ਲਹਿਰ ਨੂੰ ਯੋਗ ਫਖ਼ਰ ੧੯੨੦'ਤੋਂ ਲੈਕੇ ੧੯੨੫ ਤਕ ਜੋ ਸ਼ਾਂਤ ਮਈ ਧਰਮ ਯੁਧ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਪੁਤਰਾਂ ਨੇ ਕੀਤਾ ਹੈ। ਇਸਦਾ ਮਾਣ ਸਿੱਖ ਕੌਮ ਜਿਤਨਾ ਭੀ ਕਰੇ ਥੋੜਾ ਹੈ। ਪਰ ਜੇ ਬਹਾਦਰੀ, ਕੁਰਬਾਨੀ, ਸਿਆਣਪ ਅਤੇ ਕਾਮਯਾਬੀ ਨੂੰ ਸ੍ਰੀ ਗੁਰੂ ਨਾਨਕ ਦੇਵ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਦਸਮੇਸ਼ ਜੀ ਦੀ ਕ੍ਰਿਪਾ ਮੰਨ ਕੇ ਆਪਣਾ ਸਿਰ ਝੁਕਾਇਆ ਜਾਵੇ ਤਦ ਇਹ ਮਾਣ ਰੱਬੀ ਬਰਕਤ ਤੇ ਅਖੁਟ ਤਾਕਤ ਹੁੰਦਾ ਹੈ। ਪਰ ਜੇ ਇਸ ਮਾਣ ਨੂੰ ਆਪਣੀ ਹਿੰਮਤ ਤੇ ਬਹਾਦਰੀ ਦਾ ਨਤੀਜਾ ਸਮਝਕੇ ਸਿਰ ਉੱਚਾ ਤੇ ਛਾਤੀ ਚੌੜੀ ਕਰ ਲਈ ਜਾਵੇ, ਤਦ ਇਹ ਹਉਮੈ ਦਾ ਕਾਰਣ ਹੁੰਦਾ ਹੈ। ਜਿਸ ਦਾ ਫਲ "ਜਬ ਲਗ ਮੇਰੀ ਮੇਰੀ ਕਰੈ ਤਬ ਲਗ ਕਾਜ ਏਕ ਨਹੀਂ ਸਰੈ"।

Digitized by Panjab Digital Library | www.panjabdigilib.org

# ਸਮੂਹ ਗੁਰੂ ਪੰਥ ਦੇ ਜ਼ਿੰਦਾ ਤੇ ਗੁਰਪੁਰ ਵਾਸੀ ਸ਼ਹੀਦਾਂ ਦੀਆਂ ਪਵਿਤ੍ਰ ਰੂਹਾਂ ਤੋਂ ਖਿਮਾਂ।

ਸ੍ਰੀ ਗੁਰੂ ਨਾਨਕ ਦੇਵ ਤੇ ਦਸ ਸਤਿਗੁਰ ਦੇ ਪਵਿਤ੍ਰ ਗੁਰਧਾਮ ਅਤੇ ਦੇਸ਼ ਅਜ਼ਾਦ ਕਰਾਉਣ ਵਾਲੇ ਅਨਮੁਲ ਗੁਰੂ ਕੇ ਲਾਲ ਬਹੁਤ ਸਾਰੇ ਇਤਿਹਾਸ ਵਿਚ ਛਪਣ ਤੋਂ ਰਹਿ ਗਏ ਹਨ। ਇਹ ਮੇਰੀ ਢਿਲਆਈ ਨਹੀਂ, ਅਸਲ ਗਲ ਇਹ ਹੈ ਕਿ ਦਾਸ ਦਾ ਖਿਆਲ ਸੀ ਕਿ ਸ੍ਰੋ: ਗੁ: ਕਮੇਟੀ ਤੇ ਸ੍ਰੋ: ਅਕਾਲੀ ਦਲ ਵਲੋਂ ਦਾਸ ਨੂੰ ਸਾਰਿਆਂ ਮੋਰਚਿਆਂ ਦੇ ਕੁਰਬਾਨੀ ਪੁੰਜ ਸਿੰਘਾਂ ਦੇ ਦਫਤਰ ਵਿਚੋਂ ਪੂਰੇ ਨਾਮ ਤੇ ਪਤੇ ਮਿਲ ਜਾਣ ਸਾਰਿਆਂ ਦੇ ਜੀਵਨ ਲਿਖਤ ਵਿਚ ਲਿਆਕੇ ਗੁਪਤ ਹੀਰਿਆਂ ਨੂੰ ਉਜਾਗਰ ਕਰਕੇ ਖੁਸ਼ੀਆਂ ਦਾ ਪਾਤ੍ਰ ਬਣਾਂਗਾ। ਜੋ ੩-੪ ਦਫਾ ਸ੍ਰੀ ਅੰਮ੍ਰਿਤਸਰ ਜਾਣ ਤੇ ਭੀ ਨਾ ਕੁਛ ਪ੍ਰਾਪਤ ਹੋਇਆ ਜਿਸ ਕਰਕੇ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਬਣਾਕੇ ਲਿਖਾਰੀਆਂ ਨੂੰ ਪਿੰਡ ੨ ਭੇਜਕੇ ਮਸਾਲਾ ਇਕਤ੍ਰ ਕਰਨ ਤੇ ਭੀ ਨਹੀਂ ਮਿਲ ਸਕਿਆ। ਕਾਰਨ ਜੋ ਉਸ ਵੇਲੇ ਅਕਾਲੀ ਲਹਿਰ ਵਿਚ ਕੰਮ ਕਰਨ ਵਾਲੇ ਸਨ। ਉਹ ਹੋਰ ਪਾਸੇ ਵਗ ਤੁਰੇ, ਕੁਝ ਗੁਜਰ ਗਏ। ਜੋ ਹੁਣ ਪਿੰਡ ਦੇ ਮੁਖੀ ਹਨ ਉਨ੍ਹਾਂ ਨੂੰ ਕਈਆਂ ਨਾਲ ਨਾਰਾਜਗੀ ਸੀ। ਕਈਆਂ ਨੂੰ ਪਤਾ ਹੀ ਨਹੀਂ। ਇਸ ਤਰਾਂ ਇਕੋ ਪਿੰਡ ਵਿਚ ੨-੩ ਦਫਾ ਜਾਣ ਪਰ ਵੈਹਦਾ ਕਰਨਾ ਕਿ ਅਸੀਂ ਭੇਜਾਂਗੇ ਜੋ ਹੁਣ ਤਕ ਨਾ ਪੁਜਣ ਤੇ ਇਸ਼ਤਿਹਾਰਾਂ ਤੇ ਅੱਖਬਾਰਾਂ ਤੇ ਪਤ੍ਰਾਂ ਦੁਆਰਾ ਖਾਸ ਮਿਲਨ ਤੇ ਭੀ ਬਿਨੈ ਨਾ ਪ੍ਰਵਾਨ ਹੋਣ ਤੇ ਜੋ ਕੁਝ ਮਿਲਿਆ ਸੋ ਲਿਖੌਣ ਦਾ ਜਤਨ ਕੀਤਾ ਹੈ। ਉਮੈਦ ਹੈ ਕਿ ਅਮਰ ਸ਼ਹੀਦਾਂ ਦੀਆਂ ਰੂਹਾਂ ਨਿਮਾਣੇ ਜਤਨ ਤੇ ਪ੍ਰਸੰਨ ਹੋਣਗੀਆਂ।

ਕ੍ਰਿਪਾ ਦਾ ਪਾਤ੍ਰ
ਦਾਸ ਵਿਸਾਖਾ ਸਿੰਘ ਸੰਤ ਸਿਪਾਹੀ

Digitized by Panjab Digital Library | www.panjabdigilib.org

# ੧੯੨੬ ਵਿਚ ਅਕਾਲੀ ਲੀਡਰਾਂ ਦੀਆਂ ਦੋ ਪਾਰਟੀਆਂ ਬਣਨ ਦਾ ਕਾਰਨ

ਅਕਾਲੀ ਲਹਿਰ ਦੇ ਅੰਤ ਵਿਚ ਦਸ ਆਏ ਹਾਂ, ਪਰ ਇਥੇ ਵੀ ਦਸਣਾ ਜ਼ਰੂਰੀ ਹੈ।

ਗੁਰਦੁਆਰਾ ਸੁਧਾਰ ਲਹਿਰ ਦੀ ਕਾਮਯਾਬੀ "ਗੁਰਦੁਆਰ ਐਕਟ" ਦੇ ਰੂਪ ਵਿਚ ਹੋਈ। ਇਸ ਨਾਲ ਮਹੰਤਾਂ ਪਾਸੋਂ ਗੁਰਦੁਆਰਿਆਂ ਦੀਆਂ ਜਾਇਦਾਤਾਂ ਤੇ ਸਾਰਾ ਪ੍ਰਬੰਧ ਆਸਾਨੀ ਨਾਲ ਪੰਥ ਦੇ ਪ੍ਰਬੰਧ ਹੇਠ ਆ ਸਕਦਾ ਸੀ, ਤੇ ਸਾਰੀ ਆਮਦਨ ਤੇ ਖਰਚ ਦਾ ਹਿਸਾਬ ਵੀ ਠੀਕ ਤਰਾਂ ਰਖ ਹੁੰਦਾ ਸੀ। ਇਹ ਗੁਰਦੁਆਰਾ ਬਿਲ ਸ਼੍ਰੋ: ਗੁ: ਪ੍ਰ: ਕਮੇਟੀ, ਕਿਲੇ ਅੰਦਰ ਬੰਦ ਸਿੱਖ ਮੁਖੀਆਂ, ਬਾਹਰ ਦੇ ਸਾਰੇ ਮੈਂਬਰਾਂ, ਕੌਂਸਲ ਦੇ ਸਿੱਖ ਮੈਂਬਰਾਂ, ਤੇ ਹੋਰ ਆਗੂਆਂ ਦੀ ਸੰਮਤੀ ਨਾਲ ਤਿਆਰ ਕੀਤਾ ਗਿਆ। ਤੇ ਸ: ਤਾਰਾ ਸਿੰਘ ਜੀ ਵਕੀਲ ਮੋਗਾ ਨੇ ਇਸਨੂੰ ਪੰਜਾਬ ਕੌਂਸਲ ਵਿਚ ਪੇਸ਼ ਕੀਤਾ, ਤੇ ਫਿਰ ਵੀਹ ਜੁਲਾਈ ੧੯੨੫ ਨੂੰ ਪੰਜਾਬ ਕੌਂਸਲ ਵਿਚ ਪਾਸ ਹੋਗਿਆ। ਇਸਦੇ ਪਾਸ ਹੋਣ ਦੇ ਮਗਰੋਂ ੧੯੨੫ ਨੂੰ ਗਵਰਨਰ ਪੰਜਾਬ ਨੇ ਕੌਂਸਲ ਵਿਚ ਤਕਰੀਰ ਕਰਦਿਆਂ ਕਿਹਾ ਕਿ ਸ਼੍ਰੋ: ਗੁ: ਪ੍ਰ: ਕਮੇਟੀ ਦੇ ਕਿਲੇ ਅੰਦਰ ਦੇ ਬੰਦ ਮੁਖੀ ਇਸ ਪੁਰ ਵਰਤੋਂ ਕਰਨ ਦਾ ਬਿਆਨ ਦੇਣਗੇ ਤਾਂ ਸਰਕਾਰ ਉਨ੍ਹਾਂ ਨੂੰ ਰਿਹਾ ਕਰ ਦੇਵੇਗੀ।

ਜਿਸ ਪਰ ਲਹੌਰ ਕਿਲੇ ਅੰਦਰ ਬੰਦ ਮੁਖੀਆਂ ਵਿਚ ਮੱਤ-ਭੇਦ ਹੋਗਿਆ। ਕੁਝ ਮੈਂਬਰ ਇਸ ਤਰਾਂ ਬਿਆਨ ਕਰਨਾ ਸਿੱਖੀ ਅਣਖ ਨੂੰ ਧੱਬਾ ਲੌਣਾ ਸਮਝਦੇ ਸਨ। ਤੇ ਬਾਕੀ ਇਹ ਸਮਝਦੇ ਸਨ ਕਿ ਜਦ ਅਸਾਂ ਇਹ ਬਿਲ ਆਪ ਬਨਾਇਆ ਹੈ ਸ਼੍ਰੋ. ਕਮੇਟੀ ਤੇ ਪੰਥ ਨੇ ਪ੍ਰਵਾਨ ਕੀਤਾ ਹੈ, ਤਾਂ ਇਸ ਪੁਰ ਵਰਤੋਂ ਕਰਨ ਦਾ ਬਿਆਨ ਦੇਣਾ ਕੋਈ ਅਯੋਗ ਗਲ ਨਹੀਂ। ਇਸ ਖਿਚੋਤਾਣ ਵਿਚ ਕੋਈ ਛੇ ਮਹੀਨੇ ਲੰਘ ਗਏ, ਤੇ ਆਖਰ ੨੫ ਜਨਵਰੀ ੧੯੨੬ ਨੂੰ ਲਹੌਰ ਕਿਲੇ ਅੰਦਰ ਬੰਦ ਮੁਖੀਆਂ ਦੀ ਬਹੁ ਗਿਣਤੀ ਦੇ ਸਜਨਾਂ ਵਿਚੋਂ ਬਾਵਾ ਹਰਕ੍ਰਿਸ਼ਨ ਸਿੰਘ ਜੀ ਨੇ, ਮਿਸਟਰ ਐਮਰਸਨ ਦੀ ਅਦਾਲਤ (ਲਹੌਰ ਕਿਲੇ) ਵਿਚ ਇਹ ਬਿਆਨ ਦਿਤਾ ਕਿਃ–

"ਹਿਜ਼ ਐਕਸੀਲੈਨਸੀ ਗਵਰਨਰ ਪੰਜਾਬ ਨੇ ਆਪਣੀ ਜੋਹੜੀ ਤਕਰੀਰ ੯ ਜੁਲਾਈ ੧੯੨੫ਨੂੰ ਲੈਜਿਸਲੇਟਿਵ ਕੌਂਸਲ ਵਿਚ ਕੀਤੀ ਹੈ, ਉਸਦਾ ਹਵਾਲਾ ਦੇਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ "ਮੈਂ ਗੁਰਦੁਆਰਾ ਐਕਟ ਦਾ ਖਰੜਾ ਤਿਆਰ ਕਰਨ ਵਿਚ ਮਦਦ ਕੀਤੀ ਹੈ, ਤੇ ਇਸਨੂੰ ਗੁਰਦੁਆਰਾ ਸੁਧਾਰ ਲਹਿਰ ਦੀਆਂ ਜ਼ਰੂਰੀ ਗੱਲਾਂ ਪੂਰੀਆਂ ਕਰਨ ਲਈ ਤਸੱਲੀ ਬਖਸ਼ ਸਮਝਦਾ ਹਾਂ। ਇਸ ਐਕਟ ਦੇ ਹੁੰਦਿਆਂ ਸਿੱਧੀ ਕਾਰਰਵਾਈ ਕਰਨ ਦੀ ਲੋੜ ਨਹੀ ਰਹਿ ਜਾਂਦੀ। ਇਸ ਲਈ ਗੁਰਦੁਆਰਿਆਂ ਦੇ ਪ੍ਰਬੰਧ ਸਬੰਧੀ ਕੋਈ ਸਿੱਧੀ ਕਾਰਰਵਾਈ ਨਹੀਂ ਕਰਾਂਗਾ। ਇਸ ਐਕਟ ਤੇ ਸੰਜੀਦਗੀ ਨਾਲ ਵਰਤੋਂ ਕਰਾਂਗਾ, ਸੱਚੇ ਦਿਲੋਂ ਪੰਥ ਪਾਸ ਅਪੀਲ ਕਰਾਂਗਾ ਕਿ ਉਹ ਵੀ ਐਸਾ ਹੀ ਕਰੇ"

ਇਸ ਬਿਆਨ ਦੇ ਨਾਲ, ਸ਼੍ਰੋਃ ਗੁਃ ਪ੍ਰਃ ਕਮੇਟੀ ਦੇ ਕਿਲੇ ਅੰਦਰ ਬੰਦ ਮੁਖੀਆਂ ਵਿਚੋਂ ਹੇਠ ਲਿਖੇ ਮੈਂਬਰਾਂ ਨੇ ਆਪਣੀ ਸੰਮਤੀ ਪ੍ਰਗਟ ਕੀਤੀ।

| | | | |
|---|---|---|---|
| ੧ | ਸ: ਗੁਰਦਿਤ ਸਿੰਘ ਜੀ ਬਹਿਲੋਲ ਪੁਰੀ। | ੨ | ਸੋਢੀ ਪ੍ਰੀਤਮ ਸਿੰਘ ਜੀ ਅਨੰਦਪੁਰ ਸਾਹਿਬ |
| ੩ | ਸ: ਗੁਰਦਿਤ ਸਿੰਘ ਜੀ ਐਡੀਟਰ ਨੈਸ਼ਨ। | ੪ | ਮਾਸਟਰ ਮਹਿਤਾਬ ਸਿੰਘ ਜੀ ਤਰਨਤਾਰਨ। |
| ੫ | ਗਿਆਨੀ ਸ਼ੇਰ ਸਿੰਘ ਜੀ ਪਟਿਆਲਾ। | ੬ | ਸ: ਗੁਰਬਖਸ਼ ਸਿੰਘ ਜੀ ਦਿਲੀ। |
| ੭ | ਸ: ਗੁਰਪਾਲ ਸਿੰਘ ਜੀ ਸਾਗਰੀ। | ੮ | ਕੈਪਟਨ ਰਾਮ ਸਿੰਘ ਜੀ। |

Digitized by Panjab Digital Library | www.panjabdigilib.org

੯ ਸ: ਪਿਆਰਾ ਸਿੰਘ ਜੀ ਕੈਨੇਡੀਅਨ। ੧੦ ਸ: ਕ੍ਰਿਪਾਲ ਸਿੰਘ ਜੀ ਅੰਮ੍ਰਿਤਸਰ।
੧੧ ਸ: ਕਿਸ਼ਨ ਸਿੰਘ ਜੀ ਅੰਮ੍ਰਿਤਸਰ। ੧੨ ਸ: ਦਲੀਪ ਸਿੰਘ ਜੀ।
੧੩ ਸ: ਬਾਲ ਸਿੰਘ ਜੀ ਕੈਨੇਡੀਅਨ। ੧੪ ਸ: ਦਾਨ ਸਿੰਘ ਜੀ ਵਛੋਆ।
੧੫ ਸ: ਬਖਸ਼ੀਸ਼ ਸਿੰਘ ਜੀ ਭਮੱਦੀ ਲੁ:। ੧੬ ਸ: ਬ: ਸ: ਮਹਿਤਾਬ ਸਿੰਘ ਜੀ ਸਰਗੋਧਾ।
੧੭ ਭਗਤ ਜਸਵੰਤ ਸਿੰਘ ਜੀ। ੧੮ ਸ: ਮਿਤ ਸਿੰਘ ਜੀ ਕੈਨੇਡੀਅਨ ਪੰਡੋਰੀ।
੧੯ ਪ੍ਰੋਫੈਸਰ ਸਾਹਿਬ ਸਿੰਘ B. A. ਖਾ: ਕਾਲਜ।

ਜਿਸਪੁਰ ਸਰਕਾਰ ਨੇ ਇਨਾਂ ੨੦ ਮੈਂਬਰਾਂ ਨੂੰ ੨੬ ਜਨਵਰੀ ੧੯੨੬ ਨੂੰ ਰਿਹਾ ਕਰ ਦਿਤਾ, ਤੇ ਹੇਠ ਲਿਖੇ ੧੬ ਮੈਂਬਰਾਂ ਨੇ ਇਸਤਰਾਂ ਕਹਿਕੇ ਰਿਹਾ ਹੋਣਾ ਅਣਖ ਨੂੰ ਵੱਟਾ ਲੌਣਾ ਸਮਝਿਆ।

੧ ਸ: ਤੇਜਾ ਸਿੰਘ ਜੀ ਸਮੁੰਦਰੀ। ੨ ਸ: ਗੋਪਾਲ ਸਿੰਘ ਜੀ ਕੌਮੀ।
੩ ਸ: ਤੇਜਾ ਸਿੰਘ ਜੀ ਘਵਿੰਡ। ੪ ਸ: ਤੇਜਾ ਸਿੰਘ ਜੀ ਅਕਰਪੁਰੀ।
੫ ਮਾਸਟਰ ਤਾਰਾ ਸਿੰਘ ਜੀ। ੬ ਸ. ਸੋਹਣ ਸਿੰਘ ਜੀ ਜੋਸ।
੭ ਸ: ਹਰੀ ਸਿੰਘ ਜੀ ਜਲੰਧਰੀ। ੮ ਬਾਬੂ ਤ੍ਰਿਪਤ ਸਿੰਘ ਜੀ ਲਾਇਲਪੁਰੀ।
੯ ਸ. ਸੇਵਾ ਸਿੰਘ ਜੀ ਠੀਕਰੀਵਾਲ। ੧੦ ਸ. ਭਾਗ ਸਿੰਘ ਜੀ ਵਕੀਲ ਗੁਰਦਾਸਪੁਰ।
੧੧ ਸ. ਸਰਮੁਖ ਸਿੰਘ ਜੀ ਝਬਾਲ। ੧੨ ਸ. ਗੁਰਚਰਨ ਸਿੰਘ ਜੀ ਵਕੀਲ।
੧੩ ਸ. ਸੰਤਾ ਸਿੰਘ ਜੀ ਸੁਲਤਾਨ ਵਿੰਡ। ੧੪ ਸ. ਰਾਇ ਸਿੰਘ ਜੀ ਕਾਉਣੀ ਫਰੋਜ਼ਪੁਰ।
੧੪ ਡਾਕਟਰ ਹਰੀ ਸਿੰਘ ਚਕਵਾਲੀਆ। ੨੬ ਸ. ਤੇਜਾ ਸਿੰਘ ਜੀ ਚੂਹੜਕਾਣਾ।

ਭਾਵੇਂ ਓਪਰੀ ਜਹੀ ਨਿਗਾ ਨਾਲ, ਗੁਰਦੁਆਰਾ ਬਿਲ ਸਬੰਧੀ ਬਿਆਨ ਦੇਣ, ਤੇ ਨਾ ਦੇਣ ਦਾ ਹੀ ਮਤ ਭੇਦ ਦੋ ਪਾਰਟੀਆ ਬਣਨਾ ਹੈ। ਪਰ ਜਾਣਕਾਰ ਹਲਕਿਆਂ ਦਾ ਕਹਿਣਾ ਹੈ, ਕਿ ਸ਼੍ਰੋਃ ਕਮੇਟੀ ਦੇ ਕਿਲੇ ਅੰਦਰ ਬੰਦ ਮੁਖੀਆਂ ਵਿਚ ਇਸਤੋਂ ਵੀ ਬਹੁਤ ਚਿਰ ਪਹਿਲਾਂ ਲੀਡਰੀ ਪ੍ਰਾਪਤ ਕਰਨ ਤੇ ਆਗੂ ਬਣਨ ਦੀ ਲਾਲਸਾ ਵਿੱਚੋਂ ਵਿਚ ਚਲ ਰਹੀ ਸੀ। ਤੇ ਕਾਫੀ ਮੱਤ ਭੇਦ ਤੇ ਖਿਚੋ ਤਾਣ ਸੀ। ਗੁਰਦੁਆਰਾ ਬਿਲ ਦਾ ਬਿਆਨ ਤਾਂ ਇਸ ਲਈ ਇਕ ਸਾਧਨ ਹੋਗਿਆ।

ਰਿਹਾ ਹੋਕੇ ਆਏ ਸਿਖ ਮੁਖੀਆਂ ਨੇ ਸ਼੍ਰੋਃ ਗੁਃ ਪ੍ਰਃ ਕਮੇਟੀ ਦੀ ਇਕੱਤਰਤਾ ਵਿੱਚ ਫੇਰ ਆਪੋ ਆਪਣੀਆਂ, ਪ੍ਰਧਾਨ, ਸਕੱਤ੍ਰ ਤੇ ਹੋਰ ਮੈਂਬਰੀ ਦੀਆਂ ਸੇਵਾਵਾਂ ਸੰਭਾਲ ਲਈਆਂ ਤਾਂ ਸ਼੍ਰੋਃ ਕਮੇਟੀ ਵਿੱਚੋਂ ਨੱਠਣ ਵਾਲੇ ਪ੍ਰਧਾਨ, ਸਕੱਤ੍ਰ ਤੇ ਹੋਰ ਮੈਂਬਰਾਂ ਨੇ, ਅੰਦਰਲਿਆਂ ਦੇ ਨਾ ਤੇ ਇਸ ਮਤ-ਭੇਦ ਦੀ ਅੱਗ ਦੇ ਭਾਂਬੜ ਨੂੰ ਖੂਬ ਹਵਾ ਦਿਤੀ ਜਿਸਨੇ ਪਾਰਟੀ ਬਾਜ਼ੀ ਦਾ ਅਜੇਹਾ ਭਾਂਬੜ ਬਾਲਿਆ ਕਿ ਸਿਖਾਂ ਦੀ ਸਾਰੀ ਜਥੇਬੰਦੀ, ਸ਼ੋਹਰਤ, ਨਿਸਕਾਮਤਾ, ਕੁਰਬਾਨੀ, ਨੂੰ ਸੁਆਹ ਕਰ ਦਿਤਾ। ਦੋ ਪਾਰਟੀਆਂ ਬਣ ਗਈਆਂ। ਇਕ ਦਾ ਨਾ ਸ੍ਰਦਾਰ ਬਹਾਦਰ ਪਾਰਟੀ, ਤੇ ਇਸਦੇ ਆਗੂ ਸਰਦਾਰ ਬਹਾਦਰ ਸਃ ਮਹਿਤਾਬ ਸਿੰਘ ਜੀ ਸਰਗੋਧਾ ਸਨ। ਦੂਜੇ ਗਿਆਨੀ ਸ਼ੇਰ ਸਿੰਘ ਜੀ।

੩ ਬਾਬਾ ਖੜਕ ਸਿੰਘ ਜੀ ਸਿਆਲਕੋਟ। ੪ ਸ. ਅਮਰ ਸਿੰਘ ਜੀ ਸ਼ੇਰੇ ਪੰਜਾਬ ਲਾਹੌਰ।
੪ ਭਗਤ ਜਸਵੰਤ ਸਿੰਘ ਜੀ। ੫ ਸ. ਜਸਵੰਤ ਸਿੰਘ ਜੀ ਝਬਾਲ।
੭ ਬਾਬਾ ਮਦਨ ਸਿੰਘ ਜੀ ਗੀਗਾ। ੮ ਸ. ਹਰਬੰਸ ਸਿੰਘ ਜੀ ਸੀਸ ਧਾਰੀ।
੯ ਬਾਵਾ ਸੋਹਣ ਸਿੰਘ ਜੀ ਮੁਕਤਸਰ। ੧੦ ਸ: ਮਹਿੰਦਰ ਸਿੰਘ ਜੀ ਸਿਧਵਾਂ।

Digitized by Panjab Digital Library | www.panjabdigilib.org

੧੧ ਸ: ਸੁੰਦਰ ਸਿੰਘ ਜੀ ਘੁਮਾਣ ਲੁਦਿਆਣਾ । ੧੨ ਸ: ਨਰੈਣ ਸਿੰਘ ਜੀ ਧੂੜਕੋਟ ।
੧੩ ਸ: ਕਰਤਾਰ ਸਿੰਘ ਜੀ ਦੀਵਾਨਾ । ੧੪ ਸ: ਲਾਭ ਸਿੰਘ ਜੀ "ਫ਼ਖ਼ਰ" ਗੁਰਦਾਸਪੁਰ ।

ਆਦਿ ਸਜਨਾਂ ਨੇ ਇਸ ਵਿਚ ਬਹੁਤ ਕੰਮ ਕੀਤਾ।

ਦੂਜੀ ਪਾਰਟੀ ਦਾ ਨਾ "ਅਕਾਲੀ ਪਾਰਟੀ" ਤੇ ਇਸਦੇ ਆਗੂ ਸ: ਅਮਰ ਸਿੰਘ ਝਬਾਲ ਤੇ ਸ: ਮੰਗਲ ਸਿੰਘ ਜੀ ਗਿਲ ਸਨ।

ਅਕਾਲੀ ਪਾਰਟੀ ਨੇ ਸ਼ ਬਹਾਦਰ ਪਾਰਟੀ ਦੇ ਵਿਰੁਧ "ਸ਼ਰਤਾਂ ਮੰਨੂ" "ਸ਼ਰਤਾਂ ਮੰਨੂ" ਆਖਕੇ ਧੂਆਂ ਧਾਰ ਤਕਰੀਰਾਂ ਦਾ ਪ੍ਰਾਪੇਗੰਡਾ ਕੀਤਾ ਕਿ ਸ਼ਰਤਾਂ ਮਨਕੇ ਪੰਥ ਦੀ ਹਤਕ ਕੀਤੀ ਹੈ।

੧੧ ਜੁਲਾਈ ੧੯੨੬, ਕਿਲਾ ਲਹੌਰ ਵਿਚ ਸ: ਤੇਜਾ ਸਿੰਘ ਜੀ ਸਮੁੰਦਰੀ ਦਾ ਚਲਾਣਾ ਹੋਗਿਆ, ਆਪਦਾ ਮਿਰਤਕ ਸਰੀਰ ਮੋਟਰ ਤੇ ਸ੍ਰੀ ਅੰਮ੍ਰਿਤਸਰ ਜੀ ਲਿਆਕੇ ਭਾਰੀ ਮਾਤਮੀ ਜਲੂਸ ਨਾਲ ਚਾਟੀ ਪਿੰਡ ਦਰਵਾਜ਼ੇ ਦੇ ਬਾਹਰ ਸ: ਪ੍ਰਿਥੀਪਾਲ ਸਿੰਘ ਜੀ ਦੇ ਅੰਗੀਠੇ ਦੇ ਪਾਸ ਹੀ ੧੮ ਜੁਲਾਈ ਨੂੰ ਸਸਕਾਰ ਕੀਤਾ ਗਿਆ।

ਕਿਲੇ ਵਾਲੇ ਸਜਨਾਂ ਨੇ ਸ: ਤੇਜਾ ਸਿੰਘ ਜੀ ਸਮੁੰਦਰੀ ਦੇ ਥਾਂ ਮਾਸਟਰ ਤਾਰਾ ਸਿੰਘ ਜੀ ਨੂੰ ਆਪਣਾ ਆਗੂ ਮੰਨ ਲਿਆ। ੧੩ ਸਤੰਬਰ ੧੯੨੬ ਨੂੰ ਸਰਕਾਰ ਪੰਜਾਬ ਨੇ ਗੁਰਦੁਆਰਾ ਐਕਟ ਪੁਰ ਵਰਤੋਂ ਹੁੰਦੀ ਦੇਖ, ਸ਼੍ਰੋ: ਕਮੇਟੀ ਤੇ ਸ਼੍ਰੋ: ਅਕਾਲੀ ਦਲ ਨੂੰ ਖਿਲਾਫ ਕਾਨੂੰਨ ਕਰਾਰ ਦੇਣ ਵਾਲਾ ਹੁਕਮ ਵਾਪਸ ਲੈ ਲਿਆ, ਤੇ ੨੭ ਸਤੰਬਰ ੧੯੨੬ ਨੂੰ ਲਹੌਰ ਕਿਲੇ 'ਦੇ ਬਾਕੀ ਮੁਖੀਆਂ ਨੂੰ ਵੀ ਰਿਹਾ ਕਰ ਦਿਤਾ।

ਬਾਹਰ ਆਕੇ ਇਨ੍ਹਾਂ ਸਜਨਾਂ ਨੇ ਵੀ ਗੁਰਦੁਆਰਾ ਐਕਟ ਨੂੰ ਮੰਨਿਆ ਤੇ ਇਸ ਪੁਰ ਉਹੋ ਜਿਹੀ ਵਰਤੋਂ ਹੀ ਕੀਤੀ। ਜਿਹੋ ਜਿਹੀ, ਪਹਿਲੇ ਕਰ ਰਹੇ ਸਨ।

ਗੁਰਦੁਆਰਾ ਐਕਟ ਮੰਨਣ ਤੇ ਨਾ ਮੰਨਣ ਦਾ, ਐਵੇਂ ਵਾਧੂ ਝਮੇਲਾ ਛੇੜਣ ਤੇ ਪੰਥ ਦੇ ਇਤਫਾਕ ਤੇ ਈਮਾਨ ਦਾ ਸ਼ੀਰਾਜਾ ਚਕਨਾਚੂਰ ਹੋਇਆ। ਅਤੇ ਸਨ ੧੯੨੦ ਤੋਂ ਸਨ ੧੯੨੬ ਤੱਕ ਗੁਰੂ ਪੰਥ ਨੇ, ਵੱਡੀ ਤੋਂ ਵੱਡੀ ਤਾਕਤ ਦੇ ਜ਼ਬਰ ਅਗੇ ਸਬਰ ਤੇ ਸ਼ਾਂਤ ਮਈ ਨਾਲ ਸਾਰੇ ਮੋਰਚੇ ਸਰ ਕਰਕੇ ਹਰ ਇਕ ਮਜ਼ਹਬ, ਹਰ ਇਕ ਸੁਸਾਇਟੀ ਦੇ ਦਿਲਾਂ ਵਿਚ ਸਤਿਕਾਰ ਦੀ ਜੋ ਭਾਵਨਾ ਪੈਦਾ ਕੀਤੀ ਸੀ ਉਹ ਸਭ ਆਪੇ ਹੀ ਨਸ਼ਟ ਕਰ ਬੈਠੇ।

ਅੰਤ ਹੋਇਆ ਕੀ ? ਅਕਾਲੀ ਮੋਰਚਿਆਂ ਵਿੱਚ ਕੰਮ ਕਰਨ ਵਾਲੇ ਸਜਣ ਫੁਟ ਦੇ ਦੁਖੋਂ ਹੋਰ ਪਾਰਟੀਆਂ ਵਿਚ ਸ਼ਾਮਲ ਹੋ ਗਏ, ਤੇ ਹੁਣ ਤੱਕ ਇਕੱਤਰ ਨਹੀਂ ਹੋ ਸਕੇ।

ਦਾਸ ਵਲੋਂ, ਪਵਿਤਰ ਆਤਮਾਂ ਗੁਰਸਿਖਾਂ ਤੇ ਮਹਾਤਮਾਂ ਅਗੇ ਅਰਜ਼ ਹੈ ਕਿ ਸਾਰੇ ਵਾਹਿਗੁਰੂ ਅਗੇ ਅਰਦਾਸ ਕਰੀਏ ਕਿ ੨੯੨੧ ਤੇ ੧੯੨੬ ਵਾਂਗ ਗੁਰੂ ਪੰਥ ਵਿਚ ਸ਼ਰਧਾ, ਭਰਾਤ੍ਰੀ ਪ੍ਰੇਮ, ਤੇ ਏਕਤਾ ਵਧੇ, ਜਿਸ ਕਰਕੇ ਦੇਸਾਂ ਪ੍ਰਦੇਸਾਂ ਵਿਚ ਸਿਖ ਪੰਥ ਦੇ ਪਿਆਰ ਦੀ ਮਹਿਕ ਫਿਰ ਲਪਟਾਂ ਦੇਵੇ।

ਦਾਸ:– ਵਿਸਾਖਾ ਸਿੰਘ ਸੰਤ ਸਿਪਾਹੀ
ਕਿਸਨ ਪੁਰਾ

Digitized by Panjab Digital Library | www.panjabdigilib.org

ਸਿਖ ਕੌਮ ਦੇ ਨਧੜਕ ਲੀਡਰ
ਅਕਾਲੀ ਯੋਧਾ



ਮਾਸਟਰ ਤਾਰਾ ਸਿੰਘ ਜੀ
(ਸਫਾ ੯੬੨ ੳ)

ਅਕਾਲੀ ਲਹਿਰ ਦੇ ਹੀਰੇ



ਨੌਜਵਾਨ ਜਸਵੰਤ ਸਿੰਘ ਜੀ ਝਬਾਲ
(ਸਫਾ ੯੬੫)

ਸਿਖ ਕੌਮ ਦੇ ਕੌਮੀ ਫਕੀਰ



ਗਿਆਨੀ ਕਰਤਾਰ ਸਿੰਘ ਜੀ
(ਸਫਾ ੯੬੨ ਅ)

Digitized by Panjab Digital Library | www.panjabdigilib.org

ਮਾਲਵੇ ਦੇ ਸਿਆਸਤਦਾਨ

**ਸਰਦਾਰ ਤਾਰਾ ਸਿੰਘ ਜੀ**

ਬੀ ਏ ਐਮ. ਐਲ. ਸੀ. ਮੋਗਾ



**ਗੁਰਦੁਆਰਾ ਬਿਲ ਕੌਂਸਲ ਵਿੱਚ**
**ਪੇਸ਼ ਕਰਨ ਵਾਲੇ**

ਸਫ਼ਾ ੭੯੨

**ਸ: ਬ: ਸ: ਮਹਿਤਾਬ ਸਿੰਘ ਜੀ ਹੰਡਾਲੀ**

**ਪਹਿਲੀ ਸ੍ਰੋ: ਗੁ: ਕਮੇਟੀ ਦੇ ਜਨਰਲ ਸਕੱਤ**




**ਉਘੇ ਸਨ ਵਿਚ ਦੇਸ ਦੇ ਜਾਨਣ ਸਗਲੇ ਭੇਵ।**
**ਐਡਵੋਕੇਟੀ ਛਡ ਕੇ ਕਰੀ ਪੰਥ ਦੀ ਸੇਵ।**

ਸਫ਼ਾ ੯੫੫

ਪੰਥ ਦੀ ਆਨ ਸ਼ਾਨ ਦੇ ਰਾਖੇ ਸਚੇ ਤੇ ਸੁਚੇ

**੪੦ ਲਖ ਦੇ ਜਥੇਦਾਰ**

**ਸ੍ਰੀ ਮਾਨ ਬਾਬਾ ਖੜਕ ਸਿੰਘ ਜੀ**



੪੦ ਲੱਖ ਸਿੱਖਾਂ ਦੇ ਬੇਤਾਜ ਬਾਦਸ਼ਾਹ

**ਪਹਿਲੀ ਸ੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਧਾਨ**

ਸਫ਼ਾ ੯੫੩

# ਅਕਾਲੀ ਲਹਿਰ ਦੇ
## ੧੯੨੧ ਤੋਂ ੧੯੨੬ ਤਕ ਦੇ
# ਮੁਖੀ ਲੀਡਰ

## ਪਹਿਲੀ ਸ਼੍ਰੋ: ਗੁ: ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਖੜਕ ਸਿੰਘ ਜੀ
—ਤੇ—
## ਜਨਰਲ ਸਕੱਤ੍ਰ ਸ: ਬ: ਸ: ਮਹਿਤਾਬ ਸਿੰਘ ਜੀ ਪਿੰਡ ਹੰਡਾਲੀ

### ਬੇਤਾਜ ਬਾਦਸ਼ਾਹ ਸ: ਖੜਕ ਸਿੰਘ ਜੀ

ਸਿਰਲਥ ਹੈ ਇਹ ਸੂਰਮਾ ਡਾਢਾ ਵਡਾ ਅਮੀਰ।
ਦੇਸ਼ ਕੌਮ ਦੇ ਵਾਸਤੇ ਹੋਇਆ ਅੰਤ ਫਕੀਰ।

ਆਪ ਜੀ ਦਾ ਜਨਮ ਸ: ਸ਼ੇਰ ਸਿੰਘ ਜੀ ਰਈਸ ਪੰਜਾਬ ਯੂਨੀਵਰਸਿਟੀ ਗ੍ਰੈਜੂਏਟ ਦੇ ਘਰ ਸਿਆਲਕੋਟ ਵਿਖੇ ਹੋਇਆ। ਵਿਦਿਆ ਪ੍ਰਾਪਤ ਕਰਕੇ ਐਲ.ਐਲ.ਬੀ. ਦੀ ਤਾਲੀਮ ਹਾਸਲ ਕਰਨ ਪਿਛੋਂ ਆਪ ਮਿਊਂਸੀਪਲ ਕਮੇਟੀ ਦੇ ਸਕੱਤ੍ਰ ਬਣੇ। ਇਥੇ ਆਪ ਬੜੀ ਮਿਹਨਤ ਤੇ ਈਮਾਨਦਾਰੀ ਨਾਲ ਕੰਮ ਕਰਦੇ ਰਹੇ ਇਸ ਲਈ ਪਬਲਕ ਆਪ ਦੇ ਕੰਮ ਤੇ ਖੁਸ਼ ਸੀ। ਆਪ ਬੜੇ ਅਣਖ ਵਾਲੇ ਸਨ ਤੇ ਕਿਸੇ ਗਲੋਂ ਮਿਊਂਸੀਪਲ ਕਮੇਟੀ ਦੇ ਅੰਗਰੇਜ਼ ਪ੍ਰੈਜ਼ੀਡੰਟ ਨਾਲ ਜੋ ਡਿਪਟੀ ਕਮਿਸ਼ਨਰ ਭੀ ਸੀ, ਨਾਰਾਜ਼ ਹੋ ਕੇ ਸਕੱਤਰੀ ਤੋਂ ਫੌਰਨ ਅਸਤੀਫਾ ਦੇ ਦਿਤਾ।

ਫਿਰ ਆਪ ਨੇ ਛਾਉਣੀ ਵਿਚ ਫਰਨੀਚਰ ਦਾ ਕੰਮ ਸ਼ੁਰੂ ਕੀਤਾ, ਪਰ ਲਾਭ ਨਾ ਹੋਇਆ। ਫਿਰ ਸਪੋਰਟਸ ਦਾ ਕੰਮ ਅਰੰਭਿਆ, ਉਸ ਵਿਚ ਵੀ ਘਾਟਾ ਪਿਆ।

ਖਾਲਸਾ ਹਾਈ ਸਕੂਲ ਸਿਆਲਕੋਟ ਦੇ ਬਹੁਤ ਚਿਰ ਪ੍ਰੈਜ਼ੀਡੰਟ ਰਹੇ। ੧੯੧੨ ਵਿੱਚ ਹੋਈ ਸਿੱਖ ਐਜੂਕੇਸ਼ਨ ਕਾਨਫੰਰਸ ਦੀ ਰੀਸੈਪਸ਼ਨ ਕਮੇਟੀ ਦੇ ਆਪ ਚੇਅਰਮੈਨ ਸਨ। ਸੁਰਗਵਾਸੀ ਸਰਦਾਰ ਬਹਾਦਰ ਸਰਦਾਰ ਸ਼ਿਵਦੇਵ ਸਿੰਘ ਜੀ ਨਾਲ ਆਪ ਦਾ ਬੜਾ ਪਿਆਰ ਸੀ, ਤੇ ਉਨ੍ਹਾਂ ਦੇ ਨਾਲ ਮਿਲਕੇ ਧਾਰਮਿਕ ਕੰਮਾਂ ਵਿਚ ਹਿਸਾ ਲਿਆ। ਗੁਰਦਵਾਰਾ ਟਾਹਲੀ ਸਾਹਿਬ ਗੁਰੂ ਸਰ ਸੰਬੰਧੀ ਬੜੀ ਸੇਵਾ ਕੀਤੀ ਤੇ ਕਰਤਾਰ ਪੁਰ ਸਾਹਿਬ ਰਾਵੀ ਦਾ ਬੰਨ ਬਝਣ ਵੇਲ ਸਿਆਲ ਕੋਟ ਦੀ ਸੰਗਤ ਦੇ ਜਥੇਦਾਰ ਬਣੇ।

ਆਪ ਘਰੋਂ ਬਹੁਤ ਘਟ ਨਿਕਲਦੇ ਸਨ, ਹਰ ਵੇਲੇ ਕੁਝ ਨਾ ਕੁਝ ਪੜ੍ਹਦੇ ਹੀ ਰਹਿੰਦੇ ਸਨ। ਜਦੋਂ ਸਿਆਲਕੋਟ ਵਿਚ ਗੁਰਦਵਾਰਾ ਬਾਬੇ ਦੀ ਬੇਰ ਦਾ ਮਾਮਲਾ ਸ਼ੁਰੂ ਹੋਇਆ ਤਾਂ ਓਦੋਂ ਬਾਹਰ ਨਿਕਲੇ ਕਿ ਮੁੜ ਚੈਨ ਨਾਲ ਨਹੀਂ ਬੈਠੇ। ਬਾਬੇ ਦੀ ਬੇਰ ਗੁਰਦਵਾਰੇ ਨੂੰ ਪੰਥਕ ਪ੍ਰਬੰਧ ਹੇਠ ਲਿਆਉਣ ਦਾ ਸਿਹਰਾ ਵੀ ਬਹੁਤ ਸਾਰਾ ਆਪ ਦੇ ਸਿਰ ਹੈ। ਆਪ ਨੇ ਕ੍ਰਿਪਾਨਾਂ ਦਾ ਕਾਰਖਾਨਾ ਭੀ ਜਾਰੀ ਕੀਤਾ।

ਅਕਾਲੀ ਲਹਿਰ ਵਿਚ ਜੋ ਜੋ ਮਾਲੀ ਤੇ ਬੁਢੀ ਉਮਰ ਵਿਚ ਸਰੀਰਕ ਕੁਰਬਾਨੀਆਂ ਕੀਤੀਆਂ, ਕੈਦਾਂ ਦੇ ਅਕੇਹ ਦੁਖੜੇ ਆਪ ਨੇ ਝਲੇ ਉਹ ਦਸਣ ਲੱਗਿਆਂ ਵਖਰੀ ਕਤਾਬ ਬਣਦੀ ਹੈ।

Digitized by Panjab Digital Library | www.panjabdigilib.org

ਆਪ ਅਕਾਲੀ ਲਹਿਰ ਦੇ ਜਨਮ ਤੋਂ ਹੀ ਸ਼੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਧਾਨ ੧੯੨੬ ਤਕ ਚਲੇ ਆਂਦੇ ਰਹੇ। ਗੁਰੂ ਪੰਥ ਜੀ ਨੇ ਆਪ ਦੀ ਨਿਰਮਾਣ ਨਿਸ਼ਕਾਮ ਸੇਵਾ ਨੂੰ ਵੇਖ ਕੇ ਬੇਤਾਜ ਬਾਦਸ਼ਾਹ ਦਾ ਖਤਾਬ ਦਿਤਾ ਆਪ੍ ਪੰਥਕ ਭਲਾਈ ਲਈ ਜੇਹਲ੍ਹਾਂ ਅੰਦਰ ਕਈ ਦਫਾ ਗਏ। ਇਕ ਦਫਾ ਜੇਹਲ ਕਰਮਚਾਰੀਆਂ ਵਲੋਂ ਆਪ ਨੂੰ ਟੋਪੀ ਪਹਿਨਣ ਤੇ ਮਜ਼ਬੂਰ ਕੀਤਾ ਜਿਸ ਤੇ ਆਪ ਜੀ ਡਟ ਗਏ ਅਤੇ ਪੰਜ ਸਾਲ ਸਿਰਫ ਕਛਿਹਰੇ ਤੋਂ ਬਿਨਾਂ ਹੋਰ ਕੋਈ ਬਸਤਰ ਨਹੀਂ ਪਹਿਨਿਆ। ਆਪ ਮੋਰਚਾ ਚਾਬੀਆਂ, ਗੁਰੂ ਕਾ ਬਾਗ, ਜੈਤੋ ਆਦਿ ਕਈ ਮੋਰਚਿਆਂ ਸਮੇਂ ਜਦ ਆਪ ਜੇਲ੍ਹਾਂ ਅੰਦਰ ਬੰਦ ਹੁੰਦੇ ਸਨ ਤਾਂ ਭੀ ਪੰਥਕ ਮੁਖੀ ਆਪ ਜੀ ਦੀ ਸੰਮਤੀ ਲੈਕੇ ਹੀ ਖਾਸ ਪ੍ਰੋਗਰਾਮ ਬਣਾਂਦੇ ਸਨ। ਆਪ ਦੀ ਅਕਾਲੀ ਲਹਿਰ ਦੀ ਸੇਵਾ ਬਹੁ ਮੁਲੀ ਹੋਣ ਤੇ ਲਿਖਣੀ ਅਤ ਕਠਨ ਹੀ ਨਹੀਂ ਸਗੋਂ ਅਸੰਭਵ ਹੈ। ਆਪ ਕਾਂਗਰਸ ਤੇ ਕੂਕਾ ਪੱਤਰਾ ਪਾਠ ਵੇਲੇ ਭੀ ਵੱਧ ਚੜ੍ਹ ਕੇ ਹਿਸਾ ਲੈਂਦੇ ਰਹੇ। ਅਜ ਕੱਲ ਬਿਰਧ ਅਵਸਥਾ ਦੇ ਲਿਹਾਜ ਨਾਲ ਦਿਲੀ ਵਿਖੇ ਨਵਾਸ ਰਖਦੇ ਹਨ।

## "ਜ਼ਰਾ ਸੋਚੋ" !

# ਬੇਤਾਜ – ੩੦ ਲੱਖ ਦਾ ਜਥੇਦਾਰ

"ਜਹਿ ਰਖਹਿ ਬੈਕੁੰਠ ਤਿਥਾਂਈ"

ਉਹ ਸਮਾਂ ਮੁਲਕ ਉਤੇ ਬੜਾ ਹੀ ਬਿਖੜਾ ਹੁੰਦਾ ਹੈ ਜਦੋਂ ਪਰਜਾ ਅਤੇ ਹਕੂਮਤ ਦੇ ਵਿਚਾਰਾਂ, ਖਿਆਲਾਂ ਵਿਚ ਬੜਾ ਫਰਕ ਹੋ ਜਾਵੇ। ਇਨ੍ਹਾਂ ਦਿਨਾਂ ਵਿਚ ਸਾਡੇ ਮੁਲਕ ਦੀ ਹਕੂਮਤ ਤੇ ਕੌਮ ਦੇ ਖਿਆਲਾਂ ਤੇ ਆਸ਼ਿਆਂ ਵਲ ਧਿਆਨ ਕਰੋ ਕਿਤਨਾ ਜ਼ਿਮੀਂ ਆਸਮਾਨ ਦਾ ਫਰਕ ਹੈ। ਕੌਮ, ਜਿਸ ਨੂੰ ਆਪਣਾ ਸਿਰਤਾਜ ਆਗੂ ਤੇ ਬੇਤਾਜ ਬਾਦਸ਼ਾਹ ਸਮਝਦੀ ਹੈ। ਸਰਕਾਰ ਉਸ ਨੂੰ ਬਾਗੀ ਤੇ ਅਪ੍ਰਾਧੀ ਸਮਝਦੀ ਹੈ। ਕੌਮ, ਜਿਸ ਨੂੰ ਫੁੱਲਾਂ ਦੇ ਸੇਹਰੇ ਪਾ ਕੇ ਆਪਣੀਆਂ ਅੱਖੀਆਂ, ਹਿਰਦਾ ਤੇ ਦਿਲ ਜੀਵ ਦੇ ਫਰਸ਼ ਉਤੇ ਬਿਛਾਂਦੀ ਹੈ। ਹਕੂਮਤ ਉਸ ਨੂੰ ਹੱਥਕੜੀਆਂ ਅਤੇ ਬੇੜੀਆਂ ਲਾ ਕੇ ਕਾਲ ਕੋਠੜੀਆਂ ਵਿਚ ਡਕਦੀ ਹੈ। ਕੌਮ ਜਿਸ ਦੇ ਇਸ਼ਾਰੇ ਉਤੇ ਮਰ ਮਿੱਟਣ ਨੂੰ ਤਿਆਰ ਹੈ, ਹਕੂਮਤ ਉਸ ਨੂੰ ਵੇਖਣਾ ਨਹੀਂ ਚਾਹੁੰਦੀ। ਆਹ, ਕੈਸੀ ਅਸਚਰਜ ਹਾਲਤ ਹੈ, ਪਰ ਬੇ-ਵੱਸ ਤੇ ਗੁਲਾਮ ਕੌਮਾਂ ਨੂੰ ਹਕੂਮਤਾਂ ਦੇ ਅਜੇਹੇ ਜਬਰ ਸਬਰ ਨਾਲ ਝੱਲਣੇ ਹੀ ਪੈਂਦੇ ਹਨ ਤੇ ਅਕਾਲ ਪੁਰਖ ਦੇ ਹੁਕਮ ਅੰਦਰ "ਜਹਿ ਰਖਹਿ ਬੈਕੁੰਠ ਤਿਥਾਂਈ" ਸਮਝ ਕੇ ਭਾਣਾ ਮੰਨਣਾ ਹੀ ਹੈ। ਪਰ ਕੌਮ ਲਈ ਕੁਰਬਾਨ ਹੋਣ ਵਾਲੀਆਂ ਅਜੇਹੇ ਆਗੂਆਂ ਦੀਆਂ ਕੁਰਬਾਨੀਆਂ ਹੀ ਕੌਮਾਂ ਨੂੰ ਹੋਸ਼ ਵਿਚ ਲਿਆ ਕੇ ਆਪਣੀ ਗੁਲਾਮੀ ਦੀ ਅਵਸਥਾ ਨੂੰ ਸੁਝਾਂਦੀਆਂ ਹਨ। ੩੦ ਲੱਖ ਸਿਖਾਂ ਨੇ ਜਿਨ੍ਹਾ ਨੂੰ ਆਪਣਾ ਬੇਤਾਜ ਆਗੂ ਚੁਣਿਆ ਸੀ, ਸਾਡੇ ਮੁਲਕ ਦੀ ਹਕੂਮਤ ਨੇ ਉਨ੍ਹਾਂ ਨੂੰ ਬਾਗੀ ਆਖ ਕੇ ਜੇਲ੍ਹ ਵਿਚ ਡਕ ਦਿੱਤਾ।

ਸਖਤੀਆਂ ਤੇ ਕਸ਼ਟ ਕੇਵਲ ਪਾਪੀਆਂ ਤੇ ਅਪਰਾਧੀਆਂ ਨੂੰ ਡਰਾ ਸਕਦੇ ਹਨ, ਪਰ ਧਰਮੀ ਤਾਂ ਕਸ਼ਟਾਂ ਦੀ ਅੱਗਨੀ ਵਿਚ ਸੋਨੇ ਵਾਂਗ ਹੋਰ ਵਧੇਰੇ ਚਮਕ ਉਠਦੇ ਹਨ। ਉਨ੍ਹਾਂ ਦੀ ਕਦਰ ਹੋਰ ਵਧ ਜਾਂਦੀ ਹੈ। ਹਕੂਮਤ ਭੁਲੇਖੇ ਵਿਚ ਪੈ ਕੇ ਸ: ਖੜਕ ਸਿੰਘ ਤੇ ਹੋਰ ਪੰਥਕ ਆਗੂਆਂ ਨੂੰ ਭੀ ਜੇਲ੍ਹ ਦੇ ਕਸ਼ਟਾਂ ਨਾਲ ਆਪਣੇ ਮਗਰ ਲਾਉਣਾ ਚਾਹੁੰਦੀ ਸੀ ਪਰ ਉਸ ਦੀ ਇਹ ਆਸ ਯਕੀਨੀ ਤੌਰ ਤੇ ਨਿਸਫਲ ਰਹੀ।

Digitized by Panjab Digital Library | www.panjabdigilib.org

## ਸ਼ੇਰ ਪ੍ਰਧਾਨ ਆਇਆ ਪਿੰਜਰੇ 'ਚੋਂ ਛੁੱਟ ਕੇ

ਸਾਰੀ ਸਿੱਖ ਕੌਮ ਤਾਈਂ ਹੋਵੇ ਜੀ ਵਧਾਈ ਅੱਜ,
ਸ਼ੇਰ ਪ੍ਰਧਾਨ ਆਇਆ ਪਿੰਜਰੇ 'ਚੋਂ ਛੁੱਟ ਕੇ।
ਚਿਰਾਂ ਦੀ ਵਿਛੋੜੇ ਵਾਲੀ ਅੱਗ ਸੀ ਗੀ ਬਲ ਰਹੀ,
ਪਾਵੇ ਠੰਡ ਵੀਰ ਛਾਤੀ ਲਾਵੇ ਘੁੱਟ ਘੁੱਟ ਕੇ।
ਛੱਡੋ ਏਸ ਫੁੱਟ ਨੂੰ ਜੋ ਫੋੜ ਕੇ ਵੈਰਾਨ ਕਰੇ,
ਦਿਲਾਂ ਵਿਚੋਂ ਡੈਣ ਤਾਈਂ ਕੱਢੋ ਕੁੱਟ ਕੁੱਟ ਕੇ।
ਪ੍ਰੇਮ ਤੇ ਪਿਆਰ ਨਾਲ ਜਥੇਬੰਦੀ ਵਿਚ ਆਵੋ,
ਅੱਗੇ ਦੁਖ ਪਾਇਆ ਹੈ ਬਥੇਰਾ ਟੁੱਟ ਟੁੱਟ ਕੇ।
ਪਿੰਜਰੇ ਦੇ ਵਿਚ ਭਾਵੇਂ ਜ਼ਾਲਮਾਂ ਨੇ ਬੰਦ ਕੀਤਾ,
ਮੰਨੀ ਈਨ ਸ਼ੇਰ ਵੀ ਨਾ ਥੱਕੇ ਹੁੱਟ ਹੁੱਟ ਕੇ।
ਨੰਗ ਧੜੰਗ ਸ਼ੇਰ ਪਿੰਜਰੇ ਦੇ ਵਿਚ ਫਿਰੇ,
ਧੁੱਪ ਅਤੇ ਪਾਲਾ ਮਾਰ ਕੱਢੇ ਕੁੱਟ ਕੁੱਟ ਕੇ।
ਝੁਕਿਆ ਤੇ ਝੰਮਿਆ ਨਾ ਜੇਲ੍ਹ ਦੇ ਕਸ਼ਟ ਅੱਗੇ,
ਮੌਜ ਇਹ ਆਜ਼ਾਦੀ ਵਾਲੀ ਆਇਆ ਲੁੱਟ ਲੁੱਟ ਕੇ।
ਤਪੀ ਹੱਠੀ ਵੀਰਤਾ ਦਾ ਪੁੰਜ ਜਥੇਦਾਰ ਸਾਡਾ,
ਬਾਂਕਾ ਸ਼ੇਰ ਆਇਆ ਅੱਜ ਪਿੰਜਰੇ ਚੋਂ ਛੁੱਟ ਕੇ।

ਗੰਗਾ ਸਿੰਘ "ਬੇਦੀ"

## ਸ: ਬ: ਸ: ਮਹਿਤਾਬ ਸਿੰਘ ਜੀ

ਉਘੇ ਮਨ ਵਿਚ ਦੇਸ਼ ਦੇ ਜਾਨਣ ਸਗਲੇ ਭੇਵ।
ਐਡਵੋਕੇਟੀ ਛਡ ਕੇ ਕਰੀ ਪੰਥ ਦੀ ਸੇਵਾ ॥

ਸ: ਮਹਿਤਾਬ ਸਿੰਘ ਜੀ ਦਾ ਜਨਮ ਪਿਤਾ ਸ: ਹਜ਼ੂਰਾ ਸਿੰਘ ਜੀ ਦੇ ਘਰ ਮਾਤਾ ਕਰਮ ਕੌਰ ਦੀ ਸੁਲਖਣੀ ਕੁਖੋਂ ਪਿੰਡ ਹੰਡਾਲੀ, ਜ਼ਿਲਾ ਸ਼ਾਹਪੁਰ ਵਿਖੇ ਸੰਨ ੧੮੭੬ ਨੂੰ ਹੋਇਆ।

ਸ੍ਰਦਾਰ ਬਹਾਦਰ ਸਿਰਫ ਚਾਰ ਸਾਲ ਦੇ ਹੀ ਸਨ ਕਿ ਆਪ ਦੇ ਸਿਰ ਤੋਂ ਪਿਤਾ ਦਾ ਸਾਇਆ ਉਠ ਗਿਆ। ਪਰ ਆਪ ਦੀ ਮਾਤਾ ਨੇ ਇਹ ਕਮੀ ਅਨੁਭਵ ਨ ਹੋਣ ਦਿਤੀ ਤੇ ਉਹਨਾਂ ਨੇ ਆਪਣੇ ਹੋਣਹਾਰ ਬੱਚੇ ਦੀ ਸਿਖਿਆ ਤੇ ਦੀਖਿਆ ਦਾ ਉਵੇਂ ਹੀ ਖਿਆਲ ਰਖਿਆ ਜਿਵੇਂ ਕੋਈ ਪਿਤਾ ਆਪਣੇ ਪੁੱਤਰ ਦਾ ਰਖ ਸਕਦਾ ਹੈ।

ਪ੍ਰਾਇਮਰੀ ਵਿਦਿਆ ਆਪ ਨੇ ਪਿੰਡ ਵਿਚ ਹੀ ਹਾਸਲ ਕੀਤੀ। ਦਸ ਸਾਲ ਦੀ ਉਮਰ ਵਿਚ ਆਪ ਨੂੰ ਭੇਰੇ ਪੜ੍ਹਣ ਲਈ ਭੇਜ ਦਿਤਾ ਗਿਆ। ਭੇਰੇ ਚੋਂ ਮਿਡਲ ਦਾ ਇਮਤਿਹਾਨ ਪਾਸ ਕਰਕੇ ਸੈਂਟਰਲ ਮਾਡਲ ਸਕੂਲ ਲਾਹੌਰ ਵਿਚੋਂ ਮੈਟ੍ਰਿਕ ਪਾਸ ਕੀਤੀ। ਹਿਸਟਰੀ ਤੇ ਫਾਰਸੀ ਵਿਚੋਂ ਆਪ ਸਾਰੇ ਪੰਜਾਬ ਵਿਚੋਂ ਅਵਲ ਰਹੇ।

Digitized by Panjab Digital Library | www.panjabdigilib.org

ਦਸ ਜਮਾਤਾਂ ਪਾਸ ਕਰਨ ਮਗਰੋਂ ਆਪ ਨੂੰ ਵਲੈਤ ਬੈਰਿਸਟਰੀ ਪੜ੍ਹਨ ਭੇਜਿਆ ਗਿਆ। ਉਨ੍ਹਾਂ ਦਿਨਾਂ ਵਿਚ ਵਕੀਲਾਂ ਦੀ ਬੜੀ ਕਦਰ ਸੀ। ਬੈਰਸਟਰ ਦਾ ਤਾਂ ਖਾਸ ਦਰਜਾ ਗਿਣਿਆ ਗਿਆ ਸੀ। ਇਹੋ ਖਿਚ ਸੀ ਜੋ ਨੌਜਵਾਨ ਸੁਦਾਰ ਨੂੰ ਵਲੈਤ ਲੈ ਜਾ ਰਹੀ ਸੀ।

ਆਪ ੧੯੯੫ ਵਿਚ ਤਿੰਨ ਸਾਲ ਲਈ ਵਲੈਤ ਚਲੀ ਗਏ ਤੇ ਤਿੰਨਾਂ ਸਾਲਾਂ ਵਿਚ ਬੈਰਿਸਟਰੀ ਪਾਸ ਕਰ ਕੇ ਵਾਪਸ ਆਏ।

ਜਿਨ੍ਹਾਂ ਦਿਨਾਂ ਵਿਚ ਆਪ ਵਲੈਤ ਗਏ ਸਨ ਉਹਨਾਂ ਦਿਨਾਂ ਵਿਚ ਕਈ ਸਿੱਖ ਨੌਜਵਾਨ ਓਥੇ ਜਾਕੇ ਪਤੱਤ ਹੋ ਜਾਇਆ ਕਰਦੇ ਸਨ। ਸੋਹਬਤ ਦਾ ਅਸਰ ਕਹੋ ਯਾ ਇਰਦ ਗਿਰਦ ਦੇ ਹਾਲਾਤ ਸਮਝੋ, ਕੁਛ ਕੁ ਨੌਜਵਾਨ ਵਲੈਤੋਂ ਪਤੱਤ ਹੋ ਆਏ ਜਿਸ ਕਰ ਕੇ ਆਮ ਸਿੱਖਾਂ ਵਿਚ ਇਹ ਖਿਆਲ ਬੈਠ ਗਿਆ ਸੀ ਕਿ ਵਲੈਤ ਵਿਚ ਜਾਣ ਵਾਲਾ ਕੋਈ ਸਿੱਖ,ਸਿੱਖ ਨਹੀਂ ਰਹਿ ਸਕਦਾ ਪਰ ਸ: ਮਹਿਤਾਬ ਸਿੰਘ ਨੇ ਪੂਰੀ ਪੂਰੀ ਰਹਿਤ ਰਖੀ ਤੇ ਤਿਆਰ ਬਰਤਿਆਰ ਰਹੇ। ਵਲੈਤ ਵਿਚ ਤਾਂ ਆਪ ਨੇ ਹੋਰ ਕਈ ਢਿਲੜ ਸਿੱਖ ਵਿਦਿਆਰਥੀਆਂ ਨੂੰ ਵੀ ਪੱਕੇ ਸਿੱਖ ਰਹਿਣ ਦਾ ਉਪਦੇਸ਼ ਕੀਤਾ ਤੇ ਸਿੱਖੀ ਤੋਂ ਗਿਰਨ ਤੋਂ ਬਚਾਇਆ।

ਵਲੈਤ ਤੋਂ ਵਾਪਸ ਆ ਕੇ ਆਪ ਨੇ ਸ਼ਾਹਪੁਰ ਵਕਾਲਤ ਦੀ ਪ੍ਰੈਕਟਸ ਸ਼ੁਰੂ ਕੀਤੀ। ਆਪਣੇ ਪੇਸ਼ੇ ਦੇ ਨਾਲ ਹੀ ਆਪ ਨੇ ਕੌਮੀ ਸੇਵਾ ਦਾ ਵੀ ਆਰੰਭ ਕਰ ਦਿੱਤਾ ਸ਼ਾਹਪੁਰ ਵਿਚ ਖਾਲਸਾ ਦੀਵਾਨ ਦੇ ਸਕੱਤ੍ਰ ਰਹੇ। ਇਸ ਸਮੇਂ ਆਪ ਨੇ ਮਹਿਸੂਸ ਕੀਤਾ ਕਿ ਸਰਗੋਧੇ ਵਿਚ ਲੜਕੀਆਂ ਦੇ ਸਕੂਲ ਦੀ ਸਖਤ ਲੋੜ ਹੈ, ਸੋ ਇਸ ਘਾਟੇ ਨੂੰ ਪੂਰਾ ਕਰਨ ਲਈ ਕਮਰ-ਕੱਸਾ ਕਰ ਲਿਆ ਤੇ ਕੰਨਿਆ ਪਾਠਸ਼ਾਲਾ ਖੋਹਲ ਕੇ ਹੀ ਦੰਮ ਲਿਆ।

ਆਪ ੧੯੧੦ ਤਕ ਸ਼ਾਹਪੁਰ ਹੀ ਵਕਾਲਤ ਕਰਦੇ ਰਹੇ ਆਪ ਦੀ ਕਾਬਲੀਅਤ ਦੇਖ ਕੇ ਸਰਕਾਰ ਨੇ ਆਪ ਨੂੰ ਫੀਰੋਜ਼ਪੁਰ ਸਰਕਾਰੀ ਵਕੀਲ ਬਣਾ ਕੇ ਭੇਜ ਦਿਤਾ। ਫੀਰੋਜ਼ਪੁਰ ਵਿਚ ਆਪ ਨੇ ਸਿਖਾਂ ਅੰਦਰ ਵਿਦਿਆ ਦੇ ਘਾਟੇ ਤੇ ਨਜ਼ਰ ਮਾਰੀ ਤੇ ਇਸ ਘਾਟੇ ਨੂੰ ਪੂਰਾ ਕਰਨ ਲਈ ਇਕ ਖਾਲਸਾ ਮਿਡਲ ਸਕੂਲ ਖੋਲ੍ਹ ਦਿਤਾ। ਫੀਰੋਜ਼ਪੁਰ ਦੇ ਸਿਖਾਂ ਦੀਆਂ ਧਾਰਮਕ,ਸੋਸ਼ਲ ਤੇ ਪੋਲੀਟੀਕਲ ਸਰਗਰਮੀ ਵਿਚ ਆਪ ਖਾਸਾ ਹਿੱਸਾ ਲੈਂਦੇ ਰਹੇ ਜਿਸ ਕਰਕੇ ਆਪ ਉਥੇ ਦੇ ਬੜੇ ਹਰ-ਮਨ ਪਿਆਰੇ ਲੀਡਰ ਬਣ ਗਏ।

ਫੀਰੋਜ਼ਪੁਰ ਤੋਂ ਆਪ ਦੀ ਬਦਲੀ ਲਾਹੌਰ ਹੋ ਗਈ। ਲਾਹੌਰ ਵਿਚ ਆਕੇ ਜਿਥੇ ਆਪ ਨੂੰ ਸਰਕਾਰੀ ਸੇਵਾ ਕਰਨ ਦਾ ਮੌਕਾ ਮਿਲਿਆ ਓਥੇ ਆਪ ਨੂੰ ਖਾਲਸਾ ਪੰਥ ਦੀ ਸੇਵਾ ਦਾ ਵਸੀਹ ਮੈਦਾਨ ਹੱਥ ਲੱਗਾ। ਸਰਕਾਰੀ ਵਕਾਲਤ ਵਿਚਕਾਰ ਸਰਕਾਰ ਨੇ ਆਪਦੀ ਯੋਗਤਾ ਦੀ ਸ਼ਲਾਘਾ ਵਜੋਂ ਆਪ ਨੂੰ ਪਹਿਲੇ 'ਸਰਦਾਰ ਸਾਹਿਬ' ਤੇ ਪਿਛੋਂ 'ਸਰਦਾਰ ਬਹਾਦਰ' ਦਾ ਖਿਤਾਬ ਦਿਤਾ।

ਆਪ ਬੜੇ ਮੁਦੱਬਰ ਸਨ। ਆਪ ਜ਼ਮਾਨੇ ਦੀ ਰੌ ਨਾਲ ਕਦੇ ਨਾ ਵਗ ਤੁਰਦੇ ਸਗੋਂ ਰਾਜਸੀ ਤੇ ਧਾਰਮਕ ਕੰਮਾਂ ਵਿਚ ਆਪ ਸਦਾ ਹੀ ਜ਼ਮੀਰ ਦੀ ਆਵਾਜ਼ ਸੁਣਦੇ ਹੁੰਦੇ ਸਨ।

੧੯੧੯ ਵਿਚ ਜਦ ਮਾਰਸ਼ਲ ਲਾ ਤੇ ਜਲ੍ਹਿਆਂ ਵਾਲੇ ਬਾਗ ਦੀਆਂ ਸਖਤੀਆਂ ਮਗਰੋਂ ਹਿੰਦੁਸਤਾਨ ਨੂੰ ਮਾਂਟਫੋਰਡ ਸਕੀਮ ਅਨੁਸਾਰ ਸੁਧਾਰ ਦਿਤੇ ਗਏ ਤੇ ਨਵੇਂ ਆਈਨ ਮਾਤਹਿਤ ਕੌਂਸਲ ਦੀਆਂ ਚੋਣਾਂ ਹੋਈਆਂ ਤਾਂ ਆਪ ਪੰਜਾਬ ਕੌਂਸਲ ਦੇ ਮੈਂਬਰ ਚੁਣੇ ਗਏ ਤੇ ਸੰਨ ੧੯੨੦ ਵਿਚ ਆਪ ਨੂੰ ਪੰਜਾਬ ਲੈਜਿਸਲੇਟਿਵ ਕੌਂਸਲ ਦਾ ਡਿਪਟੀ ਪ੍ਰੈਜ਼ੀਡੈਂਟ ਥਾਪਿਆ ਗਿਆ। ਆਪ ਪਹਿਲੇ ਸਿਖ ਸਨ ਜੋ ਏਸ ਮਹਾਨ ਔਹਦੇ ਤੇ ਲਾਏ ਗਏ।

ਜਿਸ ਵੇਲੇ ਮਹਾਤਮਾਂ ਗਾਂਧੀ ਨੇ ਅੰਗਰੇਜ਼ ਵਿਰੁਧ ਨਾ-ਮਿਲਵਰਤਨ ਦੀ ਲਹਿਰ ਚਲ ਈ ਤਦ

Digitized by Panjab Digital Library | www.panjabdigilib.org

ਇਸ ਨੂੰ ਪੰਜਾਬ ਵਿਚ ਸਫਲ ਕਰਨ ਵਾਲੇ ਤੇ ਸਭ ਤੋਂ ਵਧੀਕ ਉਸ ਵਿਚ ਕੁਰਬਾਨੀਆਂ ਦੇਣ ਵਾਲੇ ਸਿਖ ਹੀ ਸਨ। ਪੰਜਾਬ ਵਿਚ ਨਾ-ਮਿਲਵਰਤਨ ਦੀ ਲਹਿਰ ਨੂੰ ਜੋ ਸਫਲਤਾ ਹੋਈ ਉਸ ਦਾ ਸਿਹਰਾ ਸਿਖਾਂ ਦੇ ਸਿਰ ਤੇ ਖਾਸ ਕਰਕੇ ਸ: ਖੜਕ ਸਿੰਘ ਜੀ ਦੇ ਸਿਰ ਹੀ ਹੈ। ਨਾ-ਮਿਲਵਰਤਨ ਦੇ ਜ਼ਮਾਨ ਵਿਚ ਇਸ ਲਹਿਰ ਨੂੰ ਜੋਰ ਸ਼ੋਰ ਨਾਲ ਚਲਾਣ ਵਾਲੀ ਸਿਖਾਂ ਦੀ ਰਾਜਸੀ ਸਭਾ ਸਿਖ ਲੀਗ ਸੀ। ਉਸੇ ਸਾਲ ਲਾਹੌਰ ਵਿਚ ਪੰਥ ਦੇ ਬੇਤਾਜ ਬਾਦਸ਼ਾਹ ਸ੍ਰੀ ਮਾਨ ਬਾਬਾ ਖੜਕ ਸਿੰਘ ਜੀ ਦੀ ਪ੍ਰਧਾਨਗੀ ਹੇਠ ਸਿਖ ਲੀਗ ਦਾ ਉਹ ਸ਼ਾਨਦਾਰ ਸਮਾਗਮ ਹੋਇਆ ਜਿਸ ਦੀ ਗੂੰਜ ਅਜੇ ਤਕ ਪੰਜਾਬ ਦੇ ਲੋਕਾਂ ਨੂੰ ਸੁਣਾਈ ਦੇ ਰਹੀ ਹੈ। ਮਹਾਤਮਾਂ ਗਾਂਧੀ ਤੇ ਡਾ: ਕਿਚਲੂ ਏਸ ਸਮਾਗਮ ਵਿਚ ਹਾਜ਼ਰ ਸਨ।

ਲੀਗ ਦੇ ਸਮਾਗਮ ਵਿਚ ਸ: ਸਰਦੂਲ ਸਿੰਘ ਕਵੀਸ਼ਰ ਦਾ ਪੇਸ਼ ਕੀਤਾ ਹੋਇਆ ਨਾ-ਮਿਲਵਰਤਨ ਦਾ ਮਤਾ ਪਾਸ ਹੋ ਗਿਆ। ਉਸੇ ਸਮੇਂ ਸ: ਬਹਾਦਰ ਲੀਗ ਦੇ ਸਮਾਗਮ ਵਿਚ ਸ਼ਾਮਲ ਹੋਏ ਪਰ ਆਪਦੇ ਖਿਆਲ ਵਿਚ ਨਾ-ਮਿਲਵਰਤਨ ਖਤਰਨਾਕ ਸੀ, ਆਪ ਨੇ ਆਪਣੀ ਰਾਏ ਖਿਲਾਫ ਦਿਤੀ।

ਗੁਰਦੁਆਰਾ ਸੁਧਾਰ ਲਹਿਰ ਸਿਖ ਇਤਿਹਾਸ ਦਾ ਇਕ ਸੁਨੈਹਰੀ ਅਖਰਾਂ ਵਿਚ ਲਿਖਿਆ ਜਾਣ ਵਾਲਾ ਪ੍ਰਕਰਣ ਹੈ। ਇਸ ਦੌਰਾਨ ਵਿਚ ਸਿਖਾਂ ਨੇ ਇਕ ਵਾਰ ਮੁੜ ਕੇ ਦੁਨੀਆ ਦੇ ਰੂਬਰੂ ਭਾਈ ਤਾਰੂ ਸਿੰਘ ਤੇ ਭਾਈ ਮਨੀ ਸਿੰਘ ਦੀਆਂ ਸ਼ਹੀਦੀਆਂ ਦੇ ਵਾਕਿਆਤ ਦੁਹਰਾ ਕੇ ਸਾਰੀ ਦੁਨੀਆਂ ਨੂੰ ਹੈਰਾਨ ਕਰ ਦਿਤਾ ਸੀ।

ਸ੍ਰੀ ਦਰਬਾਰ ਸਾਹਿਬ ਦੇ ਸਰਕਾਰੀ ਸਰਬਰਾਹ ਸ: ਅਰੂੜ ਸਿੰਘ ਦੀਆਂ ਕੁਰੀਤੀਆਂ ਵਿਰੁਧ ਖਾਲਸੇ ਵਿਚ ਜੋਸ਼ ਫੈਲ ਗਿਆ, ਇਸ ਮਗਰੋਂ ਸਿਆਲਕੋਟ ਬਾਬੇ ਦੀ ਬੇਰ ਦੇ ਪਤਤ ਸਰਬਰਾਹ ਗੰਡਾ ਸਿਹੋਂ ਵਿਰੁਧ ਮੋਰਚਾ ਲਗ ਗਿਆ। ਸ: ਖੜਕ ਸਿੰਘ ਦੀ ਜਥੇਦਾਰੀ ਹੇਠ ਪੰਥ ਨੂੰ ਫਤਹਿ ਹੋਈ। ਸਰਕਾਰ ਨੂੰ ਪੰਥ ਦੀਆਂ ਮੰਗਾਂ ਪਰਵਾਨ ਕਰਨੀਆਂ ਪਈਆਂ। ਇਸ ਪ੍ਰਕਾਰ ਗੁਰਦੁਆਰਾ ਸੁਧਾਰ ਲਹਿਰ ਜ਼ੋਰਾਂ ਤੇ ਹੋ ਗਈ ਤੇ ਪੰਥ ਨੇ ਏਸ ਪਵਿਤ੍ਰ ਸੇਵਾ ਲਈ ਸ਼੍ਰੋ: ਗੁ: ਪ੍ਰ: ਕਮੇਟੀ ਕਾਇਮ ਕਰ ਲਈ ਜਿਸ ਦੇ ਪਹਿਲੇ ਪ੍ਰਧਾਨ ਸ੍ਰੀ ਮਾਨ ਸ੍ਰ: ਖੜਕ ਸਿੰਘ ਜੀ ਨੀਯਤ ਹੋਏ ਤੇ ਗੁਰਦਵਾਰਿਆਂ ਦਾ ਸੁਧਾਰ ਬੜੇ ਜ਼ੋਰ ਨਾਲ ਸ਼ੁਰੂ ਹੋ ਗਿਆ। ਇਸ ਕਮੇਟੀ ਵਿਚ ਗਰਮ ਤੇ ਨਰਮ ਦੋਹਾਂ ਖਿਆਲਾਂ ਦੇ ਸਜਨ ਲਏ ਗਏ।

੨੧ ਫਰਵਰੀ ਸੰਨ ੧੯੨੧ ਨੂੰ ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਵਰਤਿਆ। ਜਿਹੜਾ ੨੦੦ ਸਿੰਘਾਂ ਦਾ ਜਥਾ ਅਮਰ ਸ਼ਹੀਦ ਸਰਦਾਰ ਲਛਮਣ ਸਿੰਘ ਧਾਰੋਵਾਲ ਦੀ ਜਥੇਦਾਰੀ ਹੇਠ ਸ਼ਬਦ ਕੀਰਤਨ ਕਰਦਾ ਸ਼ਾਤਮਈ ਤਰੀਕੇ ਨਾਲ ਜਨਮ ਅਸਥਾਨ ਮਹੰਤ ਨਰੈਣੂ ਦੀਆਂ ਗੋਲੀਆਂ, ਛਵੀਆਂ ਤੇ ਕੁਹਾੜੀਆਂ ਦਾ ਨਿਸ਼ਾਨਾ ਬਣਿਆ, ਉਹਦਾ ਹਾਲ ਸੁਣਕੇ ਅਜੇ ਵੀ ਸਿਖਾਂ ਦਾ ਖੂਨ ਉਬਾਲਾ ਖਾ ਜਾਂਦਾ ਹੈ ਏਸ ਕਤਲਾਮ ਦੀ ਮਸਾਲ ਮਿਲਣੀ ਅਸੰਭਵ ਹੈ। ਉਸ ਦਿਨ ਸਾਰੇ ਨਨਕਾਣੇ ਵਿਚੋਂ ਕੇਵਲ ਛੇ ਜੀਉਂਦੇ ਸਿੰਘ ਬਚ ਗਏ ਜੋ ਮਹੰਤ ਦੇ ਹਥ ਨਾ ਆਏ ਬਾਕੀ ਕੁਲ ਨੂੰ ਉਸ ਜ਼ਾਲਮ ਨੇ ਸ਼ਹੀਦ ਕਰ ਦਿਤਾ। ਇਨ੍ਹਾਂ ਛੇਆਂ ਵਿਚੋਂ ਸ: ਉਤਮ ਸਿੰਘ ਤੇ ਸ: ਧੰਨਾ ਸਿੰਘ ਕਾਰਖਾਨੇ ਵਾਲੇ, ਸ: ਆਸਾ ਸਿੰਘ ਆੜ੍ਹਤੀ ਤੇ ਸ: ਕਰਮ ਸਿੰਘ ਸਟੇਸ਼ਨ ਮਾਸਟਰ ਵੀ ਸਨ। ਮਹੰਤ ਇਨ੍ਹਾਂ ਨੂੰ ਸ਼ਹੀਦ ਕਰਨ ਲਈ ਕਚੀ-ਚੀਆਂ ਲੈਂਦਾ ਰਿਹਾ ਪਰ ਵਾਹਿਗੁਰੂ ਨੇ ਇਨ੍ਹਾਂ ਨੂੰ ਬਚਾਉਣਾ ਸੀ। ਉਹਦੇ ਸਭ ਯਤਨ ਨਿਸਫਲ ਗਏ।

ਉਸੇ ਦਿਨ ਸਰਦਾਰ ਬਹਾਦਰ ਨੂੰ ਸ: ਉਤਮ ਸਿੰਘ ਦੀ ਤਾਰ ਆ ਗਈ ਕਿ ਮਹੰਤ ਨੇ ਬਹੁਤ ਸਾਰੇ ਸਿੱਖ ਸ਼ਹੀਦ ਕਰ ਦਿੱਤੇ ਹਨ, ਤੇ ਹੁਣ ਤੇਲ ਪਾ ਪਾ ਕੇ ਲਾਸ਼ਾਂ ਨੂੰ ਸਾੜ ਰਿਹਾ ਹੈ। ਇਸ ਦੇ ਮਗਰੋਂ ਸਰਦਾਰ ਬਹਾਦਰ ਨੂੰ ਸ: ਉਤਮ ਸਿੰਘ ਦੀ ਦੂਜੀ ਤਾਰ ਵੀ ਆ ਮਿਲੀ ਕਿ ਸਿਖਾਂ ਦਾ ਕਤਲਿਆਮ ਜਾਰੀ ਹੈ ਤੇ ਸੈਂਕੜੇ ਸਿੰਘ ਸ਼ਹੀਦੀਆਂ ਪਾ ਗਏ ਹਨ। ਇਨ੍ਹਾਂ ਤਾਰਾਂ ਨੇ ਸਰਦਾਰ ਬਹਾਦਰ ਦੇ ਦਿਲ ਉਤੇ ਬਿਜਲੀ

Digitized by Panjab Digital Library | www.panjabdigilib.org

ਡੇਗ ਦਿੱਤੀ ।

ਸਰਦਾਰ ਬਹਾਦਰ ਨੇ ਬਾਉਲੀ ਸਾਹਿਬ ਦੀਵਾਨ ਦਾ ਐਲਾਨ ਕਰਵਾ ਦਿੱਤਾ, ਸਿੱਖ ਸਰਦਾਰਾਂ ਨੂੰ ਸਾਕੇ ਦੀ ਖਬਰ ਕਰ ਦਿੱਤੀ ਤੇ ਹੋਮ ਸੈਕ੍ਰਟਰੀ, ਕਮਿਸ਼ਨਰ, ਇਨਸਪੈਕਟਰ ਜਨਰਲ ਪੋਲੀਸ ਤੇ ਗਵਰਨਰ ਪੰਜਾਬ ਜੋ ਰਾਵਲਪਿੰਡੀ ਦੌਰੇ ਤੇ ਗਿਆ ਹੋਇਆ ਸੀ, ਸਭਨਾਂ ਨੂੰ ਟੈਲੀਫੂਨ ਤੇ ਤਾਰਾਂ ਰਾਹੀਂ ਖਬਰਾਂ ਕਰ ਦਿੱਤੀਆਂ ।

ਮਿਸਟਰ ਕਿੰਗ, ਕਮਿਸ਼ਨਰ ਲਾਹੌਰ, ਨੇ ਆਪ ਨੂੰ ਟੈਲੀਫੂਨ ਤੇ ਕਿਹਾ ਕਿ ਸ਼ਾਮ ਦੇ ਪੰਜ ਵਜੇ ਸਪੈਸ਼ਲ ਟਰੇਨ ਵਿਚ ਉਹ ਕੁਝ ਫੌਜ ਤੇ ਡਾਕਟਰ ਲੈ ਕੇ ਜਾ ਰਹੇ ਹਨ, ਏਸ ਲਈ ਸਰਦਾਰ ਬਹਾਦਰ ਵੀ ਨਾਲ ਚਲਨ । ਆਪ ਨੇ ਪੰਜ ਹੋਰ ਸਿਖ ਲੀਡਰਾਂ ਲਈ ਵੀ ਗੱਡੀ ਵਿਚ ਥਾਂ ਰੱਖਵਾ ਲਈ ਤੇ ਸ: ਖੜਕ ਸਿੰਘ ਦੀ ਰਿਹਾਈ ਲਈ ਜ਼ੋਰ ਲਾਇਆ ਪਰ ਸਰਦਾਰ ਜੀ ਨੂੰ ਪੈਰੋਲ ਉਤੇ ਵੀ ਰਿਹਾ ਕਰਨ ਲਈ ਸਰਕਾਰ ਨਾ ਮੰਨੀ ।

ਬਾਉਲੀ ਸਾਹਿਬ ਵਿਚ ਸਿੱਖਾਂ ਦਾ ਭਾਰੀ ਦੀਵਾਨ ਸਜਿਆ, ਜਿਸ ਵਿਚ ਇਨ੍ਹਾਂ ਛੇ ਸੱਜਣਾਂ ਨੂੰ ਨਨਕਾਣੇ ਸਾਹਿਬ ਭੇਜਣ ਦਾ ਫੈਸਲਾ ਹੋਇਆ:—

| | |
|---|---|
| ਸਰਦਾਰ ਬਹਾਦਰ ਮਹਿਤਾਬ ਸਿੰਘ । | ਸ: ਸੁੰਦਰ ਸਿੰਘ ਚਾਵਲਾ । |
| ਸ: ਹਰਨਾਮ ਸਿੰਘ ਆਟੇ ਵਾਲੇ । | ਸ: ਅਮਰ ਸਿੰਘ ਐਡੀਟਰ ਸ਼ੇਰੇ ਪੰਜਾਬ । |
| ਸ: ਲਾਲ ਸਿੰਘ ਸੁਦਾਗਰ ਚੌਂਕ । | ਸ: ਗੁਰਬਖਸ਼ ਸਿੰਘ ਸਕੱਤ੍ਰ ਪ੍ਰਚਾਰਕ ਜਥਾ । |

ਇਹ ਸਾਰੇ ਸੱਜਣ ਸ਼ਾਮ ਦੇ ਪੰਜ ਵਜੇ ਦੀ ਸਪੈਸ਼ਲ ਟਰੇਨ ਵਿਚ ਰਵਾਨਾ ਹੋ ਗਏ ਤੇ ਸ਼ਾਮ ਦੇ ਅੱਠ ਵਜੇ ਗੱਡੀ ਨਨਕਾਣੇ ਸਾਹਿਬ ਗੁਰਦਵਾਰੇ ਕੋਲ ਜਾ ਠਹਿਰੀ । ਸਰਦਾਰ ਬਹਾਦਰ ਦੇ ਦਿਲ ਉਤੇ ਸ਼ਹੀਦਾਂ ਦੇ ਨਜ਼ਾਰੇ ਦਾ ਡੂੰਘਾ ਅਸਰ ਪਿਆ ਤੇ ਉਥੇ ਹੀ ਆਪ ਨੇ ਪ੍ਰੱਣ ਕਰ ਲਿਆ ਕਿ ਆਪ ਸ਼ਹੀਦਾਂ ਦੇ ਕੰਮ ਨੂੰ ਸਿਰੇ ਚੜ੍ਹਾਣ ਵਿਚ ਹਰ ਮੁਮਕਿਨ ਕੁਰਬਾਨੀ ਦੇਣਗੇ ।

ਆਪ ਨੂੰ ਸਾਕਾ ਨਨਕਾਣਾ ਸਾਹਿਬ ਦੀ ਸਰਕਾਰੀ ਪੜਤਾਲੀਆ ਕਮੇਟੀ ਦਾ ਇੰਚਾਰਜ ਬਣਾਇਆ ਗਿਆ । ਪਰ ਮਿਸਟਰ ਬੋਰਿੰਗ ਸੁਪ੍ਰੰਨਟੈਂਡੰਟ ਪੋਲੀਸ ਨਾਲ ਆਪ ਦਾ ਮੱਤ-ਭੇਦ ਹੋ ਗਿਆ । ਮਿਸਟਰ ਬੋਰਿੰਗ ਨੇ ਆਪ ਦੇ ਵਿਰੁਧ ਰਪੋਰਟ ਕਰ ਦਿੱਤੀ । ਸਰਦਾਰ ਬਹਾਦਰ ਨੇ ਆਪਣੀ ਸਫਾਈ ਦੀ ਥਾਂ ੩੫੦੦ ਰੁਪਏ ਮਹੀਨੇ ਦੀ ਤਨਖਾਹ ਉਤੇ ਲੱਤ ਮਾਰ ਕੇ ਪੜਤਾਲੀਆ ਕਮੇਟੀ ਤੋਂ ਅਲੱਗ ਹੋ ਗਏ ।

ਉਨ੍ਹਾ ਦਿਨਾਂ ਵਿਚ ਆਪ ਨੇ ਪੰਜਾਬ ਕੌਂਸਲ ਵਿਚ ਬੜੀਆਂ ਧੜੱਲੇਦਾਰ ਤੱਕਰੀਰਾਂ ਕੀਤੀਆਂ ਤੇ ਸਰਕਾਰੀ ਕਰਮਚਾਰੀਆਂ ਨੂੰ ਚੰਗੀ ਤਰ੍ਹਾਂ ਨੰਗਾ ਕੀਤਾ ।

ਨਵੰਬਰ ੧੯੨੧ ਵਿਚ ਆਪ ਨੇ ਪੰਜਾਬ ਦੀ ਡਿਪਟੀ ਪ੍ਰੈਜ਼ੀਡੰਟੀ ਤੇ ਮੈਂਬਰੀ ਤੋਂ ਅਸਤੀਫਾ ਦੇ ਦਿੱਤਾ ਤੇ ਆਪਣੇ ਐਸ਼ਵਰਜ਼ ਸ਼ਾਲੀ ਭਵਿਖਤ ਨੂੰ ਠੁਕਰਾ ਕੇ ਜਾਨਬਾਜ਼ ਆਗੂਆਂ ਦੀ ਕਤਾਰ ਵਿਚ ਆ ਸ਼ਾਮਲ ਹੋਏ । ਪੰਥ ਨੇ ਵੀ ਆਪ ਨੂੰ ਅੱਖਾਂ ਉਤੇ ਥਾਂ ਦਿੱਤੀ । ਸ: ਖੜਕ ਸਿੰਘ ਜੀ ਨੇ ਆਪ ਨੂੰ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਜਨਰਲ ਸਕੱਤ੍ਰ ਚੁਣ ਲਿਆ । ਇਸ ਪ੍ਰਕਾਰ ਪੰਥਕ ਜਥੇਬੰਦੀ ਦੀ ਵਾਗ ਡੋਰ ਪੰਥ ਦੇ ਬੇਹਤ੍ਰੀਨ ਪ੍ਰਤੀਨਿਧਾਂ ਦੇ ਹੱਥਾਂ ਵਿਚ ਆ ਗਈ ਤੇ ਇਨ੍ਹਾਂ ਚੋਟੀ ਦੇ ਲੀਡਰਾਂ ਦੀ ਅਗਵਾਈ ਹੇਠ ਗੁਰੂ ਪੰਥ ਨੇ ਉਹ ਮੋਰਚੇ ਸਰ ਕੀਤੇ ਕਿ ਖਾਲਸਾ ਜੀ ਦਾ ਨਾਮ ਇਕ ਵਾਰ ਫੇਰ ਪੰਜਾਬ ਤੋਂ ਨਿਕਲ ਦੁਨੀਆਂ ਦੇ ਕੋਨੇ ਕੋਨੇ ਤੇ ਚਮਕਿਆ ।

## ਚਾਬੀਆਂ ਦਾ ਮੋਰਚਾ

ਜਿਨ੍ਹੀਂ ਦਿਨੀਂ ਸਰਦਾਰ ਬਹਾਦਰ ਮਹਿਤਾਬ ਸਿੰਘ ਸ਼੍ਰੋਮਣੀ ਕਮੇਟੀ ਦੇ ਸਕੱਤ੍ਰ ਥਾਪੇ ਗਏ ਸਨ

Digitized by Panjab Digital Library | www.panjabdigilib.org

ਉਨ੍ਹੀ ਦਿਨੀ ਸਰਕਾਰ ਦੇ ਕਰਮਚਾਰੀਆਂ ਦੀ ਬੇਸਮਝੀ ਨਾਲ ਸ੍ਰੀ ਦਰਬਾਰ ਸਾਹਿਬ ਦੀਆਂ ਚਾਬੀਆਂ ਦਾ ਮਾਮਲਾ ਛਿੜ ਪਿਆ ਕਿ ਪੰਥ ਦੇ ਬੇਤਾਜ ਬਾਦਸ਼ਾਹ ਦੇ ਹਵਾਲੇ ਕੀਤੀਆਂ ਜਾਣ ਪਰ ਸਰਕਾਰ ਖੜਕ ਸਿੰਘ ਨੂੰ ਚਾਬੀਆਂ ਦੇਣਾਂ ਨਹੀ ਚਾਹੁੰਦੀ ਸੀ। ਮੋਰਚਾ ਲਗ ਗਿਆ। ਸਾਰੀ ਵਰਕੰਗ ਕਮੇਟੀ ਫੜ ਲਈ ਗਈ। ਬਾਬਾ ਜੀ ਤੇ ਸ: ਬਹਾਦਰ ਨੂੰ ਛੇ,ਛੇ ਮਹੀਨੇ ਦੀ ਕੈਦ ਦੇ ਕੇ ਡੇਹਰਾ ਗਾਜ਼ੀ ਖਾਂ ਜੇਹਲ ਵਿਚ ਭੇਜ ਦਿੱਤਾ ਪਰ ਸਰਕਾਰ ਨੂੰ ਛੇਤੀ ਹਾਰ ਖਾਣੀ ਪੈ ਗਈ ਤੇ ਚਾਬੀਆਂ ਬਾਬਾ ਜੀ ਨੂੰ ਦਰਬਾਰ ਸਾਹਿਬ ਆ ਕੇ ਪੇਸ਼ ਕਰ ਦਿੱਤੀਆਂ। ਬਾਬਾ ਜੀ ਦੀ ਇਸ ਭਾਰੀ ਜਿਤ ਉਤੇ ਗਾਂਧੀ ਜੀ ਨੇ ਮੁਬਾਰਕ ਦੀ ਤਾਰ ਬਾਬਾ ਜੀ ਨੂੰ ਭੇਜੀ ਤੇ ਏਸ ਜਿਤ ਨੂੰ ਭਾਰਤ ਦੀ ਜਿਤ ਦੀ ਪਹਿਲੀ ਕਾਮਯਾਬੀ ਕਿਹਾ।

## ਮੋਰਚਾ ਗੁਰੂ ਕਾ ਬਾਗ

ਚਾਬੀਆਂ ਦੇ ਮੋਰਚੇ ਨੇ ਸਰਕਾਰ ਨੂੰ ਜਿਥੇ ਝੁਕਣ ਲਈ ਮਜਬੂਰ ਕੀਤਾ, ਉਥੇ ਦੂਜੇ ਪਾਸੇ ਸਿੱਖਾਂ ਦੀ ਜਥੇਬੰਦੀ ਪੂਰੇ ਜੋਬਨ ਤੇ ਪਹੁੰਚ ਗਈ। ਸਰਕਾਰ ਨੇ ਆਪਣੇ ਹੋਏ ਨਿਰਾਦਰ ਨੂੰ ਮੁੜ ਬਹਾਲ ਕਰਨ ਲਈ ਪੰਥ ਮੁਖੀਆਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਕਰ ਦਿੱਤੀਆਂ। ਪੰਥ ਦੇ ਬੇਤਾਜ ਬਾਦਸ਼ਾਹ ਨੂੰ ਸੀਖਾਂ ਪਿੱਛੇ ਫੇਰ ਡਕ ਦਿੱਤਾ। ਦੋ ਹਜ਼ਾਰ ਦੇ ਲੱਗ ਪੱਗ ਲੀਡਰ ਫੜ ਲਏ ਗਏ। ਬਾਬਾ ਜੀ ਦੇ ਜੇਲ੍ਹ ਜਾਣ ਮਗਰੋਂ ਸ: ਬਹਾਦਰ ਸ਼੍ਰੋ: ਕਮੇਟੀ ਦੇ ਪ੍ਰਧਾਨ ਥਾਪੇ ਗਏ।

ਸਰਦਾਰ ਬਹਾਦਰ ਦੀ ਪ੍ਰਧਾਨਗੀ ਸਮੇਂ ਸਰਕਾਰ ਨੇ ਖਾਲਸੇ ਨੂੰ ਨਵੇਂ ਢੰਗ ਨਾਲ ਮੁੜ ਛੇੜਿਆ। ਗੁਰੂ ਦੇ ਬਾਗ ਵਿਚ ਅਕਾਲੀ ਸੇਵਾਦਾਰਾਂ ਨੂੰ ਲਕੜਾਂ ਕੱਟਣ ਦੇ ਅਪਰਾਧ ਵਿਚ ਫੜਨਾ ਸ਼ੁਰੂ ਕਰ ਦਿੱਤਾ। ਭਾਵੇਂ ਗੁਰਦਵਾਰੇ ਦੀ ਜ਼ਮੀਨ ਉਪਰੋਂ ਗੁਰਦਵਾਰੇ ਦੇ ਲੰਗਰ ਲਈ ਲਕੜਾਂ ਕੱਟਣਾ ਕੋਈ ਜੁਰਮ ਨਹੀਂ ਸੀ ਪਰ ਸਰਕਾਰ ਸ਼ਰਾਰਤ ਤੇ ਤੁਲੀ ਹੋਈ ਸੀ ਤੇ ਸਿੱਖਾਂ ਨੂੰ ਅੰਦਰ ਡੱਕਣ ਦਾ ਬਹਾਨਾ ਲੱਭ ਰਹੀ ਸੀ। ਗੋਰੀ ਹਕੂਮਤ ਨੂੰ ਭੁੱਲ ਸੀ ਕਿ ਪੰਥ ਦੇ ਨਿਧੜਕ ਜਥੇਦਾਰ ਤੇ ਦੋ ਹਜ਼ਾਰ ਦੇ ਕਰੀਬ ਸਿਰਕੱਢ ਸਿੱਖਾਂ ਨੂੰ ਕੈਦ ਕਰ ਲਿਆ ਹੈ, ਏਸ ਲਈ ਗੁਰੂ ਦੇ ਬਾਗ ਦੇ ਬਹਾਨੇ ਸਿੱਖਾਂ ਨੂੰ ਕੁਚਲ ਦੇਵੇਗੀ।

ਸਰਦਾਰ ਬਹਾਦਰ ਨੇ ਮੋਰਚੇ ਦਾ ਪੂਰਾ ਪ੍ਰੋਗਰਾਮ ਬਣਾ ਕੇ ਮੋਰਚਾ ਆਰੰਭ ਕਰ ਦਿੱਤਾ, ਹਰ ਰੋਜ਼ ਅਕਾਲ ਤਖਤ ਤੋਂ ਜਥੇ ਰਵਾਨਾ ਹੋਣੇ ਸ਼ੁਰੂ ਹੋ ਗਏ। ਸਰਕਾਰ ਨੇ ਪੁੱਲ ਛੀਨਾ ਦੇ ਪਾਸ ਇਨ੍ਹਾਂ ਜਥਿਆਂ ਨੂੰ ਰੋਕਣ ਦਾ ਪੂਰਾ ਪੂਰਾ ਪ੍ਰਬੰਧ ਕਰ ਲਿਆ। ਬੀ. ਟੀ. ਸੁਪ੍ਰੰਟੈਂਡੰਟ ਨੇ ਉਹ ਡਾਂਗਾਂ ਦਾ ਮੀਂਹ ਵਰ੍ਹਾਣਾ ਤੇ ਸ਼ਾਂਤਮਈ ਨਿਹੱਥਿਆਂ ਜਥਿਆਂ ਨੂੰ ਮਾਰ ਕੁਟਾਈ ਕਰਨੀ ਕਿ ਦੁਨੀਆਂ ਵਿਚ ਕੁਰਲਾਟ ਮੱਚ ਗਈ। ਅਮਰੀਕਨਾਂ ਨੇ ਆ ਆ ਛੱਲੀਆਂ ਵਾਂਗ ਕੁਟੀਂਦੇ ਸਿੱਖਾਂ ਬਹਾਦਰਾਂ ਦੀਆਂ ਫਿਲਮਾਂ ਲਈਆਂ। ਮਿਸਟਰ ਸੀ. ਆਰ. ਦਾਸ, ਹਕੀਮ ਅਜਮਲ ਖਾਂ, ਪੰਡਤ ਮਾਲਵੀਆ ਆਦਿ ਭਾਰਤ ਦੇ ਚੋਟੀ ਦੇ ਲੀਡਰਾਂ ਨੇ ਸਿੱਖਾਂ ਦੀ ਬਹਾਦਰੀ ਅੱਖੀਂ ਡਿਠੀ, ਸਰਕਾਰ ਨੇ ਸ਼੍ਰੋ: ਕਮੇਟੀ ਦੇ ਮੈਂਬਰਾਂ ਨੂੰ ਫੜ ਲਿਆ! ਸਰਦਾਰ ਬਹਾਦਰ ਵੀ ਕੈਦ ਕਰ ਲਏ, ਪਰ ਮੋਰਚਾ ਜਾਰੀ ਰਿਹਾ ਤੇ ਆਖਰ ਸਰਕਾਰ ਨੇ ਸਿੱਖਾਂ ਦਾ ਹੱਕ ਮੰਨ ਕੇ ਏਸ ਮੋਰਚੇ ਤੇ ਡਾਢੀ ਹਾਰ ਖਾਧੀ।

## ਕਾਰ ਸੇਵਾ

ਮੋਰਚੇ ਮਗਰੋਂ ਸਰਦਾਰ ਬਹਾਦਰ ਤੇ ਹੋਰ ਸਾਥੀ ਛਡ ਦਿਤੇ ਗਏ। ਬਾਬਾ ਜੀ ਨੂੰ ਰਿਹਾ ਨਾ ਕੀਤਾ ਗਿਆ। ਸਰਦਾਰ ਬਹਾਦਰ ਨੇ ਅੰਮ੍ਰਿਤਸਰ ਦੀ ਕਾਰ ਸੇਵਾ ਦਾ ਪ੍ਰੋਗਰਾਮ ਤਿਆਰ ਕੀਤਾ, ਜਿਸ ਵਿਚ ਮਹਾਰਾਜਾ ਪਟਿਆਲਾ ਸਰ ਭੁਪਿੰਦ੍ਰ ਸਿੰਘ ਨੇ ਸ਼ਾਨਦਾਰ ਹਿਸਾ ਲਿਆ ਤੇ ਰਾਜੇ ਤੋਂ ਲੈ ਕੇ ਗਰੀਬ ਸਿਖ ਤਕ ਸਭ ਨੇ ਉਤਸ਼ਾਹ ਭਰਿਆ ਸੇਵਾ ਵਿਚ ਹਥ ਵਟਾਇਆ। ਪੰਥਕ ਜਥੇਬੰਦੀ ਉਸ ਸਮੇਂ ਠਾਠਾਂ ਮਾਰਦੀ ਸੀ ਤੇ ਗੁਰੂ ਕਲਗੀਧਰ ਦਾ ਬਾਜ ਜੋ ਗੁਰੂ ਦੇ ਬਾਗ ਦੇ ਸਮੇਂ ਤੋਂ ਦਰਸ਼ਨ

Digitized by Panjab Digital Library | www.panjabdigilib.org

ਦੇ ਰਿਹਾ ਸੀ ਕਾਰ ਸੇਵਾ ਵੇਲੇ ਵੀ ਨਾਲ ਹੀ ਸੀ ।

### ਜੈਤੋ ਦਾ ਮੋਰਚਾ

੯ ਜੁਲਾਈ ੧੯੨੩ ਨੂੰ ਨਾਭਾ ਪਟਿਆਲਾ ਕੇਸ ਦੇ ਬਹਾਨੇ ਸਰਕਾਰ ਨੇ ਮਹਾਰਾਜਾ ਨਾਭਾ ਨੂੰ ਗਦੀਓਂ ਲਾਹ ਕੇ ਜਲਾਵਤਨ ਕਰਕੇ ਡੇਹਰਾਦੂਨ ਨਜ਼ਰਬੰਦ ਕਰ ਦਿਤਾ । ਇਨ੍ਹਾਂ ਹੀ ਦਿਨਾਂ ਵਿਚ ਜੈਤੋ ਵਿਚ ਇਕ ਦੀਵਾਨ ਹੋ ਰਿਹਾ ਸੀ ਕਿ ਫੌਜ ਨੇ ਆ ਕੇ ਅਖੰਡ ਪਾਠ ਬੰਦ ਕਰਾ ਦਿਤਾ ਤੇ ਸੇਵਾਦਾਰ ਦਾ ਅਪਮਾਨ ਕੀਤਾ । ਮਾਮਲਾ ਸ਼੍ਰੋਮਣੀ ਕਮੇਟੀ ਦੇ ਪੇਸ਼ ਹੋਇਆ ਖੰਡਤ ਅਖੰਡ ਪਾਠ ਨੂੰ ਸੰਪੂਰਨ ਕਰਨ ਲਈ ਕਮੇਟੀ ਨੇ ਜਥੇ ਭੇਜਣੇ ਸ਼ੁਰੂ ਕਰ ਦਿਤੇ ।

ਪਹਿਲਾਂ ੨੫-੨੫ ਸਿੰਘਾਂ ਦੇ ਜਥੇ ਜਾਂਦੇ ਰਹੇ ਤੇ ਸਰਕਾਰ ਗ੍ਰਿਫਤਾਰ ਕਰਦੀ ਗਈ । ੨੦ ਫਰਵਰੀ ਨੂੰ ੫੦੦ ਦਾ ਜਥਾ ਭੇਜਨ ਦਾ ਕਮੇਟੀ ਨੇ ਫੈਸਲਾ ਕੀਤਾ । ਸਰਕਾਰ ਨੇ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਕਾਨੂੰਨ ਵਿਰੁਧ ਕਰਾਰ ਦੇ ਦਿਤੇ ਤੇ ਸਾਰੇ ਲੀਡਰ ਸਰਦਾਰ ਬਹਾਦਰ ਸਮੇਤ ਕੈਦ ਕਰ ਲਏ । ਆਖਰ ਗੁਰਦੁਆਰਾ ਐਕਟ ਬਣਨ ਨਾਲ ਸਾਰੇ ਅਕਾਲੀ ਲੀਡਰ ਸਵਾਏ ਬਾਬਾ ਜੀ ਦੇ ਰਿਹਾ ਕੀਤੇ ਗਏ ਤੇ ਸਰਦਾਰ ਬਹਾਦਰ ਵੀ ਰਿਹਾ ਹੋ ਗਏ ।

ਹਿੰਦੁਸਤਾਨ ਦੀਆਂ ਅਛੂਤ ਜਾਤੀਆਂ ਨੂੰ ਕਲਗੀਆਂ ਵਾਲੇ ਪਾਤਸ਼ਾਹ ਦੀ ਗੋਦ ਵਿਚ ਲਿਆ ਬਿਠਲਾਣ ਦਾ ਉਤਸ਼ਾਹ ਆਪ ਦੇ ਦਿਲ ਵਿਚ ਏਨਾ ਸੀ ਕਿ ਆਪ ਨੇ ਮਾਲਾਬਾਰ ਦਾ ਦੌਰਾ ਕੀਤਾ, ਅਛੂਤਾਂ ਦੇ ਕੁਲ ਸਿਰ-ਕੱਢ ਲੀਡਰਾਂ ਨੂੰ ਮਿਲੇ ਤੇ ਆਪਣੀ ਉੱਚ ਯੋਗਤਾ ਨਾਲ ਉਹਨਾਂ ਨੂੰ ਮਨਾ ਲਿਆ ਕਿ ਉਹ ਸਿੰਘ ਸਜ ਜਾਣਗੇ । ਆਪ ਨੇ ਸਰਬ ਹਿੰਦ ਸਿਖ ਮਿਸ਼ਨ ਦਾ ਵਜੂਦ ਕਾਇਮ ਕੀਤਾ ਪਰ ਪਾਰਟੀ ਬਾਜ਼ੀ ਤੇ ਚੌਧਰ ਨੇ ਸਾਡੇ ਏਸ ਉਤਸ਼ਾਹ ਨੂੰ ਝਟ ਪਟ ਖਤਮ ਕਰ ਦਿਤਾ ।

੧੯੨੮ ਵਿਚ ਨਹਿਰੂ ਰਿਪੋਟ ਵਿਚ ਸਿਖਾਂ ਦੇ ਹੱਕ ਨ ਮੰਨੇ ਜਾਣ ਕਰਕੇ ਆਪ ਨੂੰ ਕਾਂਗਰਸ ਵਲੋਂ ਬਹੁਤ ਭਾਰੀ ਸੱਟ ਲੱਗੀ । ਕਲਕਤਾ ਕਾਂਗਰਸ ਕਨਵੈਨਸ਼ਨ ਵਿਚ ਆਪ ਨੇ ਹੀ ਸਿਖ ਡੈਲੀਗੇਟਾਂ ਵਲੋਂ ਬੜੀ ਆਲਮਾਨਾ ਤਕਰੀਰ ਕੀਤੀ ਤੇ ਸਿਖਾਂ ਦੀਆਂ ਮੰਗਾਂ ਨਿਹਾਇਤ ਜ਼ੋਰਦਾਰ ਤੇ ਅਸਰ ਭਰੇ ਲਫਜ਼ਾਂ ਵਿਚ ਪੇਸ਼ ਕੀਤੀਆਂ ।

ਡੈਲੀਗੇਟਾਂ ਦੀ ਸਾਰੀ ਬਹਿਸ ਦੇ ਪਿਛੋਂ ਜਦ ਮਹਾਤਮਾਂ ਗਾਂਧੀ ਜੀ ਨੇ ਫਰਮਾਇਆ ਕਿ "ਆਮ ਸਿਖੋਂ ਕੇ ਸਾਥ ਬੇਇਨਸਾਫੀ ਹੋ ਰਹੀ ਹੈ ਮਗਰ ਹਮ ਕਮਜ਼ੋਰ ਹੈਂ, ਹਮ ਇਨਸਾਫ ਕਰਨੇ ਕੀ ਤਾਕਤ ਨਹੀਂ ਰਖਤੇ" ਉਸ ਵਕਤ ਸਰਦਾਰ ਬਹਾਦਰ ਦੇ ਦਿਲ ਨੂੰ ਬਹਤ ਧੱਕਾ ਲੱਗਾ ਤੇ ਆਪ ਨੇ ਸਾਰੀ ਕਨਵੈਨਸ਼ਨ ਦੀ ਹਕੀਕਤ ਆਪਣੇ ਬਜ਼ੁਰਗ ਲੀਡਰ ਸਰਦਾਰ ਖੜਕ ਸਿੰਘ ਨੂੰ ਆ ਸੁਣਾਈ । ਬਸ ਫੇਰ ਕੀ, ਸਰਦਾਰ ਖੜਕ ਸਿੰਘ ਨੇ ਨਹਿਰੂ ਰਿਪੋਟ ਨੂੰ ਰਦੀ ਦੀ ਟੋਕਰੀ ਵਿਚ ਸੁਟਣ ਦਾ ਇਤਿਹਾਸਕ ਐਲਾਨ ਕਰ ਦਿਤਾ ਤੇ ਸਰਦਾਰ ਬਹਾਦਰ ਨੇ ਏਸ ਐਜੀਟੇਸ਼ਨ ਵਿਚ ਬਹੁਤ ਪੁਰ ਜੋਸ਼ ਹਿਸਾ ਲਿਆ ।

ਮਾਸਟਰ ਤਾਰਾ ਸਿੰਘ ਨਾਲ ਆਪ ਦਾ ਕਾਫੀ ਮਤਭੇਦ ਹੋ ਗਿਆ । ਆਪ ਨੇ ਉਪਰਾਮ ਹੋ ਕੇ ਪੰਥਕ ਸੇਵਾ ਤੋਂ ਕਿਨਾਰਾ ਕਰ ਲਿਆ । ਪਰ ਨਨਕਾਣਾ ਸਾਹਿਬ ਦੇ ਇੰਤਜ਼ਾਮ ਲਈ ੧੯੩੩ ਵਿਚ ਆਪ ਦੀ ਸੇਵਾ ਫੇਰ ਲਾਈ ਗਈ ਤੇ ਆਪ ਨਨਕਾਣਾ ਸਾਹਿਬ ਕਮੇਟੀ ਦੇ ਪ੍ਰਧਾਨ ਬਣਾਏ ਗਏ । ਪਹਿਲੀ ਪ੍ਰਧਾਨਗੀ ਵੇਲੇ ਜਿਥੇ ਸ਼ਹੀਦਾਂ ਦੀਆਂ ਅਸਤੀਆਂ ਇਕੱਤ੍ਰ ਕਰਕੇ ਰਖ ਆਏ ਸਨ ਦੂਜੀ ਪ੍ਰਧਾਨਗੀ ਵੇਲੇ ਉਨ੍ਹਾਂ ਅਸਤੀਆਂ ਨੂੰ ਸਤਿਕਾਰ ਨਾਲ ਸੰਭਾਲਨ ਵਾਸਤੇ ਸੰਗੇ ਮਰ ਮਰ ਤੇ ਕਚ ਦਾ ਅੰਗੀਠਾ ਤਿਆਰ ਕਰਕੇ ਆਪ ਦੇ ਕਰ ਕੰਵਲਾਂ ਨਾਲ ਸਥਾਪਤ ਕੀਤਾ । ਜਦ ਆਪ ਨੇ ਚਾਰਜ

Digitized by Panjab Digital Library | www.panjabdigilib.org

ਲਿਆ ਸੀ ਤਾਂ ਖਜ਼ਾਨੇ ਵਿਚ ਕੋਈ ਖਾਸ ਰਖਮ ਜਮਾਂ ਨਹੀਂ ਸੀ ਪਰ ਜਦ ਆਪ ਅਸਤੀਫਾ ਦੇ ਕੇ ਬਾਹਰ ਆਏ ਤਾਂ ਬੈਂਕ ਬੈਲੈਂਸ ਸਾਢੇ ਚਾਰ ਲੱਖ ਸੀ ।

ਸਰਦਾਰ ਖੜਕ ਸਿੰਘ ਜੀ ਨੂੰ ਇਕ ਨਿਰਮਾਨ, ਨਿਸ਼ਕਾਮ, ਸਚੇ ਪੰਥ ਦਰਦੀ ਤੇ ਦੂਰ ਦੀ ਸੋਝੀ ਰਖਣ ਵਾਲੇ ਸਾਥੀ ਦੀ ਲੋੜ ਸੀ ਜੋ ਸਤਿਗੁਰ ਨੇ ਆਪ ਨੂੰ ਦੇ ਦਿਤਾ ਸੀ ਪਰ ਬਾਬਾ ਜੀ ੧੯੩੫ ਐਕਟ ਦੇ ਪ੍ਰੋਟੈਸਟ ਵਿਚ ਜੇਲ੍ਹ ਵਿਚ ਅਜ਼ਾਦੀ ਦੇਵੀ ਦੀ ਤਪਸਿਆ ਹੀ ਕਰ ਰਹੇ ਸਨ ਕਿ ਸਰਦਾਰ ਬਹਾਦਰ ਨੂੰ ਅਕਾਲ ਪੁਰਖ ਵਲੋਂ ਸੱਦਾ ਆ ਗਿਆ । ਆਪ ਦੇ ਚਲਾਣੇ ਦਾ ਜਿਥੇ ਸਾਰੇ ਪੰਥ ਨੂੰ ਸਦਮਾ ਹੋਇਆ ਉਥੇ ਸਭ ਤੋਂ ਵਧੇਰੀ ਵਿਛੋੜੇ ਦੀ ਸੱਟ ਬਾਬਾ ਜੀ ਨੂੰ ਵੱਜੀ । ਜੋ ਆਪ ਅਜ ਤਕ ਮਹਿਸੂਸ ਕਰ ਰਹੇ ਹਨ ।

੨੩ ਮਈ ੧੯੩੮ ਨੂੰ ਆਪ ਦਾ ਅਚਾਨਕ ਹਾਰਟ ਫੇਹਲ ਨਾਲ ਲਾਹੌਰ ਹਾਈਕੋਰਟ ਵਿਚ ਇਕ ਕਤਲ ਦੇ ਮੁਕੱਦਮੇ ਦੀ ਪੈਰਵੀ ਕਰਦੇ ਕਰਦੇ ਹੋ ਗਿਆ ਤੇ ਸਿਖੀ ਦਾ ਚਮਕਦਾ ਸਤਾਰਾ ਮੌਤ ਦੀ ਗੋਦ ਵਿਚ ਚਲਾ ਗਿਆ ।

ਆਪ ਦੇ ਇਕਲੌਤੇ ਬੇਟੇ ਸ: ਅਵਤਾਰ ਸਿੰਘ ਜੀ ਦਾ ਪਾਕਿਸਤਾਨ ਬਣਨ ਦੇ ਨਾਲ ਹੀ ਹਿੰਦੁਸਤਾਨ ਵਿਚ ਆ ਕੇ ਭਰ ਜਵਾਨੀ ਵਿਚ ਦਿਹਾਂਤ ਹੋ ਗਿਆ ਤੇ ਅਜ ਕਲ ਸ: ਅਵਤਾਰ ਸਿੰਘ ਦਾ ਪ੍ਰਵਾਰ ਬੜੀ ਸਧਾਰਣ ਹਾਲਤ ਵਿਚ ਸ਼ਰਨਾਰਥੀਆਂ ਵਾਂਗ ਦਿਨ ਕੱਟੀ ਕਰ ਰਿਹਾ ਹੈ।। ਆਹ ! ਪੰਥ ਤੂੰ ਕਿੰਨਾਂ ਬੇਕਦਰਾ ਹੈਂ !

ਮੈਨੂੰ ਭਾਰੀ ਸਦਮਾ ਤੇ ਏਸ ਗਲ ਦਾ ਹੈ ਕਿ ਖਾਲਸਾ ਆਪਣੇ ਅਣਖੀਲੇ ਜਰਨੈਲ ਦੀ ਬਰਸੀ ਮਨਾਉਣੀ ਵੀ ਭੁਲ ਚੁਕਾ ਹੈ.....................।

## ਸ: ਬਖਸ਼ੀਸ਼ ਸਿੰਘ ਜੀ ਭਮੱਦੀ

ਆਪ ਦਾ ਜਨਮ ਸ: ਕ੍ਰਿਪਾਲ ਸਿੰਘ ਜੀ ਠੇਕੇਦਾਰ ਦੇ ਘਰ ਸਿਵੀ ਕੋਇਟੇ ਵਿਚ ਸੰਨ ੧੮੮੯ ਈ: ਵਿਚ ਹੋਇਆ। ੧੯੦੪ ੫ ਵਿਚ ਦਹਿੜੂ, ਸਮਰਾਲਾ ਦੇ ਸਕੂਲਾਂ ਵਿਚ ਪੜ੍ਹਦੇ ਰਹੇ। ੧੯੦੬ ਵਿਚ ਗੌਰਮਿੰਟ ਸਕੂਲ ਵਿਚ ਮੈਟਰਿਕ ਪਾਸ ਕਰਕੇ ਲਾਹੌਰ ਗੌਰਮਿੰਟ ਕਾਲਜ ਵਿਚ ਜਾ ਦਾਖਲ ਹੋਏ। ਆਪ ਦੇ ਦਿਲ ਵਿਚ ਮੁਢ ਤੋਂ ਹੀ ਦੇਸ਼ ਅਤੇ ਕੌਮ ਦੇ ਪਿਆਰ ਦਾ ਜਜ਼ਬਾ ਪ੍ਰੁੰਘਰ ਪਿਆ ਸੀ ਜਿਸ ਕਰਕੇ ਆਪ ਪੰਜਾਬੀ ਅਖਬਾਰ ਦੇ ਰਾਇਟ ਕੇਸ ਵਿਚ ੧੯੦੭ ਵਿਚ ਫੜੇ ਗਏ ਸਨ । ੧੯੦੮ ਵਿਚ ਆਪ ਨੇ ਓਵਰ ਸੀਅਰੀ ਪਾਸ ਕੀਤੀ, ਪਰ ਨੌਕਰੀ ਨਹੀਂ ਕੀਤੀ ਤੇ ਆਪਣੇ ਪਿਤਾ ਪਿਤਾਮਾ ਦੇ ਰਾਹ ਤੇ ਪੈ ਕੇ ਠੇਕੇਦਾਰੀ ਵਿਚ ਹੀ ਪੈ ਗਏ। ੧੯੧੪--੧੫ ਵਿਚ ਭੀ ਆਪ ਨੂੰ ਤੋਸਾ ਮਾਰੂ ਜਹਾਜ਼ ਦੇ ਮੁਸਾਫਰਾਂ ਨਾਲ ਗਲਾਂ ਬਾਤਾਂ ਕਰਨ ਦੇ ਸ਼ਕ ਵਿਚ ਗ੍ਰਿਫਤਾਰ ਕਰ ਲਿਆ ਗਿਆ ਤੇ ਬਾਦ ਵਿਚ ਰਿਹਾ ਕਰ ਦਿਤਾ ਗਿਆ ।

ਫੇਰ ਜਦ ੧੯੨੦--੨੧ ਵਿਚ ਅਕਾਲੀ ਲਹਿਰ ਚਲੀ ਤਾਂ ਆਪ ਉਸ ਵਿਚ ਆ ਕੁੱਦੇ ਤੇ ਅੰਮ੍ਰਿਤਸਰ ਪੁਜ ਕੇ ਮਹੀਨਿਆਂ ਬੱਧੀ ਪ੍ਰੇਮ ਪਰਾਇਣ ਹੋ ਕੇ ਸ਼੍ਰੋ: ਕਮੇਟੀ ਵਿਚ ਸੇਵਾਦਾਰਾਂ ਵਾਂਗ ਕੰਮ ਕਰਦੇ ਰਹੇ। ਆਖਰ ਇਕ ਦਿਨ ਜਦ ਮਾਇਆ ਦੀ ਲੋੜ ਪਈ ਤੇ ਆਪ ਨੇ ੧੦੦੦ ਦਮੜੇ ਰੋੜ੍ਹ ਛੱਡੇ ਤਾਂ ਪ੍ਰਬੰਧਕਾਂ ਦੀਆਂ ਅੱਖਾਂ ਖੁਲ੍ਹੀਆਂ ਤੇ ਪਤਾ ਕਰਕੇ ਆਪ ਨੂੰ ਸ਼੍ਰੋਮਣੀ ਕਮੇਟੀ ਦਾ ਮੈਂਬਰ ਤੇ ਐਗਜ਼ੇਕਟਿਵ ਦਾ ਭੀ ਮੈਂਬਰ ਬਣਾ ਲਿਆ। ਇਸ ਤਰਾਂ ਆਪ ਸ਼੍ਰੋ: ਕਮੇਟੀ ਦੇ ਖਾਸ ਸੱਜਣਾਂ ਵਿਚ ਸ਼ੁਮਾਰ ਹੋਣ ਲੱਗੇ ਤੇ ਕਾਰ ਸੇਵਾ ਵਿਚ ਭੀ ਆਪ ਨੇ ਬੇਅੰਤ ਸੇਵਾ ਕੀਤੀ । ਅੰਤ

Digitized by Panjab Digital Library | www.panjabdigilib.org

ਸ਼੍ਰੋਮਣੀ ਕਮੇਟੀ ਦੇ ਮੁਖੀਆਂ ਦੀ ਗ੍ਰਿਫਤਾਰੀ ਸਮੇਂ ਆਪ ਫੜੇ ਗਏ ਤੇ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚ ਬੰਦ ਰਹੇ। ਗੁਰਦੁਆਰਾ ਐਕਟ ਬਣਨ ਸਮੇਂ ਆਪ ਸ: ਮਹਿਤਾਬ ਸਿੰਘ ਤੇ ਗਿਆਨੀ ਸ਼ੇਰ ਸਿੰਘ ਆਦਿ ਸੱਜਣਾ ਨਾਲ ਰਿਹਾ ਹੋ ਗਏ ਤੇ ਗੁਰਦੁਆਰਾ ਐਕਟ ਤੇ ਅਮਲ ਕਰਾਉਣ ਵਿਚ ਖਾਲਸਾ ਸੇਵਕ ਅਖਬਾਰ ਰਾਹੀਂ ਹਿੰਮਤ ਕਰਦੇ ਰਹੇ। ਇਸ ਸਮੇਂ ਜਦ ਪੰਥ ਦੇ ਦੋ ਧੜੇ ਹੋ ਗਏ ਤਾਂ ਕਾਫੀ ਚਿਰ ਦੋਨੋਂ ਧੜੇ ਲੜਦੇ ਭਿੜਦੇ ਰਹੇ। ਕਈ ਵੇਰ ਸਮਝੋਤੇ ਦੇ ਯਤਨ ਭੀ ਹੋਏ ਤੇ ਸਿਰੇ ਨਾ ਚੜ੍ਹੇ। ਫੇਰ ਜਾਤ ਪਾਤ ਤੋੜਕੇ ਮਾਸਟਰ ਤਾਰਾ ਸਿੰਘ ਜੀ ਨਾਲ ਆਪ ਦੀ ਰਿਸ਼ਤੇਦਾਰੀ ਹੋ ਗਈ। ਆਪ ਆਹਲੂਵਾਲੀਆ ਖਾਨਦਾਨ ਨਾਲ ਤਅਲੁਕ ਰਖਦੇ ਹਨ, ਪਰ ਵੈਸੇ ਆਪ ਦੀ ਸਿਖੀ ਸਪਿਰਟ ਅਜੇਹੀ ਪਰਬਲ ਹੈ ਕਿ ਆਪ ਸਿਖਾਂ ਵਿਚ ਜਾਤ ਪਾਤ ਦੀ ਪਰਵਾਹ ਨਾ ਕਰਦੇ ਹੋਏ ਸਭ ਸਿਖਾਂ ਨੂੰ ਇਕੋ ਖਾਲਸਾ ਪੰਥੀ ਸਮਝਦੇ ਹਨ।

ਇਕ ਵੇਰ ੧੯੩੦ ਈ. ਵਿਚ ਆਪ ਪੰਥ ਦੇ ਖੁਲ੍ਹਮ ਖੁਲ੍ਹਾ ਡਿਕਟੇਟਰ ਭੀ ਥਾਪੇ ਗਏ, ਜੋ ਬਾਦ ਵਿਚ ਪਾਰਟੀ ਸਪ੍ਰਿਟ ਨੇ ਇਹ ਗੱਲ ਸਿਰੇ ਨਾ ਚੜ੍ਹਨ ਦਿੱਤੀ। ਇਹ ਗੱਲ ਇਉਂ ਸੀ ਕਿ ਦੋਹਾਂ ਪਾਰਟੀਆਂ ਦਾ ਆਪੋ ਵਿਚ ਇਸ ਗੱਲ ਤੇ ਸਮਝੋਤਾ ਹੋ ਗਿਆ ਕਿ ਦੋਨੋਂ ਪਾਰਟੀਆਂ ਬਾਰ੍ਹਾਂ ਬਾਰ੍ਹਾਂ ਨਾਮ ਪੇਸ਼ ਕਰਨ, ਤੇ ਉਨ੍ਹਾਂ ਵਿਚ ਜੋ ਨਾਮ ਦੋਹਾਂ ਧਿਰਾਂ ਵਲੋਂ ਹੋਣਗੇ, ਉਨ੍ਹਾਂ ਪੰਜ ਸੱਜਣਾ ਦੇ ਸਪੁਰਦ ਸਭ ਕੰਮ ਕਰ ਦਿੱਤਾ ਜਾਵੇਗਾ। ਪ੍ਰ ਦੋਹਾਂ ਧਿਰਾਂ ਦੀ ਲਿਸਟ ਵਿਚ ਕੇਵਲ ਇਕ ਆਪ ਜੀ ਦਾ ਨਾਮ ਹੀ ਸਾਂਝਾ ਨਿਕਲਿਆ। ਯਾਨੀ ਆਪ੍ਰ ਦਾ ਨਾਮ ਹੀ ਦੋਹਾਂ ਧਿਰਾਂ ਨੇ ਕਿਹਾ, ਏਸ ਲਈ ਸਲਾਹ ਠਹਿਰੀ ਕਿ ਪੰਥ ਦੀ ਵਾਗ ਡੋਰ ਆਪ ਦੇ ਹਵਾਲੇ ਕਰ ਦਿੱਤੀ ਜਾਵੇ ਤੇ ਚਾਰ ਸੱਜਣ ਆਪ ਖੁਦ ਆਪਣੇ ਨਾਲ ਰਲਾ ਲੈਣ। ਉਸ ਸਮੇਂ ਗਿ: ਸ਼ੇਰ ਸਿੰਘ ਜੀ ਨੇ (ਇਕ ਪਾਰਟੀ ਦੇ ਲੀਡਰ ਸਨ) ਕਿਹਾ ਕਿ ਸ: ਬਖਸ਼ੀਸ਼ ਸਿੰਘ ਜੀ! ਲਓ ਹੁਣ ਤੁਸੀਂ ਪੰਥ ਦੇ ਡਿਕਟੇਟਰ ਬਣ ਗਏ, ਪਰ ਦ ਚਾਰ ਦਿਨ ਬਾਦ ਮਾਸਟਰ ਤਾਰਾ ਸਿੰਘ ਜੀ ਦੇ ਬਿਆਨ ਤੇ ਸ਼ੱਕ ਕਰਕੇ ਗਿਆਨੀ ਜੀ ਨੇ ਐਲਾਨ ਕਰ ਦਿੱਤਾ ਕਿ ਸ: ਬਖਸ਼ੀਸ਼ ਸਿੰਘ ਜੀ ਕਿਉਂਕਿ ਮਾਸਟਰ ਜੀ ਦੇ ਰਿਸ਼ਤੇਦਾਰ ਹਨ ਏਸ ਲਈ ਇਹ ਚੋਣ ਸਾਨੂੰ ਮਨਜ਼ੂਰ ਨਹੀਂ, ਏਸ ਤਰ੍ਹਾਂ ਇਹ ਗੱਲ ਵਿਚੇ ਰਹਿ ਗਈ। ਆਪ ਸ਼੍ਰੋ: ਕਮੇਟੀ ਦੇ ਮੀਤ ਪ੍ਰਧਾਨ ਭੀ ਬਣੇ ਰਹੇ ਤੇ ਫੇਰ ਗੁਰਸੇਵਕ ਸਭਾ ਬਣਾਈ ਜੋ ਪੰਥ ਵਿਚ ਸਮਝੋਤੇ ਦਾ ਯਤਨ ਕਰਦੀ ਰਹੀ ਪਰ ਕਈ ਸਾਲ ਦੀ ਕੋਸ਼ਿਸ਼ ਦੇ ਬਾਵਜੂਦ ਫੇਲ੍ਹ ਹੋ ਗਈ ਤੇ ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਸ਼ ਭੀ ਛਾਪਿਆ। ਫੇਰ ਆਪ ਮੁੜ ਠੇਕੇਦਾਰੀ ਵਿਚ ਪੈ ਗਏ ਤੇ ਆਪਣੀ ਉਪਜੀਵਕਾ ਲਈ ਪਿੰਡ ਰਹੀਮ ਬਾਰ ਖਾਂ ਵਿਚ ਠੇਕੇਦਾਰੀ ਦਾ ਕੰਮ ਕਰਦੇ ਰਹੇ ਤੇ ਸ਼੍ਰੋ: ਕਮੇਟੀ ਦੀ ਐਗਜ਼ੈਕਟਿਵ ਤੋਂ ਅਸਤੀਫ਼ਾ ਦੇ ਗਏ। ੧੯੩੩–੩੫ ਵਿਚ ਫਿਰ ਪੰਥਕ ਕੰਮਾਂ ਵਿਚ ਹਿੱਸਾ ਲੈਂਦੇ ਰਹੇ। ਚੁਨਾਂਚਿ ਲੁਧਿਆਣਾ ਦੀ ਅਕਾਲੀ ਕਾਨਫਰੰਸ ਦੇ ਆਪ ਕਲਪ ਕਲਾਂ ਸਨ ਤੇ ਫੇਰ ਪਟਿਆਲਾ ਗੁਰਮਤਿ ਸਮਾਗਮ ਦੇ ਵੱਡੇ ਮੋਢੀ ਤੇ ਇੰਚਾਰਜ ਆਪ ਹੀ ਸਨ। ੧੯੫੦ ਈ: ਵਿਚ ਆਪ ਨੇ ਕੌਂਸਲਾਂ ਤੋਂ ਬਾਹਰ ਆਉਣ ਦੀ ਐਜੀਟੇਸ਼ਨ ਕੀਤੀ। ਤੇ ਤਿੰਨ ਮਹੀਨੇ ਜੇਲ੍ਹ ਯਾਤਰਾ ਕੀਤੀ। ੧੯੫੬ ਦੇ ਵੱਡੇ ਘਲੂ ਘਾਰੇ ਵਿਚ ਭੀ ਆਪ ਗੁਪਤ ਰਹਿ ਕੇ ਸੇਵਾ ਕਰਦੇ ਰਹੇ ਤੇ ਕੌਮ ਦੀ ਸਾਰੀ ਵਾਗ ਡੋਰ ਆਪ ਦੇ ਹੱਥ ਰਹੀ। ਅਖੀਰ ਗ੍ਰਿਫਤਾਰ ਹੋ ਗਏ ਤੇ ਪੂਰੀ ਕਾਮਯਾਬੀ ਨਾਲ ਬਾਹਰ ਆਏ। ਆਪ ਦੀ ਉਦਾਰਤਾ ਨਾਲ ਕਈ ਨਿੱਕੇ ਵਰਕਰ ਉਤਾਹਾਂ ਚੜ੍ਹ ਗਏ ਤੇ ਕਈ ਵੱਡੇ ਵਿਦਵਾਨ ਭੀ ਵਰੋਸਾਂਦੇ ਰਹੇ ਹਨ।

Digitized by Panjab Digital Library | www.panjabdigilib.org

ਮਾਲਵੇ ਦਾ ਅਨਮੁਲਾ ਹੀਰਾ



ਸਰਦਾਰ ਸੇਵਾ ਸਿੰਘ ਜੀ
ਠੀਕਰੀ ਵਾਲ

(ਸਟਾ ੮੮੮)

ਗਿਆਨੀ ਸ਼ੇਰ ਸਿੰਘ ਜੀ
ਠੀਕਰੀਵਾਲਾ



(ਸਫਾ ੮੮੯)

ਜੱਥਾ ਨੰ: ੧੨ ਦੇ ਹੈਡ ਜਥੇਦਾਰ
ਸ; ਸੁਚਾ ਸਿੰਘ ਜੀ ਮੋਗਾ



ਜੈਤੋ ਜਾਣ ਨੂੰ ਜਾਨ ਜਾਣ ਜਾਣ ਕਰਦੀ,
ਅਸੀਂ ਜਾਵਣਾਂ ਜਾਵਣੋਂ ਰੁਕਣਾ ਨਹੀਂ।
ਜਾਕੇ ਪਾਠ ਕਰਨਾ, ਜਾਂ ਫਿਰ ਜੂਝ ਮਰਨਾ,
ਸ਼ਾਂਤਮਈ ਦੇ ਪਰਣ ਤੋਂ ਉਕਣਾ ਨਹੀਂ।

Digitized by Panjab Digital Library | www.panjabdigilib.org

# ਅਕਾਲੀ ਲਹਿਰ ਦੇ ਸੂਰਬੀਰ

ਦੇ ਅਸਤੀਫਾ ਫੌਜ ਤੋਂ ਲਈ ਪੰਥ ਦੀ ਕਾਰ ।
ਝੁਕਿਆ ਨਾ ਏਹ ਸੂਰਮਾ ਹੰਭ ਗਈ ਸਰਕਾਰ ।



ਸ: ਮੁਹਿੰਦਰ ਸਿੰਘ ਜੀ ਸਿੱਧਵਾਂ

(ਸਫਾ ੯੬੩)

**ਮਾਲਵੇ ਦੇ ਜੇਠੇ ਅਕਾਲੀ**

ਜਿਸ ਦੀ ਪ੍ਰਧਾਨਗੀ ਵਿਚ ਜੈਤੋ ਦਾ ਮੋਰਚਾ
ਅਰੰਭ ਤੇ ਫਤਹ ਹੋਇਆ



ਸ: ਮੰਗਲ ਸਿੰਘ ਜੀ ਗਿਲ

(ਸਫਾ ੭੦੪)

ਆਪ ਜੀ ਅਕਾਲੀ ਲਹਿਰ ਦੇ ਮੋਢੀਆਂ ਚੋਂ ਤੇ ਛੂਤ ਛਾਤ ਦੇ
ਕਟੜ ਵਿਰੋਧੀ ਅਤੇ ਮਾਲਵੇ ਦੇ ਇਕ ਰਸ ਲੀਡਰ ਹਨ



ਸ: ਬਖਸ਼ੀਸ਼ ਸਿੰਘ ਜੀ

(ਸਫਾ ੯੬੧)

Digitized by Panjab Digital Library | www.panjabdigilib.org

# ਸ: ਮਹਿੰਦਰ ਸਿੰਘ ਜੀ ਸਿਧਵਾਂ

ਸ: ਮਹਿੰਦਰ ਸਿੰਘ ਜੀ ਸਿਧਵਾਂ ਨੂੰ ਕੌਣ ਹੈ ਜੋ ਸਿਖ ਜਗਤ ਜਾਂ ਪੰਜਾਬ ਵਿਚ ਨਹੀਂ ਜਾਣਦਾ। ਆਪ ਦਾ ਜਨਮ ੧੮੯੭ ਈਸਵੀ ਵਿਚ ਛੋਟੇ ਜਿਹੇ ਨਗਰ ਸਿਧਵਾਂ ਖੁਰਦ ਜ਼ਿਲਾ ਲੁਧਿਆਣਾ ਵਿਚ ਸ: ਨੰਦ ਸਿੰਘ ਜੀ ਦੇ ਗ੍ਰਹਿ ਵਿਖੇ ਬੇਬੇ ਰਾਜਿ ਕੌਰ ਜੀ ਦੀ ਕੁਖੋਂ ਹੋਇਆ। ਸਿਧਵਾਂ ਖੁਰਦ ਜ਼ਿਲਾ ਲੁਧਿਆਣੇ ਦਾ ਇਕ ਨਿਕਾ ਜਿਹਾ ਪਿੰਡ ਹੈ ਜਿਸ ਨੂੰ ਸਿਧਵਾਂ ਵਡਿਆਂ ਤੋਂ ਉਠ ਕੇ ਗਿਆਰਾਂ ਸਜਣਾਂ ਨੇ ੧੯੦੨ ਬਿ: ਅਰਥਾਤ ੧੮੪੫ ਈ: ਵਿਚ ਮਹਾਰਾਜਾ ਨੌਨਿਹਾਲ ਸਿੰਘ ਕਪੂਰਥਲਾ ਤੋਂ ਪੰਜ ਸੌ ਰੁਪਿਆ ਨਜ਼ਰਾਨਾ ਦੇ ਕੇ ਵਡੇ ਸਿਧਵਾਂ ਦੀ ਝਿੜੀ ਚਰਾਗਾਹ ਵਿਚ ਵਸਾਇਆ। ਇਹਨਾਂ ਗਿਆਰਾਂ ਸਜਣਾਂ ਵਿਚੋਂ ਇਕ ਆਪ ਦੇ ਪੜਦਾਦਾ ਬਾਬਾ ਸੁੱਖਨ ਸਿੰਘ ਜੀ ਸਨ। ਆਪ ਦੇ ਦਾਦਾ ਸ: ਸੰਗਤ ਸਿੰਘ ਜੀ ਨੂੰ ਭਰਾਵਾਂ ਦੀ ਸੇਵਾ ਦਾ ਖਾਸ ਸ਼ੌਕ ਸੀ। ਆਪ ਇਲਾਕੇ ਵਿਚ ਮੰਨੇ ਪ੍ਰਮੰਨੇ ਚੌਧਰੀ ਸਨ ਤੇ ਅੰਗਰੇਜ਼ੀ ਰਾਜ ਵਿਚ ਪਹਿਲੀ ਵਾਰ ਜ਼ਿਲਾ ਡਿਸਟ੍ਰਿਕਟ ਬੋਰਡਾਂ ਦੀ ਬਣਤਰ ਵੇਲੇ ਆਪ ਉਸ ਦੇ ਚੋਣਵੇਂ ਮੈਂਬਰ ਲਏ ਗਏ ਸਨ। ਆਪ ਦੇ ਪਿਤਾ ਅੰਗਰੇਜ਼ੀ ਫੌਜ ਵਿਚ ਸਰਦਾਰ ਸਨ, ਜਿਨ੍ਹਾਂ ਕਰਕੇ ਪਹਿਲੀ ਜਗਤ ਪ੍ਰਸਿਧ ਮਹਾਂ ਯੁਧ ਸਮੇਂ ਆਪ ਨੂੰ ਕਾਲਜ ਵਿਦਿਆ ਵਿਚੋਂ ਹਟ ਕੇ ਫ਼ੌਜ ਵਿਚ ਜਾਣਾ ਪਿਆ।

ਸ: ਮਹਿੰਦਰ ਸਿੰਘ ਜੀ ਨੂੰ ਬਚਪਨ ਵਿਚ ਸਭ ਤੋਂ ਪਹਿਲਾਂ ਗੁਰਮੁਖੀ ਵਿਦਿਆ ਦਵਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠੀ ਬਣਾਇਆ ਗਿਆ। ਜਿਸ ਦੇ ਸਦਕੇ ਆਪ ਦਾ ਜੀਵਨ ਧਾਰਮਿਕ ਭਾਵਾਂ ਤੇ ਗੁਰਸਿਖਾਂ ਵਾਲਾ ਪ੍ਰਸਿਧ ਹੈ। ਸੇਵਾ ਭਾਵ ਆਪ ਨੂੰ ਵਿਰਸੇ ਵਿਚ ਮਿਲਿਆ ਹੋਇਆ ਹੈ। ਬਚਪਨ ਵਿਚ ਹੀ ਫੌਜ ਵਿਚ ਆਪਣੇ ਸਾਥੀ ਬਚਿਆਂ ਨੂੰ ਨਾਲ ਲੈ ਕੇ ਇਕ ਭੁਝੰਗੀ ਸਭਾ ੧੯੨੬ ਈਸਵੀ ਵਿਚ ਬਣਾਈ ਅਤੇ ਇਸ ਲਗਨ ਵਿਚ ਆਪ ਨੇ ਆਪਣੇ ਪੁਰਾਣੇ ਪਿੰਡ ਸਿਧਵਾਂ ਕਲਾਂ ਵਿਖੇ ਸ੍ਰੀ ਗੁਰੂ ਹਰ ਗੋਬਿੰਦ ਖਾਲਸਾ ਮਿਡਲ ਸਕੂਲ ਜਾਰੀ ਕਰਵਾਇਆ ਜੋ ਅਜ ਕਲ ਇਕ ਕਾਮਯਾਬ ਹਾਈ ਸਕੂਲ ਚਲ ਰਿਹਾ ਹੈ।

ਫ਼ੌਜ ਵਿਚ ਭਰਤੀ ਹੋਣ ਤੋਂ ਬਾਦ ਆਪ ਆਪਣੇ ਉਸਾਰੂ ਤੇ ਸੇਵਾ ਭਾਵ ਦੀ ਲਗਨ ਦੇ ਸਦਕੇ ਥੋੜੇ ਸਮੇਂ ਵਿਚ ਹੀ ਆਪਣੇ ਸਾਥੀਆਂ ਵਿਚ ਆਗੂ ਸਨਮਾਨੇ ਜਾਣ ਲਗੇ। ਆਪ ਦੀ ਫੌਜੀ ਕਾਬਲੀਅਤ ਦਾ ਸਦਕਾ ਅੰਗਰੇਜ਼ੀ ਰਾਜ ਵਿਚ ਪਹਿਲੀ ਦਫਾ ਕਿੰਗ ਕਮਿਸ਼ਨ ਦੇ ਔਹਦੇ ਹਿੰਦੀਆਂ ਲਈ ਖੋਹਲੇ ਜਾਣ ਤੇ ਆਪ ਨੂੰ ਉਸ ਲਈ ਛਾਂਟਿਆ ਗਿਆ ਪਰ ਪਹਿਲੇ ਮਹਾਂ ਯੁਧ ਦੇ ਜਲਦੀ ਹੀ ਸਮਾਪਤ ਹੋ ਜਾਣ ਕਰ ਕੇ ਉਹ ਸਕੀਮ ਅਧੂਰੀ ਰਹਿ ਗਈ।

ਲੜਾਈ ਦੇ ਖਤਰੇ ਤੋਂ ਬਾਦ ਦੇਸ਼ ਵਿਚ ਚਲ ਰਹੀ ਆਜ਼ਾਦੀ ਦੀ ਲਹਿਰ ਨਾਲ ਆਪ ਦੀ ਪੂਰੀ ਹਮਦਰਦੀ ਤੇ ਲਗਨ ਸੀ। ੧੯੨੦ ਈ: ਵਿਚ ਪਹਿਲੀ ਵਾਰ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਬਣਤਰ ਬਣਾਏ ਜਾਣ ਲਈ ਸ੍ਰੀ ਅਕਾਲ ਤਖਤ ਸਾਹਿਬ ਦੇ ਸੱਦੇ ਪੰਥਕ ਇਕਠ ਵਿਚ ਸ਼ਾਮਲ ਹੋਣ ਲਈ ਆਪ ਨੂੰ ਫੌਜ ਵਿਚੋਂ ਨਮਾਇੰਦਾ ਚੁਣਿਆ ਗਿਆ ਪਰ ਬਾਦ ਵਿਚ ਅੰਗਰੇਜ਼ੀ ਸਰਕਾਰ ਵਲੋਂ ਇਸ ਪੰਥਕ ਇਕਠ ਵਿਚ ਸ਼ਾਮਲ ਹੋਣ ਤੋਂ ਰੋਕਿਆ ਗਿਆ। ਧਾਰਮਕ ਲਗਨ ਤਾਂ ਆਪ ਵਿਚ ਬਚਪਨ ਤੋਂ ਹੀ ਸੀ। ੧੯੨੧ ਦੇ ਨਨਕਾਣੇ ਸਾਹਿਬ ਦੇ ਭਿਆਨਕ ਸ਼ਹੀਦੀ ਸਾਕੇ ਨੇ ਆਪ ਨੂੰ ਬੁਰੀ ਤਰਾਂ ਹਲੂਣਿਆ। ਆਪ ਨੇ ਫੌਜ ਵਿਚ ਰਹਿੰਦਿਆਂ ਹੋਇਆਂ ਪੰਥ ਦਾ ਹੁਕਮ ਮੰਨ ਕੇ ਕਾਲੀ ਦਸਤਾਰ ਬੰਨ੍ਹਣੀ ਸ਼ੁਰੂ ਕਰ ਦਿਤੀ ਅਤੇ ਸ਼ਹੀਦਾਂ ਦੇ ਪ੍ਰਵਾਰਾਂ ਦੀ ਸਹਾਇਤਾ ਲਈ ਫੌਜ ਵਿਚੋਂ ਮਾਇਆ

Digitized by Panjab Digital Library | www.panjabdigilib.org

ਇਕੱਤਰ ਕਰ ਕੇ ਭੇਜੀ ਜੋ ਹਕੂਮਤ ਨੂੰ ਬਹੁਤ ਬੁਰੀ ਤਰਾਂ ਚੁਭੀ ਤੇ ਉਹਨਾਂ ਆਪ ਤੇ ਪੱਗ ਦਾ ਲੜ ਲਟਕਾ ਕੇ ਨਾ ਰੱਖਣ ਦੇ (ਫੌਜ ਵਿਚ ਆਮ ਤੌਰ ਤੇ ਪੱਗ ਦਾ ਲੜ ਥੱਲੇ ਲਟਕਾਇਆ ਹੁੰਦਾ ਸੀ ਪਰ ਆਪ ਨੇ ਸ਼ੁਰੂ ਤੋਂ ਹੀ ਸਿਖ ਰਵਾਇਤਾਂ ਅਨੁਸਾਰ ਗੁਰਮੁਖੀ ਦਸਤਾਰਾ ਸਜਾਇਆ ਕਰਦੇ ਸਨ) ਬਹਾਨੇ ਗੁਰਮੁਖੀ ਵਤੀਰੇ ਨੂੰ ਚੈਲੰਜ ਕੀਤਾ ਤੇ ਹੁਕਮ ਦਿਤਾ ਕਿ ਲੜ ਥੱਲੇ ਛਡ ਕੇ ਰਖਿਆ ਕਰੋ, ਜਿਸ ਨੂੰ ਮੰਨਣੋ ਆਪ ਨੇ ਸਾਫ ਇਨਕਾਰ ਕੀਤਾ। ਆਪਣੇ ਅੰਗਰੇਜ਼ ਅਫਸਰਾਂ ਦਾ ਹੁਕਮ ਨਾ ਮੰਨਣ ਵਿਚ ਆਪ ਦਾ ਜਨਰਲ ਕੋਟ ਮਾਰਸ਼ਲ ਕੀਤਾ ਗਿਆ, ਜਿਸ ਵਿਚ ਆਪਣੇ ਪੱਖ ਤੇ ਬੜੀ ਨਿਡਰਤਾ ਨਾਲ ਲੜਾਈ ਕੀਤੀ। ਆਖਰ ਕੋਟ ਮਾਰਸ਼ਲ ਨੇ ਆਪ ਨੂੰ ਕਸੂਰਵਾਰ ਠਹਿਰਾ ਕੇ ਇਸ ਰੈਜਮੈਂਟ ਵਿਚੋਂ ਬਦਲ ਕੇ ਕਿਸੇ ਹੋਰ ਰਜਮੈਂਟ ਵਿਚ ਭੇਜੇ ਜਾਣ ਲਈ ਫੈਸਲਾ ਕੀਤਾ ਪਰ ਆਪ ਨੇ ਕਿਸੇ ਹੋਰ ਥਾਂ ਜਾਣ ਦੀ ਥਾਂ ਅੰਗਰੇਜ਼ੀ ਗ਼ੁਲਾਮੀਵਿਚੋਂ ਛੁਟਣ ਲਈ ਫੌਜ ਵਿਚੋਂ ਅਸਤੀਫਾ ਦੇ ਕੇ ਦੇਸ਼ ਵਿਚ ਚਲ ਰਹੀਆਂ ਅੰਗਰੇਜ਼ੀ ਰਾਜ ਵਿਰੁਧ ਲਹਿਰਾਂ ਵਿਚ ਸ਼ਾਮਲ ਹੋਣ ਦਾ ਫੈਸਲਾ ਕਰ ਲਿਆ।

ਦੋਹਰਾ:— ਦੇ ਅਸਤੀਫਾ ਫੌਜ਼ ਤੋਂ ਲਈ ਪੰਥ ਦੀ ਕਾਰ।
ਝੁਕਿਆ ਨਾ ਏਹ ਸੂਰਮਾ ਹੰਭ ਗਈ ਸਰਕਾਰ।

ਇਸ ਤਰਾਂ ੧੯੨੩ ਦੇ ਆਰੰਭ ਵਿਚ ਫੌਜ ਨੂੰ ਛੱਡ ਕੇ ਆਪ ਗੁਰਦੁਆਰਾ ਸੁਧਾਰ ਲਹਿਰ ਵਿਚ ਸ਼ਾਮਲ ਹੋ ਗਏ। ਫੌਜਾਂ ਵਿਚ ਵਰਦੀ ਨਾਲ ਤੇ ਸਫੈਦ ਕਪੜਿਆਂ ਵਿਚ ਭਿੰਨ ੨ ਰੰਗਾਂ ਦੀਆਂ ਪਗੜੀਆਂ ਬੰਨਣ ਦਾ ਪਹਿਲੀ ਵਾਰ ਹੁਕਮ ਆਪ ਜੀ ਦੇ ਚਲਾਏ ਗਏ ਕੋਟ ਮਾਰਸ਼ਲ ਦਾ ਹੀ ਨਤੀਜੇ ਵਜੋਂ ਹੋਇਆ।

੧੯੨੩ ਵਿਚ ਸ਼੍ਰੋ: ਗੁਰਦੁਆਰਾ ਕਮੇਟੀ ਦੀ ਬਣਤਰ ਬਣਨ ਤੋਂ ਬਾਦ ਪਹਿਲੀ ਜਨਰਲ ਚੋਣ ਸਮੇਂ ਆਪ ਨੂੰ ਜ਼ਿਲਾ ਲੁਧਿਆਣੇ ਤੋਂ ਸੰਗਤਾਂ ਨੇ ਸਭ ਤੋਂ ਵਧ ਵੋਟਾਂ ਦੇ ਕੇ ਕਮੇਟੀ ਦਾ ਮੈਂਬਰ ਬਣਾਇਆ। ਮਹਾਰਾਜਾ ਨਾਭਾ ਦੇ ਗੱਦੀਉਂ ਲਾਹੇ ਜਾਣ ਤੇ ਸ਼੍ਰੋ: ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਚਲਾਏ ਗਏ ਅੰਦੋਲਨ ਦੇ ਸਿਲਸਿਲੇ ਵਿਚ ਆਪ ਦੀ ਸੇਵਾ ਸ੍ਰੀ ਮੁਕਤਸਰ ਸਾਹਿਬ ਲਾਈ ਗਈ ਜਿਥੋਂ ਉਨ੍ਹਾਂ ਖੰਡਤ ਹੋਏ ਅਖੰਡ ਪਾਠ ਨੂੰ ਆਰੰਭ ਲਈ ਜਾਣ ਵਾਲੇ ਪੰਝੀ ਪੰਝੀ ਸਿੰਘਾਂ ਦੇ ਜਥੇ ਭੇਜਣ ਦੇ ਪ੍ਰਬੰਧ ਕੀਤੇ ਅਤੇ ਜੈਤੋ ਨੂੰ ਪੰਜ ਸੌ ਸਿੰਘਾਂ ਦਾ ਜਥਾ ਬਣਾ ਕੇ ਭੇਜਣ ਦੀ ਪਹਿਲੀ ਵਾਰ ਵਿਉਂਤ ਕਰਨ ਵਾਲੇ ਆਪ ਦੋ ਤਿੰਨ ਸਿੰਘਾਂ ਵਿਚੋਂ ਸਨ (ਜੋ ਕਿ ਕੁਝ ਸਮੇਂ ਬਾਦ ਪੰਜ ਪੰਜ ਸੌ ਦੇ ਸ਼ਹੀਦੀ ਜਥਿਆਂ ਦੀ ਸ਼ਕਲ ਵਿਚ ਗਏ) ਅੰਗਰੇਜ਼ੀ ਸਰਕਾਰ ਨੇ ਚਲ ਰਹੀ ਲਹਿਰ ਦੀ ਕਾਮਯਾਬੀ ਤੋਂ ਘਬਰਾ ਕੇ ਸ਼੍ਰੋ: ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਕਤੂਬਰ ੧੯੨੩ ਈ: ਵਿਚ ਬਾਗੀ ਕਰਾਰ ਦੇ ਦਿਤਾ ਅਤੇ ਜ਼ੋਰ ਨਾਲ ਸਿੱਖ ਆਗੂਆਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਕਰ ਦਿਤੀਆਂ ਸੀ। ਮੁਕਤਸਰ ਸਾਹਿਬ ਤੋਂ ਇਸ ਸਿਲਸਿਲੇ ਵਿਚ ਪਹਿਲੀ ਗ੍ਰਿਫਤਾਰੀ ਆਪ ਦੀ ੧੩ ਅਕਤੂਬਰ ੧੯੨੩ ਨੂੰ ਕੀਤੀ ਅਤੇ ਫੀਰੋਜ਼ਪੁਰ ਆਪ ਤੇ ਮੁਕਦਮਾ ਚਲਾ ਕੇ ਢਾਈ ਸਾਲ ਦੀ ਸਖਤ ਕੈਦ ਕੀਤੇ ਗਏ। ਫੀਰੋਜ਼ਪੁਰ ਜੇਲ੍ਹ ਤੇ ਮੁਲਤਾਨ ਦੀਆਂ ਪ੍ਰਸਿਧ ਸਖ਼ਤ ਜੇਲ੍ਹਾਂ ਵਿਚ ਸਰਕਾਰੀ ਤਸੀਹਿਆਂ ਨੂੰ ਆਪ ਨੇ ਖਿੜੇ ਮੱਥੇ ਝਲਿਆ। ੧੯੨੫ ਈ: ਵਿਚ ਆਪਣੀ :ਪੂਰੀ ਕੈਦ ਕੱਟ ਕੇ ਬਾਹਰ ਆਉਣ ਤੇ ਆਪ ਦੀ ਕੁਰਬਾਨੀ ਤੇ ਸੂਝ ਬੂਝ ਤੇ ਪੰਥਕ ਪਿਆਰ ਨੂੰ ਮੁਖ ਰਖਦਿਆਂ ਆਪ ਨੂੰ ਸ਼੍ਰੋ: ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਰਲ ਸਕੱਤਰ ਨੀਯਤ ਕੀਤਾ ਗਿਆ, ਜਿਸ ਈਮਾਨਦਾਰੀ ਨਿਰਭੈਤਾ ਅਤੇ ਸੂਝ ਬੂਝ ਨਾਲ ਇਸ ਵੱਡੀ ਸੇਵਾ ਨੂੰ ਨਿਭਾਇਆ ਤੇ ਇਸ ਦੀ ਸਾਰੇ ਪੰਥ ਵਿਚ ਪ੍ਰਸੰਸਾ ਹੋਈ ਅਤੇ ਆਪ ਗਿਣਤੀ ਦੇ ਸਿੱਖ ਸੂਝ ਬੂਝ ਤੇ ਪੰਥ ਤੇ ਦੇਸ਼ ਦੇ ਪਿਆਰ ਵਾਲੇ ਖਾਸ ਸੱਜਣਾਂ ਵਿਚ ਗਿਣੇ ਜਾਣ

Digitized by Panjab Digital Library | www.panjabdigilib.org

ਲੱਗੇ। ੧੯੨੩ ਤੋਂ ੧੯੫੪ ਤੱਕ ਆਪ ਲਗਾਤਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਣੇ ਰਹੇ।

ਜੇਹਲ ਵਿਚੋਂ ਕੋਆਪਰੇਟਿਵ ਨੂੰ ਦੇਸ਼ ਉਸਾਰੂ ਲਹਿਰ ਜਾਣ ਕੇ ਆਪ ਨੇ ੧੯੨੬ ਤੋਂ ਇਸ ਲਹਿਰ ਵਿਚ ਭੀ ਵਧ ਚੜ੍ਹ ਕੇ ਹਿਸਾ ਲੈਣਾ ਸ਼ੁਰੂ ਕੀਤਾ ਅਤੇ ਬੇਅੰਤ ਪਿੰਡਾਂ ਵਿਚ ਸੁਸਾਇਟੀਆਂ ਬਣਾਈਆਂ! ੧੯੨੯ ਈਸਵੀ ਵਿਚ ਆਪ ਨੂੰ ਪਹਿਲੀ ਵਾਰ ਲੁਧਿਆਣਾ ਕੋਆਪਰੇਟਿਵ ਬੈਂਕ ਦਾ ਡਾਇਰੈਕਟਰ ਚੁਣਿਆ ਗਿਆ, ਤਦ ਤੋਂ ਆਪ ਇਸ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਚਲੇ ਆ ਰਹੇ ਹਨ। ਅਜ ਕਲ ਇਸ ਬੈਂਕ ਦੇ ਪਹਿਲੇ ਗੈਰ ਸਰਕਾਰੀ ਪ੍ਰਧਾਨ ਹਨ। (ਇਨ੍ਹਾਂ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਲੁਧਿਆਣਾ ਪ੍ਰਧਾਨ ਹੋਇਆ ਕਰਦੇ ਸਨ)

ਵਿਦਿਅਕ ਸੇਵਾ ਵਿਚ ਆਪ ਦੀ ਲਗਨ ਪ੍ਰਸਿੱਧ ਹੈ। ਸਿਧਵਾਂ ਕਲਾਂ ਖਾਲਸਾ ਸਕੂਲ ਬਣਾਉਣ ਤੋਂ ਇਲਾਵਾ ਆਪ ਨੇ ਹਰ ਸਮੇਂ ਆਪਣੇ ਬਜ਼ੁਰਗ ਤਾਇਆ ਜੀ ਭਾਈ ਸਾਹਿਬ ਡਾ: ਨਰੈਣ ਸਿੰਘ ਜੀ ਦੀ ਆਗਿਆ ਅਨੁਸਾਰ ਸਿੱਧਵਾਂ ਇਸਤ੍ਰੀ ਆਸ਼ਰਮ ਦੀ ਉਸਾਰੀ ਵਿਚ ਤੰਨ ਦੇਹੀ ਨਾਲ ਸਯੋਗ ਦੇਂਦੇ ਰਹੇ ਹਨ ਅਤੇ ਉਨ੍ਹਾਂ ਤੋਂ ਬਾਦ ਉਨ੍ਹਾਂ ਦੀ ਸਪੁਤ੍ਰੀ ਆਪਣੀ ਭੈਣ ਬੀਬੀ ਹਰਪ੍ਰਕਾਸ਼ ਕੌਰ ਦਾ ਹੱਥ ਇਸ ਆਸ਼ਰਮ ਨੂੰ ਚੋਟੀ ਤੇ ਪਹੁੰਚਾਉਣ ਲਈ ਵਟਾਉਂਦੇ ਰਹਿੰਦੇ ਹਨ ਤੇ ਆਪ ਇਸ ਆਸ਼ਰਮ ਦੇ ਇਕ ਟਰਸਟੀ ਹਨ।

ਸ਼੍ਰੋ: ਗੁ: ਪ੍ਰ: ਕਮੇਟੀ ਵਿਚ ਰਹਿੰਦਿਆਂ ਆਪਣੇ ਹੋਰ ਸਾਥੀਆਂ ਨੂੰ ਨਾਲ ਲੈ ਕੇ ੧੯੫੩-੫੪ ਈ: ਵਿਚ ਲੁਧਿਆਣੇ ਵਿਚ ਕੌਮ ਦਾ ਇਕੋ ਇਕ ਇੰਜਨੀਅਰਿੰਗ ਕਾਲਜ ਜੋ ਕਿ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਦੇ ਨਾਮ ਨਾਲ ਪ੍ਰਸਿੱਧ ਹੈ, ਜਾਰੀ ਕਰਾਣ ਵਿਚ ਕਾਮਯਾਬ ਹੋਏ। ਇਹ ਕਾਲਜ ਪੰਥ ਦਾ ਟੈਕਨੀਕਲ ਵਿਦਿਆ ਦੇਣ ਦਾ ਇਕੋ ਇਕ ਕਾਲਜ ਹੈ। ਇਹ ਨਨਕਾਣਾ ਸਾਹਿਬ ਐਜੂਕੇਸ਼ਨਲ ਟਰਸਟ ਦੇ ਪ੍ਰਬੰਧ ਹੇਠ ਚਲ ਰਿਹਾ ਹੈ ਜਿਸ ਦੇ ਕਿ ਆਪ ਸਕੱਤ੍ਰ ਹਨ। ੧੯੪੭ ਦੇ ਬਟਵਾਰੇ ਦੇ ਪ੍ਰਸਿੱਧ ਘੋਰ ਸੰਗ੍ਰਾਮ ਵਿਚ ਸ਼ਹੀਦੀ ਦੱਲ ਵਿਚ ਸ਼ਾਮਲ ਹੋਕੇ ਜਿਸ ਨਿਡਰਤਾ ਤੇ ਨਿਰਭੈਤਾ ਨਾਲ ਜਾਨ ਹੂਲ ਕੇ ਸੇਵਾ ਕੀਤੀ ਉਸ ਤੋਂ ਸਾਰੇ ਜਾਣੂ ਹਨ।ਜੇਲ੍ਹੋਂ ਬਾਹਰ ਆਕੇ ਸ਼੍ਰੋ:ਗੁ:ਪ੍ਰ:ਕਮੇਟੀ ਦੀ ਜਨਰਲ ਸਕੱਤ੍ਰ ਦੀ ਸੇਵਾ ਕਰਦਿਆਂ ਇਹ ਮਹਿਸੂਸ ਕੀਤਾ ਕਿ ਇਮਾਨਦਾਰੀ ਤੇ ਦਿਆਨਤਦਾਰੀ ਨਾਲ ਜ਼ਿੰਦਗੀ ਬਸਰ ਕਰਨ ਲਈ ਇਹ ਜ਼ਰੂਰੀ ਹੈ ਕਿ ਆਪ ਜਿਥੇ ਵਧ ਤੋਂ ਵਧ ਸੇਵਾ ਕਰਨ, ਉਥੇ "ਘਾਲ ਖਾਇ ਕਿਛ ਹੱਥੋਂ ਦੇਹ ਨਾਨਕ ਰਾਹ ਪਛਾਣੇ ਸੇ" ਦੇ ਮਹਾਂਵਾਕ ਅਨੁਸਾਰ ਆਪਣੇ ਜੀਵਨ ਢਾਲਣ। ਸੋ ਇਸ ਤੋਂ ਬਾਦ ਦਸਾਂ ਨੌਂਹਾਂ ਦੀ ਕਿਰਤ ਕਰਦਿਆਂ ਜਿੰਨੀ ਵਧ ਤੋਂ ਵਧ ਸੇਵਾ ਹੋ ਸਕੇ ਇਨ੍ਹਾਂ ਆਪਣਾ ਨਿਸ਼ਾਨਾ ਬਣਾ ਲਿਆ ਤੇ ਇਸ ਵਿਚ ਕਾਮਯਾਬ ਰਹੇ। ਆਪ ਦੀ ਇਮਾਨਦਾਰੀ ਸੂਝ ਬੂਝ ਤੇ ਗੁਰਸਿੱਖੀ ਜੀਵਨ ਤੋਂ ਆਪਦੇ ਦੁਸ਼ਮਣ ਵੀ ਇਨਕਾਰ ਨਹੀਂ ਕਰ ਸਕਦੇ। ਆਪ ਦੇਸ਼ ਵਿਚ ਖਾਸ ਕਰਕੇ ਸਿੱਖ ਜਗਤ ਵਿਚ ਸਨਮਾਨੇਂ ਜਾਂਦੇ ਹਨ ਅਤੇ ਐਸੀ ਲਹਿਰ ਕੋਈ ਹੋਊ ਜਿਸ ਨਾਲ ਆਪ ਦਾ ਖਾਸਾ ਸੰਬੰਧ ਨਾ ਰਿਹਾ ਹੋਵੇ।

## ਨੌਜਵਾਨ ਸ: ਜਸਵੰਤ ਸਿੰਘ ਜੀ ਝਬਾਲ

ਆਪ ਦਾ ਜਨਮ ਸ: ਗੋਪਾਲ ਸਿੰਘ ਦੇ ਘਰ ਪਿੰਡ ਝਬਾਲ ਜ਼ਿਲਾ ਅੰਮ੍ਰਿਤਸਰ ਵਿਚ ੧੭ ਜੂਨ ਸੰ: ੧੯੯੬ ਵਿਚ ਹੋਇਆ। ਝਬਾਲ ਭਾਈਆਂ ਨੇ ਪੰਥ ਦੀ ਜੋ ਸੇਵਾ ਕੀਤੀ ਹੈ ਉਹ ਕਿਸੇ ਤੋਂ ਗੁਝੀ ਛਿਪੀ ਨਹੀਂ। ਅਤੇ ਪਿਛਲਾ ਇਤਹਾਸ ਵੀ ਕੁਰਬਾਨੀਆਂ ਨਾਲ ਪੂਰਤ ਨਜਰ ਆਉਂਦਾ ਹੈ। ਆਪ ਤਿੰਨ ਭਰਾ ਹਨ। ਜੋ ਤਿੰਨੇ ਹੀ ਅਕਾਲੀ ਲਹਿਰ ਵਿਚ ਕੁਦ ਕੁਦ ਸੇਵਾ ਕਰਦੇ ਹਨ। ਆਪ ਜੀ ਐਂਟ੍ਰੈਂਸ

Digitized by Panjab Digital Library | www.panjabdigilib.org

ਪਾਸ ਸਨ । ਆਪ ਪੜ੍ਹਨ ਵਿਚ ਤੇ ਰਾਜਸੀ ਕੰਮਾਂ ਵਿਚ ਬੜੇ ਚਲਾਕ ਸਨ । ਘਰੋਗੀ ਕੰਮਾਂ ਦੇ ਮਜਬੂਰ ਕਰਨ ਤੇ ਪੜ੍ਹਾਈ ਛਡਣੀ ਪਈ । ਚਾਹੇ ਆਪਦੀ ਪੜ੍ਹਾਈ ਅਧੂਰੀ ਰਹੀ ਪਰ ਕੌਮੀ ਸੇਵਾ ਭਾਵ ਕੁਟ ਕੁਟ ਕੇ ਭਰਿਆ ਗਿਆ ਸੀ । ਦਸੰਬਰ ੧੯੧੯ ਵਿਚ ਆਪ ਨੇ ਆਪਣੇ ਪਿੰਡ ਵਿਚ ਇਕ "ਸੁਧਾਰਕ ਸਭਾ" ਕਾਇਮ ਕੀਤੀ । ਆਪ ਵਿਚ ਦੇਸ਼ ਸੇਵਾ ਦੇ ਵਲ ਵਲੇ ਫੁਹਾਰੇ ਵਾਂਗ ਨਿਕਲਦੇ ਸਨ ।

॥ ਹੋਰ ਸੇਵਾ ॥

ਦਸੰਬਰ ੧੯੧੯ ਈ: ਨੂੰ ਜਦ ਅੰਮ੍ਰਿਤਸਰ ਵਿਚ ਸਰਬ ਹਿੰਦ ਕਾਂਗਰਸ ਜਲਸਾ ਹੋਇਆ, ਤਾਂ ਆਪ ਨੇ ਰਾਤ ਦਿਨ ਇਕ ਕਰਕੇ ਕਾਮਯਾਬ ਕਰਨ ਵਿਚ ਲਹੂ ਪਾਣੀ ਇਕ ਕਰ ਰਖਿਆ । ਸੰ: ੧੯੨੦ ਵਿਚ ਲਾਹੌਰ ਤੋਂ "ਅਕਾਲੀ" ਅਖਬਾਰ ਅਤੇ ਦੂਜੇ ਪਾਸੇ ਸ: ਅਮਰ ਸਿੰਘ, ਸ: ਦਾਨ ਸਿੰਘ ਜੀ ਆਦਿ ਨਾਲ ਰਲ ਕੇ ਮਾਝੇ ਵਿਚ ਲੈਕਚਰਾਂ ਦਵਾਰਾਂ ਸੰਗਤਾਂ ਨੂੰ ਅਜ਼ਾਦੀ ਸੰਦੇਸ਼ ਦੇਣਾ ਸ਼ੁਰੂ ਕੀਤਾ । ਸਭ ਤੋਂ ਪਹਿਲੇ ਰਾਜਸੀ ਦੀਵਾਨ ਸ: ਦਾਨ ਸਿੰਘ ਦੇ ਪਿੰਡ ਵਛੋਏ ਵਿਚ ਕੀਤਾ ਗਿਆ । ਜਿਸ ਤੇ ਪੁਜਨ ਵਾਲੇ ਲਾਲਾ ਲਾਜਪਤ ਰਾਇ ਜਗਰਾਉਂ, ਡਾਕਟਰ ਕਿਚਲੂ ਅਤੇ ਹੋਰ ਬਹੁਤ ਸਾਰੇ ਹਿੰਦੂ, ਮੁਸਲਮਾਨ ਕੌਮੀ ਲੀਡਰਾਂ ਨੂੰ ਵੀ ਸਦਿਆ ਗਿਆ । ਸਭ ਤੋਂ ਪਹਿਲਾਂ ਇਸ ਦੀਵਾਨ ਵਿਚ ੧੯੧੪–੧੫ ਵਾਲੇ ਦੇਸ਼ ਭਗਤਾਂ ਨੂੰ ਤਨਖਾਹੀਆਂ ਆਖਣ ਵਾਲੇ ਸਰਕਾਰ ਪੂਜਾਂ ਨੂੰ "ਕੌਮ ਘਾਤਕ" ਦਾ ਖਿਤਾਬ ਦਿਤਾ ਗਿਆ, ਅਤੇ ਇਡਵਾਇਰ ਨੂੰ ਐਡਰੈਸ ਦੇਣ ਵਾਲੇ ਸਿਖਾਂ ਨੂੰ ਤਨਖਾਹੀਆ ਕੀਤਾ ਗਿਆ । ਫੇਰ ਕੀ ਸੀ ਇਸ ਦੀਵਾਨ ਨੇ ਪੰਥ ਵਿਚ ਨਵੀਂ ਲਹਿਰ ਵਗਾ ਦਿਤੀ । ਇਸ ਦੀਵਾਨ ਦੇ ਸ: ਜਸਵੰਤ ਸਿੰਘ ਝਬਾਲ ਮੁਖ ਪ੍ਰਬੰਧਕ ਸਨ ।

ਅਪਰੈਲ ੧੯੨੦ ਜ਼ਿਲਾ ਅੰਮ੍ਰਿਤਸਰ ਸਿੱਖ ਲੀਗ ਦੇ ਸਕੱਤ੍ਰ ਬਣਾਏ ਗਏ । ੧੯੨੦ ਵਿਚ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਮੰਜੀ ਸਾਹਿਬ ਦਫਾ ੧੪੪ ਲਾ ਕੇ ਦੀਵਾਨ ਬੰਦ ਕਰਨ ਦਾ ਐਲਾਨ ਕਰ ਦਿਤਾ, ਕਿਉਂਕਿ ਸ: ਅਰੂੜ ਸਿੰਘ ਸਰਬਰਾਹ ਦੇ ਖਿਲਾਫ ਐਜ਼ੀਟੇਸ਼ਨ ਫੈਲ ਰਹੀ ਸੀ । ਇਸ ਅਯੋਗ ਹੁਕਮ ਦੀ ਨਾ ਫਰਮਾਨੀ ਕਰਨ ਲਈ ਸ: ਜਸਵੰਤ ਸਿੰਘ ਤੇ ਸ: ਅਮਰ ਸਿੰਘ ਝਬਾਲ ਨੇ ਐਲਾਨ ਕਵਿਆ ਕਿ ਮੰਜੀ ਸਾਹਿਬ ਦੀਵਾਨ ਜ਼ਰੂਰ ਹੋਵੇਗਾ । ਜਿਸ ਦਾ ਸਿਟਾ ਸਰਬਰਾਹ ਅਰੂੜ ਸਿੰਘ ਨੂੰ ਹਟਾ ਕੇ ਰਾਮ ਗੜ੍ਹੀਆ ਸੁੰਦਰ ਸਿੰਘ ਸਰਬਰਾਹ ਬਣਾਇਆ । ਜਿਸ ਵਕਤ ਗੁਰਦੁਆਰਾ ਰਕਾਬ ਗੰਜ ਲਈ ਸੌ ਸ਼ਹੀਦਾਂ ਦੀ ਮੰਗ ਕੀਤੀ ਗਈ ਤਾਂ ਸ: ਜਸਵੰਤ ਸਿੰਘ ਨੇ ੨੦ ਸਿੰਘਾਂ ਦੀ ਲਿਸਟ ਭੇਜੀ ਕੁਝ ਦਿਨਾਂ ਤੋਂ ਬਾਦ ੧੦੦ ਸਿੰਘਾਂ ਦੀ ਲਿਸਟ ਭੇਜੀ ।

ਮਾਰਚ ੧੯੨੧ ਵਿਚ ਆਪ ਨੇ ਸਿਖ ਨੌਜਵਾਨਾਂ ਅੰਦਰ ਰਾਜਸੀ ਜੀਵਨ ਭਰਨ ਲਈ ਅੰਮ੍ਰਿਤਸਰ ਵਿਚ ਸਿਖ ਰਾਜਸੀ ਆਸ਼ਰਮ ਜਾਰੀ ਕੀਤਾ । ੨੬ ਨਵੰਬਰ ੧੯੨੧ ਈ: ਵਿਚ ਚਾਬੀਆਂ ਦਾ ਮੋਰਚਾ ਲਗਨ ਤੇ ਗ੍ਰਿਫਤਾਰ ਹੋਏ ਤੇ ਜਿਤ ਪਰਾਪਤ ਕਰਕੇ ਆਏ । ਇਸ ਪ੍ਰਕਾਰ ਲਗਾਤਾਰ ਕਈ ਦਫਾ ਜੇਲ੍ਹ ਅੰਦਰ ਗਏ ਤੇ ਪੂਰਨ ਕਾਮਯਾਬੀ ਨਾਲ ਰਿਹਾ ਹੁੰਦੇ ਰਹੇ, ਸ਼੍ਰੋ: ਗੁ: ਪ੍ਰ: ਕਮੇਟੀ ਦੀ ਵਰਕਿੰਗ ਕਮੇਟੀ ਵਿਚ ਲਏ ਗਏ ।

੪ ਨਵੰਬਰ ੧੯੨੫ ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਦੀ ਜਨਰਲ ਮੀਟਿੰਗ ਦੀ ਇਕ ਇਤਿਹਾਸਕ ਮੀਟਿੰਗ ਸੀ । ਆਪ ਇਸ ਵਿਚ ਹਾਜ਼ਰ ਹੋਏ ਅਤੇ ਸ: ਮੰਗਲ ਸਿੰਘ ਜੀ ਤੇ ਹੋਰ ਸਾਥੀਆਂ ਨਾਲ ਮਿਲ ਕੇ ਪੰਥ ਵਿਚ ਵਧ ਰਹੀ ਫੁਟ ਨੂੰ ਦੂਰ ਕੀਤਾ, ਅਤੇ ਏਸੇ ਜਨਰਲ ਮੀਟਿੰਗ ਵਿਚ ਆਪ ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਦਾ ਜਨਰਲ ਸਕੱਤਰ ਚੁਣਿਆ ਗਿਆ । ॥ ਇਕ ਹੋਰ ਵੀਚਾਰ ॥

ਜੂਨ ਸੰ: ੧੯੯੬ ਨੂੰ ਸ: ਜਸਵੰਤ ਸਿੰਘ ਦਾ ਜਨਮ ਝਬਾਲ ਵਿਖੇ ਹੋਇਆ । ਜੂਨ ਸੰ:

Digitized by Panjab Digital Library | www.panjabdigilib.org

੧੮੯੬ ਨੂੰ ਸ: ਮੰਗਲ ਸਿੰਘ ਦਾ ਜਨਮ ਗਿਲ ਵਿਖੇ ਹੋਇਆ। ਹੁਣ ੧੯੨੪-੨੫ ਵਿਚ ਸ੍ਰੋ: ਗੁ: ਪ੍ਰ: ਕਮੇਟੀ ਦੀ ਵਾਗ ਡੋਰ ਦੋਹਾਂ ਦੇ ਹੱਥ ਵਿਚ ਸੀ।

## ਸ: ਤੇਜਾ ਸਿੰਘ ਜੀ ਸਮੁੰਦਰੀ

ਆਪ ਜੀ ਦਾ ਜਨਮ ਆਪਾ ਵਾਰੂ ਰਸਾਲਦਾਰ-ਮੇਜਰ ੨੨ ਨੰ: ਰਸਾਲਾ ਸ: ਦੇਵਾ ਸਿੰਘ ਜੀ ਦੇ ਘਰ ਮਾਤਾ ਨੰਦ ਕੌਰ ਦੀ ਸੁਭਾਗੀ ਕੁਖੋਂ, ਸੁਲਖਣੀ ਘੜੀ, ਪਿੰਡ ਰਾਇ ਕਾ ਬੁਰਜ, ਤਹਿਸੀਲ ਤਰਨ-ਤਾਰਨ ਜ਼ਿਲਾ ਅੰਮ੍ਰਿਤਸਰ ਵਿਖੇ ੧੦ ਫਗਣ ਸੰਮਤ ੧੯੩੮ ਬਿ: ਨੂੰ ਹੋਇਆ।

ਵਿਦਿਆ:-ਪਿਤਾ ਜੀ ਨੇ ਆਪ ਨੂੰ ਪੜ੍ਹਨੇ ਪਾਇਆ ਜੋ ਬੜੀ ਚਤਿੰਨ-ਤਾਈ ਨਾਲ ਪੰਜਵੀਂ ਪਾਸ ਕੀਤੀ ਛੇਵੀਂ ਜਮਾਤ ਤੋਂ ਘਰ ਉਸਤਾਦ ਰਖਕੇ ਪੜਾਈ ਦਾ ਸਿਲਸਿਲਾ ਜਾਰੀ ਰਖਿਆ ਤੇ ਖੁਲੀ ਪੜ੍ਹਾਈ ਕਰਨ ਵਿਚ ਆਪ ਨੂੰ ਗੁਰ ਇਤਿਹਾਸ ਪੜ੍ਹਣ ਤੇ ਗੁਰਬਾਣੀ ਕੰਠ ਕਰਨ ਦਾ ਬੜਾ ਹੀ ਸ਼ੌਕ ਪੈਦਾ ਹੋ ਗਿਆ। ਜਿਸ ਕਰਕੇ ੮-੧੦ ਬਾਣੀਆਂ ਕੰਠ ਕਰ ਲਈਆਂ ਅਤੇ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ ਪੂਰੀਆਂ ਬਾਣੀਆਂ ਦਾ ਪਾਠ ਕਰਨ ਮਗਰੋਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਦਰਸ਼ਨ ਕਰਕੇ ਫਿਰ ਕੋਈ ਹੋਰ ਵਿਹਾਰ ਕਰਦੇ ਸਨ।

ਨੌਕਰੀ:- ੧੮ ਸਾਲ ਦੀ ਉਮਰ ਵਿਚ ਰਸਾਲਾ ਨੰ: ੨੨ ਵਿਚ ਪਿਤਾ ਜੀ ਨੇ ਦਫੇਦਾਰੀ ਭਰਤੀ ਕਰਾ ਦਿਤਾ। ਥੋੜੇ ਹੀ ਦਿਨਾਂ ਬਾਅਦ ਆਪ ਦੀ ਲਿਆਕਤ ਤੇ ਸਮਝ ਨੇ ਚਮਕਾਰੇ ਵਿਖਾ ਕੇ ਕੰਮ ਸਿਖ ਲਿਆ ਤੇ ਰੰਗਰੂਟਾਂ ਦੇ ਇਨਸਪੈਕਟਰ ਤੇ ਉਸਤਾਦ ਨੀਯਤ ਕੀਤੇ ਗਏ। ਆਪ ਦੇ ਅਣਖੀ ਸੁਭਾ ਨੇ ਗੁਲਾਮੀ ਤੋਂ ਨਫਰਤ ਖਾਧੀ, ਜਿਸ ਕਰਕੇ ਅੰਗਰੇਜ਼ ਅਫਸਰਾਂ ਦੇ ਦਿਲ ਅੰਦਰ ਤੌਖਲਾ ਪੈਦਾ ਹੋ ਗਿਆ ਅਤੇ ਆਪ ਜੀ ੩ ਸਾਲ ਨੌਕਰੀ ਕਰਨ ਮਗਰੋਂ ਅਸਤੀਫਾ ਦੇ ਕੇ ਘਰ ਨੂੰ ਆ ਗਏ।

### ਆਪ ਦੀ ਸੰਤਾਨ

ਆਪ ਦੀ ਪਹਿਲੀ ਸ਼ਾਦੀ ੧੦ ਸਾਲ ਦੀ ਅਵਸਥਾ ਵਿਚ ਪਿੰਡ ਢੋਟੀਆਂ ਦੇ ਸੂਬੇਦਾਰ ਜੇਠਾ ਸਿੰਘ ਜੀ ਦੀ ਸਪੁਤ੍ਰੀ ਬੀਬੀ ਰਾਮ ਕੌਰ ਨਾਲ ੭ ਹਾੜ੍ਹ ਸੰਮਤ ੧੯੪੯ ਬਿ: ਨੂੰ ਹੋਈ, ਜਿਸ ਦੀ ਕੁਖ ਹਰੀ ਨਾ ਹੋਣ ਤੇ ੧੦ ਸਾਲ ਬਾਦ, ਦੂਜੀ ਸ਼ਾਦੀ ਸ: ਜੋਤਾ ਸਿੰਘ ਜੀ ਧੀ ਸਪੁਤ੍ਰੀ ਬੀਬੀ ਸ਼ਾਮ ਕੌਰ ਨਾਲ ੨੧ ਫੱਗਣ ਸੰਮਤ ੧੯੫੮ ਨੂੰ ਪਿੰਡ ਚੰਦ ਜ਼ਿਲਾ ਫੀਰੋਜ਼ਪੁਰ ਵਿਖੇ ਹੋਈ। ਜਦ ਕੁਝ ਸਾਲ ਦੂਜੀ ਸ਼ਾਦੀ ਹੋਈ ਨੂੰ ਗੁਜ਼ਰੇ ਤਾਂ ਪਹਿਲੀ ਸਿੰਘਣੀ ਬੀਬੀ ਰਾਮ ਕੌਰ ਦੇ ਕੁਖੋਂ ੫ ਪੋਹ ਦਿਨ ਸ਼ੁਕਰ ਵਾਰ ਸੰਮਤ ੧੯੫੯ ਨੂੰ ਆਪ ਦੇ ਘਰ ਵਾਹਿਗੁਰੂ ਨੇ ਪੁਤ੍ਰ ਦੀ ਦਾਤ ਬਖਸ਼ੀ, ਜਿਸ ਦਾ ਨਾਉਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਨਾਮੇ ਤੋਂ ਸਾਹਿਬ ਸਿੰਘ ਰੱਖਿਆ, ਇਸ ਤੋਂ ਮਗਰੋਂ ਚਾਰ ਪੁਤਰ ਹੋਰ ਪੈਦਾ ਹੋਏ। ਦੂਜੀ ਸਿੰਘਣੀ ਬੀਬੀ ਸ਼ਾਮ ਕੌਰ ਨੂੰ ਭੀ ਅਕਾਲ ਪੁਰਖ ਨੇ ਪੁਤ੍ਰ ਦੀ ਦਾਤ ਮੱਘਰ ੧੯੬੩ ਬਿ: ਵਿਚ ਬਖਸ਼ੀ, ਜਿਸ ਦਾ ਨਾਉਂ ਹਜ਼ੂਰ ਦੇ ਮੁਖ ਵਾਕ ਤੋਂ ਚਰਨ ਸਿੰਘ ਰੱਖਿਆ ਜਿਸ ਕਰਕੇ ਸ: ਤੇਜਾ ਸਿੰਘ ਜੀ ਨੂੰ ਘਰ ਦੇ ਫਿਕਰਾਂ ਤੋਂ ਨਿਸਚਿੰਤ ਕਰਕੇ ਪੰਥ ਦੀ ਸੇਵਾ ਕਰਨ ਲਈ ਖੁਲ੍ਹਾ ਮੌਕਾ ਬਖਸ਼ਿਆ।

### ਪੂਰਬਲੇ ਕਰਮ

ਆਪ ਦੇ ਚੰਗੇ ਗੁਰਮੁਖ ਮਾਪਿਆਂ ਅਤੇ ਸਤਿਸੰਗਤ ਤੇ ਚੀਫ ਖਾਲਸਾ ਦੀਵਾਨ ਦੀ ਰਾਹੀਂ ਧਾਰਮਕ ਤੇ ਵਿਦਿਅਕ ਸੇਵਾ ਕਰਨੀ ਸ਼ੁਰੂ ਕੀਤੀ। ਬਾਰ ਵਿਚ ਗੁਰਮਤਿ ਦਾ ਪ੍ਰਚਾਰ ਕਰਨ ਲਈ ਖਾਲਸਾ ਦੀਵਾਨ ਸਮੁੰਦਰੀ ਦੀ ਨੀਂਹ ਰਖ ਕੇ ਖੁਸ਼ਕ ਤੇ ਸੁੱਕੀ ਬਾਰ ਨੂੰ ਵਸਾਉਣ ਲਈ ਪਾਣੀ ਦੀ ਨਹਿਰ ਕੱਢੀ ਗਈ ਸੀ। ਆਪ ਨੇ ਉਸ ਬਾਰੀ ਲੋਕਾਂ ਦੇ ਹਿਰਦਿਆਂ ਨੂੰ ਹਰਾ ਭਰਾ ਕਰਨ ਲਈ, ਧਰਮ ਤੇ ਗੁਰਮਤਿ

Digitized by Panjab Digital Library | www.panjabdigilib.org

ਪ੍ਰਚਾਰ ਦੀ ਲਹਿਰ ਚਲਾ ਕੇ ਥਾਂ ਥਾਂ ਜਥੇਬੰਦੀ ਦੀਆਂ ਬਰਾਂਚਾਂ ਖੋਲ੍ਹ ਕੇ ਬਾਰ ਦੇ ਇਲਾਕੇ ਨੂੰ ਸਰ ਸਬਜ਼ ਕਰ ਦਿੱਤਾ।

ਗੁਰਦਵਾਰਾ ਰਕਾਬ ਗੰਜ

ਸੰਨ ੧੯੧੪ ਈ: ਵਿਚ ਜਦੋਂ ਸਰਕਾਰ ਨੇ ਗੁਰਦਵਾਰਾ ਰਕਾਬ ਗੰਜ ਦੀ ਕੰਧ ਢਾਹ ਕੇ ਗੁਰੂ ਨਾਨਕ ਨਾਮ ਲੇਵਾ ਨੂੰ ਵੰਗਾਰਿਆ ਤਾਂ ਇਸ ਦੇ ਵਿਰੁਧ ਸ: ਹਰਚੰਦ ਸਿੰਘ ਜੀ ਨੇ ਪਹਿਲੇ ਆਵਾਜ਼ ਉਠਾਈ ਤਾਂ ਆਪਜੀ ਭੀ ਸ਼ਾਮਲ ਹੋਏ। ਅਤੇ ਸਰਦਾਰ ਜੀ ਨੇ ਫਿਰ ਲਾਹੌਰ ਤੇ ਬਾਰ ਵਿਚ ਕਈ ਦੀਵਾਨ ਕਰਕੇ ਸਰਕਾਰ ਦੇ ਵਿਰੁਧ ਕਈ ਪ੍ਰਚਾਰ ਕਰਕੇ ਸਾਰੇ ਪੰਥ ਵਿਚ ਜਾਗਰਤ ਪੈਦਾ ਕਰ ਦਿੱਤੀ ਕਿ ਜੇ ਸਰਕਾਰ ਨੇ ਕੰਧ ਨਾ ਮੁਕੰਮਲ ਕੀਤੀ ਤਾਂ ਸ਼ਹੀਦੀ ਜਥੇ ਵਿਚ ਜਾਣ ਨੂੰ ਮਜਬੂਰ ਹੋਵਾਂਗੇ। ਜੋ ਸਰਕਾਰ ਨੂੰ ਮੁਕੰਮਲ ਕਰਨੀ ਪਈ ਅਤੇ ਇਸ ਦਾ ਸੇਹਰਾ ਸ: ਤੇਜਾ ਸਿੰਘ ਜੀ ਦੇ ਸਿਰ ਤੇ ਭੀ ਹੈ।

ਅਕਾਲੀ ਲਹਿਰ

ਜਦ ਮਾਸਟਰ ਸੁੰਦਰ ਸਿੰਘ ਜੀ ਲਾਇਲ ਪੁਰੀ ਨੇ ਨੰਗੇ ਧੜ ਵਾਹਿਗੁਰੂ ਦੇ ਭਰੋਸੇ ਤੇ ੨੧ ਮਈ ਸੰਨ ੧੯੨੦ ਤੋਂ ਅਕਾਲੀ ਅਖ਼ਬਾਰ ਜਾਰੀ ਕੀਤਾ ਤਾਂ ਮਾਸਟਰ ਸੁੰਦਰ ਸਿੰਘ ਜੀ ਨੂੰ ਪਿਆਰ ਨਾਲ ਆਖਿਆ ਕਿ ਤੁਸਾਂ ਅਖਬਾਰ ਬਾਰੇ ਘਬਰਾਣਾ ਨਾ, ਜੇ ਲੋੜ ਪਵੇ ਤਾਂ ਮੈਂ ਆਪ ਜੀ ਦੀ ਮਦਦ ਕਰਾਂਗਾ। ਐਸ ਵੇਲੇ ੫੦੦ ਰੁਪਿਆ ਪ੍ਰਵਾਨ ਕਰੋ।

ਜਦੋਂ ਚਿੰਗ ਤੇ ਬੋਰਿੰਗ ਵਲੋਂ ਅਕਾਲੀ ਅਖ਼ਬਾਰ ਉਪਰ ੪੦ ਹਜ਼ਾਰ ਦਾ ਦਾਵਾ ਹੋਇਆ ਤਾਂ ਕੁਝ ਸੱਜਣਾਂ ਨੇ ਕਿਹਾ ਕਿ ਲਫ਼ਜ਼ ਵਾਪਸ ਲੈ ਕੇ ਮਾਫੀ ਮੰਗ ਲੈਣੀ ਚਾਹੀਦੀ ਹੈ। ਜਿਸ ਤੇ ਆਪ ਜੀ ਨੇ ਕਿਹਾ ਕਿ ਇਹ ਦਾਵੇ ਨਨਕਾਣੇ ਸਾਹਿਬ ਦੇ ਸਾਕੇ ਸੰਬੰਧੀ ਹਨ, ਇਸ ਲਈ ਇਹ ਪੰਥ ਦੀ ਆਨ ਦਾ ਸਵਾਲ ਹੈ। ਮਾਫੀ ਮੰਗਣ ਨਾਲ ਪੰਥ ਦੀ ਹਾਨੀ ਹੈ ਤਾਂ ਵਿਚੋਂ ਕੁਝ ਸੱਜਣਾਂ ਨੇ ਕਿਹਾ ਕਿ ੪੦ ਹਜ਼ਾਰ ਕੌਣ ਭਰੇਗਾ, "ਅਕਾਲੀ ਅਖਬਾਰ ਦੇ ਸੰਬੰਧਤ ਸਾਰੇ ਸੱਜਣਾਂ ਦੀਆਂ ਜਾਇਦਾਦਾਂ ਕੁਰਕ ਹੋ ਜਾਣਗੀਆਂ। ਉਸ ਵਕਤ ਸ: ਤੇਜਾ ਸਿੰਘ ਨੇ ਕਿਹਾ, ਭਰਾਵੋ! ਕਿਉਂ ਘਬਰਾਂਦੇ ਹੋ, ਜਿੰਨੀ ਡਿੱਗਰੀ ਹੋਵੇਗੀ ਮੈਂ ਭਰ ਦਿਆਂਗਾ। ਮੈਂ ਆਪ ਨੂੰ ਮੁਰੱਬਾ ਲਿਖ ਦੇਂਦਾ ਹਾਂ, ਜੇ ਨਾ ਪੂਰਾ ਹੋਵੇ ਤਾਂ ਦੋਨੋਂ ਮੁਰੱਬੇ ਨੀਲਾਮ ਕਰਕੇ ਭਰ ਦੇਣੇ। ਸਾਰਿਆਂ ਦੀ ਤਸੱਲੀ ਹੋ ਗਈ ਤੇ ਇਸ ਵਾਸਤੇ "ਪ੍ਰਦੇਸੀ ਖਾਲਸਾ" ਰਲਾ ਕੇ "ਅਕਾਲੀ" ਤੇ ਪ੍ਰਦੇਸੀ ਅਖਬਾਰ ਕੱਢਿਆ ਗਿਆ, ਇਸ ਵਾਸਤੇ ਆਪ ਮੁਖੀਆਂ ਵਿਚੋਂ ਹਨ।

ਸ਼੍ਰੋ: ਗੁ: ਪ੍ਰ: ਕਮੇਟੀ

'ਅਕਾਲੀ' ਅਖਬਾਰ ਦੀ ਪੈਦਾ ਕੀਤੀ ਹੋਈ ਨਵੀਂ ਹਿਲ ਜੁਲ ਨੂੰ ਵੇਖ ਕੇ ਸਰਕਾਰ ਨੇ ਸੰ: ੧੯੨੨ ਵਿਚ ਹੀ ਸ੍ਰੀ ਹਰਿਮੰਦਰ ਸਾਹਿਬ ਜੀ ਦੀ ੩੬ ਆਦਮੀਆਂ ਦੀ ਕਮੇਟੀ ਨਾਮਜ਼ਦ ਕਰ ਦਿਤੀ। ਜਿਸ ਵਿਚ ਸ: ਜੀ ਦਾ ਨਾਮ ਦਰਜ ਸੀ, ਜੋ ਕਾਗਜ਼ੀ ਹੀ ਕਮੇਟੀ ਰਹਿ ਗਈ। ਨਵੰਬਰ ੧੯੨੦ ਈ: ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਹਜ਼ੂਰ ਪੰਥ ਨੇ ਸ਼੍ਰੋ: ਗੁ: ਪ੍ਰ: ਕਮੇਟੀ ਆਪ ਚੁਣੀ ਤਾਂ ਇਹ ੩੬ ਮੈਂਬਰ ਵੀ ਵਿਚ ਸ਼ਾਮਲ ਕੀਤੇ ਗਏ, ਹੁਣ ਕਮੇਟੀ ੧੩੬ ਮੈਂਬਰਾਂ ਦੀ ਬਣ ਗਈ।

॥ ਕੁਰਬਾਨੀਆਂ ਦਾ ਮੈਦਾਨ ॥

੨੦ ਫਰਵਰੀ ੧੯੨੧ ਈ: ਨੂੰ ਸ੍ਰੀ ਨਨਕਾਣਾ ਸਾਹਿਬ ਵਿਚ ਸਾਕਾ ਹੋਇਆ ਜਿਸ ਦ ਅਸਰ ਸ: ਤੇਜਾ ਸਿੰਘ ਜੀ ਦੇ ਦਿਲ ਤੇ ਬਹੁਤ ਹੋਇਆ। ਅਗਸਤ ੧੯੨੧ ਈ: ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਦੀ ਪਹਿਲੀ ਚੋਣ ਹੋਈ। ਜਿਸ ਦੇ ਪ੍ਰਧਾਨ ਸ: ਖੜਕ ਸਿੰਘ ਜੀ ਚੁਣੇ ਗਏ ਅਤੇ ਸ: ਬ: ਸ: ਮਹਿਤਾਬ ਸਿੰਘ ਜੀ ਸਕੱਤ੍ਰ ਚੁਣੇ ਗਏ, ਅਤੇ ਸਰਬਰਾਹ ਸ: ਸੁੰਦਰ ਸਿੰਘ ਜੀ ਰਾਮਗੜ੍ਹੀਏ ਤੋਂ ਸ੍ਰੀ

Digitized by Panjab Digital Library | www.panjabdigilib.org

ਦਰਬਾਰ ਸਾਹਿਬ ਜੀ ਦੀਆਂ ਚਾਬੀਆਂ ਤੇ ਸਾਰਾ ਚਾਰਜ ਸ਼੍ਰੋ: ਗੁ: ਪ੍ਰ: ਕਮੇਟੀ ਨੂੰ ਦੇਣਾ ਸੀ। ਪਰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸ: ਸੁੰਦਰ ਸਿੰਘ ਜੀ ਤੋਂ ਚਾਬੀਆਂ ਆਪ ਲੈ ਲਈਆਂ। ਜਿਸ ਤੇ ਪੰਥ ਵਿਚ ਬਹੁਤ ਹਲ ਚਲ ਮਚ ਗਈ। ਸ: ਤੇਜਾ ਸਿੰਘ ਤੇ ਬਾਬਾ ਖੜਕ ਸਿੰਘ ਆਦਿ ਦੀਆਂ ਅਜਨਾਲੇ ਵਿਚ ਪਹਿਲੀਆਂ ਗ੍ਰਿਫਤਾਰੀਆਂ ਹੋਈਆਂ। ਚਾਬੀਆਂ ਖੋਹਣ ਦੀ ਗਲਤੀ ਸਰਕਾਰ ਨੇ ਮੰਨ ਕੇ ਕੈਦੀ ਰਿਹਾ ਕਰਕੇ ੧੯ ਜਨਵਰੀ ੧੯੨੨ ਨੂੰ ਚਾਬੀਆਂ ਰੇਸ਼ਮੀ ਥੈਲੀ ਵਿਚ ਪਾ ਕੇ ਬਾਬਾ ਖੜਕ ਸਿੰਘ ਜੀ ਨੂੰ ਚਾਬੀਆਂ ਵਾਪਸ ਦੇ ਕੇ ਪੰਥਕ ਜੋਸ਼ ਨੂੰ ਧਰਵਾਸ ਦਿਤਾ। ਇਹ ਪਹਿਲੀ ਫਤਹਿ ਪ੍ਰਾਪਤ ਕਰਨ ਵਿਚ ਸ: ਤੇਜਾ ਸਿੰਘ ਜੀ ਨਾਲ ਸਨ।

## ਗੁਰੂ ਕੇ ਬਾਗ ਦਾ ਮੋਰਚਾ

ਅਗਸਤ ੧੯੨੨ ਈ: ਨੂੰ ਗੁਰੂ ਕੇ ਬਾਗ ਵਿਚੋਂ ਲਕੜਾਂ ਲੈਣ ਗਏ ਸਿੰਘ ੮ ਅਗਸਤ ਨੂੰ ੫ ਅਕਾਲੀਆਂ ਨੇ ਗੁਰਦੁਆਰਾ 'ਗੁਰੂ ਕੇ ਬਾਗ ਦੀ ਜ਼ਮੀਨ ਵਿਚੋਂ ਲੰਗਰ ਵਾਸਤੇ ਲਕੜਾਂ ਕਟੀਆਂ ਅਤੇ ੯ ਅਗਸਤ ਨੂੰ ਉਨ੍ਹਾਂ ਦੀ ਗ੍ਰਿਫਤਾਰੀ ਹੋ ਗਈ। ੨੪ ਅਗਸਤ ਤਕ ੧੧੦ ਦੇ ਕਰੀਬ ਗ੍ਰਿਫਤਾਰੀਆਂ ਹੋ ਗਈਆਂ ਅਤੇ ੨੫ ਅਗਸਤ ੧੯੨੨ ਈ: ਤੋਂ ਮਾਰ ਕੁਟਾਈ ਸ਼ੁਰੂ ਹੋ ਗਈ ਜੋ ੧੩ ਸਤੰਬਰ ਸੰ: ੧੯੨੨ ਈ: ਤਕ ਜਾਰੀ ਰਹੀ। ਇਹ ਸਮਾਂ ਪੰਥ ਲਈ ਸਖਤ ਇਮਤਿਹਾਨ ਦਾ ਸੀ। ਸਿਖ ਮੁਖੀਆਂ ਵਿਚੋਂ ਬਾਹਰ ਸ: ਤੇਜਾ ਸਿੰਘ ਜੀ ਰਹੇ ਸਨ। ਹਰ ਰੋਜ਼ ਇਕ ਸੌ ਦਾ ਜਥਾ ਤਿਆਰ ਕਰਕੇ ਮੋਰਚੇ ਲਈ ਭੇਜਣਾ। ਹਸਪਤਾਲ ਤੇ ਲੰਗਰ ਦਾ ਪਬੰਧ ਕਰਨਾ। ਇਹ ਨਵੀਂ ਤਰਾਂ ਦਾ ਸ਼ਾਂਤਮਈ ਮੋਰਚਾ ਪੰਥ ਨੇ ਪਹਿਲੀ ਵੇਰ ਹੀ ਲਾਇਆ ਸੀ। ਇਸ ਤੋਂ ਪਹਿਲੇ ਖਾਲਸਾ ਤੇਗ ਦੇ ਹੀ ਮੋਰਚੇ ਲਾਉਂਦਾ ਰਿਹਾ ਸੀ। ਇਸ ਲਈ ਅਖਾਂ ਦੇ ਸਾਹਮਣੇ ਪਵਿਤਰ ਕੇਸਾਂ ਦੀ ਬੇਅਦਬੀ ਹੁੰਦੀ ਵੇਖਣੀ, ਭਰਾਵਾਂ ਨੂੰ ਕੁਟੀਂਦੇ ਤੇ ਫਟੜ ਹੁੰਦੇ ਵੇਖਣਾ ਪੰਥ ਲਈ ਡਾਹਢਾ ਹੀ ਕਰੜਾ ਕੰਮ ਸੀ। ਸ: ਤੇਜਾ ਸਿੰਘ ਜੀ ਨੇ ਬੜੇ ਠੰਡੇ ਮਜ਼ਾਜ, ਗੰਭੀਰਤਾ ਤੇ ਦ੍ਰਿੜ੍ਹਤਾ ਤੇ ਸਿਆਣਪ ਨਾਲ ਇਸ ਮੋਰਚੇ ਨੂੰ ਕਾਮਯਾਬੀ ਨਾਲ ਨਿਭਾਇਆ, ਉਸ ਨੇ ਸ: ਤੇਜਾ ਸਿੰਘ ਜੀ ਨੂੰ ਝਟ ਪਟ ਪੰਥਕ ਮੁਖੀ ਆਗੂ ਬਣਾ ਦਿਤਾ। ਇਸ ਵੇਲੇ ਦੇ ਸਜਣ ਦਸਦੇ ਹਨ ਕਿ ਸ: ਜੀ ਨੂੰ ਕਿਸੇ ਨੇ ਟਾਈਮ ਨਾਲ ਨਾ ਖਾਣਾ ਖਾਂਦੇ, ਨਾ ਵਕਤ ਨਾਲ ਸਾਉਂਦੇ ਜਾਂ ਆਰਾਮ ਕਰਦੇ ਨਹੀਂ ਵੇਖਿਆ, ਵੇਖਿਆ ਕੀ ਕਦੇ ਲੰਗਰ ਵਲ, ਕਦੇ ਹਸਪਤਾਲ ਵਿਚ, ਕਦੇ ਜਥਾ ਤਿਆਰ ਕਰਨ ਵਲ, ਕਦੇ ਜਥਾ ਤੋਰਨ ਵਿਚ ਇਤ ਆਦਿ ਸੇਵਾ ਵਿਚ ਹੀ ਦੇਖਣਾ। ਇਕ ਦਿਨ ਦਾ ਜ਼ਿਕਰ ਹੈ ਕਿ ਪਤਾ ਲਗਾ ਕਿ ਸੂਬਾ ਨੂੰ ਜਥਾ ਨਹੀਂ ਪੂਰਾ ਹੁੰਦਾ ਤਾਂ ਆਪ ਉਸੇ ਵੇਲੇ ਆਪਣੇ ਨਗਰ ਸਰਹਾਲੀ ਇਲਾਕੇ ਵਿਚੋਂ ਸੂਬਾ ਨੂੰ ਸੌ ਸਿੰਘਾਂ ਦਾ ਜਥਾ ਤਿਆਰ ਕਰਕੇ ਲੈ ਆਏ। ਇਸ ਮੋਰਚੇ ਦੇ ਫਤਹਿ ਹੋਣ ਤੋਂ ਬਾਦ ਗੁਰਦੁਆਰੇ ਪੰਥਕ ਪ੍ਰਬੰਧ ਵਿਚ ਆਉਣ ਲਗ ਪਏ। ਗੁਰੂ ਕੇ ਬਾਗ ਦੇ ਮੋਰਚੇ ਤੋਂ ਬਾਦ ਸੁਲਾਹ ਸਫਾਈ ਨਾਲ ਗੁਰਦੁਆਰੇ ਸ਼੍ਰੋ: ਗੁ: ਪ੍ਰ: ਕਮੇਟੀ ਦੇ ਕਬਜ਼ੇ ਵਿਚ ਲਿਆਉਣ ਦੀ ਸੇਵਾ ਸ: ਤੇਜਾ ਸਿੰਘ ਜੀ ਨੇ ਜੋ ਕੀਤੀ ਹੈ ਉਹ ਅਕਾਲੀ ਲਹਿਰ ਦੇ ਇਤਿਹਾਸ ਵਿਚ ਲਿਖਣ ਵਾਲੀ ਹੈ।

## ॥ ਕੌਮੀ ਸੇਵਾ ॥

ਆਪ ਆਪਣਾ ਸਮਾਂ ਜ਼ਿਆਦਾ ਗੁਰਬਾਣੀ, ਅਭਿਆਸ ਤੇ ਗੁਰਮਤਿ ਪ੍ਰਚਾਰ ਤੇ ਖਰਚ ਕਰਿਆ ਕਰਦੇ ਸਨ, ਆਪ ਦੇ ਦਿਲ ਵਿਚ ਗੁਰਦੁਆਰਿਆਂ ਦਾ ਸੁਧਾਰ ਕਰਕੇ ਸਿਖ ਧਰਮ ਦਾ ਕੇਂਦਰ ਬਨਾਉਣ ਦੀ ਬਹੁਤ ਤੜਫ ਸੀ। ਇਸ ਵਾਸਤੇ ਬਾਬਾ ਖੜਕ ਸਿੰਘ, ਸ: ਬ: ਸ: ਮਹਿਤਾਬ ਸਿੰਘ ਮਾਸਟਰ ਤਾਰਾ ਸਿੰਘ ਜੀ ਆਦਿ ਨਾਲ ਮਿਲ ਕੇ ਅਕਾਲੀ ਲਹਿਰ ਦਾ ਮਨ ਭਾਉਂਦਾ ਫੈਲਾਉ

Digitized by Panjab Digital Library | www.panjabdigilib.org

ਵੇਖਣਾ ਚਾਹੁੰਦੇ ਸੀ ।

॥ ਨਾਭਾ ਸਵਾਲ ॥

ਨਾਭਾ, ਪਟਿਆਲਾ ਦਾ ਝਗੜਾ ਦਿਨੋ ਦਿਨ ਵਧ ਰਿਹਾ ਸੀ, ਦੋਵੇਂ ਸਿਖ ਰਿਆਸਤਾਂ ਸਨ, ਜਿਸ ਕਰਕੇ ਪੰਥ ਦਾ ਧਿਆਨ ਇਧਰ ਹੋਣਾ ਜ਼ਰੂਰੀ ਸੀ, ਪਰ ੧੯੨੩ ਈ: ਨੂੰ ਬੜੀ ਨਾਜ਼ਕ ਸੂਰਤ ਅਖਤਿਆਰ ਕਰ ਲਈ, ਪੰਥ ਦੇ ਵੈਰੀਆਂ ਨੇ ਕੁਟਲ ਨੀਤੀ ਨਾਲ ਇਸ ਝਗੜੇ ਨੂੰ ਇਤਨਾ ਵਧਾਇਆ ਕਿ ਇਸ ਦਾ ਹਾਨੀਕਾਰਕ ਸਖਤ ਅਸਰ ਪੰਥ ਉਪਰ ਪੈਂਦਾ ਦਿਸਿਆ । ਜਿਸ ਕਰ ਕੇ ਪੰਥ ਇਸ ਨੂੰ ਬੜੇ ਤੋਖਲੇ ਨਾਲ ਵੇਖਣ ਲਗਾ । ਤੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੇ ਦੋਹਾਂ ਸਿਖ ਰਾਜਿਆਂ ਦੀ ਸੁਲ੍ਹਾ ਸਫਾਈ ਕਰਾਉਣ ਦਾ ਯਤਨ ਕੀਤਾ ਅਤੇ ਇਸ ਕੰਮ ਵਿਚ ਸ: ਤੇਜਾ ਸਿੰਘ ਜੀ ਨੇ ਖਾਸ ਤੋਰ ਤੇ ਹਿਸਾ ਲਿਆ। ਪੰਥ ਦੇ ਵੈਰੀਆਂ ਦੇ ਜਾਲ ਇਤਨੇ ਫੈਲ ਚੁਕੇ ਸਨ ਅਤੇ ਉਨ੍ਹਾਂ ਦੀਆਂ ਡੂੰਘੀਆਂ ਕੁਟਲ ਚਾਲਾਂ ਇਤਨੀਆਂ ਅਸਰ ਕਰ ਚੁਕੀਆਂ ਸਨ ਕਿ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੂੰ ਸਫਲਤਾ ਪ੍ਰਾਪਤ ਨਾ ਹੋਈ । ਹੋਇਆ ਕੀ ?

੯ ਜੁਲਾਈ ੧੯੨੩ ਈ: ਦਾ ਅਭਾਗਾ ਦਿਹਾੜਾ ਜਿਸ ਦਿਨ ਮਹਾਰਾਜਾ ਸਾਹਿਬ ਨਾਭਾ ਤੋਂ ਰਾਜ ਤਾਜ ਜਬਰਦਸਤੀ ਖੋਹ ਕੇ ਡੇਹਰਾਦੂਨ ਭੇਜਿਆ ਗਿਆ । ਗੁਰੂ ਕੇ ਬਾਗ ਦੇ ਅਕਾਲੀ ਚਾਹੇ ਜੇਲ੍ਹਾਂ ਤੋਂ ਰਿਹਾਈ ਪਾ ਕੇ ਆ ਚੁਕੇ ਸਨ, ਪੰਥ ਦੀਆਂ ਧਾਰਮਕ ਮੰਗਾਂ ਪੂਰੀਆਂ ਕਰਨ ਸਬੰਧੀ ਨੌਕਰ ਸ਼ਾਹੀ ਦਾ ਵਤੀਰਾ ਨਹੀਂ ਸੀ ਬਦਲਿਆ ।

॥ ਸ਼੍ਰੋ: ਗੁ: ਪ੍ਰ: ਕਮੇਟੀ ਦੀ ਦੂਜੀ ਚੋਣ ॥

ਜੁਲਾਈ ਦੇ ਮਹੀਨੇ ਦੂਜੀ ਚੋਣ ਕਰਵਾ ਲਈ ਗਈ ਤੇ ਜੋ ਪੰਥ ਮੌਜੂਦਾ ਹਾਲਤ ਅਤੇ ਨਾਭਾ ਸਵਾਲ ਨੂੰ ਮੁਖ ਰਖ ਕੇ ਸੰਗਤਾਂ ਵਲੋਂ ਭੇਜੇ ਗਏ ਸਨ । ਆਮ ਸੰਗਤਾਂ ਦੀ ਜ਼ਬਰਦਸਤ ਆਵਾਜ਼ ਸੀ, ਕਿ ਸ: ਤੇਜਾ ਸਿੰਘ ਜੀ ਨੂੰ ਪ੍ਰਧਾਨ ਬਣਾਇਆ ਜਾਵੇ । ਆਪ ਜੀ ਦੇ ਨਾ ਮੰਨਣ ਤੇ ਸ: ਬਹਦਰ ਸ: ਮਹਿਤਾਬ ਸਿੰਘ ਜੀ ਨੂੰ ਪ੍ਰਧਾਨ ਅਤੇ ਆਪ ਜੀ ਨੂੰ ਮੀਤ ਪ੍ਰਧਾਨ ਚੁਣਿਆ ਗਿਆ । ਪੰਥ ਵਿਚ ਬਾਬਾ ਖੜਕ ਸਿੰਘ ਜੀ ਤੋਂ ਦੂਜੇ ਨੰਬਰ ਤੇ ਪੰਥ ਦੇ ਦਿਲਾਂ ਤੇ ਰਾਜ ਕਰਦੇ ਸਨ ।

੫-੬ ਅਗਸਤ ਦੀ ਮੀਟਿੰਗ ਵਿਚ ਸ਼੍ਰੋ: ਗੁ: ਪ੍ਰ: ਕਮੇਟੀ ਨੇ ਨਾਭਾ ਸਵਾਲ ਸੰਬੰਧੀ ਮਸ਼ਹੂਰ ਗੁਰਮਤਾ ਪਾਸ ਕੀਤਾ ਜਿਸ ਵਿਚ ਕਾਰਜ ਸਾਧਕ ਕਮੇਟੀ ਨੂੰ ਮਹਾਰਾਜਾ ਸਾਹਿਬ ਨਾਲ ਇਨਸਾਫ ਕਰਾਉਣ ਦਾ ਅਧਿਕਾਰ ਦਿੱਤਾ । ਨਾਭਾ ਸਵਾਲ ਨਾਲ ਦਿਲ ਚਸਪੀ ਲੈਣ ਵਾਲੇ ਸ਼੍ਰੋ: ਗੁ: ਪ੍ਰ: ਕਮੇਟੀ ਦੀ ਰਾਹੀਂ ਇਸ ਦਾ ਹਲ ਕਰਾਨ ਵਾਲੇ ਮੋਹਰੀਆਂ ਵਿਚੋਂ ਇਕ ਸਨ ।

ਆਖਰ ਸਰਕਾਰ ਨੇ ਅਕਤੂਬਰ ੧੯੨੩ ਈ: ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਤੇ ਸ਼੍ਰੋ: ਅਕਾਲੀ ਦੱਲ ਨੂੰ ਬਾਗੀ ਜਮਾਤਾਂ ਕਰਾਰ ਦੇ ਦਿੱਤਾ ਅਤੇ ਆਪ ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਦੇ ਹੋਰ ੩੬ ਮੈਂਬਰਾਂ ਨਾਲ ਗ੍ਰਿਫਤਾਰ ਕਰ ਲਿਆ ਗਿਆ ਅਤੇ ਆਪ ਉਪਰ ਸਰਕਾਰ ਦੇ ਵਿਰੁਧ ਬਗਾਵਤ ਫੈਲਾਣ, ਤੇ ਮੁਲਕ ਦਾ ਰਾਜ ਖੋਹਣ ਦੇ ਅਪਰਾਧ ਦੇ ਦੂਸ਼ਨ ਲਾ ਕੇ ਮੁਕੱਦਮਾ ਚਲਾ ਦਿੱਤਾ । ੧੩ ਅਕਤੂਬਰ ੧੯੨੩ ਈ: ਨੂੰ ਸ: ਤੇਜਾ ਸਿੰਘ ਜੀ ਹੋਰ ਸਾਥੀਆਂ ਸਮੇਤ ਅੰਮ੍ਰਿਤਸਰ ਜੇਲ੍ਹ ਵਿਚ ਦਾਖਲ ਕੀਤੇ ਗਏ ।

ਅੰਤ ਵਿਛੋੜਾ

੨੭ ਜੁਲਾਈ ੧੯੨੬ ਈ: ਨੂੰ ਅਦਾਲਤ ਲੱਗੀ । ਸ: ਤੇਜਾ ਸਿੰਘ ਜੀ ਨੇ ਅੱਜ ਕੋਈ ਢਾਈ ਤਿੰਨ ਘੰਟੇ ਗਵਾਹਾਂ ਤੇ ਜਿਰਾਹ ਕੀਤੀ, ਅਦਾਲਤ ਖਤਮ ਹੋਣ ਦੇ ਮਗਰੋਂ ਕੁਝ ਨੋਟ ਕੀਤੇ । ੪ ਵਜੇ ਦੇ ਕਰੀਬ ਆਪ ਨੂੰ ਸ: ਬਿਸ਼ਨ ਸਿੰਘ ਜੀ ਸਿੰਘਾ ਪੁਰੀਏ, ਤੇ ਸ: ਬੂਟਾ ਸਿੰਘ ਜੀ ੨੦੪ ਵਾਲੇ ਮਿਲੇ, ਮੁਲਾਕਾਤ ਹੋਈ, ਗੱਲਾਂ ਬਾਤਾਂ ਹੋਈਆਂ । ਮੁਲਾਕਾਤ ਕਰਕੇ ਆਪ ਅੰਦਰ ਗਏ ਤੇ ਆਖਿਆ, ਤਬੀਅਤ ਕੁਝ ਠੀਕ ਨਹੀਂ ਮਲੂਮ ਹੁੰਦੀ, ਛਾਤੀ ਵਿਚ ਕੁਝ ਦਰਦ ਮਲੂਮ ਹੁੰਦਾ ਹੈ । ਝੱਟ ਪੱਟ ਦੁੱਧ ਗਰਮ ਕੀਤਾ ਗਿਆ, ਅਤੇ ਡਾਕਟਰ ਨੂੰ ਬੁਲਾਇਆ ਗਿਆ । ਸਰਦਾਰ ਜੀ ਮੰਜੇ ਉਤੇ ਲੇਟ ਗਏ, ਅੱਖਾਂ ਬੰਦ ਕਰ ਲਈਆਂ, ਕਿਉਂਕਿ ਸਰਦਾਰ ਜੀ ਸੌਂ ਗਏ ।

Digitized by Panjab Digital Library | www.panjabdigilib.org

ਨੀਂਦ ਆ ਗਈ ਹੈ, ਹਾਂ ਜੀ, ਸੱਚ ਮੁੱਚ ਸ: ਤੇਜਾ ਸਿੰਘ ਸੌਂ ਗਏ। ਦੁੱਧ ਗਰਮ ਧਰਿਆਂ ਰਹਿ ਗਿਆ ਅਤੇ ਸ: ਜੀ ਦਾ ਹੰਸ ਪਿੰਜਰੇ ਨੂੰ ਛੱਡ ਕੇ ਉਡਾਰੀ ਮਾਰ ਗਿਆ। ਹਾਂ ਜੀ ੨੭ ਜੁਲਾਈ ੧੯੨੬ ਮੁਤਾਬਿਕ ੨ ਸਾਵਣ ੧੯੮੩ ਬਿ: ਸਨਿਚਰ ਵਾਰ ਸ਼ਾਮ ਦੇ ੪ ਵਜੇ ਸੰਸਾਰ ਤੋਂ ਕੂਚ ਕਰ ਗਏ। ਇਹ ਖਬਰ ਬਿਜਲੀ ਵਾਂਗ ਸਾਰੇ ਮੁਲਕ ਵਿਚ ਫੈਲ ਗਈ। ੧੮ ਜੁਲਾਈ ਆਪ ਜੀ ਦਾ ਮਿਰਤਕ ਸਰੀਰ ਮੋਟਰ ਤੇ ਅੰਮ੍ਰਿਤਸਰ ਲਿਆਂਦਾ ਗਿਆ ਤੇ ਭਾਰੀ ਮਾਤਮੀ ਜਲੂਸ ਨਾਲ ਸ਼ਾਮ ਦੇ ਸਤ ਵਜੇ ਦੇ ਕਰੀਬ ਚਾਟੀ ਵਿੰਡ ਦਰਵਾਜ਼ੇ ਬਾਹਰ ਉਸ ਜਗਾ ਸਸਕਾਰ ਕੀਤਾ ਗਿਆ ਜਿਥੇ ਸ਼ਹੀਦ ਪ੍ਰਿਥੀਪਾਲ ਸਿੰਘ ਜੀ ਦਾ ਸਸਕਾਰ ਕੀਤਾ ਗਿਆ ਸੀ।

### ਆਪ ਜੀ ਦੀ ਕਦਰ

ਪੰਥ ਨੇ ਆਪ ਜੀ ਦੀ ਕੁਰਬਾਨੀ ਦੀ ਕਦਰ ਕਰਦਿਆਂ ਆਪ ਜੀ ਦੀ ਯਾਦ ਵਿਚ ਸ: ਤੇਜਾ ਸਿੰਘ ਜੀ ਹਾਲ ਕਾਇਮ ਕੀਤਾ ਹੈ। ਜਿਸ ਦੀ ਇਮਾਰਤ ਨੂੰ ਵੇਖ ਕੇ ਆਪ ਜੀ ਦੀ ਮਨਮੋਹਣੀ ਤਸਵੀਰ ਅੱਖਾਂ ਮੂਹਰੇ ਆ ਜਾਂਦੀ ਹੈ।

ਇਹ ਕਿਉਂ ਉਸ ਵੇਲੇ ਪੰਥ ਵਿਚ ਮਲਾਪ ਦੀ ਕਾਂਗ ਜ਼ੋਰਾਂ ਪਰ ਸੀ। ਜੇ ਅੱਜ ਵਾਲਾ ਸਮਾਂ ਹੁੰਦਾ, ਸ਼ਾਇਦ ਕੋਈ ਸਾਈਨ ਬੋਰਡ ਵੀ ਨਾ ਲੱਗਦਾ।

## ਹੋਰ ਲੀਡਰ

ਗਿਆਨੀ ਸ਼ੇਰ ਸਿੰਘ ਜੀ ਠੀਕਰੀ ਵਾਲਾ ਪੜ੍ਹੋ ਸਫਾ ਨੰ: ੮੮੯ ਜਿਲਦ ਨੰ: ੨ ਵਿਚ।

ਸਿਰਕੱਢ ਲੀਡਰ ਸ: ਮੰਗਲ ਸਿੰਘ ਜੀ ਬੀ. ਏ. ਗਿੱਲ, ਪੜ੍ਹੋ ਤਹਿਸੀਲ ਲੁਧਿਆਣਾ ਦੇ ਸੂਰਬੀਰਾਂ ਵਿਚ।

Digitized by Panjab Digital Library | www.panjabdigilib.org

# ਅਕਾਲੀ ਲਹਿਰ ਦੇ ੧੯੨੧ ਤੋਂ ੧੯੨੬ ਤਕ ਦੇ ਮੁਖੀ ਲੀਡਰ ਕਵਿਤਾ ਵਿਚ ਪੜ੍ਹੋ

ਲੁਧਿਆਣਾ :

ਬਖਸ਼ੀਸ਼ ਸਿੰਘ ਭਮੱਦੀ, ਗੁਰਦਿਤ ਸਿੰਘ ਬਹਿਲੋਲ ਪੁਰ ਜੀ, ਕੁੱਦੇ ਧਾਮ ਸੁਧਾਰ ਦੀ ਲਹਿਰ ਅੰਦਰ।
ਪ੍ਰਿਥਮ ਸੈਕਟਰੀ ਪੰਡਿਤ ਕਰਤਾਰ ਸਿੰਘ ਜੀ, ਡਟੇ ਆਣ ਮਹੌਤੀ ਕਹਿਰ ਅੰਦਰ।
ਸ਼ਾਮ ਸਿੰਘ ਮੁਕੰਦ ਪੁਰ, ਮਿੱਤ ਸਿੰਘ ਜੀ ਪੰਡੋਰੀ, ਲੰਘ ਡੂੰਘਿਆਂ ਜਲਾਂ ਦੇ ਬਹਿਰ ਅੰਦਰ।
ਜਥੇਦਾਰ ਹਰਦਿੱਤ ਸਿੰਘ ਮਾਣੂੰਕਾ ਭੀ, ਆਏ ਪੇਂਡੂਆਂ ਵਾਲੀ ਲਹਿਰ ਅੰਦਰ।

ਸਿੰਘ ਸਾਹਿਬ ਬਿਸ਼ਨ ਸਿੰਘ ਜੀ ਨੇ, ਜਥੇਦਾਰੀ ਦੀ ਸ਼ਾਨ ਦਿਖਾਈ ਚੰਗੀ।
ਕੇਹਰ ਸਿੰਘ ਜੀ ਸਿੱਧਵਾਂ ਬੇਟ ਵਾਲੇ, ਸੇਵਾ ਮੁਕਤਸਰ ਵਿਚ ਨਿਭਾਈ ਚੰਗੀ।
ਜਥੇਦਾਰ ਦਲਜੀਤ ਸਿੰਘ ਲਲਤੋਂ ਤੇ, ਹੋਈ ਗੁਰੂ ਕੇ ਬਾਗ ਕੁਟਾਈ ਚੰਗੀ।
ਨਿਰੰਜਨ ਸਿੰਘ ਜੀ ਸਿੱਧਵਾਂ ਬੇਟ ਨੇ ਭੀ, ਅਣਖ ਤਖਤ ਅਕਾਲ ਦਿਖਾਈ ਚੰਗੀ।

ਜਗਤ ਸਿੰਘ ਕਮਾਲ ਪੁਰ, ਰਾਏ ਕੋਟੋਂ, ਬੇਲਾ ਸਿੰਘ ਨੇ ਸੀਰ ਰਲਾ ਦਿਤੀ।
ਈਸੇ ਵਾਲੀਏ ਬਿਰਧ ਅਲਬੇਲ ਸਿੰਘ ਨੇ, ਸੇਵਾ ਉਮਰ ਦੇ ਨਾਲ ਨਿਭਾ ਦਿਤੀ।
ਸੇਵਾ ਸਿੰਘ, ਸਰਨ ਸਿੰਘ, ਮੋਹਰ ਸਿੰਘ ਨੇ, ਹੈ ਸੀ ਬੰਨ੍ਹ ਘੁਗਰਾਣੇ ਦੀ ਵਾ ਦਿਤੀ।
ਦਿਆਲ ਸਿੰਘ ਜੀ ਨੇ ਚੁੱਪ ਤੋੜਕੇ ਤੇ, ਨੌਕਰ ਸ਼ਾਹੀ ਦੀ ਜਾਨ ਤੜਫਾ ਦਿਤੀ।

ਬਚਿਤਰ ਸਿੰਘ ਜੀ ਰਾਮ ਪੁਰ ਵਾਲਿਆਂ ਨੇ, ਕੀਤੀ ਜੇਲ੍ਹ ਦੀ ਯਾਤਰਾ ਰੱਜ ਕੇ ਤੇ।
ਮਿਤ ਸਿੰਘ ਸਿੱਧਵਾਂ ਖੁਰਦ ਤੇ ਕਲਾਂ ਦੋਵੇਂ, ਆਏ ਵਿਚ ਮੈਦਾਨ ਦੇ ਗੱਜ ਕੇ ਤੇ।
ਹਰਨਾਮ ਸਿੰਘ, ਪ੍ਰੇਮ ਸਿੰਘ, ਸਿੰਘ ਇੰਦਰ, ਆਏ ਚੌਕੀਮਾਨ ਤੋਂ ਸੱਜ ਕੇ ਤੇ।
ਮਾਸਟਰ ਹਰਨਾਮ ਸਿੰਘ ਸੇਖਾ ਰਹੇ ਕਰਦੇ, ਸੇਵਾ ਪੰਥ ਦੀ ਹਉਮੈਂ ਤੱਜ ਕੇ ਤੇ।

ਸ਼ਾਮ ਸਿੰਘ ਜਰਨੈਲ਼ ਗੁਰਧਾਮ ਅੰਦਰ, ਦੇਖ ਦੇਖ ਕੁਰੀਤੀਆਂ ਘਾਇਲ ਹੋਇਆ।
ਹਿੰਮਤ, ਬਖਸ਼ੀ ਆਪ ਕਰਤਾਰ ਐਸੀ, ਪਲਕ ਝਲਕ ਦੇ ਵਿਚ ਜਰਨੈਲ ਹੋਇਆ।
ਸੋਭਾ ਸਿੰਘ, ਵਰਿਆਮ ਸਿੰਘ ਗੁੜਿਆਂ ਦੇ, ਛੱਜਾਵਾਲ ਹਰਨਾਮ ਸਿੰਘ ਛੈਲ ਹੋਇਆ।
ਮਾਰੀ ਲੱਤ ਵਿਡਾਣੀ ਚਾਕਰੀ ਤੇ, ਸੇਵਾ ਸਿੰਘ ਕਿਰਪਾਨ ਤੇ ਮੈਲ ਹੋਇਆ।

ਗੱਜਨ ਸਿੰਘ ਸਹੌਰ ਨੇ ਓਸ ਵੇਲੇ, ਲੋਕੀ ਲੇਕਚਰਾਂ ਨਾਲ ਪ੍ਰਚਾ ਦਿਤੀ।
ਕਰਤਾਰ ਸਿੰਘ ਜਸਪਾਲੋਂ, ਸੰਤ, ਹਰਿਉਂ, ਬਣੀ ਸਰੀ ਜੋ ਸੇਵ ਨਿਭਾ ਦਿਤੀ।
ਪਾਖਰ ਸਿੰਘ, ਬਾਬੂ ਬਚਨ ਸਿੰਘ ਜੀ ਨੇ, ਹਰਦਮ ਸਿੰਘ ਨੇ ਸੀ ਬਾਜ਼ੀ ਲਾ ਦਿਤੀ।
ਮਹਿੰਦਰ ਸਿੰਘ ਜੀ ਤਖਤ ਅਕਾਲ ਉਤੇ, ਖਾ ਕੇ ਕੁੱਟ ਤਾਰੀਖ ਲਿਖਵਾ ਦਿਤੀ।

ਮੰਗਲ ਸਿੰਘ ਜੀ ਗਿੱਲ ਲਾਹੌਰੋਂ, ਕੱਢ ਅਖਬਾਰ ਅਕਾਲੀ।
ਗੁਰਧਾਮਾਂ ਦਾ ਪਿੱਟ ਢੰਡੋਰਾ, ਸੁਤੀ ਕੌਮ ਜਗਾਲੀ।
ਰਣਬੀਰ ਸਿੰਘ ਜੀ ਕਾਉਂਕੇ ਉਠੇ, ਲਾਲ ਸਿੰਘ ਨਥੋਵਾਲੀ।
ਮਾਨ ਸਿੰਘ ਤੇ ਸੋਭਾ ਸਿੰਘ ਜੀ, ਹਰਨਾਮ ਸਿੰਘ ਜੀ ਹਾਲੀ।

Digitized by Panjab Digital Library | www.panjabdigilib.org

ਕਿਸ਼ਨ ਕੌਰ ਨੇ ਉਮਰ ਆਪਣੀ, ਜੈਤੋ ਜੇਲ੍ਹ ਲੰਘਾਲੀ।
ਸ਼ੰਕਰ ਸਿੰਘ ਘੁਮਾਣ ਜ਼ਿਲੇ ਦੀ, ਚੰਗੀ ਬਾਗ ਸੰਭਾਲੀ।
ਬੰਤਾ ਸਿੰਘ ਨੇ ਆਖਿਰ, ਆ ਕੇ ਜਿੰਦ ਆਪਣੀ ਗਾਲੀ।
ਮੁਕੰਦ ਸਿੰਘ ਜੋ ਮੰਗਲੀ ਵਾਲੇ, ਪਾ ਗਏ ਭਾਈਵਾਲੀ।

ਖੜਕ ਸਿੰਘ ਸਰਦਾਰ ਸਿਆਲ ਕੋਟੀ, ਬਿਨਾਂ ਤਾਜ ਤੋਂ ਪੰਥ ਦਾ ਸ਼ਾਹ ਹੈ ਸੀ।
ਗੁਰਚਰਨ ਸਿੰਘ ਤੇ ਲਾਭ ਸਿੰਘ ਫ਼ਖ਼ਰ ਕੀਤੀ, ਖੜਕ ਸਿੰਘ ਦੇ ਨਾਲ ਸਲਾਹ ਹੈ ਸੀ।
*ਭਾ: ਦਲੀਪ ਸਿੰਘ ਬਾਹੋਵਾਲ ਵਾਲੇ ਪਏ ਆਣਕੇ ਤੇ ਏਸੇ ਰਾਹ ਹੈਸੀ।
ਹੋਰ ਸੈਂਕੜੇ ਪੇਂਡੂਆਂ ਸ਼ਹਿਰੀਆਂ ਨੂੰ, ਖੜਕ ਸਿੰਘ ਦਾ ਚੜ੍ਹਿਆ ਪਾਹ ਹੈ ਸੀ।

ਅੰਮ੍ਰਿਤਸਰ ਸੁੰਦਰ ਸਿੰਘ ਰਾਮਗੜ੍ਹੀਆ, ਅੰਮ੍ਰਤਸਰ ਦਾ ਜਾਨ।
ਜਿਵੇਂ ਮਾਨ ਸੀ ਪੰਥ ਨੂੰ, ਸੇਵਾ ਕਰੀ ਮਹਾਨ।
ਸੁੰਦਰ ਸਿੰਘ ਮਜੀਠੀਆ, ਮੁਖੀ ਚੀਫ ਦੀਵਾਨ।
ਦਿਲੋਂ ਦਰਦ ਸੀ ਰਖਦੇ, ਸਿਖੀ ਭਾਵ ਮਹਾਨ।
ਕੀ ਆਖਾਂ ਵੀਰ ਝਬਾਲੀਆਂ,† ਰੱਖ ਵਿਖਾਈ ਸ਼ਾਨ।
ਅਮਰ ਸਿੰਘ, ਜਸਵੰਤ ਸਿੰਘ, ਸਰਮੁਖ ਸਿੰਘ ਪ੍ਰਧਾਨ।
ਤੇਜਾ ਸਿੰਘ ਭੁੱਚਰ ਬੜਾ, ਹੈ ਸੀ ਹਠੀ ਜਵਾਨ।
ਕੱਚੇ ਪਿੱਲੇ ਸੋਧ ਕੇ, ਦੇਂਦਾ ਤੋੜ ਗੁਮਾਨ।
ਹਜ਼ਾਰਾ ਸਿੰਘ ਤੇ ਕੁੰਦਨ ਸਿੰਘ ਜੀ, ਸਾਵਨ ਸਿੰਘ ਪਛਾਣ।
ਸ਼ਾਮ ਸਿੰਘ ਦੀ ਬੰਸ ਅੰਸ, ਹਰਬੰਸ ਸਿੰਘ ਵਿਦਵਾਨ।
ਤੇਜਾ ਸਿੰਘ ਸੁਤੰਤਰ ਭਾਈ, ਮੂਲ ਸਿੰਘ ਪੇਚਾਨ।
ਦਾਨ ਸਿੰਘ ਵਛੋਆ, ਲੰਮ ਲੰਙਾ ਜਾਨ।
ਤੇਜਾ ਸਿੰਘ ਪਟਵਾਰੀ ਜਿਹੜੇ, ਅਕਰ ਪੁਰੀ ਸਦਵਾਨ।
ਹਰਨਾਮ ਸਿੰਘ ਭੀ ਏਸ ਪਿੰਡ ਦਾ, ਹੈਸੀ ਇੰਦ ਜਵਾਨ।
ਊਧਮ ਸਿੰਘ ਕਰਤਾਰ ਸਿੰਘ ਜੀ, ਨਾਗੋਕੇ ਦੇ ਭਾਨ।
ਅਜੇ ਤੀਕ ਨੇ ਟਹਿਕਦੇ, ਸੋਹਨ ਵਿਚ ਸਮਾਨ।
ਸਾਹਿਬ ਸਿੰਘ, ਰਵੇਲ ਸਿੰਘ, ਦਫਤਰ ਵਿਚ ਸੁਹਾਨ।
ਹਜ਼ਾਰਾ ਸਿੰਘ ਅਣਕੀਰ ਪੁਰ, ਪੰਥ ਵਿਚ ਪਰਵਾਨ।
ਹੁਕਮ ਸਿੰਘ ਜੀ ਕੋਟ ਵਸਾਊ, ਭੁਲਦੇ ਨਹੀਂ ਭਲਵਾਨ।

ਸੇਵਾ ਸਿੰਘ ਜੋ ਠੀਕਰੀ ਵਾਲੇ ਚੋਂ, ਗੁਰੂ ਧਾਮ ਦਾ ਕਰਨ ਸੁਧਾਰ ਨਿਕਲੇ।
ਜਾਨ ਵਾਰ ਗੇ ਪੰਥ ਪਰਤੱਗਿਆ ਤੇ, ਐਸੇ ਹੋ ਕੇ ਜਾਂ ਨਸਾਰ ਨਿਕਲੇ।
ਗਿ: ਸ਼ੇਰ ਸਿੰਘ ਭੀ ਪਿੱਛੇ ਰਹੇ ਨਾਹੀਂ, ਧਰਮ ਯੁਧ ਲਈ ਹੋ ਤਿਆਰ ਨਿਕਲੇ।
ਸਰਦਾਰਾ ਸਿੰਘ ਯੂਥਪ ਹਰੀ ਚੰਦ ਜੇਜੀ, ਹੋ ਕੇ ਪੰਥ ਦੇ ਗ਼ਮਖ਼ਾਰ ਨਿਕਲੇ।

---

* ਅਕਾਲੀ ਲਹਿਰ

† ਨਨਕਾਣੇ ਵਾਲੇ ਸ਼ਹੀਦ

Digitized by Panjab Digital Library | www.panjabdigilib.org

ਕੇਪਟਨ ਰਾਮ ਸਿੰਘ ਉਗੋਕੇ ਸੋਹਣ ਜੀ ਤੇ,ਕਰਤਾਰ ਸਿੰਘ ਦੀਵਾਨੇ ਜੇਹੇ ਸੋਹਲ ਨਿਕਲੇ।
ਪ੍ਰੀਤਮ ਗੁਜਰਾਂ ਤੇ ਜਥੇਦਾਰ ਰਾਮਾਂ, ਸੇਵਾ ਕਰਨ ਲਈ ਦਿਲ ਖੋਲ੍ਹ ਨਿਕਲੇ।
ਇੰਦ੍ਰ ਸਿੰਘ ਲਹਿਰੀ ਜਰਗ ਦੇ ਕੇਹਰ ਸਿੰਘ, ਛੱਡ ਘਰਾਂ ਦੇ ਚਾਉ ਤੇ ਚੋਹਲ ਨਿਕਲੇ।
ਉਜਾਗਰ ਸਿੰਘ ਭੋਰਾ ਨਿੱਕੀ ਉਮਰੇ ਈ, ਲੱਗੇ ਦਾਣਿਆਂ ਦੇ ਛੱਡ ਬੋਹਲ ਨਿਕਲੇ।
ਜਗੀਰ ਸਿੰਘ ਜੀਉ ਫੱਗੂ ਵਾਲੀਏ ਭੀ, ਘਰੋਂ ਸੇਵਾ ਦਾ ਕਰਕੇ ਪ੍ਰਣ ਨਿਕਲੇ।
ਨੰਦ ਸਿੰਘ ਉਗਰਾਹਾ ਵਿਚ ਮੋਰਚੇ ਦੇ, ਤਨੋਂ ਮਨੋਂ ਸੇਵਾ ਕਰਨ ਨਿਕਲੇ।
ਵਜ਼ੀਰ ਸਿੰਘ ਦਰਦੀ ਲੇਕੇ ਦਰਦ ਡਾਢਾ, ਨੌਕਰ ਸ਼ਾਹੀ ਦੇ ਨਾਲ ਲੜਨ ਨਿਕਲੇ।
ਯਾਰ੍ਹਾਂ ੨ ਵੇਰ ਜੇਲ੍ਹ ਦੀ ਯਾਤ੍ਰਾ ਕਰ, ਭਗਵਾਨ ਸਿਘ ਦੀ ਅਣਖ ਤੇ ਲੜਨ ਨਿਕਲੇ।

ਨਾਭਾ : ਧੰਨਾ ਸਿੰਘ ਗੁਲਸ਼ਨ, ਕਈ ਹੋਰ ਵਰਕਰ,ਏਸੇ ਲਹਿਰ 'ਚ ਘਰੋਂ ਬੇਘਰ ਹੋ ਗਏ।
ਇੰਦ੍ਰ ਸਿੰਘ ਤੇ ਕੇਹਰ ਸਿੰਘ ਮੌੜ ਦੋਵੇਂ, ਅਕਾਲੀ ਲਹਿਰ ਦੇ ਉਡਣੇ ਪਰ ਹੋ ਗਏ।
ਸਾਹਿਬ ਸਿੰਘ, ਸਲਾਣੇ ਦੇ ਸੰਤਾ ਸਿੰਘ, ਚੋਬਰ ਆਣ ਕੇ ਬੜੇ ਬੇ ਡਰ ਹੋ ਗਏ।
ਐਸੇ ਸ਼ੇਰ ਜੇ ਬੜੇ ਦਲੇਰ ਸੀ ਤਾਂ, ਅੜੇ ਮੋਰਚੇ ਪੰਥ ਦੇ ਸਰ ਹੋ ਗਏ।

ਲਾਇਲਪੁਰ : ਸੁੰਦਰ ਸਿੰਘ ਤੇ ਮੰਗਲ ਸਿੰਘ ਨੇ ਡਾਢੀ ਹਿੰਮਤ ਧਾਰ।
ਪੰਜਾਬੀ ਵਿਚ ਕੱਢਿਆ ਉਨ੍ਹਾਂ ਅਕਾਲੀ ਅਖਬਾਰ।
ਹੀਰਾ ਸਿੰਘ ਜੀ ਦਰਦ ਨੇ ਕਰਕੇ ਕਲਮ ਤਿਆਰ।
ਲਿਖੇ ਲੇਖ ਕਮਾਲ ਦੇ ਵੈਰੀ ਨੂੰ ਲਲਕਾਰ।
ਸੰਤਾਂ ਪੰਥ ਚਲਾਇਆ ਕਲਮੀ ਹੁੱਜਾਂ ਮਾਰ।
ਸਖਤੀ ਕੀਤੀ ਗੌਰਮਿੰਟ ਨੇ ਚਲੇ ਨ ਅਖਬਾਰ।
ਕੈਦਾਂ ਬਾਝ ਜ਼ਮਾਨਤਾਂ ਕੁਰਕ ਲਈਆਂ ਕਈ ਵਾਰ।
ਹਿੰਮਤ ਸੀ ਸਰਦੂਲ ਸਿੰਘ ਦੀ, ਹਰ ਚੰਦ ਸਿੰਘ ਸਰਦਾਰ।
ਉਤਰ ਦਿੱਤੇ ਠੋਕ ਕੇ ਜਦ ਸਿਰੇ ਚੜ੍ਹੀ ਸਰਕਾਰ।
ਗੁਰਮੁਖ ਸਿੰਘ ਮੁਸਾਫਰ ਦਾ ਸੀ ਕਵਿਤਾ ਨਾਲ ਪਿਆਰ।
ਛੇੜੀ ਪਹਿਲਾਂ ਦਰਦ ਨੇ ਨੈਸ਼ਨਲਇਜ਼ਮ ਦੀ ਵਾਰ।
ਤੇਜਾ ਸਿੰਘ, ਹਰਕਿਸ਼ਨ ਸਿੰਘ, ਜੇਲ੍ਹਾਂ ਦੇ ਦੀਦਾਰ।
ਕੀਤੇ ਕੋਮਲ ਜਿਸਮ ਤੇ ਸਹਿ ਕੇ ਕਸ਼ਟ ਅਪਾਰ।
ਜੋਧ ਸਿੰਘ ਨੇ ਜੋਸ਼ ਨੂੰ ਰੋਕਣ ਲਈ ਬੱਲਧਾਰ।
ਕੱਢੀ ਇਕ ਅਖਬਾਰ ਸੀ, ਆਪਣੇ ਖਿਆਲ ਅਨੁਸਾਰ।
ਭਗਤ ਜਸਵੰਤ ਸਿੰਘ ਪਿੰਡੀ ਤੋਂ ਆ ਵੜੇ ਵਿਚ ਦਰਬਾਰ।
ਗਿਆਨੀ ਸ਼ੇਰ ਸਿੰਘ ਨੇ ਡੱਟ ਕੇ ਦਸ ਦਿੱਤਾ ਇਕ ਵਾਰ।
ਲਈ ਲੀਡਰੀ ਤਾਰਾ ਸਿੰਘ ਨੇ ਆਖਰ ਕਹਿ ਕੇ ਸਤਿ ਕਰਤਾਰ।

ਮੰਗਲ ਸਿੰਘ ਜੀ ਮੁਲਤਾਨ ਅੰਦਰ, ਚੰਗੇ ਦਸਦੇ ਨੇ ਜਥੇਦਾਰ ਹੋਏ।
ਸੰਤ ਬਖਤਾਵਰ ਸਿੰਘ ਹੁਸਿਆਰ ਪੁਰ ਦੇ, ਛੱਡ ਸੰਤਤਾਈ ਸੇਵਾਦਾਰ ਹੋਏ।
ਤਾਂਹੀ ਪੰਥ ਨੇ ਚੁਕਿਆ ਸੀਸ ਉਤੇ, ਉਘੇ ਦੇਸ-ਪ੍ਰਦੇਸ ਵਿਚਕਾਰ ਹੋਏ।
ਸਿੰਘ ਸਾਹਿਬ ਫੌਜਾ ਸਿੰਘ ਜੀਉ, ਵਰਕਰ ਪੰਥ ਦੇ ਤੇਜ਼ ਰਫਤਾਰ ਹੋਏ।

Digitized by Panjab Digital Library | www.panjabdigilib.org

ਅਮਰ ਸਿੰਘ ਜੀ ਸ਼ੇਰ ਪੰਜਾਬ ਅੰਦਰ, ਸੇਵਾ ਕਲਮ ਦੀ ਕਰ ਗਏ ਢੇਰ ਜਾਣੋ।
ਕੇਹਰ ਸਿੰਘ ਪੱਟੀ ਜੁਆਨ ਦਰਸ਼ਨੀ ਸੀ, ਹੈ ਸੀ ਗੁਰੂ ਗੋਬਿੰਦ ਦਾ ਸ਼ੇਰ ਜਾਣੋ।
ਚੰਨਣ ਸਿੰਘ ਉਗਰਾ ਤੇ ਬੂਤ ਦੋਵੇਂ, ਰਹੇ ਮੋਰਚੇ ਵਿਚ ਦਲੇਰ ਜਾਣੋ।
ਕੁੰਦਨ ਸਿੰਘ ਕਾਵਾਂ ਜਥੇਦਾਰ ਈਸ਼ਰ, ਰਹੇ ਉਤਰਦੇ ਪੂਰੇ ਈ ਸ਼ੇਰ ਜਾਣੋ।

ਸ਼ੇਖੂਪੁਰਾ : ਗੁਰੂ ਧਾਮ ਸੁਧਾਰ ਦੀ ਲਹਿਰ ਅੰਦਰ, ਲਛਮਨ ਸਿੰਘ ਨੇ ਪੂਰਨਾ ਪਾ ਦਿਤਾ।
ਨਰੈਣੂ ਆਦ ਨੂੰ ਵਾਰਨਿੰਗ ਦੇਣ ਦੇ ਲਈ, ਧਾਰੋਵਾਲੀ ਦੀਵਾਨ ਸਜਾ ਦਿਤਾ।
ਜਥਾ ਲੈ ਕੇ ਜਨਮ ਸਥਾਨ ਪੁਜੇ, ਸ਼ਾਂਤਮਈ ਰਹਿ ਮੋਰਚਾ ਲਾ ਦਿਤਾ।
ਗਿਆ ਆਪ ਜਿਉਂਦਾ ਸੜ ਭਾਵੇਂ, ਗੁਰੂ ਧਾਮ ਆਜ਼ਾਦ ਕਰਵਾ ਦਿਤਾ।

ਗੁਰਦਾਸਪੁਰ: ਭਾਗ ਸਿੰਘ ਵਕੀਲ ਗੁਰਦਾਸ ਪੁਰ ਦੇ, ਸੇਵਾ ਪੰਥ ਦੀ ਕਰੀ ਨਿਸ਼ੰਗ ਹੋ ਕੇ।
ਹਰਬੰਸ ਸਿੰਘ ਘੁਮਟ ਪ੍ਰਤਾਪ ਸਿੰਘ ਜੀ, ਡਟੇ ਰਹੇ ਸੀ ਆਪ ਦੇ ਸੰਗ ਹੋ ਕੇ।
ਕੇਸਰ ਸਿੰਘ ਜੀ ਵੀਰ ਪਠਾਨਕੋਟੀ, ਕੁੰਦਨ ਸਿੰਘ ਦੇ ਨਾਲ ਸਰਬੰਗ ਹੋ ਕੇ।
ਇੰਦਰ ਸਿੰਘ ਸ਼ਾਹਪੁਰ,ਪਦੀਵਾਂ ਜੁਗਿੰਦਰ ਜੀ ਭੀ,ਰਹੇ ਚਿੰਬੜੇ ਜਬਰਜੰਗ ਹੋ ਕੇ।

ਫੀ:ਪੁਰ ਜੋਗਿੰਦਰ ਸਿੰਘ ਘਾਲੀ ਨੇ ਘਾਲੀ ਘਾਲ ਵਡੀ, ਗੁਰੂ ਧਾਮ ਅਜ਼ਾਦ ਕਰਾਉਣ ਦੇ ਲਈ।
ਕੀਤਾ ਖਾਲਸਾ ਸੇਵਕ ਅਖਬਾਰ ਜਾਰੀ, ਸੁਤ ਪਏ ਹੋਏ ਸ਼ੇਰ ਜਗਾਉਣ ਦੇ ਲਈ।
ਨਰੈਣ ਸਿੰਘ ਧੁਰਕੋਟ ਰਾਏ ਸਿੰਘ ਕੌਣੀ, ਉਠੇ ਆਕੀਆਂ ਸੋਧ ਸੁਧਾਉਣ ਦੇ ਲਈ।
ਖਜ਼ਾਨ ਸਿੰਘ ਸਿੰਘਾਂ ਵਾਲਾ, ਸੁਚਾ ਸਿੰਘ ਮੋਗਾ, ਤੁਰੇ ਜੈਤੋ ਨੂੰ ਪਾਠ ਰਖਾਉਣ ਦੇ ਲਈ।

ਸੇਵਕ ਜਗਤ ਸਿੰਘ ਤਾਰਾ ਸਿੰਘ ਜੱਜ ਆਏ, ਗੁਰਦੁਆਰਾ ਐਕਟ ਬਣਾਉਣ ਦੇ ਲਈ।
ਪ੍ਰੇਮ ਸਿੰਘ ਕੋਕਰੀ ਤੇ ਦਰਬਾਰਾ ਸਿੰਘ ਮੱਲ੍ਹਣ, ਪੁਜੇ ਮੋਰਚੇ ਨੂੰ ਸਿਰੇ ਲਾਉਣ ਦੇ ਲਈ।
ਈਸ਼ਰ ਸਿੰਘ ਅਜੈਬ ਸਿੰਘ ਸ਼ੇਰ ਜਾਣੋ, ਆਏ ਪੰਥ ਦੀ ਸ਼ਾਨ ਵਧਾਉਣ ਦੇ ਲਈ।
ਹਰਨਾਮ ਸਿੰਘ ਕੱਬਰ ਵੱਛਾ ਜੇਹੇ ਕੱਦਾਵਰ, ਚੜ੍ਹੇ ਆਕੀਆਂ ਤਾਈਂ ਸਮਝਾਉਣ ਦੇ ਲਈ।

ਇੰਦਰ ਸਿੰਘ ਕੋਟ ਕਰੋੜ, ਬਾਬਾ ਸੁਲਤਾਨ ਸਿੰਘ ਜੀ, ਜਥੇਬੰਦ ਹੋ ਕੇ ਚਾਲੇ ਪਾ ਦਿਤੇ।
ਉਜਾਗਰ ਸਿੰਘ ਬੰਬੀਹੇ ਭਾਈ ਕੇ ਨੇ, ਡੇਰੇ ਵਿਚ ਪ੍ਰਕਰਮਾਂ ਦੇ ਲਾ ਦਿਤੇ।
ਕਿਰਪਾਲ ਸਿੰਘ, ਦੁਲਾ ਸਿੰਘ ਤੇ ਸੁਚਾ ਸਿੰਘ ਰੋਡੇ, ਜੈਤੋ ਜਾ ਕੇ ਹੱਥ ਦਿਖਾ ਦਿਤੇ।
ਈਸ਼ਰ ਸਿੰਘ ਮਾਣੂੰਕੇ ਤੇ ਕੇਸਰ ਸਿੰਘ ਡਾਲੇ, ਗੁਰੂ ਧਾਮਾਂ ਚੋਂ ਦੁਸ਼ਟ ਭਜਾ ਦਿਤੇ।

ਲਾਹੌਰ: ਤਾਰਾ ਸਿੰਘ ਠੇਠਰ ਸਣੇ ਭਾਈਆਂ ਦੇ, ਸੇਵਾ ਪੰਥ ਦੀ ਕਰੀ ਨਿਰਮਾਣ ਹੋ ਕੇ।
ਭਗਵਾਨ ਸਿੰਘ ਤੇ ਦਲੀਪ ਸਿੰਘ ਨੇ ਹੋ ਅਗੇ, ਦੱਸੀ ਪੰਥ ਦੀ ਸ਼ਾਨ ਵਧਾ ਕੇ ਤੇ।

Digitized by Panjab Digital Library | www.panjabdigilib.org

# ਪਾਠਕ ਜੀ

ਇਹ ਭਾਗ ਲਿਖਣ ਵਿਚ ਦਾਸ ਨੇ ਪੂਰਾ ਪੂਰਾ ਯਤਨ ਕੀਤਾ ਹੈ ਕਿ ਹਰ ਇਕ ਸੰਭਵ ਸੋਮੇਂ ਤੋਂ ਮਸਾਲਾ ਇਕੱਠਾ ਕੀਤਾ ਜਾਵੇ ਪ੍ਰੰਤੂ ਇਹ ਕੰਮ ਇਤਨਾਂ ਮਹਾਨ ਹੈ ਕਿ ਕਿਸੇ ਲਿਖਾਰੀ ਨੂੰ ਇਹ ਯਕੀਨ ਹੋਣਾ ਅਸੰਭਵ ਹੈ ਕਿ ਇਸ ਮਸਾਲੇ ਸਬੰਧੀ ਉਸ ਦੀ ਲਿਖਤ ਹੀ ਇਤਹਾਸਕ ਪੌੜੀ ਦਾ ਅਖੀਰੀ ਟੰਬਾ ਹੈ, ਸੰਭਵ ਹੈ ਕਿ ਜਿਨ੍ਹਾਂ ਵਿਸ਼ਿਆਂ ਤੇ ਇਸ ਭਾਗ ਵਿਚ ਵਿਚਾਰ ਕੀਤੀ ਗਈ ਹੈ ਉਨ੍ਹਾਂ ਸੰਬਧੀ ਹੋਰ ਮਸਾਲਾ ਅਮਰੀਕਾ, ਕੈਨੇਡਾ, ਏਸ਼ੀਆ, ਟਾਪੂਆਂ (ਸਿੰਘਾ ਪੁਰ) ਹਾਂਗ ਕਾਂਗ ਸ਼ੰਘਈ ਆਦਿ ਵਿਚ ਜਾਂ ਕੋਈ ਹੋਰ ਸਜਣਾਂ ਪਾਸ ਹੋਵੇ ਅਜਿਹਾ ਮਸਾਲਾ ਪ੍ਰਾਪਤ ਹੋਣ ਤੇ ਇਸ ਇਤਹਾਸ ਦੀਆਂ ਮੁੜ ਫੇਰ ਛਪਣ ਵਾਲੀਆਂ ਸੈਂਚੀਆਂ ਵਿਚ ਲੋੜੀਂਦਾ ਯੋਗ ਵਾਧਾ ਕੀਤਾ ਜਾ ਸਕਦਾ ਹੈ। ਇਸ ਲਈ ਆਸ ਕੀਤੀ ਜਾ ਸਕਦੀ ਹੈ ਕਿ ਪਰਦੇਸੀ ਪਾਠਕ ਖਾਸ ਤੌਰ ਤੇ ਇਸ ਪਾਸੇ ਧਿਆਨ ਦੇਣ ਗੇ ਸਬੰਧਤ ਮਸਾਲਾ ਦਾਸ ਪਾਸ ਪੁਚਾ ਕੇ ਪ੍ਰਬੰਧਕਾਂ ਵਲੋਂ ਧੰਨਵਾਦ ਦੇ ਭਾਗੀ ਬਣੋਗੇ।

ਮੈ ਹਾਂ ਆਪ ਜੀ ਦੀ ਕ੍ਰਿਪਾ ਦਾ ਪਾਤ੍ਰ

**ਦਾਸ ਵਿਸਾਖਾ ਸਿੰਘ ਸੰਤ ਸਿਪਾਹੀ**

ਪੰਥਕ ਗੁ: ਸਾਹਿਬ ਕਿਸ਼ਨ ਪੁਰਾ ਕਲਾਂ

(ਜ਼ਿਲਾ ਫੀਰੋਜ਼ਪੁਰ)

Digitized by Panjab Digital Library | www.panjabdigilib.org

# ਬਬਰ ਅਕਾਲੀ ਲਹਿਰ

Digitized by Panjab Digital Library | www.panjabdigilib.org

# ਬਬਰ ਅਕਾਲੀ ਲਹਿਰ ਦਾ ਇਤਿਹਾਸ

ਜਿਸ ਸਮੇਂ ਅਕਾਲੀ ਲਹਿਰ ਜੋਬਨ ਪਰ ਸੀ ਤੇ ਹਕੂਮਤ ਸਿੱਖਾਂ ਦੇ ਪੰਥਕ ਜੋਸ਼ ਨੂੰ ਖਤਮ ਨਾ ਕਰ ਸਕੀ ਤਾਂ ਉਸ ਨੇ "ਪਾੜੋ ਤੇ ਰਾਜ ਕਰੋ" ਦੀ ਪਾਲਸੀ ਪਰ ਅਮਲ ਕਰਦੇ ਹੋਏ ਸਿੱਖ ਜਨਤਾ ਨੂੰ ਦੋ ਹਿਸਿਆਂ ਵਿਚ ਵੰਡ ਦਿਤਾ। ਇਕ ਪਾਸੇ ਅਕਾਲੀ ਲਹਿਰ ਵਿਚ ਤਨ, ਮਨ ਤੇ ਧਨ ਕਰਕੇ ਸੇਵਾ ਕਰਨ ਵਾਲਿਆਂ ਵਿਰੁਧ ਝੂਠੀਆਂ ਡਾਇਰੀਆਂ ਤੇ ਗਵਾਹੀਆਂ ਦੇ ਕੇ ਸਰਕਾਰ ਪਾਸੋਂ ਇਨਾਮ, ਚਿੱਠੀਆਂ ਤੇ ਮੁਰੱਬੇ ਪ੍ਰਾਪਤ ਕਰਨ ਵਾਲੇ ਗਰਜ਼ੀ ਲੋਕਾਂ।

ਗੁਰਦਵਾਰਾ ਸੁਧਾਰ ਲਹਿਰ ਤੇ ਦੇਸ਼ ਨੂੰ ਆਜ਼ਾਦ ਕਰਾਉਣ ਦੀ ਲਹਿਰ ਦਾ ਆਪੋ ਵਿਚ ਗੂਹੜਾ ਸੰਬੰਧ ਸੀ ਕਿਉਂਕਿ ਦੋਹਾਂ ਦਾ ਮਕਸਦ ਅੰਗਰੇਜ਼ੀ ਰਾਜ ਨੂੰ ਕਮਜ਼ੋਰ ਕਰਨਾ ਸੀ ਤੇ ਜਨਤਾ ਵਿਚ ਸਰਕਾਰ ਵਿਰੁਧ ਰੋਸ ਪੈਦਾ ਕਰਨਾ ਸੀ। ਝੋਲੀ-ਚੁਕ ਸਰਕਾਰ ਨੂੰ ਇਹ ਪਤਾ ਦਿੰਦੇ ਸਨ ਕਿ ਕੇਹੜਾ ਆਦਮੀ ਸਰਕਾਰ ਦੇ ਵਿਰੁਧ ਹੈ ਤਾਕਿ ਸਰਕਾਰ ਉਸ ਵਿਰੁਧ ਕਾਰਵਾਈ ਕਰ ਸਕੇ। ਇਸ ਦਾ ਸਿਟਾ ਇਹ ਨਿਕਲਿਆ ਕਿ ਪੁਰਾਤਨ ਸਮੇਂ ਵਾਂਗ ਇਕ ਤਰਾਂ ਨਾਲ ਗਰਜ਼ੀ ਲੋਕ ਪੰਥ-ਸੇਵਕਾਂ ਤੇ ਦੇਸ਼-ਭਗਤਾਂ ਦੀਆਂ ਜ਼ਿੰਦਗੀਆਂ ਨੂੰ ਖਤਰੇ ਵਿਚ ਪਾ ਕੇ ਉਨਾਂ ਦੇ ਸਿਰ ਦਾ ਸਰਕਾਰ ਪਾਸੋਂ ਮੁਲ ਵਸੂਲ ਕਰਨ ਲਗ ਪਏ। ਸਰਕਾਰ ਪ੍ਰਸਤਾਂ ਦੀਆਂ ਇਹਨਾਂ ਘਿਰਣਿਤ ਕਾਰਵਾਈਆਂ ਵਿਰੁਧ ਜਨਤਾ ਵਿਚ ਜੋ ਰੋਸ ਪੈਦਾ ਹੋਇਆ ਉਸ ਵਿਚੋਂ ਬਬਰ ਅਕਾਲੀ ਲਹਿਰ ਦਾ ਜਨਮ ਹੋਇਆ। ਕਿਉਂਕਿ ਅਕਾਲੀ ਲਹਿਰ ਵਿਚ ਗੁਰੂ ਕੇ ਬਾਗ ਦੀ ਮਾਰ ਨੇ ਦੁਨੀਆਂ ਵਿਚ ਤਰਥੱਲੀ ਮਚਾ ਦਿਤੀ ਸੀ ਤੇ ਬੀਰ ਰਸ ਵਾਲੇ ਸਿੰਘ ਸ਼ਾਂਤਮਈ ਰਹਿ ਕੇ ਮਾਰ ਖਾਣ ਤੇ ਗੁਰੂ ਸਾਹਿਬ ਦੀ ਨਿੰਦਿਆ ਸੁਣਨਾ ਪੰਥ ਦੀ ਹਤਕ ਸਮਝਦੇ ਸਨ।

ਪੰਥਕ ਜਥੇਬੰਦੀਆਂ ਦੇ ਹੁਕਮ ਅਨਸਾਰ ਜਿਹੜੇ ਅਕਾਲੀ ਵਰਕਰ ਸੇਵਾ ਦੇ ਮੈਦਾਨ ਵਿਚ ਨਿਤਰਦੇ ਸਨ, ਉਨ੍ਹਾਂ ਪਰ ਪੁਲਸ ਇਤਨੀਆਂ ਸਖਤੀਆਂ ਕਰਦੀ ਸੀ ਕਿ ਉਨ੍ਹਾਂ ਵਿਚੋਂ ਬਹੁਤਿਆਂ ਦਾ ਜੀਵਨ ਦੁਭਰ ਹੋ ਜਾਂਦਾ ਸੀ। ਕੁਟ ਮਾਰ ਨਾਲ ਸਰੀਰ ਵਿਚ ਕਈ ਪ੍ਰਕਾਰ ਦੀਆਂ ਕਮਜ਼ੋਰੀਆਂ ਪੈਦਾ ਹੋ ਜਾਂਦੀਆਂ ਸਨ ਜਿਨ੍ਹਾਂ ਦਾ ਸਦਕਾ ਉਹ ਸਾਰੀ ਉਮਰ ਜ਼ਿੰਦਗੀ ਤੇ ਮੌਤ ਦੇ ਦਰਮਿਆਨ ਲਟਕਦੇ ਰਹਿੰਦੇ ਸਨ। ਨਾ ਉਨ੍ਹਾਂ ਨੂੰ ਜੀਵਨ ਵਿਚ ਸੁਆਦ ਆਉਂਦਾ ਸੀ ਅਤੇ ਨਾ ਹੀ ਮੌਤ ਇਨ੍ਹਾਂ ਦੁਖਾਂ ਤੋਂ ਖਲਾਸੀ ਕਰਦੀ ਸੀ। ਦੂਜੇ ਪਾਸੇ ਗਰਜ਼ੀ ਲੋਕ ਸਰਕਾਰ ਪਾਸੋਂ ਇਨਾਮ ਤੇ ਮੁਰੱਬੇ ਲੈ ਕੇ ਐਸ਼ ਉਡਾਂਦੇ ਸਨ। ਕੌਮੀ ਸੇਵਕਾਂ ਦੇ ਘਰਾਂ ਵਿਚ ਭੰਗ ਭੁਜਦੀ ਸੀ ਤੇ ਗਰਜ਼ੀ ਲੋਕ ਮੌਜਾਂ ਲੁਟਦੇ ਸਨ। ਸਰਕਾਰ ਨੇ ਇਹ ਦਸ਼ਾ ਜਾਣ ਬੁਝ ਕੇ ਪੈਦਾ ਕੀਤੀ ਸੀ ਤਾਕਿ ਲੋਕ ਦੇਸ਼ ਸੇਵਾ ਦੇ ਕਠਨ ਮਾਰਗ ਪਰ ਤੁਰਨ ਦੀ ਥਾਂ ਸਰਕਾਰ ਦੇ ਪੱਖੀ ਬਣ ਜਾਣ ਤੇ ਸਰਕਾਰ ਵਿਰੁਧ ਚਲ ਰਹੀਆਂ ਲਹਿਰਾਂ ਖਤਮ ਹੋ ਜਾਣ।

ਇਸ ਬੇ-ਮੇਚ ਹਾਲਤ ਨੇ ਅਕਾਲੀਆਂ ਦੇ ਇਕ ਹਿਸੇ ਵਿਚ ਇਤਨਾ ਰੋਸ ਪੈਦਾ ਕਰ ਦਿਤਾ ਕਿ ਉਹ ਪੰਥਕ ਜਥੇਬੰਦੀਆਂ ਦੇ ਹੁਕਮ ਤੇ ਡਸਿੱਪਲਨ ਦੀਆਂ ਹੱਦਾਂ ਉਲੰਘਣ ਲਈ ਮਜਬੂਰ ਹੋ ਗਏ। ਉਨ੍ਹਾਂ ਨੇ ਅਨਭਵ ਕੀਤਾ ਕਿ ਜੇਹੜੇ ਝੋਲੀ ਚੁਕ ਆਪਣੇ ਭਰਾਵਾਂ ਦੀਆਂ ਜ਼ਿੰਦਗੀਆਂ ਖਤਰੇ ਵਿਚ ਪਾ ਕੇ ਸਰਕਾਰ ਪਾਸੋਂ ਇਨਾਮ ਲੈਂਦੇ ਹਨ, ਉਨ੍ਹਾਂ ਦਾ ਸਫਾਇਆ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਇਹ ਸਬਕ ਸਿਖਾਇਆ ਜਾਵੇ ਕਿ ਆਪਣੇ ਭਰਾਵਾਂ ਨਾਲ ਗ਼ਦਾਰੀ ਕਰਨ ਦੀ ਸਜ਼ਾ ਦੇਣ ਵਾਲੇ ਸੂਰਬੀਰ ਬੱਬਰ ਅਕਾਲੀ ਭੀ ਮੌਜੂਦ ਹਨ। ਇਸ ਲਈ ਜੇ ਤੁਸੀਂ ਆਪਣੀਆਂ ਕਾਲੀਆਂ ਕਰਤੂਤਾਂ ਤੋਂ ਬਾਜ਼ ਨਾ ਆਏ, ਤਾਂ ਤੁਹਾਨੂੰ ਕੀਤੀ ਦਾ ਫੱਲ ਭੁਗਤਣਾ ਪਵੇਗਾ। ਬੱਬਰ ਅਕਾਲੀਆਂ ਨੇ ਆਪੋ ਵਿਚ ਮੀਟਿੰਗ ਕਰਕੇ ਸਭ

Digitized by Panjab Digital Library | www.panjabdigilib.org

ਤੋਂ ਪਹਿਲਾਂ ਇਕ ਭੜਥੂ ਪ੍ਰੈਸ ਜਾਰੀ ਕੀਤਾ, ਜਿਸ ਵਿਚ ਬੱਬਰ ਅਕਾਲੀ ਨਾਮ ਦਾ ਅਖਬਾਰ ਛਾਪ ਕੇ ਵੰਡਿਆ ਜਾਂਦਾ ਸੀ। ਇਸ ਅਖਬਾਰ ਰਾਹੀਂ ਝੋਲੀ ਚੁਕਾਂ ਨੂੰ ਚਿਤਾਵਨੀ ਕਰਾਈ ਜਾਂਦੀ ਸੀ ਕਿ ਉਹ ਆਪਣੇ ਅਕਾਲੀ ਭਰਾਵਾਂ ਤੇ ਦੇਸ਼ ਭਗਤਾਂ ਵਿਰੁਧ ਝੂਠੀਆਂ ਗਵਾਹੀਆਂ ਅਤੇ ਡਾਇਰੀਆਂ ਦੇਣ ਤੋਂ ਸੰਕੋਚ ਕਰਨ, ਨਹੀਂ ਤਾਂ ਉਨ੍ਹਾਂ ਵਿਰੁਧ ਸਖਤ ਕਦਮ ਉਠਾਇਆ ਜਾਵੇਗਾ।

ਅਕਾਲੀ ਲਹਿਰ ਨੂੰ ਦਬਾਉਣ ਲਈ ਸਰਕਾਰ ਨੇ ਜੋ ਸਖਤੀਆਂ ਕੀਤੀਆਂ, ਉਨ੍ਹਾਂ ਨੂੰ ਸਹਿ ੨ ਕੇ ਅਕਾਲੀ ਸਿੰਘਾਂ ਦੇ ਸਬਰ ਦਾ ਪਿਆਲਾ ਛਲਕ ਪਿਆ। ਸਭ ਤੋਂ ਪਹਿਲਾਂ ਬਬਰ ਅਕਾਲੀ ਲਹਿਰ ਦੇ ਮੋਢੀ ਜਥੇਦਾਰ ਕਿਸ਼ਨ ਸਿੰਘ ਜੀ ਗੜਗੱਜ,ਪਿੰਡ ਬੜਿੰਗ ਜ਼ਿਲਾ ਜਲੰਧਰ, ਬਾਬੂ ਸੰਤਾ ਸਿੰਘ ਜੀ ਸੈਕਟ੍ਰੀ ਪਿੰਡ ਛੋਟੀ ਹਰਿਉਂ ਜ਼ਿਲਾ ਲੁਧਿਆਣਾ, ਸ: ਊਧਮ ਸਿੰਘ ਜੀ ਪੰਡੋਰੀ ਨਿੱਝਰਾਂ ਜ਼ਿ: ਜਾਲੰਧਰ, ਸ: ਮਿਲਖਾ ਸਿੰਘ ਜੀ ਪੰਡੋਰੀ ਨਿੱਝਰਾਂ, ਸ: ਬੇਲਾ ਸਿੰਘ ਪਰਾਗ ਪੁਰ ਜ਼ਿਲਾ ਜਾਲੰਧਰ। ਇਹ ਪੰਜੇ ਸਿੰਘ ਇਕੱਠੇ ਹੋਕੇ ਸ੍ਰੀ ਅੰਮ੍ਰਿਤਸਰ ਸਾਹਿਬ ਗਏ ਅਤੇ ਸ੍ਰੀ ਅਕਾਲ ਤਖਤ ਸਾਹਿਬ ਪਰ ਹਾਜ਼ਰ ਹੋ ਕੇ ਇਨ੍ਹਾਂ ਨੇ ਇਹ ਆਗਿਆ ਮੰਗੀ ਕਿ ਸਾਨੂੰ ਝੋਲੀ ਚੁਕਾਂ ਨੂੰ ਸਜ਼ਾ ਦੇਣ ਤੇ ਤਸ਼ੱਦਦ ਵਰਤਨ ਦੀ ਆਗਿਆ ਦਿਤੀ ਜਾਵੇ। ਇਕ ਜ਼ੁਮੇਂਵਾਰ ਧਾਰਮਕ ਸੰਸਥਾ ਦੇ ਆਗੂ ਲਈ ਇਹ ਮੁਸ਼ਕਲ ਸੀ ਕਿ ਉਹ ਸਿੰਘਾਂ ਨੂੰ ਤਸ਼ੱਦਦ ਕਰਨ ਦੀ ਆਗਿਆ ਦੇ ਕੇ ਖੁਲ੍ਹੀ ਬਗ਼ਾਵਤ ਕਰਾਉਣ ਦਾ ਭਾਗੀ ਬਣੇ। ਇਸ ਲਈ ਜਥੇਦਾਰ ਸ੍ਰੀ ਅਕਾਲ ਤਖਤ ਨੇ ਉਕਤ ਸਿੰਘਾਂ ਦੇ ਮਨ ਸ਼ਾਂਤ ਕਰਨ ਲਈ ਤੇ ਡਸਿੱਪਲਨ ਵਿਚ ਰਹਿਣ ਲਈ ਜ਼ਰੂਰੀ ਸਿੱਖਿਆ ਦਿੱਤੀ ਪ੍ਰੰਤੂ ਸਿੰਘਾਂ ਨੇ ਆਪਣਾ ਇਰਾਦਾ ਨਾ ਬਦਲਿਆ। ਵਾਪਸ ਆ ਕੇ ਉਨ੍ਹਾਂ ਨੇ ਆਪਣੇ ਸਾਥੀਆਂ ਨੂੰ ਸਾਰੀ ਗੱਲ ਦੱਸੀ ਅਤੇ ਫੈਸਲਾ ਕੀਤਾ ਕਿ ਅਸੀਂ ਆਪਣੇ ਫੈਸਲਿਆਂ ਦੀ ਜ਼ਿੰਮੇਂ-ਵਾਰੀ ਹੋਰ ਕਿਸੇ ਪਰ ਨਾ ਸੁਟਦੇ ਹੋਏ ਜੇਹੜੀ ਗੱਲ ਠੀਕ ਸਮਝਦੇ ਹਾਂ, ਮਜ਼ਬੂਤ ਇਰਾਦੇ ਨਾਲ ਕਰੀਏ।

ਇਨ੍ਹਾਂ ਸਿੰਘਾਂ ਨੇ ਇਹ ਭੀ ਅਨਭਵ ਕੀਤਾ ਕਿ ਜੇ ਅਸੀਂ ਤਸ਼ੱਦਦ ਦੀ ਖੁਲੀ ਵਰਤੋਂ ਕਰਕੇ ਝੋਲੀ ਚੁਕਾਂ ਵਿਰੁਧ ਸਖਤ ਕਦਮ ਉਠਾਏ ਤਾਂ ਸਰਕਾਰ ਇਸਦੀ ਜ਼ੁਮੇਂਵਾਰੀ ਸਮੁਚੀ ਅਕਾਲੀ ਲਹਿਰ ਪਰ ਸੁਟਕੇ ਉਸਨੂੰ ਬਦਨਾਮ ਕਰਨ ਦਾ ਯਤਨ ਕਰੇਗੀ, ਇਸ ਲਈ ਐਸੇ ਢੰਗ ਵਰਤੇ ਜਾਣ ਜਿੰਨਾ ਦੁਆਰਾ ਇਹ ਪ੍ਰਗਟ ਕੀਤਾ ਜਾ ਸਕੇ ਕਿ ਇਹ ਲਹਿਰ ਅਕਾਲੀ ਲਹਿਰ ਨਾਲੋਂ ਵਖਰੀ ਹੈ ਅਤੇ ਇਸ ਦੀ ਜ਼ੁਮੇਂਵਾਰੀ ਕੁਝ ਇਕ ਸਿੰਘਾਂ ਪਰ ਹੈ। ਅਕਾਲੀ ਲਹਿਰ ਦੇ ਸਾਰੇ ਆਗੂਆਂ, ਜਾਂ ਸਮੁੱਚੀ ਸਿਖ ਕੌਮ ਪਰ ਨਹੀਂ। ਇਸ ਗੱਲ ਨੂੰ ਪ੍ਰਗਟ ਕਰਨ ਲਈ ਬੱਬਰ ਅਕਾਲੀਆਂ ਨੇ ਆਪਣੇ ਨਾਮ ਅਖਬਾਰ ਬੱਬਰ ਅਕਾਲੀ ਤੇ ਇਸ਼ਤਿਹਾਰਾਂ ਰਾਹੀਂ ਪ੍ਰਗਟ ਕਰਨ ਦਾ ਫੈਸਲਾ ਕੀਤਾ ਤਾਂਕਿ ਨਿਰਦੋਸ਼ ਅਕਾਲੀਆਂ ਨੂੰ ਗ੍ਰਿਫਤਾਰ ਕਰਕੇ ਸਰਕਾਰ ਸਖਤੀਆਂ ਦਾ ਸ਼ਿਕਾਰ ਨਾ ਬਣਾਵੇ। ਬੱਬਰ ਅਕਾਲੀਆਂ ਵਿੱਚ ਇਹ ਕਮਾਲ ਦੀ ਦਲੇਰੀ ਸੀ ਕਿ ਉਹ ਕਰੇ ਕੋਈ ਤੇ ਭਰੇ ਕੋਈ ਦੀ ਮਸਾਲ ਸਿੱਖ ਕੌਮ ਵਿੱਚ ਕਾਇਮ ਨਹੀਂ ਹੋਣ ਦੇਣਾ ਚਾਹੁੰਦੇ ਸਨ। ਉਨ੍ਹਾਂ ਦਾ ਖਿਆਲ ਸੀ ਕਿ ਐਕਸ਼ਨ ਕਰਨ ਤੋਂ ਪਿਛੋਂ ਇਹ ਗੱਲ ਚੰਗੀ ਤ੍ਰਾਂ ਪ੍ਰਗਟ ਕਰ ਦਿੱਤੀ ਜਾਇਆ ਕਰੇ ਕਿ ਇਹ ਕੇਹੜੇ ਕੇਹੜੇ ਸਿੰਘਾਂ ਨੇ ਕੀਤਾ ਹੈ।

ਬੱਬਰ ਅਕਾਲੀ ਪਾਰਟੀ ਨੇ ਆਪਣੇ ਜ਼ਿਲੇ, ਤਹਿਸੀਲਾਂ ਤੇ ਹਾਈ ਕੋਰਟ ਆਦਿਕਾ ਦੇ ਸੰਕੇਤਕ ਨਾਂ ਰਖੇ ਹੋਏ ਸਨ। ਮਸਲਨ ਪਰਾਗ ਪੁਰ ਤਹਿਸੀਲ ਪੰਡੋਰੀ ਨਿਝਰਾਂ ਤੇ ਹਾਈ ਕੋਟ ਜਸੋ ਵਾਲ ਜ਼ਿਲਾ ਹੁਸ਼ਿਆਰ ਪੁਰ ਵਿੱਚ ਕਾਇਮ ਕੀਤਾ ਗਿਆ ਸੀ। ਜੇਹੜੇ ਪਾਰਟੀ ਮੈਂਬਰ ਪਾਰਟੀ ਨਿਯਮਾਂ ਦੀ ਉਲੰਘਣਾ ਕਰਦੇ ਸਨ ਉਨ੍ਹਾਂ ਨੂੰ ਹਾਈ ਕੋਟ ਤੋਂ ਸਜ਼ਾ ਮਿਲਦੀ ਸੀ। ਪਾਰਟੀਵਲੋਂ ਜ਼ਖਮੀਆਂ ਦੀ ਮਰਹਮ ਪੱਟੀ ਕਰਨ ਲਈ ਗੁ: ਕਿਸ਼ਨ ਪੁਰਾ ਵਿਚ ਹਸਪਤਾਲ ਕਇਮ ਕੀਤਾ ਗਿਆ ਸੀ ਡਾਕਟਰ ਦੀ ਸੇਵਾ ਸ੍ਰ ਮਿੱਤ ਸਿੰਘ ਜੀ ਕਰਦੇ ਸਨ। ਪਾਰਟੀ ਦੇ ਨਿਯਮਾਂ ਅਨੁਸਾਰ ਇਸਤ੍ਰੀਆਂ ਦੀ ਬੇ-ਪਤੀ ਕਰਨੀ

Digitized by Panjab Digital Library | www.panjabdigilib.org

ਗਹਿਣੇ ਉਤਾਰਨੇ ਅਤੇ ਗ਼ਰੀਬਾਂ ਨੂੰ ਸਤਾਉਣਾ ਸਖਤ ਮਨਾਹ ਸੀ।

ਬਬਰ ਅਕਾਲੀ ਪਾਰਟੀ ਦੇ ਇਕ ਮੁਖੀ ਮੈਂਬਰ ਨੇ ਦੱਸਿਆ ਕਿ ਇਸ ਪਾਰਟੀ ਦੇ ਵਜੂਦ ਵਿਚ ਆਉਣ ਦਾ ਇਕ ਕਾਰਨ ਸ੍ਰੀਮਾਨ ਮਾਸਟਰ ਮੋਤਾ ਸਿੰਘ ਜੀ ਅਨੰਦ ਪੁਰੀ ਦੀਆਂ ਜੋਸ਼ੀਲੀਆਂ ਤਕਰੀਰਾਂ ਸਨ। ਜਿਸ ਕਰਕੇ ਬਬਰ ਅਕਾਲੀਆਂ ਦਾ ਕੇਂਦਰ ਦੁਆਬਾ ਬਣਿਆ ਪ੍ਰੰਤੂ ਪਿਛੋਂ ਇਹ ਲਹਿਰ ਫੈਲ ਕੇ ਮਾਲਵੇ ਵਿਚ ਜਾ ਵੜੀ। ਜਿਸ ਕਰਕੇ ਮਾਲਵੇ ਦੇ ਸੂਰਬੀਰਾਂ ਨੇ ਉਹ ਸ਼ਾਨਦਾਰ ਕਾਰਨਾਮੇ ਕੀਤੇ ਜਿਨ੍ਹਾਂ ਪਰ ਸਿੱਖ ਪੰਥ ਬਜਾ ਤੌਰ ਪਰ ਮਾਣ ਕਰ ਸਕਦਾ ਹੈ। ਸ: ਊਧਮ ਸਿੰਘ ਜੀ ਦਾ ਵਲਾਇਤ ਵਿਚ ਜਾ ਕੇ ਜ਼ੱਲਿਆਂ ਵਾਲੇ ਬਾਗ ਦੇ ਹੱਤਿਆਰੇ ਜਨਰਲ ਡਾਇਰ ਨੂੰ ਗੋਲੀ ਦਾ ਨਿਸ਼ਾਨਾ ਬਣਾਉਣਾ ਤੇ ਗੁਰੂ ਕੇ ਬਾਗ ਦੇ ਬੁੱਚੜ ਮਿਸਟਰ ਬੀ. ਟੀ. ਨੂੰ ਮਾਲਵੇ ਵਿਚ ਉਸ ਦੀ ਕੀਤੀ ਦਾ ਫੱਲ ਭੁਗਤਾਉਣਾ ਸਿੱਖ ਇਤਿਹਾਸ ਦੇ ਸੁਨਹਿਰੀ ਅੱਖਰਾਂ ਵਿਚ ਲਿਖਣ ਯੋਗ ਪੱਤ੍ਰੇ ਹਨ, ਅਤੇ ਇਹ ਸਭ ਕੁਝ ਬਬਰ ਅਕਾਲੀ ਲਹਿਰ ਦਾ ਹੀ ਫੱਲ ਸੀ।

ਸਭ ਤੋਂ ਪਹਿਲਾਂ ਬਬਰ ਅਕਾਲੀਆਂ ਨੇ ਇਹ ਫੈਸਲਾ ਕੀਤਾ ਕਿ ਝੋਲੀ ਚੁਕਾਂ ਦੇ ਨੱਕ ਤੇ ਕੰਨ ਵੱਢ ਕੇ ਉਨ੍ਹਾਂ ਨੂੰ ਛੱਡ ਦਿੱਤਾ ਜਾਇਆ ਕਰੇ। ਤਾਕਿ ਦੁਨੀਆਂ ਨੂੰ ਇਹ ਪਤਾ ਲੱਗਦਾ ਰਹੇ ਕਿ ਇਹ ਝੋਲੀ ਚੁਕ ਹਨ ਤੇ ਇਨ੍ਹਾਂ ਦੀਆਂ ਕਰਤੂਤਾਂ ਦਾ ਇਹ ਫੱਲ ਮਿਲਿਆ ਹੈ ਪ੍ਰੰਤੂ ਪਿਛੋਂ ਕਈ ਕਾਰਨਾਂ ਕਰਕੇ ਇਹ ਫੈਸਲਾ ਕੀਤਾ ਗਿਆ ਕਿ ਝੋਲੀ ਚੁਕਾਂ ਨੂੰ ਜਾਨ ਤੋਂ ਮਾਰਨਾ ਹੀ ਠੀਕ ਹੈ। ਇਸ ਪ੍ਰੋਗ੍ਰਾਮ ਅਨੁਸਾਰ ਤਕਰੀਬਨ ੧੮ ਝੋਲੀ ਚੁਕਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ, ਜਿਨਾਂ ਵਿਚੋਂ ਕੁਝ ਨਾਮ ਇਹ ਹਨ। ਨੰਬਰਦਾਰ ਬੂਟਾ ਸਿੰਘ ਪਿੰਡ ਨੰਗਲ, ਸੂਬੇਦਾਰ ਗੇਂਦਾ ਸਿੰਘ ਘੜਿਆਲ, ਪਟਵਾਰੀ ਨੰਦਾ ਚੌੜ ਦਾ, ਬਿਸ਼ਨ ਸਿੰਘ ਹਯਾਤ ਪੁਰ ਰੁੜਕੀ, ਰੱਲਾ ਤੇ ਦਿੱਤੂ ਤਹਿਸੀਲ ਨਵਾਂ ਸ਼ਹਿਰ, ਜੁਆਲਾ ਸਿੰਘ ਪਿੰਡ ਕੋਟਲੀ, ਬਿਸ਼ਨ ਸਿੰਘ ਜ਼ੈਲਦਾਰ ਰਣਬ੍ਰਹਾ ਰਿਆਸਤ ਕਪੂਰਥਲਾ।

ਜਿਸ ਸਮੇਂ ਉਪਰ ਲਿਖੇ ਝੋਲੀ ਚੁਕ ਮਾਰੇ ਗਏ ਤਾਂ ਬਬਰ ਅਕਾਲੀਆਂ ਨੇ ਇਸ਼ਤਿਹਾਰਾਂ ਰਾਹੀਂ ਇਹ ਪ੍ਰਗਟ ਕੀਤਾ ਕਿ ਇਨ੍ਹਾਂ ਝੋਲੀ ਚੁਕਾਂ ਨੂੰ ਅਸੀਂ ਕਤਲ ਕੀਤਾ ਹੈ। ਸਰਕਾਰ ਐਵੇਂ ਨਿਰਦੋਸ਼ ਆਦਮੀਆਂ ਨੂੰ ਗ੍ਰਿਫਤਾਰ ਨਾ ਕਰੇ। ਇਨ੍ਹਾਂ ਛਪੇ ਹੋਏ ਇਸ਼ਤਿਹਾਰਾਂ ਦੀਆਂ ਕਾਪੀਆਂ ਮਹਾਰਾਜਾ ਕਪੂਰਥਲਾ, ਗਵਰਨਰ ਪੰਜਾਬ ਅਤੇ ਵਾਇਸਰਾਏ ਹਿੰਦ ਨੂੰ ਰਜਿਸਟ੍ਰੀ ਕਰਾਕੇ ਭੇਜੀਆਂ ਗਈਆਂ। ਜਿਨ੍ਹਾਂ ਸੱਜਣਾਂ ਦੇ ਨਾਮ ਹੇਠ ਇਹ ਇਸ਼ਤਿਹਾਰ ਨਿਕਲਿਆ, ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ।

( ੧ ) ਸ: ਕਰਮ ਸਿੰਘ ਝਿੰਗੜ। ( ੨) ਸ: ਧੰਨਾ ਸਿੰਘ ਬੈਹਿਬਲ ਪੁਰ। ( ੩ ) ਸ: ਬਿਸ਼ਨ ਸਿੰਘ ਰਾਮ ਗੜ੍ਹ ਝੁਗੀਆਂ। ( ੪ ) ਸ: ਦਲੀਪ ਸਿੰਘ। ( ੫ ) ਸ: ਨੰਦ ਸਿੰਘ ਘੜਿਆਲ੍ਹ। ( ੬ ) ਸੰਤ ਠਾਕਰ ਸਿੰਘ ਰਾਜੋ ਵਾਲ। ( ੭ ) ਸ: ਆਤਮਾ ਸਿੰਘ। ( ੮ ) ਸ: ਜਸਵੰਤ ਸਿੰਘ ਗ੍ਰੈਜੂਏਟ ਖੁਸਰੋ ਪੁਰ। ( ੯ ) ਸ: ਕਰਤਾਰ ਸਿੰਘ। ( ੧੦ ) ਸ: ਸਾਧੂ ਸਿੰਘ। ( ੧੧ ) ਸ: ਸੁੰਦਰ ਸਿੰਘ ਮਹਿਸੂਸ ਪੁਰ। ( ੧੨) ਸ: ਬੰਤਾ ਸਿੰਘ। ( ੧੩ ) ਸ: ਜੋਗਿੰਦਰ ਸਿੰਘ ਖੁਰਦ ਪੁਰ। ( ੧੪ ) ਸ: ਪ੍ਰੀਤਮ ਸਿੰਘ। ( ੧੫ ) ਸ: ਊਧਮ ਸਿੰਘ। ( ੧੬ ) ਜੰਡੂ ਸਿੰਘ ਆਦਿ। ਜਿਸ ਸਮੇਂ ਇਨ੍ਹਾਂ ਬਬਰ ਅਕਾਲੀਆਂ ਨੇ ਇਸ਼ਤਿਹਾਰ ਰਾਹੀਂ ਇਹ ਪ੍ਰਗਟ ਕਰ ਦਿੱਤਾ ਕਿ ਝੋਲੀ ਚੁਕਾਂ ਨੂੰ ਕਤਲ ਕਰਨ ਵਾਲੇ ਅਸੀਂ ਹਾਂ ਤਾਂ ਸਰਕਾਰ ਨੂੰ ਪਤਾ ਲੱਗ ਗਿਆ ਕਿ ਇਕ ਨਵੀਂ ਤਹਿਰੀਕ ਸ਼ੁਰੂ ਹੋ ਗਈ ਹੈ ਜੋ ਹੱਥਿਆਰ ਬੰਦ ਬਗ਼ਾਵਤ ਕਰਨਾ ਚਾਹੁੰਦੀ ਹੈ।

ਸਰਕਾਰੀ ਕਰਮਚਾਰੀ ਅਤੇ ਝੋਲੀ ਚੁਕ ਚੌਕੰਨੇ ਹੋ ਗਏ। ਬਬਰਾਂ ਦੀਆਂ ਗ੍ਰਿਫਤਾਰੀਆਂ ਲਈ ਪੁਲਸ ਨੂੰ ਖਾਸ ਹਦਾਇਤਾਂ ਜਾਰੀ ਕੀਤੀਆਂ ਗਈਆਂ। ਥਾਂ ਥਾਂ ਖੁਫੀਆ ਪੁਲੀਸ ਦੇ ਆਦਮੀ ਫਿਰਨ

Digitized by Panjab Digital Library | www.panjabdigilib.org

ਲੱਗੇ। ਬੰਬੇਲੀ ਨਗਰ ਵਿਚ ਤਿੰਨ ਬੱਬਰ ਅਕਾਲੀਆਂ ( ਸ: ਕਰਮ ਸਿੰਘ ਦੌਲਤ ਪੁਰ, ਸ: ਬਿਸ਼ਨ ਸਿੰਘ ਰਾਮ ਗੜ੍ਹ ਢੁਗੀਆਂ ਤੇ ਇਕ ਹੋਰ ਸਿੰਘ ਸੀ, ) ਦਾ ਮੁਕਾਬਲਾ ਪੁਲਸ ਨਾਲ ਹੋ ਗਿਆ। ਇਸ ਮੁਕਾਬਲੇ ਵਿਚ ਤਿੰਨ ਬੱਬਰ ਸ਼ਹੀਦ ਹੋ ਗਏ।

ਸ: ਧੰਨਾ ਸਿੰਘ ਜੀ ਬਹਿਬਲ ਪੁਰ ਬੱਬਰ ਅਕਾਲੀਆਂ ਦਾ ਉੱਘਾ ਵਰਕਰ ਤੇ ਬੜਾ ਚਤਰ ਸੱਜਣ ਸੀ। ਕਿਸੇ ਮੁਖਬਰ ਦੇ ਭੇਦ ਦੇਣ ਕਰਕੇ ਉਹ ਗ੍ਰਿਫਤਾਰ ਹੋ ਗਿਆ। ਪੁਲਸ ਨੇ ਤਲਾਸ਼ੀ ਸਮੇਂ ਪੂਰੀ ਇਹਤਿਆਤ ਨਾ ਵਰਤੀ ਉਸ ਦੀ ਹੇਠਲੀ ਝੱਗੀ ਦੀ ਜੇਬ ਵਿਚ ਬੰਬ ਸੀ। ਮੌਕਾ ਤਾੜ ਕੇ ਉਹ ਬੰਬ ਦਾ ਪਿੰਨ ਕੱਢ ਕੇ ਹੱਥਕੜੀ ਸਮੇਤ ਲੇਟ ਗਿਆ ਤੇ ਬੰਬ ਚਲ ਗਿਆ। ਉਸ ਬੰਬ ਨਾਲ ਤਿੰਨ ਆਦਮੀ ਪੁਲਸ ਦੇ ਤੇ ਕੁਲ ੭ ਆਦਮੀ ਮਾਰੇ ਗਏ। ਸੁਪ੍ਰੰਨਟੈਂਡੰਟ ਪੁਲਸ ਭੀ ਜ਼ਖਮੀ ਹੋ ਗਿਆ। ਇਕ ਮੱਝ ਭੀ ਮਾਰੀ ਗਈ। ਇਸ ਮੁਕਾਬਲੇ ਦੀਆਂ ਖਬਰਾਂ ਜਦ ਅਖਬਾਰਾਂ ਵਿਚ ਪ੍ਰਕਾਸ਼ਤ ਹੋਈਆਂ ਤਾਂ ਸਰਕਾਰ ਦੇ ਥੰਮ੍ਹ ਥਿੜਕ ਗਏ। ਉਸ ਨੇ ਅਨਭਵ ਕੀਤਾ ਕਿ ਜੇ ਹੱਥਿਆਰਵੰਦ ਬਗ਼ਾਵਤ ਕਰਨ ਵਾਲੇ ਅਕਾਲੀਆਂ ਦੀ ਗ੍ਰਿਫਤਾਰੀ ਵਧਦੀ ਗਈ ਤਾਂ ਉਹ ਹੇਠਲੀ ਉਤੇ ਲਿਆ ਦੇਣਗੇ, ਇਸ ਕਰਕੇ ਸਰਕਾਰ ਨੇ ਸਾਰਾ ਧਿਆਨ ਇਸ ਲਹਿਰ ਨੂੰ ਕੁਚਲ ਦੇਣ ਵੱਲ ਲਗਾ ਦਿੱਤਾ।

ਸ: ਬੰਤਾ ਸਿੰਘ ਤੇ ਉਸ ਦੇ ਇਕ ਹੋਰ ਸਾਥੀ ਦਾ ਮੰਡੇਰ ਪਿੰਡ ਵਿਚ ਪੁਲਸ ਨਾਲ ਮੁਕਾਬਲਾ ਹੋ ਗਿਆ। ਪੁਲਸ ਨੇ ਦੋਹਾਂ ਬੱਬਰਾਂ ਨੂੰ ਇਕੋ ਚੁਬਾਰੇ ਵਿਚ ਬੰਦ ਕਰਕੇ ਅੱਗ ਲਗਾ ਕੇ ਸਾੜ ਦਿੱਤਾ। ਵਰਯਾਮ ਸਿੰਘ ਬਬਰ ਇਸ ਮੁਕਾਬਲੇ ਵਿਚੋਂ ਬਚ ਕੇ ਨਿਕਲ ਗਿਆ ਸੀ ਜੋ ਪਿਛੋਂ ਜ਼ਿਲਾ ਲਾਇਲ ਪੁਰ ਵਿਚ ਪੁਲਸ ਨਾਲ ਮੁਕਾਬਲਾ ਕਰਦਾ ਹੋਇਆ ਸ਼ਹੀਦ ਹੋ ਗਿਆ। ਇਸ ਮੁਕਾਬਲੇ ਵਿਚ ਸੁਪ੍ਰੰਨਟੈਂਡੰਟ ਪੁਲਸ ਦੀ ਬਾਂਹ ਕੱਟੀ ਗਈ ਸੀ। ਇਸ ਪ੍ਰਕਾਰ ਬੱਬਰ ਅਕਾਲੀਆਂ ਨੇ ਪੰਜਾਬ ਵਿਚ ਹੱਲ ਚਲ ਮਚਾ ਦਿੱਤੀ, ਸਰਕਾਰ ਨੂੰ ਸਖਤ ਫਿਕਰ ਪੈ ਗਿਆ। ਭਾਵੇਂ ਉਹ ਸਿੱਖਾਂ ਦੀ ਸ਼ਾਂਤਮਈ ਲਹਿਰ ਤੋਂ ਤੰਗ ਪੈ ਕੇ ਗੁਰਦਵਾਰਾ ਬਿਲ ਪ੍ਰਵਾਨ ਕਰਨ ਲਈ ਮਜਬੂਰ ਹੋ ਗਈ ਸੀ ਪ੍ਰੰਤੂ ਬੱਬਰ ਅਕਾਲੀਆਂ ਦੇ ਮਨਾਂ ਵਿਚ ਰੋਸ ਦੀ ਜੋ ਅੱਗ ਭੜਕ ਰਹੀ ਸੀ, ਉਹ ਮੱਠੀ ਨਾ ਹੋਈ।

ਉਪਰ ਅਸੀਂ ਦਸ ਆਏ ਹਾਂ ਕਿ ਸ: ਕਿਸ਼ਨ ਸਿੰਘ ਬਬਰ ਅਕਾਲੀ ਪਾਰਟੀ ਦਾ ਇਕ ਪ੍ਰਸਿੱਧ ਮੈਂਬਰ ਸੀ। ਸਰਕਾਰ ਨੇ ਉਸ ਦੀ ਗ੍ਰਿਫਤਾਰੀ ਦਾ ਦੋ ਹਜ਼ਾਰ ਰੁਪਏ ਇਨਾਮ ਰਖ ਦਿਤਾ। ਸ: ਕਿਸ਼ਨ ਸਿੰਘ ਬਬਰ ਨੇ ਮਾਲਵੇ ਵਿਚ ਦੌਰਾ ਕਰਕੇ ਹੋਰ ਬਹੁਤ ਸਾਰੇ ਅਕਾਲੀਆਂ ਨੂੰ ਦੇਸ਼ ਭਗਤੀ ਦਾ ਸਬਕ ਸਿਖਾਇਆ ਅਤੇ ਆਪਾ ਵਾਰਨ ਲਈ ਤਿਆਰ ਕੀਤਾ। ਫਿਰ ਆਪ ਵਾਪਸ ਦੁਆਬੇ ਵਿਚ ਆ ਗਏ। ਫ਼ਾਜ਼ਲਕਾ ਦਾ ਇਕ ਮੌਲਵੀ ਸੀ. ਆਈ. ਡੀ. ਦਾ ਕੰਮ ਕਰਦਾ ਸੀ। ਉਸ ਨੇ ਦਵਾਈਆਂ ਤਿਆਰ ਕਰਨ ਦਾ ਪੇਸ਼ਾ ਅਖਤਿਆਰ ਕਰ ਰਖਿਆ ਸੀ। ਕਿਸੇ ਤਰੀਕੇ ਨਾਲ ਉਹ ਸ: ਕਿਸ਼ਨ ਸਿੰਘ ਬਬਰ ਨੂੰ ਮਿਲ ਪਿਆ। ਇਸ ਨੇ ਮੋਮੋਠਗਣੀਆਂ ਗੱਲਾਂ ਕਰਕੇ ਕਿਸ਼ਨ ਸਿੰਘ ਨੂੰ ਵੱਸ ਵਿਚ ਕਰ ਲਿਆ। ਇਸ ਨੇ ਕਿਹਾ ਮੈਂ ਸੋਨਾ ਬਨਾਉਣ ਜਾਣਦਾ ਹਾਂ ਅਤੇ ਇਕ ਐਸਾ ਸੁਰਮਾ ਤਿਆਰ ਕਰ ਸਕਦਾ ਹਾਂ ਜਿਸ ਦੇ ਪਾਉਣ ਵਾਲਾ ਲੋਕਾਂ ਨੂੰ ਨਜ਼ਰ ਨਹੀਂ ਆਉਂਦਾ। ਸ: ਕਿਸ਼ਨ ਸਿੰਘ ਇਸ ਦੇ ਜਾਲ ਵਿਚ ਫਸ ਗਏ। ਇਕ ਦਿਨ ਪਿੰਡ ਅਧਕਾਰੇ ਕਾਠਿਆਂ ਦੇ ਤੱਕੀਏ ਵਿਚ ਸ: ਕਿਸ਼ਨ ਸਿੰਘ, ਕਾਬਲ ਸਿੰਘ ਤੇ ਮੌਲਵੀ ਤਿੰਨੇ ਬੈਠੇ ਸਨ। ਇਸ ਮੌਲਵੀ ਨੇ ਕੁਰਾਨ ਦੀਆਂ ਕਸਮਾਂ ਖਾ ਕੇ ਸ: ਕਿਸ਼ਨ ਸਿੰਘ ਨੂੰ ਆਪਣਾ ਮਿੱਤ੍ਰ ਬਣਾ ਲਿਆ ਸੀ ਤੇ ਉਸ ਨੂੰ ਆਪਣੀਆਂ ਗਲਾਂ ਪੁਰ ਭਰੋਸਾ ਕਰਾਉਣ ਲਈ ਧੋਖੇ ਨਾਲ ਸੋਨਾ ਬਣਾ ਕੇ ਭੀ ਵਿਖਾਇਆ ਸੀ। ਕਿਸ਼ਨ ਸਿੰਘ ਬਬਰ ਨੂੰ ਉਸ ਪਰ ਭਰੋਸਾ ਬਝ ਗਿਆ। ਇਕ ਦਿਨ ਮੌਲਵੀ ਸਾਹਿਬ ਨੇ ਕਿਹਾ ਸੁਰਮੇ ਵਿਚ

Digitized by Panjab Digital Library | www.panjabdigilib.org

ਪਾਉਣ ਲਈ ਇਕ ਦਵਾਈ ਚਾਹੀਦੀ ਹੈ। ਉਹ ਜਾਂ ਕਾਬਲ ਸਿੰਘ ਲਿਆਵੇ ਜਾਂ ਮੈਂ ਲਿਆਉਂਦਾ ਹਾਂ। ਦੋਹਾਂ ਸਜਨਾਂ ਨੇ ਮੌਲਵੀ ਜੀ ਨੂੰ ਜਾਣ ਲਈ ਆਖਿਆ। ਮੌਲਵੀ ਜੀ ਚਲੇ ਗਏ ਅਤੇ ਪੁਲਸ ਨੂੰ ਜਾ ਕੇ ਖਬਰ ਦੇ ਦਿਤੀ ਕਿ ਫਲਾਣੀ ਜਗ੍ਹਾ ਦੋ ਬਬਰ ਇਕ ਕੋਠੇ ਵਿਚ ਬੈਠੇ ਹਨ। ਪੁਲਸ ਨੇ ਉਸ ਕੋਠੇ ਨੂੰ ਘੇਰਾ ਪਾ ਲਿਆ। ਸੁਪ੍ਰੰਟੈਂਡੈਂਟ ਪੁਲਸ ਨੇ ਆਵਾਜ਼ ਦੇ ਕੇ ਕਿਹਾ, ਕਿਸ਼ਨ ਸਿੰਘ ਕੀ ਸਲਾਹ ਹੈ। ਕਿਸ਼ਨ ਸਿੰਘ ਨੇ ਕਿਹਾ ਮੇਰੇ ਪਾਸ ਹਥਿਆਰ ਕੋਈ ਨਹੀਂ ਇਸ ਕਰਕੇ ਮੁਕਾਬਲਾ ਨਹੀਂ ਕਰ ਸਕਦਾ। ਜਿਵੇਂ ਤੁਹਾਡੀ ਮਰਜ਼ੀ ਹੈ ਕਰੋ ਪ੍ਰੰਤੂ ਪੁਲਸ ਸ: ਧੰਨਾ ਸਿੰਘ ਦੇ ਕੇਸ ਤੋਂ ਡਰੀ ਹੋਈ ਸੀ ਇਸ ਕਰਕੇ ਤਰਖਾਣ ਮੰਗਵਾਕੇ ਦਰਵਾਜ਼ਿਆਂ ਵਿਚ ਮੋਰੀਆਂ ਕਢਾਈਆਂ ਗਈਆਂ ਤੇ ਫਿਰ ਕਿਸ਼ਨ ਸਿੰਘ ਦੇ ਦੋਵੇਂ ਹਥ ਬਾਹਰ ਕਢਵਾ ਕੇ ਹਥਕੜੀਆਂ ਲਗਾਈਆਂ ਗਈਆਂ ਤੇ ਫਿਰ ਉਸ ਨੂੰ ਬਾਹਰ ਕਢਿਆ ਗਿਆ। ਪੁਲਸ ਆਪ ਨੂੰ ਗ੍ਰਿਫਤਾਰ ਕਰਕੇ ਜਲੰਧਰ ਨੂੰ ਲੈ ਜਾ ਰਹੀ ਸੀ ਤਾਂ ਰਾਹ ਵਿਚ ਸੁਰਮਾ ਬਨਾਉਣ ਵਾਲਾ ਮੌਲਵੀ ਮਿਲਿਆ। ਉਸ ਨੇ ਸ: ਜੀ ਨੂੰ ਵੇਖਕੇ ਕਿਹਾ ਸ: ਕਿਸ਼ਨ ਸਿੰਘ ਜੀ ਸਲਾਮ ਹੈ ਤਾਂ ਕਿਸ਼ਨ ਸਿੰਘ ਨੇ ਜਵਾਬ ਦਿਤਾ ਮੌਲਵੀ ਜੀ ਮੈਨੂੰ ਪਤਾ ਨਹੀਂ ਸੀ ਕਿ ਤੁਹਾਡੇ ਕੁਰਾਨ ਸ਼ਰੀਫ ਦੀ ਕੀਮਤ ਕੇਵਲ ਦੋ ਹਜ਼ਾਰ ਰੁਪਇਆ ਹੈ। ਇਸ ਪ੍ਰਕਾਰ ਸ: ਕਿਸ਼ਨ ਸਿੰਘ ਗੜ ਗਜ ਗ੍ਰਿਫਤਾਰ ਹੋਏ, ਜੋ ਉਪਰੰਤ ਫਾਂਸੀ ਪਰ ਲਟਕਾਏ ਗਏ।

ਦੁਆਬੇ ਵਿਚ ਚਲ ਰਹੀ ਬਬਰ ਅਕਾਲੀ ਲਹਿਰ ਨੂੰ ਕੁਚਲ ਦੇਣ ਲਈ ਸਰਕਾਰ ਨੇ ਅੱਡੀ ਚੋਟੀ ਦਾ ਜ਼ੋਰ ਲਗਾਇਆ। ਕੁਝ ਬਬਰ ਪੁਲਸ ਨਾਲ ਮੁਕਾਬਲਾ ਕਰਦੇ ਹੋਏ ਸ਼ਹੀਦ ਹੋ ਗਏ ਤੇ ਬਹੁਤ ਸਾਰੇ ਗ੍ਰਿਫਤਾਰ ਹੋ ਗਏ। ਵਾਹਿਦਾ ਮੁਆਫਾਂ ਨੇ ਪਾਰਟੀ ਦੇ ਪ੍ਰੋਗਰਾਮ ਦਾ ਸਾਰਾ ਭੇਦ ਪੁਲਸ ਨੂੰ ਦਸ ਦਿਤਾ ਜਿਸ ਦੇ ਅਧਾਰ ਪਰ ਤਕਰੀਬਨ ੯੦ ਬਬਰਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਵਿਰੁਧ ਮੁਕਦਮਾ ਚਲਾਇਆ ਗਿਆ। ਇਨ੍ਹਾਂ ਵਿਚ ਕਈ ਨਕਲੀ ਬਬਰ, ਕਈ ਨਿਰਦੋਸ਼ ਤੇ ਕੁਝ ਸਜਨ ਬਬਰਾਂ ਨੂੰ ਕਿਸੇ ਪ੍ਰਕਾਰ ਦੀ ਸਹਾਇਤਾ ਦੇਣ ਦੇ ਦੋਸ਼ ਵਿਚ ਫੜੇ ਗਏ ਸਨ। ਇਨ੍ਹਾਂ ਵਿਚੋਂ ੬ ਬਬਰ ਅਕਾਲੀਆਂ ਨੂੰ ਫਾਂਸੀ ਤੇ ਲਟਕਾਇਆ ਗਿਆ ਜਿਨ੍ਹਾਂ ਦੇ ਨਾਮ ਇਹ ਹਨ:— (੧) ਸ: ਕਿਸ਼ਨ ਸਿੰਘ ਜੀ ਗੜਗੱਜ, (੨) ਬਾਬੂ ਸੰਤਾ ਸਿੰਘ ਜੀ ਸੈਕਟਰੀ, (੩) ਸ: ਦਲੀਪ ਸਿੰਘ, (੪) ਸ: ਨੰਦ ਸਿੰਘ, (੫) ਸ: ਧਰਮ ਸਿੰਘ, (੬) ਗਿਆਨੀ ਹਰਬੰਸ ਸਿੰਘ।

ਹੇਠ ਲਿਖੇ ਸਜਨਾਂ ਨੂੰ ਉਨ੍ਹਾਂ ਦੇ ਨਾਵਾਂ ਦੇ ਅਗੇ ਲਿਖੀਆਂ ਸਜ਼ਾਵਾਂ ਹੋਈਆਂ:—

ਸ: ਕਰਮ ਸਿੰਘ ਝਿੰਗੜ ੨੦ ਸਾਲ, ਮਾ: ਦਲੀਪ ਸਿੰਘ ਗੋਸਲ ੨੦ ਸਾਲ, ਸ: ਕਰਤਾਰ ਸਿੰਘ ਪੰਡੋਰੀ ਨਿੱਝਰਾਂ ੨੦ ਸਾਲ, ਸ: ਬੂਟਾ ਸਿੰਘ ਪੰਡੋਰੀ ੭ ਸਾਲ, ਸ: ਹਜ਼ਾਰਾ ਸਿੰਘ ਮੰਡੇਰ ੨੦ ਸਾਲ, ਸ: ਮਿਲਖਾ ਸਿੰਘ ੫ ਸਾਲ, ਸੰਤ ਠਾਕਰ ਸਿੰਘ ੨੦ ਸਾਲ, ਸ: ਬੰਤਾ ਸਿੰਘ ੭ ਸਾਲ, ਸ: ਪ੍ਰੇਮ ਸਿੰਘ ੫ ਸਾਲ, ਸ: ਲਖਾ ਸਿੰਘ ੭ ਸਾਲ, ਆਦਿਕ ੩੨ ਸਿੰਘਾਂ ਨੂੰ ਸਜ਼ਾਵਾਂ ਹੋਈਆਂ ਸਨ ਜਿਨ੍ਹਾਂ ਵਿਚੋਂ ਕਈਆਂ ਦੇ ਨਾਮ ਨਹੀਂ ਮਿਲ ਸਕੇ। ਉਕਤ ਕੇਸ ਵਿਚ ੨੧ ਆਦਮੀ ਵਾਹਿਦਾ ਮੁਆਫ ਗਵਾਹ ਬਣ ਗਏ ਅਤੇ ਕਈ ਰਿਹਾ ਹੋ ਗਏ। ਇਸ ਪ੍ਰਕਾਰ ਇਸ ਕੇਸ ਦਾ ਦੁਖਾਂਤ ਹੋ ਗਿਆ ਅਤੇ ਦੁਆਬੇ ਵਿਚ ਚਲ ਰਹੀ ਬਬਰ ਅਕਾਲੀ ਲਹਿਰ ਮਧਮ ਪੈ ਗਈ।

ਉਪਰ ਲਿਖੇ ਹਾਲਾਤ ਤੋਂ ਪ੍ਰਗਟ ਹੁੰਦਾ ਹੈ ਕਿ ਜੇਹੜੇ ਪੰਜ ਸਿੰਘ ਸ੍ਰੀ ਅਕਾਲ ਤਖਤ ਸਾਹਿਬ ਤੋਂ ਇਸ ਲਹਿਰ ਦੇ ਆਰੰਭ ਕਰਨ ਦੀ ਆਗਿਆ ਲੈਣ ਗਏ ਸਨ, ਉਨ੍ਹਾਂ ਵਿਚੋਂ ਬਾਬੂ ਸੰਤਾ ਸਿੰਘ ਪਿੰਡ ਛੋਟੀ ਹਰਿਉਂ ਜ਼ਿਲਾ ਲੁਧਿਆਣਾ ਇਕ ਬੜੇ ਸਿਆਣੇ ਅਤੇ ਪੜ੍ਹੇ ਲਿਖੇ ਸੱਜਣ ਸਨ। ਇਨ੍ਹਾਂ ਨੇ ਬੱਬਰ ਅਕਾਲੀ ਲਹਿਰ ਦਾ ਬੀਜ ਮਾਲਵੇ ਵਿਚ ਖਿਲਾਰ ਦਿੱਤਾ। ਜੋ ਅੱਗੇ ਚਲ ਕੇ ਬਹੁਤ ਵਧਿਆ ਫੁਲਿਆ ਅਤੇ

Digitized by Panjab Digital Library | www.panjabdigilib.org

ਸ਼ਹੀਦੀ ਪਿੰਜਰ

ਅਮਰ ਸ਼ਹੀਦਾਂ ਦੇ ਪ੍ਰਵਾਰ । ਆਖਰੀ ਕਰਦੇ ਆਣ ਦੀਦਾਰ ।

ਬਬਰ ਸ਼ਹੀਦਾਂ ਦੇ ਪ੍ਰਵਾਰ, ਮਿੱਤ੍ਰ ਸਨੇਹੀ ਤੇ ਸੰਗਤਾਂ ਦਿਲ ਹੋੜ ਕੇ ਨੇਤ੍ਰਾਂ ਨੂੰ ਜੋੜ ਕੇ, ਸ਼ਰਧਾ ਤੇ ਬਨਾਸਪਤੀ ਫੁਲਾਂ ਦੀ ਬਰਖਾ ਕਰਦੇ ਅਕਾਲ ਪੁਰਖ ਅਗ ਐਰਦਾਸ ਕਰਦੇ ਹਨ ਕਿ ਹੇ ਵਾਹਿਗੁਰੂ ਇਨ੍ਹਾਂ ਗੁਰੂ ਪਿਆਰਿਆਂ ਦੀਆਂ ਆਤਮਾਂ ਨੂੰ ਸ਼ਾਂਤੀ ਤੇ ਚਰਨਾਂ ਵਿਚ ਨਿਵਾਸ ਬਖਸ਼ਨਾ ।

*** ਅਮਰ ਸ਼ਹੀਦਾਂ ਦੀ ਕਤਾਰ ***



(੧) ਸ: ਕਿਸ਼ਨ ਸਿੰਘ ਜੀ ਗੜਗਜ (੨) ਬਾਬੂ ਸੰਤਾ ਸਿੰਘ ਜੀ ਸੈਕਟਰੀ ਪਿੰਡ ਹਰਿਉਂ (ਲਧਿਆਣਾ)
(੩) ਸ: ਦਲੀਪ ਸਿੰਘ ਜੀ (੪) ਸ: ਨੰਦ ਸਿੰਘ ਜੀ (੫) ਸ: ਧਰਮ ਸਿੰਘ ਜਾ (੬) ਗਿ: ਹਰਬੰਸ ਸਿੰਘ ਜੀ

ਜੰਗਿ-ਆਜ਼ਾਦੀ ਦੇ ਸ਼ਹੀਦ



ਦੇਸ਼ਭਗਤ
ਸ: ਭਗਤ ਸਿੰਘ ਸਪੁਤ੍ਰ ਸ: ਕਿਸ਼ਨ ਸਿੰਘ
ਪਿੰਡ ਖਟਕੜ ਕਲਾਂ (ਜਲੰਧਰ)
ਅਸੈਂਬਲੀ ਵਿਚ ਬੰਬ ਸਿਟਨ ਵਾਲੇ

(ਸਫਾ ੧੦੧੫)



ਸ: ਕਰਤਾਰ ਸਿੰਘ ਜੀ ਬਬਰ
ਜਸਪਾਲੋਂ ਲੁਧਿਆਣਾ

(ਸਫਾ ੧੦੧੦)

Digitized by Panjab Digital Library | www.panjabdigilib.org

ਮਾਲਵੇ ਦੇ ਬੱਬਰ ਅਕਾਲੀਆਂ ਨੇ ਬੜੇ ਸ਼ਾਨਦਾਰ ਕਾਰਨਾਮੇ ਕੀਤੇ ।

ਬਾਬੂ ਸੰਤਾ ਸਿੰਘ ਜੀ ਨੇ ਸਭ ਤੋਂ ਪਹਿਲਾਂ ਸ: ਕਰਤਾਰ ਸਿੰਘ ਬਬਰ ਜੱਸਪਾਲੋਂ ਨਾਲ ਸਲਾਹ ਮਸ਼ਵਰਾ ਕੀਤਾ ਕਿ ਬੱਬਰ ਅਕਾਲੀ ਲਹਿਰ ਨੂੰ ਮਾਲਵੇ ਵਿਚ ਫੈਲਾਇਆ ਜਾਵੇ । ਸ: ਕਰਤਾਰ ਸਿੰਘ ਜੱਸਪਾਲੋਂ ਭੀ ਪੜ੍ਹੇ ਲਿਖੇ ਨੀਤੀਵਾਨ,ਫੁਰਤੀਲੇ ਤੇ ਬੜੇ ਤਾਕਤਵਰ ਜਵਾਨ ਸਨ । ਉਨ੍ਹਾਂ ਦੇ ਦਿੱਲ ਵਿਚ ਪਹਿਲਾਂ ਹੀ ਦੇਸ਼ ਪਿਆਰ ਦਾ ਜਜ਼ਬਾ ਠਾਠਾਂ ਮਾਰ ਰਿਹਾ ਸੀ ਇਸ ਕਰਕੇ ਆਪ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਲਈ ਤਿਆਰ ਸਨ । ਇਨ੍ਹਾਂ ਦੀ ਜੀਵਨ ਵਿਥਿਆ ਦਾ ਅਸੀਂ ਬੜੇ ਗਹੁ ਨਾਲ ਮੁਤਾਲਿਆ ਕੀਤਾ ਹੈ, ਜਿਸ ਤੋਂ ਪ੍ਰਗਟ ਹੁੰਦਾ ਹੈ ਕਿ ਆਪ ਪੰਜ ਮਿੰਟ ਵਿਚ ਮੀਲ ਦੀ ਦੌੜ ਕਰਨ ਵਾਲੇ ਤੇ ਲਗਾਤਾਰ ਬਾਰ੍ਹਾਂ ਘੰਟੇ ਇਕੋ ਰਫਤਾਰ ਵਿਚ ਦੌੜਦੇ ਰਹਿਣ ਵਾਲੇ ਬਹੁਤ ਚੁਸਤ ਨੌਜਵਾਨ ਸਨ । ਬਾਬੂ ਜੀ ਦੇ ਪ੍ਰੇਰਨਾ ਕਰਨ ਪਰ ਆਪ ਨੇ ਮਾਲਵੇ ਵਿਚ ਬੱਬਰ ਅਕਾਲੀ ਲਹਿਰ ਨੂੰ ਫੈਲਾਣ ਦਾ ਬੀੜਾ ਉਠਾਇਆ ਅਤੇ ਥੋੜੇ ਹੀ ਅਰਸੇ ਵਿਚ ਇਸ ਲਹਿਰ ਵਿਚ ਲੁਧਿਆਣਾ, ਫੀਰੋਜ਼ਪੁਰ, ਮਲੇਰਕੋਟਲਾ, ਪਟਿਆਲਾ, ਨਾਭਾ, ਆਦਿਕ ਇਲਾਕਿਆਂ ਦੇ ਸੱਜਣ ਸ਼ਾਮਲ ਹੋ ਗਏ ।

ਮਾਲਵੇ ਦੇ ਬੱਬਰ ਝੋਲੀ ਚੁਕਾਂ ਨੂੰ ਮਾਰਨ ਦੀ ਥਾਂ "ਚੋਰ ਨੂੰ ਨਾ ਮਾਰੋ ਚੋਰ ਦੀ ਮਾਂ ਨੂੰ ਮਾਰੋ" ਦੀ ਅਖੌਤ ਅਨੁਸਾਰ ਝੋਲੀ ਚੁਕਾਂ ਦੀ ਮਾਂ ਸਰਕਾਰ ਅੰਗਰੇਜ਼ੀ ਦਾ ਹੀ ਤਖਤ ਉਲਟਣਾ ਚਾਹੁੰਦੇ ਸਨ । ਉਨ੍ਹਾਂ ਦਾ ਖਿਆਲ ਸੀ ਬਹੁਤ ਸਾਰੇ ਹੱਥਿਆਰ ਤਿਆਰ ਕਰਕੇ ਅਤੇ ਬਹੁਤ ਸਾਰੇ ਨੌਜਵਾਨਾਂ ਨੂੰ ਦੇਸ਼ ਤੋਂ ਕੁਰਬਾਨ ਹੋਣ ਦਾ ਸਬਕ ਸਿਖਾ ਕੇ ਜਦੋਂ ਤਿਆਰੀ ਮੁਕੰਮਲ ਹੋ ਜਾਵੇ ਤਾਂ ਇਕੋ ਵਾਰ ਕਾਮਨਾਬ ਹੱਥਿਆਰ ਬੰਦ ਬਗ਼ਾਵਤ ਕੀਤੀ ਜਾਵੇ । ਤਾਰਾਂ ਕੱਟ ਦਿੱਤੀਆਂ ਜਾਣ, ਪੁੱਲ ਉਡਾ ਦਿੱਤੇ ਜਾਣ ਤੇ ਫੌਜੀ ਛਾਉਣੀਆਂ ਪਰ ਕਬਜ਼ਾ ਕਰ ਲਿਆ ਜਾਵੇ ।

ਬਾਬੂ ਸੰਤਾ ਸਿੰਘ ਜੀ ਤਾਂ ਦੁਆਬੇ ਦੇ ਬੱਬਰਾਂ ਨਾਲ ਗ੍ਰਿਫਤਾਰ ਹੋ ਗਏ ਪਰ ਉਨ੍ਹਾਂ ਦਾ ਮਾਲਵੇ ਵਿਚ ਖਿਲਾਰਿਆ ਹੋਇਆ ਬੀਜ ਫੱਲ ਲਿਆਉਣ ਲੱਗਾ । ਸ: ਕਰਤਾਰ ਸਿੰਘ ਬੱਬਰ ਨੇ ਮਾਲਵੇ ਦੇ ਬੱਬਰਾਂ ਦੀਆਂ ਗੁਪਤ ਮੀਟਿੰਗਾਂ ਕਰਕੇ ਉਨ੍ਹਾਂ ਨੂੰ ਦੱਸਿਆ ਕਿ ਹਰ ਇਕ ਬੱਬਰ ਆਪਣੇ ਨਾਲ ਦੋ ਨਵੇਂ ਸਾਥੀ ਮਿਲਾਵੇ ਜਿਨ੍ਹਾਂ ਪਰ ਉਸ ਨੂੰ ਵਿਸ਼ਵਾਸ਼ ਹੋਵੇ ਅਤੇ ਜੋ ਦੇਸ਼ ਤੋਂ ਤੰਨ, ਮੰਨ, ਧੰਨ ਵਾਰਣ ਲਈ ਤਿਆਰ ਹੋਣ । ਕੋਈ ਬੱਬਰ ਦੂਜੇ ਪਾਸੋਂ ਉਸ ਦਾ ਨਾਮ ਪਤਾ ਨਾ ਪੁੱਛੇ, ਜੇ ਕੋਈ ਪੁੱਛੇ ਤਾਂ ਉਸ ਪਰ ਖੁਫੀਆ ਪੁਲੀਸ ਦਾ ਆਦਮੀ ਹੋਣ ਦਾ ਸ਼ੱਕ ਹੋ ਸਕਦਾ ਹੈ । ਜਿਸ ਸੰਬੰਧੀ ਇਹ ਪਤਾ ਲੱਗ ਜਾਵੇ ਕਿ ਸੀ. ਆਈ. ਡੀ. ਦੇ ਮਹਿਕਮੇ ਨਾਲ ਸੰਬੰਧ ਰਖਦਾ ਹੈ, ਉਸ ਨੂੰ ਗੋਲੀ ਦਾ ਨਿਸ਼ਾਨਾ ਬਣਾ ਦਿੱਤਾ ਜਾਵੇ । ਹੱਥਿਆਰਾਂ ਦੇ ਕਾਰਖਾਨੇ ਖੋਲ੍ਹ ਕੇ ਕਾਫੀ ਹੱਥਿਆਰ ਤਿਆਰ ਕੀਤੇ ਜਾਣ । ਜਦ ਤਿਆਰੀ ਮੁਕਮਲ ਹੋ ਜਾਵੇ ਤਾਂ ਇਕ ਦਿਨ ਨੀਯੱਤ ਕਰਕੇ ਹੱਲਾ ਬੋਲਿਆ ਜਾਵੇ ।

ਇਸ ਪ੍ਰਕਾਰ ਦੀਆਂ ਹਦਾਇਤਾਂ ਕਰਕੇ ਸ: ਕਰਤਾਰ ਸਿੰਘ ਜੀ ਨੇ ਬੱਬਰ ਅਕਾਲੀਆਂ ਨੂੰ ਵੱਡੇ ਪੈਮਾਨੇ ਪਰ ਹੱਥਿਆਰਬੰਦ ਬਗ਼ਾਵਤ ਕਰਨ ਦੀ ਪ੍ਰੇਰਨਾ ਕੀਤੀ । ਇਸ ਦਾ ਫੱਲ ਇਹ ਹੋਇਆ ਕਿ ਪਿੰਡ ਬੁਗਰੇ ਰਬੋਂ ਤੇ ਘੁਢਾਣੀ ਘਲੋਟੀ ਵਿਚ ਬੰਦੂਕਾਂ, ਪਸਤੌਲਾਂ, ਤੇ ਬੰਬ ਤਿਆਰ ਕਰਨ ਦੇ ੩ ਕਾਰਖਾਨੇ ਖੋਲੇ ਗਏ । ਇਨ੍ਹਾਂ ਦਿਨਾਂ ਵਿਚ ਇਕ ਮੀਟਿੰਗ ਪਿੰਡ ਸੇਖਾ ਵਿਚ ਮਾਸਟਰ ਕਰਤਾਰ ਸਿੰਘ ਜੀ ਦੇ ਮਕਾਨ ਤੇ ਹੋਈ ਜਿਸ ਵਿਚ ਅਹਿਮਦ ਗੜ੍ਹ ਡਕੈਤੀ ਕੇਸ ਦੇ ਮੋਢੀ ਸ: ਸਾਹਿਬ ਸਿੰਘ ਤੇ ਚੌਧਰੀ ਸ਼ੇਰ ਜੰਗ ਭੀ ਸ਼ਾਮਲ ਹੋਏ । ਇਸ ਤੋਂ ਪ੍ਰਗਟ ਹੁੰਦਾ ਹੈ ਕਿ ਚੌਧਰੀ ਸ਼ੇਰ ਜੰਗ ਦੀ ਪਾਰਟੀ ਦਾ ਭੀ ਬੱਬਰ ਅਕਾਲੀਆਂ ਨਾਲ ਸੰਬੰਧ ਸੀ ਤੇ ਉਨ੍ਹਾਂ ਨੇ ਜੋ ਐਕਸ਼ਨ ਕੀਤਾ, ਉਸ ਦਾ ਮਕਸਦ ਭੀ ਉਸ ਵੇਲੇ ਦੀਆਂ ਦਹਿਸ਼ਤ ਪਸੰਦ ਪਾਰਟੀਆਂ, ਨੌਜਵਾਨ ਭਾਰਤ ਸਭਾ ਤੇ ਬਬਰ ਅਕਾਲੀਆਂ ਨਾਲ ਸੀ । ਇਥੇ ਇਹ ਪ੍ਰਗਟ ਕਰਨਾ

Digitized by Panjab Digital Library | www.panjabdigilib.org

ਭੀ ਜ਼ਰੂਰੀ ਹੈ ਕਿ ਬਬਰ ਅਕਾਲੀਆਂ ਨੂੰ ਭੀ ਜਾਗ੍ਰਿਤ ਭਾਵੇਂ ਅਕਾਲੀ ਲਹਿਰ ਦੇ ਪ੍ਰਚਾਰ ਨਾਲ ਮਿਲੀ, ਪ੍ਰੰਤੂ ਉਨ੍ਹਾਂ ਦਾ ਭਰੋਸਾ ਇਹ ਸੀ ਕਿ ਜਦੋਂ ਤੱਕ ਦੇਸ਼ ਆਜ਼ਾਦ ਨਹੀਂ ਹੁੰਦਾ, ਗੁਰਦਵਾਰਿਆਂ ਦੀ ਆਜ਼ਾਦੀ ਦਾ ਭੀ ਪੂਰਨ ਲਾਭ ਨਹੀਂ ਹੋ ਸਕਦਾ।

ਇਧਰ ਬਬਰ ਅਕਾਲੀ ਤਿਆਰੀਆਂ ਕਰ ਰਹੇ ਸਨ, ਉਧਰ ਚੌਧਰੀ ਸ਼ੇਰ ਜੰਗ ਤੇ ਉਨ੍ਹਾਂ ਦੇ ਸਾਥੀ ਸ: ਸਾਹਿਬ ਸਿੰਘ ਸਲਾਣਾ ਤੇ ਗਿ: ਚਰਨ ਸਿੰਘ ਕੱਕੜ ਆਦਿ ਨੇ ਅਹਿਮਦ ਗੜ੍ਹ ਸਟੇਸ਼ਨ ਦੇ ਨੇੜੇ ਰੇਲ ਗੱਡੀ ਖੜੀ ਕਰਕੇ ਗੌਰਮਿੰਟ ਦਾ ਖਜ਼ਾਨਾ ਲੁਟਣ ਦਾ ਯਤਨ ਕੀਤਾ। ਇਸ ਕੇਸ ਵਿਚ ਕਈ ਨੌਜਵਾਨ ਫੜੇ ਗਏ। ਸ: ਕਰਤਾਰ ਸਿੰਘ ਜਸਪਾਲੋਂ ਦੀ ਪਾਰਟੀ ਨੇ ਫ਼ੈਸਲਾ ਕੀਤਾ ਕਿ ਇਕ ਕਾਰ ਖਰੀਦ ਕੇ ਸਭ ਤੋਂ ਪਹਿਲਾਂ ਚੌਧਰੀ ਸ਼ੇਰ ਜੰਗ ਤੇ ਉਨ੍ਹਾਂ ਦੇ ਸਾਥੀਆਂ ਨੂੰ ਪੁਲਸ ਪਾਸੋਂ ਖੋਹਿਆਂ ਜਾਵੇ ਅਤੇ ਵਡਾ ਹੱਲਾ ਫਿਰ ਆਰੰਭ ਕੀਤਾ ਜਾਵੇ। ਇਸ ਫੈਸਲੇ ਅਨੁਸਾਰ ਸ: ਵਜ਼ੀਰ ਸਿੰਘ ਅਸਰ ਪੁਰੀਆ ਤੇ ਨਿਰੰਜਨ ਸਿੰਘ ਸੋਲਖੀਆਂ ਨੂੰ ਪਿੰਡ ਮਾਂਗੇਵਾਲ ਤੋਂ ਡਰਾਈਵਰ ਭਜਨ ਸਿੰਘ ਨੂੰ ਲਿਆਉਣ ਵਾਸਤੇ ਭੇਜਿਆ ਗਿਆ।

ਜਦ ਇਹ ਦੋਵੇਂ ਸਜਨ ਥਾਣਾ ਪੈਲ ਦੇ ਅਗੋਂ ਦੀ ਲੰਘਣ ਲਗੇ ਤਾਂ ਪੁਲਸ ਵਾਲਿਆਂ ਨੂੰ ਇਨ੍ਹਾਂ ਪਰ ਸ਼ੱਕ ਪੈ ਗਿਆ। ਪੁਲਸ ਨੇ ਇਨ੍ਹਾਂ ਮਗਰ ਲਾਰੀ ਲਗਾ ਦਿੱਤੀ। ਲਾਰੀ ਨੂੰ ਮੂਹਰੇ ਕਰਕੇ ਖੜੀ ਕਰ ਦਿਤਾ ਤੇ ਕਹਿਣ ਲੱਗੇ, ਲਾਰੀ ਖਰਾਬ ਹੋ ਗਈ ਹੈ। ਜਦ ਉਕਤ ਦੋਵੇਂ ਸੱਜਣ ਲਾਰੀ ਦੇ ਪਾਸ ਆਏ ਤਾਂ ਪੁਲਸ ਵਾਲੇ ਕਹਿਣ ਲੱਗੇ, ਸਰਦਾਰ ਜੀ! ਜ਼ਰਾ ਲਾਰੀ ਨੂੰ ਧੱਕਾ ਤਾਂ ਲਾ ਦਿਓ। ਦੋਵੇਂ ਸਜਣ ਲਾਰੀ ਨੂੰ ਧੱਕਾ ਲਾਉਣ ਹੀ ਲੱਗੇ ਸਨ ਕਿ ਪੁਲਸ ਦੇ ਸਿਪਾਹੀਆਂ ਨੇ ਗਿਣੀ ਮਿੱਥੀ ਸਾਜ਼ਸ਼ ਅਨੁਸਾਰ ਪਿਛੋਂ ਜੱਫਾ ਮਾਰ ਕੇ ਦੋਹਾਂ ਨੂੰ ਫੜ ਲਿਆ। ਤਲਾਸ਼ੀ ਲੈਣ ਪਰ ਉਨ੍ਹਾਂ ਪਾਸੋ ਬੰਬ ਤੇ ਪਸਤੌਲ ਨਿਕਲੇ। ਇਨ੍ਹਾਂ ਦੋਹਾਂ ਬਬਰਾਂ ਪਰ ਥਾਣਾ ਪੈਲ ਵਿਚ ਸਖਤ ਤਸ਼ੱਦਦ ਕੀਤਾ ਗਿਆ। ਤੀਜੇ ਦਿਨ ਬਿਜਲੀ ਲਗਾ ਕੇ ਪੁਲਸ ਨੇ ਇਨ੍ਹਾਂ ਪਾਸੋਂ ਸਾਰਾ ਭੇਦ ਲੈ ਲਿਆ ਅਤੇ ਜਿਨ੍ਹਾਂ ਥਾਂਵਾਂ ਪਰ ਹੱਥਿਆਰ ਬਣਾਉਣ ਦੇ ਕਾਰਖਾਨੇ ਸਨ ਉਥੇ ਛਾਪੇ ਮਾਰੇ ਗਏ।

ਬਬਰ ਕਰਤਾਰ ਸਿੰਘ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਸੀ ਕਿ ਵਜ਼ੀਰ ਸਿੰਘ ਤੇ ਨਿਰੰਜਨ ਸਿੰਘ ਗ੍ਰਿਫਤਾਰ ਹੋ ਗਏ ਹਨ ਅਤੇ ਪੁਲਸ ਨੇ ਉਨ੍ਹਾਂ ਪਰ ਸਖਤੀਆਂ ਕਰਕੇ ਸਾਰਾ ਭੇਦ ਲੈ ਲਿਆ ਹੈ ਇਸ ਕਰਕੇ ਓਸ ਨੇ ਸਾਰੇ ਥਾਂਈਂ ਪੁਜ ਕੇ ਹੱਥਿਆਰ ਪਾਸੇ ਕਰ ਦਿੱਤੇ ਅਤੇ ਪੁਲਸ ਨੂੰ ਕੋਈ ਚੀਜ਼ ਨਾ ਮਿਲੀ। ਸਭ ਥਾਂਈਂ ਪੁਲਸ ਨੇ ਛਾਪੇ ਮਾਰ ਕੇ ਹੱਥਿਆਰ ਬਰ-ਆਮਦ ਕਰਨ ਦੇ ਨਿਸਫਲ ਯਤਨ ਕੀਤੇ।

ਇਸ ਪ੍ਰਕਾਰ ਇਸ ਬਬਰ ਜਥੇ ਦਾ ਸਾਰਾ ਪਰੋਗਰਾਮ ਅਸਫਲ ਹੋ ਗਿਆ। ਸ: ਕਰਤਾਰ ਸਿੰਘ ਜਸਪਾਲੋਂ ਤੇ ਭਾਈ ਮਾਨ ਸਿੰਘ ਬੜੀ ਭਗੌੜੇ ਹੋ ਗਏ। ਸਰਕਾਰ ਨੇ ਸ: ਕਰਤਾਰ ਸਿੰਘ ਬਬਰ ਜਸਪਾਲੋਂ ਦਾ ਇਨਾਮ ਗਿਆਰਾਂ ਸੌ ਰੁਪਿਆ ਅਤੇ ਇਕ ਮੁਰੱਬਾ ਰਖ ਦਿਤਾ ਅਤੇ ਭਾਈ ਮਾਨ ਸਿੰਘ ਬੜੀ ਦਾ ਇਕ ਹਜ਼ਾਰ ਰੁਪਿਆ ਲੁਧਿਆਣੇ ਵਿਚ ਤੇ ਸਤ ਸੌ ਰੁਪਿਆ ਪਟਿਆਲੇ ਵਿਚ ਇਨਾਮ ਰਖਿਆ ਗਿਆ। ਭਾਈ ਮਾਨ ਸਿੰਘ ਤਾਂ ਕੁਝ ਚਿਰ ਇਧਰ ਪਿੰਡਾਂ ਵਿਚ ਰਹਿ ਕੇ ਤੇ ਇਹ ਵੇਖ ਕੇ ਕਿ ਹੁਣ ਦੋਬਾਰਾ ਬਬਰਾਂ ਨੂੰ ਜਥੇਬੰਦ ਕਰਨਾ ਕਠਨ ਹੈ ਤਾਂ ਸ੍ਰੀ ਅਬਚਲ ਨਗਰ ਸ੍ਰੀ ਹਜ਼ੂਰ ਸਾਹਿਬ ਚਲੇ ਗਏ ਅਤੇ ਕਰਤਾਰ ਸਿੰਘ ਜੀ ਬੀਕਾਨੇਰ ਵਲ ਨਿਕਲ ਗਏ।

ਇਸ ਤਰਾਂ ਇਸ ਜਥੇ ਵਿਚ ਭਰਤੀ ਹੋਏ ਬਬਰਾਂ ਦੇ ਦਿਲੀ ਅਰਮਾਨ ਪੂਰੇ ਨਾ ਹੋ ਸਕੇ। ਭਾਈ ਮਾਨ ਸਿੰਘ ਤੇ ਭਾਈ ਕਰਤਾਰ ਸਿੰਘ ਨੇ ੧੯੪੨ ਦੀ ਆਜ਼ਾਦੀ ਤਹਿਰੀਕ ਵਿਚ ਭੀ ਵਧ ਚੜ੍ਹ ਕੇ ਹਿਸਾ ਲਿਆ! ਉਸ ਸਮੇਂ ਇਹ ਦੋਵੇਂ ਸਜਨ ਪੰਜਾਬ ਤੋਂ ਬਾਹਰ ਚਲੇ ਗਏ ਸਨ! ਦੁਆਬੇ ਦੇ ਬਬਰਾਂ ਤੋਂ

Digitized by Panjab Digital Library | www.panjabdigilib.org

ਉਪਰੰਤ ਇਹ ਜਥਾ ਬਣਿਆ ਸੀ ਜਿਸ ਨੂੰ ਆਪਣੇ ਪਰੋਗਰਾਮ ਵਿਚ ਖਾਸ ਸਫਲਤਾ ਨਾ ਮਿਲੀ। ਪਰੰਤੂ ਇਹਨਾਂ ਨੇ ਆਪਣੀਆਂ ਅਮਲੀ ਕਾਰਵਾਈਆਂ ਨਾਲ ਹੋਰ ਬਹੁਤ ਸਾਰੇ ਨੌਜਵਾਨਾਂ ਦੇ ਦਿਲਾਂ ਵਿਚ ਦੇਸ਼ ਦੀ ਆਜ਼ਾਦੀ ਲਈ ਮਰ ਮਿਟਣ ਦਾ ਜਜ਼ਬਾ ਪੈਦਾ ਕਰ ਦਿਤਾ ਸੀ। ਜਿਸ ਦਾ ਇਕ ਨਤੀਜਾ ਤਾਂ ਚੌ: ਸ਼ੇਰ ਜੰਗ ਦੀ ਪਾਰਟੀ ਖੜੀ ਹੋਣ ਦੇ ਰੂਪ ਵਿਚ ਨਿਕਲਿਆ। ਪਰੰਤੂ ਉਹ ਭੀ ਅਹਿਮਦਗੜ੍ਹ ਕੇਸ ਤੋਂ ਪਿਛੋਂ ਸਾਰੀ ਫੜੀ ਗਈ ਅਤੇ ਦੂਜਾ ਨਤੀਜਾ ਉਹਨਾ ਸਿੰਘਾਂ ਦੀ ਪਾਰਟੀ ਕਾਇਮ ਹੋਣ ਦੇ ਰੂਪ ਵਿਚ ਨਿਕਲਿਆ ਜਿਨ੍ਹਾਂ ਨੇ ਗੁਰੂ ਕੇ ਬਾਗ ਦੇ ਬੁਚੜ ਬੀ. ਟੀ. ਨੂੰ ਉਸ ਦੀ ਕੀਤੀ ਦਾ ਫਲ ਭੁਗਤਾਇਆ ਤੇ ਇਸ ਪਾਰਟੀ ਦੇ ਹੀ ਇਕ ਹੋਣਹਾਰ ਮੈਂਬਰ ਸ: ਊਧਮ ਸਿੰਘ ਨੇ ਵਲਾਇਤ ਵਿਚ ਜਾ ਕੇ ਜਲ੍ਹਿਆਂ ਵਾਲਾ ਬਾਗ ਦੇ ਹਤਿਆਰੇ ਓਡਵਾਇਰ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ। ਅਗਲੇ ਸਫਿਆਂ ਵਿਚ ਅਸੀਂ ਉਪਰ ਲਿਖੇ ਦੋ ਜ਼ਾਲਮ ਅੰਗਰੇਜ਼ ਅਫਸਰਾਂ ਨੂੰ ਕਤਲ ਕਰਨ ਦੇ ਹਾਲਾਤ ਕਲਮਬੰਦ ਕਰਾਂਗੇ।

## ਬੀ. ਟੀ. ਨੂੰ ਕੀਤੀ ਦਾ ਫਲ ਕਿਵੇਂ ਭੁਗਤਾਇਆ ਗਿਆ?

ਉਪਰ ਅਸੀਂ ਦਸ ਆਏ ਹਾਂ ਕਿ ਮਾਲਵੇ ਵਿਚ ਬਬਰ ਅਕਾਲੀਆਂ ਦਾ ਉਹ ਜਥਾ ਜਿਸ ਦੀ ਬੁਨਿਆਦ ਬਾਬੂ ਸੰਤਾ ਸਿੰਘ ਸ਼ਹੀਦ ਨੇ ਰਖੀ ਸੀ ਤੇ ਜਿਸ ਦੇ ਆਗੂ ਸ: ਕਰਤਾਰ ਸਿੰਘ ਜਸਪਾਲੋਂ ਸਨ ਬਿਨਾ ਕੋਈ ਵਡਾ ਕੰਮ ਕਰਨ ਦੇ ਖਿੰਡ ਪੁੰਡ ਗਿਆ। ਦੋ ਸਜਨਾਂ ਦੀ ਅਚਾਨਕ ਗ੍ਰਿਫਤਾਰੀ ਹੋ ਜਾਣ ਕਰਕੇ ਤੇ ਬਿਜਲੀ ਲਗਾ ਕੇ ਉਨ੍ਹਾਂ ਪਾਸੋਂ ਸਾਰਾ ਭੇਦ ਪੁਲਸ ਨੂੰ ਮਿਲ ਜਾਣ ਦੇ ਕਾਰਨ ਇਨ੍ਹਾਂ ਦੀਆਂ ਸਭ ਤਿਆਰੀਆਂ ਨਿਸਫਲ ਗਈਆਂ। ਜਿਵੇਂ ੧੯੧੪-੧੫ ਵਿਚ ਸ: ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਦੇ ਸਾਥੀਆਂ ਦੀ ਬਗਾਵਤ ਕਰਾਉਣ ਦੀ ਸਕੀਮ ਗਦਾਰ ਕ੍ਰਿਪਾਲ ਸਿੰਘ ਦੇ ਭੇਦ ਦੇਣ ਪਰ ਫੇਲ੍ਹ ਹੋ ਗਈ ਸੀ, ਇਸੇ ਤਰਾਂ ਇਸ ਜਥੇ ਦਾ ਪਰੋਗਰਾਮ ਭੀ ਸਮੇਂ ਤੋਂ ਪਹਿਲਾਂ ਭੇਦ ਖੁਲ੍ਹ ਜਾਣ ਕਰਕੇ ਅਮਲ ਵਿਚ ਨਾ ਆ ਸਕਿਆ।

ਬਬਰ ਮਾਨ ਸਿੰਘ ਬੜੀ ਤੇ ਕਰਤਾਰ ਸਿੰਘ ਜਸਪਾਲੋਂ ਗੁਪਤ ਰਹਿ ਕੇ ਕੰਮ ਕਰ ਰਹੇ ਸਨ। ਇਨ੍ਹਾਂ ਦੇ ਯਤਨਾ ਦਾ ਫਲ ਇਹ ਨਿਕਲਿਆ ਕਿ ਸ: ਊਧਮ ਸਿੰਘ ਸ਼ਹੀਦ ਸੁਨਾਮ, ਸ: ਕਰਤਾਰ ਸਿੰਘ ਛੀਨੀਵਾਲ, ਸ: ਭੋਲਾ ਸਿੰਘ ਜੀ ਲੋਹਾ ਖੇੜਾ, ਸ: ਬਚਨ ਸਿੰਘ ਲੋਹਾ ਖੇੜਾ, ਕੁੰਦਾ ਸਿੰਘ ਗਾਜੀਆਣਾ, ਫਜ਼ਲਾ ਘੁੰਮਣ ਵਾਲਾ, ਸ: ਸੰਤਾ ਸਿੰਘ ਬੜੀ ਟਿੱਬਾ, ਘੁੰਮਣ ਸਿੰਘ ਮਿਸਤ੍ਰੀ, ਸਾਉਣ ਸਿੰਘ ਟਿੱਬਾ, ਆਦਿਕ ਸਜਨਾਂ ਦੀ ਇਕ ਹੋਰ ਪਾਰਟੀ ਵਜੂਦ ਵਿਚ ਆ ਗਈ। ਸ: ਊਧਮ ਸਿੰਘ ਜੀ ਜਲਿਆਂ ਵਾਲਾ ਬਾਗ ਦੇ ਹਥਿਆ ਕਾਂਡ ਸਮੇਂ ਸ੍ਰੀ ਅੰਮ੍ਰਿਤਸਰ ਦੇ ਯਤੀਮ ਖਾਨੇ ਵਿਚ ਪੜ੍ਹਦੇ ਸਨ। ਇਨ੍ਹਾਂ ਦੇ ਵਡੇ ਭਰਾਤਾ ਜਲ੍ਹਿਆਂ ਵਾਲਾ ਬਾਗ ਵਿਚ ਸ਼ਹੀਦ ਹੋ ਗਏ ਸਨ ਇਸ ਕਰਕੇ ਇਨ੍ਹਾਂ ਦੇ ਦਿਲ ਵਿਚ ਜ਼ਾਲਮ ਅੰਗਰੇਜ਼ ਅਫਸਰਾਂ ਵਿਰੁਧ ਰੋਸ ਪੈਦਾ ਹੋ ਚੁਕਿਆ ਸੀ ਇਸ ਲਈ ਇਨ੍ਹਾਂ ਨੇ ਉਕਤ ਪਾਰਟੀ ਦੀਆਂ ਇਕੱਤ੍ਰਤਾਵਾਂ ਵਿਚ ਸ਼ਾਮਲ ਹੋ ਕੇ ਜਨਰਲ ਡਾਇਰ ਨੂੰ ਮਾਰਨ ਦੀ ਡਿਊਟੀ ਲਈ ਸੀ ਅਤੇ ਕਰਤਾਰ ਸਿੰਘ, ਭੋਲਾ ਸਿੰਘ ਤੇ ਫਜਲੇ ਦੀ ਡਿਊਟੀ ਬੀ. ਟੀ. ਨੂੰ ਮਾਰਨ ਵਾਸਤੇ ਲਗਾਈ ਗਈ।

ਮਿਸਟਰ ਬੀ. ਟੀ ਨੇ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਨਿਹੱਥੇ ਅਤੇ ਸ਼ਾਂਤਮਈ ਰਹਿਣ ਦਾ ਪ੍ਰਣ ਲੈ ਕੇ ਆਏ ਸਤਿਆਗ੍ਰਹੀ ਸਿੰਘਾਂ ਪਰ ਬਹੁਤ ਅੱਤਿਆਚਾਰ ਕੀਤੇ ਸਨ। ਜ਼ਖਮੀ ਸਿੰਘਾਂ ਪਰ ਘੋੜੇ ਦੁੜਾਨੇ ਅਤੇ ਸਿੰਘਾਂ ਨੂੰ ਕੁਟਣ ਦੀਆਂ ਨਿੱਤ ਨਵੀਆਂ ਸਕੀਮਾਂ ਸੋਚਦੇ ਰਹਿਣਾ ਇਸ ਜ਼ਾਲਮ ਅੰਗਰੇਜ਼

Digitized by Panjab Digital Library | www.panjabdigilib.org

ਅਫਸਰ ਦਾ ਕੰਮ ਸੀ। ਸਿੱਖਾਂ ਵਿਚ ਇਸ ਦੇ ਜ਼ੁਲਮਾਂ ਵਿਰੁਧ ਸਖਤ ਰੋਸ ਫੈਲ ਗਿਆ ਸੀ। ਇਸ ਕਰਕੇ ਜਦ ਬਬਰ ਅਕਾਲੀਆਂ ਨੇ ਸ਼ਾਂਤਮਈ ਛੱਡ ਕੇ ਜ਼ਾਲਮਾਂ ਨੂੰ ਸੋਧਣ ਦਾ ਪ੍ਰੋਗਰਾਮ ਬਣਾਇਆ ਤਾਂ ਬੀ. ਟੀ. ਨੂੰ ਉਸ ਦੀ ਕੀਤੀ ਦਾ ਫੱਲ ਭੁਗਤਾਉਣਾ ਉਸ ਪ੍ਰੋਗਰਾਮ ਦਾ ਖਾਸ ਹਿੱਸਾ ਸੀ।

ਮਿਸਟਰ ਬੀ. ਟੀ. ਅੰਮ੍ਰਿਤਸਰ ਤੋਂ ਤਬਦੀਲ ਹੋ ਕੇ ਮਲੇਰਕੋਟਲੇ ਦਾ ਚੀਫ ਆ ਬਨਿਆ ਅਤੇ ਇਥੇ ਭੀ ਉਸ ਨੇ ਜਨਤਾ ਪਰ ਇਤਨੇ ਅਤਿਆਚਾਰ ਕੀਤੇ ਕਿ ਮਾਲੇਰਕੋਟਲਾ ਰਿਆਸਤ ਦੀ ਪਰਜਾ ਤ੍ਰਾਹ-ਤ੍ਰਾਹ ਕਰ ਉਠੀ। ਜਨਤਾ ਨੇ ਇਸ ਜ਼ਾਲਮ ਅਫਸਰ ਨੂੰ ਹਟਾਉਣ ਲਈ ਸਖਤ ਐਜੀਟੇਸ਼ਨ ਕੀਤਾ ਪ੍ਰੰਤੂ ਨਵਾਬ ਨੇ ਕੁਝ ਚਿਰ ਤਕ ਉਸ ਦੀ ਕੋਈ ਪ੍ਰਵਾਹ ਨਾ ਕੀਤੀ। ਜਦ ਲੋਕਾਂ ਦੀ ਆਵਾਜ਼ ਬਹੁਤ ਜ਼ੋਰ ਫੜ ਗਈ ਤਾਂ ਨਵਾਬ ਨੇ ਮਿ: ਬੀ. ਟੀ. ਨੂੰ ਔਹਦੇ ਤੋਂ ਹਟਾ ਦਿੱਤਾ।

ਇਹ ਜ਼ਾਲਮ ਅੰਗਰੇਜ਼ ਪੰਜਾਬੀਆਂ ਦੀ ਅਣਖ ਨੂੰ ਪੈਰਾਂ ਹੇਠ ਲਿਤਾੜਨ ਲਈ ਪਿੰਡ ਚੱਠਿਆਂ ਵਿਚ ਇਕ ਬੱਦਮਾਸ਼ ਔਰਤ ਪਾਸ ਰਹਿਣ ਲੱਗ ਪਿਆ। ਉਥੇ ਇਸ ਨੇ ਇਕ ਕੋਠੀ ਬਣਾਈ। ਸਰਕਾਰ ਵਲੋਂ ਪੈਨਸ਼ਨ ਮਿਲਦੀ ਸੀ ਅਤੇ ਲਾਇਸੈਂਸ ਦੇ ਹੱਥਿਆਰ ਮਿਲੇ ਹੋਏ ਸਨ ਇਸ ਕਰਕੇ ਇਥੇ ਭੀ ਇਹ ਅਫਸਰਾਨਾ ਰੋਅਬ ਦਾਬ ਨਾਲ ਰਹਿੰਦਾ ਸੀ ਅਤੇ ਅੰਗਰੇਜ਼ ਦੀ ਹਕੂਮਤ ਹੋਣ ਕਰਕੇ ਲੋਕ ਇਸ ਤੋਂ ਭੈ ਖਾਂਦੇ ਸਨ। ਪੁਲਸ ਇਸ ਦੇ ਇਸ਼ਾਰਿਆਂ ਪਰ ਚਲਦੀ ਸੀ। ਉਧਰ ਜਿਨ੍ਹਾਂ ਬਬਰਾਂ ਦੀ ਡਿਊਟੀ ਇਸ ਨੂੰ ਮਾਰਨ ਲਈ ਲਗਾਈ ਗਈ ਸੀ ਉਹ ਭੱਜੇ ਫਿਰਦੇ ਸਨ। ਸ: ਕਰਤਾਰ ਸਿੰਘ ਛੀਨੀ ਵਾਲ ਉਨ੍ਹਾਂ ਦੇ ਮੁਖੀ ਸਨ, ਇਨ੍ਹਾਂ ਦੇ ਕਈ ਵੇਰ ਪੁਲਸ ਨਾਲ ਮੁਕਾਬਲੇ ਹੋਏ। ਪੁਲਸ ਇਨ੍ਹਾਂ ਨੂੰ ਡਾਕੂ ਸਮਝਦੀ ਸੀ ਪ੍ਰੰਤੂ ਉਨ੍ਹਾਂ ਨੂੰ ਕੀ ਪਤਾ ਸੀ ਕਿ ਉਨ੍ਹਾਂ ਦੇ ਦਿਲਾਂ ਵਿਚ ਤਾਂ ਕੌਮੀ ਅਣਖ ਦਾ ਜਜ਼ਬਾ ਠਾਠਾਂ ਮਾਰ ਰਿਹਾ ਹੈ ਅਤੇ ਇਹ ਬਬਰ ਅਕਾਲੀ ਇਹ ਗੱਲ ਬਰਦਾਸ਼ਤ ਨਹੀਂ ਕਰ ਸਕਦੇ ਕਿ ਇਕ ਜ਼ਾਲਮ ਅੰਗ੍ਰੇਜ਼ ਅਫਸਰ ਉਨ੍ਹਾਂ ਦੀ ਗ਼ੈਰਤ ਨੂੰ ਵੰਗਾਰੇ। ਬੀ. ਟੀ. ਇਹ ਸਮਝਦਾ ਸੀ ਕਿ ਪੰਜਾਬੀ ਉਸ ਦੇ ਜ਼ੁਲਮਾਂ ਨੂੰ ਭੁਲ ਗਏ ਹਨ ਅਤੇ ਉਨ੍ਹਾਂ ਵਿਚ ਇਤਨੀ ਅਣਖ ਨਹੀਂ ਕਿ ਉਹ ਆਪਣੀ ਬੇ ਇਜ਼ਤੀ ਦਾ ਬਦਲਾ ਲੈ ਸਕਣ, ਪ੍ਰੰਤੂ ਉਪਰ ਲਿਖੇ ਤਿੰਨ ਸੱਜਣ ਸ: ਕਰਤਾਰ ਸਿੰਘ, ਸ: ਭੋਲਾ ਸਿੰਘ, ਫਜ਼ਲਾ, ਮੌਕੇ ਦੀ ਤਾੜ ਵਿਚ ਸਨ ਕਿ ਕਦ ਬੀ. ਟੀ. ਨੂੰ ਉਸ ਦੇ ਕਰਮਾਂ ਦਾ ਫੱਲ ਭੁਗਤਾਇਆ ਜਾਵੇ।

ਜੋ ਪ੍ਰੋਗਰਾਮ ਇਨਸਾਨ ਬਣਾਉਂਦਾ ਹੈ ਉਸ ਵਿਚ ਕਈ ਵੇਰ ਅਚਾਨਕ ਹੀ ਵਿਘਨ ਆ ਪੈਂਦੇ ਹਨ। ਇਕ ਦਿਨ ਅਚਾਨਕ ਹੀ ਇਨ੍ਹਾਂ ਤਿੰਨਾਂ ਸੱਜਣਾਂ ਦਾ ਪੁਲਸ ਨਾਲ ਮੁਕਾਬਲਾ ਹੋ ਗਿਆ। ਮਾਲੇਰ-ਕੋਟਲੇ ਦੇ ਥਾਣੇਦਾਰ ਤੋਲੇ ਖਾਂ ਅਤਾਉੱਲਾ ਖਾਂ ਪੁਲਸ ਦੀ ਜਮੀਅਤ ਲੈ ਕੇ ਗਸ਼ਤ ਕਰ ਰਹੇ ਸਨ। ਉਨ੍ਹਾਂ ਨਾਲ ਇਨ੍ਹਾਂ ਦੀ ਝੜਪ ਹੋ ਗਈ। ਫਜ਼ਲਾ ਤੇ ਭੋਲਾ ਸਿੰਘ ਤਾਂ ਇਕ ਪਾਸੇ ਨਿਕਲ ਗਏ ਪਰ ਸ: ਕਰਤਾਰ ਸਿੰਘ ਡੱਟ ਕੇ ਮੁਕਾਬਲਾ ਕਰਦਾ ਰਿਹਾ। ਉਸ ਦੇ ਰੌਂਦ ਮੁੱਕ ਗਏ ਜਿਸ ਕਰਕੇ ਪੁਲਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਤੇ ਮਲੇਰਕੋਟਲਾ ਜੇਲ੍ਹ ਵਿਚ ਬੰਦ ਕਰ ਦਿੱਤਾ। ਬਬਰ ਕਰਤਾਰ ਸਿੰਘ ਨੂੰ ਇਸ ਗੱਲ ਦਾ ਬਹੁਤ ਅਫਸੋਸ ਹੋਇਆ ਕਿ ਉਨ੍ਹਾਂ ਦਾ ਬੀ. ਟੀ. ਨੂੰ ਸਜ਼ਾ ਦੇਣ ਦਾ ਪ੍ਰੋਗਰਾਮ ਅਮਲ ਵਿਚ ਨਾ ਆ ਸਕਿਆ। ਪੁਲਸ ਮੁਕਾਬਲੇ ਵਿਚ ਲੰਬੀ ਸਜ਼ਾ ਹੋ ਜਾਣੀ ਤਾਂ ਕੁਦਰਤੀ ਗੱਲ ਸੀ ਇਸ ਕਰਕੇ ਉਸ ਦਾ ਮਨ ਬਹੁਤ ਅਸ਼ਾਂਤ ਰਹਿਣ ਲਗਾ।

ਆਪ ਹਰ ਸਮੇਂ ਇਹ ਸੋਚਦੇ ਰਹਿੰਦੇ ਕਿ ਪਾਰਟੀ ਨੇ ਜੇਹੜਾ ਕੰਮ ਸੌਂਪਿਆ ਸੀ ਉਸ ਨੂੰ ਕਿਵੇਂ ਸਿਰੇ ਚੜ੍ਹਾਇਆ ਜਾਵੇ। "ਬਹਾਦਰ ਆਦਮੀ ਮੁਖਾਲਫ ਹਾਲਤ ਵਿਚ ਘਿਰ ਕੇ ਭੀ ਹੌਂਸਲਾ ਨਹੀਂ ਹਾਰਦੇ" ਸ: ਕਰਤਾਰ ਸਿੰਘ ਨੂੰ ਇਸ ਸਿਧਾਂਤ ਪਰ ਅਟੱਲ ਵਿਸ਼ਵਾਸ਼ ਸੀ। ਮਾਲੇਰਕੋਟਲਾ ਜੇਲ੍ਹ ਵਿਚ ਦੋ ਡਕਾਇਤ ਕੁੰਢਾ ਸਿੰਘ ਤੇ ਬਚਨ ਸਿੰਘ ਭੀ ਜ਼ੇਰ ਸਮਾਇਤ ਕੈਦੀ ਸਨ। ਅਰਥਾਤ

Digitized by Panjab Digital Library | www.panjabdigilib.org

ਉਨ੍ਹਾਂ ਪਰ ਮੁਕੱਦਮਾ ਚਲਦਾ ਸੀ । ਸ: ਕਰਤਾਰ ਸਿੰਘ ਨੇ ਉਨ੍ਹਾਂ ਪਾਸੋਂ ਇਹ ਪ੍ਰਣ ਲੈ ਕੇ ਕਿ ਉਹ ਆਪ ਦਾ ਸਾਥ ਦੇਣਗੇ, ਉਨ੍ਹਾਂ ਨੂੰ ਸਾਰੀ ਸਕੀਮ ਸਮਝਾਈ ਅਤੇ ਦਸਿਆ ਕਿ ਬੀ. ਟੀ. ਨੂੰ ਮਾਰਨ ਦਾ ਪ੍ਰੋਗਰਾਮ ਅਧੂਰਾ ਰਹਿ ਗਿਆ ਹੈ ਜਿਸ ਦਾ ਮੈਨੂੰ ਬਹੁਤ ਹੀ ਅਫਸੋਸ ਹੈ । ਉਕਤ ਦੋਹਾਂ ਸਜਨਾਂ ਨੇ ਕਿਹਾ ਅਸੀਂ ਆਪ ਦੇ ਨਾਲ ਸਹਿਮਤ ਹਾਂ ਤੇ ਸਿਰ ਧੜ ਦੀ ਬਾਜੀ ਲਗਾਉਣ ਲਈ ਤਿਆਰ ਹਾਂ ।

ਇਨ੍ਹਾਂ ਨੇ ਜੇਲ੍ਹ ਤੋੜ ਕੇ ਭਜ ਜਾਣ ਦੀ ਸਕੀਮ ਬਣਾਈ । ਇਤਫਾਕ ਨਾਲ ਇਕ ਦਿਨ ਸਰਦੀਆਂ ਵਿਚ ਸਖਤ ਝੜੀ ਲਗੀ ਹੋਈ ਸੀ ਤੇ ਝੱਖੜ ਵਗ ਰਿਹਾ ਸੀ । ਜੇਲ੍ਹ ਦੇ ਲੰਗਰ ਵਾਸਤੇ ਬਾਹਰੋਂ ਲਕੜਾਂ ਦੇ ਗਡੇ ਆਏ । ਦਰੋਗੇ ਨੇ ਸਭ ਕੈਦੀਆਂ ਨੂੰ ਛੇਤੀ ਛੇਤੀ ਲਕੜਾਂ ਢੋਣ ਦਾ ਹੁਕਮ ਦੇ ਦਿਤਾ ਅਤੇ ਜੇਲ੍ਹ ਦਾ ਦਰਵਾਜ਼ਾ ਖੋਲ੍ਹ ਦਿਤਾ । ਉਪਰ ਲਿਖੇ ਤਿੰਨਾਂ ਸਜਨਾਂ ਨੇ ੬ ਹੋਰ ਇਖਲਾਕੀ ਕੈਦੀਆਂ ਸਮੇਤ ਖੜ ਪਾਣੀ ਨਾਲ ਹੀ ਸੰਤਰੀ ਪਰ ਹੱਲਾ ਬੋਲ ਦਿਤਾ ਤੇ ਉਸ ਪਾਸੋਂ ਰਾਈਫਲ ਖੋਹ ਲਈ । ਇਹ ਵੇਖ ਕੇ ਦਰੋਗਾ ਤੇ ਵਾਰਡਰ ਭਜ ਕੇ ਕਿਧਰੇ ਲੁਕ ਗਏ । ਕੈਦੀਆਂ ਨੇ ਮਾਲ ਖਾਨਾ ਤੋੜ ਕੇ ਗਿਆਰਾਂ ਰਾਈਫਲਾਂ ਕਢ ਲਈਆਂ । ਦੋ ਤਾਂ ਬਾਹਰ ਖੂਹ ਵਿਚ ਸੁਟ ਦਿਤੀਆਂ ਜੋ ਫਾਲਤੂ ਸਨ ਅਤੇ ੯ ਸਜਨ ਇਕ ਇਕ ਰਾਈਫਲ ਲੈ ਕੇ ਭੱਜ ਗਏ । ੬ ਇਖਲਾਕੀ ਕੈਦੀ ਤਾਂ ਪਤਾ ਨਹੀਂ ਕਿਧਰ ਗਏ ਪ੍ਰੰਤੂ ਉਪਰ ਲਿਖੇ ਤਿੰਨੇ ਸਜਨ ਆਪਣੇ ਪ੍ਰੋਗਰਾਮ ਅਨੁਸਾਰ ਇਕ ਪਾਸੇ ਨਿਕਲ ਗਏ । ਪੁਲਸ ਨੇ ਬਹੁਤ ਯਤਨ ਕੀਤਾ ਪਰ ਇਨ੍ਹਾਂ ਨੂੰ ਫੜਨ ਵਿਚ ਸਫਲ ਨਾ ਹੋ ਸਕੀ । ਥੋਹੜੇ ਦਿਨਾਂ ਵਿਚ ਭੋਲਾ ਸਿੰਘ ਤੇ ਫਜ਼ਲਾ ਭੀ ਇਨ੍ਹਾਂ ਨੂੰ ਮਿਲ ਪਏ ।

ਇਥੇ ਇਹ ਪ੍ਰਗਟ ਕਰਨਾ ਭੀ ਜ਼ਰੂਰੀ ਹੈ ਕਿ ਸ: ਭੋਲਾ ਸਿੰਘ ਲੋਹਾ ਖੇੜਾ ਭੀ ਇਸ ਤੋਂ ਪਹਿਲਾਂ ਇਕ ਵੇਰ ਗ੍ਰਿਫਤਾਰ ਹੋ ਗਏ ਸਨ ਪ੍ਰੰਤੂ ਜਦ ਪੁਲਸ ਆਪ ਨੂੰ ਕਰਨਾਲ ਜੇਲ੍ਹ ਵੱਲ ਲੈ ਜਾ ਰਹੀ ਸੀ ਤਾਂ ਆਪ ਨੇ ਪੁਲਸ ਦੇ ਸਿਪਾਹੀ ਪਾਸੋਂ ਰਾਈਫਲ ਖੋਹ ਕੇ ਲਾਰੀ ਵਿਚੋਂ ਛਾਲ ਮਾਰ ਦਿੱਤੀ ਅਤੇ ਭਜ ਗਏ । ਪੁਲਸ ਡਰਦੀ ਮਾਰੀ ਇਨ੍ਹਾਂ ਦੇ ਮਗਰ ਹੀ ਨਾ ਲੱਗੀ । ਇਸ ਤੋਂ ਪਿਛੋਂ ਆਪ ਫਿਰ ਫਜਲੇ ਨੂੰ ਆ ਮਿਲੇ । ਇਸ ਪ੍ਰਕਾਰ ਇਨ੍ਹਾਂ ਦੇ ਜ਼ੁਮੇਂ ਪਾਰਟੀ ਨੇ ਜੋ ਇਕ ਖਾਸ ਕੰਮ ਲਗਾਇਆ ਸੀ ਉਸ ਨੂੰ ਪੂਰਾ ਕਰਨ ਦਾ ਸਮਾਂ ਨੇੜੇ ਆ ਗਿਆ । ਕਈ ਪ੍ਰਕਾਰ ਦੀਆਂ ਸਖਤ ਔਕੜਾਂ ਦੇ ਬਾਵਜੂਦ ਪੰਜ ਸਾਥੀ ਕਰਤਾਰ ਸਿੰਘ ਛੀਨੀਵਾਲ, ਭੋਲਾ ਸਿੰਘ ਲੋਹਾ ਖੇੜਾ, ਬਚਨ ਸਿੰਘ ਲੋਹਾ ਖੇੜਾ, ਕੁੰਢਾ ਸਿੰਘ ਗਾਜੀਆਣਾ ਤੇ ਫਜਲਾ ਘੁੰਮਣ ਵਾਲਾ ਇਕੱਠੇ ਹੋ ਗਏ ਅਤੇ ਸੋਚਣ ਲਗੇ ਕਿ ਬੀ. ਟੀ. ਨੂੰ ਜਮਧਾਮ ਕਿਵੇਂ ਪਹੁੰਚਾਇਆ ਜਾਵੇ ।

ਬੀ. ਟੀ- ਪਾਸ ਹਥਿਆਰ ਭੀ ਸਨ ਤੇ ਹੁਸ਼ਿਆਰ ਭੀ ਬਹੁਤ ਸੀ ਇਸ ਕਰਕੇ ਸਾਰੇ ਸਜਨਾਂ ਨੇ ਫੈਸਲਾ ਕੀਤਾ ਕਿ ਉਸ ਨੂੰ ਮਾਰਨ ਲਈ ਕੋਈ ਖਾਸ ਢੰਗ ਵਰਤਣਾ ਚਾਹੀਦਾ ਹੈ ਤਾਕਿ ਵਾਰ ਖਾਲੀ ਨਾ ਜਾਵੇ । ਜਿਸ ਔਰਤ ਪਾਸ ਬੀ. ਟੀ. ਰਹਿੰਦਾ ਸੀ ਉਸ ਦਾ ਦਿਉਰ ਕਾਕਾ ਸਿੰਘ ਬੀ. ਟੀ. ਦੇ ਸਖਤ ਵਿਰੁਧ ਸੀ ਅਤੇ ਆਪਣੀ ਭਰਜਾਈ ਦੇ ਭੀ ਖਿਲਾਫ ਸੀ । ਉਹ ਡਰਦਾ ਪਿੰਡ ਨਹੀਂ ਵੜਦਾ ਸੀ । ਜਦ ਪਿੰਡ ਆਉਂਦਾ ਤਾਂ ਬੀ. ਟੀ. ਪੁਲਸ ਪਾਸੋਂ ਉਸ ਨੂੰ ਕੁਟਵਾ ਦਿੰਦਾ ਸੀ । ਇਸ ਕਰਕੇ ਇਨ੍ਹਾਂ ਸਿੰਘਾਂ ਨੇ ਉਸ ਨੂੰ ਆਪਣੇ ਨਾਲ ਮਿਲਾ ਲਿਆ ।

ਇਨ੍ਹਾਂ ਨੇ ਪੁਲਸ ਦੀਆਂ ਵਰਦੀਆਂ ਪਾ ਲਈਆਂ ਤੇ ਕਾਕਾ ਸਿੰਘ ਨੂੰ ਮੁਲਜ਼ਮ ਬਣਾ ਕੇ ਬੀ. ਟੀ. ਦੀ ਕੋਠੀ ਪਰ ਲੈ ਗਏ । ਗਿਣੇ ਮਿਥੇ ਪ੍ਰੋਗਰਾਮ ਅਨੁਸਾਰ ਇਹ ਉਸ ਨੂੰ ਕੁਟਣ ਲੱਗ ਪਏ ਤੇ ਉਹ ਬਾਹੁੜੀ ਦੁਹਾਈ ਪਾਉਣ ਲੱਗਾ । ਬੀ. ਟੀ. ਕੋਠੀ ਚੋਂ ਬਾਹਰ ਨਿਕਲਿਆ ਕੁਰਸੀ ਪਰ

Digitized by Panjab Digital Library | www.panjabdigilib.org

ਬੈਠ ਗਿਆ । ਉਸ ਨੇ ਸ਼ੋਰ ਸੁਣਕੇ ਕਿਹਾ ਕਿਆ ਬਾਤ ਹੈ ?

ਕਰਤਾਰ ਸਿੰਘ ਨੇ ਕਿਹਾ, ਸਾਹਿਬ ਇਹ ਬਹੁਤ ਬਦਮਾਸ਼ ਆਦਮੀ ਹੈ । ਅਸੀਂ ਇਸ ਵਿਰੁਧ ਤਫਤੀਸ਼ ਕਰ ਰਹੇ ਹਾਂ। ਬੀ. ਟੀ. ਇਹ ਵੇਖ ਕੇ ਬਹੁਤ ਖੁਸ਼ ਹੋਇਆ ਕਿ ਕਾਕਾ ਸਿੰਘ ਨੂੰ ਮਾਰ ਪੈ ਰਹੀ ਹੈ । ਉਸ ਨੇ ਕਿਹਾ ਵਾਕਿਆ ਹੀ ਇਹ ਬਹੁਤ ਖਰਾਬ ਆਦਮੀ ਹੈ ਇਸ ਨੂੰ ਛਡਣਾ ਨਹੀਂ ਇਹ ਮੇਰਾ ਭੀ ਦੁਸ਼ਮਣ ਹੈ । ਕਾਕਾ ਸਿੰਘ ਉਚੀ ਉਚੀ ਸ਼ੋਰ ਮਚਾਉਣ ਲੱਗਾ ਤੇ ਹੱਥ ਜੋੜਕੇ ਬੀ. ਟੀ. ਨੂੰ ਕਹਿਣ ਲਗਾ ਸਾਹਿਬ ਮੈਨੂੰ ਇਨ੍ਹਾਂ ਤੋਂ ਛੁਡਾ ਲਵੋ ਮੈਂ ਅਗੇ ਤੋਂ ਆਪ ਦਾ ਦਾਸ ਬਣਕੇ ਰਹਾਂਗਾ । ਇਹ ਸੁਣ ਕੇ ਬੀ. ਟੀ. ਕੁਰਸੀ ਪਰ ਬੈਠਾ ਆਕੜ ਰਿਹਾ ਸੀ। ਕਰਤਾਰ ਸਿੰਘ ਨੇ ਕਿਹਾ ਬਦਮਾਸ਼ ਜੇ ਤੂੰ ਛੁਟਕਾਰਾ ਚਾਹੁੰਦਾ ਹੈਂ ਤਾਂ ਸਾਹਿਬ ਦੇ ਪੈਰ ਫੜ ਲੈ । ਕਾਕਾ ਸਿੰਘ ਅਗੇ ਵਧਿਆ ਅਤੇ ਉਸ ਨੇ ਬੀ. ਟੀ. ਦੀਆਂ ਦੋਵੇਂ ਲੱਤਾਂ ਫੜ ਕੇ ਉਸ ਨੂੰ ਕੁਰਸੀ ਤੋਂ ਹੇਠਾਂ ਸੁਟ ਦਿਤਾ । ਬਬਰਾਂ ਨੇ ਗੋਲੀਆਂ ਨਾਲ ਉਸ ਨੂੰ ਪਾਰ ਬੁਲਾਇਆ । ਇਹ ਕੰਮ ਕਰਕੇ ਉਹ ਪਿੰਡ ਵਿਚ ਆਏ ਤੇ ਕਾਕਾ ਸਿੰਘ ਨੇ ਆਪਣੀ ਆਚਰਣ ਹੀਨ ਭਰਜਾਈ ਹਰਨਾਮੀ ਨੂੰ ਭੀ ਗੋਲੀ ਦਾ ਨਿਸ਼ਾਨਾ ਬਣਾ ਦਿਤਾ। ਜੋ ਜ਼ਾਲਮ ਬੀ. ਟੀ. ਦੀ ਕੋਠੀ ਜਾਂਦੀ ਹੁੰਦੀ ਸੀ ।

ਉਸ ਨੇ ਬਹੁਤ ਮਿਨਤਾਂ ਤਰਲੇ ਕੀਤੇ ਪ੍ਰੰਤੂ ਬਬਰਾਂ ਨੇ ਕਿਹਾ ਤੂੰ ਬੀ ਟੀ. ਵਰਗੇ ਜ਼ਾਲਮ ਨੂੰ ਜਿਸ ਨੇ ਸਾਰੇ ਸਿੱਖ ਪਥ ਦੇ ਹਿਰਦੇ ਛਲਣੀ ਕਰਨ ਤੋਂ ਪਿਛੋਂ ਪੰਜਾਬੀਆਂ ਦੀ ਅਣਖ ਨੂੰ ਟੁੰਬਿਆ ਹੈ ਇਸ ਲਈ ਤੇਰਾ ਨਾਪਾਕ ਵਜੂਦ, ਪੰਜਾਬ ਦੀ ਪਵਿਤਰ ਧਰਤੀ ਪਰ ਰਹਿਣ ਦੇ ਯੋਗ ਨਹੀਂ । ਇਹ ਕਹਿ ਕੇ ਉਸ ਨੂੰ ਭੀ ਗੋਲੀ ਦਾ ਨਿਸ਼ਾਨਾ ਬਣਾ ਦਿਤਾ। ਇਸ ਤੋਂ ਪਿਛੋਂ ਬਦਨ ਸਿੰਘ ਲੋਹਾ ਖੇੜਾ ਫੜਿਆ ਗਿਆ। ਉਸ ਨੂੰ ਫਾਂਸੀ ਦੀ ਸਜ਼ਾ ਹੋਈ । ਕੁੰਦਾ ਸਿੰਘ ਫਜ਼ਲਾ, ਤੇ ਕਾਕਾ ਸਿੰਘ ਪੁਲਸ ਦੇ ਮੁਕਾਬਲੇ ਵਿਚ ਸ਼ਹੀਦ ਹੋ ਗਏ । ਇਨ੍ਹਾਂ ਦੀਆਂ ਕੁਰਬਾਨੀਆਂ ਭਾਰਤ ਦੇ ਆਜ਼ਾਦੀ ਦੇ ਇਤਿਹਾਸ ਵਿਚ ਖਾਸ ਮਹਾਨਤਾ ਰਖਦੀਆਂ ਹਨ ਕਿਉਂਕਿ ਇਨ੍ਹਾਂ ਨੇ ਇਕ ਜ਼ਾਲਮ ਅੰਗਰੇਜ਼ ਅਫਸਰ ਨੂੰ ਭਾਰਤ ਵਾਸੀਆਂ ਪਰ ਜ਼ੁਲਮ ਕਰਨ ਦਾ ਸਵਾਦ ਚਖਾਇਆ ।

ਬੀ. ਟੀ. ਦੀ ਮੌਤ ਮਾਲਵੇ ਦੇ ਬਬਰ ਅਕਾਲੀਆਂ ਦਾ ਸੁਨਹਿਰੀ ਅੱਖਰਾਂ ਵਿਚ ਲਿਖਣ ਯੋਗ ਕਾਰਨਾਮਾ ਹੈ। ਇਸ ਤੋਂ ਪਿਛੋਂ ਕਰਤਾਰ ਸਿੰਘ ਛੀਨੀ ਵਾਲ ਤੇ ਤਾਰਾ ਸਿੰਘ ਮਾਲਕੜਿਆਂ ਵਾਲਾ ਨੇ ਸਲਾਹ ਕੀਤੀ ਕਿ ਸ: ਕਰਤਾਰ ਸਿੰਘ ਸਰਾਭਾ ਵਿਰੁਧ ਗਵਾਹੀ ਦੇ ਕੇ ਉਸ ਨੂੰ ਫਾਂਸੀ ਦਿਵਾਣ ਵਾਲੇ ਗੱਦਾਰ ਤੇ ਮੁਖੱਬਰ ਚੰਨਣ ਸਿੰਘ ਨੂੰ ਭੀ ਉਸ ਦੇ ਕੁਕਰਮਾਂ ਦਾ ਫੱਲ ਭਗਤਾਇਆ ਜਾਵੇ। ਦੋਵੇਂ ਬਬਰ ਸਰਾਭਾ ਗਏ ਪਰ ਉਨ੍ਹਾਂ ਨੂੰ ਗੱਦਾਰ ਚੰਨਣ ਸਿੰਘ ਨਾ ਮਿਲਿਆ । ਅਚਾਨਕ ਹੀ ਇਨ੍ਹਾਂ ਦੀ ਪੁਲਸ ਦੇ ਇਕ ਦਸਤੇ ਨਾਲ ਟੱਕਰ ਹੋ ਗਈ । ਦੋਹਾਂ ਨੇ ਮੁਕਾਬਲਾ ਕੀਤਾ ਪ੍ਰੰਤੂ ਰੌਂਦ ਮੁੱਕ ਜਾਣ ਕਰਕੇ ਗ੍ਰਿਫਤਾਰ ਕਰ ਲਏ ਗਏ। ਜ਼ਿਲਾ ਲੁਧਿਆਣਾ ਵਿਚ ਇਨ੍ਹਾਂ ਪਰ ਕਈ ਝੂਠੇ ਮੁਕੱਦਮੇ ਬਣਾਏ ਗਏ ਪ੍ਰੰਤੂ ਇਹ ਦੋਵੇਂ ਸੱਜਣ ਸਾਰਿਆਂ ਵਿਚੋਂ ਬੱਰੀ ਹੋ ਗਏ ।

ਇਸ ਤੋਂ ਪਿਛੋਂ ਇਨ੍ਹਾਂ ਨੂੰ ਪਟਿਆਲਾ ਸਰਕਾਰ ਦੇ ਹਵਾਲੇ ਕੀਤਾ ਗਿਆ। ਉਧਰ ਭੋਲਾ ਸਿੰਘ ਲੋਹ ਖੇੜਾ ਨੂੰ ਭੀ ਇਕ ਮੁਖੱਬਰ ਕਰਤਾਰੇ ਨੇ ਪੱਟ ਵਿਚ ਗੋਲੀ ਮਾਰ ਕੇ ਜ਼ਖਮੀ ਕਰਕੇ ਗ੍ਰਿਫਤਾਰ ਕਰਵਾ ਦਿੱਤਾ। ਕਰਤਾਰ ਸਿੰਘ ਤੇ ਭੋਲਾ ਸਿੰਘ, ਬੀ. ਟੀ. ਦੇ ਕਤਲ ਦੇ ਮੁਕੱਦਮੇ ਵਿਚੋਂ ਬੱਰੀ ਹੋ ਗਏ, ਪ੍ਰੰਤੂ ਪਟਿਆਲਾ ਪੁਲਸ ਨੇ ਉਨ੍ਹਾਂ ਵਿਰੁਧ ਬਹੁਤ ਸਾਰੇ ਝੂਠੇ ਮੁਕੱਦਮੇ ਬਣਾਕੇ ਸੱਤਰ ੨ ਅੱਸੀ ੨ ਸਾਲ ਦੀਆਂ ਸਜ਼ਾਵਾਂ ਕਰਾਈਆਂ । ਅਪੀਲਾਂ ਵਿਚ ਜੱਜਾਂ ਨੇ ਹੋਰ ਸਾਰੇ ਮੁਕੱਦਮਿਆਂ ਵਿਚੋਂ ਤਾਂ ਬੱਰੀ ਕਰ ਦਿੱਤੇ ਪਰ ਚੌਦਾਂ ਚੌਦਾਂ ਸਾਲ ਸਜ਼ਾਵਾਂ ਕਾਇਮ ਰੀਂਹ ਗਈਆਂ । ਕਰਤਾਰ ਸਿੰਘ ਤੇ ਭੋਲਾ ਸਿੰਘ ਇਨ੍ਹਾਂ

ਓ

Digitized by Panjab Digital Library | www.panjabdigilib.org

ਸਤਰਾਂ ਦੇ ਲਿਖਣ ਸਮੇਂ ੩੧-੧੨-੫੨ ਤੱਕ ਪਟਿਆਲਾ ਜੇਲ੍ਹ ਵਿਚ ਸਜ਼ਾ ਭੁਗਤ ਰਹੇ ਸਨ। ਭਾਵੇਂ ਦੇਸ਼ ਆਜ਼ਾਦ ਹੋ ਗਿਆ ਹੈ ਤੇ ਆਜ਼ਾਦੀ ਲਿਆਉਣ ਦੇ ਕਈ ਝੂਠੇ ਦਾਹਵੇਦਾਰ ਵਜ਼ਾਰਤਾਂ ਦੀਆਂ ਕੁਰਸੀਆਂ ਪਰ ਜਾ ਬੈਠੇ ਹਨ ਪ੍ਰੰਤੂ ਦੇਸ਼ ਦੀ ਖਾਤਰ ਆਪਾ ਵਾਰਨ ਵਾਲੇ ਦੇਸ਼ ਭਗਤ ਇਸ ਕਰਕੇ ਅਜੇ ਤੱਕ ਜੇਲ੍ਹਾਂ ਵਿਚ ਸੜ ਰਹੇ ਹਨ ਕਿਉਂਕਿ ਪੁਲਸ ਨੇ ਉਨ੍ਹਾਂ ਪਰ ਝੂਠੇ ਇਖਲਾਕੀ ਮੁਕੱਦਮੇ ਬਣਾ ਕੇ ਉਨ੍ਹਾਂ ਦੀ ਦੇਸ਼ ਭਗਤੀ ਪਰ ਪਰਦਾ ਪਾ ਦਿੱਤਾ ਸੀ।

ਇਸ ਤੋਂ ਇਲਾਵਾ ਹੋਰ ਭੀ ਬਹੁਤ ਸਾਰੇ ਦੇਸ਼ ਭਗਤ ਜਿਨ੍ਹਾਂ ਪਰ ਪੁਲਸ ਨੇ ਝੂਠੇ ਮੁਕੱਮੇ ਬਣਾਏ ਸਨ। ਨਾਭਾ, ਪਟਿਆਲਾ ਦੀਆਂ ਜੇਲ੍ਹਾਂ ਵਿਚ ਸੜ ਰਹੇ ਹਨ। ਹਕੂਮਤ ਦਾ ਇਹ ਮੁੱਢ ਤੋਂ ਹੀ ਵਤੀਰਾ ਰਿਹਾ ਹੈ ਕਿ ਉਹ ਦੇਸ਼ ਭਗਤਾਂ ਅਤੇ ਜਨਤਾ ਦੇ ਸੇਵਕਾਂ ਵਿਰੁਧ ਝੂਠੇ ਇਖਲਾਕੀ ਮੁਕੱਦਮੇ ਬਣਾਇਆ ਕਰਦੀ ਹੈ ਤਾਕਿ ਉਨ੍ਹਾਂ ਦੇ ਅੱਸਲ ਮਨੋਰਥ ਨੂੰ ਲੋਕਾਂ ਪਾਸੋਂ ਓਹਲੇ ਰਖ ਕੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਗ਼ਲਤ ਰੰਗਤ ਦਿੱਤੀ ਜਾ ਸਕੇ। ਇਹ ਫਰਜ਼ ਤਾਂ ਸੱਚੇ ਦੇਸ਼ ਭਗਤਾਂ ਅਤੇ ਨਿਰਪੱਖ ਇਤਿਹਾਸ ਲਿਖਾਰੀਆਂ ਦਾ ਹੈ ਕਿ ਉਹ ਸਰਕਾਰ ਵਲੋਂ ਮਿੱਟੀ ਵਿਚ ਰੋਲੀ ਗਏ ਦੇਸ਼ ਭਗਤ ਹੀਰਿਆਂ ਨੂੰ ਪ੍ਰਗਟ ਕਰ ਉਨ੍ਹਾਂ ਦੀਆਂ ਬਹੁਮੁਲੀਆਂ ਕੁਰਬਾਨੀਆਂ ਨੂੰ ਅੱਸਲੀ ਰੂਪ ਵਿਚ ਅੰਕਤ ਕਰਨ ਤਾਕਿ ਆਉਣ ਵਾਲੀਆਂ ਨਸਲਾਂ ਉਨ੍ਹਾਂ ਤੋਂ ਸਹੀ ਪ੍ਰੇਰਨਾ ਲੈ ਕੇ ਦੇਸ਼ ਪਿਆਰ ਦਾ ਸੱਬਕ ਸਿੱਖ ਸਕਣ।

ਮਾਲਵੇ ਵਿਚ ਬਬਰ ਅਕਾਲੀ ਲਹਿਰ ਦਾ ਜੋ ਬੀਜ ਖਿਲਾਰਿਆ ਗਿਆ ਸੀ ਉਸ ਦਾ ਫੱਲ ਇਕ ਤਾਂ ਉਪਰ ਲਿਖੀ ਘਟਨਾ ਦੇ ਰੂਪ ਵਿਚ ਪ੍ਰਗਟ ਹੋਇਆ ਅਤੇ ਦੂਜਾ ਸ: ਊਧਮ ਸਿੰਘ ਸ਼ਹੀਦ ਸਨਾਮ ਨੇ ਜਨਰਲ ਡਾਇਰ ਨੂੰ ਗੋਲੀ ਦਾ ਨਿਸ਼ਾਨਾ ਬਣਾ ਕੇ ਨਿੱਹਥੀ ਪ੍ਰਜਾ ਪਰ ਗੋਲੀਆਂ ਚਲਾਉਣ ਦਾ ਫੱਲ ਭੁਗਤਾਇਆ। ਸ੍ਰੀ ਅੰਮ੍ਰਿਤਸਰ ਤੋਂ ਆ ਕੇ ਸ: ਊਧਮ ਸਿੰਘ ਜੀ ਕੁਝ ਚਿਰ ਅਕਾਲ ਕਾਲਜ ਗੁਰਸਾਗਰ ਮਸਤੂਆਣਾ ਵਿਚ ਪੜ੍ਹਦੇ ਰਹੇ ਤੇ ਇਥੋਂ ਬਬਰ ਅਕਾਲੀਆਂ ਨਾਲ ਪ੍ਰੋਗਰਾਮ ਬਣਾ ਕੇ ਉਨ੍ਹਾਂ ਨੂੰ ਬੀ. ਟੀ. ਵਿਰੁਧ ਐਕਸ਼ਨ ਕਰਨ ਦਾ ਹੁਕਮ ਦੇ ਕੇ ਆਪ ਵਲਾਇਤ ਨੂੰ ਚਲੇ ਗਏ। ਸ: ਊਧਮ ਸਿੰਘ ਜੀ ਦੇ ਜੀਵਨ ਪਰ ਇਕ ਵੱਖਰੀ ਕਿਤਾਬ ਲਿਖੀ ਜਾ ਸਕਦੀ ਹੈ ਪ੍ਰੰਤੂ ਇਥੇ ਅਸੀਂ ਉਨ੍ਹਾਂ ਦੇ ਜੀਵਨ ਦਾ ਇਕ ਪਹਿਲੂ ਹੀ ਪਾਠਕਾਂ ਦੇ ਪੇਸ਼ ਕਰਨਾ ਚਾਹੁੰਦੇ ਹਾਂ ਜਿਸ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਆਪ ਦੇ ਦਿਲ ਵਿਚ ਦੇਸ਼ ਭਗਤੀ ਦਾ ਜਜ਼ਬਾ ਕਿਵੇਂ ਠਾਠਾਂ ਮਾਰ ਰਿਹਾ ਸੀ।

## ਜਲ੍ਹਿਆਂ ਵਾਲਾ ਬਾਗ ਤੇ ਊਧਮ ਸਿੰਘ ਸ਼ਹੀਦ

### ( ਰੌਲਟ ਐਕਟ )

੧੦ ਦਸੰਬਰ ੧੯੧੭ ਨੂੰ ਕਮੇਟੀ ਬਣਾਈ ਗਈ ਜੋ ਹਿੰਦੁਸਤਾਨ ਵਿਚ ਰਾਜਧਰੋਹੀ ਗੋਂਦਾ ਤੇ ਲਹਿਰਾਂ ਸਬੰਧੀ ਪੜਤਾਲ ਕਰਕੇ ਰਿਪੋਟ ਕਰੇ ਅਤੇ ਇਹਨਾਂ ਨੂੰ ਦੂਰ ਕਰਨ ਦੇ ਸਾਧਨ ਦਸੇ ਇਸ ਕਮੇਟੀ ਦੇ ਪ੍ਰੈਜ਼ੀਡੈਂਟ ਜਸਟਸ ਰੌਲਟ ਸਾਹਿਬ ਸਨ।

੧੫ ਅਪਰੈਲ ੧੯੧੮ ਈ: ਨੂੰ ਮਿਸਟਰ ਜਸਟਸ ਰੌਲਟ ਨੇ ਰਿਪੋਟ ਤਿਆਰ ਕਰਕੇ ਅਤੇ ਸਫਾਰਸ਼ਾਂ ਕਰਕੇ ਸਰਕਾਰ ਹਿੰਦ ਨੂੰ ਭੇਜ ਦਿਤੀ।

੬ ਫਰਵਰੀ ੧੯੧੯ ਈ: ਨੂੰ ਰੌਲਟ ਬਿਲ ਤਿਆਰ ਹੋ ਕੇ ਹਿੰਦ ਦੀ ਵਡੀ ਸ਼ਾਹੀ ਕੌਂਸਲ ਵਿਚ ਪੇਸ਼ ਹੋਇਆ ਤੇ ਮਿਸਟਰ ਸਾਸ਼ਤ੍ਰੀ ਤੇ ਮਾਲਵੀ ਜੀ ਆਦਿਕਾਂ ਨੇ ਨਵੀਆ ਕੌਂਸਲਾਂ ਬਣਨ ਤਕ ਮੁਲਤਵੀ ਕਰਨ ਲਈ ਜ਼ੋਰ ਦਿਤਾ ਤੇ ਤਰਮੀਮ ਪੇਸ਼ ਕੀਤੀ ਪਰ ਇਸ ਗਲ ਦੇ ਹਕ ਵਿਚ ਕੇਵਲ ੨੨ ਹਿੰਦੁਸਤਾਨੀ ਮੈਂਬਰਾਂ ਨੇ ਵਿਰੁਧ ਰਾਵਾਂ ਦਿਤੀਆਂ ਜਿਸ ਕਰਕੇ ਤਰਮੀਮ ਗਿਰ ਗਈ ਤੇ

Digitized by Panjab Digital Library | www.panjabdigilib.org

ਰੋਲਟ ਐਕਟ ਸੀਲੈਕਟ ਕਮੇਟੀ ਦੇ ਸਪੁਰਦ ਹੋ ਗਿਆ ।

੧੮ ਮਾਰਚ ੧੯੧੯ ਈ: ਨੂੰ ਰੋਲਟ ਐਕਟ ਪਾਸ ਹੋ ਕੇ ਕਾਨੂੰਨ ਬਣ ਗਿਆ ਅਤੇ ਸਰਕਾਰ ਦੀ ਇਸ ਆਪ ਹੁਦਰੀ ਕਾਰਵਾਈ ਉਪਰ ਰੋਸ ਪ੍ਰਗਟ ਕਰਦਿਆਂ ਹੋਇਆਂ ਪੰਡਤ ਮਦਨ ਮੋਹਨ ਮਾਲਵੀ ਜੀ ਮਿਸਟਰ ਮਜ਼ਰੁਲ ਹੱਕ ਤੇ ਮਿਸਟਰ ਜਿਨਾਹ ਨੇ ਅਸਤੀਫੇ ਦੇ ਦਿਤੇ ।

੨੪ ਮਾਰਚ ੧੯੧੯ ਈ: ਨੂੰ ਮਹਾਤਮਾਂ ਗਾਂਧੀ ਜੀ ਨੇ ਐਲਾਨ ਕੀਤਾ ਕਿ ਰੋਲਟ ਐਕਟ ਉਤੇ ਵਾਇਸ ਰਾਏ ਦੀ ਮਨਜ਼ੂਰੀ ਮਗਰੋਂ ਦੂਜੇ ਐਤਵਾਰ ਅਰਥਾਤ ੬ ਅਪਰੈਲ ਨੂੰ ਸਾਰੇ ਹਿੰਦੁਸਤਾਨ ਵਿਚ ਹੜਤਾਲ ਕੀਤੀ ਜਾਵੇ ੨੪ ਘੰਟੇ ਵਰਤ ਰਖਿਆ ਜਾਵੇ ਵਾਹਿਗੁਰੂ ਅਗੇ ਪ੍ਰਾਰਥਨਾ ਕਰਕੇ ਹਰਦਮ ਪਵਿਤ੍ਰਤਾ ਨਾਲ ਸਤਿਆਗ੍ਰਹਿ ਦੀ ਤਿਆਰੀ ਕੀਤੀ ਜਾਵੇ ਅਤੇ ਲੋੜ ਵੇਲੇ ਜਲਸੇ ਕਰਕੇ ਰੋਲਟ ਐਕਟ ਨੂੰ ਵਾਪਸ ਲੈਣ ਦੇ ਮਤੇ ਪਾਸ ਕੀਤੇ ਜਾਣ ।

੧੯ ਮਾਰਚ ੧੯੧੯ ਈ: ਨੂੰ ਡਾ: ਸਤਿਆਪਾਲ ਦੀ ਜ਼ਬਾਨਬੰਦੀ ਤੇ ਨਜ਼ਰ ਬੰਦੀ ਕੀਤੀ ਗਈ । ੩੦ ਮਾਰਚ ੧੯੧੯ ਈ: ਨੂੰ ਸਾਰੇ ਸ਼ਹਿਰਾਂ ਵਿਚ ਅਤੇ ਅੰਮ੍ਰਿਤਸਰ ਵਿਚ ਵੀ ਜਲਸੇ ਹੋਏ ਅੰਮ੍ਰਿਤਸਰ ਦੇ ਇਸ ਜਲਸੇ ਵਿਚ ੩੦-੩੫ ਹਜ਼ਾਰ ਆਦਮੀ ਦਾ ਇਕੱਠ ਸੀ ਮਹਾਤਮਾਂ ਜੀ ਦਾ ਸੰਦੇਸਾ ਸੁਣਾਇਆ ਗਿਆ ਅਤੇ ਡਾ: ਕਿਚਲੂ ਨੇ ਲੈਕਚਰ ਦਿਤਾ, ੩ ਅਪਰੈਲ ਨੂੰ ਡਾ: ਕਿਚਲੂ ਜੀ ਦੀ ਵੀ ਜ਼ਬਾਨ ਬੰਦੀ ਤੇ ਨਜ਼ਰਬੰਦੀ ਕੀਤੀ ਗਈ, ੬ ਅਪਰੈਲ ਨੂੰ ਅੰਮ੍ਰਿਤਸਰ ਦੀ ਮੀਟਿੰਗ ਵਿਚ ੫੦ ਹਜ਼ਾਰ ਦੀ ਹਾਜ਼ਰੀ ਦਸੀ ਗਈ ਹੈ ਇਸ ਮੀਟਿੰਗ ਦੇ ਪ੍ਰੈਜ਼ੀਡੈਂਟ ਮਿਸਟਰ ਬਦਰੁਲ ਇਸਲਾਮ ਖਾਨ ਅੰਮ੍ਰਿਤਸਰ ਦੇ ਬੈਰਿਸਟਰ ਸਨ ।

੬ ਅਪਰੈਲ ੧੯੧੯ ਈ: ਨੂੰ ਪੰਜਾਬ ਵਿਚ ਮੁਕੰਮਲ ਹੜਤਾਲ ਹੋਈ ਅਤੇ ਸਾਰੇ ਹਿੰਦੁਸਤਾਨ ਵਿਚ ਹੜਤਾਲ ਕਰਕੇ ਇਕ ਅਵਾਜ਼ ਨਾਲ ਰੌਲਟ ਐਕਟ ਦੀ ਵਿਰੋਧਤਾ ਕੀਤੀ ਗਈ । ਹਿੰਦੂ, ਮੁਸਲਮਾਨਾਂ ਨੇ ਇਕ ਦਿਲ ਤੇ ਇਕ ਜਾਨ ਹੋ ਕੇ ਰੌਲਟ ਐਕਟ ਨੂੰ ਰੱਦ ਕਰ ਦੇਣ ਲਈ ਅਵਾਜ਼ ਉਠਾਈ ਪੰਜਾਬ ਵਿਚ ਇਹ ਇਕ ਅਦੁਤੀ ਨਜ਼ਾਰਾ ਸੀ । ਸਰਮਾਈਕਲ ਓਡਵਾਇਰ ਨੂੰ ਹਿੰਦੂ, ਮੁਸਲਮ ਮਿਲਾਪ ਅਤੇ ਹੜਤਾਲ ਵਿਚੋਂ ਅੰਗਰੇਜ਼ੀ ਰਾਜ ਦੇ ਵਿਰੁਧ ਬਗਾਵਤ ਦੇ ਸਖਤ ਖਤਰੇ ਦੀ ਬੂ ਆਈ ਤੇ ਉਸ ਨੇ ਵਿਚਾਰਿਆ ਕਿ ਇਸ ਮਿਲਾਪ ਤੇ ਮਿਲਵੀਂ ਆਵਾਜ਼ ਨੂੰ ਜ਼ਰੂਰ ਤੋੜਨਾ ਚਾਹੀਦਾ ਹੈ ।

੯ ਅਪਰੈਲ ੧੯੧੯ ਈ: ਨੂੰ ਅੰਮ੍ਰਿਤਸਰ ਤੇ ਲਾਹੌਰ ਵਿਚ ਰਾਮ ਨੌਮੀ ਅਦੁੱਤੀ ਧੂਮ ਧਾਮ ਨਾਲ ਮਨਾਈ ਗਈ ਹਿੰਦੁਸਤਾਨ ਵਿਚ ਸ਼ੈਦ ਇਹ ਪਹਿਲਾ ਦਿਨ ਸੀ ਕਿ ਦੋਹਾਂ ਕੌਮਾਂ ਨੇ ਇਕ ਕਟੋਰੇ ਵਿਚ ਪਾਣੀ ਪੀਤਾ ਤੇ ਮੁਸਲਮਾਨਾਂ ਨੇ ਰਾਮਨੌਮੀ ਦੇ ਜਲੂਸ ਵਿਚ ਸ਼ਾਮਲ ਹੋ ਕੇ ਥਾਂ ਥਾਂ ਕੌਮੀ ਮਿਲਾਪ ਦਾ ਸਬੂਤ ਦਿਤਾ ।

੧੦ ਅਪਰੈਲ ੧੯੧੯ ਈ: ਨੂੰ ਪੰਜਾਬ ਸਰਕਾਰ ਨੇ ਮਹਾਤਮਾ ਗਾਂਧੀ ਜੀ ਨੂੰ ਪੰਜਾਬ ਆਉਣ ਤੋਂ ਰੋਕ ਦਿੱਤਾ ਅਤੇ ਜਦ ਮਹਾਤਮਾ ਜੀ ਨੇ ਹੁਕਮ ਮੰਨਣ ਤੋਂ ਨਾਂਹ ਕੀਤੀ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਵਾਪਸ ਕੀਤਾ ਗਿਆ ਅਤੇ ਇਸੇ ਦਿਨ ਡਾ: ਕਿਚਲੂ ਸਾਹਿਬ ਤੇ ਸਤਿਪਾਲ ਜੀ ਨੂੰ ਗ੍ਰਿਫਤਾਰ ਕਰਕੇ ਜਲਾ-ਵਤਨ ਕਰ ਦਿੱਤਾ ਗਿਆ ।

### ਹੜਤਾਲ ਬਾਬਤ ਸਰ ਮਾਈਕਲ ਐਡਵਾਇਰ ਦੀ ਰਾਏ

ਰਾਏਜ਼ਾਦਾ ਭਗਤ ਸਿੰਘ ਜੀ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਪੰਜਾਬ ਕੌਂਸਲ ਦੀ ਮੀਟਿੰਗ ਮਗਰੋਂ ਮੈਂ ਲੈਫਟੀਨੈਂਟ ਗਵਰਨਰ ਪੰਜਾਬ ਨੂੰ ਉਸ ਦੀ ਬੈਠਕ ਵਿਚ ਮਿਲਿਆ । ਉਸ ਮੇਥੋਂ

Digitized by Panjab Digital Library | www.panjabdigilib.org

ਪੁਛਿਆ ਕਿ ਜਾਲੰਧਰ ਵਿਚ ਕਿਹੋ ਜੇਹੀ ਹੜਤਾਲ ਹੋਈ, ਮੈਂ ਆਖਿਆ ਕਿ ਮੁਕੰਮਲ ਅਤੇ ਪੂਰਨ ਸ਼ਾਂਤੀ ਨਾਲ ਹੜਤਾਲ ਹੋਈ, ਕੋਈ ਫਸਾਦ ਨਹੀਂ ਹੋਇਆ। ਉਸ ਮੈਂਬਰ ਪੁਛਿਆ ਕਿ ਇਹ ਕਿਸ ਦੀ ਸ਼ਕਤੀ ਕਰਕੇ ਸੀ, ਮੈਂ ਉਤਰ ਦਿੱਤਾ ਕਿ ਮੇਰੇ ਦਿਲ ਵਿਚ ਨਿਸਚਾ ਹੈ ਕਿ ਇਹ ਮਹਾਤਮਾ ਗਾਂਧੀ ਜੀ ਦੀ ਆਤਮਕ ਸ਼ਕਤੀ ਦੇ ਅਸਰ ਨਾਲ ਹੋਈ ਹੈ। ਇਸ ਉਤੇ ਸਰ ਮਾਈਕਲ ਨੇ ਘਸੁੰਨ ਚੁਕਿਆ ਤੇ ਆਖਿਆ, ਰਾਏਜ਼ਾਦਾ ਸਾਹਿਬ! ਯਾਦ ਰੱਖੋ, ਕਿ ਮਹਾਤਮਾ ਗਾਂਧੀ ਦੀ ਆਤਮਕ ਸ਼ਕਤੀ ਨਾਲੋਂ ਵਧਕੇ ਇਹ ਇਕ ਹੋਰ ਤਾਕਤ ਵੀ ਹੈ।

੧੦ ਅਪਰੈਲ ਨੂੰ ਡਾ: ਕਿਚਲੂ ਤੇ ਡਾ: ਸਤਿਪਾਲ ਨੂੰ ਗ੍ਰਿਫਤਾਰ ਕਰਕੇ ਜਲਾ-ਵਤਨ ਕੀਤੇ ਜਾਣ ਤੇ ਸਾਰੇ ਅੰਮ੍ਰਿਤਸਰ ਸ਼ਹਿਰ ਵਿਚ ਰੌਲਾ ਪੈ ਗਿਆ ਤੇ ਲੋਕ ਇਕੱਠੇ ਹੋ ਕੇ ਡਿਪਟੀ ਕਮਿਸ਼ਨਰ ਦੇ ਬੰਗਲੇ ਫਰਿਆਦ ਕਰਨ ਤੁਰ ਪਏ। ਰੇਲਵੇ ਦੇ ਤੇ ਯੱਕਿਆਂ ਦੇ ਪੁਲ ਤੇ ਇਸ ਭੀੜ ਨੂੰ ਰੋਕਿਆ ਗਿਆ ਤੇ ਇਥੇ ਹੀ ਪਹਿਲੀ ਵੇਰ ਲੋਕਾਂ ਉਤੇ ਗੋਲੀ ਚਲਾਈ ਜਿਸ ਕਰਕੇ ਭੀੜ ਵਿਚ ਕੁਝ ਆਦਮੀ ਮਾਰੇ ਗਏ, ਕੁਝ ਜ਼ਖਮੀ ਹੋਏ। ਜਦ ਜ਼ਖਮੀ ਤੇ ਮੁਰਦੇ ਲੋਥਾਂ ਹਾਲ ਬਾਜ਼ਾਰ ਵਿਚ ਲਿਆਈਆਂ ਗਈਆਂ ਤਾਂ ਲੋਕ ਭੜਕ ਉੱਠੇ ਤੇ ਵਧੇਰੀ ਗਿਣਤੀ ਵਿਚ ਦੋਹਾਂ ਹੀ ਪੁਲਾਂ ਵੱਲ ਵੱਧੇ, ਰੇਲਵੇ ਹਾਤੇ ਪਾਸ ਗੋਲੀ ਚਲੀ ਤੇ ਵੀਹ ਕੁ ਆਦਮੀ ਹੋਰ ਮਾਰੇ ਗਏ ਤੇ ਕਈ ਜ਼ਖਮੀ ਹੋਏ। ਆਖਰ ਭੀੜ ਕਾਬੂ ਤੋਂ ਬਾਹਰ ਹੋ ਗਈ ਤੇ ਸ਼ਹਿਰ ਵਿਚ ਲੁੱਟ ਮੱਚ ਗਈ। ਸ਼ਾਮ ਦੇ ਪੰਜ ਵਜੇ ਤੱਕ ਬੈਂਕ ਤੇ ਸਰਕਾਰੀ ਮਕਾਨ ਵਗੈਰਾ ਸਾੜੇ ਗਏ ਤੇ ਲੁੱਟੇ ਗਏ, ਰਾਤ ਨੂੰ ਅਮਨ ਚੈਨ ਰਿਹਾ। ਲੋਕਾਂ ਦੇ ਹਰ ਮਨ ਪਿਆਰੇ ਲੀਡਰਾਂ ਦੀ ਜਲਾ-ਵਤਨੀ ਅਤੇ ਫਿਰ ਬੇ-ਹੱਥਿਆਰ ਅਤੇ ਫਰਿਆਦੀ ਪ੍ਰਜਾ ਪਰ ਗੋਲੀਆਂ ਚਲਾਣ ਦੀ ਕਾਰਵਾਈ ਨੇ ਸਾਰੀ ਹਾਲਤ ਵਿਗਾੜ ਦਿੱਤੀ ਸੀ ਤੇ ਲੋਕੀ ਭੜਕ ਕੇ ਆਪੇ ਤੋਂ ਬਾਹਰ ਹੋ ਗਏ ਸਨ।

੧੨ ਅਪਰੈਲ ਨੂੰ ਜਨਰਲ ਡਾਇਰ ਨੇ ਆ ਕੇ ਅੰਮ੍ਰਿਤਸਰ ਦਾ ਚਾਰਜ ਲੈ ਲਿਆ ਅਤੇ ਸ਼ਹਿਰ ਵਿਚ ਦਾਖਲ ਹੋ ਕੇ ਬਾਰ੍ਹਾਂ ਦੇ ਕਰੀਬ ਉਸ ਨੇ ਗ੍ਰਿਫਤਾਰੀਆਂ ਕੀਤੀਆਂ। ੧੩ ਅਪਰੈਲ ਨੂੰ ਸਵੇਰੇ ਸਾਢੇ ਨੌਂ ਵਜੇ ਜਨਰਲ ਡਾਇਰ ਸ਼ਹਿਰ ਵਿਚ ਦਾਖਲ ਹੋਇਆ ਤੇ ਐਲਾਨ ਕੀਤਾ ਕਿ ਕਿਸੇ ਵਕਤ ਭੀ ਸ਼ਹਿਰ ਵਿਚ ਜਾਂ ਸ਼ਹਿਰ ਤੋਂ ਬਾਹਰ ਜਲੂਸ ਕੱਢਣ ਦੇ ਅਥਵਾ ਚਾਰ ਆਦਮੀਆਂ ਦੇ ਇਕੱਠੇ ਹੋਣ ਦੀ ਭੀ ਆਗਿਆ ਨਹੀਂ ਹੈ। ਚਾਰ ਆਦਮੀਆਂ ਦਾ ਕੱਠ ਕਾਨੂੰਨ ਵਿਰੁਧ ਜਥਾ ਸਮਝਿਆ ਜਾਵੇਗਾ ਤੇ ਲੋੜ ਪਈ ਤਾਂ ਗੋਲੀ ਚਲਾਈ ਜਾਵੇਗੀ। ਇਹ ਐਲਾਨ ਸ਼ਹਿਰ ਵਿਚ ਕਈਆਂ ਜ਼ਰੂਰੀ ਜਗ੍ਹਾਂ ਵਿਚ ਨਹੀਂ ਸੁਨਾਇਆ ਗਿਆ ਅਤੇ ਉਸ ਦਿਨ ਹਜ਼ਾਰਾਂ ਆਦਮੀਆਂ ਨੂੰ ਇਸ ਹੁਕਮ ਦਾ ਪਤਾ ਹੀ ਨਹੀਂ ਲੱਗਾ। ੧੩ ਅਪਰੈਲ ਨੂੰ ਸਾਢੇ ਚਾਰ ਵਜੇ ਜਲ੍ਹਿਆਂ ਵਾਲੇ ਬਾਗ ਵਿਚ ਜਲਸਾ ਹੋਣਾ ਸੀ। ਜਨਰਲ ਡਾਇਰ ਨੇ ਆਪਣੇ ਬਿਆਨ ਵਿਚ ਮੰਨਿਆ ਕਿ ਉਸ ਨੂੰ ਪੌਣੇ ਇਕ ਵਜੇ ਜਲਸੇ ਦਾ ਪਤਾ ਲੱਗ ਗਿਆ ਸੀ ਪਰ ਉਸ ਨੇ ਲੋਕਾਂ ਨੂੰ ਇਕੱਠੇ ਹੋਣ ਤੋਂ ਪਹਿਲਾਂ ਰੋਕਣ ਦਾ ਕੋਈ ਬੰਦੋਬਸਤ ਨਹੀਂ ਕੀਤਾ ਤੇ ਆਖਿਆ, ਮੈਂ ਖਿਆਲ ਕੀਤਾ ਸੀ ਕਿ ਸਵੇਰੇ ਜਲਸੇ ਰੋਕਣ ਦਾ ਐਲਾਨ ਕਰਕੇ ਜੋ ਕੁਝ ਮੈਂ ਕਰਨਾ ਸੀ, ਕਾਫੀ ਕਰ ਚੁਕਾ ਸੀ ਅਤੇ ਮੈਂ ਇਤਬਾਰ ਨਹੀਂ ਕੀਤਾ ਕਿ ਉਹ ਸੱਚ ਮੁੱਚ ਜਲਸਾ ਕਰਨਗੇ। ਜਦ ਕਿ ਮੈਂ ਸਵੇਰੇ ਰੋਕਣ ਦਾ ਹੁਕਮ ਦੇ ਚੁਕਾ ਸਾਂ, ਇਸ ਲਈ ਮੈਂ ਹੋਰ ਸਿਪਾਹੀ ਭੇਜ ਕੇ ਉਨ੍ਹਾਂ ਨੂੰ ਜਲਸੇ ਵਿਚ ਜਮ੍ਹਾਂ ਹੋਣ ਤੋਂ ਬੰਦ ਕਰਨਾ ਮੁਨਾਸਬ ਹੀ ਨਾ ਸਮਝਿਆ। ਜਨਰਲ ਡਾਇਰ ਭੀ ਸਵਾ ਪੰਜ ਵਜੇ ਜਲਿਆਂ ਵਾਲੇ ਬਾਗ ਵਿਚ ਪੁਜਿਆ, ੯੦ ਸਿਪਾਹੀ ਉਸ ਦੇ ਨਾਲ ਸਨ।

Digitized by Panjab Digital Library | www.panjabdigilib.org

# ਜਲ੍ਹਿਆਂ ਵਾਲੇ ਬਾਗ ਦੇ ਕਤਲਾਮ ਦੀ ਕਹਾਣੀ
# ਕਾਤਲ ਦੀ ਆਪਣੀ ਜ਼ਬਾਨੀ

ਜਲ੍ਹਿਆਂ ਵਾਲੇ ਬਾਗ ਸਬੰਧੀ ਜਨਰਲ ਡਾਇਰ ਨੇ ਹੰਟਰ ਕਮਿਸ਼ਨ ਦੇ ਸਾਹਮਣੇ ਆਪਣੇ ਮੂੰਹੋਂ ਹੇਠ ਲਿਖੇ ਬਿਆਨ ਦਿਤੇ:–

ਸਵਾਲ:– ਜਦ ਤੂੰ ਬਾਗ ਵਿਚ ਪਹੁੰਚਿਆ ਤਾਂ ਤੂੰ ਕੀ ਕੀਤਾ।

ਜਵਾਬ ਡਾਇਰ– ਮੈਂ ਗੋਲੀ ਚਲਾਉਣੀ ਸ਼ੁਰੂ ਕਰ ਦਿਤੀ।

ਸਵਾਲ– ਫੌਰਨ।

ਜਵਾਬ ਡਾਇਰ– ਹਾਂ ਜੀ ਮੈਂ ਝਟ ਪਟ ਇਸ ਮਾਮਲੇ ਸਬੰਧੀ ਸੋਚ ਲਿਆ ਸੀ ਅਤੇ ਮੈਨੂੰ ਆਪਣਾ ਇਰਾਦਾ ਪੱਕਾ ਕਰਨ ਲਈ ਕਿ ਮੇਰਾ ਫਰਜ਼ ਕੀ ਹੈ ੩੦ ਸਕਿੰਟਾਂ ਤੋਂ ਵਧ ਸਮਾਂ ਨਹੀਂ ਲਗਾ।

ਸਵਾਲ-- ਦਸੋ ਭੀੜ ਵਿਚ ਲੋਕੀਂ ਕੀ ਕਰ ਰਹੇ ਸਨ।

ਜਵਾਬ ਡਾਇਰ-- ਬਹੁਤ ਅਛਾ ! ਉਹ ਜਲਸਾ ਕਰ ਰਹੇ ਸਨ ਇਕ ਆਦਮੀ ਵਿਚਕਾਰ ਕਿਸੇ ਉਚੀ ਜਗ੍ਹਾ ਤੇ ਖੜੋਤਾ ਸੀ ਉਸ ਦੀਆਂ ਬਾਹਾਂ ਹਰਕਤ ਕਰਦੀਆਂ ਸਨ ਉਹ ਲੈਕਚਰ ਦੇ ਰਿਹਾ ਸੀ ਜਿਥੋਂ ਤਕ ਮੈਂ ਖਿਆਲ ਕਰ ਸਕਦਾ ਹਾਂ ਉਹ ਠੀਕ ਕੇਂਦਰ ਵਿਚ ਸੀ।

ਲਾਰਡ ਹੰਟਰ– ਇਹ ਫਰਜ਼ ਕਰਕੇ ਕਿ ਭੀੜ ਵਿਚ ਅਜੇਹੇ ਲੋਕ ਭੀ ਹੋਣਗੇ ਜਿਹੜੇ ਕਿ ਐਲਾਨ ਤੋਂ ਬੇਖਬਰ ਸਨ ਕੀ ਆਪ ਨੂੰ ਫੁਰਨਾ ਨਹੀਂ ਫੁਰਿਆ ਕਿ ਗੋਲੀ ਚਲਾਣ ਤੋਂ ਪਹਿਲਾ ਮੁਨਾਸਬ ਤਰੀਕਾ ਇਹ ਹੈ ਕਿ ਭੀੜ ਨੂੰ ਖਿੰਡ ਪੁੰਡ ਜਾਣ ਦਾ ਹੁਕਮ ਦਿਤਾ ਜਾਵੇ।

ਜਨਰਲ ਡਾਇਰ– ਨਹੀਂ ਜੀ ਮੈਂ ਉਸ ਵੇਲੇ ਨਹੀਂ ਸੋਚਿਆ ਮੈਂ ਸਿਰਫ ਇਹ ਅਨੁਭਵ ਕੀਤਾ ਕਿ ਮੇਰੇ ਹੁਕਮ ਮੰਨੇ ਨਹੀਂ ਗਏ ਹਨ ਮਾਰਸ਼ਲ ਲਾ ਦੀ ਹੱਤਕ ਕੀਤੀ ਗਈ ਹੈ ਅਤੇ ਇਹ ਮੇਰਾ ਫਰਜ਼ ਹੈ ਕਿ ਰਾਈਫਲਾਂ ਨਾਲ ਝਟ ਪਟ ਗੋਲੀ ਚਲਾਵਾਂ।

ਸਵਾਲ-- ਆਪ ਦੇ ਗੋਲੀ ਚਲਾਣ ਤੋਂ ਪਹਿਲਾਂ ਭੀੜ ਦੇ ਲੋਕਾਂ ਨੇ ਕੋਈ ਹਰਕਤ ਕੀਤੀ।

ਜਨਰਲ ਡਾਇਰ– ਨਹੀਂ ਸਾਹਿਬ ਉਨ੍ਹਾਂ ਵਿਚੋਂ ਕੁਝ ਭਜ ਉਠੇ।

ਸਵਾਲ– ਕੀ ਉਹਨਾਂ ਨੇ ਭਜਣਾ ਸ਼ੁਰੂ ਕਰ ਦਿਤਾ।

ਜਵਾਬ ਡਾਇਰ– ਹਾਂ ਜੀ ਜਦ ਮੈਂ ਗੋਲੀ ਚਲਾਣੀ ਸ਼ੁਰੂ ਕਰ ਦਿਤੀ ਕੇਂਦਰ ਦੀ ਸੰਘਣੀ ਭੀੜ ਯਕ ਲਖਤ ਸਜੇ ਪਾਸੇ ਭਜ ਉਠੀ।

ਸਵਾਲ– ਉਸ ਵੇਲੇ ਮਾਰਸ਼ਲ ਲਾਅ ਦਾ ਐਲਾਨ ਨਹੀਂ ਕੀਤਾ ਗਿਆ ਸੀ, ਕੀ ਆਪਨੇ ਇਤਨੀ ਖੌਫਨਾਕ ਕਾਰਵਾਈ ਕਰਨ ਤੋਂ ਪਹਿਲਾਂ ਇਹ ਨਾ ਸੋਚਿਆ ਕਿ ਡਿਪਟੀ ਕਮਿਸ਼ਨਰ ਜੋ ਕਿ ਸ਼ੈਹਰ ਦੇ ਅਮਨ ਰਖਣ ਦਾ ਜ਼ਿਮੇਵਾਰ ਅਫਸਰ ਹੈ ਉਸ ਨਾਲ ਸਲਾਹ ਮਸ਼ਵਰਾ ਕਰ ਲਵਾਂ ?

ਜਵਾਬ ਡਾਇਰ– ਉਸ ਵੇਲੇ ਸਲਾਹ ਮਸ਼ਵਰਾ ਕਰਨ ਲਈ ਡਿਪਟੀ ਕਮਿਸ਼ਨਰ ਕੋਈ ਨਹੀਂ ਸੀ ਅਤੇ ਮੈਂ ਕਿਸੇ ਹੋਰ ਆਦਮੀ ਨੂੰ ਪੁਛਣਾ ਸਿਆਣਪ ਨਾ ਸਮਝੀ ਮੈਂ ਝਟ ਪਟ ਆਪਣਾ ਇਰਾਦਾ ਪਕਾ ਕਰਕੇ ਫੈਸਲਾ ਕਰਨਾ ਸੀ ਕਿ ਮੈਨੂੰ ਕੀ ਕਾਰਵਾਈ ਕਰਨੀ ਚਾਹੀਦੀ ਹੈ ਮੈਂ ਫੌਜੀ ਨੁਕਤਾ ਨਿਗਾਹ ਨਾਲ ਵਿਚਾਰ ਕੇ ਫੈਸਲਾ ਕਰ ਲਿਆ ਕਿ ਮੈਨੂੰ ਝਟ ਪਟ ਗੋਲੀ ਚਲਾਣੀ ਚਾਹੀਦੀ ਹੈ ਅਤੇ ਜੇ ਅਜੇਹਾ ਨਾ ਕੀਤਾ ਤਾਂ ਮੈਂ ਆਪਣੇ ਫਰਜ਼ ਤੋਂ ਫੇਲ੍ਹ ਹੋ ਜਾਵਾਂਗਾ।

ਸਵਾਲ– ਕੀ ਗੋਲੀ ਚਲਾਣ ਦਾ ਆਪ ਦਾ ਪ੍ਰਯੋਜਨ ਭੀੜ ਨੂੰ ਖਿੰਡਾ ਪੁੰਡਾ ਦੇਣ ਦਾ ਸੀ।

Digitized by Panjab Digital Library | www.panjabdigilib.org

ਜਵਾਬ ਡਾਇਰ– ਨਹੀਂ ਜਨਾਬ, ਮੈਂ ਉਸ ਵੇਲੇ ਤੀਕਰ ਗੋਲੀ ਚਲਾਈ ਜਾ ਰਿਹਾ ਸੀ ਜਦ ਤੀਕਣ ਉਹ ਖਿੰਡ ਪੁੰਡ ਰਹੇ ਹਨ ।

ਸਵਾਲ– ਕੀ ਲੋਕਾਂ ਦੀ ਭੀੜ ਉਸ ਵੇਲੇ ਨਸਣੀ ਭਜਣੀ ਸ਼ੁਰੂ ਹੋ ਗਈ ਜਿਸ ਵੇਲੇ ਆਪ ਨੇ ਗੋਲੀ ਚਲਾਣੀ ਸ਼ੁਰੂ ਕਰ ਦਿਤੀ ।

ਜਵਾਬ ਡਾਇਰ– ਹਾਂ ਝਟ ਪਟ ਹੀ ।

ਸਵਾਲ– ਕੀ ਆਪ ਨੇ ਫਿਰ ਭੀ ਗੋਲੀ ਚਲਾਣੀ ਜਾਰੀ ਰਖੀ ।

ਜਵਾਬ ਡਾਇਰ– ਹਾਂ ਜੀ !

ਸਵਾਲ– ਜਦ ਕਿ ਭੀੜ ਦੇ ਲੋਕਾਂ ਨੇ ਇਹ ਜ਼ਾਹਰ ਕਰ ਦਿੱਤਾ ਕਿ ਉਹ ਖਿੰਡ ਖੁੰਡ ਰਹੇ ਹਨ ਤਾਂ ਆਪ ਨੇ ਗੋਲੀ ਚਲਾਉਣੀ ਬੰਦ ਕਿਉਂ ਨਾ ਕੀਤੀ ?

ਜਵਾਬ ਡਾਇਰ– ਮੈਂ ਇਹ ਖਿਆਲ ਕੀਤਾ ਕਿ ਇਹ ਮੇਰਾ ਫਰਜ਼ ਹੈ ਕਿ ਜਦ ਤੀਕਣ ਸਾਰੇ ਖਿੰਡ ਪੁੰਡ ਨ ਜਾਣ,ਮੈਂ ਗੋਲੀ ਚਲਾਣੀ ਜਾਰੀ ਰੱਖਾਂ, ਜੇ ਮੈਂ ਥੋੜ੍ਹਾ ਚਿਰ ਗੋਲੀ ਨ ਚਲਾਂਦਾ,ਤਾਂ ਮੈਂ ਗੋਲੀ ਚਲਾਉਣ ਵਿਚ ਹੀ ਗ਼ਲਤੀ ਕਰਦਾ ।

ਹੋਰ ਸਵਾਲਾਂ ਦੇ ਉੱਤਰ ਵਿਚ ਜਨਰਲ ਡਾਇਰ ਨੇ ਮੰਨਿਆ ਕਿ ਉਹ ਦਸ ਮਿੰਟ ਗੋਲੀ ਚਲਾਂਦਾ ਰਿਹਾ ਅਤੇ ਉਸ ਨੇ ਕਿਹਾ ਕਿ ਉਹ ਚਾਹੁੰਦਾ ਤਾਂ ਭੀੜ ਨੂੰ ਬਿਨਾ ਗੋਲੀ ਚਲਾਣ ਦੇ ਭੀ ਖਿੰਡਾ ਸਕਦਾ ਸੀ । ਪਰ ਉਸ ਨੇ ਗੋਲੀ ਚਲਾਈ, ਕਿਉਂਕਿ ਉਹ ਸਾਰੇ ਮੁੜ ਵਾਪਸ ਆ ਜਾਂਦੇ ਅਤੇ ਮੈਨੂੰ ਠੱਠੇ ਕਰਦੇ ਅਤੇ ਮੈਂ ਉਹਨਾਂ ਦੇ ਮਖੌਲ ਦਾ ਨਿਸ਼ਾਨਾ ਬਣਦਾ, ਉਸ ਨੇ ਮੰਨਿਆਂ ਕਿ ੧੬੫੦ ਕਾਰਤੂਸ ਚਲਾਏ । ਉਸ ਨੇ ਇਹ ਭੀ ਮੰਨਿਆਂ ਕਿ ਜੇ ਉਹ ਮੋਟਰ ਮਸ਼ੀਨ ਗੰਨਾਂ ਬਾਗ਼ ਵਿਚ ਲੈ ਜਾ ਸਕਦਾ ਤਾਂ ਉਹ ਭੀ ਲੈ ਜਾਂਦਾ ਤੇ ਉਹਨਾਂ ਨਾਲ ਗੋਲੀ ਚਲਾਉਂਦਾ, ਉਸ ਨੇ ਗੋਲੀ ਚਲਾਉਣੀ ਉਸ ਵੇਲੇ ਬੰਦ ਕੀਤੀ ਜਦ ਗੋਲੀ ਸਿਕਾ ਉਸ ਪਾਸੋਂ ਖਤਮ ਹੋ ਚੁਕਾ ਅਤੇ ਲੋਕਾਂ ਦੀ ਭੀੜ ਬੜੀ ਸੀ, ਉਸ ਨੇ ਜ਼ਖ਼ਮੀਆਂ ਦੀ ਮਰਹਮ ਪਟੀ ਕਰਨ ਜਾਂ ਉਹਨਾਂ ਨੂੰ ਉਥੋਂ ਚੁਕਾਣ ਦਾ ਕੋਈ ਇੰਤਜ਼ਾਮ ਨਹੀਂ ਕੀਤਾ, ਉਸ ਨੇ ਇਹ ਆਖਿਆ ਕਿ ਮੇਰੀ ਇਹ ਡਿਊਟੀ ਨਹੀਂ ਸੀ (ਇਹ ਡਾਕਟਰੀ ਸੁਵਾਲ ਸੀ) ਜਿਸ ਵੇਲੇ ਗੋਲੀ ਚਲਣੀ ਬੰਦ ਹੋਈ ਉਸੇ ਵੇਲੇ ਉਹ ਚਲਾ ਗਿਆ । ਗੋਲੀ ਚਲਾਣ ਵੇਲੇ ਉਹ ਉਥੇ ੨ ਗੋਲੀ ਚਲਾਣ ਦਾ ਹੁਕਮ ਦਿੰਦਾ ਰਿਹਾ ਸੀ ਜਿਥੇ ੨ ਭੀੜ ਦਿਸਦੀ ਸੀ ਅਤੇ ਉਹ ਗੋਲੀ ਇਸ ਲਈ ਨਹੀਂ ਸੀ ਚਲਾਂਦਾ ਕਿ ਲੋਕੀਂ ਛੇਤੀ ਛੇਤੀ ਨਹੀਂ ਸਨ ਨਸਦੇ ਬਲਕਿ ਇਸ ਵਾਸਤੇ ਕਿ ਉਹ ਉਨ੍ਹਾਂ ਨੂੰ ਕਠੇ ਹੋਣ ਦੀ ਸਜ਼ਾ ਦੇਣਾ ਚਾਹੁੰਦਾ ਸੀ ।

## ਲਾਲਾ ਗਿਰਧਾਰੀ ਲਾਲ ਜੀ ਦੀ ਜ਼ਬਾਨੀ

ਮੈਨੂੰ ਆਪਣੇ ਕੋਠੇ ਦੀ ਛਤ ਉਤੋਂ ਇਹ ਨਜ਼ਾਰਾ ਵੇਖਣ ਦਾ ਮੌਕਾ ਮਿਲਿਆ । ਮੈਂ ਸੈਂਕੜੇ ਆਦਮੀ ਥਾਂ ਤੇ ਹੀ ਮਾਰੇ ਗਏ ਵੇਖੇ । ਸਭ ਤੋਂ ਬੁਰੀ ਗਲ ਇਹ ਸੀ ਕਿ ਗੋਲੀ ਦੇ ਨਿਸ਼ਾਨੇ ਉਨ੍ਹਾਂ ਰਸਤਿਆਂ ਵਲ ਕੀਤੇ ਜਾਂਦੇ ਸਨ ਜਿਥੋਂ ਕਿ ਲੋਕ ਬਾਹਰ ਨਸ ਰਹੇ ਸਨ, ਕੇਵਲ ਚਾਰ ਪੰਜ ਛੋਟੇ ਛੋਟੇ ਹੀ ਨਿਕਲਨ ਦੇ ਰਾਹ ਸਨ ਅਤੇ ਗੋਲੀਆਂ ਇਹਨਾਂ ਦਰਵਾਜ਼ਿਆਂ ਤੇ ਮੀਂਹ ਵਾਂਗ ਵਸਦੀਆਂ ਸਨ, ਕਈ ਆਦਮੀ ਭੀੜ ਦੇ ਪੈਰਾਂ ਹੇਠ ਆ ਕੇ ਮਿਧੇ ਗਏ ਲਹੂ ਦੇ ਦਰਿਆ ਵਗ ਰਹੇ ਸਨ । ਜਿਹੜੇ ਲੋਕ ਧਰਤੀ ਤੇ ਲੇਟ ਗਏ ਸਨ ਉਹਨਾਂ ਨੂੰ ਵੀ ਗੋਲੀਆਂ ਮਾਰੀਆਂ ਗਈਆਂ, ਫਟੜਾਂ ਜਾਂ ਮੁਰਦਿਆਂ ਦੇ ਸੰਭਾਲਣ ਲਈ ਅਫਸਰਾਂ ਵਲੋਂ ਕੋਈ ਪ੍ਰਬੰਧ ਨਹੀਂ ਸੀ । ਮੈਂ ਕੁਝ ਫੱਟੜਾਂ ਨੂੰ ਪਾਣੀ ਪੁਚਾਇਆ

Digitized by Panjab Digital Library | www.panjabdigilib.org

ਤੇ ਜਿਤਨੀ ਹੋ ਸਕੀ ਮਦਦ ਕੀਤੀ, ਮੈਂ ਸਾਰੀ ਜਗ੍ਹਾ ਚਕਰ ਲਾਇਆ ਤੇ ਵੇਖਿਆ ਥਾਂ ਥਾਂ ਤੇ ਲੋਥਾਂ ਦੇ ਢੇਰ ਪਏ ਸਨ ਲੋਥਾਂ ਵਿਚ ਬੁਢੇ, ਜਵਾਨ ਤੇ ਬੱਚੇ ਰਲੇ ਮਿਲੇ ਸਨ ਕਈਆਂ ਦੇ ਸਿਰ ਪਾਟੇ ਹੋਏ, ਕਈਆਂ ਦੀਆਂ ਅਖਾਂ ਨਿਕਲੀਆਂ ਹੋਈਆਂ, ਕਈਆਂ ਦੇ ਨੱਕ ਉਡੇ ਹੋਏ, ਕਿਧਰੇ ਬਾਹਾਂ ਤੇ ਕਿਧਰੇ ਲਤਾਂ ਪਈਆਂ ਹੋਈਆਂ ਸਨ । ਮੇਰਾ ਅੰਦਾਜ਼ਾ ਹੈ ਕਿ ਬਾਗ਼ ਵਿਚ ੧੦੦੦ ਤੋਂ ਉਤੇ ਮੁਰਦਿਆਂ ਦੀਆਂ ਲੋਥਾਂ ਹੋਣਗੀਆਂ, ਮੈਂ ਵੇਖਿਆ ਕਿ ਲੋਕ ੮ ਵਜੇ ਤੀਕਣ ਭਜੇ ਜਾ ਰਹੇ ਸਨ ਕਿ ਮਤਾਂ ਗੋਲੀ ਨਾ ਆ ਵਜੇ, ਕਈ ਜ਼ਖਮੀ ਭਜੇ ਜਾਂਦੇ ਰਾਹ ਵਿਚ ਹੀ ਮਰ ਗਏ ਤੇ ਗਲੀਆਂ ਵਿਚ ਪਏ ਸਨ । ਇਹ ਵੀ ਯਾਦ ਰਖਣ ਵਾਲੀ ਗਲ ਹੈ ਕਿ ਐਲਾਨ ਦਾ ਦੂਜਾ ਹਿਸਾ ਇਹ ਸੀ:— ਸ਼ਹਿਰ ਵਾਸੀ ਕੋਈ ਆਦਮੀ ਰਾਤ ਦੇ ੮ ਵਜੇ ਦੇ ਮਗਰੋਂ ਘਰਾਂ ਤੋਂ ਬਾਹਰ ਨਾ ਨਿਕਲੇ ਜੇ ਕੋਈ ਆਦਮੀ ਅੱਠ ਵਜੇ ਦੇ ਮਗਰੋਂ ਗਲੀ ਵਿਚ ਵੇਖਿਆ ਗਿਆ ਤਾਂ ਗੋਲੀ ਨਾਲ ਮਾਰਿਆ ਜਾਣ ਦੇ ਯੋਗ ਹੋਵੇਗਾ ।

## ਜਲ੍ਹਿਆਂ ਵਾਲਾ ਬਾਗ

ਤਰਜ਼— ਘੋੜੀ ਚੜ੍ਹਦਾ ਤਾਂ ਲਗਦਾ ਠਾਣੇਦਾਰ ਨੀ ਮਾਏ ।

ਸਾਡੇ ਮਹਿਲਾਂ ਨੂੰ ਲਗੀ ਅਜ ਅਗ ਨੀ ਮਾਏ ।
ਜਲਿਆ ਜਾਂਦਾ ਉਹ ਜਲ੍ਹਿਆਂ ਵਾਲਾ ਬਾਗ ਨੀ ਮਾਏ ।
ਵਿਚੇ ਸੜਦੇ ਉਹ ਨੰਨ੍ਹੇ ਫੁਲ ਗੁਲਾਬ ਨੀ ਮਾਏ ।
ਘੇਰਾ ਘਤੀ ਬੈਠਾ ਉਹ ਡਾਇਰ ਕਾਲਾ ਨਾਗ ਨੀ ਮਾਏ ।

ਲਿਖੇ ਬਿਧਨਾ ਕੀ ਸਾਡੇ ਮਥੇ ਭਾਗ ਨੀ ਮਾਏ ।
ਗਿਦੜ ਕੂਕਣ ਤੇ ਬੋਲਣ ਕਾਲੇ ਨਾਗ ਨੀ ਮਾਏ ।
ਕੀ ਮੈਂ ਕਰਸਾਂ ਇਹ ਸੋਹਣਾ ਤੇਰਾ ਦਾਜ ਨੀ ਮਾਏ ।
ਦਿਸਦਾ ਨਹੀਂ ਏ ਉਹ ਪਿਆਰਾ ਸਿਰ ਦਾ ਕਾਜ ਨੀ ਮਾਏ ।

ਜਿਧਰ ਵੇਖਾਂ ਤੇ ਲਹੂ ਲਾਲੋ ਲਾਲ ਨੀ ਮਾਏ ।
ਪਈਆਂ ਲੋਥਾਂ ਹਜ਼ਾਰਾਂ ਪਾਲੋ ਪਾਲ ਨੀ ਮਾਏ ।
ਗਲੀਆਂ ਕੂਚੇ ਸਭ ਹੁੰਦੀ ਹਾਲੋ ਹਾਲ ਨੀ ਮਾਏ ।
ਪੀਆ ਮੇਰਾ ਤੁਰ ਗਿਆ ਨਾਲੋ ਨਾਲ ਨੀ ਮਾਏ ।

### ਕਾਫੀ

ਭਾਗੇ ਭਰੀ ਵਿਸਾਖੀ ਨੂੰ ਇਹ ਵਰ੍ਹੇ ਦਿਨਾਂ ਦਾ ਮੇਲਾ ਸੀ ।
ਜੋ ਮੇਲੇ ਨੂੰ ਵੇਖਣ ਜਾਂਦਾ, ਹੁੰਦਾ ਫੌਰਨ ਮੇਲਾ ਸੀ ।
ਹਿੰਦੂ, ਮੁਸਲਮ, ਸਿਖਾਂ ਦਾ ਏਹ ਵਿਛੜੇ ਮਿਲਣ ਦਾ ਮੇਲਾ ਸੀ ।
ਵਖੋ ਵਖਰੀ ਕੌਮਾਂ ਦਾ ਏਹ ਖ਼ੂਨ ਮਿਝ ਦਾ ਮੇਲਾ ਸੀ ।

ਵਲੋਂ— 'ਮਸਤ ਭੌਰਾ ਜੀ'

←—o—→

Digitized by Panjab Digital Library | www.panjabdigilib.org

# ਜਲ੍ਹਿਆਂ ਵਾਲਾ ਬਾਗ

ਘਾਣ ਵਗਾ ਕੇ ਰੱਤ ਦੇ ਚਾੜ੍ਹਿਆ ਲਾਹਿਆ ਉਡਵੇਰ ॥
ਸੁਤੇ ਸਾਗਰ ਚੀਰ ਕੇ ਤੁਰਤ ਲਿਆ ਸਿੰਘ ਵੈਰ ॥

## ਅਣਖੀਲਾ ਸੂਰਬੀਰ ਊਧਮ ਸਿੰਘ ਸ਼ਹੀਦ

ਆਪ ਦਾ ਜਨਮ ੧੩ ਪੋਹ ਸੰ: ੧੯੫੭ ਬਿ: ਨੂੰ ਸਨਾਮ ਰਿ: ਪਟਿਆਲਾ ਵਿਚ ਪਿਤਾ ਟਹਿਲ ਸਿੰਘ ਦੇ ਘਰ ਹੋਇਆ, ਆਪ ਦੇ ਪਿਤਾ ਰੇਲਵੇ ਫਾਟਕਾਂ ਪਰ ਚੌਕੀਦਾਰੀ ਕਰਦੇ ਸਨ, ਵਾਹਿਗੁਰੂ ਦੇ ਭਾਣੇ ਅੰਦਰ ਸ: ਊਧਮ ਸਿੰਘ ਜੀ ਦੀ ਮਾਤਾ ਨਰੈਣ ਕੌਰ ਛੋਟੀ ਉਮਰ ਵਿਚ ਹੀ ਚਲਾਣਾ ਕਰ ਗਈ। ਆਪ ਦੇ ਪਿਤਾ ਸ: ਟਹਿਲ ਸਿੰਘ ਜੀ ਕੰਬੋਜ਼, ਊਧਮ ਸਿੰਘ ਤੇ ਸਾਧੂ ਸਿੰਘ ਦੋਹਾਂ ਸਪੁਤਰਾਂ ਨੂੰ ਨਾਲ ਲੈ ਕੇ ਸ੍ਰੀ ਅੰਮ੍ਰਿਤਸਰ ਚਲੇ ਗਏ। ਆਪ ਦਾ ਇਰਾਦਾ ਸੀ ਕਿ ਕੋਈ ਕਾਰੋਬਾਰ ਕਰਕੇ ਬਚਿਆਂ ਨੂੰ ਵਿਦਿਆ ਪੜ੍ਹਾਵਾਂਗਾ ਪ੍ਰੰਤੂ ਅਕਾਲ ਪੁਰਖ ਦੇ ਭਾਣੇ ਅਨੁਸਾਰ ਆਪ ਆਪਣੀਆਂ ਇਹ ਸੱਧਰਾਂ ਪੂਰੀਆਂ ਨਾ ਕਰ ਸਕੇ ਅਤੇ ਗੁਰਪੁਰੀ ਸਿਧਾਰ ਗਏ।

ਪਿਤਾ ਦੀ ਛਾਇਆ ਸਿਰ ਤੋਂ ਉਠ ਜਾਣ ਕਰਕੇ ਦੋਵੇਂ ਭਰਾ ਯਤੀਮ ਹੋ ਗਏ ਅਤੇ ਅੰਮ੍ਰਿਤਸਰ ਦੇ ਯਤੀਮਖਾਨੇ ਵਿਚ ਦਾਖਲ ਹ ਗਏ। ਦੋਹਾਂ ਭਰਾਵਾਂ ਨੇ ਸੁਰਤ ਸੰਭਾਲੀ ਤਾਂ ਅੰਮ੍ਰਿਤਪਾਨ ਕਰਕੇ ਤਿਆਰ ਬਰ ਤਿਆਰ ਸਿੰਘ ਸਜ ਗਏ। ਆਪ ਦੇ ਵਡੇ ਭਾਈ ਦਾ ਨਾਮ ਸਾਧੂ ਸਿੰਘ ਤੋਂ ਬਦਲ ਕੇ ਮੁਕਤਾ ਸਿੰਘ ਰਖਿਆ ਗਿਆ। ੧੩-੪-੧੯੧੯ ਨੂੰ ਸਾਢੇ ਚਾਰ ਵਜੇ ਜਦ ਜਲਿਆਂ ਵਾਲਾ ਬਾਗ ਦਾ ਹਤਿਆ ਕਾਂਡ ਹੋਇਆ ਤਾਂ ਸ: ਊਧਮ ਸਿੰਘ ਜੀ ਯਤੀਮਖਾਨੇ ਵਿਚ ਪੜ੍ਹ ਰਹੇ ਸਨ। ਵਿਦਿਆਰਥੀਆਂ ਦੀ ਡਿਊਟੀ ਜ਼ਖਮੀਆਂ ਦੀ ਮਰਹਮ ਪੱਟੀ ਕਰਾਉਣ ਲਈ ਲਾਈ ਗਈ। ਜਲਿਆਂ ਵਾਲਾ ਬਾਗ ਵਿਚ ਪੁਜ ਕੇ ਆਪ ਨੇ ਹਿੰਦੂ, ਸਿੱਖਾਂ ਤੇ ਮੁਸਲਮਾਨਾਂ ਦੇ ਖੂਨ ਨੂੰ ਇਕੱਠਾ ਡੁਲ੍ਹਾ ਵੇਖਿਆ। ਇਹ ਉਹ ਦਿਨ ਸਨ ਜਦ ਜਲ੍ਹਿਆਂ ਵਾਲਾ ਬਾਗ ਦੇ ਸ਼ਹੀਦਾਂ ਨੇ ਕੌਮੀ ਏਕਤਾ ਦਾ ਬੁਨਿਆਦੀ ਪੱਥਰ ਰਖਆ ਅਤੇ ਸਾਂਝੇ ਹਿੰਦੁਸਤਾਨ ਦੇ ਨਕਸ਼ੇ ਵਿਚ ਆਪਣੇ ਖੂਨ ਨਾਲ ਰੰਗ ਭਰਿਆ। ਉਸ ਸਮੇਂ ਹਿੰਦੀਆਂ ਵਿਚ ਦੇਸ਼ ਪਿਆਰ ਦਾ ਜਜ਼ਬਾ ਠਾਠਾਂ ਮਾਰ ਰਿਹਾ ਸੀ। ਸ: ਊਧਮ ਸਿੰਘ ਜੀ ਦੇ ਮਨ ਪਰ ਜਲਿਆਂ ਵਾਲਾ ਬਾਗ ਦੇ ਸ਼ਹੀਦਾਂ ਦੀਆਂ ਅਦੁਤੀ ਕੁਰਬਾਨੀਆਂ ਦਾ ਬਹੁਤ ਅਸਰ ਹੋਇਆ।

ਇਸ ਖੂਨੀ ਸਾਕੇ ਵਿਚ ਆਪ ਦੇ ਵਡੇ ਭਰਾਤਾ ਸ: ਮੁਕਤਾ ਸਿੰਘ ਜੀ ਭੀ ਸ਼ਹੀਦ ਹੋ ਗਏ। ਆਪਣੇ ਸ਼ਹੀਦ ਭਰਾ ਦੀ ਲਾਸ਼ ਪਾਸ ਖੜੇ ਹੋ ਕੇ ਆਪ ਨੇ ਪ੍ਰਣ ਲਿਆ ਕਿ ਜਦੋਂ ਤੱਕ ਮੈਂ ਜਲਿਆਂ ਵਾਲਾ ਬਾਗ ਦੇ ਹਤਿਆਰੇ ਉਡਵਾਇਰ ਨੂੰ ਗੋਲੀ ਦਾ ਨਿਸ਼ਾਨਾ ਨਹੀਂ ਬਣਾਉਂਦਾ ਮੇਰੇ ਮਨ ਨੂੰ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ। ਆਪ ਦੇ ਦਿਲ ਵਿਚ ਬਦਲੇ ਦੀ ਅੱਗ ਭੜਕ ਉਠੀ ਅਤੇ ਗੁਲਾਮੀ ਦੇ ਜੀਵਨ ਤੋਂ ਸਖਤ ਘ੍ਰਿਣਾ ਪੈਦਾ ਹੋ ਗਈ। ਇਥੋਂ ਆਪ ਆਪਣੇ ਪਿੰਡ ਆ ਗਏ ਤੇ ਮਾਲਵੇ ਦੇ ਬਬਰਾਂ ਨਾਲ ਸਲਾਹ ਮਸ਼ਵਰੇ ਕਰਨ ਲਗ ਪਏ।

Digitized by Panjab Digital Library | www.panjabdigilib.org

## ਅਮਰੀਕਾ ਨੂੰ ਜਾਣਾ

ਇਥੋਂ ਆਪ ਦਾ ਪ੍ਰੋਗਰਾਮ ਅਮਰੀਕਾ ਜਾਣ ਦਾ ਬਣ ਗਿਆ। ਉਥੇ ਆਪ ਇਕ ਠੇਕੇਦਾਰ ਪਾਸ ਚਲੇ ਗਏ। ਅਮਰੀਕਾ ਵਿਚ ਉਸ ਸਮੇਂ ਨੌਜਵਾਨ ਭਾਰਤ ਸਭਾ ਦੀਆਂ ਸਰਗਰਮੀਆਂ ਦੀ ਬੜੀ ਚਰਚਾ ਸੀ। ਇਸ ਲਈ ਆਪ ਨੇ ਵਾਪਸ ਹਿੰਦੁਸਤਾਨ ਆ ਕੇ ਨੌਜਵਾਨ ਭਾਰਤ ਸਭਾ ਦੇ ਮੋਢੀ ਸ਼ਹੀਦਿ-ਆਜ਼ਮ ਸ: ਭਗਤ ਸਿੰਘ ਨਾਲ ਸਬੰਧ ਪੈਦਾ ਕੀਤਾ। ਚਾਰ ਮਹੀਨੇ ਸੁਨਾਮ ਰਹਿ ਕੇ ਆਪ ਫਿਰ ਅਫਰੀਕਾ ਤੇ ਉਥੋਂ ਅਮਰੀਕਾ ਚਲੇ ਗਏ। ਉਥੇ ਰੇਲਵੇ ਵਰਕਸ਼ਾਪ ਵਿਚ ਆਪ ਤਕਰੀਬਨ ਢਾਈ ਸਾਲ ਰਹੇ। ਇਥੋਂ ਆਪ ਨੇ ਕਈ ਹਿੰਦੁਸਤਾਨੀ ਇਨਕਲਾਬੀ ਲੀਡਰਾਂ ਤੇ ਸ: ਭਗਤ ਸਿੰਘ ਜੀ ਨੂੰ ਕਈ ਪੱਤਰ ਲਿਖੇ। ਇਨ੍ਹਾਂ ਨੇ ਆਪ ਨੂੰ ਭਾਰਤ ਵਾਪਸ ਆਉਣ ਲਈ ਲਿਖਿਆ ਪਰ ਆਪ ਜਾਣਦੇ ਸਨ ਕਿ ਹਿੰਦੁਸਤਾਨ ਪਰ ਅੰਗਰੇਜ਼ਾਂ ਦਾ ਜੱਫਾ ਇਤਨਾ ਮਜ਼ਬੂਤ ਹੈ ਕਿ ਉਥੇ ਜਾ ਕੋਈ ਕੰਮ ਕਰਨਾ ਕਠਨ ਹੈ। ਇਸ ਕਰਕੇ ਆਪ ਨੇ ਆਪਣੀ ਮਰਜ਼ੀ ਨਾਲ ਅਗਲਾ ਪ੍ਰੋਗਰਾਮ ਬਣਾਇਆ। ਵਰਕਸ਼ਾਪ ਵਿਚ ਰਹਿੰਦੇ ਹੋਏ ਆਪ ਨੇ ਆਪਣਾ ਨਾਮ ਰਾਮ ਮੁਹੰਮਦ ਸਿੰਘ ਰਖ ਲਿਆ ਅਤੇ ਕੇਸ ਕਟਾ ਕੇ ਯੂਰਪੀਨ ਲਿਬਾਸ ਪਹਿਨਣਾ ਸ਼ੁਰੂ ਕਰ ਦਿਤਾ। ਇਥੇ ਆਪ ਹਿੰਦੂ, ਸਿਖ, ਮੁਸਲਮ, ਏਕਤਾ ਪਰ ਬਹੁਤ ਜ਼ੋਰ ਦਿਆ ਕਰਦੇ ਸਨ।

ਭਾਰਤੀ ਲੀਡਰਾਂ ਨੇ ਆਪ ਨੂੰ ਦੇਸ਼ ਵਾਪਸ ਆਉਣ ਲਈ ਲਿਖਿਆ ਜਿਸ ਕਰਕੇ ਆਪ ਨੇ ਦੇਸ਼ ਨੂੰ ਵਾਪਸ ਆਉਣ ਦਾ ਪ੍ਰੋਗਰਾਮ ਬਣਾ ਲਿਆ। ਇਥੇ ਆਉਂਦਿਆਂ ਹੀ ਸਰਕਾਰ ਹਿੰਦ ਨੇ ਆਪ ਨੂੰ ਇਨਕਲਾਬੀ ਨੌਜਵਾਨਾਂ ਦੀ ਲਿਸਟ ਵਿਚ ਰਖ ਕੇ ਗ੍ਰਿਫਤਾਰ ਕਰ ਲਿਆ। ਆਪ ਨੂੰ ਚਾਰ ਸਾਲ ਵਾਸਤੇ ਜੇਲ੍ਹ ਵਿਚ ਸੁਟ ਦਿਤਾ। ਚਾਰ ਸਾਲ ਆਪ ਜੇਲ੍ਹ ਵਿਚ ਰਹੇ। ਆਪ ਦਾ ਅੰਦਰੋਂ ਸਿਖੀ ਪਰ ਪੂਰਨ ਵਿਸ਼ਵਾਸ਼ ਸੀ, ਇਸ ਕਰਕੇ ਇਹ ਸ਼ਬਦ ਬੜੇ ਵਜੂਦ ਵਿਚ ਆ ਕੇ ਪੜ੍ਹਿਆ ਕਰਦੇ ਸਨ:-

"ਰਾਜ ਦੇਹ ਤਾਂ ਕਵਨ ਵਡਾਈ ਭੀਖ ਮੰਗਾਵਹਿ ਤਾਂ ਕਿਆ ਘਟ ਜਾਈ"
"ਜੇ ਸੁਖ ਦੇਹ ਤਾ ਤੁਝਹਿ ਆਰਾਧੀਂ ਦੁਖ ਭੀ ਤੁਝੈ ਧਿਆਈ"

### ॥ ਸਨਾਮ ਵਿਚ ਠਹਿਰਣਾ ॥

ਜੇਲ੍ਹ ਤੋਂ ਰਿਹਾ ਹੋ ਕੇ ਆਪ ਫਿਰ ਸੁਨਾਮ ਆ ਗਏ ਤੇ ਤਕਰੀਬਨ ਤਿੰਨ ਸਾਲ ਇਥੇ ਰਹੇ। ਇਥੋਂ ਆਪ ਲਾਹੌਰ, ਅੰਮ੍ਰਿਤਸਰ, ਸ਼ਿਮਲੇ ਤੇ ਕਸ਼ਮੀਰ ਆਦਿ ਚਲ ਜਾਂਦੇ ਸਨ। ਬਾਹਰ ਦੇ ਦੇਸ਼ਾਂ ਵਿਚ ਆਪ ਦਾ ਨਾਮ ਰਾਮ ਮੁਹੰਮਦ ਸਿੰਘ ਕਰਕੇ ਪ੍ਰਸਿਧ ਸੀ। ਆਪ ਦੀ ਸੇਹਤ ਬਹੁਤ ਚੰਗੀ ਸੀ। ਖਾਣ ਪੀਣ ਪਹਿਨਣ ਦਾ ਬਹੁਤ ਸ਼ੌਕ ਸੀ। ਜਿਨ੍ਹਾਂ ਸਜਨਾਂ ਨੇ ਆਪ ਨੂੰ ਸੁਨਾਮ ਵਿਚ ਰਹਿੰਦਿਆਂ ਵੇਖਿਆ ਹੈ ਉਹ ਦਸਦੇ ਹਨ ਕਿ ਆਪ ਦੀਆਂ ਜੇਬਾਂ ਹਰ ਸਮੇਂ ਨੋਟਾਂ ਨਾਲ ਭਰੀਆਂ ਰਹਿੰਦੀਆਂ ਸਨ। ਪਤਾ ਨਹੀਂ ਆਪ ਪਾਸ ਇਤਨੇ ਰੁਪਏ ਕਿਥੋਂ ਆ ਜਾਂਦੇ ਸਨ?

### ॥ ਲੰਡਨ ਨੂੰ ਜਾਣਾ ॥

੧੯੩੩ ਵਿਚ ਆਪ ਨੇ ਲੰਡਨ ਜਾਣ ਦਾ ਪਾਸ ਪੋਰਟ ਬਣਵਾਇਆ। ਲੰਡਨ ਪੁਜ ਕੇ ਆਪ ਨੇ ਕਈ ਮਿੱਤਰਾਂ ਨੂੰ ਪੱਤ੍ਰ ਲਿਖੇ ਕਿ ਮੈਂ ਇਥੇ ਇਕ ਜ਼ਰੂਰੀ ਕੰਮ ਲਈ ਠਹਿਰਿਆ ਹੋਇਆ ਹਾਂ। ਇਸ ਤੋਂ ਇਲਾਵਾ ਆਪ ਫਰਾਂਸ ਤੇ ਸਵਿਟਜ਼ਰਲੈਂਡ ਆਦਿਕ ਦੇਸ਼ਾਂ ਦੀ ਸੈਰ ਭੀ ਕਰਦੇ ਰਹੇ। ਆਪ ਦਾ ਅਸਲ ਨਿਸ਼ਾਨਾ ਤਾਂ ਸਰ ਮਾਈਕਲ ਉਡਵਾਇਰ ਨੂੰ ਗੋਲੀ ਦਾ ਨਿਸ਼ਾਨਾ ਬਨਾਉਣਾ ਸੀ। ਆਪ ਦੇ ਦਿਲ ਵਿਚ ਬਦਲੇ ਦੀ ਅੱਗ ਉਸੇ ਤਰਾਂ ਭੜਕ ਰਹੀ ਸੀ ਜਿਵੇਂ ੧੯੧੯ ਵਿਚ ਸੀ।

Digitized by Panjab Digital Library | www.panjabdigilib.org

ਆਖਰ ਉਹ ਸਮਾਂ ਆ ਗਿਆ, ਜਿਸ ਦੀ ਉਡੀਕ ਵਿਚ ਆਪ ਬਹੁਤ ਚਿਰ ਤੋਂ ਪੰਜਾਬ ਦੇ ਸਾਬਕ ਗਵਰਨਰ ਸਰ ਮਾਈਕਲ ਉਡਵਾਇਰ ਨੇ ਇੰਡੀਆ ਹਾਊਸ ਵਿਚ ਹਿੰਦੁਸਤਾਨ ਬਾਰੇ ਤਕਰੀਰ ਕਰਨੀ ਸੀ। ਆਪ ਨੇ ਇਸ ਮੌਕੇ ਨੂੰ ਗਨੀਮਤ ਸਮਝਿਆ ਅਤੇ ਪੂਰੀ ਤਿਆਰੀ ਨਾਲ ਚਲੇ ਗਏ। ਜਿਸ ਸਮੇਂ ਉਡਵਾਇਰ ਭਾਰਤ ਦੀ ਸ਼ਾਨ ਵਿਚ ਹੱਤਕ ਭਰੇ ਸ਼ਬਦ ਵਰਤ ਰਿਹਾ ਸੀ, ਆਪ ਨੇ ਉਸ ਪਰ ਪਸਤੌਲ ਦੀਆਂ ਗੋਲੀਆਂ ਵਰ੍ਹਾਈਆਂ। ਜ਼ਾਲਮ ਉੱਥੇ ਹੀ ਡਿੱਗ ਕੇ ਮਰ ਗਿਆ ਤੇ ਇਕ ਹੋਰ ਆਦਮੀ ਜ਼ਖਮੀ ਹੋ ਗਿਆ। ਗੋਰਿਆਂ ਨੇ ਆਪ ਨੂੰ ਗ੍ਰਿਫਤਾਰ ਕਰ ਲਿਆ।

ਮੁਕੱਦਮਾ ਚਲਾਇਆ ਗਿਆ। ਚੀਫ ਜਸਟਿਸ ਦੇ ਸਾਹਮਣੇ ਆਪ ਨੇ ਕਿਹਾ ਕਿ "ਮੈਂ ਸਰ-ਮਾਈਕਲ ਉਡਵਾਇਰ ਨੂੰ ਇਸ ਲਈ ਕਤਲ ਕੀਤਾ ਹੈ ਕਿ ਮੈਂ ਆਪਣੇ ਦੇਸ਼ ਦੀ ਸ਼ਾਨ ਵਿਚ ਨਿੰਦਾ ਭਰੇ ਸ਼ਬਦ ਨਹੀਂ ਸੁਣ ਸਕਦਾ ਸਾਂ। ਅਜੇਹਾ ਕਰਕੇ ਮੈਂ ਆਪਣਾ ਜ਼ਰੂਰੀ ਫਰਜ਼ ਅਦਾ ਕੀਤਾ ਹੈ, ਜੋ ਮੇਰੇ ਜ਼ੁੰਮੇ ਲਗਾਇਆ ਗਿਆ ਸੀ।

### ਸ਼ਹੀਦੀ ਦਿਨ

ਮੁਕੱਦਮੇ ਦਾ ਡਰਾਮਾ ਰੱਚ ਕੇ ਲੰਡਨ ਦੀ ਅਦਾਲਤ ਨੇ ੧੧ ਜੂਨ ੧੯੪੦ ਨੂੰ ਆਪ ਜੀ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਅਤੇ ੧੩ ਜੂਨ ੧੯੪੦ ਨੂੰ ਦਿਨ ਦੇ ੧੦ ਵਜੇ ਇਹ ਬੀਰ ਬਹਾਦਰ ਹਸਦਾ ਹੱਸਦਾ ਫਾਂਸੀ ਪਰ ਚੜ੍ਹਿਆ ਤੇ ਅਦੁਤੀ ਸ਼ਹੀਦੀ ਪ੍ਰਾਪਤ ਕਰ ਗਿਆ। ਕਈ ਸੱਜਣ ਇਤਰਾਜ਼ ਕਰਨਗੇ ਕਿ ਸ: ਊਧਮ ਸਿੰਘ ਨੂੰ ਬਬਰ ਅਕਾਲੀਆਂ ਦੀ ਲਿਸਟ ਵਿਚ ਲਿਆਉਣਾ ਠੀਕ ਨਹੀਂ ਕਿਉਂਕਿ ਉਸ ਨੇ ਕੇਸ ਕਟਾ ਦਿੱਤੇ ਸਨ ਪ੍ਰੰਤੂ ਅਸੀਂ ਇਸ ਕਰਕੇ ਉਨ੍ਹਾਂ ਦਾ ਜ਼ਿਕਰ ਬਬਰ ਅਕਾਲੀਆਂ ਵਿਚ ਕੀਤਾ ਹੈ ਕਿਉਂਕਿ ਬੀ. ਟੀ. ਨੂੰ ਮਾਰਨ ਵਾਲੇ ਬਬਰਾਂ ਨਾਲ ਆਪ ਦਾ ਸੰਬੰਧ ਸੀ ਤੇ ਪਿਛੋਂ ਜਾ ਕੇ ਨੌਜਵਾਨ-ਭਾਰਤ ਸਭਾ ਦੇ ਲੀਡਰਾਂ ਨਾਲ ਮਿਲ ਕੇ ਤੇ ਅਮਰੀਕਾ ਵਿਚ ਜਾ ਕੇ ਆਪ ਪਰ ਇਹ ਬੁਰਾ ਅਸਰ ਹੋਇਆ ਕਿ ਜੇਹੜਾ ਕੰਮ ਮੈਂ ਕਰਨਾ ਚਾਹੁੰਦਾ ਹਾਂ, ਕੇਸ ਇਸ ਵਿਚ ਰੁਕਾਵਟ ਨਾ ਬਣ ਜਾਣ। ਸ: ਊਧਮ ਸਿੰਘ ਜੀ ਇਕ ਸੱਚੇ ਦੇਸ਼ ਭਗਤ ਅਤੇ ਕੁਰਬਾਨੀ ਦੇ ਪੁੰਜ ਸਨ ਪ੍ਰੰਤੂ ਆਪ ਨੂੰ ਕੁਰਬਾਨੀ ਦਾ ਸਬਕ ਬਬਰਾਂ ਪਾਸੋਂ ਹੀ ਮਿਲਿਆ ਸੀ।

ਮਾਲਵੇ ਦੇ ਬਬਰਾਂ ਦੀਆਂ ਕੁਰਬਾਨੀਆਂ ਦਾ ਇਹ ਨਤੀਜਾ ਨਿਕਲਿਆ ਕਿ ਉਹ ਦੋ ਜ਼ਾਲਮ ਅੰਗਰੇਜ਼ ਅਫਸਰਾਂ ਨੂੰ ਉਨ੍ਹਾਂ ਦੇ ਅਤਿਆਚਾਰ ਦੀ ਸਜ਼ਾ ਦੇਣ ਵਿਚ ਸਫਲ ਹੋ ਗਏ। ਭਾਵੇਂ ਇਹ ਤਹਿਰੀਕ ਬਹੁਤ ਵਧ ਨਾ ਸਕੀ ਤੇ ਉਸ ਨੂੰ ਆਰੰਭ ਕਰਨ ਦਾ ਅੱਸਲ ਮਕਸਦ ਪੂਰਾ ਨਾ ਹੋ ਸਕਿਆ ਪ੍ਰੰਤੂ ਇਸ ਦਾ ਇਹ ਅਸਰ ਹੋਇਆ ਕਿ ਬਹੁਤ ਸਾਰੇ ਨੌਜਵਾਨਾਂ ਵਿਚ ਕੁਰਬਾਨੀਆਂ ਦਾ ਜਜ਼ਬਾ ਪੈਦਾ ਹੋ ਗਿਆ, ਜੋ ਪਿਛੋਂ ਜਾ ਕੇ ਨੌਜਵਾਨ ਭਾਰਤ ਸਭਾ ਦੇ ਰੂਪ ਵਿਚ ਪ੍ਰਗਟ ਹੋਇਆ। ਇਨ੍ਹਾਂ ਕੁਰਬਾਨੀਆਂ ਦਾ ਸਦਕਾ ਦੇਸ਼ ਵਿਚ ਆਜ਼ਾਦੀ ਦੀ ਲਹਿਰ ਜ਼ੋਰ ਫੜ ਗਈ ਅਤੇ ਜਦ ਤਕ ਅੰਗਰੇਜ਼ ਚਲੇ ਨਹੀਂ ਗਏ, ਨੌਜਵਾਨ ਵਧ ਚੜ੍ਹ ਕੇ ਕੁਰਬਾਨੀਆਂ ਕਰਦੇ ਰਹੇ।

ਇਸ ਪ੍ਰਕਾਰ ਬਬਰ ਅਕਾਲੀ ਲਹਿਰ ਨੇ ਦੇਸ਼ ਵਿਚ ਹੱਲ ਚੱਲ ਮਚਾ ਦਿੱਤੀ ਅਤੇ ਐਸੇ ਸਿਰ ਲੱਥ ਤੇ ਕੁਰਬਾਨੀ ਦੇ ਪੁੰਜ ਦੇਸ਼ ਭਗਤ ਪੈਦਾ ਕੀਤੇ, ਜਿਨ੍ਹਾਂ ਨੇ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਤੋਂ ਭੀ ਸੰਕੋਚ ਨਾ ਕੀਤਾ। ਬਬਰ ਅਕਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਕਥਨ ਤੋਂ ਪ੍ਰਭਾਵਤ ਹੋਏ ਕਿ "ਚੂੰ ਕਾਰ ਅਜ਼ ਹਮਾਂ ਹੀਲ ਤੇ ਦਰ ਗੁਜ਼ੱਸ਼ਤ" "ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ"। ਇਸ ਲਈ ਇਨ੍ਹਾਂ ਦੀਆਂ ਕੁਰਬਾਨੀਆਂ ਪੰਥ ਤੇ ਦੇਸ਼ ਦੇ ਇਤਿਹਾਸ ਵਿਚ ਬਹੁਤ ਹੀ ਮਹਾਨਤਾ ਰਖਦੀਆਂ ਹਨ।

Digitized by Panjab Digital Library | www.panjabdigilib.org

ਸ: ਊਧਮ ਸਿੰਘ ਦਾ ਸ਼ਜਰਾ

- ਜੋਧ ਸਿੰਘ
  - ਵਧਾਵਾ ਸਿੰਘ
  - ਵਸਾਵਾ ਸਿੰਘ
    - ਚੂਹੜ ਸਿੰਘ
      - ਟਹਿਲ ਸਿੰਘ
        - ਸਾਧੂ ਸਿੰਘ
        - ਸ਼ੇਰ ਸਿੰਘ (ਅੰਮ੍ਰਿਤ ਛਕ ਕੇ ਊਧਮ ਸਿੰਘ)
    - ਕਾਕੂ ਸਿੰਘ
    - ਨਿਕੂ ਸਿੰਘ
    - ਸੁਖ ਦੇਵੀ

## ਸ: ਮਾਨ ਸਿੰਘ ਜੀ ਬਬਰ ਅਕਾਲੀ

ਜਨਮ–ਆਪ ਦਾ ਜਨਮ ਸ: ਬਿਸ਼ਨ ਸਿੰਘ ਬਾਠ ਦੇ ਘਰ ਮਾਤਾ ਹਰਨਾਮ ਕੌਰ ਦੀ ਕੁਖੋਂ ਪਿੰਡ ਬੜੀ ਥਾਣਾ ਸ਼ੇਰ ਪੁਰ ਤਹਿਸੀਲ ਧੂਰੀ ਜ਼ਿਲਾ ਬਰਨਾਲਾ ਰਿਆਸਤ ਪਟਿਆਲ ਵਿੱਚ ਹੋਇਆ ।

ਬਾਲਪਨ — ਆਪ ਦਾ ਬਾਲਪਨ ਪਿੰਡ ਵਿਚ ਹੀ ਲੰਘਿਆ ਪਰ ਛੋਟੀ ਉਮਰ ਵਿਚ ਹੀ ਆਪ ਆਪਣੀ ਮਾਤਾ ਦੇ ਨਾਲ ਆਪਣੇ ਪਿਤਾ ਦੇ ਪਾਸ ਪੂਨੇ ਚਲੇ ਗਏ ।

ਵਿਦਿਆ—ਆਪ ਗੁਰਮੁਖੀ ਵਿਦਿਆ ਪੜ੍ਹੇ ਹੋਏ ਹਨ ਅਤੇ ਬਾਣੀ ਦੇ ਚੰਗੇ ਪਾਠੀ ਹਨ ।

ਸੁਭਾ ਅਤੇ ਕੱਦ ਕਾਠ —ਆਪ ਸੁਭਾ ਦੇ ਬਹੁਤ ਮਿਲਾਪੜੇ ਅਤੇ ਅਣਖੀ ਹਨ । ਆਪ ਦੇ ਅੰਦਰ ਸਿੱਖੀ ਪਿਆਰ ਅਤੇ ਸਿੱਖੀ ਅਣਖ ਕੁਟ ਕੁਟ ਕੇ ਭਰੀ ਹੋਈ ਹੈ । ਆਪ ਦਾ ਸਰੀਰ ਰਿਸ਼ਟ ਪੁਸ਼ਟ ਪਤਲਾ ਤੇ ਚੁਸਤ ਚਲਾਕ ਹੈ ਰੰਗ ਗੋਰਾ ਤੇ ਕੱਦ ਦਰਮਿਆਨਾ ਹੈ ।

ਉਪਕਾਰ —ਆਪ ਦੀ ਹੱਡ ਬੀਤੀ ਇਸ ਤਰ੍ਹਾਂ ਹੈ ।

ਆਪ ਅਜੇ ਦੋ ਤਿੰਨ ਸਾਲ ਦੇ ਸੀ ਕਿ ਆਪ ਦਾ ਪਿਤਾ ਪੂਨੇ ਸਤਾਰੇ ਵਿਚ ਸਫਰਮੈਨਾ ਵਿੱਚ ਭਰਤੀ ਹੋ ਗਿਆ । ਆਪ ਮਾਈ ਨਾਲ ਪੂਨੇ ਸਤਾਰੇ ਚਲੇ ਗਏ । ਉਥੇ ਆਪ ਪੇਚਸ ਦੀ ਬੀਮਾਰੀ ਨਾਲ ਮਰ ਗਏ । ਆਪ ਫੂਕਣ ਵਾਸਤੇ ਸ਼ਮਸ਼ਾਨ ਭੂਮੀ ਨੂੰ ਲਿਜਾ ਰਹੇ ਸਨ ਕਿ ਆਪ ਵਿੱਚ ਫੇਰ ਜਾਨ ਆ ਗਈ । ਆਪ ਅਛੀ ਤਰ੍ਹਾਂ ਫੇਰ ਰਾਜ਼ੀ ਹੋ ਗਏ । ੧੯੧੪ ਦਾ ਜੰਗ ਲਗ ਗਿਆ ਆਪ ਦੇ ਪਿਤ ਜੀ ਬਗਦਾਦ ਸੁਵੇਜ਼ ਨਹਿਰ ਦੇ ਮੋਰਚੇ ਨੂੰ ਤੋਰ ਦਿੱਤੇ ਗਏ । ਆਪ ਅਤੇ ਆਪ ਦੀ ਮਾਈ ਪੰਜਾਬ ਨੂੰ ਚਲੇ ਆਏ । ਆਪ ਦੀ ਮਾਈ ਆਪ ਦੀ ਪਾਲਣਾ ਕਰਦੀ ਰਹੀ । ਆਪ ਪੰਜ ਛੇ ਸਾਲ ਦੇ ਹੋ ਗਏ । ਆਪ ਨੂੰ ਖੇਡਣ ਦਾ ਬਹੁਤ ਪ੍ਰੇਮ ਸੀ । ਸਾਰਾ ਦਿਨ ਘਰ ਨ ਵੜਿਆ ਕਰਦੇ ਕੋਈ ਨਿਤ ਅਲਾਂਭਾ ਲੈ ਕੇ ਆਇਆ ਕਰਦੇ, ਆਪ ਦਾ ਘਰਾਣਾ ਪਹਿਲੇ ਦਿਨੋ ਸਿੱਖ ਦਾ ਘਰਾਣਾ ਕਿਹਕੇ ਸਦਿਆ ਜਾਂਦਾ ਸੀ । ਅਜੇ ਆਪ ਨੇ ਅੰਮ੍ਰਿਤ ਨਹੀਂ ਛਕੀਆ ਸੀ । ਪੰਜ ਕਕਾਰ ਧਾਰਨ ਕਰਕੇ ਰਖਿਆ ਕਰਦੇ ਸੀ । ਆਪ ਨੂੰ ਕਕਾਰ ਧਾਰਨ ਦਾ ਬੜਾ ਸ਼ੌਕ ਸੀ

Digitized by Panjab Digital Library | www.panjabdigilib.org

੧੯੨੪ ਦਾ ਜੰਗ ਸਮਾਪਤ ਹੋ ਗਿਆ ਸੀ। ਆਪ ਦੇ ਪਿਤਾ ਜੀ ਨਾਉਂ ਕਟਾ ਕੇ ਘਰ ਵਾਪਸ ਆ ਗਏ ਆਪ ਨੂੰ ਦਸੌਂਦਾ ਸਿੰਘ ਵਾਲੇ ਭਾਈ ਸੇਵਾ ਸਿਘ ਜੀ ਗ੍ਰੰਥੀ ਸਾਹਿਬ ਪਾਸ ਪੜ੍ਹਨੇ ਪਾ ਦਿੱਤਾ। ਆਪ ਨੂੰ ਉਨ੍ਹਾਂ ਨੇ ਗੁਰਮਤਿ ਦਾ ਉਪਦੇਸ਼ ਦੇ ਕੇ ਸਿੱਖੀ ਵਿੱਚ ਪੱਕਾ ਕਰ ਦਿਤਾ। ਆਪ ਇਕ ਸਾਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਸਿਬ ਦੇ ਜੀ ਦੇ ਪਾਠੀ ਹੋ ਗਏ ਪਾਠ ਦਾ ਭੋਗ ਪਾਉਣ ਤੋਂ ਬਾਦ ਸ੍ਰੀ ਅਨੰਦ ਪੁਰ ਸਾਹਿਬ ਦਾ ਹੋਲਾ ਮਹੱਲਾ ਆ ਗਿਆ। ਆਪ ਜੀ ਤੇ ਆਪ ਦੇ ਪਿਤਾ ਜੀ ਅਤੇ ਗ੍ਰੰਥੀ ਸੇਵਾ ਸਿੰਘ ਜੀ ਨਾਲ ਸ੍ਰੀ ਅਨੰਦ ਪੁਰ ਸਾਹਿਬ ਚਲੇ ਗਏ, ਸ਼ਹੀਦੀ ਬਾਗ ਵਿੱਚ ਜਾ ਕੇ ਆਸਣ ਲਾ ਲਏ। ਉਥੇ ਹੀ ਬੁਢੇ ਦਲ ਦਾ ਜਥੇਦਾਰ ਬਾਬਾ ਸੋਹਣਾਂ ਸਿੰਘ ਸੀ, ਉਨ੍ਹਾਂ ਤੋਂ ਆਪ ਨੇ ਅੰਮ੍ਰਿਤ ਛੱਕ ਲਿਆ ਤਿੰਨ ਦਿਨ ਬਹੁਤ ਦੀਵਾਨ ਸੁਣੇ। ਦੀਵਨਾਂ ਦੇ ਵਿਚ ਬਾਬਾ ਦੀਪ ਸਿਘ ਸ਼ਹੀਦ ਦੇ ਕਾਰਨਾਮੇਂ ਸ੍ਰੀ ਗੁਰੂ ਦਸਮੇਸ਼ ਪਿਤਾ ਜੀ ਦੇ ਚਾਰੇ ਸਾਹਿਬ ਜ਼ਾਦੀਆਂ ਦੇ ਸਾਕੇ, ਬੰਦੇ ਬਹਾਦਰ ਦੀ ਕੁਰਬਾਨੀ ਤੇ ਬਿਧੀ ਚੰਦ ਦੇ ਕਾਰਨਾਮੇਂ ਸੁਣਕੇ ਆਪ ਦਾ ਦਿਲ ਵੀ ਜੋਸ਼ ਦੇ ਨਾਲ ਠਾਠਾਂ ਮਾਰਨ ਲਗ ਪਿਆ, ਤੀਜੇ ਦਿਨ ਜਲੂਸ ਦਾ ਠਾਠ ਚੜੱਤ ਤੇ ਸ਼ਾਨ ਕਹਿਣ ਤੋਂ ਵੀ ਪਰੇ ਸੀ ਆਪ ਤੇ ਕਾਫੀ ਪ੍ਰਭਾਵ ਪਿਆ। ਜਲੂਸ ਦੀ ਸਮਾਪਤੀ ਹੋਈ ਤਾਂ ਆਪ ਨੇ ਵਾਪਸ ਚਾਲੇ ਪਾ ਦਿੱਤੇ ਵਡੇ ਵਡੇ ਗੁਰਅਥਾਨਾਂ ਦੇ ਦਰਸ਼ਨ ਕਰਦੇ ਹੋਏ ਆਪ ਮੁੜ ਕੇ ਪਿੰਡ ਆ ਗਏ।

ਅਜੇ ਆਪ ਦੀ ਉਮਰ ਬਾਰਾਂ ਸਾਲ ਦੀ ਹੋਈ ਕਿ ਸ਼੍ਰੋ: ਗੁ ਪ੍ਰ: ਕਮੇਟੀ ਨੇ ਜੈਤੋ ਤੇ ਭਾਈ ਫੇਰੂ ਦਾ ਮੋਰਚਾ ਲਾਇਆ। ਆਪ ਨੇ ਪਿਤਾ ਜੀ ਤੋਂ ਮੋਰਚੇ ਨੂੰ ਜਾਣ ਦੀ ਆਗਿਆ ਮੰਗੀ, ਪਿਤਾ ਜੀ ਨੇ ਕਿਹਾ ਕਿ, 'ਪਹਿਲਾਂ ਮੈਂ ਜਾਵਾਂਗਾ,ਫੇਰ ਤੂੰ ਜਾਈ"। ਆਪ ਰੁਕ ਗਏ ਤੇ ਪਿਤਾ ਜੀ ਭਾਈ ਫੇਰੂ ਦੇ ਮੋਰਚੇ ਨੂੰ ਚਲੇ ਗਏ। ਓਥੋਂ ਉਨਾਂ ਨੂੰਗ੍ਰਿਫਤ੍ਰਾਰ ਕਰਕੇ ੬ ਮਹੀਨੇ ਦੀ ਸਖਤ ਕੈਦ ਕਰਕੇ ਮੁਲਤਾਨ ਜੇਲ੍ਹ ਨੂੰ ਤੋਰਿਆ ਗਿਆ। ਓਥੇ ਉਨ੍ਹਾਂ ਤੋਂ ਚੱਕੀਆਂ ਪਿਹਾਈਆਂ ਗਈਆਂ ਤੇ ਅਨੇਕਾਂ ਤਰ੍ਹਾਂ ਦੇ ਕਸ਼ਟ ਦਿਤੇ ਗਏ। ਪਿਤਾ ਜੀ ਦੇ ਗ੍ਰਿਫਤਾਰ ਹੋਣ ਤੋਂ ਪਿਛੋਂ ਆਪ ਕਾਤਰੋਂ ਤੋਂ ਸਾਥੀ ਖਿਜਾਨ ਸਿੰਘ ਨੂੰ ਨਾਲ ਲੈਕੇ ਮਲੇਰ ਕੋਟਲੇ ਤੋਂ ਗਡੀ ਚੜ੍ਹ ਕੇ ਅਗਲੇ ਦਿਨ ਸ੍ਰੋ: ਗੁ: ਪ੍ਰ: ਕਮੇਟੀ ਦੇ ਦਫ਼ਤਰ ਵਿਚ ਜਾਕੇ ਹਾਜ਼ਰ ਹੋ ਗਏ ਤੇ ਕਮੇਟੀ ਤੋਂ ਮੋਰਚੇ ਨੂੰ ਜਾਣ ਦੀ ਆਗਿਆ ਮੰਗੀ। ਆਪ ਨੂੰ ਉਮਰ ਦੇ ਛੋਟੇ ਹੋਣ ਕਰਕੇਜੈਤੋ ਦੇ ਮੋਰਚੇ ਵਿਚ ਜਾਣ ਦੀ ਆਗਿਆ ਨਾ ਮਿਲੀ। ਭਾਈ ਖਜ਼ਾਨ ਸਿੰਘ ਵੱਡੀ ਉਮਰ ਦਾ ਸੀ ਉਸ ਨੂੰ ਜੈਤੋ ਨੂੰ ਤੋਰ ਦਿਤਾ ਤੇ ਆਪ ਨੂੰ ਭਾਈ ਫੇਰੂ ਦੇ ਜਥੇ ਨਾਲ ਤੋਰ ਦਿਤਾ। ਆਪ ਮੁੜ ਮੁੜ ਕੇ ਭਾਈ ਫੇਰੂ ਦੇ ਮੋਰਚੇ ਵਿਚ ੬ ਵਾਰ ਗਏ ਤੇ ਮੋਰਚਾ ਫਤਹਿ ਹੋ ਗਿਆ। ਆਪ ਨੂੰ ਸ੍ਰੀ ਅਕਾਲ ਤਖਤ ਤੋਂ ਤਿੰਨ ਸਿਰੋਪਾ ਦੇ ਕੇ ਗਡੀ ਚੜ੍ਹਾਇਆ ਗਿਆ। ਆਪ ਪਿੰਡ ਆ ਗਏ ਇਨ੍ਹੇ ਚਿਰ ਨੂੰ ਆਪ ਦੇ ਪਿਤਾ ਜੀ ਵੀ ਕੈਦ ਪੂਰੀ ਕਰਕੇ ਆ ਗਏ। ਆਪ ਦੋਵੇਂ ਪਿਉ ਪੁਤਰ ਫਿਰ ਵੀ ਅਕਾਲੀ ਜਥਾ ਧੂਰੀ ਦੇ ਨਾਲ ਕੰਮ ਕਰਦੇ ਰਹੇ। ਫੇਰ ਸੰ: ੧੯੨੯ ਵਿਚ ਪੰ: ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਕਾਂਗਰਸ ਵਲੋਂ ਲਾਹੌਰ ਰਾਵੀ ਤੋਂ ਪਾਰ ਕਾਨਫਰੰਸ ਰਖੀ ਗਈ। ਏਸ ਕਾਨਫਰੰਸ ਪਰ ਅਕਾਲੀ ਜਥਾ ਰਿਆਸਤ ਪਟਿਆਲਾ ਵਲੋਂ ਵੀ ਪੰਜ ਸੌ ਦਾ ਜਥਾ ਗੁਰਦਵਾਰਾ ਟਾਹਲੀਆਣਾ ਸਾਹਿਬ ਰਾਇਕੋਟ ਤੋਂ ਪ੍ਰੋਗਰਾਮ ਅਨੁਸਾਰ ਤੋਰਿਆ ਗਿਆ। ਆਪ ਨੇ ਇਸ ਜਥੇ ਵਿਚ ਸ਼ਾਮਲ ਹੋ ਕੇ ਵਲੰਟੀਅਰਾਂ ਵਿਚ ਹਿਸਾ ਲਿਆ। ਜਥਾ ਲਾਹੌਰ ਪਹੁੰਚਣ ਪਰ ਮਹਾਂਰਾਜਾ ਰਣਜੀਤ ਸਿੰਘ ਦੀਆਂ ਸਮਾਧਾਂ ਵਿਚ ਉਤਾਰਿਆ ਗਿਆ। ਪਹਿਲੇ ਦਿਨ ਜਲੂਸ ਕਢਿਆ ਗਿਆ ਜਲੂਸ ਦੀ ਗਿਣਤੀ ਅੰਦਾਜ਼ੇ ਤੋਂ ਬਾਹਰ ਸੀ, ਵਿਚਕਾਰਲੇ ਦਿਨ ਬਰਾਡਲਾ ਹਾਲ ਵਿਚ ਮਤੇ ਪਾਸ ਕਰਕੇ ਤੀਸਰੇ ਦਿਨ ਰਾਵੀ ਤੋਂ ਪਾਰ, ਤਿਰੰਗੇ ਝੰਡੇ ਦੇ ਪਾਸ ਪੰਡਾਲ ਦੇ ਵਿਚ ਮਤੇ ਸੁਣਾ ਕੇ ਪਾਸ ਕੀਤੇ ਗਏ। ਇੰਨਕਲਾਬ ਦੇ ਨਾਹਰੇ ਜ਼ੋਰ ਸ਼ੋਰ ਨਾਲ ਲਾਏ ਗਏ ਤੇ ਕਾਨਫਰੰਸ

Digitized by Panjab Digital Library | www.panjabdigilib.org

ਸਮਾਪਤ ਕੀਤੀ ਗਈ, ਜਥਾ ਸਮਾਧਾਂ 'ਚ ਆ ਗਿਆ ਗੁਰਦਵਾਰਾ ਡੇਹਰਾ ਸਾਹਿਬ ਪਾਸ ਅਕਾਲੀ ਦੀਵਾਨ ਸੀ ਓਥੇ ਸਿੱਖ ਕੌਮ ਦੇ ਬੇਤਾਜ਼ ਬਾਦਸ਼ਾਹ ਬਾਬਾ ਖੜਕ ਸਿੰਘ ਲੈਕਚਰ ਦੇ ਰਹੇ ਸਨ ਅਰ ਕਹਿ ਰਹੇ ਸਨ ਮਾਨ ਸਿੰਘ, "ਅਸੀਂ ਤਲਵਾਰ ਦੀ ਨੋਕ ਨਾਲ ਸਵਰਾਜ ਲੈਣਾ ਹੈ, ਮੰਗਿਆਂ ਕੌਣ ਦਿੰਦਾ ਹੈ" ਇਨ੍ਹਾਂ ਦਾ ਪ੍ਰਚਾਰ ਵੀ ਰੌਂਗਟੇ ਖੜੇ ਕਰਨ ਵਾਲਾ ਸੀ । ਉਪਰੰਤ ਆਪ ਦਾ ਜਥਾ ਪੜਾਈਂ ੨ ਮੁੜਕੇ ਵਾਪਸ ਆ ਗਿਆ ।

ਪਿੰਡ ਆ ਕੇ ਹਰ ਵੇਲੇ ਆਪ ਦੇ ਦਿਲ ਵਿਚ ਗੁਰੂ ਕੇ ਬਾਗ ਦਾ ਸਾਕਾ, ਜਲ੍ਹਿਆਂ ਵਾਲੇ ਬਾਗ ਦਾ ਸਾਕਾ, ਅਰ ਬਰਤਾਨੀਆਂ ਦੇ ਵਡੇ ਤੋਂ ਵਡੇ ਜ਼ੁਲਮ, ਨਿਹੱਥੇ ਮਜ਼ਲੂਮਾਂ ਤੇ ਲਾਠੀਚਾਰਜ, ਗੋਲੀਆਂ, ਮਸ਼ੀਨ ਗੰਨਾਂ, ਦੇ ਵਾਰ ਕੀਤੇ ਹੋਏ ਅੱਖਾਂ ਅਗੇ ਫਿਰਨ ਲਗੇ, ਆਪ ਤੋਂ ਰਿਹਾ ਨਾ ਗਿਆ, ਹਰ ਵੇਲੇ ਏਹੀ ਸੋਚਦੇ ਰਿਹਾ ਕਰਦੇ ਕਿ ਬਰਤਾਨੀਆਂ ਦੀ ਜ਼ਾਲਮ ਹਕੂਮਤ ਨੂੰ ਕਿਸ ਤਰ੍ਹਾਂ ਹਿੰਦੁਸਤਾਨ ਵਿਚੋਂ ਕਢਿਆ ਜਾਵੇ । ਕਾਫੀ ਸੋਚਣ ਤੋਂ ਬਾਅਦ ਆਪ ਏਸ ਸਿਟੇ ਤੇ ਪੁਜੇ ਕਿ ਬਬਰ ਪਾਰਟੀ ਨਾਲ ਮਿਲ ਕੇ ਕੋਈ ਠੋਸ ਪ੍ਰੋਗਰਾਮ ਬਣਾਇਆ ਜਾਵੇ, ਜਿਸ ਪ੍ਰੋਗਰਾਮ ਅਨੁਸਾਰ ਬਰਤਾਨੀਆਂ ਦੀ ਹਕੂਮਤ ਵਿਚ ਛੇੜ ਛਾੜ ਕਰੇ ਜਿਥੇ ਕੋਈ ਅੰਗਰੇਜ਼ ਦਾ ਬਚਾ ਮਿਲੇ ਉਸ ਨੂੰ ਉਥੇ ਹੀ ਕਤਲ ਕੀਤਾ ਜਾਵੇ, ਜਿਸ ਤਰਾਂ ਵੀ ਹੋਵੇ ਹਿੰਦੁਸਤਾਨ ਨੂੰ ਅਜ਼ਾਦ ਕੀਤਾ ਜਾਵੇ । ਆਪ ਨੂੰ ਅਜੇਹਾ ਆਦਮੀ ਕੋਈ ਨਾ ਮਿਲਿਆ, ਆਪ ਜੀ ਬੜੇ ਉਦਾਸ ਅਤੇ ਪ੍ਰੇਸ਼ਾਨ ਰਹਿਣ ਲਗੇ । ਹੋਰ ਕੋਈ ਗਲ ਨਾ ਸੁਝੇ ਆਪ ਹਰ ਵੇਲੇ ਏਸੇ ਧੁਨ ਵਿਚ ਤੁਰੇ ਫਿਰਿਆ ਕਰਦੇ ਕਿ ਕਦ ਕੋਈ, ਬਬਰ ਅਕਾਲੀ ਮਿਲੇ ਤੇ ਕਦ ਕੰਮ ਨੂੰ ਚਾਲੂ ਕੀਤਾ ਜਾਵੇ । ਇਕ ਦਿਨ ਆਪ ਨੂੰ ਕਿਸੇ ਤੋਂ ਪਤਾ ਲਗਿਆ ਕਿ ਇਕ ਸ: ਕਰਤਾਰ ਸਿੰਘ ਬਬਰ ਸੇਖੇ ਦੇ ਗੁਰਦੁਆਰੇ ਮਾਸਟਰ ਕਰਤਾਰ ਸਿੰਘ ਪਾਸ ਆਇਆ ਕਰਦਾ ਹੈ ਤੇ ਉਥੇ ਸ਼ੇਰ ਜੰਗ ਤੇ ਸਾਹਿਬ ਸਿੰਘ ਸਲਾਣਾਂ ਗਡੀ ਦੇ ਕੇਸ ਵਾਲੇ ਵੀ ਆਉਂਦੇ ਰਹਿੰਦੇ ਨੇ, ਆਪ ਇਕ ਦਿਨ ਏਸ ਪਤੇ ਪਰ ਸੇਖੇ ਪਹੁੰਚ ਗਏ, ਜੋ ਮਲੌਦ ਦੇ ਪਾਸ ਹੈ, ਆਪ ਦੇ ਉਥੇ ਜਾਂਦੇ ਨੂੰ ਬਬਰਾਂ ਦੀ ਮੀਟਿੰਗ ਹੋ ਰਹੀ ਸੀ, ਆਪ ਨੇ ਮਾਸਟਰ ਕਰਤਾਰ ਸਿੰਘ ਨੂੰ ਬਾਹਰ ਸੱਦ ਕੇ ਸਾਰੀ ਗਲ ਬਾਤ ਪੁਛੀ ਅਤੇ ਦਸੀ, ਉਸ ਨੂੰ ਕਿਹਾ "ਮੈਂ ਵੀ ਬਬਰ ਪਾਰਟੀ ਨਾਲ ਮਿਲਣਾ ਚਾਹੁੰਦਾ ਹਾਂ ਅਤੇ ਮੈਂ ਬੰਬ ਵੀ ਬਨਾਉਣ ਜਾਣਦਾ ਹਾਂ" ਮਾਸਟਰ ਜੀ ਆਪ ਦੀ ਸਾਰੀ ਗਲ ਬਾਤ ਸੁਣ ਕੇ ਅੰਦਰ ਮੀਟਿੰਗ ਵਿਚ ਗਏ, ਸਾਰਿਆਂ ਸਜਣਾਂ ਪਾਸ ਆਪ ਦੀ ਦਸੀ ਹੋਈ ਗਲ ਬਾਤ ਦਸੀ । ਫਿਰ ਆਪ ਨੂੰ ਵੀ ਅੰਦਰ ਮੀਟਿੰਗ ਹਾਲ ਵਿਚ ਬੁਲਾਇਆ ਗਿਆ । ਆਪ ਅੰਦਰ ਜਾ ਕੇ ਸਭ ਨੂੰ ਫਤਹਿ ਬੁਲਾ ਕੇ ਬੈਠ ਗਏ, ਪਹਿਲਾਂ ਤਾਂ ਆਪ ਨੂੰ ਸਾਰੇ ਸ਼ੱਕ ਦੀ ਨਿਗਾਹ ਨਾਲ ਵੇਖਣ ਲਗੇ, ਫੇਰ ਆਪ ਦੀ ਛੋਟੀ ਉਮਰ ਤੇ ਉਤਸ਼ਾਹ ਨੂੰ ਵੇਖ ਕੇ ਨਾਲ ਭਰਤੀ ਕਰ ਲਿਆ, ਮੀਟਿੰਗ ਵਿਚ ਸ: ਕਰਤਾਰ ਸਿੰਘ ਜੀ ਜਸਪਾਲੋਂ ਪ੍ਰਧਾਨ ਚੁਣੇ ਗਏ ਮੈਂਬਰਾਂ ਦੀ ਗਿਣਤੀ ਬਹੁਤ ਸੀ, ਪਰ ਆਪ ਦੇ ਚਹੁੰ ਦਾ ਹੀ ਨਾਮ ਜਾਣਦੇ ਸਨ । ਸ: ਕਰਤਾਰ ਸਿੰਘ ਜਸਪਾਲੋਂ, ਸ: ਕਰਤਾਰ ਸਿੰਘ ਮਾਸਟਰ, ਸ: ਵਜ਼ੀਰ ਸਿੰਘ ਅਸਰ ਪੁਰ, ਸ: ਨਰਿੰਜਨ ਸਿੰਘ ਸੇਲਖੀਆਂ ਤੇ ਬਾਬਾ ਸੁਧ ਸਿੰਘ ਜੀ ਨੰਗਲ ।

ਦੂਸਰੇ ਦਿਨ ਆਪ ਦੀ ਪਰਖ ਕਰਨ ਦੀ ਖਾਤਰ ਆਪ ਕੋਲੋਂ ਬੰਬ ਬਣਾਕੇ ਸਾਰੇ ਸਾਥੀਆਂ ਨੇ ਦੇਖੇ । ਫੇਰ ਤਾਂ ਸਾਰੇ ਆਪ ਦਾ ਆਦਰ ਕਰਨ ਲਗੇ ਅਤੇ ਆਪ ਦੀ ਸਾਰੇ ਜਣੇ ਜਿੰਦ ਜਾਨ ਬਣ ਗਏ । ਸ: ਕਰਤਾਰ ਸਿੰਘ ਜਸਪਾਲੋਂ ਨੇ ਆਪ ਦੀ ਡਿਊਟੀ ਖੁਫੀਆ ਡਾਕ ਲਿਆਉਣ ਉਪਰ ਲਾ ਦਿਤੀ, ਕਿਤੋਂ ਪਤਾ ਮੰਗਾਉਣਾ ਹੁੰਦਾ ਉਥੇ ਆਪ ਨੂੰ ਭੇਜ ਦੇਣਾ, ਕਿਉਂਕਿ ਆਪ ਅਜੇ ਉਮਰ ਦੇ ਛੋਟੇ ਸੀ, ਇਸ ਲਈ ਸਰਕਾਰੀ ਸੀ. ਆਈ. ਡੀ. ਆਪ ਉਤੇ ਸ਼ੱਕ ਨਹੀਂ ਕਰਦੀ ਸੀ ਆਪ ਨਾਲ

Digitized by Panjab Digital Library | www.panjabdigilib.org

ਪਾਰਟੀ ਦਾ ਮਿਆਰ ਵਧ ਗਿਆ ਤੇ ਆਪ ਨੂੰ ਕਈ ਜ਼ੁਮੇਵਾਰੀਆਂ ਦੇ ਦਿਤੀਆਂ, ਆਪ ਜੀ ਅਤੇ ਸ: ਕਰਤਾਰ ਸਿੰਘ ਬੁਗਰੇ, ਖੀਵਾ ਸਿੰਘ ਦੇ ਖੇਤ ਜਾ ਕੇ ਮਿਸਤਰੀ ਰਘਬੀਰ ਸਿੰਘ ਨੂੰ ਮਿਲੇ ਉਥੋਂ ਆਪ ਮਿਸਤਰੀ ਨੂੰ ਨਾਲ ਲੈ ਕੇ ਸੇਖੇ ਫੇਰ ਆ ਗਏ, ਏਥੇ ਆ ਕੇ ਸਰਦਾਰ ਕਰਤਾਰ ਸਿੰਘ ਪ੍ਰੈਜ਼ੀਡੈਂਟ ਬਬਰ ਅਕਾਲੀ ਜਸਪਾਲੋਂ ਵਾਲੇ ਨੇ ਜ਼ਿਲਾ ਅੰਬਾਲਾ, ਜ਼ਿਲਾ ਫੀਰੋਜ਼ਪੁਰ, ਜਲੰਧਰ, ਦੁਆਬਾ ਤੇ ਰਿਆਸਤ ਪਟਿਆਲਾ ਦੇ ਬਬਰਾਂ ਨੂੰ ਸਦਾ ਪੱਤਰ ਭੇਜ ਦਿਤੇ, ਆਪ ਨੀਯਤ ਕੀਤੀ ਤਰੀਕ ਨੂੰ ਜੋ ਸੰਮਤ ੧੯੩੦ ਦੀ ਗਲ ਹੈ ਆਪ ਅਜੇ ਚੌਦਾਂ ਪੰਦਰਾਂ ਸਾਲ ਦੇ ਸੀ, ਪਿੰਡ ਬੁਗਰੇ ਰਾਤ ਦੇ ਨੋ ਦਸ ਵਜੇ ਦੇ ਵਕਤ ਪੁਜ ਗਏ, ਸਾਰੇ ਸਾਥੀਆਂ ਦੇ ਆਉਣ ਤੇ ਰਾਤ ਦੇ ਬਾਰਾਂ ਵਜੇ ਨਹਿਰ ਦੇ ਜ਼ਖੀਰੇ ਵਿਚ ਮੀਟਿੰਗ ਕੀਤੀ ਗਈ, ਪਾਸ ਕੀਤਾ ਗਿਆ ਕਿ ਜਿਨਾਂ ਚਿਰ ਪਾਰਟੀ ਦਾ ਅਸਲਾ ਤਿਆਰ ਨਾਂ ਹੋ ਜਾਵੇ ਓਨਾਂ ਚਿਰ ਭਰਤੀ ਬੰਦ ਰਖੀ ਜਾਵੇ। ਜਦ ਕਾਫੀ ਅਸਲਾ ਤਿਆਰ ਹੋ ਗਿਆ ਫਿਰ ਥੋੜੇ ਦਿਨਾਂ ਵਿਚ ਬਬਰ ਭਰਤੀ ਕਰਕੇ ਹਥੋ ਹਥੀ ਜਗ੍ਹਾ ੨ ਡਿਉਟੀਆਂ ਲਾ ਕੇ ਇਕ ਤਰੀਕ ਨੀਯਤ ਕਰਕੇ ਇਕ ਵਕਤ ਇਕ ਪਿੰਡ ਦੇ ਵਿਚ ਜਿਥੇ ਵੀ ਕੋਈ ਅੰਗਰੇਜ਼ ਬਚਾ ਹੋਵੇ ਫੜਕੇ ਕਤਲ ਕਰ ਦਿਤਾ ਜਾਵੇ, ਤੇ ਉਸੇ ਵਕਤ ਤਾਰਾਂ ਕਟਣ ਵਾਲੇ ਤਾਰ ਕਟਣ ਦਾ ਕੰਮ ਕਰਨ ਕਿਉਂਕਿ ਕਿਸੇ ਪਾਸੇ ਤਾਰ ਨਾ ਜਾਵੇ। ਪ੍ਰੈਜ਼ੀਡੈਂਟ ਕਰਤਾਰ ਸਿੰਘ ਜਸਪਾਲੋਂ ਨੇ ਸਭ ਨੂੰ ਅਸਲਾ ਤਿਆਰ ਕਰਨ ਦਾ ਹੁਕਮ ਦਿਤਾ, ਅਤੇ ਭਿੰਨ ਭਿੰਨ ਅਸਲਾ ਤਿਆਰ ਕਰਨ ਵਾਸਤੇ ਕਾਰਖਾਨੇ ਵੀ ਤਿਆਰ ਕਰਨ ਦਾ ਫੈਸਲਾ ਕੀਤਾ ਗਿਆ। ਇਕ ਕਾਰਖਾਨਾ ਬੁਗਰੇ ਅਤੇ ਦੂਸਰਾ ਰਬੋਂ ਮਿਸਤਰੀ ਸਦਾ ਸਿੰਘ ਦੇ ਘਰ ਅਰ ਤੀਸਰਾ ਪਿੰਡ ਘੁਦਾਣੀ ਘਲਾਣੀ ਤੋਂ ਨਹਿਰ ਵਲ ਦੇ ਪਾਸੇ ਇਕ ਮਾਈ ਦੀ ਖੂਹੀ ਪਰ ਬਣਾਇਆ ਗਿਆ। ਮੀਟਿੰਗ ਸਮਾਪਤ ਕੀਤੀ ਗਈ, ਆਪ ਨੇ ਥੋੜੇ ਦਿਨਾਂ ਵਿਚ ਹੀ ਬੰਬ ਤਿਆਰ ਕਰ ਦਿਤੇ, ਅਤੇ ਮਿਸਤਰੀ ਰਘਬੀਰ ਸਿੰਘ ਨੇ ਵੀ ਫੈਕਟਰੀ ਬੁਗਰਾਂ ਵਿਚ ਹਜ਼ਾਰਾਂ ਪਸਤੌਲ ਤਿਆਰ ਕੀਤੇ। ਦੂਸਰੀਆਂ ਦੋਹਾਂ ਫੈਕਟਰੀਆਂ ਵਿਚ ਵੀ ਅਸਲਾ ਬਹੁਤ ਤਿਆਰ ਕੀਤਾ ਗਿਆ। ਇਸ ਤੋਂ ਬਾਅਦ ਅਸਲੀ ਪ੍ਰੋਗਰਾਮ ਬਣਾਉਣ ਦੀ ਖਾਤਰ ਮੀਟਿਗ ਬੁਲਾਈ ਗਈ, ਮੀਟਿੰਗ ਵਿਚ ਸਭ ਤੋਂ ਪਹਿਲਾਂ ਇਹ ਪਾਸ ਕੀਤਾ ਗਿਆ ਕਿ ਪਹਿਲੇ ਕਾਰ ਜਾਂ ਲਾਰੀ ਦਾ ਪ੍ਰਬੰਧ ਕਰਕੇ ਅਦਾਲਤ ਲੁਧਿਆਣਾ ਵਿਚੋਂ ਭਾਈ ਸ਼ੇਰ ਸਿੰਘ ਤੇ ਭਾਈ ਸਾਹਿਬ ਸਿੰਘ ਸਲਾਣਾ ਨੂੰ ਚੁਕਿਆ ਜਾਵੇ, ਇਸ ਕਰਕੇ ਕਾਰ ਦਾ ਪ੍ਰਬੰਧ ਕਰਨ ਦੀ ਖਾਤਰ ਸ: ਵਜ਼ੀਰ ਸਿੰਘ ਅਸਰ ਪੁਰੀਆਂ ਅਤੇ ਸ: ਨਰਿੰਜਨ ਸਿੰਘ ਸੋਲਖੀਆਂ ਨੂੰ ਲੁਧਿਆਣੇ ਭਜਨ ਸਿੰਘ ਡਰਾਈਵਰ ਪਿੰਡ ਮਾਗੋਵਾਲੀਏ ਪਾਸ ਭੇਜਿਆ ਗਿਆ। ਇਨ੍ਹਾਂ ਨੂੰ ਕਿਹਾ ਗਿਆ ਕਿ ਤੁਸੀਂ ਸ਼ਾਮ ਨੂੰ ਆ ਕੇ ਸਾਰਾ ਪਤਾ ਦੇਣਾ, ਭਾਈ ਭਜਨ ਸਿੰਘ ਕੀ ਰਾਏ ਦਿੰਦਾ ਹੈ। ਇਹ ਦੋਵੇਂ ਪੈਲ ਦੇ ਥਾਣੇ ਅਗੇ ਦੀ ਲੰਘਣ ਲਗੇ ਕਿ ਪੁਲੀਸ ਨੇ ਇਨ੍ਹਾਂ ਦੀ ਪੋਜ਼ੀਸ਼ਨ ਦੇਖ ਕੇ ਮਗਰ ਲਾਰੀ ਲਾ ਦਿਤੀ, ਪੁਲੀਸ ਦੇ ਚਿਟੇ ਕਪੜੇ ਪਾਏ ਹੋਏ ਸਨ, ਇਹ ਦੋਵੇਂ ਜਦ ਚਾਵੇ ਅਤੇ ਪੈਲ ਦੇ ਵਿਚਕਾਰ ਗਏ ਤਾਂ ਪੁਲੀਸ ਨੇ ਲਾਰੀ ਇਨ੍ਹਾਂ ਤੋਂ ਦੋ ਫਰਲਾਂਗ ਅਗੇ ਖੜੀ ਕਰ ਲਈ ਤੇ ਲਾਰੀ ਵਿਗੜ ਗਈ ਕਹਿਕੇ ਰੌਲਾ ਪਾਉਣ ਲਗੇ, ਇੰਨੇ ਨੂੰ ਇਹ ਦੋਵੇਂ ਜਣੇ ਜਦ ਲਾਰੀ ਕੋਲ ਆਏ ਤਾਂ ਪੁਲੀਸ ਨੇ ਕਿਹਾ, ਭਾਈ ਸਾਹਿਬ ਸਾਡੀ ਲਾਰੀ ਖਰਾਬ ਹੋ ਗਈ ਹੈ, ਜੇ ਆਪ ਧਕਾ ਲਵਾ ਦਿਉ ਤਾਂ ਅਸੀਂ ਲਾਰੀ ਤੋਰ ਲਈਏ।

ਪੁਲੀਸ ਦੇ ਏਨਾ ਕਹਿਣ ਪਰ ਸ: ਨਰਿੰਜਨ ਸਿੰਘ ਤੇ ਸ: ਵਜ਼ੀਰ ਸਿੰਘ ਲੱਕ ਬੰਨ੍ਹ ਕੇ ਲਾਰੀ ਧੱਕਣ ਲਗ ਪਏ। ਪੋਲੀਸ ਨੇ ਮਗਰ ਦੀ ਹੋ ਕੇ ਦੋਹਾਂ ਨੂੰ ਜੱਫਾ ਮਾਰ ਲਿਆ। ਬਸ ਫੇਰ ਸੀ, ਜਦ ਉਨ੍ਹਾਂ ਦੀ ਤਲਾਸ਼ੀ ਲਈ ਤਾਂ ਝੋਲਿਆਂ ਵਿਚੋਂ ਬੰਬ ਅਤੇ ਪਸਤੌਲ ਨਿਕਲ ਆਏ। ਇਹਨਾਂ ਨੂੰ ਹਥਕੜੀ ਲਾ ਕੇ

Digitized by Panjab Digital Library | www.panjabdigilib.org

ਉਸੇ ਲਾਰੀ ਵਿਚ ਸੁਟ ਕੇ ਥਾਣਾ ਪੈਲ ਵਿਚ ਲਿਆਂਦਾ ਗਿਆ ਅਤੇ ਬੁਰੀ ਤਰਾਂ ਕਸ਼ਟ ਦਿਤੇ ਗਏ! ਅਖੀਰ ਤਿੰਨ ਦਿਨ ਮਗਰੋਂ ਬਿਜਲੀ ਲਾ ਕੇ ਆਪ ਦੇ ਸਾਰੇ ਪਰੋਗਰਾਮ ਦਾ ਪੁਲੀਸ ਨੇ ਭੇਦ ਲੈ ਲਿਆ। ਅਗਲੇ ਦਿਨ ਜਦ ਉਹ ਕੀਤੇ ਪਰੋਗਰਾਮ ਪਰ ਨਾ ਆਏ ਤਾਂ ਆਪ ਨੇ ਖਤਰਾ ਸਮਝਕੇ ਸਾਰੇ ਕਾਰਖਨਿਆਂ ਵਿਚ ਪਤਾ ਕਰਕੇ ਸਾਰਾ ਅਸਲਾ ਪਰੇ ਉਰੇ ਕਰਵਾ ਦਿਤਾ, ਘੁਡਾਣੀ ਘਲੋਟੀ ਦੀ ਖੂਹੀ ਵਾਲਾ ਅਸਲਾ ਪਰੈਜ਼ੀਡੈਂਟ ਸਰਦਾਰ ਕਰਤਾਰ ਸਿੰਘ ਪਰੇ ਕਰ ਆਇਆ। ਫਿਰ ਤੀਸਰੇ ਦਿਨ ਕਰਤਾਰ ਸਿੰਘ ਨੇ ਆਪ ਨੂੰ ਉਨ੍ਹਾਂ ਦਾ ਪਤਾ ਲੈਣ ਲਈ ਲੁਧਿਆਣੇ ਭੇਜ ਦਿਤਾ। ਜਦ ਆਪ ਘੁਡਾਣੀ ਘਲੋਟੀ ਦੀ ਖੂਹੀ ਤੇ ਗਏ ਤਾਂ ਓਥੇ ਆਪ ਨੂੰ ਸੁਨਸਾਨ ਪਈ ਦਿਸੀ। ਆਪ ਉਥੋਂ ਦੀ ਹਾਲਤ ਵੇਖ ਕੇ ਹੈਰਾਨ ਹੋ ਗਏ। ਜਿਸ ਤਰਫ ਨਿਗਾਹ ਮਾਰਦੇ ਟੋਏ ਪੁਟਿਆਂ ਤੋਂ ਬਿਨਾ ਹੋਰ ਕੋਈ ਚੀਜ਼ ਨਜ਼ਰ ਨਹੀਂ ਸੀ ਆਉਂਦੀ। ਆਪ ਨੇ ਉਥੇ ਡੰਗਰ ਚਾਰਨ ਵਾਲੇ ਨਿਕੇ ਨਿਕੇ ਮੁੰਡਿਆਂ ਨੂੰ ਪੁਛਿਆ, ਕਾਕਾ ਤੁਸੀਂ ਇਹ ਦਸੋ ਜਿਹੜਾ ਸਿਖ ਇਸ ਖੂਹੀ ਤੇ ਰਿਹਾ ਕਰਦਾ ਸੀ ਉਹ ਕਿਧਰ ਗਿਆ? ਉਹਨਾਂ ਮੁੰਡਿਆਂ ਨੇ ਡਰਦੇ ਡਰਾਉਂਦਿਆਂ ਨੇ ਆਪ ਨੂੰ ਏਨਾ ਦਸਿਆ ਕਿ ਅਜ ਤੜਕੇ ਇਥੇ ਪੁਲੀਸ ਦੋ ਬਬਰਾਂ ਨੂੰ ਫੜੀ ਫਿਰਦੀ ਸੀ, ਉਹ ਬਬਰ ਕਹਿ ਰਹੇ ਸੀ ਕਿ ਅਸੀਂ ਏਹਨਾਂ ਟੋਇਆਂ ਵਿਚ ਅਸਲਾ ਰਖਿਆ ਸੀ। ਹੁਣ ਹੈ ਨਹੀਂ, ਪਤਾ ਨਹੀਂ ਕਣ ਲੈ ਗਿਆ, ਫ਼ੇਰ ਪੁਲੀਸ ਪਤਾ ਨਹੀਂ ਉਨ੍ਹਾਂ ਨੂੰ ਕਿਧਰ ਲੈ ਗਈ। ਇਹ ਖਬਰ ਸੁਣ ਕੇ ਆਪ ਦੇ ਹੋਸ਼ ਉਡ ਗਏ। ਸਾਰੀ ਸਕੀਮ ਫੇਲ੍ਹ ਹੋ ਗਈ। ਆਪ ਇਹ ਖਬਰ ਸੁਣ ਕੇ ਸੇਖੇ ਨੂੰ ਮੁੜ ਪਏ। ਆਪ ਸੇਖੇ ਰਾਤ ਦੇ ਨੌਂ ਦਸ ਬਜੇ ਆਏ ਤਾਂ ਉਥੇ ਵੀ ਪੁਲੀਸ ਨੇ ਆਪ ਦੇ ਆਉਣ ਤੋਂ ਪਹਿਲਾਂ ਮਾਸਟਰ ਕਰਤਾਰ ਸਿੰਘ ਨੂੰ ਘੇਰਾ ਪਾ ਕੇ ਗ੍ਰਿਫਤਾਰ ਕਰ ਲਿਆ। ਉਸ ਨੂੰ ਲੁਧਿਆਣੇ ਜੇਲ੍ਹ ਵਿਚ ਦਾਖਲ ਕੀਤਾ ਗਿਆ ਅਤੇ ਉਸ ਨੂੰ ਬੁਰੀ ਤਰ੍ਹਾਂ ਦੇ ਨਾਲ ਲੁਧਿਆਣੇ ਜੇਲ੍ਹ ਵਿਚ ਮਾਰਿਆ ਗਿਆ। ਇਸ ਤੋਂ ਪਿਛੋਂ ਸ: ਕਰਤਾਰ ਸਿੰਘ ਜਸਪਾਲੋਂ ਵੀ ਭਗੌੜਾ ਹੋ ਗਿਆ ਤੇ ਆਪ ਵੀ ਭਗੌੜੇ ਹੋ ਕੇ ਰਹਿਣ ਲਗ ਪਏ। ਪੋਲੀਸ ਨੇ ਸੇਖੇ ਤੋਂ ਇਕ ਰਾਈਫਲ ਕੰਬੈਂਡ ਅਤੇ ੮੦ ਰੌਂਦ ਮਾਸਟਰ ਜੀ ਕੋਲੋਂ ਪ੍ਰਾਪਤ ਕੀਤੇ। ਸਰਕਾਰ ਨੇ ਸ: ਕਰਤਾਰ ਸਿੰਘ ਜਸਪਾਲੋਂ ਦਾ ਗਿਆਰਾਂ ਸੌ ਨਕਦ ਅਤੇ ਇਕ ਮੁਰੱਬਾ ਇਨਾਮ ਦਾ ਰਖ ਦਿਤਾ। ਆਪ ਦਾ ਹਜ਼ਾਰ ਰੁਪਿਆ ਲੁਧਿਆਣੇ ਤੇ ਸਤ ਸੌ ਰੁਪਈਆ ਪਟਿਆਲੇ ਵਿਚ ਇਨਾਮ ਰਖਿਆ ਗਿਆ। ਪੁਲੀਸ ਬੜੀ ਤੇਜ਼ੀ ਨਾਲ ਪਿਛਾ ਕਰਨ ਲਗੀ। ਆਪ ਕੁਝ ਦਿਨ ਰਹਿਣ ਦੀ ਖਾਤਰ ਪਿੰਡ ਅਲੀਪੁਰ ਰਿਆਸਤ ਮਾਲੇਰ ਕੋਟਲਾ ਵਿਚ ਭੂਆ ਜੀ ਪਾਸ ਆ ਗਏ। ਆਪ ਨੂੰ ਅਲੀ ਪੁਰ ਆਏ ਨੂੰ ਅਜੇ ਦਸ ਦਿਨ ਹੀ ਹੋਏ ਸੀ, ਪਤਾ ਨਹੀਂ ਪੁਲੀਸ ਦੀ ਧਾੜ ਕਿਥੋਂ ਆ ਪਈ। ਥਾਣੇਦਾਰ ਗੁਰਬਚਨ ਸਿੰਘ ਖਿਆਲੇ ਵਾਲਾ ਥਾਣਾ ਸ਼ੇਰ ਪੁਰ, ਭਰਪੂਰ ਸਿੰਘ ਥਾਣੇਦਾਰ ਪੈਲ, ਖਲੀਫਾ ਥਾਣੇਦਾਰ ਪੰਜ ਰਤਾਈਂ, ਕੋਟਲਾ ਅਤੇ ਕਈ ਪਿੰਡਾਂ ਦੇ ਲੈਸੰਸਦਾਰਾਂ ਸਮੇਤ ਅਲੀਪੁਰ ਨੂੰ ਘੇਰਾ ਪਾ ਲਿਆ।

ਆਪ ਪਿੰਡ ਰੁੜਦੀ ਵਲ ਇਕ ਖੂਹ ਤੇ ਠੰਡੀ ਹਵਾ ਵਿਚ ਟਹਿਲ ਰਹੇ ਸਨ। ਥੋੜੇ ਚਿਰ ਵਿਚ ਹੀ ਇਕ ਆਦਮੀ ਪਿੰਡ ਵਲੋਂ ਭਜਿਆ ਆਉਂਦਾ ਆਪ ਦੀ ਨਜ਼ਰ ਪਿਆ, ਜਦ ਉਹ ਆਪ ਦੇ ਨੇੜੇ ਆ ਗਿਆ ਤਾਂ ਆਪ ਨੇ ਉਸ ਨੂੰ ਟੋਕ ਕੇ ਪੁਛਿਆ, ਤੂੰ ਕਿਸ ਤਰਾਂ ਭਜਿਆ ਆਉਂਦਾ ਹੈਂ। ਉਸ ਨੇ ਕਿਹਾ ਮੈਂ ਆਪ ਨੂੰ ਦਸਣ ਆਇਆ ਹਾਂ ਕਿ ਪੋਲੀਸ ਦੀਆਂ ਟੋਲੀਆਂ ਪਿੰਡ ਦੇ ਉਦਾਲੇ ਘੇਰਾ ਪਾਈ ਫਿਰ ਰਹੀਆਂ ਹਨ ਤੂੰ ਨਿਕਲ ਸਕਦਾ ਹੈਂ ਤਾਂ ਛੇਤੀ ਨਿਕਲ ਜਾ, ਨਹੀਂ ਤਾਂ ਫੜਿਆ ਜਾਵੇਂਗਾ, ਆਪ ਦਾ ਸਾਰਾ ਅਸਲਾ ਭੂਆ ਜੀ ਦੇ ਘਰ ਪਿਆ ਸੀ, ਆਪ ਅਸਲਾ ਛਡ ਕੇ ਕਿਸ ਤਰਾਂ ਜਾ ਸਕਦੇ ਸੀ, ਆਪ ਉਸੇ ਵੇਲੇ ਵਾੜ ਕਰਨ ਵਾਲਿਆਂ ਤੋਂ ਸਲੰਘ ਤੇ ਮੋੜ੍ਹੀਆਂ ਦੀ ਖਿਤੀ ਲੈ ਕੇ ਪਿੰਡ ਨੂੰ ਤੁਰ ਪਏ। ਜਦ ਆਪ ਦਰਵਾਜੇ ਵਿਚ ਆਏ ਤਾਂ ਉਥੇ ਥਾਣੇਦਾਰ ਗੁਰਬਚਨ ਸਿੰਘ

Digitized by Panjab Digital Library | www.panjabdigilib.org

ਤੇ ਕਈ ਸਿਪਾਹੀ ਫਿਰ ਰਹੇ ਸਨ, ਆਪ ਦੇ ਸਿਰ ਦੀਆਂ ਬਹੁਤੀਆਂ ਮੋਹੜੀਆਂ ਥਾਣੇਦਾਰ ਦੇ ਘੋੜੇ ਨਾਲ ਫਸ ਗਈਆਂ, ਆਪ ਨੂੰ ਥਾਣੇਦਾਰ ਨੇ ਕਿਹਾ "ਹਰਾਮਜ਼ਾਦੇ ਤੈਨੂੰ ਦਿਸਦਾ ਨਹੀਂ ਕਿ ਥਾਣੇਦਾਰ ਸਾਹਿਬ ਖੜੇ ਨੇ ਤੈਂ ਕੰਡੇ ਵਿਚ ਫਸਾ ਦਿਤੇ" ਆਪ ਨੇ ਕਿਹਾ, ਹਜ਼ੂਰ ਮੈਨੂੰ ਦਿਸਦਾ ਤਾਂ ਹੈ ਪਰ ਮੋਹੜੀਆਂ ਦੇ ਭਾਰ ਕਰਕੇ ਮੇਰਾ ਸਾਫਾ ਅਖਾਂ ਤੇ ਆ ਗਿਆ ਹੈ, ਇਸ ਕਰਕੇ ਦਿਸਣੋਂ ਬੰਦ ਹੋ ਗਿਆ ਹੈ। ਥਾਣੇਦਾਰ ਨੇ ਕਿਹਾ ਤੂੰ ਕਿਥੋਂ ਆਇਆ ਹੈਂ, ਤਾਂ ਆਪ ਨੇ ਕਿਹਾ ਇਖ ਦੀ ਵਾੜ ਕਰਕੇ, ਥਾਣੇਦਾਰ ਨੇ ਕਿਹਾ ਕਾਕਾ ਤੂੰ ਇਉਂ ਦਸ ਬੜੀ ਵਾਲੇ ਮਾਨ ਸਿੰਘ ਨੂੰ ਜਾਣਦਾ ਹੈਂ, ਆਪ ਕਿੰਨਾਂ ਚਿਰ ਤਾਂ ਚੁਪ ਰਹੇ ਪਰ ਕਾਫੀ ਚਿਰ ਸੋਚ ਕੇ ਕਿਹਾ, ਜੀ ਹਾਂ, ਮੈਂ ਹੁਣੇ ਮਾਨ ਸਿੰਘ ਤੇ ਉਸ ਦੀ ਭੂਆ ਦੇ ਪੁਤਰ ਨਰੈਣ ਸਿੰਘ ਦੋਹਾਂ ਨੂੰ ਕਪਾਹ ਚੁਗਦੇ ਛਡ ਕੇ ਆਇਆ ਹਾਂ। ਰੜਦੀ ਵਲ ਖੂਹ ਤੇ ਨੇ, ਏਨੀ ਗਲ ਸੁਣਕੇ ਥਾਣੇਦਾਰ ਪੁਲੀਸ ਨੂੰ ਲੈ ਕੇ ਹੀਡੋ ਹੀਡੋ ਕਰਦਾ ਬਾਹਰ ਨੂੰ ਭਜ ਗਿਆ, ਆਪ ਮੋੜੀਆਂ ਦੀ ਖਿਤੀ ਸਿਟ ਕੇ ਆਪ ਦੀ ਭੂਆ ਜੀ ਦੇ ਘਰੋਂ ਆਪ ਦਾ ਸਾਰਾ ਸਾਮਾਨ ਚੁਕ ਕੇ ਇਕ ਦਮ ਭੂਦਨੇ ਵਲ ਇਕ ਬੇਰੀਆਂ ਦੀ ਬੰਨੀ ਵਿਚ ਜਾ ਵੜੇ, ਥਾਣੇਦਾਰ ਨੇ ਬਾਹਰ ਜਾ ਕੇ ਆਪ ਦੀ ਭੂਆ ਦੇ ਪੁਤ ਨੂੰ ਘੇਰ ਲਿਆ, ਉਸ ਨੂੰ ਪੁਛਿਆ ਮਾਨ ਸਿੰਘ ਏਥੇ ਹੈ, ਨਰੈਣ ਸਿੰਘ ਨੇ ਕਿਹਾ, ਜੀ ਉਹ ਤਾਂ ਅਜੇ ਹੁਣੇ ਮੋਹੜੀਆਂ ਦੀ ਖਿਤੀ ਲੈ ਕੇ ਘਰ ਨੂੰ ਗਿਆ ਹੈ। ਏਨੀ ਗਲ ਸੁਣ ਕੇ ਥਾਣੇਦਾਰ ਭਖ ਕੇ ਕੋਲੇ ਹੋ ਗਿਆ ਤੇ ਬੜੀ ਤੇਜ਼ੀ ਨਾਲ ਘੋੜੇ ਦੌੜਾ ਕੇ ਫਿਰ ਪਿੰਡ ਨੂੰ ਘੇਰਾ ਪਾ ਲਿਆ, ਪੁਲੀਸ ਨੇ ਭੂਆ ਜੀ ਦੇ ਘਰ ਦੀ ਦਰਬੰਦੀ ਕਰਕੇ ਤਲਾਸ਼ੀ ਕੀਤੀ, ਕੋਈ ਚੀਜ਼ ਹਥ ਨਾ ਆਈ, ਪੁਲੀਸ ਅਸਫਲ ਹੋ ਕੇ ਮੁੜੀ, ਏਨੇ ਨੂੰ ਸੂਰਜ ਛਿਪ ਗਿਆ, ਅਨ੍ਹੇਰਾ ਹੋ ਗਿਆ, ਪੁਲੀਸ ਪਾਗਲਾਂ ਦੀ ਤਰਾਂ ਹਥ ਪੈਰ ਮਾਰਨ ਲਗੀ, ਜਿਸ ਬੰਨੀ ਵਿਚ ਆਪ ਲੁਕ ਰਹੇ ਸੀ ਪੋਲੀਸ ਨੇ ਵੀ ਉਸੇ ਬੰਨੀ ਨੂੰ ਘੇਰਾ ਆ ਪਾਇਆ, ਆਪ ਚੁਪ ਕਰਕੇ ਬੰਨੀ ਵਿਚ ਬੈਠੇ ਰਹੇ। ਪੁਲੀਸ ਡਰਦੀ ਬੰਨੀ ਦੇ ਵਿਚ ਨਾ ਵੜੇ, ਆਲੇ ਦੁਆਲੇ ਬਿੜਕਾਂ ਲੈਂਦੀ ਤੁਰੀ ਫਿਰੇ, ਅਖੀਰ ਪੁਲੀਸ ਨੂੰ ਕੋਈ ਪਤਾ ਨਾ ਲਗਿਆ, ਪੁਲੀਸ ਉਸ ਬੰਨੀ ਨੂੰ ਛਡ ਕੇ ਕਿਸੇ ਹੋਰ ਪਾਸੇ ਚਲੀ ਗਈ। ਏਨੇ ਨੂੰ ਮੀਂਹ ਤੇ ਅਨੇਰੀ ਜ਼ੋਰ ਦੀ ਆ ਗਈ, ਆਪ ਉਸ ਬੰਨੀ ਵਿਚੋਂ ਨਿਕਲ ਕੇ ਮਕੀ ਦੇ ਛੋਰਾਂ ਵਿਚ ਜਾ ਵੜੇ। ਪੁਲੀਸ ਵੀ ਸਾਰੇ ਫਿਰ ਤੁਰ ਕੇ ਉਹਨਾਂ ਛੌਰਾਂ ਕੋਲ ਦੀ ਹੁੰਦੀ ਹੋਈ ਪਿੰਡ ਵਿਚ ਫਿਰ ਜਾ ਵੜੀ, ਆਪ ਛੌਰਾਂ ਵਿਚੋਂ ਨਿਕਲ ਕੇ ਮੋਠਾਂ ਦੇ ਪਿੜ ਵਿਚ ਜਾ ਕੇ ਬੈਠ ਗਏ, ਪਿੜ ਵਿਚ ਆਪ ਦੀ ਭੂਆ ਦਾ ਪੁਤਰ ਤਾਂ ਨਾ ਮਿਲਿਆ। ਇਕ ਹੋਰ ਪਿੜ ਦਾ ਰਾਖਾ ਬੈਠਾ ਸੀ, ਆਪ ਉਸ ਕੋਲ ਬੈਠ ਗਏ, ਏਨੇ ਨੂੰ ਪੁਲੀਸ ਨਾਲ ਜੋ ਲਸੈਂਸਦਾਰ ਸਨ ਉਹ ਉਸੇ ਬੰਨੀ ਨੂੰ ਫੇਰ ਦੇਖ ਕੇ ਪਿੰਡ ਨੂੰ ਮੁੜ ਰਹੇ ਸਨ, ਉਹ ਮੋਠਾਂ ਦੇ ਗਰੇ ਦੇ ਨੇੜੇ ਆ ਗਏ ਜਿਥੇ ਆਪ ਬੈਠੇ ਸੀ, ਜਦ ਨੂੰ ਉਨ੍ਹਾਂ ਦਾ ਰੌਲਾ ਗੌਲਾ ਪੈਂਦਾ ਸੁਣਿਆਂ ਤਾਂ ਆਪ ਨੇ ਪਿੰਡ ਦੇ ਰਾਖੇ ਨੂੰ ਆਖਿਆ, "ਮੈਂ ਰੋਟੀ ਖਾ ਕੇ ਛੇਤੀ ਆ ਜਾਵਾਂਗਾ, ਤੂੰ ਸਾਡੇ ਖਿੜ ਵਲ ਧਿਆਨ ਰਖੀਂ" ਉਸ ਨੇ ਕਿਹਾ ਜਾਉ ਕੋਈ ਫਿਕਰ ਨਾ ਕਰੋ, ਆਪ ਛੇਤੀ ਹੀ ਉਸ ਨੂੰ ਭੁਲੇਖਾ ਦੇ ਕੇ ਅਨ੍ਹੇਰੀ ਰਾਤ ਵਿਚ ਛੁਪ ਕੇ ਕੁਝ ਹਨ੍ਹੇਰੇ ਦਾ ਵੀ ਜ਼ੋਰ ਸੀ, ਫੇਰ ਕਾਫੀ ਰਾਤ ਛੋਰਾਂ ਵਿਚ ਕਟੀ, ਲੈਸੰਸਦਾਰਾਂ ਨੇ ਰਾਖੇ ਨੂੰ ਕਿਹਾ, ਤੂੰ ਬੜੀ ਵਾਲਾ ਮਾਨ ਸਿੰਘ ਨਹੀਂ ਦੇਖਿਆ, ਪਿੜ ਵਾਲੇ ਨੇ ਕਿਹਾ ਉਹ ਹੁਣੇ ਹੀ ਉਸ ਕੋਲੋਂ ਘਰ ਨੂੰ ਰੋਟੀ ਖਾਣ ਗਿਆ ਹੈ, ਏਨੀ ਗਲ ਸੁਣਕੇ ਲੈਸੰਸਦਾਰਾਂ ਨੇ ਫਿਰ ਘਰ ਨੂੰ ਘੇਰਾ ਪਾ ਲਿਆ, ਜਦ ਪਿੰਡ ਦੇ ਨੰਬਰਦਾਰਾਂ ਨੇ ਘਰ ਦੇ ਅੰਦਰ ਵੜ ਕੇ ਦੇਖਿਆ ਤਾਂ ਆਪ ਨੇ ਉਨ੍ਹਾਂ ਨੂੰ ਕਿਥੇ ਮਿਲਨਾ ਸੀ, ਉਹ ਫੇਰ ਧੋਤਾ ਜਿਹਾ ਮੂੰਹ ਲੈ ਕੇ ਪਤਾ ਨਹੀਂ ਕਿਧਰ ਗਏ। ਜਦ ਪਹਿਰ ਦਾ ਤੜਕਾ ਰਹਿ ਗਿਆ ਤਾਂ ਆਪ ਛੌਰਾਂ ਵਿਚੋਂ ਨਿਕਲ ਕੇ ਪਿੰਡ ਕਲੇਰਾਂ ਵਿਚ ਦੀ ਹੁੰਦੇ ਹੋਏ ਅਜੇ ਭੁਮਾਲ ਦੇ ਅਧ ਵਿਚ ਚੁਰਸਤੇ ਉਤੇ ਗਏ ਸੀ,

Digitized by Panjab Digital Library | www.panjabdigilib.org

ਉਥੇ ਰਾਤ ਦੀ ਗਸ਼ਤ ਵਾਲੀ ਪੁਲੀਸ ਵਿਚੋਂ ਦੋ ਸਿਪਾਹੀ ਮਿਲ ਗਏ, ਉਨ੍ਹਾਂ ਨੇ ਆਪ ਨੂੰ ਰੋਕ ਲਿਆ, ਆਪ ਉਨ੍ਹਾਂ ਨਾਲ ਕੁਝ ਚਿਰ ਤਾਂ ਟਾਲ ਮਟੋਲੇ ਕਰਦੇ ਰਹੇ, ਪਰ ਉਨ੍ਹਾਂ ਨੇ ਆਪ ਦੀ ਇਕ ਨਾ ਸੁਣੀ, ਉਹ ਆਪ ਨੂੰ ਫੜਨ ਵਾਸਤੇ ਅਗੇ ਵਧੇ ਤਾਂ ਆਪ ਨੇ ਝੋਲੇ ਵਿਚੋਂ ਪਸਤੌਲ ਕਢਕੇ ਸਿਧਾ ਕੀਤਾ ਤੇ ਕਿਹਾ, "ਮੈਂ ਉਹੀ ਬੜੀ ਵਾਲਾ ਮਾਨ ਸਿੰਘ ਹਾਂ ਜਿਸ ਨੂੰ ਤੁਸਾਂ ਰਾਤ ਅਲੀ ਪੁਰ ਘੇਰਾ ਪਾਇਆ ਸੀ।" ਆਪ ਦੀ ਇਹ ਗਲ ਸੁਣਕੇ ਉਨਾਂ ਦਾ ਦਿਲ ਹੇਠਾਂ ਉਤੇ ਹੋਣ ਲਗ ਪਿਆ ਤੇ ਮਿੰਨਤਾਂ ਤਰਲੇ ਕਰਨ ਲਗੇ, ਅਖੀਰ ਇਹ ਇਕਰਾਰ ਕਰਕੇ ਛੁਟੇ ਕਿ ਅਸੀਂ ਕਦੇ ਵੀ ਆਪ ਦੇ ਮਗਰ ਨਹੀਂ ਆਵਾਂਗੇ ਤੇ ਨਾ ਹੀ ਅਸੀਂ ਇਹ ਗਲ ਕਿਸੇ ਹੋਰ ਪਾਸ ਦਸਾਂਗੇ ਕਿ ਸਾਨੂੰ ਸ: ਮਾਨ ਸਿੰਘ ਮਿਲਿਆ ਸੀ। ਆਪ ਉਨ੍ਹਾਂ ਨੂੰ ਛਡਕੇ ਗੁਰਦੁਆਰਾ ਸਾਹਿਬ ਭੁਮਾਲ ਗ੍ਰੰਥੀ ਖੇਮ ਸਿੰਘ ਪਾਸ ਜਾ ਕੇ ਰਾਤ ਦਾ ਬਕਿਆ ਤੇ ਨੀਂਦਰ ਦਾ ਘੇਰਿਆ ਕਰਕੇ ਸੌਂ ਗਿਆ। ਪੋਲੀਸ ਦੇ ਦੋਵੇਂ ਸਿਪਾਹੀਆਂ ਇਕ ਦਮ ਥਾਣਾ ਸ਼ੇਰ ਪੁਰ ਵਿਚੋਂ ਪੋਲੀਸ ਲੈ ਕੇ ਪਿੰਡ ਭੁਮਾਲ ਨੂੰ ਘੇਰਾ ਆ ਪਾਇਆ। ਦਿਨ ਦੇ ਬਾਰਾਂ ਵਜੇ ਦਾ ਵੇਲਾ ਸੀ, ਆਪ ਨੂੰ ਪਿੰਡ ਵਿਚੋਂ ਆ ਕੇ ਇਕ ਸਿੰਘ ਨੇ ਪੁਲੀਸ ਦੇ ਆਉਣ ਦਾ ਪਤਾ ਦੇ ਦਿਤਾ, ਆਪ ਇਕ ਦਮ ਆਪਣਾ ਬੋਰੀ ਬਿਸਤਰਾ ਚੁੱਕ ਕੇ ਪਿੰਡ ਮਲੂ ਮਾਜਰੇ ਦੇ ਰਸਤੇ ਪੈ ਗਏ, ਅਜੇ ਆਪ ਪਿੰਡ ਦੇ ਅਧ ਵਿਚ ਹੀ ਗਏ ਸਨ ਕਿ ਪੋਲੀਸ ਦਾ ਧਾੜਵੀ ਟੋਲਾ ਵੀ ਹੀਂਡੋ ਹੀਂਡੋ ਕਰਦਾ ਆਪ ਦੇ ਨੇੜੇ ਆ ਗਿਆ, ਆਪ ਨੇ ਸੋਚਿਆ ਹੁਣ ਪੁਲੀਸ ਫੜ ਤਾਂ ਜ਼ਰੂਰ ਲਵੇਗੀ, ਹੋਰ ਕੁਝ ਬਚਾਓ ਦਾ ਹੀਲਾ ਨਹੀਂ ਹੋ ਸਕਦਾ, ਆਪ ਨੂੰ ਇਕ ਇਹ ਢੰਗ ਸੁਝਿਆ, ਆਪ ਨੇ ਰਸਤੇ ਵਿਚ ਪੰਜ ਸਤ ਰੇਤ ਦੀਆਂ ਢੇਰੀਆਂ ਬੰਨ ਦਿਤੀਆਂ ਏਸ ਤੋਂ ਪੁਲੀਸ ਨੂੰ ਸ਼ੱਕ ਪੈ ਗਈ ਕਿ ਬੰਬ ਦੱਬੇ ਨੇ ਫੇਰ ਆਪ ਨੇ ਇਕ ਦਰਖਤ ਦੀ ਆੜ ਲੈ ਕੇ ਰਾਈਫਲ ਨੂੰ ਜੋੜਿਆ, ਏਨੇ ਨੂੰ ਪੁਲੀਸ ਵੀ ਆ ਪੁਜੀ, ਪਰ ਪੁਲੀਸ ਆਪ ਤੋਂ ਡਰਦੀ ਬਹੁਤ ਸੀ, ਆਪ ਨੂੰ ਛੇਤੀ ਛੇਤੀ ਹਥ ਪਾਉਣਾ ਵੀ ਬੜਾ ਔਖਾ ਸੀ। ਆਪ ਇਕ ਵਡੀ ਸਾਰੀ ਝਿੜੀ ਦੇ ਨਾਲ ਹੋ ਕੇ ਪੁਲੀਸ ਤੇ ਰਾਈਫਲ ਦਾ ਫਾਇਰ ਕੀਤਾ, ਪੁਲੀਸ ਡਰਦੀ ਜ਼ਮੀਨ ਤੇ ਡਿਗ ਪਈ, ਆਪ ਫਾਇਰ ਕਰਨ ਸਾਰ ਪਿੰਡ ਮਲੂ ਮਾਜਰੇ ਦੀ ਬਾਹਰਲੀ ਗਲੀ ਪੈ ਕੇ ਕਪਾਹਾਂ ਵਿਚ ਦੀ ਹੁੰਦੇ ਹੋਏ ਨਹਿਰ ਤੇ ਰੇਲ ਦਾ ਪੁਲ ਟਪ ਕੇ ਪਿੰਡ ਬਹਿੜ ਵਾਲ ਹੁੰਦੇ ਹੋਏ ਪਿੰਡ ਢਡੋਗਲ ਸਃ ਭਗਤ ਸਿੰਘ ਪ੍ਰੈਜ਼ੀਡੈਂਟ ਪਰਜਾ ਮੰਡਲ ਰਿਆਸਤ ਪਟਿਆਲਾ ਪਾਸ ਪਹੁੰਚ ਗਏ। ਪੁਲੀਸ ਖਾਸਾ ਚਿਰ ਤਾਂ ਡਰਦੀ ਉਠੀ ਨਾਂ ਕਿ ਅਜੇ ਕਿਤੇ ਹੋਰ ਫਾਇਰ ਨਾ ਕਰ ਦੇਵੇ, ਜਦੋਂ ਬਹੁਤ ਚਿਰ ਹੋਰ ਕੋਈ ਫਾਇਰ ਨਾ ਹੋਇਆ ਤਾਂ ਪਿੰਡਾਂ ਦੇ ਤਮਾਸ਼ਾ ਵੇਖਣ ਵਾਲੇ ਲੋਕਾਂ ਨੂੰ ਗਾਲਾਂ ਦੇ ਕੇ ਝਿੜੀ ਪਾਸ ਪਤਾ ਲੈਣ ਭੇਜਿਆ, ਜਦ ਲੋਕ ਝਿੜੀ ਪਾਸ ਆਏ ਤਾਂ ਜਗ੍ਹਾ ਖਾਲੀ ਮਿਲੀ, ਫੇਰ ਲੋਕਾਂ ਤੋਂ ਪੋਲੀਸ ਨੇ ਰੇਤੇ ਦੀਆਂ ਢੇਰੀਆਂ ਢੁਹਾਈਆਂ, ਉਹ ਵੀ ਖਾਲੀ ਮਿਲੀਆਂ, ਫੇਰ ਪੁਲੀਸ ਪਿੰਡ ਮਲੂ ਮਾਜਰੇ ਵਿਚ ਪਤਾ ਕਰਕੇ ਪਤਾ ਨਹੀਂ ਨਿਰਾਸ ਹੋ ਕੇ ਕਿਧਰ ਚਲੀ ਗਈ। ਆਪ ਕਈ ਦਿਨ ਤਾਂ ਢਡੋਗਲ ਸ: ਭਗਤ ਸਿੰਘ ਦੇ ਇਖ ਵਿਚ ਰਹੇ, ਫਿਰ ਇਕ ਲਾਗੀ ਮਰਾਸੀ ਪਿੰਡ ਬੇਗੋਵਾਲ ਤੋਂ ਸ: ਭਗਤ ਸਿੰਘ ਦੀ ਭਾਣਜੀ ਦੇ ਅਨੰਦਾਂ ਦੀ ਪਤਰਕਾ ਲੈ ਕੇ ਆ ਗਿਆ, ਆਪ ਨੂੰ ਭਗਤ ਸਿੰਘ ਨੇ ਬੇਗੋਵਾਲ ਭੇਜ ਦਿਤਾ, ਆਪ ਨੇ ਉਥੇ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕੀਤਾ, ਜੰਞ ਵੀ ਆ ਗਈ। ਉਸੇ ਰਾਤ ਗੁਰਦੁਆਰਾ ਸਾਹਿਬ ਵਿਖੇ ਲੜਕਾ ਤੇ ਲੜਕੀ ਨੂੰ ਅੰਮ੍ਰਿਤ ਛਕਾਇਆ ਗਿਆ ਤੇ ਅੰਮ੍ਰਿਤ ਵੇਲੇ ਗੁਰਮਤਿ ਅਨੁਸਾਰ ਅਨੰਦ ਕਾਰਜ ਕਰਵਾਇਆ ਗਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭੋਗ ਪਾਇਆ ਗਿਆ। ਸਭ ਲੋਕ ਪ੍ਰਸ਼ਾਦਿ ਲੈ ਕੇ ਆਪੋ ਆਪਣੇ ਘਰਾਂ ਨੂੰ ਚਲੇ ਗਏ, ਸ੍ਰੀ ਗੁਰੂ ਮਹਾਰਾਜ ਦਾ ਸਰੂਪ ਗੁਰਦੁਆਰਾ ਸਾਹਿਬ ਵਿਚ

Digitized by Panjab Digital Library | www.panjabdigilib.org

ਬਿਰਾਜਮਾਨ ਕਰਕੇ ਆਪ ਘਰ ਆ ਗਏ। ਏਨੇ ਚਿਰ ਨੂੰ ਪਤਾ ਨਹੀਂ ਕਿ ਪੇਲ ਦੀ ਪੁਲੀਸ ਨੂੰ ਕਿਥੋਂ ਪਤਾ ਲਗ ਗਿਆ। ਇਕ ਦਮ ਆ ਕੇ ਪੁਲੀਸ ਨੇ ਪਿੰਡ ਦੇ ਰਾਹ ਰੋਕ ਲਏ ਹੋਰ ਕਿਸੇ ਨੂੰ ਕੋਈ ਪਤਾ ਨਹੀਂ ਸੀ ਕਿ ਪੁਲੀਸ ਕਿਉਂ ਆਈ ਹੈ, ਆਪ ਏਸ ਗਲ ਨੂੰ ਸਮਝਦੇ ਸੀ ਕਿ ਪੁਲੀਸ ਆਪ ਦੀ ਗ੍ਰਿਫਤਾਰੀ ਵਾਸਤੇ ਆਈ ਹੈ, ਪੁਲੀਸ ਦੇ ਪਤਾ ਕਰਨ ਤੋਂ ਪਹਿਲਾਂ ੨ ਆਪ ਇਕ ਮੇਲਣ ਦਾ ਘਗਰਾ ਪਾ ਕੇ ਮੇਲ ਵਿਚ ਜਾ ਵੜੇ, ਮੇਲ ਦੀਆਂ ਲੜਕੀਆਂ ਆਪ ਨੂੰ ਵੇਖ ਕੇ ਖਪ ਕਰਨ ਲਗ ਪਈਆਂ, ਆਪ ਨੇ ਉਨ੍ਹਾਂ ਨੂੰ ਕਿਹਾ, "ਤੁਸੀਂ ਖਪ ਨਾ ਪਾਉ, ਕਿਉਂਕਿ ਸਿਆਣੇ ਆਦਮੀ ਕੀ ਕਹਿਣਗੇ ਕਿ ਸਿਆਣਾ ਬਿਆਣਾ ਹੋ ਕੇ ਆਹ ਕੀ ਲੁਚਪੁਣਾ ਕਰਨ ਲਗ ਪਿਆ, ਇਸ ਤਰਾਂ ਮੇਰੀ ਬਦਨਾਮੀ ਹੋਵੇਗੀ, ਜੇ ਤੁਸੀਂ ਤਮਾਸ਼ਾ ਦੇਖਣਾ ਹੈ ਤਾਂ ਪਿੰਡੋਂ ਬਾਹਰ ਚਲੋ ਉਥੇ ਮੈਂ ਤੁਹਾਨੂੰ ਬੋਲੀਆਂ ਪਾ ਕੇ ਤੇ ਨੱਚ ਕੇ ਵਿਖਾਵਾਂਗਾ" (ਅਨ੍ਹਾਂ ਕੀ ਭਾਲੇ ਦੋ ਅਖਾਂ) ਜਦ ਆਪ ਨੇ ਇਹ ਕਿਹਾ ਤਾਂ ਮੇਲਣਾਂ ਦੇ ਭਾ ਦਾ ਤਾਂ ਇਕ ਤਮਾਸ਼ਾ ਹੋ ਗਿਆ, ਸਾਰੀਆਂ ਘਗਰੇ ਪਾ ਕੇ ਤਿਆਰ ਹੋ ਗਈਆਂ, ਆਪ ਨੇ ਵੀ ਕੇਸਾਂ ਨੂੰ ਵਾਹ ਕੇ ਪਿਛੇ ਨੂੰ ਗੁਤ ਕਰ ਦਿਤੀ, ਜ਼ਨਾਨੇ ਕਪੜੇ ਪਾ ਕੇ ਇਕ ਮੇਲਣ ਦੀ ਸ਼ਕਲ ਬਣ ਗਈ। ਸਾਰਾ ਮੇਲ ਗੀਤ ਗਾਉਂਦਾ ਹੋਇਆ ਬਾਹਰ ਨੂੰ ਚਲ ਪਿਆ ਤੇ ਆਪ ਵੀ ਵਿਚਾਲੇ ਹੋ ਕੇ ਤੁਰ ਪਏ, ਕਈ ਤਾਂ ਹਸਦੀਆਂ ਅਤੇ ਖੇਡਦੀਆਂ ਜਾ ਰਹੀਆਂ ਸਨ ਤੇ ਕਈ ਏਸ ਤਰਾਂ ਗੀਤ ਗਾਉਂਦੀਆਂ ਜਾ ਰਹੀਆਂ ਹਨਃ-

"ਮੂਹਰੇ ਨਾਭਾ ਤੇ ਮਗਰ ਪਟਿਆਲਾ ਵੇਖੋ ਨੀ ਕੁੜੀਓ ਲੰਘ ਜਾਣ ਦਿਓ"

ਜਦ ਇਹ ਗੀਤ ਗਾਉਂਦੀਆਂ ਪੁਲੀਸ ਦੇ ਟੋਲੇ ਪਾਸ ਆਈਆਂ ਤਾਂ ਪੁਲੀਸ ਰਸਤਾ ਛਡ ਕੇ ਪਾਸੇ ਹੋ ਗਈ। ਆਪ ਮੇਲ ਦੇ ਵਿਚਾਲੇ ਵੜਕੇ ਪਿੰਡ ਤੋਂ ਕਾਫੀ ਦੂਰ ਬਾਹਰ ਚਲੇ ਗਏ, ਬਾਹਰ ਜਾਕੇ ਮੇਲਣਾਂ ਨੇ ਆਪ ਨੂੰ ਬੋਲੀਆਂ ਪਾਉਣ ਨੂੰ ਕਿਹਾ। ਆਪ ਨੇ ਮੇਲਣਾਂ ਨੂੰ ਕਿਹਾ ਕਿ ਤੁਸੀਂ ਥੋੜੀ ਦੇਰ ਠਹਿਰੋ 'ਮੈਂ ਹੁਣੇ ਟਟੀ ਜਾਕੇ ਆਇਆ" ਆਪ ਇਹ ਕਹਿਕੇ ਜਿਨਾਨੇ ਕਪੜੇ ਲਾਹ ਕੇ ਓਥੇ ਧਰ ਗਏ ਤੇ ਆਪਣੇ ਕਪੜੇ ਪਾ ਕੇ ਇਕ ਕਮਾਦ ਦੀ ਆੜ ਲੈਕੇ ਮੇਲ ਤੋਂ ਓਹਲੇ ਹੋ ਗਏ, ਓਹਲੇ ਹੁੰਦਿਆਂ ਹੀ ਕਾਹਲੇ ਕਦਮ ਕਰਕੇ ਥੋੜੇ ਮਿੰਟਾਂ ਵਿਚ ਰਾਮ ਪੁਰ ਦਾ ਪੁਲ ਟਪ ਗਏ। ਮੇਲ ਮੁੜਕੇ ਜਦ ਘਰ ਵਾਪਸ ਆਇਆ ਤਾਂ ਪੁਲੀਸ ਨੇ ਪਿੰਡ ਵਿਚ ਰੌਲਾ ਪਾ ਰਖਿਆ ਸੀ। ਖਾਸ ਕਰਕੇ ਵਿਆਹ ਵਾਲੇ ਘਰ ਤਾਂ ਕਾਫੀ ਪੁਲੀਸ ਜਮਾਂ ਹੋ ਰਹੀ ਸੀ ਸਾਰੇ ਪੁਲੀਸ ਨੂੰ ਇਹ ਕਹਿ ਰਹੇ ਸੀ ਕਿ ਮਾਨ ਸਿੰਘ ਅਜੇ ਹੁਣ ਘਰ ਫਿਰਦਾ ਸੀ। ਪਤਾ ਨਹੀਂ ਐਡੀ ਛੇਤੀ ਕਿਧਰ ਗਿਆ ਹੈ। ਜਦ ਮੇਲ ਦੀਆਂ ਔਰਤਾਂ ਨੇ ਇਹ ਰੌਲਾ ਸੁਣਿਆ ਤਾਂ ਉਹਨਾਂ ਨੇ ਪੁਲੀਸ ਨੂੰ ਸਾਰੀ ਬਾਤ ਦਸ ਦਿਤੀ ਕਿ ਮਾਨ ਸਿੰਘ ਤਾਂ ਆਹ ਢੰਗ ਬਣਾਕੇ ਸਾਡੇ ਨਾਲ ਬਾਹਰ ਨਿਕਲ ਗਿਆ ਸੀ ਫੇਰ ਪਤਾ ਨਹੀਂ ਕਿਧਰ ਗਿਆ ਹੈ। ਇਹ ਸੁਣ ਕੇ ਥਾਨੇਦਾਰ ਵਿਚ ਫੱਕਾ ਨਾ ਰਿਹਾ ਸਭ ਨੂੰ ਡੈਣ ਦੀ ਤਰ੍ਹਾਂ ਖਾਣ ਪਵੇ। ਅਖੀਰ ਥਾਣੇਦਾਰ ਨੇ ਪੁਲੀਸ ਨੂੰ ਨਾਲ ਲੈਕੇ ਆਪ ਦਾ ਕਾਫੀ ਪਿਛਾ ਕੀਤਾ ਪਰ ਆਪ ਉਸ ਨੂੰ ਕਿਥੋਂ ਮਿਲ ਸਕਦੇ ਸੀ, ਓਸ ਵੇਲੇ ਇਕ ਤਾਂ ਆਪ ਉਤੇ ਜੁਆਨੀ ਸੀ ਦੂਜੇ ਸਰੀਰ ਵੀ ਚੁਸਤ ਚਲਾਕ ਸੀ ਉਡ ਜੂੰ ਉਡ ਜੂੰ ਕਰਨ ਵਾਲਾ, ਫੇਰ ਆਪ ਅੰਮ੍ਰਿਤ ਧਾਰੀ ਸਿੱਖ "ਇਕ ਸਪ, ਦੂਜਾ ਉਡਣਾ" ਇਹ ਪੰਦਰਾਂ ਰੁ: ਦੇ ਨੌਕਰ ਕਿਵੇਂ ਜਾਨ ਦੇ ਸਕਦੇ ਸੀ "ਸਿੱਖ ਪੈਦਾ ਹੀ ਖੰਡੇ ਦੀ ਧਾਰ ਵਿਚੋਂ ਹੋਇਆ ਹੈ।' ਫਿਰ ਇਹ ਪੁਲੀਸ ਤੇਲੀ ਜੁਲਾਹੇ ਪੈਸੇ ਦੇ ਭੁਖੇ ਭੀ ਇਹ ਆਪ ਬਬਰਾਂ ਦਾ ਟਾਕਰਾ ਕਰ ਸਕਦੇ ਸੀ ? ਇਨ੍ਹਾਂ ਸਾਰਿਆਂ ਨੂੰ ਮੂੰਹ ਦੀ ਖਾਕੇ ਪਿਛੇ ਮੁੜਨਾ ਪਿਆ। ਆਪ ਜੀ ਸਾਰੇ ਦਿਨ ਭੁਖੇ ਤਿਹਾਏ ਤੇ ਥਕੇ ਹੋਏ ਰਾਤ ਦੇ ਨੌਂ ਵਜੇ ਨੰਗਲ ਥਾਣਾ ਡੇਹਲੋਂ ਵਿਚ ਗੁਰਦਵਾਰਾ ਸਾਹਿਬ ਦੇ ਗ੍ਰੰਥੀ ਕਰਮ ਸਿੰਘ ਪਾਸ ਪਹੁੰਚ ਗਏ ਥਾਣਾ ਡੇਹਲੋਂ ਵਿਚ ਆਪ ਦਾ ਇਕ ਹਜ਼ਾਰ ਰੁ: ਇਨਾਮ ਰਖਿਆ ਹੋਇਆ ਸੀ। ਓਥੇ ਦੀ ਪੁਲੀਸ ਰਾਤ ਨੂੰ ਗਸ਼ਤ ਕਰਿਆ ਕਰਦੀ ਸੀ। ਆਪ ਅਜੇ ਪ੍ਰਸ਼ਾਦਾ ਛਕ

Digitized by Panjab Digital Library | www.panjabdigilib.org

ਕੇ ਪੈਣ ਹੀ ਲਗੇ ਸਨ ਕਿ ਡੇਹਲੋਂ ਦਾ ਥਾਣੇਦਾਰ ਵੀ ਆ ਗਿਆ, ਉਸ ਨੇ ਗ੍ਰੰਥੀ ਕਰਮ ਸਿੰਘ ਨੂੰ ਕਿਹਾ 'ਬੂਹਾ ਖੋਲ, ਉਸ ਨੇ ਉਠ ਕੇ ਪਹਿਲਾਂ ਆਪ ਨੂੰ ਦਰਬਾਰ ਸਾਹਿਬ ਦੇ ਪਿਛਲੇ ਪਾਸੇ ਜੋ ਬਿਨਾਂ ਸੀਖਾਂ ਤੋਂ ਮੋਰੀ ਸੀ ਉਸ ਵਿਚ ਦੀ ਬਾਹਰ ਕਢਕੇ ਫਿਰ ਬਾਰ ਖੋਲ੍ਹ ਦਿਤਾ, ਥਾਣੇਦਾਰ ਅੰਦਰ ਨਿਗ੍ਹਾ ਮਾਰਕੇ ਪਿੰਡ ਵਲ ਚਲਾ ਗਿਆ, ਆਪ ਪਿੰਡ ਛਪਾਰ ਦੇ ਵਿਚ ਦੀ ਪਿੰਡ ਮਹੇਰਨਾ ਨਹਿਰ ਦੇ ਪਾਸ ਇਕ ਗੁਰਦਵਾਰੇ ਸਾਹਿਬ ਸੰਤ ਪੁਰਾ ਹੈ ਓਥੇ ਚਲੇ ਗਏ। ਓਥੇ ਅਗੇ ਵੀ ਬਬਰਾਂ ਦੀ ਰਹਾਇਸ਼ ਸੀ ਆਪ ਸੰਤ ਪੁਰੇ ਦੀ ਹਦ ਤੋਂ ਪਰੇ ਹੋ ਕੇ ਸੌਂ ਗਏ।

ਲਗ ਭਗ ਰਾਤ ਦੇ ਬਾਰਾਂ ਦਾ ਸਮਾਂ ਸੀ। ਪੁਲੀਸ ਨੇ ਉਥੇ ਵੀ ਛਾਪਾ ਮਾਰਿਆ। ਆਪ ਰੌਲਾ ਗੋਲਾ ਸੁਣ ਕੇ ਜਾਗ ਉਠੇ ਅਤੇ ਬਾਹਰ ਉਠ ਕੇ ਭਜ ਗਏ, ਬੜੂੰਦੀ ਅਤੇ ਬਸਰਾਮਾਂ ਦੇ ਵਿੱਚ ਦੀ ਹੁੰਦੇ ਹੋਏ ਆਪ ਗੁਰਦੁਆਰਾ ਸਾਹਿਬ ਰਾਏ ਕੋਟ ਵਿੱਚ ਜਥੇਦਾਰ ਸੰਤ ਸਿੰਘ ਜੀ ਪਾਸ ਜਾ ਰਹੇ। ਉਥੇ ਉਨ੍ਹਾਂ ਨੇ ਆਪ ਜੀ ਨੂੰ ਪੰਦਰਾਂ ਦਿਨ ਨਾ ਜਾਣ ਦਿਤਾ। ਏਨੇ ਨੂੰ ਪੋਹ ਸੁਦੀ ਸਤਵੀਂ ਦਾ ਗੁਰਪੁਰਬ ਆ ਗਿਆ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਅਖੰਡ ਪਾਠ ਕੀਤਾ, ਤੇ ਜਲੂਸ ਕੱਢਿਆ ਗਿਆ, ਜਲੂਸ ਵਿੱਚ ਸੀ. ਆਈ. ਡੀ. ਦੇ ਵੀ ਕਾਫੀ ਆਦਮੀ ਸੀ। ਕਈ ਸੀ. ਆਈ. ਡੀ. ਦੇ ਸਪਾਹੀ ਆਪ ਦੇ ਮਗਰ ਆਪ ਦੇ ਹੁਲੀਏ ਦੀ ਪਛਾਣ ਕਰਨ ਲਗੇ ਤੇ ਆਪ ਵੀ ਉਨ੍ਹਾਂ ਦੀ ਅੱਖ ਨੂੰ ਪਛਾਣ ਗਏ, ਲੋਕਾਂ ਦਾ ਇਕੱਠ ਬਹੁਤ ਸੀ। ਆਪ ਅੱਖ ਬਚਾ ਕੇ ਜਲੂਸ ਦੇ ਪਿਛੇ ਦੀ ਹੋ ਕੇ ਭਜ ਗਏ, ਪਿੰਡ ਬਸੀਆਂ ਵਿਚ ਦੀ ਹੋ ਕੇ ਆਦੂ ਪੌੜ ਜੋ ਤਖਤੂ ਪੁਰੇ ਅਤੇ ਦੀਵਾਨਿਆਂ ਦੇ ਵਿਚਕਾਰ ਰੋਹੀ ਵਿਚ ਚੁਰਸਤੇ ਦੇ ਉਤੇ ਹੈ, ਉਥੇ ਸਹਿਣੇ ਦਾ ਹਰਨਾਮ ਸਿੰਘ ਜਾਕੇ ਰਿਹਾ ਕਰਦਾ ਸੀ। ਆਪ ਨੂੰ ਵੀ ਉਥੇ ਰਖ ਲਿਆ। ਆਪ ਉਨ੍ਹਾਂ ਪਾਸ ਛੇ ਮਹੀਨੇ ਰਹੇ, ਉਥੇ ਵੀ ਇਕ ਸੀ. ਆਈ. ਡੀ. ਦਾ ਆਦਮੀ ਭੇਸ ਵਟਾ ਕੇ ਆ ਗਿਆ ਹੱਥ ਵਿਚ ਮਾਲਾ ਅਰ ਗਲ ਵਿੱਚ ਖਫਨੀ, ਪੂਰਾ ਬਹਿੰਗਮ ਨਜ਼ਰ ਆਉਂਦਾ ਸੀ। ਸ: ਹਰਨਾਮ ਸਿੰਘ ਨੇ ਸਾਧੂ ਸਮਝਕੇ ਉਸ ਨੂੰ ਵੀ ਉਥੇ ਹੀ ਰਖ ਲਿਆ, ਉਹ ਉਥੇ ਪੰਜੀ ਦਿਨ ਦੇ ਲਗ ਰਿਹਾ ਹੋਵੇਗਾ, ਪਤਾ ਨਹੀਂ ਉਸ ਨੇ ਆਪ ਦਾ ਭੇਦ ਕਿਥੋਂ ਲੈ ਲਿਆ, ਇਕ ਦਿਨ ਉਹ ਆਪ ਨੂੰ ਕਹਿਣ ਲਗਾ "ਕਿ ਕਾਕਾ, ਲੋਹੇ ਖੇੜੇ ਉਸ ਦੀ ਭਾਨਜੀ ਦਾ ਅਨੰਦ ਕਾਰਜ ਹੈ, ਉਥੇ ਚਲਕੇ ਆਪਾਂ ਅੰਖਡ ਪਾਠ ਕਰਨਾ ਹੈ, ਦੋ ਪਾਠੀ ਆਪਾਂ ਹੋ ਜਾਵਾਂਗੇ, ਤੇ ਦੋ ਉਥੋਂ ਹੋਰ ਹੋ ਜਾਣਗੇ, ਕੰਮ ਸਰ ਜਾਵੇਗਾ, ਪਰ ਆਪ ਨੇ ਮੌਕਾ ਤਾੜ ਕੇ ਉਸ ਨੂੰ ਜਵਾਬ ਦੇ ਦਿਤਾ "ਕਿ ਮੈਨੂੰ ਜਰੂਰੀ ਕੰਮ ਹੈ, ਏਸ ਕਰਕੇ ਮੈਂ ਨਹੀਂ ਜਾ ਸਕਦਾ' ਆਪ ਨੇ ਕਈ ਬਹਾਨੇ ਲਾਏ ਪਰ ਉਸ ਨੇ ਆਪ ਦਾ ਪਿਛਾ ਨਾ ਛੱਡਿਆ, ਫੇਰ ਉਸ ਹਰਨਾਮ ਸਿੰਘ ਨੂੰ ਆਖਿਆ ਕਿ ਤੂੰ ਕਹਿ ਤੇ ਤੇਰੇ ਆਖੇ ਚਲਾ ਜਾਵੇਗਾ, ਫੇਰ ਆਪ ਨੂੰ ਹਰਨਾਮ ਸਿੰਘ ਨੇ ਜਾਣ ਲਈ ਕਿਹਾ, ਆਪ ਉਸ ਦੇ ਕਹੇ ਤੇ ਉਸ ਦੀ ਬਨੌਟੀ ਸੰਤ ਨਾਲ ਤੁਰ ਪਏ, ਜਦ ਆਪ ਟਨੌਲੇ ਪਾਸ ਗਏ ਤਾਂ ਆਪ ਨੂੰ ਬਨੌਟੀ ਬਹਿੰਗਮ ਨੇ ਕਿਹਾ, ਆਪ ਬਾਹਰ ਬੈਠੋ, ਉਹ ਬਜ਼ਾਰ ਜਾ ਕੇ ਵਿਆਹ ਵਾਲੀ ਲੜਕੀ ਲਈ ਕੁਝ ਸਮਾਨ ਲੈ ਆਵੇ।

ਆਪ ਨੇ ਬਾਹਰ ਬੈਠਣ ਤੋਂ ਇਨਕਾਰ ਕਰ ਦਿਤਾ, ਆਪ ਨ ਉਸ ਨੂੰ ਕਿਹਾ ਕਿ ਇਕ ਦੋ ਕਪੜੇ ਆਪਣੇ ਵਾਸਤੇ ਲੈ ਆਵਾਂਗਾ, ਤੇਰੇ ਨਾਲ ਹੀ ਚਲਾਂਗਾ, ਇਹ ਕਹਿ ਕੇ ਆਪ ਦੋਨੋਂ ਬਜ਼ਾਰ ਵਿਚ ਚਲੇ ਗਏ। ਇਕ ਬਜ਼ਾਜ਼ ਦੀ ਦੁਕਾਨ ਤੋਂ ਉਸ ਨੂੰ ਇਕ ਧੋਤੀ, ਇਕ ਕੁੜਤਾ ਤੇ ਇਕ ਸਾਫਾ ਰੰਗਾ ਕੇ ਤੇੜ ਪਾ ਲਏ। ਆਪ ਨੇ ਕਿਹਾ, ਸਤ ਜੀ ਕੀ ਗਲ ਹੈ, ਆਪ ਨੇ ਮਹਾਤਮਾਂ ਹੋਕੇ ਧੋਤੀ ਤੇ ਟੌਰੇ ਵਾਲਾ ਸਾਫਾ ਕਿਉਂ ਬੰਨ੍ਹ ਲਿਆ ਹੈ। ਸੰਤ ਜੀ ਨੇ ਕਿਹਾ, ਪਹਿਲੇ ਉਹ ਕਵੀ ਸੀ ਤੇ ਕਵੀਸ਼ਰੀ ਕਰਦਾ ਸੀ ਤੇ ਬੜਾ ਸੁਗਬੀ ਹੁੰਦਾ ਸੀ ਹੁਣ ਜੇ ਮੈਂ ਓਥੇ ਸੰਤ ਬਣਕੇ ਚਲਾ ਗਿਆ ਤਾਂ ਲੋਕ ਟਿਚਰਾਂ ਕਰਨਗੇ "ਕਿ ਨੌਂ ਸੌ ਚੂਹਾ ਖਾਕੇ ਬਿਲੀ ਹੱਜ ਨੂੰ ਚਲੀ" ਏਸ ਕਰਕੇ ਜੇ ਵਿਆਹ ਵਿਚ ਦੋ ਦਿਨ ਧੋਤੀ ਪਾ ਲਵਾਂਗੇ ਤਾਂ ਕੀ ਸੰਤ ਪੁਣਾ ਨਸ ਜਾਵੇਗਾ। ਆਪ ਇਹ ਬਾਤ ਸੁਣ ਕੇ ਉਸ ਦੀ ਕਰਤੂਤ ਨੂੰ ਸਮਝ

Digitized by Panjab Digital Library | www.panjabdigilib.org

ਗਏ ਪਰ ਬਜ਼ਾਰ ਵਿਚ ਹੋਣ ਕਰਕੇ ਆਪ ਕਿਵੇਂ ਨਸ ਸਕਦੇ ਸੀ। ਏਨੇ ਨੂੰ ਉਸ ਨੇ ਠੇਕੇ ਵਿਚੋਂ ਇਕ ਬੋਤਲ ਸ਼ਰਾਬ ਦੀ ਲੈ ਲਈ। ਆਪ ਨੇ ਕਿਹਾ, ਸੰਤ ਜੀ ਮੇਰਾ ਸਿਰ ਬਹੁਤ ਦਰਦ ਕਰਦਾ ਹੈ। ਡਾਕਟਰ ਤੋਂ ਕੋਈ ਦਵਾਈ ਲੈ ਲਵਾਂ। ਆਪ ਤੇ ਸੰਤ ਦੋਨੋਂ ਡਾਕਟਰ ਦੀ ਦੁਕਾਨ ਤੇ ਚਲੇ ਗਏ। ਆਪ ਨੇ ਡਾਕਟਰ ਤੋਂ ਇਕ ਤੋਲਾ ਹੈਡ ਕਲੋਰਾਈਡੀਨ ਲੈ ਲਿਆ ਤੇ ਚਾਲੇ ਪਾਏ। ਸ਼ਾਮ ਨੂੰ ਆਪ ਦੋਵੇਂ ਜਾਣੇ ਪਿੰਡ ਲੋਹੇ ਖੇੜੇ ਜਾ ਵੜੇ। ਆਪ ਨੂੰ ਇਕ ਵਿਆਹ ਵਾਲੇ ਘਰ ਲੈ ਗਿਆ। ਉਹ ਆਪ ਨੂੰ ਚਾਰੇ ਪੈਰ ਚੁਕ ਕੇ ਪਏ। ਆਪ ਨੂੰ ਘਰ ਨਾ ਵੜਨ ਦਿਤਾ, ਉਹ ਸੰਤਾਂ ਦੀ ਅੱਖ ਬਚਾਕੇ ਆਪ ਨੂੰ ਸੈਨਤਾਂ ਦੇਣ ਲਗੇ ਆਪ ਸਮਝ ਤਾਂ ਗਏ ਪਰ ਵਸ ਦੀ ਗਲ ਨਹੀਂ ਸੀ, ਫੇਰ ਆਪ ਨੂੰ ਨੰਬਰਦਾਰ ਹਰਨਾਮ ਸਿੰਘ ਦੇ ਘਰ ਲੈ ਗਿਆ। ਉਸਨੇ ਆਪ ਦੀਰਿਹਾਇਸ਼ ਦਾ ਪ੍ਰਬੰਧ ਕਿਸੇ ਦੇ ਚੁਬਾਰੇ ਵਿਚ ਕਰ ਦਿਤਾ। ਆਪ ਨੂੰ ਚੁਬਾਰੇ ਵਿਚ ਬਹਾਕੇ ਨਕਲੀ ਸੰਤ ਹੇਠ ਉਤਰ ਗਿਆ ਤੇ ਹਰਨਾਮ ਸਿੰਘ ਨੰਬਰਦਾਰ ਨੂੰ ਸਾਰੀ ਗਲ ਸਮਝਾ ਦਿਤੀ ਤੇ ਵਾਪਸ ਆਪ ਪਾਸ ਆ ਗਿਆ ਤੇ ਸ਼ਰਾਬ ਦੀ ਬੋਤਲ ਕਢ ਲਈ। ਆਪ ਦੋਵੇਂ ਜਾਣੇ ਪੀਣ ਲਗ ਪਏ। ਪਹਿਲਾਂ ਉਸ ਨੇ ਆਪ ਨੂੰ ਇਕ ਪੈਗ ਦਿਤਾ। ਜਦ ਆਪ ਉਸ ਨੂੰ ਪਾਉਣ ਲਗੇ ਤਾਂ ਸੰਤ ਜੀ ਨੂੰ ਹੇਠੋਂ ਹਾਕ ਮਾਰਕੇ ਨੰਬਰਦਾਰ ਨੇ ਫੇਰ ਬੁਲਾ ਲਿਆ। ਉਹ ਹੇਠਾਂ ਚਲਾ ਗਿਆ। ਆਪ ਨੇ ਗਲਾਸ ਵਿਚ ਕਲੋਰੋਡੀਨ ਮਲਾਕੇ ਰਖ ਦਿਤਾ ਉਧਰ ਉਹ ਚੌਰੀ (ਲੌਂਗੋਵਾਲ) ਤੋਂ ਥਾਣੇਦਾਰ ਨੂੰ ਲੈਣ ਵਾਸਤੇ ਤੋਰ ਆਇਆ ਤੇ ਫਿਰ ਆਪ ਦੇ ਪਾਸ ਚੁਬਾਰੇ ਵਿਚ ਆ ਗਿਆ। ਆਪ ਨੇ ਸ਼ਰਾਬ ਦਾ ਪੈਗ ਚਕ ਕੇ ਉਸ ਨੂੰ ਫੜਾ ਦਿਤਾ, ਉਹ ਗਟ ੨ ਕਰਕੇ ਪੀ ਗਿਆ ਤੇ ਥੋੜੀ ਦੇਰ ਬਾਦ ਬੇਹੋਸ਼ ਹੋ ਕੇ ਡਿਗ ਪਿਆ। ਆਪ ਬਾਹਰੋਂ ਕੁੰਡਾ ਅੜਾ ਕੇ ਭਜ ਗਏ, ਨਾਲੇ ਸੂਰਜ ਛਿਪਕੇ ਅੰਨ੍ਹਾ ਹੋ ਗਿਆ ਸੀ ਤੇ ਥਾਣੇਦਾਰ ਦੇ ਆਉਣ ਤੋਂ ਪਹਿਲਾਂ ਆਪ ਜੀ ਦੂਰ ਨਿਕਲ ਗਏ।

ਰਾਤ ਰਾਤ ਵਿਚ ਆਪ ਮੁੜ ਕੇ ਆਦੂ ਪੌੜ ਫੇਰ ਆਏ, ਤੇ ਸ: ਹਰਨਾਮ ਸਿੰਘ ਨੂੰ ਆਪ ਨੇ ਸਾਰੀ ਕਹਾਣੀ ਦਸੀ ਤੇ ਉਨ੍ਹਾਂ ਪਾਸੋਂ ਜਾਣ ਦੀ ਆਗਿਆ ਮੰਗੀ ਤਾਂ ਉਨ੍ਹਾਂ ਨੇ ਆਪ ਨੂੰ ਕਰਾਇਆ ਦੇ ਕੇ ਤੋਰ ਦਿੱਤਾ, ਆਪ ਬਡਲਾਡੇ ਦੇ ਸ਼ਟੇਸ਼ਨ ਤੋਂ ਗੱਡੀ ਚੜ੍ਹ ਕ ਹਜ਼ੂਰ ਸਾਹਿਬ ਚਲੇ ਗਏ। ਸ੍ਰੀ ਨਗੀਨਾਂ ਘਾਟ ਸਾਹਿਬ ਪਰ ਸ੍ਰੀ ਮਾਨ ਬਾਬਾ ਨਿਧਾਨ ਸਿੰਘ ਜੀ ਨੇ ਆਪ ਨੂੰ ਗੁੰਥੀ ਦੀ ਸੇਵਾ ਸੌਂਪ ਦਿਤੀ, ਉਥੇ ਉਨ੍ਹਾਂ ਦੇ ਦੋ ਸ਼ਰਧਾਲੂ ਭ: ਹਰਨਾਮ ਸਿੰਘ ਤੇ ਆਇਆ ਸਿੰਘ ਸਨ। ਉਹ ਵੀ ਆਪ ਨਾਲ ਬੜਾ ਪ੍ਰੇਮ ਕਰਿਆ ਕਰਨ। ਉਥੇ ਆਪ ਦਾ ਨਾਮ ਬਦਲਕੇ ਮੇਹਰ ਸਿੰਘ ਰਖਿਆ ਹੋਇਆ ਸੀ। ਆਪ ਜੀ ਉਥੇ ਅਠ ਨੌ ਮਹੀਨੇ ਰਹੇ ਪਰ ਸ੍ਰੀ ਤਖਤ ਸਾਹਿਬ ਦੇ ਪੁਜਾਰੀਆਂ ਦਾ ਰਵਈਆ ਬੜਾ ਖ਼ਰਾਬ ਸੀ। ਇਸ ਲਈ ਆਪ ਛੇਤੀ ਹੀ ਪੰਜਾਬ ਨੂੰ ਮੁੜ ਵਾਪਸ ਆਏ। ਗੁਰਦੁਆਰਾ ਸਾਹਿਬ ਬਡਲਾਡਾ ਵਿਖੇ ਪਟਿਆਲਾ ਪਰਜਾ ਮੰਡਲ ਦਾ ਦਫਤਰ ਸੀ, ਆਪ ਜੀ ਉਥੇ ਆ ਗਏ, ਉਥੋਂ ਆਪ ਨੂੰ ਸੁਰਗਵਾਸੀ ਸ: ਸੇਵਾ ਸਿੰਘ ਠੀਕਰੀਵਾਲੇ ਨੇ ਪਿੰਡ ਖਡਿਆਲ ਨੰਬਰਦਾਰ ਰਾਮ ਸਿੰਘ ਪਾਸ ਭੇਜ ਦਿਤਾ, ਉਥੇ ਆਪ ਪੂਰਾ ਇਕ ਸਾਲ ਰਹੇ। ਨੰਬਰਦਾਰ ਨੇ ਆਪ ਨੂੰ ਆਪਣੇ ਬਚਿਆਂ ਵਾਂਗ ਰਖਿਆ। ਇਕ ਦਿਨ ਨੰਬਰਦਾਰ ਤੇ ਸ: ਭਗਵਾਨ ਸਿੰਘ ਲੌਂਗੋਵਾਲੀਆ ਅੰਮ੍ਰਿਤਸਰ ਪਰਜਾ ਮੰਡਲ ਦੀ ਮੀਟਿੰਗ ਤੇ ਚਲੇ ਗਏ, ਅਗਲੇ ਦਿਨ ਪਟਿਆਲੇ ਦੀ ਕਾਰ ਖਾਸ ਥਾਣੇਦਾਰ ਆਸ਼ਕ ਮੁਹੰਮਦ ਨੇ ਆ ਕੇ ਘੇਰਾ ਪਾ ਲਿਆ, ਆਪ ਨੇ ਸੁਤੇ ਪਏ ਨੇ ਉਠ ਕੇ ਇਖ ਵਿਚ ਜਾਲ ਮਾਰ ਦਿਤੀ, ਪੁਲੀਸ ਵਲੋਂ ਗੋਲੀ ਦਾ ਫਾਇਰ ਆਰੰਭ ਹੋ ਗਿਆ, ਆਪ ਇਕ ਖਾਲ ਵਿਚ ਵਟ ਨਾਲ ਲਗ ਕੇ ਪਏ ਰਹੇ, ਇਕ ਘੰਟੇ ਤੋਂ ਬਾਅਦ ਫਾਇਰ ਬੰਦ ਹੋ ਗਿਆ, ਆਪ ਇਖ ਵਿਚੋਂ ਨਿਕਲ ਕੇ ਇਕ ਬੰਨੇ ਵਲ ਭਜ ਗਏ, ਬੰਨੇ ਅਤੇ ਇਖ ਦੇ ਦਰਮਿਆਨ ਬਾਜਰੇ ਦਾ ਖੇਤ ਸੀ, ਪੋਲੀਸ ਨੇ ਬਾਜਰੇ ਵਿਚੋਂ ਆਪ ਉਪਰ ਬਾਲੀ ਮਾਰੀ, ਆਪ ਉਸੇ ਵੇਲੇ ਰੁਕ ਗਏ, ਫੇਰ ਪੋਲੀਸ ਨੇ ਆਪ ਦੇ ਸਭਨੀਂ ਪਾਸੀਂ ਘੇਰਾ ਘਤ

Digitized by Panjab Digital Library | www.panjabdigilib.org

ਲਿਆ ਅਤੇ ਆਪ ਨੂੰ ਗ੍ਰਿਫਤਾਰ ਕਰ ਲਿਆ, ਆਪ ਨੇ ਪੁਲੀਸ ਨਾਲ ਕਾਫੀ ਝਗੜਾ ਕੀਤਾ ਕਿ ਆਪ ਅੰਗਰੇਜ਼ੀ ਪੁਲੀਸ ਤੋਂ ਬਿਨਾਂ ਨਹੀਂ ਫੜ ਸਕਦੇ, ਪਰ ਪੁਲੀਸ ਨੇ ਆਪ ਦੀ ਇਕ ਨਾ ਸੁਣੀ, ਮਲੋ ਮਲੀ ਆਪ ਨੂੰ ਚੁਕ ਕੇ ਊਠ ਤੇ ਸੁਟ ਲਿਆ ਤੇ ਆਪ ਨੂੰ ਸੁਨਾਮ ਦੇ ਥਾਣੇ ਵਿਚ ਲਿਆਂਦਾ ਗਿਆ, ਥਾਣੇ ਜਾ ਕੇ ਅਠਾਰਾਂ ਸੇਰ ਪੱਕੇ ਦੀ ਬੇੜੀ ਚੌਹੀਂ ਹਥੀਂ ਹਥਕੜੀ ਲਾ ਕੇ ਇਕ ਕਮਰੇ ਵਿਚ ਲੈ ਗਏ, ਉਥੇ ਆਪ ਨੂੰ ਬਿਆਨ ਪੁਛੇ ਗਏ, ਆਪ ਨੇ ਕੇਵਲ ਇਹ ਦਸ ਦਿਤਾ ਕਿ ਆਪ ਸਾਰਿਆਂ ਦੀ ਸਕੀਮ ਅੰਗਰੇਜ਼ ਲੋਕਾਂ ਨੂੰ ਕਤਲ ਕਰਨ ਦੀ ਸੀ, ਸ਼ੇਰ ਜੰਗ ਤੇ ਭਾਈ ਸਾਹਿਬ ਸਿੰਘ ਸਲਾਣਾ ਆਦਿ ਸਾਰੇ ਸਾਥੀਆਂ ਨੂੰ ਲੁਧਿਆਣਾ ਅਦਾਲਤ ਵਿਚੋਂ ਚੁਕਣ ਦੀ ਸੀ। ਕੁਦਰਤ ਨੇ ਸਾਡੀ ਇਹ ਸਾਰੀ ਸਕੀਮ ਫੇਲ੍ਹ ਕਰ ਦਿਤੀ, ਸਿਰੇ ਨਾ ਚੜ੍ਹੀ, ਨਹੀਂ ਤਾਂ ਅਸੀਂ ਥੋੜੇ ਚਿਰ ਵਿਚ ਹੀ ਬਰਤਾਨੀਆਂ ਨੂੰ ਹਿੰਦੁਸਤਾਨ ਵਿਚੋਂ ਖਤਮ ਕਰ ਦੇਣਾ ਸੀ। ਏਨੇ ਬਿਆਨ ਲੈ ਕੇ ਪੁਲੀਸ ਆਪ ਨੂੰ ਲਾਰੀ ਵਿਚ ਬਹਾ ਕੇ ਪਟਿਆਲੇ ਪੁਲੀਸ ਦੇ ਚੀਫ ਅਫਸਰ ਪਾਸ ਲੈ ਗਈ ਅਤੇ ਪੁਲੀਸ ਨੇ ਅਫਸਰ ਪਾਸੋਂ ਆਪ ਦਾ ਰਖਿਆ ਇਨਾਮ ਮੰਗਿਆ, ਅਫਸਰ ਨੇ ਕਿਹਾ ਪਹਿਲੇ ਇਸ ਦਾ ਰਮਾਂਡ ਲੈ ਕੇ ਅਸਲ ਕਢੋ, ਫੇਰ ਇਨਾਮ ਮਿਲੇਗਾ, ਪੁਲੀਸ ਆਪ ਦਾ ਰੁਮਾਂਡ ਲੈਣ ਲਈ ਨਾਇਬ ਸਾਹਿਬ ਦੇ ਲੈ ਗਈ, ਨਾਇਬ ਤੋਂ ਪੰਦਰਾਂ ਦਿਨ ਦਾ ਰਮਾਂਡ ਮੰਗਿਆ, ਨਾਇਬ ਨੇ ਆਪ ਨੂੰ ਬੱਚਾ ਦੇਖ ਕੇ ਕਿਹਾ, "ਕਾਕਾ ਪੁਲੀਸ ਤੇਰਾ ਪੰਦਰਾਂ ਦਿਨਾਂ ਦਾ ਰੁਮਾਂਡ ਮੰਗਦੀ ਹੈ" ਆਪ ਨੇ ਕਿਹਾ ਕਿ ਆਪ ਭਾਵੇਂ ਛੇ ਮਹੀਨੇ ਦਾ ਦੇ ਦਿਓ, ਨਾਇਬ ਨੇ ਪੰਦਰਾਂ ਦਿਨਾਂ ਦਾ ਰੁਮਾਂਡ ਦੇ ਦਿਤਾ, ਪੁਲੀਸ ਆਪ ਨੂੰ ਲਾਰੀ ਵਿਚ ਬਿਠਾ ਕੇ ਫੇਰ ਸੁਨਾਮ ਲੈ ਆਈ, ਸੁਨਾਮ ਲਿਆ ਕੇ ਆਪ ਨੂੰ ਬੁਰੀ ਤਰਾਂ ਕਸ਼ਟ ਦਿਤੇ ਗਏ, ਬਿਜਲੀ ਲਾਈ ਗਈ, ਮੰਜੇ ਨਾਲ ਛਾਏ ਗਏ, ਛਤ ਨਾਲ ਕੇਸ ਬੰਨ੍ਹ ਕੇ ਖੜੇ ਕੀਤੇ ਗਏ, ਆਪ ਨੂੰ ਉਣੀਂਦੇ ਰਖਿਆ ਗਿਆ, ਹਥ ਦੀਆਂ ਉਂਗਲੀਆਂ ਵਿਚ ਕੀਲੀਆਂ ਪਾ ਕੇ ਕੁਟੇ ਗਏ ਗਲ ਕੀ ਪੁਲੀਸ ਤੋਂ ਜੋ ਕੁਝ ਸਰਿਆ ਸੋ ਕੀਤਾ। ਜਦ ਆਪ ਬੇਹੋਸ਼ ਹੋ ਜਾਇਆ ਕਰਦੇ ਸਨ ਤਾਂ ਥੋੜੀ ਦੇਰ ਮੂੰਹ ਵਿਚ ਪਾਣੀ ਪਾ ਕੇ ਢਿਲੇ ਕਰ ਦਿਤੇ ਜਾਂਦੇ ਸਨ, ਸੁਰਤ ਆਈ ਤੋਂ ਫੇਰ ਜਲਾਦਾਂ ਦੀ ਤਰਾਂ ਢਾਹ ਲਏ ਜਾਂਦੇ ਸਨ, ਪੰਦਰਾਂ ਦਿਨ ਰੁਮਾਂਡ ਦੇ ਇਸੇ ਤਰਾਂ ਬੀਤੇ, ਜਦ ਆਪ ਵਧੇਰੇ ਤੰਗ ਹੋ ਗਏ ਤਾਂ ਪੁਲੀਸ ਨੂੰ ਕਿਹਾ ਕਿ ਹੁਣ ਛੋਟੀ ਭੈਣ ਦਾ ਸਾਕ ਵੀ ਦੇ ਦਿਓ, ਫੇਰ ਪੁਲੀਸ ਆਪ ਨਾਲ ਅੱਖ ਨਾ ਮਿਲਾਵੇ, ਫੇਰ ਆਪ ਨੂੰ ਵਡਿਆ ਕੇ ਕਹਿਣ ਲਗੇ ਸਾਡਾ ਆਪ ਨਾਲ ਧਰਮ ਰਿਹਾ, ਅਸੀਂ ਆਪ ਨੂੰ ਸਜ਼ਾ ਨਹੀਂ ਦਿੰਦੇ। ਸਾਨੂੰ ਸਿਰਫ ਇਕ ਬੰਬ ਦੇ ਦਿਓ, ਸਾਨੂੰ ਆਪ ਦਾ ਇਨਾਮ ਮਿਲ ਜਾਵੇਗਾ ਤੇ ਆਪ ਨੂੰ ਅਸੀਂ ਬਰੀ ਕਰਵਾ ਦਿਆਂਗੇ। ਆਪ ਨੇ ਪੁਲੀਸ ਨੂੰ ਕਿਹਾ, "ਪਹਿਲਾਂ ਤਾਂ ਪੁਲੀਸ ਦਾ ਧਰਮ ਤੇ ਈਮਾਨ ਕੋਈ ਹੁੰਦਾ ਹੀ ਨਹੀਂ, ਸਭ ਹਰਾਮ ਦੇ ਹੁੰਦੇ ਹਨ, ਤੁਹਾਡਾ ਕੋਈ ਇਤਬਾਰ ਨਹੀਂ, ਦੂਜਾ ਜੇ ਤੁਸੀਂ ਬੰਬ ਲੈਣੇ ਹਨ ਤਾਂ ਤੁਸੀਂ ਬਰੂਦ ਲਿਆ ਦਿਉ, ਤੁਹਾਨੂੰ ਜਿੰਨੇ ਬੰਬ ਕਹੋਗੇ ਬਣਾ ਦਿਆਂਗਾ" ਪੁਲੀਸ ਆਪ ਦੀ ਇਸ ਚਾਲ ਨੂੰ ਸਮਝ ਗਈ ਕਿ ਇਥੇ ਬੰਬ ਬਣਾਕੇ ਕਿਤੇ ਸਾਨੂੰ ਨਾ ਫੂਕ ਦੇਵੇ। ਜਦ ਪੁਲੀਸ ਨੇ ਵੇਖਿਆ ਕਿ ਉਨ੍ਹਾਂ ਦਾ ਕੋਈ ਚਾਰਾ ਨਹੀਂ ਚਲਦਾ ਤਾਂ ਆਪ ਤੇ ੧੦੯ ਦਫਾ ਲਾ ਕੇ ਅਵਾਰਾਂ ਵਿਚ ਨਾਇਬ ਨੇ ਚਲਾਣ ਕਰ ਦਿਤਾ, ਨਾਇਬ ਸਾਹਿਬ ਨੇ ਪੰਜ ਹਜ਼ਾਰ ਦੀ ਜ਼ਮਾਨਤ ਤੇ ਇਕ ਹਜ਼ਾਰ ਦਾ ਮਚਲਕਾ ਮੰਗ ਲਿਆ, ਸਾਲ ਵਾਸਤੇ ਆਪ ਨੇ ਜ਼ਮਾਨਤ ਬਾਰੇ ਸ: ਸੇਵਾ ਸਿੰਘ ਸ਼ਹੀਦ ਠੀਕਰੀਵਾਲੇ ਦੀ ਰਾਏ ਲਈ, ਉਨ੍ਹਾਂ ਨੇ ਕਹਿ ਦਿਤਾ ਕਿ ਜ਼ਮਾਨਤ ਦੇਣ ਦੀ ਕੋਈ ਲੋੜ ਨਹੀਂ ਸਜ਼ਾ ਬੇਸ਼ਕ ਕਟ ਆਓ, ਆਪ ਫਿਰ ਜਮਾਨਤ ਤੋਂ ਇਨਕਾਰੀ ਹੋ ਗਏ, ਨਾਇਬ ਸਾਹਿਬ ਨੇ ਆਪ ਨੂੰ ਇਕ ਸਾਲ ਕੈਦ ਕਰ ਦਿਤੀ। ਇਹ ਕੇਸ ਸੰਨ ੧੯੩੪-੩੫ ਈ: ਦਾ ਹੈ, ਲੁਧਿਆਣਾ ਪੁਲੀਸ ਨੇ ਤਾਂ ਆਪ ਨੂੰ ਲੈਣ ਤੋਂ ਇਨਕਾਰ ਕਰ ਦਿਤਾ, ਕਿਉਂਕਿ ਪਟਿਆਲਾ ਪੁਲੀਸ ਨੇ ਉਨ੍ਹਾਂ

Digitized by Panjab Digital Library | www.panjabdigilib.org

ਨੂੰ ਪੰਦਰਾਂ ਦਿਨ ਦੇ ਰਮਾਂਡ ਦੀ ਵਿਥਿਆ ਦਸ ਦਿਤੀ ਸੀ। ਆਪ ਨੂੰ ਕੈਦ ਕਰਕੇ ਸੰਟਰਲ ਜੇਲ੍ਹ ਪਟਿਆਲਾ ਵਿਚ ਭੇਜ ਦਿਤਾ, ਆਪ ਇਕ ਸਾਲ ਕੈਦ ਕਟ ਕੇ ਫਿਰ ਬਾਹਰ ਆ ਗਏ, ਬਾਹਰ ਆ ਕੇ ਕਈ ਅੰਗਾਂ ਸਾਕਾਂ ਦੇ ਕਹਿਣ ਤੇ ਆਪ ਦਾ, ਅਨੰਦ ਕਾਰਜ ਪਿੰਡ ਕਣਕ ਵਾਲ ਸ: ਮੁਕੰਦ ਸਿੰਘ ਦੀ ਲੜਕੀ ਜੋਗਿੰਦਰ ਕੌਰ ਨਾਲ ਹੋ ਗਿਆ, ਉਸ ਦੇ ਪੇਟੋਂ ਇਕ ਲੜਕੀ ਪੈਦਾ ਹੋਈ ਜਿਸ ਦਾ ਨਾਂ ਬੀਬੀ ਗੁਰਮੇਲ ਕੌਰ ਰਖਿਆ ਗਿਆ, ਜਿਸ ਦੀ ਸ਼ਾਦੀ ਪਿੰਡ ਨਥਾਣੇ ਕਾਕਾ ਕਪੂਰ ਸਿੰਘ ਦੇ ਨਾਲ ਕੀਤੀ ਗਈ, ਫੇਰ ਇਕ ਲੜਕਾ ਪੈਦਾ ਹੋਇਆ ਜਿਸ ਦਾ ਨਾਂ ਅਮਰੀਕ ਸਿੰਘ ਹੈ।

ਇਸ ਤੋਂ ਬਾਅਦ ਸ: ਜੀ ਪਰਜਾ ਮੰਡਲ ਧੂਰੀ ਦੇ ਜਨਰਲ ਸਕੱਤਰ ਰਹੇ। ਪੰਡਤ ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਲੁਧਿਆਣਾ ਵਿਖੇ ਪੰਜਾਬ ਰਿਆਸਤੀ ਪਰਜਾ ਮੰਡਲ ਵਲੋਂ ਇਕ ਕਾਨਫ੍ਰੰਸ ਵੀ ਕੀਤੀ, ਏਸੇ ਕਾਨਫਰੰਸ ਵਿਚ ਆਪ ਨੂੰ ਧੂਰੀ ਤਹਿਸੀਲ ਵਲੋਂ ਡੈਲੀਗੇਟ ਬਣਾ ਕੇ ਘਲਿਆ ਗਿਆ ਸੀ, ਇਸ ਤੋਂ ਬਾਅਦ ਪਰਜਾ ਮੰਡਲ ਪਟਿਆਲਾ ਵਿਚ ਫੁੱਟ ਪੈ ਗਈ, ਆਪ ਨੇ ਪਾਰਟੀ ਬਾਜ਼ੀ ਵਿਚ ਆਉਣਾ ਨਾ ਚਾਹਿਆ, ਏਸ ਕਰਕੇ ਪਰਜਾ ਮੰਡਲ ਨੂੰ ਅਸਤੀਫਾ ਦੇ ਦਿਤਾ, ਫਿਰ ਅੱਠ ਅਗਸਤ ੧੯੪੨ ਵਿਚ ਕਾਂਗਰਸ ਨੇ ਕਈ ਮਤੇ ਬੰਬਈ ਵਿਚ ਪਾਸ ਕੀਤੇ ਤੇ ਨੌਂ ਅਗਸਤ ਨੂੰ ਅਖਬਾਰਾਂ ਵਿਚੋਂ ਲੋਕਾਂ ਨੂੰ ਇਹ ਖਬਰ ਪੜ੍ਹੀ ਕਿ ਸਰਕਾਰ ਨੇ ਮਹਾਤਮਾਂ ਗਾਂਧੀ ਤੇ ਕਾਂਗਰਸ ਦੇ ਪ੍ਰਧਾਨ ਮੌਲਾਨਾ ਅਜ਼ਾਦ, ਪੰਡਤ ਜਵਾਹਰ ਲਾਲ ਨਹਿਰੂ ਮਿਸਟਰ ਵਲਭ ਭਾਈ ਪਟੇਲ ਅਤੇ ਕਾਂਗਸਸ ਦੀ ਵਰਕਿੰਗ ਕਮੇਟੀ ਦੇ ਦੂਜੇ ਸਾਰੇ ਮੈਂਬਰ ਗ੍ਰਿਫਤਾਰ ਕਰ ਲਏ ਹਨ, ਹੋਰ ਵੀ ਮੀਰਾਂ ਭੈਣ, ਮਹਾਂ ਦੇਵ ਡੇਸਾਈ ਤੇ ਬੰਬਈ ਸੂਬਕ ਕਾਂਗਰਸ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਵੀ ਗ੍ਰਿਫਤਾਰ ਕਰ ਲਏ ਗਏ ਹਨ ਭਾਵ ਕਿ ਬੰਬਈ ਵਿਚੋਂ ਦਿਨ ਚੜ੍ਹਦੇ ਨੂੰ ਸਰਕਾਰ ਨੇ ੪੨ ਲੀਡਰ ਗ੍ਰਿਫਤਾਰ ਕਰ ਲਏ, ਮਹਾਤਮਾਂ ਗਾਂਧੀ ਅਰ ਉਸ ਦੇ ਬਹੁਤ ਸਾਰੇ ਸਾਥੀ ਪੂਨੇ ਦੇ ਪਾਸ ਸਰ ਆਗਾ ਖਾਂ ਦੇ ਮਹਿਲ ਵਿਚ ਨਜ਼ਰ ਬੰਦ ਕਰ ਦਿਤੇ ਗਏ ਹਨ। ਬਾਕੀ ਦੇ ਅਹਿਮਦ ਗੜ੍ਹ ਦੇ ਕਿਲੇ ਵਿਚ ਬੰਦ ਕੀਤੇ ਗਏ। ਜਦ ਕਾਂਗਰਸ ਲੀਡਰਾਂ ਦੀ ਗ੍ਰਿਫਤਾਰੀ ਦੀ ਖਬਰ ਬੰਬਈ ਦੇ ਲੋਕਾਂ ਨੇ ਪੜ੍ਹੀ ਤਾਂ ਬੰਬਈ ਦੇ ਲੋਕਾਂ ਨੇ ਹੜਤਾਲ ਕਰ ਦਿਤੀ, ਜਲੂਸ ਕਢੇ ਤੇ ਮੁਜ਼ਾਹਰੇ ਕਰਨੇ ਆਰੰਭ ਕਰ ਦਿਤੇ, ਪੁਲੀਸ ਨੇ ਮੁਜ਼ਾਹਰੇ ਰੋਕੇ, ਪਰ ਰੋਕ ਨਾ ਸਕੀ, ਪੁਲੀਸ ਨੇ ਇਕੱਠ ਤੇ ਗੋਲੀ ਚਲਾਈ, ਬੰਬਈ ਵਿਚ ਕਈ ਵਾਰ ਗੋਲੀ ਚਲਾ ਕੇ ਇਕੱਠ ਨੂੰ ਖਿੰਡਾਇਆ ਗਿਆ, ਜਦ ਇਹ ਖਬਰ ਦੂਜੇ ਸ਼ਹਿਰਾਂ ਵਿਚ ਪੁਜੀ ਤਾਂ ਉਥੇ ਵੀ ਦਿਖਾਵੇ ਆਰੰਭ ਹੋ ਗਏ। ਸਰਕਾਰੀ ਦਫਤਰਾਂ ਤੇ ਥਾਣਿਆਂ ਤੇ ਸਰਕਾਰੀ ਇਮਾਰਤਾਂ ਨੂੰ ਅਗਾਂ ਲਾਈਆਂ ਗਈਆਂ ਤੇ ਸਰਕਾਰ ਨੇ ਵੀ ਬੰਬਈ ਵਿਚ ਨੌਂ ਤਰੀਕ ਨੂੰ ਬਾਰਾਂ ਵਾਰ ਗੋਲੀ ਚਲਾਈ ਅਤੇ ਅਹਿਮਦਾਬਾਦ, ਪੂੰਨੇ, ਲਖਨਊ ਤੇ ਦਿਲੀ ਵਿਚ ਵੀ ਹਜੂਮ ਤੇ ਗੋਲੀ ਚਲਾਈ ਗਈ। ਜਗ੍ਹਾ ਜਗ੍ਹਾ ਹਰ ਸੂਬੇ ਵਿਚ ਕਾਂਗਰਸ ਦੀ ਗ੍ਰਿਫਤਾਰੀ ਆਰੰਭ ਕੀਤੀ ਗਈ। ਕਾਂਗਰਸ ਦੀ ਵਰਕਿੰਗ ਕਮੇਟੀ, ਆਲ ਇੰਡੀਆ ਕਾਂਗਰਸ ਕਮੇਟੀ ਤੇ ਦੂਜੀਆਂ ਕਾਂਗਰਸ ਕਮੇਟੀਆਂ ਨੂੰ ਕਾਨੂੰਨ ਵਿਰੁਧ ਕਰਾਰ ਦੇ ਦਿਤਾ, ਪਬਲਿਕ ਮੀਟਿੰਗਾਂ ਦੀ ਵੀ ਕਰਨ ਦੀ ਮਨਾਹੀ ਕਰ ਦਿਤੀ ਗਈ, ਸਰਕਾਰ ਨੇ ਬੜਾ ਯਤਨ ਕੀਤਾ ਕਿ ਕਾਂਗਰਸ ਲੀਡਰਾਂ ਦੀ ਗ੍ਰਿਫਤਾਰੀ ਵਿਰੁਧ ਆਵਾਜ਼ ਉਚੀ ਨਾ ਕਰ ਸਕਣ, ਪਰ ਲੋਕਾਂ ਦਾ ਜੋਸ਼ ਮਠਾ ਨਾ ਹੋਇਆ ਕਾਂਗਰਸ ਲੀਡਰਾਂ ਦੀ ਗ੍ਰਿਫਤਾਰੀ ਸੁਣਕੇ ਸਾਰੇ ਹਿੰਦੁਸਤਾਨ ਵਿਚ ਜਲੂਸ ਕਢੇ ਗਏ ਤੇ ਜਲਸੇ ਕੀਤੇ ਗਏ।

ਪੋਲੀਸ ਨੇ ਜਲਸਿਆਂ ਨੂੰ ਰੋਕਣ ਲਈ ਲਾਠੀ ਚਾਰਜ ਔਰ ਟੀਅਰ ਗੈਸ ਵਰਤੀ। ਗੋਲੀਆਂ ਵੀ ਚਲਾਈਆਂ। ਜਾਨਾਂ ਦਾ ਕਾਫੀ ਨੁਕਸਾਨ ਹੋਇਆ। ਸਰਕਾਰ ਨੇ ਕਾਂਗਰਸ ਦੀਆਂ

Digitized by Panjab Digital Library | www.panjabdigilib.org

ਜੈਦਾਦਾਂ ਤੇ ਦਫਤਰਾਂ ਨੂੰ ਜ਼ਬਤ ਕਰ ਲਿਆ। ਸਰਕਾਰ ਦੀਆਂ ਇਨ੍ਹਾਂ ਕਰਤੂਤਾਂ ਨੇ ਬਲਦੀ ਤੇ ਤੇਲ ਪਾਇਆ ਤੇ ਕੌਮ ਦੇ ਜਜ਼ਬਾਤ ਭੜਕ ਉਠੇ ਤੇ ਉਨ੍ਹਾਂ ਨੇ ਉਹ ਕਾਰੇ ਕੀਤੇ ਜਿਸ ਨੂੰ ਸਰਕਾਰ ਨੇ ਬਗਾਵਤ ਦਾ ਨਾਮ ਦੇਕੇ ਪੂਰੀ ਤਾਕਤ ਨਾਲ ਦਬਾਉਣ ਦਾ ਜਤਨ ਕੀਤਾ। ਏਹੋ ਜਿਹਾ ਸਰਕਾਰ ਦਾ ਜੁਲਮ ਅਤੇ ਅਤਿਆਚਾਰ ਵੇਖਕੇ ਆਪ ਦਾ ਦਿਲ ਵੀ ਸਹਾਰ ਨਾ ਸਕਿਆ। ਆਪ ਨੇ ਵੀ ਇਕ ਰਾਜ ਪਲਟਾਊ ਪਾਰਟੀ ਫੇਰ ਬਣਾ ਲਈ। ਜਿਸ ਵਿਚ ਸਾਥੀ ਸੰਤਾ ਸਿੰਘ ਟਿੱਬਾ, ਸਾਥੀ ਸੌਣ ਸਿੰਘ ਟਿੱਬਾ, ਮਿਸਤਰੀ ਘੁਮੰਡ ਸਿੰਘ ਬੜੀ ਤੇ ਹੋਰ ਵੀ ਸੈਂਕੜੇ ਸਾਥੀਆਂ ਨੂੰ ਨਾਲ ਮਿਲਾਕੇ ਅਸਲਾ ਤਿਆਰ ਕੀਤਾ ਗਿਆ। ਪਾਰਟੀ ਦੇ ਪ੍ਰੋਗਰਾਮ ਅਨੁਸਾਰ ਸਰਕਾਰੀ ਜੈਦਾਦਾਂ ਤੇ ਦਫਤਰਾਂ ਨੂੰ ਅਗਾਂ ਲਾ ਦਿਤੀਆਂ। ਤਾਰਾਂ ਕਟ ਦਿਤੀਆਂ। ਸਰਕਾਰੀ ਅਫਸਰਾਂ ਅਤੇ ਸਰਕਾਰੀ ਚੌਕੀਆਂ ਤੇ ਹੱਲੇ ਕੀਤੇ ਗਏ। ਕਈ ਲੁਟੇਰਿਆਂ ਨੇ ਲੁਟ ਮਾਰ ਦੀਆਂ ਵਾਰਦਾਤਾਂ ਵੀ ਕੀਤੀਆਂ। ਜਿਨ੍ਹਾਂ ਦੀ ਸਜ਼ਾ ਸਰਕਾਰ ਨੇ ਆਪ ਸਾਰਿਆਂ ਨੂੰ ਦੇਕੇ ੧੪-੧੪ ਸਾਲ ਲਈ ਜੇਹਲ ਕਰ ਦਿਤਾ। ਸਾਡੇ ਜਜ਼ਬਾਤ ਨੂੰ ਧਕੇਸ਼ਾਹੀ ਦੇ ਜੁਲਮ ਨਾਲ ਕੁਚਲਿਆ ਗਿਆ, ਜੋ ਸਖਤੀਆਂ ਪੋਲੀਸ ਨੇ ਸਾਡੇ ਤੇ ਕੀਤੀਆਂ ਉਨ੍ਹਾਂ ਦੀ ਯਾਦ ਹੁਣ ਵੀ ਦਿਲ ਨੂੰ ਕੰਬਾ ਦਿੰਦੀ ਹੈ। ਪਰ ਆਪ ਦੇ ਅਰਮਾਨ ਵੀ ਪੂਰੇ ਹੋ ਚੁਕੇ ਸਨ ਕਿਉਂਕਿ ਕੋਈ ਐਸਾ ਥਾਂ ਨਹੀਂ ਰਿਹਾ ਹੋਵੇਗਾ ਜਿਥੇ ਡਾਕਖਾਨੇ ਨਾ ਸਾੜੇ ਹੋਣ ਤੇ ਟੈਲੀਗ੍ਰਾਫ ਅਤੇ ਟੈਲੀਫੂਨ ਦੀਆਂ ਤਾਰਾਂ ਨਾ ਕਟੀਆ ਹੋਣ। ਰੇਲਵੇ ਸਟੇਸ਼ਨ ਤੇ ਰੇਲਵੇ ਲਾਈਨਾਂ ਨੂੰ ਨੁਕਸਾਨ ਨਾ ਪਹੁੰਚਾਇਆ ਹੋਵੇ ਤੇ ਐਹੋ ਜਿਹੇ ਹੋਰ ਕਾਰੇ ਨਾ ਵਰਤਾਏ ਹੋਣ, ਏਨਾਂ ਕਹਿਰਾਂ ਨੂੰ ਦਬਾਉਣ ਲਈ ਪੋਲੀਸ ਨੇ ਵੀ ਘਟ ਨਹੀਂ ਕੀਤੀ। ਕਈ ਥਾਈਂ ਲਾਠੀਆਂ ਔਰ ਗੋਲੀਆਂ ਨਾਲ ਜਵਾਬ ਦਿਤਾ। ਜਿਸ ਕਰਕੇ ਦੋਹਾਂ ਧਿਰਾਂ ਦਾ ਕਾਫੀ ਨੁਕਸਾਨ ਹੋਇਆ। ਉਹਨਾਂ ਦਿਨਾਂ ਵਿਚ ਏਹੋ ਜੇਹੇ ਕਾਰਿਆਂ ਨਾਲ ਨੁਕਸਾਨ ਹੋਏ ਦਾ ਅੰਦਾਜ਼ਾ ਪੰਜਾਬ ਗੌਰਮਿੰਟ ਦੇ ੨੫ ਸਤੰਬਰ ਦੇ ਐਲਾਨ ਤੋਂ ਸਹਿਜੇ ਹੀ ਲਗ ਸਕਦਾ ਹੈ। ਫੇਰ ਸੰਮਤ ੧੯੪੪ ਵਿਚ ਲੁਧਿਆਣੇ ਦੀ ਰੀਜ਼ਰਵ ਗਾਰਦ ਨੇ ਆਪ ਨੂੰ ਤੇ ਆਪ ਦੇ ਸਾਥੀਆਂ ਨੂੰ ਜੋ ਕਿ ਭਾਈ ਸੰਤਾ ਸਿੰਘ ਸੌਣ ਸਿੰਘ ਤੇ ਘੁਮੰਡ ਸਿੰਘ ਨੂੰ ਉਨ੍ਹਾਂ ਲੁਟੇਰਿਆਂ ਦੀਆਂ ਲੁਟਾਂ ਤੇ ਡਾਕੇ ਬਣਾਕੇ ੧੪ ਸਾਲ ਲਈ ਪਟਿਆਲਾ ਜੇਲ੍ਹ ਦੇ ਭੋਗੀ ਬਣਾ ਦਿਤਾ। ਸਾਡਾ ਹਿੰਦੁਸਤਾਨ ਅਜ ਅਜ਼ਾਦੀ ਦੇ ਉਸ ਝੂਲੇ ਤੇ ਝੂਟ ਰਿਹਾ ਹੈ, ਜਿਸ ਦੇ ਸੁਪਨੇ ਅਸੀਂ ਮੁਦਤਾਂ ਤੋਂ ਦੇਖਿਆ ਕਰਦੇ ਸੀ। ਸਾਡੇ ਦਿਲ ਵਿਚ ਅਰਮਾਨ ਸੀ ਕਿ ਅਸੀਂ ਵੀ ਸੁਤੰਤਰ ਹੋਕੇ ਅਜ਼ਾਦੀ ਦਾ ਰਸ ਮਾਣਾਂਗੇ ਪਰ ਸਾਡੀ ਜੇਲ੍ਹ ਯਾਤਰਾ ਦਾ ਪੰਧ ਅਜੇ ਕਾਫੀ ਲੰਮਾ ਹੈ। ਜਦ ਤਕ ਉਮਰ ਵਫਾ ਕਰੇ ਯਾ ਨਾ ਕਰੇ ਕੁਰਬਾਨੀਆਂ ਨਾਲ ਪੈਦਾ ਕੀਤੀਆਂ ਹੋਈਆਂ ਸਾਡੀਆਂ ਸੱਧਰਾਂ ਤੇ ਰੀਝਾਂ ਸ਼ਾਇਦ ਘਰ ਆ ਸਕਣ ਕਿ ਨਾ, ਪਰ ਸਾਨੂੰ ਉਹ ਨੌਕਰ ਸ਼ਾਹੀ ਦੇ ਜੁਲਮ ਦੀ ਕੰਧ ਢਹਿੰਦੀ ਦਿਖਾਈ ਦਿੰਦੀ ਹੈ। ਜਿਸ ਦੇ ਉਹਲਿਉਂ ਪਰਭਾਤ ਦੇ ਚਾਨਣੇ ਦਾ ਝਾਉਲਾ ਪੈਂਦਾ ਹੈ। ਜਿਸ ਵਿਚ ਭੀ ਸਾਡੀ ਗੌਰਮਿੰਟ ਨੂੰ ਆਪਣੇ ਚਰੋਕੇ ਸਾਥੀਆਂ ਦੀ ਪਛਾਣ ਪੈ ਹੀ ਜਾਵੇ।

## ਬਬਰ ਕਰਤਾਰ ਸਿੰਘ ਜੀ

ਆਪ ਜੀ ਦਾ ਜਨਮ ਸ: ਭੂਪ ਸਿੰਘ ਦੇ ਘਰ ਮਾਤਾ ਬਸੰਤ ਕੌਰ ਦੀ ਕੁਖ ਤੋਂ ਜੂਨ ੧੮੯੬ ਈ: ਵਿਚ ਹੋਇਆ। ਆਪ ਥੋੜੀ ਹੀ ਪੰਜਾਬੀ ਪੜ੍ਹੇ ਹੋਏ ਸਨ ਪਰ ਕੰਮ ਕਰਨ ਤੇ ਸਿਆਸਤ ਵਿਚ ਬੀ. ਏ. ਬੀ.ਟੀ. ਭੀ ਮੁਕਾਬਲਾ ਨਹੀਂ ਕਰ ਸਕਦੇ ਸੀ। ਆਪ ਰੋਜ਼ੀ ਦੇ ਕਾਰਨ ਅਮਰੀਕਾ ਆਦਿ ਦੇਸ਼ਾਂ ਨੂੰ ਚਲੇ ਗਏ, ਜਿਥੇ ਸ:ਸਜਣ ਸਿੰਘ ਬੀਹਲਾ ਆਦਿ ਸਜਨਾਂ ਦੀ ਸੰਗਤ ਹੋਣ ਤੇ ਆਪ ਨੂੰ ਅਜ਼ਾਦੀ ਦੀ ਲਗਨ ਹੋਰ ਪ੍ਰਬਲ ਹੋ ਗਈ। ਜਿਸ ਕਰਕੇ ਅਜ਼ਾਦੀ ਪ੍ਰਵਾਨਿਆਂ ਨਾਲ ਮੁੜ ਦੇਸ਼ ਆ ਗਏ ਅਤੇ ਅਜ਼ਾਦੀ

Digitized by Panjab Digital Library | www.panjabdigilib.org

ਦੀ ਸਕੀਮ ਫੇਲ ਹੋਣ ਤੇ ਆਪ ਹਰਨ (ਭਗੌੜੇ) ਹੋ ਗਏ। ਜਦ ਅਕਾਲੀ ਲਹਿਰ ਅਰੰਭ ਹੋਈ ਤਾਂ ਆਪ ਜੀ ਬਾਬੂ ਸੰਤਾ ਸਿੰਘ ਹਰਤੂੰ ਸੈਕਟਰੀ ਬਬਰ ਅਕਾਲੀ ਜੱਥਾ ਦੇ ਨਾਲ ਮਿਲਕੇ ਮਾਲਵੇ ਵਿਚ ਬਬਰ ਜਥਾ ਕਾਇਮ ਕਰਨ ਦੇ ਆਹਰ ਵਿਚ ਲਗੇ। ਆਪ ਜੀ ਨੇ ਹੋਰ ਸਾਥੀ ਪੈਦਾ ਕਰਕੇ ਥੋੜੇ ਅਰਸੇ ਵਿਚ ਹੀ ਬੜੀ ਸਰਗਰਮੀ ਨਾਲ ਕੰਮ ਚਾਲੂ ਕੀਤਾ, ਪਰ ਜਦ ਬਬਰਾਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਹੋਈਆਂ ਤਾਂ ਜੋ ਪਾਰਟੀ ਵਿਚੋਂ ਵੈਦਾਮਾਫ ਹੋ ਗਏ ਸਨ ਉਨ੍ਹਾਂ ਦੇ ਭੇਦ ਦਸਣ ਤੇ ਮਾਲਵੇ ਵਾਲੀ ਬਬਰ ਪਾਰਟੀ ਦੇ ਮੁਖੀ ਗ੍ਰਿਫਤਾਰ ਹੋਣ ਤੇ ਸਾਰੀ ਸਕੀਮ ਫੇਲ ਹੋ ਗਈ। ਬਾਬਾ ਕਰਤਾਰ ਸਿੰਘ ਬਬਰ ਇਸ ਪਾਰਟੀ ਦੇ ਮੁਖੀਏ ਸਨ।

ਜੇ ਆਪ ਜੀ ਦਾ ਕੁਰਬਾਨੀ ਭਰਿਆ ਜੀਵਨ ਸਾਰਾ ਲਿਖਣ ਲਗੀਏ ਤਾਂ ਇਕੱਲਾ ਹੀ ਇਕ ਵਡਾ ਸਾਰਾ ਪੋਥਾ ਬਣਦਾ ਹੈ। ਵਸਥਾਰ ਤੋਂ ਡਰਦੇ ਸੰਖੇਪ ਲਿਖਿਆ ਹੈ। ਅਜ ਕਲ ਬਾਬਾ ਜੀ ਯੂ.ਪੀ. ਵਲ ਰਹਿੰਦੇ ਹਨ। ਬਾਬਾ ਜੀ ਦਾ ਸਰੀਰ ਬੜਾ ਰਿਸ਼ਟ ਪੁਸ਼ਟ ਹੈ। ਆਪ ਜੀ ਦੇ ਦਾਦਾ ਜੀ ਦਾ ਨਾਮ ਜੋਗਾ ਸਿੰਘ ਦਾਦੀ ਜੀ ਦਾ ਨਾਮ ਰਾਮ ਕੌਰ ਗੋਤ ਘਣਕਸ ਪਿੰਡ ਜਸਪਾਲੋਂ ਤਹਿਸੀਲ ਸਮਰਾਲਾ ਜ਼ਿਲਾ ਲੁਧਿਆਣਾ ਹੈ।

## — ਹੋਰ ਬਬਰ ਅਕਾਲੀ —

ਭਾਈ ਹਰਨਾਮ ਸਿੰਘ ਪਿਤਾ ਸਦਾ ਸਿੰਘ ਪਿੰਡ ਰਬੋਂ ਤਹਿਸੀਲ ਤੇ ਜ਼ਿਲਾ ਲੁਧਿਹਾਣਾ।

ਭਾਈ ਰਾਮ ਸਿੰਘ ਪਿਤਾ ਸੁਰਜੀਤ ਸਿੰਘ ਪਿੰਡ ਲਿਬੜਾ ਜ਼ਿਲਾ ਲੁਧਿਹਾਣਾ।

ਬੇਬੇ ਗੋਬਿੰਦ ਕੌਰ ਧਰਮ ਪਤਨੀ ਰਾਮ ਸਿੰਘ ਪਿੰਡ ਲਿਬੜਾ ਤਹਿਸੀਲ ਸਮਰਾਲਾ ਜ਼ਿਲਾ ਲੁਧਿਹਾਣਾ ਨੇ ਮਰਦਾਂ ਨਾਲੋਂ ਵਧ ਕੇ ਕੰਮ ਕੀਤੇ।

ਭਾਈ ਸਰਵਣ ਸਿੰਘ ਪਿੰਡ ਨੰਗਲ ਤਹਿਸੀਲ ਤੇ ਜ਼ਿਲਾ ਲੁਧਿਹਾਣਾ।

ਭਾਈ ਬਿਸ਼ਨ ਸਿੰਘ ਪਿੰਡ ਸਾਨ੍ਹੇਵਾਲ ਪਲਟਨ ਨੰ: ੬੨ ਪੰਜਾਬੀ ਜ਼ਿਲਾ ਲੁਧਿਹਾਣਾ।

ਭਾਈ ਗੁਰਬਖਸ਼ ਸਿੰਘ ਪਿੰਡ ਲੰਡਾ ਤਹਿਸੀਲ ਪੈਲ ਰਿਆਸਤ ਪਟਿਆਲਾ।

ਭਾਈ ਨਰੈਣ ਸਿੰਘ ਸੂਬੇਦਾਰ ਪਲਟਨ ਨੰ: ੬੨ ਪੰਜਾਬੀ ਪਿੰਡ ਗੁਮਟੀ ਜ਼ਿਲਾ ਫੀਰੋਜ਼ਪੁਰ।

ਭਾਈ ਇੰਦਰ ਸਿੰਘ ਸਿਪਾਹੀ ਪਲਟਨ ਨੰ: ੬੨ ਪੰਜਾਬੀ ਕਾਨਪੁਰ ਪਿੰਡ ਕਿਸ਼ਨ ਪੁਰਾ ਕਲਾਂ ਤਹਿਸੀਲ ਜ਼ੀਰਾ, ਜ਼ਿਲਾ ਫੀਰੋਜ਼ਪੁਰ। ਭਾਈ ਨਿਰਮਲ ਸਿੰਘ ਪਿੰਡ ਰੁਪਾਲੋਂ ਜ਼ਿਲਾ ਲੁਧਿਆਣਾ।

ਭਾਈ ਮੁਨਸ਼ਾ ਸਿੰਘ ਦੁਆਬੀਆ ਪਲਟਨ ਨੰ: ੭੬ ਕਾਨਪੁਰ।

ਭਾਈ ਦਲੀਪ ਸਿੰਘ ਦੁਆਬੀਆ ਪਲਟਨ ਨੰ: ੭੬ ਕਾਨਪੁਰ।

ਨਥੂ ਮਿਸਤ੍ਰੀ ਪਿੰਡ ਕੋਟਲੀ ਜ਼ਿਲਾ ਸਿਆਲਕੋਟ ਨੇ ਜੇਲ੍ਹ ਕਾਨਪੁਰ ਦੇ ਦਰੋਗਾ ਜੋ ਅਜ਼ਾਦੀ ਪਰਵਾਨਿਆਂ ਨਾਲ ਬੜਾ ਪ੍ਰੇਮ ਰਖਦਾ ਹੁੰਦਾ ਸੀ, ਉਸ ਨੇ ਜਿਹਲਾਂ, ਕਿਲ੍ਹਿਆਂ ਦੀਆਂ ਕੋਤਾਂ ਤੇ ਮੈਖਜੀਨਾਂ ਦੇ ਜਿੰਦਿਆਂ ਤੇ ਖੜੀਆ ਮਿਟੀ ਪਾਣੀ ਵਿਚ ਗੁਨ ਕੇ ਜਿੰਦਿਆਂ ਤੇ ਲਾ ਕੇ ਮੋਹਰ ਵਾਂਗ ਦੇ ਦਿਤੀਆਂ, ਜਿਸ ਦੇ ਨਿਸ਼ਾਨਾਂ ਤੋਂ ਮਿਸਤ੍ਰੀ ਨੇ ਚਾਬੀਆਂ ਬਣਾ ਕੇ ਦੇ ਦਿਤੀਆਂ, ਜਿਨ੍ਹਾਂ ਦੇ ਨਾਲ ਜਿੰਦਰੇ ਖੋਲ੍ਹ ਕੇ ਅੰਦਰੋਂ ਬਬਰਾਂ ਨੂੰ ਸਮਾਨ ਦਿਤਾ ਗਿਆ।

ਸ: ਸਰਮੁਖ ਸਿੰਘ ਪਿਤਾ ਭਿੰਦਰ ਸਿੰਘ ਮਾਤਾ ਮਹਾਂ ਕੌਰ ਪਿੰਡ ਸਾਫੂਵਾਲ ਤਹਿਸੀਲ ਮੋਗਾ, ਜ਼ਿਲਾ ਫੀਰੋਜ਼ਪੁਰ। ਆਪ ਬਬਰ ਅਕਾਲੀਆਂ ਦੇ ਮੈਂਬਰ ਹੋਣ ਤੇ ਆਪ ਜੀ ਨੂੰ ੭ ਸਾਲ ਦੀ ਸਜ਼ਾ ਹੋਈ ਸੀ, ਆਪ ਜੀ ਨੇ ਅੰਤਮ ਸਮੇਂ ਤਕ ਪੰਥ ਤੇ ਦੇਸ਼ ਦੀ ਸੇਵਾ ਕਰਨ ਵਾਲੇ ਸਰਗਰਮ ਵਰਕਰ ਹਨ।

ਭਾਈ ਬੇਲਾ ਸਿੰਘ ਪਿੰਡ ਘੋਲੀਆਂ ਤਹਿਸੀਲ ਮੋਗਾ, ਜ਼ਿਲਾ ਫੀਰੋਜ਼ਪੁਰ।

Digitized by Panjab Digital Library | www.panjabdigilib.org

ਭਾਈ ਤੋਤਾ ਸਿੰਘ ਪਿਤਾ ਰਾਮ ਸਿੰਘ ਪਿੰਡ ਪਸ਼ਾਵਰੀ।
ਭਾਈ ਤਾਰਾ ਸਿੰਘ ਪਿੰਡ ਠੇਠਰ ਅੰਮ੍ਰਿਤਸਰ।
ਭਾਈ ਸੁਰਜਨ ਸਿੰਘ ਪਿਤਾ ਸਰਤਾ ਸਿੰਘ ਦਾ ਭਰਾ ਅੰਬਾਲਾ।

## ਚੌਧਰੀ ਸ਼ੇਰ ਜੰਗ ਤੇ ਉਸ ਦੇ ਸਾਥੀ

ਮਾਲਵੇ ਵਿੱਚ ਚਲੀ ਬਬਰ ਅਕਾਲੀ ਲਹਿਰ ਦੇ ਇਤਹਾਸ ਦੀ ਖੋਜ ਕਰਨ ਤੋਂ ਪਤਾ ਲਗਦਾ ਹੈ ਕਿ ਚੌਧਰੀ ਸ਼ੇਰ ਜੰਗ ਤੇ ਉਸ ਦੇ ਸਾਥੀਆਂ ਦਾ ਬਬਰ ਅਕਾਲੀਆਂ ਨਾਲ ਸਬੰਧ ਸੀ। ਸ: ਮਾਨਸਿੰਘ ਬੜੀ ਬਬਰ ਅਕਾਲੀ ਨੇ ਆਪ ਨੇ ਬਿਆਨ ਵਿਚ ਦਸਿਆ ਹੈ ਕਿ ਸ: ਸਾਹਿਬ ਸਿੰਘ ਸਲਾਣਾ ਤੇ ਚੌਧਰੀ ਸ਼ੇਰ ਜੰਗ ਪਿੰਡ ਸੇਖਾ ਵਿੱਚ ਹੋਈ ਬਬਰ ਅਕਾਲੀਆਂ ਦੀ ਇਕ ਮੀਟਿੰਗ ਵਿਚ ਸ਼ਾਮਲ ਹੋਏ ਸਨ। ਜਿਸ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਹਥਿਆਰ ਬੰਦ ਬਗਾਵਤ ਕਰਨ ਲਈ ਪਹਿਲਾਂ ਕਾਫੀ ਹਥਿਆਰ ਇਕਠੇ ਕਰਨੇ ਚਾਹੀਦੇ ਹਨ। ਇਸ ਇਕਤ੍ਰਤਾ ਦੇ ਫੈਸਲੇ ਅਨੁਸਾਰ ਹੀ ਚੌਧਰੀ ਸ਼ੇਰ ਜੰਗ ਅਤੇ ਉਨ੍ਹਾਂ ਦੇ ਸਾਥੀਆਂ ਨੇ ਇਹ ਫੈਸਲਾ ਕੀਤਾ ਕਿ ਕਿਸੇ ਪ੍ਰਕਾਰ ਰੁਪਇਆ ਇਕੱਠਾ ਕੀਤਾ ਜਾਵੇ ਜਿਸ ਨਾਲ ਹਥਿਆਰ ਖਰੀਦੇ ਜਾਂ ਬਣਵਾਏ ਜਾਣ। ਚੌਧਰੀ ਸ਼ੇਰ ਜੰਗ ਦਾ ਨੌਜਵਾਨ ਭਾਰਤ ਸਭਾ ਨਾਲ ਸਬੰਧ ਸੀ। ਜਿਨ੍ਹਾਂ ਦਿਨਾਂ ਵਿੱਚ ਉਹ ਇਹ ਵਿਚਾਰ ਹੀ ਕਰ ਰਹੇ ਸਨ ਤਾਂ ਪਤਾ ਲਗਾ, ਕਿ ਗੌਰਮਿੰਟ ਦਾ ਖਜ਼ਾਨਾ ਗਡੀ ਪਰ ਲਦ ਕੇ ਜਾ ਰਿਹਾ ਹੈ।

ਇਸ ਇਤਲਾਹ ਅਨੁਸਾਰ ਚੌਧਰੀ ਸ਼ੇਰ ਜੰਗ ਨੇ ਮਸਤੂਆਣਾ ਸਕੂਲ ਦੇ ਕੁਝ ਵਿਦਿਆਰਥੀਆਂ ਨਾਲ ਸਲਾਹ ਕੀਤੀ ਕਿ ਅਸੀਂ ਗਡੀ ਵਿਚ ਜਾ ਰਹੇ ਗੌਰਮਿੰਟ ਦੇ ਖਜ਼ਾਨੇ ਨੂੰ ਲੁਟ ਲਈਏ ਅਤੇ ਇਹ ਰੁਪਈਆ ਅਜ਼ਾਦੀ ਦੀ ਜੰਗ ਲੜਨ ਵਾਲੀਆਂ ਸੰਸਥਾਵਾਂ ਦੇ ਸਪੁਰਦ ਕਰ ਦੇਈਏ। ਉਸ ਸਮੇਂ ਮਸਤੂਆਣਾ ਕਾਲਜ ਵਿਚ ਗਿ: ਚਰਨ ਸਿੰਘ ਕਕੜ ਲਾਇਲਪੁਰੀ, ਸ: ਹਰਨਾਮ ਚਮਕ, ਸ:ਸਾਹਿਬ ਸਿੰਘ ਸਲਾਣਾ ਸ: ਜਸਵੰਤ ਸਿੰਘ, ਸ ਗੁਰਦਿਆਲ ਸਿੰਘ ਆਦਿਕ ਪੜ੍ਹਦੇ ਸਨ। ਚੌਧਰੀ ਸ਼ੇਰ ਜੰਗ ਦੇ ਪਿਤਾ ਨਾਹਣ ਰਿਆਸਤ ਵਿਚ ਪੁਲੀਸ ਅਫਸਰ ਸਨ। ਆਪ ਕਾਲਜ ਦੀ ਪੜ੍ਹਾਈ ਛੱਡ ਕੇ ਨੌ ਜਵਾਨ ਭਾਰਤ ਸਭਾ ਵਿਚ ਕੰਮ ਕਰਨ ਲਗ ਪਏ ਸਨ। ਚੌਧਰੀ ਸਾਹਿਬ ਉਪਰ ਲਿਖੇ ਵਿਦਿਆਰਥੀਆਂ ਮਿਲੀਆ ਕਰਦੇ ਸਨ। ਇਸ ਕਰਕੇ ਉਨ੍ਹਾਂ ਸਲਾਹ ਕੀਤੀ ਕਿ ਗੱਡੀ ਵਿਚ ਜਾ ਰਿਹਾ ਸਰਕਾਰੀ ਖਜ਼ਾਨਾ ਲੁਟ ਲਿਆ ਜਾਵੇ। ਸੰਨ ੧੯੩੦ ਵਿੱਚ ਇਨ੍ਹਾਂ ਨੇ ਗੱਡੀ ਲੁਟਣ ਦਾ ਯਤਨ ਕੀਤਾ। ਪ੍ਰੰਤੂ ਉਸ ਵਿੱਚ ਪੂਰੀ ਸਫਲਤਾ ਨਾ ਹੋਈ। ਖਜ਼ਾਨੇ ਦੀਆਂ ਪੇਟੀਆਂ ਨਾ ਟੁਟੀਆਂ। ਗੱਡੀ ਕਾਫੀ ਰੁਕੀ ਰਹੀ ਤੇ ਨੌ ਜਵਾਨ ਪੇਟੀਆਂ ਤੋੜਨ ਦਾ ਯਤਨ ਕਰਦੇ ਰਹੇ। ਡਰਾਈਵਰ ਤੇ ਗਾਡ ਨੂੰ ਉਨ੍ਹਾਂ ਨੇ ਹਿਰਾਸਤ ਵਿੱਚ ਲੈ ਲਿਆ ਸੀ। ਪ੍ਰੰਤੂ ਉਹ ਖਜ਼ਾਨਾ ਖੋਹਨ ਵਿੱਚ ਸਫਲ ਨਾ ਹੋਏ। ਪੁਲਸ ਨੇ ਇਸ ਕੇਸ ਦੀ ਤਫਤੀਸ਼ ਆਰੰਭ ਕੀਤੀ, ਤਾਂ ਸ: ਗੁਰਦਿਆਲ ਸਿੰਘ ਵਾਹਿਦਾ ਮੁਆਫ ਗਵਾਹ ਬਣ ਗਿਆ ਤੇ ਉਸ ਨੇ ਦੂਜੇ ਸਜਨਾਂ ਨੂੰ ਭੀ ਗ੍ਰਿਫਤਾਰ ਕਰਵਾ ਦਿੱਤਾ।

ਇਸ ਕੇਸ ਵਿਚ ਚੌਧਰੀ ਸ਼ੇਰ ਜੰਗ, ਸ: ਸਾਹਿਬ ਸਿੰਘ ਜੀ ਸਲਾਣਾ ਨੂੰ ੧੪-੧੪ ਸਾਲ ਸਜ਼ਾਵਾਂ ਹੋਈਆਂ ਅਤੇ ਬਾਕੀਆਂ ਨੂੰ ਦਸ ੨ ਸਾਲ। ਅਪੀਲ ਵਿਚ ਸ: ਜਸਵੰਤ ਸਿੰਘ ਤੇ ਗਿਆਨੀ ਚਰਨ ਸਿੰਘ ਜੀ ਦੀਆਂ ਸਜ਼ਾਵਾਂ ਸਤ ਸਤ ਸਾਲ ਰਹਿ ਗਈਆਂ ਜੋ ਉਹ ਸਾਰੀਆਂ ਭੁਗਤ ਕੇ ਰਿਹਾ ਹੋਏ। ਸ: ਜਸਵੰਤ ਸਿੰਘ ਤਾਂ ਅਜ ਕਲ੍ਹ ਕਮਿਊਨਿਸਟ ਪਾਰਟੀ ਦੇ ਉਘੇ ਵਰਕਰ ਹਨ ਅਤੇ ਗਿ: ਹਰਚਰਨ ਸਿੰਘ ਜੀ ਯੂਪੀ ਵਿਚ ਖੇਤੀ ਬਾੜੀ ਕਰਕੇ ਗੁਜ਼ਾਰਾ ਕਰਦੇ ਹਨ। ਇਨ੍ਹਾਂ ਨੌਜਵਾਨਾਂ ਵਿਚ ਬਹੁਤ

Digitized by Panjab Digital Library | www.panjabdigilib.org

ਕੌਮੀ ਜੋਸ਼ ਸੀ, ਪ੍ਰੰਤੂ ਵਾਹਿਦਾ ਮੁਆਫ ਦੀ ਗਦਾਰੀ ਕਰਕੇ ਇਨ੍ਹਾਂ ਦੀਆਂ ਜਵਾਨੀਆਂ ਜੇਹਲਾਂ ਵਿਚ ਹੀ ਗੁਜ਼ਰ ਗਈਆਂ। ਸਾਡੀ ਖੋਜ ਅਨੁਸਾਰ ਚੌਧਰੀ ਸ਼ੇਰ ਜੰਗ ਤੇ ਸ: ਸਾਹਿਬ ਸਿੰਘ ਸਲਾਣਾ ਇਸ ਪਾਰਟੀ ਦੇ ਆਗੂ ਸਨ ਤੇ ਚੂੰਕਿ ਇਨ੍ਹਾਂ ਦਾ ਬਬਰਾਂ ਦੀਆਂ ਮੀਟਿੰਗਾਂ ਵਿਚ ਸ਼ਾਮਲ ਹੋਣਾ ਪ੍ਰਗਟ ਹੈ ਇਸ ਲਈ ਇਹ ਨਤੀਜਾ ਕਢਣਾ ਗਲਤ ਨਹੀਂ ਕਿ ਇਹਨਾਂ ਨੂੰ ਕੌਮੀ ਸੇਵਾ ਕਰਨ ਦੀ ਪਰੇਰਨਾ ਬਬਰਾਂ ਪਾਸੋਂ ਹੀ ਮਿਲੀ ਤੇ ਮਹਿੰਦਰ ਗੜ੍ਹ ਟ੍ਰੇਨ ਕੇਸ ਕਰਨ ਦਾ ਮਕਸਦ ਭੀ ਇਹੋ ਸੀ ਕਿ ਜੇ ਰੁਪਇਆ ਮਿਲ ਜਾਵੇ ਤਾਂ ਉਹ ਉਨ੍ਹਾਂ ਪਾਰਟੀਆਂ ਦੇ ਸਪੁਰਦ ਕਰ ਦਿਤਾ ਜਾਵੇ ਜੋ ਦੇਸ਼ ਨੂੰ ਅਜ਼ਾਦ ਕਰਾਉਣ ਲਈ ਸਰਗਰਮ ਜਦੋ ਜੈਹਦ ਕਰ ਰਹੀਆਂ ਸਨ।

ਨੋਟ:— ਸ: ਸਾਹਿਬ ਸਿੰਘ ਜੀ ਸਲਾਣਾ ਨੇ ਇਨ੍ਹਾਂ ਸਤਰਾਂ ਦੇ ਲਿਖਾਰੀ ਨੂੰ ਇਕ ਮੁਲਾਕਾਤ ਵਿਚ ਦਸਿਆ ਕਿ ਸਾਡੀ ਪਾਰਟੀ ਦਾ ਸਿਧਾ ਸੰਬੰਧ ਨੌਜਵਾਨ ਭਾਰਤ ਸਭਾ ਨਾਲ ਸੀ। ਭਾਵੇਂ ਅਸੀਂ ਹੋਰ ਪਾਰਟੀਆਂ ਦੇ ਇੰਨਕਲਾਬੀ ਵਰਕਰਾਂ ਨੂੰ ਭੀ ਮਿਲਦੇ ਜੁਲਦੇ ਸਾਂ ਤੇ ਹਥਿਆਰ ਇਕੱਠੇ ਕਰਨ ਦਾ ਯਤਨ ਕਰਦੇ ਸਾਂ, ਪਰ ਕੰਮ ਨੌਜਵਾਨ ਭਾਰਤ ਸਭਾ ਦੀਆਂ ਹਦਾਇਤਾਂ ਅਨੁਸਾਰ ਹੀ ਕਰਦੇ ਸਾਂ। ਸ: ਭਗਤ ਸਿੰਘ ਤੇ ਕੇਸ ਚਲ ਰਿਹਾ ਸੀ ਤੇ ਇਕ ਸਰਕਾਰੀ ਕਰਮਚਾਰੀ ਨੇ ਬੜ੍ਹ ਮਾਰੀ ਕਿ ਪੰਜਾਬ ਵਿਚੋਂ ਦਹਿਸ਼ਤ ਪਸੰਦਾਂ ਦਾ ਸਫਾਇਆ ਕਰ ਦਿਤਾ ਗਿਆ ਹੈ। ਇਸ ਦੀ ਖਬਰ ਅਖਬਾਰਾਂ ਵਿਚ ਪੜ੍ਹਕੇ ਚੌ: ਸ਼ੇਰ ਜੰਗ ਸਾਡੇ ਪਾਸ ਆਇਆ ਤੇ ਉਸਨੇ ਕਿਹਾ ਕਿ ਸਾਨੂੰ ਕੋਈ ਐਕਸ਼ਨ ਕਰਕੇ ਸਰਕਾਰ ਨੂੰ ਇਹ ਦਸਣਾ ਚਾਹੀਦਾ ਹੈ ਕਿ ਸ: ਭਗਤ ਸਿੰਘ ਦੇ ਸਾਥੀ ਜਿਉਂਦੇ ਜਾਗਦੇ ਹਨ। ਇਸ ਕਰਕੇ ਅਸੀਂ ਛੇਤੀ ਨਾਲ ਮਹਿੰਦਰ ਗੜ੍ਹ ਡਕਾਇਤੀ ਕੇਸ ਦਾ ਵਾਕਿਆ ਕਰ ਦਿਤਾ ਤਾਕਿ ਸਰਕਾਰ ਦੀਆਂ ਅਖਾਂ ਖੁਲ ਜਾਣ। ਇਸ ਕੇਸ ਵਿਚ ਬਹੁਤ ਸਾਰੇ ਨਿਰਦੋਸ਼ ਸਜਨ ਭੀ ਫੜੇ ਗਏ ਸਨ ਜੋ ਪਿਛੋਂ ਰਿਹਾ ਕਰ ਦਿਤੇ ਗਏ।

## ਨੌਜਵਾਨ ਭਾਰਤ ਸਭਾ ਦਾ ਸੰਖੇਪ ਇਤਿਹਾਸ

ਪੰਜਾਬ ਤੇ ਬੰਗਾਲ ਦੇ ਜੋਸ਼ੀਲੇ ਨੌਜਵਾਨ ਜਦ ਪਿਛੇ ਖਿਚੂ ਲੀਡਰਾਂ ਦੇ ਰਵੱਈਏ ਤੋਂ ਤੰਗ ਆ ਗਏ ਅਤੇ ਉਨ੍ਹਾਂ ਦੇ ਸਬਰ ਦਾ ਪਿਆਲਾ ਭਰਕੇ ਛਲਕ ਪਿਆ ਤਾਂ ਉਨ੍ਹਾਂ ਨੇ "ਨੌਜਵਾਨ ਭਾਰਤ ਸਭਾ" ਦੇ ਨਾਮ ਦੀ ਜਥੇਬੰਦੀ ਖੜੀ ਕੀਤੀ। ਇਸ ਜਥੇਬੰਦੀ ਦਾ ਮੁਖ ਮਨੋਰਥ ਦੇਸ਼ ਵਾਸੀਆਂ ਨੂੰ ਗੁਲਾਮੀ ਦੀ ਗੂੜ੍ਹੀ ਨੀਂਦ ਤੋਂ ਜਗਾਉਣ ਲਈ ਧਰਕਾਊ ਕਾਰਵਾਈਆਂ ਕਰਨਾ ਸੀ। ਗਾਂਧੀ ਜੀ ਦਾ ਅਹਿੰਸਾ ਦਾ ਫਲਸਫਾ ਜੋਸ਼ੀਲੇ ਨੌਜਵਾਨਾਂ ਨੂੰ ਅਪੀਲ ਨਹੀਂ ਕਰਦਾ ਸੀ। ਜਦ ਉਹ ਦੁਨੀਆਂ ਦੇ ਆਜ਼ਾਦ ਹੋਏ ਦੇਸ਼ਾਂ ਦਾ ਇਤਿਹਾਸ ਪੜ੍ਹਦੇ ਸਨ ਤਾਂ ਉਨ੍ਹਾਂ ਨੂੰ ਇਹ ਸਬਕ ਮਿਲਦਾ ਸੀ ਕਿ ਮੰਗਿਆਂ ਰਾਜਸੀ ਅਧਿਕਾਰ ਪ੍ਰਾਪਤ ਨਹੀਂ ਹੋਇਆ ਕਰਦੇ। "ਮਾਂਗੇ ਸੇ ਕੌਨ ਕਿਸੀ ਕੋ ਦੇਤਾ ਸ੍ਵੈਰਾਜ ਹੈ, ਦਾਮਨ ਕਿਸੀ ਕੇ ਆਗੇ ਫੈਲਾ ਕਰ ਕਿਹਾ ਕਰੋਗੇ" ਨੌਜਵਾਨਾਂ ਦਾ ਨਾਹਰਾ ਬਣ ਗਿਆ ਸੀ।

ਮੰਗ ਕੇ ਆਜ਼ਾਦੀ ਲੈਣਾ ਨੌਜਵਾਨ ਆਪਣੀ ਅਣਖ ਦੇ ਵਿਰੁਧ ਸਮਝਦੇ ਸਨ। ਦੂਜੇ ਪਾਸੇ ਮਹਾਤਮਾਂ ਗਾਂਧੀ ਜੀ ਕਹਿੰਦੇ ਸਨ ਕਿ ਜੇ ਖੂਨ ਡੋਹਲ ਕੇ ਆਜ਼ਾਦੀ ਮਿਲਣੀ ਹੈ ਤਾਂ ਮੈਂ ਇਸ ਨਲੋਂ ਗੁਲਾਮੀ ਨੂੰ ਤਰਜੀਹ ਦੇਵਾਂਗਾ। ਉਹ ਆਜ਼ਾਦੀ ਦੀ ਖਾਤਰ ਆਪਣੇ ਅਹਿੰਸਾ ਦੇ ਆਦਰਸ਼ ਨੂੰ ਕੁਰਬਾਨ ਨਹੀਂ ਕਰਨਾ ਚਾਹੁੰਦੇ ਸਨ ਦੂਜੇ ਪਾਸੇ ਨੌਜਵਾਨ ਤਬਕਾ ਆਜ਼ਾਦੀ ਤੋਂ ਹਰ ਚੀਜ਼ ਨੂੰ ਕੁਰਬਾਨ ਕਰਨ ਲਈ ਤਿਆਰ ਸੀ। ਨੌਜਵਾਨਾਂ ਦਾ ਨਿਸਚਾ ਸੀ ਕਿ ਅਹਿੰਸਾ ਜਾਂ ਹਿੰਸਾ ਆਜ਼ਾਦੀ ਪ੍ਰਾਪਤ ਕਰਨ ਦੇ ਦੋ ਸਾਧਨ ਹਨ, ਇਸ ਕਰਕੇ ਸਾਧਨ ਬਦਲੇ ਜਾ ਸਕਦੇ ਹਨ। ਪ੍ਰੰਤੂ ਆਦਰਸ਼ ਆਜ਼ਾਦੀ ਹੈ ਅਹਿੰਸਾ ਨਹੀਂ। ਇਨ੍ਹਾਂ ਦੇ ਪਰਸਪਰ ਵਿਰੋਧੀ ਖਿਆਲਾਂ ਦੀ ਟੱਕਰ ਵਿਚੋਂ ਨੌਜਵਾਨ

Digitized by Panjab Digital Library | www.panjabdigilib.org

ਭਾਰਤ ਸਭਾ ਨੇ ਜਨਮ ਲਿਆ। ੧੯੨੬–੨੭ ਵਿਚ ਪੰਜਾਬ ਤੇ ਬੰਗਾਲ ਦੇ ਨੌਜਵਾਨਾਂ ਨੇ ਗੁਪਤ ਮੀਟਿੰਗਾਂ ਕਰਕੇ ਨੌਜਵਾਨ ਭਾਰਤ ਸਭਾ ਦੀ ਨੀਂਹ ਰੱਖੀ।

ਇਸ ਤੋਂ ਪਹਿਲਾਂ ਭੀ ਦੇਸ਼ ਵਿਚ ਕਈ ਦਹਿਸ਼ਤ ਪਸੰਦ ਪਾਰਟੀਆਂ ਕੰਮ ਕਰ ਰਹੀਆਂ ਸਨ। ਦਿਲੀ ਵਿਚ ਰਾਸ ਬਿਹਾਰੀ ਤੇ ਉਨ੍ਹਾਂ ਦੇ ਸਾਥੀਆਂ ਨੇ ਲਾਰਡ ਹਾਰਡਿੰਗ ਪਰ ਬੰਬ ਸੁਟ ਕੇ ਯਰਕਾਊ ਲਹਿਰ ਦਾ ਜੋ ਆਰੰਭ ਕੀਤਾ ਸੀ, ਉਸ ਦੀਆਂ ਕਈ ਸ਼ਾਖਾਂ ਅੱਡ ਅੱਡ ਸੂਬਿਆਂ ਵਿਚ ਕਾਇਮ ਹੋ ਚੁਕੀਆਂ ਸਨ। ੧੯੧੪–੧੫ ਵਿਚ ਸ: ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਕੁਰਬਾਨੀਆਂ ਨੇ ਨੌਜਵਾਨਾਂ ਪਰ ਬਹੁਤ ਅਸਰ ਕੀਤਾ ਅਤੇ ਉਹ ਤਾਕਤ ਦੇ ਜ਼ੋਰ ਨਾਲ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਕਢਣ ਦੀਆਂ ਸਕੀਮਾਂ ਸੋਚਦੇ ਰਹੇ।

ਨੌਜਵਾਨ ਭਾਰਤ ਸਭਾ ਵਿਚ ਸ੍ਰੀ ਅਜੈ ਘੋਸ਼, ਸ਼ਹੀਦ ਭਗਤ ਸਿੰਘ ਜੀ, ਰਾਜ ਗੁਰੂ, ਸੁਖਦੇਵ, ਜਤਿੰਦਰ ਦਾਸ, ਚੰਦਰ ਸ਼ੇਖਰ ਤੇ ਅਜ਼ਾਦ ਆਦਿਕ ਮੁਖੀ ਵਰਕਰ ਕੰਮ ਕਰਦੇ ਸਨ। ਸ: ਭਗਤ ਸਿੰਘ ਜੀ ਨੇ ੧੯੨੩ ਤੋਂ ਰਾਜਸੀ ਸਰਗਰਮੀਆਂ ਵਿਚ ਹਿੱਸਾ ਲੈਣਾ ਆਰੰਭ ਕੀਤਾ ਸੀ, ਜਦੋਂ ਅਜੇ ਆਪ ਪੜ੍ਹ ਹੀ ਰਹੇ ਸਨ। ਪੜ੍ਹਾਈ ਵਿਚੇ ਹੀ ਛਡਕੇ ਆਪ ਅਜ਼ਾਦੀ ਦੀ ਜਦੋ-ਜਹਿਦ ਵਿਚ ਸ਼ਾਮਲ ਹੋ ਗਏ ਅਤੇ ਅੰਤਮ ਸਮੇਂ ਤਕ ਬਹਾਦਰ ਸਿਪਾਹੀਆਂ ਵਾਂਗ ਲੜਦੇ ਰਹੇ।

ਪੰਜਾਬ ਦੀ ਨੌਜਵਾਨ ਭਾਰਤ ਸਭਾ ਵਿਚ ਸ: ਭਗਤ ਸਿੰਘ ਜੀ ਦਾ ਖਾਸ ਦਰਜਾ ਸੀ। ਆਪਦੇ ਚਾਚਾ ਸ: ਅਜੀਤ ਸਿੰਘ ਜੀ ਇਕ ਪ੍ਰਸਿੱਧ ਦੇਸ਼ ਭਗਤ ਸਨ ਜੋ ਦੇਸ਼ ਭਗਤੀ ਦੇ ਦੋਸ਼ ਵਿਚ ਜਿਲਾਵਤਨ ਕਰ ਦਿਤੇ ਗਏ ਸਨ। ਇਸ ਕਰਕੇ ਸ: ਭਗਤ ਸਿੰਘ ਜੀ ਦਾ ਖਾਨਦਾਨ ਅਜ਼ਾਦੀ ਦੀ ਜਦੋ-ਜਹਿਦ ਵਿਚ ਮੁਢ ਤੋਂ ਹੀ ਸ਼ਾਨਦਾਰ ਕੁਰਬਾਨੀਆਂ ਕਰਦਾ ਆ ਰਿਹਾ ਸੀ। ਇਨ੍ਹਾਂ ਗਲਾਂ ਕਰਕੇ ਸ: ਭਗਤ ਸਿੰਘ ਜੀ ਬਹੁਤ ਥੋੜ੍ਹੇ ਅਰਸੇ ਵਿਚ ਹੀ ਜੰਗਿ ਅਜ਼ਾਦੀ ਦੇ ਸਿਪਾਹ-ਸਲਾਰ ਬਣ ਗਏ ਤੇ ਦੇਸ਼ ਦੇ ਕੋਨੇ ੨ ਵਿਚ ਆਪ ਦਾ ਨਾਮ ਗੂੰਜਣ ਲੱਗਾ। ਸ੍ਰੀ ਅਜੈ ਕੁਮਾਰ ਘੋਸ਼ ਨੇ ਆਪਣੀ ਰਚਨਾਂ "ਸ: ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ" ਵਿਚ ਲਿਖਿਆ ਹੈ ਕਿ ੧੯੨੩ ਵਿਚ ਜਦ ਪਹਿਲੀ ਵੇਰ ਸ: ਭਗਤ ਸਿੰਘ ਜੀ ਆਪ ਨੂੰ ਮਿਲੇ ਤਾਂ ਉਨ੍ਹਾਂ ਦਾ ਸਰੀਰ ਦੁਬਲਾ (ਪਤਲਾ) ਸੀ ਤੇ ਤਨ ਪਰ ਮੈਲੇ ਕਪੜੇ ਪਾਇ ਹੋਣ ਕਰਕੇ ਉਨਾਂ ਦੀ ਸ਼ਖਸੀਅਤ ਦਾ ਦੇਖਣ ਵਾਲੇ ਪਰ ਚੰਗਾ ਪ੍ਰਭਾਵ ਨਹੀਂ ਪੈਂਦਾ ਸੀ। ਪਰ ੧੯੨੮ ਵਿਚ ਗ੍ਰਿਫਤਾਰ ਹੋਣ ਤੋਂ ਪਹਿਲਾਂ ਉਹ ਪੰਜਾਬ ਦੇ ਹੋਰ ਨੌਜਵਾਨਾਂ ਵਾਂਗ ਇਕ ਗਰਾਂਡੀਲ ਤੇ ਰੋਹਬ ਦਾਬ ਵਾਲੇ ਨੌਜਵਾਨ ਬਣ ਗਏ। ਕੁਝ ਸਾਲਾਂ ਵਿਚ ਹੀ ਉਨ੍ਹਾਂ ਵਿਚ ਇਤਨੀ ਤਬਦੀਲੀ ਆ ਗਈ ਕਿ ਵੇਖਣ ਵਾਲੇ ਹੈਰਾਨ ਰਹਿ ਜਾਂਦੇ ਸਨ।

ਇਸ ਦਾ ਕਾਰਨ ਇਹ ਸੀ ਕਿ ਜਦ ਕੋਈ ਨੌਜਵਾਨ ਆਪਦੇ ਸਾਹਮਣੇ ਬੁਲੰਦ ਇਰਾਦੇ ਰਖਦਾ ਸੀ ਤਾਂ ਉਸ ਦੇ ਜਿਸਮ ਪਰ ਭੀ ਉਨ੍ਹਾਂ ਦਾ ਬਹੁਤ ਅਸਰ ਪੈਂਦਾ ਸੀ। ਉਚੇ ਵਿਚਾਰ ਵਾਲੇ ਨੌਜਵਾਨ ਦੇ ਚਿਹਰੇ ਪਰ ਇਕ ਖਾਸ ਕਿਸਮ ਦਾ ਜਲਾਲ ਪੈਦਾ ਹੋ ਜਾਂਦਾ ਹੈ, ਜੋ ਉਸ ਦੀ ਸ਼ਖਸੀਅਤ ਵਿਚ ਇਕ ਅਨੋਖੀ ਖਿੱਚ ਪੈਦਾ ਕਰ ਦਿੰਦਾ ਸੀ। ਇਸ ਗਲ ਦਾ ਅਸਰ ਸ: ਭਗਤ ਸਿੰਘ ਜੀ ਦੀ ਸ਼ਖਸੀਅਤ ਪਰ ਪਿਆ ਜਿਸ ਕਰਕੇ ਉਨਾਂ ਦਾ ਹਰ ਦੇਖਣ ਵਾਲੇ ਪਰ ਬਹੁਤ ਅਸਰ ਪੈਂਦਾ ਸੀ। ਸ: ਕਰਤਾਰ ਸਿੰਘ ਸਰਾਭਾ ਵਾਂਗ ਦ੍ਰਿੜਤਾ, ਹੌਸਲਾ ਤੇ ਆਦਰਸ਼ ਲਈ ਮਰ ਮਿਟਣ ਦੇ ਅਮਿੱਟ ਜਜ਼ਬੇ ਨੇ ਸ: ਭਗਤ ਸਿੰਘ ਜੀ ਨੂੰ ਭੀ ਹਰਮਨ ਪਿਆਰਾ ਨੌਜਵਾਨ ਬਣਾ ਦਿਤਾ ਸੀ।

Digitized by Panjab Digital Library | www.panjabdigilib.org

# ਸ: ਭਗਤ ਸਿੰਘ ਜੀ ਸ਼ਹੀਦ

ਸੀਸ ਟਕਾਏ ਤਲੀ ਤੇ ਸਭ ਸੰਗੀ ਸਮੇਤ ॥
ਫਾਂਸੀ ਪੀਂਘਾਂ ਝੂਟੀਆਂ ਦੇਸ਼ ਕੌਮ ਦੇ ਹੇਤ ॥

ਆਪ ਜੀ ਦਾ ਜਨਮ ਸ: ਕਿਸ਼ਨ ਸਿੰਘ ਦੇ ਘਰ ਮਾਤਾ ਗਿਆਨ ਕੌਰ ਦੇ ਉਧਰ ਤੋਂ ਦਿਨ ਬੁਧਵਾਰ, ਮਹੀਨਾ ਅਕਤੂਬਰ ਸੰਨ ੧੯੦੭ ਈ: ਤਾਰਿਆਂ ਦੀ ਛਾਵੇਂ ਪਿੰਡ ਵੰਗਿਆ ਜ਼ਿਲਾ ਲਾਇਲਪੁਰ ਵਿਖੇ ਹੋਯਾ (ਭਗਤ ਸਿੰਘ ਦੇ ਹੋਰ ਭੈਣ ਭਰਾ : ਕੁਲਵੰਤ ਸਿੰਘ, ਕਲਬੀਰ ਸਿੰਘ ਤੇ ਬੀਬੀ ਅਮਰ ਕੌਰ ਆਪ ਜੀ ਤੋਂ ਵਡੇ ਸਨ। ਪਿਛਾ ਪਿੰਡ ਖਟਕੜ ਕਲਾਂ ਜ਼ਿਲਾ ਜਲੰਧਰ ਦੁਆਬਾ ਸੀ) ਬਚਪਨ ਤੋਂ ਹੀ ਸ: ਭਗਤ ਸਿੰਘ ਜੀ ਨੂੰ ਦੇਸ਼ ਭਗਤੀ ਦੀ ਸਿੱਖਿਆ ਮਿਲੀ। ਜਦੋਂ ਆਪ ਅਜੇ ਖੇਡਦੇ ਸਨ ਤਾਂ ਆਪ ਦੇ ਚਾਚਾ ਸ: ਅਜੀਤ ਸਿੰਘ ਜੀ ਤੇ ਆਪ ਦੇ ਪਿਤਾ ਸ: ਕਿਸ਼ਨ ਸਿੰਘ ਜੀ ਬਾਰ ਦੇ ਉਸ ਕਿਸਾਨ ਅੰਦੋਲਨ ਦੀ ਅਗਵਾਈ ਕਰ ਰਹੇ ਸਨ ਜਿਸ ਨੇ ਆਜ਼ਾਦੀ ਦੀ ਜੱਦੋ ਜਿਹਦ ਦਾ ਪਹਿਲਾ ਕਾਂਡ ਲਿਖਿਆ। ਸਕੂਲ ਵਿਚ ਭੀ ਆਪ ਜੀ ਨੂੰ ਰਾਜਸੀ ਲਿਟਰੇਚਰ ਪੜ੍ਹਨ ਦਾ ਬਹੁਤ ਸ਼ੌਕ ਸੀ। ਸਮਾਜਵਾਦ ਦਾ ਭੀ ਆਪ ਨੇ ਗਹਿਰਾਪਨ ਪਾਨ ਕੀਤਾ ਸੀ, ਇਸ ਕਰਕੇ ਆਪ ਸਾਂਝੀ-ਵਾਲਤਾ ਦੇ ਕਟਰ ਹਾਮੀ ਸਨ। ਦੁਨੀਆਂ ਭਰ ਦੇ ਇੰਨਕਲਾਬ ਪਸੰਦ ਲੀਡਰਾਂ ਦੀਆਂ ਜੀਵਨੀਆਂ ਪੜ੍ਹਨੀਆਂ ਆਪ ਦਾ ਖਾਸ ਸ਼ੌਕ ਸੀ।

"ਜੈਸਾ ਸੇਵੇ ਤੈਸੋ ਹੋਵੇ" ਦੇ ਮਹਾਂ ਵਾਕ ਅਨੁਸਾਰ ਦੇਸ਼ ਭਗਤਾਂ ਦੀਆਂ ਜੀਵਨੀਆਂ ਪੜ੍ਹਕੇ ਆਪ ਪੂਰੇ ਤੌਰ ਪਰ ਦੇਸ਼ ਭਗਤੀ ਦੇ ਰੰਗ ਵਿਚ ਰੰਗੇ ਗਏ ਅਤੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਵਡੀ ਤੋਂ ਵਡੀ ਕੁਰਬਾਨੀ ਕਰਨ ਲਈ ਤਿਆਰ ਹੋ ਗਏ। ਅੰਗਰੇਜ਼ੀ ਸਾਮਰਾਜ ਆਜ਼ਾਦੀ ਦੀ ਜਦੋ ਜਿਹਦ ਨੂੰ ਕੁਚਲਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਿਹਾ ਸੀ। ਪੁਲਸ ਦੀਆਂ ਲਾਠੀਆਂ ਦੇਸ਼ ਭਗਤਾਂ ਦੀਆਂ ਹੱਡ ਪਸਲੀਆਂ ਤੋੜ ਰਹੀਆਂ ਸਨ। ਮਜ਼ਦੂਰਾਂ ਤੇ ਕਿਸਾਨਾਂ ਨੂੰ ਰੋਟੀ ਮੰਗਣ ਤੇ ਗੋਲੀਆਂ ਮਿਲਦੀਆਂ ਸਨ। ਇਹੋ ਜਿਹੀ ਹਾਲਤ ਨੇ ਨੌਜਵਾਨਾਂ ਨੂੰ "ਤੰਗ ਆਮਦ ਬਜੰਗ ਆਮਦ" ਦੀ ਪਾਲਸੀ ਪਰ ਅਮਲ ਕਰਨ ਲਈ ਮਜਬੂਰ ਕਰ ਦਿਤਾ। ਅੰਗਰੇਜ਼ੀ ਸਰਕਾਰ ਇਕ ਪਾਸੇ ਆਜ਼ਾਦੀ ਪਸੰਦ ਦੇਸ਼ ਭਗਤਾਂ ਨੂੰ ਕੁਚਲ ਦੇਣਾ ਚਾਹੁੰਦੀ ਸੀ ਤੇ ਦੂਜੇ ਪਾਸੇ ਕਿਸ਼ਤਾਂ ਰਾਹੀਂ ਸੈਰਾਜ ਦੇਣ ਦਾ ਝਾਂਸਾ ਦੇ ਕੇ ਭਾਰਤ ਵਾਸੀਆਂ ਦੀਆਂ ਅਖਾਂ ਵਿਚ ਘੱਟਾ ਪਾਉਣਾ ਚਾਹੁੰਦੀ ਸੀ। ੧੯੨੮ ਵਿਚ ਸਰਕਾਰ ਨੇ ਸਾਈਮਨ ਕਮਿਸ਼ਨ ਭੇਜਿਆ ਕਿ ਉਹ ਕਿਸ਼ਤਾਂ ਰਾਹੀਂ ਸਵਰਾਜ ਦੇਣ ਲਈ ਮੁਨਾਸਬ ਹਾਲਾਤ ਪੈਦਾ ਕਰੇ ਅਤੇ ਇਹ ਰੀਪੋਰਟ ਕਰੇ ਕਿ ਇਸ ਪਾਲਸੀ ਦਾ ਭਾਰਤ ਪਰ ਕੀ ਅਸਰ ਪਵੇਗਾ ?

ਦੇਸ਼ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਨੇ ਸਾਈਮਨ ਕਮਿਸ਼ਨ ਦਾ ਬਾਈਕਾਟ ਕਰਨ ਦਾ ਫੈਸਲਾ ਕੀਤਾ। ਸਾਰੇ ਵਡੇ ੨ ਸ਼ਹਿਰਾਂ ਵਿਚ ਜ਼ਬਰਦਸਤ ਮੁਜ਼ਾਹਰੇ ਹੋਏ ਕਿ "ਸਾਈਮਨ ਵਾਪਸ ਜਾਓ" ਦੇ ਨਾਹਰਿਆਂ ਨਾਲ ਆਸਮਾਨ ਗੂੰਜ ਉਠਿਆ। ਅੰਗਰੇਜ਼ਾਂ ਨੇ ਤਾਕਤ ਦੇ ਜ਼ੋਰ ਨਾਲ ਕਮਿਸ਼ਨ ਦਾ ਵਿਰੋਧ ਕਰਨ ਵਾਲਿਆਂ ਨੂੰ ਦਬਾਉਣਾ ਚਾਹਿਆ। ਪ੍ਰੰਤੂ ਸਖਤੀ ਕਰਨ ਨਾਲ ਜਨਤਾ ਦਾ ਜੋਸ਼ ਹੋਰ ਭੀ ਭੜਕ ਉਠਿਆ। ਕਲਕਤੇ, ਬੰਬਈ, ਦਿਲੀ ਤੇ ਲਾਹੌਰ ਆਦਿਕ ਸ਼ਹਿਰਾਂ ਵਿਚ ਸਾਈਮਨ ਕਮਿਸ਼ਨ ਵਿਰੁਧ ਰੋਸ ਮਈ ਹੜਤਾਲ ਤੇ ਮੁਜ਼ਾਹਰੇ ਹੋਏ। ਲਾਹੌਰ ਵਿਚ ਪੁਲਸ ਨੇ ਮੁਜ਼ਾਹਰਾ ਕਰਨ ਵਾਲਿਆਂ ਪਰ ਸਖਤ ਲਾਠੀਚਾਰਜ ਕੀਤਾ ਜਿਸ ਵਿਚ ਪ੍ਰਸਿਧ ਦੇਸ਼ ਭਗਤ ਲਾਲਾ ਲਾਜਪਤ ਰਾਇ ਭੀ ਸਖਤ ਜ਼ਖਮੀਂ ਹੋ ਗਏ।

Digitized by Panjab Digital Library | www.panjabdigilib.org

ਇਸ ਘਟਨਾ ਨੇ ਨੌਜਵਾਨਾਂ ਦੇ ਦਿਲਾਂ ਤੇ ਬਲਦੀ ਪਰ ਤੇਲ ਪਾਉਣ ਦਾ ਅਸਰ ਕੀਤਾ। ਸ: ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਗੋਰੇ ਡੀ. ਐਸ. ਪੀ. ਸਾਂਡਰਸ ਨੂੰ ਕਤਲ ਕਰਕੇ ਬਦਲਾ ਲੈਣ ਦਾ ਫੈਸਲਾ ਕੀਤਾ। ਨਵੰਬਰ ੧੯੨੮ ਵਿਚ ਸਾਂਡਰਸ ਨੂੰ ਪੁਲਸ ਲਾਈਨ ਦੇ ਸਾਹਮਣੇ ਮੋਟਰ ਸਾਈਕਲ ਪਰ ਸਵਾਰ ਹੋਣ ਲਗਿਆਂ ਗੋਲੀ ਦਾ ਨਿਸ਼ਾਨਾ ਬਣਾ ਦਿਤਾ ਗਿਆ। ਮੌਕੇ ਪਰ ਕੋਈ ਭੀ ਦੋਸ਼ੀ ਗ੍ਰਿਫਤਾਰ ਨਾ ਹੋ ਸਕਿਆ। ਪੁਲਸ ਨੇ ਤਫਤੀਸ਼ ਆਰੰਭ ਕਰ ਦਿੱਤੀ। ਸ: ਭਗਤ ਸਿੰਘ ਜੀ ਬਚ ਕੇ ਨਿਕਲ ਗਏ। ਗੁਪਤ ਰਹਿਕੇ ਆਪ ਨੇ ਸਾਰੇ ਦੇਸ਼ ਵਿਚ ਵਿਚਰ ਕੇ ਨੌਜਵਾਨ ਭਾਰਤ ਸਭਾ ਵਿਚ ਨਵੀਂ ਰੂਹ ਫੂਕ ਦਿਤੀ। ਲਾਲਾ ਲਾਜਪਤ ਰਾਇ ਦੇ ਚਲਾਣੇ ਪਿਛੋਂ ਦੇਸ਼ ਵਿਚ ਹਰ ਪਾਸੇ ਜਾਗਰਤ ਫੈਲ ਗਈ।

ਅਖਬਾਰਾਂ ਤੇ ਰਸਾਲਿਆਂ ਨੇ ਸ: ਭਗਤ ਸਿੰਘ ਤੇ ਆਪ ਦੇ ਸਾਥੀਆਂ ਦੀਆਂ ਤਸਵੀਰਾਂ ਛਾਪੀਆਂ ਜਿਨ੍ਹਾਂ ਨੂੰ ਵੇਖਕੇ ਨੌਜਵਾਨਾਂ ਦਾ ਉਤਸ਼ਾਹ ਬਹੁਤ ਵਧ ਗਿਆ। ਦੇਸ਼ ਦੇ ਵਡੇ ਲੀਡਰਾਂ ਨਾਲੋਂ ਇਨ੍ਹਾਂ ਨੌਜਵਾਨਾਂ ਦਾ ਨਾਮ ਬਹੁਤ ਜ਼ਿਆਦਾ ਪ੍ਰਸਿਧ ਹੋ ਗਿਆ। ਸਰਕਾਰ ਨੇ ਮਜ਼ਦੂਰਾਂ ਦੀਆਂ ਹੜਤਾਲਾਂ ਕੁਚਲਣ ਲਈ ਨਵੇਂ ਬਿਲ ਪੇਸ਼ ਕੀਤੇ। ਜਿਸ ਦਿਨ ਸੈਂਟਰਲ ਅਸੈਂਬਲੀ ਵਿਚ ਇਹ ਬਿਲ ਪੇਸ਼ ਹੋਣਾ ਸੀ। ਪਹਿਲਾਂ ਬਿਲ ੧੯੨੮ ਵਿਚ ਪੇਸ਼ ਹੋਇਆ, ਦੋ ਵਾਰ ਵਾਪਸ ਕਰਨ ਤੇ ਸੀਲੈਕਟ ਕਮੇਟੀ ਪਾਸ ਜਾਣ ਪਿਛੋਂ ਅਪਰੈਲ ੧੯੨੯ ਵਿਚ ਫੇਰ ਪੇਸ਼ ਹੋਇਆ। ਉਸ ਦਿਨ ਸ: ਭਗਤ ਸਿੰਘ ਤੇ ਦੱਤ ਨੇ ਅਸੈਂਬਲੀ ਵਿਚ ਬੰਬ ਸੁਟਿਆ। ਬੰਬ ਦੇ ਫੱਟਣ ਨਾਲ ਅਸੈਂਬਲੀ ਹਾਲ ਵਿਚ ਧੂਆਂ ਧਾਰ ਹੋ ਗਿਆ। ਕੋਈ ਆਦਮੀ ਜ਼ਖਮੀ ਨਾ ਹੋਇਆ। ਸ: ਭਗਤ ਸਿੰਘ ਤੇ ਦੱਤ ਗ੍ਰਿਫਤਾਰ ਕਰ ਲਏ ਗਏ। ਇਸ ਤੋਂ ਪਿਛੋਂ ਦੇਸ਼ ਭਰ ਵਿਚ ਪਕੜ ਧਕੜ ਸ਼ੁਰੂ ਹੋ ਗਈ। ਹੋਰ ਬਹੁਤ ਸਾਰੇ ਨੌਜਵਾਨ ਫੜੇ ਗਏ। ਬੰਬ ਕੇਸ ਵਿਚ ਸ: ਭਗਤ ਸਿੰਘ ਤੇ ਦੱਤ ਨੂੰ ਉਮਰ ਕੈਦਾਂ ਹੋਈਆਂ। ਇਸ ਤੋਂ ਪਿਛੋਂ ਸ: ਭਗਤ ਸਿੰਘ ਜੀ ਤੇ ਤਕਰੀਬਨ ੧੩ ਹੋਰ ਸਾਥੀਆਂ ਵਿਰੁਧ ਸਾਂਡਰਸ ਨੂੰ ਕਤਲ ਕਰਨ ਦੀ ਸਾਜ਼ਸ਼ ਦਾ ਮੁਕਦਮਾਂ ਬਣਾਇਆ ਗਿਆ।

ਸ: ਭਗਤ ਤੇ ਦਤ ਨੇ ਭੁਖ ਹੜਤਾਲ ਕਰ ਦਿਤੀ। ਪਿਛੋਂ ਹੋਰ ਬਹੁਤ ਸਾਰੇ ਰਾਜਸੀ ਕੈਦੀ ਭੀ ਭੁਖ ਹੜਤਾਲ ਵਿਚ ਸ਼ਾਮਲ ਹੋ ਗਏ ਅਤੇ ਇਹ ਭੁਖ ਹੜਤਾਲ ਤਕਰੀਬਨ ੬੩ ਦਿਨ ਤਕ ਰਹੀ। ਸ੍ਰੀ ਜਤਿੰਦਰ ਨਾਥ ਦਾਸ ਇਸ ਭੁਖ ਹੜਤਾਲ ਵਿਚ ਸ਼ਹੀਦ ਹੋ ਗਏ। ਉਹਨਾਂ ਦੀ ਅਰਥੀ ਦਾ ਲਾਹੌਰ ਵਿਚ ਸ਼ਾਨਦਾਰ ਜਲੂਸ ਨਿਕਲਿਆ, ਜਿਸ ਨੇ ਦੇਸ਼ ਭਰ ਵਿਚ ਹਿਲ ਚੁਲ ਪੈਦਾ ਕਰ ਦਿਤੀ। ਸਾਰੇ ਦੇਸ਼ ਦੀਆਂ ਜੇਲ੍ਹਾਂ ਵਿਚ ਬੰਦ ਰਾਜਸੀ ਕੈਦੀਆਂ ਨੇ ਭੁਖ ਹੜਤਾਲ ਕਰ ਦਿਤੀ। ਇਹਨਾਂ ਦੀਆਂ ਮੰਗਾਂ ਇਹ ਸਨ : ਸਾਰੇ ਰਾਜਸੀ ਕੈਦੀਆਂ ਨਾਲ ਇਕੋ ਜਿਹਾ ਵਰਤਾਉ ਕੀਤਾ ਜਾਵੇ ਅਤੇ ਲਿਖਣ ਪੜ੍ਹਣ ਦੀਆਂ ਸਹੂਲਤਾਂ ਦਿਤੀਆਂ ਜਾਣ। ਅੰਤ ਸਰਕਾਰ ਨੂੰ ਇਹਨਾਂ ਦੇਸ਼ ਭਗਤਾਂ ਅਗੇ ਝੁਕਣਾ ਪਿਆ।

ਭੁਖ ਹੜਤਾਲ ਦੇ ਦਿਨਾਂ ਵਿਚ ਸ: ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਬਹੁਤ ਪ੍ਰਸਿੱਧਤਾ ਹੋਈ। ਹਕੂਮਤ ਦਾ ਦਮਨ ਚੱਕਰ ਫੇਹਲ ਹੋ ਗਿਆ। ਉਹ ਅਖਬਾਰਾਂ ਦੇ ਦਫਤਰਾਂ ਪਰ ਛਾਪੇ ਮਾਰਦੀ ਅਤੇ ਹੋਰ ਸਖਤੀਆਂ ਕਰਦੀ ਪਰ ਲੋਕਾਂ ਦਾ ਜੋਸ਼ ਵਧਦਾ ਹੀ ਗਿਆ। ਸ੍ਰੀ ਜਤਿੰਦਰ ਨਾਥ ਦਾਸ ਦੀ ਸ਼ਹਾਦਤ ਨੇ ਬਲਦੀ ਤੇ ਤੇਲ ਪਾਉਣ ਦਾ ਕੰਮ ਕੀਤਾ। ਮੁਕੱਦਮੇ ਦੇ ਦੌਰਾਨ ਵਿਚ ਦੇਸ਼ ਭਗਤਾਂ ਦੀ ਪੁਲਸ ਨਾਲ ਕਈ ਵਾਰ ਟੱਕਰ ਹੋ ਜਾਂਦੀ ਤੇ ਮੁਕਦਮਾ ਲੰਬਾ ਹੋ ਜਾਂਦਾ। ੯ ਮਹੀਨੇ ਤਕ ਮੁਕਦਮਾ ਕਿਸੇ ਪਾਸੇ ਨਾ ਲੱਗ ਸਕਿਆ। ਜੇ ਸਰਸਰੀ ਤ੍ਰੀਕੇ ਨਾਲ ਮੁਕਦਮਾ ਚਲਦਾ ਤਾਂ ਸਰਕਾਰ ਇਨ੍ਹਾਂ ਦੇਸ਼ ਭਗਤਾਂ ਦਾ ਕੁਝ ਨਹੀਂ ਵਿਗਾੜ ਸਕਦੀ ਸੀ। ਇਹ ਵੇਖ ਕੇ ਵਾਇਸਰਾਇ ਨੇ ਇਕ

Digitized by Panjab Digital Library | www.panjabdigilib.org

ਖਾਸ ਆਰਡੀਨੈਂਸ ਜਾਰੀ ਕੀਤਾ ਜਿਸ ਅਨੁਸਾਰ ਫੈਸਲਾ ਕੀਤਾ ਗਿਆ ਕਿ ਜੇ ਦੋਸ਼ੀ ਮੁਕਦਮੇ ਵਿਚ ਹਿਸਾ ਨਾ ਲੈਣ ਤਦ ਭੀ ਮੁਕਦਮਾ ਜਾਰੀ ਰਹੇਗਾ ਤੇ ਇਹ ਮੁਕਦਮੇ ਇਕ ਸਪੈਸ਼ਲ ਅਦਾਲਤ ਸੁਣੇਗੀ ਅਤੇ ਇਸ ਦੇ ਫੈਸਲੇ ਵਿਰੁਧ ਅਪੀਲ ਨਹੀਂ ਹੋ ਸਕੇਗੀ। ਇਸ ਮੁਕਦਮੇ ਵਿਚ ਜੋ ਸਰਕਾਰੀ ਗਵਾਹ ਸਨ ਉਨਾਂ ਵਿਚੋਂ ਇਕ ਯੂਰਪੀਨ ਅਫਸਰ ਮਿ: ਫਾਰਨ ਮੌਕੇ ਦਾ ਗਵਾਹ ਸੀ ਪਰ ਉਹ ਸ: ਭਗਤ ਸਿੰਘ ਜੀ ਦੀ ਸ਼ਨਾਖਤ ਨਾ ਕਰ ਸਕਿਆ। ਦੂਜੇ ਗਵਾਹ ਵੀ ਬਿਆਨ ਬਦਲਨ ਲਈ ਤਿਆਰ ਹੋ ਗਏ। ਇਨ੍ਹਾਂ ਹਾਲਾਤਾਂ ਨੇ ਸਾਬਤ ਕਰ ਦਿਤਾ ਕਿ ਸਧਾਰਨ ਤਰੀਕੇ ਨਾਲ ਇਸ ਮੁਕਦਮੇ ਦਾ ਫੈਸਲਾ ਸਰਕਾਰ ਦੇ ਹੱਕ ਵਿਚ ਨਹੀਂ ਹੋ ਸਕਦਾ। ਇਸ ਕਰਕੇ ਸਰਕਾਰ ਨੇ ਨਵਾਂ ਢੰਗ ਰਚਾਇਆ ਅਤੇ ਅਧਿਕਾਰਾਂ ਦੀ ਅਯੋਗ ਵਰਤੋਂ ਕਰਕੇ ਦੇਸ਼ ਭਗਤਾਂ ਨੂੰ ਫਾਂਸੀਆਂ ਪਰ ਲਟਕਾਉਣ ਦਾ ਪੱਕਾ ਇਰਾਦਾ ਬਣਾਇਆ। ਦੇਸ਼ ਭਗਤਾਂ ਨੇ ਸਮਝ ਲਿਆ ਕਿ ਸਰਕਾਰ ਕੀ ਕਰਨਾ ਚਾਹੁੰਦੀ ਹੈ? ਪਰ ਉਹ ਬੜੀ ਬੇ-ਖੌਫੀ ਨਾਲ ਹਾਲਾਤ ਦਾ ਮੁਕਾਬਲਾ ਕਰਦੇ ਰਹੇ।

ਸਪੈਸ਼ਲ ਅਦਾਲਤ ਵਿਚ ਮੁਕਦਮਾ ਚਲਦੇ ਨੂੰ ਅਜੇ ਦੋ ਹਫਤੇ ਹੀ ਹੋਏ ਸਨ ਕਿ ਇਕ ਵੇਰ ਪੁਲਸ ਤੇ ਨੌਜਵਾਨਾਂ ਵਿਚ ਟੱਕਰ ਹੋ ਗਈ। ਦੇਸ਼ ਭਗਤ ਅਦਾਲਤ ਵਿਚ ਦਾਖਲ ਹੋਣ ਸਮੇਂ ਨਾਹਰੇ ਮਾਰਦੇ ਸਨ, ਇਸ ਕਰਕੇ ਅਦਾਲਤ ਨੇ ਹੁਕਮ ਦਿਤਾ ਕਿ ਇਨ੍ਹਾਂ ਨੂੰ ਹਥਕੜੀਆਂ ਲਗਾ ਕੇ ਪੇਸ਼ ਕੀਤਾ ਜਾਵੇ। ਇਸ ਹੁਕਮ ਵਿਰੁਧ ਦੇਸ਼ ਭਗਤਾਂ ਨੇ ਰੋਸ ਪ੍ਰਗਟ ਕੀਤਾ ਤੇ ਹਥਕੜੀਆਂ ਪਹਿਨਣ ਤੋਂ ਇਨਕਾਰ ਕਰ ਦਿਤਾ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਪੁਲਸ ਨੇ ਦੇਸ਼ ਭਗਤਾਂ ਪਰ ਸਖਤ ਲਾਠੀਚਾਰਜ ਕੀਤਾ ਤੇ ਬੰਦੂਕਾਂ ਦੇ ਕੁੰਦੇ ਮਾਰ ਮਾਰ ਕੇ ਕਈ ਸਜਨਾਂ ਨੂੰ ਸਖਤ ਜ਼ਖਮੀ ਕਰ ਦਿਤਾ ਗਿਆ। ਇਸ ਪ੍ਰਕਾਰ ਕਈ ਮਹੀਨੇ ਮੁਕਦਮੇ ਦਾ ਡਰਾਮਾ ਰਚ ਕੇ ਆਖਰ ਅਕਤੂਬਰ ੧੯੩੦ ਵਿਚ ਇਸ ਮੁਕਦਮੇ ਦਾ ਫੈਸਲਾ ਸੁਣਾ ਦਿਤਾ ਗਿਆ। ਭ: ਭਗਤ ਸਿੰਘ, ਰਾਜ ਗੁਰੂ ਤੇ ਸੁਖਦੇਵ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਸੱਤਾਂ ਨੂੰ ਉਮਰ ਕੈਦ ਤੇ ਕਈ ਹੋਰ ਦੇਸ਼ ਭਗਤਾਂ ਨੂੰ ਲੰਬੀਆਂ ੨ ਸਜ਼ਾਵਾਂ ਦਿਤੀਆਂ ਗਈਆਂ।

"ਇੰਨਕਲਾਬ ਜ਼ਿੰਦਾਬਾਦ" ਦਾ ਨਾਹਰਾ ਸਭ ਤੋਂ ਪਹਿਲਾਂ ਸ: ਭਗਤ ਸਿੰਘ ਜੀ ਨੇ ਲਗਾਇਆ ਸੀ ਪ੍ਰੰਤੂ ਥੋੜੇ ਦਿਨਾਂ ਵਿਚ ਹੀ ਇਹ ਨਾਹਰਾ ਦੇਸ਼ ਦੇ ਕੋਨੇ ੨ ਵਿਚ ਗੂੰਜ ਉਠਿਆ। ਹਰ ਨੌਜਵਾਨ ਇਸ ਨਾਹਰੇ ਦੀ ਆਵਾਜ਼ ਸੁਣ ਕੇ ਝੂਮ ਉਠਦਾ ਤੇ ਕੁਰਬਾਨੀ ਕਰਨ ਲਈ ਤਿਆਰ ਹੋ ਜਾਂਦਾ। ਦੇਸ਼ ਦੇ ਕਿਸੇ ਕੋਨੇ ਵਿਚ ਜਲਸਾ ਹੁੰਦਾ ਤਾਂ ਸ: ਭਗਤ ਸਿੰਘ ਜ਼ਿੰਦਾਬਾਦ, "ਇੰਨਕਲਾਬ ਜ਼ਿੰਦਾਬਾਦ" ਦੇ ਨਾਹਰਿਆਂ ਨਾਲ ਫਿਜ਼ਾ ਗੂੰਜ ਉਠਦੀ ਸੀ। ਬਚੇ ਬਚੇ ਦੀ ਜ਼ਬਾਨ ਪਰ ਉਸ ਸਮੇਂ ਸ: ਭਗਤ ਸਿੰਘ ਦਾ ਨਾਮ ਸੀ। ਇਧਰ ਦੇਸ਼ ਭਰ ਵਿਚ ਆਜ਼ਾਦੀ ਦੀ ਲਹਿਰ ਜ਼ੋਰਾਂ ਪਰ ਸੀ ਤੇ ਉਧਰ ਸਰਕਾਰ ਕਾਂਗਰਸੀ ਲੀਡਰਾਂ ਨਾਲ ਸਮਝੌਤੇ ਦੀ ਗਲ ਬਾਤ ਚਲਾ ਰਹੀ ਸੀ। ਭਾਰਤ ਵਾਸੀਆਂ ਨੂੰ ਨਿਸਚਾ ਸੀ ਕਿ ਕਾਂਗਰਸੀ ਲੀਡਰ ਸ: ਭਗਤ ਸਿੰਘ ਜੀ ਜੈਸੇ ਨੌਜਵਾਨ ਨੂੰ ਕੁਰਬਾਨ ਕਰਕੇ ਕੋਈ ਸਮਝੌਤਾ ਨਹੀਂ ਕਰੇਗੀ ਅਤੇ ਹਰ ਹਾਲਤ ਵਿਚ ਇਨ੍ਹਾਂ ਨੌਜਵਾਨਾਂ ਨੂੰ ਬਚਾ ਲਿਆ ਜਾਵੇਗਾ, ਪ੍ਰੰਤੂ ਕਾਂਗਰਸੀ ਲੀਡਰਾਂ ਨੇ ਦੇਸ਼ ਵਾਸੀਆਂ ਦੀਆਂ ਇਛਾਵਾਂ ਦੇ ਵਿਰੁਧ ਸਰਕਾਰ ਨਾਲ ਸਮਝੌਤਾ ਕਰਨ ਸਮੇਂ ਸ: ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਰਿਹਾਈ ਦੀ ਕੋਈ ਸ਼ਰਤ ਨਾ ਰਖੀ। ਇਸ ਗਲ ਨੇ ਸਰਕਾਰ ਨੂੰ ਹੌਂਸਲਾ ਦਿਤਾ ਕਿ ਉਹ ਸ: ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਫਾਂਸੀਆਂ ਪਰ ਲਟਕਾ ਦੇਵੇ। ਅਪਰੈਲ ੧੯੩੧ ਵਿਚ ਜਦੋਂ ਆਲ ਇੰਡੀਆ ਕਾਂਗਰਸ ਕਮੇਟੀ ਦਾ ਸਾਲਾਨਾ ਸਮਾਗਮ ਕਰਾਚੀ ਵਿਚ ਹੋ ਰਿਹਾ ਸੀ ਤਾਂ ਉਨ੍ਹਾਂ ਦਿਨਾਂ ਵਿਚ ਹੀ ਸ: ਭਗਤ ਸਿੰਘ ਜੀ

Digitized by Panjab Digital Library | www.panjabdigilib.org

ਰਾਜਗੁਰੂ ਤੇ ਸੁਖਦੇਵ ਨੂੰ ਲਾਹੌਰ ਜੇਲ੍ਹ ਵਿਚ ਸ਼ਾਮ ਦੇ ਸਾਢੇ ਸਤ ਵਜੇ ੨੩ ਮਾਰਚ ੧੯੩੧ ਨੂੰ ਫਾਂਸੀਆਂ ਤੇ ਲਟਕਾ ਦਿਤਾ ਗਿਆ। ਜਿਸ ਤਰੀਕੇ ਨਾਲ ਇਨ੍ਹਾਂ ਦੇਸ਼ ਭਗਤਾਂ ਨੂੰ ਚੋਰੀ ਫਾਂਸੀ ਪਰ ਲਟਕਾਇਆ ਗਿਆ ਤੇ ਜੇਲ੍ਹ ਦੀ ਕੰਧ ਤੋੜ ਕੇ ਪਿਛੋਂ ਦੀ ਲਾਸ਼ਾਂ ਲੈ ਜਾ ਕੇ ਫੀਰੋਜ਼ਪੁਰ ਦੇ ਨੇੜੇ ਸਤਲੁਜ ਦੇ ਕਿਨਾਰੇ ਤੇਲ ਪਾ ਕੇ ਸਾੜ ਦਿਤੀਆਂ ਗਈਆਂ।

ਇਧਰ ਦੇਸ਼ ਦੇ ਤਿੰਨ ਬਹੁਮੁਲੇ ਹੀਰੇ ਤੇ ਨੌਜਵਾਨਾਂ ਦੇ ਦਿਲਾਂ ਦੇ ਬਾਦਸ਼ਾਹ ਰਾਜ ਗੁਰੂ, ਸੁਖਦੇਵ ਤੇ ਸ: ਭਗਤ ਸਿੰਘ ਸ਼ਹੀਦ ਜੀ ਦੀਆਂ ਕੀਮਤੀ ਜਵਾਨੀਆਂ ਸਤਲੁਜ ਦੇ ਕੰਢੇ ਅਗਨ ਭੇਟਾ ਕੀਤੀਆਂ ਜਾ ਰਹੀਆਂ ਸਨ, ਅਤੇ ਉਧਰ ਕਾਂਗਰਸੀ ਲੀਡਰ ਕਰਾਚੀ ਵਿਚ ਅਹਿੰਸਾ ਦੀ ਅਹਿਮੀਅਤ ਦਸਣ ਲਈ ਲਛੇਦਾਰ ਤਕਰੀਰਾਂ ਕਰ ਰਹੇ ਸਨ। ਭਾਰਤ ਦੇ ਕੋਨੇ ੨ ਵਿਚ ਮਾਤਮ ਦੀਆਂ ਸਫਾਂ ਵਿਛੀਆਂ ਹੋਈਆਂ ਸਨ। ਹਰ ਭਾਰਤ ਵਾਸੀ ਦੀਆਂ ਅਖਾਂ ਵਿਚੋਂ ਅਥਰੂ ਕਿਰ ਰਹੇ ਸਨ ਤੇ ਉਹ ਕਿਹੜਾ ਦਿਲ ਸੀ ਜਿਸ ਵਿਚੋਂ ਦਰਦ ਦੀਆਂ ਆਹਾਂ ਨਾ ਨਿਕਲੀਆਂ ਹੋਣ। ਜਿਸ ਦਿਨ ਸ: ਭਗਤ ਸਿੰਘ ਜੀ ਨੂੰ ਫਾਂਸੀ ਦੇ ਤਖਤੇ ਪਰ ਲਟਕਾਇਆਂ ਗਿਆ ਉਸ ਸਮੇਂ ਉਹਨਾਂ ਦੀ ਉਮਰ ੨੪ ਸਾਲ ਦੀ ਸੀ। ਆਪ ਦੇ ਸਾਥੀ ਰਾਜ ਗੁਰੂ ਤੇ ਸੁਖਦੇਵ ਵੀ ਨੌਜਵਾਨ ਹੀ ਸਨ। ਸ: ਭਗਤ ਸਿੰਘ ਜੀ ਨਾਲ ਉਸ ਸਮੇਂ ਜੇਹੜੇ ਨੌਜਵਾਨ ਕੰਮ ਕਰਨ ਵਾਲੇ ਸਨ ਉਹਨਾਂ ਸਾਰਿਆਂ ਦੇ ਜੀਵਨ ਲਿਖਣ ਨਾਲ ਵਿਸਥਾਰ ਵਧਣ ਦਾ ਡਰ ਹੈ। ਇਸ ਕਰਕੇ ਹੇਠ ਅਸੀਂ ਇਸ ਪਾਰਟੀ ਦੇ ਉਘੇ ਵਰਕਰਾਂ ਦੇ ਨਾਮ ਹੀ ਦਰਜ ਕਰਦੇ ਹਾਂ।

ਨੌਜਵਾਨ ਭਾਰਤ ਸਭਾ ਦੇ ਮੋਢੀਆਂ ਵਿਚ ਉਸ ਸਮੇਂ ਚੰਦਰ ਸ਼ੇਖਰ ਆਜ਼ਾਦ ਦਾ ਨਾਂ ਬਹੁਤ ਪ੍ਰਸਿੱਧ ਸੀ। ਇਹ ਨੌਜਵਾਨ ਧਰਕਾਊ ਤਹਿਰੀਕ ਦਾ ਆਗੂ ਸੀ, ਬਹੁਤ ਹੁਸ਼ਿਆਰ ਤੇ ਫੁਰਤੀਲਾ ਸੀ। ਪੁਲਸ ਇਸ ਨੂੰ ਗ੍ਰਿਫਤਾਰ ਕਰਨ ਵਿਚ ਸਫਲ ਨਾ ਹੋ ਸਕੀ। ਕਈ ਸਾਲ ਤਕ ਇਸ ਨੇ ਆਪਣੀਆਂ ਸਰਗਰਮੀਆਂ ਜਾਰੀ ਰਖੀਆਂ। ਆਖਰ ਅਲਾਹਬਾਦ ਦੇ ਨੇੜੇ ਪੁਲਸ ਨਾਲ ਹੋਈ ਇਕ ਮੁਠ ਭੇੜ ਵਿਚ ਸ਼ਹੀਦ ਹੋ ਗਏ। ਮਹਾਂਬੀਰ ਸਿੰਘ ਨੂੰ ਭੀ ਸ: ਭਗਤ ਸਿੰਘ ਵਾਲੇ ਕੇਸ ਵਿਚ ਕਾਲੇ ਪਾਣੀ ਦੀ ਸਜ਼ਾ ਹੋਈ ਸੀ ਤੇ ਉਹ ਅੰਡੇਮਾਨ ਜਾ ਕੇ ਸ਼ਹੀਦ ਹੋ ਗਏ। ਜੈ ਦੇਵ, ਸ਼ਿਵ ਵਰਮਾ, ਕਿਸ਼ੋਰੀ ਲਾਲ, ਅਸਫਾਕ ਉਲਾ, ਬੀ. ਕੇ ਦਤ, ਰਾਮ ਪ੍ਰਸਾਦ ਬਿਸਮਲ, ਡਾਕਟਰ ਗਇਆ ਪ੍ਰਸ਼ਾਦ, ਭਗਵਤੀ ਚਰਨ, ਧਨਵੰਤਰੀ, ਰਜਿੰਦਰ ਸਿੰਘ ਲਹਿਰੀ ਆਦਿਕ ਵਰਕਰ ਉਮਰ ਕੈਦਾਂ ਕਟ ਕੇ ਤੇ ਆਪਣੀਆਂ ਬਹੁਮੁਲੀਆਂ ਜਵਾਨੀਆਂ ਜੇਹਲਾਂ ਵਿਚ ਗਾਲ ਕੇ ਬਾਹਰ ਆ ਗਏ ਤੇ ਅਜ ਤਕ ਦੇਸ਼ ਵਿਚ ਸਚੀ ਆਜ਼ਾਦੀ ਲਿਆਉਣ ਲਈ ਜਦੋ-ਜਹਿਦ ਕਰ ਰਹੇ ਹਨ। ਨੌਜਵਾਨ ਭਾਰਤ ਸਭਾ ਨੇ ਦੇਸ਼ ਦੇ ਨੌਜਵਾਨਾਂ ਵਿਚ ਬੜਾ ਉਤਸ਼ਾਹ ਤੇ ਸਵੈ ਭਰੋਸਾ ਪੈਦਾ ਕੀਤਾ। ਇਸ ਤਹਿਰੀਕ ਦੀ ਕੁਠਾਲੀ ਵਿਚ ਪੈ ਕੇ ਕੁੰਦਨ ਹੋਏ ਸੈਂਕੜੇ ਨੌਜਵਾਨ ਦੇਸ਼ ਦੀ ਆਜ਼ਾਦੀ ਦੇ ਸਚੇ ਸਿਪਾਹੀ ਬਣੇ ਅਤੇ ਉਹਨਾਂ ਨੇ ਦੇਸ਼ ਦੀ ਸਹੀ ਅਰਥਾਂ ਵਿਚ ਅਗਵਾਈ ਕੀਤੀ।

ਸ: ਭਗਤ ਸਿੰਘ ਜੀ ਤੇ ਆਪ ਦੇ ਸਾਥੀ ਸ੍ਰੀ ਰਾਮ ਪ੍ਰਸ਼ਾਦ ਬਿਸਮਲ ਦੇ ਰਚੇ ਹੋਇ ਜੋ ਸ਼ਿਅਰ ਹਰ ਸਮੇਂ ਪੜ੍ਹਦੇ ਰਹਿੰਦੇ ਸਨ ਤੇ ਜਿਨ੍ਹਾਂ ਨੂੰ ਇਹਨਾਂ ਦੇਸ਼ ਭਗਤਾਂ ਨੇ ਅਦਾਲਤ ਵਿਚ ਭੀ ਕਈ ਵੇਰ ਗਾ ਕੇ ਜੱਜਾਂ ਨੂੰ ਹੈਰਾਨੀ ਵਿਚ ਪਾ ਦਿਤਾ। ਉਨ੍ਹਾਂ ਦੇ ਕੁਝ ਨਮੂਨੇ ਹੇਠ ਦਰਜ ਕਰਦੇ ਹਾਂ ਤਾਕਿ ਨੌਜਵਾਨਾਂ ਨੂੰ ਪਤਾ ਲਗ ਸਕੇ ਕਿ ਉਹਨਾਂ ਦੇਸ਼ ਭਗਤਾਂ ਦੇ ਜਜ਼ਬਾਤ ਕਿਤਨੇ ਤੇਜ਼ ਸਨ। ਅੰਗਰੇਜ਼ੀ ਸਰਕਾਰ ਨੂੰ ਸੰਬੋਧਨ ਕਰਕੇ ਉਹ ਫਰਮਾਇਆ ਕਰਦੇ ਸਨ।

ਇਸੇ ਯਿਹ ਫਿਕਰ ਹੈ ਹਰਦਮ, ਨਈ ਜ਼ਫਾ ਕਿਆ ਹੈ।
ਹਮੇ ਯਿਹ ਸ਼ੌਕ ਹੈ ਦੇਖੇਂ ਸਿਤਮ ਕੀ ਇਨਤਹਾ ਕਿਆ ਹੈ।

Digitized by Panjab Digital Library | www.panjabdigilib.org

ਬਹਿਰ ਸੇ ਖਫਾ ਕਿਉਂ ਰਹੇਂ, ਚਰਖ ਕਾ ਕਿਉਂ ਗਿਲਾ ਕਰੇਂ ।
ਹਮਾਰਾ ਜਗ ਔਰ ਹੈ ਆਉ ਮੁਕਾਬਲਾ ਕਰੇਂ ।
ਕੋਈ ਦਮ ਕਾ ਮਹਿਮਾਨ ਹੂੰ ਅਹਿਲੇ ਮਹਿਫਲ ।
ਚਰਾਗਿ ਸਿਹਰ ਕੋ ਬੁਝਾ ਚਾਹਤਾ ਹੂੰ ।
ਮੇਰੀ ਹਵਾ ਮੇਂ ਰਹੇਗੀ ਖਿਆਲ ਕੀ ਬਿਜਲੀ ।
ਯਿਸ ਮੁਸ਼ਤਿ ਖਾਕ ਹੈ ਫਾਨੀ ਰਹੇ ਰਹੇ, ਨਾ ਰਹੇ ।
ਖੁਸ਼ ਰਹੋ ਅਹਿਲੇ ਵਤਨ ਹਮ ਤੋਂ ਸਫਰ ਕਰਤੇ ਹੈਂ ।

ਇਸ ਤੋਂ ਇਲਾਵਾ ਫਾਂਸੀ ਦੀ ਕੋਠੜੀ ਵਿਚੋਂ ਸ਼ਹੀਦ ਭਗਤ ਸਿੰਘ ਜੀ ਨੇ ਆਪਣੇ ਪਿਆਰੇ ਵੀਰ ਕੁਲਤਾਰ ਸਿੰਘ ਨੂੰ ਜੋ ਚਿਠੀਆਂ ਲਿਖੀਆਂ ਉਹ ਭੀ ਜ਼ਿਆਦਾ ਅਹਿਮੀਅਤ ਰਖਦੀਆਂ ਹਨ ਤੇ ਬੜੀਆਂ ਦਰਦਨਾਕ ਹਨ । ਵਿਸਥਾਰ ਦੇ ਡਰ ਤੋਂ ਚਿਠੀਆਂ ਦੀਆਂ ਹੂਬਹੂ ਨਕਲਾਂ ਦੇਣ ਤੋਂ ਸੰਕੋਚ ਕਰਨਾ ਪਿਆ ਹੈ ।

ਅਖੀਰ ੨੪ ਮਾਰਚ ੧੯੩੧ ਦੇ ਸੂਰਜ ਨੇ ਹਿੰਦੁਸਤਾਨ ਤੇ ਲਾਲ ਕਿਰਨਾਂ ਦਾ ਛਤਰ ਤਾਣਦਿਆਂ ਹੋਇਆਂ ਸਾਰੇ ਭਾਰਤੀਆਂ ਨੂੰ ਮਾਤਮੀ ਸੰਦੇਸ਼ਾ ਦਿਤਾ ਕਿ ਸ: ਭਗਤ ਸਿੰਘ, ਸੁਖਦੇਵ ਤੇ ਰਾਜ ਗੁਰੂ ਨੂੰ ਫਾਂਸੀ ਲਟਕਾ ਦਿਤਾ ਗਿਆ ਹੈ। ਸਰਕਾਰੀ ਤਾਰਾਂ ਤੇ ਟੈਲੀਫੂਨ ਦੁਆਰਾ ਅਫਸਰਾਂ ਵਿਚ ਹਲ ਚਲ ਮਚ ਗਈ । ਅਖਬਾਰ ਨਵੀਸਾਂ ਨੇ ਸਪੈਸ਼ਲ ਨੰਬਰ ਕਢੇ ਜਿਨ੍ਹਾਂ ਦੇ ਪਹਿਲੇ ਸਫਿਆਂ ਤੇ ਮੋਟੇ ਮੋਟੇ ਅਖਰਾਂ ਵਿਚ ਤਿੰਨਾਂ ਦੇ ਨਾਉਂ ਤੇ ਫੋਟੋ ਸਨ । ਭਾਵ ਕੀ ਜਿਸ ਨੇ ਸੁਣਿਆਂ ਉਸ ਨੂੰ ਨਹਾਉਣਾ ਧੋਣਾ, ਖਾਣਾ ਪੀਣਾ ਘਰ ਦੇ ਕੰਮ ਕਾਜ ਸਭ ਭੁਲ ਗਏ । ਆਪੋ ਆਪਣੇ ਪਿੰਡਾਂ ਤੇ ਸ਼ਹਿਰਾਂ ਵਿਚ ਇਕਤਰ ਹੋ ਕੇ ਮਾਤਮੀ ਜਲੂਸਾਂ ਤੇ ਜਲਸਿਆਂ ਦੀਆਂ ਤਿਆਰੀਆਂ ਹੋਈਆਂ, ਸਾਰੇ ਹਿੰਦੁਸਤਾਨੀਆ ਨੇ ਆਹ ਦਾ ਨਾਅਰਾ ਮਾਰਿਆ ।

ਸ: ਭਗਤ ਸਿੰਘ ਜੀ ਜ਼ਿੰਦਾ ਬਾਦ ।
ਰਾਜ ਗੁਰੂ ਜੀ ਜ਼ਿੰਦਾ ਬਾਦ ।
ਸੁਖਦੇਵ ਜੀ ਜ਼ਿੰਦਾ ਬਾਦ ।
ਇਨਕਲਾਬ ਜ਼ਿੰਦਾ ਬਾਦ ।
ਡੌਨ ਡੌਨ ਦੀ ਯੂਨੀਅਨ ਜੈਕ ।
ਨੌਕਰ ਸ਼ਾਹੀ ਦਾ ਬੇੜਾ ਗਰਕ ।

ਇਹਨਾਂ ਨਾਹਰਿਆਂ ਨਾਲ ਸਾਰੇ ਦੇਸ਼ ਦਾ ਵਾਯੂ ਮੰਡਲ ਗੂੰਜ ਉਠਿਆ । ਅੰਗਰੇਜ਼ਾਂ ਨੂੰ ਫਿਕਰ ਪਿਆ ਤੇ ਕਾਂਗਰਸ ਲੀਡਰਾਂ ਨੂੰ ਮਨਚਲੀਆਂ ਸੁਝੀਆਂ । ਕਾਂਗਰਸ ਨੇ ੩ ਦੇਸ਼ ਭਗਤਾਂ ਨੂੰ ਫਾਂਸੀ ਲਵਾਇਆ, ਜੇ ਗਾਂਧੀ ਵਾਇਸਰਾਇ ਨਾਲ ਸਮਝੌਤਾ ਨਾ ਕਰਦਾ ਤਾਂ ਅੰਗ੍ਰੇਜ਼ਾਂ ਨੂੰ ਫਾਂਸੀ ਦੇਣ ਦਾ ਹੌਸਲਾ ਹੀ ਨਾ ਪੈਂਦਾ । ੨੪ ਮਾਰਚ ਸਵੇਰੇ ਹੀ ਸਤਲੁਜ ਦੇ ਘਾਟ ਤੇ ਲਖਾਂ ਹੀ ਮਰਦ ਤੇ ਇਸਤਰੀਆਂ ਚਿਖਾ ਵਾਲੀ ਥਾਂ ਤੋਂ ਰਾਖ ਚੁਕ ਚੁਕ ਕੇ ਮਥੇ ਨੂੰ ਲਾ ਰਹੇ ਸਨ ਤੇ ਅਦਬ ਨਾਲ ਪੱਲੇ ਬੰਨ੍ਹ ਕੇ ਘਰਾਂ ਨੂੰ ਲੈ ਜਾ ਰਹੇ ਸਨ । ਜਿਸ ਜਿਸ ਨੇ ਸ਼ਹੀਦੀ ਅੰਗੀਠੇ ਦੀ ਯਾਤਰਾ ਕੀਤੀ ਉਹੀ ਅੰਗਰੇਜ਼ੀ ਰਾਜ ਦੀਆਂ ਸਖਤੀਆਂ ਦੇਖ ਕੇ ਇਉਂ ਬੋਲਦਾ ਸੀ—ਅਮਰ ਸ਼ਹੀਦ ਜ਼ਿੰਦਾ ਬਾਦ । ਅੰਗਰੇਜ਼ ਦਾ ਬੇੜਾ ਗਰਕ ।

[ਅਫਸੋਸ ਕਿ ਇਹਨਾਂ ਅਮਰ ਸ਼ਹੀਦਾਂ ਦੀ ਕੋਈ ਯਾਦ ਕਾਇਮ ਨਹੀਂ ਕੀਤੀ ਗਈ]

Digitized by Panjab Digital Library | www.panjabdigilib.org

# ਬੱਬਰ ਅਕਾਲੀ ਲਹਿਰ ਦਾ ਮੁਢ ਤੇ ਉਸ ਦੇ ਮੋਢੀ

ਸ: ਕਿਸ਼ਨ ਸਿੰਘ ਗੜਗਜ ਪਿੰਡ ਬਿੜਗ ਜ਼ਿਲਾ ਜਲੰਧਰ ਪਲਟਨ ਨੰਬਰ ੨-੩੫ ਸਿਖ।

ਬਾਬੂ ਸੰਤਾ ਸਿੰਘ ਜੀ ਪਿੰਡ ਹਰਿਓਂ ਤਹਿਸੀਲ ਸਮਰਾਲਾ ਜ਼ਿਲਾ ਲੁਧਿਆਣਾ ਪਲਟਨ ਨੰਬਰ ੫੨ ਵਿਚ ਸਨ ੧੯੨੧ ਵਿਚ ਇਹ ਪਲਟਨ ਜਲੰਧਰ ਛਾਉਣੀ ਵਿਚ ਸੀ ਉਸ ਵਕਤ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਪਿਛੋਂ ਦੁਸਾਂਝ ਕਲਾਂ ਵਿਚ ਇਕ ਭਾਰੀ ਪੁਲੀਟੀਕਲ ਕਾਨਫਰੰਸ ਹੋਈ ਜਿਸ ਤੋਂ ਬਾਬੂ ਜੀ ਨੇ ਕੌਮੀ ਅਣਖ ਚਮਕਣ ਤੇ ਨੌਕਰੀ ਛਡਕੇ ਕੌਮੀ ਲਹਿਰ ਵਿਚ ਹਿਸਾ ਲੈਣਾ ਆਰੰਭ ਕਰ ਦਿਤਾ। ਉਪ੍ਰੋਕਤ ਦੋਹਾਂ ਮੁਖੀਆਂ ਨੇ ਬਬਰ ਅਕਾਲੀ ਜਥਾ ਕਾਇਮ ਕੀਤਾ, ਜਿਸ ਵਿਚ ਹੇਠ ਲਿਖੇ ਸਰਗਰਮ ਮੈਂਬਰ ਸਨ—

| | | | |
|---|---|---|---|
| ੧. | ਸ: ਕਰਮ ਸਿੰਘ | ਪਿੰਡ ਦੌਲਤ ਪੁਰ | ਜ਼ਿਲਾ ਜਲੰਧਰ |
| ੨. | ਸ: ਸੁੰਦਰ ਸਿੰਘ | ਪਿੰਡ ਮਖਸੂਧ ਪੁਰ | ਜ਼ਿਲਾ ਜਲੰਧਰ |
| ੩. | ਸ: ਕਰਮ ਸਿੰਘ | ਪਿੰਡ ਝੰਗੜ | ਜ਼ਿਲਾ ਜਲੰਧਰ |
| ੪. | ਸ: ਧੰਨਾ ਸਿੰਘ | ਪਿੰਡ ਬਹਿਬਲ ਪੁਰ | ਜ਼ਿਲਾ ਹੁਸ਼ਿਆਰ ਪੁਰ |
| ੫. | ਸ: ਦਲੀਪ ਸਿੰਘ | ਪਿੰਡ ਗੋਸਲ | ਜ਼ਿਲਾ ਜਲੰਧਰ |
| ੬. | ਸ: ਹਜ਼ਾਰਾਂ ਸਿੰਘ | ਪਿੰਡ ਮੰਡੇਰ | ਜ਼ਿਲਾ ਹੁਸ਼ਿਆਰ ਪੁਰ |
| ੭. | ਸ: ਬੰਤਾ ਸਿੰਘ | ਪਿੰਡ ਮੰਡੇਰ | ਜ਼ਿਲਾ ਹੁਸ਼ਿਆਰ ਪੁਰ |
| ੮. | ਸ: ਭੋਲਾ ਸਿੰਘ | ਪਿੰਡ ਮੰਡੇਰ | ਜ਼ਿਲਾ ਹੁਸ਼ਿਆਰ ਪੁਰ |
| ੯. | ਸ: ਪਿਆਰਾ ਸਿੰਘ | ਪਿੰਡ ਧਾਪੀਆਂ | ਜ਼ਿਲਾ ਹੁਸ਼ਿਆਰ ਪੁਰ |
| ੧੦. | ਸ: ਵਰਿਆਮ ਸਿੰਘ | ਪਿੰਡ ਧੁਗੋ | ਜ਼ਿਲਾ ਹੁਸ਼ਿਆਰ ਪੁਰ |
| ੧੧. | ਸ: ਭੋਲਾ ਸਿੰਘ | ਪਿੰਡ ਅਧਕਾਰੇ ਕਾਠੇ | ਜ਼ਿਲਾ ਹੁਸ਼ਿਆਰ ਪੁਰ |
| ੧੨. | ਸ: ਉਜਾਗਰ ਸਿੰਘ | ਪਿੰਡ ਧਾਮੀਆਂ | ਜ਼ਿਲਾ ਹੁਸ਼ਿਆਰ ਪੁਰ |
| ੧੩. | ਸ: ਰਤਨ ਸਿੰਘ | ਪਿੰਡ ਸਿੰਗੜੀ ਵਾਲਾ | ਜ਼ਿਲਾ ਹੁਸ਼ਿਆਰ ਪੁਰ |
| ੧੪. | ਸ: ਕਿਸ਼ਨ ਸਿੰਘ | ਪਿੰਡ ਸਾਂਸਰਾ | ਜ਼ਿਲਾ ਹੁਸ਼ਿਆਰ ਪੁਰ |
| ੧੫. | ਸ: ਕਰਤਾਰ ਸਿੰਘ | ਪਿੰਡ ਪੰਡੋਰੀ ਨਿਜਰਾਂ | ਜ਼ਿਲਾ ਹੁਸ਼ਿਆਰ ਪੁਰ |
| ੧੬. | ਸ: ਨੰਦ ਸਿੰਘ | ਪਿੰਡ ਸਰਹਾਲਾ ਕਲਾਂ | ਜ਼ਿਲਾ ਹੁਸ਼ਿਆਰ ਪੁਰ |
| ੧੭. | ਗਿ: ਹਰਬੰਸ ਸਿੰਘ | ਪਿੰਡ ਸਰਹਾਲਾ ਕਲਾਂ | ਜ਼ਿਲਾ ਹੁਸ਼ਿਆਰ ਪੁਰ |

## ਬਬਰ ਪਾਰਟੀ ਦੇ ਨਿਯਮ ਇਹ ਸਨ

(੧) ਸ਼ਰਾਬ ਨਹੀਂ ਪੀਣੀ, (੨) ਝਟਕਾ ਨਹੀਂ ਖਾਣਾ, (੩) ਇਸਤ੍ਰੀ ਦਾ ਤਿਆਗ ਗਹਿਣੇ ਉਤਾਰਨੇ ਅਤੇ ਗਰੀਬਾਂ ਨੂੰ ਸਤਾਉਣਾ ਸਖਤ ਮਨ੍ਹਾਂ ਸੀ, (੪) ਚੋਰੀ ਨਹੀਂ ਕਰਨੀ, (੫) ਦੇਸ਼ ਵਿਚ ਏਕਤਾ ਦੀ ਲਹਿਰ ਪੈਦਾ ਕਰਨੀ, (੬) ਕੌਮ ਘਾਤਕਾਂ ਦੇ ਨੱਕ ਕਟਣੇ, ਜੋ ਬਦਲ ਕੇ ਜਾਨੋ ਮਾਰਨਾ ਰਖ ਦਿਤਾ, (੭) ਜਾਨ ਤੇ ਖੇਡਣਾ।

Digitized by Panjab Digital Library | www.panjabdigilib.org

## ਇਸ ਪਾਰਟੀ ਦੇ ਤਿੰਨ ਹਿਸੇ

(੧) ਕੁਰਬਾਨੀ ਕਰਨ ਵਾਲੇ ।

(੨) ਬਬਰਾਂ ਦੇ ਪ੍ਰਵਾਰਾਂ ਦੀ ਸਹਾਇਤਾ ਕਰਨ ਵਾਲੇ ।

(੩) ਬਬਰਾਂ ਨੂੰ ਸਰਕਾਰੀ ਸਰਗਰਮੀਆਂ ਦੀ ਖਬਰ ਦੇਣ ਵਾਲੇ ।

## ਅਦਾਲਤ

ਬਬਰ ਅਕਾਲੀ ਪਾਰਟੀ ਨੇ ਆਪਣੇ ਨਿਯਮਾਂ ਅਨੁਸਾਰ–

ਜ਼ਿਲਾ–ਪਰਾਗ ਪੁਰ

ਤਹਿਸੀਲ–ਪੰਡੋਰੀ ਨਿਜਰਾਂ ।

ਹਾਈਕੋਰਟ–ਜਸੋਵਾਲ । ਜੋ ਪਾਰਟੀ ਮੈਂਬਰ ਨਿਯਮਾਂ ਦੀ ਉਲਘਨਾਂ ਕਰੇ ਉਸ ਨੂੰ ਇਥੋਂ ਸਜ਼ਾ ਮਿਲਦੀ ਸੀ ।

ਹਸਪਤਾਲ–ਕਿਸ਼ਨ ਪੁਰਾ, ਵਿਚ ਫਟੜਾਂ ਦੀ ਮਲ੍ਹਮ ਪਟੀ ਕਰਨ ਵਾਸਤੇ ਸੰਤ ਮਿਤ ਸਿੰਘ ਜੀ ਸੇਵਾ ਕਰਦੇ ਸਨ ।

## ਸਹਾਇਕ

ਆਪ ਦਾ ਪਿਛਾ ਪੂਰਨ ਵਾਲੇ ਹੇਠ ਲਿਖੇ ਸੱਜਣ:–

ਮਾ: ਮੋਤਾ ਸਿੰਘ ਜੀ ਫਖਰੇ ਕੌਮ, ਸ: ਹਰੀ ਸਿੰਘ ਜੀ ਜਲੰਧਰੀ, ਸ: ਪਿਆਰਾ ਸਿੰਘ ਜੀ ਲੰਗੇਰੀ ਐਮ. ਐਲ. ਏ., ਸ: ਬਸੰਤ ਸਿੰਘ ਜੀ ਕੁਕੜ ।

## ਜਹੰਮ ਨੂੰ ਜਾਣ ਵਾਲੇ

ਸ: ਬਿਸ਼ਨ ਸਿੰਘ ਜ਼ੈਲਦਾਰ ਰਾਣੀਪੁਰ ਰਿਆਸਤ ਕਪੂਰਥਲਾ, ਸ: ਬੂਟਾ ਸਿੰਘ ਨੰਬਰਦਾਰ ਨੰਗਲ ਸ਼ਾਮਾਂ ਜ਼ਿਲਾ ਜਲੰਧਰ, ਦਿਤੂ, ਦੀਵਾਨ, ਸ: ਹਰਨਾਮ ਸਿੰਘ ਸਫੇਦ ਪੋਸ਼, ਸੂਬੇਦਾਰ ਗੇਂਦਾ ਸਿੰਘ ਮਾਣਕੋ, ਸ: ਜੁਆਲਾ ਸਿੰਘ ਮੁਖਬਰ, ਸ: ਰਲਾ ਸਿੰਘ ਥਾਣਾ ਠੀਕਰੀਵਾਲਾ ਜ਼ਿਲਾ ਲਾਇਲ ਪੁਰ, ਸ: ਬੇਲਾ ਸਿੰਘ ਪਿੰਡ ਜੈਨ ।

ਗ੍ਰੰਥੀ ਭਾਗ ਸਿੰਘ ਕੈਨੇਡਾ ਦੇ ਕਾਤਲ ਨੂੰ ਸੋਧਣ ਵਾਲੇ:–

ਸ: ਗੁਰਦਿਤ ਸਿੰਘ ਮੰਡਾਲੀ ਜਲੰਧਰ, ਸ: ਹਰੀ ਸਿੰਘ ਸੂੰਡ, ਸ: ਕਰਤਾਰ ਸਿੰਘ ਚੱਕ ਬਾਗੜੀਆਂ, ਸ਼ਿਵ ਸਿੰਘ ਚੱਬਵਾਲ ।

ਸ: ਅਨੂਪ ਸਿੰਘ ਮਾਣਕੋ ਨੂੰ ਟਿਕਟ ਦੇਣ ਵਾਲੇ:–

ਸ: ਉਜਾਗਰ ਸਿੰਘ ਪਾਨਲੀਆਂ ਜ਼ਿਲਾ ਹੁਸ਼ਿਆਰ ਪੁਰ, ਕਰਤਾਰ ਸਿੰਘ ਚੱਕ ਬਾਗੜੀਆਂ । ਤਾਰਾ ਸਿੰਘ ਪਨਕੋਟਾ ਜ਼ਿਲਾ ਅੰਮ੍ਰਿਤਸਰ ਭੀ ਉਥੇ ਭੇਜ ਦਿਤੇ ਗਏ ।

ਬਬਰ ਅਕਾਲੀਆਂ ਨੇ ਸੈਕਲੋ ਸਟਾਈਲ ਤੇ ਛਪਣ ਵਾਲਾ ਅਖਬਾਰ ਜਾਰੀ ਕੀਤਾ, ਜਿਸ ਦੀਆਂ ਕਵਿਤਾਵਾਂ ਦੀ ਵੰਨਗੀ ਇਹ ਹੈ–

Digitized by Panjab Digital Library | www.panjabdigilib.org

# ਯਾਰੋ ਗੁਣ ਅਜ਼ਾਦੀ ਦੇ ਗਾਉਣ ਲਗ ਪਉ

੧. ਥਾਉਂ ਥਾਈਂ ਬਣਾ ਕੇ ਜਥਿਆਂ ਨੂੰ, ਵੀਰੋ ਜ਼ਾਲਮਾਂ ਤਾਈਂ ਖਪਾਉਣ ਲਗ ਪਉ।
ਬੇੜਾ ਕੌਮ ਦਾ ਜਿਨ੍ਹਾਂ ਨੇ ਗਰਕ ਕੀਤਾ, ਸਿਰੀਂ ਜ਼ਾਲਮਾਂ ਦੇ ਖਾਕ ਪਾਉਣ ਲਗ ਪਉ।
ਦੇਸ਼ ਭਗਤਾਂ ਨੂੰ ਜਿਨ੍ਹਾਂ ਨੇ ਦੁਖ ਦਿਤਾ, ਉਹਨਾਂ ਜ਼ਾਲਮਾਂ ਦੀ ਧੌਣ ਲਾਹੁਣ ਲਗ ਪਉ।
ਪਾਪੀ ਹਿੰਦ ਦੇ ਵਿਚ ਨਹੀਂ ਰਹਿਣ ਦੇਣੇ, ਜਿਥੇ ਜਿਥੇ ਵੇਖੋ ਵੰਡਾਂ ਪਾਉਣ ਲਗ ਪਉ।
ਸਾੜੋ ਚੌਕੀਆਂ ਲੁਟੋ ਖਜ਼ਾਨਿਆਂ ਨੂੰ, ਅਤੇ ਨਾਰਿਆ ਧੂੰਮ ਧਮਾਉਣ ਲਗ ਪਉ।
ਕੰਮ ਦੂਸਰਾ ਵੀ ਨਾਲ ਸ਼ੁਰੂ ਕਰਨਾ, ਰੇਲਾਂ ਹੇਠ ਵੀ ਬੰਬ ਟਿਕਾਉਣ ਲਗ ਪਉ।

੨. ਅਖੀਂ ਵੇਖ ਬੇਅਦਬੀਆਂ ਚੁਪ ਬੈਠਾ, ਕਾਇਰ ਹੋ ਕੇ ਝਟ ਟਪਾਇਆ ਕਿਉਂ।
ਮੂਹਰੇ ਬਾਂਦਰਾਂ ਦੇ ਕਰੇਂ ਹਜ਼ੂਰ ਵਾਲੀ, ਸਿੰਘ ਨਾਮ ਨੂੰ ਅਜ ਸਦਾਇਆ ਕਿਉਂ।

੩. ਸ਼ਾਂਤ ਮਈ ਨੇ ਹਿੰਦ ਜਗਾ ਦਿਤੀ, ਹੁਣ ਤਾਂ ਸ਼ੁਰੂ ਹੋ ਜਾਉ ਦੂਜੇ ਦਾਅ ਲੋਕੋ।
ਮਾਰੇ ਬਿਨਾ ਕਦੀ ਨਹੀਂ ਕੰਮ ਸਰਨਾ, ਲਉ ਜ਼ਾਲਮਾਂ ਵੰਡੀਆਂ ਪਾ ਲੋਕੋ।

੪. ਹਿੰਦੂ, ਮੁਸਲਮਾਨ, ਸਿੰਘ ਸੂਰਿਓ ਵੇ, ਵੇਲਾ ਆ ਗਿਆ ਗਦਰ ਮਚਾਵਣੇ ਦਾ।
ਅਖੀਂ ਵੇਖ ਬੇਅਦਬੀਆਂ ਹੁੰਦਿਆਂ ਨੂੰ, ਜ਼ੁਲਮ ਵੇਖ ਕੇ ਕਿਉਂ ਸੂਰਿਓ ਚੁਪ ਬੈਠੇ।
ਵਕਤ ਆ ਗਿਆ ਤੇਗਾਂ ਉਠਾਵਣੇ ਦਾ।

ਇਹਨਾਂ ਕਵਿਤਾਵਾਂ ਤੋਂ ਬਬਰਾਂ ਦੇ ਸਹੀ ਖਿਆਲਾਂ ਦਾ ਪਤਾ ਲਗਦਾ ਹੈ:—

੧. ਬਬਰ ਅਕਾਲੀ ਦੇਸ਼ ਦੀ ਆਜ਼ਾਦੀ ਲਈ ਬੜੀ ਤੜਫ ਰਖਦੇ ਅਤੇ ਬੜੇ ਇਨਕਲਾਬੀ ਸਨ।

੨. ਜ਼ੁਲਮ ਤੇ ਜਬਰ ਨੂੰ ਵੇਖ ਕੇ ਉਹਨਾਂ ਨੇ ਇਹ ਰਾਹ ਫੜਿਆ ਸੀ।

੩. ਉਹ ਏਕਤਾ ਦੇ ਹਾਮੀ ਸਨ, ਏਸੇ ਲਈ ਹਿੰਦੂ, ਮੁਸਲਮਾਨਾਂ ਤੇ ਸਿਖਾਂ ਨੂੰ ਮਿਲ ਕੇ ਦੇਸ ਦੀ ਆਜ਼ਾਦੀ ਲਈ ਇਨਕਲਾਬੀ ਮਾਰਗ ਅਖਤਿਆਰ ਕਰਨ ਦੀ ਪ੍ਰੇਰਨਾ ਕਰਦੇ ਸਨ।

———

Digitized by Panjab Digital Library | www.panjabdigilib.org

੧ ੴ ਸਤਿਗੁਰਪ੍ਰਸਾਦਿ ॥

# ਬੱਬਰਾਂ ਦੇ ਬਿਆਨ

## ਬਾਬੂ ਸੰਤ ਸਿੰਘ ਸੈਕਟਰੀ ਬਬਰ ਅਕਾਲੀ ਜਥਾ ਦਾ ਸੈਸ਼ਨ ਜੱਜ ਦੇ ਟਾਈਪ ਸਾਹਿਬ ਦੀ ਅਦਾਲਤ ਵਿਚ

## ਨਿਧੱੜਕ ਬਿਆਨ

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ, ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ ।

---

ਚਾਰ ਦਿਨ ਦੀ ਮਿਤਰਾ ਜ਼ਿੰਦਗਾਨੀ, ਕਿਤੇ ਸਚ ਤੋਂ ਮੁਖ ਨ ਮੋੜ ਬੈਠੀਂ ।
ਆਖਰ ਜਗਤ ਤੋਂ ਪਿਆਰਿਆ ਕੂਚ ਕਰਨਾ, ਖਾਤਰ ਜਿੰਦ ਨਾ ਧਰਮ ਨੂੰ ਰੋੜ੍ਹ ਬੈਠੀਂ ।
ਮੁਖ ਕਾਲਾ ਕਰਾ ਜਗ ਜੀਵਨਾ ਕੀ, ਧਰਮ ਮਾਰਗ ਨੂੰ ਵੇਖੀਂ ਨਾ ਛੋੜ ਬੈਠੀਂ ।
ਦਾਖਲ ਗਲੀ ਹੋ ਸੀਸ ਨੂੰ ਤਲੀ ਧਰ ਕੇ, ਦੇਵਾ ਸੇਵਾ ਦੀ ਪ੍ਰੀਤ ਨਾ ਤੋੜ ਬੈਠੀਂ ।
ਸਾਥੀ ਆਪ ਦੇ ਮਾਤਾ ਦੀ ਗੋਦ ਪਹੁੰਚੇ, ਦੇਖੀਂ ਕਦਮ ਨਾ ਪਿਛੇ ਨੂੰ ਮੋੜ ਬੈਠੀਂ ।
ਪੁਰਬ ਲਗਾ ਸ਼ਹੀਦੀ ਦਾ ਆਣ ਬੇਲੀ, ਐਸ ਮੌਕੇ ਨੂੰ ਹਥੋਂ ਨਾ ਛੋੜ ਬੈਠੀਂ ।
ਕਾਹਦਾ ਖੌਫ ਹੈ ਆਪ ਨੂੰ ਜ਼ਾਲਮਾਂ ਦਾ, ਲਿਵ ਗੁਰੂ ਦੇ ਚਰਨਾਂ ਵਿਚ ਜੋੜ ਬੈਠੀਂ ।
ਲਿਖ ਜ਼ੁਲਮ ਤੂੰ ਸਾਰੇ ਨਿਧੱੜਕ ਹੋ ਕੇ, ਕੌਮ ਸੇਵਾ ਹਿਤ ਭਾਂਡੇ ਨੂੰ ਫੂੜ ਬੈਠੀਂ ।

---

ਪੜ੍ਹਣ ਵਾਲਿਓ ਗੌਰ ਦੇ ਨਾਲ ਪੜ੍ਹਨਾ, ਕਾਰਨ ਜ਼ੁਲਮਾਂ ਦੇ ਜਗ ਫਤੂਰ ਹੋਇਆ ।
ਜ਼ੁਲਮ ਦਸਣੇ ਅਸਾਂ ਨੇ ਖੋਲ੍ਹ ਸਾਰੇ, ਬਬਰ ਜਥੇ ਦਾ ਜਿਵੇਂ ਜ਼ਹੂਰ ਹੋਇਆ ।
ਉਪਰ ਦੇਸ ਦੇ ਜ਼ੁਲਮ ਨੇ ਢਾਏ ਬਹੁਤੇ, ਜ਼ਿਕਰ ਪੰਥ ਦਾ ਕਰਨਾ ਜ਼ਰੂਰ ਹੋਇਆ ।
ਪੰਥ ਉਪਰ ਤਾਂ ਜ਼ੁਲਮ ਉਹਨਾਂ ਨੇ ਬਹੁਤ ਕੀਤੇ, ਸੋਈ ਕਹੇ ਨਿਧੜਕ ਮਸ਼ਹੂਰ ਹੋਇਆ ।

---

ਜ਼ੁਲਮ ਕੀਤੇ ਤੈਂ ਭੈੜੀਏ ਪੰਥ ਉਤੇ, ਜ਼ੁਲਮ ਕਰਨ ਦਾ ਕੇਹੜਾ ਦਸਤੂਰ ਹੋਇਆ ।
ਤੇਰੇ ਜ਼ੁਲਮਾਂ ਤੋਂ ਗੋਰੀਏ ਤੰਗ ਆ ਕੇ, ਮਰ ਮਿਟਣੇ ਦਾ ਕਿਹੜਾ ਕਸੂਰ ਹੋਇਆ ।
ਜ਼ੁਲਮਾਂ ਤੇਰਿਆਂ ਅਸਾਂ ਨੂੰ ਹੋਸ਼ ਦਿਤੀ, ਅੱਗੇ ਗਏ ਨਾ ਕਹਿਨਾ ਮਨਜ਼ੂਰ ਹੋਇਆ ।
ਲੁਟ ਪੁਟ ਕੇ ਦੇਸ ਬਰਬਾਦ ਕੀਤਾ, ਭੰਨਣਾ ਅਸਾਂ ਨੇ ਤੇਰਾ ਗਰੂਰ ਹੋਇਆ ।
ਰਹਿਣਾ ਘਰਾਂ ਦੇ ਵਿਚ ਮਹਾਲ ਕੀਤਾ, ਭਖਿਆ ਜ਼ੁਲਮ ਦਾ ਜੰਗ ਤੰਦੂਰ ਹੋਇਆ ।
ਕਰਨ ਲਗੇ ਜਾਂ ਜ਼ੁਲਮ ਨਿਧੜਕ ਹੋ ਕੇ, ਬਬਰ ਜੱਥਾ ਫਿਰ ਵੇਖੋ ਮਫਰੂਰ ਹੋਇਆ ।

---

ਮੈਂ ਆਪਣਾ ਬਿਆਨ ਲਿਖਣ ਤੋਂ ਪਹਿਲਾਂ ਇਹ ਬੇਨਤੀ ਕਰ ਦੇਣੀ ਯੋਗ ਖਿਆਲ ਕਰਦਾ ਹਾਂ ਕਿ ਮੈਂ ਆਪਣਾ ਲਿਖਤੀ ਬਿਆਨ ਕਿਉਂ ਦੇਣ ਲਗਾ ਹਾਂ, ਇਸ ਦਾ ਸਮੁਚਾ ਭਾਵ ਕੀ ਹੈ ? ਗੌਰਮਿੰਟ ਦੇ ਜਿਨ੍ਹਾਂ ਜ਼ੁਲਮਾਂ ਦੇ ਸਬਬ ਮੈਂ ਫੌਜ ਦੀ ਕਲਰਕੀ ਛਡ ਕੇ ਕੌਮ ਤੇ ਮੁਲਕ ਦੀ ਸੇਵਾ ਲਈ ਕਸਮਰਕਸਾ ਕੱਸ ਕੇ ਪਹਿਲਾਂ ਤਾਂ ਭਾਈ ਕਿਸ਼ਨ ਸਿੰਘ ਜੀ ਗੜਗਜ ਚਕਰਵਰਤੀ ਦੇ ਸਾਥ ਮਿਲ ਕਰ

Digitized by Panjab Digital Library | www.panjabdigilib.org

ਚਿਠੀਆਂ ਵਗੈਰਾ ਲਿਆਉਣ ਤੇ ਲਿਜਾਣ ਦਾ ਕੰਮ ਕਰਦਾ ਰਿਹਾ। ਫਿਰ ਉਸ ਦੇ ਪਿਛੋਂ ਸਤੰਬਰ ੧੯੨੨ ਦੇ ਸ਼ੁਰੂ ਨੂੰ ਗੁਰੂ ਕੇ ਬਾਗ ਦੇ ਮਾਮਲੇ ਦੇ ਮੌਕੇ ਪਰ ਭਾਈ ਕਿਸ਼ਨ ਸਿੰਘ ਜੀ ਗੜਗਜ ਚਕ੍ਰਵਰਤੀ ਤੋਂ ਛੁਟੀ ਲੈ ਕੇ ਅੰਮ੍ਰਿਤਸਰ ਚਲਾ ਗਿਆ ਅਤੇ ਉਥੋਂ ਵਾਪਸ ਆ ਕੇ ਭਾਈ ਕਰਮ ਸਿੰਘ ਜੀ ਅਕਾਲੀ ਦੌਲਤਪੁਰ ਅਰ ਭਾਈ ਉਦੇ ਸਿੰਘ ਜੀ ਅਕਾਲੀ ਸਾਕਨ ਰਾਮਗੜ੍ਹ ਦੇ ਸਾਥ ਸ਼ਾਮਲ ਹੋ ਗਿਆ। ਉਨ੍ਹਾਂ ਨੇ ਮੈਨੂੰ ਬਬਰ ਅਕਾਲੀ ਅਖਬਾਰ ਦੇ ਵਾਸਤੇ ਸਿਆਹੀ ਤੇ ਕਾਗਜ਼ ਲਿਆਉਣ ਅਤੇ ਬਬਰ ਅਕਾਲੀ ਅਖਬਾਰ ਦੇ ਪਰਚੇ ਵੰਡਨ ਦਾ ਕੰਮ ਸੌਂਪ ਦਿਤਾ। ਭਾਵ ਬਬਰ ਜਥੇ ਦਾ ਹਾਲ ਆਮ ਪਬਲਕ ਦੀ ਨਜ਼ਰ ਵਿਚ ਲਿਆਉਣ ਦੇ ਵਾਸਤੇ ਕਿ ਕਿਸਤਰਾਂ ਬਬਰ ਜਥਾ ਕਾਇਮ ਹੋਇਆ ਤੇ ਨੌਕਰ ਸ਼ਾਹੀ ਦੇ ਜ਼ੁਲਮ ਤੇ ਸਿਤਮ ਤੋਂ ਤੰਗ ਤੇ ਮਜਬੂਰ ਹੋ ਕੇ ਇਸ ਮਕੂਲਾ ਪਰ ਅਮਲ ਕੀਤਾ ਗਿਆ ਸੀ :—

"ਤੰਗ ਆਮਦ ਬਜੰਗ ਆਮਦ"

ਮੈਂ ਆਪਣੇ ਬਿਆਨ, ਆਪਣੀ ਛੋਟੀ ਉਮਰ ਦਾ ਸੰਖੇਪ ਹਾਲ ਅਤੇ ਗੌਰਮਿੰਟ ਦੇ ਖਾਲਸਾਂ ਕੌਮ ਪਰ ਜ਼ੁਲਮ ਕਰਨੇ ਜਿਨ ਕੀ ਵਜ੍ਹਾ ਸੇ ਮੈਂ ਫੌਜ ਦੀ ਮੁਲਾਜ਼ਮਤ ਕੋ ਛੋੜ ਕਰ ਪਹਿਲੇ ਤੋ ਭਾਈ ਕਿਸ਼ਨ ਸਿੰਘ ਜੀ ਗੜਗਜ ਚਕਰਵਰਤੀ ਦੇ ਸਾਥ ਸ਼ਾਮਲ ਹੋ ਕਿਰ ਕਾਮ ਕਰਨੇ ਔਰ ਬਾਦ ਅਜ਼ਆ ਮਾਰਚ ੧੯੨੩ ਮੇਂ ਏਕ ਬਬਰ ਜਥਾ ਕਾਇਮ ਹੋਣੇ ਪਰ ਇਸ ਜਥੇ ਮੇਂ ਭਰਤੀ ਹੋਨੇ ਕਾ ਆਮ ਪਬਲਕ ਕੀ ਨਜ਼ਰ ਮੇਂ ਲਾਨੇ ਕੇ ਵਾਸਤੇ ਮੁਫਸਲ ਹਾਲ ਤਹਰੀਰ ਕਰਤਾ ਹੂੰ।

ਸਕੂਨਤ ਮੈਂ ਮੌਜ਼ਾ ਹਰਿਉਂ ਖੁਰਦ ਤਹਿਸੀਲ, ਥਾਣਾ ਵਾ ਡਾ: ਸਮਰਾਲਾ ਜ਼ਿਲਾ ਲੁਧਿਆਣਾ ਕੇ ਰਹਿਨੇ ਵਾਲਾ ਹੂੰ। ਮੇਰੇ ਵਾਲਦ ਸਾਹਿਬ ਕਾ ਨਾਮ ਸੋਭਾ ਸਿੰਘ ਥਾ, ਜੋ ਅਰਸਾ ਤਕਰੀਬਨ ੧੯ ਸਾਲ ਸੇ ਫੌਤ ਹੋ ਚੁਕਾ ਹੈ, ਹਮ ਛੇ ਭਾਈ ਥੇ, ਜਿਨ ਕੇ ਨਾਮ ਉਮਰ ਲਿਹਾਜ਼ ਸੇ ਜ਼ੈਲ ਹੈਂ :– ੧. ਪਾਲਾ ਸਿੰਘ, ੨. ਸੁੰਦਰ ਸਿੰਘ, ੩. ਦੇਵਾ ਸਿੰਘ ਮਰਹੂਮ, ੪. ਰਾਮ ਸਿੰਘ ਜੋ ਪਲਟਨ ਨੰ: ੪੭ ਸਿਖਾਂ ਮੇਂ ਆਠ ਸਾਲ ਨੌਕਰੀ ਕਰਨੇ ਕੇ ਬਾਦ ਨੈਕ ਹੋ ਕਰ ਫਰਾਂਸ ਮੇਂ ਮਾਰਾ ਗਿਆ। ੫. ਫੁਮਣ ਸਿੰਘ ਔਰ ੬. ਮੇਂ ਪੈਦਾਇਸ਼ ਮੇਂ ਜਨਵਰੀ ਵਾ ਫਰਵਰੀ ੧੮੯੭ ਮੇਂ ਪੈਦਾ ਹੂਆ ਥਾ।

ਅਵਾਇਲ ਉਮਰ ਤਕਰੀਬਨ ਦਸ ਸਾਲ ਤਕ ਆਪਣੇ ਗਾਉਂ ਕੇ ਹਮ ਉਮਰ ਔਰ ਹਮ ਜੋਲੀਓਂ ਕੇ ਸਾਥ ਖੇਲ ਕੂਦ ਮੇਂ ਮਸ਼ਗੂਲ ਰਹਾ। ਔਰ ਇਸ ਉਮਰ ਮੇਂ ਆਪਣੀ ਮਜ਼ਹਬੀ ਤਾਲੀਮ ਗੁਰਮੁਖੀ ਹਾਸਲ ਕਰ ਲੀ ਥੀ।

ਤਾਲੀਮ:— ਇਸ ਕੇ ਬਾਦ ਡੀ. ਬੀ. ਮਿਡਲ ਸਕੂਲ ਸਮਰਾਲਾ ਜ਼ਿਲਾ ਲੁਧਿਆਣਾ ਮੇਂ ਦਾਖਲ ਹੂਆ। ਇਸ ਸਕੂਲ ਕਾ ਕੋਰਸ ਖਤਮ ਕਰਨੇ ਕੇ ਬਾਦ ਮਾਲਵਾ ਖਾਲਸਾ ਹਾਈ ਸਕੂਲ ਸ਼ਹਿਰ ਲੁਧਿਆਣਾ ਮੇਂ ਫ਼ਫ਼ਤੂਹ ਹਾਈ ਤਕ ਤਾਲੀਮ ਹਾਸਲ ਕਰਕੇ ਤਕਰੀਬਨ ਦੋ ਢਾਈ ਸਾਲ ਆਪਣੇ ਭਾਈਉਂ ਕੇ ਸਾਥ ਕਾਸ਼ਤ ਕਰਤਾ ਰਹਾ। ਏਸ ਸਾਲ ਖਾਲਸਾ ਹਾਈ ਸਕੂਲ ਲੁਧਿਆਣਾ ਮੇਂ ਕਲਰਕ ਭੀ ਰਹਿ ਚੁਕਾ ਹੂੰ।

ਖੰਡੇ ਕਾ ਅੰਮ੍ਰਿਤ:- ਮੈਂ ਨੇ ੧੯੧੫ ਮੇਂ ਸ੍ਰੀਮਾਨ ਸੰਤ ਅਤਰ ਸਿੰਘ ਜੀ ਮਸਤੂਆਣਾ ਕੀ ਮੌਜੂਦਗੀ ਮੇਂ ਉਨ ਕੇ ਜਥੇ ਸੇ ਅੰਮ੍ਰਿਤ ਪਾਨ ਕੀਆ ਥਾ। ਉਸ ਵਕਤ ਸੇ ਹੀ ਤਿਆਰ ਬਰ ਤਿਆਰ ਔਰ ਸਿਖੀ ਅਸੂਲੋਂ ਕਾ ਪਾਬੰਦ ਹੂੰ।

ਫੋਜ:— ੨੪ ਫਰਵਰੀ ੧੯੨੦ ਕੋ ਪਲਟਨ ਨੰ: ੫੪ ਸਿਖ ਫਰੰਟੀਅਰ ਫੋਰਸ ਮੇਂ ਬਤੌਰ ਕਲਰਕ ਕੇ ਭਰਤੀ ਹੂਆ ਔਰ ਮੁਝੇ ਫੀਲਡ ਅਕਾਉਂਟ ਦਫਤਰ ਮੇਂ ਕਾਮ ਪਰ ਲਗਾਇਆ ਗਿਆ। ਅਪਰੈਲ ਮਈ ੧੯੨੧ ਤਕ ਹਮਾਰਾ ਪਲਟਨ ਗੋਰਾ ਲਾਈਨ ਕੇ ਪਾਸ ਸੰਸਾਰ ਪੁਰ ਕੇ ਮੁਤਸਿਲ ਖਾਮ

Digitized by Panjab Digital Library | www.panjabdigilib.org

ਲਾਈਨੋ ਮੇਂ ਜੋ ਮੌਜ਼ਾ ਪ੍ਰਾਗਪੁਰ ਸੇ ਤਕਰੀਬਨ ੩ ਮੀਲ ਕੇ ਫਾਸਲੇ ਪਰ ਹੈ, ਮਕੀਮ ਰਹੀ, ਔਰ ਫਿਰ ਪੁਖਤਾ ਲਾਈਨੋਂ ਮੇਂ ਜੋ ਰਸਾਲਾ ਕੀ ਖਾਮ ਲਾਇਨੋ ਕੇ ਪਾਸ ਵਾਕਿਆ ਹੈ; ਹਮਾਰੀ ਪਲਟਨ ਬਦਲੀ ਕਰ ਆਈ ਔਰ ਪ੍ਰਾਗਪੁਰ ਭੀ ਮੁਵਾਖਉਲਜ਼ਿਕਰ ਲਾਇਨੋਂ ਸੇ ਤਕਰੀਬਨ ਏਕ ਯਾ ਸਵਾ ਮੀਲ ਕੇ ਫਾਸਲਾ ਪਰ ਵਾਕਿਆ ਹੈ।

ਵਾਕਫੀਅਤ:—ਬੇਲਾ ਸਿੰਘ ਕਾ ਨਾਮ ਵਾਹਿਦਾ ਮੁਆਫ ਔਰ ਉਸ ਕਾ ਸਾਧੂ ਸਿੰਘ ਵਾਇਦਾ ਮੁਆਫ ਸਾਕਨ ਪ੍ਰਾਗਪੁਰ ਜੂਨ, ਜੁਲਾਈ, ਅਗਸਤ, ਸਤੰਬਰ ਔਰ ਅਕਤੂਬਰ ੧੯੨੧ ਮੇਂ ਵਕਤਨ ਫਵੱਕਤਨ ਹਮਾਰੀ ਪਲਟਨ ਮੇਂ ਕਰਾਇਆ ਪਰ ਗਡਾ ਲੇ ਕਰ ਆਇਆ ਕਰਤੇ ਥੇ, ਇਸ ਕਰਕੇ ਉਨ ਕੇ ਸਾਥ ਮੇਰੀ ਵਾਕਫੀ ਹੋ ਗਈ ਥੀ (ਸੰਤ) ਕਰਤਾਰ ਸਿੰਘ, (ਸ਼ਰਫਦੀਨ) ਵਾਹਿਦਾ ਮੁਆਫ ਪਲਟਨ ਕੇ ਗੁਰਦੁਆਰਾ ਮੇਂ ਗ੍ਰੰਥੀ ਮੂਲਾ ਸਿੰਘ ਕੇ ਪਾਸ ਆਇਆ ਕਰਤਾ ਥਾ, ਮੈਂ ਸੁਭਾ, ਸ਼ਾਮ ਜ਼ਰੂਰ ਗੁਰਦੁਆਰਾ ਮੇਂ ਜਾਇਆ ਕਰਤਾ ਥਾ ਔਰ ਅਕਸਰ ਉਸ ਕੋ ਅਪਨੇ ਗ੍ਰੰਥੀ ਕੇ ਪਾਸ ਬੈਠਾ ਦੇਖਾ ਕਰਤਾ ਥਾ, ਜਿਸ ਕਰਕੇ ਇਹ ਮੇਰਾ ਆਸ਼ਨਾ ਹੋ ਗਿਆ ਥਾ, ਬਾਬੂ ਲਾਲ ਸਿੰਘ ਔਰ ਕ੍ਰਿਪਾਲ ਸਿੰਘ ਸਟੇਸ਼ਨ ਜਲੰਧਰ ਛਾਉਣੀ ਨੇ ਸੰਤ ਕਰਤਾਰ ਸਿੰਘ ਸ਼ਰਫਦੀਨ ਵਾਹਿਦਾ ਮੁਆਫ ਕੀ ਮਾਰਫਤ ਅਖੰਡ ਪਾਠ ਕਰਵਾਇਆ ਥਾ, ਕਿਉਂਕਿ ਇਹ ਵਾਹਿਦਾ ਮੁਆਫ ਖੁਦ ਬਿਲਕੁਲ ਬੇ-ਇਲਮ ਹੈ ਇਸ ਕਰਕੇ ਇਸ ਨੇ ਭਾਈ ਕਿਸ਼ਨ ਸਿੰਘ ਜੀ ਕੋ ਜੋ ਅਪਨੀ ਪਲਟਨ ਸੇ ਰੁਖਸਤ ਲੇ ਕਰ ਆਇਆ ਹੂਆ ਥਾ, ਔਰ ਊਧਮ ਸਿੰਘ ਸਾਕਨ ਬਿੜਿੰਗ ਔਰ ਸੂਰਤ ਸਿੰਘ ਠੇਕੇਦਾਰ ਕੋ ਪਾਠ ਕਰਨੇ ਕੇ ਲੀਏ ਬੁਲਾਇਆ ਚੂੰਕਿ ਇਹ ਮੇਰਾ ਵਾਕਫ ਹੋ ਚੁਕਾ ਥਾ ਇਸ ਲੀਏ ਉਸ ਨੇ ਮੁਝੇ ਭੀ ਪਾਠ ਕਰਨੇ ਕੇ ਲੀਏ ਸ਼ਾਮਲ ਹੋਨੇ ਕੇ ਵਾਸਤੇ ਅਰਜ਼ ਕੀ, ਮੈਂ ਨੇ ਉਸ ਕੀ ਅਰਜ਼ ਕੋ ਮਨਜ਼ੂਰ ਕਰ ਲੀਆ, ਨੀਜ਼ ਦਫਤਰ ਮੇਂ ਕਾਮ ਕਰਨੇ ਕੇ ਬਾਦ ਮੇਂ ਭੀ ਸਟੇਸ਼ਨ ਜਲੰਧਰ ਛਾਉਣੀ ਪਰ ਗੁਰੂ ਗ੍ਰੰਥ ਸਾਹਿਬ ਕਾ ਪਾਠ ਕਰਨੇ ਕੇ ਲੀਏ ਜਾਇਆ ਕਰਤਾ ਥਾ, ਇਸ ਲੀਏ ਇਸ ਵਕਤ ਮੇਂ ਭਾਈ ਕਿਸ਼ਨ ਸਿੰਘ ਅਰ ਉਸ ਕੇ ਸਾਥੀਉਂ ਕਾ ਵਾਕਫ ਬਣ ਗਿਆ।

ਪਲਟਨ ਕੀ ਤਬਦੀਲੀ:—ਅਖੀਰ ਅਕਤੂਬਰ ੧੯੨੧ ਕੋ ਹਮਾਰੀ ਪਲਟਨ ਜਲੰਧਰ ਛਾਉਣੀ ਸੇ ਤਬਦੀਲ ਹੋ ਕਰ ਛਾਉਣੀ ਜਮਰੌਦ ਚਲੀ ਗਈ, ਚੂੰਕਿ ਪਲਟਨ ਕੇ ਅਚਾਨਕ ਬਦਲ ਜਾਨੇ ਕੇ ਸਬੱਬ ਮੁਝੇ ਅਪਨੇ ਗਾਉਂ ਕੋ ਜਾਨੇ ਕਾ ਮੌਕਾ ਨਹੀਂ ਮਿਲਾ ਥਾ, ਔਰ ਮੇਰਾ ਇਰਾਦਾ ਮੁਲਾਜ਼ਮਤ ਤਰਕ ਕਰਨੇ ਕਾ ਥਾ, ਇਸ ਲੀਏ ਮੈਂ ਏਕ ਲਕੜੀ ਕਾ ਬਕਸ ਜੋ ਮੈਂ ਨੇ ੮ ਰੁਪੈ ਕੋ ਖਰੀਦਾ ਥਾ ਔਰ ਏਕ ਟਰੰਕ ਜੋ ਮਬਲਗ ੯ ਰੁਪੈ ੬ ਆਨੇ ਕੋ ਖਰੀਦਾ ਥਾ, ਉਮਦਾ ਉਮਦਾ ਔਰ ਨਫੀਸ ਗਰਮ ਔਰ ਸਰਦ ਕਪੜੋਂ ਔਰ ਕਸ਼ਮੀਰ ਕੇ ਗਰਮ ਭੂਰੋਂ ਸੇ ਭਰੇ ਹੋਏ ਔਰ ੩੮੫ ਰੁਪੈ ਨਕਦ ਮਿਆ ੧੫–੨੦ ਪੀਤਲ ਕੇ ਬਰਤਨੋਂ ਕੋ ਅਮਾਨਤ ਕੇ ਤੌਰ ਪਰ ਬੇਲਾ ਸਿੰਘ ਕਾ ਨਾਮ ਵਾਇਦਾ ਮੁਆਫ ਔਰ ਉਸ ਕੇ ਲੜਕੇ ਸਾਧੂ ਸਿੰਘ ਵਾਇਦਾ ਮੁਆਫ ਪ੍ਰਾਗਪੁਰ ਕੇ ਪਾਸ ਰਖ ਗਿਆ ਥਾ। ਅਖੀਰ ਨਵੰਬਰ ੧੯੨੭ ਕੋ ਮੈਂ ਅਪਨੀ ਪਲਟਨ ਛਾਉਣੀ ਜਮਰੌਦ ਸੇ ਤਬਦੀਲ ਹੋ ਕਰ ਨੰਬਰ ੮੩ ਪੰਜਾਬੀ ਮੇਂ ਛਾਉਣੀ ਜੇਹਲਮ ਆ ਗਿਆ।

ਨੌਕਰੀ ਤਰਕ ਕਰਨਾ:—ਚੂੰਕਿ ਗੌਰਮਿੰਟ ਨੇ ਬਦਚਲਨ ਪੁਜਾਰੀਓਂ ਕੀ ਪੁਸ਼ਤ ਠੋਕ ਕਰ ਉਨ ਕੋ ਅਪਣੇ ਹਥਿਆਰ ਬਣਾ ਕਰ ਗੁਰਦੁਆਰੋਂ ਮੇਂ ਜਗ੍ਹਾ ਬਜਗ੍ਹਾ ਜ਼ੁਲਮ ਕਰਨੇ ਔਰ ਖਾਲਸਾ ਪੰਥ ਕੇ ਧਰਮ ਮੇਂ ਬਰਮਿਲਾ ਤੌਰ ਪਰ ਦਖਲ ਦੇਨੇ ਸ਼ੁਰੂ ਕਰ ਦੀਏ। ਤਰਨ ਤਾਰਨ ਔਰ

Digitized by Panjab Digital Library | www.panjabdigilib.org

ਨਨਕਾਣਾ ਸਾਹਿਬ ਖੂਨ ਖਾਰ ਭਿਆਨਕ ਸਾਕੇ ਅਮਲ ਮੇਂ ਆਏ, ਜਿਨ ਮੇਂ ਗੌਰਮਿੰਟ ਕੇ ਆਲਾ ਅਫਸਰੋਂ ਕਾ ਹਾਥ ਥਾ, ਇਸ ਸਬੱਬ ਸੇ ਮੇਰੇ ਦਿਲ ਮੇਂ ਗੌਰਮਿੰਟ ਕੇ ਬਰਖਿਲਾਫ ਪਹਿਲੇ ਸੇ ਭੀ ਜ਼ਿਆਦਾ ਨਫਰਤ ਪੈਦਾ ਹੋ ਗਈ, ਔਰ ਨੀਜ਼ ਨਾਬਾਲਗ਼ ਮਹਾਰਾਜਾ ਸਾਹਿਬ ਦਲੀਪ ਸਿੰਘ ਪਰ ਕੀਆ ਹੂਆ ਜ਼ੁਲਮ ਭੀ ਮੁਝੇ ਆਜ ਸਰੇ ਨੌ ਯਾਦ ਆ ਗਿਆ, ਇਸ ਲੀਏ ਮੈਂ ਨੇ ਗੌਰਮਿੰਟ ਕੀ ਮੁਲਾਜ਼ਮਤ ਤਰਕ ਕਰਨੇ ਕਾ ਮੱਸਮਮ ਇਰਾਦਾ ਕਰ ਲੀਆ ਜਿਸ ਕੇ ਸਬਬ ਪਲਟਨ ਕੀ ਤਬਦੀਲੀ ਕੇ ਵਕਤ ਮੈਂ ਅਪਨਾ ਸਾਮਾਨ ਵਾ ਰੁਪਿਆ ਅਰ ਬਰਤਨ ਬੇਲਾ ਸਿੰਘ ਕਾ ਨਾਂ ਵਾਇਦਾ ਮੁਆਫ ਵਗ਼ੈਰਾ ਕੇ ਪਾਸ ਛੋੜ ਗਿਆ ਥਾ। ਆਖਰ ਕਾਰ ੨੬ ਜਨਵਰੀ ੧੯੨੨ ਕੋ ਮੈਂ ਪਲਟਨ ਨੰਬਰ ੯੪ ਪੰਜਾਬੀ ਛਾਉਣੀ ਜੇਹਲਮ ਸੇ ਮੁਲਾਜ਼ਮਤ ਤਰਕ ਕਰਕੇ ਪ੍ਰਾਗਪੁਰ ਆ ਗਿਆ ਉਸ ਵਕਤ ਭੀ ਮੈਂ ਏਕ ਕਿਟਬੋਰ ਅਲੈਹਦਾ ਨਵੀਸ ਕਪੜੋਂ ਕਾ ਭਰਾ ਹੂਆ ਅਰ ਕੁਝ ਪੀਤਲ ਕੇ ਬਰਤਨ ਲਾਇਆ ਥਾ, ਔਰ ੯੦੧ ਕੇ ਕਰੀਬ ਨਕਦ ਰੁਪਏ ਥੇ, ਕਿਉਂਕਿ ਮੈਂ ਏਕ ਕਲਰਕ ਥਾ, ਔਰ ਪੋਜ਼ੀਸ਼ਨ ਭੀ ਬਹੁਤ ਅਛੀ ਥੀ, ਅਦਾਲਤ ਹਿਜ਼ਾ ਮੇਂ ਜੋ ਦੋ ਤੀਨ ਦਰੀਦਾਹ ਗੋਦੜੀਆਂ, ਅਰ ਦੋ ਤੀਨ ਸਕੱਸਤਾ ਬਰਤਨ ਪੇਸ਼ ਕੀਏ ਜਾਤੇ ਹੈਂ, ਔਰ ਕਹਾ ਜਾਤਾ ਹੈ, ਕਿ ਇਹ ਬਾਬੂ ਸੰਤ ਸਿੰਘ ਕਾ ਸਾਮਾਨ ਹੈ, ਅਗਰ ਪਲਟਨ ਕੇ ਏਕ ਮਾਮੂਲੀ ਸਿਪਾਹੀ ਕੀ ਭੀ ਹਾਲਤ ਦੇਖੀ ਜਾਵੇ ਤੋ ਸੌ ਸਵਾ ਸੌ ਸੇ ਭੀ ਕੰਮ ਕੀਮਤ ਕੇ ਪਾਰ ਚਾਤ ਨਹੀਂ ਪਾਏ ਜਾਏਂਗੇ। ਯਿਹ ਤੋ ਪੋਲੀਸ ਨੇ ਮਹਿਜ਼ ਮੁਝੇ ਬਦਨਾਮ ਕਰਨੇ ਕੇ ਲੀਏ ਚਾਲ ਚਲੀ ਹੈ, ਨੀਜ਼ ਵਾਇਦਾ ਮੁਆਫ਼ ਬੇਲਾ ਸਿੰਘ ਕਾ ਨਾਮ ਔਰ ਉਸ ਕੇ ਲੜਕੇ ਨੇ ਮੇਰਾ ਮੰਦਰਜਾ ਬਾਲਾ ਤਹਿਰੀਰ ਸ਼ੁਦਾ ਸਾਮਾਨ ਵਾ ਰੁਪਿਆ ਹਜ਼ਮ ਕਰਨੇ ਕੇ ਲੀਏ ਵਾਇਦਾ ਮੁਆਫ ਬਨ ਕਰ ਢੰਗ ਖੇਲਾ ਥਾ।

ਅਕਾਲੀ ਜਥਾ ਸਰਾਭਾ ਮੇਂ ਭਰਤੀ ਹੋਣਾ:— ਮੌਜ਼ਾ ਪ੍ਰਾਗਪੁਰ ਮੇਂ ਏਕ ਦਿਨ ਠਹਿਰ ਕਰ ਮੈਂ ਲੁਧਿਆਣਾ ਸਰਾਭਾ ਅਕਾਲੀ ਜਥੇ ਕੇ ਦਫਤਰ ਗਿਆ। ਔਰ ਇਸ ਜਥੇ ਮੇਂ ਭਰਤੀ ਹੋ ਕਰ ੨੦ ੨੫ ਰੋਜ਼ ਤਕ ਵਹਾਂ ਕਾਮ ਕਰਤਾ ਰਹਾ। ਔਰ ਫਿਰ ਪ੍ਰਾਗਪੁਰ ਕੋ ਆਪਣਾ ਸਮਾਨ, ਰੁਪਿਆ ਲੇਣੇ ਕੇ ਲੀਏ ਵਾਪਸ ਆਇਆ। ਯਹਾਂ ਪਹੁੰਚ ਕਰ ਸੁਨਾ ਕਿ ਭਾਈ ਕਿਸ਼ਨ ਸਿੰਘ ਕਾ ਆਜ ਮੌਜ਼ਾ ਖਜਰੌਲਾ ਰਿਆਸਤ ਕਪੂਰਥਲਾ ਮੇਂ ਲੈਕਚਰ ਹੋਨਾ ਹੈ। ਖਜਰੌਲਾ ਮੌਜ਼ਾ ਪ੍ਰਾਗਪੁਰ ਸੇ ਦੋ ਮੀਲ ਕੇ ਫਾਸਲੇ ਪਰ ਹੈ, ਚੂੰਕਿ ਭਾਈ ਕਿਸ਼ਨ ਸਿੰਘ ਗੁਰੂ ਗਰੰਥ ਸਾਹਿਬ ਕੇ ਪਾਠ ਕਰਨੇ ਕੇ ਮੌਕਾ ਕਾ ਵਾਕਫ ਥਾ। ਇਸ ਲੀਏ ਉਸਕੋ ਮਿਲਨੇ ਕੇ ਲੀਏ ਮੈਂ ਭੀ ਪ੍ਰਾਗਪੁਰ ਕੇ ਅਕਾਲੀਉਂ ਕੇ ਸਾਥ ਲੈਕਚਰ ਸੁਨਣੇ ਕੇ ਲੀਏ ਚਲਾ ਗਿਆ ਇਸ ਦਿਨ ਸ਼ਾਇਦ ੧੫ ਫਰਵਰੀ ੧੯੨੨ ਕੀ ਤਾਰੀਖ ਥੀ। ਭਾਈ ਕਿਸ਼ਨ ਸਿੰਘ ਕੇ ਲੈਕਚਰ ਖਤਮ ਕਰਨੇ ਕੇ ਬਾਦ ਮੈਂ ਨੇ ਉਸ ਸੇ ਇਸ ਕਾ ਹਾਲ ਦਰਿਆਫਤ ਕੀਆ। ਜਿਸ ਨੇ ਮੁਝੇ ਆਪਣਾ ਹਾਲ ਬਤਲਾਇਆ। ਔਰ ਮੈਂ ਨੇ ਉਸ ਕੇ ਸਾਥ ਕਾਮ ਕਰਨੇ ਕੀ ਖਾਹਸ਼ ਜ਼ਾਹਰ ਕੀ। ਜਿਸ ਪਰ ਉਸ ਨੇ ਕਹਾ ਕਿ ਆਪ ਬੜੀ ਖੁਸ਼ੀ ਸੇ ਮੇਰੇ ਸਾਥ ਰਹਿ ਸਕਤੇ ਹੈਂ, ਚੁਨਾਂਚਿ ਉਸੀ ਦਿਨ ਸੇ ਮੈਂ ਉਸ ਕੇ ਸਾਥ ਕਾਮ ਕਰਨੇ ਲਗ ਗਿਆ।

'ਗੜਗਜ ਅਕਾਲੀ' ਵ 'ਅਕਾਲੀ ਪ੍ਰਦੇਸੀ' ਅਖਬਾਰ ਬਾਰੇ:— ਗੜਗਜ ਅਕਾਲੀ ਅਖਬਾਰ ਫ਼ਰਵਰੀ ੧੯੨੨ ਵਾ ਅਕਾਲੀ ਪ੍ਰਦੇਸੀ ਅਖਬਾਰ ਜੂਨ ੧੯੨੨ ਔਰ ਅਜੀਤ ਅਖਬਾਰ ਅਖੀਰ ਜੁਲਾਈ, ਸਤ ਸ਼ੁਰੂ ਅਗਸਤ ੧੯੨੨ ਮੇਂ ਸ਼ਾਏ ਹੋਣੇ ਸ਼ੁਰੂ ਹੂਏ ਹੈਂ। ਲੇਕਨ ਬੇਲਾ ਸਿੰਘ ਕਾ ਨਾਮ ਵਾਇਦਾ ਮੁਆਫ ਔਰ (ਸੰਤ) ਕਰਤਾਰ ਸਿੰਘ (ਸ਼ਰਫ ਦੀਨ) ਵਾਇਦਾ ਮੁਆਫ ੧੯੨੦ ਕੇ ਸ਼ੁਰੂ ਮੇਂ ਹੀ ਸ਼ਾਏ ਕਰ ਜਾਤੇ ਹੈਂ। ਜਿਸ ਕੇ ਸਬਬ ਸੇ ਉਨ ਕੇ ਬਿਆਨੋਂ ਮੇਂ ਸਚਾਈ ਟਪਕਦੀ ਹੈ।

Digitized by Panjab Digital Library | www.panjabdigilib.org

ਆਪਣਾ ਸਮਾਨ ਵਾ ਰੁਪਿਆ ਘਰ ਛੋੜਨੇ ਕਾ ਖਿਆਲ:— ਭਾਈ ਕਿਸ਼ਨ ਸਿੰਘ ਕੇ ਮਿਲਨੇ ਕੇ ਦੋ ਤੀਨ ਮਾਹ ਬਾਦ ਏਕ ਦਿਨ ਮੁਝੇ ਖਿਆਲ ਪੈਦਾ ਹੁਆ ਕਿ ਬੇਲਾ ਸਿੰਘ ਕਾ ਨਾਮ ਵਾਇਦਾ ਮਾਫ ਸਾਕਨ ਪ੍ਰਾਗਪੁਰ ਸੇ ਆਪਣਾ ਸਾਮਾਨ ਵਾ ਰੁਪਿਆ ਔਰ ਬਰਤਨ ਲੇ ਕਰ ਆਪਣੇ ਗਾਉਂ ਮੇਂ ਛੋੜ ਆਊਂ, ਚੁਨਾਂਚਿ ਮੈਂ ਇਸੀ ਮਤਲਬ ਕੇ ਲੀਏ ਏਕ ਦਿਨ ਭਾਈ ਕਿਸ਼ਨ ਸਿੰਘ ਕੋ ਕਹਿ ਕਰ ਪ੍ਰਾਗਪੁਰ ਆਇਆ ਔਰ ਆਪਣਾ ਊਪਰ ਜ਼ਿਕਰ ਕਰਦਾ ਸਾਮਾਨ ਵਾ ਰੁਪਿਆ ਵਗੈਰਾ ਤਲਬ ਕੀਆ। ਲੇਕਨ ਪਹਿਲੇ ਤੋ ਬੇਲਾ ਸਿੰਘ ਕਾ ਨਾਮ ਵਾਇਦਾ ਮੁਆਫ ਔਰ ਉਸਕੇ ਲੜਕੇ ਨੇ ਸਾਮਾਨ ਵਾ ਰੁਪਿਆ ਦੇਣੇ ਮੇਂ ਟਾਲ ਮਟੋਲ ਕੀਆ, ਲੇਕਨ ਮੇਰੇ ਬਾਰ ਬਾਰ ਅਸਰਾਰ ਕਰਨੇ ਸੇ ਉਨੋਂ ਨੇ ਆਖਰ ਕਾਰ ਸਾਫ ਇਨਕਾਰ ਕਰ ਦੀਆ ਕਿ ਹਮਾਰੇ ਪਾਸ ਤੁਮਾਰਾ ਕੋਈ ਸਾਮਾਨ ਵਾ ਰੁਪਿਆ ਨਹੀਂ ਹੈ। ਇਸ ਪਰ ਮੈਂ ਨੇ ਚੰਦ ਗਾਉਂ ਕੇ ਆਦਮੀਉਂ ਕੋ ਇਕਠੇ ਕਰਕੇ ਕਹਾ ਕਿ ਯਿਹ ਇਸ ਤਰਾਂ ਬਾਪ ਬੇਟਾ ਇਮਾਨਤ ਮੇਂ ਖਿਆਨਤ ਕਰ ਰਹੇ ਹੈਂ, ਬਾਦ ਅਜ਼ਾਂ ਮੈਂ ਸਾਮਾਨ ਵਾ ਰੁਪਿਆ ਔਰ ਬਰਤਨੋਂ ਕੇ ਨਾ ਮਿਲਨੇ ਸੇ ਮਾਯੂਸ ਹੋ ਕਰ ਭਾਈ ਕਿਸ਼ਨ ਸਿੰਘ ਸੇ ਜਾ ਕਰ ਸਭ ਹਾਲ ਬਤਲਾਇਆ। ਜਿਸ ਪਰ ਉਨੋਂ ਨੇ ਕਹਾ, ਅੱਛਾ ਅਬ ਆਪ ਕੋ ਸਬਰ ਕਰਨਾ ਚਾਹੀਏ। ਇਸ ਪਰ ਮੈਂ ਆਪਣੇ ਗਾਉਂ ਕੋ ਜਾਨੇ ਕਾ ਇਰਾਦਾ ਤਰਕ ਕਰਕੇ ਆਪਨੇ ਕਾਮ ਮੇਂ ਮਸ਼ਗੂਲ ਹੋ ਗਿਆ। ਨੀਜ਼ ਫਰਵਰੀ ੧੯੨੦ ਸੇ ਲੇ ਕਰ ਆਜ ਤਕ ਕਭੀ ਭੀ ਮੈਂ ਆਪਣ ਗਾਉਂ ਕੋ ਨਹੀਂ ਗਿਆ ਹੂੰ। ਔਰ ਨਾ ਹੀ ਮੈਂ ਨੇ ਗ੍ਰਿਫਤਾਰ ਹੋਨੇ ਕੇ ਬਾਦ ਆਜ ਤਕ ਕਭੀ ਆਪਨੇ ਰਿਸ਼ਤਾਦਾਰ ਔਰ ਦੋਸਤੋਂ ਸੇ ਮੁਲਾਕਾਤ ਕੀ ਹੈ।

ਚਕਰਵਰਤੀ:— ਭਾਈ ਕਿਸ਼ਨ ਸਿੰਘ ਜੀ ਗੜਗਜ ਚਕਰਵਰਤੀ ਕੇ ਮਿਲਨੇ ਕੇ ਬਾਦ ਮੁਝੇ ਮਾਲੂਮ ਹੂਆ ਕਿ ਚੰਦ ਅਦਰ ਅਕਾਲੀ ਭੀ ਚਕਰਵਰਤੀ ਹੈਂ, ਜਿਨ ਮੇਂ ਸੇ ਸਭ ਸੇ ਜ਼ਿਆਦਾ ਮਸ਼ਹੂਰ ਵਾ ਮਾਰੂਫ ਸ੍ਰੀਮਾਨ ਫਖਰੇ ਕੌਮ ਮਾਸਟਰ ਮੋਤਾ ਸਿੰਘ ਜੀ ਅਕਾਲੀ ਸਾਕਨ ਜ਼ਿਲਾ ਜਾਲੰਧਰ ਹੈਂ, ਜਿਸ ਜਗ੍ਹਾ ਲੋਗੋਂ ਕੋ ਪਤਾ ਲਗ ਜਾਤਾ ਥਾ ਕਿ ਵਹਾ ਫਲਾਂ ਦੀਵਾਨ ਮੇਂ ਮਾਸਟਰ ਸਾਹਿਬ ਨੇ ਲੈਕਚਰ ਦੇਨਾ ਹੈ ਤੋ ਉਸ ਦੀਵਾਨ ਪਰ ਅਕਾਲੀ ਵਾ ਦੀਗਰ ਇਸ਼ਖਾਸ਼ ਇਸ ਕਦਰ ਜਮ੍ਹਾ ਹੋ ਜਾਤੇ ਥੇ ਕਿ ਜਹਾਂ ਤਕ ਨਿਗਾਹ ਕਾਮ ਕਰਤੀ ਥੀ, ਅਕਾਲੀ ਹੀ ਅਕਾਲੀ ਨਜ਼ਰ ਆਤੇ ਥੇ, ਹਜੂਮ ਇਸ ਕਦਰ ਹੋ ਜਾਤਾ ਥਾ ਕਿ ਲੈਕਚਰ ਸੁਣਨ ਤੋਂ ਦਰ ਕਨਾਰ ਰਹਾ, ਕਮਜ਼ੋਰ ਆਦਮੀ ਕੋ ਮਾਸਟਰ ਸਾਹਿਬ ਕੇ ਦਰਸ਼ਣ ਹੀ ਨਸੀਬ ਨਹੀਂ ਹੋਤੇ ਥੇ। ਮਾਸਟਰ ਸਾਹਿਬ ਕਾ ਲੈਕਚਰ ਕਿਆ ਥਾ, ਮਾਨੋਂ ਅੰਮ੍ਰਿਤ ਬਰਸਾਤੇ ਥੇ, ਜੋ ਮੁਰਦਾ ਦਿਲੋਂ ਮੇਂ ਰੂਹ ਡਾਲਤਾ ਥਾ। ਲੈਕਚਰ ਸੁਨ ਕਰ ਮੁਰਦਾ ਸੇ ਮੁਰਦਾ ਯਾਨੀ ਕਮਜ਼ੋਰ ਦਿਲ ਵੀ ਅਜ਼ਾਦੀ ਕੋ ਹਾਸਲ ਕਰਨੇ ਔਰ ਧਰਮ ਕੀ ਖਾਤਰ ਕੁਰਬਾਨ ਹੋਨੇ ਕੇ ਲੀਏ ਤਿਆਰ ਹੋ ਜਾਤਾ ਥਾ।

ਫੌਜ਼ ਵਾ ਪੋਲੀਸ:— ਜਿਸ ਦੀਵਾਨ ਕੀ ਬਾਬਤ ਯਿਹ ਪਤਾ ਲਗ ਜਾਤਾ ਥਾ ਕਿ ਮਾਸਟਰ ਸਾਹਿਬ ਨੇ ਵਹਾਂ ਲੈਕਚਰ ਦੇਨਾਂ ਹੈ, ਉਸ ਦੀਵਾਨ ਪਰ ਫੌਜ ਔਰ ਪੋਲੀਸ ਬੇਸ਼ੁਮਾਰ ਆਇਆ ਕਰਤੀ ਥੀ। ਸ੍ਰੀ ਮਾਨ ਫ਼ਖਰੇ ਕੌਮ ਮਾਸਟਰ ਮੋਤਾ ਸਿੰਘ ਜੀ ਅਕਾਲੀ ਕੀ ਦਲੇਰੀ ਵਾ ਹੌਸਲਾ ਕਿ ਹਰ ਇਕ ਦੀਵਾਨ ਮੇਂ ਬਗੈਰ ਕਿਸੀ ਕਿਸਮ ਕੇ ਖੌਫ ਕੇ ਜ਼ਰੂਰ ਜਾਇਆ ਕਰਤੇ ਥੇ, ਖਾਹ ਫੌਜ਼ ਪੁਲੀਸ ਨੇ ਉਨਕੀ ਗ੍ਰਿਫਤਾਰੀ ਕੇ ਲੀਏ ਮੁਕੰਮਲ ਇੰਤਜਾਮ ਕੀਆ ਹੂਆ ਕਿਉਂ ਨਾ ਹੋ। ਫੌਜ ਪੁਲੀਸ ਕੀ ਮੌਜੂਦਗੀ ਮੇਂ ਦੀਵਾਨ ਮੇਂ ਇਸ ਕਦਰ ਨਿਧੜਕ ਲੈਕਚਰ ਦੀਆ ਕਰਤੇ ਥੇ ਕਿ ਮਾਨੋਂ ਬਬਰ ਸ਼ੇਰ ਕੀ ਮਾਨਿੰਦ ਗਰਜਾ ਕਰਤੇ ਥੇ ਔਰ ਫੌਜ ਵਾ ਪੋਲੀਸ ਕੋ ਗ੍ਰਿਫਤਾਰ ਕਰਨੇ ਕੀ ਜੁਰਅਤ ਨਹੀਂ ਪੜਤੀ ਥੀ। ਮੈਂ ਯਹਾਂ ਪਰ ਮੌਜ਼ਾ ਕੋਟ ਫਤੂਹੀ ਜ਼ਿਲਾ ਹੁਸ਼ਿਆਰ ਪੁਰ ਕੀ ਬਾਬਤ ਮੁਖਤਸਿਰ ਜ਼ਿਕਰ ਕਰਤਾ ਹੂੰ ਕਿ ਤੀਨ ਚਾਰ ਅੰਗਰੇਜ਼ ਅਫਸਰ ਛੇ ਸਾਤ ਸੌ ਪੁਲੀਸ ਔਰ ਫੌਜੀ ਸਪਾਹਿਓਂ ਕੇ ਘੇਰਾ ਡਾਲੇ ਹੁਏ ਥੇ। ਜਬ ਮਾਸਟਰ

Digitized by Panjab Digital Library | www.panjabdigilib.org

ਸਾਹਿਬ ਦੀਵਾਨ ਮੇਂ ਆਏ ਤੋ ਚਾਰੋਂ ਤਰਫ ਸੇ ਸਤਿ ਸ੍ਰੀ ਅਕਾਲ ਕੇ ਜੈਕਾਰੋਂ ਸੇ ਅਸਮਾਨ ਗੂੰਜ ਉਠਾ। ਮਾਸਟਰ ਸਾਹਿਬ ਨੇ ਪਹਿਲੇ ਫੌਜ ਵਾ ਪੋਲੀਸ ਕੋ ਵੰਗਾਰਾ ਔਰ ਫਿਰ ਲੈਕਚਰ ਦੇ ਕਰ ਸਤਿ ਸ੍ਰੀ ਅਕਾਲ ਕੇ ਜੈਕਾਰੋਂ ਮੇਂ ਚਲੇ ਗਏ। ਫੌਜ ਔਰ ਪੋਲੀਸ ਸ਼ਰਮਿੰਦਾ ਹੋ ਕਰ ਰਾਤ ਕੇ ਵਕਤ ਅਪਨਾ ਬੋਰੀਆ ਬਿਸਤਰਾ ਲਪੇਟ ਕਰ ਚਲੀ ਗਈ।

ਉਪਰ ਆਨ ਸਟੇਜ ਦੇ ਖੜੇ ਹੋਇ, ਮਾਨੋਂ ਬਬਰ ਦੇ ਰੂਪ ਨੂੰ ਧਾਰ ਆਏ।
ਬਾਦਲ ਗਰਜਦਾ ਜਿਵੇਂ ਅਸਮਾਨ ਉਤੇ, ਪਹਿਲਾਂ ਪੁਲਸ ਦੇ ਤਾਂਈ ਲਲਕਾਰ ਆਏ।
ਮਗਰੋਂ ਦਸਕੇ ਲੋਕਾਂ ਨੂੰ ਜ਼ੁਲਮ ਸਾਰੇ, ਨੌਕਰ ਸ਼ਾਹੀ ਦੇ ਤਾਂਈ ਫਟਕਾਰ ਆਏ।
ਸੱਤ ਸੰਤੋਖ ਅਰ ਧਰਮ ਬਚਾਣ ਖਾਤਰ, ਸੁਣਨ ਵਾਲਿਆਂ ਤਾਂਈ ਉਬਾਰ ਆਏ।
ਜੁਰਅਤ ਪੁਲੀਸ ਦੀ ਪਈ ਨਾ ਕੋਲ ਆਵੇ, ਬਬਬ ਸ਼ੇਰ ਦੇ ਵਾਂਗ ਭਬਕਾਰ ਆਏ।
ਫਖਰੇ ਕੌਮ ਜਾ ਗੱਜੇ ਨਿਧੜਕ ਹੋ ਕੇ, ਸ਼ਬਦ ਵਾਹ ਵਾਹ ਲੋਕ ਉਚਾਰ ਆਏ।

ਫਖਰੇ ਕੌਮ ਤਾਂ ਤੁਰਤ ਰਵਾਨ ਹੋਏ, ਦੋ ਅੰਗਰੇਜ਼ ਦੀਵਾਨ ਵਿਚ ਧਸ ਆਏ।
ਪੁਲੀਸ ਲੈ ਕੇ ਆਪਣੇ ਸੰਗ ਬਹੁਤੀ, ਉਪਰ ਜਿਸਮ ਦੇ ਪਟੀਆਂ ਕੱਸ ਆਏ।
ਰਫਲ ਕੱਛ ਤੇ ਹਥ ਪਸਤੌਲ ਫੜਕੇ, ਵਿਚ ਜੋਸ਼ ਦੇ ਖੂਬ ਬੇ ਬਸ ਆਏ।
ਫਖਰੇ ਕੌਮ ਦੇ ਲੋਕ ਹਮ ਦਰਦ ਬਹੁਤੇ, ਉਪਰ ਪੁਲੀਸ ਦੇ ਲੋਕ ਸਭ ਹਸ ਆਏ।
ਪੋਲੀਸ ਦੇਖਕੇ ਲੋਕਾਂ ਦਾ ਇਕੱਠ ਬਹੁਤਾ, ਕਹਿਣ ਮੌਤ ਦੇ ਮੂੰਹ ਵਿਚ ਫਸ ਆਏ।
ਫਖਰੇ ਕੌਮ ਤਾਂ ਗਜਣ ਨਿਧੜਕ ਦੇਖੋ, ਪੋਲੀਸ ਵਾਲੜੇ ਰਾਤ ਨੂੰ ਨਸ ਆਏ।

---

ਮਾਸਟਰ ਜੀ ਕੀ ਗ੍ਰਿਫਤਾਰੀ:—੧੬ ਜੂਨ ੧੯੨੩ ਕੋ ਪ੍ਰੀਤਮ ਸਿੰਘ ਭੀਂਗਾਂ ਸਾਕਨ ਲਾਹੌਰ ਤਹਿਸੀਲ ਪਾਇਲ ਰਿਆਸਤ ਪਟਿਆਲਾ ਔਰ ਫੌਜਾ ਸਿੰਘ ਹੈਡ ਕੌਂਸਟੇਬਲ ਸੀ. ਆਈ. ਡੀ. ਸਾਕਨ ਚਜਲ ਬਧੀ ਥਾਣਾ ਜੰਡਾਲਾ ਜ਼ਿਲਾ ਅੰਮ੍ਰਿਤਸਰ ਇਨ ਦੋਨੋਂ ਕੀ ਮੁਖਬਰੀ ਸੇ ਮਾਸਟਰ ਸਾਹਿਬ ਅਪਨੇ ਗਾਉਂ ਮੇਂ ਹੀ ਗ੍ਰਿਫਤਾਰ ਕੀਤੇ ਗਏ। ਮਾਸਟਰ ਸਾਹਿਬ ਕੀ ਗ੍ਰਿਫਤਾਰੀ ਕੀ ਖਬਰ ਜੰਗਲ ਕੀ ਤਰਹ ਫੈਲ ਗਈ। ਜਹਾਂ ਤਕ ਉਨ ਕੀ ਗ੍ਰਿਫਤਾਰੀ ਕੀ ਖਬਰ ਪਹੁੰਚੀ ਕੋਈ ਸਾਝੇ ਨਾਦਰ ਹੀ ਘਰ ਹੋਗਾ ਜਿਸ ਨੇ ਕਿ ਉਸ ਦਿਨ ਖਾਨਾ ਪੱਕਾ ਹੋ, ਮਾਸਟਰ ਸਾਹਿਬ ਦੇ ਘਰ ਕੀ ਤਲਾਸ਼ੀ ਲੀ ਗਈ ਲੇਕਨ ਕੋਈ ਇਤਰਾਜ਼ ਵਾਲੀ ਚੀਜ਼ ਬਰ-ਆਮਦ ਨਾ ਹੁਈ।

ਭਾਈ ਕਿਸ਼ਨ ਸਿੰਘ ਗੜਗਜ ਸੇ ਇਲੈਹਿਦਾ ਹੋਣਾ:— ਆਖਰ ਅਗਸਤ ੧੯੨੨ ਕੋ ਆਪ ਭਾਈ ਸਾਹਿਬ ਸੇ ਜੁਦਾ ਹੋ ਕਰ ਅੰਮ੍ਰਿਤਸਰ ਆ ਗਏ ਔਰ ਪੰਦਰਾਂ ਬੀਸ (੧੫–੨੦) ਤਕ ਵਹਾਂ ਰਹੇ। ਇਨ ਦਿਨੋਂ ਮੇਂ ਗੁਰਦਵਾਰਾ ਗੁਰੂ ਕੇ ਬਾਗ, ਗੌਰਮਿੰਟ ਅਕਾਲੀਓ ਪਰ ਜੁਲਮ ਵ ਸਿਤਮ ਕਰ ਰਹੀ ਥੀ।

ਭਾ: ਕਰਮ ਸਿੰਘ ਜੀ ਦੌਲਤ ਪੁਰ ਔਰ ਭਾ: ਉਦੇ ਸਿੰਘ ਅਕਾਲੀ ਜੀ ਸੇ ਮੁਲਾਕਾਤ:—ਮੈਂਨੇ ਅੰਮ੍ਰਿਤਸਰ ਮੇਂ ਏਕ ਦੋ ਬਾਰ ਅਕਾਲੀ ਅਖਬਾਰ ਕੇ ਪਰਚੇ ਪੜੇ, ਜਿਸ ਕਾ ਐਡੀਟਰ ਭਾ: ਕਰਮ ਸਿੰਘ ਜੀ ਬਬਰ ਸਾਕਨ ਦੌਲਤ ਪੁਰ ਲਿਖਾ ਹੁਆ ਥਾ। ਅਖਬਾਰ ਮੇਂ ਨੌਕਰ ਸ਼ਾਹੀ ਕੇ ਖਾਲਸਾ ਕੌਮ ਪਰ ਜਮਾਨਾ ਗੁਜ਼ਸ਼ਤਾ ਔਰ ਜਮਾਨਾ ਹਾਲ ਕੇ ਕੀਏ ਹੁਏ ਜ਼ੁਲਮ ਬਰਮਿਲਾ ਔਰ ਨਿਧੜਕ ਹੋ ਕਰ ਸ਼ਾਏ ਕੀਏ ਗਏ ਥੇ। ਅਖਬਾਰ ਕੀ ਸਫਾਈ ਵਾ ਸਚਾਈ ਔਰ ਪਾਕੀਜ਼ਗੀ ਦੇਖ ਕਰ ਮੇਰੇ ਦਿਲ ਮੇਂ ਭਾਈ ਕਰਨ ਸਿੰਘ ਜੀ ਐਡੀਟਰ ਬਬਰ ਅਕਾਲੀ ਦੋਆਬਾ ਕੋ ਮਿਲਨੇ ਕਾ ਸ਼ੌਕ ਪੈਦਾ ਹੂਆ ਚੁਨਾਂਚੇ ਇਸ ਖਿਆਲ ਕੋ ਮਦਿ ਨਜ਼ਰ ਰਖ ਕਰ

Digitized by Panjab Digital Library | www.panjabdigilib.org

ਮੈਂ ਅੰਮ੍ਰਿਤਸਰ ਸੇ ਦੋਆਬਾ ਕੋ ਰਵਾਨਾ ਹੋ ਪੜਾ। ਇਤਫਕੀਆਂ ਹੀ ਜਬਕਿ ਮੈਂ ਏਕ ਗਾਓਂ ਸੇ ਦੂਸਰੇ ਗਾਓਂ ਕੋ ਸਫਰ ਕਰ ਰਹਾ ਥਾ, ਉਜਾੜ ਮੇਂ ਬੈਠੇ ਦੋ ਅਕਾਲੀ ਨਜ਼ਰ ਪੜੇ। ਮੈਂ ਉਨ ਕੇ ਪਾਸ ਜਾ ਬੈਠਾ ਚੰਦ ਮਿੰਟ ਉਨਕੇ ਸਾਥ ਗੁਫਤਗੂ ਹੋਨੇ ਕੇ ਬਾਦ ਹਮ ਨੇ ਏਕ ਦੂਸਰੇ ਕੇ ਨਾਮ ਦਰਯਾਫਤ ਕੀਏ। ਨਾਮ ਪੂਛਨੇ ਪਰ ਮੁਝੇ ਮਾਲੂਮ ਹੋ ਗਿਆ ਕਿ ਯਿਹੀ ਭਾਈ ਕਰਮ ਸਿੰਘ ਜੀ ਐਡੀਟਰ ਬਬਰ ਅਕਾਲੀ ਅਖਬਾਰ ਹੈਂ। ਉਸ ਨੇ ਆਪਨੇ ਸਾਥੀ ਕਾ ਨਾਮ ਉਦੇ ਸਿੰਘ ਬਤਲਾਇਆ। ਲਿਹਾਜ਼ਾ ਮੈਂ ਉਨ ਦੋਨੋਂ ਕਾ ਵਾਕਫ ਬਨ ਗਿਆ। ਉਨੋਂ ਨੇ ਕਹਾ ਕਿ ਹਮ ਨੇ ਤੇਰਾ ਨਾਮ ਸੁਨਾ ਹੂਆ ਹੈ, ਨੀਜ਼ ਉਨੋਂ ਨੇ ਕਹਾ ਕਿ ਹਮ ਕੋ ਆਪ ਜੈਸੇ ਹੁਸ਼ਿਆਰ ਔਰ ਲਾਇਕ ਤਾਲੀਮ ਯਾਫਤਾ ਆਦਮੀ ਕੀ ਖਤੋਕਤ ਬਤ ਔਰ ਅਖਬਾਰ ਕੇ ਚਲਾਨੇ ਕੇ ਵਾਸਤੇ ਸਿਆਹੀ ਔਰ ਕਾਗਜ ਲਾਨੇ ਕੀ ਜਰੂਰਤ ਹੈ, ਅਗਰ ਆਪ ਇਸ ਕਾਮ ਕੋ ਸਰ ਇੰਜਾਮ ਦੇਤੇ ਰਹੇ, ਤੋ ਬਹੁਤ ਅਛਾ ਹੈ। ਮੈਂਨੇ ਉਨ ਕੇ ਸਾਥ ਅਖਬਾਰ ਕੇ ਵਾਸਤੇ ਸਿਆਹੀ-ਵਾ ਕਾਗਜ਼ ਪਹੁੰਚਾਨੇ ਔਰ ਅਖਬਾਰ ਕੇ ਪਰਚੇ ਜਲੰਧਰ, ਅੰਮ੍ਰਿਤਸਰ ਔਰ ਲਾਹੌਰ ਵਗੈਰਾ ਸ਼ਹਿਰੋਂ ਮੇਂ ਤਕਸੀਮ ਕਰਨੇ ਕਾ ਇਕਰਾਰ ਕਰ ਲੀਆ।

ਤੱਖਲਸ:— ਭਾਈ ਕਰਮ ਸਿੰਘ ਜੀ ਅਕਾਲੀ ਸਾਕਨ ਦੌਲਤ ਪੁਰ ਨੇ ਆਪਨਾ ਤੱਖਲਸ ਬਬਰ ਰਖ ਲੀਆ ਥਾ।

ਬਬਰ ਅਕਾਲੀ ਦੋਆਬਾ:—ਭਾਈ ਕਰਮ ਸਿੰਘ ਬਬਰ ਨੇ ਆਪਨੇ ਤੱਖਲਸ ਕੀ ਬਨਾ ਪਰ ਹੀ ਅਖਬਾਰ ਕਾ ਨਾਮ ਬਬਰ ਅਕਾਲੀ ਦੁਆਬਾ ਰਖਾ ਥਾ। ਇਸ ਅਖਬਾਰ ਕੇ ਜ਼ਰੀਏ ਆਮ ਲੋਕੋਂ ਕੋ ਨੌਕਰ-ਸ਼ਾਹੀ ਕੇ ਗੁਰਦਵਾਰੇ ਮੇਂ ਨਾ ਜਾਇਜ਼ ਦਖਲ ਦੇਨੇ ਔਰ ਬਦ ਚਲਨ ਪੁਜਾਰੀਓਂ ਕੀ ਹਮਾਇਤ ਕਰਨੇ ਔਰ ਸਿੱਖ ਕੌਮ ਕੇ ਧਰਮ ਮੇਂ ਦਖਲ ਬਾਜ਼ ਗੁਰਦਵਾਰੋਂ ਕਾ ਦਰਸ਼ਣ ਕਰਨੇ ਕੇ ਵਾਸਤੇ, ਜਾਨੇ ਵਾਲੇ ਅਕਾਲੀਓਂ ਪਰ ਗੋਲੀਆਂ ਚਲਾਨੇ ਔਰ ਜ਼ੋਦ ਕੋਪ ਕਰਨੇ ਕੇ ਜ਼ੁਲਮ ਬਤਲਾਏ ਜਾਤੇ ਥੇ। ਨੀਜ਼ ਉਨ ਕੇ ਆਪਨੇ ਧਰਮ ਔਰ ਗੁਰਦਵਾਰੇ ਕਾਇਮ ਰਖਨੇ ਕੇ ਵਾਸਤੇ ਤਲਕੀਦੀ ਕੀ ਜਾਤੀ ਥੀ। ਇਸ ਕਿਸਮ ਕੇ ਪ੍ਰਚਾਰ ਮੇਂ ਰੋੜਾ ਅਟਕਾਨੇ ਵਾਲੋਂ ਕੋ ਔਰ ਝੂਠੀ ਡਾਇਰੀਆਂ ਦੇਨੇ ਵਾਲੇ ਕੌਮ ਫਰੋਸ਼ ਔਰ ਖੁਦ ਗਰਜ਼ ਗਦਾਰੋਂ ਕੋ ਕਹਾ ਜਾਤਾ ਥਾ ਕਿ ਅਪਨੇ ਬਦ ਅਮਲੋਂ ਸੇ ਬਾਜ਼ ਆ ਜਾਵੇਂ ਵਰਨਾ ਉਨ ਕੋ ਬੁਰਾ ਹੋਗਾ। ਪਰਚੇ ਬਿਨਾਂ ਕੀਮਤ ਤਕਸੀਮ ਕੀਏ ਜਾਤੇ ਥੇ, ਪਰਚਾ ਪੜਨੇ ਵਾਲੇ ਕੋ ਪਾਂਚ ਦੀਗਰ ਅਸਖਾਸ਼ ਕੋ ਸੁਨਾ ਦੇ ਕੇ ਲੀਏ ਜਾਤਾ ਥਾ। ਇਸ ਕਰਕੇ ਲੋਕ ਇਸ ਅਖਬਾਰ ਕੋ ਦੀਗਰ ਅਖਬਾਰੋਂ ਕੀ ਨਿਸਬਤ ਬੜੇ ਸ਼ੌਕ ਸੇ ਪੜਾ ਕਰਤੇ ਥੇ। ਦੀਗਰ ਲੋਗੋਂ ਕਾ ਇਸ ਅਖਬਾਰ ਕੋ ਜਿਆਦਾ ਦਿਲਚਸਪੀ ਸੇ ਪੜਨੇ ਕਾ ਸੱਬਬ ਯਿਹੀ ਥਾ, ਕਿ ਇਸ ਮੇਂ ਬਿਲਾ ਖੌਫ ਸਾਦਿਕ ਖਬਰੇਂ ਸ਼ਾਏ ਕੀ ਜਾਤੀ ਥੀ। ਕੋਤਾ ਕਿਸਾ ਯਿਹ ਕਿ ਲੋਕ ਹਰ ਵਕਤ ਬਬਰ ਅਕਾਲੀ ਅਖਬਾਰ ਕੇ ਡਾਕੀਏ ਕੀ ਇੰਤਜਾਰ ਮੇਂ ਰਹਿਤੇ ਥੇ, ਕਿ ਕਬ ਡਾਕ ਲੇਕਰ ਆਤਾ ਹੈ।

ਦੀਗਰ ਚਕਰਵਰਤੀ ਗ੍ਰਿਫਤਾਰ:— ਮੈਂ ਲੋਗੋਂ ਸੇ ਸੁਨਾ ਕਰਤਾ ਥਾ ਕਿ ਭਾਈ ਕਰਮ ਸਿੰਘ ਜੀ ਅਕਾਲੀ ਸਾਕਨ ਝਗੜ ਔਰ ਮਾਸਟਰ ਦਲੀਪ ਸਿੰਘ ਜੀ ਅਕਾਲੀ ਸਾਕਨ ਗਸੋਲ ਭੀ ਚਕਰਵ੍ਰਤੀ ਹੈਂ। ਜਿਸ ਦਿਨ ਯਿਹ ਦੋਨੋਂ ਅਕਾਲੀ ਗ੍ਰਿਫਤਾਰ ਹੂਏ ਹੈਂ ਉਨ ਕੇ ਕਬਜ਼ਾ ਸੇ ਕੋਈ ਚੀਜ਼ ਵਗੈਰਾ ਬਰਆਮਦ ਨਹੀਂ ਹੂਈ, ਨੀਜ਼ ਉਨ ਕੇ ਮਕਾਨੋਂ ਕੀ ਭੀ ਉਸੀ ਵਕਤ ਤਲਾਸ਼ੀ ਲੀ ਗਈ। ਲੇਕਨ ਕੋਈ ਸ਼ੈ ਬਰਆਮਦ ਨਹੀਂ ਹੂਈ। ਬਾਦ ਅਜ਼ਆਂ ਭਾਈ ਕਿਸ਼ਨ ਸਿੰਘ ਜੀ ਗੜਗਜ ਭੀ ਗ੍ਰਿਫਤਾਰ ਕੀਏ ਗਏ। ਉਨ ਕੇ ਪਾਸ ਸੇ ਵੀ ਕੁਝ ਬਰਆਮਦ ਨਹੀਂ ਹੂਆ ਹੈ।

Digitized by Panjab Digital Library | www.panjabdigilib.org

ਭਾਈ ਧੰਨਾ ਸਿੰਘ ਜੀ ਬਹਿਲਪੁਰ:— ਅਖੀਰ ਜਨਵਰੀ ੧੯੨੩ ਕੋ ਨੌਕਰਸ਼ਾਹੀ ਕੇ ਜ਼ੁਲਮੋਂ ਸੇ ਤੰਗ ਆ ਕਰ ਭਾਈ ਧੰਨਾ ਸਿੰਘ ਜੀ ਅਕਾਲੀ ਭੀ ਏਕ ਦਿਨ ਭਾਈ ਕਰਮ ਸਿੰਘ ਐਡੀਟਰ ਔਰ ਭਾਈ ਉਦੇ ਸਿੰਘ ਜੀ ਅਕਾਲੀ ਚਕਰਵਰਤੀਉਂ ਸੇ ਆ ਮਿਲਾ।

ਚਕਰਵਰਤੀ ਅਕਾਲੀ:-- ਚਕਰਵਰਤੀ ਅਕਾਲੀਉਂ ਔਰ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਕੇ ਮਿਸ਼ਨ ਮੇਂ ਨਾ ਸਿਰਫ਼ ਇਹ ਇਖਤਲਾਫ ਥਾ ਕਿ ਸ਼ਰੋਮਣੀ ਕਮੇਟੀ ਕਾ ਅਸੂਲ ਵਾਰੰਟ ਜਾਰੀ ਹੋ ਜਾਣੇ ਪਰ ਆਪਣੇ ਆਪ ਖ਼ੁਦ ਅਦਾਲਤ ਮੇਂ ਹਾਜ਼ਰ ਹੋ ਜਾਣੇ ਕਾ ਥਾ। ਲੇਕਨ ਚਕਰਵਰਤੀਉਂ ਕਾ ਅਸੂਲ ਵਰੰਟ ਜਾਰੀ ਹੋ ਜਾਨੇ ਪਰ ਆਪਣੇ ਆਪ ਗ੍ਰਿਫਤਾਰ ਨਾ ਹੋਣਾ ਬਲਕਿ ਗਾਉਂ ਬਗਾਉਂ ਦੌਰਾ ਕਰਕੇ ਨੌਕਰ ਸ਼ਾਹੀ ਕੇ ਜ਼ੁਲਮ ਲੋਗੋਂ ਕੇ ਕਾਨੋਂ ਤਕ ਪਹੁੰਚਾਣਾ ਥਾ। ਲੇਕਨ ਜਿਸ ਵਕਤ ਪੋਲੀਸ ਘੇਰਾ ਡਾਲ ਲੇ, ਸ਼ਰੋਮਣੀ ਗੁ: ਪ੍ਰਬੰਧਕ ਕਮੇਟੀ ਕੇ ਅਸੂਲ ਮੁਤਾਬਕ ਸ਼ਾਂਤਮਈ ਰਹਿ ਕੇ ਗ੍ਰਿਫਤਾਰ ਹੋ ਜਾਣਾ, ਜੈਸਾ ਕਿ ਸ੍ਰੀਮਾਨ ਫਖਰੇ ਕੌਮ ਮਾਸਟਰ ਮੋਤਾ ਸਿੰਘ ਜੀ ਅਕਾਲੀ, ਮਾਸਟਰ ਦਲੀਪ ਸਿੰਘ ਜੀ ਅਕਾਲੀ, ਭਾਈ ਕਰਮ ਸਿੰਘ ਜੀ ਗੜਗਜ ਅਕਾਲੀ ਔਰ ਭਾਈ ਕਿਸ਼ਨ ਸਿੰਘ ਜੀ ਗੜਗਜ ਚਕ੍ਰਵਰਤੀ ਅਕਾਲੀਉਂ ਨੇ ਅਮਲ ਮੇਂ ਲਾ ਕਰ ਦਖਲਾਇਆ ਹੈ। ਇਨ ਸਭ ਚਕਰਵਰਤੀਉਂ ਕੋ ਪੋਲੀਸ ਸੀ.ਆਈ.ਡੀ ਅਰ ਝੋਲੀ ਚੁਕ ਗਦਾਰੋਂ ਨੇ ਨੌਕਰ ਸ਼ਾਹੀ ਕੇ ਪਾਸ ਮਸੱਲਾ ਰਹਿਤੇ ਹੂਏ ਬਤਲਾਇਆ। ਲੇਕਨ ਗ੍ਰਿਫਤਾਰੀ ਕੇ ਮੌਕਾ ਪਰ ਕਿਸੀ ਕੇ ਪਾਸ ਸੇ ਕੋਈ ਹਥਿਆਰ ਬਰਆਮਦ ਨਹੀਂ ਹੂਆ ਹੈ। ਧਨ ਸੀ. ਆਈ. ਡੀ. ਅਰ ਝੋਲੀ ਚੁਕ ਝੂਠੀਆਂ ਡਾਇਰੀਆਂ ਦੇਣੇ ਵਾਲੇ ਔਰ ਧਨ ਨੌਕਰ ਸ਼ਾਹੀ ਝੂਠੀਆਂ ਡਾਇਰੀਆਂ ਪਰ ਯਕੀਨ ਕਰਨੇ ਵਾਲੀ। ਇਸ ਸੇ ਸਾਫ ਸਾਬਤ ਹੋਤਾ ਹੈ ਕਿ ਨੌਕਰ ਸ਼ਾਹੀ ਭੀ ਅਮਨ ਮੇਂ ਖਲਲ ਡਾਲਨਾ ਚਾਹਤੀ ਹੈ। ਇਸ ਵਜਾ ਸੇ ਰਿਆਇਆ ਪਰ ਅਮੂਮਨ ਔਰ ਅਕਾਲੀਉਂ ਪਰ ਖਸੂਸਨ ਜ਼ੁਲਮ ਕਰ ਰਹੀ ਹੈ।

ਮਹਿਤਾਬ ਸਿੰਘ ਵਾਹਿਦਾ ਮੁਆਫ:— ਭਾਈ ਧੰਨਾ ਸਿੰਘ ਜੀ ਅਕਾਲੀ ਬਹਿਲ ਪੁਰ ਕੇ ਭਾਈ ਕਰਮ ਸਿੰਘ ਜੀ ਐਡੀਟਰ ਔਰ ਉਦੇ ਸਿੰਘ ਜ਼ੀ ਅਕਾਲੀ ਕੋ ਮਿਲਨੇ ਕੇ ਬਾਦ ਏਕ ਦਿਨ ਮੈਂ ਭਾਈ ਕਰਮ ਸਿੰਘ ਜੀ ਐਡੀਟਰ ਔਰ ਭਾਈ ਉਦੇ ਸਿੰਘ ਜੀ ਅਕਾਲੀ ਕੋ ਮਿਲਨੇ ਕੇ ਲੀਏ ਗਿਆ ਤੋ ਉਨੋਂ ਨੇ ਮੁਝੇ ਬਤਲਾਇਆ ਕਿ ਭਾਈ ਧੰਨਾ ਸਿੰਘ ਜੀ ਅਕਾਲੀ ਭੀ ਹਮਾਰੇ ਸਾਥ ਸ਼ਾਮਲ ਹੋ ਗਿਆ ਹੈ, ਇਸੀ ਅਸਨਾਂ ਮੇਂ ਭਾਈ ਮਤਾਬ ਸਿੰਘ ਵਾਹਿਦਾ ਮੁਆਫ ਭੀ ਆ ਗਿਆ, ਉਸ ਨੇ ਮੇਰੇ ਰੂਬਰੂ ਕਹਾ ਕਿ ਮੁਝੇ ਭੀ ਆਪਣੇ ਸਾਥ ਸ਼ਾਮਲ ਕਰ ਲੋ। ਇਸ ਪਰ ਭਾਈ ਉਦੇ ਸਿੰਘ ਅਕਾਲੀ ਨੇ ਕਹਾ ਕਿ ਅਗਰ ਤੁਮ ਹਮਾਰੇ ਸਾਥ ਰਹਿਨਾ ਚਾਹਤੇ ਹੋ ਤੋ ਵੋਹੀ ਸ਼ਰਤੇਂ ਮਨਜ਼ੂਰ ਕਰੋ ਵਰਨਾ ਹਮ ਤੁਮ ਕੋ ਆਪਨੇ ਸਾਥ ਨਹੀਂ ਰਖ ਸਕਤੇ ਹੈਂ ਇਸ ਪਰ ਮੈਂ ਨੇ ਕਹਾ ਕਿ ਵੋਹ ਕਿਆ ਸ਼ਰਤੇਂ ਹੈਂ, ਭਾਈ ਉਦੇ ਸਿੰਘ ਜੀ ਅਕਾਲੀ ਨੇ ਕਹਾ ਕਿ (੧) ਬਬਰ ਅਕਾਲੀ ਅਖਬਾਰ ਨਿਕਾਲਨੇ ਕੇ ਲੀਏ ਇਸ ਸੇ ਮਸ਼ਵਰਾ ਲੀਆ ਲੇਕਨ ਯਿਹ ਅਖਬਾਰ ਕੇ ਨਿਕਾਲਣੇ ਕੇ ਖ਼ਿਲਾਫ ਥਾ। (੨) ਇਸ ਕੋ ਅਖਬਾਰ ਕੇ ਪਰਚੇ ਗਾਉਂ ਬਗਾਉਂ ਤਕਸੀਮ ਕਰਨੇ ਕੇ ਲੀਏ ਕਹਾ, ਇਸ ਨੇ ਜਵਾਬ ਦੀਆ ਕਿ ਮੈਂ ਯਿਹ ਕਾਮ ਨਹੀਂ ਕਰ ਸਕਤਾ ਹੂੰ। ਕਿਉਂਕਿ ਮੈਂ ਬੀਮਾਰ ਹੋਨੇ ਕੇ ਸਬਬ ਚਲ ਫਿਰ ਨਹੀਂ ਸਕਤਾ ਹੂੰ। (੩) ਹਥਿਆਰਬੰਦ ਹੋ ਜਾਣਾ ਔਰ ਅਗਰ ਜ਼ਰੂਰਤ ਪੇਸ਼ ਹੋ ਤੋ ਮੁਖਬਰੋਂ ਕੋ ਕਤਲ ਕਰਨੇ ਪਰ ਆਮਾਦਾ ਹੋਨਾ ਔਰ ਸ਼ਾਂਤਮਈ ਗ੍ਰਿਫਤਾਰ ਨਾ ਹੋਨਾ। ਇਸ ਨੇ ਜਵਾਬ ਦੀਆ ਕਿ ਮੈਂ ਬਿਲਕੁਲ ਹਥਿਆਰਬੰਦ ਨਹੀਂ ਹੂੰਗਾ ਔਰ ਨਾ ਹੀ ਝੋਲੀ ਚੁਕੋਂ ਕੋ ਕਤਲ ਕਰਨੇ ਕੇ ਲੀਏ ਤਿਆਰ ਹੂੰ ਬਲਕਿ ਮੇਰਾ ਇਰਾਦਾ ਗ੍ਰਿਫਤਾਰ ਹੋ ਜਾਣੇ ਕਾ ਹੈ। (੪) ਜਿਸ ਦਿਨ ਝੋਲੀ ਚੁਕੋਂ ਕੇ ਕਤਲ ਸ਼ੁਰੂ ਕਰਨੇ ਹੈਂ ਉਸ ਦਿਨ ਸੇ ਕਾਤਲੋਂ ਕੋ ਆਪਨੇ ਨਾਮ ਅਕਾਲੀ

Digitized by Panjab Digital Library | www.panjabdigilib.org

ਅਖਬਾਰ ਮੇਂ ਸ਼ਾਇਆ ਕਰਨੇ ਪੜੇਂਗੇ ਤਾਕਿ ਨੌਕਰ ਸ਼ਾਹੀ ਕਤਲੋਂ ਕੇ ਸ਼ਕ ਮੇਂ ਦੀਗਰ ਗਾਉਂਕੇ ਬੇਗੁਨਾਹ ਲੋਗੋਂ ਕੋ ਗ੍ਰਿਫਤਾਰ ਨਾ ਕਰੇਂ। ਇਸ ਚਾਰ ਸ਼ਰਤੋਂ ਕੋ ਸੁਨ ਕਰ ਤੋ ਯਿਹ ਸ਼ਖਸ ਬਿਲਕੁਲ ਕਾਨੋਂ ਪਰ ਹਾਥ ਧਰਤਾ ਹੈ ਔਰ ਕਹਿਤਾ ਹੈ ਕਿ ਮੈਂ ਆਪ ਕੇ ਸਾਥ ਰਹਿ ਕਰ ਕਾਮ ਕਰਨਾ ਤੋ ਦਰ ਕਨਾਰ ਰਹਾ ਬਲਕਿ ਹਰਗਿਜ਼ ਸਾਥ ਨਹੀਂ ਰਹਿ ਸਕਤਾ ਹੂੰ। ਨੀਜ਼ ਇਨ ਸਭ ਬਾਤੋਂ ਕੇ ਮਾਨਨੇ ਸੇ ਇਨਕਾਰ ਕਰਤਾ ਹੈ। ਔਰ ਸਖਤ ਬਰਖਲਾਫ ਹੈ। ਨੀਜ਼ ਭਾਈ ਉਦੇ ਸਿੰਘ ਜੀ ਅਕਾਲੀ ਨੇ ਯਿਹ ਭੀ ਕਹਾ ਕਿ ਯਿਹ ਸ਼ਖਸ ਬਿਲਕੁਲ ਬੇਇਲਮ ਔਰ ਬੇਸਮਝ ਹੋਣੇ ਕੇ ਸਬਬ ਤਕਰੀਰ ਭੀ ਨਹੀਂ ਕਰ ਸਕਤਾ ਹੈ। ਰੋਟੀਆਂ ਜ਼ਿਆਦਾ ਖਾਣੇ ਕੇ ਸਬਬ ਚਲਨੇ ਫਿਰਨੇ ਕਾ ਕਾਮ ਭੀ ਨਹੀਂ ਕਰ ਸਕਤਾ ਹੈ ਜਿਹ ਤੋ ਸਿਰਫ ਗਪੌੜੀ ਹੈ, ਬਸ ਬਾਜ਼ਾਂ ਰੋਟੀਆਂ ਪਾਂਚ ਚਾਰ ਸੇਰ ਸਾਗ ਝੰਬ ਛੋੜਤਾ ਹੈ, ਔਰ ਪਾਂਚ ਛੇ ਛੰਨੇ ਲੱਸੀ, ਚਾਹ ਯਾ ਸ਼ੀਰੀਂ ਪਾਨੀ ਕੇ ਪੀ ਲੇਤਾ ਹੈ ਔਰ ਬਕਵਾਸ ਕਰਤਾ ਰਹਿਤਾ ਹੈ। ਲਿਹਾਜ਼ਾ ਖਾਨੇ ਪੀਨੇ ਕੇ ਵਾਸਤੇ ਹਮਾਰੇ ਪਾਸ ਰਹਿਨਾ ਚਾਹਤਾ ਹੈ। ਔਰ ਯਿਹ ਭੀ ਕਹਾ ਕਿ ਯਿਹ ਦਿਲ ਕਾ ਬੜਾ ਕਮਜ਼ੋਰ ਹੈ। ਇਸ ਕਾ ਕਦੋ ਕਾਠ ਦੇਖਣੇ ਵਾਲੇ ਕੋ ਏਕ ਦੇਵ ਕੀ ਮਾਨਿੰਦ ਮਾਲੂਮ ਹੋਤਾ ਹੈ। ਲੇਕਨ ਦਿਲ ਬਕਰੀ ਕਾ ਹੈ। ਏਕ ਪਾਤ ਕਾ ਖੜਾਕ ਸੁਨ ਕਰ ਭਾਗ ਜਾਤਾ ਹੈ। ਇਸ ਕੀ ਅਛੀ ਤਰਾਂ ਅਜ਼ਮਾਇਸ਼ ਹੋ ਚੁਕੀ ਹੈ। ਯਿਹ ਸ਼ਖਸ ਹਰ ਗਿਜ਼ ਬਾ-ਇਤਬਾਰ ਨਹੀਂ ਹੋ ਸਕਤਾ ਹੈ। ਪਰ ਇਸ ਕੋ ਪੂਛਨਾ ਕਿਆ, ਕਿ ਆਪ ਝੋਲੀ ਚੁਕੋਂ ਕੇ ਕਤਲ ਕਰਨੇ ਕੋ ਤਿਆਰ ਹੋ? ਬਬਰ ਅਖਬਾਰ ਮੇਂ ਆਪਣਾ ਨਾਮ ਦੋ ਗੇ? ਇਨ ਦੋਨੋਂ ਬਾਤੋਂ ਕੇ ਮਾਨ ੇ ਸੇ ਇਸ ਨੇ ਇਨਕਾਰ ਕੀਤਾ ਔਰ ਕਹਾ ਕਿ ਮੈਂ ਨੇ ਅਨੰਦ ਪੁਰ ਕੇ ਹੋਲਾ ਮਹੱਲਾ ਕੇ ਮੌਕਾ ਪਰ ਜਾ ਗ੍ਰਿਫਤਾਰ ਹੋ ਜਾਨਾ ਹੈ। ਇਸ ਪਰ ਭਾਈ ਉਦੇ ਸਿੰਘ ਜੀ ਅਕਾਲੀ, ਭਾਈ ਕਰਮ ਸਿੰਘ ਜੀ ਐਡੀਟਰ ਔਰ ਭਾਈ ਧੰਨਾ ਸਿੰਘ ਜੀ ਅਕਾਲੀ ਨੇ ਕਹਾ ਕਿ ਜਾਓ ਦਫਾ ਹੋ ਜਾਓ, ਕਿਉਂ ਅਨਾਜ ਗੰਦਾ ਕਰਤੇ ਹੋ, ਇਸ ਸੇ ਇਨਹੋਂ ਨੇ ਕਤੱਈ ਤਅੱਲਕ ਨਹੀਂ ਰਖਾ ਹੈ, ਬਲਕਿ ਉਸ ਕੋ ਨਫਰਤ ਕੀ ਨਜ਼ਰ ਸੇ ਦੇਖਤੇ ਰਹਿਤੇ ਹੈਂ ਚੁਨਾਂਚਿ ਉਸ ਨੇ ਆਪਣੇ ਬਿਆਨ ਮੇਂ ਤਹਿਰੀਰ ਕਰਵਾਇਆ ਹੈ ਕਿ ਮੈਂ ਜ਼ਿਆਦਾ ਤਰ ਅਕੇਲਾ ਰਹਾ ਹੂੰ ਕਿਉਂਕਿ ਵੋਹ ਮੁਝੇ ਕਮਜ਼ੋਰ ਦਿਲ ਔਰ ਡਰਪੋਕ ਕਹਾ ਕਰਤੇ ਥੇ। ਖਾਸਕਰ ਭਾਈ ਉਦੇ ਸਿੰਘ ਅਕਾਲੀ ਤੋ ਬਿਲਕੁਲ ਇਤਬਾਰ ਨਹੀਂ ਕਰਤਾ ਥਾ ਨੀਜ਼ ਮੁਝੇ ਗੁਰਮਤੋਂ ਮੇਂ ਭੀ ਸ਼ਾਮਲ ਨਹੀਂ ਕੀਆ ਕਰਤੇ ਥੇ। ਕਭੀ ਆਪਨੇ ਆਪ ਕੋ ਭਾਈ ਉਦੇ ਸਿੰਘ ਜੀ ਅਕਾਲੀ ਕੇ ਸਾਥ ਕਤਲ ਮੇਂ ਸ਼ਾਮਲ ਕਰਤਾ ਹੈ ਕਿਆ ਖੂਬ ਹਰ ਏਕ ਜ਼ੀਅ ਸ਼ਊਰ ਔਰ ਇਨਸਾਫ ਪਸੰਦ ਆਦਮੀ ਨਤੀਜਾ ਨਿਕਾਲ ਸਕਤਾ ਹੈ ਕਿ ਜੋ ਸ਼ਖਸ ਕਿਸੇ ਆਦਮੀ ਕੋ ਕਮਜ਼ੋਰ ਦਿਲ ਵ ਡਰਪੋਕ ਔਰ ਬੇਹੂਦਾ ਖਿਆਲ ਕਰਤਾ ਹੋ, ਕਿਆ ਵੋਹ ਉਸੀ ਸ਼ਖਸ ਕੋ ਆਪਨੇ ਸਾਥ ਲੇ ਕਰ ਝੋਲੀ ਚੁਕ ਕਾ ਕਤਲ ਕਰ ਸਕਤਾ ਹੈ, ਹਰਗਿਜ਼ ਨਹੀਂ। ਦੂਸਰੇ ਉਸ ਨੇ ਆਪਨੀ ਗ੍ਰਿਫਤਾਰੀ ਸੇ ਸਾਬਤ ਕਰ ਦੀਆ ਹੈ ਕਿ ਯਿਹ ਸ਼ਖਸ ਬਿਲਕੁਲ ਨਾਲਾਇਕ ਔਰ ਝੂਠ ਬੋਲਤਾ ਹੈ। ਕਿਉਂਕਿ ਏਕਕਾਤਲ ਸੇ ਇਹ ਕਭੀ ਹੋ ਨਹੀਂ ਸਕਤਾ ਹੈ ਕਿ ਦੋ ਚਾਰ ਪੋਲੀਸ ਵਾਲੇ ਨਜ਼ਦੀਕ ਆਵੇਂ ਔਰ ਸਬਰ ਸ਼ਾਂਤਮਈ ਸੇ ਗ੍ਰਿਫਤਾਰ ਹੋ ਜਾਵੇ ਔਰ ਕੋਈ ਹਥਿਆਰ ਵਗੈਰਾ ਕਬਜ਼ਾ ਸੇ ਬਰ ਆਮਦ ਨਾ ਹੋਂ, ਏਕ ਸੀ. ਆਈ. ਡੀ. ਕੇ ਅਫਸਰ ਕੀ ਜਬਾਨੀ ਸੁਨਾ ਗਿਆ ਹੈ, ਉਨ ਕੋ (ਸਤ) ਕਰਤਾਰ ਸਿੰਘ (ਸ਼ਰਫਦੀਨ) ਵਾਹਿਦਾ ਮੁਆਫ ਨੇ ਗ੍ਰਿਫਤਾਰ ਕਰਵਾਇਆ ਹੈ ਔਰ ਉਸ ਕੋ ਏਕ ਸਦ ਰੁਪਿਆ ਨਕਦ ਇਨਾਮ ਦੀਆਂ ਗਿਆ ਹੈ।

# ਗੌਰਮਿੰਟ ਕੇ ਜ਼ੁਲਮ ਔਰ ਉਨ ਕੇ ਸਬਬ ਇਕ ਨਏ ਜਥੇ ਕਾ ਕਾਇਮ ਹੋਨਾ

ਗੌਰਮਿੰਟ ਕੇ ਜ਼ੁਲਮੋਂ ਕੇ ਸਬਬ ਖਾਲਸਾ ਕੌਮ ਕੋ ਰੋਜ਼ ਬਰੋਜ਼ ਖਸਤਾ ਹਾਲਤ ਮੇਂ ਹੋਤੇ ਦੇਖ ਕਰ ਦੇਸ਼ ਔਰ ਅਪਨੀ ਕੌਮ ਕੇ ਹਮਦਰਦ ਸਿੱਖ ਲੀਡਰੋਂ ਨੇ ਅਕੱਠੇ ਹੋ ਕਰ ਸਲਾਹ ਕੀ ਕਿ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਕੇ ਜ਼ਮਾਨਾ ਔਰ ਉਸ ਕੇ ਕੁਝ ਅਰਸਾ ਬਾਦ ਕੀ ਜੋ ਖਾਲਸਾ ਪੰਥ ਕੋ ਮੁੜ ਜਥੇਬੰਦੀ ਮੇਂ ਲਾਨੇ ਕੇ ਵਾਸਤੇ ਇਸ ਜ਼ਮਾਨਾ ਕੀ ਮਾਨਿੰਦ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਇਮ ਕਰਨੀ ਚਾਹੀਏ, ਜਿਸ ਕਾ ਪਹਿਲਾ ਨਾਮ ਗੁਰਦੁਆਰੋਂ ਕੀ ਸੇਵਾ, ਬਦਚਲਨ ਔਰ ਰੰਡੀ ਬਾਜ਼ ਪੁਜਾਰੀਓਂ ਕੋ ਰਾਹਿ-ਰਾਸਤ ਪਰ ਲਾਨੇ ਕਾ ਹੋ, ਅਗਰ ਵੋਹ ਬਦਅਮਲੋਂ ਸੇ ਬਾਜ਼ ਨਾ ਆਵੇਂ ਤੋ ਉਨ ਕੋ ਗੁਰਅਸਥਾਨੋਂ ਸੇ ਅਲੈਹਦਾ ਕੀਆ ਜਾਵੇ, ਇਸ ਕਿਸਮ ਕਾ ਮਸ਼ਵਰਾ ਕਰਨੇ ਕੇ ਬਾਦ ਪੰਥ ਕੇ ਸਿਰ ਕਟਦਾ ਅਕਾਲੀਓਂ ਕੀ ਏਕ ਮੀਟਿੰਗ ਦਰਬਾਰ ਸਾਹਿਬ ਅੰਮ੍ਰਿਤਸਰ ਹੂਈ, ਜਿਸ ਮੇਂ ਗੁਰਦੁਆਰੋਂ ਕਾ ਇੰਤਜ਼ਾਮ ਠੀਕ ਕਰਨੇ ਔਰ ਅਪਨੇ ਚਾਲ ਚਲਣ ਦਰੁਸਤ ਕਰਨੇ ਕੇ ਵਾਸਤੇ ਗੁਰਦੁਆਰੇ ਕੇ ਸੇਵਾਦਾਰੋਂ ਕੋ ਲਿਖਾ ਗਿਆ, ਭਲਾ ਨੌਕਰ ਸ਼ਾਹੀ ਕੋ ਯਿਹ ਬਾਤ ਕਬ ਗਵਾਰਾ ਹੋ ਸਕਤੀ ਥੀ ਕਿਉਂਕਿ ਨੌਕਰ ਸ਼ਾਹੀ ਨੇ ਤੋ ਬੜੀ ਕੋਸ਼ਸ਼ ਕੀ, ਔਰ ਦਗ਼ਾ ਬਾਜ਼ੀ ਨੇ ਖਾਲਸਾ ਪੰਥ ਕੀ ਪਹਿਲੇ ਜ਼ਮਾਨੇ ਕੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋ ਨੇਸਤੋਂ ਨਾਬੂਦ ਕੀਆ ਹੈ, ਜਿਸ ਕੇ ਹਾਥ ਮੇਂ ਤਮਾਮ ਗੁਰ ਅਸਥਾਨੋਂ ਕਾ ਇੰਤਜ਼ਾਮ ਔਰ ਖਾਲਸਾ ਕੌਮ ਜਥੇਬੰਦ ਰਹਿਤੀ ਥੀ, ਨੌਕਰ ਸ਼ਾਹੀ ਕੇ ਜ਼ਮਾਨਾ ਹਾਲ ਕੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੀਏ ਹੁਏ ਔਰ ਹੋ ਰਹੇ ਜ਼ੁਲਮ ਕਲਮ ਬੰਦ ਕਰਨੇ ਸੇ ਪਹਿਲੇ ਮੈਂ ਇਸ ਜ਼ਮਾਨਾ ਕੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾ ਮੁਖਤਿਸਿਰ ਹਾਲ ਤਹਰੀਰ ਕਰਤਾ ਹੂੰ, ਤਾਕਿ ਪਬਲਕ ਕੋ ਪਤਾ ਲਗ ਜਾਵੇ ਕਿ ਖਾਲਸਾ ਪੰਥ ਕੀ ਪਹਿਲੇ ਹੀ ਗੁਰਦੁਆਰਾ ਪ੍ਰਬੰਧਕ ਕਮੇਟੀ ਥੀ, ਉਸ ਕੋ ਕਬ ਔਰ ਕਿਸ ਤਰ੍ਹਾਂ ਤੋੜਾ ਗਿਆ, ਅਬ ਨੌਕਰ ਸ਼ਾਹੀ ਕੇ ਖਾਲਸਾ ਕੌਮ ਪਰ ਕੀਏ ਹੁਏ ਬੜੇ ਬੜੇ ਜ਼ੁਲਮ ਤਹਰੀਰ ਕਰਤਾ ਹੂੰ, ਕਿ ਕਿਸ ਤਰ੍ਹਾਂ ਖਾਲਸਾ ਕੌਮ ਕੋ ਤਖਤ ਸੇ ਤਖਤਾ ਪਰ ਗਿਰਾ ਕਰ ਸ਼ੋਰੀ ਛੁਰੀ ਸੇ ਹਲਾਲ ਕੀਆ ਗਿਆ ਹੈ, ਕਿਉਂਕਿ ਨੌਕਰੀ ਸ਼ਾਹੀ ਖਾਲਸਾ ਕੌਮ ਕੇ ਹਾਥ ਦੇਖ ਚੁਕੀ ਹੈ, ਔਰ ਉਸ ਕੋ ਪੰਜਾਬ ਮੇਂ ਸਿਰਫ ਇਸੀ ਕੌਮ ਕਾ ਖੌਫ ਥਾ। ਇਸ ਲਈ ਨੌਕਰ ਸ਼ਾਹੀ ਨੇ ਜੰਗਜੂ ਕੌਮ ਕੀ ਜੜ੍ਹ ਗੁਰਦੁਆਰਾ ਪ੍ਰਬੰਧਕ ਕਮੇਟੀ ਕੋ ਨੇਸਤੋ ਨਾਬੂਦ ਕਰਕੇ ਬੇਖੌਫ ਅਕੱਠੇ ਜ਼ੁਲਮ ਕਰਨੇ ਸ਼ੁਰੂ ਕੀਏ ਔਰ ਕਰ ਰਹੀ ਹੈ, ਨੀਜ਼ ਛੈਲ ਮੇਂ ਨੌਕਰ ਸ਼ਾਹੀ ਕੇ ਖਾਲਸਾ ਕੌਮ ਪਰ ਕੀਏ ਹੂਏ ਮਸ਼ਹੂਰ ਜ਼ੁਲਮ ਲਿਖੇ ਜਾਤੇ ਹੈਂ, ਜਿਨ ਕੇ ਸਬਬ ਸੇ ਖਾਲਸਾ ਕੌਮ ਕੋ ਹੋਸ਼ ਆਈ, ਤੇ ਬਬਰ ਅਕਾਲੀ ਜਥਾ ਕਾਇਮ ਹੂਆ।

(੧) ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਕੇ ਇਸ ਦੁਨੀਆਂ ਸੇ ਰਵਾਨਾ ਹੋ ਜਾਨੇ ਕੇ ਬਾਦ ਹਕੂਮਤ ਕੀ ਵਾਗ ਡੋਰ ਮਹਾਰਾਜਾ ਦਲੀਪ ਸਿੰਘ ਕੇ ਹਾਥ ਆਈ, ਮਹਾਰਾਜਾ ਉਸ ਵਕਤ ਨਾਬਾਲਗ ਥਾ, ਨੌਕਰ ਸ਼ਾਹੀ ਮਹਾਰਾਜਾ ਸਾਹਿਬ ਕੋ ਤਾਲੀਮ ਦੇਨੇ ਕੇ ਧੋਖੇ ਸੇ ਵਲਾਇਤ ਲੇ ਗਈ, ਔਰ ਵਲਾਇਤ ਲੇ ਜਾ ਕਰ ਕਮ ਸਨ ਮਹਾਰਾਜਾ ਸਾਹਿਬ ਕੇ ਜ਼ਬਰਦਸਤੀ ਪਵਿਤਰ ਕੇਸ ਕਾਟ ਕਰ ਈਸਾਈ ਬਨਾ ਲੀਆ, ਔਰ ਇਸ ਤਰ੍ਹਾਂ ਦਗਾ ਬਾਜ਼ੀ ਨੇ ਖਾਲਸਾ ਰਾਜ ਕੋ ਹੜੱਪ ਕਰ ਲੀਆ, ਔਰ ਜਿਨ ਸਰਦਾਰੋਂ ਨੇ ਉਸ ਕੇ ਬਰਖਲਾਫ ਅਵਾਜ਼ ਬਲੰਦ ਕੀ ਉਨ ਕੋ ਜੇਲ੍ਹ ਕੀ ਤੰਗ ਕੋਠੀਓਂ ਮੇਂ ਬੰਦ ਕੀਆ ਗਿਆ।

ਸਾਡੇ ਸਿੰਘ ਦਲੀਪ ਮਹਾਰਾਜ ਤਾਈਂ, ਲੈ ਗਈ ਵਿਚ ਵਲੈਤ ਬਾਰ ਬਾਰ ਦੇਖੋ।
ਕੇਸ ਕਟ ਕੇ ਈਸਾਈ ਕਰ ਲਿਆ ਉਸ ਨੂੰ, ਕੀਤੇ ਪੁਜ ਕੇ ਅਤਿਆਚਾਰ ਦੇਖੋ।

Digitized by Panjab Digital Library | www.panjabdigilib.org

ਵਾਪਸ ਨਹੀਂ ਕੀਤਾ ਧੋਖੇਬਾਜ਼ ਬਣ ਗਈ, ਸਾਰੇ ਭੁਲ ਗਈ ਕੌਲ ਇਕਰਾਰ ਦੇਖੋ ।
ਰਾਜ ਖੋਹ ਲਿਆ ਇਸ ਤਰ੍ਹਾਂ ਨਾਲ ਧੋਖੇ, ਮਲੋ ਮਲੀ ਦੀ ਬਨੀ ਸਰਕਾਰ ਦੇਖੋ ।

ਇਸ ਤਰ੍ਹਾਂ ਖਾਲਸਾ ਰਾਜ ਕੋ ਹੜਪ ਕਰਕੇ ਯਾਨੀ ਮਾਲਕ ਬਨ ਕਰ ਪੰਥ ਕੀ ਧਾਰਮਕ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਸ ਕੇ ਜ਼ਰੀਏ ਖਾਲਸਾ ਕੌਮ ਕਾ ਜੱਥਾ ਬੰਦੀ ਔਰ ਦੀਗਰ ਧਾਰਮਕ ਕਾਮ ਚਲਤੇ ਹੈਂ, ਤੋੜਨੇ ਪਰ ਕਮਰ ਬਾਂਧੀ । ਚੁਨਾਂਚਿ ੧੮੫੯ ਮੇਂ ਕੌਮ ਪ੍ਰਸਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋ ਤੋੜ ਕਰ ਕੌਮ ਫਰੋਸ਼ ਔਰ ਖੁਦਗਰਜ਼ ਗਦਾਰੋਂ ਕਾ ਏਕ ਸਰਕਾਰੀ ਟੋਲਾ ਮੁਕੱਰਰ ਕਰ ਦੀਆ, ਔਰ ਉਸ ਵਕਤ ਸੇ ਨੌਕਰ ਸ਼ਾਹੀ ਕਾ ਗੁਰਦੁਆਰੋਂ ਕੀ ਲਾਖੋਂ ਰਪੌਂ ਕੀ ਆਮਦਨ ਪਰ ਪੂਰਾ ਇਖਤਿਆਰ ਹੋ ਗਿਆ, ਨੌਕਰ ਸ਼ਾਹੀ ਨੇ ਇਸ ਪਰ ਭੀ ਕਨਾਇਤ ਨਾ ਕੀ ਔਰ ੧੮੮੪ ਮੇਂ ਯਿਹ ਕੌਮੀ ਗ਼ਦਾਰੋਂ ਕਾ ਟੋਲਾ ਤੋੜ ਕਰ ਸਿਰ ਬਰਾਹੀ ਕਾ ਸਿਲਸਿਲਾ ਸ਼ੁਰੂ ਕਰ ਦੀਆ ਅਰ ਜੋ ਸਬ ਸੇ ਆਲਾ ਦਰਜੇ ਕਾ ਰੂੜ ਸਿੰਘ ਜੈਸਾ ਖੁਦ ਗਰਜ਼ ਔਰ ਕੌਮੀ ਗ਼ਦਾਰ ਹੋਤਾ ਥਾ, ਉਸ ਕੋ ਨੌਕਰ ਸ਼ਾਹੀ ਕੀ ਤਰਫ ਸੇ ਮਕੱਰਰ ਕੀਆ ਜਾਤਾ ਥਾ, ਔਰ ਪੰਥ ਉਸ ਮੇਂ ਕੋਈ ਦਖਲ ਨਹੀਂ ਦੇ ਸਕਤਾ ਥਾ । ਲਿਹਾਜ਼ਾ ਨੌਕਰ ਸ਼ਾਹੀ ਕੀ ਪੰਜੇ ਘੀ ਮੇਂ ਪੜ ਗਈਂ ਔਰ ਬੇਸ਼ ਬਹਾ ਚੀਜ਼ੇਂ ਵਲੈਤ ਪਹੁੰਚ ਗਈਂ, ਨੀਚ ਇਕੀ ਸਾਲ ਕੇ ਕਰੀਬ ਏਕ ਐਕਟ ਬਨਾ ਦੀਆ ਜਿਸ ਕੀ ਰੂ ਸੇ ਏਕ ਗ਼ੈਰ ਸ਼ਖਸ ਦੂਸਰੇ ਕੀ ਜਾਇਦਾਦ ਪਰ ਬਾਰਾਂ ਸਾਲ ਕਬਜ਼ਾ ਰਖਨੇ ਕੇ ਬਾਦ ਉਸੀ ਕਾਨੂੰਨ ਨੇ ਗੁਰਦੁਵਾਰੀਓਂ ਕੋ ਮਾਲਕ ਬਨਾ ਦੀਆ, ਔਰ ਅਪਨੇ ਸਿਰੋਂ ਪਰ ਪੰਥ ਕਾ ਅੰਕਸ ਨਾ ਸਮਝ ਕਰ ਗੁਰਦੁਆਰੋਂ ਮੇਂ ਸ਼ਰਾਬ ਵਾ ਕਬਾਬ ਕੇ ਦੌਰ ਲਗਾਨੇ ਸ਼ੁਰੂ ਕੀਏ, ਔਰ ਰੰਡੀਓਂ ਕੇ ਨਾਚ ਸ਼ੁਰੂ ਕੀਏ, ਔਰ ਗੁਰਦੁਆਰੋਂ ਕੀ ਲਾਖੋਂ ਰਪੌਂ ਕੀ ਆਮਦਨ ਜਿਸ ਕੋ ਪੰਥ ਧਾਰਮਕ ਕਾਮੋਂ ਮੇਂ ਖਰਚ ਕੀਆ ਕਰਤਾ ਥਾ, ਸ਼ਰਾਬ, ਕਬਾਬ, ਰੰਡੀ ਬਾਜ਼ੀ, ਔਰ ਅਫ਼ਸਰੋਂ ਕੇ ਡਾਲੀਓਂ ਕੇ ਰਸਤੇ ਉੜਾਨੀ ਸ਼ੁਰੂ ਕਰ ਦੀ ਔਰ ਖਾਲਸਾ ਪੰਥ ਕੇ ਤਰੱਕੀ ਕੇ ਜ਼ਰੀਏ ਕੋ ਬੰਦ ਕਰ ਦੀਆ ਗਿਆ ।

ਪਹਿਲੇ ਸੰਨ ਅਠਾਰਾਹ ਸੇ ਉਨਾਟ ਤੀਕਰ, ਇੰਤਜ਼ਾਮ ਸਾਰੇ ਗੁਰਦੁਆਰਿਆਂ ਦਾ ।
ਹੈਸੀ ਹਥ ਸਾਰਾ ਕੌਮੀ ਸੇਵਕਾਂ ਦੇ, ਅਖਤਿਆਰ ਹੈਸੀ ਕੌਮੀ ਪਿਆਰਿਆਂ ਦਾ ।
ਜਦੋਂ ਦੇਖਿਆ ਕੌਮ ਦਾ ਭਲਾ ਕਰਦੇ, ਵਿਚੋਂ ਦਖਲ ਹਟਾ ਕੇ ਸਾਰਿਆਂ ਦਾ ।
ਟੋਲਾ ਉਨ੍ਹਾਂ ਦੀ ਜਗ੍ਹਾ ਮੁਕੱਰਰ ਕੀਤਾ, ਪੇਟ ਪਾਲੂ ਖੁਸ਼ਾਮਦੀ ਭਾਰਿਆਂ ਦਾ ।

—o—

ਕੁਝ ਕੁ ਉਕਤ ਕਮੇਟੀ ਦੇ ਮੈਂਬਰਾਂ ਨੇ, ਜਦੋਂ ਕੌਮ ਦੇ ਨਾਲ ਪਿਆਰ ਕੀਤਾ ।
ਹੜਪ ਕਰਨ ਖਾਤਰ ਸਾਰੀ ਆਮਦਨੀ ਨੂੰ, ਮਸਲਾ ਹੋਰ ਹੀ ਚੁਕ ਤਿਆਰ ਕੀਤਾ ।
ਕਰਕੇ ਬੰਦ ਕਮੇਟੀ ਦੇ ਸਿਲਸਿਲੇ ਨੂੰ, ਕਿਉਂ ਇਕ ਦਾ ਹੀ ਅਖਤਿਆਰ ਕੀਤਾ ।
ਸਿਰ ਬ੍ਰਾਹੀ ਦਾ ਸਿਲਸਿਲਾ ਸ਼ੁਰੂ ਕਰਕੇ, ਸਾਰੇ ਪੰਥ ਉਤੇ ਸਖਤ ਵਾਰ ਕੀਤਾ ।

(੩) ੧੯੧੩ ਮੇਂ ਤੋ ਨੌਕਰਸ਼ਾਹੀ ਨੇ ਬਰਮਲਾ ਤੌਰ ਪਰ ਖਾਲਸਾ ਪੰਥ ਕੇ ਧਰਮ ਮੇਂ ਦਖਲ ਦੇਨੇ ਔਰ ਗੁਰਦੁਆਰੇ ਗਿਰਾਨੇ ਸ਼ੁਰੂ ਕੀਏ, ਪਹਿਲਾ ਹਮਲਾ ਗੁ: ਰਕਾਬ ਗੰਜ ਦੇਹਲੀ ਪਰ ਕੀਆ, ਤਮਾਮ ਸਿਖ ਕੌਮ ਕੇ ਬਰਖਲਾਫ ਅਵਾਜ਼ ਬੁਲੰਦ ਕਰਨੇ ਕੇ ਬਾਵਜੂਦ ਭੀ ਜ਼ਬਰਦਸਤੀ ਗੁਰਦਵਾਰੇ ਕੀ ਦੀਵਾਰ ਕੋ ਗਿਰਾਇਆ ਗਿਆ । ਚੰਦ ਬੇਈਮਾਨ ਵ ਖੁਦਗਰਜ਼ ਵਾ ਕੌਮ ਫਰੋਸ਼ ਔਰ ਕੌਮੀ ਗਦਾਰ ਮੁਰੱਬੋਂ ਔਰ ਜਾਗੀਰੋਂ ਕੇ ਲਾਲਚੀ ਸੁੰਦਰ ਸਾਕਨ ਮਜੀਠਾ ਵਾ ਗਜਨ ਸਿੰਘ ਸਾਕਨ ਨਾਰੰਗਵਾਲ

Digitized by Panjab Digital Library | www.panjabdigilib.org

ਵਾ ਨੂਰ ਸਿੰਘ ਸਰਬਰਾਹ ਅੰਮ੍ਰਿਤਸਰ ਵਗ਼ੈਰਾ ਚੀਫ ਖਾਲਸਾ ਦੀਵਾਨ ਕੇ ਮੈਂਬਰ ਬਰਾਏ ਨਾਮ ਸਿਖ ਦੀਵਾਰ ਕੇ ਗਿਰਾਨੇ ਕੇ ਹਕ ਮੇਂ ਥੇ, ਜਿਨ ਕੀ ਆੜ ਮੇਂ ਨੌਕਰ ਸ਼ਾਹੀ ਖਾਲਸਾ ਪੰਥ ਪਰ ਜ਼ੁਲਮ ਕਰ ਰਹੀ ਥੀ ।

ਗਬਨ ਫੰਡਾਂ ਦੇ ਲਖਾਂ ਰੁਪਏ ਕਰਕੇ, ਤੈਨੂੰ ਭੈੜੀਏ ਸਬਰ ਨਾ ਆਇਆ ਜੇ।
ਜੋ ਰਕਾਬ ਗੰਜ ਦਿਲੀ ਦਾ ਗੁਰਦਵਾਰਾ, ਜ਼ਬਰਦਸਤੀ ਦੀਵਾਰ ਨੂੰ ਢਾਇਆ ਜੇ।
ਦੇਖ ਚੋਟੀ ਦੇ ਜ਼ੁਲਮ ਦਾ ਵਾਰ ਕੀਤਾ, ਧਰਮ ਵਿਚ ਤੈਂ ਦਖਲ ਜਮਾਇਆ ਜੇ।
ਪੰਥ ਦਰਦੀ ਅਵਾਜ਼ ਬੁਲੰਦ ਕੀਤੀ, ਚੁਕ ਉਸਨੂੰ ਪਿੰਜਰੇ ਪਾਇਆ ਜੇ।
ਪਿਆਰੇ ਪੰਥ ਦੇ ਸਿੰਘ ਰਣਧੀਰ ਤਾਂਈਂ, ਦਸ ਸਾਲ ਤੈਂ ਜੇਲ੍ਹ ਸੁਣਾਇਆ ਜੇ।
ਹਦ ਕੋਈ ਨਿਧੜਕ ਨਾ ਕੈਦ ਵਾਲੀ, ਜ਼ੁਲਮਾਂ ਤੇਰਿਆਂ ਪੰਥ ਜਗਾਇਆ ਜੇ।

ਜਬ ਗੁਰਦਵਾਰਾ ਰਕਾਬ ਗੰਜ ਦਿਲੀ ਕੀ ਦੀਵਾਰ ਕਾ ਜ਼ਬਰਦਸਤੀ ਗਰਾਇਆ ਜਾਨਾ ਔਰ ਅਮਰੀਕਾ ਔਰ ਕੈਨੇਡਾ ਰੋਜ਼ਗਾਰ ਕੇ ਵਾਸਤੇ ਗਏ ਹੁਏ ਸਿਖੋਂ ਨੇ ਸੁਨਾ ਤੋ ਉਨ ਕੇ ਖੂਨ ਨੇ ਜੋਸ਼ ਖਾਇਆ, ਔਰ ਉਨਹੋਂ ਨੇ ਆਪਸ ਮੇਂ ਮਸ਼ਵਰਾ ਕੀਆ ਕਿ ਧਾਰਮਕ ਅਸਥਾਨ ਆਪਣੀ ਆਂਖੋਂ ਕੇ ਸਾਹਮਨੇ ਗਿਰਾਏ ਜਾਤੇ ਦੇਖਨੇ ਸੇ ਮੌਤ ਹਜ਼ਾਰ ਦਰਜੇ ਅੱਛੀ ਹੈ। ਕਿਉਂਕਿ ਜੋ ਕੌਮ ਆਪਣਾ ਧਰਮ ਔਰ ਗੁਰਸਥਾਨ ਸੰਭਾਲਨੇ ਕੇ ਕਾਬਲ ਨਾ ਹੋ ਵੋਹ ਮੁਰਦਾ ਕੌਮ ਸਮਝੀ ਜਾਤੀ ਹੈ। ਬੇਸ਼ਕ ਹਮ ਗੁਲਾਮ ਨਹੀਂ ਆਪਣਾ ਧਰਮ ਔਰ ਗੁਰਦਵਾਰੇ ਬਚਾਨੇ ਕੀ ਖਾਤਰ ਸ਼ਹੀਦ ਤੋ ਹੋ ਸਕਤੇ ਹੈਂ ਚੁਨਾਚਿ ਚੰਦ ਸੈਂਕੜੇ ਸਿਖ ਗੁਰਦਵਾਰੋਂ ਕੀ ਬਾਬਤ ਨੌਕਰਸ਼ਾਹੀ ਕੇ ਬਖ਼ਿਲਾਫ ਐਜ਼ੀਟੇਸ਼ਨ (ਜਹਾਦ) ਕਰਨੇ ਕੇ ਲੀਏ ਗ਼ੈਰ ਮੁਲਕੋਂ ਸੇ ਵਾਪਸ ਆਪਣੇ ਮੁਲਕ ਕੋ ਆਨੇ ਕੇ ਵਾਸਤੇ ਰਵਾਨਾ ਹੁਏ। ਉਸ ਤਰਫ ਜਹਾਜ਼ ਸੇ ਉਤਰਨੇ ਕਾ ਉਨ ਕਾ ਸ਼ਿਕਾਰ ਕਰਨੇ ਕੇ ਲੀਏ ਨੌਕਰਸ਼ਾਹੀ ਨੇ ਭੀ ਕਲਕਤਾ ਬੰਦਰਗਾਹ ਪਰ ਫੌਜ ਔਰ ਪੋਲੀਸ ਲੇ ਜਾ ਕਰ ਖੂਬ ਬੰਦੋਬਸਤ ਕਰ ਲੀਆ, ਉਨ ਬਿਚਾਰੇ ਬੇਗੁਨਾਹ ਵਾ ਬੇ ਕਸੂਰ ਵਾ ਬਗ਼ੈਰ ਹਥਿਆਰ ਕੇ, ਉਨਹੋਂ ਕੋ ਕਿਆ ਮਾਲੂਮ ਥਾ ਕਿ ਹਮਾਰੇ ਸ਼ਿਕਾਰ ਕੇ ਵਾਸਤੇ ਨੌਕਰਸ਼ਾਹੀ ਮੋਰਚੇ ਬਣਾ ਬੈਠੀ ਹੈ। ਜਬ ਵੋਹ ਬਿਚਾਰੇ ਸਿਖ ਮੁਸਾਫਰ ਜਹਾਜ਼ ਸੇ ਉਤਰ ਕਰ ਆਪਣੇ ਬਿਸਤਰੇ ਉਠਾ ਕਰ ਸ਼ਹਿਰ ਕੀ ਤਰਫ ਰਵਾਨਾ ਹੁਏ ਤੋ ਅਚਾਨਕ ਉਨ ਪਰ ਗੋਲੀਆਂ ਚਲਨੇ ਲਗੀਂ। ਚਾਰੋਂ ਤਰਫ ਫੌਜ ਔਰ ਪੋਲੀਸ ਕਾ ਘੇਰਾ ਡਾਲਾ ਹੂਆ ਦੇਖ ਕਰ ਜ਼ਿੰਦਗੀ ਸੇ ਬੇ ਉਮੀਦ ਹੋ ਬੈਠੇ। ਦੌੜ ਕਰ ਜਾਏਂ ਤੋਂ ਕਹਾਂ ਜ਼ਾਏਂ ਚਾਰੋਂ ਤਰਫ ਤਾੜ ਤਾੜ ਗੋਲੀ ਚਲ ਰਹੀ ਥੀ। ਉਸ ਵਕਤ ਏਕ ਗੁਰਸਿਖ ਕੇ ਸਿਰ ਊਪਰ ਸ੍ਰੀ ਗੁਰੂ ਗਰੰਥ ਸਾਹਿਬ ਉਠਾਏ ਹੁਏ ਥੇ। ਬਾਕੀ ਉਸ ਕੇ ਪੀਛੇ ਸ਼ਬਦ ਪੜ੍ਹਤੇ ਜਾ ਰਹੇ ਥੇ। ਗੁਰੂ ਗਰੰਥ ਸਾਹਿਬ ਉਠਾਨੇ ਵਾਲੇ ਸਿਖ ਕੀ ਪੇਸ਼ਾਨੀ ਪਰ ਗੋਲੀ ਲਗੀ ਔਰ ਗੁਰੂ ਗਰੰਥ ਸਾਹਿਬ ਜ਼ਮੀਨ ਪਰ ਗਿਰ ਪੜਾ ਜਿਸ ਕੀ ਬੀੜ ਪਰ ਗੋਲੀਆਂ ਚਲਾਈ ਗਈਂ, ਵਰਕੇ ਫਾੜੇ ਗਏ ਔਰ ਬੂਟੋਂ ਕੇ ਠੁਡ ਲਗਾਏ ਗਏ। ਬਾਵਜੂਦ ਤਮਾਮ ਸਿਖ ਕੌਮ ਕੇ ਆਵਾਜ਼ ਬਲੰਦ ਕਰਨੇ ਕੇ ਭੀ ਆਜ ਤਕ ਪਤਾ ਨਹੀਂ ਦੀਆ ਹੈ ਕਿ ਕਹਾਂ ਫੈਂਕਾ ਗਿਆ। ਔਰ ਮੁੰਦਰਜਾ ਬਾਲਾ ਚੰਦ ਚੀਫ ਖਾਲਸਾ ਦੀਵਾਨ ਕੇ ਮੈਂਬਰੋਂ ਕੀ ਮਾਰਫਤ ਏਕ ਦੋ ਜਗ੍ਹਾ ਸੇ ਬਗ਼ੈਰ ਹਾਜ਼ਰੀ ਰਾਏ ਲੀਏ ਜਾਨੇ ਕੇ ਗੁਰਮਤੇ ਪਾਸ ਕਰਵਾ ਦੀਏ ਕਿ ਗੈਰ ਮੁਲਕੋਂ ਕੇ ਆਮਦਾਹ ਸਿਖ ਡਾਕੂ ਔਰ ਅਸਿਖ ਹੈਂ, ਜੋ ਕਿ ਅਮਨ ਮੇਂ ਖਲਲ ਡਾਲਣਾ ਚਾਹਤੇ ਹੈਂ। ਜੋ ਆਪਣਾ ਧਰਮ ਔਰ ਗੁਰਦਵਾਰੇ ਕਾਇਮ ਰਖਨੇ ਕੇ ਵਾਸਤੇ ਪ੍ਰਚਾਰ ਕਰਤੇ ਹੈਂ ਨੌਕਰਸ਼ਾਹੀ ਕੋ ਡਾਕੂ ਔਰ ਸ਼ਰਾਰਤੀ ਨਜ਼ਰ ਆਤੇ ਹੈਂ, ਕਿਆ ਖੂਬ।

ਲਗਾ ਆਣ ਜਹਾਜ਼ ਘਾਟ ਉਤੇ, ਸਿੰਘ ਉਤਰੇ ਘਰਾਂ ਦੇ ਜਾਵਣੇ ਨੂੰ।
ਚੁਕ ਬਿਸਤਰੇ ਹੋਣ ਰਵਾਨ ਲਗੇ, ਜ਼ਾਲਮ ਉਠ ਪਏ ਜ਼ੁਲਮ ਕਮਾਵਣੇ ਨੂੰ।

Digitized by Panjab Digital Library | www.panjabdigilib.org

ਪੈਣ ਲਗੀਆਂ ਗੋਲੀਆਂ ਟੋਲੀਆਂ ਤੇ, ਘੇਰਾ ਘਤਿਆ ਕੁਲ ਮੁਕਾਵਣੇ ਨੂੰ ।
ਬਹੁਤ ਸਿੰਘ ਤਾਂ ਉਥੇ ਸ਼ਹੀਦ ਹੋਏ, ਬਾਕੀ ਦੌੜ ਪਏ ਜਿੰਦ ਬਚਾਵਣੇ ਨੂੰ ।

ਮਾਰ ਮਾਰ ਕੇ ਗੋਲੀਆਂ ਬੇਦੋਸਿਆਂ ਤੇ, ਜ਼ਾਲਮ, ਸਿੰਘਾਂ ਨੂੰ ਧਰਤ ਸਟੌਣ ਲਗ ਪਏ ।
ਕੋਈ ਸੁਨੇ ਨਾ ਚੀਖ ਪੁਕਾਰ ਤਾਈਂ, ਵਧ ਵਧ ਕੇ ਜ਼ੁਲਮ ਕਮੌਣ ਲਗ ਪਏ ।
ਜਾਨਾ ਪਾਵੇ ਨਾ ਏਹੋ ਆਵਾਜ਼ ਆਵੇ, ਛੁਰੀ ਜ਼ੁਲਮ ਦੀ ਦੇਖੋ ਚਲੌਣ ਲਗ ਪਏ ।
ਸਿੰਘ ਸੂਰਿਆਂ ਪਰ ਬੇ ਹਥਿਆਰਿਆਂ ਨੂੰ, ਗਿਦੜ ਭਬਕੀਆਂ ਮਾਰ ਡਰੌਣ ਲਗ ਪਏ ।

ਖ਼ੂਨ ਵਗਿਆ ਵਾਂਗ ਪ੍ਰਨਾਲਿਆਂ ਦੇ, ਲਹੇ ਸਿੰਘਾਂ ਦੇ ਘਾਣ ਦੇ ਘਾਣ ਓਥੇ ।
ਖ਼ੂਨ ਵਗ ਕੇ ਬੇਗੁਨਾਹ ਬੰਦਿਆਂ ਦਾ, ਧਰਤ ਹੋਈ ਸੀ ਲਹੂ ਲਹਾਂਨ ਓਥੇ ।
ਆਂਸੂ ਖ਼ੂਨ ਦੇ ਪਏ ਬਹਾਨ ਲੋਕੀ, ਮਰੇ ਦੇਖ ਕੇ ਸਿੰਘ ਜਵਾਨ ਓਥੇ ।
ਕੀਤੇ ਜ਼ੁਲਮ ਨਿਧੜਕ ਹੋ ਪਾਪੀਆਂ ਨੇ, ਕੰਬ ਉਠਿਆ ਜ਼ਮੀਨ ਅਸਮਾਨ ਓਥੇ ।

ਇਸ ਕਿਸਮ ਕੇ ਦਿਨ ਬਦਿਨ ਜ਼ੁਲਮ ਹੋਤੇ ਦੇਖ ਕਰ ਔਰ ਬਦਚਲਣ ਔਰ ਰੰਡੀਬਾਜ਼ ਪੁਜਾਰੀਉਂ ਕੋ ਗੁਰਦਵਾਰੋਂ ਮੇਂ ਬੇਵਾਉਂ ਕੇ ਨਾਚ ਕਰਵਾਤੇ ਔਰ ਸ਼ਰਾਬ ਔਰ ਕਬਾਬ ਕੇ ਦੌਰ ਉੜਾਤੇ ਔਰ ਗੁਰਦਵਾਰੋਂ ਕੀ ਆਮਦਨ ਕੋ ਅਪਨੀ ਮਲਕੀਅਤ ਸਮਝ ਕਰ ਬਦਅਮਲੋਂ ਮੇਂ ਖਰਚ ਕਰਤੇ ਦੇਖ ਕਰ ਖਾਲਸਾ ਪੰਥ ਨੇ ਪਹਿਲੇ ਜ਼ਮਾਨੇ ਕੀ ਤਰਾਂ ਗੁਰਦਵਾਰੋਂ ਕਾ ਸੁਧਾਰ ਔਰ ਬੰਦੋਬਸਤ ਕਰਨੇ ਕੇ ਵਾਸਤੇ ਸਿਰਕਰਦਾ ਲੀਡਰੋਂ ਕੋ ਮੁਨਤਖਿਬ ਕਰਕੇ ੧੭੪ ਆਦਮੀਉਂ ਕੀ ਧਾਰਮਕ ਗੁਰਦਵਾਰਾ ਪ੍ਰਬੰਧਕ ਕਮੇਟੀ ਕਾਇਮ ਕੀ, ਜਿਸ ਨੇ ਸ੍ਰੀ ਅਕਾਲ ਤਖਤ ਬੈਠ ਕਰ ਗੁਰਮਤੇ ਪਾਸ ਕੀਏ ਔਰ ਪੁਜਾਰੀਉਂ ਕੀ ਤਰਫ ਹੁਕਮਨਾਮੇ ਜਾਰੀ ਕਰ ਦੀਏ । ਕਿ ਆਪਣੇ ਚਾਲ ਚਲਨ ਦਰੁਸਤ ਕਰੋ ਵਰਨਾ ਗੁਰਦਵਾਰੋਂ ਕੀ ਸੇਵਾ ਸੇ ਅਲਹਿਦਾ ਕੀਏ ਜਾਓਗੇ । ਹੁਕਮਨਾਮੇ ਪਹੁੰਚਨੇ ਪਰ ਬਹੁਤ ਸੇ ਨੇਕ ਚਲਣ ਵਾਲੇ ਸੇਵਾਦਾਰ ਤੋ ਆਪਨੇ ਆਪ ਸ੍ਰੀ ਅਕਾਲ ਤਖਤ ਕਮੇਟੀ ਕੇ ਦਫਤਰ ਮੇਂ ਪਹੁੰਚ ਕਰ ਕਮੇਟੀ ਕੀ ਸ਼ਰਤੇਂ ਮਨਜ਼ੂਰ ਕਰਨੇ ਲਗੇ । ਔਰ ਗੁਰਦਵਾਰੋਂ ਕਾ ਅਛਾ ਇੰਤਜ਼ਾਮ ਹੋਣੇ ਲਗਾ । ਔਰ ਫਿਰ ਖਾਲਸਾ ਪੰਥ ਕੇ ਤਰਕੀ ਕੇ ਜ਼ਰੀਏ ਸ਼ੁਰੂ ਹੋਨੇ ਕੀ ਉਮੀਦ ਹੋ ਗਈ । ਲੇਕਨ ਨੌਕਰਸ਼ਾਹੀ ਕੋ ਯਿਹ ਬਾਤ ਕਬ ਗਵਾਰਾ ਹੋ ਸਕਤੀ ਥੀ । ਨੌਕਰ ਸ਼ਾਹੀ ਤੋ ਖਾਲਸਾ ਕੌਮ ਕੋ ਪਾਪੋਸ਼ ਬਨਾਣਾ ਚਾਹਤੀ ਥੀ । ਕਿਉਂਕਿ ਇਸ ਜੰਗਜੂ ਔਰ ਬਹਾਦਰ ਕੌਮ ਸੇ ਹਰ ਵਕਤ ਖਤਰਾ ਰਹਿਤਾ ਥਾ । ਇਸ ਲੀਏ ਨੌਕਰ ਸ਼ਾਹੀ ਇਸ ਕੌਮ ਕੋ ਜਾਦੂਗਰ ਕੀ ਤਰਹ ਹਾਥੋਂ ਪਰ ਨਿਚਨਾ ਔਰ ਉਲੂ ਬਨਾਏ ਰਖਨਾ ਚਾਹਤੀ ਥੀ । ਨੀਜ਼ ਇਸਨੇ ਬਦਚਲਨ ਪੁਜਾਰੀਉਂ ਕੀ ਪੁਸ਼ਤ ਠੋਕਨੀ ਸ਼ੁਰੂ ਕੀ ਔਰ ਕਹਾ ਗੌਰਮਿੰਟ ਤੁਮਹਾਰੀ ਅਮਦਾਦ ਕਰੇਗੀ । ਤੁਮ ਮਤ ਕਿਸੀ ਬਾਤ ਕਾ ਖੌਫ ਕਰੋ, ਚੁਨਾਂਚਿ ਨੌਕਰ ਸ਼ਾਹੀ ਨੇ ਬਦਚਲਨ ਔਰ ਰੰਡੋ ਬਾਜ਼ ਪੁਜਾਰੀਉਂ ਕੋ ਹਥਿਆਰ ਬਨਾ ਕਰ ਉਨ ਕੀ ਆੜ ਮੇਂ ਅਕਾਲੀਉਂ ਪਰ ਜ਼ੁਲਮ ਕਰਨੇ ਸ਼ੁਰੂ ਕੀਏ ਕਿਉਂਕਿ ਲਾਖੋਂ ਰੁਪਏ ਕੀ ਆਮਦਨ ਆਪਨੇ ਹਾਥ ਸੇ ਜਾਤੀ ਦੇਖ ਕਰ ਨੌਕਰ ਸ਼ਾਹੀ ਕੇ ਪੇਟ ਮੇਂ ਪੀੜ ਹੋਤੀ ਥੀ । ਇਸ ਕੇ ਬਾਦ ਜੋ ਖੂਨੀ ਸਾਕੇ ਵਾਕੇ ਹੂਏ ਜ਼ੈਲ ਮੇਂ ਤਹਰੀਰ ਕੀਏ ਜਾਤੇ ਹੈਂ ।

ਕਮੇਟੀ ਬਣ ਗਈ ਕੌਮ ਦੇ ਦਰਦੀਆਂ ਦੀ,ਕੀਤੇ ਗੁਰਮਤੇ ਸਾਰਿਆਂ ਰਲ ਸਮਝੋ ।
ਹੁਕਮ ਨਾਮੇ ਕਮੇਟੀ ਨੇ ਲਿਖ ਭੇਜੇ, ਬਦਚਲਨ ਪੁਜਾਰੀਆਂ ਵਲ ਸਮਝੋ ।
ਚਾਲ ਚਲਣ ਦੁਰਸਤ ਕਰ ਲੌ ਵਰਨਾ, ਕੀਤੇ ਜਾਉਗੇ ਸੇਵਾ ਤੋਂ ਵਲ ਸਮਝੋ ।
ਹੁਕਮਨਾਮਿਆਂ ਪਹੁੰਚ ਦੇ ਸਾਰ ਬਹੁਤੇ, ਅੰਮ੍ਰਿਤਸਰ ਨੂੰ ਆਏ ਸੀ ਚਲ ਸਮਝੋ ।

Digitized by Panjab Digital Library | www.panjabdigilib.org

ਹੋਣ ਲਗਾ ਸੁਧਾਰ ਗੁਰਦੁਵਾਰਿਆਂ ਦਾ, ਗੌਰਮਿੰਟ ਦੇ ਉਠਿਆ ਸਲ ਸਮਝੋ।
ਜ਼ਾਲਮ ਅਫਸਰਾਂ ਕਿਹਾ ਪੁਜਾਰੀਆਂ ਨੂੰ, ਮਤ ਹੋਵੇ ਕਮੇਟੀ ਦੇ ਤਲ ਸਮਝੋ।
ਮਦਦ ਤੁਸਾਂ ਦੀ ਆਪ ਸਰਕਾਰ ਕਰਸੀ, ਕਰਸੀ ਔਕੜਾਂ ਸਾਰੀਆਂ ਹਲ ਸਮਝੋ।
ਜੇਕਰ ਬਨੇਗੀ ਫ਼ੌਜ ਦੀ ਲੋੜ ਤੁਹਾਨੂੰ, ਮਦਦ ਵਾਸਤੇ ਦੇਵਾਂ ਮੈਂ ਘਲ ਸਮਝੋ।
ਰਖੋ ਲੋੜ ਅਨੁਸਾਰ ਹਥਿਆਰ ਬੇਸ਼ਕ, ਨੌਕਰ ਰਖੋ ਤੇ ਲਾਉ ਨਾ ਪਲ ਸਮਝੋ।
ਹੋਈ ਸ਼ਹਿ ਬਦਚਲਨ ਪੁਜਾਰੀਆਂ ਨੂੰ, ਝਟ ਗਏ ਸਮਝੌਤੇ ਤੋਂ ਟਲ ਸਮਝੋ।
ਮਾਲਕ ਬਣ ਬੈਠੇ ਗੁਰਦੁਆਰਿਆਂ ਦੇ, ਨਾ ਮਨਜ਼ੂਰ ਕਮੇਟੀ ਦੀ ਗਲ ਸਮਝੋ।
ਜ਼ੁਲਮ ਦੇਖ ਨਿਧੜਕ ਹੋ ਤਿਆਰ ਹੋਇਆ, ਗੁਰੂ ਵਲੋਂ ਅਕਾਲੀਆਂ ਦਲ ਸਮਝੋ।

੬. ਹਾਦਸਾ ਤਰਨ ਤਾਰਨ ਸਾਹਿਬ ਨੌਕਰ ਸ਼ਾਹੀ ਕੀ ਇੰਦਰੂਨੀ ਮਦਦ ਸੇ ਹੂਆ, ਜਹਾਂ ਤੱਕ ਕਿ ਪੁਜਾਰੀਓਂ ਨੇ ਸ਼ਾਂਤਮਈ ਅਕਾਲੀ ਭਾਈ ਹਜ਼ਾਰਾ ਸਿੰਘ ਜੀ ਔਰ ਭਾਈ ਹੁਕਮ ਸਿੰਘ ਜੀ ਕੋ ਬੇ-ਦਰਦੀ ਸੇ ਕਤਲ ਕੀਆ, ਔਰ ਬਹੁਤ ਸਾਰੇ ਅਕਾਲੀਓਂ ਕੋ ਸਖਤ ਜ਼ਖਮੀ ਕੀਆ ਗਿਆ ਯਿਹ ਹਾਦਸਾ ਸ਼ਾਇਦ ਜਨਵਰੀ ੧੯੨੧ ਮੇਂ ਹੂਆ।

੭. ਹਾਦਸਾ ਸ੍ਰੀ ਨਨਕਾਣਾ ਸਾਹਿਬ— ਇਸ ਸਭ ਸੇ ਬੜੇ ਗੁਰ ਅਸਥਾਨ ਮੇਂ ਜੋ ਭਿਆਨਕ ਹਾਦਸਾ ਵਾਕਿਆ ਹੂਆ ਵੋਹ ਸਭ ਦੁਨੀਆਂ ਕੋ ਮਾਲੂਮ ਹੈ, ਕਿ ਕਿਸ ਤਰ੍ਹਾਂ ਮਿਸਟ੍ਰ ਕੰਗ ਕਰੀ ਕਾਂਨਸਰੋ ਵਗ਼ੈਰਾ ਨੌਕਰ ਸ਼ਾਹੀ ਕੇ ਆਲਾ ਅਫਸਰਾਨ ਇੰਦਰੂਨੀ ਮਦਦ ਸੇ ਬਦਚਲਨ ਔਰ ਰੰਡੀਬਾਜ਼ ਨਾਰਾਇਨ ਮਹੰਤ ਨੇ ਪਠਾਨ ਡਾਕੂ ਔਰ ਦਸ ਨੰਬਰ ਵਾਲੇ ਬਦਮਾਸ਼ ਨੌਕਰ ਰਖੇ, ਮੈਗਜ਼ੀਨ ਜਮਾ ਕੀਆ, ਹਜ਼ਾਰੋਂ ਮਿਟੀ ਕੇ ਤੇਲ ਔਰ ਪਟਰੋਲ ਕੇ ਪੀਪੇ ਮੰਗਾਏ ਗਏ, ਔਰ ਗੁਰਦੁਆਰਾ ਕੋ ਏਕ ਜੰਗੀ ਕਿਲ੍ਹੇ ਕੀ ਸ਼ਕਲ ਮੇਂ ਤਬਦੀਲ ਕੀਆ ਗਿਆ, ਬਾ ਵਜੂਦ ਇਸ ਕਿਸਮ ਕੀ ਜੰਗੀ ਤਿਆਰੀ ਕਰਨੇ ਕੀ ਨੌਕਰ ਸ਼ਾਹੀ ਕਾ ਸ਼ਕਾਰ ਕੀ ਬੂ ਲੇਨੇ ਵਾਲਾ ਮਹਿਕਮਾਂ ਪਤਾ ਨਹੀਂ ਇਸ ਵਕਤ ਕਹਾਂ ਗਹਿਰੀ ਨੀਂਦ ਮੇਂ ਪੜਾ ਥਾ, ਮੁਝੇ ਉਮੀਦ ਹੈ ਕਿ ਸੀ. ਆਈ. ਡੀ ਮਹਿਕਮੇਂ ਨੇ ਤੋ ਇਸ ਜੰਗੀ ਤਿਆਰੀ ਕੀ ਖਬਰ ਜ਼ਰੂਰ ਦੀ ਹੋਗੀ, ਲੇਕਨ ਨੌਕਰ ਸ਼ਾਹੀ ਕੇ ਜ਼ੁਮਾਂਵਾਰ ਅਫਸਰੋਂ ਕਾ ਇਸ ਮੇਂ ਹਾਥ ਹੋਨੇ ਕੇ ਸਬਬ ਬਦਚਲਨ ਮਹੰਤ ਕੋ ਨਹੀਂ ਰੋਕਾ ਗਿਆ, ੨੦ ਫਰਵਰੀ ੧੯੨੧ ਕੋ ਜਬ ਏਕ ਅਕਾਲੀ ਜਥਾ ਗੁਰਦੁਆਰੇ ਕੇ ਦਰਸ਼ਨ ਕਰਨੇ ਕੇ ਵਾਸਤੇ ਗਿਆ, ਇਸ ਜਥੇ ਮੇਂ ਤਕਰੀਬਨ ਦੋ ਸੌ ਸੇ ਜ਼ਿਆਦਾ ਅਕਾਲੀ ਥੇ, ਜਬ ਸਬ ਕੇ ਸਬ ਅਕਾਲੀ ਗੁਰਦੁਆਰਾ ਮੇਂ ਦਾਖਲ ਹੋ ਗਏ ਤੋ ਯਕਾ ਯਕ ਦਰਵਾਜ਼ੇ ਬੰਦ ਕੀਏ ਗਏ, ਔਰ ਗੋਲੀ ਚਲਨੀ ਸ਼ੁਰੂ ਹੁਈ, ਕੋਤਾ ਕਿਸਾ ਯਿਹ ਕਿ ਅਕਾਲੀਓਂ ਕੋ ਗੋਲੀਓਂ ਔਰ ਛਵੀਓਂ ਸੇ ਕਤਲ ਕੀਆ ਗਿਆ, ਔਰ ਅਕਾਲੀਓਂ ਕੋ ਤੇਲ ਡਾਲ ਕਰ ਜ਼ਿੰਦਾ ਭਠੀਓਂ ਮੇਂ ਜਲਾਇਆ ਗਿਆ, ਦਰਖਤੋਂ ਕੇ ਸਾਥ ਬਾਂਧ ਕਰ ਜਲਾਇਆ ਗਿਆ, ਤਕਰੀਬਨ ਡੇਢ ਸੌ ਦੇ ਕਰੀਬ ਅਕਾਲੀ ਕਤਲ ਕੀਏ ਗਏ, ਲੇਕਨ ਕਾਤਲੋਂ ਕੋ ਪੂਛਾ ਤੱਕ ਭੀ ਨਹੀਂ ਗਿਆ ਥਾ, ਕਾਤਲ ਤੋਰੀ ਫੁਲਕਾ ਉੜਾ ਰਹੇ ਹੈਂ, ਏਕ ਯਾ ਦੋ (ਹਰੀ ਨਾਥ ਔਰ ਉਸ ਕਾ ਹਮਰਾਹੀ) ਕਾਤਲ ਜੋ ਫ਼ਾਂਸੀ ਦੀਏ ਗਏ ਹੈਂ, ਉਨ ਕੋ ਕਾਤਲੋਂ ਕੀ ਹੈਸੀਅਤ ਮੇਂ ਫਾਂਸੀ ਨਹੀਂ ਦੀਆ ਗਿਆ, ਬਲਕਿ ਉਨ ਕੋ ਇਸ ਲੀਏ ਫਾਂਸੀ ਦੀਆ ਗਿਆ ਹੈ, ਕਿ ਉਨਹੋਂ ਨੇ ਨੌਕਰ ਸ਼ਾਹੀ ਕੇ ਪੁਸ਼ੀਦਾ ਰਾਜ ਬਤਲਾਏ ਜਿਸ ਤਰਾਂ ਕਿ ਨੌਕਰ ਸ਼ਾਹੀ ਆਲਾ ਅਫਸਰੋਂ ਕੀ ਤਰਫ ਸੇ ਨਾਰਾਇਨੂੰ ਮਹੰਤ ਕੋ ਮਦਦ ਦੀ ਗਈ ਥੀ।

੮. ਚਾਬੀਆਂ ਕਾ ਮਾਮਲਾ:- ਨੌਕਰ ਸ਼ਾਹੀ ਜ਼ਬਰਦਸਤੀ ਦਰਬਾਰ ਸਾਹਿਬ ਕੀ ਚਾਬੀਆਂ ਛੀਨ ਲੇ ਗਏ। ਔਰ ਇਸ ਮਾਮਲੇ ਕੇ ਮੁਤੱਅਲਕ ਹਜ਼ਾਰੋਂ ਅਕਾਲੀ ਗ੍ਰਿਫਤਾਰ ਕਰਕੇ ਜੇਲੋਂ ਮੇਂ

Digitized by Panjab Digital Library | www.panjabdigilib.org

ਬੰਦ ਕੀਏ ਗਏ ।

੯. ਗੁਰਦੁਆਰਾ ਗੁਰੂ ਕਾ ਬਾਗ:– ਇਸ ਗੁਰਦੁਆਰੇ ਕੇ ਮੁਤਅਲਕ ਨੌਕਰ ਸ਼ਾਹੀ ਨੇ ਦਸ ਬਾਰਾਂ ਹਜ਼ਾਰ ਅਕਾਲੀਓਂ ਕੋ ਕੈਦ ਕਰ ਲੀਆ ਔਰ ਤਕਰੀਬਨ ਛੇ ਹਜ਼ਾਰ ਅਕਾਲੀਓਂ ਕੋ ਸਖਤ ਜ਼ਖਮੀ ਕੀਆ ਗਿਆ, ਜਿਸ ਮੇਂ ਸੇ ਚੰਦ ਅਕਾਲੀ ਤੋ ਜ਼ੋਦ ਕੋਬ ਕਰਨੇ ਕੇ ਸਬਬ ਸ਼ਹੀਦ ਹੋ ਗਏ ।

੧੦. ਹਾਦਸਾ ਪੰਜਾ ਸਾਹਿਬ:– ਜਬ ਅਕਾਲੀਓਂ ਕੀ ਭਰੀ ਹੁਈ ਗਾੜੀ ਅਟਕ ਕਿਲੇ ਕੋ ਜਾ ਰਹੀ ਥੀ, ਤੋ ਪੰਜਾ ਸਾਹਿਬ ਕੇ ਰੇਲਵੇ ਸਟੇਸ਼ਨ ਪਰ ਇਰਦ ਗਿਰਦ ਕੇ ਅਕਾਲੀ ਪ੍ਰਸ਼ਾਦ ਲੇ ਕਰ ਅਕਾਲੀ ਕੈਦੀਓਂ ਕੋ ਖਿਲਾਨੇ ਕੇ ਵਾਸਤੇ ਗਏ, ਜਿਨ ਕੋ ਗਾੜੀ ਕੇ ਨੀਚੇ ਕਤਲ ਔਰ ਜ਼ਖਮੀ ਕੀਆ ਗਿਆ ।

੧੧. ਰੇਲਵੇ ਸਟੇਸ਼ਨ ਰਾਵਲ ਪਿੰਡੀ ਪਰ ਅਕਾਲੀਓਂ ਕੋ ਸੰਗੀਨੋਂ ਕੇ ਕੁੰਦੇ ਸੇ ਸਖਤ ਜ਼ਖਮੀ ਕੀਆ ਗਿਆ ।

੧੨. ਪੁਲੀਸ ਚੌਕੀਆਂ:– ਇਸ ਕਿਸਮ ਕੇ ਮੁਤ ਜ਼ਕਰਾ ਖੂਨੀ ਹਾਦਸੋਂ ਔਰ ਜ਼ੁਲਮੋਂ ਨੇ ਖਾਲਸਾ ਕੌਮ ਮੇਂ ਮੁੜ ਦੇਸੈਂਨਾ ਸ਼ਹੀਦੀ ਖੂਨ ਪੈਦਾ ਕਰ ਦੀਆ, ਜਗਾ ਬਜਗਾ ਐਜ਼ੀਟੇਸ਼ਨ ਕਾ ਤੂਫਾਨ ਬਰਪਾ ਹੋ ਗਿਆ । ਨੌਕਰ ਸ਼ਾਹੀ ਨੇ ਇਸ ਐਜੀਟੇਸ਼ਨ ਕੇ ਹੜ ਕੋ ਰੋਕਨੇ, ਔਰ ਅਕਾਲੀ ਤਹਰੀਕ ਕੋ ਦਬਾਨੇ ਕੇ ਵਾਸਤੇ ਗਾਓਂ ਬਗਾਓਂ ਜਹਾਂ ਅਕਾਲੀ ਜਥੇ ਬਨੇ ਹੁਏ ਥੇ, ਪੁਲੀਸ ਚੌਕੀਆਂ ਕਾਇਮ ਕਰ ਦੀਂ, ਬਾਜ਼ ਔਕਾਤ ਪੁਲੀਸ ਔਰ ਫੌਜ ਕੋ ਭੀ ਗਾਉਂ ਮੇਂ ਲੋਗੋਂ ਕੋ ਖੌਫ ਜ਼ਦਾ ਕਰਨੇ ਕੇ ਲੀਏ ਨੁਮਾਇਸ਼ ਦਿਖਲਾਈ ਜਾਤੀ ਥੀ, ਗਾਉਂ ਮੇਂ ਰਸਾਲੇ ਲੇ ਜਾ ਕਰ ਕਿਸਾਨੋਂ ਕੀ ਖੇਤੀਓਂ ਕਾ ਸਤਿਆਨਾਸ ਕੀਆ ਜਾਤਾ ਥਾ, ਲੋਗੋਂ ਕੋ ਬਹੁਤ ਤੰਗ ਕੀਆ ਜਾਤਾ ਥਾ, ਤਲਾਸ਼ੀਓਂ ਕੇ ਬਹਾਨੇ ਅਕਾਲੀਓਂ ਕੇ ਘਰੋਂ ਸੇ ਜ਼ਬਰਦਸਤੀ ਘੀ, ਸ਼ਕਰ, ਦੁਧ ਔਰ ਨਕਦ ਰੁਪਏ ਭੀ ਪੋਲੀਸ ਵਾਲੇ ਲੇ ਜਾਤੇ ਥੇ, ਬਾਜ਼ ਔਕਾਤ ਪਰਦਾ ਨਸ਼ੀਨ ਔਰਤੋਂ ਕੀ ਭੀ ਬੇਇਜ਼ਤੀ ਕੀ ਜਾਤੀ ਥੀ, ਚੌਕੀਓਂ ਕਾ ਰੁਪਿਆ ਐਸੇ ਨਾਜ਼ਾਇਜ਼ ਤਰੀਕੋਂ ਸੇ ਵਸੂਲ ਕੀਆ ਜਾਤਾ ਥਾ, ਜਿਸ ਕਾ ਹਾਲ ਕਲਮ ਬੰਦ ਕਰਨਾ ਮੇਰੀ ਕਲਮ ਸੇ ਬਾਹਰ ਹੈ ।

ਪਰਜਾ ਅਪਨੀ ਤਾਈਂ ਸਤੋਣ ਖਾਤਰ, ਜ਼ੁਲਮ ਕਰਨ ਦਾ ਢੰਗ ਬਨਾਨ ਦੇਖੋ ।
ਤੰਗ ਮਾਇਆ ਤੋਂ ਲੋਕਾਂ ਨੂੰ ਕਰਨ ਖਾਤਰ, ਪੁਲੀਸ ਚੌਂਕੀਆਂ ਪਿੰਡੀ ਬਿਠਾਨ ਦੇਖੋ ।
ਉਤਮ ਖਿਆਲ ਇਹ ਆਪ ਸਰਕਾਰ ਕੀਤਾ, ਚੋਰ ਡਾਕੂ ਨਾ ਲੁਟ ਲਿਜਾਨ ਦੇਖੋ ।
ਐਕਟ ਪੰਜ ਜੋ ਦਸ ਕੇ ਅਸਾਂ ਤਾਈਂ, ਲਗੇ ਲਹਿਰ ਅਕਾਲੀ ਦਬਾਨ ਦੇਖੋ ।
ਬਨੇ ਜਥੇ ਸੀ ਜੇਹੜੇ ਅਕਾਲੀਆਂ ਦੇ, ਪੁਲੀਸ ਚੌਂਕੀ ਦਾ ਪੈਸਾ ਉਗਰਾਨ ਦੇਖੋ ।
ਹੋਣ ਲਗਾ ਜਾਂ ਜ਼ੁਲਮ ਬੇਦੋਸ਼ਿਆਂ ਤੇ, ਤੰਗ ਆਏ ਸੀ ਗਰੀਬ ਕਿਸਾਨ ਦੇਖੋ ।
ਜਿਸ ਦੇ ਪਾਸੋਂ ਨਾ ਨਿਕਲਦੇ ਨਕਦ ਪੈਸੇ, ਕੁਰਕ ਕਰਦੇ ਸੀ ਮਾਲ ਸਮਾਨ ਦੇਖੋ ।
ਝਾੜ ਝੰਬ ਸੀ ਜੁਤੀਆਂ ਨਾਲ ਕਰਦੇ, ਕੇਸ ਦਾੜ੍ਹੀਆਂ ਲਗੇ ਪਟਾਨ ਦੇਖੋ ।
ਬਹੁਤ ਪੁਲੀਸ ਤੇ ਫੌਜ ਨੂੰ ਸੰਗ ਲੈ ਕੇ, ਘੋੜ ਚੜ੍ਹੇ ਭੀ ਨਾਲ ਮਿਲਾਨ ਦੇਖੋ ।
ਗਿਰਦ ਪਿੰਡ ਦੇ ਘੇਰੇ ਨੂੰ ਘਤ ਕਰਕੇ, ਬਾਹਰ ਕਿਸੇ ਨੂੰ ਦੇਣ ਨਾ ਜਾਨ ਦੇਖੋ ।
ਡਰ ਦਸ ਕੇ ਤੋਪ ਮਸ਼ੀਨ ਵਾਲਾ, ਜ਼ਾਲਮ ਘਰਾਂ ਦੀ ਲੁਟ ਮਚਾਨ ਦੇਖੋ ।
ਬਨ ਕੇ ਆਪ ਡਾਕੂ ਕਹਿਣ ਹੋਰਨਾ ਨੂੰ, ਜ਼ਾਲਮ ਦੇਖਦਿਆਂ ਕਹਿਰ ਕਮਾਨ ਦੇਖੋ ।
ਛਡ ਦਿੰਦੇ ਸੀ ਡਾਇਰੀ ਬਾਜ਼ ਤਾਈਂ, ਮੁਖਬਰ ਤਾਈਂ ਵੀ ਪੈਸਾ ਨਾ ਵਾਰ ਦੇਖੋ ।

Digitized by Panjab Digital Library | www.panjabdigilib.org

ਛੱਡ ਦਿੰਦੇ ਸੀ ਡਾਇਰੀ ਬਾਜ਼ ਤਾਈਂ, ਮੁਖੱਬਰ ਤਾਈਂ ਵੀ ਪੈਨਸ਼ਨਾਂ ਲਾਨ ਦੇਖੋ।
ਧਰਮ ਉਪਰ ਹੋਣ ਕੁਰਬਾਨ ਜੇਹੜੇ, ਜ਼ਾਲਮ ਉਨ੍ਹਾਂ ਨੂੰ ਬੜੇ ਸਤਾਨ ਦੇਖੋ।
ਆਖਰ ਧਰਮ ਦੀ ਜੈ ਤੇ ਕੂੜ ਖੈ, ਲਿਖਿਆ ਵੇਦ ਤੇ ਵਿਚ ਕੁਰਾਨ ਦੇਖੋ।
ਜਿਨ੍ਹਾਂ ਲੁਟਿਆ ਦੇਸ਼ ਨਿਧੜਕ ਹੋ ਕੇ, ਗੋਰੇ-ਸ਼ਾਹੀ ਤਾਂ ਲੱਗੇ ਮਚਾਨ ਦੇਖੋ।

ਜੇਹਲੋਂ ਮੇਂ ਤਕਲੀਫੇਂ:—ਹਜਾਰੋਂ ਕੀ ਤਦਾਦ ਮੇਂ ਅਕਾਲੀ ਗ੍ਰਿਫਤਾਰ ਕਰਕੇ ਜੇਹਲੋਂ ਪੁਰ ਕੀ ਗਈਂ। ਜਿਨ ਕੇ ਸਾਥ ਜੇਹਲੋਂ ਮੇਂ ਇਸ ਕਦਰ ਜ਼ੁਲਮ ਹੋਨੇ ਸ਼ੁਰੂ ਹੁਏ ਔਰ ਅਬ ਹੋ ਰਹੇ ਹੈਂ। ਜਿਨ ਕੋ ਸੁਨ ਕਰ ਰੌਂਗਟੇ ਖੜੇ ਹੋਤੇ ਹੈਂ। ਨੀਜ਼ ਅਕਾਲੀਓਂ ਕੇ ਮੁਆਫੀ ਮਾਂਗਨੇ ਕੇ ਲੀਏ ਮਜਬੂਰ ਕਰਨੇ ਮੇਂ ਕੋਈ ਤਰੀਕਾ ਬਾਕੀ ਨਾ ਛੋੜਾ ਹੈ, ਮਸਲਨ ਹਥਕੜੀ, ਡੰਡਾ ਬੇੜੀ, ਟਾਟ ਵਰਦੀ ਬਦਬੂਦਾਰ ਪਾਣੀ ਕੇ ਹੋਜੋਂ ਮੇਂ ਗਰਾ ਦੇਨਾ,ਆਮ ਸਜਾਏਂ ਦੀ ਜਾਤੀ ਥੀ। ਔਰ ਖਾਨੇ ਕੇ ਵਾਸਤੇ ਨਿਹੈਤ ਬਦ ਖੁਰਾਕ ਦੀ ਜਾਤੀ ਥੀ। ਜੇਹਲੋਂ ਮੇਂ ਜੋ ਸਬ ਸੇ ਜ਼ਿਆਦਾ ਸਖਤ ਮੁਸ਼ਕਤੇ ਥੀ ਵੋਹ ਅਕਾਲੀਓਂ ਕੋ ਕਰਾਈ ਜਾਤੀ ਥੀ।

ਸੰਨ ੧੯੭੮ ਮੇਂ ਏਕ ਅਸਲਾਹ ਐਕਟ ਪਾਸ ਕੀਆ ਗਿਆ, ਜਿਸ ਕੀ ਆੜ ਮੇਂ ਕਈ ਸੈਂਕੜੇ ਅਕਾਲੀ ਕਿਰਪਾਨ ਔਰ ਸਫਾ ਜੰਗ ਰਖਨੇ ਕੇ ਜੁਰਮ ਮੇਂ ਕੈਦ ਕੀਏ ਗਏ ਇਸ ਕਿਸਮ ਕੇ ਜੁਰਮੋਂ ਸੇ ਤੰਗ ਆ ਕਰ ਭਾਈ ਕਰਮ ਸਿੰਘ ਜੀ ਅਡੀਟਰ, ਭਾਈ ਉਦੇ ਸਿੰਘ ਜੀ ਅਕਾਲੀ ਔਰ ਭਾਈ ਧੰਨਾ ਸਿੰਘ ਜੀ ਅਕਾਲੀ ਨੇ ਮਸ਼ਵਰਾ ਕੀਆ ਕੇ ਅਬ ਨੌਕਰ ਸ਼ਾਹੀ ਕੇ ਜੁਲਮ ਬਰਦਾਸ਼ਤ ਕਰਨੇ ਤਾਕਤ ਸੇ ਬਾਹਰ ਹੋ ਗਏ ਹੈਂ। ਅਗਰ ਅਬ ਜੁਲਮੋਂ ਕੋ ਬਰਦਾਸ਼ਤ ਕਰਨੇ ਕੀ ਨਿਸਬਤ ਜਲਮੋਂ ਸੇ ਬਚਨੇ ਕੀ ਕੋਸ਼ਿਸ਼ ਕਰਤੇ ਹੁਏ ਸ਼ਹੀਦ ਹੋ ਜਾਏਂ ਤੋ ਇਸ ਜੁਲਮ ਰਸੀਦਾ ਜ਼ਿੰਦਗੀ ਸੇ ਬਹੁਤ ਬੇਹਤਰ ਹੈ। ਉਨਹੋਂ ਨੇ ਕਹਾ ਹਮ ਕੋ ਏਕ ਨਿਆ ਜਥਾ ਕਾਇਮ ਕਰਨਾ ਚਾਹੀਏ, ਜਿਸ ਮੇਂ ਉਸ ਸਖਸ਼ ਕੋ ਭਰਤੀ ਕੀਆ ਜਾਏ ਜੋ ਮਕਬਰੋਂ ਔਰ ਦੀਗਰ ਝੋਲੀ ਚੁਕ ਗਦਾਰੋਂ ਕੋ ਕਤਲ ਕਰਨੇ ਕੋ ਤਿਆਰ ਹੋ, ਖਾਹ ਕਿਸੀ ਮੈਂਬਰ ਕਾ ਵਾਲਦ ਵਾ ਹਕੀਕੀ ਭਾਈ ਰਿਸ਼ਤਾਦਾਰ ਭੀ ਕਿਉਂ ਨਾ ਹੋ। ਅਪਨਾ ਨਾਮ ਬਬਰ ਅਕਾਲੀ ਅਖਬਾਰ ਮੇਂ ਨਾਮ ਦੇਨੇ ਕੇ ਬਗੈਰ ਕਿਸੀ ਆਦਮੀ ਕੋ ਅਪਨਾ ਮੈਂਬਰ ਨਾ ਰਖਾ ਜਾਏ। ਕਤਲ ਸ਼ੁਰੂ ਕਰਨੇ ਪਰ ਕਾਤਲੋਂ ਕੋ ਅਪਨੇ ਨਾਮ ਬਬਰ ਅਕਾਲੀ ਅਖਬਾਰ ਮੇਂ ਸ਼ਾਏ ਕਰਨੇ ਚਾਹੀਏ ਤਾਂ ਕਿ ਕਤਲ ਕੇ ਸ਼ਕ ਮੇਂ ਪੋਲੀਸ ਦੀਗਰ ਆਦਮੀਉਂ ਕੋ ਗ੍ਰਿਫਤਾਰ ਨਾ ਕਰ ਸਕੇ, ਇਸਤ੍ਰਾ ਇਨ ਤੀਨ ਅਕਾਲੀਓਂ ਨੇ ਸਲਾਹ ਮਸ਼ਵਰਾ ਕਰਕੇ ਅਪਨੇ ਅਪਨੇ ਨਾਮ ਅਖਬਾਰ ਮੇਂ ਦੇਨੇ ਕੇ ਵਾਸਤੇ ਪੇਸ਼ ਕੀਏ, ਔਰ ਆਪਨੇ ਨਏ ਜਥੇ ਕਾ ਨਾਮ ਬਬਰ ਅਕਾਲੀ ਜਥਾ ਮੁਨਤਿਖਿਬ ਕੀਆ।

ਮੇਰੇ ਲੀਏ ਹੁਕਮ:— ਇਕ ਦਿਨ ਮੈਂ ਭਾਈ ਕਰਮ ਸਿੰਘ ਜੀ ਐਡੀਟਰ ਸੇ ਮਿਲਾ ਜਿਸ ਨੇ ਮੁਝੇ ਹੁਕਮ ਦੀਆ ਕਿ ਅਬ ਆਪ ਕਾ ਹਮੇਂ ਮਿਲਨਾ ਬਹੁਤ ਮੁਸ਼ਕਲ ਹੈ ਕਿਉਂਕਿ ਹਮ ਤੀਨੋਂ ਨੇ ਝੋਲੀ ਚੁਕੋਂ ਕੇ ਕਤਲ ਕਰਨੇ ਕਾ ਇਰਾਦਾ ਕਰ ਲੀਆ ਹੈ, ਚੁਨਾਚਿ ਉਸ ਨੇ ਮੁਝੇ ਮਤਜ਼ਿਕਰਾ ਮਸ਼ਵਰੇ ਕੀ ਬਾਬਤ ਬਤਲਾਇਆ, ਨੀਜ਼ ਉਸਨੇ ਮੁਝੇ ਦੋ ਜਗਾ ਨੋਟ ਕਰਵਾ ਦੀ ਕਿ ਫਲਾਂ ਫਲਾਂ ਜਗੋਂ ਮੇਂ ਸੇ ਆ ਕਰ ਬਬਰ ਅਕਾਲੀ ਅਖਬਾਰ ਕੇ ਪਰਚੇ ਤਕਸੀਮ ਕਰਨੇ ਕੇ ਵਾਸਤੇ ਲੇ ਜਾਇਆ ਕਰੇਂ, ਔਰ ਸਿਆਹੀ ਕਾਗਜ਼ ਵਾ ਦੀਗਰ ਜ਼ਰੂਰੀਅਤ ਕੀ ਖਬਰੇਂ ਯਾ ਚੀਜੇਂ ਖਰੀਦ ਕਰ ਵਹਾਂ ਰਖ ਆਇਆ ਕਰੇਂ। ਹਮ ਇਸ ਕਾ ਤਹਰੀਰੀ ਜਵਾਬ ਦੇ ਦੀਆ ਕਰੇਂਗੇ।

ਕਤਲ:— ੧. ਭਾਈ ਕਰਮ ਸਿੰਘ ਜੀ ਐਡੀਟਰ ਸ਼ਹੀਦ। ੨. ਭਾਈ ਧੰਨਾ ਸਿੰਘ ਜੀ ਬਬਰ ਸ਼ਹੀਦ। ੩. ਭਾਈ ਉਦੇ ਸਿੰਘ ਜੀ ਬਬਰ ਸ਼ਹੀਦ ਨੌਕਰ ਸ਼ਾਹੀ ਕੇ ਜੁਲਮੋਂ ਸੇ ਤੰਗ ਆ ਕਰ ਰੁਕ ਨਾ

Digitized by Panjab Digital Library | www.panjabdigilib.org

ਸਕੇ। ਉਨਹੋ ਨੇ ਕਹਾ ਕਿ ਗੁਰਦਵਾਰੇ ਬਦ ਚਲਨ ਪੁਜਾਰੀਓਂ ਔਰ ਗੈਰ ਕੌਮ ਕੇ ਕਬਜ਼ੇ ਮੇਂ ਦੇਖ ਕਰ ਔਰ ਸਿੱਖੋਂ ਕੀ ਧਾਰਮਕ ਹੱਤਕ ਅਪਣੀ ਆਂਖੋਂ ਕੇ ਸਾਹਮਣੇ ਹੋਤੇ ਦੇਖ ਕਰ ਜ਼ਿੰਦਾ ਰਹਿਨੇ ਕੀ ਨਿਸਬਤ ਸ਼ਹੀਦ ਹੋ ਜਾਣਾ ਹਜ਼ਾਰ ਦਰਜ਼ੇ ਅਛਾ ਹੈ। ਚੁਨਾਚਿ ਉਨਹੋਂ ਨੇ 'ਤੰਗ ਆਇਦ ਬਜੰਗ ਆਇਦ' ਮਸਲਾ ਕੇ ਮੁਤਾਬਕ ਚੰਦ ਦੋਸੀ ਔਰ ਕੌਮੀ ਗਦਾਰੋਂ ਕੋ ਕਤਲ ਕਰਕੇ ਆਪਣੇ ਨਾਮ ਦੋ ਮਾਰਚ ੧੯੨੩ ਕੋ ਬਬਰ ਅਕਾਲੀ ਦੋਆਬਾ ਮੇਂ ਸ਼ਾਇ ਕਰ ਦੀਏ, ਔਰ ਨੌਕਰ ਸ਼ਾਹੀ ਕੋ ਚੈਲੰਜ ਦੇ ਦੀਆ ਕਿ ਕਤਲ ਹਮ ਕਰ ਰਹੇਂ। ਨੌਕਰ ਸ਼ਾਹੀ ਕਤਲ ਕੇ ਸ਼ਕ ਮੇਂ ਕਿਸੀ ਦੂਸਰੇ ਅਕਾਲੀ ਯਾ ਦੀਗਰ ਸਖਸ਼ ਕੋ ਗ੍ਰਿਫਤਾਰ ਨਾ ਕਰੇਂ। ਉਨਹੋਂ ਨੇ ਕਿਹਾ ਕਿ ਨੌਕਰ ਸ਼ਾਹੀ ਕੇ ਜੁਲਮੋਂ ਸੇ ਤੰਗ ਆ ਕਰ ਝੋਲੀ ਚੁਕੋਂ ਕੇ ਕਤਲ ਕਰਨੇ ਸ਼ੁਰੂ ਕੀਏ ਹੈਂ, ਔਰ ਨੀਜ਼ ਉਨਹੋਂ ਨੇ ਝੋਲੀ ਚੁਕੋਂ ਪਰ ਚੰਦ ਵਾ: ਮੁਆਫ਼ ਹੋਣੇ ਕਾ ਇਲਜ਼ਾਮ ਭੀ ਲਗਾਇਆ। ਜਿਨ ਕੇ ਮੁਤਅਲਕ ਕੌਮੀ ਗ਼ਦਾਰੋਂ ਕੋ ਸਜ਼ਾਏਂ ਦੇਤੇ ਥੇ।

ਭਾਈ ਦਲੀਪ ਸਿੰਘ ਜੀ ਅਕਾਲੀ ਸਾਕਨ ਧਾਮਿਯਾਲ:– ੮. ੯. ਅਪਰੈਲ ੧੯੨੩ ਕੋ ਮੈਂ ਸ਼ਾਮ ਚੁਰਾਸੀ ਏਕ ਦੁਕਾਨ ਪਰ ਬੈਠਾ ਹੂਆ ਥਾ, ਏਕ ਅਕਾਲੀ ਨੇ ਆ ਕਰ ਮੁਝੇ ਫਤੇਹ ਬਲਾਈ, ਔਰ ਮੇਰੇ ਪਾਸ ਬੈਠ ਗਿਆ, ਔਰ ਮੇਰੇ ਸਾਥ ਗੁਫਤਗੂ ਕਰਨੇ ਲਗਾ ਜਿਸ ਪਰ ਮੈਂ ਨੇ ਉਸ ਕਾ ਨਾਮ ਪੂਛਾ, ਉਸ ਨੇ ਅਪਨਾ ਨਾਮ ਦਲੀਪ ਸਿੰਘ ਬਤਲਾਇਆ, ਮੈਨੇ ਉਸ ਕੋ ਚੰਦ ੨੨ ਮਾਰਚ ੧੯੨੩ ਕੇ ਬਬਰ ਅਕਾਲੀ ਅਖਬਾਰ ਕੇ ਪਰਚੇ ਨਿਕਾਲ ਕਰ ਦੀਏ। ਜਿਨ ਕੋ ਉਸ ਨੇ ਦੇਖ ਕਰ ਕਹਾ ਕਿ ਮੈਂ ਪੜ੍ਹ ਚੁਕਾ ਹੂੰ, ਉਸ ਨੇ ਕਹਾ ਕਿ ਮੈਂ ਬਬਰ ਅਕਾਲੀਓਂ ਕੇ ਸਾਥ ਮਿਲਨਾ ਚਾਹਤਾ ਹੂੰ, ਇਸ ਪਰ ਮੈਨੇ ਉਸ ਸੇ ਕਹਾ ਕਿ ਤੁਮ ਕੋ ਨਾਬਾਲਗ ਹੋਨੇ ਕੀ ਵਜਾ ਸੇ ਵੋਹ ਤੁਮ ਕੋ ਅਪਨੇ ਸਾਥ ਨਹੀਂ ਰਖੇਂਗੇ, ਉਸ ਨੇ ਕਹਾ ਕਿ ਮੁਝੇ ਏਕ ਦਫਾ ਉਨ ਕੇ ਪਾਸ ਜ਼ਰੂਰ ਲੇ ਚਲੋ, ਚੁਨਾਚਿ ਮੈਨੇ ਉਸ ਕੋ ਦੋ ਤੀਨ ਦਿਨ ਕੇ ਬਾਦ ਮੁਖਤਿਲਿਫ ਗਾਉਂ ਮੇਂ ਸੇ ਹੋਤੇ ਹੁਏ ਕੰਡੀ ਕੀ ਤਰਫ ਲੇ ਜਾ ਕਰ ਬਬਰੋਂ ਸੇ ਮਿਲਾ ਦੀਆ, ਜਿਸ ਕੇ ਜ਼ਿਆਦਾ ਜ਼ੋਰ ਦੇਨੇ ਪਰ ਉਸ ਕੋ ਉਨਹੋਂ ਨੇ ਜਥੇ ਮੇਂ ਭਰਤੀ ਕਰ ਲੀਆ!

ਭਾਈ ਕਿਸ਼ਨ ਸਿੰਘ ਜੀ ਅਕਾਲੀ ਸਾਕਨ ਮਾਂਗਟ:– ਭਾਈ ਦਲੀਪ ਸਿੰਘ ਜੀ ਅਕਾਲੀ ਸਾਕਨ ਧਾਮੀਆ ਕੇ ਜਥੇ ਮੇਂ ਭਰਤੀ ਹੋਨੇ ਪਰ ਉਸ ਕੋ ਮੇਰੇ ਸਾਥ 'ਰਾਹੋਂ' ਕੀ ਤਰਫ ਭੇਜ ਦੀਆ, ਦੋ ਤੀਨ ਦਿਨ ਕੇ ਬਾਦ ਜਬ ਹਮ ਬਬਰ ਕੇ ਪਾਸ ਗਏ ਤੋ ਵੋਹ ੧੪ ਅਪਰੈਲ ੧੯੨੩ ਅਕਾਲੀ ਪਰਚਾ ਨਿਕਾਲ ਰਹੇ ਥੇ, ਔਰ ਉਨ ਕੇ ਪਾਸ ਏਕ ਅਕਾਲੀ ਬੈਠਾ ਹੂਆ ਥਾ। ਬਬਰ ਪਰਚੇ ਕੋ ਪੜ੍ਹ ਕਰ ਭਾਈ ਦਲੀਪ ਸਿੰਘ ਨੇ ਪੂਛਾ ਕਿ ਮੇਰਾ ਨਾਮ ਨਹੀਂ ਨਿਕਲਾ ਹੈ। ਇਸ ਪਰ ਭਾਈ ਦਲੀਪ ਸਿੰਘ ਜੀ ਐਡੀਟਰ ਨੇ ਜਵਾਬ ਦੀਆ, ਕਿ ਭਾਈ ਬਿਸ਼ਨ ਸਿੰਘ ਜੀ ਅਕਾਲੀ (ਪਾਸ ਬੈਠੇ ਅਕਾਲੀ ਕੀ ਤਰਫ ਇਸ਼ਾਰਾ ਕਰਕੇ) ਵਾ ਦਲੀਪ ਸਿੰਘ ਜੀ ਅਕਾਲੀ ਔਰ ਬਾਬੂ ਸੰਤ ਸਿੰਘ ਜੀ ਅਕਾਲੀ ਕਾ ਨਾਮ ਆਇੰਦਾ ਪਰਚੇ ਮੇਂ ਸ਼ਾਏ ਕਰੇਂਗੇ। ਸ਼ੁਰੂ ਅਪਰੈਲ ੧੯੨੩ ਸੇ ਇਸੀ ਮਾਹ ਕੇ ਵਸਤ ਤੱਕ ਹਮ ਤੀਨ ਮੰਨਦਰਜਾ ਬਾਲਾ ਅਕਾਲੀ, ਬਬਰ ਅਕਾਲੀ ਜਥੇ ਮੇਂ ਭਰਤੀ ਹੋ ਗਏ। ਇਸ ਵਕਤ ਤੱਕ ਬਬਰ ਅਕਾਲੀ ਜਥੇ ਕੇ ਮੈਂਬਰੋਂ ਕੀ ਤਾਦਾਦ ਛੇ ਤੱਕ ਪਹੁੰਚ ਗਈ।

ਭਾਈ ਅਨੂਪ ਸਿੰਘ ਗ਼ਦਾਰ ਵਾਇਦਾ ਮੁਆਫ਼:– ਸ਼ੁਰੂ ਮਈ ੧੯੨੩ ਕੋ ਇਸ ਕਾ ਬਬਰ ਜਥੇ ਵਾਲੋਂ ਕੋ ਮਿਲਨੇ ਕਾ ਇਤਫ਼ਾਕ ਹੂਆ, ਜਿਸ ਕੋ ਜ਼ਿਆਦਾ ਮਿੰਨਤ ਔਰ ਖੁਸ਼ਾਮਦ ਕਰਨੇ ਪਰ ਬਬਰ ਜਥੇ ਮੇਂ ਭਰਤੀ ਕਿਆ ਗਿਆ।

ਜਿਸ ਨੇ ਬਾਦ ਅਜ਼ਆਂ ਆਪਣੇ ਬਾਪ ਇੰਦਰ ਸਿੰਘ ਗ਼ਦਾਰ ਔਰ ਚਾਚਾ ਜੋਗ ਸਿੰਘ ਗ਼ਦਾਰ, ਔਰ ਚਾਚਾ-ਜ਼ਾਦ ਭਾਈਓਂ ਜਸਵੰਤ ਸਿੰਘ ਗ਼ਦਾਰ, ਔਰ ਕੇਵਲ ਸਿੰਘ ਗ਼ਦਾਰ, ਔਰ ਚੰਦ ਦੀਗਰ ਰਿਸ਼ਤਾਦਾਰ ਗ਼ਦਾਰੋਂ ਔਰ ਪੁਲੀਸ ਸੇ ਮਿਲ ਕਰ ਭਾਈ ਕਰਮ ਸਿੰਘ ਜੀ ਐਡੀਟਰ, ਵਾ ਬਿਸ਼ਨ ਸਿੰਘ ਜੀ ਬਬਰ,

Digitized by Panjab Digital Library | www.panjabdigilib.org

ਭਾ: ਊਦੇ ਸਿੰਘ ਜੀ ਬਬਰ, ਔਰ ਏਕ ਗਾਂਉਂ ਕਾ ਭਾ: ਮਹਿੰਦਰ ਸਿੰਘ ਜੀ ਅਕਾਲੀ ਕੋ ਜੋ ਦੱਗ਼ਾ-ਬਾਜ਼ੀ ਔਰ ਧੋਕੇ ਸੇ ਉਨ ਕੇ ਸਾਥ ਉਸ ਨੇ ਕਰਵਾਇਆ ਥਾ। ਉਸ ਨੇ ਮੁਫ਼ੱਸਲ ਬਿਆਨ ( ਹਾਲ ) ਆਪਨੇ ਪੁਲੀਸ ਵਾਲੇ ਬਿਆਨ ਮੇਂ ਲਿਖਵਾਇਆ ਹੈ। ਇਸ ਲੀਏ ਮੁਝੇ ਯਹਾਂ ਲਿਖਨੇ ਕੀ ਜ਼ਰੂਰਤ ਨਹੀਂ ਹੈ। ਜਿਸ ਵੱਕਤ ਬਬਰੋਂ ਕੋ ਸਕਨਾ ਬਵੇਲੀ ਮੇਂ ਫੌਜ, ਪੁਲੀਸ ਔਰ ਰਸਾਲਾ ਕਾ ਘੇਰਾ ਪੜਾ ਤੋ ਅਨੂਪ ਸਿੰਘ ਗ਼ਦਾਰ ਵਾਇਦਾ-ਮੁਆਫ ਕੋ ਵੇਖਨੇ ਲਗੇ ਜੋ ਕਿ ਟੱਟੀ ਕੇ ਬਹਾਨੇ ਅਲਹਿਦਾ ਹੋ ਕਰ (ਜੋ ਕਿਸੀ ਦੂਸਰੇ ਅਕਾਲੀ ਕੇ ਘਰ ਠਹਿਰਾ ਹੂਆ ਥਾ) ਫੌਰਨ ਪੁਲੀਸ ਵਾਲੋਂ ਕੇ ਪਾਸ ਜਾ ਹਾਜ਼ਰ ਹੂਆ। ਜਿਸ ਤਰ੍ਹਾਂ ਕਿ ਸਲਾਹ ਠਹਿਰਾਈ ਹੋਈ ਥੀ, ਜਬ ਉਸ ਦਿਨ ਇਸ ਗ਼ਦਾਰ ਕੀ ਪੁਸ਼ੀਦਾ ਚਾਲ ਕਾ ਪਤਾ ਲਗਾ ਤੋ ਉਨਹੋਂ ਨੇ ਇਸ ਗ਼ਦਾਰ ਕੋ ਬਤਲਾਇਆ ਔਰ ਫੈਸਲਾ ਕੀਆ ਕਿ ਇਸ ਗ਼ਦਾਰ ਕੋ ਪਹਿਲੇ ਦੋਜ਼ਖ ਭੇਜ ਦੋ, ਲੇਕਨ ਉਹ ਦੁਸ਼ਟ ਗ਼ਦਾਰ ਪੁਲੀਸ ਕੇ ਪਾਸ ਪਹਿਲੇ ਹੀ ਚਲਾ ਗਿਆ। ਫੌਜ ਪੋਲੀਸ ਕੇ ਇਨਚਾਰਜ ਅਫਸਰੋਂ ਸੇ ਬਬਰੋਂ ਨੇ ਕਹਾ ਕਿ ਹਮ ਔਰ ਹਮਾਰਾ ਅਸੂਲ ਸ਼ਾਂਤ ਮਈ ਗ੍ਰਿਫ਼ਤਾਰ ਹੋਨੇ ਕਾ ਨਹੀਂ ਹੈ, ਚੁਨਾਂਚਿ ਉਨਹੋਂ ਨੇ ਅਪਨੇ ਅਸੂਲ ਕੇ ਮੁਤਾਬਕ ਸਤਿ ਸ੍ਰੀ ਅਕਾਲ ਕੇ ਜੈਕਾਰੇ ਗਜਾਏ, ਔਰ ਪੁਲੀਸ ਪਰ ਹਮਲਾ ਆਵਰ ਹੁਏ। ਪੋਲੀਸ ਔਰ ਰਸਾਲਾ ਖ਼ੌਫਜ਼ਦਾ ਹੋ ਕਰ ਰਾਸਤਾ ਛੋੜ ਕਰ ਏਕ ਤਰਫ ਹੋ ਗਈ, ਇਸ ਪਰ ਬਬਰੋਂ ਨੇ ਸਲਾਹ ਕੀ ਕਿ ਪਾਨੀ ਕੀ ਬਹਤੀ ਹੂਈ ਬੇਈਂ ਸੇ ਪਾਰ ਹੋ ਚਲੇਂ ਔਰ ਵਹਾਂ ਖੁਲੇ ਮੈਦਾਨ ਮੇਂ ਮੁਕਾਬਲਾ ਕਰਕੇ ਸ਼ਹੀਦੀਆਂ ਪਾਏਂ, ਚੁਨਾਂਚਿ ਵੋਹ ਬੇਈ ਮੇਂ ਕੂਦ ਪੜੇ ਔਰ ਜ਼ਾਲਮੋਂ ਨੇ ਤੈਰਤੇ ਹੂਏ ਬਬਰ ਅਕਾਲੀਉਂ ਕੋ ਸ਼ਹੀਦ ਕਰ ਦੀਆ।

ਨੌਕਰ ਸ਼ਾਹੀ ਦੇ ਜ਼ੁਲਮਾਂ ਨੂੰ ਦੇਖ ਕਰਕੇ, ਹੋਏ ਆਪ ਸੀ ਬਹੁਤ ਮਜਬੂਰ ਵੀਰੋ।
ਜ਼ੁਲਮ ਸਹਿਨ ਤੋਂ ਮੌਤ ਹਜ਼ਾਰ ਦਰਜੇ, ਚੰਗੀ ਸਮਝ ਕੇ ਹੋਏ ਮਫਰੂਰ ਵੀਰੋ।
ਬਬਰ ਅਕਾਲੀ ਦੁਆਬਾ ਅਖਬਾਰ ਛਿੜੀਏ, ਸਾਡੇ ਮੁਖਬਰ ਨਾ ਕੋਈ ਕਸੂਰ ਵੀਰੋ।
ਜਾ ਕੇ ਦਿੰਦੇ ਸੀ ਝੂਠੀਆਂ ਡੈਰੀਆਂ ਜੋ, ਕਾਰਨ ਪੇਟ ਦੇ ਬੋਲਦੇ ਕੂੜ ਵੀਰੋ।
ਜਦੋਂ ਦੇਖਿਆ ਪਾਪੀ ਨਾ ਬਾਜ਼ ਆਉਂਦੇ, ਕੀਤਾ ਜਥਾ ਸੀ ਇਕ ਤਿਆਰ ਜ਼ਰੂਰ ਵੀਰੋ।
ਨਾਮ ਉਸ ਦਾ ਰਖਿਆ ਬਬਰ ਜਥਾ, ਹੋਇਆ ਜਗ ਦੇ ਵਿਚ ਮਸ਼ਹੂਰ ਵੀਰੋ।

——o——

ਮੈਂਬਰ ਰਖਣ ਦਾ ਨਿਯਮ ਸੀ ਬਹੁਤ ਸੋਹਣਾ, ਨਾਮ ਕਰਦੇ ਸ਼ਾਇਆ ਅਖਬਾਰ ਪਹਿਲੋਂ।
ਪਹਿਲੇ ਤੀਨ ਫਿਰ ਕੁਲ ਹੈਨ ਸਤ ਹੋਏ, ਕੀਤੇ ਕਤਲ ਸੀ ਚੰਦ ਗ਼ਦਾਰ ਪਹਿਲੋਂ।
ਮਗਰੋਂ ਕਰਨ ਦੀ ਲੋੜ ਸੀ ਹੋਰ ਡਾਢੀ, ਆਈ ਬਬਰ ਨੂੰ ਧੁਰੋਂ ਸੀ ਤਾਰ ਪਹਿਲੋਂ।
ਦਿਲ ਦੇ ਪਾਪ ਦਾ ਪਤਾ ਜੇ ਲਗ ਜਾਂਦਾ, ਕਰਦੇ ਕੰਮ ਅਨੂਪੇ ਦਾ ਪਾਰ ਪਹਿਲੋਂ।
ਘੇਰਾ ਪੁਲਸ ਦਾ ਦੇਖ ਕੇ ਟੋਲ ਥਲੇ, ਕਹਿਣ ਅਨੂਪੇ ਦਾ ਕਰਦੇ ਸ਼ਿਕਾਰ ਪਹਿਲੋਂ।
ਬੇਈਮਾਨ ਤਾਂ ਪੁਲਸ ਦੇ ਕੋਲ ਪਹੁੰਚਾ, ਉਸ ਨੇ ਗਿਣੀ ਸੀ ਜਿਸ ਤਰ੍ਹਾਂ ਕਾਰ ਪਹਿਲੋਂ।
ਹਮਲਾ ਕੀਤਾ ਫਿਰ ਪੁਲਸ ਤੇ ਜਾਏ ਬਬਰਾਂ, ਬਬਰਾਂ ਵਾਲੜੀ ਮਾਰ ਭਬਕਾਰ ਪਹਿਲੋਂ।
ਰਸਤਾ ਛਡ ਕੇ ਪੁਲਸ ਇਕ ਲਾਂਭ ਹੋਈ, ਝਲ ਸਕੀ ਨਾ ਬਬਰਾਂ ਦੀ ਤਾੜ ਪਹਿਲੋਂ।
ਮਗਰ ਆਉਣ ਤਾਂ ਭਨੀਏ ਦੰਦ ਸੋਹਣੇ, ਲੰਘ ਚਲੀਏ ਵੇਈਂ ਤੋਂ ਪਾਰ ਪਹਿਲੋਂ।
ਤਰਦੇ ਜਾਂਦੇ ਸੀ ਨਦੀ ਦੇ ਵਿਚ ਸੋਹਣੇ, ਬਰਸੀਆਂ ਗੋਲੀਆਂ ਜਿਵੇਂ ਵਿਛਾੜ ਪਹਿਲੋਂ।
ਬਬਰ ਨਦੀ ਦੇ ਵਿਚ ਸ਼ਹੀਦ ਕੀਤੇ, ਵਿਚਲੇ ਭੌਰ ਤਾਂ ਹੋਏ ਫਰਾਰ ਪਹਿਲੋਂ।
ਵੀਰੋ ਆਪ, ਨਿਧੜਕ ਪਿਛੇ, ਪਹੁੰਚ ਗਏ ਹੋ ਗੁਰੂ ਦੁਵਾਰ ਪਹਿਲੋਂ।

Digitized by Panjab Digital Library | www.panjabdigilib.org

## ਭਾਈ ਧੰਨਾ ਸਿੰਘ ਜੀ ਬਬਰ ਕੀ ਸ਼ਹੀਦੀ

ਬੇਲਾ ਸਿੰਘ ਗੱਦਾਰ, ਜਵਾਲਾ ਸਿੰਘ ਗਦਾਰ, ਬਰਾਦਰਾਨ ਸਾਕਨ ਜਾਇਨ ਨੇ ਆਪਣੇ ਰਿਸ਼ਤਾਦਾਰੋਂ ਕਰਤਾਰ ਸਿੰਘ ਵਾਹਿਦਾ ਮੁਆਫ ਵਾ ਬਸੰਤ ਸਿੰਘ ਗਦਾਰ ਬੋੜ ਬਾੜਿਆ ਔਰ ਕਰਮ ਸਿੰਘ ਗਦਾਰ ਸਾਕਨ ਮੁਸਤਕਿਹਾਨਾ ਕੇ ਸਾਥ ਸਲਾਹ ਕਰਕੇ ਭਾਈ ਧੰਨਾ ਸਿੰਘ ਜੀ ਬਬਰ ਸਾਕਨ ਬੋਹਲਪੁਰ ਕੋ ਮੌਜ਼ਾ ਮੁਸਤਕਿਹਾਨਾ ਮੇਂ ਸ਼ਹੀਦ ਕਰਵਾ ਦੀਆ। ਜਬ ਭਾਈ ਧੰਨਾ ਸਿੰਘ ਜੀ ਬਬਰ ਕੋ ਪਤਾ ਲਗਾ ਕਿ ਪੋਲੀਸ ਕਾ ਘੇਰਾ ਪੜ ਗਿਆ ਹੈ ਤੋ ਉਸਨੇ ਭੀ ਬਬਰ ਜਥੇ ਕੇ ਅਸੂਲ ਕੇ ਬਮੂਜਬ ਪੋਲੀਸ ਪਰ ਹਮਲਾ ਕੀਆ, ਔਰ ਏਕ ਬੰਬ ਗਰਾ ਕਰ ਸਾਤ ਆਠ ਪੋਲੀਸ ਵਾਲੋਂ ਕੋ ਮਹਿ ਏਕ ਦੋ ਅੰਗਰੇਜ਼ ਅਫਸਰੋਂ ਔਰ ਏਕ ਦੋ ਥਾਨੇਦਾਰੋਂ ਕੋ ਜਹੱਨਮ ਮੇਂ ਪਹੁੰਚਾ ਕਰ ਆਪ ਭੀ ਉਸੀ ਜਗ੍ਹਾ ਸ਼ਹੀਦ ਹੋ ਗਏ। ਲੇਕਨ ਜ਼ਿੰਦਾ ਪੋਲੀਸ ਕੇ ਹਾਥ ਨਹੀਂ ਆਏ ਨੀਜ਼ ਬਬਰੋਂ ਕੇ ਅਸੂਲੋਂ ਕੋ ਕਾਇਮ ਰਖਾ।

—: ਬੈਂਤ :—

ਵਕਤ ਸ਼ਹੀਦੀ ਦਾ ਆਣ ਪਹੁੰਚਾ, ਧੰਨਾ ਸਿੰਘ ਜੀ ਹੋਇ ਹੁਸ਼ਿਆਰ ਪਹਿਲੇ।
ਪਹਿਲੇ ਹਥ ਹੀ ਬੰਬ ਗਰਾ ਕਰ ਕੇ, ਲਾਹੇ ਪੁਲਸ ਦੇ ਮਾਨੋਂ ਸਥਾਰ ਪਹਿਲੇ।
ਸਣੇ ਸਾਹਿਬ ਦੇ ਪੁਲਸ ਨੂੰ ਤੋਰ ਕੇ ਤੇ, ਬੰਬ ਵਾਲੜਾ ਲਾਹਿਆ ਉਧਾਰ ਪਹਿਲੇ।
ਮਗਰੋਂ ਆਪ ਵੀ ਵੀਰਾਂ ਦੇ ਕੋਲ ਪਹੁੰਚੇ, ਕਰਦੇ ਬਬਰ ਸੀ ਜਿਥੇ ਇੰਤਜ਼ਾਰ ਪਹਿਲੇ।
ਸਤਿ ਸ੍ਰੀ ਅਕਾਲ ਜਾਇ ਆਖੀ, ਬਬਰ ਹੋਇ ਸੀ ਜਦ ਬਲਿਹਾਰ ਪਹਿਲੇ।
ਮੇਲ ਹੋਣ ਸੰਜੋਗ ਨਧੜਕ ਵਾਲੇ, ਮਲਿਆਂ ਆਪ ਸੀ ਜਾ ਗੁਰਦਵਾਰ ਪਹਿਲੇ।

ਬਬਰ ਜਥਾ ਮੇਂ ਅਜ਼ਾਫਾ :— ਨੌਕਰਸ਼ਾਹੀ ਕੇ ਜ਼ੁਲਮੋਂ ਸਿਤਮ ਸੇ ਤੰਗ ਆ ਕਰ ਬਬਰ ਜਥਾ ਮੇਂ ਅਜ਼ਾਫਾ ਹੋ ਗਿਆ। ਚੁਨਾਂਚਿ ੨੧ ਮਈ ੧੯੨੩ ਕੇ ਬਬਰ ਅਕਾਲੀ ਅਖਬਾਰ ਮੇਂ ਸਾਤ ਬਬਰ ਅਕਾਲੀਉਂ ਕੇ ਨਾਮ ਸ਼ਾਇਆ ਹੂਏ, ਜੋ ਇਸ ਵਕਤ ਬਬਰ ਅਕਾਲੀ ਜਥੇ ਮੇਂ ਭਰਤੀ ਹੋ ਚੁਕੇ ਥੇ। ਇਨ ਸਾਤ ਬਬਰ ਅਕਾਲੀਉਂ ਕੇ ਬਗੈਰ ਕੋਈ ਆਦਮੀ ਬਬਰ ਅਕਾਲੀ ਜਥੇ ਮੇਂ ਭਰਤੀ ਨਾ ਥਾ। ਜੇ ਕੋਈ ਸੀ. ਆਈ. ਡੀ. ਦਾ ਆਦਮੀ ਆਪਣੇ ਆਪ ਨੂੰ ਬਬਰ ਅਕਾਲੀ ਜਥੇ ਦਾ ਮੈਂਬਰ ਜ਼ਾਹਰ ਕਰੇ ਤਾਂ ਉਹਦਾ ਕੋਈ ਇਲਾਜ ਨਹੀਂ। ਪਰੰਤੂ ਇਸ ਜਥੇ ਵਾਲੇ ਬਬਰ ਅਕਾਲੀ ਅਖਬਾਰ ਵਿਚ ਨਾਉਂ ਪਰਕਾਸ਼ਤ ਕਰਨ ਤੋਂ ਬਗੈਰ ਕਿਸੇ ਨੂੰ ਆਪਣਾ ਮੈਂਬਰ ਯਾ ਆਪਣੇ ਜਥੇ ਵਿਚ ਭਰਤੀ ਨਹੀਂ ਸੀ ਕਰਦੇ। ੨੦ ਜੂਨ ੧੯੨੩ ਤਕ ਅਸੀਂ ਕੁਲ ੭ ਆਦਮੀ ਇਸ ਜਥੇ ਵਿਚ ਭਰਤੀ ਹੋਏ ਸੀ। ਹੇਠ ਲਿਖੇ ਸਤ ਆਦਮੀਆਂ ਤੋਂ ਬਗੈਰ ਕੋਈ ਸਜਣ ਬਬਰ ਜਥੇ ਵਿਚ ਭਰਤੀ ਨਹੀਂ ਸੀ।

੧. ਭਾਈ ਕਰਮ ਸਿੰਘ ਜੀ ਐਡੀਟਰ ਪਿੰਡ ਦੌਲਤ ਪੁਰ ਜ਼ਿਲਾ ਜਾਲੰਧਰ
੨. ਭਾਈ ਉਦੇ ਸਿੰਘ ਜੀ ਬਬਰ ਪਿੰਡ ਰਾਮਗੜ੍ਹ ਜ਼ਿਲਾ ਹੁਸ਼ਿਆਰ ਪੁਰ
੩. ਭਾਈ ਧੰਨਾ ਸਿੰਘ ਜੀ ਬਬਰ ਪਿੰਡ ਬੇਹਲ ਪੁਰ ਜ਼ਿਲਾ ਹੁਸ਼ਿਆਰ ਪੁਰ
੪. ਭਾਈ ਬਿਸ਼ਨ ਸਿੰਘ ਜੀ ਬਬਰ ਪਿੰਡ ਮਾਂਗਟ ਜ਼ਿਲਾ ਜਾਲੰਧਰ
੫. ਭਾਈ ਦਲੀਪ ਸਿੰਘ ਜੀ ਬਬਰ ਪਿੰਡ ਧਾਮਿਆ ਜ਼ਿਲਾ ਹੁਸ਼ਿਆਰਪੁਰ
੬. ਅਨੂਪ ਸਿੰਘ ਗਦਾਰ ਵਾਹਦੇ ਮੁਆਫ ਸਾਕਨ ਮਾਨਕੋ ਜ਼ਿਲਾ ਜਾਲੰਧਰ
੭. ਮੈਂ ਖੁਦ

ਗ੍ਰਿਫਤਾਰੀ:— ਮੈਨੂੰ ਸ਼ੁਰੂ ਜੂਨ ੧੯੨੩ ਨੂੰ ਭਾਈ ਕਰਮ ਸਿੰਘ ਐਡੀਟਰ ਨੇ ਇਕ ਕੰਮ ਵਾਸਤੇ ਮਾਲਵੇ ਵਲ ਭੇਜਿਆ। ਬਾਰਾਂ ਪੰਦਰਾਂ ਦਿਨ ਇਲਾਕੇ ਮਾਲਵੇ ਵਿਚ ਗੁਜ਼ਾਰਨ ਤੋਂ ਬਾਅਦ ਇਕ

Digitized by Panjab Digital Library | www.panjabdigilib.org

ਦਿਨ ਮੈਂ ਧੂਰੀ ਤੋਂ ਫੀਰੋਜ਼ਪੁਰ ਨੂੰ ਸਫਰ ਕਰ ਰਿਹਾ ਸੀ ਕਿ ਰਸਤੇ ਵਿਚ ਇਕ ਅਸਟੇਸ਼ਨ ਤੇ ਮੈਨੂੰ ਸੁਤੇ ਹੋਏ ਨੂੰ ਅਚਾਨਕ ਹੀ ਪੁਲਸ ਨੇ ਗ੍ਰਿਫਤਾਰ ਕਰ ਲਿਆ। ਪੁਲਸ ਨੇ ਇਸ ਵੇਲੇ ਸਫੈਦਦ ਅਤੇ ਰਿਆਸਤੀ ਰੰਗ ਬਰੰਗੇ ਕਪੜੇ ਪਾਏ ਹੋਏ ਸਨ। ਜਦ ਮੇਰੀ ਅਖ ਖੁਲ੍ਹੀ ਤਾਂ ਮੈਂ (ਸੰਤ) ਕਰਤਾਰ ਸਿੰਘ (ਸ਼ਰਫਦੀਨ) ਵਾਹਦਾ ਮੁਆਫ ਨੂੰ ਪੁਲਸ ਨਾਲ ਖੜੇ ਹੋਏ ਦੇਖਿਆ। ਮੈਂ ਫੌਰਨ ਸਮਝ ਗਿਆ ਕਿ ਇਹ ਏਸੇ ਹੀ ਬੇਈਮਾਨ ਦਾ ਕੰਮ ਹੈ।

ਕਰਤਾਰ ਸਿੰਘ (ਸ਼ਰਫਦੀਨ) ਵਾਹਦਾ ਮੁਆਫ:— ਮਈ, ਜੂਨ, ਜੁਲਾਈ, ਅਗਸਤ, ਸਤੰਬਰ, ਅਕਤੂਬਰ ੧੯੨੧ ਨੂੰ ਜਦ ਇਹ ਸ਼ਖਸ ਸਾਡੀ ਪਲਟਨ ਵਿਚ ਬਾਬਾ ਮੂਲਾ ਸਿੰਘ ਗਰੰਥੀ ਦੇ ਕੋਲ ਆਉਂਦਾ ਹੁੰਦਾ ਸੀ, ਤਾਂ ਇਸ ਦੀ ਮੇਰੇ ਨਾਲ ਵਾਕਫੀ ਹੋ ਜਾਣ ਕਰਕੇ ਅਤੇ ਸਿਖ ਹੋਣ ਕਰਕੇ, ਇਕ ਟੀਨ ਘਿਓ ਅਤੇ ਕੁਝ ਕਪੜੇ ਇਸ ਨੂੰ ਖਰੈਤ ਦੇ ਤੌਰ ਤੇ ਦਿਤੇ ਸੀ। ਉਸ ਤੋਂ ਬਾਦ ਵੀ ਕਈ ਵਾਰੀ ਕਰਾਏ ਦੇ ਵਾਸਤੇ ਰੁਪਏ ਲੈ ਜਾਂਦਾ ਹੁੰਦਾ ਸੀ। ਜਦ ਮੈਂ ਨਕਰੀ ਛਡ ਕੇ ਆਇਆ ਸੀ, ਤਦ ਉਦੋਂ ਵੀ ਇਸ ਨੂੰ ਇਕ ਦੋ ਕੰਬਲ ਤੇ ਪੰਜਾਹ ਰੁਪਏ ਨਕਦ ਦਿਤੇ ਸੀ, ਜਿਹੜੇ ਕਿ ਇਸ ਨੇ ਇਕ ਅਕਾਲੀ ਖੁਰਦ ਪੁਰ ਨਿਵਾਸੀ ਨੂੰ ਦ ਦਿਤੇ ਸੀ। ਸਾਡੀ ਆਪਸ ਵਿਚ ਬਹੁਤ ਮੁਹਬਤ ਸੀ ਅਰ ਜਦੋਂ ਇਹ ਆਦਮੀ ਗ੍ਰਿਫਤਾਰ ਹੋ ਕੇ ਚਕਰਵਰਤੀਆਂ ਨੂੰ ਫੜਾਉਣ ਦਾ ਵਾਹਦਾ ਕਰਕੇ ਆਇਆ ਸੀ, ਉਸ ਵੇਲੇ ਤੋਂ ਹੀ ਮੈਂ ਇਸ ਨਾਲ ਆਪਣਾ ਸਬੰਧ ਤੋੜ ਦਿਤਾ ਸੀ। ਪਰੰਤੂ ਅੰਤ ਵਿਚ ਇਹੀ ਆਦਮੀ ਮੇਰੇ ਗ੍ਰਿਫਤਾਰ ਕਰਾਉਣ ਵਿਚ ਕਾਮਯਾਬ ਹੋ ਹੀ ਗਿਆ।

ਬੇੜੀ:— ੨੦ ਜੂਨ ੧੯੨੩ ਨੂੰ ਮੈਂ ਗ੍ਰਿਫਤਾਰ ਕੀਤਾ ਗਿਆ ਸੀ ਤੇ ੨੧ ਜੂਨ ਨੂੰ ਮੈਨੂੰ ਜਾਲੰਧਰ ਲਿਆ ਕੇ ਬੇੜੀ ਲਾਈ ਗਈ ਜਿਹੜੀ ਕਿ ਅਜ ਤਕ ਲਗੀ ਹੋਈ ਹੈ।

ਅਤਿਅੰਤ ਹੀ ਸਖਤੀ ਦੇ ਤਰੀਕੇ:— ਮੈਨੂੰ ਆਪਣੀ ਸਖਤੀ ਦੇ ਸਬੰਧ ਵਿਚ ਜਿਹੜੀ ਕਿ ਪੁਲਸ ਮੇਰੇ ਤੇ ਕਰਦੀ ਰਹੀ ਹੈ, ਆਪਣੇ ਵਲੋਂ ਲਿਖਣ ਦੀ ਕੋਈ ਜ਼ਰੂਰਤ ਭਾਵੇਂ ਦੋ ਤਿੰਨ ਤਰੀਕੇ ਘਟ ਹੀ ਲਿਖਤ ਵਿਚ ਲਿਆਂਦੇ ਗਏ ਹਨ। ਪਰੰਤੂ ਮੈਂ ਉਹੀ ਤਰੀਕੇ ਲਿਖਦਾ ਹਾਂ ਜਿਹੜੇ ਕਿ ਅਨੂਪ ਸਿੰਘ ਗਦਾਰ (ਵਾਹਦਾ ਮੁਆਫ) ਨੇ ਪੁਲਸ ਵਿਚ ਬਿਆਨ ਦਿੰਦੇ ਹੋਏ ਦਰਜ ਕਰਾਏ ਹਨ ਅਤੇ ਸੀ. ਆਈ. ਡੀ. ਦੇ ਇਕ ਵਡੇ ਅਫਸਰ ਦੀ ਕਲਮ ਤੋਂ ਲਿਖੇ ਗਏ ਹਨ। ਇਸ ਕਿਸਮ ਦੀ ਸਖਤੀ ਵਿਚ ਪਤਾ ਨਹੀਂ ਮੇਰੀ ਜ਼ਬਾਨ ਵਿਚੋਂ ਕੀ ਕੁਝ ਨਿਕਲ ਗਿਆ ਹੈ ਅਤੇ ਕਿੰਨੀ ਜਗ੍ਹਾ ਮੇਰੇ ਦਸਖਤ ਕਰਵਾ ਲਏ ਗਏ ਹਨ ਕਿਉਂਕਿ ਬਹੁਤ ਵਾਰੀ ਅਤਿਅੰਤ ਹੀ ਸਖਤੀ ਦੇ ਕਾਰਨ ਮੈਂ ਬੇਹੋਸ਼ ਭੀ ਹੋ ਜਾਂਦਾ ਰਿਹਾ ਹਾਂ, ਪਰੰਤੂ ਜਿਥੋਂ ਤਕ ਮੈਨੂੰ ਚੇਤਾ ਹੈ ਮੈਂ ਹੋਸ਼ ਵਿਚ ਹੁੰਦਿਆਂ ਹੋਇਆਂ ਕੋਈ ਬਿਆਨ ਨਹੀਂ ਦਿਤੇ ਅਤੇ ਨਾ ਹੀ ਕੋਈ ਦਸਖਤ ਕੀਤੇ ਹਨ। ੨੧ ਜੂਨ ੧੪੨੩ ਤੋਂ ੯ ਅਗਸਤ ੧੯੨੩ ਤਕ ਕੋਈ ਆਮ ਆਦਮੀ ਮੇਰੀ ਨਜ਼ਰ ਵਿਚ ਪੈਣ ਨਹੀਂ ਦਿਤਾ ਗਿਆ, ਸਿਵਾਏ ਸੀ. ਆਈ. ਡੀ. ਅਤੇ ਉਹਨਾਂ ਕਸਾਈਆਂ ਦੇ ਜਿਹੜੇ ਮੇਰੇ ਤੇ ਜ਼ੁਲਮ ਕਰਦੇ ਸੀ। ਅਨੂਪ ਸਿੰਘ ਗਦਾਰ ਵਾਹਦਾ ਮੁਆਫ ਮੇਰੇ ਤੇ ਸਖਤੀ ਕੀਤੇ ਜਾਣ ਬਾਰੇ ਇਸ ਪ੍ਰਕਾਰ ਲਿਖਦਾ ਹੈ:—

ਮੌਜ਼ਾ ਭਬਿਆਣ ਵਿਚ ਅਸੀਂ ਸਤ ਆਦਮੀ ਹੋ ਗਏ ਇਸ ਵੇਲੇ ਧਨਾ ਸਿੰਘ ਬੇਹਲ ਪੁਰ ਅਤੇ ਕਰਮ ਸਿੰਘ ਐਡੀਟਰ ਨੇ ਜ਼ਿਕਰ ਸ਼ੁਰੂ ਕੀਤਾ ਕਿ ਉਹਨਾਂ ਨੇ ਕਈ ਅੱਡ ਥਾਵਾਂ ਤੋਂ ਸੁਣਿਆ ਹੈ ਕਿ ਬਾਬੂ ਸੰਤ ਸਿੰਘ ਨੂੰ ਪੁਲਸ ਪਕੜ ਕੇ ਜਲੰਧਰ ਲੈ ਗਈ ਹੈ, ਬਾਬੂ ਸੰਤ ਸਿੰਘ ਨਾਲ ਅਤਿਅੰਤ ਹੀ ਸਖਤੀ ਕਰ ਰਹੀ ਹੈ, ਨਾਲ ਹੀ ਸੁਨਣ ਵਿਚ ਆਇਆ ਹੈ ਕਿ ਪੁਲਸ ਨੇ ਬਾਬੂ ਸੰਤ ਸਿੰਘ ਨੂੰ ਲੋਹੇ ਦੇ ਪਲੰਘ ਤੇ ਲਟਾ ਦਿਤਾ ਤੇ ਹੇਠਾਂ ਕੋਲਿਆਂ ਦੀ ਬੜੀ ਤੇਜ਼ ਅੱਗ ਜਲਾ ਦਿਤੀ, ਤਦ ਭੀ ਬਾਬੂ

Digitized by Panjab Digital Library | www.panjabdigilib.org

ਸੰਤਾ ਸਿੰਘ ਨੇ ਕੋਈ ਵਾਕਿਆਤ ਬਬਰ ਜਥੇ ਦੇ ਨਹੀਂ ਦਸੇ। ਜਦੋਂ ਉਹ ਪਲੰਘ ਦਾ ਲੋਹਾ ਅਤਿਅੰਤ ਹੀ ਗਰਮ ਹੋ ਗਿਆ ਤੇ ਬਾਬੂ ਸੰਤਾ ਸਿੰਘ ਦਾ ਸਰੀਰ ਅੱਗ ਨਾਲ ਝੁਲਸਿਆ ਗਿਆ, ਤਦ ਫੇਰ ਉਸ ਨੂੰ ਪਲੰਘ ਤੋਂ ਉਠਨ ਵਾਸਤੇ ਕਿਹਾ ਗਿਆ। ਬਾਬੂ ਸੰਤਾ ਸਿੰਘ ਬਬਰ ਨੇ ਕਿਹਾ ਕਿ ਮੈਨੂੰ ਏਸੇ ਤਰ੍ਹਾਂ ਹੀ ਸੜ ਕੇ ਮਰ ਜਾਣ ਦਿਉ। ਪਰੰਤੂ ਪੁਲਸ ਵਾਲਿਆਂ ਨੇ ਜ਼ਬਰਦਸਤੀ ਬਾਬੂ ਸੰਤਾ ਸਿੰਘ ਸੜਦੇ ਹੋਏ ਨੂੰ ਪਲੰਘ ਦੇ ਉਤੋਂ ਚੁਕ ਲਿਆ, ਫੇਰ ਉਸ ਨੂੰ ਛਤ ਦੇ ਨਾਲ ਕੁੰਡੀ ਵਿਚ ਰਸਿਆਂ ਨਾਲ ਲਟਕਾ ਕੇ ਬੰਨ੍ਹ ਦਿਤਾ। ਪਰੰਤੂ ਫੇਰ ਵੀ ਬਾਬੂ ਸੰਤਾ ਸਿੰਘ ਨੇ ਕੋਈ ਗਲ ਪੁਲਸ ਨੂੰ ਨਹੀਂ ਦਸੀ, ਫੇਰ ਪੁਲਸ ਵਾਲਿਆਂ ਨੇ ਬਾਬੂ ਸੰਤਾ ਸਿੰਘ ਦੇ ਕੇਸ ਰਸੇ ਨਾਲ ਬਨ੍ਹ ਕੇ ਛਤ ਦੇ ਕੁੰਡੇ ਨਾਲ ਲਟਕਾ ਦਿਤਾ ਅਤੇ ਚਾਰ ਆਦਮੀ ਧਕੇ ਧਮੋਕੇ ਮਾਰਨ ਲਗ ਪਏ, ਲੇਕਨ ਫੇਰ ਵੀ ਬਾਬੂ ਸੰਤਾ ਸਿੰਘ ਨੇ ਕੋਈ ਹਾਲ ਨਾ ਦਸਿਆ। ਹਾਲੇ ਤੀਕ ਬਾਬੂ ਸੰਤਾ ਸਿੰਘ ਨੇ ਪੁਲਸ ਨੂੰ ਕੋਈ ਲੜ ਨਹੀਂ ਫੜਾਇਆ। ਕਰਮ ਸਿੰਘ ਬਬਰ ਨੇ ਕਿਹਾ ਸ਼ਾਬਾਸ਼ੇ ਬਾਬੂ ਸੰਤਾ ਸਿੰਘ ਦੇ ਜਿਸ ਦਾ ਐਡਾ ਵਡਾ ਹੌਂਸਲਾ ਹੈ ਅਤੇ ਇਰਾਦਾ ਮੁਸਤਕਿਲ ਰਖਿਆ ਹੈ। ਬਬਰ ਅਕਾਲੀਆਂ ਨੂੰ ਏਸੇ ਪ੍ਰਕਾਰ ਬੀਰ ਬਹਾਦਰ ਹੋਣਾ ਚਾਹੀਦਾ ਹੈ।

ਨੋਟ:—ਹੁਣ ਮੈਂ ਏਸ ਦੇ ਸਬੰਧ ਵਿਚ ਏਨਾਂ ਹੀ ਕਹਿ ਦੇਣਾ ਚੰਗਾ ਸਮਝਦਾ ਹਾਂ ਕਿ ਜੋ ਕੁਝ ਅਨੂਪ ਸਿੰਘ ਵਾ: ਮੁਆਫ ਗ਼ਦਾਰ ਨੇ ਸਖਤੀ ਦੇ ਬਾਰੇ ਲਖਾਇਆ ਹੈ ਉਹ ਬਿਲਕੁਲ ਠੀਕ ਹੈ।

ਮੋਹਕਮਾਂ ਸੀ. ਆਈ. ਡੀ.:—ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਵਿਚ ਉਹੋ ਆਦਮੀ ਭਰਤੀ ਹੁੰਦੇ ਹਨ, ਜਿਨ੍ਹਾਂ ਵਿਚ ਹੇਠ ਲਿਖੀਆਂ ਸਿਫਤਾਂ ਹੋਣ। ਏਹਨਾਂ ਸਿਫਤਾਂ ਤੋਂ ਬਗੈਰ ਕੋਈ ਆਦਮੀ ਏਸ ਮੋਹਕਮੇਂ ਦੇ ਕਾਬਲ ਨਹੀਂ ਹੁੰਦਾ, ੧. ਧਰਮ ਵਾ ਈਮਾਨ ਫਰੋਸ਼, ੨. ਮਿਤਰ ਮਾਰ, ੩. ਕੌਮ ਫਰੋਸ਼, ੪. ਦੇਸ਼ ਕਾ ਬਦ ਖ਼ੁਆਹ, ੫. ਖ਼ੁਦਗਰਜ਼, ੬. ਦਗਾ ਬਾਜ਼, ੭. ਆਪਣੀ ਵਾਲਦਾ ਕੇ ਖਿਲਾਫ ਡਾਇਰੀ ਦੇਣ ਵਾਲਾ, ੮. ਅਪਨੇ ਪੇਟ ਕੇ ਲੀਏ ਹਕੂਮਤ ਔਰ ਰਿਆਇਆ ਕੇ ਦਰਮਿਆਨ ਝਗੜਾ ਬਰਆਮਦ ਕਰਨ ਵਾਲਾ, ੯. ਬਦ ਚਲਨ ਰੰਡੀ ਬਾਜ਼, ੧੦. ਰਿਸ਼ਵਤ ਖੋਰ, ੧੧. ਸੰਗਦਿਲ ਜ਼ਾਲਮ, ੧੨. ਅੱਵਲ ਦਰਜ਼ੇ ਕਾ ਬੇਈਮਾਨ, ੧੩. ਗ਼ਦਾਰ, ਮੇਰੇ ਖਿਆਲ ਵਿਚ ਅਗਰ ਇਸ ਮੋਹਕਮਾਂ ਸੀ. ਆਈ. ਡੀ. ਨੂੰ (Criminal Indian Dogs) ਦਾ ਮੋਹਕਮਾਂ ਕਿਹਾ ਜਾਏ ਤਾਂ ਝੂਠ ਨਹੀਂ ਹੋਗਾ।

ਸੀ. ਆਈ. ਡੀ. ਦੇ ਮੋਹਕਮੇਂ ਵਿਚੋਂ ਮੈਨੂੰ ਕੀ ਕੁਝ ਲਭਾ:—ਸੀ. ਆਈ. ਡੀ. ਦਾ ਮੋਹਕਮਾਂ (Criminal Indion Dogs) ਦੇ ਦਫਤਰ ਵਿਚੋਂ ਮੈਨੂੰ ਇਕ ਅਫਸਰ ਦੀ ਜਬਾਨੀ ਪਤਾ ਲਗਾ ਕਿ ਮੇਰੇ ਫੜਨ ਦੇ ਲਈ ਹੇਠ ਲਿਖੇ ਆਦਮੀਆਂ ਦੀ ਮੀਟਿੰਗ ਹੋਈ, ਜਿਨ੍ਹਾਂ ਨੇ ਆਪਣੀ ਕਾਮਯਾਬੀ ਦੇ ਵਾਸਤੇ ਮਠਾਈ ਵੰਡੀ ਅਤੇ ਅਖੰਡ ਪਾਠ ਕਰਵਾਉਣੇ ਮਨਜ਼ੂਰ ਕੀਤੇ। ਏਹਨਾਂ ਨੇ ਮੇਰੀ ਗ੍ਰਿਫਤਾਰੀ ਦੀ ਖ਼ੁਸ਼ੀ ਵਿਚ ਮਠਿਆਈ ਵੰਡ ਦਿਤੀ। ਕਿਉਂਕਿ ਮੁਲਜਮਾਂ ਅਕਾਲੀਆਂ ਨੇ ਵੀ ਉਹ ਮਠਾਈ ਖਾਧੀ ਸੀ, ਜਿਹੜੇ ਕਿ ਏਹਨਾਂ ਦੇ ਨਾਲ ਹਵਾਲਾਤਾਂ ਵਿਚ ਰਹਿ ਚੁਕੇ ਸੀ। ਉਹਨਾਂ ਅਕਾਲੀਆਂ ਨੇ ਮੈਨੂੰ ਵੀ ਜੇਲ੍ਹ ਵਿਚ ਇਸ ਇਕੱਤ੍ਰਤਾ ਤੇ ਮਠਾਈ ਛਕਣ ਦੇ ਮੁਤੱਲਕ ਪੂਰੇ ਪੂਰੇ ਹਾਲ ਦਸੇ ਸੀ।

ਇਕਤਰਤਾ ਵਿਚ ਸ਼ਾਮਲ ਹੋਣ ਵਾਲੇ ਆਦਮੀਆਂ ਦੇ ਨਾਮ:—

੧. ਕਾਹਨ ਸਿੰਘ ਸੀ. ਆਈ. ਡੀ. (Criminal Indian Dog)
੨. (ਸੰਤ) ਗੁਰਬਖਸ਼ ਸਿੰਘ ਪਿੰਡ ਘੜਿਆਲ

Digitized by Panjab Digital Library | www.panjabdigilib.org

੩. (ਸੰਤ) ਮਿਤ ਸਿੰਘ ਵਾਹਦਾ ਮੁਆਫ
੪. (ਸੰਤ) ਕਰਤਾਰ ਸਿੰਘ ਸ਼ਰਫ ਦੀਨ) ਵਾਹਦਾ ਮੁਆਫ
੫. ਬੇਲਾ ਸਿੰਘ ਕਾਣਾ ਵਾਹਦਾ ਮੁਆਫ ਪਿੰਡ ਪਰਾਗਪੁਰ
੬. ਸਾਧੂ ਸਿੰਘ ਵਾਹਦਾ ਮੁਆਫ ਪਿੰਡ ਪਰਾਗਪੁਰ
੭. ਮੀਰ ਫਜ਼ਲ ਅਮਾਮ ਡਿਪਟੀ ਸੁਪਰੰਟੈਂਡੰਟ ਸੀ. ਆਈ. ਡੀ.
੮. ਖਾਨ ਬਹਾਦਰ ਅਬਦੁਲ ਅਜ਼ੀਜ ਸੁਪਰੰਨਟੈਂਡੰਟ ਸੀ. ਆਈ. ਡੀ.

ਜਾਲੰਧਰ ਜੇਲ੍ਹ:— ੨੨ ਜੂਨ ੧੯੨੩ ਤੋਂ ੯ ਅਗਸਤ ੧੯੨੩ ਤਕ ਮੈਨੂੰ ਜਾਲੰਧਰ ਜੇਲ੍ਹ ਦੇ ਮੁਤਸਿਲ ਹਵਾਲਾਤ ਵਿਚ ਰਖਿਆ ਗਿਆ। ੮ ਅਗਸਤ ੧੯੨੩ ਨੂੰ ਜਾਲੰਧਰ ਜੇਲ੍ਹ ਵਿਚ ਭੇਜ ਦਿਤਾ ਗਿਆ।

ਜਾਲੰਧਰ ਜੇਲ੍ਹ ਵਿਚ ਸ਼ਨਾਖਤਾਂ:— ੨੧ ਜੂਨ ੧੯੨੩ ਤੋਂ ਅਗਸਤ ੧੯੨੩ ਤਕ ਮੈਨੂੰ ਸੀ. ਆਈ. ਡੀ. (Criminal Indian Dog) ਨੇ ਆਪਣੀ ਹਿਰਾਸਤ ਵਿਚ ਰਖਿਆ। ਇਸ ਸਮੇਂ ਵੇਲੇ ਕੁਵੇਲੇ ਬਦਮਾਸ਼ ਹੋਰ ਮੈਂਬਰਾਂ ਦੇ ਨਾਲ ਸੀ. ਆਈ. ਡੀ. ਦੇ ਦਫਤਰ ਵਿਚ ਆਉਂਦੇ ਹੁੰਦੇ ਸਨ। ਜਿਨ੍ਹਾਂ ਨੂੰ ਦਖਾਲਕੇ ਮੇਰੇ ਆਪਣੇ ਅਤੇ ਹੋਰ ਅਕਾਲੀ ਮੁਲਜ਼ਮਾਂ ਦੇ ਬਰਖਲਾਫ ਗਵਾਹ ਬਣਾਇਆ ਜਾਂਦਾ ਸੀ। ਕਤਲ ਕੀਤੇ ਗਏ ਝੋਲੀ ਚੁਕਾਂ ਦੇ ਰਿਸ਼ਤੇਦਾਰਾਂ ਨੂੰ ਭੀ ਮੈਨੂੰ ਦਖਾਇਆ ਜਾਂਦਾ ਸੀ। ਬਬਰ ਅਕਾਲੀ ਜਥੇ ਨੂੰ ਬਦਨਾਮ ਕਰਨ ਦੇ ਲਈ, ਇਕ ਦੋ ਡਾਕੂਆਂ ਦੇ ਜਥੇ ਜਿਹੜੇ ਕਿ ਹੋਸ਼ਿਆਰਪੁਰ ਦੇ ਇਲਾਕੇ ਵਿਚ ਫੜੇ ਗਏ ਸੀ (ਮਸਲਨ ਬੰਤਾ ਸਿੰਘ ਵੈਹਦਾ ਮੁਆਫ ਬੇਲਾ ਸਿੰਘ ਵੈਹਦਾ ਮੁਆਫ ਚਮਾਰ ਪਿੰਡ ਬੋਪਾ ਰਾਏ) ਏਹਨਾਂ ਨੂੰ ਭੀ ਮੈਨੂੰ ਤੇ ਹੋਰ ਅਕਾਲੀ ਮੁਲਜ਼ਮਾ ਨੂੰ ਦਖਾਲ ਕੇ ਫਰਜ਼ੀ ਗਰੋਹ ਬਨਾਉਣ ਦੀ ਕੋਸ਼ਸ਼ ਕੀਤੀ। ਭਾਵੇਂ ਸਾਰੀਆਂ ਕਾਰਵਾਈਆਂ ਪੁਲਸ ਨੇ ਕੀਤੀਆਂ ਪਰੰਤੂ ਫੇਰ ਵੀ ਸ਼ਨਾਖਤਾਂ ਐਸੇ ਬੇ ਤਰੀਕੇ ਤੇ ਬੇ ਇਨਸਾਫੀ ਦੇ ਨਾਲ ਕਰਾਈਆਂ ਗਈਆਂ, ਜਿਨ੍ਹਾਂ ਨੂੰ ਵੇਖ ਕੇ ਅਥਵਾ ਪੜ੍ਹ ਕੇ ਇਕ ਇਨਸਾਫ ਪਸੰਦ ਆਦਮੀ ਇਹ ਸਾਫ ਤੌਰ ਤੇ ਕਹਿ ਸਕਦਾ ਹੈ ਕਿ ਸ਼ਨਾਖਤਾਂ ਕਰਾਉਣ ਵਾਲੇ ਮੁਜਸਟਰੇਟ ਨੇ ਪੁਲਸ ਦੇ ਹਥ ਕਠਪੁਤਲੀ ਬਣ ਕੇ ਬਿਲਕੁਲ ਹੀ ਇਨਸਾਫ ਦਾ ਖੂਨ ਕੀਤਾ ਹੈ। ਇਸ ਤਰਾਂ ਮਲੂਮ ਹੁੰਦਾ ਸੀ ਕਿ ਧਰਮ ਤੇ ਈਮਾਨ ਤੇ ਇਨਸਾਫ ਤਾਂ ਇਸ ਦੇ ਕੋਲੋਂ ਕਿਤੇ ਪਰ ਲਾ ਕੇ ਉਡ ਗਿਆ ਹੈ। (ਮਿਸਟਰ ਅਬਦਲ ਫਤਾਹ ਸਾਹਿਬ) ਮੈਜਿਸਟਰੇਟ ਸ਼ਨਾਖਤ ਕਰਵਾਉਣ ਵਾਸਤੇ ਆਏ। ਇਹਨਾਂ ਦੇ ਨਾਲ ਮੀਰ ਫਜ਼ਲ ਅਮਾਵ ਡਿਪਟੀ ਸੁਪਰੰਟੈਂਡੈਂਟ ਸੀ. ਆਈ. ਡੀ. ਅਤੇ ਇਕ ਇਸਸਟੈਂਟ ਸੁਪਰੰਟੈਂਡੈਂਟ ਪੁਲਸ ਰਿਆਸਤ ਕਪੂਰਥਲਾ ਜਿਸ ਦਾ ਨਾਮ ਸ਼ਾਇਦ ਮੁੰਦਰ ਸਿੰਘ ਸੀ, ਦੋ ਤਿੰਨ ਹੋਰ ਸੀ. ਆਈ. ਡੀ. ਵਾਲਿਆਂ ਦੇ ਨਾਲ ਆਏ, ਜਿਹੜੇ ਕਿ ਸ਼ਨਾਖਤ ਕਰਨ ਵਾਲਿਆਂ ਨੂੰ ਬੁਲਾਂਦੇ ਤੇ ਦਸਦੇ ਕਿ ਫਲਾਨਾ ਆਦਮੀ ਐਨੇ ਨੰਬਰ ਪਰ ਖੜਾ ਹੈ, ਅਤੇ ਇਸ ਤਰਾਂ ਦੇ ਕਪੜੇ ਪਾਏ ਹੋਏ ਹਨ। ਜਿਨ੍ਹਾਂ ਅਕਾਲੀਆਂ ਦੀ ਸ਼ਨਾਖਤ ਕਰਵਾਉਣੀ ਹੁੰਦੀ ਸੀ ਉਹਨਾਂ ਨੂੰ ਕੁਝ ਹੋਰ ਹਵਾਲਾਤੀਆਂ ਦੇ ਨਾਲ ਰਲਾ ਕੇ ਗਿਣਤੀ ਬੁਲਾ ਕੇ ਖੜਾ ਕਰ ਦਿਤਾ ਜਾਂਦਾ ਸੀ। ਅਤੇ ਸਖਤ ਤਾਕੀਦ ਕੀਤੀ ਜਾਂਦੀ ਸੀ ਕਿ ਕੋਈ ਆਦਮੀ ਆਪਣੀ ਥਾਂ ਨਾ ਬਦਲੇ। ਜਦ ਕੋਈ ਅਕਾਲੀ ਮੈਜਿਸਟ੍ਰੇਟ ਸੀ. ਆਈ. ਡੀ. ਅਫਸਰਾਂ ਤੋਂ ਅਖ ਬਚਾ ਕੇ ਆਪਣੀ ਥਾਂ ਬਦਲੀ ਕਰ ਲੈਂਦਾ ਸੀ, ਤਦ ਸ਼ਨਾਖਤ ਕੁਨਿੰਦਾ ਆਦਮੀ ਉਸਦੀ ਸ਼ਨਾਖਤ ਨਹੀਂ ਸੀ ਕਰ ਸਕਦਾ। ਖੈਰ ਜਦ ਸ਼ਨਾਖਤ ਕੁਨਿੰਦਾ ਸ਼ਨਾਖਤ ਕਰਨ ਵਾਲੇ ਦੇ ਬਰਾਬਰ ਆਉਂਦਾ ਸੀ ਤਦ ਮੈਜਿਸਟਰੇਟ ਤੇ (ਮੀਰ ਫਜ਼ਲ ਅਮਾਮ) ਡਿਪਟੀ ਸੁਪਰੰਟੈਂਡੈਂਟ ਸੀ. ਆਈ. ਡੀ. ਉਥੇ ਠਹਿਰ ਜਾਂਦੇ ਸੀ ਤੇ ਸ਼ਨਾਖਤ ਕਰਨ ਵਾਲੇ ਨੂੰ ਕਹਿੰਦੇ ਸੀ ਕਿ ਡਰੋ ਨਾ,

Digitized by Panjab Digital Library | www.panjabdigilib.org

ਅਛੀ ਤਰਾਂ ਵੇਖੋ। ਇਸ ਪਰਕਾਰ ਸ਼ਨਾਖਤ ਕਰਨ ਵਾਲਾ ਆਦਮੀ ਉਸ ਅਕਾਲੀ ਨੂੰ ਹਥ ਲਾ ਦੇਂਦਾ ਸੀ, ਜਿਸ ਦੇ ਕੋਲ ਉਹ ਖੜਾ ਹੁੰਦਾ ਸੀ। ਕਿਸੇ ਮੁਲਜ਼ਮ ਦਾ ਕੋਈ ਉਜਰ ਨਹੀਂ ਸੀ ਸੁਣਿਆ ਜਾਂਦਾ। ੯ ਅਗਸਤ ੧੯੨੩ ਤੋਂ ੧੨ ਅਗਸਤ ਤਕ ਇਹੋ ਹਾਲ ਰਿਹਾ।

ਪਰਮਾਤਮਾ ਦੀ ਕੁਦਰਤ:— ਸੀ. ਆਈ. ਡੀ. ਪੁਲਸ ਅਤੇ ਮੈਜਿਸਟਰੇਟ ਅਬਦੁਲਾ ਫਤਾ ਨੇ ਫਰਜ਼ੀ ਸ਼ਨਾਖਤਾਂ ਕਰਵਾ ਕੇ ਬੇਗੁਨਾਹ ਅਕਾਲੀਆਂ ਨੂੰ ਕਸੂਰਵਾਰ ਠਹਿਰਾਉਣ ਦੀ ਅਤਿਅੰਤ ਹੀ ਕੋਸ਼ਸ਼ ਕੀਤੀ ਅਤੇ ਨੌਕਰਸ਼ਾਹੀ ਦੀ ਨਜ਼ਰ ਵਿਚ ਇਸ ਗਲ ਨੂੰ ਸਿਧ ਕਰਨ ਲਈ ਕੋਈ ਕਸਰ ਬਾਕੀ ਨਹੀਂ ਛਡੀ ਕਿ ਅਸੀਂ ਇਨਸਾਫ ਅਤੇ ਬਗੈਰ ਕਿਸੇ ਸਖਤੀ ਦੇ ਕਾਰਵਾਈ ਕਰ ਰਹੇ ਹਾਂ। ਪਰੰਤੂ ਪਰਮਾਤਮਾ ਦੀ ਕੁਦਰਤ ਦਾ ਭੇਦ ਕਿਸੇ ਨਹੀਂ ਪਾਇਆ। ਬੰਦਾ ਆਪਣੀ ਵਲੋਂ ਆਪਣਾ ਮਤਲਬ ਪੂਰਾ ਕਰਨ ਲਈ ਪੂਰਾ ਤਾਣ ਲਾਉਂਦਾ ਹੈ। ਪਰ ਹੁੰਦਾ ਉਹੀ ਹੈ ਜੋ ਅਕਾਲ ਪੁਰਖ ਨੂੰ ਭਾਉਂਦਾ ਹੈ। ਉਹਨਾਂ ਨੇ ਤਾਂ ਆਪਣੀ ਵਲੋਂ ਮੇਰੀ ਸ਼ਨਾਖਤ ਕਰਾਉਣ ਵਿਚ ਕੋਈ ਕਸਰ ਬਾਕੀ ਨਹੀਂ ਰਖੀ। ਪਰ ਫਿਰ ਵੀ ਕੋਈ ਵਿਰਲਾ ਹੀ ਆਦਮੀ ਮੈਨੂੰ ਸ਼ਨਾਖਤ ਕਰ ਕੇ ਗਿਆ ਹੋਵੇਗਾ। ਚੰਦ ਉਗਾਹਾਂ ਦੀਆਂ ਸ਼ਨਾਖਤਾਂ ਬਾਰੇ ਜਿਨ੍ਹਾਂ ਦੀ ਬਾਬਤ ਮੈਨੂੰ ਮਿਸਟਰ ਬੁਲਅਰ ਦੀ ਅਦਾਲਤ ਵਿਚੋਂ ਕੁਝ ਹੋਰ ਹੀ ਪਤਾ ਲਗਾ ਹੈ, ਲਿਖਦਾ ਹਾਂ। ਇਹ ਗਲ ਮੈਂ ਆਪਣੀ ਸਫਾਈ ਬਾਰੇ ਨਹੀਂ ਲਿਖਦਾ। ਪਰੰਤੂ ਆਮ ਪਬਲਿਕ ਨੂੰ ਮਿਸਟਰ ਅਬਦੁਲ ਫਤਾਹ ਮੈਜਿਸਟਰੇਟ ਤੇ ਉਪਰੋਕਤ ਅਦਾਲਤ ਦੀ ਈਮਾਨਦਾਰੀ ਜ਼ਾਹਰ ਕਰਨ ਲਈ ਲਿਖਦਾ ਹਾਂ।

੧. ਗਵਾਹ ਹਰੀ ਦਾਸ ਪਿੰਡ ਘੜਿਆਲ ਵਾਲਾ, ਜਾਲੰਧਰ ਜੇਲ੍ਹ ਵਿਚ ਮੇਰੀ ਸ਼ਨਾਖਤ ਨਹੀਂ ਕਰ ਸਕਿਆ। ਪਰੰਤੂ ਮਿਸਟਰ ਅਬਦੁਲ ਫਤਾ ਨੇ ਪੁਲਸ ਦੇ ਕਹਿਣ ਤੇ ਸ਼ਨਾਖਤ ਕੀਤੀ ਲਿਖ ਦਿਤੀ। ਉਪਰੰਤ ਬੁਲਅਰ ਦੀ ਅਦਾਲਤ ਵਿਚ ਇਸ ਨੂੰ ਮੇਰੀ ਸ਼ਨਾਖਤ ਕਰਣ ਵਾਸਤੇ ਕਿਹਾ ਸੀ ਪਰੰਤੂ ਉਸ ਨੇ ਜਵਾਬ ਦਿਤਾ ਕਿ ਮੇਰੇ ਕੋਲੋਂ ਇਸ ਦੀ ਜਾਲੰਧਰ ਜੇਲ੍ਹ ਵਿਚ ਸ਼ਨਾਖਤ ਨਹੀਂ ਹੋਈ ਸੀ, ਅਤੇ ਮੈਂ ਹੁਣ ਵੀ ਨਹੀਂ ਕਰ ਸਕਦਾ। ਬਲਕਿ ਇਸ ਕੋ ਡਰਾ ਧਮਕਾ ਕਰ ਅਦਾਲਤ ਹਿਜ਼ਾ ਮੇਂ ਕਹਿਲਾਇਆ ਗਿਆ ਕਿ ਮੈਂ ਨੇ ਸ਼ਨਾਖਤ ਕਰ ਲੀ ਥੀ। ਇਸ ਤਰਾਂ ਝੂਠੀਆਂ ਅਤੇ ਫਰਜ਼ੀ ਗਲਾਂ ਬਾਤਾਂ ਗਵਾਹਾਂ ਤੋਂ ਅਖਵਾਉਣਾ ਤਾਂ ਸਰਕਾਰੀ ਵਕੀਲਾਂ ਦਾ ਬਾਏਂ ਹਾਥ ਕਾ ਕਰਤਬ ਹੈ।

੨. ਬਿਛੂ ਅਗਵਾਹ ਸਾਕਨ ਠਾਣੀ ਪੁਰ ਸੇ ਜਲੰਧਰ ਜੇਲ੍ਹ ਮੇਂ ਮੇਰੀ ਸ਼ਨਾਖਤ ਨਹੀਂ ਹੋਈ ਸੀ ਫੇਰ ਮਿਸਟਰ ਬੁਲਰ ਕੀ ਅਦਾਲਤ ਮੇਂ ਮੇਰੀ ਸ਼ਨਾਖਤ ਕਰਵਾਈ ਗਈ। ਜਿਸ ਨੇ ਬਹੁਤ ਚਿਰ ਸ਼ਨਾਖਤ ਕਰਨ ਤੋਂ ਬਾਦ ਭਾਈ ਹਰੀ ਸਿੰਘ ਸਾਕਨ ਜਸੋ ਵਾਲ ਕੋ ਹਾਥ ਲਗਵਾਇਆ ਕਿ ਏਹ ਬਾਬੂ ਸੰਤਾ ਸਿੰਘ ਹੈ। ਫੇਰ ਉਸ ਨੇ ਅਦਾਲਤ ਹਿਜ਼ਾ ਮੇਂ ਭੀ ਸ਼ਨਾਖਤ ਕਰਵਾਈ, ਜਬ ਅਗਵਾਹ ਸ਼ਨਾਖਤ ਨਾ ਕਰ ਸਕਾ, ਤੋ ਸਰਕਾਰੀ ਵਕੀਲ ਕੀ ਤਰਫ ਸੇ ਸਵਾਲ ਕੀਆ ਗਿਆ, ਕਿ ਜਿਸ ਸ਼ਖਸ ਕੀ ਤੁਮ ਨੇ ਜਲੰਧਰ ਸ਼ਨਾਖਤ ਕੀ ਥੀ, ਉਸ ਕਾ ਕਿਆ ਨਾਮ ਥਾ। (ਜਵਾਬ) ਬਾਬੂ ਸੰਤਾ ਸਿੰਘ– (ਫਰਜ਼ੀ ਸ਼ਨਾਖਤ ਲਿਖਣੇ ਵਾਲੇ ਮੈਜਿਸਟਰੇਟ ਕੋ ਇਨਸਾਫ ਪਸੰਦ ਕਹਿ ਸਕਤੇ ਹੈਂ ਕਿ ਜ਼ਮੀਰ ਫਰੋਸ਼)?

੩. ਹਰ ਦੋ ਡਾਕੂ ਬੰਤਾ ਸਿੰਘ ਵੇਹਦਾ ਮੁਆਫ ਅਤੇ ਬੇਲਾ ਸਿੰਘ ਚਮਾਰ ਵੇਹਦਾ ਮੁਆਫ ਸਾਕਨ ਬੋਪਾ ਰਾਇ ਭੀ ਜਲੰਧਰ ਜੇਲ੍ਹ ਮੇਂ ਮੇਰੀ ਸ਼ਨਾਖਤ ਨਹੀਂ ਕਰ ਸਕਿਆ। ਇਸ ਲੀਏ ਮੁਝੇ ਸ਼ੱਕ ਹੈ ਕਿ ਮੁੰਦਰਜਾ ਬਾਲਾ ਸ਼ਨਾਖਤੋਂ ਕੀ ਤਰ੍ਹੇ ਇਨ ਕੀ ਬਾਬਤ ਭੀ ਨਾ ਲਿਖ ਦੀਆ ਹੋ।

੪. ਗਵਾਹ ਰਾਮ ਸਿੰਘ ਸਾਕਨ ਨੰਗਲ ਸ਼ਾਮਾਂ ਭੀ ਜਲੰਧਰ ਜੇਲ੍ਹ ਮੇਂ ਮੇਰੀ ਸ਼ਨਾਖਤ ਨਹੀਂ ਕਰ ਸਕਾ ਥਾ। ਮੇਰੀ ਬਜਾਏ ਭਾਈ ਸਰਦੂਲ ਸਿੰਘ ਜੀ ਅਕਾਲੀ ਸਾਕਨ ਬੋੜ ਬਾੜਿਆਂ ਕੀ

Digitized by Panjab Digital Library | www.panjabdigilib.org

ਸ਼ਨਾਖਤ ਕੀਤੀ ਸੀ । ਇਹੋ ਜਿਹੀਆਂ ਬੇਅੰਤ ਸ਼ਨਾਖਤਾਂ ਹਨ ਜਿਹੜੀਆਂ ਕਿ ਫਰਜ਼ੀ ਕੀਤੀਆਂ ਗਈਆਂ ਹਨ ਅਤੇ ਲਿਖਤ ਵਿਚ ਲਿਆਂਦੀਆਂ ਗਈਆਂ ਹਨ। ਲੇਕਨ ਮੈਂ ਤਮਾਮ ਇਸ ਵਾਸਤੇ ਲਿਖਣੀਆਂ ਮੁਨਾਸਬ ਨਹੀਂ ਸਮਝਦਾ ਕਿ ਮੇਰੀ ਤਰਫੋਂ ਸਫਾਈ ਸਮਝੀ ਜਾਊਗੀ। ਲੇਕਨ ਅਦਾਲਤ ਹਜ਼ਾ ਮੇਂ ਇਨ ਫਰਜ਼ੀ ਸ਼ਨਾਖਤੋਂ ਕਾ ਪਰਦਾ ਫਾਹਸ਼ ਹੋ ਚੁਕਾ ਹੈ ਨੀਜ਼ ਖੁਦਾ ਕੀ ਕੁਦਰਤ ਕੇ ਭੇਤ ਕਿਸੇ ਨੇ ਨਹੀਂ ਪਾਇਆ। ਤੇਰੀ ਗਤ ਮਿਤ ਤੂ ਹੀ ਜਾਨੇ ਵਾਲੀ ਗਲ ਹੈ।

ਮਿਸਟਰ ਅਬਦੁਲ ਫਤਾਹ ਸਾਹਿਬ ਮੈਜਿਸਟਰੇਟ ਜਲੰਧਰ:—ਮਿਸਟਰ ਅਬਦੁਲ ਫਤਾਹ ਸਾਹਿਬ ਮੈਜਿਸਟਰੇਟ ਨੇ ਸੀ. ਆਈ. ਡੀ. (Criminal Indian Dag) ਕੇ ਸਾਥ ਮਿਲ ਕਰ ਤੈਹਰੀਕ ਅਲਾਕਾ ਦੁਆਬਾ ਮੇਂ ਸੇ ਦਬਾਨੇ ਕੇ ਵਾਸਤੇ ਇਸ ਕਦਰ ਕੋਸ਼ਸ਼ ਕੀ, ਕਿ ਮੈਜਿਸਟਰੇਟ ਸਾਹਿਬ ਨੇ ਧਰਮ, ਈਮਾਨ ਦੀ ਇਕ ਰਾਈ ਭਰ ਪਰਵਾਹ ਨਹੀਂ ਕੀਤੀ। ਅਦਾਲਤ ਦੇ ਕੜੇ ਕਾਨੂੰਨ ਕੋ ਏਕ ਤਰਫ ਰਖ ਕਰ, ਜ਼ੁਲਮ ਵਾ ਬੇਇਨਸਾਫੀ ਕੀ ਕਲਮ ਸੇ ਸੀ. ਆਈ. ਡੀ. ਕੇ ਹਾਥੋਂ ਮੇਂ ਏਕ ਖਲੋਨੇ ਬਣੇ। ਜਿਸ ਕੀ ਤਾਰ ਪੋਲੀਸ ਕੇ ਹਾਥੋਂ ਮੇਂ ਥੀ। ਜਿਸ ਤਰ੍ਹੇ ਪੋਲੀਸ ਨਚਾਤੀ ਥੀ ਨਾਚਾ ਕਰਤੇ ਥੇ। ਮੈਜਿਸਟਰੇਟ ਕੀ ਅਗਵਾਹੀ ਸੇ ਮਾਲੂਮ ਹੋਤਾ ਹੈ ਕਿ ਉਸ ਨੇ ਮੇਰਾ ਅਕਬਾਲ ਹੋਣਾ ਕਲਮ ਬੰਦ ਕੀਆ ਹੈ। ਅਤੇ ਪੋਲੀਸ ਵਾਲੋਂ ਨੇ ਮੇਰੀ ਗੈਰ ਮੌਜੂਦਗੀ ਮੇਂ ਇਸ ਸੇ ਜੋ ਕੁਝ ਮੇਰੇ ਮੁਤੱਲਕ ਲਖਵਾਇਆ, ਲਿਖ ਦੀਆ ਹੈ। ਲੇਕਨ ਮੈਨੇ ਕੋਈ ਅਕਬਾਲ ਨਹੀਂ ਕੀਆ। ਇਸ ਕਿਸਮ ਕੇ ਮੈਜਿਸਟਰੇਟ, ਜੋ ਆਪਣੀ ਹੈਸੀਅਤ ਨਾ ਪੈਸਚਾਨ ਕਰ, ਸੀ. ਆਈ. ਡੀ. ਕੇ ਹਾਥੋਂ ਕੀ ਕੱਠ ਪੁਤਲੀ ਨਾਚਨੇ ਵਾਲੇ ਹੈਂ। ਸਵਾਏ ਇਸ ਕੋ ਜ਼ਮੀਰ ਫਰੋਸ਼ ਅਤੇ ਅਦਲ ਕਾ ਖੂਨ ਕਰਨੇ ਵਾਲਾ ਕੈਹਨੇ ਕੇ ਔਰ ਕਿਆ ਕੈਹ ਸਕਤੇ ਹੈਂ। ॥ ਬੈਂਤ ॥

ਲੈਹਰ ਅਕਾਲੀ ਦੇ ਸਮਝੋ ਦਬੋਣ ਖਾਤਰ, ਨਿਰਦੋਸ਼ ਸਿੰਘਾਂ ਦੇ ਕੀਤੇ ਚਲਾਨ ਦੇਖੋ।
ਆਦਲ ਅਫਸਰ ਵੀ ਪੁਲਸ ਦੇ ਸੰਗ ਮਿਲ ਕੇ, ਕਲਮ ਜ਼ੁਲਮ ਦੀ ਲਗੇ ਵਗਾਣ ਦੇਖੋ।
ਹਾਜ਼ਰ ਮੁਲਜ਼ਮ ਦੇ ਹਣ ਦੀ ਲੋੜ ਨਾਹੀ, ਕਹੇ ਪੁਲਸ ਦੇ ਲਿਖਨ ਬਿਆਨ ਦੇਖੋ।
ਪੁਲਸ ਵਾਲੇ ਵੀ ਮੁਲਜ਼ਮ ਤੋਂ ਧੀਂਗ ਜੋਰੀ, ਕੁਟ ਮਾਰ ਕੇ ਦਸਖਤ ਕਰਵਾਨ ਦੇਖੋ।
ਕੀਤੇ ਬਿਨਾ ਸ਼ਨਾਖਤ ਲਿਖ ਦੇਣ ਵਾਲੇ, ਏਹੋ ਜਿਹੇ ਵੀ ਆਦਲ ਕਹਾਨ ਦੇਖੋ।
ਕੈਹਨੇ ਪੁਲਸ ਦੇ ਬੇਚਨ ਜ਼ਮੀਰ ਜੇਹੜੇ, ਦਿਲ ਆਪ ਦੇ ਸ਼ਰਮ ਨਾ ਖਾਨ ਦੇਖੋ।
ਪੁਲਸ ਵਾਲਿਆਂ ਦਾ ਧਰਮ ਈਮਾਨ ਨਾਹੀ, ਹੁਣ ਤਾਂ ਅਦਲ ਵੀ ਲਗੇ ਗਵਾਨ ਦੇਖੋ।
ਜੇ ਕਰ ਕਿਸੇ ਨੂੰ ਵੇਖਣ ਦੀ ਲੋੜ ਹੋਵੇ, "ਅਬਦੁਲ ਫਤਹ" ਜਾਲੰਧਰ ਵਿਚ ਆਣ ਦੇਖੋ।
ਉਕਤ ਖੂਬੀਆਂ ਵਿਚ ਭਰਪੂਰ ਏਹੋ, ਉਤੋਂ ਨਰਮ ਤੇ ਵਿਚੋਂ ਸ਼ੈਤਾਨ ਵੇਖੋ।
ਬਾਤ ਸਚ ਤੂ ਆਖ ਨਧੜਕ ਹੋ ਕੇ, ਹੋਰ ਏਸ ਤੋਂ ਘਟ ਕੀ ਫਰਮਾਨ ਦੇਖੋ।

ਮਿਸਟਰ ਸੰਤ ਰਾਮ ਸਾਹਿਬ ਮੈਜਿਸਟਰੇਟ ਲਾਹੌਰ:—ਜਬ ਯਹਾਂ ਸੈਂਟਰਲ ਜੇਲ੍ਹ ਲਾਹੌਰ ਮੇਂ ਇਸ ਮੈਜਿਸਟਰੇਟ ਸਾਹਿਬ ਕੇ ਰੂ ਬਰੂ ਸ਼ਨਾਖਤੇਂ ਹੂਈਂ ਤੋ ਇਸ ਵਕਤ ਮੀਰ ਫਜ਼ਲ ਅਮਾਮ ਸਾਹਿਬ ਸੁਪਰੰਟੈਂਡੈਂਟ ਸੀ. ਆਈ. ਡੀ. ਅਤੇ ਦੋ ਤੀਨ ਸੀ. ਆਈ. ਡੀ. ਵਾਲੇ ਮੈਜਿਸਟਰੇਟ ਸਾਹਿਬ ਕੇ ਸਾਥ ਤਸ਼ਰੀਫ ਲਿਆਏ। ਲੇਕਨ ਸ਼ਨਾਖਤੋਂ ਕਾ ਤਰੀਕਾ ਵੁਹੀ ਰਖਾ ਗਿਆ, ਜੋ ਮੈਂ ਪੈਹਲੇ ਤੈਹਰੀਰ ਕਰ ਚੁਕਾ ਹੂੰ। ਮੁਝੇ ਏਹ ਬਾਤ ਸੁਣ ਕਰ ਹੈਰਾਨੀ ਹੂਈ ਕਿ ਮੈਜਿਸਟਰੇਟ ਸਾਹਿਬ ਅਦਾਲਤ ਹਿਜ਼ਾ ਮੇਂ ਸ਼ਹਾਦਤ ਦੇਤੇ ਹੂਏ ਕੈਹਤੇ ਥੇ, ਕਿ ਜਿਸ ਜਗ੍ਹਾ ਖੁਸ਼ੀ ਹੈ ਖੜੇ ਹੋ ਜਾਉ, ਔਰ ਮੈਜਿਸਟਰੇਟ ਸਾਹਿਬ ਯੇਹ ਬੀ ਕੈਹਤੇ ਥੇ ਕਿ ਮੁਝੇ ਯਾਦ ਨਹੀਂ, ਕਿ ਇਨ ਕੇ ਪਗੜੀਆਂ ਕੈਸੀਂ ਥੀਂ।

Digitized by Panjab Digital Library | www.panjabdigilib.org

ਮੁੰਦਰਜਾ ਬਾਲਾ ਬਾਤੇ ਮੈਜਿਸਟਰੇਟ ਸਾਹਿਬ ਆਪਣੇ ਧਰਮ ਈਮਾਨ ਕਾ ਹਲਫ ਉਠਾ ਕਰ ਕੇਹਤੇ ਹੈਂ। ਬੜੇ ਅਫਸੋਸ ਸੇ ਕਹਿਨਾ ਪੜਤਾ ਹੈ ਕਿ ਧਰਮ ਈਮਾਨ ਕੀ ਕਸਮ ਕੋ ਮੈਜਿਟਰੇਟੋਂ ਨੇ ਬਚੋਂ ਕਾ ਖੇਲ ਸਮਝਾ ਹੂਆ ਹੈ। ਇਸ ਸ਼ਨਾਖਤ ਕੇ ਮੁਤੱਲਕ ਮੈਂ ਮਿਸਟਰ ਬੁਲਰ ਕੀ ਅਦਾਲਤ ਮੇਂ ਲਿਖ ਚੁਕਾ ਹੂੰ। ਇਸ ਲੀਏ ਮੁਝੇ ਦੁਬਾਰੇ ਲਿਖਨੇ ਕੀ ਜ਼ਰੂਰਤ ਨਹੀਂ ਹੈ।

(ਇਕ ਨੂੰ ਕੀ ਰੋਵੇਂ ਊਤ ਗਿਆ ਆਵਾ ਜੀ):-ਅਦਾਲਤ ਹਿਜ਼ਾ ਮੇਂ ਜਿਤਨੇ ਮੈਜਿਸਟਰੇਟ ਭੁਗਤੇ ਹੈਂ, ਸਭ ਕੇ ਸਭ ਧਰਮ ਈਮਾਨ ਕੀ ਝੂਠੀ ਕਸਮੇਂ ਖਾ ਗਏ। ਦਰ ਅਸਲ ਇਨ ਕਾ ਕੋਈ ਅਖਤਿਆਰ ਨਹੀਂ ਹੈ, ਕਿਉਂਕਿ ਗੌਰਮਿੰਟ ਕਾ ਜ਼ਰਖਰੀਦ ਗੁਲਾਮ ਟੋਲਾ ਹੋਨੇ ਕੀ ਵਜਾ ਸੇ ਸੀ. ਆਈ. ਡੀ. ਵਾਲੋਂ ਨੇ ਜੋ ਕੁਝ ਉਨ ਸੇ ਲਖਵਾਣਾ ਚਾਹਾ ਲਖਵਾ ਲੀਆ ਅਤੇ ਲਿਖੇ ਹੂਏ ਕੇ ਮੁਤੱਲਕ ਉਨ ਕੋ ਧਰਮ ਕੀ ਕਸਮ ਉਠਾ ਕਰ ਕੇਹਨਾ ਪੜਤਾ ਹੈ। ਸ਼ਾਇਦ ਇਨਹੋਂ ਨੇ ਕਸਮ ਭੀ ਇਸ ਕਿਸਮ ਕੀ ਉਠਾਈ ਹੋਗੀ, ਜੈਸੀ ਕਿ ਧਰਮ ਈਮਾਨ ਫਰੋਸ਼ ਕੀਆ ਕਰਤੇ ਹੈਂ। ਅਦਾਲਤ ਕੇ ਰੂਹਬਰੂ ਹੋਕਰ ਬਲੰਦ ਅਵਾਜ਼ ਕੇਹ ਦੇਣਾ ਕਿ ਜੋ ਕੁਝ ਕਹੂੰਗਾ ਆਪਣੇ ਧਰਮ ਈਮਾਨ ਸੇ ਸਚ ਕਹੂੰਗਾ ਅਤੇ ਆਹਿਸਤਾ ਸੇ ਆਪਣੇ ਮੂੰਹ ਮੇਂ ਸਾਥ ਹੀ ਕੇਹ ਦੇਣਾ ਕਿ ਮੈਂ ਈਮਾਨ ਸੇ ਸਚ ਨਹੀਂ ਕਹੂੰਗਾ। ਅਗਰ ਐਸੇ ਅਗਵਾਹੋਂ ਕੋ ਦੀਗਰ ਸ਼ਖਸ਼ ਪੂਛਤਾ ਹੈ ਕਿ ਤਮ ਨੇ ਝੂਠੀ ਕਸਮ ਉਠਾਈ ਹੈ, ਤੋ ਵੋਹ ਜਵਾਬ ਦੇਤਾ ਹੈ ਕਿ ਮੈ ਨੇ ਆਪਣੇ ਮੂੰਹ ਮੇਂ ਕੇਹ ਲੀਆ ਥਾ, ਕਿ ਮੈਂ ਈਮਾਨ ਸੇ ਝੂਠ ਬੋਲੂੰਗਾ। ਮੁਝੇ ਸ਼ੱਕ ਹੈ ਸਭ ਕੇ ਸਭ ਮੈਜਿਸਟਰੇਟ ਭੀ ਕਸਮ ਉਠਾਨੇ ਕਾ ਮੁੰਦਰਜਾ ਬਾਲਾ (ਉਪਰੋਕਤ) ਤਰੀਕਾ ਅਖਤਿਆਰ ਕਰਕੇ ਝੂਠੀ ਸ਼ਹਾਦਤੇਂ ਦੇ ਗਏ ਹੈਂ। ਅਬ ਤੋ ਮੁਝੇ ਬਿਲਕੁਲ ਤਸੱਲੀ (ਇਤਮੀਨਾਨ) ਹੋ ਗਿਆ ਹੈ, ਕਿ ਜਬ ਆਦਲ ਅਫਸਰੋਂ ਕਾ ਏਹ ਹਾਲ ਹੈ। ਤਬ । ਬੇਗੁਨਾਹੋਂ ਕੋ ਫਾਂਸੀ ਲਟਕਾਇਆ ਜਾਤਾ ਹੋਗਾ।

ਸ਼ਾਤਮਈ ਅਕਾਲੀ:—੨੨ ਵਾ ੨੩ ਮਾਰਚ ੧੯੨੩ ਨੂੰ ੧੭੫ ਘਰਾਂ ਦੀਆਂ ਦਰ-ਬੰਦੀਆਂ ਕੀਤੀਆਂ ਗਈਆਂ। ਔਰ ਤਲਾਸ਼ੀਆਂ ਹੂਈਂ, ਪਾਨੀ ਕੇ ਬਦਰ ਰੌ ਅਤੇ ਦਰਖਤੋਂ ਕੀ ਝਿੜੀਆਂ ਭੀ ਇਸ ਵਕਤ ਦੇਖੀਂ ਗਈਂ। ਲੇਕਨ ਕਿਸੀ ਅਕਾਲੀ ਕੇ ਘਰ ਸੇ ਕੋਈ ਬਬਰ, ਔਰ ਹਥਿਆਰ ਨਹੀਂ ਮਿਲਾ। ਛਤੀਸ ਜ਼ਿਲੋਂ ਕੀ ਪੋਲੀਸ ਅਕੱਠੀ ਕਰਕੇ ਇਸ ਕਿਸਮ ਕੇ ਦੋ ਤੀਨ ਛਾਪੇ ਮਾਰੇ ਗਏ, ਲੇਕਨ ਬਬਰੋਂ ਕੋ ਗ੍ਰਿਫਤਾਰ ਕਰਨੇ ਮੇਂ ਪੋਲੀਸ ਕਾਸਰ ਰਹੀ। ਆਖਰ ਕਾਰ ੨੧ ਵਾ ੨੨ ਅਪਰੈਲ ੧੯੨੩ ਕੋ ਚਾਰ ਪੰਜ ਸੌ ਅਕਾਲੀ ਗ੍ਰਿਫਤਾਰ ਕਰ ਲੀਏ ਗਏ। ਜਿਨ ਮੇ ਸੇ ਬਹੁਤ ਸੇ ਅਕਾਲੀ ਤੋ ਰਿਸ਼ਵਤ ਲੇਕਰ ਸੀ. ਆਈ. ਡੀ. ਵਾਲੋਂ ਨੇ ਛੋੜ ਦੀਏ। ਏਕ ਸੌ ਸੇ ਪਾਂਚ ਸੌ ਤਕ ਮੁਲਜ਼ਮ ਕੀ ਹੈਸੀਅਤ ਕੇ ਮਤਾਬਕ ਤੰਗ ਕਰਕੇ ਰਿਸ਼ਵਤ ਲੀ ਗਈ। ਬਹੁਤ ਸੇ ਅਸ਼ਖਾਸ ਕੋ ਰਿਸ਼ਵਤ ਲੇਕਰ ਗਵਾਹ ਬਨਾ ਲੀਆ ਗਿਆ। ਮੁਝੇ ਬਹੁਤ ਸੇ ਆਦਮੀਉਂ ਕਾ ਪਤਾ ਹੈ ਜਿਨ ਕੋ ਰਿਸ਼ਵਤ ਦੇ ਕਰ ਗਵਾਹ ਬਨਾਇਆ ਗਿਆ ਹੈ ਅਤੇ ਗਵਾਹ ਜ਼ਿਆਦਾ ਤਰ ਨੰਬਰ ੧੦ ਕੇ ਬਦਮਾਸ਼, ਨੰਬਰਦਾਰ, ਚੌਕੀਦਾਰ, ਜ਼ੈਲਦਾਰ, ਪੋਲੀਸ ਦੇ ਸੀ. ਆਈ. ਡੀ. ਅਤੇ ਦੀਗਰ ਮੈਂਬਰ ਬਣਾਏ ਗਏ ਹੈਂ। ਜਿਨ ਕਾ ਧਰਮ ਈਮਾਨ ਫਰੋਸ਼ ਗਦਾਰੋਂ ਕਾ ਪੇਸ਼ਾ ਹੈ, ਨੌਕਰ ਸ਼ਾਹੀ ਕੀ ਗੁਲਾਮੀ ਦੀ ਛਟ ਚੁਕਣ ਦਾ ਹੈ ਅਤੇ ਜੋ ਅਕਾਲੀ ਅਦਾਲਤ ਹਿਜ਼ਾ ਮੇਂ ਮੁਲਜ਼ਮੋਂ ਕੇ ਤੌਰ ਪਰ ਪੇਸ਼ ਕੀਏ ਗਏ ਹੈਂ, ਏਹ ਸਭ ਕੇ ਸਭ ਸ਼ਾਂਤਮਈ ਔਰ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਕੇ ਹੁਕਮੋਂ ਕੇ ਕਾਇਲ ਰਹੇ ਹੈਂ, ਔਰ ਹੈਂ। ਗ੍ਰਿਫਤਾਰੀ ਕੇ ਮੌਕਾ ਪਰ ਕਿਸੀ ਅਕਾਲੀ ਨੇ ਤਸ਼ੱਦਤ ਨਹੀਂ ਕੀਆ। ਤਲਾਸ਼ੀਉਂ ਮੇਂ ਸੇ ਕਿਸੀ ਕੇ ਪਾਸ ਸੇ ਭੀ ਕੋਈ ਹਥਿਆਰ ਵਗੈਰਾ ਬਰਾਮਦ ਨਹੀਂ ਹੂਆ। ਇਨ

Digitized by Panjab Digital Library | www.panjabdigilib.org

ਕੀ ਗ੍ਰਿਫਤਾਰੀ ਕੇ ਵਾਸਤੇ ਪੋਲੀਸ ਗਾਰਦੋਂ ਕੀ ਭੀ ਜ਼ਰੂਰਤ ਨਹੀਂ ਪੜੀ। ਇਸ ਮੇਂ ਸੇ ਕਈ ਤੋ ਆਪ ਪੋਲੀਸ ਮੇਂ ਜਲੰਧਰ ਯਾ ਆਪੋ ਆਪਣੇ ਥਾਨੇ ਮੇਂ ਜਾ ਹਾਜ਼ਰ ਹੂਏ । ਇਨ ਬਾਤੋਂ ਪਰ ਗੌਰ ਕਰਨੇ ਸੇ ਸਵਾਲ ਪੈਦਾ ਹੋਤਾ ਹੈ, ਕਿਆ ਏਹ ਬਬਰ ਅਕਾਲੀ ਹੈਂ ? ਨੌਕਰ ਸ਼ਾਹੀ ਨੇ ਸਿਰਫ ਅਕਾਲੀ ਲੈਹਰ ਕੇ ਕਮਜ਼ੋਰ ਔਰ ਨੇਸਤੋ ਨਾਬੂਦ ਕਰਨੇ ਕੇ ਲੀਏ ਬੇਗੁਨਾਹ, ਬੇਕਸੂਰ ਸ਼ਾਂਤਮਈ ਅਕਾਲੀਉਂ ਕੋ ਬਬਰੋਂ ਕੀ ਆੜ ਮੇਂ ਗ੍ਰਿਫਤਾਰ ਕਰਕੇ ਬਾਕੀ ਲੋਗੋਂ ਕੋ ਖੌਫਜ਼ਦਾ ਕਰਨੇਂ ਕੇ ਲੀਏ ਅਨੋਖਾ ਢੰਗ ਖੇਲ੍ਹਾ ਹੈ । ਨੀਜ਼ ਬਬਰ ਅਕਾਲੀਉਂ ਕੇ ਅਸੂਲ ਤੋ ਇਨ ਕੇ ਬਿਲਕੁਲ ਬਰ ਅਕਸ ਥੇ, ਜਿਸ ਕਾ ਮੈਂ ਪੀਛੇ ਜ਼ਿਕਰ ਕਰ ਆਇਆ ਹੂੰ:—

॥ ਬੈਂਤ ॥

ਸ਼ਾਂਤਮਈ ਅਕਾਲੀ ਗ੍ਰਿਫਤਾਰ ਕਰਕੇ, ਕੀਤਾ ਏਹਨਾਂ ਨੂੰ ਬਬਰ ਮਸ਼ਹੂਰ ਸਮਝੋ ।
ਨਾ ਏਹ ਜਾਣਦੇ ਬਬਰ ਅਕਾਲੀਆਂ ਨੂੰ, ਕੀਤਾ ਜ਼ਾਲਮਾਂ ਏਹ ਦਸਤੂਰ ਸਮਝੋ ।
ਝੂਠ ਬੋਲਣਾ ਆਪ ਦੇ ਪਾਸ ਨਾਹੀ, ਨੌਕਰ ਸ਼ਾਹੀ ਵਿਚ ਜ਼ੁਲਮ ਜ਼ਰੂਰ ਸਮਝੋ ।
ਹੁਣ ਜ਼ੁਲਮ ਹੈ ਬਾਕੀ ਅਕਾਲੀਆਂ ਤੇ, ਏਹ ਸਭ ਹੀ ਬਿਨਾ ਕਸੂਰ ਸਮਝੋ ।

—o—

ਅਬਦੁਲ ਫਤਾ ਤੇ ਬੁਲਰ ਨੇ ਜ਼ੁਲਮ ਕੀਤੇ, ਛਿਕੇ ਟੰਗ ਕੇ ਕੜੇ ਕਾਨੂੰਨ ਹਾਕਮ ।
ਸੀ. ਆਈ. ਡੀ. ਪੁਲਸ ਦੇ ਲਗ ਆਖੇ, ਕੀਤਾ ਏਹਨਾਂ ਨੇ ਅਦਲ ਦਾ ਖੂਨ ਹਾਕਮ ।
ਕੋਹਣੋ ਦੂਜੇ ਦੇ ਜੋ ਜ਼ਮੀਰ ਬਚੇ, ਉਹਦਾ ਹੋਂਵਦਾ ਕਿਹੜਾ ਮਜ਼ਮੂਨ ਹਾਕਮ ।
ਕਿਸੇ ਕਿਸਮ ਦੇ ਰੁਹਬ ਦੇ ਵਿਚ ਆਕੇ, ਬਜਪਾ ਕਰੀਂ ਨਾ ਕਿਤੇ ਤਾਊਨ ਹਾਕਮ ।
(ਨਧੜਕ)

ਬਦਨਾਮ ਕਰਨੇਂ ਕੀ ਜਲੀਲ ਚਾਲ:—ਬਬਰੋਂ ਕੀ ਸੂਰਤ ਮੇਂ ਪਕੜੇ ਹੂਏ ਬੇਗੁਨਾਹ ਅਕਾਲੀਓਂ ਪਰ ਮੁਕੱਦਮਾ ਚਲਾਏ ਜਾਨੇ ਸੇ ਪੈਹਲੇ ਏਕ ਦੋ ਡਾਕੂ ਜੋ ਜ਼ਿਲਾ ਹੁਸ਼ਿਆਰ ਪੁਰ ਮੇਂ ਪਕੜੇ ਗਏ ਥੇ, ਅਤੇ ਉਨ ਕੇ ਮੁਕੱਦਮਾਂ ਮੇਂ ਬੰਤਾ ਸਿੰਘ ਵੈਹਦਾ ਮੁਆਫ ਔਰ ਬੇਲਾ ਸਿੰਘ ਚਮਾਰ ਵੈਹਦਾ ਮੁਆਫ ਸਾਕਨ ਬੋਪਾ ਰਾਇ ਵੈਹਦਾ ਮੁਆਫ ਥੇ। ਸੁਣਾ ਗਿਆ ਹੈ ਕਿ ਏਕ ਡਾਕੂਉਂ ਕਾ ਗਰੋਹ ਬਾਦਅਜ਼ਾਂ ਪਕੜਾ ਗਿਆ ਹੈ। ਜਿਨ ਪਰ ਧਨਾ ਸਿੰਘ ਵੈਹਦਾ ਮੁਆਫ ਸਾਕਨ ਕੋਟਲੀ ਜੋ ਪਿਛਲਗ ਹੈ 'ਏਕ ਕਾਮ ਦੋ ਕਾਜ' 'ਮਸਲਾ' ਕੇ ਮੁਤਾਬਕ ਇਨ ਡਾਕੂਉਂ ਵੈਹਦਾ ਮੁਆਫੋਂ ਕੋ ਅਕਾਲੀਉਂ ਪਰ ਭੀ ਭੁਗਤਾਇਆ ਗਿਆ। ਏਕ ਹੀ ਗਾਉਂ ਕੇ ਪੈਹਲੇ ਦੋ ਡਾਕੂ ਵੈਹਦਾ ਮੁਆਫੋਂ ਕੋ ਹੁਸ਼ਿਆਰ ਪੁਰ ਸੇ ਜਲੰਧਰ ਭੀ ਕਈ ਦਫਾ ਲਿਆਇਆ ਗਿਆ ਥਾ ਔਰ ਗ੍ਰਿਫਤਾਰ ਸ਼ੁਦਾ ਅਕਾਲੀ ਦਿਖਲਾਏ ਗਏ ਅਤੇ ਅਕਾਲੀਉਂ ਕੇ ਸਾਥ ਹਵਾਲਾਤ ਮੇਂ ਰਖੇ ਗਏ ਥੇ। ਮਿਸਟਰ ਬੁਲਰ ਕੀ ਅਦਾਲਤ ਮੇਂ ਤੋ ਸੀ. ਆਈ. ਡੀ. ਵਾਲੋਂ ਕਾ ਨਾਦਰ ਸ਼ਾਹੀ ਹੁਕਮ ਥਾ । ਵੈਹਦਾ ਮੁਆਫੋਂ ਔਰ ਦੀਗਰ ਅਗਵਾਹੋਂ ਕੋ ਤਮਾਮ ਮੁਲਜ਼ਮਾਨ ਬਰਮਲਾ ਤੌਰ ਪਰ ਦਖਲਾਏ ਜਾਤੇ ਥੇ, ਜਬ ਮਿਸਟਰ ਬੁਲਰ ਸਾਹਿਬ ਕੀ ਇਸ ਬਾਤ ਕੀ ਤਰਫ ਤਵਜੋਂ ਦਲਾਈ ਜਾਤੀ ਥੀ ਤੋ ਸਵਾਏ ਮਾਯੂਸੀ ਕੇ ਕੁਛ ਨਸੀਬ ਨਹੀਂ ਹੋਤਾ ਥਾ। ਚੂੰਕਿ ਅਦਾਲਤ ਹਿਫ਼ਾ ਕਾ ਅਛਾ ਇੰਤਜ਼ਾਮ ਹੈ ਇਸ ਲੀਏ ਬਹਾ ਅਦਾਲਤ ਕੇ ਕਮਰਾ ਮੇਂ ਤੋ ਵੈਹਦਾ ਮੁਆਫ ਔਰ ਦੀਗਰ ਅਗਵਾਹੋਂ ਕੋ ਅਕਾਲੀ ਦਖਾਨੇ ਕੇ ਲੀਏ ਪੋਲੀਸ ਕਾਸਰ ਰਹੀ । ਲੇਕਨ ਪੇਸ਼ਾਬ ਕਰਨੇ ਕੇ ਵਕਤ ਅਕਾਲੀਉਂ ਕੋ ਦਖਲਾਨੇ ਮੇਂ ਪੋਲੀਸ ਕਾਫੀ ਕੋਸ਼ਸ਼ ਕਰਤੀ ਰਹੀ ਹੈ। ਜਿਸ ਮੇਂ ਪੋਲੀਸ ਕੋ ਮੁਕੰਮਲ ਕਾਮਯਾਬੀ ਨਹੀਂ ਹੂਈ । ਮੈਨੇ ਭੀ ਅਦਾਲਤ ਕੋ ਏਕ ਦੋ

Digitized by Panjab Digital Library | www.panjabdigilib.org

ਦਫਾ ਤਵੱਜਾ ਇਸ ਤਰਫ ਦਲਾਈ ਹੈ। ਆਤਮਾ ਸਿੰਘ ਹੈਡ ਕੰਸਟੇਬਲ ਸੀ. ਆਈ. ਡੀ. ਬੰਤਾ ਸਿੰਘ ਵੈਹਦਾ ਮੁਆਫ ਸਾਕਨ ਬੋਪਾ ਰਾਇ ਕੋ ਮੇਰੇ ਪਾਸ ਲੇ ਆਇਆ, ਔਰ ਮੁਝੇ ਕੈਹਨੇ ਲਗਾ ਸਣਾਉ ਬਾਬੂ ਜੀ ਕਿਆ ਹਾਲ ਹੈ। ਜਿਸ ਪਰ ਮੈਂ ਸਮਝ ਗਿਆ ਕਿ ਵੈਹਦਾ ਮੁਆਫ ਕੋ ਮੇਰੀ ਸ਼ਨਾਖਤ ਕਰਵਾਨੇ ਕੇ ਲੀਏ ਏਹ ਚਾਲ ਚਲੀ ਗਈ ਹੈ। ਫਿਰ ਮੈਂ ਨੇ ਅਦਾਲਤ ਹਿਜ਼ ਕੋ ਏਹ ਬਾਤ ਬਤਲਾਈ ਲੇਕਨ ਅਦਾਲਤ ਕੀ ਤਰਫ ਸੇ ਇਸ ਕਾ ਕੋਈ ਨੋਟਸ ਨਹੀਂ ਲੀਆ ਗਿਆ। ਚੰਦ ਮਿੰਟ ਕੇ ਬਾਦ ਬੰਤਾ ਸਿੰਘ ਵੈਹਦਾ ਮੁਆਫ ਕੋ ਅਗਵਾਹੀ ਕੇ ਲੀਏ ਅੰਦਰ ਬੁਲਾਇਆ ਗਿਆ। ਔਰ ਜਬ ਮੇਰੀ ਸ਼ਨਾਖਤ ਕਰਵਾਈ ਗਈ ਤੋ ਸਰਕਾਰੀ ਵਕੀਲ ਔਰ ਪੋਲੀਸ ਨੇ ਆਮ ਬਣਾਏ ਹੂਏ ਤਰੀਕਾ ਕੇ ਮੁਤਾਬਕ਼ ਬੰਤਾ ਸਿੰਘ ਕੋ ਭੀ ਸਖਲਾਇਆ ਤਾਕੇ ਅਦਾਲਤ ਕੋ ਦਖਲਾਏ ਜਾਨੇ ਕਾ ਸ਼ੱਕ ਪੈਦਾ ਨਾ ਹੋ। ਚੰਦ ਮਿੰਟ ਇਧਰ ਉਧਰ ਦੇਖ ਕਰ ਮੇਰੀ ਤਰਫ ਇਸ਼ਾਰਾ ਕੀਆ ਕਿ ਏਹ ਬਾਬੂ ਸੰਤ ਸਿੰਘ ਹੈ। ਏਹੀ ਹਾਲ ਅਗਵਾਹ ਈਸ਼ਰ ਸਿੰਘ ਸਾਕਨ ਨਾਈ ਵਾਲਾ ਰਿਆਸਤ ਪਟਿਆਲਾ ਕੀ ਬਾਬਤ ਸਮਝੋ, ਕਿਉਂਕਿ ਇਨ ਦੋਨੋ ਕੀ ਬਾਬਤ ਮੈਨੇ ਅਦਾਲਤ ਹਿਜ਼ਾ ਮੇਂ ਉਜ਼ਰ ਪੇਸ਼ ਕੀਆ ਥਾ, ਇਸ ਲੀਏ ਮੈਂ ਨੇ ਇਸ ਕੀ ਬਾਬਤ ਲਿਖਾ ਹੈ ਕਿ ਚੰਦ ਗਵਾਹੋਂ ਕੀ ਬਾਬਤ ਪੋਲੀਸ ਨੇ ਮੇਰੇ ਸਾਥ ਐਸਾ ਹੀ ਕੀਆ ਹੈ,ਚੂੰਕਿ ਮੈਂ ਕੋਈ ਸਫਾਈ ਨਹੀਂ ਪੇਸ਼ ਕਰਨੀ ਚਾਹਤਾ ਇਸਲੀਏ ਮੁਝੇ ਏਥੇ ਤੈਹਰੀਰ ਕਰਨੇ ਕੀ ਜ਼ਰੂਰਤ ਨਹੀਂ ਹੈ। ਕਿਉਂਕਿ ਪੋਲੀਸ ਅਦਾਲਤ ਕੇ ਕਮਰੇ ਮੇਂ ਅਕਾਲੀਉਂ ਕੋ ਦਖਾਨੇ ਸੇ ਕਾਸਰ ਰਹੀ ਹੈ। ਏਹੀ ਵਜਾ ਹੈ ਕਿ ਧਨਾ ਸਿੰਘ ਵਾਹਦਾ ਮੁਆਫ ਸਵਾਏ ਦੋ ਚਾਰ ਅਕਾਲੀਉਂ ਕੋ, ਜਿਨ ਕੋ ਦੇਖਨੇ ਮੇਂ ਕਾਮਯਾਬ ਹੋ ਗਿਆ ਬਾਕਿਉਂ ਕੀ ਸ਼ਨਾਖਤ ਨਹੀਂ ਕਰ ਸਕਾ। ਇਸ ਸੇ ਸਾਫ ਸਾਬਤ ਹੋਤਾ ਹੈ ਕਿ ਇਨ ਡਾਕੂਉਂ ਵੈਹਦਾ ਮੁਆਫੋਂ ਕੋ ਫਰਜ਼ੀ ਬਬਰ ਬਨਾ ਕਰ ਬਬਰੋਂ ਕੀ ਸੂਰਤ ਮੇਂ ਪਕੜੇ ਹੂਏ ਅਕਾਲੀਉਂ ਕੇ ਬਰਖਲਾਫ ਭੁਗਤਾਨੇ ਕਾ ਸਿਰਫ ਏਹ ਮਤਬਲ ਹੈ, ਕਿ ਅਕਾਲੀਉਂ ਕੋ ਬਬਰ ਬਨਾਨੇ ਕੀ ਕੋਸ਼ਸ਼ ਕੀ ਔਰ ਦੂਸਰੇ ਅਸਲ ਬਬਰ ਜੱਥਾ (ਧਰਮ ਪੰਥਕ) ਕੋ ਨੌਕਰ ਸ਼ਾਹੀ ਨੇ ਡਾਕੂ ਸਾਬਤ ਕਰਕੇ, ਆਮ ਪਬਲਕ ਕੀ ਨਜ਼ਰ ਮੇਂ ਬਦਨਾਮ ਕਰਨੇ ਕੇ ਲੀਏ ਪੋਲੀਸ ਅਤੇ ਸਰਕਾਰੀ ਵਕੀਲ ਨੇ ਜ਼ਾਲੀ ਚਾਲ ਚਲੀ ਹੈ:—

ਬਾਬੂ ਦੁਰਗਾ ਦਾਸ ਇਸਨਪੇਕਟਰ ਰਿਆਸਤ ਕਪੂਰਥਲਾ:- ਲਾਲਾ ਦੁਰਗਾ ਦਾਸ ਜਨਰਲ ਇਨਸਪੇਕਟਰ ਰਿਆਸਤ ਕਪੂਰਥਲਾ ਕੀ ਸ਼ਹਾਦਤ ਸੁਣ ਕਰ ਏਕ਼ ਤੋ ਮੁਝੇ ਹੰਸੀ ਆਤੀ ਹੈ, ਦੂਸਰੇ ਅਫਸੋਸ ਭੀ ਹੈ। ਮੁਝੇ ਅਫਸੋਸ ਤੋ ਇਸ ਲੀਏ ਹੂਆ ਕਿ ਲਾਲਾ ਸਾਹਿਬ ਨੇ ਧਰਮ ਈਮਾਨ ਕੀ ਝੂਠੀ ਕਸਮ ਉਠਾ ਕਰ ਲਫਜ਼ ਬਲਫਜ਼ ਕੋਰਾ (ਨਿਖਾਲਸ) ਝੂਠ ਬੋਲ ਗਏ ਹੈਂ। ਐਸੀ ਝੂਠੀ ਸ਼ਹਾਦਤੇਂ ਦੇਣਾ ਇਨ ਆਦਮੀਉਂ ਕਾ ਕਾਮ ਹੋਤਾ ਹੈ, ਜਿਸ ਕੀ ਨਸਲ ਪੁਸ਼ਤ ਦਰ ਪੁਸ਼ਤ ਧਰਮ ਈਮਾਨ ਸੇ ਗਿਰੀ ਹੂਈ ਚਲੀ ਆਤੀ ਹੋ। ਮੁਝੇ ਉਮੀਦ ਹੈ ਕਿ ਲਾਲਾ ਸਾਹਿਬ ਭੀ ਇਸ ਨਸਲ ਮੇਂ ਹੀ ਪੈਦਾ ਹੁਏ ਹੋਂਗੇ। ਇਸ ਲੀਏ ਮੁਝੇ ਅਫਸੋਸ ਭੀ ਨਹੀਂ ਕਰਨਾ ਚਾਹੀਏ, ਕਿਉਂਕਿ ਬੇਈਮਾਨ ਕਾ ਐਸਾ ਹੀ ਕਾਮ ਹੂਆ ਕਰਤਾ ਹੈ। ਦੂਸਰੇ ਹੰਸੀ ਮੁਝੇ ਇਸ ਲੀਏ ਆਤੀ ਹੈ ਕਿ ਲਾਲਾ ਸਾਹਿਬ ਗਵਾਹੀ ਦੇਤੇ ਹੂਏ ਕਹਿਤੇ ਹੈਂ ਕਿ ਫਰਵਰੀ ਸੰਨ ਬਾਈਸ ਕੋ ਮੈਂ ਆਪਣੀ ਕੋਠੀ ਫਗਵਾੜਾ ਰਿਆਸਤ ਕਪੂਰਥਲਾ ਮੇਂ ਬੈਠਾ ਹੂਆ ਥਾ ਕਿ ਬਿਸ਼ਨ ਸਿੰਘ ਮਤਬਨੀ ਮੇਰੇ ਪਾਸ ਆਇਆ ਔਰ ਜ਼ਿਕਰ ਸ਼ੁਰੂ ਕੀਆ ਕਿ ਆਪਣੇ ਦੋਨੋਂ ਕੇ ਕਤਲ ਕਰਨੇ ਕੇ ਵਾਸਤੇ ਏਕ ਗੈਰ ਇਲਾਕਾ ਕਾ ਸ਼ਖਸ ਮਫਰੂਰ (ਮੁਕੱਰਰ) ਹੂਆ ਹੂਆ ਹੈ। ਇਸ ਲੀਏ ਹੋਸ਼ਿਆਰੀ ਸੇ ਰਹਿਣਾ। ਚੁਨਾਂਚਿ ਇਸੀ ਅਸਨਾਂ ਮੇਂ ਜ਼ੈਲਦਾਰ ਨੇ ਕਹਾ ਕਿ ਲਾਲਾ ਜੀ ਦੇਖੋ ਵੁਹੀ ਸ਼ਖਸ ਪੁਲ ਪਰ ਖੜਾ ਹੈ, ਜੋ ਆਪਣੇ ਮਾਰਨੇ ਕੇ ਵਾਸਤੇ ਮੁਕੱਰਰ ਹੂਆ ਹੈ। ਇਸ ਪਰ ਮੈਂ ਜ਼ੈਲਦਾਰ

Digitized by Panjab Digital Library | www.panjabdigilib.org

ਕੇ ਹਮਜਾਹ ਪੁਲ ਕੇ ਪਾਸ ਗਿਆ, ਔਰ ਉਸ ਸ਼ਖਸ ਕੋਂ ਅਛੀ ਤਰਾਂ ਸੇ ਦੇਖ ਕਰ ਆਪਣੇ ਇਲਾਕਾ ਕੀ ਪੁਲਸ ਕੇ ਨਾਮ ਹੁਕਮ ਸਾਦਰ ਕਰ ਦੀਆ, ਕਿ ਫਲਾਂ ਹੁਲੀਆ ਵਾਲਾ ਸ਼ਖਸ ਗੈਰ ਇਲਾਕਾ ਸੇ ਆਇਆ ਹੈ। ਉਸ ਕੋ ਗ੍ਰਿਫਤਾਰ ਕਰਨੇ ਕੀ ਕੋਸ਼ਸ਼ ਕਰੋ। ਨੀਜ਼ ਇਸੀ ਵਕਤ ਸਬ ਇਨਸਪੈਕਟਰ ਦਿਲਾ ਰਾਮ ਮੇਰੇ ਪਕੜਨੇ ਕੇ ਵਾਸਤੇ ਮੁਕਰਰ ਕੀਆ ਗਿਆ, ਜਬ ਵੋਹ ਗਾਰਦ ਲੇ ਕਰ ਮੇਰੇ ਪਾਸ ਆਇਆ ਤੋ ਮੈਂ ਭਾਗ ਗਿਆ। ਵਾਹ ਵਾਹ ਕੈਸੀ ਮਜ਼ਾਕ ਖੇਜ਼ ਕਹਾਣੀ ਹੈ। ਇਕ ਮਸ਼ਹੂਰੋ ਮਾਰੂਫ ਝੋਲੀ ਚੁਕ ਜ਼ੈਲਦਾਰ ਏਕ ਰਿਆਸਤ ਕੇ ਸਭ ਸੇ ਆਲ੍ਹਾ ਪੋਲੀਸ ਵਾਲੇ ਕੇ ਪਾਸ ਏਕ ਗੈਰ ਸ਼ਖਸ ਕਾ, ਜੋ ਇਨ ਕੇ ਕਤਲ ਕਰਨੇ ਕਾ ਇਰਾਦਾ ਰਖਤਾ ਹੈ, ਜ਼ਿਕਰ ਸ਼ੁਰੂ ਕਰਤਾ ਹੈ ਔਰ ਜ਼ਿਕਰ ਕਰਨੇ ਕੇ ਦੌਰਾਨ ਮੇਂ ਹੀ ਵਹੁ ਕਤਲ ਕਰਨੇ ਵਾਲਾ ਸ਼ਖਸ ਉਨ ਕੇ ਸਾਹਮਣੇ ਖੜਾ ਹੋਤਾ ਹੈ। ਉਸੀ ਵਕਤ ਉਸਕੋ ਪਕੜਨੇ ਕੇ ਲੀਏ ਏਕ ਸਬ ਇਨਸਪੈਕਟਰ ਮਹਿ ਗਾਰਦ ਕੇ ਗ੍ਰਿਫਤਾਰ ਕਰਨੇ ਕੇ ਲੀਏ ਜਾਤਾ ਹੈ ਔਰ ਵੁਹ ਸ਼ਖਸ ਦੌੜ ਜਾਤਾ ਹੈ ਔਰ ਹਾਥ ਨਹੀਂ ਆਤਾ। ਲਾਲਾ ਜੀ ਸਾਹਿਬ ਏਕ ਹੀ ਵਕਤ ਸਭ ਰੰਗ ਦਖਾ ਕਰ ਪੁਤਲੀਉਂ ਕਾ ਤਮਾਸ਼ਾ ਕਰਨੇ ਵਾਲੇ ਮਦਾਰੀ ਸੇ ਭੀ ਬਾਜ਼ੀ ਜੀਤ ਗਏ ਹੈਂ। ਲੇਕਨ ਜਬ ਮੇਰੀ ਸ਼ਨਾਖਤ ਕਰਵਾਈ ਗਈ, ਤੋ ਲਾਲਾ ਸਾਹਿਬ ਸਬ ਇਨਸਪੈਕਟਰ ਮੇਰੀ ਸ਼ਨਾਖਤ ਕਰਨੇ ਸੇ ਕਾਸਰ ਰਹੇ। ਲਾਲਾ ਸਾਹਿਬ ਕੀ ਸ਼ਨਾਖਤ ਕਰਨੀ ਤੋ ਕਾਬਲੇ ਜ਼ਿਕਰ ਹੈ। ਅਦਾਲਤ ਕੇ ਹੁਕਮ ਸੇ ਲਾਲਾ ਸਾਹਿਬ ਮੇਰੀ ਸ਼ਨਾਖਤ ਕਰਨੇ ਲਗੇ, ਔਰ ਦਸ ਪੰਦਰਾਂ ਮਿੰਟ ਤਕ ਅਕਾਲੀ ਮੁਲਜ਼ਮੋਂ ਕੀ ਤਰਫ ਦੇਖ ਕਰ ਕਹਿਣੇ ਲਗੇ ਕਿ ਮੈਂ ਸ਼ਨਾਖਤ ਕਰ ਸਕਤਾ ਹੂੰ। ਲੇਕਨ ਅਦਾਲਤ ਕੇ ਦੁਬਾਰਾ ਕਹਿਣੇ ਪਰ, ਲਾਲਾ ਸਾਹਿਬ ਨੇ ਫਿਰ ਸ਼ਨਾਖਤ ਕੇ ਲੀਏ ਹਮਲਾ ਮਾਰਾ। ਚੰਦ ਮਿੰਟ ਦੇਖਨੇ ਕੇ ਬਾਅਦ ਭਾਈ ਉਜਾਗਰ ਸਿੰਘ ਅਕਾਲੀ ਸਾਕਨ ਬਸਰਾਮ ਪੁਰ ਔਰ ਭਾਈ ਠਾਕਰ ਸਿੰਘ ਅਕਾਲੀ ਸਾਕਨ ਪੰਡੋਰੀ ਕੀ ਤਰਫ ਇਸ਼ਾਰਾ ਕਰਕੇ ਕਹਾ ਇਨ ਮੇਂ ਸੇ ਏਕ ਬਾਬੂ ਸੰਤ ਸਿੰਘ ਹੈ। ਅਦਾਲਤ ਨੇ ਕਹਾ ਇਹ ਨਹੀਂ ਫਿਰ ਦੇਖੋ, ਇਸ ਪਰ ਲਾਲਾ ਸਾਹਿਬ ਕੋ ਅਦਾਲਤ ਕੇ ਕਮਰਾ ਸੇ ਨਕਾਲ ਕਰ ਮੁਝੇ ਜੰਗਲੇ ਕੇ ਨਜ਼ਦੀਕ ਕਰ ਲੀਆ। ਬਾਹਰ ਸੇ ਲਾਲਾ ਸਾਹਿਬ ਸ਼ਨਾਖਤ ਕੇ ਲੀਏ ਬੁਲਾਏ ਗਏ। ਚੰਦ ਮਿੰਟ ਦੇਖਨੇ ਕੇ ਬਾਅਦ ਭਾਈ ਛੱਜਾ ਸਿੰਘ ਅਕਾਲੀ ਸਾਕਨ ਚਾਨਿਆਂ ਕੀ ਤਰਫ ਇਸ਼ਾਰਾ ਕਰਕੇ ਕਹਾ ਕਿ ਇਹ ਬਾਬੂ ਸੰਤ ਸਿੰਘ ਹੈ। ਇਸ ਪਰ ਅਦਾਲਤ ਨੇ ਕਹਾ ਕਿ ਇਹ ਨਹੀਂ, ਫਿਰ ਦੇਖੋ। ਲਾਲਾ ਸਾਹਿਬ ਨੇ ਕਹਾ ਕਿ ਮੈਂ ਤਬ ਸ਼ਨਾਖਤ ਨਹੀਂ ਕਰ ਸਕਤਾ ਹੂੰ। ਅਦਾਲਤ ਨੇ ਕਹਾ ਕਿ ਕੋਸ਼ਸ਼ ਕਰੋ।

ਤੀਸਰੀ ਦਫਾ ਲਾਲਾ ਸਾਹਿਬ ਫਿਰ ਸ਼ਨਾਖਤ ਕਰਨੇ ਲਗੇ। ਚੰਦ ਮਿੰਟ ਸਭ ਅਕਾਲੀਉਂ ਕੀ ਤਰਫ ਦੇਖ ਕਰ, ਭਾਈ ਧੰਨਾ ਸਿੰਘ ਅਕਾਲੀ ਸਾਕਨ ਸਾਹੜਾ ਜ਼ਿਲਾ ਹੋਸ਼ਿਆਰ ਪੁਰ ਕੀ ਤਰਫ ਇਸ਼ਾਰਾ ਕਰਕੇ ਕਹਾ, ਏਹ ਬਾਬੂ ਸੰਤ ਸਿੰਘ ਹੈ। ਫਿਰ ਅਦਾਲਤ ਨੇ ਕਹਾ ਕਿ ਯਿਹ ਬਾਬੂ ਸੰਤ ਸਿੰਘ ਨਹੀਂ ਹੈ। ਲੇਕਨ ਸਰਕਾਰੀ ਵਕੀਲ ਕੇ ਕਹਿਨੇ ਸੇ ਗਵਾਹ ਕੋ ਅਦਾਲਤ ਕੇ ਕਮਰਾ ਸੇ ਬਾਹਰ ਨਿਕਾਲ ਕਰ ਮੁਝੇ ਮਹਿ ਦੀਗਰ ਚਾਰ ਪਾਂਚ ਅਕਾਲੀਉਂ ਕੇ ਖੜਾ ਕਰ ਦੀਆ। ਇਸ ਅਸਨਾਂ ਮੇਂ ਪਸ਼ੋਰੀ ਲਾਲ ਸੀ. ਆਈ. ਡੀ. ਅਦਾਲਤ ਕੇ ਕਮਰਾ ਸੇ ਬਾਹਰ ਗਿਆ ਔਰ ਲਾਲਾ ਸਾਹਿਬ ਕੋ ਬਤਲਾ ਦੀਆ ਕਿ ਬਾਬੂ ਸੰਤ ਸਿੰਘ ਫਲਾਂ ਜਗ੍ਹਾ ਇਸ ਕਿਸਮ ਕਾ ਲਿਬਾਸ ਪਹਿਣੇ ਹੁਏ ਖੜਾ ਹੈ। ਚੁਨਾਚਿ ਜਬ ਲਾਲਾ ਸਾਹਿਬ ਕੋ ਫਿਰ ਸ਼ਨਾਖਤ ਕੇ ਲੀਏ ਬੁਲਾਇਆ ਗਿਆ, ਤੋ ਵੋਹ ਆਤੇ ਹੀ ਮੇਰੀ ਤਰਫ ਦੇਖ ਕਰ ਕਹਿਨੇ ਲਗੇ ਕਿ ਮੁਝੇ ਇਸ ਸ਼ਖਸ ਪਰ ਸ਼ਕ ਪੜਤਾ ਹੈ। ਜਬ ਇਸ ਕਿਸਮ ਕੇ ਗਵਾਹ ਕਾ ਜੋ ਪੋਲੀਸ ਕੇ ਜਨਰਲ ਇਨਸਪੈਕਟਰ ਥੇ, ਔਰ ਮੁਝੇ ਪੋਲੀਸ ਕੇ ਕਬਜ਼ਾ ਮੇਂ ਕਈ ਦਫਾ ਦੇਖਨੇ ਕਾ ਦਮ ਭਰਤਾ ਹੈ, ਉਸ ਕਾ ਸ਼ਨਾਖਤ ਕਾ ਇਹ ਨਜ਼ਾਰਾ ਹੈ, ਤੋ ਆਮ ਗਵਾਹੋਂ ਕੀ ਬਾਬਤ ਜੋ ਕਿ ਅੰਧੇਰੀ ਰਾਤ ਕੋ ਤਾਰੋਂ

ਕੀ ਰੋਸ਼ਨੀ ਮੇਂ ਏਕ ਹੀ ਦਫਾ ਹੂਆ ਬਤਲਾਤੇ ਹੈਂ। ਹਰ ਇਕ ਇਨਸਾਫ ਪਸੰਦ ਆਦਮੀ ਨਤੀਜਾ ਨਿਕਾਲ ਸਕਤਾ ਹੈ ਕਿ ਕਿਆ ਇਨ ਮੇਂ ਸ਼ਨਾਖਤ ਕਰਾਨੇ ਵਾਲੇ ਮੁਜਿਸਟਰੇਟੋਂ ਅਤੇ ਪੋਲੀਸ ਕੀ ਬੇਈਮਾਨੀ ਨਹੀਂ ਹੈ। ਮੁਝੇ ਮਲੂਮ ਨਹੀਂ ਹੈ ਕਿ ਲਾਲਾ ਸਾਹਿਬ ਕੇ ਬਾਰ ਬਾਰ ਕਹਿਨੇ ਕੇ ਬਾਵਜੂਦ ਕਿ 'ਮੈਂ ਸ਼ਨਾਖਤ ਨਹੀਂ ਕਰ ਸਕਤਾ' ਚਾਰ ਪਾਂਚ ਦਫਾ ਸ਼ਨਾਖਤ ਕਰਾਨੇ ਸੇ ਅਦਾਲਤ ਨੇ ਕਿਆ ਮਸਹਲਤ ਸਮਝੀ। ਇਸ ਭੇਤ ਕੋ ਅਬ ਵਾਹਿਗੁਰੂ ਅਕਾਲ ਪੁਰਖ ਹੀ ਜਾਨਤਾ ਹੈ। ਜੋ ਘਟ ਘਟ ਕੇ ਦਿਲ ਕੀ ਖਬਰ ਰਖਤਾ ਹੈ।

ਬਬਰ ਸਿਸਟਮ ਜਥਾ:—ਬਬਰੋਂ ਮੇਂ ਵੁਹੀ ਸ਼ਖਸ਼ ਭਰਤੀ ਹੋ ਸਕਤਾ ਥਾ, ਜੋ ਕਿ ਪੇਹਲੇ ਅਪਨਾ ਨਾਮ ਬਬਰ ਅਕਾਲੀ ਅਖਬਾਰ ਮੇਂ ਸ਼ਾਇਆ ਕਰਵਾਤਾ ਥਾ। ਔਰ ਝੋਲੀ ਚੁਕੋਂ ਕੇ ਕਤਲ ਬਬਰੋਂ ਕੇ ਸਾਥ ਮਿਲ ਕਰ ਅਪਨੇ ਹਾਥ ਸੇ ਕਰਤਾ ਥਾ। ਖੁਆ ਉਸ ਕਾ ਅਪਨਾ ਬਾਪ ਭੀ ਕਿਉਂ ਨਾ ਹੋ। ਪੋਲੀਸ ਕਾ ਮੁਕਾਬਲਾ ਕਰਨਾ ਖੁਆ, ਆਪ ਜਥੇ ਕੇ ਸਾਥ ਹੋ ਚਾਹੇ ਅਕੇਲਾ। ਹਰ ਵਕਤ ਹਥਿਆਰ ਬੰਦ ਰੇਹਨਾ, ਸ਼ਾਂਤਮਈ ਗ੍ਰਿਫਤਾਰ ਨਾ ਹੋਨਾ ਵਗੈਰਾ, ਜੈਸਾ ਕਿ ਬਬਰ ਅਕਾਲੀ ਅਖਬਾਰ ਮੇਂ ਬਬਰ ਜਥੇ ਕੀ ਤਰਫ ਸੇ ਸ਼ਾਇਆ ਹੋ ਚੁਕਾ ਹੈ। ਬਬਰ ਜਥੇ ਮੇਂ ਚੋਰੀ ਔਰ ਡਾਕੇ ਕੀ ਸਖਤ ਮਮਾਨਤ ਥੀ। ਜਿਸ ਕੀ ਬਾਬਤ ਭਰਤੀ ਹੋਨੇ ਪਰ ਹਰ ਸ਼ਖਸ਼ ਕੀ ਖਾਸ ਤਵੱਜਾ ਦਲਾਈ ਜਾਤੀ ਥੀ। ਨੀਜ਼ ਸਿਖ ਅਸੂਲੋਂ ਕਾ ਪੈਰੋਕਾਰ ਰੇਹਨਾ ਪੜਤਾ ਥਾ। ਪੋਲੀਸ ਫੌਂਫ ਕੇ ਸਬਬ ਸੇ ਕਭੀ ਬਬਰੋਂ ਕੇ ਪਾਸ ਨਹੀਂ ਜਾਤੀ ਥੀ। ਜਿਸ ਜਗ੍ਹਾ ਪੋਲੀਸ ਕੋ ਪਤਾ ਲਗ ਜਾਤਾ ਥਾ ਕਿ ਫੁਲਾਂ ਜਗਾ ਝਿੜੀ ਮੇਂ ਬਬਰ ਜਥਾ ਬੈਠਾ ਹੈ, ਤੋ ਪੋਲੀਸ ਡਰਤੀ ਦੂਸਰੀ ਤਰਫ ਚਲੀ ਜਾਤੀ ਥੀ। ਐਸਾ ਕਈ ਦਫਾ ਦੇਖਨੇ ਮੇਂ ਆਇਆ, (ਕਿਸ ਕੋਤਾ ਏਹ) ਕਿ ਪੋਲੀਸ ਵਾਲੇ ਬਬਰੋਂ ਸੇ ਇਸ ਤਰਾਂ ਭਾਗਤੇ ਥੇ ਜਿਸ ਤਰਾਂ ਕਿ ਹਾਥੀ ਬਿਰੀ ਜਾਨਵਰ ਸੇ ਡਰਤਾ ਹੈ। ਅਬ ਜਬ ਕੇ ਅਨੂਪ ਸਿੰਘ ਗਦਾਰ ਅਤੇ ਵੈਹਦਾ ਮੁਆਫ ਨੇ ਬਬਰ ਜਥਾ ਕੋ ਸ਼ਹੀਦ ਕਰਵਾਇਆ ਹੈ। ਪੋਲੀਸ ਨੇ ਰਾਈ ਕਾ ਪਹਾੜ ਬਨਾਣਾ ਸ਼ੁਰੂ ਕਰ ਦੀਆ ਹੈ।

ਜੇਲ ਕੀ ਬੈਂਤ ਸ਼ਹੀਦੋਂ ਕੋ ਮੁਖਾਤਬ ਕਰਕੇ ਲਿਖੀ ਗਈ ਹੈ: -

॥ ਬੈਂਤ ॥

ਜਦੋਂ ਆਪਦੇ ਨਾਲ ਸੀ ਕੰਮ ਕਰਦੇ, ਸਮਝੀ ਮੌਤ ਸੀ ਅਸਾਂ ਨੇ ਖੇਹਲ ਬਬਰੋ।
ਜਿਸਮ ਅਸਾਂ ਦਾ ਜ਼ਾਲਮਾਂ ਤੰਗ ਕੀਤਾ, ਕਰਦਾ ਮਨ ਹੈ ਅਸਾਂ ਦਾ ਕੇਹਲ ਬਬਰੋ।
ਪਹਿਲਾਂ ਪੁਲਸ ਨੇ ਦਿਤੀ ਤਕਲੀਫ ਬਹੁਤੀ, ਮਗਰੋਂ ਦਿਤਾ ਸੀ ਜੇਲ੍ਹ ਧਕੇਲ ਬਬਰੋ।
ਪੇਟ ਭਰੇ ਖੁਰਾਕ ਦੇ ਨਾਲ ਨਾਹੀ, ਕੇਸਾਂ ਵਾਸਤੇ ਮਿਲੇ ਨਾ ਤੇਲ ਬਬਰੋ।
ਕੀਤੀ ਪੁਲਸ ਨੇ ਜਿਸ ਤਰ੍ਹਾਂ ਸੰਗ ਮੇਰੇ, ਬੰਦ ਰਖਿਆ ਜਿਸ ਤਰ੍ਹਾਂ ਜੇਹਲ ਬਬਰੋ।
ਉਪਰ ਅਸਾਂ ਦੇ ਪ੍ਰਸ਼ਨ ਹੈ ਕਠਨ ਪਾਏ, ਹੁੰਦੇ ਦੇਖਿਆ ਪਾਸ ਕਿ ਫੇਹਲ ਬਬਰੋ।
ਬਬਰੋ ਨਾਲ ਅਸੀਸ ਜ਼ਰੂਰ ਸਮਝੋ, ਪਕੜੇ ਹੋਏ ਨੇ ਪੁਲਸ ਚੜੇਲ ਬਬਰੋ।
ਨਿਤ ਚਵੀ ਹਜ਼ਾਰ ਦਾ ਪਵੇ ਘਾਟਾ, ਦੌੜੇ ਜਾਂਵਦੇ ਸਵਾਸ ਜਿਉਂ ਰੇਲ ਬਬਰੋ।
ਸਾਰੀ ਆਪ ਨੂੰ ਆਇ ਸੁਨਾਇ ਦੇਸਾਂ, ਧਰ ਕੇ ਮੁਢ ਤੋਂ ਸਾਰੀ ਏਹ ਟੇਲ ਬਬਰੋ।
ਡਾਹਢੀ ਤਾਂਘ 'ਨਿਧੜਕ' ਨੂੰ ਦਰਸ਼ਨਾ ਦੀ, ਕਰਨ ਗੁਰੂ ਜੀ ਅਸਾਂ ਦਾ ਮੇਲ ਬਬਰੋ।

ਸਰਕਾਰੀ ਵਕੀਲ ਡਿਪਟੀ ਸੁਪਰਡੈਂਟ ਸੀ. ਆਈ. ਡੀ. ਦੇ ਜ਼ਰੂਰੀ ਧਿਆਨ ਯੋਗ:- ਸਰਕਾਰੀ ਵਕੀਲ ਲਾਲਾ ਪਿੰਡੀ ਦਾਸ ਅਤੇ ਡਿਪਟੀ ਸੁਪਰਟੈਂਡੈਂਟ ਮੀਰ ਫਜ਼ਲ ਅਮਾਮ ਸੀ. ਆਈ. ਡੀ. ਦੋਨੋਂ

Digitized by Panjab Digital Library | www.panjabdigilib.org

ਨੇ ਬੇਗੁਨਾਹ ਅਕਾਲੀਉਂ ਕੋ ਸਾਜ਼ਸ਼ ਮੇਂ ਲਪੇਟ ਕਰ ਜ਼ੁਲਮ ਕਰਨੇ ਅਤੇ ਕਰਾਨੇ ਕੀ ਇਸ ਕਦਰ ਕੋਸ਼ਸ਼ ਕੀ, ਜਿਸ ਕਾ ਜ਼ਿਕਰ ਲਿਖਣਾ ਮੁਹਾਲ ਹੈ ਹੀ ਨਹੀਂ ਬਲਕਿ ਨਾ ਮੁਮਕਨ ਹੈ । ਇਨਹੋਂ ਨੇ ਅਸਲ ਹਕੀਕਤ ਕੋ ਬਾਲਾਏ ਤਾਕ ਰਖ ਕਰ ਫਰਜ਼ੀ ਸਾਜ਼ਸ਼ ਤਿਆਰ ਕੀ ਹੈ । ਬਾਜ਼ ਵਾਹਦਾ ਮੁਆਫ ਤੋਂ ਪੇਹਲੇ ਹੀ ਸੀ. ਆਈ. ਡੀ. ਕਾ ਕਾਮ ਕਰ ਰਹੇ ਥੇ, ਇਨ ਕਾ ਤੋ ਜ਼ਿਕਰ ਹੀ ਕਿਆ ਕਰਨਾ ਹੈ । ਲੇਕਨ ਚੰਦ ਵਾਹਦਾ ਮੁਆਫ ਅਗਵਾਹੋਂ ਕੋ ਤੰਗ ਕਰਕੇ ਅਤੇ ਮਜਬੂਰ ਕਰਕੇ, ਇਨ ਕੋ ਧਰਮ ਈਮਾਨ ਸੇ ਗਿਰਾ ਕਰ, ਬਿਲਕੁਲ ਬੇ-ਬੁਨਿਆਦ ਬਿਆਨ ਪੋਲੀਸ ਨੇ ਆਪਣੀ ਤਰਫ ਸੇ ਲਿਖ ਕਰ ਇਨ ਕੇ ਜ਼ੁਮੇ ਲਗਾਏ ਹੈਂ । ਇਸ ਫਰਜ਼ੀ ਸਾਜ਼ਸ਼ ਕੀ ਬੁਨਿਆਦ ਡਾਲਨੇ ਵਾਲੇ ਕਟੜ ਸਿਖ ਆਜ਼ਮ ਕੋ ਨੇਸਤੋ ਨਾਬੂਦ ਕਰਨੇ ਕੀ ਦਿਲੀ ਚਾਹ ਰਖਨੇ ਵਾਲੇ, ਮਿਸਟਰ ਅਬਦੁਲ ਫਤਾਹ ਸਾਹਿਬ ਮੈਜਿਸਟਰੇਟ ਹੈਂ । ਜਿਨਹੋਂ ਨੇ ਕਿ ਸੀ. ਆਈ. ਡੀ. ਕੇ ਕੇਹਨੇ ਕੇ ਮੁਤਾਬਕ ਕ਼ਾਤਲੋਂ ਕੀ ਫਰਜ਼ੀ ਸ਼ਨਾਖਤੇਂ, ਔਰ ਦੀਗਰ ਕਾਰਵਾਈ, ਕਲਮ ਬੰਦ ਕੀ ਹੈ ।

ਮਿਸਟਰ ਬੁਲਰ ਸਾਹਿਬ ਮੈਜਿਸਟਰੇਟ ਨੇ ਸਰਕਾਰੀ ਵਕੀਲ ਔਰ ਸੀ. ਆਈ. ਡੀ. ਕੇ ਕੇਹਨੇ ਕੇ ਬਗੈਰ ਮਿਸਲ ਮੇਂ ਏਕ ਲਫਜ਼ ਭੀ ਨਹੀਂ ਲਿਖਾ । ਸਰਕਾਰੀ ਵਕੀਲ ਅਤੇ ਸੀ. ਆਈ. ਡੀ. ਨੇ ਨਾਦਰ ਸ਼ਾਹੀ ਮਚਾ ਰਖੀ ਹੈ । ਉਰਦੂ ਮਿਸਲ ਲਿਖਨੇ ਵਾਲੇ ਮੁਹੱਰਰ ਅਗਰ ਕੋਈ ਬਾਤ ਅਗਵਾਹ ਕੀ ਜ਼ਬਾਨ ਸੇ ਨਿਕਲੀ ਹੁਈ ਲਿਖ ਲੀਆ ਕਰਤੇ ਥੇ । ਅਗਰ ਸਰਕਾਰੀ ਵਕੀਲ ਮਿਸਲ ਮੇਂ ਦਰਜ ਕਰਵਾਨਾ ਨਹੀਂ ਚਾਹਤਾ ਥਾ, ਤੋ ਇਸ ਬਾਤ ਕੋ ਕਟਾ ਕਰ ਅਪਨੀ ਮਰਜ਼ੀ ਸੇ ਆਪਣੀ ਤਰਫਦਾਰੀ ਕੇ ਮਤਾਬਕ ਲਖਾਤੇ ਥੇ । ਇਸ ਬਾਤ ਕੋ ਸਾਬਤ ਕਰਨੇ ਕੇ ਲੀਏ ਆਪ ਮੁਹੱਰਰ ਕੀ ਕਲਮ ਸੇ ਲਿਖੀ ਹੁਈ ਮਿਸਲ ਮਲਾਹਜ਼ਾ ਫਰਮਾ ਸਕਤੇ ਹੈਂ । ਨੀਜ ਮੁਹੱਰਰ ਸਾਹਿਬ ਕੋ ਬਰਮਲਾ ਤੌਰ ਪਰ ਕਈ ਦਫਾ ਇਸ ਕਾਮ ਕੇ ਨਾਕਾਬਲ ਹੋਨੇ ਕੀ ਧਮਕੀ ਦੇ ਕਰ, ਬਰ ਤਰਫ ਕੀਏ ਜਾਨੇ ਕੀ ਬਾਬਤ ਕਹਾ ਗਿਆ । ਅਦਾਲਤ ਹਿਜ਼ਾ ਮੇਂ ਜੋ ਦੋ ਸ਼ਾਰਟ ਹੈਂਡ ਰਾਈਟਰ ਹੈਂ ਉਨ ਮੇਂ ਸੇ ਏਕ ਕੇ ਸਾਥ ਭੀ ਬਾਅਜ਼ ਦਫਾ ਬੇਜਾ ਸਲੂਕ ਕੀਆ ਜਾਤਾ ਥਾ । ਬੇਸ਼ਕ ਏਹ ਸਾਹਿਬ ਲਿਖਤਾ ਤੋ ਵੁਹੀ ਥਾ ਜੋ ਮਿਸਟਰ ਬੁਲਰ ਸਾਹਿਬ ਲਖਵਾਤੇ ਥੇ । ਲੇਕਨ ਸਰਕਾਰੀ ਵਕੀਲ ਸਾਹਿਬ ਅਕਸਰ ਬਲਕੇ ਬਹੁਤ ਦਫਾ ਮਿਸਟਰ ਬੁਲਰ ਸਾਹਿਬ ਕੇ ਲਖਵਾਏ ਹੁਏ ਕੀ ਤਰਦੀਦ ਕਰਕੇ, ਅਪਨੀ ਤਰਫ ਸੇ ਅਜ਼ਾਫਾ ਕਰਤੇ ਥੇ ।

ਸ਼ਾਰਟ ਹੈਂਡ ਰਾਈਟਰ ਜਿਸ ਕਾ ਨਾਮ ਧਨ ਰਾਜ ਹੈ । ਵੋਹ ਸ਼ਖਸ ਸਰਕਾਰੀ ਵਕੀਲ ਕੀ ਫਫੀ ਵਾ ਮਾਮੀ ਕਾ ਲੜਕਾ ਹੈ, ਵੋਹ ਸਾਹਿਬ ਤੋ ਬਿਲਕੁਲ ਖਾਮੋਸ਼ ਬੈਠੇ ਹੁਏ ਸਰਕਾਰੀ ਵਕੀਲ ਕੇ ਮੂੰਹ ਕੀ ਤਰਫ ਦੇਖਤੇ ਰੈਹਤੇ ਥੇ, ਕਿ ਕਬ ਈਮਾਨ ਕਾ ਦੇਵਤਾ ਬੋਲਤਾ ਹੈ । ਨੀਜ਼ ਵੋਹ ਲਿਖਤਾ ਵੁਹੀ ਥਾ ਜੋ ਸਰਕਾਰੀ ਵਕੀਲ ਲਖਾਤਾ ਥਾ ।

ਗਵਾਹੋਂ ਕੋ ਬਰਮਲਾ ਤੋਰ ਪਰ ਅਦਾਲਤ ਕੇ ਸਾਹਮਣੇ ਡਰਾਇਆ ਦਬਕਾਇਆ ਜਾਤਾ ਥਾ । ਔਰ ਕਹਾ ਜਾਤਾ ਥਾ ਕਿ ਹਮਾਰੇ ਕੈਹਨੇ ਕੀ ਤਾਈਦ ਕਰੋ, ਵਰਨਾ ਤੁਮਾਰੀ ਖੈਰ ਨਹੀਂ ਅਕਸਰ ਅਗਵਾਹੋਂ ਕੋ ਬਿਆਨ ਦੇਨੇ ਕੇ ਵਕਤ ਬਾਹਰ ਲਿਜਾ ਕਰ ਫਰਾਮੋਸ਼ ਸੁਦਾ ਬਾਤ ਬਤਲਾਈ ਜਾਤੀ ਥੀ । ਇਸ ਅਸਨਾ ਮੇ ਅਦਾਲਤ ਆਪਣੇ ਮੂੰਹ ਮੇਂ ਕਲਮ ਲੇਕਰ ਬੈਠੀ ਰੈਹਤੀ ਥੀ । ਇਸ ਪਰ ਕਈ ਦਫਾ ਮੁਲਜ਼ਮੋਂ ਕੀ ਤਰਫ ਸੇ ਇਤਰਾਜ਼ ਭੀ ਕੀਏ ਜਾਤੇ ਥੇ, ਲੇਕਨ ਅਦਾਲਤ ਬਿਚਾਰੀ ਬੇ-ਬਸ ਥੀ । ਪਤਾ ਨਹੀਂ ਉਨ ਕੋ ਹਕੂਮਤ ਕੀ ਤਰਫ ਸੇ, ਔਰ ਸਰਕਾਰੀ ਵਕੀਲ ਔਰ ਪੋਲੀਸ ਕੇ ਕੇਹਨੇ ਕੇ ਮੁਤਾਬਕ ਕਾਰਵਾਈ ਕਲਮ ਬੰਦ ਕਰਨੇ ਕੇ ਲੀਏ ਕਹਾ ਜਾਤਾ ਹੈ । ਅਦਾਲਤ ਆਪਣੀ

Digitized by Panjab Digital Library | www.panjabdigilib.org

ਕਮਜ਼ੋਰੀ ਕੇ ਬਾਇਸ ਹੀ ਸਰਕਾਰੀ ਵਕੀਲ ਔਰ ਪੋਲੀਸ ਕੇ ਰੋਹਬ ਸੇ ਆਜ਼ਾਦ ਨਹੀਂ ਹੈ। ਸ਼ਾਇਦ ਸੁਬਾਹ ਸ਼ਾਮ ਸਰਕਾਰੀ ਵਕੀਲ ਕੀ ਮੋਟਰ ਮੇਂ ਆਨੇ ਜਾਨੇ ਕੇ ਸਬਬ ਲਿਹਾਜ ਕਰਨਾ ਪੜਤਾ ਥਾ। ਖੁਆਹ ਕੁਛ ਵੀ ਹੋ ਦਾਲ ਮੇਂ ਕੁਛ ਕਾਲਾ ਜ਼ਰੂਰ ਹੈ। ਜਿਸ ਵਜਾ ਸੇ ਸਰਕਾਰੀ ਵਕੀਲ ਔਰ ਪੋਲੀਸ ਕੇ ਹੁਕਮ ਕੇ ਬਮੂਜਬ ਕਾਮ ਕਰਨੇ ਕੇ ਸਬਬ ਅਦਾਲਤ ਇਨਸਾਫ ਕਰਨੇ ਮੇਂ ਮਜਬੂਰ ਰਹੀ ਹੈ।

॥ ਬੈਂਤ ॥

ਪਿੰਡੀ ਦਾਸ ਸਰਕਾਰੀ ਵਕੀਲ ਨਾਲੇ, ਸੀ. ਆਈ. ਡੀ ਫਜਲ ਅਮਾਮ ਲੋਕੋ।
ਨਿਰਦੋਸ਼ ਸਿੰਘਾਂ ਤੇ ਜ਼ੁਲਮ ਕਮੌਣ ਭੈੜੇ, ਏਸ ਗਲ ਨੂੰ ਜਾਣਦੇ ਆਮ ਲੋਕੋ।
ਨਿਸਚਤ ਪੇਹਲਾ ਤੇ ਦੂਸਰਾ ਮੀਰ ਮਨੂੰ, ਲਿਖੀ ਅਸਾਂ ਨੇ ਗਲ ਨਾ ਖਾਮ ਲੋਕੋ।
ਕੀਤੇ ਜ਼ੁਲਮ ਸੀ ਜਿਨ੍ਹਾਂ ਨੇ ਬਹੁਤ ਉਦੋਂ, ਉਹ ਵੀ ਜਾਣਦੇ ਸਭ ਤਮਾਮ ਲੋਕੋ।
ਬੁਰਾ ਉਹਨਾਂ ਦਾ ਅੰਤ ਨੂੰ ਹਾਲ ਭੈੜਾ, ਮੇਟ ਸਕੇ ਨਾ ਸਿੰਘ ਦਾ ਨਾਮ ਲੋਕੋ।
ਪੇਹਲਾਂ ਮਾਰਿਆ ਵਿਸ਼ਟੇ ਵਿਚ ਬੰਦ ਕਰਕੇ, ਗਿਰਦੇ ਘੋੜਿਉਂ, ਦੂਜੇ ਦਾ ਕਾਮ ਲੋਕੋ।
ਏਹਨਾਂ ਜ਼ਾਲਮਾਂ ਦਾ ਏਹੋ ਹਾਲ ਹੋਣਾ, ਹੋਣ ਜਗ ਦੇ ਵਿਚ ਬਦਨਾਮ ਲੋਕੋ।
ਕੋਹੜੀ ਹੋਇ ਕੇ ਮਰਨ 'ਨਧੜਕ' ਆਖੇ, ਨਰਕ ਜਾਂਵਦੇ ਕਰਨ ਜੋ ਕਾਮ ਲੋਕੋ।

ਗੌਰਮੈਂਟ ਕੀ ਤਰਫ ਸੇ ਨਾਮਿਲਵਤਨੋ ਕੋ ਸਿਰ ਮੜਾਹ ਜਾਨਾ:- ਇਸ ਮੇਂ ਕੋਈ ਸ਼ੱਕ ਨਹੀਂ ਕਿ ਨੌਕਰ ਸ਼ਾਹੀ ਚਾਲਾਕ ਔਰ ਹੁਸ਼ਿਆਰ ਹੋਨੇ ਕੀ ਵਜਾ ਸੇ ਹਮੇਸ਼ਾ ਕਿਸੀ ਨਾ ਕਿਸੀ ਚੀਜ਼ ਕੀ ਆੜ ਮੇਂ ਜ਼ੁਲਮ ਕਰਨੇ ਕੀ ਕੋਸ਼ਸ਼ ਕਰਤੀ ਥੀ। ਜਿਸ ਤਰ੍ਹਾਂ ਕਿ ਪੁਜਾਰੀਉਂ ਕੀ ਆੜ ਮੇਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋ ਤੋੜਨੇ ਔਰ ਅਕਾਲੀ ਤੈਹਰੀਕ ਕੋ ਨੇਸਤੋ ਨਾਬੂਦ ਕਰਨੇ ਕੀ ਬਾਬਤ ਜ਼ੁਲਮ ਕਰ ਰਹੀ ਹੈ ਔਰ ਬਬਰ ਅਕਾਲੀਉਂ ਕੀ ਆੜ ਮੇ ਆਮ ਅਕਾਲੀਉਂ ਪਰ ਜ਼ੁਲਮ ਕਰ ਰਹੀ ਹੈ। ਔਰ ਅਕਾਲੀ ਤੈਹਰੀਕ ਕੋ ਕਮਜ਼ੋਰ ਕਰਨੇ ਕੀ ਕੋਸ਼ਸ਼ ਹੋ ਰਹੀ ਹੈ। ਨੀਜ਼ ਬਬਰ ਜਥਾ ਕੇ ਜਿਸ ਕੇ ਕੁਲ ਸਾਤ ਮੈਂਬਰ ਹੈਂ, ਜੈਸਾ ਕਿ ਮੈਂ ਜ਼ਿਕਰ ਕਰ ਆਇਆ ਹੂੰ, ਬਦਨਾਮ ਕਰਨੇ ਕੇ ਲੀਏ ਡਾਕੂਉਂ ਕੋ ਭੀ ਬਬਰ ਅਕਾਲੀਉਂ ਮੇਂ ਸ਼ੁਮਾਰ ਕੀਆ ਜਾਤਾ ਹੈ। ਏਹ ਤਾਂ ਸਾਰੇ ਹੀ ਲੋਕ ਜਾਣਦੇ ਹਨ, ਕਿ ਨੌਕਰ ਸ਼ਾਹੀ ਆਪਨੇ ਪਾਉਂ ਪਰ ਆਪ ਹੀ ਕੁਹਾੜਾ ਮਾਰ ਰਹੀ ਹੈ। ਇਸ ਲੀਏ ਹਰਗਿਜ਼ ਕੋਈ ਲਾਇਕ ਵਕੀਲ ਮੁਕੱਰਰ ਨਹੀਂ ਕਰਤੀ ਥੀ। ਖੈਰ ਇਸ ਕੇ ਮੁਤੱਲਕ ਮੈਂ ਜ਼ਿਆਦਾ ਲਿਖਣਾ ਮੁਨਾਸਬ ਨਹੀਂ ਸਮਝਤਾ। ਮੈਂ ਤੋ ਸਿਰਫ ਏਕ ਬਾਤ ਲਿਖਣੀ ਚਾਹਤਾ ਹੂੰ ਵੁਹ ਯੇਹ ਹੈ ਕਿ ਜੋ ਨੌਕਰ ਸ਼ਾਹੀ ਕੀ ਤਰਫ ਸੇ ਨਾਮ ਲੇਵਾ ਤੀਨੋਂ ਵਕੀਲ ਹੈਂ, ਵੁਹ ਲਾਲਾ ਪਿੰਡੀ ਦਾਸ ਵਕੀਲ ਕੇ ਮਾਸੀ ਯਾ ਫੁਫੀ ਕੇ ਲੜਕੇ ਹੈਂ। ਔਰ ਸ਼ਾਰਟ ਹੈਂਡ ਧਨ ਰਾਜ ਕੇ ਭਾਈ ਹੈਂ।

ਨੀਜ਼ ਸਰਕਾਰੀ ਵਕੀਲ ਲਾਲਾ ਪਿੰਡੀ ਦਾਸ ਨੇ ਅਪਨੇ ਭਾਈ ਕੋ ਨੌਕਰ ਸ਼ਾਹੀ ਕੀ ਤਰਫ ਸੇ ਵਕੀਲ ਮੁਕੱਰਰ ਕਰਕੇ ਆਪਣੇ ਲੀਏ ਰਸਤਾ ਸਾਫ ਕਰ ਲੀਆ ਹੈ। ਕਿਉਂਕਿ ਅਗਰ ਕੋਈ ਹੋਰ ਲਾਇਕ ਵਕੀਲ ਹੋ ਜਾਤਾ ਤੋ ਸਰਕਾਰੀ ਵਕੀਲ ਕੋ ਜ਼ਿਆਦਾ ਦਿਮਾਗ ਖਰਚ ਕਰਨਾ ਪੜਤਾ। ਔਰ ਬੈਹਸ ਮੇਂ ਮੁਕਾਬਲਾ ਕਰਨਾ ਦੁਸ਼ਵਾਰ ਹੋ ਜਾਤਾ। ਲਾਲਾ ਪਿੰਡੀ ਦਾਸ ਸਰਕਾਰੀ ਵਕੀਲ ਨੇ ਤੋ ਨੌਕਰ ਸ਼ਾਹੀ ਕੀ ਨਜ਼ਰ ਮੇਂ ਆਪਣੀ ਅਛੀ ਕਾਰ ਗੁਜ਼ਾਰੀ ਦਖਲਾਨੇ ਕੇ ਵਾਸਤੇ ਨੌਕਰ ਸ਼ਾਹੀ ਕੋ ਭੀ ਬੁਧੂ ਬਣਾ ਦੀਆ ਹੈ। ਜੈਸਾ ਕਿ ਅਕਸਰ ਦੋ ਰਿਸ਼ਤਾਰ ਪੇਹਲਵਾਨ ਕੀਆ ਕਰਤੇ ਹੈਂ। ਜਬ ਰਿਸ਼ਤਦਾਰ ਪੈਹਲਵਾਨ ਸੁਨਤੇ ਹੈਂ, ਕਿ ਫਲਾਂ ਜਗ੍ਹਾ ਕੁਸ਼ਤੀਆਂ ਹੋਂ ਤੋ ਵਹਾਂ

Digitized by Panjab Digital Library | www.panjabdigilib.org

ਪਹੁੰਚਤੇ ਹੈਂ, ਔਰ ਲੋਗੋਂ ਕੋ ਧੋਖਾ ਦੇ ਕਰ ਆਪ ਏਕ ਦੂਸਰੇ ਕੇ ਖਿਲਾਫ ਕੁਸ਼ਤੀ ਕਰਨੇ ਕੇ ਲੀਏ ਖਾੜੇ ਮੇਂ ਨਿਕਲਤੇ ਹੈਂ। ਇਨ ਮੇਂ ਜਿਸ ਕਾ ਨਾਮ ਜ਼ਿਆਦਾ ਮਸ਼ਹੂਰ ਹੋਤਾ ਹੈ, ਇਸ ਸੇ ਦੂਸਰਾ ਆਪਣੇ ਆਪ ਕੋ ਸ਼ਕੱਸਤ ਦਲਾਤਾ ਹੈ। ਇਸ ਤਰ੍ਹਾਂ ਦੋਨੋਂ ਪੈਹਲਵਾਨ ਮਾਇਆ ਕੇ ਗੈਹਰੇ ਗਫੇ ਲੇ ਜਾਤੇ ਹੈਂ। ਹੂ ਬਹੂ ਏਹੀ ਬਾਤ ਸਰਕਾਰੀ ਵਕੀਲ ਨੇ ਨੌਕਰ ਸ਼ਾਹੀ ਸੇ ਕਰਕੇ ਨਾਮ ਲਿਵਰ ਤੀਨੋ ਨੇ ਜ਼ੁਲਮ ਕੀਆ ਹੈ। ਲੇਕਨ ਹਮ ਨੌਕਰ ਸ਼ਾਹੀ ਕੀ ਤਰਫ ਸੇ ਕੀਏ ਹੂਏ ਵਕੀਲ ਕੋ ਦਸਤ ਬਦਸਤਾ ਅਰਜ਼ ਕਰਤੇ ਹੈਂ ਕਿ ਜਿਸ ਤਰ੍ਹਾਂ ਆਪ ਨੇ ਅਬ ਤਕ ਅਦਾਲਤ ਸੇ ਨਾ ਮਿਲਵਰਤਨ ਕੀਆ ਹੈ, ਇਸ ਤਰਾਂ ਅਦਾਲਤ ਫੈਸਲਾ ਬਿਲਕੁਲ ਏਹਤਰਾਫ ਰਖੇਂ। ਉਮੀਦ ਹੈ ਵਕੀਲ ਸਾਹਿਬ ਹਮਾਰੀ ਇਸ ਅਰਜ਼ ਕੋ ਮਨਜ਼ੂਰ ਫਰਮਾਏਂਗੇ।

ਰਾਈ ਕਾ ਪਹਾੜ:–ਮੈਂ ਪੈਹਲੇ ਲਿਖ ਚੁਕਾ ਹੂੰ ਕਿ ਹਮ ਬਬਰ ਜਥੇ ਮੇਂ ਸਾਤ ਆਦਮੀ ਥੇ ਕੋਈ ਆਦਮੀ ਅਖਬਾਰ ਬਬਰ ਅਕਾਲੀ ਮੇਂ ਨਾਮ ਸ਼ਾਇਆ ਕਰਾਨੇ ਕੇ ਬਗੈਰ ਬਬਰ ਜਥੇ ਕਾ ਮੈਂਬਰ ਨਹੀਂ ਹੋ ਸਕਤਾ ਥਾ। ਚੂੰਕਿ ਪੋਲੀਸ ਖੌਫ ਕੇ ਸਬਬ ਸੇ ਬਬਰੋਂ ਕੇ ਮੁਕਾਬਲੇ ਕੀ ਤਾਬ ਨਹੀਂ ਰਖਤੀ ਥੀ, ਇਸ ਲੀਏ ਪੁਲਸ ਨੇ ਆਪ ਅਕਾਲੀਉਂ ਕੋ ਗ੍ਰਿਫ਼ਤਾਰ ਕਰਨਾ ਸ਼ੁਰੂ ਕੀਆ, ਔਰ ਇਨ ਕੋ, ਨੌਕਰ ਸ਼ਾਹੀ ਕੀ ਨਜ਼ਰ ਮੇਂ ਬਬਰ ਬਨਾਨਾ ਸ਼ੁਰੂ ਕੀਆ।

। ਬੈਂਤ ।

ਜ਼ੁਲਮ ਦੇਖ ਕੇ ਨੌਕਰੀ ਛਡ ਕਰ ਕੇ, ਜੈਤੋ ਗਏ ਬਣ ਕੇ ਜਥੇਦਾਰ ਸਾਈਂ।
ਹੋਇ ਸ਼ਹੀਦ ਇਹ ਨਾਲ ਅਕਾਲੀਆਂ ਦੇ, ਖਾਧੀਆਂ ਗੋਲੀਆਂ ਛਾਤੀ ਵਿਚਕਾਰ ਸਾਈਂ।
ਕੇਹੜੇ ਕੇਹੜੇ ਮੈਂ ਜ਼ੁਲਮ ਗਣਾ ਦੇਵਾਂ, ਆਵੇ ਅੰਤ ਨਾ ਕੋਈ ਸ਼ੁਮਾਰ ਸਾਈਂ।
ਉਕਤ ਗੁਰੂਆਂ ਦੇ ਸਬਕ ਵਿਚ ਪਾਸ ਹੋਇਆ, ਸ਼ਾਂਤਮਈ ਜੋ ਤੇਜ ਹਥਿਆਰ ਸਾਈਂ।
ਕੀਤਾ ਉਫ ਨਾ ਚੁਕਿਆ ਹਥ ਉਤੇ, ਭਾਵੇਂ ਜ਼ਾਲਮ ਸੀ ਰਹੇ ਲਲਕਾਰ ਸਾਈਂ।
ਸ਼ਾਂਤੀ ਪੰਥ ਨੇ ਤੋੜ ਨਭਾਇ ਦਿਤੀ, ਭਰਿਆ ਜ਼ਾਲਮ ਦੇ ਵਿਚ ਹੰਕਾਰ ਸਾਈਂ।
ਹੁਕਮ ਭੇਜ ਹੁਣ ਪੈਂਤਰਾ ਬਦਲ ਦੇਵੋ, ਘਲ ਪੰਥ ਨੂੰ ਝਬਦੇ ਤਾਰ ਸਾਈਂ।
ਜੇਹੜੇ ਤੋਪਾਂ ਮਸ਼ੀਨਾਂ ਦਾ ਮਾਨ ਕਰਦੇ, ਰਹੇ ਐਰੋਪਲੇਨ ਦਖਾਲ ਸਾਈਂ।
ਚਮਕ ਦੇਵੇਂ ਜੇ ਕਲਗੀ ਦੀ ਇਕ ਵਾਰੀ, ਅੰਧੇ ਹੋਣਗੇ ਜ਼ਾਲਮ ਬਦਕਾਰ ਸਾਈਂ।
ਹੁਣ ਤਾਂ ਜ਼ੁਲਮਾਂ ਦੀ ਸਮਝ ਲੌ ਹਦ ਹੋ ਗਈ, ਕਰਦਾ ਪੰਥ ਹੈ ਹਾਲ ਪੁਕਾਰ ਸਾਈਂ।
ਦੇਰ ਹੁਕਮ ਦੀ ਜ਼ੁਲਮਾਂ ਤੋਂ ਤੰਗ ਹੋਇਆ, ਆਤਸ਼ਖੇਜ਼ ਇਹ ਪੰਥ ਪਹਾੜ ਸਾਈਂ।
ਕੀਤੀ ਦੇਰ ਬਿਨਾ ਗੁਰੂ ਦੁਲਾਰਿਆਂ ਨੇ, ਹੋਰ ਸਹਿਨੇ ਨੇ ਜ਼ੁਲਮ ਸਰਕਾਰ ਸਾਈਂ।
ਲਸ਼ਕੇ ਕਲਗੀ ਤੇ ਕੌਮ ਨਧੜਕ ਹੋਵੇ, ਲਾਹੁਣੇ ਸਿਰਾਂ ਤੋਂ ਸਾਰੇ ਉਧਾਰ ਸਾਈਂ।

— ਬੈਂਤ —

ਕਲਗੀ ਵਾਲਿਆ ਅਰਜ਼ ਮਨਜ਼ੂਰ ਕਰਨੀ, ਕਿਤੇ ਦੇਣਾ ਨਾ ਜਿਹਲਾਂ 'ਚ ਰੋਲ ਮੈਨੂੰ।
ਏਸ ਜ਼ਿੰਦਗੀ ਨਾਲੋਂ ਹੈ ਮੌਤ ਚੰਗੀ, ਸਦ ਲੇਵਣਾ ਆਪ ਦੇ ਕੋਲ ਮੈਨੂੰ।
ਔਗਣ ਦਾਸ ਦੇ ਆਪ ਨੇ ਬਖਸ਼ ਦੇਣੇ, ਚੰਗੇ ਆਉਂਦੇ ਨਹੀਂ ਬੋਲਣੇ ਬੋਲ ਮੈਨੂੰ।
ਕੀਤੀ ਸੇਵਾ ਮੈਂ ਬਬਰਾਂ ਦੇ ਨਾਲ ਰਲਕੇ, ਘਟ ਆਉਂਦਾ ਨਹੀਂ ਤੋਲਣਾ ਤੋਲ ਮੈਨੂੰ।

Digitized by Panjab Digital Library | www.panjabdigilib.org

ਬਹੁਤ ਅਸਾਂ ਨੂੰ ਜ਼ਾਲਮਾਂ ਤੰਗ ਕੀਤਾ, ਚੁਪ ਰਹਿਣ ਦੇ ਹੋਰ ਨਾ ਫੋਲ ਮੈਨੂੰ।
ਬਿਨੇ ਆਖਰੀ ਪੰਥ ਦੇ ਤਾਂਈਂ, ਔਗਣ ਬਖਸ਼ਣੇ ਸਮਝ ਕੇ ਢੋਲ ਮੈਨੂੰ।
ਚੋਰ ਧਾੜਵੀ ਡਾਕੂ ਨਾ ਸਮਝ ਲੈਣਾ, ਸੇਵਕ ਸਮਝਣਾ ਅਤੀ ਨਰੋਲ ਮੈਨੂੰ।
ਨੌਕਰਸ਼ਾਹੀ ਦਾ ਕੰਮ ਬਦਨਾਮ ਕਰਨਾ, ਵਾਂਗ ਵੈਰੀ ਦੇ ਰਹੀ ਹੈ ਝੋਲ ਮੈਨੂੰ।
ਔਗਣ ਹਾਰੇ ਦੀ ਫਤਹਿ ਮਨਜ਼ੂਰ ਕਰਨੀ, ਬਖਸ਼ ਦੇਵਣੇ ਦਾਸ ਦੇ ਫੋਲ ਮੈਨੂੰ।
ਲਾਏ ਬਬਰ ਨੇ ਜਥੇ ਸ਼ਹੀਦ ਜਿਹੜੇ, ਕਲਗੀ ਵਾਲਿਆ ਦੁਆਰ ਹੁਣ ਖੋਲ੍ਹ ਮੈਨੂੰ।
ਚੜ੍ਹਨਾ ਸੂਲੀ ਤੇ ਵਾਂਗ ਮਨਸੂਰ ਸਮਝੋ, ਕਰਨਾ ਪਾਰ ਨਾ ਦੇਵਣਾ ਡੋਲ ਮੈਨੂੰ।
ਅੰਤਮ ਬੇਨਤੀ ਸੁਣੀਂ ਨਧੜਕ ਵਾਲੀ, ਰਖੀ ਪਰਬਤ ਦੇ ਵਾਂਗ ਅਡੋਲ ਮੈਨੂੰ।

ਨੋਟ:- { ਬਿਲਕੁਲ ਲਫ਼ਜ਼ ਬਲਫਜ਼ ਅਸਲੀ ਬਿਆਨ ਕੀ ਨਕਲ ਹੈ ਜੋ ਅਦਾਲਤ ਮੇਂ ਤਹਿਰੀਰੀ ਦੀਆ ਗਿਆ ਥਾ। }

# ਗੱਦਾਰ ਅਨੂਪ ਸਿੰਘ ਦੀ ਮੌਤ

ਜੋ ਦੇਸ਼ ਦਰਦੀ ਅਖਬਾਰ ਅੰਮ੍ਰਿਤਸਰ ਵਿਚ ੨੯ ਜੂਨ ੧੯੩੬ ਨੂੰ ਪ੍ਰਕਾਸ਼ਤ ਹੋਈ।

ਅੰਮ੍ਰਿਤਸਰ ੨੨ ਜੂਨ:-ਪਿੰਡ ਮਾਲਕੋ ਥਾਣਾ ਆਦਮ ਪੁਰ ਤੋਂ ਖਬਰ ਆਈ ਹੈ ਕਿ ਅਨੂਪ ਸਿੰਘ ਨੂੰ, ਜੋ ਬਾਰਾਂ ਸਾਲ ਹੋਏ ਬਬਰ ਅਕਾਲੀਆਂ ਦੇ ਮਸ਼ਹੂਰ ਮੁਕੱਦਮੇ ਵਿਚ ਵਾਇਦਾ ਮੁਆਫ ਗਵਾਹ ਸੀ, ਕਿਸੇ ਨੇ ਕਤਲ ਕਰ ਦਿਤਾ ਅਤੇ ਉਸਦੇ ੧੩ ਸਾਲਾ ਉਮਰ ਦੇ ਬਚੇ ਨੂੰ ਭੀ ਕਤਲ ਕਰ ਦਿਤਾ, ਕਿਹਾ ਜਾਂਦਾ ਹੈ ਕਿ ਕਾਤਲਾਂ ਨੂੰ ਅਨੂਪ ਸਿੰਘ ਦੀ ਵਹੁਟੀ ਨੇ ਬਥੇਰੀਆਂ ਮਿੰਨਤਾਂ ਕੀਤੀਆਂ ਸਨ ਕਿ ਮੈਨੂੰ ਵੀ ਕਤਲ ਕਰੋ! ਪਰ ਕਾਤਲਾਂ ਨੇ ਕਿਹਾ ਕਿ 'ਤੇਰੇ ਪਤੀ ਨੇ ਬਹੁਤ ਸਾਰੇ ਅਕਾਲੀਆਂ ਨੂੰ ਫਾਂਸੀ ਦੇ ਤਖਤੇ ਪੁਰ ਚੜ੍ਹਾ ਕੇ, ਉਨ੍ਹਾਂ ਦੀਆਂ ਜਨਾਨੀਆਂ ਨੂੰ ਹਮੇਸ਼ਾ ਲਈ ਰੋਣ ਵਾਸਤੇ ਛਡ ਗਿਆ। ਇਸ ਲਈ ਅਸੀਂ ਭੀ ਤੈਨੂੰ ਜੀਊਂਦੀ ਹੀ ਛਡਦੇ ਹਾਂ ਤਾਕਿ ਤੂੰ ਵਿਧਵਾ ਹੋ ਕੇ ਉਹਨਾਂ ਭੈਣਾਂ ਦੀ ਤਰਾਂ ਰੋਂਦੀ ਰਹੇਂ। ਪੁਲਸ ਕਾਤਲਾਂ ਦੀ ਪੜਤਾਲ ਕਰ ਰਹੀ ਹੈ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

੧ ੴ ਵਾਹਿਗੁਰੂ ਜੀ ਕੀ ਫਤਹਿ ॥

ਸ੍ਰੀ ਗੁਰੂ ਦੇਵ ਜੀ ਦੇ ਘਰੋਂ ਦਰੋਂ ਵਰਸਾਇ ਹੋਇ ਪ੍ਰਸਿੱਧ

# ਲਿਖਾਰੀਆਂ ਦੀ ਲੜੀ

ਪਹਿਲੇ ਲਿਖਾਰੀ ਸ੍ਰੀਮਾਨ ਭਾਈ ਪੈੜਾ ਮੋਖਾ ਜੀ

ਦੂਜੇ ਲਿਖਾਰੀ ਸ੍ਰੀਮਾਨ ਭਾਈ ਗੁਰਦਾਸ ਜੀ

ਤੀਜੇ ਲਿਖਾਰੀ ਸ੍ਰੀਮਾਨ ਭਾਈ ਨੰਦ ਲਾਲ ਜੀ

ਚੌਥੇ ਲਿਖਾਰੀ ਸ੍ਰੀਮਾਨ ਚੂੜਾਮਣ ਕਵੀ ਸੰਤੋਖ ਸਿੰਘ ਜੀ

ਹੋਰ ਲਿਖਾਰੀਆਂ ਦੇ ਜੀਵਨ ਅਖਰ ਕਰਮ ਅਨੁਸਾਰ ਅੰਦਰ ਪੜ੍ਹੋ ।

ਦਾਸ ਵਿਸਾਖਾ ਸਿੰਘ ਸੰਤ ਸਿਪਾਹੀ

Digitized by Panjab Digital Library | www.panjabdigilib.org

# ਭਾਈ ਪੈੜਾ ਮੋਖਾ ਜੀ

ਸਿੱਖ ਕੌਮ ਦਾ ਪਹਿਲਾ ਇਤਿਹਾਸ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹੁਕਮ ਅਨੁਸਾਰ ਭਾਈ ਬਾਲਾ ਜੀ ਨੇ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ ਸਾਰੇ ਸਫਰਾਂ ਵਿਚ ਰਹੇ ਹਨ, ਸ੍ਰੀ ਖੰਡੂਰ ਸਾਹਿਬ ਜੀ ਵਿਖੇ ਜਨਮ ਸਾਖੀ ਗੁਰਮਖੀ ਅਖਰਾਂ ਵਿਚ ਲਿਖਵਾਈ। ਜੋ ਭਾਈ ਬਾਲੇ ਵਾਲੀ ਜਨਮ ਸਾਖੀ ਕਰਕੇ ਪ੍ਰਸਿਧ ਹੈ। ਦੇਖੋ ਪਹਿਲੀ ਜਿਲਦ ਸਫਾ ਨੰ: ੨੫।

{ਪੜ੍ਹੋ ਜਨਮ ਸਾਖੀ ਭਾਈ ਬਾਲੇ ਵਾਲੀ}

# ਭਾਈ ਗੁਰਦਾਸ ਜੀ

ਆਪ ਜੀ ਦਾ ਜਨਮ ੧੬੦੦–੧੬੦੧ ਦੇ ਦਰਮਿਆਨ ਪਿੰਡ ਬਾਸਰ ਕੇ ਜ਼ਿਲਾ ਅੰਮ੍ਰਿਤਸਰ ਵਿਖੇ ਭਾਈ ਈਸ਼ਰ ਦਾਸ ਭੱਲਾ ਜੀ ਦੇ ਘਰ ਹੋਇਆ। ਬਚਪਨ ਵਿਚ ਹੀ ਗੁਰੂ ਅਮਰਦਾਸ ਜੀ ਨਾਲ ਗੋਇੰਦਵਾਲ ਆ ਗਏ। ਇਥੇ ਹੀ ਸਿਖੀ ਤੇ ਹੋਰ ਧਰਮਾਂ ਦੀ ਵਿਦਿਆ ਚੰਗੀ ਤਰਾਂ ਪੜ੍ਹੀ। ਗੁਰੂ ਅਮਰ ਦਾਸ ਜੀ ਨੇ ਆਪ ਦੀ ਤਨਖਾਹ ਬੱਧੀ ਅਤੇ ਆਪ ਨੂੰ ਚੰਬੇ ਵਲ ਪ੍ਰਚਾਰ ਲਈ ਭੇਜਿਆ। ਗੁਰੂ ਰਾਮਦਾਸ ਤੇ ਗੁਰੂ ਅਰਜਨ ਸਾਹਿਬ ਜੀ ਸਮੇਂ ਆਪ ਬਨਾਰਸ, ਆਗਰਾ, ਲਖਨਊ ਤੇ ਬਰਹਾਨ ਪੁਰ ਆਦਿਕ ਥਾਵਾਂ ਤੇ ਸਿਖੀ ਪ੍ਰਚਾਰ ਦੀ ਸੇਵਾ ਕਰਦੇ ਰਹੇ। ਬਨਾਰਸ ਵਰਗੇ ਵਿਦਿਆ ਕੇਂਦਰ ਵਿਚ ਸਿਖੀ ਸਿਧਾਂਤਾਂ ਦਾ ਸਿਕਾ ਜਮਾਉਣਾ ਆਪ ਦਾ ਹੀ ਕੰਮ ਸੀ।

ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਪਿਛੋਂ ਪ੍ਰਿਥੀ ਚੰਦ ਨੇ ਕਾਫੀ ਗੜਬੜ ਕਰਕੇ ਸਿਖਾਂ ਨੂੰ ਗੁਮਰਾਹ ਕੀਤਾ, ਇਸ ਵੇਲੇ ਦੇ ਪਏ ਬਖੇੜਿਆਂ ਅਤੇ ਝਗੜੇ ਝੇੜਿਆਂ ਨੂੰ ਭਾਈ ਗੁਰਦਾਸ ਜੀ ਤੇ ਬਾਬਾ ਬੁਢਾ ਸਿੰਘ ਜੀ ਆਦਿ ਸਿਖਾਂ ਨੇ ਹੀ ਸਿਆਣਪ ਨਾਲ ਨਿਪਟਿਆ। ਫਿਰ ਜਦੋਂ ਗੁਰੂ ਅਰਜਨ ਦੇਵ ਜੀ ਨੇ ਹਿੰਦੁਸਤਾਨ ਭਰ ਦੇ ਮਹਾਂ ਪੁਰਸ਼ਾਂ ਤੇ ਸਤਿਗੁਰੂਆਂ ਦੀ ਬਾਣੀ ਦੇ ਸੰਪਾਦਨ ਦਾ ਮਹਾਨ ਕਾਰਜ ਅਰੰਭਿਆ, ਉਸ ਵੇਲੇ ਸਭ ਤੋਂ ਵਧੀਕ ਸੰਪਾਦਨ ਦੀ ਸੇਵਾ ਭਾਈ ਸਾਹਿਬ ਜੀ ਨੇ ਹੀ ਕੀਤੀ ਸੀ।

ਆਪ ਦੀ ਰਚਨਾ ਹਿੰਦੀ ਤੇ ਪੰਜਾਬੀ ਦੋਹਾਂ ਭਾਸ਼ਾਂ ਵਿਚ ਮਿਲਦੀ ਸੀ। ਹਿੰਦੀ ਦੇ ਛੰਦ, ਕਬਿਤ, ਸਵੱਈਏ ਪਪਣ ਨਾਮ ਤੇ ਪ੍ਰਸਿਧ ਹਨ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਆਪ ਜੀ ਦੇ ੧੧੯ ਕਬਿਤ ਹੋਰ ਲੱਭ ਕੇ ਪ੍ਰਕਾਸ਼ਤ ਕਰਵਾਏ ਹਨ। ਪੰਜਾਬੀ ਵਿਚ ਚਾਲ੍ਹੀ ਵਾਰਾਂ ਮਸ਼ਹੂਰ ਹਨ, ਪਹਿਲੀ ਵਾਰ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਦਿਗਵਿਜਈ ਪ੍ਰਚਾਰ ਯਾਤਰਾ ਤੇ ਬਾਕੀ ਪੰਜ ਗੁਰੂਆਂ ਦੀ ਸੰਖੇਪ ਕਥਾ ਦਰਜ ਹੈ। ਇਸ ਵਾਰ ਵਿਚ ਮਾਨੋ ਕਵੀ ਜੀ ਨੇ ਆਪਣੇ ਹੀਰੋ ਸਤਿਗੁਰੂ ਦੀ ਸਿਧਾਂਤਕ ਜਿਤ ਦਰਸਾਈ ਹੈ। ੧੦ਵੀਂ ਵਾਰ ਵਿਚ ਹਿੰਦੁਸਤਾਨ ਦੀ ਪਰਾਚੀਨ ਭਗਤਾਂ, ਧ੍ਰੂ, ਪ੍ਰਹਿਲਾਦ, ਬਲੀ, ਅੰਬਰੀਕ, ਜਨਕ, ਹਰੀ ਚੰਦ, ਬਿਦਰ, ਦ੍ਰੋਪਦੀ, ਸੁਦਾਮਾ, ਜੈ ਦੇਵ, ਨਾਮ ਦੇਵ, ਤ੍ਰਿਲੋਚਨ, ਧੰਨਾ, ਕਬੀਰ, ਸੈਣ, ਰਵਿਦਾਸ, ਗੋਤਮ, ਬਾਲਮੀਕ, ਅਜਾਮਲ, ਗਨਕਾ, ਪੂਤਨਾ ਤੇ ਬਧਿਕ ਆਦਿ ਦੀ ਇਕ ਪਾਉੜੀ ਵਿਚ ਸੰਖੇਪ ਵਾਰਤਾ ਬਿਆਨ ਕੀਤੀ ਹੈ। ੧੧ਵੀਂ ਵਾਰ ਇਤਿਹਾਸਕ ਤੌਰ ਤੇ ਬਹੁਮੁਲੀ ਚੀਜ਼ ਹੈ ਉਸੇ ਵਿਚ ਗੁਰੂ ਸਾਹਿਬ ਦੇ ਸਮਕਾਲੀ ਸਿਖਾਂ ਦੇ ਨਾਮ ਦਿਤੇ ਗਏ ਹਨ। ੩੬ਵੀਂ ਪ੍ਰਿਥੀ ਚੰਦ ਦੇ ਦੋਸ਼ਾਂ ਫਰੇਬਾਂ ਦਾ ਪਾਜ ਖੋਹਲਣ ਲਈ ਲਿਖੀ ਗਈ ਜੋ ਇਸ ਨੂੰ ਮੀਣਿਆਂ ਦੀ ਵਾਰ ਵੀ ਆਖਿਆ ਜਾਂਦਾ ਹੈ। ਮੀਣਾ ਇਕ ਨੀਚ ਜਾਤੀ ਦਾ ਨਾਮ ਹੈ।

Digitized by Panjab Digital Library | www.panjabdigilib.org

ਵਿਰੋਧੀਆਂ ਦੀ ਨੀਚਤਾ ਪ੍ਰਗਟਾਉਣ ਲਈ ਇਹ ਨਾਮ ਪਚਲਤ ਹੋਇਆ ਸੀ। ਸਮੁਚੇ ਤੌਰ ਤੇ ਭਾਈ ਗੁਰਦਾਸ ਜੀ ਦੀ ਰਚਨਾ ਗੁਰਮਤ ਸਿਖ ਸਿਧਾਂਤ ਨੂੰ ਸਾਫ ਸਮਝਾਉਣ ਵਾਲੀ ਹੋਣ ਕਰਕੇ "ਗੁਰਬਾਣੀ ਦੀ ਕੁੰਜੀ" ਦੇ ਨਾਮ ਨਾਲ ਯਾਦ ਕੀਤੀ ਕੀਤੀ ਜਾਂਦੀ ਹੈ। ਆਪ ਦਾ ਦੇਹਾਂਤ ਗੋਇੰਦਵਾਲ ਵਿਚ ੧੬੯੪ ਬਿ: ਭਾਦੋਂ ਸੁਦੀ ੮ ਨੂੰ ਹੋਇਆ।

# ਭਾਈ ਨੰਦ ਲਾਲ ਜੀ

ਆਪ ਜੀ ਦਾ ਜਨਮ ੧੬੩੩ ਈ: ਨੂੰ ਗਜਨੀ ਅੰਦਰ ਛਜੂ ਰਾਮ ਜੀ ਦੇ ਘਰ ਹੋਇਆ। ਬਾਦ ਵਿਚ ਛਜੂ ਰਾਮ ਜੀ ਪਰਵਾਰ ਸਮੇਤ ਮੁਲਤਾਨ ਆ ਰਹੇ। ਨੰਦ ਲਾਲ ਜੀ ਦੀ ਸ਼ਾਦੀ ਇਕ ਸਿਖ ਘਰਾਣੇ ਵਿਚ ਹੋਣ ਕਰਕੇ ਇਨ੍ਹਾਂ ਦੇ ਹਿਰਦੇ ਵਿਚ ਸਿਖੀ ਸ਼ਰਧਾ ਦਾ ਬੂਟਾ ਉਗਮਿਆ। ਆਪ ਦੀ ਲਿਆਕਤ ਦਾ ਸਿੱਕਾ ਸਾਰੇ ਮੰਨਦੇ ਸਨ। ਇਸੇ ਕਾਬਲੀਅਤ ਦੇ ਸਦਕੇ ਕਾਫੀ ਸਮਾਂ ਆਪ ਬਹਾਦਰ ਸ਼ਾਹ ਦੇ ਮੀਰ ਮੁਨਸ਼ੀ ਵੀ ਰਹੇ। ਫਿਰ ਕਈ ਕਾਰਨਾਂ ਕਰਕੇ ਨੌਕਰੀ ਛਡ ਕੇ ਅਨੰਦ ਪੁਰ ਸ੍ਰੀ ਦਸਮੇਸ਼ ਜੀ ਪਾਸ ਆ ਬਿਰਾਜੇ। ਇਥੇ ਰਹਿੰਦਿਆਂ ਹੀ ਆਪ ਨੇ ਜ਼ਿਆਦਾ ਰਚਨਾ ਰਚੀ। ਇਕ ਵਾਰ ਭਾਈ ਨੰਦ ਲਾਲ ਜੀ ਨੇ ਕਲਗੀਧਰ ਜੀ ਨੂੰ ਬੇਨਤੀ ਕੀਤੀ, "ਸਚੇ ਪਾਤਸ਼ਾਹ ਮੈਨੂੰ ਵੀ ਕ੍ਰਿਪਾਨ ਪਹਿਨਾ ਦਿਉ।" ਗੁਰੂ ਸਾਹਿਬ ਮੁਸਕਰਾ ਕੇ ਆਖਣ ਲਗੇ ਤੁਹਾਡੇ ਲਈ ਮੈਂ ਜੋ ਪਹਿਨ ਰਖੀ ਹੈ, ਤੁਸੀਂ ਕਲਮ ਹੀ ਚਲਾਉ। ਭਾਈ ਜੀ ਦੀਆਂ ਫਾਰਸੀ ਰਚਨਾਵਾਂ ਵਿਚੋਂ ਸਭ ਤੋਂ ਵਧੀਕ ਪ੍ਰਸਿਧ "ਦੀਵਾਨੇ ਗੋਇਆ" ਹੈ ਜੋ ਕਿ "ਗਜਲਾ" ਨਾਮ ਕਰਕੇ ਮਸ਼ਹੂਰ ਹੈ। ਦੇਹਾਂਤ ੧੭੦੫ ਈ: ਨੂੰ ਮੁਲਤਾਨ ਵਿਚ ਹੋਇਆ। ਰਚਨਾਵਾਂ ਇਹ ਹਨ:–

(੧) ਜ਼ਿੰਦਗੀ ਨਾਮਾ, (੨) ਜੰਗ ਨਾਮਾ, (੩) ਦੀਵਾਨੇ ਗੋਇਆ, (੪) ਤੌਸੀ ਫੌਸਨਾ, (੫) ਜੋਤਿ ਵਿਗਾਸ, (੬) ਇਨਸ਼ਾ ਦਸਤੂਰ, (੭) ਅਰਜੂਲ ਇਲਫਾਜ਼, (੮) ਖਾਤਮਹ, (੯) ਤਨਖਾਹ ਨਾਮਾ (ਹਿੰਦੀ)।

# ਚੂੜਾ-ਮਣ ਕਵੀ ਭਾਈ ਸੰਤੋਖ ਸਿੰਘ ਜੀ

ਆਪ ਜੀ ਦਾ ਜਨਮ ਸ: ਦੇਵਾ ਸਿੰਘ ਜੀ ਦੇ ਘਰ ਪਿੰਡ ਬੂੜੀਆ (ਰਿ: ਪਟਿਆਲਾ) ਵਿਖੇ ੧੮੪੫ ਬਿ: ਨੂੰ ਹੋਇਆ। ਵਿਦਿਆ ਗਿਆਨੀ ਭਾਈ ਸੰਤ ਸਿੰਘ ਜੀ ਤੋਂ ਪ੍ਰਾਪਤ ਕੀਤੀ। ਆਪ ਜੀ ਦੇ ਰਚਿਤ ਪੁਸਤਕ ਇਹ ਹਨ:—

(੧) ਸ੍ਰੀ ਨਾਨਕ ਪ੍ਰਕਾਸ਼, (੨) ਗੁਰ ਪ੍ਰਤਾਪ ਸੂਰਜ, (੩) ਗਰਬ ਗੰਜਨੀ (ਜਪੁ ਜੀ ਸਟੀਕ) (੪) ਅਮਰ ਕੋਸ (ਅਨੁਵਾਦ), (੫) ਆਤਮ ਪੁਰਾਣ (ਅਨੁਵਾਦ), (੬) ਬਾਲਮੀਕ ਰਮਾਇਣ (ਅਨੁਵਾਦ) ਆਦਿ।

ਆਪ ਜੀ ਦਾ ਦੇਹਾਂਤ ੧੯੦੦ ਬਿ: ਨੂੰ ਹੋਇਆ।

ਨੋਟ:– ਗੁਰਦੁਆਰਿਆਂ ਅਤੇ ਤਖਤਾਂ ਤੇ ਆਪ ਜੀ ਦੀ ਲਿਖਤ, ਭਾਈ ਗੁਰਦਾਸ ਜੀ ਦੀ ਲਿਖਤ, ਭਾਈ ਨੰਦ ਲਾਲ ਜੀ ਦੀ ਲਿਖਤ ਪੜ੍ਹਨ ਦੀ ਆਗਿਆ ਹੈ।

Digitized by Panjab Digital Library | www.panjabdigilib.org

ਉਪਰੋਕਤ ਗੁਰੂ ਘਰ ਦੇ ਮੁਖ ਲਿਖਾਰੀਆਂ ਤੋਂ ਬਿਨਾ ਅਗੇ ਬਾਕੀ ਲਿਖਾਰੀਆਂ ਦੇ ਜੀਵਨ ਅਖਰ ਕ੍ਰਮ ਅਨੁਸਾਰ ਪੜ੍ਹੋ

## ਸ: ਉਜਾਗਰ ਸਿੰਘ ਭੌਰਾ

ਆਪ ਨੇ ੧੯੩੧ ਵਿਚ ਲਾਹੌਰ ਤੋਂ "ਸਿਖ ਜਰਨੈਲ" ਪਰਚਾ ਪੰਜਾਬੀ ਵਿਚ ਕਢਣਾ ਸ਼ੁਰੂ ਕੀਤਾ। ਜਿਸ ਦੇ ਜ਼ਰੀਏ ਰਿਆਸਤੀ ਪਰਜਾ ਵਿਚ ਅਜ਼ਾਦੀ ਦਾ ਪ੍ਰਚਾਰ ਆਪ ਨੇ ਲਕ ਬੰਨ੍ਹ ਕੇ ਕੀਤਾ। ਹੁਣ ਇਹ ਪੱਤਰ ਬਰਨਾਲੇ ਤੋਂ ਪ੍ਰਕਾਸ਼ਤ ਹੁੰਦਾ ਹੈ। ਆਪ ਜੀ ਸ: ਸੇਵਾ ਸਿੰਘ ਸ਼ਹੀਦ ਠੀਕਰੀ ਵਾਲੇ ਦੇ ਬਚਨਾ ਤੇ ਫੁਲ ਚੜ੍ਹਾਉਂਦੇ ਹੋਏ ਮਦਾਨ ਵਿਚ ਕੁਦੇ ਹਨ।

## ਸ: ਅਮਰਾਉ ਸਿੰਘ ਸ਼ੇਰ ਗਿਲ ਮਜੀਠਾ

ਆਪ ਚੋਣਵੇਂ ਵਿਚਾਰਵਾਨ ਹਨ, ਧਾਰਮਕ ਖੋਜ, ਕੋਮਲ ਹੁਨਰ ਅਤੇ ਇਤਹਾਸਕ ਖੋਜ ਨਾਲ ਆਪ ਦੀ ਚੰਗੀ ਦਿਲਚਸਪੀ ਹੈ। ਆਪ ਦੀ ਸਪੁਤਰੀ ਬੀਬੀ ਅੰਮ੍ਰਿਤ ਕੌਰ ਸ਼ੇਰ ਗਿਲ ਨੇ ਚਿਤਰਕਲਾ ਵਿਚ ਕੌਮਾਂਤਰੀ ਪ੍ਰਸਿਧੀ ਪ੍ਰਾਪਤ ਕੀਤੀ, ਜੋ ਅਰੰਭਿਆ ਕਾਰਜ ਛਡ ਕੇ ਸਦਾ ਲਈ ਹੀ ਵਿਛੋੜਾ ਦੇ ਗਈ। ਚਾਹੇ ਆਪ ਨੇ ਕੋਈ ਕਿਤਾਬ ਤਾਂ ਨਹੀਂ ਲਿਖੀ ਪਰ ਕਦੀ ਕਦੀ ਪੱਤਰਾਂ ਵਿਚ ਵਿਸ਼ੇਸ਼ ਲੇਖ ਦਿੰਦੇ ਰਹਿੰਦੇ ਹਨ। ਬਹੁਤ ਉਚੇ ਉਤਮ ਵਿਚਾਰ ਦੇ ਮਾਲਕ ਹਨ।

## ਅਮਰ ਸਿੰਘ ਸ਼ੇਰਿ ਪੰਜਾਬ

ਆਪ ਉਰਦੂ ਪੱਤਰਕਾਰੀ ਵਿਚ ਇਕ ਖਾਸ ਥਾਂ ਰਖਣ ਵਾਲੇ ਲਿਖਾਰੀ ਸਨ। ਉਨ੍ਹਾਂ ਆਪਣੇ ਹਫਤੇਵਾਰੀ ਅਖਬਾਰ 'ਸ਼ੇਰਿ ਪੰਜਾਬ' ਰਾਹੀਂ ਸਿਖ ਇਤਿਹਾਸ ਦੀ ਤੇ ਪੰਥ ਦੀ ਬੜੀ ਸੇਵਾ ਕੀਤੀ ਹੈ। ਆਪ ਦਾ ਜਨਮ ਪਿੰਡੀ ਘੇਪ ਜ਼ਿਲਾ ਰਾਵਲਪਿੰਡੀ ਵਿਚ ਸਰਦਾਰ ਗੁਲਾਬ ਸਿੰਘ ਜੀ ਦੇ ਘਰ ਹੋਇਆ। ਜਿਥੇ ਆਪ ਉਰਦੂ ਨਸਰ ਦੇ ਚੰਗੇ ਲਿਖਾਰੀ ਸਨ, ਉਥੇ ਉਰਦੂ ਤੇ ਫਾਰਸੀ ਦੇ ਕਵੀ ਭੀ ਸਨ। ਵਿਅੰਗ ਭਰਪੂਰ ਚੋਟ ਕਰਨੀ ਆਪ ਦੀ ਲਿਖਤ ਦਾ ਖਾਸ ਗੁਣ ਸੀ। ਆਰੀਆ ਸਮਾਜੀਆਂ, ਮਰਜਈਆਂ ਤੇ ਹੋਰ ਵਿਰੋਧੀਆਂ ਨੂੰ ਚੰਗਾ ਕਰਾਰਾ ਉਤਰ ਦੇਂਦੇ ਸਨ। ਪੰਥ ਦੇ ਰਾਜਨੀਤਕ ਛੇਤਰ ਵਿਚ ਆਪ ਨੇ ਬਾਬਾ ਖੜਕ ਸਿੰਘ ਤੇ ਗਿ: ਸ਼ੇਰ ਸਿੰਘ ਜੀ ਨਾਲ ਮਿਲ ਕੇ ਕਾਫੀ ਸੇਵਾ ਕੀਤੀ। ਆਪ ਦੇ ਕੀਮਤੀ ਲੇਖ ਤੇ ਨਜ਼ਮਾਂ ਸ਼ੇਰਿ ਪੰਜਾਬ ਦੀਆਂ ਫਾਇਲਾਂ ਵਿਚ ਖਿੰਡੀਆਂ ਪੁੰਡੀਆਂ ਪਾਈਆਂ ਜਾਂਦੀਆਂ ਹਨ। ਉਹਨਾਂ ਨੂੰ ਤਰਤੀਬ ਸਿਰ ਸਿੰਚਤ ਕਰਨ ਦੀ ਲੋੜ ਹੈ। ਦਿਹਾਂਤ ੯ ਜੁਲਾਈ ੧੯੪੮ ਈਸਵੀ ਨੂੰ ਦਿਲੀ ਵਿਚ ਹੋਇਆ।

## ਅਕਾਲੀ ਕੌਰ ਸਿੰਘ ਜੀ

ਆਪ ਦੀ ਮਹਾਨ ਵਿਅਕਤੀ ਉਨ੍ਹਾਂ ਸਿਦਕੀ ਸਿਖਾਂ ਜੈਸੀ ਹੈ ਜਿਨ੍ਹਾਂ ਦਾ ਦਰਸ਼ਨ, 'ਗੁਰਮਖਾਂ ਦਾ ਮੇਲ' ਆਖ ਕੇ ਰੋਜ਼ ਅਰਦਾਸ ਵਿਚ ਮੰਗਿਆ ਜਾਂਦਾ ਹੈ। ਆਪ ਜੀ ਨੇ ਸਿਖ ਸਾਹਿਤਕ ਦੁਨੀਆਂ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਤਤਕਰਾ "ਸ੍ਰੀ ਗੁਰੂ ਸਬਦ ਰਤਨਾਕਰ ਪ੍ਰਕਾਸ਼" ਲਿਖ ਕੇ ਕੌਮ ਦੀ ਮਹਾਨ ਸੇਵਾ ਕੀਤੀ ਹੈ। ਇਸ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਸੇ ਤੁਕ ਦਾ ਪੰਨਾ ਦੇਖ ਕੇ ਪੂਰੀ ਤੁਕ ਲੱਭ ਸਕਦੇ ਹੋ। ਆਪ ਨੇ ਇਹ ਕੰਮ ੧੯੦੭ ਈ: ਵਿਚ ਅਰੰਭਿਆ ਸੀ ਤੇ ੧੦ ਮਾਰਚ ੧੯੩੨ ਈ: ਨੂੰ ਪਿਸ਼ਾਵਰ ਵਿਚ ਪੂਰਾ ਕੀਤਾ। ਇਸ ਕੰਮ ਵਿਚ ਆਪ ਜੀ ਦੀ ਸਹਾਇਤਾ ਭਾਈ ਗੰਡਾ ਸਿੰਘ ਜੀ, ਭਾਈ ਜਗਨ ਨਾਥ ਸਿੰਘ ਤੇ ਅਕਾਲੀ ਹਜ਼ੂਰਾ ਸਿੰਘ ਆਦਿ ਨੇ ਕਾਫੀ ਕੀਤੀ ਹੈ।

ਆਪ ਜੀ ਦਾ ਜਨਮ ਪਿੰਡ ਪਧਰ (ਚਕਾਰ ਲਾਗੇ) ਰਿਆਸਤ ਕਸ਼ਮੀਰ ਵਿਚ ਭਾਈ ਮਹਾਂ ਸਿੰਘ

Digitized by Panjab Digital Library | www.panjabdigilib.org

ਜੀ ਦੇ ਘਰ ਮਹੀਨਾ ਹਾੜ ੧੯੪੩ ਬਿਕਰਮੀ (੧੮੮੬ ਈ:) ਵਿਚ ਹੋਇਆ। ਚਕਾਰ ਵਿਖੇ ੧੯੨੧ ਈਸਵੀ ਵਿਚ ਇਕ ਆਸ਼ਰਮ ਖੋਲ੍ਹਿਆ, ਜਿਥੇ ਆਪ ਵਿਦਿਆਰਥੀਆਂ ਨੂੰ ਵਿਦਿਆ ਦੇਣ ਦਾ ਪ੍ਰਬੰਧ ਕਰਦੇ ਰਹੇ। ਸੈਂਕੜੇ ਗਰੀਬਾਂ ਨੂੰ ਮੁਫਤ ਪੜ੍ਹਾਇਆ। ਇਕ ਚੰਗੀ ਲਾਇਬਰੇਰੀ ਵੀ ਬਣਵਾਈ, ਜਿਸ ਵਿਚ ਚਾਰ ਹਜ਼ਾਰ ਤੋਂ ਵਧੀਕ ਪੁਸਤਕਾਂ ਸਨ। ਕੂਕਾ ਪੱਤਰਾ ਪਾਠ ਵੇਲੇ ਪਹਿਲੀ ਕੂਕਾ ਕੁਫਰ ਤੋੜ ਕਾਨਫਰੰਸ ਦੇ ਦਾਸ ਨਾਲ ਪੰਜ ਪ੍ਰਧਾਨਾਂ ਵਿਚੋਂ ਸਨ। ਆਪ ਜੀ ਦੀਆਂ ਰਚਨਾਂਵਾਂ ਇਹ ਹਨ:—

੧. ਸ੍ਰੀ "ਗੁਰ ਸ਼ਬਦ ਰਤਨਾਗਰ ਪ੍ਰਕਾਸ਼"
੨. "ਸ੍ਰੀ ਗੁਰ ਸੋਭਾ" (ਸੰਪਾਦਨ ਕੀਤੀ)
੩. ਇਸਤਰੀ ਸੰਕਟ ਮਚੋਨ

## ਸ: ਅਰਜਨ ਸਿੰਘ ਜੀ ਚਿਤ੍ਰਕਾਰ ਤੇ ਐਡੀਟਰ

ਸ੍ਰੀ ਮਾਨ ਸ: ਅਰਜਨ ਸਿੰਘ ਜੀ ਉਨ੍ਹਾਂ ਚੋਟੀ ਦੇ ਚਿਤ੍ਰਕਾਰਾਂ ਵਿਚੋਂ ਇਕ ਸਨ, ਜਿਨ੍ਹਾਂ ਦੀ ਚਿੱਤ੍ਰਕਲਾ ਨੂੰ ਪੰਜਾਬ ਵਿਚ ਹੀ ਨਹੀਂ ਸਗੋਂ ਸਾਰੇ ਹਿੰਦੁਸਤਾਨ ਵਿਚ ਮਾਨ ਪ੍ਰਾਪਤ ਸੀ। ਆਪ ਆਪਣੇ ਸਮੇਂ ਦੇ ਹਿੰਦੁਸਤਾਨ ਵਿਚ ਦੂਜੇ ਦਰਜੇ ਦੇ ਚਿਤ੍ਰਕਾਰ ਸਨ।

ਜਨਮ:—ਆਪ ਜੀ ਦਾ ਜਨਮ ਸ: ਸੰਤਾ ਸਿੰਘ ਦੇ ਘਰ ਪਿੰਡ ਖੁਸਰੋ ਪੁਰ ਜ਼ਿਲਾ ਜਲੰਧਰ ਵਿਖੇ ਲਗ ਪਗ ੧੯੦੨ ਵਿਚ ਹੋਇਆ।

ਬਾਲਪਣ:-ਆਪ ਦਾ ਬਾਲਪਣ ਆਪਣੇ ਮਾਤਾ ਪਿਤਾ ਦੀ ਗੋਦ ਵਿਚ ਲੰਘਿਆ ਹੀ ਸੀ ਕਿ ਆਪ ਦੀ ਮਾਤਾ ਜੀ ਪ੍ਰਲੋਕ ਗਮਨ ਕਰ ਗਏ ਅਤੇ ਆਪ ਨੂੰ ਮਾਮਛੋਹਰ ਬਣਾ ਗਏ।

ਵਿਦਿਆ:—ਆਪ ਨੇ ਮੁਢਲੀ ਵਿਦਿਆ ਪ੍ਰਾਇਮਰੀ ਸਕੂਲ ਵਿਚ ਪ੍ਰਾਪਤ ਕੀਤੀ ਅਤੇ ਦਸਵੀਂ ਜਮਾਤ ਵਿਚ ਵਜ਼ੀਫਾ ਪ੍ਰਾਪਤ ਕੀਤਾ।

ਅਨੰਦ ਕਾਰਜ:—ਆਪ ਜੀ ਦਾ ਸ਼ੁਭ ਅਨੰਦ ਕਾਰਜ ਬੀਬੀ ਜੁਆਲਾ ਕੌਰ ਸਪੁਤਰੀ ਸ: ਸ਼ਾਮ ਸਿੰਘ ਜੀ ਕਿਸ਼ਨ ਪੁਰਾ ਨਾਲ ਪੂਰਨ ਗੁਰਮਤਿ ਅਨੁਸਾਰ ਹੋਇਆ। ਬੀਬੀ ਜੀ ਦੇ ਪਿਤਾ ਤੇ ਵੀਰ ਨਿਰੰਜਨ ਸਿੰਘ ਜੀ ਤੇ ਸਾਹੁਰੇ ਦਾਦਕਿਆਂ ਵਾਲਿਆਂ ਸਹਿਤ ਆਪ ਨਾਲ ਏਨਾਂ ਗੂੜ੍ਹਾ ਸੰਦੇਹ ਵੇਖਿਆ ਕਿ ਕੋਈ ਸਮਝ ਨਹੀਂ ਸਕਦਾ ਸੀ ਕਿ ਆਪੋ ਵਿਚ ਕੀ ਸਬੰਧ ਹੈ।

ਕੰਮ:—ਆਪ ਨੇ ਦਸਵੀਂ ਪਾਸ ਕਰਕੇ ਚਿਤ੍ਰਕਾਰੀ ਦਾ ਕੰਮ ਸਿਖਣਾਂ ਆਰੰਭ ਕੀਤਾ। ਆਪ ਥੋੜੇ ਚਿਰ ਵਿਚ ਹੀ ਚੋਟੀ ਦੇ ਚਿੱਤਰਕਾਰ ਬਣ ਗਏ। ਕਲਕਤੇ ਵਿਚ ਚਿਤ੍ਰਕਾਰਾਂ ਦੀ ਹੋਈ ਨੁਮਾਇਸ਼ ਵਿਚ ਪੰਜਾਬ ਤੇ ਬੰਗਾਲ ਵਿਚੋਂ ਇਕ ਬੰਗਾਲੀ ਅਫਸਰ ਨੇ ਪਹਿਲਾ ਨੰਬਰ ਦਿਤਾ। ਵਡੇ ਸਾਇਜ਼ ਦੇ ਆਪ ਦੇ ਹਥਾਂ ਦੇ ਤਿਆਰ ਕੀਤੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਦਸਮੇਸ਼ ਜੀ ਦੇ ਫੋਟੋ, ਗੁਰ ਅਸਥਾਨ, ਤਖਤ ਸ੍ਰੀ ਕੇਸ ਗੜ੍ਹ ਸਾਹਿਬ, ਤਖਤ ਸ੍ਰੀ ਹਜ਼ੂਰ ਸਾਹਿਬ, ਕਲਕਤਾ, ਨਾਭਾ, ਪਟਿਆਲਾ, ਫਰੀਦਕੋਟ ਅਤੇ ਗੁਰਦੁਆਰਾ ਕਿਸ਼ਨ ਪੁਰਾ ਵਿਚ ਸ਼ਸੋਭਤ ਹੋ ਰਹੇ ਹਨ। ਉਹ ਸਭ ਆਪ ਦੇ ਹਥਾਂ ਦੇ ਹੀ ਤਿਆਰ ਕੀਤੇ ਹੋਏ ਫੋਟੋ ਹਨ। ਅਕਾਲੀ ਦਲ ਬੰਗਾਲ, ਗੁਰਦੁਆਰਾ ਬੜੀ ਸੰਗਤ ਕਲਕਤਾ ਦੇ ਭੀ ਆਪ ਸਕੱਤਰ ਰਹੇ। ੧੯੨੩ ਵਿਚ ਜੈਤੋ ਦੇ ਮੋਰਚੇ ਸਮੇਂ ਕੈਨੇਡਾ ਵਾਲੇ ਜਥੇ ਦੇ ਸਕੱਤਰ ਰਹੇ। ਮੋਰਚਾ ਫਤਹਿ ਹੋਣ ਪਰ ਫਿਰ ਕਲਕਤੇ ਜਾ ਕੰਮ ਅਰੰਭਿਆ।

੧੯੩੫ ਵਿਚ ਸ: ਭਾਗ ਸਿੰਘ ਜੀ ਪੰਚਾਇਤ ਅਫੀਸਰ, ਸ: ਹਰਬੰਸ ਸਿੰਘ ਜੀ ਜ਼ੈਲਦਾਰ ਅਤੇ ਸ: ਨਿਰੰਜਨ ਸਿੰਘ ਜੀ ਦੇ ਜ਼ਿਰੀਏ, ਦਾਸ ਜਦ ਗੁਰਦੁਆਰਾ ਗੁਰੂ ਨਾਨਕ ਹਰਿਗੋਬਿੰਦ ਸਰ

Digitized by Panjab Digital Library | www.panjabdigilib.org

ਸੋਡੀਵਾਲ ਦੀ ਪ੍ਰਧਾਨਗੀ ਵੇਲੇ ਰਹਿੰਦਾ ਸੀ, ਦਰਸ਼ਨ ਹੋਏ। ਫੇਰ ਕੀ ਸੀ ਪੂਰਬ ਜਨਮ ਕੇ ਸੰਜੋਗੀ ਮਿਲਨ ਅਨੁਸਾਰ ਦਾਸ ਨਾਲ ਐਨਾ ਪ੍ਰੇਮ ਵਧਿਆ ਕਿ ਜਦ ਛੁਟੀ ਔਣਾ ਤਾਂ ਸਾਰਾ ਸਮਾਂ ਦਾਸ ਪਾਸ ਭਜਨ ਸਿਮਟਨ ਵਿਚ ਹੀ ਲੰਘਦਾ ਸੀ। ੧੯੩੭ ਵਿਚ ਦਾਸ ਨੂੰ ਕਿਸ਼ਨ ਪੁਰਾ ਨਿਵਾਸੀਆਂ ਦੀ ਸੇਵਾ ਵਿਚ ਹਾਜ਼ਰ ਹੋ ਕੇ ਪੰਥਕ ਗੁਰਦੁਆਰਾ ਸਾਹਿਬ ਜੀ ਦੀ ਸੇਵਾ ਆਰੰਭੀ। ਕੁਝ ਚਿਰ ਬਾਦ ਜੰਗ ਲਗਣ ਦੇ ਕਾਰਨ ਬਾਹਰੋਂ ਸਮਾਨ ਔਣਾ ਬੰਦ ਹੋ ਗਿਆ। ਆਪ ਜੀ ਇਸ ਸੇਵਾ ਵਿਚ ਹਥ ਵਟਾਉਣ ਲਈ ਕਿਸ਼ਨ ਪੁਰੇ ਦਾਸ ਦੇ ਪਾਸ ਹੀ ਰਹਿਣ ਲਗੇ। ਫਿਰ ਆਪ ਗੁਰਮਤ ਪ੍ਰਚਾਰਕ ਸਿੰਘ ਸਭਾ ਦੇ ਮੈਂਬਰ ਬਣ ਗਏ ਅਤੇ ਵਧਦੇ੨ ਸਭਾ ਦੀ ਸਕੱਤਰੀ ਦੀ ਸੇਵਾਂ ਕਰਨ ਲਗੇ, ਫਿਰ ਸਭਾ ਨੇ ਮਾਲਵੇ ਦਾ ਇਤਿਹਾਸ ਲਿਖਣਾ ਅਰੰਭਿਆ ਜਿਸ ਦੇ ਛੱਪਣ ਦੀ ਲੋੜ ਨੂੰ ਅਨਭਵ ਕਰਕੇ ਸਭਾ ਨੇ ਗੁਰੂ ਦਸਮੇਸ਼ ਪ੍ਰੈਸ ਚਾਲੂ ਕੀਤਾ, ਜਿਸ ਦੇ ਮੈਨੇਜਰ ਆਪ ਜੀ ਥਾਪੇ ਗਏ। ਜਿਸ ਨੂੰ ਆਪ ਨੇ ਆਪਣੀ ਯੋਗਤਾ ਨਾਲ ਨਭਾਇਆ ਅਤੇ ਗੁਰਮਤ ਪ੍ਰਚਾਰਕ ਸਿੰਘ ਸਭਾ ਵਲੋਂ ਜੋ ਗੁਰਮਤ ਸਮਾਚਾਰ ਅਖਬਾਰ ਅਰੰਭ ਹੋਇਆ ਸੀ, ਉਸ ਵੇਲੇ ਆਪ ਜੀ ਨੂੰ ਹੀ ਚੀਫ ਐਡੀਟਰ ਦ ਸੇਵਾ ਕਰਨ ਦਾ ਮਾਨ ਪ੍ਰਾਪਤ ਹੋਇਆ ਸੀ। ਪਰ ਆਪ ਦਾ ਸਰੀਰ ਮੁਢ ਤੋਂ ਹੀ ਕਮਜ਼ੋਰ ਸੀ, ਕੰਮ ਦੀ ਜ਼ਿਆਦਤੀ ਸਦਕਾ ਆਪ ਜੀ ਕੁਝ ਚਿਰ ਬੀਮਾਰ ਰਹਿ ਕੇ ੧੪ ਅਕਤੂਬਰ ੧੯੫੧ ਨੂੰ ਪ੍ਰਲੋਕ ਗਮਨ ਕਰ ਗਏ।

## ਸਰ ਅਤਰ ਸਿੰਘ ਜੀ

ਆਪ ਜੀ ਦਾ ਜਨਮ ੧੮੩੩ ਈ: ਵਿਚ ਪਿੰਡ ਭਦੌੜ ਰਿਆਸਤ ਪਟਿਆਲਾ ਵਿਖੇ ਸ: ਖੜਕ ਸਿੰਘ ਜੀ ਦੇ ਘਰ ਹੋਇਆ। ਆਪ ਨੇ ਸੰਸਕ੍ਰਿਤ, ਫਾਰਸੀ "ਮਹਾਮਹੋਪ ਧਿਆਏ" ਤੇ 'ਫਜ਼ਲਉਲਫ਼ੁਜ਼ਲਾ' ਆਦਿ ਪਦਵੀਆਂ ਨਾਲ ਸੰਮਾਨਿਤ ਕੀਤਾ ਜਾਂਦਾ ਸੀ ਆਪ ਏਸ਼ੀਆਟਿਕ ਸੁਸਾਇਟੀ ਔਫ ਬੰਗਾਲ-ਪੰਜਾਬ ਯੂਨੀਵਰਸਿਟੀ ਦੀ ਸੈਨੇਟ ਦੇ ਮੈਂਬਰ ਭੀ ਰਹੇ। ਖਾਲਸਾ ਕਾਲਜ ਅੰਮ੍ਰਿਤਸਰ ਕਾਇਮ ਕਰਨ ਵਾਲੇ ਮੋਢੀ ਸਜਣਾਂ ਵਿਚੋਂ ਆਪ ਇਕ ਸਨ। ਸਿੰਘ ਸਭਾ ਲਹਿਰ ਚਲਾਉਣ ਲਈ ਆਪ ਨੇ ਪ੍ਰੋ: ਗੁਰਮੁਖ ਸਿੰਘ ਜੀ ਦੀ ਜੋ ਮਦਦ ਕੀਤੀ ਉਹ ਸਦਾ ਪ੍ਰਸੰਸਾ ਦੀ ਨਜ਼ਰ ਨਾਲ ਦੇਖੀ ਜਾਵੇਗੀ। ਪੰਥਕ ਉਨਤੀ ਲਈ ਆਪ ਦੇ ਹਿਰਦੇ ਵਿਚ ਅਤਿ ਉਤਸ਼ਾਹ ਸੀ। ਆਪ ਪਹਿਲੇ ਸਿਖ ਲਿਖਾਰੀ ਸਨ, ਜਿਨ੍ਹਾਂ ਨੇ ਅੰਗਰੇਜ਼ੀ ਵਿਚ ਸਿਖ ਧਰਮ ਦੀਆਂ ਸਾਰੀਆਂ ਪੁਸਤਕਾਂ ਲਿਖੀਆਂ। ਉਹਨਾਂ ਦਿਨਾਂ ਵਿਚ ਅੰਗਰੇਜ਼ੀ ਸਰਕਾਰ ਲਈ 'ਸੌ ਸਾਖੀ' ਕਿਤਾਬ ਵੀ ਇਕ ਅਜੀਬ ਬਣੀ ਹੋਈ ਸੀ। ਇਸ ਸਬੰਧੀ ਆਪ ਨੇ ਕਾਫੀ ਖੋਜ ਕੀਤੀ ਜੋ ਕਿ ਉਨ੍ਹਾਂ ਦੇ ਸੌ ਸਾਖੀ ਵਾਲੇ ਹਥ ਲਿਖਤ ਖਰੜਾ ਤੋਂ ਪ੍ਰਗਟ ਹੈ, ਤੇ ਇਸਦਾ ਅੰਗਰੇਜ਼ੀ ਅਨੁਵਾਦ ਕੀਤਾ। ਆਪ ਦਾ ਦੇਹਾਂਤ ੧੦ ਜੂਨ ੧੮੯੬ ਈ: ਨੂੰ ਹੋਇਆ।

ਆਪ ਜੀ ਦੀ ਰਚਨਾ:— (੧) ਸਾਖੀ ਬੁਕ (ਸੌ ਸਾਖੀ ਦਾ ਅਨੁਵਾਦ) (੨) ਟਰੈਵਲਜ਼ ਆਫ ਗੁਰੂ ਤੇਗ ਬਹਾਦਰ ਐਂਡ ਗੁਰੂ ਗੋਬਿੰਦ ਸਿੰਘ (੩) ਰਹਿਤ ਨਾਮਾ ਆਫ ਪ੍ਰਹਿਲਾਦ ਰਾਇ ਐਂਡ ਨੰਦ ਲਾਲ (੪) ਚੋਣਵੇਂ ਗੁਰਬਾਣੀ ਦੇ ਸ਼ਬਦਾਂ ਦਾ ਅੰਗਰੇਜ਼ੀ ਅਨੁਵਾਦ (੫) ਜਪੁਜੀ ਸਾਹਿਬ ਸਟੀਕ (ਉਰਦੂ) (੬) ਤਵਾਰੀਖ– ਸਿਧੂ, ਬੈਰਾੜਾਂ ਅਤੇ ਖਾਨਦਾਨ ਫੂਲ (ਪੰਜਾਬੀ)

## ਗਿ: ਆਤਮਾ ਸਿੰਘ ਜੀ ਐਡੀਟਰ 'ਸੁਖ ਜੀਵਨ'

ਆਪ ਜੀ ਦਾ ਜਨਮ ਮੋਗਾ ਜ਼ਿਲਾ ਫੀਰੋਜ਼ਪੁਰ ਵਿਖੇ ੮ ਜਨਵਰੀ ੧੯੦੬ ਈ: ਨੂੰ ਸ: ਪ੍ਰੇਮ ਸਿੰਘ ਜੀ ਦੇ ਘਰ ਹੋਇਆ। ਮੁਢਲੀ ਵਿਦਿਆ ਭੁਪਿੰਦਰਾ ਖਾਲਸਾ ਹਾਈ ਸਕੂਲ ਮੋਗਾ ਵਿਚ,

Digitized by Panjab Digital Library | www.panjabdigilib.org

## ਸ: ਮੱਘਰ ਸਿੰਘ ਜੀ ਰੱਜੀਵਾਲ



ਜਨੇਰ ਹਾਈ ਸਕੂਲ ਦੇ ਮੀਤ ਪ੍ਰਧਾਨ
(ਜੀਵਨ ਦੇਖੋ ਜਿ: ਨ: ੨ ਸਫਾ ੨੯੦)

## ਸ: ਅਤਰ ਸਿੰਘ ਜੀ ਭਦੌੜ



ਲਿਖਾਰੀ ਤੇ ਵਿਦਿਆ ਦਾਨੀ
(ਦੇਖੋ ਸਫ਼ਾ ੨੪੧ ਜਿਲਦ ਦੂਜੀ)

## ਸ: ਗਹਿਲ ਸਿੰਘ ਜੀ ਤਲਵੰਡੀ ਮੱਲ੍ਹੀਆਂ



ਸਿੰਘ ਸਭਾ ਲਹਿਰ ਤੇ ਗੁਰਮਤ ਪ੍ਰਚਾਰਕ ਸਿੰਘ ਸਭਾ ਦੇ ਮੁਖੀਆਂ ਚੋਂ ਨਿਰਪਖ ਕੱਟੜ ਗੁਰ ਸਿੱਖ ਤੇ ਗੁਰਮਿਤ ਖੋਜੀ (ਸਫਾ ੨੭੪)

Digitized by Panjab Digital Library | www.panjabdigilib.org

ਪੰਥ ਵਿਚ ਭਰ ਜਵਾਨੀ ਵਿਚ ਪ੍ਰਸਿੱਧਤਾ ਪਾਉਣ ਵਾਲੇ
**ਸ: ਲਾਲ ਸਿੰਘ ਜੀ ਐਮ.ਏ.**
**ਦੌਧਰ (ਮੋਗਾ)**



ਮਾਲਵੇ ਦੇ ਪ੍ਰਸਿੱਧ ਅਤੇ ਹੋਣਹਾਰ ਲਿਖਾਰੀ
(ਸਫਾ ੧੦੯੨)

**ਪ੍ਰੰ: ਕਰਤਾਰ ਸਿੰਘ ਜੀ ਦਾਖਾ**



ਪੰਜਾਬੀ ਦੇ ਪ੍ਰਸਿਧ ਸਾਹਿਤਕਾਰ
ਜਿਲਦ ਨੰ: ੨ (ਸਫਾ ੨੫੪)

**ਲਿਖਾਰੀ ਉਤਮ ਸਿੰਘ ਜੀ** ਦਹੇੜੂ



ਦਾਸ ਦੇ ਅੱਤ ਹਿਤਕਾਰੀ ਮਾਲਵੇ ਦੇ ਗੁਪਤ ਲਿਖਾਰੀ ਅਤੇ ਬ੍ਰਹਮਾ ਦੇ ਪ੍ਰਸਿਧ ਮਾਣਨੀਕ, ਗੁਰਮਤਿ ਪ੍ਰਚਾਰਕ ਤੇ ਲਿਖਾਰੀ ਹਨ।

(ਸਫਾ ੧੦੯੩)

Digitized by Panjab Digital Library | www.panjabdigilib.org

ਉਪਰੰਤ ਲੁਧਿਆਣਾ ਤੇ ਫੇਰ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਵਿਦਿਆ ਪ੍ਰਾਪਤ ਕੀਤੀ। ਕਲਾਸ ਵਿਚ ਲੈਕਚਰਾਂ ਆਦਿ ਦੇ ਮੁਕਾਬਲੇ ਵਿਚ ਕਈ ਵਾਰ ਇਨਾਮ ਪ੍ਰਾਪਤ ਕੀਤੇ। ਦੋ ਤਿੰਨ ਖਾਲਸਾ ਸਕੂਲਾਂ ਵਿਚ ਪੜ੍ਹਾਉਣ ਦਾ ਕੰਮ ਭੀ ਕੀਤਾ ਤੇ ਖਾਸ ਕਰ ਖਾਲਸਾ ਹਾਈ ਸਕੂਲ ਗੁਰੂ ਤੇਗ ਬਹਾਦਰ ਗੜ੍ਹ ਰੋਡੇ ਤਹਿਸੀਲ ਮੋਗੇ ਵਿਖੇ ਆਪ ਨੇ ਕਈ ਸਾਲ ਬੜੇ ਸ਼ੌਕ ਨਾਲ ਸੇਵਾ ਕੀਤੀ। ਪੱਤ੍ਰਕਾਰੀ ਤੇ ਪੇਂਡੂ ਹਲਕੇ ਦੀ ਉਸਾਰੀ ਦਾ ਆਪ ਨੂੰ ਮੁਢ ਤੋਂ ਸ਼ੌਕ ਸੀ। ਸੋ ੧੯੩੬ ਵਿਚ ਸਪਤਾਹਕ 'ਸੁਖ ਜੀਵਨ' ਨਾਮ ਦਾ ਪੱਤਰ ਮੋਗੇ ਤੋਂ ਜਾਰੀ ਕੀਤਾ। ਜੋ ਉਸ ਸਮੇਂ ਤੋਂ ਲਗਾਤਾਰ ਆਪਣੀ ਅਡੋਲ ਤੇ ਨਿਰਪੱਖ ਪਾਲਸੀ ਨਾਲ ਚਲਦਾ ਆ ਰਿਹਾ ਹੈ। ਦੇਸ਼ ਵੰਡ ਤੋਂ ਪਹਿਲਾਂ ਅਖਬਾਰ ਦਾ ਦਫਤਰ ਲਾਹੌਰ ਭੀ ਬਦਲਿਆ ਗਿਆ ਤੇ ਇਸ ਵੇਲੇ 'ਸੁਖ ਜੀਵਨ' ਨੂੰ ਲੁਧਿਆਣੇ ਦੇ ਕੇਂਦਰ ਵਿਖੇ ਲਿਆ ਕੇ ਚਲਾਇਆ ਜਾ ਰਿਹਾ ਹੈ। ਪ੍ਰਦੇਸੀ ਭਾਈਆਂ ਨਾਲ ਜੋ ਸਬੰਧ 'ਸੁਖ ਜੀਵਨ' ਨੇ ਪੈਦਾ ਕੀਤੇ ਹਨ, ਉਸ ਦੀ ਮਿਸਾਲ ਕੋਈ ਪੰਜਾਬੀ ਪੱਤਰ ਪੇਸ਼ ਨਹੀਂ ਕਰ ਸਕਦਾ। 'ਸੁਖ ਜੀਵਨ' ਦੀ ਇਹ ਇਕ ਆਪਣੀ ਮਿਸਾਲ ਹੈ ਕਿ ਬਿਨਾਂ ਕਿਸੇ ਪਾਰਟੀ ਸਬੰਧ ਦੇ ਲਗਾਤਾਰ ੨੧ ਸਾਲ ਤੋਂ ਚਲਦਾ ਆ ਰਿਹਾ ਹੈ।

ਵਿਦਿਆ ਦਾ ਪ੍ਰਚਾਰ, ਪੇਂਡੂ ਹਲਕੇ ਦਾ ਸੁਧਾਰ, ਪਾਖੰਡ ਦਾ ਖੰਡਨ, ਯਥਾਰਥ ਗੁਰਮਤ ਪ੍ਰਚਾਰ ਤੇ ਦੇਸ਼ ਉਸਾਰੀ ਇਸ ਵੇਲੇ 'ਸੁਖ ਜੀਵਨ' ਦੇ ਮੁਖ ਮਨੋਰਥ ਹਨ ਤੇ ਇਨ੍ਹਾਂ ਸਾਰੀਆਂ ਗਲਾਂ ਦਾ ਸਿਹਰਾ ਇਸ ਦੇ ਮੁਖ ਸੰਪਾਦਕ ਗਿਆਨੀ ਆਤਮਾ ਸਿੰਘ ਦੇ ਸਿਰ ਹੈ।

ਆਪ ਨੂੰ ਬਹੁਤ ਸਾਰੀਆਂ ਜਥੇਬੰਦੀਆਂ ਵਿਚ ਭੀ ਕੰਮ ਕਰਨ ਦਾ ਮੌਕਾ ਮਿਲਿਆ ਹੈ। ਉਨਾਂ ਵਿਚ ਆਪ ਹਮੇਸ਼ਾ ਅਗਾਂਹ ਵਧੂ ਖਿਆਲਾਂ ਦੇ ਹੀ ਸਾਬਤ ਹੋਏ ਹਨ। ਰਿਸ਼ਵਤ ਦੀ ਵਿਰੋਧਤਾ, ਸਿਖ ਕੰਨਿਆ ਮਹਾਂ ਵਿਦਿਆਲਾ ਫੀਰੋਜ਼ਪੁਰ ਨੂੰ ਪੰਥਕ ਪ੍ਰਬੰਧ ਵਿਚ ਲਿਆਉਣ ਦੇ ਯਤਨ ਤੇ ਮਾਲਵੇ ਦੇ ਮਹਾਂ ਪਾਖੰਡੀ ਸੰਤਾਂ ਨਾਲ ਡਟ ਕੇ ਟੱਕਰ ਲਾਉਣੀ ਆਪ ਦੇ ਇਹ ਮਹਾਨ ਕੰਮ ਹਨ। ਆਪ ਨੇ ਕੈਨੇਡਾ, ਅਮਰੀਕਾ, ਮਲਾਇਆ, ਇੰਗਲੈਂਡ, ਜਰਮਨੀ, ਫਰਾਂਸ ਤੇ ਹੋਰ ਕਈ ਪੱਛਮੀ ਦੇਸ਼ਾਂ ਦਾ ਦੌਰਾ ਭੀ ਕੀਤਾ ਹੈ ਤੇ ਉਸ ਯਾਤਰਾ ਦੇ ਹਾਲਾਤ 'ਸੁਖ ਜੀਵਨ' ਦੇ ਪਾਠਕਾਂ ਤਾਈਂ ਪਹੁੰਚਾਏ ਗਏ ਹਨ।

## ਸੰਤ ਇੰਦਰ ਸਿੰਘ ਚਕਰਵਰਤੀ

ਆਪ ਦਾ ਜਨਮ ਸ: ਮਦਨ ਸਿੰਘ ਦੇ ਘਰ ਪਿੰਡ ਲੱਲਾਂ (ਰਿਆਸਤ ਪਟਿਆਲਾ) ਵਿਖੇ ਹੋਇਆ। ਆਪ ਜੀ ਨੇ ਚੰਗੇ ਵਿਦਵਾਨ ਹੋਣ ਦੇ ਕਾਰਨ ਕਈ ਅਖਬਾਰਾਂ ਦੀ ਐਡੀਟਰੀ ਵੀ ਕੀਤੀ। ਅਜ ਕਲ ਆਪ ਮਹਿਕਮਾਂ ਪੰਜਾਬੀ ਵਿਭਾਗ ਵਿਚ ਕੰਮ ਕਰਦੇ ਹਨ ਤੇ ਆਪ ਦਾ ਬਹੁਤ ਸਤਕਾਰ ਕੀਤਾ ਜਾਂਦਾ ਹੈ।

## ਡਾ: ਸ਼ੇਰ ਸਿੰਘ ਜੀ

ਆਪ ਦਾ ਜਨਮ ਪਿਡ ਬਿਲਾਸ ਪੁਰ ਤਹਿਸੀਲ ਮੋਗਾ ਜ਼ਿਲਾ ਫੀਰੋਜ਼ਪੁਰ ਵਿਖੇ ਹੋਇਆ।

ਵਿਦਿਆ– ਆਪ ਐਮ: ਏ: ਪੀ. ਐਚ. ਡੀ. ਹਨ।

ਆਪ ਜੀ ਦੀਆਂ ਰਚਨਾਵਾਂ ਇਹ ਹਨ:–(੧) ਫਿਲਾਸਫੀ ਆਫ ਦੀ ਸਿਖ ਇਜ਼ਮ, (੨) ਥਾਟਸ ਔਨ ਸਿਖ ਇਜ਼ਮ, (੩) ਮਰਨ ਪਿਛੋਂ, (੪) ਗੁਰਮਤਿ ਦਰਸ਼ਨ, (੫) ਸਿਖ ਧਰਮ ਤੇ ਪਛੜੀਆਂ ਸ਼੍ਰੇਣੀਆਂ, (੬) ਪ੍ਰਦੇਸ ਯਾਤਰਾ, ਆਦਿ।

Digitized by Panjab Digital Library | www.panjabdigilib.org

## ਸ਼ਾਦੀ ਸਿੰਘ ਬੀ. ਏ.

ਆਪ ਜੀ ਦਾ ਜਨਮ ਲਾਲਾ ਸੁਲੇਖ ਚੰਦ ਜੀ ਦੇ ਘਰ ਪਿੰਡ ਬੁੜਾਇਲ, ਜ਼ਿਲਾ ਅੰਬਾਲਾ ਵਿਖੇ ੧੩ ਅਕਤੂਬਰ ਸੰਨ ੧੯੧੫ ਈ: ਨੂੰ ਹੋਇਆ।

ਵਿਦਿਆ:—ਛੇਵੀਂ ਜਮਾਤ ਤਕ ਪਿੰਡ ਦੇ ਸਕੂਲ ਵਿਚ ਹੀ ਪੜ੍ਹੀ, ਫੇਰ ਭਾਈ ਵੀਰ ਸਿੰਘ ਦੇ ਛਾਪੇ ਖਾਨੇ ਗੁਰਮੁਖੀ ਕੰਪੋਜ਼ਿੰਗ ਦਾ ਕੰਮ ਸ਼ੁਰੂ ਕੀਤਾ। ਸੰਨ ੧੯੩੦ ਵਿਚ ਗਿਆਨੀ ਕਰਨ ਪਿਛੋਂ ਬੀ. ਏ. ਪਾਸ ਕੀਤੀ ਅਤੇ ਕੁਝ ਚਿਰ ਆਪ ਨੇ ਰੋਜ਼ਾਨਾ "ਅਸਲੀ ਕੌਮੀ ਦਰਦ" ਵਿਚ ਗਿਆਨੀ ਸ਼ੇਰ ਸਿੰਘ ਦੇ ਨਾਲ ਲਿਖਾਰੀ ਦੇ ਤੌਰ ਤੇ ਕੰਮ ਕੀਤਾ। ਫੇਰ ਜਦ "ਅਸਲੀ ਕੌਮੀ ਦਰਦ" ਦੀ ਥਾਂ ਸੰਨ ੧੯੩੩ ਵਿਚ "ਸਿਖ ਸੇਵਕ" ਜਾਰੀ ਹੋਇਆ, ਤਾਂ ਆਪ ਉਸ ਦੇ ਸਹਾਇਕ ਐਡੀਟਰ ਥਾਪੇ ਗਏ। ਇਸ ਦੇ ਨਾਲ ਹੀ 'ਬੀਰ ਸਰਹੱਦੀ' ਜੋ ਪਸ਼ਾਵਰ ਤੋਂ ਪ੍ਰਕਾਸ਼ਤ ਹੁੰਦਾ ਸੀ ਉਸ ਦੀ ਐਡੀਟਰੀ ਕਰਦੇ ਰਹੇ। ਸੰਨ ੧੯੩੬ ਤੋਂ ੧੯੪੩ ਤਕ ਆਪ 'ਰੋਜ਼ਾਨਾ ਅਕਾਲੀ ਪੱਤ੍ਰਕਾ' ਲਾਹੌਰ ਦੇ ਐਡੀਟਰ ਰਹੇ। ਸੰਨ ੧੯੪੩ ਤੋਂ ੧੯੪੬ ਤੱਕ ਆਪ ਸ਼੍ਰੋ: ਗੁ: ਪ੍ਰ: ਕਮੇਟੀ ਅੰਮ੍ਰਿਤਸਰ ਦੇ ਪਰਚਾਰ ਵਿਭਾਗ ਦੇ ਇਨਚਾਰਜ ਰਹੇ ਤੇ ਨਾਲ ਹੀ ਇਸ ਸਮੇਂ "ਗੁਰਦੁਆਰਾ ਗਜ਼ਟ" ਦੀ ਸੰਪਾਦਕੀ ਵੀ ਕਰਦੇ ਰਹੇ। ੧੯੪੭ ਤੋਂ ਫੇਰ ਆਪ ਰੋਜ਼ਾਨਾ ਅਕਾਲੀ ਪਤ੍ਰਕਾ ਦੇ ਚੀਫ਼ ਐਡੀਟਰ ਥਾਪੇ ਗਏ। ਪੰਜਾਬੀ ਜਰਨਲਿਸਟ ਐਸੋਸੀਏਸ਼ਨ ਦੇ ਮੈਂਬਰ ਰਹੇ ਤੇ ਪੰਜਾਬੀ ਜਰਨਲਿਸਟਾਂ ਦੀ ਐਸੋਸੀਏਸ਼ਨ ਦੀ ਅੰਤਰੰਗ ਕਮੇਟੀ ਦੀ ਜਲੰਧਰ ਬਰਾਂਚ ਦੀ ਪ੍ਰਧਾਨਗੀ ਕੀਤੀ। ਇਸ ਤੋਂ ਇਲਾਵਾ ਆਪ ਪੰਜਾਬ ਸਰਕਾਰ ਦੀ ਪ੍ਰੈਸ ਦੀ ਐਡਵਾਈਜ਼ਰੀ ਕਮੇਟੀ ਵਿਚ ਪੰਜਾਬੀ ਅਖ਼ਬਾਰਾਂ ਦੇ ਪ੍ਰਤੀਨਿਧ ਮੈਂਬਰ ਰਹੇ। ਆਪ ਜੀ ਦੀ ਦੂਰ ਅੰਦੇਸ਼ੀ ਤੇ ਕਲਮ ਨੂੰ ਹਰ ਇਕ ਮਜ਼੍ਹਬ ਦਾ ਆਦਮੀ ਸਲਾਹੁੰਦਾ ਹੈ। ਜਿਸ ਕਰਕੇ ਮਾਲਵਾ ਵਾਸੀਆਂ ਨੂੰ ਐਸੇ ਨੌਜੁਆਨਾਂ ਤੇ ਮਾਣ ਹੈ।

## ਗਿਆਨੀ ਸ਼ੇਰ ਸਿੰਘ ਜੀ

ਆਪ ਜੀ ਦਾ ਜਨਮ ਪਿੰਡ ਠੀਕਰੀ ਵਾਲਾ ਜ਼ਿਲਾ ਬਰਨਾਲਾ ਰਿਆਸਤ ਪਟਿਆਲਾ ਵਿਖੇ ਹੋਇਆ। ਆਪ ਜੀ ਉਚਕੋਟੀ ਦੇ ਵਿਦਵਾਨ ਸਨ, ਆਪ ਦਾ ਬਹੁਤਾ ਸਮਾਂ ਪੋਠੋਹਾਰ, ਰਾਵਲ ਪਿੰਡੀ ਵਲ ਸਿਖੀ ਪਰਚਾਰ ਵਿਚ ਖਰਚ ਹੋਇਆ। ਜਦ ਅਕਾਲੀ ਲਹਿਰ ਪ੍ਰਾਰੰਭ ਹੋਈ ਤਾਂ ਆਪ ਨਰੋਲ ਮੈਦਾਨ ਵਿਚ ਨਿਕਲੇ। ਆਪ ਧੜਲੇਦਾਰ ਵਿਦਵਾਨਾਂ, ਪ੍ਰਚਾਰਕਾਂ ਵਿਚੋਂ ਸਨ। ਆਪ ਜੀ ਦੀ ਸਖਸ਼ੀਅਤ ਦਾ ਪ੍ਰਭਾਵ ਧਾਰਮਿਕ ਤੇ ਰਾਜਨੀਤਕ ਮੰਡਲ ਦੋਹੀਂ ਥਾਈਂ ਪਾਇਆ ਜਾਂਦਾ ਸੀ, ਆਪ ਦੇ ਲੈਕਚਰਾਰ ਤੇ ਬਹਿਸ ਵਬਹਿਸ ਵਿਚ ਹੁਣ ਤਕ ਘਟ ਹੀ ਕੋਈ ਆਇਆ ਹੈ।

ਆਪ ਜੀ ਨੇ ਹੇਠ ਲਿਖੇ ਅਖਬਾਰਾਂ ਦੀ ਐਡੀਟਰੀ ਕਰਕੇ ਕੌਮ ਨੂੰ ਹਲੂਣਾ ਦਿਤਾ ਹੈ:—

(੧) ਕੌਮੀ ਦਰਦ, (੨) ਅਸਲੀ ਕੌਮ ਦਰਦ, (੩) ਸਿਖ ਸੇਵਕ, (੪) ਪੰਜਾਬ ਆਦਿ।

ਆਪ ਦਲੀਲਾਂ ਦੇ ਹਥਿਆਰ ਨਾਲ ਸਭ ਨੂੰ ਨਰੁਤਰ ਕਰ ਦਿੰਦੇ ਸਨ।

(੧) ਨਿਤਨੇਮ ਸਟੀਕ, (੨) ਗੁਰੂ ਗ੍ਰੰਥ ਪੰਥ, (੩) ਜੀਵਨ ਗੁਰੂ ਗੋਬਿੰਦ ਸਿੰਘ ਜੀ, (੪) ਕੁਛ ਟ੍ਰੈਕਟ।

## ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ

ਆਪ ਜੀ ਦਾ ਜਨਮ ਸ: ਝਾਬਾ ਸਿੰਘ ਦੇ ਘਰ ਪਿੰਡ ਗੁਆਰਾ ਜ਼ਿਲਾ ਬਰਨਾਲਾ ਵਿਖੇ

Digitized by Panjab Digital Library | www.panjabdigilib.org

੧੦ ਜਨਵਰੀ, ੧੯੦੪ ਈ: ਨੂੰ ਹੋਇਆ ।

ਵਿਦਿਆ:—ਆਪ ਜੀ ਨੇ ਗੁਰਮੁਖੀ, ਸੰਸਕ੍ਰਿਤ, ਹਿੰਦੀ ਭਾਸ਼ਾ ਦਾ ਪੁਰਾਣਾ ਸਹਿਤ ਪੜ੍ਹਿਆ, ਅਤੀ ਖੋਜੀ ਅਤੇ ਮੇਹਨਤੀ ਸਨ । ਆਪ ਜੀ ਨੂੰ ਪ੍ਰਾਚੀਨ ਲਿਖਤਾਂ ਦੀ ਖੋਜਾ ਖਾਜੀ ਕਰਨ ਦਾ ਬਹੁਤ ਹੀ ਸ਼ੋਕ ਹੈ । ਆਪ ੧੯੪੩–੪੫ ਤਕ ਸਿਖ ਨੈਸ਼ਨਲ ਕਾਲਜ ਲਾਹੌਰ ਵਿਚ ਕੰਮ ਕਰਦੇ ਰਹੇ । ੧੯੪੫ ਤੋਂ ੪੭ ਤਕ ਸ਼੍ਰੋ: ਕਮੇਟੀ ਦੇ ਮਾਤਹਿਤ ਕੰਮ ਕਰਦੇ ਰਹੇ। ਹੁਣ ਆਪ ਮਹਿਕਮਾਂ ਪੰਜਾਬੀ ਪਟਿਆਲਾ ਵਿਚ ਪੁਰਾਤਨ ਲਿਖਤਾਂ ਦੀ ਪੜਚੋਲ ਤੇ ਹਨ। ਆਪ ਦੀਆਂ ਲਿਖਤਾਂ:—

(੧) ਧਰਮ, ਸਹਿਤ ਤੇ ਇਤਿਹਾਸ, (੨) ਪ੍ਰਾਚੀਨ ਜੰਗ ਨਾਮੇ, (੩) ਸਿੰਘ ਸਭਾ ਲਹਿਰ ਦਾ ਇਤਿਹਾਸ, (੪) ਜੀਵਨ ਗੁਰੂ ਅਰਜਨ ਦੇਵ ਜੀ, (੫) ਮੁਦਰਾ ਰਾਕਸ ਨਾਟਕ (ਅਨੁਵਾਦ), (੬) ਪੁਰਸ਼ ਪ੍ਰੀਖਿਆ (ਅਨੁਵਾਦ), (੭) ਪੰਜਾਬੀ ਪੱਤ੍ਰ ਕਲਾ ਦਾ ਇਤਿਹਾਸ ਆਦਿ ।

## ਭਾਈ ਸੇਵਾ ਸਿੰਘ ਜੀ ਐਡੀਟਰ

ਆਪ ਜੀ 'ਖਾਲਸਾ ਸਮਾਚਾਰ' ਦੇ ਐਡਟਰ ਸਨ ਤੇ ਚੁਪ ਚਪਾਤੇ ਪੰਥਕ ਸੇਵਾ ਕਰਨ ਵਾਲੇ ਲਿਖਾਰੀਆਂ ਵਿਚੋਂ ਇਕ ਸਨ। ਆਪ ਦਾ ਜਨਮ ੧੮੮੨ ਈ: ਦੇ ਲਾਗੇ ਪਿੰਡ ਸਹਿਗਾਏ ਆਲਮਗੀਰ ਜ਼ਿਲਾ ਗੁਜਰਾਤ ਵਿਚ ਸ: ਲਾਲ ਸਿੰਘ ਜੀ ਦੇ ਘਰ ਹੋਇਆ । ਪਹਿਲੇ ਪਿੰਡੀ ਘੇਪ ਸਕੂਲ ਵਿਚ ਕੰਮ ਕਰਦੇ ਰਹੇ। ਫਿਰ ੧੯੧੪ ਈ: ਵਿਚ 'ਖਾਲਸਾ ਸਮਾਚਾਰ' ਅਖਬਾਰ ਵਿਚ ਕੰਮ ਕਰਨ ਲਗੇ । ਇਸ ਸਪਤਾਹਿਕ ਧਾਰਮਕ ਪਤ੍ਰ ਦੇ ਸੰਪਾਦਿਕ ਹੁੰਦਿਆਂ ਆਪ ਨੇ ੩੦ ਸਾਲ ਦੇ ਲਗ ਪਗ ਪੰਥ ਦੀ ਸੇਵਾ ਕੀਤੀ । ਜਿਸ ਵਿਦਵਤਾ ਧੀਰਜ ਤੇ ਮਿਠਾਸ ਨਾਲ ਆਪ ਨੇ ਮਿਰਜਈਆ, ਆਰੀਆ ਸਮਾਜੀਆਂ ਤੇ ਨਾਮਧਾਰੀਆਂ ਆਦਿ ਵਲੋਂ ਗੁਰਮਤ ਵਿਰੁਧ ਪਾਈਆਂ ਜਾ ਰਹੀਆਂ ਗਲਤ ਫਹਿਮੀਆਂ ਨੂੰ ਦੂਰ ਕੀਤਾ, ਉਹ ਪੜ੍ਹਣ ਨਾਲ ਹੀ ਸਬੰਧ ਰਖਦੀਆਂ ਹਨ । ਅਰਬੀ, ਫਾਰਸੀ ਦੇ ਆਪ ਚੰਗੇ ਵਿਦਵਾਨ ਸਨ ਆਪ ਦਾ ਦਿਹਾਂਤ ੨੮ ਜਨਵਰੀ ੧੯੪੫ ਨੂੰ ਹੋਇਆ ।

ਆਪ ਦੀਆਂ ਰਚਨਾਵਾਂ ਇਹ ਹਨ :—

ਸਿਖ ਤੇ ਗੁਰਦਵਾਰੇ, ਬਹਾਦਰ ਸਿੰਘਣੀਆ, ਪੰਜਾਬ ਤੇ ਸਿਖ ਕੇਸ, ਗੁਰੂ ਪਦ ਨਿਰਨਿਯਾ, ਵਾਹਿਗੁਰੂ ਜੀ ਕੀ ਫਤਹਿ, ਕੁਰਾਨ ਦੀ ਕੁੰਜੀ, ਕੁਰਾਨ ਦੀ ਕਹਾਣੀ, ਜੀਵਨ ਮੁਹੰਮਦ ਸਾਹਿਬ, ਕੁਰਾਨ ਦਾ ਤਰਜ਼ਮਾ, ਪੈਗੰਬਰੋਂ ਕੇ ਸਰਤਾਜ (ਉਰਦੂ), ਫਲਸਫਾਏ ਅੰਮ੍ਰਿਤ, ਫਲਸਫਾਏ ਕਾਬਾ, ਗੁਰੂ ਨਾਨਕ ਔਰ ਇਸਲਾਮ (ਉਰਦੂ), ਵੇਦਿਕ ਸ਼ਾਦੀ ਕੀ ਫਜ਼ੀਲਤ, ਚੋਲਾ ਸਾਹਿਬ, ਧੋਤੇ ਮੂੰਹ ਚਪੇੜ, ਹਾਏ ਉਲਾਦ, ਦਿਆ ਨੰਦ ਦਾ ਚਰਿਤਰ, ਸੂਰਮੇਂ ਲਈ ਮਮੀਰੇ ਦਾ ਸੁਰਮਾ ।

## ਸੋਹਣ ਸਿੰਘ ਜੀ ਸੀਤਲ (ਗਿਆਨੀ)

ਗਿ: ਜੀ ਸਿਖ ਢਾਡੀਆਂ ਵਿਚੋਂ ਸ਼ਰੋਮਣੀ ਢਾਡੀ ਹਨ । ਸਿਖ ਇਤਿਹਾਸ ਦੀ ਖੋਜ ਕਰਕੇ ਢਾਡੀ ਪਰਨਾਲੀ ਨੂੰ ਨਵੀਆਂ ਲੀਹਾਂ ਤੇ ਚਲਾਇਆ ਹੈ । ਆਪ ਜਿਥੇ ਚੰਗੇ ਕਵੀ ਤੇ ਸੋਹਣੇ ਬੁਲਾਰੇ ਹਨ ਉਥੇ ਇਤਿਹਾਸਕ ਖੋਜ ਦੀ ਲਗਨ ਭੀ ਕਾਫੀ ਰਖਦੇ ਹਨ । ਆਪ ਦਾ ਪਿੰਡ ਕਾਦੀ ਵਿੰਡ ਜ਼ਿਲਾ ਲਾਹੌਰ ਹੈ । ਢਾਡੀਆਂ ਦੇ ਲਾਭ ਲਈ ਜਿਥੇ ਆਪ ਨੇ ਸੀਤਲ ਕਿਰਨਾਂ, ਸੀਤਲ ਸੁਨੇਹੇ, ਸੀਤਲ ਤਰੰਗ, ਸੀਤਲ ਹੰਝੂ, ਸੀਤਲ ਹੁਲਾਰੇ, ਸੀਤਲ ਸਰਸੰਗ, ਸਜਰੇ ਹੰਝੂ, ਵਹਿੰਦੇ ਹੰਝੂ ਆਦਿ ਕਈ ਤਰਾਂ ਦੀਆਂ ਪੁਸਤਕਾਂ ਲਿਖੀਆਂ ਹਨ ।

ਇਤਿਹਾਸਕ ਖੋਜ ਦੀਆਂ ਇਹ ਪੁਸਤਕਾਂ ਕਾਫ਼ੀ ਮਹਾਨਤਾ ਰਖਦੀਆਂ ਹਨ:—

Digitized by Panjab Digital Library | www.panjabdigilib.org

ਬੰਦਾ ਸਿੰਘ ਸ਼ਹੀਦ, ਦੁਖੀਏ ਮਾਂ ਪੁਤ, ਸਿਖ ਰਾਜ ਕਿਵੇਂ ਗਿਆ, ਪੰਜਾਬ ਦਾ ਉਜਾੜਾ, ਮੁਲ ਦਾ ਮਾਸ, (ਨਾਵਲ) ।

## ਸੋਹਣ ਸਿੰਘ ਜੋਸ਼

ਬਾਬਾ ਸੋਹਣ ਸਿੰਘ ਜੋਸ਼ ਦਾ ਜਨਮ ੧੯੦੦ ਦੇ ਕਰੀਬ ਪਿੰਡ ਚੇਤਨ ਪੁਰਾ, ਜ਼ਿਲਾ ਅੰਮ੍ਰਿਤਸਰ ਵਿਚ ਸ: ਲਾਲ ਸਿੰਘ ਦੇ ਘਰ ਹੋਇਆ। ਖਾਲਸਾ ਕਾਲਜ ਅੰਮ੍ਰਿਤਸਰ ਤੋਂ ਐਫ.ਏ. ਪਾਸ ਕਰਨ ਪਿਛੋਂ ਆਪ ਨੇ ਪਰਾਈਵੇਟ ਤੋਰ ਤੇ ਗਿਆਨੀ ਦਾ ਇਮਤਿਹਾਨ ਪਾਸ ਕੀਤਾ । ਆਪ 'ਕਿਰਤੀ' 'ਪ੍ਰਭਾਤ' 'ਜੰਗਿ ਆਜ਼ਾਦੀ' ਦੇ ਐਡੀਟਰ ਰਹੇ ਹਨ । ਅਕਾਲੀ ਲਹਿਰ ਸਮੇਂ ਆਪ ਸਰਗਰਮ ਅਕਾਲੀ ਸਨ ਤੇ ਪੰਜਾਬ ਕੌਂਸਲ ਦੇ ਮੈਂਬਰ ਵੀ ਰਹੇ ਸਨ।

## ਸਾਹਿਬ ਸਿੰਘ ਜੀ ਪਰੋਫੈਸਰ

ਸਿਖ ਧਰਮ ਨੂੰ ਸਮਝਣ ਲਈ ਗੁਰਬਾਣੀ ਦਾ ਸਹੀ ਅਰਥ ਵਿਚਾਰ ਵਿਚ ਆਉਣਾ ਅਤਿ ਜ਼ਰੂਰੀ ਹੈ। ਪਰੋਫੈਸਰ ਸਾਹਿਬ ਉਹ ਖੋਜੀ ਸਜਣ ਹਨ ਜਿਨਾਂ ਨੇ ਪ੍ਰਾਚੀਨ ਵਿਆਕਰਨ ਨੇਮਾਂ ਅਨੁਸਾਰ ਗੁਰਬਾਣੀ ਦੇ ਅਰਥ ਸਿਖ ਸੰਗਤਾਂ ਸਾਹਮਣੇ ਰਖੇ ਹਨ। ਆਪ ਉਚ ਦਰਜੇ ਦੇ ਮਹਿਨਤੀ ਤੇ ਸਰਲ ਸੁਭਾ ਵਿਦਵਾਨ ਹਨ ਜੋਕਿ ਰਾਤ ਦਿਨ ਆਪਣੀ ਕਾਰ ਵਿਚ ਜੁਟੇ ਰਹਿੰਦੇ। ਆਪ ਦਾ ਜ਼ਨਮ ੮ਮਾਚਚ ੧੮੯੮ ਈਸਵੀ ਨੂੰ ਪਿੰਡ ਥਰਪਾਲ ਜ਼ਿਲਾ ਸਿਆਲਕੋਟ ਵਿਚ ਹੋਇਆ। ਪਹਿਲੇ ਪਹਿਲ ਗੁਜਰਾਂਵਾਲੇ ਵਿਚ ਪਰੋਫੈਸਰ ਲਗੇ ਤੇ ਫਿਰ ੧੯੨੧ ਤੋਂ ੨੭ ਤਕ ਸ਼ਰੋਮਣੀ ਕਮੇਟੀ ਦੇ ਦਫਤਰ ਬਤੌਰ ਮੀਤ ਸਕੱਤ੍ਰ ਸੇਵਾ ਨਿਭਾਂਦੇ ਰਹੇ। ਫਿਰ ੧੯੨੯ ਤਕ ਗੁਜਰਾਂਵਾਲੇ ਕਾਲਜ ਵਿਚ ਰਹੇ ਤੇ ਇਸ ਤੋਂ ਪਿਛੋਂ ਖਾਲਸਾ ਕਾਲਜ ਅੰਮ੍ਰਿਤਸਰ ਆ ਗਏ। ਆਪ ਨੂੰ 'ਗੁਰਬਾਣੀ ਦਾ ਕਾਰਨ' ਪੁਸਤਕ ਲਿਖਣ ਤੋਂ ਸ੍ਰੀ ਦਰਬਾਰ ਸਾਹਿਬ ਕਮੇਟੀ ਵਲੋਂ ਇਕ ਹਜ਼ਾਰ ਰੁਪਿਆ ਇਨਾਮ ਦਿਤਾ ਗਿਆ । ਅਜਕਲ ਗੁਰੂ ਗਰੰਥ ਸਾਹਿਬ ਜੀ ਦੇ ਔਖੇ ਸ਼ਬਦਾਂ ਦਾ ਟੀਕਾ ਕਰ ਰਹੇ ਹਨ । ਆਪ ਦੀਆਂ ਪੁਸਤਕਾਂ ਇਹ ਹਨ:—

ਗੁਰਬਾਣੀ ਵਿਆਕਰਨ, ਧਾਰਮਕ ਲੇਖ, ਕੁਝ ਹੋਰ ਧਾਰਮਕ ਲੇਖ, ਗੁਰਮਤ ਪਰਕਾਸ਼, ਜਪੁਜੀ ਸਟੀਕ, ਆਸਾ ਦੀ ਵਾਰ ਸਟੀਕ, ਸੁਖਮਣੀ ਸਟੀਕ, ਭਟਆਣੀ ਸਟੀਕ, ਸ਼ਬਦ ਸਟੀਕ, ਦਸ ਵਾਰਾਂ ਸਟੀਕ, ਸਲੋਕ ਕਬੀਰ ਸਟੀਕ, ਸਤੇ ਬਲਵੰਡ ਦੀ ਵਾਰ ਸਟੀਕ, ਸਲੋਕ ਫਰੀਦ ਜੀ ਸਟੀਕ, ਬਾਣੀ ਗੁਰੂ ਅੰਗਦ ਦੇਵ ਸਟੀਕ, ਚਾਨਣ ਮੁਨਾਰੇ, ਰਬੀ ਜਲਵਾ ।

## ਸੰਤ ਸਿੰਘ ਸੇਖੋਂ ਪ੍ਰੋਫੈਸਰ

ਆਪ ਜੀ ਦਾ ਜਨਮ ਸ: ਹੁਕਮ ਸਿੰਘ ਦੇ ਘਰ ਮਾਤਾ ਪ੍ਰੇਮ ਕੌਰ ਦੀ ਕੁਖੋਂ ਚੱਕ ਨੰਬਰ ੭੦, ਝੰਗ ਬਰਾਂਚ, ਜ਼ਿਲਾ ਲਾਇਲਪੁਰ ਵਿਚ ਸੰਨ ੧੯੦੮ ਈਸਵੀ ਨੂੰ ਹੋਇਆ। ਜੱਦੀ ਪਿੰਡ ਦਾਖਾ ਤਹਿਸੀਲ ਜ਼ਿਲਾ ਲੁਧਿਆਣਾ ਹੈ, ਹੁਣ ਮਾਡਲ ਟਾਊਨ ਲੁਧਿਆਣੇ ਵਿਚ ਆਪ ਦੀ ਰਹਾਇਸ਼ ਹੈ।

ਵਿਦਿਆ:–ਆਪ ਨੇ ਐਮ. ਏ. ਤੱਕ ਉਚ ਵਿਦਿਆ ਪ੍ਰਾਪਤ ਕੀਤੀ ।

ਕੰਮ:–੧੯੩੧ ਤੋਂ ੧੯੫੧ ਤੱਕ ਆਪ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਅੰਗਰੇਜ਼ੀ ਦੇ ਪ੍ਰੋਫੈਸਰ ਲਗੇ ਰਹੇ । ੧੯੫੩ ਤੋਂ ਗੁਰੂ ਹਰਿ ਗੋਬਿੰਦ ਖ਼ਾਲਸਾ ਕਾਲਜ, ਗੁਰੂ ਸਰ ਸਧਾਰ ਜ਼ਿਲਾ ਲੁਧਿਆਣਾ ਵਿਚ ਅੰਗਰੇਜ਼ੀ ਦੇ ਪ੍ਰੋਫੈਸਰ ਹਨ ।

ਸੁਭਾ:–ਆਪ ਅਗਾਂਹ ਵਧੂ ਖਿਆਲਾਂ ਦੇ ਆਦਮੀ ਹਨ, ਆਪ ਆਪਣੀ ਲੇਖਣੀ ਵਿਚ ਪਖੰਡ ਦਾ ਬਹੁਤ ਖੰਡਣ ਕਰਦੇ ਹਨ, ਆਪ ਹਰ ਇਕ ਕੰਮ ਨੂੰ ਪੂਰੀ ਈਮਾਨਦਾਰੀ ਨਾਲ ਕਰਨ ਨੂੰ ਚੰਗਾ ਸਮਝਦੇ ਹਨ ।

Digitized by Panjab Digital Library | www.panjabdigilib.org

## ਡਾ: ਹਰਦਿਤ ਸਿੰਘ ਢਿਲੋਂ

ਆਪ ਦਾ ਜਨਮ ਸ: ਰਾਮ ਸਿੰਘ ਕਟੜ ਸਿੰਘ ਸਭੀਏ ਦੇ ਘਰ ਮਾਤਾ ਦਯਾ ਕੋਰ ਦੀ ਕੁਖੋਂ ਪਿੰਡ ਬੁਟਰ (ਜਨਮ ਨਾਨਕੇ ਘਰ ਕਿਸ਼ਨ ਪੁਰਾ) ਤਹਿਸੀਲ ਮੋਗਾ ਜ਼ਿਲਾ ਫੀਰੋਜ਼ਪੁਰ ਵਿਖੇ ੧੯੦੨ ਈ: ਨੂੰ ਹੋਇਆ। ਆਪ ਨੂੰ ਵਿਦਿਆ ਦੀ ਪੀ. ਐਚ. ਡੀ. ਦੀ ਡਿਗਰੀ ਪ੍ਰਾਪਤ ਹੈ ਅਤੇ ਪ੍ਰਸਿਧ ਲਿਖਾਰੀਆਂ ਵਿਚ ਸਨਮਾਨੇ ਜਾਂਦੇ ਹਨ। ਆਪ ਜੀ ਨੇ ੧੦ ਸਾਲ ਅਮਰੀਕਾ ਅਤੇ ਹੋਰ ਦੇਸ਼ਾਂ ਦੀ ਸੈਰ ਤੇ ਵਿਦਿਆ ਹਾਸਲ ਕੀਤੀ ਅਤੇ ਮੁੜ ਪੰਜਾਬ ਆਕੇ ਨੌਜਵਾਨਾਂ ਤੇ ਵਿਦਵਾਨਾਂ ਦੇ ਲਾਭ ਹਿਤ ਹੇਠ ਲਿਖੀਆਂ ਪੁਸਤਕਾਂ ਰਚੀਆਂ:—

੧. ਅਰਥ ਵਿਗਿਆਨ ਦੇ ਮੁਢਲੇ ਅਸੂਲ ੨. ਪੰਜਾਬੀ ਸਾਹਿਤ ਵਿਚ ਖਾਸ ਵਾਧੇ ਦਾ ਕਾਰਨ ਹੈ ੩. ਗਰੀਬ ਹਿੰਦੁਸਤਾਨ ੪. ਪੂਰਬ ਅਤੇ ਪੱਛਮ ੫. ਅਮਰੀਕਾ ਦਾ ਚਕਰ ੬. ਸਾਡਾ ਦੇਸ। ਆਦਿ।

## ਬਾਵਾ ਹਰ ਕ੍ਰੀਸ਼ਨ ਸਿੰਘ ਜੀ

ਆਪ ਜੀ ਗਿਣਤੀ ਮਿਣਤੀ ਦੇ ਚੁਣਵੇਂ ਸਿਖ ਆਲਮਾਂ ਵਿਚੋਂ ਇਕ ਪਸਿਧ ਵਿਅਕਤੀ ਹਨ। ਆਪ ਨੂੰ ਸਿਖ ਸਹਿਤਿਆਚਾਰ ਦੀ ਜਿਉਂਦੀ ਜਾਗਦੀ ਮੂਰਤ ਤੇ ਪ੍ਰਚੀਨ ਭਾਰਤ ਦੇ ਰਿਸ਼ੀ ਕਿਹਾ ਜਾ ਸਕਦਾ ਹੈ। ਆਪ ਦਾ ਜਨਮ ਭਾਈ ਦਸੌਂਦਾ ਸਿੰਘ ਦੇ ਘਰ ਹੋਇਆ। ਕਈ ਸਾਲ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਅੰਗਰੇਜ਼ੀ ਤੇ ਧਰਮ ਵਿਦਿਆ ਦੇ ਪਰੋਫੈਸਰ ਰਹੇ। ਸੰਨ ੧੯੧੯ ਵਿਚ ਪਰੋਫੈਸਰ ਨਰੰਜਣ ਸਿੰਘ ਤੇ ਤੇਜਾ ਸਿੰਘ ਆਦਿ ਨੂੰ ਮਿਲ ਕੇ ਖਾਲਸਾ ਕਾਲਜ ਦੇ ਪ੍ਰਬੰਧ ਦਾ ਸੁਧਾਰ ਕੀਤਾ। ਗੁਰਦੁਆਰਾ ਸੁਧਾਰ ਲਹਿਰ ਚਲਾਈ ਤੇ ੧੯੨੩ ਵਿਚ ਗ੍ਰਿਫਤਾਰ ਕਰਕੇ ਲਾਹੌਰ ਦੇ ਸ਼ਾਹੀ ਕਿਲੇ ਵਿਚ ਡਕੇ ਗਏ। ਇਸ ਤੋਂ ਪਿਛੋਂ ਗੁਰ ਨਾਨਕ ਕਾਲਜ ਗੁਜਰਾਂਵਾਲਾ ਦੇ ਪ੍ਰਿੰਸੀਪਲ ਜਾ ਨਿਯਤ ਹੋਏ। ਭਾਂਵੇਂ ਆਪ ਨੇ ਬਹੁਤ ਘਟ ਕਿਤਾਬਾਂ ਲਿਖੀਆਂ ਹਨ ਪਰੰਤੂ ਪ੍ਰਿੰਸੀਪਲ ਹੋਣ ਦੇ ਨਾਤੇ ਸੈਂਕੜੇ ਵਿਦਿਆਰਥੀਆਂ ਨੂੰ ਜੀਵਨ ਗਿਆਨ ਦਿਤਾ। ਆਪ ਜੀ ਵਰਗਾ ਸ਼ੁਧ ਅੰਗਰੇਜ਼ੀ ਲਿਖਣ ਵਾਲਾ ਕੋਈ ਵਿਰਲਾ ਹੀ ਸਿਖ ਹੋਵੇਗ। ਪੰਜਾਬੀ ਦੇ ਚੰਗੇ ਸਪੀਕਰ ਭੀ ਹਨ। ਆਪ ਦੇ ਬਚਨ ਰੰਗ ਪੂਰਨ ਤੇ ਵਿਅੰਗ ਭਰਭੂਰ ਹੁੰਦੇ ਹਨ। ਕਥਾ ਬਹੁਤ ਸੁੰਦਰ ਕਰਦੇ ਹਨ। ਸ਼ਬਦਾ-ਅਰਥ ਪ੍ਰਕਾਸ਼ਨ ਵਿਚ ਆਪ ਨੇ ਕਾਫੀ ਕੰਮ ਕੀਤਾ ਹੈ। ਪੰਥਕ ਲਹਿਰਾਂ ਦੇ ਉਤਰਾ ਚੜ੍ਹਾਓ ਵਿਚ ਆਪ ਦਾ ਕਾਫੀ ਹਿਸਾ ਰਿਹਾ ਹੈ। ਆਪ ਅਜ ਕਲ ਸਿਖ ਨੈਸ਼ਨਲ ਕਾਲਜ ਕਾਦੀਆਂ ਜ਼ਿਲਾ ਗੁਰਦਾਸ ਪੁਰ ਦੇ ਪ੍ਰਿੰਸੀਪਲ ਹਨ।

## ਭਾਈ ਕਾਨ੍ਹ ਸਿੰਘ ਜੀ ਨਾਭਾ

ਆਪ ਜੀ ਦਾ ਜਨਮ ਬਾਬਾ ਨਰੈਣ ਸਿੰਘ ਜੀ ਦੇ ਘਰ ਪਿੰਡ ਮਿਸੋ ਰਿਆਸ਼ਤ ਨਾਭਾ ਵਿਖੇ ਹੋਇਆ। ਆਪ ਜੀ ਪੰਜ਼ਾਬੀ, ਓਰਦੂ, ਅੰਗਰੇਜ਼ੀ, ਫ਼ਾਰਸੀ ਆਦਿ ਵਿਦਿਆ ਵਿਚ ਮਾਹਰ ਸਨ। ਆਪ ਜੀ ਦੇ ਰਚਿਤ ਗ੍ਰੰਥ ਇਹ ਹਨ:– ੧. ਗੁਰਮਤਿ ਪ੍ਰਭਾਕਰ ੨. ਗੁਰਮਤਿ ਸੁਧਾਕਰ ੩. ਗੁਰ ਛੰਦ ਦਿਵਾਕਰ ੪. ਗੁਰ ਸ਼ਬਦ ਅਲੰਕਾਰ ੫. ਗੁਰ ਸ਼ਬਦ ਰਤਨਾਕਰ (ਮਹਾਨ ਕੋਸ਼) ਇਤ ਆਦਿ ੧੫ ਗ੍ਰੰਥ ਹਨ।

Digitized by Panjab Digital Library | www.panjabdigilib.org

## ਪੰ: ਕਰਤਾਰ ਸਿੰਘ ਜੀ ਦਾਖਾ

ਆਪ ਦਾ ਜਨਮ ਸ: ਰਾਮ ਸਿੰਘ ਦੇ ਘਰ ਪਿੰਡ ਦਾਖਾ ਜ਼ਿਲਾ ਲੁਧਿਆਣਾ ਵਿਖੇ ੧੩ ਸਤੰਬਰ ੧੮੮੯ ਈ: ਨੂੰ ਹੋਇਆ। ਆਪ ਸੰਸਕ੍ਰਿਤ ਵਿਦਿਆ ਦੇ ਮਹਾਨ ਪੰਡਤ ਹਨ। ਵਿਆਕਰਨ ਅਤੇ ਨਿਆਏ ਦੇ ਆਪ ਧੁਨੰਤਰ ਵਿਦਵਾਨ ਹਨ। ਆਪ ਕੁਝ ਸਮਾਂ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਰਹੇ। ਸ੍ਰੀ ਦਮਦਮਾਂ ( ਗੁਰੂ ਕੀ ਕਾਂਸੀ ) ਵਿਖੇ ਗੁਰਮਤਿ ਉਪਦੇਸ਼ਕ ਵਿਦਿਆਲਾ ਖੋਲ੍ਹਿਆ। ਓਥੋਂ ਹੀ "ਗੁਰੂ ਕੀ ਕਾਂਸੀ" ਨਾਮ ਦਾ ਮਾਸਕ ਪੱਤ੍ਰ ਜਾਰੀ ਕੀਤਾ ॥ ਆਪ ਜੀ ਦੀਆਂ ਰਚਨਾਵਾਂ ਇਹ ਹਨ:- ੧. ਗੁਰਮੁਖੀ ਹਿੰਦ ਦਾ ਟਾਕਰਾ ੨. ਸ੍ਰੀ ਗੁਰੂ ਵਿਆਕਰਨ ਪੰਚਾਇਣ, ਆਦਿ ੩੭ ਗੁਰਮਤਿ ਅਨਕੂਲ ਗ੍ਰੰਥ ਹਨ।

## ਗਿਆਨੀ ਕਰਤਾਰ ਸਿੰਘ ਜੀ

ਆਪ ਜੀ ਦਾ ਜਨਮ ਸ: ਹਜਾਰਾ ਸਿੰਘ ਦੇ ਘਰ ਮਾਤਾ ਪ੍ਰਤਾਪ ਕੌਰ ਦੀ ਸੁਭਾਗੀ ਕੁਖੋਂ ਪਿੰਡ ਰਸੂਲ ਪੁਰ, ਤਹਿਸੀਲ ਜਗਰਾਂਓਂ ਜ਼ਿਲਾ ਲੁਧਿਆਣਾ ਵਿਖੇ ਹੋਇਆ। ਆਪ ਕਟੜ ਗੁਰਮਤੀਏ ਹਨ। ਆਪ ਜੀ ਦੀਆਂ ਰਚਨਾਵਾਂ:- ੧. ਬੀਬੀ ਨਾਨਕੀ ਜੀ ੨. ਬੀਬੀ ਛੱਸੀ ਗਿਲਾਂ ਵਾਲੀ ੩. ਹਰਪ੍ਰਕਾਸ਼ ਕੌਰ ਮੈਨੇਜਰ ਕਾਲਜ ਸਿਧਵਾਂ ਖੁਰਦ ੪. ਮਹਾਰਾਣੀ ਖੜਗ ਕੌਰ ੫. ਨਾਮ ਬਾਣੀ ਸਦੁ ਆਦਿ।

## ਸ: ਕਰਤਾਰ ਸਿੰਘ ਬਲਬੀਰ ਭੁਚੋ

ਆਪ ਜੀ ਦਾ ਜਨਮ ਪਿਤਾ ਭਾਨ ਸਿੰਘ ਦੇ ਘਰ ਪਿੰਡ ਭੁਚੋ ਖੁਰਦ, ਤਹਿਸੀਲ ਤੇ ਜ਼ਿਲਾ ਫੀਰੋਜ਼ਪੁਰ, ਅਪਰੈਲ ਸੰਨ ੧੯੦੪ ਵਿਚ ਹੋਇਆ। ਬੀ. ਏ. ਤਕ ਵਿਦਿਆ ਪ੍ਰਾਪਤ ਕੀਤੀ ਅਤੇ ਅਕਾਲੀ ਲਹਿਰ ਚਲਨ ਤੇ ਆਪ ਜੀ ਨੇ ਅਕਾਲੀ ਖਿਆਲਾਂ ਵਿਚ ਲੀਨ ਹੋ ਕੇ ਬਹੁਤ ਹੀ ਕੰਮ ਕੀਤਾ ਤੇ ਅਸਲੀ 'ਕੌਮੀ ਦਰਦ, 'ਬੁਰਛਾ' ਸੁਧਾਰ, ਤੇ 'ਸਿਖ ਸੇਵਕ' ਦੇ ਐਡੀਟਰ ਰਹੇ। 'ਮਾਲਵਾ ਪ੍ਰਤੀਨਿਧ' ਖਾਲਸਾ ਦੀਵਾਨ ਦੀ ਸਕੱਤ੍ਰੀ ਵੀ ਕੀਤੀ। ਆਪ ਦੀ ਕਵਿਤਾ ਬੜੀ ਮਿਠਾਸ ਭਰੀ ਹੁੰਦੀ ਹੈ। ਪੰਜਾਬੀ ਬੋਲੀ ਵਿਚ ਇਨਾਂ ਨੇ ਸੋਲਾਂ ਕਲਾਂ ਦੀਆਂ 'ਅੱਠ ਹੀਰੇ' ਨਾਮੀ ਦੋ ਪੁਸਤਕਾਂ ਵੀ ਲਿਖੀਆਂ ਹਨ।

## ਸ: ਕਰਮ ਸਿੰਘ ਹਿਸਟੋਰੀਅਨ

ਆਪ ਜੀ ਪਹਿਲੇ ਵਿਦਵਾਨ ਹਨ ਜਿਨ੍ਹਾਂ ਕਸਵੱਟੀ ਮੁਤਾਬਿਕ ਸੋਧ ਵਿਚਾਰ ਕੇ ਸਹੀ ਸਹੀ ਲਿਖਣ ਦਾ ਬੀੜਾ ਉਠਾਇਆ। ਆਮ ਤੌਰ ਤੇ ਸਾਡਾ ਇਤਿਹਾਸ ਸਿਖ ਲੇਖਕਾਂ ਵਲੋਂ ਹਿੰਦੂਆਂ ਤੇ ਪੁਰਾਣਿਕ ਪ੍ਰਭਾਵ ਹੇਠ ਹੀ ਲਿਖਿਆ ਜਾਂਦਾ ਰਿਹਾ। ਅਤੇ ਗੈਰ ਸਿਖ ਲਿਖਾਰੀਆਂ ਨੇ ਆਪਣੇ ਆਪਣੇ ਨੁਕਤੇ ਅਨੁਸਾਰ ਗਲਤ ਮਲਤ ਸ਼ਕਲ ਵਿਚ ਪੇਸ਼ ਕੀਤਾ ਹੈ। ਸ: ਕਰਮ ਸਿੰਘ ਜੀ ਨੇ ਇਸ ਕਮੀ ਨੂੰ ਦੂਰ ਕਰਨ ਹਿਤ ਵਿਗਿਆਨਕ ਤੌਰ ਤੇ ਸਿਖ ਇਤਹਾਸ ਲਿਖਣ ਲਈ ਕਲਮ ਚੁਕੀ। ਪਰੰਤੂ ਉਮਰ ਦੇ ਸਾਥ ਨਾ ਦੇਣ ਦੇ ਕਾਰਨ ਉਹਨਾਂ ਨੂੰ ਆਪਣਾ ਕੰਮ ਅਧੂਰਾ ਹੀ ਛਡਣਾ ਪਿਆ। ਫਿਰ ਭੀ ਜੋ ਕੁਝ ਉਨ੍ਹਾਂ ਕੀਤਾ ਉਹ ਅਤੀ ਪ੍ਰਸੰਸਾ ਯੋਗ ਹੈ।

ਆਪ ਦਾ ਜਨਮ ਚੌਧਰੀ ਲੰਗਾਹ ਦੇ ਖਾਨਦਾਨ ਵਿਚੋਂ ਸ: ਝੰਡਾ ਸਿੰਘ ਜੀ ਦੇ ਘਰ ਪਿੰਡ ਝਬਾਲ ਜ਼ਿ: ਅੰਮ੍ਰਿਤਸਰ ਵਿਚ ਚੇਤ ੧੯੦੪ ਈ: ਨੂੰ ਹੋਇਆ। ਤਰਨਤਾਰਨ ਦਸਵੀਂ ਪਾਸ ਕੀਤੀ,

Digitized by Panjab Digital Library | www.panjabdigilib.org

ਫਿਰ ਖਾਲਸਾ ਕਾਲਜ ਆ ਦਾਖਲ ਹੋਏ। ਇਤਹਾਸ ਖੋਜ ਦੀ ਚੇਟਕ ਨੇ ਪੜ੍ਹਾਈ ਦਾ ਕੰਮ ਵਿਚੇ ਹੀ ਛਡਾ ਦਿਤਾ। ਆਪ ਦਾ ਖਿਆਲ ਸੀ ਕਿ ਸਿਖ ਰਾਜ ਸਮੇਂ ਦੇ ਬਿਰਧ ਬਜ਼ੁਰਗ ਚਲਦੇ ਜਾ ਰਹੇ ਹਨ, ਉਹਨਾਂ ਪਾਸੋਂ ਅਖੀਂ ਡਿਠੇ, ਜਾਂ ਕੰਨੀ ਸੁਣੇ ਹਾਲਾਤ ਕਲਮਬੰਦ ਕਰ ਲੈਣੇ ਚਾਹੀਦੇ ਹਨ। ਜੋ ਕਿ ਸਿਖ ਇਤਿਹਾਸ ਲਈ ਬੜੇ ਲਾਭਵੰਦ ਹੋ ਸਕਦੇ ਹਨ। ਉਹਨਾਂ ਚੜ੍ਹਦੀ ਜਵਾਨੀ ਵਿਚ ਹੀ ਲੰਮੇਂ ਲੰਮੇਂ ਪੈਂਡੇ ਕਰ ਕੇ ਬਿਰਧਾਂ ਦੇ ਬਿਆਨ ਤੇ ਹੋਰ ਇਤਿਹਾਸਕ ਮਸਾਲਾ ਇਕਤਰ ਕਰਨਾ ਸ਼ੁਰੂ ਕੀਤਾ। ਮੁਸਲਮਾਨੀ ਭੇਸ ਧਾਰ ਕੇ ਮਕੇ ਦੀ ਯਾਤਰਾ ਕਰਨੀ ਚਾਹੀ ਤਾਂਕਿ ਗੁਰੂ ਨਾਨਕ ਜੀ ਦੇ ਪ੍ਰਚਾਰ ਦੌਰੇ ਦਾ ਸਾਰਾ ਹਾਲ ਜਾਣਿਆ ਜਾ ਸਕੇ। ਪਰ ਬਗਦਾਦ ਤੋਂ ਅਗੇ ਜਾਣ ਵਿਚ ਸਫਲਤਾ ਨਾ ਹੋਈ। ਨਿਤ ਨਿਤ ਦੀ ਭਜ ਨੱਸ ਕਰਨ ਨਾਲ ਸਿਹਤ ਤੇ ਮਾਲੀ ਅਵਸਥਾ ਕੁਝ ਚੰਗੀ ਨਹੀਂ ਸੀ ਰਹੀ। ਪਰ ਉਹ ਇਸੇ ਤਰਾਂ ਦੁਖਾਂ ਨਾਲ ਘੁਲਦੇ ਲੜਦੇ ੨੫ ਸਾਲ ਸਿਖ ਇਤਿਹਾਸ ਲਈ ਘਾਲ ਘਾਲਦੇ ਰਹੇ। ਭਾਈ ਤਖਤ ਸਿੰਘ ਜੀ ਫਿਰੋਜ਼ਪੁਰ ਤੇ ਮਹਾਰਾਜਾ ਪਟਿਆਲਾ ਨੇ ਆਪ ਦੀ ਕੁਝ ਕੁਝ ਸਹਾਇਤਾ ਕੀਤੀ। ਕੁਝ ਸਮਾਂ ਚਿਤ੍ਰਕਾਰੀ ਦੀ ਦੁਕਾਨ ਭੀ ਚਲਾਂਦੇ ਰਹੇ। ਪਰੰਤੂ ਮੁਖ ਉਦੇਸ਼ ਉਹਨਾਂ ਦਾ ਸਿਖ ਇਤਿਹਾਸ ਲਿਖਣ ਦਾ ਹੀ ਸੀ। ਜਨਵਰੀ ੧੯੩੦ ਵਿਚ ਫੁਲਵਾੜੀ ਦਾ ਇਤਿਹਾਸਕ ਨੰਬਰ ਪ੍ਰਕਾਸ਼ਤ ਕੀਤਾ। ਇਸ ਤੋਂ ਬਿਨਾਂ ਉਹਨਾਂ ਦੇ ਵਖ ਵਖ ਲੇਖ, 'ਬਿਰਧਾਂ ਦੇ ਬਿਆਨ' ਤੇ ਲਾਹੌਰ ਦਰਬਾਰ ਦੇ ਰੋਜ਼ਾਨਾ ਮੇਚ, ਰੰਗ ਦੁਵਾਬ ਤੇ ਖਾਲਸਈ ਹਲੇ, ਸਰਹੰਦ ਦਾ ਸਾਕਾ, ਚੌਧਰੀ ਲੰਗਾਹ, ਜੀਵਨ ਭਾਈ ਤਾਰੂ ਸਿੰਘ ਸ਼ਹੀਦ, ਪਹਿਲਾ ਘਲੂਘਾਰਾ, ਜੰਗ ਨਾਮਾ, ਰੰਗਰੇਟੇ ਜਾਂ ਮਜ਼੍ਹਬੀ ਸਿਖ, ਰਾਮਗੜ੍ਹੀਏ ਕੀਕਰ ਬਣੇ, ਮਿਰਜ਼ਾ ਸਾਹਿਬਾਂ, ਸੋਹਣੀ ਮਹੀਂਵਾਲ, ਸਿਖ ਤੇ ਕੇਸ਼, ਸੰਧਾਂਵਾਲੀਆਂ ਦੀ ਵਾਰ ਆਦਿਕ ਇਤਿਹਾਸ ਲਈ ਕੀਮਤੀ ਚੀਜ਼ਾਂ ਹਨ। ਦਸਿਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਤਕ ਦੇ ਸਾਰੇ ਸਮਾਚਾਰ ਉਹਨਾਂ ਤੇਰਾਂ ਕਾਪੀਆਂ ਵਿਚ ਲਿਖ ਰਖੇ ਸਨ। ਪਰੰਤੂ ਬਿਮਾਰੀ ਨੇ ਪੇਸ਼ ਨਾ ਜਾਣ ਦਿਤੀ ਤੇ ਸਭ ਕੁਝ ਵਿਚੇ ਹੀ ਛਡਕੇ ੧੦ ਦਸੰਬਰ ੧੯੩੦ ਈਸਵੀ ਨੂੰ ਤਰਨਤਾਰਨ ਵਿਖੇ ਚਲਾਣਾ ਕਰ ਗਏ। ਆਪ ਦੀਆਂ ਰਚਿਤ ਪੁਸਤਕਾਂ ਇਹ ਹਨ :—

ਕਤਕ ਕਿ ਵਿਸਾਖ, ਬੰਦਾ ਬਹਾਦਰ, ਅਮਰ ਖਾਲਸ, ਗੁਰਪੁਰਬ ਨਿਰਨਯ, ਮਹਾਰਾਜਾ ਆਲਾ ਸਿੰਘ, ਬੰਦਾ ਕੌਣ ਥਾ (ਉਰਦੂ) ਸੁੰਦਰਾਂ ਹਰਨਾਮ ਕੌਰ, ਸਦਾ ਕੌਰ, ਪੰਜਾਬੀ ਗੇਡਰਜ, ਖਿਦਮਤ ਸਰਕਾਰ ਪਟਿਆਲਾ, ਹਾਲਾਤ ਮੁਕਦਮਾ, ਹਾਲਾਤ ਮੁਕਦਮਾ ਚਹਾਰਮੀਆਂ, ਆਦਿ।

## ਕਰਤਾਰ ਸਿੰਘ ਜੀ ਪ੍ਰੋਫੈਸਰ

ਆਪ ਜੀ ਦਾ ਜਨਮ ਪਿੰਡ ਠਠੀ ਖਾਰਾ ਜ਼ਿਲਾ ਅੰਮ੍ਰਿਤਸਰ ਵਿਚ ਸ: ਮੇਹਰ ਸਿੰਘ ਜੀ ਦੇ ਘਰ ੧੫ ਨਵੰਬਰ ੧੯੦੦ ਈ: ਨੂੰ ਹੋਇਆ। ੧੯੨੭ ਈ: ਵਿਚ ਐਮੇਂ ਪਾਸ ਕਰਕੇ ਖਾਲਸਾ ਕਾਲਜ ਵਿਚ ਅਧਿਆਪਕ ਲਗ ਗਏ, ਫਿਰ ੧੯੨੯ ਤੋਂ ੧੯੩੭ ਤੱਕ ਇਸੇ ਕਾਲਜ ਵਿਚ ਬਤੌਰ ਅੰਡਰ ਸੈਕਰਟਰੀ ਕੰਮ ਕੀਤਾ। ਪਿੱਛੋਂ ਸਿਖ ਨੈਸ਼ਨਲ ਕਾਲਜ ਲਾਹੌਰ ਚਲੇ ਗਏ, ਆਪ ਸਾਦਾ ਸੁਭਾ ਖਾਮੋਸ਼ ਤੇ ਮਹਿਨਤੀ ਤਬੀਅਤ ਦੇ ਮਾਲਕ ਹਨ। ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ ਕਥਾ ਅੰਗਰੇਜ਼ੀ ਤੇ ਪੰਜਾਬੀ ਵਿਚ ਖੋਜ ਤੇ ਵਿਸਥਾਰ ਪੂਰਬਕ ਲਿਖਕੇ ਆਪ ਨੇ ਕੌਮ ਦੀ ਚੰਗੀ ਸੇਵਾ ਕੀਤੀ ਹੈ, ਕੁਝ ਅੰਗਰੇਜ਼ੀ ਨਾਵਲਾਂ ਦੇ ਸਫਲ ਅਨੁਵਾਦ ਭੀ ਕੀਤੇ ਹਨ। ਪੁਸਤਕਾਂ ਇਹ ਹਨ :

ਜੀਵਨ ਕਥਾ ਗੁਰੂ ਨਾਨਕ, ਜੀਵਨ ਕਥਾ ਗੁਰੂ ਨਾਨਕ ਸਿਖ ਧਰਮ ਬਾਰੇ, ਦੁਖੀਏ

Digitized by Panjab Digital Library | www.panjabdigilib.org

(ਅਨੁਵਾਦ), ਕਰਮਾਂ ਦੀ ਖੇਡ, ਨਵੀਨ ਵਿਆਕਰਣ, ਉਚੇਰੇ ਪੰਜਾਬੀ ਲੇਖ, ਲਾਈਫ ਔਫ ਭਾਈ ਤਾਰੂ ਸਿੰਘ, ਲਾਈਫ ਔਫ ਗੁਰੂ ਗੋਬਿੰਦ ਸਿੰਘ, ਲਾਈਫ ਸਕੈਚ ਔਫ ਗੁਰੂ ਗੋਬਿੰਦ ਸਿੰਘ, ਰੀਕਿੰਡ ਲਿੰਗ ਔਫ ਸਿਖ ਹਾਰਟ, ਗੁਰੂ ਨਾਨਕਜ਼ ਰਿਸਪੌਂਸ, ਸਿਖ ਸ਼ਰਾਈਨਜ਼, ਪ੍ਰਵਾਨੇ (ਅਨੁਵਾਦ)।

## ਗੰਡਾ ਸਿੰਘ ਜੀ ਪ੍ਰੋਫੈਸਰ

ਨਵੀਨ ਸਿਖ ਇਤਿਹਾਸ ਦੇ ਖੋਜੀ ਹਨ, ਜਿਨਾਂ ਆਪਨੀ ਮਹਿਤਤ ਤੇ ਲਿਆਕਤ ਨਾਲ ਸ: ਕਰਮ ਸਿੰਘ ਹਿਸਟੋਰੀਅਨ ਦੇ ਅਰੰਭ ਕੀਤੇ ਕੰਮ ਨੂੰ ਜਾਰੀ ਰਖਿਆ ਹੈ। ਆਪ ਦਾ ਜਨਮ ਪਿੰਡ ਪੁਰਹੀਰਾਂ ਜਿਲਾ ਹੁਸ਼ਿਆਰ ਰ ਵਿਚ ਸ: ਆਲਾ ਸਿੰਘ ਜੀ ਦੇ ਘਰ ੫ ਨਵੰਬਰ ੧੯੦੧ ਈ: ਨੂੰ ਹੋਇਆ। ਕੁਛ ਸਮਾਂ ਫੌਜੀ ਮੁਲਾਜਤ ਭੀ ਕੀਤੀ। ਯੌਰਪ ਦਾ ਦੌਰਾ ਵੀ ਕੀਤਾ ਤੇ ਫਿਰ ਖਾਲਸਾ ਕਾਲਜ ਦੀ ਇਤਿਹਾਸਕ ਖੋਜ ਤੇ ਵਿਦਵਾਨਾ ਦੀ ਕੁਰਸੀ ਤੇ ਸ਼ਸ਼ੋਭਤ ਹੋਏ। ਆਪ ਅਤਿ ਦਰਜੇ ਦੇ ਹਿਮਤੀ ਤੇ ਉਤਸ਼ਾਹੀ ਖੋਜੀ ਹਨ। ਜੋ ਕੁਝ ਆਪ ਨੇ ਲਿਖਿਆ, ਉਹ ਇਤਿਹਾਸਕ ਨੁਕਤੇ ਤੋਂ ਬਹੁਤ ਅਮੋਲਕ ਹੈ। ਸਿਖ ਹਿਸਟਰੀ ਦਾ ਸਥਾਪਨ ਆਪਦੇ ਚੰਗੇ ਜਤਨਾਂ ਦਾ ਸਿੱਟਾ ਹੈ। ਆਪ ਜੀ ਦੀਆਂ ਰਚਨਾਵਾਂ ਇਹ ਹਨ।

ਕੁਝ ਕਿ ਸਿਖ ਇਤਿਹਾਸਕ ਪੱਤਰੇ, ਸਿਖ ਇਤਿਹਾਸ ਬਾਰੇ, ਸਿਖ ਇਤਿਹਾਸਕਾਂ ਵੱਲ: ਮਾਸਟਰ ਕੌੜਾ ਮੱਲ, ਪੰਜਾਬ ਦੀਆਂ ਵਾਰਾਂ, ਸ: ਸ਼ਾਮ ਸਿੰਘ ਅਟਾਰੀ ਵਾਲਾ, ਦੁਨੀਆਂ ਦੀ ਵਿਥਿਆ, ਜੰਗ ਨਾਮਾਂ ਇੰਗਲਿਸ਼, ਬੰਦਾ ਸਿੰਘ ਬਹਾਦਰ, ਲਾਸਟ ਡੇਜ਼ ਔਫ ਗੁਰੂ ਗੋਬਿੰਦ ਸਿੰਘ, ਨਾਨਕ ਪੰਥੀਜ਼, ਮਹਾਂਰਾਜਾ ਰਣਜੀਤ ਸਿੰਘ, ਹਿਸਟਰੀ ਔਫ ਗੁਰਦਵਾਰਾ ਸ਼ਹੀਦ ਗੰਜ, ਲਾਈਫ ਔਫ ਭਾਈ ਗੁਰਦਾਸ, ਮਿਰਤੂ ਤਵਾਰੀਖ ਸਿਖਾਂ, ਅਹਿਮਦ ਸ਼ਾਹ ਦੁਹਰਾਨੀ।

## ਗਿ: ਗਿਆਨ ਸਿੰਘ ਜੀ

ਆਪ ਜੀ ਦਾ ਜਨਮ ੧੮੭੯ ਬਿਕਰਮੀ ਨੂੰ ਪਿੰਡ ਲੌਂਗੋਵਾਲ (ਪਟਿਆਲਾ) ਵਿਖੇ ਸ: ਭਾਗ ਸਿੰਘ ਜੀ ਦੇ ਗ੍ਰਿਹ ਵਿਖੇ ਹੋਇਆ। ਆਪ ਜੀ ਦਾ ਖਾਨਦਾਨ ਭਾਈ ਮਨੀ ਸਿੰਘ ਜੀ ਸ਼ਹੀਦ ਨਾਲ ਮਿਲਦਾ ਜੁਲਦਾ ਹੈ। ਵਿਦਿਆ ਨਿਰਮਲੇ ਸੰਤਾਂ ਪਾਸੋਂ ਪ੍ਰਾਪਤ ਕੀਤੀ। ੧੮੯੮ ਬਿਕਰਮੀ ਨੂੰ ਆਪ ਪਟਿਆਲਾ ਫੌਜ 'ਚ ਜਾ ਭਰਤੀ ਹੋਏ। ਆਪ ਜੀ ਦੀ ਲੱਤ ਬੇਕਾਰ ਹੋਣ ਕਾਰਨ ਆਪਨੂੰ ਫੌਜ ਵਿਚੋਂ ਨਾਮ ਕਟਵਾਉਣਾ ਪਿਆ। ਆਪ ਜੀ ਨੇ ੧੯੩੨-੩੩ ਵਿਚ ਦੇਸ ਦਸੰਤ੍ਰਾਂ ਦਾ ਦੋਰਾ ਕੀਤਾ। ਆਪ ਜੀ ਨੂੰ ਕਵਿਤਾ ਦਾ ਸ਼ੌਕ ਜਾਗਿਆ ਅਤੇ ਆਪ ਜੀ ਨੇ ਹੇਠ ਲਿਖੇ ਗਰੰਥ ਰਚੇ।

ਪੰਥ ਪ੍ਰਕਾਸ਼, ਤਵਾਰੀਖ ਗੁਰੂ ਖਾਲਸਾ (ਪਹਿਲਾ ਭਾਗ), ਸ਼ਮਸ਼ੇਰ ਖਾਲਸਾ (ਦੂਜਾ ਭਾਗ), ਰਾਜ ਖਾਲਸਾ (ਤੀਜਾ ਭਾਗ), ਸਰਦਾਰ ਖਾਲਸਾ (ਚੌਥਾ ਭਾਗ) ਆਦਿ।

## ਗਿ: ਗੁਰਚਰਨ ਸਿੰਘ ਜੀ ਮੁਕਤਸਰ

ਆਪ ਜੀ ਬੜੇ ਪੜ੍ਹੇ ਲਿਖੇ ਵਿਦਵਾਨ ਗੁਰਸਿਖ ਹੋਏ ਹਨ। ਆਪ ਜੀ ਨੇ 'ਮਾਲਵਾ' ਨਾਮੀ ਅਖਬਾਰ ਜਾਰੀ ਕਰਕੇ ਮਾਲਵੇ ਦੇ ਗੁਪਤ ਹੀਰਿਆਂ ਅਤੇ ਮਾਲਵੇ ਦੀ ਮਹਤਤਾ ਨੂੰ ਦਰਸਾਇਆ ਹੈ।

## ਸ: ਗੁਰਦਿਆਲ ਸਿੰਘ ਜੀ ਘੱਗਾ

ਜਨਮ: ਆਪ ਜੀ ਦਾ ਜਨਮ ਤਹਿਸੀਲ ਮੁਕਤਸਰ ਜ਼ਿਲਾ ਫੀਰੋਜ਼ਪੁਰ ਵਿਚ ਹੋਇਆ।

Digitized by Panjab Digital Library | www.panjabdigilib.org

ਬਾਲਪਣ : ਆਪ ਜੀ ਦੀ ਪਹਿਲੀ ਉਮਰ ਪਿੰਡ ਵਿਚ ਹੀ ਲੰਘੀ।

ਵਿਦਿਆ : ਆਪ ਨੂੰ ਵਿਦਿਆ ਪੜ੍ਹਣ ਦਾ ਬਹੁਤ ਸ਼ੌਕ ਸੀ। ਪਰ ਕਈ ਕਾਰਨਾਂ ਕਰਕੇ ਆਪ ਉਚ ਵਿਦਿਆ ਪਰਾਪਤ ਨਾ ਕਰ ਸਕੇ।

ਕੰਮ : ਆਪ ਦੇ ਦਿਲ ਵਿਚ ਦੇਸ਼ ਤੇ ਕੌਮ ਦੀ ਸੇਵਾ ਕਰਨ ਦਾ ਬਹੁਤ ਦਰਦ ਹੈ। ਆਪ ਨੇ 'ਪੰਜਾਬੀ ਸ਼ੇਰ' ਅਖਬਾਰ ਕਢ ਕੇ ਕੌਮ ਦੀ ਸੇਵਾ ਕਰਨ ਦਾ ਬੀੜਾ ਚੁਕਿਆ ਹੈ। ਆਪ ਪੰਜਾਬੀ ਬੋਲੀ ਅਤੇ ਪੰਜਾਬੀਆਂ ਦੀ ਉਨਤੀ ਬਾਰੇ ਆਪਣੇ ਖਿਆਲ ਕਲਮ ਦਵਾਰਾ ਪਰਗਟ ਕਰਦੇ ਹਨ। ਆਪ ਨੇ ਅਕਾਲੀ ਲਹਿਰ ਵਿਚ ਵਧ ਚੜ੍ਹ ਕੇ ਹਿਸਾ ਲਿਆ ਤੇ ਜੇਲ੍ਹਾਂ ਕਟੀਆਂ। ਹੁਣ ਆਪ ਜੀ ਮੁਕਤਸਰ ਸਾਹਿਬ ਵਿਚ 'ਪੰਜਾਬੀ ਸ਼ੇਰ' ਨੂੰ ਕਾਫੀ ਮਿਹਨਤ ਨਾਲ ਚਲਾ ਰਹੇ ਹਨ।

## ਗੁਰਦਿਤ ਸਿੰਘ ਜੀ ਮਿਠੇਵਾਲ

ਆਪ ਜੀ ਦਾ ਜਨਮ ਸ: ਹੀਰਾ ਸਿੰਘ ਦੇ ਘਰ ਪਿੰਡ ਮਿਠੇਵਾਲ ਰਿਆਸਤ ਮਾਲੇਰਕੋਟਲਾ ਵਿਖੇ ਸੰਨ ੧੯੨੩ ਈਸਵੀ ਨੂੰ ਹੋਇਆ। ਆਪ ਦੇ ਪ੍ਰਵਾਰ ਦੇ ਕਟੜ ਗੁਰਮਤ ਖਿਆਲ ਹੋਣ ਕਰਕੇ ਆਪ ਜੀ ਨੇ ਛੋਟੀ ਉਮਰ ਵਿਚ ਹੀ ਸ੍ਰੀ ਗੁਰੂ ਗਰੰਥ ਸਾਹਿਬ, ਦਸਮ ਗਰੰਥ, ਸੂਰਜ ਪਰਕਾਸ਼ ਆਦਿ ਗਰੰਥ ਅਰਥਾਂ ਸਮੇਤ ਪੜ੍ਹ ਲਏ। ੧੯੪੫ ਵਿਚ ਗਿਆਨੀ ਪਾਸ ਕੀਤੀ। ੧੯੪੬ ਵਿਚ ਆਪ ਦੀ ਰੁਚੀ ਪੰਜਾਬੀ ਪੁਸਤਕਾਂ ਲਿਖਣ ਵਲ ਹੋਈ। ਸਭ ਤੋਂ ਪਹਿਲਾਂ ਆਪ ਨੇ ਅਨਥਕ ਮੇਹਨਤ ਅਤੇ ਖੋਜ ਕਰਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਇਤਹਾਸ ਲਿਖਿਆ ਜੋ ਅਧ ਛਪਿਆ ਹੀ ਪਾਕਿਸਤਾਨ ਦੇ ਝਗੜੇ ਸਮੇਂ ਉਥੇ ਅਗ ਦੀ ਭੇਟ ਹੋ ਗਿਆ। ਫੇਰ ਆਪ ਨੇ ਸੰਨ ੧੯੪੮ ਵਿਚ ਪਟਿਆਲੇ ਤੋਂ ਹਫਤਾਵਾਰ 'ਲੋਕ ਸੇਵਕ' ਤੇ ੧੯੫੦ ਵਿਚ 'ਜੀਵਨ ਸੰਦੇਸ਼' ਰਸਾਲੇ ਜਾਰੀ ਕੀਤੇ। ਪੱਤਰਕਾਰੀ ਤੋਂ ਬਿਨਾ ਗਿਆਨੀ ਜੀ ਨੇ ਪੰਜਾਬੀ ਲਿਪੀ ਤੇ ਵਾਰ-ਸਾਹਿਤ ਬਾਰੇ ਵੀ ਚੰਗੀ ਖੋਜ ਕੀਤੀ ਹੈ। ਆਪ ਦੀ ਲੇਖਣੀ ਤੇ ਕਵਿਤਾ ਬੜੀ ਹੀ ਦਿਲਚਸਪ ਹੁੰਦੀ ਹੈ।

## ਸ੍ਰ. ਗੁਰਬਖਸ਼ 'ਸੈਦਾ' ਸਿਆਲਬਾ

ਆਪ ਜੀ ਦਾ ਜਨਮ ਸ: ਪਰਸਾ ਸਿੰਘ ਦੇ ਘਰ' ਪਿੰਡ ਸਿਆਲਬ ਜਿਲਾ ਅੰਬਾਲਾ ਵਿਖੇ ਹੋਇਆ। ਆਪ ਜੀ ਨੇ ਦਸਵੀਂ ਤਕ ਵਿਦਿਆ ਪੜ੍ਹੀ। ਫੇਰ ਉਰਦੂ ਫਾਰਸੀ ਤੇ ਪੰਜਾਬੀ ਆਨ੍ਰਜ਼ ਦਾ ਇਮਤਿਹਾਨ ਚੰਗੇ ਨੰਬਰ ਲੈਕੇ ਪਾਸ ਕੀਤਾ। ਕਾਫੀ ਸਮਾਂ ਆਪ ਖਾਲਸਾ ਹਾਈ ਸਕੂਲ ਪਟਿਆਲਾ ਵਿਚ ਉਰਦੂ ਦੇ ਟੀਚਰ ਰਹੇ। ਅਗਸਤ, ਸਨ ੧੯੪੮ ਵਿਚ ਪਟਿਆਲਿਓਂ 'ਬਾਲ ਸੰਸਾਰ' ਨਾਮੀ ਮਹਾਵਾਰੀ ਰਸਾਲਾ ਜਾਰੀ ਕੀਤਾ। ਅਤੇ 'ਲੋਕ ਸਮਾਚਾਰ' ਪਰਕਾਸ਼ਿਆ। ਪੱਤਰ ਕਾਰੀ ਤੋਂ ਬਿਨਾ ਬਾਲ ਸਿਖਿਆ ਲਈ 'ਹਾਸੇ ਦਾ ਪਹਾੜ' ਗਿਦੜ ਦਾ ਵਿਆਹ ਤੇ ਚਾਨਣ ਚਿਟੀ, ਨਾਮੀ ਕੁਝ ਕਿਤਾਬਾਂ ਵੀ ਆਪ ਨੇ ਲਿਖੀਆਂ ਹਨ।

## ਗੁਰਮੁਖ ਸਿੰਘ ਪ੍ਰੋਫੈਸਰ ਚੰਧੜ

ਆਪ ਦਾ ਜਨਮ ਸ: ਵਿਸਾਵਾ ਸਿੰਘ ਦੇ ਘਰ ਸਨ ੧੮੪੯ ਵਿਚ ਕਪੂਰਥਲੇ ਇਕ ਜੱਟ ਸਿੱਖ ਦੇ ਘਰਾਣੇ ਵਿਚ ਹੋਇਆ। ਪਹਿਲਾਂ ਉਹ ਮਹਾਰਾਜਾ ਸ਼ੇਰ ਸਿੰਘ ਵਾਲੀਏ ਲਾਹੌਰ ਪਾਸ ਤੇ ਪਿਛੋਂ ਰਾਜਾ ਰਣਧੀਰ ਸਿੰਘ ਤੇ ਕੰਵਰ ਬਿਕਰਮ ਸਿੰਘ ਕਪੂਰਥਲਾ ਦੇ ਪਾਸ ਰਸੋਈਏ ਰਹੇ। ਕੰਵਰ ਬਿਕਰਮ ਸਿੰਘ ਨੇ ਉਨ੍ਹਾਂ ਦੇ ਪੁੱਤਰ ਭਾਈ ਗੁਰਮੁਖ ਸਿੰਘ ਨੂੰ ਵਿਦਿਆ ਪੜ੍ਹਾਈ ਅਤੇ ਉਚੇਰੀ ਤਾਲੀਮ

Digitized by Panjab Digital Library | www.panjabdigilib.org

ਹਾਸਲ ਕਰਨ ਲਈ ਗੌਰਮੈਂਟ ਕਾਲਜ਼ ਲਾਹੌਰ ਵਿਚ ਦਾਖਲ ਕਰਵਾਇਆ। ਇਨ੍ਹਾਂ ਮੁਢਲੇ ਸਾਲਾਂ ਵਿਚ ਭਾਈ ਗੁਰਮੁਖ ਸਿੰਘ ਦੇ ਦਿਲ ਵਿਚ ਕੌਮੀ ਸੇਵਾ, ਵਿਦਿਆ ਪਰਚਾਰ ਅਤੇ ਪੱਤਰਕਾਰੀ ਦਾ ਸ਼ੌਕ ਜਾਗਿਆ। ਸੰਨ ੧੮੭੯ ਵਿਚ ਉਨ੍ਹਾਂ ਨੇ ਲਾਹੌਰ ਵਿਚ ਸਿੰਘ ਸਭਾ ਬਣਾਈ ਤੇ ਫੇਰ ਸੰਨ ੧੮੮੦ ਵਿਚ ਸਿੰਘ ਸਭਾ ਲਹਿਰ ਦਾ ਮੁੱਢ ਬੰਨਿਆਂ। ਇਸ ਤੋਂ ਪਿੱਛੋਂ ਉਨ੍ਹਾਂ ਨੇ ਖਾਲਸਾ ਪ੍ਰੈਸ ਲਾਇਆ। ਤੇ ਸੰਨ ੧੮੯੩ ਵਿਚ ਖਾਲਸਾ ਕਾਲਜ (ਅੰਮ੍ਰਿਤਸਰ) ਕਾਇਮ ਕੀਤਾ। ਗੁਰਮੁਖੀ ਅਖ਼ਬਾਰ (੧੮੮੦) ਵਿਦਿਆਲਕ ਪੰਜਾਬ (੧੮੮੧) ਸੁਧਾਰਕ (੧੮੮੫) ਖ਼ਾਲਸਾ ਗਜ਼ਟ (੧੮੮੫) ਅਤੇ ਖਾਲਸਾ ਅਖ਼ਬਾਰ ੧੮੮੫ ਆਰੰਭ ਕਰਕੇ ਆਪ ਨੇ ਪੰਜਾਬੀ ਪੱਤਰ ਕਲਾ ਨੂੰ ਜਨਮ ਦਿੱਤਾ। ਆਪ ਓਰੀਐਂਟਲ ਕਾਲਜ, ਲਾਹੌਰ ਵਿਚ ਪਰੋਫੈਸਰ ਅਤੇ ਪੰਜਾਬੀ ਦੇ ਪਹਿਲੇ ਵਾਰਤਕ ਲਿਖਾਰੀਆਂ ਵਿਚੋਂ ਸਨ। ੨੮ ਸਤੰਬਰ, ਸੰਨ ੧੮੯੮ ਨੂੰ ਆਪ ਦਾ ਦੇਹਾਂਤ ਸ੍ਰੀ ਨਗਰ ਕੰਡਾਘਾਟ, ਇਲਾਕਾ ਪਟਿਆਲਾ ਵਿਚ ਹੋਇਆ।

## ਸਰ ਜੁਗਿੰਦਰ ਸਿੰਘ ਜੀ

ਆਪ ਜੀ ਚੋਟੀ ਦੇ ਵਿਦਿਵਾਨਾਂ ਵਿਚੋਂ ਇਕ ਸਨ, ਜੋ ਕਿ ਅਪਨੇ ਘਰੇਲੂ ਤੇ ਰਾਜਸੀ ਮਾਮਲਿਆਂ ਵਿਚੋਂ ਭੀ ਲਿਖਣ ਪੜ੍ਹਨ ਲਈ ਕਾਫ਼ੀ ਵਿਹਲ ਕੱਢਦੇ ਰਹਿੰਦੇ ਸਨ।

ਆਪ ਦਾ ਜਨਮ ੨੫ ਮਈ ੧੮੭੯ ਈ: ਨੂੰ ਪਿੰਡ ਰਸੂਲ ਪੁਰ ਤਹਿਸੀਲ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਆਪ ਜੀ ਨੇ ਚੰਗੀ ਉਚੀ ਵਿਦਿਆ ਪ੍ਰਾਪਤ ਕੀਤੀ। ਆਪ ਕੌਂਸਲ ਔਫ ਸਟੇਟ ਦੇ ਮੈਂਬਰ ਭੀ ਰਹੇ।

੧੯੨੬ ਈ: ਤੋਂ ੧੯੩੭ ਤਕ ਪੰਜਾਬ ਦੇ ਖੇਤੀ ਵਾੜੀ ਦੇ ਵਜ਼ੀਰ ਰਹੇ। ਚਾਰਵਾਰ ਆਪ ਨੂੰ ਸਿਖ ਐਜੂਕੇਸ਼ਨਲ ਕਾਨਫਰੰਸ ਦੀ ਪ੍ਰਧਾਨਗੀ ਤੇ ਸਾਭਾਇਮਾਨ ਹੋਣ ਮਾਣ ਪਰਾਪਤ ਹੋਇਆ। ਚੰਗੇ ਪਤਵੰਤੇ ਸਜਨ ਸਨ। 'ਈਸਟ ਐਂਡ ਵੈਸਟ' ਰਸਾਲੇ ਨੂੰ ਭੀ ਸੰਪਾਦਨ ਕਰਦੇ ਰਹੇ। ਤੇ ਫਿਰ ੧੯੩੦ ਵਿਚ 'ਖਾਲਸਾ ਰੈਵਊ' ਭੀ ਜਾਰੀ ਕੀਤਾ। ਆਪ ਦੀ ਲਿਖਤ ਤੇ ਤਕਰੀਰ ਵਿਚ ਕਾਫੀਜ਼ੋਰ ਸੀ। ਆਪ ਜੀ ਦਾ ਦਿਹਾਂਤ ੨ ਦਸੰਬਰ ੧੯੪੬ ਨੂੰ ਇਕਬਾਲ ਨਗਰ ਜਿਲਾ ਮਿੰਟਗੁਮਰੀ ਵਿਚ ਹੋਇਆ।

ਆਪ ਦੀਆਂ ਰਚਨਾਵਾਂ ਇਹ ਹਨ :—

ਦਸ ਸਪੋਕ ਬਾਬਾ ਨਾਨਕ, ਸਿਖ ਸਰਮਨੀਜ਼, ਸਿਖਇਜ਼ਮ ਟੂਡੇ ਐਂਡ ਟੂਮਾਰੋ, ਸਰਕਲ ਔਫ ਦੀ ਸਿਖਇਜ਼ਮ, ਕਮਲਾ (ਅੰਗਰੇਜ਼ ਕਮਪਣੀ), ਨੂਰਜਹਾਂ ਅੰਗਰੇਜ਼ੀ, (ਨਾਸਰੀਨ) ਅੰਗਰੇਜ਼ੀ, ਦੀ ਲਾਈਫ ਔਫ ਬਹਿਰਾਮ ਜੀ, ਮਾਲਾਂ ਬਾਰੀ, ਕਮਲਾ ਪੰਜਾਬੀ, ਕਾਮਣੀ ਪੰਜਾਬੀ, ।

## ਗੁਰਮੁਖ ਸਿੰਘ ਜੀ ਪਰੋਫੈਸਰ

ਆਪ ਇਕ ਮਹਾਨ ਨੇਕ ਆਤਮਾ ਵਿਦਵਾਦ ਸਜਨ ਸਨ, ਜਿਨ੍ਹਾਂ ਨੇ ਸਿੰਘ ਸਭਾ ਲਹਿਰ ਜੈਸੀ ਸਾਧਾਰਨ ਲਹਿਰ ਨੂੰ ਜਨਮ ਦੇ ਕੇ ਸੁਤੀ ਸਿਖ ਕੌਮ ਨੂੰ ਜਗਾਇਆ। ਭਾਈ ਦਿਤ ਸਿੰਘ, ਭਾਈ ਜਵਾਹਰ ਸਿੰਘ ਜੀ, ਭਾਈ ਮਈਆ ਸਿੰਘ ਜੀ ਆਦਿ ਸਜਨਾਂ ਨੂੰ ਇਸ ਲਹਿਰ ਵਿਚ ਲਿਆਉਣ ਦਾ ਸਿਹਰਾ ਆਪ ਦੇ ਸਿਰ ਹੀ ਹੈ।

ਆਪ ਦਾ ਜਨਮ ਪਿੰਡ ਚੰਬੜਾਂ ਜ਼ਿਲਾ ਗੁਜਰਾਂ ਵਾਲੇ ਵਿਖੇ ਸ: ਵਿਸਾਖਾ ਸਿੰਘ ਜੀ ਦੇ ਘਰ ਹੋਇਆ। ਭਗਤ ਲਛਮਨ ਸਿੰਘ ਜੀ ਆਪ ਨੂੰ ਜ਼ਿਲਾ ਜਾਲੰਧਰ ਦੇ ਵਸਨੀਕ ਦਸਦੇ ਹਨ। ਬਾਵਜੂਦ

Digitized by Panjab Digital Library | www.panjabdigilib.org

ਗਰੀਬ ਹੋਣ ਦੇ, ਬੜੀ ਮਿਹਨਤ ਨਾਲ ਬੀ.ਏ. ਪਾਸ ਕੀਤੀ। ਫਿਰ ਉਰੈਂਟੀਅਲ ਕਾਲਜ ਲਾਹੌਰ ਵਿਚ ਅਸਿਸਟੈਂਟ ਪਰੋਫੈਸਰ ਲਗ ਗਏ। ਪੜ੍ਹਾਉਣ ਦੇ ਵਕਤ ਤੋਂ ਪਿਛੋਂ ਆਪ ਸਿਖੀ ਪਰਚਾਰ ਲਈ ਜਤਨ ਕਰਦੇ ਤੇ ਆਪ ਜੀ ਦੇ ਜਤਨਾਂ ਦਾ ਸਦਕਾ ਹੀ ਪਹਿਲੇ ਪਹਿਲ ਸਿੰਘ ਸਭਾ ਲਹਿਰ ਜਾਰੀ ਹੋਈ। ਆਪ ਨੇ ਜਿਸ ਮਿਹਨਤ ਤੇ ਉਤਸ਼ਾਹ ਨਾਲ ਕੰਮ ਕੀਤਾ ਉਸ ਦੀ ਪ੍ਰਸੰਸਾ ਨਹੀਂ ਕੀਤੀ ਜਾ ਸਕਦੀ। ਖਾਲਸਾ ਕਾਲਜ ਦੀ ਵਿਉਂਤ ਵੀ ਆਪ ਦਾ ਹੀ ਸੁਪਣਾ ਹੈ। ਇਸ ਤੋਂ ਬਿਨਾ ਆਪ ਨੇ ਗੁਰਮਖੀ ਅਖਬਾਰ ਜਾਰੀ ਕੀਤਾ। ਇਕ ਮਾਸਕ ਪੱਤਰ 'ਸਦਾਚਾਰਕ' ਕਢਿਆ। ਭਾਵੇਂ ਪਰੋਫੈਸਰ ਜੀ ਦੀ ਕੋਈ ਕਿਤਾਬ ਸਾਡੇ ਪਾਸ ਨਹੀਂ ਪਰੰਤੂ ਇਹਨਾਂ ਅਖਬਾਰਾਂ ਤੇ ਰਸਾਲਿਆਂ ਤੋਂ ਪਤਾ ਲਗਦਾ ਹੈ ਕਿ ਸਿਖ ਇਤਿਹਾਸ ਦੀ ਖੋਜ ਤੇ ਗੁਰਮਤ ਸਿਧਾਂਤਾਂ ਦੀ ਛਾਨ ਬੀਨ ਸਬੰਧੀ ਆਪ ਅੰਦਰ ਕਿੰਨੀ ਨਿਪੁੰਨਤਾ ਸੀ। ਇਨਕਲਾਬੀ ਸੁਧਾਰਕ ਵਿਚਾਰਾਂ ਦੇ ਕਾਰਨ ਪਿਛਾਂ-ਖਿਚੂ ਆਪ ਦਾ ਵਿਰੋਧ ਵੀ ਕਾਫੀ ਕਰਦੇ ਸੀ। ਤਖਤਾਂ ਬੁੰਗਿਆਂ ਤੋਂ ਆਪ ਨੂੰ ਸਿਖੀ ਤੋਂ ਖਾਰਜ ਕਰਨ ਦੇ ਹੁਕਮਨਾਮੇ ਭੀ ਜਾਰੀ ਕੀਤੇ ਗਏ। ਪਰ ਇਹ ਕਲਗੀਧਰ ਦਾ ਵੀਰ ਬਲਵਾਣ, ਸਿੰਘ ਉਮਰ ਭਰ ਸਚੇ ਸਿਖੀ ਆਦਰਸ਼ਾਂ ਲਈ ਘਾਲਣਾ ਘਾਲਦਾ ਰਿਹਾ। ਆਪ ਦਾ ਦਿਹਾਂਤ ੨੪ ਸਤੰਬਰ ੧੯੧੯ ਈ: ਨੂੰ ਕੰਡਾ ਘਾਟ ਪਟਿਆਲੇ ਵਿਖੇ ਇਕ ਬੰਗਲੇ ਵਿਚ ਹੋਇਆ।

## ਸ: ਗੁਰਬਖਸ਼ ਸਿੰਘ ਸ਼ਮਸ਼ੇਰ

ਆਪ ਦਾ ਪਿੰਡ ਝੁਬਾਲ ਜ਼ਿਲ੍ਹਾ ਅੰਮ੍ਰਿਤਸਰ ਹੈ। ਆਪ ਉਹਨਾਂ ਖੋਜੀ ਇਤਿਹਾਸਕਾਰਾਂ ਵਿਚੋਂ ਹਨ, ਜਿਨ੍ਹਾਂ ਨੇ ਸ: ਕਰਮ ਸਿੰਘ ਹਿਸਟੋਰੀਅਨ ਦੇ ਕੰਮਾਂ ਤੋਂ ਪਰੇਰਨਾ ਲੈ ਕੇ ਸਿਖ ਇਤਹਾਸ ਦੀ ਖੋਜ ਖੋਜ ਲਈ ਜਤਨ ਅਰੰਭ ਕੀਤਾ। ਭਾਵੇਂ ਆਪ ਦੀ ਵਿਦਿਆ ਬਹੁਤ ਨਹੀਂ ਸੀ, ਪਰ ਫਿਰ ਵੀ ਜਦੋਂ ਆਪ ਨੇ ਦੇਖਿਆ ਕਿ ਸਿਖ ਇਤਿਹਾਸ ਸੰਚਤ ਕਰਨ ਵਲੋਂ ਬੜੀ ਅਨਗਹਿਲੀ ਕੀਤੀ ਜਾ ਰਹੀ ਹੈ ਤੇ ਕਲ ਲੰਘੀ ਅਕਾਲੀ ਲਹਿਰ ਦਾ ਪੂਰਾ ਇਤਹਾਸ ਸਾਡੇ ਪਾਸ ਨਹੀਂ ਤਾਂ ਏਸ ਘਾਟ ਨੂੰ ਪੂਰਾ ਕਰਨ ਲਈ ਨਨਕਾਣਾ ਸਾਹਿਬ ਕਮੇਟੀ ਦੇ ਪ੍ਰਬੰਧ ਹੇਠਂ ਆਪ ਨੇ ਸ਼ਹੀਦਾਂ ਦਾ ਇਤਿਹਾਸ ਅਰੰਭ ਕੀਤਾ। ਸੈਂਕੜੇ ਕੋਹ ਪੇਦਲ ਚਲਕੇ ਅਤੇ ਪਿੰਡ ਪਿੰਡ ਪੁਜ ਕੇ ਸ਼ਹੀਦਾਂ ਦੇ ਨਾਂ, ਥਾਂ ਤੇ ਹੋਰ ਜਾਣਾਂ ਪਛਾਣਾਂ ਲੱਭੀਆਂ। ਬੜੀ ਮਿਹਨਤ ਨਾਲ 'ਸ਼ਹੀਦੀ ਜੀਵਨ ਸ੍ਰੀ ਨਨਕਾਣਾ ਸਾਹਿਬ' ਇਕ ਬੜੀ ਪੁਸਤਕ ਤਿਆਰ ਕੀਤੀ। ਇਸ ਤੋਂ ਬਿਨਾ ਆਪ ਨੇ ਕੀ ਕੀ ਕੁਝ ਲਿਖਿਆ ਅਤੇ ਕੀ ਕੁਝ ਲਿਖਣ ਦੇ ਆਹਰ ਵਿਚ ਸਨ, ਕਿਹਾ ਨਹੀਂ ਜਾ ਸਕਦਾ। ਜੁਲਾਈ ੧੯੪੭ ਦੇ ਘਲੂਘਾਰੇ ਨੇ ਲਾਹੌਰ ਵਿਚ ਉਹਨਾਂ ਦੀ ਜਾਨ ਲੈ ਲਈ ਤੇ ਸਾਥੋਂ ਸਦਾ ਲਈ ਵਿਛੜ ਗਏ।

## ਰੰਗਾ ਸਿੰਘ ਜੀ ਪ੍ਰਿੰਸੀਪਲ

ਆਪ ਆਪਣੇ ਸਮੇਂ ਦੇ ਲਾਸਾਨੀ ਸਿਖ ਲੈਕਚਰਾਰ ਹਨ। ਜਿਥੇ ਉਨ੍ਹਾਂ ਜਾਦੂ ਬਿਆਨ ਜ਼ਬਾਨ ਰਾਹੀਂ, ਬੇਅੰਤ ਕੀਰਤੀ ਹਾਸਲ ਕੀਤੀ ਹੈ। ਉਥੇ 'ਅੰਮ੍ਰਿਤ' ਮਾਸਕ ਪਤ੍ਰ ਦਵਾਰਾ ਅਤੇ ਹੋਰ ਕਈ ਪੁਸਤਕਾਂ ਲਿਖ ਕੇ ਸਿਖ ਕੌਮ ਦੀ ਲਮੀ ਸੇਵਾ ਭੀ ਬਹੁਤ ਕੀਤੀ ਹੈ। ਸਿਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਹੁੰਦਿਆਂ ਸੈਂਕੜੇ ਨੌਜਵਾਨਾਂ ਨੂੰ ਪਰਚਾਰ ਦੀ ਸਿਖਿਆ ਦੇ ਸਯੋਗ, ਪਰਚਾਰਕ ਬਣਾਇਆ। ਵਿਦਵਤਾ ਦੇ ਕਾਰਨ ਆਪ ਨੂੰ ਫਿਲਾਸਫਰ ਕਿਹਾ ਜਾਂਦਾ ਹੈ। ਪਿਛੇ ਜਹੇ ਪਛਮੀਂ ਦੌਰੇ ਦੇ ਹੇਠਾਂ ਆਪ ਸਿਖੀ ਤੋਂ ਦੂਰ ਚਲੇ ਗਏ ਸਨ। ਪ੍ਰੰਤੂ ਹੁਣ ਫਿਰ ਸਿਖੀ ਮੰਡਲ ਵਿਚ ਆ ਗਏ ਹਨ। ਆਪ ਦਾ ਜਨਮ ਪਿੰਡ ਜਗਤ ਪੁਰਾ ਜਿਲਾ ਅੰਮ੍ਰਿਤਸਰ ਵਿਖੇ ਸ: ਟਹਿਲ ਸਿੰਘ ਜੀ ਦੇ ਘਰ ਹੋਇਆ। ਦਸਵੀਂ ਪਾਸ ਕਰਕੇ ਫਿਰ ਪਰਚਾਰਕ ਵਿਦਿਆਲਾ ਤਰਨ ਤਾਰਨ ਪੜ੍ਹਦੇ ਰਹੇ ਅਤੇ ਉਸ ਸਮੇਂ ਤੋਂ

Digitized by Panjab Digital Library | www.panjabdigilib.org

ਪਰਚਾਰ ਦਾ ਕੰਮ ਅਰੰਭ ਕੀਤਾ । ੧੯੨੭ ਈ: ਵਿਚ ਸਿਖ ਮਿਸ਼ਨਰੀ ਕਾਲਜ ਦੇ ਪ੍ਰੰਸੀਪਲ ਬਣੇ ਮੁਬਾਹਿਸ਼, ਲੈਕਚਰਾਰ ਤੇ ਲਿਖਾਰੀ ਕਮਾਲ ਦਰਜੇ ਦੇ ਹਨ । ਸੁਭਾ ਦੇ ਅਤੀ ਮਿਠੇ ਬੇਪ੍ਰਵਾਹ ਸਾਦਾ, ਸ਼ਾਇਰ ਤਬੀਅਤ ਹਨ ।

ਆਪ ਜੀ ਦੀਆਂ ਪੁਸਤਕਾਂ ਇਹ ਹਨ :—

ਲੈਕਚਰ ਮਹਾਂ ਚਾਨਣ, ਬੰਦੀਛੋੜ, ਜੀਵ ਕਿਰਨ ਪ੍ਰੀਤ ਰੀਤ, (ਗਜ਼ਲਾਂ ਸਟੀਕ), ਜਪੁਜੀ ਸਟੀਕ, ਬਾਰਾਂਮਾਂਹਾ ਸਟੀਕ, ਨੌ ਰਤਨ, ਗੰਗ ਤਰੰਗ ਬੀਤੀਆਂ, ਮਹਾ ਬਲੀ, ਜਗਤ ਪਰਦੀਪ ਬੰਦਾ ਵੈਰਾਗੀ ।

## ਚੰਦਾ ਸਿੰਘ ਵਕੀਲ

ਆਪ ਦਾ ਜਨਮ ਪਿੰਡ ਕਾਲਿਆਂ ਵਾਲੀ (ਸਰਾਵਾ) ਵਿਖੇ ਹੋਇਆ । ਆਪ ਜੀ ਬਚਪਨ ਤੋਂ ਨੇਤ੍ਰ ਹੀਨ ਸਨ , ਜੋ ਵਿਦਿਆ ਜਬਾਨੀ ਕੰਠ ਕਰਦੇ ਸਨ । ਆਪ ਬੜੀ ਤੇਜ ਬੁਧੀ ਦੇ ਮਾਲਕ ਸਨ ।

ਆਪ ਜੀ ਦੀ ਰਚਨਾ ਇਹ ਹੈ :—

ਸਿਖ ਮਹਾਭਾਰਤ, ਜਪਾ ਜਾਪ, ਇਹ ਪੁਸਤਕਾਂ ਅਣਛਪੀਆਂ ਹੀ ਹਨ । ਆਪ ਦੀ ਲਿਖਤ ਦੇ ਖਰੜੇ, ੨੦ ਸੇਰ ਪੱਕੇ ਹੋਣਗੇ ।

## ਜੋਧ ਸਿੰਘ ਜੀ ਪ੍ਰਿੰਸੀਪਲ

ਉਨ੍ਹਾਂ ਚੋਟੀ ਦੇ ਵਿਦਵਾਨਾਂ ਵਿਚੋਂ ਹਨ, ਜੋ ਸਿੱਖ ਫਲਾਸਫੀ ਨੂੰ ਪ੍ਰਾਚੀਨ ਸ਼ਾਸਤ੍ਰਾਂ ਚਾਰੀਆਂ ਵਾਂਗ ਸਮਝਦੇ ਤੇ ਨਵੀਨ ਪਛਮੀ ਰੌਸ਼ਨੀ ਅਨੁਸਾਰ ਬਿਆਨ ਕਰ ਸਕਣ ਦੀ ਸਮਰਥਾ ਰਖਦੇ ਹਨ । ਆਪ ਦੀ ਲਿਖਤ 'ਗੁਰਮਤ ਨਿਰਣਯ' ਇਸ ਪਾਸੇ ਦੀ ਇਕ ਉਤਮ ਰਚਨਾ ਹੈ, ਜਿਸ ਤੋਂ ਸਿੱਖ ਸਿਧਾਂਤਾਂ ਨੂੰ ਦਾਰਸ਼ਨਿਕ ਤੌਰ ਤੇ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ ।

ਆਪ ਜੀ ਦਾ ਜਨਮ ਪਿੰਡ ਘੁੰਗਰੀਲ ਜਿਲਾ ਰਾਵਲ ਪਿੰਡੀ ਵਿਖੇ ਬਖਸ਼ੀ ਰਾਮ ਸਿੰਘ ਜੀ ਦੇ ਘਰ ੩੧ ਮਈ ੧੮੮੨ ਈ: ਨੂੰ ਹੋਇਆ । ੧੯੦੬ ਈ: ਵਿੱਚ ਐਮ.ਏ. ਕੀਤਾ । ਉਪਰੰਤ ਖਾਲਸਾ ਕਾਲਜ ਵਿਚ ਅਧਿਆਪਕ ਦੇ ਤੌਰ ਤੇ ਸੇਵਾ ਕਰਨ ਲਗੇ । ੧੯੧੩ ਈ. ਵਿਚ ਕਾਲਜ ਸਰਕਾਰੀ ਪ੍ਰਬੰਧ ਹੇਠ ਆ ਗਿਆ ਤੇ ਆਪ ਨੂੰ ਅਸਤੀਫਾ ਦੇਣਾ ਪਿਆ । ਫ਼ਿਰ ੧੯੨੮ ਈ: ਵਿਚ ਖਾਲਸਾ ਕਾਲਜ ਵਿਚ ਧਰਮ ਵਿਦਿਆ ਦੇ ਪ੍ਰੋਫੈਸਰ ਆ ਲਗੇ । ਅਜ ਕਲ ਇਸੇ ਵਿਦਿਅਕ ਸੰਬੰਧ ਦੇ ਪ੍ਰਿੰਸੀਪਲ ਹਨ । ਆਪ ਚੀਫ ਖਾਲਸਾ ਦੀਵਾਨ ਦੇ ਮੋਹਡੀ ਸੰਚਾਲਕਾਂ ਵਿੱਚੋਂ ਹਨ । ਗੁਰਮਤ ਨਿਰਣਯ' ਪੁਸਤਕ ਆਪ ਨੇ ਅੰਗਰੇਜ਼ੀ ਵਿੱਚ ਵੀ ਲਿਖੀ ਹੈ । ਆਪ ਜੀ ਦੇ ਹੋਰ ਲਿਖੇ ਗ੍ਰੰਥ ਏਹ ਹਨ । 'ਗੁਰਮਤਿ ਨਿਰਣਯ' 'ਗੁਰੂ ਸਹਿਬ ਤੇ ਵੇਦ' 'ਪ੍ਰਾਚੀਨ ਬੀੜਾਂ ਬਾਰੇ' ਜਪੁਜੀ ਸਟੀਕ' ਭਗਤ ਬਾਣੀ ਸਟੀਕ' 'ਸਿਖਜ਼ ਐਂਡ ਅਨੰਟਚ ਬਿਲਿਟੀ (ਅੰਗਰੇਜ਼ੀ), 'ਨਵਾਬ ਖਾਂ (ਨਾਵਲ) ਮੈਟ੍ਰਕੂਲੇਸ਼ਨ (ਕੋਰਸ) ।

## ਪ੍ਰਿੰਸੀਪਲ ਗੁਰਮਖ ਨਿਹਾਲ ਸਿੰਘ

ਪ੍ਰਿੰਸੀਪਲ ਗੁਰਮੁਖ ਨਿਹਾਲ ਸਿੰਘ ਜੀ, ਰਾਵਲਪਿੰਡੀ ਨਿਵਾਸੀ ਗੁਰਮਤ ਖੋਜੀ ਨਿਹਾਲ ਸਿੰਘ ਜੀ ਸੂਰੀ ਦੇ ਸਪੁਤਰ ਅਤੇ ਸੰਸਾਰ ਪ੍ਰਸਿਧ ਜਰਨਲਿਸ਼ਟ, ਸੇਠ ਨਿਹਾਲ ਜੀ ਦੇ ਭਰਾਤਾ ਹਨ। ਵਲੈਤੋਂ ਬੈਰਿਸਟਰੀ ਅਤੇ ਪੁਲੀਟੀਕਲ ਸਾਇੰਸ ਦੀ ਐਮ. ਏ. ਦੀ ਡਿਗਰੀ ਕੀਤੀ । ਬਨਾਰਸ ਹਿੰਦੂ ਯੂਨੀਵਰਸਟੀ

Digitized by Panjab Digital Library | www.panjabdigilib.org

ਵਿਚ ਪਰੋਫੈਸਰ ਲਗੇ । ਫਿਰ ਅਹਿਮਦਾਬਾਦ ਦੀ ਕਾਮਰਸ ਕਾਲਜ ਦੇ ਪਰਿੰਸੀਪਲ ਬਣੇ। ਹੁਣ ਰਾਮ ਜਸ ਕਾਲਜ ਦਿਲੀ ਦੇ ਪ੍ਰਿੰਸੀਪਲ ਹਨ । ਆਪ ਆਈਨੀ ਦਮਾਗ ਰਖਣ ਵਾਲੇ ਆਲਮ ਸਜਣ ਹਨ। ਔਖੇ ਤੋਂ ਔਖੇ ਮਾਮਲੇ ਨੂੰ ਸਰਲ ਢੰਗ ਨਾਲ ਸੁਲਝਾਉਣਾ ਆਪ ਦਾ ਗੁਣ ਹੈ। ਅੰਗਰੇਜ਼ੀ ਪੰਜਾਬੀ ਦੇ ਚੰਗੇ ਲਿਖਾਰੀ ਹਨ ।

ਆਪ ਜੀ ਦੀਆਂ ਰਚਨਾਵਾਂ ਇਹ ਹਨ:—

ਸਿਖਇਜ਼ਮ ਟੂ ਡੇ ਐਂਡ ਟੂ ਮਾਰੋ, ਦੀ ਇੰਡੀਅਨ ਕਾਨਸੀਚੂਟ ਅਸੈਂਬਲੀ, ਸਤਨਾਜਾ ਸਖੀ ਤੇ ਵਰਤਮਾਨ ਯੁਗ।

## ਜੰਗ ਸਿੰਘ ਜੀ ਗਿਆਨੀ

ਆਪ ਇਕ ਚੰਗੇ ਅਤੇ ਸਿਆਣੇ ਵਿਦਵਾਨ ਹਨ। ਆਪ ਨੇ ਅਕਾਲੀ ਅਤੇ ਖਾਲਸਾ ਸੇਵਕ ਆਦਿ ਪ੍ਰਸਿੱਧ ਅਖਬਾਰਾਂ ਦੀ ਐਡੀਟਰ ਕਰਕੇ ਕਾਫੀ ਪ੍ਰਸਿੱਧਤਾ ਪ੍ਰਾਪਤ ਕਰ ਲਈ ਹੈ।

ਆਪ ਜੀ ਦਾ ਜਨਮ ਸ: ਸੰਤਾ ਸਿੰਘ ਦੇ ਘਰ ਮਾਤਾ ਦਾਨ ਕੌਰ ਦੀ ਕੁਖੋਂ ਪਿੰਡ ਸੁਖਨਾ ਤਹਿਸੀਲ ਮੁਕਤਸਰ ਜ਼ਿਲਾ ਫੀਰੋਜ਼ ਪੁਰ ਵਿੱਚ ਹੋਇਆ।

ਬਾਲਪਣ : ਆਮ ਜਿਮੀਦਾਰਾਂ ਦੇ ਪੇਂਡੂ ਬੱਚਿਆਂ ਵਾਂਗ ਆਪ ਦੀ ਪਹਿਲੀ ਉਮਰ ਪਿੰਡ ਵਿਚ ਹੀ ਲੰਘੀ ।

ਵਿਦਿਆ : ਮੁਢ ਤੋਂ ਹੀ ਆਪਦੀ ਰੁਚੀ ਵਿਦਿਆ ਪੜ੍ਹਨ ਦੀ ਸੀ। ਸੋ ਆਪ ਨੇ ਪੰਜਾਬ ਯੂਨੀਵਰਸਟੀ ਦੀ ਗਿਆਨੀ ਅਤੇ ਮੈਟ੍ਰਿਕ ਪਾਸ ਕਰ ਲਈ।

ਸ਼ਾਦੀ ਤੇ ਸੰਤਾਨ : ਆਪ ਸ਼ਾਦੀ ਸ਼ੁਦਾ ਹਨ ਅਤੇ ਆਪ ਦੇ ਬੱਚੇ ਵੀ ਹਨ ।

ਕੰਮ : ਆਪ ਪਹਿਲਾ ਕੁਝ ਸਮਾਂ ਸਕੂਲ ਵਿਚ ਅਧਿਆਪਕ ਰਹੇ । ਫਿਰ ਅਕਾਲੀ ਅਖਬਾਰ ਵਿੱਚ ਸਹਾਇਕ ਐਡੀਟਰ ਜਾ ਲਗੇ। ਉਸਤੋਂ ਉਪਰੰਤ ਆਪ 'ਖਾਲਸਾ ਸੇਵਕ' ਦੇ ਐਡੀਟਰ ਬਣ ਗਏ ਅਤੇ ਕਈ ਸਾਲ ਐਡੀਟਰੀ ਕਰਦੇ ਰਹੇ। ਫਿਰ ਐਡੀਟਰੀ ਤੋਂ ਵਖ ਹੋ ਕੇ ਆਪ ਆਪਣੇ ਨਗਰ ਆ ਗਏ। ਕੁਝ ਚਿਰ ਮਾਲਵਾ ਇਤਿਹਾਸਕ ਕਮੇਟੀ ਦੇ ਅਧੀਨ ਲਿਖਾਰੀ ਦੀ ਹੈਸੀਅਤ ਵਿੱਚ ਕੰਮ ਕੀਤਾ ਤੇ ਏਥੋਂ ਵੀ ਛੇਤੀ ਪਟਿਆਲੇ ਚਲੇ ਗਏ, ਅਤੇ ਓਥੇ 'ਰਣਜੀਤ' ਦੇ ਐਡੀਟਰ ਜਾ ਹੋਏ। ਆਪ ਨੇ ਉਥੇ ਵੀ ਥੋੜਾ ਚਿਰ ਸੇਵਾ ਕੀਤੀ ਤੇ ਆਪਣੇ ਸੁਭਾਂ ਅਨੁਸਾਰ ਉਥੋਂ ਆਪ ਸਮੇਤ ਪ੍ਰਵਾਰ ਮਲਾਇਆ ਚਲੇ ਗਏ। ਜਿਥੇ ਆਪ ਨੇ ਅਕਾਲੀ ਲਹਿਰ ਵਿਚ ਵਧ ਚੜ ਕੇ ਹਿੱਸਾ ਲਿਆ, ਤੇ ਅਕਾਲੀ ਲਹਿਰ ਵਿਚ ਜੇਹਲ ਕਟੀ।

ਸੁਭਾ : ਆਪ ਅਜ਼ਾਦ ਤਬੀਅਤ ਦੇ ਮਾਲਕ ਹਨ। ਟਿਕਕੇ ਕੰਮ ਕਰਨਾ ਆਪ ਵਾਸਤੇ ਕੁਝ ਔਖਾ ਹੀ ਹੈ। ਆਪ ਹੁਣ ਮਲਾਇਆ ਵਿਚ ਨਵੇ ਸਰਕਾਰੀ ਅਖਬਾਰ ਦੀ ਐਡੀਟਰ ਕਰਨ ਗਏ ਹਨ।

## ਜਗਜੀਤ ਸਿੰਘ ਗੋਗੋਆਣੀ

ਆਪ ਦਾ ਜਨਮ ਪਿੰਡ ਗੋਗੋਆਣੀ ਤਹਿਸੀਲ ਜ਼ੀਰਾ, ਜ਼ਿਲਾ ਫੀਰੋਜ਼ਪੁਰ ਵਿਚ ਹੋਇਆ। ਪਰਾਇਮਰੀ ਤਕ ਵਿਦਿਆ ਆਪ ਨੇ ਪਿੰਡ ਰਹਿਕੇ ਹੀ ਹਾਸਲ ਕੀਤੀ। ਫੇਰ ਆਪ ਅਗਲੇਰੀ ਵਿਦਿਆ ਹਾਸਲ ਕਰਨ ਲਈ, ਫੀਰੋਜਪੁਰ, ਫਿਰ ਲਾਹੌਰ ਚਲੇ ਗਏ। ਅਕਾਲੀ ਲਹਿਰ ਦੇ ਦਿਨਾਂ ਵਿਚ ਜਦ ਜੈਤੋ (ਨਾਭੇ) ਦਾ ਮੋਰਚਾ ਲਗਿਆ ਹੋਇਆ ਸੀ, ਤਾਂ ਆਪ ਲਾਹੌਰ ਦਿਆਲ ਸਿੰਘ ਕਾਲਜ

Digitized by Panjab Digital Library | www.panjabdigilib.org

ਵਿਚ ਐਫ.ਏ. ਦੀ ਤਿਆਰੀ ਕਰ ਰਹੇ ਸਨ ਕਿ ਏਥੇ ਹੀ ਪੜ੍ਹਾਈ ਛਡ ਕੇ ਆਪ ਜਥਾ ਨੰ. ੧੨ ਦੇ ਸ਼ਹੀਦੀ ਜਥੇ ਵਿਚ ਸ਼ਾਮਲ ਹੋਕੇ ਜੈਤੋ ਚਲੇ ਗਏ। ਉਥੇ ਫੜੇ ਜਾਣ ਤੇ ੧ ਸਾਲ ਨਜ਼ਰਬੰਦ ਰਹੇ। ਫੇਰ ਸੰਨ ੧੯੨੪ ਵਿਚ ਰਿਹਾ ਹੋਣ ਤੇ ਆਪ ਦੀ ਰੁਚੀ ਪੰਜਾਬੀ ਪੱਤਰਕਾਰੀ ਵਲ ਹੋਈ। ਕੁਝ ਚਿਰ ਆਪ ਨੇ ਰੋਜ਼ਾਨਾ 'ਕੌਮੀ ਦਰਦ' ਵਿਚ ਕੰਮ ਕੀਤਾ। ਇਸਤੋਂ ਪਿੱਛੋਂ ਸੰਨ ੧੯੨੬ ਵਿਚ ਆਪ ਨੇ ਰੋਜ਼ਾਨਾ 'ਖਾਲਸਾ ਸੇਵਕ' ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

## ਜਸਵੰਤ ਸਿੰਘ ਕੰਵਲ

ਆਪ ਦਾ ਜਨਮ ਸ: ਮਾਹਲਾ ਸਿੰਘ ਦੇ ਘਰ ਮਾਤਾ ਹਰਨਾਮ ਕੌਰ ਦੀ ਕੁਖੋਂ ਪਿੰਡ ਢੁਡੀਕੇ ਤਹਿਸੀਲ ਮੋਗਾ, ਵਿਚ ਹੋਇਆ। ਵਿਦਿਆ ਮੈਟ੍ਰਕ ਤਕ ਹੈ।

ਆਪ ਦੇ ਰਚਿਤ ਗ੍ਰੰਥ ਇਹ ਹਨ :—

ਪਾਲੀ, ਸਚ ਨੂੰ ਫਾਂਸੀ, ਪੂਰਨ ਮਾਸ਼ੀ, ਕੰਡੇ, ਜ਼ਿੰਦਗੀ ਦੂਰ ਨਹੀਂ, ਜੀਵਨ ਕਣੀਆਂ ਆਦਿ।

## ਚਰਨ ਸਿੰਘ ਡਾਕਟਰ

ਆਪ ਜੀ ਦਾ ਜਨਮ ੧੮੮੩ ਈ: ਨੂੰ ਅੰਮ੍ਰਿਤਸਰ ਵਿਚ ਹੋਇਆ। ਆਪ ਨੇ ਸਿਖੀ ਪ੍ਰਚਾਰ ਤੇ ਕੌਮੀ ਸੁਧਾਰ ਲਈ ਸਾਹਿਤਕ ਸ਼ੈਲੀ ਅਨੁਸਾਰ ਕਈ ਲਾਭਦਾਇਕ ਚੀਜਾਂ ਲਿਖੀਆਂ। ਇਸ ਪਿਤਰੀ ਵਰਾਸਤ ਨੂੰ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਉਨਤੀ ਦੇ ਸਿਖਰ ਤੇ ਪੁਚਾਇਆ ਆਪ ਜੀ ਦੀਆਂ ਰਚਨਾਵਾਂ ਵਿਚੋਂ 'ਬਾਣੀ ਬਿਊਰਾ' ਪੁਸਤਕ ਖਾਸ ਮਹੱਤਤਾ ਵਾਲੀ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਆਏ ਸਿਰ ਲੇਖਾਂ ਤੇ ਰਾਗਾਂ ਸ਼ਬਦਾਂ ਆਦਿ ਦੀ ਗਿਣਤੀ ਤੇ ਚੰਗੀ ਵਿਚਾਰ ਕੀਤੀ ਗਈ ਹੈ। ਭਾਵੇਂ ਪਿੱਛੋਂ ਭਾਈ ਵੀਰ ਸਿੰਘ ਹੋਰਾਂ ਕੱਟਾ ਵਡ ਭੀ ਕਰ ਛਡੀ ਹੈ। ਆਪ ਦੀਆਂ ਸਮੂਹ ਰਚਨਾ ਡਾਕਟਰ ਬਲਬੀਰ ਸਿੰਘ ਜੀ ਵਲੋਂ ਸੰਪਾਦਿਕ 'ਸ੍ਰੀ ਚਰਨ ਹਰੀ' ਵਿਸਥਾਰ ਨਾਮੀ ਇਕਤਰ ਕੀਤੀਆਂ ਮਿਲਦੀਆਂ ਹਨ। ਦਿਹਾਂਤ ੧੯੦੮ ਵਿਚ ਹੋਇਆ।

ਆਪ ਦੀ ਰਚਨਾ ਇਹ ਹੈ।

ਸ੍ਰੀ ਗੁਰੂ ਗਰੰਥ ਬਾਣੀ ਦੁਆਰਾ ਗੜ ਗੰਜ ਬੋਲੇ, ਜੰਗ ਮੜੌਲੀ,- ਦਸਮ ਗੁਰ ਚਰਿਤ੍ਰ, ਲਾਟੂ ਸਿੰਘ ਐਡੋਲਿਕਸਨ, ਸ੍ਰੀ ਅਟਲ ਪ੍ਰਕਾਸ਼, ਮਹਾਂਰਾਣੀ ਸਾਹਿਬ ਕੌਰ, ਹੀਰ ਭਾਈ ਗੁਰਦਾਸ ਪੁਰ, ਨੀਤੀ ਵਾਰਤਾ, ਸ਼ਬਦ ਬਿਰਤੀ ਪ੍ਰਕਾਸ਼, ਫਰਿਆਦ, ਕੇਸਰੀ ਚਰਖਾ, ਖੋਟ ਬੁਰਾ, ਜੈ ਜੈ ਸੀਤਾ ਰਾਮ ਹੂੜ ਮਤ, ਹੋਲੀ ਹੈ, ਬੇਨਤੀ, ਸ਼ਾਮ ਸੁੰਦਰ, ਗੁਰਮਤ ਸੰਗੀਤ ਨਿਰਣਯ, ਬਾਣੀ ਬਿਉਰਾ।

## ਤੇਜਾ ਸਿੰਘ ਸਮੁੰਦਰੀ

ਆਪ ਜੀ ਦਾ ਜਨਮ ਪਿੰਡ ਰਾਇ ਕੇ ਬੁਰਜ ਜਿਲਾ ਅੰਮ੍ਰਿਤਸਰ ਵਿਖੇ ੨੦ ਫਗਣ ਸੰਮਤ ੧੯੩੮ ਬਿ: ਨੂੰ ਹੋਇਆ। ਆਪ ਬੜੇ ਜੋਸ਼ੀਲੇ ਕਾਰਕੁਨ ਤੇ ਪੱਤਰਕਾਰ ਸਨ। ੧੭ ਜੁਲਾਈ ਸੰਨ ੧੯੨੬ ਈ: ਨੂੰ ਜਦ ਆਪ ਸ਼੍ਰੋ. ਗੁ. ਪ੍ਰ. ਕਮੇਟੀ ਦੇ ਮੈਂਬਰਾਂ ਦੇ ਜੱਥੇ ਨਾਲ ਕਿਲੇ ਵਿਚ ਕੈਦ ਸਨ ਤਾਂ ਅਚਾਨਕ ਦਿਲ ਦੀ ਬਿਮਾਰੀ ਦੇ ਕਾਰਨ ਚਲਾਣਾ ਕਰ ਗਏ।

ਆਪ ਦੀ ਯਾਦ ਗਾਰ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਨਜ਼ਦੀਕ ਗੁਰੂ ਕੇ ਬਾਗ

Digitized by Panjab Digital Library | www.panjabdigilib.org

ਵਿਚ ਤੇਜਾ ਸਿੰਘ ਸਮੁੰਦਰੀ ਹਾਲ ਬਣਿਆ ਹੋਇਆ ਹੈ। ਜਿਥੇ ਅਜ ਕਲ ਸਰੋਮਣੀ ਗੁਰਦੁਆਰ ਪ੍ਰਬੰਧਕ ਕਮੇਟੀ ਦਾ ਦਫਤਰ ਹੈ।

# ਸ: ਤ੍ਰਿਲੋਕ ਸਿੰਘ ਚਿਤ੍ਰਕਾਰ

ਆਪ ਜੀ ਦਾ ਜਨਮ ਪਿੰਡ ਜੜਤੌਲੀ ਜਿਲਾ ਲੁਧਿਆਣਾ ਵਿਚ ੧੫ ਭਾਦ੍ਰੋਂ ੧੯੬੯ ਬਿ: ਮੁਤਾਬਿਕ ਸੰਨ ੧੯੧੨ ਈ: ਨੂੰ ਸ. ਗੁਰਦਿੱਤ ਜੀ ਦੇ ਘਰ ਹੋਇਆ। ਆਪ ਦੇ ਪਿਤਾ ਜੀ ਈਸਟ ਬੰਗਾਲ ਰੇਲਵੇ ਵਿਚ ਇੰਜੀਨੀਅਰ ਸਨ। ਅਰੰਭਕ ਪੜ੍ਹਾਈ ਪਿੰਡ ਵਿਚ ਹੀ ਬਾਬਾ ਦਯਾ ਸਿੰਘ ਹਕੀਮ ਪਾਸੋਂ ਕੀਤੀ। ਫੇਰ ਕਿਲਾ ਰਾਇ ਪੁਰ (ਲੁਧਿਆਣਾ) ਦੇ ਸਕੂਲ ਵਿੱਚ ਦਾਖਲ ਹੋਏ। ਉਥੋਂ ਆਪ ਨੂੰ ਮਿਡਲ ਕਰਨ ਤੋਂ ਮਗਰੋਂ ਫੇਰ ਕਿਸੇ ਕਾਰਣ ਪੜ੍ਹਾਈ ਛਡਣੀ ਪਈ। ਉਪਰੰਤ ਚਿਤ੍ਰਕਲਾ ਵਲ ਆਪ ਦਾ ਰੁਝਾਨ ਹੋਇਆ। ਸ. ਤ੍ਰਿਲੋਕ ਸਿੰਘ ਜੀ ਲਗ ਭਗ ੯੬ ਵਰੇ ਦੀ ਉਮਰ ਵਿੱਚ ਸਨ, ਜਦ ਆਪ ਜੀ ਦੇ ਪਿਤਾ ਜੀ ਨੇ ਆਸਾਮ ਦੇ ਇਲਾਕੇ ਵਿਚ ਜ਼ਮੀਨ ਖਰੀਦ ਲਈ। ਇਸ ਲਈ ਉਥੇ ਹੀ ਰਿਹਾਇਸ਼ ਕਰ ਲਈ ਅਤੇ ਪਿਆਰੇ ਤ੍ਰਿਲੋਕ ਸਿੰਘ ਜੀ ਨੂੰ ਵੀ ਪਾਸ ਲੈ ਗਏ। ਜਿਥੇ ਜਾਕੇ ਆਪ ਨੇ ਆਸਾਮੀ, ਬੰਗਾਲੀ, ਹਿੰਦੀ ਤੇ ਅੰਗ੍ਰੇਜ਼ੀ ਦੀ ਪੜ੍ਹਾਈ ਕੀਤੀ ਤੇ ਚਿਤ੍ਰਕਾਰੀ ਵਲ ਵਿਸ਼ੇਸ਼ ਧਿਆਨ ਦਿਤਾ। ਕੁਝ ਸਮਾਂ ਆਪ ਜੀ ਇੰਜੀਨੀਅਰਿੰਗ ਦਾ ਮਕੈਨੀਕਲ ਕੰਮ ਕਰਦੇ ਰਹੇ ਪਰ ਇਸ ਪਾਸੇ ਇਨ੍ਹਾਂ ਦੀ ਰੁਚੀ ਨਾ ਲਗੀ, ਪਰੰਤੂ ਆਪ ਜੀ ਦਾ ਧਿਆਨ ਚਿਤ੍ਰਕਲਾ ਵਲ ਹੀ ਰਿਹਾ। ਇਹ ਵੇਖ ਕੇ ਪਿਤਾ ਜੀ ਨੇ ਇਨ੍ਹਾਂ ਨੂੰ ਇਸ ਹੁਨਰ ਵਿਚ ਹੀ ਮਾਹਰ ਕਰਨਾ ਯੋਗ ਸਮਝਿਆ। ਅਤੇ ਆਪ ਜੀ ਨੂੰ ਆਰਟ ਦੀ ਸਿਖਿਆ ਲਈ ਕਲਕੱਤੇ ਭੇਜ ਦਿਤਾ। ਉਥੇ ਪ੍ਰਸਿਧ ਚਿਤ੍ਰਕਾਰ ਸ. ਠਾਕਰ ਸਿੰਘ ਜੀ ਪਾਸ ਤੇ ਹੇਮੇਂਦ੍ਰ ਮਜਿਮਦਰ ਆਦਿ ਚਿਤ੍ਰਕਾਰਾਂ ਤੋਂ ਸਿਖਿਆ ਪ੍ਰਾਪਤ ਕੀਤੀ। ਚਿਤ੍ਰਕਾਰੀ ਵਿਚ ਮਾਹਰ ਹੋਣ ਤੇ ਆਪ ਜੀ ਨੇ ਕਲਕੱਤੇ ਵਿਚ ਆਪਣਾ ਤ੍ਰਿਲੋਕ ਫਿਲਮ ਸਥਾਨ ਨਾਮੀਂ ਇਕ ਸਟੂਡੀਓ ਖੋਲਿਆ। ਜਿਸ ਨਾਲ ਉਨ੍ਹਾਂ ਨੂੰ ਬੜੀ ਮਸ਼ਹੂਰੀ ਹਾਸਲ ਹੋਈ। ਸੰਨ ੧੯੩੩ ਵਿਚ ਆਪ ਜੀ ਸ਼ੀਲਾਂਗ ਚਲੇ ਗਏ, ਇਨਾਂ ਦਿਨਾਂ ਵਿਚ ਹੀ ਆਪ ਦੀ ਮੁਲਾਕਾਤ ਪੰ: ਜਵਾਹਰ ਲਾਲ ਨਹਿਰੂ ਨਾਲ ਹੋਈ ਤੇ ਆਪ ਦੀ ਭੇਟ ਕੀਤੀ ਹੋਈ ਤਸਵੀਰ ਦੇਖ ਕੇ ਪੰਡਿਤ ਜੀ ਨੇ ਆਪ ਬੜੀ ਸਲਾਘਾ ਕੀਤੀ।

ਸੰ: ੧੯੪੬ ਵਿਚ ਜਦ ਸਟੇਫੋਰਡ ਕਰਪਸਨ ਦਾ ਮਿਸ਼ਨ ਹਿੰਦੁਸਤਾਨ ਆਇਆ ਤਾਂ ਆਪ ਜੀ ਨੇ ਇਕ ਤਸਵੀਰ ਉਸ ਮਿਸ਼ਨ ਨੂੰ ਦੇਣ ਲਈ ਹਿੰਦੁਸਤਾਨ ਦੀ ਆਜ਼ਾਦ ਸਮਸਿਆ ਬਾਰੇ ਤਿਆਰ ਕੀਤੀ। ਉਹ ਮਿਸਟਰ ਆਸਫ ਅਲੀ ਦੇ ਕਹਿਣ ਤੇ ਆਲ ਇੰਡੀਆ ਨੈਸ਼ਨਲ ਕਾਂਗਰਸ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ, ਜੋ ਕਿ ਉਨ੍ਹੀ ਦਿਨੀ ਦਿਲੀ ਵਿਖੇ ਹੋ ਰਹੀ ਸੀ ਅਗੇ ਰਖੀ ਗਈ। ਪੰਡਤ ਜਵਾਹਰ ਲਾਲ ਆਦਿ ਕੌਮੀ ਆਗੂਆਂ ਨੇ ਉਸ ਤਸਵੀਰ ਨੂੰ ਬਹੁਤ ਸਲਾਹਿਆ। ਸੰ: ੧੯੪੯ ਵਿਚ ਸ: ਤ੍ਰਿਲੋਕ ਸਿੰਘ ਜੀ ਦਰਬਾਰ ਪਟਿਆਲਾ ਵਲੋਂ ਰਾਜ ਚਿਤ੍ਰਕਾਰ ਨਿਯਤ ਹੋਏ। ਫੇਰ ਇਸ ਰਿਆਸਤ ਨੂੰ ਪੈਪਸੂ ਯੂਨੀਅਨ ਵਿਚ ਸ਼ਾਮਲ ਹੋਣ ਕਰਕੇ ਆਪ ਮਹਿਕਮਾਂ ਪੰਜਾਬੀ ਵਿਚ ਬਤੌਰ ਚਿਤ੍ਰਕਾਰ ਲਗਾਏ ਗਏ ਜਿਥੇ ਕਿ ਆਪ ਜੀ ਹੁਣ ਕੰਮ ਕਰ ਰਹੇ ਹਨ। ਚਿਤ੍ਰਕਲਾ ਸਬੰਧੀ ਨੁਮਾਇਸ਼ ਵਿਚ ਆਪ ਨੂੰ ਉਚ ਦਰਜੇ ਦੇ ਇਨਾਮ ਮਿਲ ਚੁਕੇ ਹਨ।

Digitized by Panjab Digital Library | www.panjabdigilib.org

# ਤੇਜਾ ਸਿੰਘ ਜੀ ਪ੍ਰਿੰਸੀਪਲ

ਆਪ ਦਾ ਜਨਮ ਪਿੰਡ ਅਡਿਆਲਾ ਜ਼ਿਲਾ ਰਾਵਲਪਿੰਡੀ ਵਿਚ ੨ ਜੂਨ ਸੰਨ ੧੮੯੪ ਈ: ਨੂੰ ਸ: ਭਲਾਘਰ ਸਿੰਘ ਜੀ ਦੇ ਘਰ ਹੋਇਆ। ਆਪ ਜੀ ਗਰੀਬੀ ਵਿਚ ਹੀ ਵਿਦਿਆ ਪੜ੍ਹੇ ਉਪ੍ਰੰਤ ਬਹੁਤ ਲੰਬਾ ਅਰਸਾ ਖਾਲਸਾ ਕਾਲਜ ਵਿਚ ਪੜ੍ਹਾਂਦੇ ਰਹੇ। ਫਿਰ ਬੰਬਈ ਖਾਲਸਾ ਕਾਲਜ ਵਿਚ ਪ੍ਰਿੰਸੀਪਲ ਬਣ ਕੇ ਚਲੇ ਗਏ। ਕੁਝ ਵਿਦਵਾਨ ਧਰਮ ਨੂੰ ਨਿਰੋਲ ਸਿਧਾਂਤਕ ਤੌਰ ਤੇ ਪੇਸ਼ ਕਰਨ ਵਾਲੇ ਹੁੰਦੇ ਹਨ, ਤੇ ਕੁਝ ਹੁਨਰੀ ਢੰਗ ਨਾਲ, ਉਸ ਦੀ ਜ਼ਿੰਦਗੀ ਲਈ ਡਾਢੀ ਲੋੜ ਦਸ ਕੇ, ਧਰਮ ਨੂੰ ਕਲਾ ਦੇ ਰੂਪ ਵਿਚ ਪੇਸ਼ ਕਰਦੇ ਹਨ। ਪ੍ਰਿੰਸੀਪਲ ਜੀ ਉਹਨਾਂ ਵਿਦਵਾਨਾਂ ਵਿਚੋਂ ਸਿਖ ਆਲਮ ਹਨ। ਜਿਨ੍ਹਾਂ ਪੂਰਬੀ ਤੇ ਪੱਛਮੀ ਸਾਹਿਤ ਨੂੰ ਪੜ੍ਹ ਘੋਖ ਕੇ ਸਿਰਫ ਧਰਮ ਅਤੇ ਸਾਹਿਤ ਪ੍ਰਭਾਵ ਨੂੰ ਸੁੰਦਰ ਰੂਪ ਵਿਚ ਪੇਸ਼ ਕੀਤਾ ਹੈ। ਆਪ ਨੇ ਜ਼ਿਆਦਾ ਤਰ ਸਿਖੀ ਬਾਰੇ ਅੰਗਰੇਜ਼ੀ ਪੁਸਤਕਾਂ ਲਿਖੀਆਂ ਹਨ। ਜਿਨ੍ਹਾਂ ਨੂੰ ਚੰਗੀਆਂ ਚੰਗੀਆਂ ਪ੍ਰਕਾਸ਼ਕ ਕੰਪਨੀਆਂ ਬੜੇ ਮਾਨ ਨਾਲ ਛਾਪਦੀਆਂ ਹਨ। ਸਿਖੀ, ਫਿਲਾਸਫੀ, ਇਤਿਹਾਸ, ਗੁਰਬਾਣੀ ਅਰਥ ਵਿਚਾਰ ਸਹਿਤ ਸਭ ਪਾਸੇ ਆਪ ਦੀ ਵਿਦਵਤਾ ਕਮਾਲ ਦੀ ਮੰਨੀ ਜਾਂਦੀ ਹੈ।

ਅਜ ਕਲ ਆਪ ਮਹਿੰਦਰਾ ਕਾਲਜ ਦੇ ਪ੍ਰਿੰਸੀਪਲ ਹਨ। ਆਪ ਸਾਹਿਤਕ ਸ਼ੌਕ, ਖੋਜੀ ਸੁਭਾ, ਅਣਥਕ ਮਿਹਨਤ ਅਤੇ ਆਪ ਦੀ ਮਿਸਾਲ ਆਪ ਹਨ। ਪੰਜਾਬੀ ਲਿਖਾਰੀਆਂ ਤੇ ਕਵੀਆਂ ਦੀ ਅਗਵਾਈ ਕਰਕੇ ਸਮੁਚੇ ਤੌਰ ਤੇ ਉਨ੍ਹਾਂ ਨੇ ਵਰਤਮਾਨ ਸਹਿਤ ਤੇ ਬੜਾ ਪਰਭਾਵ ਪਾਇਆ ਹੈ। ਪ੍ਰਸਿਧ ਵਿਦਵਾਨ ਪ੍ਰਿੰਸੀਪਲ ਜੋਧ ਸਿੰਘ ਜੀ ਲਿਖਦੇ ਹਨ ਕਿ ਪਿਛਲੇ ਤੀਹਾਂ ਸਾਲਾਂ ਅਰਥਾਤ ਸੰਨ ੧੯੨੦ ਤੋਂ ਬਾਅਦ ਦੇ ਸਮੇਂ ਵਿਚ, ਆਪ ਪੰਜਾਬੀ ਸਾਹਿਤਕਾਰਾਂ ਦੇ ਪ੍ਰਧਾਨ, ਸਲਾਹਕਾਰ, ਦੀ ਖਿਆਕਾਰ ਅਰ ਸ਼ਾਸਤਰੀ ਬਣੇ ਰਹੇ ਹਨ। ਦਰਜਨਾਂ ਕਵੀਆਂ, ਲਿਖਾਰੀਆਂ, ਨਾਟਕਕਾਰਾਂ ਨੇ ਆਪ ਦੀ ਸਿਖਿਆ ਨਾਲ ਆਪਣੀ ਕ੍ਰਿਤ ਨੂੰ ਸਫਲ ਕੀਤਾ ਹੈ। ਜਿਥ ਉਹ ਨਵੇਂ ਲੇਖਕਾਂ ਤੇ ਕਵੀਆਂ ਦੀਆਂ ਪੁਸਤਕਾਂ ਦੀ ਖੋਜ ਭਰੀ ਪੜਚੋਲ ਯਾ ਮੁਖਬੰਦ ਲਿਖ ਕੇ ਹਲਾ ਸ਼ੇਰੀ ਦੇਂਦੇ ਰਹੇ ਹਨ, ਉਥੇ ਜਦੋਂ ਅਸੀਂ ਵੇਖਦੇ ਹਾਂ ਕਿ ਮਹਾਨ ਕੋਸ਼ ਜੈਸੀ ਮਹਾਨ ਪੁਸਤਕ ਭੀ ਤੇਜਾ ਸਿੰਘ ਜੀ ਦੇ ਮੁਖਬੰਦ ਨਾਲ ਖੁਲ੍ਹਦੀ ਹੈ। 'ਸ਼ਬਦਾਂਤਿਕ ਲਗਾਂ ਮਾਤਰਾਂ' ਲਿਖ ਕੇ ਗੁਰਬਾਣੀ ਦੇ ਵਿਆਕਰਣ ਨੇਮਾਂ ਦੀ ਜਾਨ ਪਛਾਨ ਪਹਿਲੇ ਪਹਿਲ ਆਪ ਨੇ ਹੀ ਕਰਵਾਈ ਸੀ। ਸ਼ਬਦਾਅਰਥ ਦਾ ਜੋ ਮਹਾਨ ਕੰਮ ਗੁਰਸੇਵਕ ਸਭਾ ਵਲੋਂ ਕੀਤਾ ਗਿਆ ਹੈ, ਉਸ ਦੇ ਲਿਖਣ ਦਾ ਸਿਹਰਾ ਆਪ ਜੀ ਦੇ ਹੀ ਸਿਰ ਸੋਭਦਾ ਹੈ। ਅਜ ਕਲ ਆਪ ਇਸ ਆਹਰ ਵਿਚ ਲਗੇ ਹੋਏ ਹਨ ਕਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਅੰਗਰੇਜ਼ੀ ਅਨੁਵਾਦ ਛੇਤੀ ਸੰਪੂਰਨ ਕੀਤਾ ਜਾਵੇ।

ਆਪ ਜੀ ਦੀਆਂ ਰਚਨਾਵਾਂ ਇਹ ਹਨ:—

੧. ਗੁਰਦੁਆਰਾ ਰੀਫਾਰਮ ਮੂਵਮੈਂਟ ਐਂਡ ਦੀ ਸਿਖ ਅਵੇਕਿੰਗ, ੨. ਸਿਖ ਇਜ਼ਮ, ੩. ਐਸੇਜ਼ ਇਨ ਸਿਖ ਇਜ਼ਮ, ੪. ਗਰੋਥ ਆਫ ਰਿਸਪੌਨਸਿਬਿਲਟੀ ਇਨ ਸਿਖ ਇਜ਼ਮ, ੫. ਹਾਈਰੋਡਜ਼ ਆਫ ਸਿਖ ਹਿਸਟਰੀ (ਤਿੰਨ ਭਾਗ) ੬. ਸਿਖ ਹਿਸਟਰੀ, ੭. ਜਪੁਜੀ (ਅੰਗਰੇਜ਼ੀ ਅਨੁਵਾਦ) ੮. ਆਸਾ ਦੀ ਵਾਰ (ਅੰਗਰੇਜ਼ੀ ਅਨੁਵਾਦ) ੯. ਸਮ ਪੀਸ ਆਫ ਸੁਖਮਨੀ, ੧੦. ਸ਼ਬਦਾਰਥ (ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਔਖੇ ਪਦ-ਅਰਥ) ੧੧. ਸ਼ਬਦਾਂ ਤੁਕ ਲਗਾਂ ਮਾਤ੍ਰਾਂ, ੧੨. ਨਵੀਆਂ ਸੋਚਾਂ, ੧੩. ਸਹਿਜ ਸੁਭਾ, ੧੪. ਜਪ ਜੀ ਸਟੀਕ, ੧੫. ਆਸਾ ਦੀ ਵਾਰ ਸਟੀਕ, ੧੬. ਕਈ ਅੰਗਰੇਜ਼ੀ ਪੰਜਾਬੀ ਟ੍ਰੈਕਟ।

Digitized by Panjab Digital Library | www.panjabdigilib.org

## ਤਾਰਾ ਸਿੰਘ ਨਰੋਤਮ ਪੰਡਤ

ਆਪ ਜੀ ਦਾ ਜਨਮ ਪਿੰਡ ਗਿੜਵੜੀ ਜ਼ਿਲਾ ਹੁਸ਼ਿਆਰ ਪੁਰ ਵਿਖੇ ਹੋਇਆ ।

ਵਿਦਿਆ:—ਸੰਤ ਗੁਲਾਬ ਸਿੰਘ ਜੀ ਤੋਂ ਗੁਰਬਾਣੀ ਤੇ ਸੰਸਕ੍ਰਿਤ ਪੜ੍ਹੀ । ਆਪ ਦੀ ਵਿਦਿਵਤਾ ਦੀ ਕਦਰ ਕਰਦਿਆਂ ਮਹਾਰਾਜਾ ਨਰਿੰਦਰ ਸਿੰਘ ਪਟਿਆਲਾ ਨੇ ਬਹੁਤ ਚਿਰ ਆਪਣੇ ਕੋਲ ਰਖਕੇ ਹੇਠ ਲਿਖੇ ਗ੍ਰੰਥ ਲਿਖਵਾਏ:—

ਜਪਜੀ, ਰਹਿਰਾਸ, ਸੋਹਲਾ, ਭਗਤ ਬਾਣੀ ਤੇ ਸ੍ਰੀ ਰਾਗ ਦਾ ਟੀਕਾ, ਇਸ ਤੋਂ ਬਿਨਾਂ ਆਪ ਜੀ ਦੀਆਂ ਰਚਨਾ ਇਹ ਹਨ:—

੧. ਗੁਰਮਤ ਨਿਰਣਯ ਸਾਗਰ, ੨. ਗੁਰੂ ਗਿਰਾਰਥ ਕੋਸ਼, ੩. ਗੁਰੂ ਵੰਸ਼ਤਰ ਦਰਪਣ, ੪. ਅਕਾਲ ਮੂਰਤ ਪ੍ਰਦਰਸ਼ਨ, ੫. ਗੁਰ ਤੀਰਥ ਸੰਗ੍ਰਹਿ, ੬. ਸੁਰਤਰ ਕੋਸ਼, ੭. ਭਗਤ ਬਾਣੀ ਸਟੀਕ, ਆਦਿ ।

## ਤਾਰਾ ਸਿੰਘ ਜੀ ਮਾਸਟਰ ਅਕਾਲੀ ਜੋਧਾ

ਆਪ ਜੀ ਦਾ ਜਨਮ ੨੪ ਜੂਨ ੧੮੮੫ ਈ: ਨੂੰ ਬਖਸ਼ੀ ਗੋਪੀ ਚੰਦ ਦੇ ਘਰ ਪਿੰਡ ਹਰਿਆਲ ਜ਼ਿਲਾ ਰਾਵਲ ਪਿੰਡੀ ਵਿਚ ਹੋਇਆ । ਬੀ. ਏ. ਪਾਸ ਕਰਨ ਪਿਛੋਂ ੧੫ ਰੁਪਏ ਤੇ ਹੈਡਮਾਸਟਰੀ ਦੀ ਸੇਵਾ ਕੀਤੀ । ਫਿਰ ਰਾਜਨੀਤਕ ਛੇਤਰ ਵਿਚ ਆ ਗਏ । ਅਕਾਲੀ ਅਖਬਾਰ ਦੇ ਸੰਪਾਦਕ ਰਹੇ। ਸ਼੍ਰੋ: ਗੁ: ਪ੍ਰਬੰਧਕ ਕਮੇਟੀ ਅਤੇ ਸ਼੍ਰੋ: ਅਕਾਲੀ ਦਲ ਦੇ ਕਾਫੀ ਚਿਰ ਪ੍ਰਧਾਨ ਰਹੇ । ਅਤੇ ਹੁਣ ਭੀ ਦੋਹਾਂ ਸੰਸਥਾਵਾਂ ਦੇ ਪ੍ਰਧਾਨ ਹਨ ।

ਆਪ ਜੀ ਜਿਤਨੀ ਰਾਜਨੀਤਕ ਮੰਡਲ ਵਿਚ ਪ੍ਰਸਿਧੀ ਰਖਦੇ ਹਨ । ਮੇਰੀ ਰਾਇ ਵਿਚ ਉਨ੍ਹਾਂ ਦੀ ਬਤੌਰ ਚਿੰਤਕ ਦੇ ਭੀ ਇਸ ਨਾਲੋਂ ਵਧੇਰੇ ਮਹੱਤਤਾ ਹੈ। ਉਨ੍ਹਾਂ ਦੀ ਲਿਖਤ ਭਾਵੇਂ ਉਹ ਰਾਜਨੀਤਕ ਹੈ ਭਾਵੇਂ ਧਾਰਮਿਕ ਮੰਤਵ ਭਰਪੂਰ ਅਤੇ ਅਮੋਲਕ ਸਿਆਣਪ ਨਾਲ ਗੁੰਧੀ ਹੁੰਦੀ ਹੈ। ਆਪ ਦਾ ਮੰਤਕੀ ਚਕਰ ਪਾਠਕ ਨੂੰ ਪ੍ਰਭਾਵਤ ਕੀਤੇ ਬਿਨਾਂ ਨਹੀਂ ਰਹਿ ਸਕਦਾ । ਮੇਰਾ ਖਿਆਲ ਹੈ ਜੇਕਰ ਉਨ੍ਹਾਂ ਨੂੰ ਰਾਜਨੀਤਕ ਅਖਾੜਿਆਂ ਵਿਚ ਨਾ ਘੁਲਣਾ ਪੈਂਦਾ ਸ਼ਾਇਦ ਉਹ ਚੋਟੀ ਦੇ ਫਿਲਾਸਫਰ ਹੁੰਦੇ। ਆਪ ਦੀਆਂ ਅਕਾਲੀ ਅਖਬਾਰਾਂ ਤੇ ਸੰਤ ਸਿਪਾਹੀ ਵਿਚ ਛਪੀਆਂ ਲਿਖਤਾਂ ਪੜ੍ਹਨ ਵਾਲੀਆਂ ਹੁੰਦੀਆਂ ਹਨ ।

ਅਜ ਕਲ ਆਪ ਦੀ ਸੰਪਾਦਕੀ ਵਿਚ ਸੰਤ ਸਿਪਾਹੀ ਮਾਸਕ ਪੱਤ੍ਰ ਸ਼ਾਇਆ ਹੋ ਰਿਹਾ ਹੈ। ਜਿਸ ਤੋਂ ਆਪ ਜੀ ਦੇ ਰਾਜਨੀਤਕ ਤੇ ਧਾਰਮਕ ਵੀਚਾਰ ਪੜ੍ਹੇ ਜਾ ਸਕਦੇ ਹਨ । ਹੈਰਾਨੀ ਹੁੰਦੀ ਹੈ ਕਿ ਇਤਨੀ ਨੱਸ ਭੱਜ ਕਰਨ ਵਾਲਾ ਲੀਡਰ ਫਿਰ ਕਾਫੀ ਚੰਗਾ ਲਿਖਣ ਲਈ ਵੀ ਵਿਹਲ ਕਢ ਲੈਂਦਾ ਹੈ । 'ਬਾਬਾ ਤੇਗਾ ਸਿੰਘ' ਆਪ ਦੀ ਉਹ ਰਚਨਾ ਹੈ ਜਿਸ ਵਿਚ ਸਿਖ ਕੌਮ ਦਾ ਅੰਗਰੇਜ਼ ਵਿਰੋਧੀ ਜਜ਼ਬਾ ਪ੍ਰਤੱਖ ਮੂਰਤੀਮਾਨ ਹੋ ਗਿਆ ਹੈ । 'ਪ੍ਰੇਮ ਲਗਨ' 'ਅਕਾਲੀ ਲਹਿਰ ਦਾ ਝਲਕਾਰਾ' ਤੇ 'ਕਿਉਂ ਵਰਨੀ ਕਿਵ ਜਾਣਾ' ਆਸਤਕਤਾ ਤੇ ਕਿ ਚੰਗੀ ਵੀਚਾਰ ਭਰਪੂਰ ਪੁਸਤਕ ਹੈ । ਆਪ ਦੇ ਖਿਡੇ ਪੁੰਡੇ ਲੇਖ ਸੰਚਤ ਕਰਨ ਦੀ ਲੋੜ ਹੈ ਜੋ ਕਿ ਪ੍ਰਕਾਸ਼ਤ ਤੇ ਪਾਠਕਾਂ ਦੋਹਾਂ ਲਈ ਲਾਭਦਾਇਕ ਹੋ ਸਕਦੇ ਹਨ। ਆਪ ਦੀਆਂ ਰਚਨਾ ਇਹ ਹਨ:—

੧. ਪ੍ਰੇਮ ਲਗਨ, ੨. ਬਾਬਾ ਤੇਗਾ ਸਿੰਘ, ੩. ਕਿਉਂ ਵਰਨੀ ਕਿਵ ਜਾਣਾ, ੪. ਮੇਰੀ ਯਾਦ, ੫. ਸਿਖ ਰਾਜਨੀਤੀ, ੬. ਚੜ੍ਹਦੀ ਕਲਾ, ੭. ਪੰਥਕ ਨਿਸ਼ਾਨਾ, ੮. ਗ੍ਰਿਸਤ ਧਰਮ ਸਿਖਿਆ, ੯. ਕਈ ਟ੍ਰੈਕਟ ਆਦਿ ।

Digitized by Panjab Digital Library | www.panjabdigilib.org

## ਤੇਜਾ ਸਿੰਘ ਬਾਬੂ ਭਸੌੜ

ਆਪ ਜੀ ਦਾ ਜਨਮ ਸ: ਬੁਧ ਸਿੰਘ ਜੀ ਦੇ ਘਰ ਮਾਤਾ ਜੀਉਣ ਕੌਰ ਦੀ ਕੁਖੋਂ ਪਿੰਡ ਰਾਮਗੜ੍ਹ ਰਿ: ਪਟਿਆਲਾ ਵਿਚ ੨੦ ਪੋਹ ੧੯੨੩ ਬਿ: ਨੂੰ ਹੋਇਆ। ਪੋਹਲਾਂ ਆਪ ਪਟਿਆਲਾ ਫੌਜ ਵਿਚ ਭਰਤੀ ਹੋਏ ਉਪਰੰਤ ਰੁੜਕੀ ਕਾਲਜ ਵਿਚ ਓਵਰਸੀਅਰ ਕੀਤੀ, ਫੇਰ ਨਹਿਰ ਦੇ ਮਹਿਕਮੇਂ ਵਿਚ ਨੌਕਰੀ ਕਰਕੇ ਪੈਨਸ਼ਨ ਲੈ ਕੇ ਭਸੌੜ ਨਾਨਕੀਂ ਆ ਗਏ। ਇਥੇ ਆਕੇ ਆਪ ਜੀ ਨੇ ਸਿਖੀ ਪ੍ਰਚਾਰ ਰਜ ਕੇ ਕੀਤਾ। ਆਪ ਜੀ ਦੇ ਰਚਿਤ ਗਰੰਥ ਬਹੁਤ ਹਨ, ਸਾਰਿਆਂ ਦਾ ਵੇਰਵਾ ਦੇਣਾ ਮਹਾਨ ਹੈ।

## ਦਿਤ ਸਿੰਘ ਜੀ ਗਿਆਨੀ

ਆਪ ਜੀ ਦਾ ਜਨਮ ੧੮੫੩ ਈ: ਵਿਚ ਪਿੰਡ ਕਲੌੜ ਤਹਿਸੀਲ ਬਸੀ ਰਿ: ਪਟਿਆਲੀ ਵਿਖੇ ਸ: ਦੀਵਾਨ ਸਿੰਘ ਜੀ ਦੇ ਘਰ ਹੋਇਆ। ਪਹਿਲੇ ਵਿਦਿਆ ਸੰਤ ਗੁਰਬਖਸ਼ ਸਿੰਘ ਗੁਰਮਤ ਖੋਜ ਕਟੜ ਸਿੰਘ ਸਭੀਏ ਤੋਂ ਹਾਸਲ ਕੀਤੀ। ਬਹੁਤ ਚਿਰ ਗੁਲਾਬਦਾਸੀਆਂ ਦੇ ਡੇਰੇ ਚੱਠਿਆਂ ਵਾਲੇ ਜ਼ਿਲਾ ਲਾਹੌਰ ਵਿਚ ਰਹੇ। ਭਾਈ ਜਵਾਹਰ ਸਿੰਘ ਜੀ ਭੀ ਪਹਿਲੇ ਗੁਲਾਬ ਦਾਸੀਏ ਹੀ ਸਨ। ਜੋ ਪਰੋਫੈਸਰ ਗੁਰਮੁਖ ਸਿੰਘ ਜੀ ਦੀ ਪਰੇਰਨਾ ਦਾ ਸਦਕਾ ਇਹ ਦੋਨੋਂ ਗੁਰਮਖ ਪੂਰਨ ਸਿੰਘ ਸਜ ਗਏ ੨ਤੇ ਸਿਖੀ ਪ੍ਰਚਾਰ ਦਾ ਕੰਮ ਤਕੜਾ ਕਮਰਕਸਾ ਕਰਕੇ ਕਰਲਨ ਲਗੇ। ਗਿਆਨੀ ਜੀ ਨੇ ਦਯਾ ਨੰਦ ਜੈਸੇ ਤਰਕਵਾਦੀ ਪੰਡਤ ਨਾਲ ਤਿੰਨ ਵੇਰ ਸ਼ਾਸਤਰਅਰਥ ਕਰ ਕੇ ਉਸ ਨੂੰ ਹਾਰ ਦਿਤੀ। ੧੮੮੬ ਈ: ਵਿਚ ਲਾਹੌਰ ਤੋਂ 'ਖਾਲਸਾ' ਅਖਬਾਰ ਚਾਲੂ ਕੀਤਾ।

ਆਪ ਦੀ ਕਥਨੀ ਤੇ ਸਾਦੀ ਕਵਿਤਾ ਬਹੁਤ ਜ਼ੋਰਦਾਰ ਹੁੰਦੀ ਸੀ। ਆਪ ਜੀ ਬੜੇ ਦਲੀਲਬਾਜ਼ ਸਨ। ਆਪ ਦੀਆਂ ਰਚਨਾਵਾਂ ਇਹ ਹਨ:—

ਗੁਰ ਨਾਨਕ ਪ੍ਰਬੋਧ, ਗੁਰਬਾਣੀ ਪ੍ਰਬੋਧ, ਸ਼ਹੀਦੀ ਪ੍ਰਬੋਧ, ਗੁਰੂ ਅਰਜਨ ਚਰਿਤ, ਪੰਥ ਪ੍ਰਬੋਧ, ਨਕਲੀ ਸਿਖ ਪ੍ਰਬੋਧ, ਖਾਲਸੇ ਦੇ ਬੋਲੇ, ਮੇਰਾ ਤੇ ਸਾਧੂ ਦਯਾ ਨੰਦ ਦਾ ਸਬੰਧ, ਸੁਲਤਾਨ ਪੁਆੜਾ ਆਦਿ ੩੨ ਗਰੰਥ ਹਨ। ਆਪ ਜੀ ਦਾ ਦਿਹਾਂਤ ੬ ਸਤੰਬਰ ੧੯੦੧ ਈਸਵੀ ਨੂੰ ਹੋਇਆ।

## ਸ: ਦਿਆਲ ਸਿੰਘ ਜੀ 'ਪ੍ਰਵਾਨਾ'

ਆਪ ਇਕ ਉਚ ਕੋਟੀ ਦੇ ਪੰਜਾਬੀ ਬੱਕਤਾ ਅਤੇ ਕਵੀ ਹਨ। ਆਪ ਆਪਣੀਆਂ ਹਾਸ ਰਸ ਭਰੀਆਂ ਕਵਿਤਾਵਾਂ ਦੁਆਰਾ ਹਰਮਨ ਪਿਆਰੇ ਬਣ ਗਏ ਹਨ। ਆਪ ਦਾ ਜਨਮ ਸ: ਭਾਗ ਸਿੰਘ ਜੀ ਦੇ ਘਰ ਪਿੰਡ ਪੰਜ ਗਰਾਈਂ ਰਿਆਸਤ ਫਰੀਦਕੋਟ ਵਿਚ ਹੋਇਆ।

ਬਾਲਪਣ : ਆਪ ਦੀ ਮੁਢਲੀ ਉਮਰ ਪਿੰਡ ਵਿਚ ਲੰਘੀ, ਅਤੇ ਛੋਟੇ ਹੁੰਦਿਆਂ ਹੀ ਸੀਤਲਾ ਨਿਕਲਣ ਕਰਕੇ ਨਿਗਾਹ ਬੰਦ ਹੋ ਗਈ।

ਵਿਦਿਆ : ਆਪ ਨੇ ਗੁਰਮਖੀ ਵਿਦਿਆ ਗੁਰਦਵਾਰੇ ਵਿਚ ਪੜ੍ਹੀ ਅਤੇ ਪਿੰਗਲ ਦੇ ਗਰੰਥ ਪੜ੍ਹੇ। ਆਪ ਪੰਜਾਬੀ ਬੋਲੀ ਦੇ ਕਵੀ, ਲੈਕਚਰਾਰ ਤੇ ਲਿਖਾਰੀ ਹਨ। ਆਪ ਦੀ ਸਰਪ੍ਰਸਤੀ ਅਤੇ ਐਡੀਟਰੀ ਹੇਠ ਮਾਸਿਕ ਪੱਤਰ 'ਪ੍ਰਵਾਨਾ' ਚੰਗਾ ਚਲ ਰਿਹਾ ਹੈ।

ਕੰਮ : ਆਪ ਜਿਥੇ ਦੇਸ਼ ਤੇ ਕੌਮ ਦੀ ਸੇਵਾ ਪ੍ਰਚਾਰ ਅਤੇ ਲੇਖਣੀ ਦੁਆਰਾ ਕਰਦੇ ਹਨ ਉਥੇ ਆਪ ਨੇ ਅਕਾਲੀ ਲਹਿਰ ਵਿਚ ਵੀ ਵਧ ਚੜ੍ਹਕੇ ਹਿਸਾ ਲਿਆ ਅਤੇ ਜੇਲ੍ਹ ਕਟੀ, ਪੰਥ ਦਾ ਸ਼ਾਇਦ ਹੀ ਕੋਈ

Digitized by Panjab Digital Library | www.panjabdigilib.org

ਅਜਿਹਾ ਮੋਰਚਾ ਹੋਵੇਗਾ ਜਿਸ ਵਿਚ ਆਪ ਨਾ ਗਏ ਹੋਣ । ਆਪ ਸ਼੍ਰੋਮਣੀ ਅਕਾਲੀ ਦਲ ਦੇ ਸਰਗਰਮ ਵਰਕਰ ਹਨ ਅਤੇ ਵਧ ਚੜ੍ਹ ਕੇ ਪੰਥਕ ਕਮਾਂ ਵਿਚ ਹਿਸਾ ਲੈਂਦੇ ਹਨ ।

## ਦੁਨੀਆਂਦਾਰ ਸ: ਗੁਰਨਾਮ ਸਿੰਘ ਤੀਰ

ਆਪ ਜੀ ਦਾ ਨਾਮ ਸਾਰੇ ਪ੍ਰਸਿਧਤਾ ਰਖਦਾ ਹੈ । ਆਪ ਨੇ ਜਨਵਰੀ ਸੰਨ ੧੯੪੮ ਵਿਚ ਲੁਧਿਆਣੇ ਤੋਂ 'ਦੁਨੀਆਂ ਦਾਰ' ਨਾਮੀ ਅਖਬਾਰ ਜਾਰੀ ਕੀਤਾ । ਆਪ ਜੀ ਦੀ ਲੇਖਣੀ ਮੁਰਝਾਏ ਦਿਲਾਂ ਨੂੰ ਪ੍ਰਫੁਲਤ ਕਰਨ ਦੀ ਸਮਰਥਾ ਰਖਦੀ ਹੈ ।

## ਪ੍ਰਿੰਸੀਪਲ ਧਰਮਾਂਨੰਤ ਸਿੰਘ

ਆਪ ਜੀ ਚੋਣਵੇਂ ਸਿਖ ਵਿਦਿਵਾਨਾਂ ਵਿਚੋਂ ਹਨ । ਆਪ ਦਾ ਜਨਮ ਸ. ਧਰਮ ਸਿੰਘ ਦੇ ਘਰ ੧੫ ਅਗਸਤ ੧੮੮੮ ਈ: ਨੂੰ ਅੰਬਾਲਾ ਛਾਉਣੀ ਵਿਚ ਹੋਇਆ । ਮੁਢਲੀ ਵਿਦਿਆ ਪਰਾਪਤ ਕਰਕੇ ਇਲੈਕਟਰੀਕਲ ਇੰਜਨੀਅਰਿੰਗ ਦੀ ਸਟਡੀ ਲਈ । ੧੯੦੬ ਈ: ਵਿਚ ਵਲੈਤ ਚਲੇ ਗਏ ਤੇ ੧੯੧੨ ਤੱਕ ਉਥੇ ਰਹੇ । ਪਰਚਾਰਕ ਵਿਦਿਆਲਾ ਤੇ ਤਰਨ ਤਾਰਨ ਸਿਖ ਮਿਸ਼ਨਰੀ ਕਾਲਜ ਵਿਚ ਕਾਫੀ ਸਮਾਂ ਬਤੌਰ ਪ੍ਰਿੰਸੀਪਲ ਪਰਚਾਰਕ ਟਰੇਂਡ ਕਰਦੇ ਰਹੇ । ਆਪ ਜੀ ਅੰਗਰੇਜ਼ੀ, ਫਾਰਸੀ ਤੇ ਸੰਸਕ੍ਰਿਤ ਦੇ ਚੰਗੇ ਵਿਦਿਵਾਨ ਹਨ, ਜਿਸ ਵੇਲੇ ਵਲਾਇਤ ਸਨ ਉਸ ਵੇਲੇ ਆਪ ਨੇ ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ ਤੇ ੩੦੦ ਸਫੇ ਦੀ ਅਗਰੇਜ਼ੀ ਪੁਸਤਕ ਲਿਖੀ ਸੀ ਜੋ ਉਥੇ ਹੀ ਪ੍ਰਕਾਸ਼ਤ ਹੋਈ । ਪੁਸਤਕ ਦਾ ਨਾਮ 'ਪਲੇਟੋ ਐਂਡ ਦੀ ਟਰੂ ਐਂਨ ਲਾਇਟਨਰ ਔਫ ਦੀ ਸੋਲ ਹੈ ਅਤੇ ਮਾਝ ਸੋਲਹ ਦਾ ਆਪ ਨੇ ਅੰਗਰੇਜ਼ੀ ਅਨੁਵਾਦ ਕੀਤਾ ਹੈ । ਜੋ ਅਜੇ ਛਪੀਆਂ ਨਹੀਂ । ਪੰਜਾਬੀ ਵਿਚ ਆਪ ਦੇ ਲੈਕਚਰ ਗਿ: ਉਤਮ ਸਿੰਘ ਜੀ ਨੇ ਸੰਕਲਿਤ ਕਰਕੇ ਛਾਪੇ ਸਨ । ਉਸ ਪੁਸਤਕ ਦਾ ਨਾਮ ਹੈ 'ਸੁਲੇਖ ਰਤਨਾਵਲੀ' । ਫਰਵਰੀ ੧੯੪੨ ਈ: ਵਿਚ ਆਪ ਜੀ ਨੇ ਇਕ ਮਾਸਕ ਪਤ੍ਰ ਭੀ ਜਾਰੀ ਕੀਤਾ । ਪਰ ਇਹ ਜਿਆਦਾ ਚਿਰ ਨਾ ਚਲ ਸਕਿਆ । ੧੯੪੩-੪੬ ਵਿਚ ਆਪ ਅਡਵਾਇਜ਼ਰੀ ਕਮੇਟੀ ਔਫ ਇਨਫਰਮੇਸ਼ਨ ਐਂਡ ਬਰਾਡ ਕਾਸਟਿੰਗ ਇੰਡੀਆ ਦੇ ਮੈਂਬਰ ਭੀ ਰਹੇ । ਅਜ ਕਲ ਗੁਰਮਤ ਖੋਜ ਬਾਰੇ ਆਪਨੇ ਵਿਚਾਰ ਪੁਸਤਕ ਰੂਪ ਵਿਚ ਲਿਖਣ ਦਾ ਜਤਨ ਕਰ ਰਹੇ ਹਨ । ਆਪ ਸਰਲ ਸੁਭਾ ਸਾਦਾ ਖਾਮੋਸ਼ ਤੇ ਇਕਾਂਤ ਪਸੰਦ ਹਨ ।

## ਬੀਬੀ ਧਰਮ ਕੌਰ ਧੂਰੀ

ਆਪ ਜੀ ਦਾ ਜਨਮ ਸ. ਦੀਵਾਨ ਸਿੰਘ ਦੇ ਘਰ ਪਿੰਡ ਧੂਰੀ ਰਿਆਸਤ ਪਿਟਆਲਾ ਵਿਖੇ ਸੰਨ ੧੯੨੫ ਈ: ਨੂੰ ਹੋਇਆ । ਆਪ ਜੀ ਨੇ ਪਿਤਾ ਦੀ ਪ੍ਰੇਰਨਾ ਅਨੁਸਾਰ ਬਚਪਨ ਤੋਂ ਹੀ ਵਿਦਿਆ ਪਰਾਪਤੀ ਵਿਚ ਸੁਘੜ ਹੋਣ ਕਰਕੇ ਛੇਤੀ ਹੀ ਬੀ.ਏ. ਦੀ ਡਿਗਰੀ ਹਾਸਲ ਕਰ ਲਈ । ਆਪ ਜੀ ਨੂੰ ਕੌਮੀ ਸੇਵਾ ਦਾ ਬੜਾ ਹੀ ਸ਼ੌਕ ਸੀ । ਪਰ 'ਧੀ ਪਰਾਇਆ ਧੰਨ' ਹੋਣ ਦੇ ਕਾਰਨ ਹੁਣ ਸ. ਗੁਰਚਰਨ ਸਿੰਘ 'ਸਾਖੀ' ਬੀ.ਏ. ਨਾਲ ਪ੍ਰਣਾਏ ਜਾਣ ਪਿਛੋਂ ਆਪ ਨੇ ਅੰਮ੍ਰਿਤਸਰ ਵਿਚ ਸਿਖ ਕੰਨਿਆਂ ਮਹਾਂ ਵਿਦਿਆ ਜਾਰੀ ਕੀਤਾ । ਇਸਤੋਂ ਇਲਾਵਾ ਪੁਸਤਕਾਂ ਲਿਖਣ ਵਲ ਕਲਮ ਚੁਕੀ ।

Digitized by Panjab Digital Library | www.panjabdigilib.org

੧੯੪੩–੪੬ ਰਸਾਲਾ 'ਅੰਮ੍ਰਿਤ' ਦੇ ਐਡੀਟਰ ਰਹੇ । ਸੰਨ ੧੯੫੧ ਵਿਚ ਆਪ ਨੇ 'ਸਾਖੀ' ਹੋਰਾਂ ਦੀ ਸਹਾਇਤਾ ਨਾਲ ਅੰਮ੍ਰਿਤਸਰੋਂ ਰਸਾਲਾ 'ਅਮਰ ਕਹਾਣੀਆਂ' ਅਰੰਭ ਕੀਤਾ । ਆਪ ਦੀ ਕਲਮ ਇਕ ਹੋਣ ਹਾਰ ਕਹਾਣੀ ਕਾਰ ਹੈ ।

## ਨਰਿੰਜਨ ਸਿੰਘ ਤਾਲਿਬ

ਆਪ ਜੀ ਦਾ ਜਨਮ ਪਿਤਾ ਸ: ਰਤਨ ਸਿੰਘ ਜ਼ੈਲਦਾਰ ਦੇ ਘਰ ਸੰਨ ੧੯੦੧ ਦੇ ਕਰੀਬ ਨਾਭੇ ਵਿਖੇ ਹੋਇਆ। ਆਪ ਨੇ ਦਸਵੀਂ ਜਮਾਤ ਨਾਭਾ ਸਟੇਟ ਹਾਈ ਸਕੂਲ ਵਿਚੋਂ ਪਾਸ ਕੀਤੀ । ਫੇਰ ਆਪ ਮਹਾਰਾਜਾ ਗੁਰਚਰਨ ਸਿੰਘ ਵਾਲੀਏ ਨਾਭਾ ਦੇ ਪਾਸ ਪਰਾਈਵੇਟ ਸਟਾਫ਼ ਵਿਚ ਨੌਕਰ ਹੋ ਗਏ । ਫਿਰ ਮਹਾਰਾਜੇ ਨਾਲ ਕਿਸੇ ਗਲੋਂ ਨਾਰਾਜ਼ ਹੋ ਕੇ ਆਪ ਨੇ ਅੰਗਰੇਜ਼ੀ ਸਰਕਾਰ ਦੀ ਨੌਕਰੀ ਕਰ ਲਈ ਅਤੇ ਪੰਜ ਵਰ੍ਹੇ ਬਗਦਾਦ ਵਿਚ ਰਾਇਲ ਏਅਰ ਫ਼ੋਰਸ ਵਿਚ ਰਹੇ। ਉਥੇ ਵੀ ਸਿੱਖ ਲਹਿਰ ਨਾਲ ਆਪ ਦੀ ਹਮਦਰਦੀ ਹੋਣ ਕਾਰਨ ਹਕੂਮਤ ਦੀਆਂ ਅੱਖਾਂ ਵਿਚ ਰੜਕਣ ਲਗੇ। ਏਧਰ ਨਾਭਾ–ਪਟਿਆਲਾ ਕੇਸ ਚਲ ਪਿਆ ਤੇ ਆਪ ਨੂੰ ਮਹਾਰਾਜਾ ਨਾਭਾ ਨੇ ਫੇਰ ਬੁਲਾ ਲਿਆ। ਮਹਾਰਾਜਾ ਨਾਭਾ ਦੇ ੧੯੨੩ ਵਿਚ ਗੱਦੀਉਂ ਉਤਰਨ ਪਿਛੋਂ ਆਪ ਉਨ੍ਹਾਂ ਦੇ ਪਰਾਈਵੇਟ ਸਕੱਤਰ ਬਣਕੇ ਡੇਹਰਾਦੂਨ ਚਲੇ ਗਏ। ਫੇਰ ਤਿੰਨ ਵਰ੍ਹੇ ਉਨ੍ਹਾਂ ਦੇ ਨਾਲ ਕੋਡਾਈ ਕਨਾਲ ਰਹੇ । ੧੯੩੦ ਵਿਚ ਨੌਕਰੀ ਛੱਡ ਕੇ ਆਪ ਕਲਕਤੇ ਚਲੇ ਗਏ । ਪੰਜਾਬੀ ਪੱਤਰਕਾਰੀ ਵਿਚ ਆਪ ਜੀ ਨੂੰ ਮੁੱਢ ਤੋਂ ਹੀ ਦਿਲਚਸਪੀ ਸੀ । ਆਪ ਦੀਆਂ ਜੋਸ਼ੀਲੀਆਂ ਕਵਿਤਾਵਾਂ ਤੇ ਲੇਖ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਤੋਂ ਪਿਛੋਂ 'ਅਕਾਲੀ ਤੇ ਪ੍ਰਦੇਸੀ' 'ਕ੍ਰਿਪਾਨ ਬਹਾਦਰ' ਤੇ ਕਈ ਹੋਰ ਅਖਬਾਰਾਂ ਵਿਚ ਛਪਦੇ ਰਹੇ ਹਨ ।

੧੯੩੦ ਦੇ ਅਖੀਰ ਵਿਚ ਆਪ ਕੁਝ ਹੋਰ ਨੌਜਵਾਨਾਂ ਨਾਲ ਕਲਕੱਤੇ ਦੇ ਜੰਗਲ ਵਿਚ ਰੀਵਾਲਵਰ ਚਲਾਉਣ ਦੀ ਮਸ਼ਕ ਕਰਦੇ ਫੜੇ ਗਏ । ਉਸ ਵਿਚ ਆਪ ਨੂੰ ਛੇ ਮਹੀਨੇ ਸਜ਼ਾ ਹੋਈ। ਉਪਰੰਤ ਆਪ ਦਾ ਮਿਲਾਪ ਸ੍ਰੀ ਸੁਭਾਸ਼ ਬਾਬੂ ਨਾਲ ਹੋਇਆ ਅਤੇ ਉਨ੍ਹਾਂ ਨੂੰ ਹਿੰਦੁਸਤਾਨ ਵਿਚੋਂ ਭਜਾਉਣ ਅਤੇ ਫੌਜਾਂ ਅੰਦਰ ਬਗਾਵਤ ਕਰਾਉਣ ਦੇ ਦੋਸ਼ ਵਿਚ ਆਪ ਨੂੰ ਗ੍ਰਿਫ਼ਤਾਰ ਕੀਤਾ ਗਿਆ । ਰਿਹਾਈ ਤੋਂ ਬਾਅਦ ਕਲਕਤਾ ਤੋਂ 'ਦੇਸ਼ ਦਰਪਣ' ਪ੍ਰਕਾਸ਼ਤ ਕੀਤਾ ।

## ਗਿਆਨੀ ਨਾਹਰ ਸਿੰਘ ਜੀ

ਆਪ ਜੀ ਦਾ ਜਨਮ ਸ. ਠਾਕਰ ਸਿੰਘ ਦੇ ਘਰ, ਪਿੰਡ ਗੁਜ਼ਰ ਵਾਲ ਤਹਿਸੀਲ, ਜਿਲਾ ਲੁਧਿਆਣਾ ਵਿਖੇ ਹੋਇਆ ।

ਆਪ ਦੀ ਵਿਦਿਆ ਬੀ.ਏ ਤਕ ਹੈ। ਆਪ ਜੀ ਲਿਖਾਰੀ ਇਕ ਨੰਬਰ ਦੇ ਹੋਣ ਕਰਕੇ, ਬਹੁਤ ਕਿਤਾਬਾਂ ਲਿਖੀਆਂ। ਆਪ ਹੇਠ ਲਿਖੀਆਂ ਅਖਬਾਰਾਂ ਅਤੇ ਰਸਾਲਿਆਂ ਦੇ ਐਡੀਟਰ ਰਹੇ ਹਨ :—

ਅਸਲੀ ਕੌਮੀ ਦਰਦ, ਸਿਖ ਸੇਵਕ, ਦੁਸ਼ਟ ਦਮਨ, ਗੁਰਸੇਵਕ, ਪੰਜਾਬੀ ਰਤਨ ਆਦਿ।

## ਨਰਾਇਣ ਸਿੰਘ ਜੀ ਗਿਆਨੀ

ਆਪ ਪ੍ਰਾਚੀਨ ਗਿਆਨੀ ਸੰਪਰਦਾ ਦੇ ਪ੍ਰਸਿਧ ਗਿਆਨੀ ਹਨ। ਆਪ ਜੀ ਨੇ ਗੁਰਬਾਣੀ ਦੇ ਟੀਕੇ ਕਰਕੇ ਕੌਮੀ ਸੇਵਾ ਕੀਤੀ ਹੈ। ਆਪ ਜੀ ਤੋਂ ਬਿਨਾ ਗਿ: ਬਦਨ ਸਿੰਘ ਜੀ ਨੇ ਭੀ ਸ੍ਰੀ ਗੁਰੂ ਗਰੰਥ

Digitized by Panjab Digital Library | www.panjabdigilib.org

ਸਾਹਿਬ ਜੀ ਦਾ ਟੀਕਾ ਕੀਤਾ। ਜੋ ਫਰੀਦਕੋਟੀ ਟੀਕਾ ਨਾਮ ਤੇ ਪ੍ਰਸਿਧ ਹੈ, ਗਿਆਨੀ ਬਿਸ਼ਨ ਸਿੰਘ ਜੀ ਨੇ ਵੀ ਟੀਕਾ ਲਿਖਿਆ ਹੈ। ਪਰ ਆਪ ਜੀ ਨੇ ਦਸਮ ਗਰੰਥ ਦਾ ਟੀਕਾ ਪਹਿਲੀ ਵੇਰ ਹੀ ਲਖਿਆ ਅਤੇ ਆਪ ਦੇ ਟੀਕੇ ਚੰਗੀ ਦਿਲਚਸਪੀ ਨਾਲ ਪੜੇ ਜਾਂਦੇ ਹਨ।

"ਸ੍ਰੀ ਗੁਰੂ ਗਰੰਥ ਸਟੀਕ" "ਸ੍ਰੀ ਦਸਮ ਗਰੰਥ ਸਟੀਕ"
"ਨਿਤ ਨੇਮ ਸਟੀਕ" "ਵਾਰਾਂ ਭਾਈ ਗੁਰਦਾਸ ਸਟੀਕ"
"ਕਬਿਤ ਭਾਈ ਗੁਰਦਾਸ ਜੀ"

## ਗਿਆਨੀ ਨਿਹਾਲ ਸਿੰਘ ਜੀ

ਆਪ ਦਾ ਜਨਮ ਸ: ਕਿਸ਼ਨ ਸਿੰਘ ਦੇ ਘਰ ਪਿੰਡ ਕਮਾਲੀਆਂ ਜ਼ਿਲਾ ਲਾਇਲ ਪੁਰ ਵਿਚ ਹੋਇਆ। ਸੰਤ ਸੰਗਤ ਸਿੰਘ ਜੀ ਕਮਾਲੀਆ ਵਾਲਿਆਂ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸਮੇਤ ਅਰਥਾਂ ਦੇ ਕੀਤਾ, ਤੇ ਉਸ ਤੋਂ ਬਾਅਦ ਖਾਲਸਾ ਸਕੂਲ ਵਿਚ ਦਾਖਲ ਹੋ ਗਏ। ਮੈਟ੍ਰਕ ਆਪ ਨੇ ਲਾਇਲ ਪੁਰ ਖ਼ਾਲਸਾ ਹਾਈ ਸਕੂਲ ਵਿਚ ਪਾਸ ਕੀਤੀ। ਆਪ ਨੂੰ ਕਵਿਤਾ ਬਣਾਉਣ ਤੇ ਬੋਲਣ ਦਾ ਸ਼ੌਕ ਕੁਦਰਤ ਵਲੋਂ ਹੀ ਸੀ। ਦਸਵੀਂ ਪਾਸ ਕਰਕੇ ਜੇ. ਵੀ. ਪਾਸ ਕੀਤੀ ਤੇ ਗੁੰਨੇ ਗੌਜਰੇ ਮਿਡਲ ਸਕੂਲ ਵਿਚ ਹੈਡ ਮਾਸਟਰ ਲਗ ਗਏ। ਪੰਜ ਸਾਲ ਹੈਡਮਾਸਟਰੀ ਕਰਨ ਤੋਂ ਬਾਅਦ ਆਪ ਨੂੰ ਖਿਆਲ ਆਇਆ ਕਿ ਦੇਸ਼ ਵਿਚ ਧਾਰਮਕ ਪ੍ਰਚਾਰ ਦੀ ਬੜੀ ਲੋੜ ਹੈ। ਲੋਕ ਗੁਰੂ ਦਸ਼ਮੇਸ਼ ਪਿਤਾ ਜੀ ਦੇ ਪੂਰਨਿਆਂ ਨੂੰ ਛੱਡ ਕੇ ਕੁਰਾਹੇ ਪਏ ਜਾਂਦੇ ਹਨ। ਇਸ ਲਈ ਆਪ ਸ਼ਹੀਦ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਚ ਦਾਖਲ ਹੋ ਗਏ, ਦੋ ਸਾਲ ਦਾ ਕੋਰਸ ਪਾਸ ਕਰਨ ਤੋਂ ਪਿੱਛੋਂ ਆਪ ਇਕ ਚੰਗੇ ਪ੍ਰਚਾਰਕ ਬਣ ਗਏ।

ਸ੍ਰੋ: ਕਮੇਟੀ ਨੇ ਆਪ ਦੀ ਸੇਵਾ ਸੂਬਾ ਸਿੰਧ ਵਿਚ ਪ੍ਰਚਾਰ ਦੀ ਲਾ ਦਿਤੀ। ਸਤ ਸਾਲ ਲਗਾਤਾਰ ਹੈਦਰਾਬਾਦ ਦੱਖਣ ਦੇ ਇਲਾਕੇ ਵਿਚ ਧਰਮ ਪ੍ਰਚਾਰ ਤੇ ਅੰਮ੍ਰਿਤ ਪ੍ਰਚਾਰ ਕੀਤਾ ਉਸ ਤੋਂ ਉਪਰੰਤ ਚੀਫ ਖਾਲਸਾ ਦੀਵਾਨ ਨੇ ਅਠ ਸਾਲ ਆਪ ਤੋਂ ਪ੍ਰਚਾਰ ਦੀ ਸੇਵਾ ਲਈ। ਅਤੇ ਹਜ਼ਰਾਂ ਸਹਿਜ ਧਾਰੀਆਂ ਨੂੰ ਆਪਣੇ ਪ੍ਰਚਾਰ ਦੇ ਅਸਰ ਹੇਠ ਲਿਆਕੇ ਖੰਡੇ ਦਾ ਅੰਮ੍ਰਿਤ ਪਾਨ ਕਰਵਾਇਆ। ਧਾਰਮਕ ਵਿਦਿਆ ਲਈ ਕਈ ਸੰਸਥਾਵਾਂ ਖੋਲ੍ਹੀਆਂ ਤੇ ਪੰਜਾਬੀ ਬੱਚਿਆਂ ਨੂੰ ਸਿੰਧ, ਵਿਚ ਪੰਜਾਬੀ ਵਿਦਿਆ ਪੜ੍ਹਾਉਣ ਲਈ ਖਾਲਸਾ ਸਕੂਲ ਖੁਲਾਏ,

ਆਪ ਦਾ ਜੀਵਨ ਨਿਰੋਲ ਗੁਰ ਸਿਖੀ ਦਾ ਜੀਵਨ ਹੈ।੧੯੪੭ ਦੇ ਘਲੂ ਘਾਰੇ ਸਮੇਂ ਆਪ ਨੇ ਜ਼ਿਲਾ ਮਿੰਟਗੁਮਰੀ ਵਿਚ ਸ: ਹੁਕਮ ਸਿੰਘ ਨਾਲ ਰਲ ਕੇ ਲੋਕਾਂ ਨੂੰ ਬਚਾਉਣ ਦੀ ਅਕਹਿ ਸੇਵਾ ਕੀਤੀ ਸਾਰਿਆਂ ਨੂੰ ਹਿੰਦੁਸਤਾਨ ਪਹੁੰਚਾਕੇ ਆਪ ਨੇ ਸਭ ਤੋਂ ਪਿਛੋਂ ਆਉਣਾ ਤੇ ਆਪਣੇ ਘਰ ਦੀ ਪਰਵਾਹ ਨਾ ਕਰਨੀ। ਆਪ ਦਾ ਸੁਭਾਵ ਬੜਾ ਹੰਸ ਮੁਖ ਤੇ ਹਰ ਕਿਸੇ ਨਾਲ ਰਚ ਮਿਚ ਜਾਣ ਦਾ ਹੈ। ਚਿਹਰਾ ਵੀ ਬੜਾ ਪ੍ਰਭਾਵ ਸ਼ਾਲੀ ਹੈ। ਏਹੋ ਕਾਰਨ ਹੈ ਕਿ ਜੋ ਆਪ ਦੇ ਨਾਲ ਬਚਨ ਬਲਾਸ ਕਰਦਾ ਹੈ, ਪ੍ਰਭਾਵਤ ਹੋ ਜਾਂਦਾ ਹੈ।

## ਪ੍ਰਿੰਸੀਪਲ ਨਰੰਜਨ ਸਿੰਘ ਜੀ

ਆਪ ਜੀ ਧਰਮਾਤਮਾਂ ਸੁਭਾ ਦੇ ਵਿਦਿਵਾਨ ਪੁਰਸ਼ ਹਨ। ਚੁਪ ਚੁਪਾਤੇ ਰਹਿਣਾ ਆਪ ਦਾ ਸੁਭਾ ਹੈ ਭਾਵੇਂ ਆਪ ਅਕਾਲੀ ਆਗੂ ਮਾਸਟਰ ਤਾਰਾ ਸਿੰਘ ਜੀ ਦੇ ਭਰਾਤਾ ਹਨ, ਪ੍ਰੰਤੂ ਆਪ ਦਾ ਦਰਿਸ਼ਟੀ ਕੋਣ ਨਿਰੋਲ ਗਾਂਧੀ ਵਾਦੀ ਹੈ। ਪਿਆਰ ਹਮਦਰਦੀ, ਤਿਆਗ ਸੇਵਾ ਭਾਵ ਤੇ ਸਾਂਝੀ ਵਾਲਤਾ

Digitized by Panjab Digital Library | www.panjabdigilib.org

ਦੇ ਗੁਣਾ ਕਰਕੇ ਆਪ ਹਰਮਨ ਪਿਆਰੀ ਸਖਸ਼ੀਅਤ ਹਨ। ਪਹਿਲੋਂ ਖਾਲਸਾ ਕਾਲਜ ਅੰਮ੍ਰਿਤਸਰ ਪੜ੍ਹਾਉਂਦੇ ਰਹੇ ਫਿਰ ਨੈਸ਼ਨਲ ਕਾਲਜ ਲਾਹੌਰ ਦੇ ਪ੍ਰਿੰਸੀਪਲ ਨੀਯਤ ਹੋਏ। ਥੋੜ੍ਹੀ ਜਹੀ ਤਨਖਾਹ ਲੈਕੇ ਇਹ ਸੇਵਾ ਨਿਭਾਣੀ ਆਪ ਦਾ ਹੀ ਕੰਮ ਸੀ। ਪੰਥਕ ਮਾਮਲਿਆਂ ਵਿਚ ਵੀ ਆਪ ਕਾਫੀ ਦਿਲਚਸਪੀ ਲੈਂਦੇ ਹਨ, ਅਜ ਕਲ ਗੌਰਮਿੰਟ ਕਾਲਜ ਹੁਸ਼ਿਆਰ ਪੁਰ ਰਸਾਇਨ ਵਿਗਿਆਨ ਦੇ ਮੁਖਅਧਿਆਪਕ ਹਨ। ਆਪ ਨੇ ਸੁਤੰਤ੍ਰ ਵਿਚਾਰ ਪ੍ਰਗਟ ਕਰਨ ਲਈ ਦਿੱਲੀ ਤੋਂ 'ਨਵੀਆਂ ਕੀਮਤਾਂ' ਨਾਮੀ ਮਾਸਕ ਪੱਤ੍ਰ ਭੀ ਸੰਪਾਦਨ ਕਰਦੇ ਹਨ।

ਆਪ ਦੀਆਂ ਰਚਨਾਵਾਂ ਇਹ ਹਨ :—

ਪਰੇਮ ਕਣੀ ਨਾਵਲ, ਸਤ ਦੀ ਪ੍ਰਾਪਤੀ ਦੇ ਯਤਨ (ਅਨੁਵਾਦ), ਸਰਵਾਦਾ ਜੇਲ ਤੋ ਚਿਠੀਆਂ (ਅਨੁਵਾਦ)।

## ਨਿਰਮਲ ਸੰਦੇਸ਼

ਸੰਨ ੧੯੪੮ ਵਿਚ ਜਗਰਾਉਂ, ਜ਼ਿਲਾ ਲੁਧਿਆਣਾ ਤੋਂ ਸ਼ੁਰੂ ਹੋਇਆ। ਇਸ ਦੇ ਚੀਫ਼ ਐਡੀਟਰ ਪੰਡਤ ਹਰਕਿਸ਼ਨ ਸਿੰਘ ਜੀ ਉਗੋ ਕੇ ਐਡੀਟਰ ਵੈਦ ਰਾਜ ਪ੍ਰਤਾਪ ਸਿੰਘ ਪੁਸ਼ਪ ਅਤੇ ਤੇਜਿੰਦਰ ਸਿੰਘ ਬੀ. ਏ. ਸ਼ਾਸ਼ਤਰੀ ਸਨ।

## ਨਿਰਭੈ ਖਾਲਸਾ

੧ ਮਈ ੧੯੫੦ ਨੂੰ ਸ: ਨਿਰੰਜਨ ਸਿੰਘ ਦੀ ਐਡੀਟਰੀ ਹੇਠ ਲੁਧਿਆਣਾ ਤੋਂ ਨਿਕਲਿਆ

## ਪਿਆਰਾ ਸਿੰਘ ਪਦਮ ਘੁੰਗਰਾਣਾ

ਆਪ ਦਾ ਜਨਮ ਪਿਤਾ ਗੁਰਨਾਮ ਸਿੰਘ ਦੇ ਘਰ ਪਿੰਡ ਘੁੰਗਰਾਣਾ, ਜ਼ਿਲਾ ਲੁਧਿਹਾਣਾ ਵਿਖੇ ੨੮ ਦਸੰਬਰ ੧੯੨੧ ਨੂੰ ਹੋਇਆ। ਵਿਦਿਆ ਪਰਾਪਤ ਕਰਨ ਤੋਂ ਬਾਅਦ ਸ਼੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਬੰਧ ਹੇਠ ਚਲ ਰਹੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਚ ਪਰਾਚੀਨ ਸਿੱਖ ਸਾਹਿਤ ਪੜ੍ਹਾਉਣ ਦੀ ਸੇਵਾ ਕਰਦੇ ਰਹੇ। ਫਿਰ ਸ਼੍ਰੋਮਣੀ ਕਮੇਟੀ ਲਈ ਹਿੰਦੀ ਵਿਚ ਸਿੱਖ ਸਾਹਿਤ ਲਿਖਿਆ। ਕਮੇਟੀ ਦੇ ਮੁੱਖ ਪੱਤਰ ਗੁਰਦੁਆਰਾ ਗਜ਼ਟ ਦੇ ਸਤੰਬਰ ੧੯੪੮ ਤੋਂ ਅਪਰੈਲ ੧੯੫੦ ਤੱਕ ਐਡੀਟਰ ਰਹੇ। ੧੯੪੭ ਦੇ ਫਸਾਦਾਂ ਸਮੇਂ ਅੰਮ੍ਰਿਤਸਰ ਕਾਂਗਰਸ ਵਲੋਂ ਇਕ 'ਆਜ ਕੀ ਬਾਤ' ਨਾਮੀ ਰੋਜ਼ਾਨਾ ਪੱਤਰ ਪ੍ਰਕਾਸ਼ਤ ਹੋਇਆ, ਕੁਝ ਸਮਾਂ ਆਪ ਇਸ ਦੇ ਸੰਪਾਦਕ ਰਹੇ। ਫੇਰ ਮਹਿਕਮਾਂ ਪੰਜਾਬੀ ਪਟਿਆਲਾ ਵਲੋਂ ਪ੍ਰਕਾਸ਼ਤ ਹੋ ਰਹੇ ਸਾਹਿਤਕ ਮਾਸਕ ਪੱਤਰ 'ਪੰਜਾਬੀ ਦੁਨੀਆਂ' ਦੇ ਉਪ ਸੰਪਾਦਕ ਦੀ ਸੇਵਾ ਨਿਭਾ ਰਹੇ ਹਨ।

ਆਪ ਦੀ ਰਚਨਾ ਹੇਠ ਲਿਖੇ ਅਨੁਸਾਰ ਹੈ:—

੧. ਹਿੰਦੁਸਤਾਨੀ ਕਵੀ, ੨. ਹਿੰਦੁਸਤਾਨੀ ਕਵਿਤਾ, ੩. ਹਿੰਦੁਸਤਾਨੀ ਕਲਾਂ, ੪. ਪੰਜਾਬੀ ਵਾਰਾਂ, ੫. ਪੰਜਾਬੀ ਦਾ ਵਿਕਾਸ, ੬. ਸੰਖੇਪ ਸਿੱਖ ਇਤਿਹਾਰ, ੭. ਪੁਸ਼ਪਾਜਲੀ, ੮. ਸਾਡੇ ਗੁਰਦੇਵ, ਸੋਲਾਂ ਆਦਿ ਪ੍ਰਸਿਧ ਰਚਨਾਵਾਂ ਹਨ। ਆਪ ਨੇ ਹਿੰਦੀ ਵਿਚ ਕੁਝ ਨਿਕੇ ਨਿਕੇ ਟਰੈਕਟ ਵੀ ਲਿਖੇ ਹਨ।

Digitized by Panjab Digital Library | www.panjabdigilib.org

# ਪ੍ਰੀਤਮ ਸਿੰਘ ਚਾਹਿਲ

ਆਪ ਦਾ ਜਨਮ ਪਿੰਡ ਬਪੀਆਣਾ, ਤਹਿਸੀਲ ਮਾਨਸਾ ਰਿ: ਪਟਿਆਲਾ ਵਿਖੇ ਸੰ: ੧੯੧੦ ਈ: ਨੂੰ ਹੋਇਆ। ਮੁਢਲੀ ਵਿਦਿਆ ਮਸਤੂਆਣੇ, ਤੇ ਦਸਵੀਂ ਦੀ ਪੜ੍ਹਾਈ ਫ਼ਰੀਦਕੋਟ ਰਹਿ ਕੇ ਕੀਤੀ। ਫੇਰ ਉਚੀ ਵਿਦਿਆ ਪ੍ਰਾਪਤ ਕਰਨ ਲਈ ਆਪ ਗਵਰਨਮੈਂਟ ਕਾਲਜ ਲਾਹੌਰ ਦਾਖਲ ਹੋਏ। ਸੰਨ ੧੯੩੧ ਈ: ਵਿਚ ਆਪ ਨੇ ਕਾਨੂੰਨ ਪਾਸ ਕੀਤਾ। ਉਪਰੰਤ ਰਸਾਲਾ 'ਜੀਵਨ ਪ੍ਰੀਤੀ' ਪ੍ਰਕਾਸ਼ਤ ਕੀਤਾ।

# ਪੂਰਨ ਸਿੰਘ ਪਰੋਫੈਸਰ

ਆਪ ਦਾ ਜਨਮ ੧੮੮੧ ਈ: ਨੂੰ ਐਬਟਾਬਾਦ ਲਾਗੇ ਪਿੰਡ ਸਲਹੱਡ, ਜ਼ਿਲਾ ਹਜ਼ਾਰਾ ਵਿਚ ਸ: ਕਰਤਾਰ ਸਿੰਘ ਜੀ ਰਾਵਲ ਪਿੰਡੀ ਨਿਵਾਸੀ ਦੇ ਘਰ ਹੋਇਆ। ਮੁਢਲੀ ਵਿਦਿਆ ਹਵੇਲੀਆਂ ਅਤੇ ਹਰੀ ਪੁਰ ਤੋਂ ਪ੍ਰਾਪਤ ਕੀਤੀ। ੧੮੯੪ ਵਿਚ ਮਿਸ਼ਨ ਹਾਈ ਸਕੂਲ ਰਾਵਲ ਪਿੰਡੀ ਤੋਂ ਦਸਵੀਂ ਪਾਸ ਕਰਕੇ ਡੀ. ਏ. ਬੀ. ਕਾਲਜ ਲਾਹੌਰ ਵਿਚ ਦਾਖਲ ਹੋਏ। ਉਚੇਰੀ ਸਾਇੰਸਕ ਵਿਦਿਆ ਲਈ ਆਪ ਜਾਪਾਨ ਚਲੇ ਗਏ। ਉਥੇ ਬੋਧੀ ਜ਼ਿੰਦਗੀ ਨੇ ਆਪ ਤੇ ਖਾਸ ਪਰਭਾਵ ਪਾਇਆ ਤੇ ਸੁਆਮੀ ਰਾਮਤੀਰਥ ਜੀ ਦੀ ਸ਼ਖਸੀਅਤ ਦੇ ਅਸਰ ਹੇਠ ਫੌਰਨ ਸਨਿਸਾਸੀ ਬਣ ਗਏ। ਬੋਧਿਕ ਦੇ ਵੇਦਾਂਤੀ ਪਰਭਾਵ ਨੇ ਪੂਰਨ ਸਿੰਘ ਨੂੰ ਮਹਾਨਤਾ ਜੋਗੀ ਬਣਾ ਦਿਤਾ। ਕਈ ਸਾਲ ਫਿਰ ਤੁਰ ਕੇ ੧੯੦੪ ਈ: ਨੂੰ ਦੇਸ਼ ਵਾਪਸ ਆ ਗਏ। ਮਾਂ ਦੇ ਪਿਆਰ ਤੇ ਭਾਈ ਵੀਰ ਸਿੰਘ ਦੀ ਪ੍ਰੇਰਣਾ ਨਾਲ ਸਿਖੀ ਮੰਡਲ ਵਿਚ ਆ ਗਏ। ਕੁਝ ਸਮਾਂ ਗੁਆਲੀਅਰ ਨੌਕਰੀ ਕੀਤੀ, ਡੇਹਰਾਦੂਨ ਪ੍ਰੋਫੈਸਰ ਰਹੇ, ਕਾਫੀ ਸਮਾਂ ਆਪ ਉਥੇ ਇਕ ਕਿਸਮ ਦੇ ਘਾਹ ਤੋਂ ਤੇਲ ਕਢਾਉਣ ਦਾ ਕੰਮ ਕਰਦੇ ਰਹੇ। ਪਰ ਤਬੀਅਤ ਦੀ ਅਜ਼ਾਦੀ ਕਿਸੇ ਤਰ੍ਹਾਂ ਭੀ ਸੀਮਾਂ ਪਸੰਦ ਨਹੀਂ ਕਰਦੀ ਸੀ।

ਆਪ ਦਾ ਦੇਹਾਂਤ ਡੇਹਰਾਦੂਨ ੩੧ ਮਾਰਚ ੧੯੩੧ ਈ: ਨੂੰ ਹੋਇਆ। ਆਪ ਦੀਆਂ ਰਚਨਾਵਾਂ ਇਹ ਹਨ:—

੧. ਬੁਕ ਆਫ ਟੈਕ ਮਾਸਟਰਜ਼, ੨. ਦੀ ਸਪਿਰਟ ਬੋਰਨ ਪੀਪਲ, ੩. ਦੀ ਸਪਿਰਟ ਆਫ ਉਰੀਐਂਟਲ ਪੁਏਟਰੀ, ੪. ਸਪਿਰਟ ਔਫ਼ ਦੀ ਸਿਖ ਇਜ਼ਮ, ੫. ਸਪਿਰਟ ਔਫ ਦੀ ਸਿਖ (ਅੰਗ੍ਰੇਜ਼ੀ) ਮਾਈ ਬਾਬਾ, ਜਪਜੀ (ਅਨਵਾਦ), ਦੀ ਸਪਿਰਟ ਆਫ ਦੀ ਸਪਿੰਗਵੀਨ, ਦੀ ਅਨ ਸੈਟਿੰਗਬੋਡਜ਼, ਐਨਆਫਟਰ ਨੂਨ ਵਿਦ ਸੈਲਫ, ਸਿਵਲ ਵਾਸਕਟਸ ਆਫ ਪਰੋਜ਼-ਪੋਏਮਜ਼, ਲਾਇਫ ਔਫ ਸੁਆਮੀ ਰਾਮ ਤੀਰਥ, ਨਰਗਸ, ਸੁੰਦਰੀ ਦਾ (ਅਨਵਾਦ), ਐਟ ਹਿਜ਼ ਫੀਟ, ਖੁਲੇ ਲੇਖ, ਖੁਲੇ ਮੈਦਾਨ, ਖੁਲੇ ਘੁੰਡ, ਅਬਚਲੀ ਜੋਤ, ਸਿਖੀ ਸੌਖ, ਸਿਖੀ ਔਖੀ, ਕਲਾਧਾਰੀ ਤੇ ਕਲਾਧਾਰੀ ਦੀ ਪੂਜਾ, ਪ੍ਰੀਤ ਤਾਰ ਪਰੋਤੇ ਗੁਰਸਿਖ, ਕਮਲੀ ਕਮਾਲੀ ਨੰਦ ਲਾਲੀ, ਬੌਣੇ ਬੂਟੇ (ਅਨੁਵਾਦ), ਮੋਇਆਂ ਦੀ ਜਾਗ (ਅਨਵਾਦ) ਬਡਰਿੰਗ ਡਾਨ, ਬਡਰਿੰਗ ਨੂਨ, ਰੀਸੁਰੈਕਸ਼ਨ, ਕਾਰਲਾਈਲ ਕ੍ਰਿਤ, ਹੀਰੋ ਐਂਡ ਹੀਰੋ ਵਰਸ਼ਿਪ, ਸ੍ਰੀ ਗੁਰੂ ਗ੍ਰੰਥ ਕੰਸ਼, ਮਟਕ ਹੁਲਾਰੇ, ਅਰਸ਼ੀ ਕਲੀਆਂ, ਨੈਣਾਂ ਵਾਲੇ ਦੀ ਸੇਵਾ ਵਿਚ ਸਮਰਪਣ।

# ਪਰਤਾਪ ਸਿੰਘ ਜੀ ਗਿਆਨੀ

ਆਪ ਜ਼ੀ ਪੁਰਾਣੇ ਸਿਖ ਮਿਸ਼ਨਰੀ ਹਨ ਜੋ ਕਿ ਸ਼ਰੋਮਣੀ ਕਮੇਟੀ ਦੀ ਮੁਲਾਜ਼ਮਤ ਵਿਚ ਅੰਦਰ ੨੦ ੨੫ ਸਾਲ ਸਿਖੀ ਪਰਚਾਰ ਦੀ ਸੇਵਾ ਕਰਦੇ ਰਹੇ ਹਨ। ਆਪ ਦਾ ਜਨਮ ਪਿੰਡ ਨਾਰਾ ਤਹਿਸੀਲ ਕਹੂਟਾ

Digitized by Panjab Digital Library | www.panjabdigilib.org

ਜ਼ਿਲਾ ਰਾਵਲਪਿੰਡੀ ਵਿਚ ਸਰਦਾਰ ਮਖਣ ਸਿੰਘ ਜੀ ਦੇ ਘਰ ਹੋਇਆ। ਪਿੰਡ ਵਿਚ ਮੁਢਲੀ ਵਿਦਿਆ ਪਰਾਪਤ ਕਰਕੇ ਗੁਜਰਾਂਵਾਲੇ ਵਿਦਿਆਲੇ ਵਿਚ ਪੜ੍ਹਦੇ ਰਹੇ। ਫਿਰ ਖਾਲਸਾ ਕਾਲਜ ਅੰਮ੍ਰਿਤਸਰ ਆ ਕੇ ਗਿਆਨੀ ਦੀ ਟਰੇਨਿੰਗ ਲਈ। ੧੯੨੩ ਵਿਚ ਸ਼ਰੋਮਣੀ ਕਮੇਟੀ ਦੀ ਸਰਵਸ ਵਿਚ ਆ ਗਏ। ਅਕਾਲ ਤਖ਼ਤ ਦੇ ਮੀਤ ਜਥੇਦਾਰ ਰਹੇ ਅਤੇ ਅਜਕਲ ਸ੍ਰੀ ਕੇਸਗੜ੍ਹ ਜੀ ਦੇ ਜਥੇਦਾਰ ਹਨ।

ਆਪ ਦੀਆਂ ਰਚਿਤ ਪੁਸਤਕਾਂ ਇਹ ਹਨ :—

ਗੁਰਮਤ ਸਿਧਾਂਤ ਤੇ ਛੂਤ ਛਾਤ, ਗੁਰਮਤ ਲੈਕਚਰ, ਸਿਖ ਇਤਿਹਾਸ ਲੈਕਚਰ, ਗੁਰਮਤ ਫਿਲਾਸਫੀ, ਭਗਤ ਦਰਸ਼ਨ, ਸ਼ਹੀਦ ਦਰਸ਼ਨ, ਪਾਕਿਸਤਾਨੀ ਘਲੂ ਘਾਰਾ, ਸੰਸਾਰ ਦਾ ਧਾਰਮਿਕ ਇਤਿਹਾਸ, ਅਕਾਲੀ ਲਹਿਰ ਦਾ ਇਤਿਹਾਸ।

## ਬਾਵਾ ਪ੍ਰੇਮ ਸਿੰਘ ਜੀ ਹੋਤੀ

ਆਪ ਜੀ ਹੋਤੀ ਵਾਲੇ ਪਹਿਲੇ ਸਿਖ ਇਤਿਹਾਸਕਾਰ ਹਨ, ਜਿਨ੍ਹਾਂ ਨੇ ਨਵੇਂ ਵਿਗਿਆਨਕ ਢੰਗ ਨਾਲ ਇਤਿਹਾਸ ਦੀ ਪੁਣ ਛਾਣ ਕਰਕੇ ਸਿਖ ਰਾਜ ਸਮੇਂ ਦਾ ਇਤਿਹਾਸ ਜੀਵਨੀਆਂ ਦੀ ਸੂਰਤ ਵਿਚ ਸਾਡੇ ਸਾਹਮਣੇ ਰਖਿਆ ਹੈ। ਆਪ ਚੰਗੇ ਗੁਰਮੁਖ ਤੇ ਮਧਰ ਸੁਭਾ ਦੇ ਸਜਣ ਹਨ। ਆਪ ਦੀ ਨਿਜੀ ਲਾਇਬਰੇਰੀ ਖਾਸ ਇਤਿਹਾਸਕ ਮਹੱਤਤਾ ਵਾਲੀ ਹੈ। ਆਪ ਦੀਆਂ ਰਚਨਾਵਾਂ ਇਹ ਹੈ:—

ਮਹਾਰਾਜਾ ਰਣਜੀਤ ਸਿੰਘ, ਹਰੀ ਸਿੰਘ ਨਲੂਆ, ਅਕਾਲੀ ਫੂਲਾ ਸਿੰਘ, ਕੰਵਰ ਨੌਨਿਹਾਲ ਸਿੰਘ, ਖਾਲਸਾ ਰਾਜ ਦੇ ਉਸਰਈਏ ਭਾਗ (੧) ਤੇ ਦੂਜਾ, ਖਾਲਸਾ ਰਾਜ ਦੇ ਬਦੇਸੀ ਕਾਰਿੰਦੇ, ਸ: ਸ਼ਾਮ ਸਿੰਘ ਜੀ ਅਟਾਰੀ, ਸ੍ਰੀ ਗੁਰਪੁਰ ਪ੍ਰਕਾਸ਼ ਗ੍ਰੰਥ।

## ਬਲਵੰਤ ਸਿੰਘ ਗਿਆਨੀ

ਆਪ ਦਾ ਜਨਮ ਪਿਤਾ ਬੁਘਾ ਸਿੰਘ ਮਾਨ ਦੇ ਘਰ ਮਾਤਾ ਵੀਰ ਕੌਰ ਦੀ ਕੁਖੋਂ ੧੦ ਸਾਵਣ ੧੯੬੦ ਬਿ: ਮੁਤਾਬਕ ੨੫ ਜੂਨ ੧੯੨੫ ਈ: ਨੂੰ ਕੋਠਾ ਗੁਰੂ ਜ਼ਿਲਾ ਬਠਿੰਡਾ ਵਿਖੇ ਹੋਇਆ। ਵਿਦਿਆ ਗੁਰਮੁਖੀ, ਹਿੰਦੀ, ਬੰਗਾਲੀ ਭਾਸ਼ਾ, ਉਰਦੂ ਆਦਿ ਹੈ। ਆਪ ਗੁਰਮਤਿ ਦੇ ਕੱਟੜ ਧਾਰਨੀ ਹਨ ਅਤੇ ਨਿਰਮਾਣ ਸੇਵਕ ਹਨ।

ਆਪ ਦੀਆਂ ਰਚਨਾਵਾਂ ਇਹ ਹਨ:—

੧. ਅਦੁਤੀ ਸੇਵਕ, ੨. ਰੂਪ ਦੀਪ ਪਿੰਗਲ ਸਟੀਕ, ੩. ਸਿਖ ਹੀਰੇ, ੪. ਸਿਖ ਪੰਥ ਪ੍ਰਕਾਸ਼, ੫. ਕੂਕਿਆਂ ਦੀ ਗੁਰਤਾ, ੬. ਨਿਰਭੈ ਸੇਵਕ ਆਦਿ।

## ਬਲਵੰਤ ਸਿੰਘ 'ਤੇਜ'

ਆਪ ਦਾ ਜਨਮ ਦਸੰਬਰ ੧੯੧੨ ਵਿਚ ਪਿਤਾ ਭਾਈ ਰਾਧਾ ਰਾਮ ਜੀ ਅਤੇ ਮਾਤਾ ਇੰਦਰ ਕੌਰ ਦੇ ਗ੍ਰਹਿ ਮਿੰਟਗੁਮਰੀ ਸ਼ਹਿਰ ਵਿਖੇ ਹੋਇਆ। ਮੈਟ੍ਰਿਕ ਗੌ: ਹਾ: ਸਕੂਲ ਤੋਂ ਕੀਤੀ। ਪੜ੍ਹਾਈ ਤੋਂ ਫਾਰਗ ਹੋਣ ਪਿਛੋਂ ਪਹਿਲੇ ਪਹਿਲ ਟਯੂਟਰ ਦਾ ਕੰਮ ਸ਼ੁਰੂ ਕੀਤਾ। ਫਿਰ ਜ਼ਿਲਾ ਕਚਹਿਰੀ ਵਿਚ ਕਲਰਕ ਅਤੇ ਮੈਹਕਮਾਂ ਖੇਤੀ ਬਾੜੀ ਵਿਚ ਸਟੋਰ ਕੀਪਰ ਰਹੇ। ੧੯੩੭ ਵਿਚ ਸਰਵਸ ਦਾ ਖਿਆਲ ਛਡਕੇ ਜਰਨਲਿਜ਼ਮ ਦਾ ਕਿਤਾ ਸ਼ੁਰੂ ਕੀਤਾ। ੧੯੩੭ ਵਿਚ ਉਰਦੂ ਸਪਤਾਹਿਕ "ਤੇਜ" ਮਿੰਟ ਗੁਮਰੀ ਤੋਂ ਸ਼ੁਰੂ ਕੀਤਾ ਜੋ ਮੁਲਕ ਦੇ ਵੰਡਾਰੇ ਤਕ ਸਹੀ ਅਰਥਾਂ ਵਿਚ ਜ਼ਿਲੇ ਤੇ ਇਲਾਕੇ ਦੀ ਜਨਤਾ ਦੀ ਤਰਜਮਾਨੀ ਕਰਦਾ ਰਿਹਾ।

Digitized by Panjab Digital Library | www.panjabdigilib.org

ਆਪ ਦੇ ਮਾਤਾ ਪਿਤਾ ਦ੍ਰਿੜ ਵਿਸ਼ਵਾਸ਼ੀ ਸਿਖ ਸਨ ਇਸ ਕਰਕੇ ਆਪ ਦਾ ਧਿਆਨ ਬਚਪਨ ਤੋਂ ਹੀ ਗੁਰਮਤ ਵਲ ਰਿਹਾ। ਸਕੂਲ ਦੀ ਜ਼ਿੰਦਗੀ ਦੇ ਦੌਰਾਨ ਆਪ ਭੁਜੰਗੀ ਸਭਾ ਦੇ ਸਰਗਰਮ ਮੈਂਬਰ ਰਹੇ। ਫਿਰ ੧੯੩੧ ਤੋਂ ਸ਼ਹਿਰ ਦੀ ਸਿਖ ਸਿਆਸਤ ਵਿਚ ਸਿਖ ਯੰਗ ਮੈਨ ਐਸੋਸੀਏਸ਼ਨ, ਤੇ ਸਿਖ ਯੂਥ ਲੀਗ ਦੇ ਜਨਰਲ ਸਕੱਤਰ, ਸਿੰਘ ਸਭਾ ਦੇ ਸਕੱਤਰ, ਅਕਾਲੀ ਜਥੇ ਦੇ ਐਕਟਿੰਗ ਪ੍ਰਧਾਨ ਦੀ ਹੈਸੀਅਤ ਵਿਚ ਨੁਮਾਇਆਂ ਭਾਗ ਲਿਆ। ਰਾਵਲ ਪਿੰਡੀ ਦੇ ਫ਼ਸਾਦਾਂ ਪਿਛੋਂ ਮਿੰਟ ਗੁਮਰੀ ਸ਼ਹਿਰ ਅਤੇ ਜ਼ਿਲੇ ਦੇ ਡੀਫੈਂਸ ਦੇ ਕੰਮ ਨੂੰ ਜਥੇਬੰਦ ਕਰਨ ਵਿਚ ਆਪ ਨੇ ਸਰਗਰਮ ਹਿੱਸਾ ਲਿਆ। ਇਹ ਆਪ ਦੀ ਚੰਗੀ ਸੂਝ ਬੂਝ ਦਾ ਨਤੀਜਾ ਸੀ ਕਿ ੨ ਸਤੰਬਰ ੧੯੪੭ ਜਦ ਕਿ ਪੰਡਤ ਨਹਿਰੂ ਉਥੇ ਦੌਰੇ ਤੇ ਗਏ ਆਪ ਨੂੰ ਪੰਡਤ ਜੀ ਨੂੰ ਐਡਰੈਸ ਕਰਨ ਦਾ ਮਾਨ ਦਿਤਾ ਗਿਆ। ਆਪ ਨੇ ਕੇਵਲ ੧੦ ਮਿੰਟਾਂ ਵਿਚ ਹੀ ਆਪਣੀ ਪੁਰ ਦਲੀਲ ਤੇ ਜਾਦੂ ਭਰੀ ਤਕਰੀਰ ਨਾਲ ਪੰਡਤ ਜੀ ਨੂੰ ਐਨਾ ਪ੍ਰਭਾਵਤ ਕੀਤਾ ਕਿ ਅਗਲੇ ਦਿਨ ਹੀ ਗੁਰਦੁਆਰਾ ਤੇ ਹੋਰ ਦੂਜੇ ਕੈਂਪਾਂ ਦੇ ਹਜ਼ਾਰਾਂ ਇਨਸਾਨਾਂ ਦੇ ਨਿਕਾਸ ਦਾ ਪ੍ਰਬੰਧ ਹੋ ਗਿਆ।

ਦੇਸ਼ ਦੇ ਵੰਡਾਰੇ ਪਿਛੋਂ ਮੱਧ ਸਤੰਬਰ ੧੯੪੭ ਵਿਚ ਆਪ ਲੁਧਿਆਣੇ ਪਹੁੰਚੇ ਅਤੇ ਤਦ ਤੋਂ ਆਪ ਮਾਲਵੇ ਦੇ ਅਸਾਸੇ ਵਿਚ ਵਾਧੇ ਦਾ ਕਾਰਨ ਬਣੇ ਹਨ। ਨਾ ਕੇਵਲ ਆਪ ਦੀ ਤਕਰੀਰ ਵਿਚ ਜੋਸ਼, ਰਵਾਨੀ ਅਤੇ ਜਾਦੂ ਹੈ ਸਗੋਂ ਆਪ ਲੇਖਣੀ ਦੇ ਵੀ ਧਨੀ ਹਨ। ੧੩ ਅਪਰੈਲ ੧੯੫੦ ਨੂੰ ਆਪ ਨੇ ਸਪਤਾਹਿਕ "ਨਿਰਭੈ ਯੋਧਾ" ਜਾਰੀ ਕੀਤਾ ਅਤੇ ਤਦ ਤੋਂ ਆਪ ਲਿਖਤੀ ਤੌਰ ਤੇ ਠੋਸ ਅਤੇ ਉਸਾਰੂ ਕੌਮੀ ਸੇਵਾ ਵਿਚ ਜੁਟੇ ਹੋਏ ਹਨ। ਆਪ ਦੀਆਂ ਲਿਖਤਾਂ ਦਲੀਲ ਅਤੇ ਨਿਰਭੈਤਾ ਦੀ ਕਸਵਟੀ ਉਤੇ ਪੂਰੀਆਂ ਉਤਰਦੀਆਂ ਹਨ। ਇਸ ਤਰ੍ਹਾਂ ਗੁਰਮਤ ਅਤੇ ਪੰਥ ਦੇ ਹਿਤਾਂ ਦੇ ਵਿਰੋਧੀਆਂ ਨੂੰ ਮੂੰਹ ਤੋੜਵੇਂ ਜਵਾਬ ਦੇਣਾ ਅਤੇ ਅਸੂਲ ਦੇ ਸਵਾਲ ਤੇ ਡਟ ਜਾਣਾ ਤੇਜ ਜੀ ਦਾ ਆਦਰਸ਼ ਅਤੇ "ਨਿਰਭੈ ਯੋਧਾ" ਦੀ ਪਾਲੀਸੀ ਹੈ।

## ਬਾਲ ਸੰਸਾਰ

ਸੰਨ ੧੯੪੮ ਈ: ਵਿਚ ਸ: ਗੁਰਬਖਸ਼ ਸਿੰਘ ਸੈਦਾ ਦੇ ਪ੍ਰਬੰਧ ਹੇਠਾਂ ਪਟਿਆਲਾ ਤੋਂ ਆਰੰਭ ਹੋਇਆ।

## ਭਾਈ ਮਨੀ ਸਿੰਘ ਜੀ ਸ਼ਹੀਦ

ਸ੍ਰੀਮਾਨ ਪੂਜਯ ਵਰ ਭਾਈ ਸਾਹਿਬ ਬ੍ਰਹਮ ਗਿਆਨੀ ਭਾਈ ਮਨੀ ਸਿਘ ਜੀ ਸ਼ਹੀਦ ੧੮ਵੀਂ ਸ਼ਦੀ ਦੇ ਖਾਲਸਾ ਪੰਥ ਦੇ ਮੁਢਲੇ ਤੇ ਉਘੇ ਲਿਖਾਰੀ, ਸਾਖੀਕਾਰ ਤੇ ਟੀਕਾ ਕਾਰ ਸਨ। ਆਪ ਜੀ ਦਾ ਜਨਮ ਪਿਤਾ ਬੀਕਾ ਸਿੰਘ ਜੀ ਦੇ ਘਰ ਮਾਤਾ ਦਯਾ ਕੌਰ ਜੀ ਦੀ ਸੁਲਖਣੀ ਕੁਖੋਂ ੧੪ ਮਾਘ ਸੰਮਤ ੧੭੨੬ ਬਿਕਰਮੀ ਨੂੰ ਪਿੰਡ ਲੌਂਗੋਵਾਲ ਰਿਆਸਤ ਪਟਿਆਲਾ ਦੁਲਟ ਜ਼ਿਮੀਂਦਾਰ ਦੇ ਘਰ ਹੋਇਆ। ਆਪ ਗੁਰੂ ਘਰ ਦੇ ਬਰੋਸਾਏ ਹੋਏ ਸਿਖਾਂ ਵਿਚੋਂ ਸਨ। ੧੭੭੯ ਬਿ: ਵਿਚ ਆਪ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਗਰੰਥੀ ਨੀਯਤ ਹੋਏ। ਆਪ ਨੂੰ ਮਘਰ ਸੁਦੀ ੪, ੧੭੯੪ ਸੰਮਤ ਵਿਚ ਨਵਾਬ ਜ਼ਕਰੀਆ ਖਾਨ ਸੂਬੇਦਾਰ ਲਾਹੌਰ ਦੇ ਹੁਕਮ ਨਾਲ, ਲਾਹੌਰ ਦੇ ਸ਼ਾਹੀ ਕਿਲੇ ਦੇ ਪਛਵਾੜੇ ਅੰਗ ਅੰਗ ਵਖ ਕਰਕੇ ਸ਼ਹੀਦ ਕੀਤਾ ਗਿਆ। ਆਪ ਜੀ ਗੁਰੂ ਪੰਥ ਦੇ ਮੰਨੇ ਪ੍ਰਮੰਨੇ ਵਿਦਵਾਨ ਤੇ ਸਤਿਕਾਰ ਯੋਗ ਹਸਤੀ ਸਨ।

ਆਪ ਜੀ ਦੀ ਰਚਨਾ ਇਹ ਹੈ:— ਭਗਤ ਰਤਨਾਂਵਲੀ, ਗਿਆਨੀ ਰਤਨਾਵਲੀ ਆਦਿ।

ਨੋਟ:— ਵਿਸਥਾਰ ਜੀਵਨ ਲਈ ਪੜ੍ਹੋ ਮਾਲਵਾ ਇਤਿਹਾਸ ਜਿਲਦ (੧) ਸਫ਼ਾਂ ੩੯੩।

Digitized by Panjab Digital Library | www.panjabdigilib.org

# ਮੋਹਨ ਸਿੰਘ ਜੀ ਵੈਦ

ਆਪ ਤਰਨ ਤਾਰਨ ਵਿਚ ਉਹਨਾਂ ਘੰਬੀਰ ਸਜਨਾਂ ਵਿਚੋਂ ਸਨ ਜਿਨਾਂ ਚੁਪ ਚੁਪਾਤੇ ਪਰਚਾਰ ਲਈ ਸੈਂਕੜੇ ਪੁਸਤਕਾਂ, ਟ੍ਰੈਕਟ ਲਿਖਕੇ ਪਲਿਉਂ ਪੈਸੇ ਖਰਚ ਕਰਕੇ ਮੁਫਤ ਸਿਖ ਸੰਗਤਾਂ ਵਿਚ ਵੰਡੇ। ਜਿਥੇ ਉਹਨਾਂ ਸ਼ਰੀਰਕ ਬਿਮਾਰੀਆਂ ਲਈ ਕਈ ਪੁਸਤਕਾਂ ਲਿਖੀਆਂ। ਉਥੇ ਮਾਨਸਿਕ ਤੇ ਸਮਾਜਕ ਰੋਗਾਂ ਨੂੰ ਨਸ਼ਟ ਕਰਨ ਲਈ ਭੀ ਕਲਮ ਵਗਾਈ। ਆਪ ਜੀ ਦੀ ਕਲਮ ਤੋਂ ਪ੍ਰਕਾਸ਼ਤ ਪੁਸਤਕਾਂ ਤੇ ਟਰੇਕਟਾਂ ਦੀ ਗਿਣਤੀ ੨੦੦ ਦੇ ਲਗ ਤਗ ਦਸੀ ਜਾਂਦੀ ਹੈ। ਕਈ ਰਚਨਾ ਕਾਫੀ ਵੀਚਾਰ ਪੂਰਨ ਹਨ।

ਆਪ ਦਾ ਜਨਮ ਸਰਦਾਰ ਜੈਮਲ ਸਿੰਘ ਜੀ ਦੇ ਘਰ ਫਰਵਰੀ ੧੮੮੧ ਨੂੰ ਤਰਨ ਤਰਨ ਤਾਰਨ ਜਿਲਾ ਅੰਮ੍ਰਿਤਸਰ ਵਿਚ ਹੋਇਆ। ਆਪ ਦੇ ਪਿਤਾ ਇਕ ਸਿਆਣੇ ਵੈਦ ਸਨ। ਸਿੰਘ ਸਭਾ ਲਹਿਰ ਨੇ ਸਿਖ਼ੀ ਪਰਚਾਰ ਵਲ ਆਪ ਦਾ ਧਿਆਨ ਖਿਚਿਆ ਤੇ ਪੜ੍ਹਨ ਦਾ ਸੌਕ ਵਧਿਆ। ਆਪ ਨੇ ਲਾਇਬਰੇਰੀ ਬਨਾਈ। ਅਜ ਜੇਕਰ ਅਪ ਦੇ ਪਰਾਣੇ ਅਖਬਾਰਾਂ ਦੀ ਫਾਈਲਾਂ ਵੇਖਣ ਦੀ ਆਪ ਨੂੰ ਲੋੜ ਹੋਵੇ ਤਾਂ ਭਾਈ ਕਾਹਨ ਸਿੰਘ ਜੀ ਦੀ 'ਕਨਿਆਂ ਵਿਦਿਆਲਾ' ਲਾਇਬਰੇਰੀ ਤੋਂ ਅਤੇ ਵੈਦ ਜੀ ਦੀ ਤਰਨ ਤਾਰਨ ਵਾਲੀ ਲਾਇਬਰੇਰੀ ਵਿਚੋਂ ਹੀ ਲਭ ਸਕੋਗੇ। ਹੋਰ ਭੀ ਪਰਾਚੀਨ ਸਿਖ ਲਿਟਰੇਚਰ ਸੰਗਰਹਿ ਕੀਤਾ। ਪਹਿਲੀ ਵੇਰ ਹਿੰਦੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਛਪਵਾਈ ਜਿਸ ਦੇ ਪੌਣੇ ਅਠ ਸੌ ਦੇ ਲਗ ਭਗ ਸਫੇ ਸਨ। ਪਰੰਤੂ ਪਰਚਾਰ ਤੇ ਪੰਜਾਬੀ ਸਾਹਿਤ ਦੇ ਨਾਲ ਬਹੁਤ ਪਿਆਰ ਸੀ ਜਿਸ ਨੂੰ ਆਪ ਨੇ ਅੰਤ ਤਕ ਜਿਵੇਂ ਕਿਵੇਂ ਜਾਰੀ ਰਖਿਆ।

ਆਪ ਦੀਆਂ ਰਚਨਾਵਾਂ ਇਹ ਹਨ :—

ਸੁਸ਼ੀਲ ਵਿਦਵਾ, ਬਹਾਦਰ ਸ਼ੇਰ ਸਿੰਘ, ਹਿਲਮ ਖਿਆਲ, ਸੁਘੜ ਕੌਰ, ਬਿਰਦ ਵਿਵਾਹ ਦੂਰ ਦਸ਼ਾ, ਗੁਰਮਤ ਉਖਰਾਂ, ਅਦੁਤੀ ਸਾਕਾ, ਗੁਰਮਤ ਵਿਰੋਧ ਵਿਨਾਸ, ਦਿਆਨੰਦ ਤੇ ਦਰਪਨ ਸੁਸ਼ੀਲ ਵਿਦਿਆ ਆਦਿ।

# ਮਾਨ ਸਿੰਘ ਜੱਜ ਐਲ. ਐਲ. ਬੀ.

ਆਪ ਜੀ ਦਾ ਜਨਮ ਜ਼ਿਲਾ ਅੰਬਾਲਾ ਦਾ ਹੈ। ਵਿਦਿਆ ਬੀ. ਏ. ਤਕ ਸੀ। ਆਪ ਕਟੜ ਸਿੰਘ ਸਭੀਏ ਅਤੇ ਚੀਫ ਖਾਲਸਾ ਦੀਵਾਨ ਦੇ ਮੋਹਡੀਆਂ ਵਿਚੋਂ ਸਨ।

ਆਪ ਜੀ ਨੇ 'ਖਾਲਸ਼ਾ ਯੰਗ ਮੈਨ ਮੈਗਜ਼ੀਨ' ਨਾਮ ਦਾ ਮਾਸਿਕ ਅੰਕ ਲਿਖਣਾ ਜਾਰੀ ਕੀਤਾ ਜੇਹੜਾ ਕਿ ਕਾਲਜ ਦੇ ਵਿਦਿਆਰਥੀਆਂ ਤੋਂ ਬਿਨਾਂ ਹੋਰ ਸਿਖਾਂ ਵਿਚ ਵੀ ਬੜੇ ਸਤਕਾਰ ਅਤੇ ਗਹੁ ਨਾਲ ਪੜ੍ਹਿਆ ਜਾਂਦਾ ਸੀ।

# ਮਹਾਂ ਸਿੰਘ ਗਿਆਨੀ

ਆਪ ਦਾ ਜਨਮ ਸ: ਅਰਜਨ ਸਿੰਘ ਦੇ ਘਰ ਪਿੰਡ ਸਾਂਦੇ ਜ਼ਿਲਾ ਫੀਰੋਜ਼ਪੁਰ ਵਿਖੇ ਹੋਇਆ। ਸੰਨ ੧੯੨੫ ਵਿਚ ਆਪ ਨੇ ਮੈਟ੍ਰਿਕ ਤੇ ਸੰਨ ੧੯੨੯ ਵਿਚ ਗਿਆਨੀ ਪਾਸ ਕੀਤੀ। ੧੯੨੬ ਵਿਚ ਆਪ ਜੀ ਭਾ: ਸਾ: ਭਾਈ ਵੀਰ ਸਿੰਘ ਜੀ ਦੇ ਪਾਸ 'ਖਾਲਸਾ ਸਮਾਚਾਰ' ਵਿਚ ਕੰਮ ਕਰਨ ਲਗੇ। ਇਸ ਸਮੇਂ ਤੋਂ ਆਪ ਨੂੰ ਪੱਤਰਕਾਰੀ ਵਿਚ ਦਿਲਚਸਪੀ ਅਰੰਭ ਹੋਈ। ਸੰਨ ੧੯੪੫ ਵਿਚ ਭਾਈ ਸੇਵਾ ਸਿੰਘ ਜੀ ਪ੍ਰਸਿਧ ਲਿਖਾਰੀ ਦੇ ਚਲਾਣਾ ਕਰ ਜਾਣ ਤੇ ਆਪ ਉਨ੍ਹਾਂ ਦੀ ਥਾਂ ਖਾਲਸਾ ਸਮਾਚਾਰ ਦੇ

Digitized by Panjab Digital Library | www.panjabdigilib.org

ਐਡੀਟਰ ਬਣ ਗਏ। ਆਪ ਜੀ ਦਾ ਜੀਵਨ ਗੁਰਮਖ ਸਿਖਾਂ ਵਾਲਾ ਹੈ। ਆਪ ਦੀ ਕਲਮ ਬੜੀ ਰਸ-ਭਿੰਨੀ ਹੈ ਕਿਉਂਕਿ ਆਪ ਨੇ ਭਾਈ ਸਾਹਿਬ ਜੀ ਦੀ ਸੰਗਤ ਕੀਤੀ ਸੀ-। 'ਜੋ ਜੈਸੀ ਸੰਗਤ ਕਰੇ ਸੋ ਤੈਸੋ ਫਲ ਖਾਇ।''

## ਭਾਈ ਸਾਹਿਬ ਸੰਤ ਰਣਧੀਰ ਸਿੰਘ ਜੀ

ਆਪ ਜੀ ਦਾ ਜਨਮ ਸ: ਨੱਥਾ ਸਿੰਘ ਜੀ ਦੇ ਘਰ ਮਾਤਾ ਪੰਜਾਬ ਕੌਰ ਦੀ ਕੁਖੋਂ ਪਿੰਡ ਨਾਰੰਗਵਾਲ ਜ਼ਿਲਾ ਲੁਧਿਆਣਾ ਵਿਖੇ ੧੪ ਜੂਨ ੧੮੭੮ ਈ: ਨੂੰ ਹੋਇਆ ! ਆਪ ਜੀ ਦੀ ਵਿਦਿਆ ਬੀ. ਏ. ਹੈ। ਆਪ ਮਹਾਂਪੁਰਖ ਜੀਵਨ ਮੁਕਤਾ ਹਨ।

ਆਪ ਜੀ ਦੀਆਂ ਰਚਨਾਵਾਂ ਇਹ ਹਨ :—

ਜੇਲ੍ਹ ਚਿਠੀਆਂ ੩ ਹਿਸੇ, ਗੁਰਮਤ ਨਾਮ ਅਭਿਆਸ ਕਮਾਈ, ਦਰਸ਼ਨ ਝਲਕਾਂ (ਕਵਿਤਾ) ਸੰਤ ਵਿਗਾਸ (ਕਵਿਤਾ), ਚਰਨ ਕਮਲ ਕੀ ਮੌਜ, ਗੁਰਮਤ ਬਬੇਕ, ਅਣਡਿਠੀ ਦੁਨੀਆ, ਸਚ ਖੰਡ ਦਰਸ਼ਨ, ਅਨਹਦ ਸ਼ਬਦ ਦਸਮ ਦੁਆਰ, ਕੀ ਸ੍ਰੀ ਗੁਰੂ ਗਰੰਥ ਸਾਹਿਬ ਬੁਤ ਪ੍ਰਸਤੀ ਹੈ ?, ਕਰਮ ਫਿਲਾਸਫੀ, ਸੰਤ ਪਦ ਨਿਰਣੇ, ਲਗਾਂ ਮਾਤਰਾਂ ਦੀ ਵਿਲਖਣਾ, ਗੁਰਮਤ ਸਚ ਨਿਰਣੇ, ਰੰਗੀਲੇ ਸਜਣ ਆਦਿ, ਹੋਰ ਭੀ ਕਈ ਪੁਸਤਕਾਂ ਹਨ । (ਆਪ ਦਾ ਜੀਵਨ ਦੇਖੋ ਜਿਲਦ ੨ ਸਫ਼ਾ ੩੩੧)

## ਸ: ਰਘਬੀਰ ਸਿੰਘ

ਆਪ ਜੀ ਧਾਰਮਿਕ ਵਿਚਾਰਾਂ ਸਬੰਧੀ ਕਲਕਤੇ ਤੋਂ 'ਆਤਮਕ ਸਾਇੰਸ' ਨਾਮੀ ਮਾਸਕ ਪੱਤ੍ਰ ਪ੍ਰਕਾਸ਼ਤ ਕਰ ਰਹੇ ਹਨ। ਆਪ ਦੇ ਇਸ ਪਰਚੇ ਰਾਹੀਂ ਕਾਫੀ ਜਗਿਆਸੂਆਂ ਨੂੰ ਲਾਭ ਪੁਜਾ ਹੈ। ਪਰਚੇ ਤੋਂ ਇਲਾਵਾ ਆਪ ਨੇ ਸਤਿਸੰਗ ਵਿਚਾਰਾਂ ਤੇ ਗੋਸ਼ਟਾਂ ਰਾਹੀਂ ਲੋਕਾਂ ਨੂੰ ਪ੍ਰੇਰਤ ਕੀਤਾ ਹੈ, ਇਹਨਾਂ ਦੀਆਂ ਰਚਿਤ ਪੁਸਤਕਾਂ ਇਹ ਹਨ:—

੧. ਬੰਦਗੀ ਨਾਮਾਂ, ੨. ਗੁਰਮਤ ਚਾਨਣ, ੩. ਸਿਮਰਨ ਮਹਿਮਾਂ, ੪. ਚੜ੍ਹਦੀ ਕਲਾ, ੫. ਖਾਲਸਈ ਸ਼ਾਨ, ੬. ਰਿਮਜੀ ਕਹਾਣੀਆਂ, ੭. ਰਮਜ਼ਾਂ, ੮. ਅਰਦਾਸ ਸ਼ਕਤੀ !

## ਰਣਧੀਰ ਸਿੰਘ ਜੀ ਡੂਮ ਛੇੜ੍ਹੀ

ਆਪ ਦਾ ਜਨਮ ਸ: ਬਿਸ਼ਨ ਸਿੰਘ ਜੀ ਦੇ ਘਰ ਪਿੰਡ ਡੂਮ ਛੇੜੀ ਜ਼ਿਲਾ ਅੰਬਾਲਾ ਵਿਖੇ ਮਿਤੀ ਸਾਵਣ ਸੁਦੀ ੩ ਸੰਮਤ ੧੯੫੫ ਬਿਕਰਮੀ ਨੂੰ ਹੋਇਆ। ਆਪ ਪੰਜਾਬੀ, ਹਿੰਦੀ ਫ਼ਾਰਸੀ ਤੇ ਉਰਦੂ ਪੜ੍ਹ ਕੇ ੧੯੧੫ ਈ: ਵਿਚ ਫੌਜ ਵਿਚ ਭਰਤੀ ਹੋ ਗਏ। ਸੰਨ ੧੯੨੦ ਵਿਚ ਨੌਕਰੀ ਛਡ ਕੇ ਆਪ ਨੇ ਅਕਾਲੀ ਲਹਿਰ ਵਿਚ ਹਿਸਾ ਲਿਆ ਅਤੇ 'ਅਕਾਲੀ ਤੇ ਪਰਦੇਸੀ' 'ਅਕਾਲੀ' ਉਰਦੂ ਦੇ ਸਹਾਇਕ ਸੰਪਾਦਕ ਰਹੇ। ਸੰਨ ੧੯੨੪ ਵਿਚ ਆਪ ਨੂੰ ਇਸੇ ਲਗਨ ਵਿਚ ਜੇਲ੍ਹ ਜਾਣਾਂ ਪਿਆ। ਰਿਹਾ ਹੋਣ ਸਾਰ ਸੰਨ ੧੯੨੭ ਤੋਂ ੧੯੩੩ ਤਕ ਆਪ ਰੋਜ਼ਾਨਾ 'ਅਕਾਲੀ ਤੇ ਪਰਦੇਸੀ', ਰੋਜ਼ਾਨਾ 'ਅਕਾਲੀ' (ਉਰਦੂ) ਅਤੇ 'ਨਿਰਭੈ ਅਕਾਲੀ' ਦੀ ਐਡੀਟਰੀ ਕਰਦੇ ਰਹੇ। ਕੁਝ ਚਿਰ ਆਪ ਨੇ ਰੋਜ਼ਾਨਾ 'ਦੇਸ਼ ਦਰਪਣ' ਨੂੰ ਵੀ ਐਡਿਟ ਕੀਤਾ। ਸੰਨ ੧੯੩੭ ਤੋਂ ੧੯੪੪ ਤਕ ਆਪ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਗੁਰਦਵਾਰਾ ਇਨਸਪੈਕਟਰ ਰਹੇ। ਫੇਰ ਉਥੋਂ ਸਿਖ ਹਿਸਟਰੀ ਸੋਸਾਇਟੀ ਵਿਚ ਸਿਖ ਇਤਿਹਾਸ ਦੀ ਖੋਜ ਦੀ ਸੇਵਾ ਤੇ ਲਾਏ ਗਏ। ਜੋ ਬਾਕਾਇਦਾ ਇਸ ਖੋਜ ਦੇ ਕੰਮ ਨੂੰ ਨਿਭਾ ਰਹੇ ਹਨ। ਸਿਖ ਹਿਸਟਰੀ ਸੋਸਾਇਟੀ ਦੇ ਤ੍ਰਿਮਾਸਕ ਇਤਹਾਸਕ ਪੱਤਰ ਦੇ ਸੰਪਾਦਕ ਹਨ।

Digitized by Panjab Digital Library | www.panjabdigilib.org

## ਸ: ਰਤਨ ਸਿੰਘ ਜੀ ਭੰਗੂ

ਆਪ ਸ: ਮਹਿਤਾਬ ਸਿੰਘ ਮੀਰਾਂ ਕੋਟੀਏ ਦੇ ਪੋਤੇ ਸਨ। ਆਪ ਦੇ ਪਿਤਾ ਦਾ ਨਾਮ ਸ: ਰਾਏ ਸਿੰਘ ਸੀ। ਅੰਗਰੇਜ਼ੀ ਸੈਨਾਪਤੀ ਬਰਡੇਵਡ ਔਕਟਰ ਲੋਨੀ ਨੇ ਸਿਖ ਕੌਮ ਦੇ ਹਾਲਾਤ ਜਾਨਣੇ ਚਾਹੇ। ਇਸ ਕੰਮ ਲਈ ਕੈਪਟਨ ਮਰੇ ਦੀ ਡਿਊਟੀ ਲਾਈ ਗਈ। ਗਿਆਨੀ ਰਤਨ ਸਿੰਘ ਜੀ ਨੇ ਲੁਧਿਆਣੇ ਜਾ ਕੇ ਕੈਪਟਨ ਮਰੇ ਨੂੰ ਸਾਰੇ ਹਾਲਾਤ ਦਸੇ ਤੇ ੧੮੪੮ ਬਿ: ਵਿਚ ਇਸ ਸਾਰੀ ਪੰਥਕ ਕਥਾ ਨੂੰ ਕਲਮਬੰਦ ਕੀਤਾ। ਇਸ ਪੁਸਤਕ ਦਾ ਨਾਮ ਪੰਥ ਪ੍ਰਕਾਸ਼ ਹੈ। ਕਿਉਂਕਿ ਗਿਆਨੀ ਜੀ ਨੇ ਸਿਖ ਮਿਸਲਾਂ ਤੇ ਸਿਖ ਰਾਜ ਦੀ ਚੜ੍ਹਦੀ ਕਲਾ ਦੇ ਬਹੁਤ ਸਾਰੇ ਹਾਲ ਆਪ ਨੇ ਅਖੀਂ ਵੇਖੇ ਸਨ ਅਤੇ ਜ਼ੁਮੇਂਵਾਰ ਬਜ਼ੁਰਗ ਸਿੰਘਾਂ ਤੋਂ ਸੁਣੇ ਸਨ। ਇਸ ਕਰਕੇ ਇਸ ਪੰਥ ਪ੍ਰਕਾਸ਼ ਦੀ ਇਤਿਹਾਸਕ ਕੀਮਤ ਬਹੁਤ ਜ਼ਿਆਦਾ ਹੈ। ਭੰਗੂ ਜੀ ਦਾ ਦਿਹਾਂਤ ੧੯੦੩ ਬਿ: ਵਿਚ ਹੋਇਆ।

## ਸ: ਲਾਲ ਸਿੰਘ ਜੀ ਕਮਲਾ ਅਕਾਲੀ

ਆਪ ਦਾ ਜਨਮ ਸ: ਭਗਵਾਨ ਸਿੰਘ ਜੀ ਦੇ ਘਰ ੧੮ ਜੂਨ ੧੮੯੯ ਈ: ਨੂੰ ਪਿੰਡ ਭਨੋੜ ਜਿਲਾ ਲੁਧਿਆਣਾ ਵਿਖੇ ਹੋਇਆ।

ਵਿਦਿਆ :— ੧੯੧੩ ਵਿਚ ਬੀ. ਐਸ. ਸੀ. ੧੯੧੬ ਵਿਚ ਐਲ. ਐਲ. ਬੀ. ਦੀਆਂ ਡਿਗਰੀਆਂ ਲੈ ਕੇ ਵਕਾਲਤ ਕਰਨੀ ਅਰੰਭ ਕੀਤੀ। ੧੯੨੭ ਈ: ਵਿਚ ਉਚੇਰੀ ਵਿਦਿਆ ਹਾਸਲ ਕਰਨ ਲਈ ਵਲੈਤ ਚਲੇ ਗਏ। ਜਿਥੇ ਯੂਨਵਰਸਿਟੀ ਤੋਂ ਐਮ. ਐਸ. ਸੀ. ਡਿਗਰੀ ਅਤੇ ਇੰਪੀਰੀਅਲ ਕਾਲਜ ਔਫ਼ ਸਾਇੰਸ਼ ਐਂਡ ਟੈਕਨੋਲੋਜੀ ਤੋਂ ਡਿਪਲੋਮਾ ਪ੍ਰਾਪਤ ਕਰਕੇ ੧੯੩੪ ਈ: ਨੂੰ ਪੰਜਾਬ ਮੁੜ ਆਏ। ੧੯੩੭ ਤੋਂ ੧੯੮੪ ਤਕ ਇਥੋਂ ਵੀ ਲੈਜਿਸਲੇਟਿਵ ਅਸੈਂਬਲੀ ਦੇ ਮੈਂਬਰ ਰਹੇ। ੧੯੪੩ ਤੋਂ ੧੯੪੬ ਤਕ ਰੋਜ਼ਾਨਾ ਉਰਦੂ 'ਅਜੀਤ' ਦੇ ਮੈਨੇਜਿੰਗ ਐਡੀਟਰ ਰਹੇ। ੧੯੪੯ ਵਿੱਚ ਕੌਮੀ ਕੰਮਾਂ ਵਿਚ ਜ਼ੇਲ ਯਾਤਰਾ ਭੀ ਕੀਤੀ। ਅਜ ਕਲ ਲੁਧਿਅਣਾ ਵਿਖੇ ਵਕਾਲਤ ਕਰਦੇ ਹਨ। ਆਪ ਜੀ ਦੀਆਂ ਰਚਨਾਂ ਇਹ ਹਨ:—

ਮੇਰਾ ਵਲਾਇਤੀ ਸਫ਼ਰਨਾਮਾ, ਮੋਤੀ ਰਾਣੀ ਦਾ ਘੁੰਡ, ਜੀਵਨ ਨੀਤੀ।

## ਲਾਲ ਸਿੰਘ ਜੀ ਕਨੇਚ

ਆਪ ਜੀ ਦਾ ਜਨਮ ਸ: ਖਜ਼ਾਨ ਸਿੰਘ ਜੀ ਦੇ ਘਰ ਪਿੰਡ ਕਨੇਚ ਜ਼ਿਲਾ ਲੁਧਿਆਣਾ ਵਿਖੇ ਸੰਨ ੧੮੯੧ ਈ: ਦੇ ਨੇੜ ਤੇੜ ਹੋਇਆ। ਵਿਦਿਆ ਮਿਡਲ ਤਕ ਹੀ ਪੜ੍ਹੀ। ਫੇਰ ਟੇਕਨੀਕਲ ਸਕੂਲ ਵਿਚ ਦਾਖਲ ਹੋ ਕੇ ਦਸਤਕਾਰੀ ਲਾਈਨ ਅਖਤਿਆਰ ਕੀਤੀ। ਇਸੇ ਧੁਨ ਵਿਚ ਆਪ ਨੇ ਸੰਨ ੧੯੦੮ ਵਿਚ ਅਮਰੀਕਾ ਜਾਣ ਦੀ ਤਿਆਰੀ ਕੀਤੀ ਤੇ ਹਾਂਗ ਕਾਂਗ (ਚੀਨ) ਪਹੁੰਚ ਗਏ। ਉਥੇ ਅਖਾਂ ਵਿਚ ਨੁਕਸ ਪੈਣ ਕਰਕੇ ਅਮਰੀਕਾ ਜਾਣ ਦਾ ਖਿਆਲ ਛਡ ਦਿਤਾ। ਸਿੰਘਾ ਪੁਰ, ਕੁਆਲਾ ਲੰਪਰ ਆਦਿ ਥਾਵਾਂ ਤੇ ਸਿਖ ਧਰਮ ਦਾ ਪਰਚਾਰ ਕਰਦੇ ਰਹੇ। ਸੰਨ ੧੯੧੦ ਵਿਚ ਬਾਬੂ ਤੇਜਾ ਸਿੰਘ ਨਾਲ ਮੁਲਾਕਾਤ ਹੋਣ ਕਰਕੇ ਆਪ ਵਿਦਿਆ ਭੰਡਾਰ ਪੰਚ ਖੰਡ (ਭਸੌੜ) ਰਿਆਸਤ ਪਟਿਆਲਾ ਵਿਚ ਸਕੂਲ ਮਾਸਟਰ ਨੀਯਤ ਹੋਏ। ਸੰਨ ੧੯੨੧ ਤੋਂ ਲੈ ਕੇ ੧੯੨੯ ਤਕ ਆਪ ਇਸ ਦੀਵਾਨ ਦੇ ਸਮਾਚਾਰ ਪੱਤਰ 'ਕ੍ਰਿਪਾਨ ਬਹਾਦਰ', 'ਖਾਲਸਾ ਪਾਰਲੀਮੈਂਟ ਗਜ਼ਟ' ਆਦਿ ਨੂੰ ਸੰਪਾਦਨ ਕਰਦੇ ਰਹੇ।

ਆਪ ਜੀ ਦੀਆਂ ਰਚਨਾਵਾਂ— ਭਗੌਤੀ ਪ੍ਰਬੋਧ, ਗਹਿਣਾ ਪ੍ਰਹਾਰ, ਗੁਰਮਤ ਨਿਰਣਯ ਭੰਡਾਰ ਆਦਿ ਪੁਸਤਕਾਂ ਹਨ।

Digitized by Panjab Digital Library | www.panjabdigilib.org

## ਭਗਤ ਲਛਮਨ ਸਿੰਘ ਜੀ

ਆਪ ਜੀ ਦਾ ਜਨਮ ਰਾਵਲਪਿੰਡੀ ਵਿਖੇ ੪ ਜੂਨ ੧੮੬੨ ਈਸਵੀ-ਨੂੰ ਭਗਤ ਪੂਰਨ ਚੰਦ ਦੇ ਘਰ ਹੋਇਆ। ਉਚੀ ਵਿਦਿਆ ਪ੍ਰਾਪਤ ਕਰਨ ਪਿਛੋਂ ਮਿਸ਼ਨਰੀ ਕਾਲਜ ਰਾਵਲਪਿੰਡੀ 'ਚ ਪਰੋਫੈਸਰ ਲਗ ਗਏ। ੩੦ ਸਾਲ ਦੇ ਲਗ ਪਗ ਵਿਦਿਅਕ ਮਹਿਕਮੇਂ ਵਿਚ ਕੰਮ ਕੀਤਾ। ਭੁਪਿੰਦਰਾ ਖਾਲਸਾ ਹਾਈ ਸਕੂਲ ਦੇ ਹੈਡਮਾਸਟਰ ਭੀ ਰਹੇ ਅਤੇ ਇਨਸਪੈਕਟਰੀ ਭੀ ਕੀਤੀ। ਕਾਫੀ ਸਮਾ 'ਦੀ ਖ਼ਾਲਸਾ' ਅੰਗਰੇਜ਼ੀ ਪੱਤਰ ਚਲਾਂਦੇ ਰਹੇ। ਆਪ ਦੀ ਲਿਖਤ ਅੰਦਰ ਬਹੁਤ ਜ਼ੋਰ ਸੀ। ਆਰੀਆ ਸਮਾਜੀਆਂ ਨੂੰ ਦੋਹੀ ਹਥੀਂ ਲੈਂਦੇ ਸਨ। ਜਿਸ ਸਮੇਂ ਗੁਰਦਿਆਲ ਸਿੰਘ ਬਾਰੇ ਲਾਹੌਰ ਹਾਈ ਕੋਰਟ ਵਿਚ ਮੁਕਦਮਾ ਚਲਿਆ। ਹਿੰਦੂ ਕਹਿ ਰਹੇ ਸਨ ਹਿੰਦੂ ਹਨ ਤੇ ਸਿਖ ਕਹਿ ਰਹੇ ਸਨ ਕਿ ਸਿਖ ਹਨ। ਹਾਈ ਕੋਰਟ ਦੇ ਗਲਤ ਫੈਸਲੇ ਦਾ ਆਪ ਨੇ ਆਪਣੇ ਅਖਬਾਰ ਵਿਚ ਖੂਬ ਮਜ਼ਾਕ ਉਡਾਇਆ ਜੋ ਹਿੰਦ ਭਰ ਦੇ ਪੱਤਰਾਂ ਵਿਚ ਛਪਿਆ। ਆਪ ਸਿੰਘ ਸਭਾ ਲਹਿਰ ਦੇ ਸੇਵਕਾਂ ਵਿਚੋਂ ਧੜਲੇਦਾਰ ਵਿਦਵਾਨ ਪੁਰਸ਼ ਸਨ। ਆਪ ਨੇ ਆਪਣੀ ਕਲਮ ਰਾਹੀਂ ਸਿੰਘਾਂ ਦੀ ਮਹਤਤਾ ਨੂੰ ਕਾਇਮ ਰਖਿਆ। ਸਭ ਤੋਂ ਪਹਿਲਾਂ ਅੰਗ੍ਰੇਜ਼ੀ ਅਖ਼ਬਾਰ ਕਢਣ ਦਾ ਸਿਹਰਾ ਆਪ ਜੀ ਦੇ ਸਿਰ ਹੈ।

ਆਪ ਜੀ ਦਾ ਦਿਹਾਂਤ ੧੯੪੬ ਈਸਵੀ ਵਿਚ ਹੋਇਆ।

ਰਚਿਤ ਪੁਸਤਕਾਂ ਇਹ ਹਨ:— ਦੀ ਸਿਖ ਮਾਲਟਰ, ਏ ਮਾਲਟਰ ਸਕੇਚ ਆਫ ਦੀ ਲਾਈਫ ਐਂਡ ਵਰਕ ਗੁਰੂ ਗੋਬਿੰਦ ਸਿੰਘ, ਗੁਰੂ ਗੋਬਿੰਦ ਸਿੰਘ ਜਾਇਡਲਿਜ਼ਮ, ਦੀ ਸਿਖ ਐਂਡ ਹਿਜ਼ ਨਿਓ ਕਿਸਟਿਕਸ, ਟ੍ਰਿਬਿਊਟਸ ਟੂ ਦੀ ਮੈਮੋਰੀ ਔਫ ਗੁਰੂ ਗੋਬਿੰਦ ਸਿੰਘ ਜੀ।

## ਭਾਈ ਵੀਰ ਸਿੰਘ ਸਾਹਿਬ ਜੀ

ਆਪ ਜੀ ਦਾ ਜਨਮ ਮਹਾਰਾਜਾ ਕੌਰ ਮਾਲਵਾ ਦੇ ਵੰਸ ਵਿਚੋਂ ਡਾਕਟਰ ਚਰਨ ਸਿੰਘ ਜੀ ਦੇ ਘਰ ੫ ਦਸੰਬਰ ੧੮੭੨ ਈ: ਨੂੰ ਅੰਮ੍ਰਿਤਸਰ ਵਿਖੇ ਹੋਇਆ। ਸਿਖ ਪ੍ਰਚਾਰ ਤੇ ਗੁਰਮਤ ਪ੍ਰਚਾਰਕ ਦਾ ਸ਼ੌਕ ਆਪ ਨੂੰ ਵਰਾਸਤ ਵਿਚੋਂ ਹੀ ਮਿਲਿਆ। ਪਹਿਲੋ ਪਹਿਲ ਸੁੰਦਰੀ ਨਾਮੀ ਨਿਕੀ ਜਿਹੀ ਪੁਸਤਕ ਲਿਖੀ, ਜੋ ਕਿ ਅਜ ਤੱਕ ਇਕ ਲੱਖ ਦੇ ਲਗ ਭਗ ਛਪ ਕੇ ਵਿਕ ਚੁਕੀ ਹੈ। ਫਿਰ ਖਾਲਸਾ ਟਰੈਕਟ ਸੁਸਾਇਟੀ ਦੀ ਨੀਂਹ ਰਖੀ ਗਈ, ਇਸ ਲਈ ਲੇਖ ਲਿਖਦੇ ਰਹੇ। ਹੁਣ ਤਕ ਆਪ ਦੀ ਕਲਮ ਦੇ ਸੈਂਕੜੇ ਟਰੈਕਟ ਵਿਕ ਚੁਕੇ ਹਨ। ੭ ਨਵੰਬਰ ੧੮੯੯ ਈ: ਤੋਂ 'ਖਾਲਸਾ ਸਮਾਚਾਰ' ਪੱਤਰ ਆਰੰਭ ਹੋਇਆ, ਇਸ ਰਾਹੀਂ ਭੀ ਆਪ ਨੇ ਕੌਮ ਦੀ ਕਾਫੀ ਸੇਵਾ ਕੀਤੀ। ਆਪ ਅੰਗਰੇਜ਼ੀ, ਫਾਰਸੀ ਤੇ ਸੰਸਕ੍ਰਿਤ ਦੇ ਚੰਗੇ ਵਿਦਵਨ ਹਨ। ਜਿਥੇ ਆਪ ਨੇ ਕਈ ਪੁਸਤਕਾਂ ਲਿਖੀਆਂ, ਉਥੇ ਸਿਖ ਇਤਿਹਾਸ ਲਈ ਕਰੜੀ ਘਾਲ ਘਾਲ ਕੇ, ਸਿਰੀ ਨਾਨਕ ਪ੍ਰਕਾਸ਼ ਤੇ ਗੁਰ ਪ੍ਰਤਾਪ ਸੂਰਜ ਜੈਸੀਆਂ ਪੁਸਤਕਾਂ ਨੂੰ, ਅਰਥਾਂ ਟਿਪਣੀਆਂ ਸਾਹਿਤ, ਸੰਪਾਦਿਤ ਕਰਕੇ ਪ੍ਰਕਾਸ਼ਤ ਕਰਵਾਈਆਂ। ਗੁਰੂ ਗਰੰਥ ਕੋਸ਼ ਆਪ ਦੀ ਸੋਧ ਸਿਧਾਈ ਅਤੇ ਮਿਹਨਤ ਦਾ ਹੀ ਸਿੱਟਾ ਹੈ। ਅਨਥਕ ਮੇਹਨਤ ਸਿਖੀ ਸੁਰਦਾ ਕਲਾਂ ਕੁਸ਼ਕਤਾ ਤੇ ਚੁਪ, ਗੰਭੀਰਤਾ ਆਪ ਦੇ ਇਹ ਗੁਣ ਹਨ।

ਗਿਆਨੀ ਦਿਤ ਸਿੰਘ ਜੀ ਦੇ ਸਿਖ ਹਿਰਦਿਆਂ ਦੀ ਧਰਤੀ ਨੂੰ ਸੂਝ ਬੂਝ ਨਾਲ ਭਰਮ ਭੁਲੇਖਿਆਂ ਦੇ ਕੱਖ ਕੰਡੇ ਕਢ ਕੇ ਸਾਫ ਕੀਤਾ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਉਹ ਪ੍ਰਸਿਧ

Digitized by Panjab Digital Library | www.panjabdigilib.org

ਸਿਖ ਲਿਖਾਰੀ ਸਨ, ਜਿਨ੍ਹਾਂ ਨੇ ਸਾਫ ਧਰਤੀ ਵਿਚ ਸਿਖ ਬਰਦਾ ਤੇ ਪਿਆਰ ਦਾ ਬੀ ਬੀਜਿਆ। ਜਿਤਨਾ ਕੰਮ ਲਿਖਾਰੀਆਂ ਨੇ ਕਰ ਵੇਖਿਆ ਉਸ ਅਨੁਸਾਰ ਆਪ ਜੀ ਦੀ ਕੋਮਲ ਕਿਰਤ ਅਤੀ ਸ਼ਲਾਘਾ ਯੋਗ ਹੈ।

ਆਪ ਦੀਆਂ ਰਚਨਾਵਾਂ ਇਹ ਹਨ:—

ਗੁਰੂ ਨਾਨਕ ਚਮਤਕਾਰ, ਕਲਗੀਧਰ ਚਮਤਕਾਰ, ਰਾਣਾ ਸੂਰਤ ਸਿੰਘ, ਸੁੰਦਰੀ, ਬਾਬਾ ਨੌਧ ਸਿੰਘ, ਸਤਵੰਤ ਕੌਰ, ਵਿਜੇ ਸਿੰਘ, ਰਾਜਾ ਲਖਦਾਤਾ ਸਿੰਘ, ਗੁਰ ਸਿਖ ਬਾੜੀ, ਭਰਥਰੀ ਹਰੀ ਸਤਕ, ਸੰਤ ਗਾਥਾ, ਦੇਵੀ ਪੂਜਨ ਪੜਤਾਲ, ਪੰਜ ਗ੍ਰੰਥੀ ਸਟੀਕ, ਗੁਰੂ ਗਰੰਥ ਕੋਸ਼, ਪਰੀਤ ਵੀਣਾ, ਕੰਬ ਦੀ ਕਲਾਈ, ਲਹਿਰਾਂ ਦੇ ਹਾਰ, ਬਿਜਲੀਆਂ ਦੇ ਹਾਰ, ਮਟਕ ਹੁਲਾਰੇ, ਲਹਿਰ ਹੁਲਾਰੇ।

## ਗਿ: ਦਾਨ ਸਿੰਘ ਜੀ

ਆਪ ਦਾ ਜਨਮ ਪਿੰਡ ਦਿਆਲ ਪੁਰਾ ਮਿਰਜ਼ੇ ਕਾ ਜ਼ਿਲਾ ਸੰਗਰੂਰ ਵਿਚ ਹੋਇਆ। ਆਪ ਗਿਆਨੀਆਂ ਦੀ ਉਸ ਸੰਪ੍ਰਦਾਇ ਵਿਚੋਂ ਹੋਏ ਹਨ, ਜਿਸ ਦਾ ਮੁਢ ਸ਼ਹੀਦ ਭਾਈ ਮਨੀ ਸਿੰਘ ਜੀ ਨੇ ਬੰਨ੍ਹਿਆ ਸੀ। ਆਪ ਭਾਈ ਮਨੀ ਸਿੰਘ ਜੀ ਦੀ ਸੰਪ੍ਰਦਾਵਾਂ ਦੀ ਪੰਜਵੀਂ ਪੌੜੀ ਵਿਚੋਂ ਸਨ। ਆਪ ਗੁਰਮਤਿ ਵਿਦਿਆ ਦੇ ਮਹਾਨ ਖੋਜੀ ਤੇ ਬਾਣੀ ਦੇ ਅਰਥਾਂ ਦੇ ਧੁਨੰਧਰ ਵਿਦਵਾਨ ਸਨ। ਆਪ ਜੀ ਦੀ ਵਿਦਵਤਾ ਦੀ ਧਾਂਕ ਸਾਰੇ ਦੇਸ਼ ਵਿਚ ਪਈ ਹੋਈ ਹੋਣ ਕਰਕੇ ਮਹਾਰਾਜਾ ਸਾਹਿਬ ਫਰੀਦਕੋਟ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਕਰਨ ਵਾਲੇ ਵਿਦਵਾਨਾਂ ਵਿਚ ਆਪ ਦਾ ਨਾਮ ਭੀ ਸ਼ਾਮਲ ਕੀਤਾ ਤੇ ਆਪ ਜੀ ਨੂੰ ਬੜੇ ਸਤਿਕਾਰ ਨਾਲ ਫਰੀਦਕੋਟ ਬੁਲਾਇਆ ਗਿਆ।

ਇਤਨੇ ਉਚੇ ਵਿਦਵਾਨ ਹੋਣ ਦੇ ਬਾਵਜੂਦ ਗਿਆਨੀ ਜੀ ਵਿਚ ਇਤਨੀ ਨਿੰਮ੍ਰਤਾ ਸੀ ਕਿ ਆਪ ਗੁਰੂ ਕੇ ਲੰਗਰ ਵਿਚ ਸੇਵਾ ਕਰਨੀ, ਜੂਠੇ ਬਰਤਨ ਮਾਂਜਣੇ, ਸੰਗਤਾਂ ਦੇ ਜੋੜੇ ਝਾੜਨੇ ਆਦਿ ਸੇਵਾ ਬੜੇ ਪ੍ਰੇਮ ਨਾਲ ਕਰਿਆ ਕਰਦੇ ਸਨ। ਪੰਜ ਕਕਾਰਾਂ ਦੀ ਰਹਿਤ ਦੇ ਭੀ ਆਪ ਪੱਕੇ ਧਾਰਨੀ ਸਨ। ਗੁਰਬਾਣੀ ਆਪ ਨੂੰ ਬਹੁਤ ਕੰਠਾਗਰ ਸੀ। ਅੰਮ੍ਰਿਤ ਵੇਲੇ ਉਠ ਕੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਨਾ ਆਪ ਦਾ ਨਿਤਨੇਮ ਸੀ ਤੇ ਆਪ ਵਿਚ ਪੁਰਾਤਨ ਗੁਰਸਿੱਖਾਂ ਵਾਲੇ ਸਾਰੇ ਗੁਣ ਮੌਜੂਦ ਸਨ। ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਉਪ੍ਰੰਤ ਕਥਾ ਕਰਕੇ ਆਪ ਬਬੇਕ ਦਾ ਪ੍ਰਸ਼ਾਦ ਤਿਆਰ ਕਰਕੇ ਛਕਿਆ ਕਰਦੇ ਸਨ। ਆਪ ਜੀ ਦਾ ਆਪਣੇ ਨਗਰ ਵਿਚ ਬਹੁਤ ਸਤਿਕਾਰ ਸੀ ਅਤੇ ਆਪ ਜੀ ਪਾਸੋਂ ਬਹੁਤ ਸਾਰੇ ਵਿਦਿਆਰਥੀ ਵਿਦਿਆ ਪੜ੍ਹਕੇ ਵਰੋਸਾਏ ਸਨ। ਮਾਲਵੇ ਦੀ ਧਰਤੀ ਨੂੰ ਆਪ ਜੀ ਜੈਸੇ ਵਿਦਵਾਨਾਂ ਪਰ ਬਹੁਤ ਮਾਣ ਹੈ ਅਤੇ ਚਾਹੀਦਾ ਤਾਂ ਇਹ ਸੀ ਕਿ ਆਪ ਜੀ ਦਾ ਸਾਰਾ ਜੀਵਨ ਵਿਸਥਾਰ ਸਹਿਤ ਲਿਖਿਆ ਜਾਂਦਾ ਪ੍ਰੰਤੂ ਗ੍ਰੰਥ ਦਾ ਆਕਾਰ ਵਧਣ ਦੇ ਡਰ ਤੋਂ ਆਪ ਦੇ ਜੀਵਨ ਦਾ ਸੰਖੇਪ ਹੀ ਹਾਲ ਦਿਤਾ ਗਿਆ ਹੈ। ਆਪ ਮਾਲਵੇ ਦੇ ਚਮਕਦੇ ਸਤਾਰੇ ਸਨ ਜਿਨ੍ਹਾਂ ਦੀ ਵਿਦਵਤਾ ਦਾ ਸਦਕਾ ਬਹੁਤ ਸਾਰੇ ਵਿਦਿਆਰਥੀਆਂ ਵਿਚ ਵਿਦਵਾਨ ਬਣਨ ਦਾ ਸ਼ੌਕ ਉਤਪਨ ਹੋਇਆ। ਦੁਖ ਦੀ ਗਲ ਹੈ ਕਿ ਪੰਥ ਵਿਚ ਗਿਆਨੀ ਸੰਪ੍ਰਦਾਵਾ ਨੂੰ ਪ੍ਰਫੁਲਤ ਕਰਨ ਦਾ ਫਿਕਰ ਕਿਸੇ ਪੰਥਕ ਸੰਸਥਾ ਨੇ ਨਹੀਂ ਕੀਤਾ ਅਤੇ ਵਿਦਵਤਾ ਦਾ ਇਹ ਅਮੋਲਕ ਖਜ਼ਾਨਾ ਸਮੇਂ ਦੀਆਂ ਆਂਧੀਆਂ ਨਾਲ ਭੂਤਕਾਲ ਦੀਆਂ ਹੇਠਲੀਆਂ ਤੈਹਾਂ ਵਿਚ ਅਲੋਪ ਹੋ ਗਿਆ।

Digitized by Panjab Digital Library | www.panjabdigilib.org

(੧੦੯੨ ੳ)

# ਸ. ਲਾਲ ਸਿੰਘ ਜੀ ਡਾਇਰੈਕਟਰ

ਸ. ਲਾਲ ਸਿੰਘ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਮਾਲਵੇ ਦੇ ਘੁੱਘ ਵਸਦੇ ਪਿੰਡ ਦਾਉਧਰ, ਤਸੀਲ ਮੋਗਾ, ਜ਼ਿਲ੍ਹਾ ਫੀਰੋਜ਼ਪੁਰ ਦੇ ਜਮ-ਪਲ ਹਨ। ਇਹ ਪਿੰਡ ਸਮੁੱਚੇ ਸਿਖ ਜਗਤ ਵਿਚ ਮਸ਼ਹੂਰ ਹੈ। ਇਥੇ ਬਾਬਾ ਸੁਧਾ ਸਿੰਘ ਜੀ ਨੇ ਜੋ ਪੁੱਜੇ ਹੋਏ ਵਿਰੱਕਤ ਸੰਤ ਸਨ, ਇਕ ਗੁਰਦੁਵਾਰਾ ਅਸਥਾਪਣ ਕੀਤਾ ਜਿਸ ਵਿਚ ਅਪਾਹਜ ਬੱਚਿਆਂ ਦੀ ਪਰਵਰਸ਼ ਦਾ ਪਰਬੰਧ ਕੀਤਾ ਗਿਆ। ਪੁਸ਼ਾਕ, ਖੁਰਾਕ ਤੇ ਰਹਾਇਸ਼ ਤੋਂ ਇਲਾਵਾ ਇਥੇ ਬੱਚਿਆਂ ਨੂੰ ਗੁਰਬਾਣੀ ਪੜ੍ਹਾ-ਉਣ ਤੇ ਕੀਰਤਨ ਸਿਖਾਉਣ ਦਾ ਇੰਤਜ਼ਾਮ ਸੀ। ਸੰਤ ਬਾਬਾ ਵੀਰ ਸਿੰਘ ਜੀ ਨੇ ਜੋ ਬਾਬਾ ਸੁਧਾ ਸਿੰਘ ਜੀ ਦੇ ਵਾਰਸ਼ ਸਨ ਤੇ ਭਾਰੀ ਪਰਸਿੱਧੀ ਦੇ ਰਾਗੀ ਸਨ ਇਸ ਆਸ਼ਰਮ ਨੂੰ ਰਾਗ ਦੀ ਟਕਸਾਲ ਵਿਚ ਬਦਲ ਦਿਤਾ। ਅਜ ਦੇ ਵਿਸ਼ੇਸ਼ ਨੇਤਰ-ਹੀਣ ਸਿਖ ਕੀਰਤਨੀਏ ਰਾਗੀ-ਜੱਥੇ ਇਸੇ ਟਕਸਾਲ ਦੇ ਵਰੋਸਾਏ ਹਨ। ਸੰਤ ਮੰਗਲ ਸਿੰਘ ਜੀ ਨੇ ਜੋ ਬਾਬਾ ਵੀਰ ਸਿੰਘ ਜੀ ਦੇ ਵਾਰਸ ਹੋਏ, ਲੰਗੜੇ ਲੂਲੇ ਅੰਨ੍ਹੇ ਤੇ ਅੰਗ-ਹੀਣ ਬਾਲਕਾਂ ਦੀ ਸੇਵਾ ਘਾਲ ਨਾਲ ਪਿੰਡ ਦਾਉਧਰ ਨੂੰ ਪੰਜਾਬ ਭਰ ਵਿਚ ਉਜਾਗਰ ਕਰ ਦਿੱਤਾ ਅਤੇ ਇਨ੍ਹਾਂ ਦੀ ਸਖਸ਼ੀਅਤ, ਇਕ ਕਰਾਮਾਤੀ ਪ੍ਰਸਿੱਧ ਹੋ ਗਈ। ਸ. ਲਾਲ ਸਿੰਘ ਇਕ ਸਾਧਾਰਨ ਫੌਜੀ ਕਿਸਾਨ ਪ੍ਰਵਾਰ ਵਿਚ ਜਨਮੇ ਤੇ ਪਿਤਾ ਨੇ ਸੰਤਾਂ ਦਾ ਵਰਦਾਨ ਦਿਵਾ ਲਿਆ 'ਜੇ ਇਹ ਬਾਲਕ ਲਗਾਤਾਰ ਮਿਹਨਤ ਕਰਦਾ ਰਿਹਾ ਤਾਂ ਜਸ ਖੱਟੇਗਾ।' ਆਪਨੂੰ ਸੰਤਾਂ ਦੇ ਵਰਦਾਨ, ਪਿਤਾ ਦੀ ਲਗਨ ਤੇ ਇਨ੍ਹਾਂ ਦੀ ਮਿਹਨਤ ਨੇ ਅਜ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਦੀ ਡਾਇਰੈਕਟਰੀ ਦੇ ਅਹੁਦੇ ਤੇ ਪੁਚਾ ਦਿੱਤਾ ਹੈ।

ਇਨ੍ਹਾਂ ਦਾ ਜਨਮ ੧੮ ਜਨਵਰੀ, ੧੯੧੬ ਨੂੰ ਹੋਇਆ। ਮੁਢੱਲੀ ਵਿਦਿਆ ਪਿੰਡ ਦੇ ਸਕੂਲ ਵਿਚੋਂ ਪ੍ਰਾਪਤ ਕੀਤੀ ਅਤੇ ਮੈਟਰਿਕ ਤੇ ਐਫ. ਏ. ਆਰੀਆ ਕਾਲਜ,ਮੋਗਾ ਵਿਚੋਂ ਪਾਸ ਕੀਤੀਆਂ। ੧੯੩੬ ਵਿਚ ਆਪ ਨੇ ਸਿਖ ਮਿਸ਼ਨਰੀ ਕਾਲਜ ਤੇ ਪੰਜਾਬ ਯੂਨੀਵਰਸਟੀ ਦੀ ਗਿਆਨੀ ਦੀ ਪ੍ਰੀਖਿਆ ਪੰਜਾਬ ਵਿਚੋਂ ਅਵਲ ਰਹਿ ਕੇ ਪਾਸ ਕੀਤੀ। ਇਸੇ ਸਫਲਤਾ ਨੂੰ ਅਧਾਰ ਬਣਾ ਕੇ ਸ੍ਰੋਮਣੀ ਗੁ: ਪ੍ਰ: ਕਮੇਟੀ,ਅੰਮ੍ਰਿਤਸਰ ਨੇ ਆਪ ਨੂੰ ਸੀਨੀਅਰ ਸਿਖ ਮਿਸ਼ਨਰੀ ਨੀਅਤ ਕੀਤਾ। ਸ੍ਰੋ. ਗੁ: ਪ੍ਰਬੰਧਕ ਕਮੇਟੀ ਨੇ ਕਾਬਲੀਅਤ ਨੂੰ ਮੁਖ ਰਖਦਿਆਂ ਲਾਹੌਰ ਵਿਚ ਖੁਲੇ ਸਿਖ ਨੈਸ਼ਨਲ ਕਾਲਜ ਵਿਚ ਸਿਖ ਮਿਸ਼ਨਰੀ ਦੀ ਹੈਸੀਅਤ ਵਿਚ ਭੇਜਿਆ ਅਤੇ ਨਾਲ ਹੀ ਬੀ. ਏ. ਤੇ ਐਮ. ਏ. ਦੀਆਂ ਪ੍ਰਖਿਆਵਾਂ ਕਰਨ ਲਈ ਖੁਲ੍ਹ ਤੇ ਮਾਲੀ ਸਹਾਇਤਾ ਦਿਤੀ। ੧੯੪੩ ਵਿਚ ਆਪ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦੇ ਵਾਈਸ ਪ੍ਰਿੰਸੀਪਲ ਨਿਯਕੁਤ ਕੀਤੇ ਗਏ। ੧੯੪੭—੪੮ ਵਿਚ ਆਪ ਨੇ ਕਾਇਮ-ਮੁਕਾਮ ਪ੍ਰਿੰਸੀਪਲ,ਪ੍ਰਚਾਰ ਸਕੱਤਰ ਤੇ ਰੀਲੀਫ ਸਕੱਤਰ ਸ੍ਰੋ. ਕਮੇਟੀ ਵਿਚ ਪਰਸੰਸਾ ਯੋਗ ਸੇਵਾ ਕੀਤੀ।

ਸਰਕਾਰ ਪਟਿਆਲਾ ਵਲੋਂ ੭-੯-੪੮ ਨੂੰ ਪੰਜਾਬੀ ਬੋਲੀ ਨੂੰ ਸਰਕਾਰ ਦੇ ਰਾਜ ਕਾਜ ਦੇ ਕੰਮਾਂ ਵਿਚ ਚਾਲੂ ਕਰਨ ਲਈ ਆਪ ਗ਼ਜ਼ਟਿਡ ਅਫੀਸਰ ਬਣਾਏ ਗਏ। ਜਦੋਂ ੧੯੪੯ ਵਿਚ ਪੈਪਸੂ ਬਣਨ ਤੇ ਪੰਜਾਬੀ ਵਿਭਾਗ ਕਾਇਮ ਹੋਇਆ ਤਾਂ ਸਹਾਇਕ ਡਾਇਰੈਕਟਰ ਮੁਕੱਰਰ ਹੋਏ। ਪੰਜਾਬ ਤੇ ਪੈਪਸੂ ਦੇ ਏਕੀ-ਕਰਨ ਤੇ ਆਪ ਪਹਿਲਾਂ ਸਹਾਇਕ ਮੁੜ ੫ ਅਗਸਤ ੧੯੫੯ ਨੂੰ ਡਾਇਰੈਕਟਰ ਭਾਸ਼ਾ ਵਿਭਾਗ ਮੁਕਰਰ ਹੋਏ।

Digitized by Panjab Digital Library | www.panjabdigilib.org

ਸ. ਲਾਲ ਸਿੰਘ ਜੀ ਸਰਕਾਰੀ ਪਦਵੀ ਤੇ ਹੁੰਦਿਆਂ ਹੋਇਆਂ ਚੋਖਾ ਨਾਮਣਾ ਖੱਟ ਚੁਕੇ ਹਨ। ੧੯੪੯ ਵਿਚ ਜਦੋਂ ਪੰਜਾਬ ਯੂਨੀਵਰਸਟੀ ਵਿਚ ਐਮ. ਏ. ਪੰਜਾਬੀ ਦੀ ਪੜ੍ਹਾਈ ਅਰੰਭੀ ਗਈ ਤਾਂ ਪੈਪਸੂ ਸਰਕਾਰ ਨੇ ਇਨ੍ਹਾਂ ਨੂੰ ਉਚੇਚੇ ਤੌਰ ਤੇ ਮੁਹਿੰਦਰਾ ਕਾਲਜ,ਪਟਿਆਲਾ ਵਿਚ ਕਲਾਸਾਂ ਜਾਰੀ ਕਰਨ ਲਈ ਚੁਣਿਆਂ। ਪੰਜਾਬੀ ਅਲੋਚਨਾ ਦਾ ਪਹਿਲਾ ਪਰਚਾ 'ਪੰਜਾਬੀ ਦੁਨੀਆਂ' ਇਨ੍ਹਾਂ ਦੀ ਐਡੀਟਰੀ ਹੇਠ ਅਤੇ 'ਸਪਤ-ਸਿੰਧੂ'ਨਾਂ ਦਾ ਹਿੰਦੀ ਰਸਾਲਾ ਵੀ ਇਨਾਂ ਦੀ ਐਡੀਟਰੀ ਹੇਠ ਸ਼ੁਰੂ ਹੋਇਆ।

ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਧਾਰਮਕ ਸਲਾਹਕਾਰ ਬੋਰਡ ਦੇ ਮੈਂਬਰ ਰਹੇ ਹਨ ਅਤੇ ਪੰਜਾਬ ਯੂਨੀਵਰਸਟੀ ਦੀ ਓਰੀਐਂਟਲ ਫੈਕਲਟੀ ਦੇ ਕਈ ਵਰ੍ਹਿਆਂ ਤੋਂ ਮੈਂਬਰ ਚੁਣੇ ਆ ਰਹੇ ਹਨ। ਆਪ ਪੰਜਾਬੀ ਸਮੀਖਿਆ ਬੋਰਡ,ਜਾਲੰਧਰ ਦੇ ਪਰਧਾਨ ਹਨ; ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਜਾਲੰਧਰ ਤੇ ਪੈਪਸੂ ਸੰਸਕ੍ਰਿਤ ਪ੍ਰੀਸ਼ਦ ਦੇ ਉਪ-ਪਰਧਾਨ ਹਨ।

ਸ: ਲਾਲ ਸਿੰਘ ਜੀ ਉਹਨਾਂ ਟਾਵੇਂ ਸਜਣਾਂ ਵਿਚੋਂ ਹਨ ਜਿਨਾਂ ਨੂੰ ਬੋਲਣ ਤੇ ਲਿਖਣ ਵਿਚ ਇਕੋ ਜੇਹੀ ਮਹਾਰਤ ਹਾਸਲ ਹੈ। ਏਹਨਾਂ ਦੇ ਬੋਲਣ ਵਿਚ ਜ਼ੋਰ ਤੇ ਪਰੇਰਨਾ ਹੈ; ਲਿਖਣ ਵਿਚ ਦਲੀਲ ਤੇ ਸਪਸ਼ਟਤਾ ਦੀ ਟੁਣਕਾਰ ਹੈ।

## ਪ੍ਰੋ. ਰਾਮ ਸਿੰਘ ਜੀ ਧਾਂਦਰਾ



ਪ੍ਰੋਫੈਸਰ ਰਾਮ ਸਿੰਘ ਜੀ ੧੯੦੨ ਵਿੱਚ ਪਿੰਡ ਧਾਂਦ੍ਰਾ ਜ਼ਿਲਾ ਲੁਧਿਆਣਾ ਵਿਖੇ, ਦੇਵਾ ਸਿੰਘ ਗਰੇਵਾਲ ਦੇ ਘਰ ਪੈਦਾ ਹੋਏ। ਦਸਵੀਂ ਜਮਾਤ ਪਾਸ ਕਰਕੇ ਖਾਲਸਾ ਕਾਲਜ ਵਿਖੇ ੧੯੨੩ ਵਿਚ ਜੇ. ਏ. ਵੀ. ਪਾਸ ਕੀਤੀ। ਉਪਰੰਤ ਮਾਲਵਾ ਖਾਲਸਾ ਸਕੂਲ ਵਿਚ ਮਾਸਟਰ ਬਣੇ। ਆਪਣੀ ਹਿੰਮਤ ਨਾਲ ਬੀ. ਏ. ਤਕ ਤਾਲੀਮ ਹਾਸਲ ਕੀਤੀ। ਸੈਂਟ੍ਰਲ ਟ੍ਰੇਨਿੰਗ ਕਾਲਜ ਵਿਚ ੧੯੩੦ ਵਿਚ ਐਸ. ਏ. ਵੀ. ਪਾਸ ਕੀਤੀ ਤੇ ਵਜ਼ੀਫਾ ਲਿਆ। ਆਪ ਜੀ ਪਹਿਲਾਂ ਤੋਂ ਪੋਲੀਟੀਕਲ ਦਿਮਾਗ ਦੇ ਹਨ ਖਾਲਸਾ ਕਾਲਜ ਵਿਚ ਗੋਰਿਆਂ ਨੂੰ ਤਲਾਬ ਵਿਚੋਂ ਰੋਕਣ ਦੀ ਲਹਿਰ ਦੇ ਸਕੱਤ੍ਰ ਬਣੇ ਤੇ ੧੯੩੦ ਵਿਚ ਸੈਂਟ੍ਰਲ ਟ੍ਰੇਨਿੰਗ ਕਾਲਜ ਵਿਚ ਯੂਨੀਅਨ ਜੈਕ ਝੰਡੇ ਨੂੰ ਸਲਾਮੀ ਦੇਣ ਤੋਂ ਨਾਹ ਕੀਤੀ,ਖਾ: ਹਾ: ਸਕੂਲ ਕਮਾਲਪੁਰਾ ਦੇ ਪਹਿਲੇ ਹੈਡਮਾਸਟਰ ਬਣੇ।੧੯੩੩ ਵਿਚ ਗੁਰਦੁਆਰਾ ਮੰਜੀ ਸਾਹਿਬ ਆਲਮਗੀਰ ਦੇ ਪ੍ਰਧਾਨ ਥਾਪੇ ਗਏ ਆਪ ਜੀ ਦੇ ਪ੍ਰਬੰਧ ਹੇਠ ਮੌਜੂਦਾ ਗੁਰਦੁਆਰੇ ਅਤੇ ਸ੍ਰੋਵਰ ਦੀ ਨੀਂਹ ਪੰਜਾਂ ਪਿਆਰਿਆਂ ਕੋਲੋਂ ਰਖਵਾਈ। ੧੯੩੩ ਵਿਚ ਲੁਧਿਆਣਾ ਕਾਲਜ ਵਿਚ ਵਿਦਿਯਕ ਐਸੋਸੀਏਸ਼ਨ ਦੇ ਸਕੱਤਰ ਥਾਪੇ ਗਏ ਅਗਲੇ ਸਾਲ ਖਾਨੇਵਾਲ ਦਿਹਾਤ ਸੁਧਾਰ ਦੇ ਅਫਸਰ ਲਗੇ। ਇਸ ਤੋਂ ਮਗਰੋਂ ਕੌਮੀ ਪ੍ਰਚਾਰ ਤੇ ਦੇਸ਼ ਭਗਤੀ ਵਿਚ ਲੱਗ ਗਏ। ਹਜ਼ਾਰਾਂ ਸਿੰਘਾਂ ਨੂੰ ਅੰਮ੍ਰਿਤ ਪਾਨ ਕਰਾਇਆ ਅਤੇ ਪੰਥਕ ਕਾਨਫਰੰਸਾਂ ਕੀਤੀਆਂ। ਖਾਲਸਾ ਪਾਰਲੀਮੈਂਟ੍ਰੀ ਮਿਸ਼ਨ ਦੇ ਬਾਨੀ ਬਣੇ। ੧੯੩੯-੪੩ ਦੀ ਜੰਗ ਦੇ ਉਲਟ ਪ੍ਰਚਾਰ ਕੀਤਾ। ਸਿੰਘਾਂ ਨੂੰ ਫੌਜੀ ਟੋਪੀ ਦੇ ਉਲਟ ਵੰਗਾਰਿਆ ਅਤੇ ਤਿੰਨਵਾਰ ਜੇਲ੍ਹ ਗਏ। ਸ਼ਿਮਲੇ ਮਾਲ ਰੋਡ ਤੇ ਜਲੂਸ ਸਭ ਤੋਂ ਪਹਿਲਾਂ ਕਢਿਆ ਮਾਲਵਾ ਖਾਲਸਾ ਦਰਬਾਰ ਰਾਹੀਂ ਕਾਨਫਰੰਸਾਂ ਦੇ ਸਰਗਰਮ ਪ੍ਰਾਪੇ. ਸਕੱਤ੍ਰ ਰਹੇ। ਕੂਕਾ ਕੁਫਰ ਤੋੜ ਕਾਨ: ਕਰਵਾਈਆਂ ਸ੍ਰੀ ਮਾਨ ਖੜਕ ਸਿੰਘ ਨਾਲ ਗੁਜਰਾਂਵਾਲੇ ਜੇਲ੍ਹ ਵਿਚ ਰਹੇ। ਸੈਂਟ੍ਰਲ ਅ: ਦਲ ਦੇ ਸਕਤ੍ਰ ਰਹੇ। ਅਜ ਕਲ ਆਲ ਇੰਡੀਆ ਨੈਸ਼ਨਲਿਸਟ ਸਿਖ ਪਾਰਟੀ ਦੇ ਜਨਰਲ ਸਕੱਤ੍ਰ ਹਨ ਅਤੇ ਲੁਧਿਆਣੇ ਤੋਂ ਨਿਕਲਦੇ ਹਫਤੇਵਾਰ ਅਖਬਾਰ ਨਿਆ ਸਮਾ ਦੇ ਚੀਫ ਐਡੀਟਰ ਹਨ।

Digitized by Panjab Digital Library | www.panjabdigilib.org

# ਉਤਮ ਸਿੰਘ ਜੀ ਲਿਖਾਰੀ

ਆਪ ਦਾ ਜਨਮ ੧੪ ਅਗਸਤ, ੧੮੮੮ ਮੁਤਾਬਕ ਸੋਣ ਸੁਦੀ ਸਤਮੀ ਸੰ: ੧੯੪੫ ਬਿਕ੍ਰਮੀ ਨੂੰ ਸ: ਰਣ ਸਿੰਘ ਜੀ ਰਾਮ ਗੜ੍ਹੀਆਂ ਦੇ ਗ੍ਰਹਿ ਵਿਖੇ ਮਾਤਾ ਬਿਸ਼ਨ ਕੌਰ ਦੀ ਕੁਖੋਂ ਪਿੰਡ ਦਹਿੜੂ ਜ਼ਿਲਾ ਲੁਧਿਹਾਣਾ ਵਿਖੇ ਹੋਇਆ। ਜਨਵਰੀ ੧੯੦੧ ਵਿਚ ਆਪ ਆਪਣੇ ਪਿਤਾ ਜੀ ਨਾਲ ਬਰਮਾ ਚਲੇ ਗਏ। ਪਿਤਾ ਦੀ ਸ਼ੁਭ ਸਿਖਿਆ ਦਾ ਸਦਕਾ ਆਪ ਚਾਰ ਆਨੇ ਰੋਜ਼ ਦੀ ਨੌਕਰੀ ਤੋਂ ਉਠ ਕੇ, ਬਰਮਾ ਮਾਈਨ ਵਿਖੇ ੩੫੦) ਮਾਹਵਾਰ ਦੇ ਵਰਕਸ਼ਾਪ ਫੋਰਮੈਨ ਹੋਏ। ਆਪ ਦੇ ਅੰਦਰ ਸੁਰਸਿੱਖੀ ਦਾ ਪਿਆਰ ਤੇ ਪੰਥਕ ਸੇਵਾ ਦਾ ਜਜ਼ਬਾ ਇੰਨਾਂ ਉਚਾ ਹੈ ਕਿ ਬਰਮਾ ਦੇਸ ਵਿਖੇ ਖਾਲਸਾ ਜੀ ਦੀ ਪ੍ਰਤੀਨਿਧ ਜਥੇਬੰਦੀ "ਖਾਲਸਾ ਦੀਵਾਨ ਬਰਮਾ" ਦੇ ਬਨੌਣ ਵਾਲੇ ਮੋਢੀਆਂ ਵਿਚੋਂ ਸਨ। ਕਈ ਸਾਲ ਦੀਵਾਨ ਦੇ ਜਨਰਲ ਸਕੱਤਰ ਤੇ ਪ੍ਰਧਾਨ ਰਹੇ। ਸਿਖ ਅਨਾਥਾਲਯ ਮਕਟੀਲਾ ਬਰਮਾਂ ਦੇ ਟਰਸਟੀ ਤੇ ਸਕੱਤਰ ਰਹੇ। ਸਿੰਘ ਸਭਾ ਬੋਡਵਿਨ ਬਰਮਾਂ ਦੇ ਸਕੱਤਰ ਕਈ ਵਰ੍ਹੇ ਰਹੇ। ਬਰਮਾਂ ਦੀਆਂ ਸੰਗਤਾਂ ਵਲੋਂ ਗੁਰਦਵਾਰਾ ਸੁਧਾਰ ਲਹਿਰ ਦੇ ਸਮੇਂ ਆਪ ਸ਼੍ਰੋ: ਗੁ: ਪ੍ਰ: ਕਮੇਟੀ ਦੇ ਮੈਂਬਰ ਰਹੇ। ਪੰਥ ਸੇਵਕ ਸੰਗਤ ਦੇ ਲਿਖਾਰੀ ਦੀ ਹੈਸੀਅਤ ਵਿਚ ਸਿਖ ਧਰਮ ਦੇ ਪ੍ਰਚਾਰ ਲਈ ਆਪ ਨੇ ਛੋਟੇ ਛੋਟੇ ਕੋਈ ਛੇ ਸਤ ਦਰਜਨ ਹੈਂਡ ਬਿਲ ਤੇ ਗੁਰਪੁਰਬਾਂ ਦੇ ਸਮੇਂ ਕੋਈ ੩੦ ਟ੍ਰੈਕਟ ਪ੍ਰਕਾਸ਼ਤ ਕੀਤੇ, "ਚੰਦਨ" ਨਾਮ ਦਾ ਪੰਦਰਾਂ ਰੋਜ਼ਾ ਰਸਾਲਾ, ਜੋ ਮਗਰੋਂ ਮਾਹਵਾਰੀ ਕੀਤਾ ਗਿਆ ਸੀ ਮਾਂਡਲੇ ਬਰਮਾਂ ਤੋਂ ਜਾਰੀ ਕੀਤਾ ਜੋ ਸੰਨ ੧੯੪੫ ਵਿਚ ਜਾਪਾਨੀ ਹਮਲੇ ਵੇਲੇ ਬਰਮਾ ਤਿਆਗ ਸਮੇਂ ਬੰਦ ਹੋਇਆ। ਬਰਮਾ ਵਿਚ ਰਹਿੰਦਿਆਂ ਆਪ ਨੇ ਸੈਂਕੜੇ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ। ਆਪ ਦੀ ਸ਼ਖਸੀਅਤ ਤੇ ਪ੍ਰੇਰਨਾ ਦਾ ਸਦਕਾ ਇਕ ਬਰਮਾ ਅੰਮ੍ਰਿਤ ਛਕ ਕੇ ਸਿੰਘ ਸਜਿਆ।

ਇਥੇ ਪੰਜਾਬ ਵਿਚ ਆ ਕੇ ਵੀ ਆਪ ਨੇ ਪੰਥ ਸੇਵਾ ਵਲੋਂ ਮੂੰਹ ਨਹੀਂ ਮੋੜਿਆ "ਕੂਕਾ ਕੁਫਰ ਤੋੜ ਲਹਿਰ" ਦੇ ਸਮੇਂ ਦੂਜੀ ਸਰਬ ਹਿੰਦ ਕਾਨਫ੍ਰੰਸ ਧਾਦਰਾਂ ਦੇ ਪੰਜ ਪਿਆਰੇ ਪ੍ਰਧਾਨਾਂ ਵਿਚ ਇਕ ਆਪ ਵੀ ਸਨ। ਆਪ ਦੇ ਪੇਸ਼ ਕਰਨ ਪੁਰ ਹੀ "ਮਾਲਵਾ ਖਾਲਸਾ ਦਰਬਾਰ" ਨਾਮ ਦੀ ਜਥੇਬੰਦੀ ਕਾਇਮ ਕਰਨ ਦਾ ਮਤਾ ੧੯੪੩ ਨੂੰ ਪਾਸ ਹੋਇਆ ਤੇ ਆਪ ਇਸ ਦੇ ਜਨਰਲ ਸਕੱਤਰ ਨੀਅਤ ਹੋਏ। ਦਰਬਾਰ ਵਲੋਂ ਮਾਲਵੇ ਦੀ ਭਲਾਈ, ਉਨਤੀ ਲਈ ਕਾਫੀ ਕੰਮ ਹੋਇਆ। ਸੰਨ ੧੯੪੫ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਹਾਈ ਸਕੂਲ ਖੰਨਾਂ ਨੂੰ ਆਰੰਭ ਕਰਨ ਵਾਲੇ ਵੀ ਇਕ ਆਪ ਹਨ, ਤੇ ਇਸ ਦੇ ੧੯੫੨ ਤੱਕ ਜਨਰਲ ਸਕੱਤਰ ਰਹੇ। ਆਪ ਨੇ ਇਸ ਸਕੂਲ ਦੀ ਮਦਦ ਲਈ ਕਲਕਤੇ ਦੇ ਦਾਨੀ ਸਜਨਾਂ ਪਾਸੋਂ ਕੋਈ ਦਸ ਹਜ਼ਾਰ ਰੁਪਏ ਇਕੱਤਰ ਕਰਕੇ ਲਿਆਂਦੇ, ਤੇ ਅਜ ਸਕੂਲ ਸ਼ਾਨ ਨਾਲ ਚਲ ਰਿਹਾ ਹੈ। ਰਾਮਗੜ੍ਹੀਆਂ ਇੰਨਡਸਟਰੀਅਲ ਹਾਈ ਸਕੂਲ ਦੇ ਆਪ ੧੯੫੧ ਤੋਂ ਆਫਸ ਸਕੱਤਰ ਹਨ।

ਆਪ ਦਾ ਸਾਰਾ ਹੀ ਜੀਵਨ ਸੇਵਾ ਦਾ ਭਰਿਆ ਹੋਇਆ ਹੈ। ਗੁਰੂ ਨਾਨਕ ਇੰਜਨੀਅਰਿੰਗ ਕਾਲਜ ਨੂੰ ਲੁਧਿਹਾਣੇ ਆਰੰਭ ਕਰਾਉਣ ਵਿਚ ਆਪ ਦੀ ਸੇਵਾ ਖਾਸ ਵਰਨਣ ਯੋਗ ਹੈ। ਆਪ ਜਿਥੇ ਇਕ ਚੰਗੇ ਲਿਖਾਰੀ ਹਨ ਉਥੇ ਚੰਗੇ ਵਕਤਾ ਵੀ ਹਨ।

Digitized by Panjab Digital Library | www.panjabdigilib.org

# ਵਿਸਾਖਾ ਸਿੰਘ ਸੰਤ ਸਿਪਾਹੀ

ਦਾਸ ਦਾ ਜਨਮ ਸ: ਕਰਮ ਸਿੰਘ ਜੀ ਦੇ ਘਰ ਮਾਤਾ ਕਾਨ੍ਹ ਕੌਰ ਦੀ ਕੁਖੋਂ ਪਿੰਡ ਜਨੇਤਪੁਰਾ ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਵਿਖੇ ਹੋਇਆ। ਗੁਰੂ ਸਾਹਿਬਾ ਨੇ ਹੇਠ ਲਿਖੀਆਂ ਰਚਨਾਵਾਂ ਦੀ ਸੇਵਾ ਦਾਸ ਤੋਂ ਲਈ।

(੧) ਸੰਤ ਸਿਪਾਹੀ

(੨) ਸ੍ਰੀ ਦਸਮੇਸ਼ ਜੀ ਦੀਆਂ ਦੁਲਾਰੀਆਂ

(੩) ਯਾਤਰਾ ਸ੍ਰੀ ਹਜ਼ੂਰ ਸਾਹਿਬ

(੪) ਸ੍ਰੀਰਕ ਰਖਿਆ

(੫) ਗੁਰਮਤ ਸਮਾਚਾਰ ਅਖਬਾਰ

(੬) ਮਾਲਵਾ ਇਤਿਹਾਸ ਦੇ ਤਿੰਣ ਹਿਸੇ:—

ਪਹਿਲਾ ਭਾਗ— ਮਾਲਵਾ ਇਤਿਹਾਸ

ਦੂਜਾ ਭਾਗ— ਖਾਲਸੇ ਦੀ ਚੜ੍ਹਦੀ ਕਲਾ

ਤੀਜਾ ਭਾਗ— ਗੁਰ ਸਾਗਰ ਲਹਿਰਾਂ ਆਦਿ।

Digitized by Panjab Digital Library | www.panjabdigilib.org

# ਚੰਗਿਆੜੀ ਤੋਂ ਭਾਂਬੜ

ਵਿਦਿਆ ਦੀ ਚੰਗਿਆੜੀ ਤੋਂ ਭਾਂਬੜ ਪੈਦਾ ਕਰ ਅਵਿਦਿਆ ਵਿਚ
ਝਲੂਹੇ ਹੋਏ ਮਨਾਂ ਨੂੰ ਵਿਦਿਆ ਦੀ ਨਵੀਂ ਬਸੰਤ ਦੁਆਰਾ ਖੇੜਾ
ਲਿਆਉਣ ਵਾਲਿਆਂ ਦੇ ਉਪਕਾਰਾਂ ਦਾ ਸਦਕਾ (ਸਰਕਾਰੀ
ਅਤੇ ਅਨਮਤੀਆਂ ਤੋਂ ਬਿਨਾਂ) ੮ ਖਾਃ ਕਾਲਜ, ੭੪ ਖਾਃ
ਹਾਈ ਸਕੂਲ, ਸੈਂਕੜੇ ਪ੍ਰਾਇਮਰੀ ਤੇ ਮਿਡਲ ਸਕੂਲ
ਮਾਲਵੇ ਵਿਚ ਲਟਾ ਲਟ ਜੱਗ ਦੇ ਅਵਿਦਿਆ
ਦੇ ਢੇਰ ਨੂੰ ਸਾੜ ਰਹੇ ਹਨ। ਉਨ੍ਹਾਂ ਵਿਦਿਆ
ਦਾਨੀ ਮਹਾਂ ਪੁਰਖਾਂ ਦੇ ਸੰਖੇਪ
ਜੀਵਨ ਅਗੇ ਪੜ੍ਹੋ।

Digitized by Panjab Digital Library | www.panjabdigilib.org

"ਵਿਦਿਆ ਵੀਚਾਰੀ ਤਾਂ ਪਰ ਉਪਕਾਰੀ"

(ਆਸਾ ਮ: ੧)

# ਸਦਾ ਹਰਿਆਵਲ ਬੂਟਾ

# ਵਿਦਿਆ

ਦੁਨੀਆਂ ਵਿਚ ਇਕ ਵਿਦਿਆ ਦਾ ਹੀ "ਸੰਜੀਵਨੀ" ਬੂਟਾ ਹੈ ਜੋ ਸਦਾ ਬਹਾਰੀ ਗੂੜੀ ਛਾਉਂ ਤੇ ਗਿਆਨ ਰੂਪੀ ਸੁੱਚੇ ਮੋਤੀਆਂ ਦਾ ਝਾੜ ਦਿੰਦਾ ਹੈ। ਨਾਲੇ ਚੰਦਰ ਮਣੀ ਦੀ ਤਰ੍ਹਾਂ ਸ਼ਾਂਤ ਬਹਿਰ ਦਾ ਹਰਿਆਵਲਾ ਪ੍ਰਕਾਸ਼ (ਚਮਤਕਾਰ) ਦੇ ਕੇ ਜੀਵਨ ਨੂੰ ਤਰੇ ਹੋਏ ਖੇੜੇ ਵਿਚ ਰਖਦਾ ਹੈ। ਇਹੋ ਹੀ ਇੱਕ ਬੁੱਧ ਦਾਤੀ ਦੇਵੀ ਦਾ ਦੂਰਬੀਨੀ ਆਲਾ ਹੈ, ਜੋ ਕਿ ਅਨੇਕ ਹੀ ਔਝੜਾਂ, ਕੁਮਾਰਗਾਂ, ਭਰਮ ਭੁਲੇਖਿਆਂ ਅਤੇ ਕੁਸੰਗਤ ਤੋਂ ਬਚਾ ਕੇ ਲੋਕ ਪ੍ਰਲੋਕ ਤੇ ਕੁਦਰਤ ਦੇ ਅਣਡਿਠੇ ਤੇ ਗੁਝੜੇ ਰਾਹ ਦਰਸਾਊਂਦਾ ਹੈ।

ਜਿਸ ਨੇ ਵਿਦਿਆ ਦੇ ਬਹੁ-ਰੰਗੇ ਸੂਰਜ ਦੀਆਂ ਚਮਕੀਲੀਆਂ ਕਿਰਨਾਂ ਦੀ ਮਾਲਾ ਪਰੋ ਕੇ ਆਪਣੇ (ਭਾਵ ਵਾਰੀ) ਦਿਲ ਤੇ ਸੰਭਾਲ ਰਖੀ ਹੈ, ਉਹ ਕੁਲ ਦੁਨੀਆਂ ਦੇ ਰਾਜ ਦਰਬਾਰ ਦਾ ਸਦਾ ਲਈ ਮਾਨੀਯ ਹੋ ਗਿਆ। ਜਿਸ ਉਤੇ ਇਸ ਅਰਸਾਂ ਦੀ ਵਸਨੀਕ ਸੁੰਦਰਾਂ ਦਾ ਨੂਰੀ ਜਲਵਾ ਪੈ ਗਿਆ, ਉਸ ਨੂੰ ਨੌਂ ਨਿਧਾਂ ਬਾਰਾਂ ਸਿਧਾਂ ਹੀ ਹੱਥ ਲਗ ਗਈਆਂ ਫਿਰ ਉਹ ਜਗਤ ਵਿਚ ਪ੍ਰੇਮ ਖੇਲ ਦਾ ਲਾਇਕ ਅਧਿਆਪਕ ਤੇ ਸੁਖ ਜੀਵਨੀ ਐਸ਼ੂਰਬ ਦਾ ਸੁਦਾਗਰ ਬਣ ਗਿਆ। ਉਸ ਨੂੰ ਨ ਕਿਸੇ ਠੱਗ ਚੋਰ ਦਾ ਭੈ ਅਤੇ ਨਾ ਕੋਈ ਵੰਡ ਵੰਡਾਈ ਅਤੇ ਜਾਨ ਦਾ ਭਉ ਹੀ ਰਿਹਾ। ਇਹ ਸਰਬ ਗੁਣ ਭਰੀ ਵਿਦਿਆ ਦੀ ਦਾਤ, ਜਿਹੜੀ ਕਿ ਬੜੀਆਂ ਹੀ ਮੁਸ਼ਕਲਾਂ ਤੇ ਕਠਿਨ ਘਾਲਾਂ ਘਾਲਣ ਨਾਲ ਪ੍ਰਾਪਤ ਹੁੰਦੀ ਹੈ। ਉਸਦੀ ਥਾਂ ਪਰ ਥਾਂ, ਮਹਿਕ ਫੈਲਾਉਣ ਲਈ ਕਈ ਪਰਉਪਕਾਰੀ ਜੀਵਨ, ਮੁਕਤ ਗੁਰਮਖਾਂ ਨੇ ਅਨੇਕਾਂ ਔਕੜਾਂ ਤੇ ਕਠਨਾਈਆਂ ਦਾ ਸਾਂਹਮਣਾ ਕਰਦਿਆਂ ਹੋਇਆਂ, ਅਵਿਦਆ ਦੀ ਪਤਝੜ ਨਾਲ ਸੁਕੇ ਹੋਏ ਮਨਾਂ ਨੂੰ 'ਵਿਦਿਆ ਦੀ ਬਸੰਤ' ਦੁਆਰਾ ਖੇੜਾ ਲਿਆਉਣ ਖਾਤਰ, ਮਾਲਵੇ ਦੀ ਪਾਵਨ ਧਰਤੀ ਤੇ ਸ਼ਹਿਰਾਂ ਤੇ ਪਿੰਡਾਂ ਵਿਚ, ਖ਼ਾਲਸਾ ਜੀ ਦੇ ਸੈਂਕੜੇ ਪ੍ਰਾਇਮਰੀ, ਮਿਡਲ, ਹਾਈ ਸਕੂਲ ਅਤੇ ਕਾਲਜ, ਭੁਝੰਗੀਆਂ ਤੇ ਭੁਝੰਗਣਾਂ ਲਈ ਜਾਰੀ ਕੀਤੇ, ਜੋ ਆਪਣੇ ਜੋਬਨ ਵਿਚ ਪਰਫੁਲਤੀ ਹੋਏ ਹੋਏ ਆਪਣੀ ਸੁਗੰਧੀ ਨਾਲ ਸਾਰੇ ਦੇਸ਼ ਨੂੰ ਮਹਿਕਾ ਰਹੇ ਹਨ।

ਇਨ੍ਹਾਂ ਵਿਦਿਅਕ ਸੋਮਿਆਂ ਨੂੰ ਜਾਰੀ ਕਰਨ ਤੇ ਕਰਾਉਣ ਵਾਲੇ ਮਹਾਂ ਦਾਨੀਆਂ ਤੇ ਕੁਰਬਾਨੀ ਦੇ ਪੁੰਜ, ਵਿਦਿਅਕ ਸੇਵਕਾਂ ਦੇ ਸੰਖੇਪ ਜੀਵਨ ਅਗੇ ਦਿਤੇ ਜਾਂਦੇ ਹਨ।

ਦਾਸ:—ਵਿਸਾਖਾ ਸਿੰਘ ਸੰਤ ਸਿਪਾਹੀ,

Digitized by Panjab Digital Library | www.panjabdigilib.org

ਕਲਗੀਧਰ ਦੇ ਲਾਡਲੇ ਮਾਲਵੇ ਦੇ ਸਪੂਤ
ਅਵਿਦਿਆ ਸੰਗਲ ਕਟਣ ਨੂੰ ਖੂਬ ਕਰਾਇਆ ਸ਼ੂਟ ।



ਨਿਹੰਗ ਸ਼ਮਸ਼ੇਰ ਸਿੰਘ ਜੀ, ਸਧਾਰ

Digitized by Panjab Digital Library | www.panjabdigilib.org

ਗੁਰਮਤਿ ਖੋਜੀ ਅਤੇ ਵਿਦਿਆ ਦਾਨੀ



Digital Library | ww

ਨਾਮ ਅਭਿਆਸੀ ਸ੍ਰੀ ੧੦੮ ਸੰਤ ਨਿਰੰਜਨ ਸਿੰਘ ਜੀ ਮੋਹੀ ਸਭਾ ੧੦੯੭

ਵਿਦਿਆ ਦਾਨੀ

# ਸ੍ਰੀ ਮਾਨ ਸੰਤ ਅਤਰ ਸਿੰਘ ਜੀ ਮਸਤੂਅਣਾ

ਆਪ ਜੀ ਦਾ ਜਨਮ ਬਾਬਾ ਕਰਮ ਸਿੰਘ ਜੀ ਦੇ ਘਰ ਮਾਤਾ ਭੋਲੀ ਜੀ ਦੀ ਸੁਭਾਗੀ ਕੁਖੋਂ ਪਿੰਡ ਚੀਮੇ, ਰਿ: ਪਟਿਆਲਾ ਵਿਖੇ ਹੋਇਆ ।

ਜਿਥੇ ਆਪ ਜੀ ਅਠੋ ਪਹਿਰ ਨਾਮਬਾਣੀ ਦੇ ਅਭਿਆਸ ਵਿਚ ਲੀਨ ਰਹਿੰਦੇ ਸਨ ਉਥੇ ਸਿੱਖ ਕੌਮ ਵਿਚ ਵਿਦਿਆ ਦੀ ਥੁੜ ਨੂੰ ਅਨਭਵ ਕਰਕੇ ਖੂਬ ਪ੍ਰਚਾਰ ਹੀ ਨਹੀਂ ਕੀਤਾ ਸਗੋਂ ਅਮਲ ਵਿਚ ਲਿਆਉਂਦੇ ਸਨ; ਜੈਸੇ ਅਕਾਲ ਕਾਲਜ ਮਸਤੂਆਣਾ, ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲ ਆਦਿ ਹੋਰ ਬੇਅੰਤ ਹਾਈ ਸਕੂਲ ਜਾਰੀ ਕਰਕੇ ਅਵਿਦਿਆ ਨੂੰ ਦੂਰ ਕੀਤਾ ।

(ਆਪ ਜੀ ਦਾ ਪੂਰਾ ਜੀਵਨ ਸੰਤ ਕਾਂਡ ਵਿਚ ਪੜ੍ਹੋ)

# ਸੰਤ ਨਰਿੰਜਨ ਸਿੰਘ ਜੀ ਮੋਹੀ

ਜਨਮ—ਆਪ ਦਾ ਜਨਮ ਸ: ਉੱਤਮ ਸਿੰਘ ਦੇ ਘਰ ਮਾਤਾ ਧਰਮ ਕੌਰ ਦੇ ਉਦਰ ਤੋਂ ਪਿੰਡ ਮੋਹੀ ਜ਼ਿਲਾ ਲੁਧਿਆਣਾ ਵਿਚ ਸੰਨ ੧੮੯੫ ਈ: ਵਿਚ ਹੋਇਆ ।

ਬਾਲਪਣ—ਆਪਦੀ ਮੁਢਲੀ ਉਮਰ ਪਿੰਡ ਵਿਚ ਹੀ ਲੰਘੀ ।

ਵਿਦਿਆ—ਆਪ ਗੁਰਮੁਖੀ ਵਿਦਿਆ ਪੜ੍ਹੇ ਹੋਏ ਹਨ ।

ਸ਼ਾਦੀ—ਆਪਦੀ ਸ਼ਾਦੀ ਸ੍ਰੀਮਤੀ ਮਾਨ ਕੌਰ ਨਾਲ ਪਿੰਡ ਭੋਡੀ ਪੁਰ ਹੋਈ ।

ਸੰਤਾਨ—ਆਪਦੇ ਇਕ ਲੜਕਾ ਡਾ: ਧੰਨਾ ਸਿੰਘ ਹੈ ।

ਨੌਕਰੀ—ਆਪ ਘਰੋਗੀ ਕਾਰ ਵਿਹਾਰ ਤੋਂ ਉਪਰਾਮ ਹੋਕੇ ਰੁੜਕੀ ਸਫਰ ਮੈਨਾਂ ਵਿਚ ਜਾ ਭਰਤੀ ਹੋਏ ਤੇ੧੯੧੪ ਨੂੰ ਲੜਾਈ ਵਿਚ ਚਲੇ ਗਏ । ਉਪਰੰਤ ਨਾਮ ਕਟਾਕੇ ਸ੍ਰੀਮਾਨ ਸੰਤ ਅਤਰ ਸਿੰਘ ਜੀ ਪਾਸ ਆਕੇ ੧ ਸਾਲ ਨਾਮ ਅਭਿਆਸ ਕੀਤਾ । ਕੌਮੀ ਸੇਵਾ ਤੇ ਨਾਮ ਅਭਿਆਸ ਤੋਂ ਉਪ੍ਰੰਤ ਆਪ ਫਿਰ ਰੁੜਕੀ ਚਲੇ ਗਏ ਪਰ ਆਪ ਨੂੰ ਸ੍ਰੀ ਮਾਨ ਸੰਤ ਮਘਰ ਸਿੰਘ ਨੇ ਪਿੰਡ ਰਾਮ ਗੜ ਸਦ ਲਿਆ । ਏਥੋਂ ਆਪ ਫਿਰ ਸੰਤ ਅਤਰ ਸਿੰਘ ਜੀ ਪਾਸ ਚਲੇ ਗਏ । ਓਥੇ ਲੰਗਰ ਦੀ ਸੇਵਾ ਕਰਦੇ ਰਹੇ ਅਤੇ ਮਿੰਟਗੁਮਰੀ ਲੰਗਰ ਦੀ ਸੇਵਾ ਲਈ ਉਗ੍ਰਾਹੀ ਨੂੰ ਗਏ ।

ਵਿਦਿਅਕ ਸੇਵਾ—ਆਪ ਨੇ ਮਿੰਟਗੁਮਰੀ ਵਿਚ ਇਕ ਗੁਰਦੁਆਰਾ ਅਤੇ ਇਕ ਬਾਬਾ ਅਜੀਤ ਸਿੰਘ ਹਾਈ ਸਕੂਲ ਬਣਾਇਆ । ਪੂਰੇ ਵੀਹ ਸਾਲ ਉਸ ਸਕੂਲ ਦੀ ਸੇਵਾ ਕੀਤੀ । ਪਾਕਿਸਤਾਨ ਬਨਣ ਪਿਛੋਂ ਪਿੰਡ ਮੋਹੀ ਆਕੇ ਉਸੇ ਨਾਮ ਤੇ ਬਾਬਾ ਅਜੀਤ ਸਿੰਘ ਹਾਈ ਸਕੂਲ ਮੋਹੀ ਜਾਰੀ ਕੀਤਾ । ਲੜਕੀਆਂ ਦਾ ਸਕੂਲ ਖੋਲਿਆ, ਇਕ ਹਾਈ ਸਕੂਲ ਨਗਰ ਜਾਂਗਪੁਰ ਵਿਖੇ ਖੋਲਿਆ । ਆਪ ਨੇ ਰਾਏ ਕੋਟ ਟਾਹਲੀਆਣਾ ਸਾਹਿਬ ਆਦਿ ਥਾਮੀ ਪੰਜ ਖਾਲਸਾ ਹਾਈ ਸਕੂਲ ਜਾਰੀ ਕੀਤੇ ।

ਸੁਭਾ—ਆਪ ਦਾ ਸੁਭਾ ਸ਼ਾਇਦ ਫੌਜ਼ ਵਿਚ ਰਹਿਣ ਕਰਕੇ ਕੁਝ ਫੌਜੀਆਂ ਵਾਲਾ ਹੈ । ਆਪ ਤਾਲੀਮ ਦੇ ਬੜੇ ਪੱਕੇ ਹਨ । ਆਪ ਇਕ ਗ੍ਰਿਸਤੀ ਸੰਤ ਹਨ ਪਰ ਬਿਰਤੀ ਇਕਾਂਤ ਵਿਚ ਰਹਿਕੇ ਖੁਸ਼ ਹਨ । ਆਪ ਹੁਣ ਮੋਹੀ ਨਿਵਾਸ ਰਖਦੇ ਹਨ ।'

Digitized by Panjab Digital Library | www.panjabdigilib.org

### ਵਿਦਿਆ ਦਾਤੇ

## ਭਾਈ ਸਾਹਿਬ ਭਾਈ ਨਰਾਇਣ ਸਿੰਘ ਜੀ ਸਿੱਧਵਾਂ ਖੁਰਦ

ਭਾਈ ਸਾਹਿਬ ਭਾਈ ਨਰਾਇਣ ਸਿੰਘ ਜੀ ਸਿੱਧਵਾਂ ਖੁਰਦ (ਜ਼ਿਲਾ ਲੁਧਿਆਣਾ) ਦੇ ਨਾਮ ਤੋਂ ਸਭ ਵਿਦਿਆ ਹਿਤਾਇਸ਼ੀ ਅਤੇ ਸਾਰਾ ਪੰਜਾਬ ਚੰਗੀ ਤਰ੍ਹਾਂ ਜਾਣੂ ਹੈ। ਆਪ ਦਾ ਜਨਮ ੧੮੬੫ ਈਸਵੀ ਨੂੰ ਸਿਧਵਾਂ ਖੁਰਦ ਵਿਖੇ ਸ: ਵੀਰ ਸਿੰਘ ਜੀ ਦੇ ਘਰ ਹੋਇਆ। ਆਪ ਆਪਣੇ ਪਿਤਾ ਦੇ ਇਕਲੌਤੇ ਸਪੁਤ੍ਰ ਸਨ। ਮੁਢਲੀ ਜ਼ਿੰਦਗੀ ਤੋਂ ਹੀ ਆਪ ਨੂੰ ਕੁਝ ਹਿਕਮਤ ਦਾ ਗੌਰ ਹੋ ਗਿਆ ਤੇ ਹੌਲੀ ਹੌਲੀ ਆਪ ਇਲਾਕੇ 'ਚ ਇਕ ਪ੍ਰਸਿਧ ਹਕੀਮ ਹੋ ਗਏ। ੧੯੦੮ਈ: ਵਿਚ ਆਪਦਾ ਪੁਤ੍ਰ ਉਜਾਗਰ ਸਿੰਘ ਟੋਬੇ ਵਿਚ ਡੁੱਬਕੇ ਸਦਾ ਲਈ ਆਪਣੇ ਮਾਤਾ ਪਿਤਾ ਨੂੰ ਵਿਛੋੜਾ ਦੇ ਗਿਆ। ਆਮ ਤੌਰ ਤੇ ਅਜੇਹੇ ਵਿਛੋੜੇ ਮਾਪਿਆਂ ਨੂੰ ਬਾਕੀ ਜ਼ਿੰਦਗੀ ਗੁਜ਼ਾਰਨੀ ਬੜੀ ਭਿਆਨਕ ਬਣਾ ਦਿੰਦੇ ਹਨ, ਪਰ ਪ੍ਰਤੀਤ ਇਹ ਹੁੰਦਾ ਹੈ ਕਿ ਕਾਕਾ ਉਜਾਗਰ ਸਿੰਘ ਦੀ ਉਚ ਆਤਮਾ ਨੇ ਵਿਛੋੜੇ ਦੀ ਸ਼ਕਲ ਵਿਚ ਆਪਣੇ ਮਾਪਿਆਂ ਨੂੰ ਦੇਸ਼ ਸੇਵਾ ਕਰਨ ਲਈ ਉਹ ਲਗਨ ਲਾਈ ਕਿ ਜਿਸਦੀ ਮਿਸਾਲ ਮਿਲਣੀ ਕਠਨ ਹੈ। ਭਾਈ ਨਰਾਇਣ ਸਿੰਘ ਨੂੰ ਇਸ ਵਿਛੋੜੇ ਤੋਂ ਬਾਦ ਉਜਾਗਰ ਸਿੰਘ ਦੀ ਛੋਟੀ ਭੈਣ ਬੀਬੀ ਹਰਕੌਰ (ਜੋ ਬਾਦ ਵਿਚ ਅੰਮ੍ਰਿਤ ਛਕ ਕੇ ਬੀਬੀ ਹਰ [illegible]ਕਾਸ਼ ਕੌਰ ਜੀ ਦੇ ਨਾਮ ਨਾਲ ਪ੍ਰਸਿੱਧ ਹੋਏ) ਨੂੰ ਪੜ੍ਹਾਉਣ ਦੇ ਖਿਆਲ ਨਾਲ ਆਪਣੇ ਸਾਥੀ [illegible]ਦ ਸਿੰਘ, ਸ: ਇੰਦਰ ਸਿੰਘ, ਮਿਤ ਸਿੰਘ ਆਦਿਕ ਸਜਣਾਂ ਨੂੰ ਪ੍ਰੇਰ ਕੇ ਇਹ ਉਦਮ ਕੀਤਾ ਕਿ [illegible] ਨਗਰ ਵਿਚ ਕੰਨਯਾ ਪਾਠਸ਼ਾਲਾ ਬਣਾਈ ਜਾਵੇ, ਜਿਸਦੀ ਕਿ ਉਹ ਵਧ ਤੋਂ ਵਧ ਸਹਾਇਤਾ ਕਰਨਗੇ। ਇਸ ਤਰ੍ਹਾਂ ੨੫ ਮਈ ੧੯੦੯ ਈ: ਨੂੰ ਸਿਧਵਾਂ ਖੁਰਦ ਵਿਚ ਭਾਈ ਸਾਹਿਬ ਨਰਾਇਣ ਸਿੰਘ ਦੇ ਗ੍ਰਹਿ ਵਿਖੇ ਸਿੱਖ ਕੰਨਯਾ ਪਾਠਸ਼ਾਲਾ ਜਾਰੀ ਕੀਤੀ ਗਈ। ਜਿਸਦਾ ਨਾਮ ਆਪ ਜੀ ਦੇ ਸਪੁਤ੍ਰ ਦੀ ਯਾਦਗਰ ਵਿਚ ਅਤੇ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੇ ੧੬੬੯ ਬਿਕਰਮੀ ਵਿਚ ਸਿਧਵਾਂ ਵਿਖੇ ਪਧਾਰ ਕੇ ਨਗਰ ਨਿਵਾਸੀਆਂ ਨੂੰ ਬੇਅੰਤ ਰਹਿਮਤਾਂ ਬਖਸ਼ਣ ਦੀ ਯਾਦ ਵਿਚ "ਸ੍ਰੀ ਗੁਰੂ ਹਰਿ ਗੋਬਿੰਦ ਉਜਾਗਰ ਸਿੱਖ ਕੰਨਯਾ ਪਾਠਸ਼ਾਲਾ ਸਿਧਵਾਂ ਛੋਟੋ" ਰੱਖਿਆ ਗਿਆ। ਇਸ ਪਾਠਸ਼ਾਲਾ ਦੇ ਚਲਾਉਣ ਵਿਚ ਆਪ ਤੇ ਆਪ ਦੀ ਧਰਮ ਪਤਨੀ ਬੇਬੇ ਰਾਮ ਕੌਰ ਜੀ ਨੇ ਆਪਣੇ ਤਨ ਮਨ ਅਤੇ ਧਨ ਕਰਕੇ ਨਿਸ਼ਕਾਮਤਾ ਨਾਲ ਉਹ ਲਾਸਾਨੀ ਸੇਵਾ ਕੀਤੀ ਜਿਸਦੀ ਮਹਿਮਾ ਅਤਕਥਨੀਯ ਹੈ। ਇਹ ਪਾਠਸ਼ਾਲਾ ੧੯੧੨ ਈ: ਵਿਚ ਪਰਾਇਮਰੀ ਅਤੇ ੧੯੧੬ ਈ: ਵਿਚ ਮਿਡਲ, ੧੯੨੧ ਈ: ਵਿਚ ਅੰਗਰੇਜ਼ੀ ਮਿਡਲ ਤੇ ੧੯੩੫ ਈ: ਵਿਚ ਹਾਈ ਸਕੂਲ ਬਣ ਗਈ। ਇਸ ਦੌਰਾਨ ਵਿਚ ਭਾਈ ਸਾਹਿਬ ਨੇ ਇਸਦੀ ਇਮਾਰਤ ਬਹੁਤ ਕੁਝ ਆਪਣੀ ਗਿਰਾਹ ਤੋਂ ਬਣਾਈ। ੧੯੩੪ ਈ: ਵਿਚ ਆਪ ਨੇ ਆਪਣੀ ਹਰ ਕਿਸਮ ਦੀ ਕੁਲ ਜਾਇਦਾਦ ਇਕ ਟਰਸਟ "ਸ੍ਰੀ ਗੁਰੂ ਹਰਿ ਗੋਬਿੰਦ ਉਜਾਗਰ ਹਰੀ ਟਰਸਟ ਸਿਧਵਾਂ ਖੁਰਦ" ਬਣਾਕੇ ਉਸਦੇ ਹਵਾਲੇ ਕਰ ਦਿੱਤੀ। ਅਤੇ ਇਸ ਟਰਸਟ ਦੇ ਜ਼ਿੰਮੇ ਇਸਤ੍ਰੀ ਵਿਦਿਆ ਸੰਬੰਧੀ ਇਸ ਆਸ਼ਰਮ ਤੋਂ ਇਲਾਵਾ ਇਸਤ੍ਰੀ ਹਸਪਤਾਲ ਨੂੰ ਜਾਰੀ ਰਖਣ ਦੀ ਜ਼ਿਮੇਵਾਰੀ ਲਾਈ, ਜੋ ਕਿ ਆਪਨੇ ਹੀ ਚਾਲੂ ਕੀਤਾ ਸੀ। ਉਪਰੋਕਤ ਟਰਸਟ ਬਣਾਉਣ ਸਮੇਂ ਆਪਨੇ ਇਕ ਆਪਣੀ ਵਸੀਅਤ ਵੀ ਕੀਤੀ ਕਿ ਜੇ ਹੁਣ ਤੋਂ ਬਾਦ ਕਿਸੇ ਕਿਸਮ ਦੀ ਹੋਰ ਮੇਰੀ ਜਾਇਦਾਦ ਬਣ ਜਾਵੇ ਉਹ ਵੀ ਇਸੇ ਟਰਸਟ ਦੇ ਹਵਾਲੇ ਕੀਤੀ ਜਾਵੇ। ਇਸ ਤਰ੍ਹਾਂ ਭਾਈ ਸਾਹਿਬ ਨੇ ਆਪਣੀ ਹਰ ਕਿਸਮ ਦੀ ਲਾਸਾਨੀ ਕੁਰਬਾਨੀ ਕਰਕੇ ਇਸਤ੍ਰੀ ਜਾਤੀ ਦੇ ਉਧਾਰ ਲਈ ਇਸ ਆਸ਼ਰਮ ਦੀਆਂ ਨੀਹਾਂ ਪੱਕਿਆਂ ਪੈਰਾਂ ਤੇ ਕਰ ਦਿਤੀਆਂ ਜੋ ਅਜ

Digitized by Panjab Digital Library | www.panjabdigilib.org

## ਸ੍ਰੀਮਾਨ ਭਾਈ ਸਾਹਿਬ ਨਰੈਣ ਸਿੰਘ ਜੀ ਸਿਧਵਾਂ ਖੁਰਦ



ਇਸਤ੍ਰੀ ਜਾਤੀ ਨੂੰ ਉਚਤਾ ਦੇਣ ਵਾਲੇ, ਜਿਨ੍ਹਾਂ ਨੇ ਅਪਣੀ ਸਾਰੀ ਜਾਇਦਾਦ ਇਕ ਵਿਦਿਯਕ ਟਰਸਟ ਦੇ ਨਾਉਂ ਕਰ ਦਿਤੀ।

( ਸਫਾ ੧੦੯੮ )

Digitized by Panjab Digital Library | www.panjabdigilib.org

## ਬੀਬੀ ਹਰਿਪ੍ਰਕਾਸ਼ ਕੌਰ ਜੀ

(ਮੈਨੇਜਰ ਖਾਲਸਾ ਕਾਲਜ ਫਾਰ ਵੁਮਿਨ ਸਿਧਵਾਂ ਖੁਰਦ)



ਪਰਾਇਮਰੀ ਤੋਂ ਕਾਲਜ ਬਣਾਕੇ ਇਸਤ੍ਰੀ ਜਾਤੀ ਨੂੰ ਉੱਚਤਾ ਦੇਣ ਵਾਲੀ ਅਤੇ ਦੇਸ਼ ਦੇ ਕੋਨੇ ਕੋਨੇ ਵਿਚ ਵਿਦਿਆ ਦੀ ਰੌਸ਼ਨੀ ਫੈਲਾਉਣ ਵਾਲੀ ਉਪਕਾਰਨ ।

(ਪੂਰੇ ਹਾਲਾਤ ਪੰਨਾ ੧੧੧੨)

* * *



ਜਿਨ੍ਹਾਂ ਨੇ ਆਪਣੇ ਪ੍ਰਵਾਰ ਦੀ ਸਾਰੀ ਜਾਇਦਾਦ ਇਸਤ੍ਰੀ ਜਾਤੀ ਦੇ ਲਾਭ ਹਿਤ ਵਿਦਿਅਕ ਟਰਸਟ ਦੇ ਹਵਾਲੇ ਕੀਤੀ । [ਸਫਾ ੧੦੯੯]

Digitized by Panjab Digital Library | www.panjabdigilib.org

ਇਸਤ੍ਰੀਆਂ ਦਾ ਡਿਗਰੀ ਤੇ ਬੀ. ਏ. ਬੀ. ਟੀ. ਕਾਲਜ ਤੇ ਸੀਨੀਅਰ ਬੇਸਿਕ ਟਰੇਨਿੰਗ ਕਾਲਜ ਦੇ ਦਰਜੇ ਤੱਕ ਪੁੱਜ ਢੁੱਕਾ ਹੈ। ਆਪਦੀ ਕੁਰਬਾਨੀ ਦੀ ਲਗਨ ਦੇ ਸਦਕੇ ਆਪਦੀ ਧਰਮ ਪਤਨੀ ਬੇਬੇ ਰਾਮ ਕੌਰ ਤੇ ਸਪੁਤ੍ਰੀ ਬੀਬੀ ਹਰ ਪ੍ਰਕਾਸ਼ ਕੌਰ ਨੇ ਆਪਣੀ ਵਲੋਂ ਵੀ ਸਭ ਕੁਝ ਕੁਰਬਾਨ ਕਰ ਦਿੱਤਾ ਅਤੇ ਅਜ ਇਹ ਆਸਰਮ ਭਾਰਤ ਭਰ ਦੇ ਪਿੰਡੂ ਹਲਕੇ ਵਿਚੋਂ ਇਕੋ ਇਕ ਇਸਤ੍ਰੀ ਵਿਦਿਆ ਦਾ ਨਾਮ ਵਰ ਕੇਂਦਰ ਹੈ ਜੋ ਕਿ ਇਕ ਦਿਨ ਸਥਾਨਕ ਇਸਤ੍ਰੀ ਵਿਦਿਆ ਯੂਨੀਵਰਸਟੀ ਦੀ ਸ਼ਕਲ ਧਾਰਨ ਕਰਨ ਦੀ ਸੁਭਾਵਨਾ ਰੱਖਦਾ ਹੈ।

ਆਪ ਜੀ ਦੀ ਪ੍ਰੇਰਨਾ ਨਾਲ ਬੇਅੰਤ ਸਜਨਾ ਨੇ ਆਪਦਾ ਹੱਥ ਵਟਾਇਆ। ਉਨ੍ਹਾਂ ਵਿਚੋਂ ਸ: ਮਹਿੰਦਰ ਸਿੰਘ ਸਿਧਵਾ ਦਾ ਖਾਸਾ ਹਿੱਸਾ ਹੈ ਜੋ ਕਿ ਕਾਕਾ ਉਜਾਗਰ ਸਿੰਘ ਦੇ ਬਚਪਨ ਦੇ ਪ੍ਰੇਮੀ ਸਾਥੀ ਹਨ ਅਤੇ ਬਚਪਨ ਤੋਂ ਹੀ ਭਾਈ ਸਾਹਿਬ ਦੀ ਆਗਿਆ ਵਿਚ ਉਨ੍ਹਾਂ ਦਾ ਹੱਥ ਵਟਾਉਣ ਵਿਚ ਤਤਪਰ ਰਹੇ ਹਨ। ੧੯੫੫ ਈ: ਵਿਚ ਆਪਣੇ ਚਲਾਣੇ ਤੋਂ ਚਾਰ ਪੰਜ ਦਿਨ ਪਹਿਲਾ ਉਨ੍ਹਾਂ ਆਪਣੇ ਥਾਂ ਸ: ਮਹਿੰਦਰ ਸਿੰਘ ਸਿਧਵਾਂ, ਭਾਈ ਗੁਲਜ਼ਾਰ ਸਿੰਘ ਜੀ ਸਿਧਵਾਂ ਕਲਾਂ ਤੇ ਰਸਾਲਦਾਰ ਸ: ਪ੍ਰਤਾਪ ਸਿੰਘ ਸਿਧਵਾ ਖੁਰਦ ਟਰਸਟੀ ਨੀਯਤ ਕਰਕੇ, ਇਹ ਆਪਣੀ ਆਖ਼ਰੀ ਖ਼ੁਹਾਇਸ਼ ਜ਼ਾਹਰ ਕੀਤੀ ਕਿ ਬੱਸ ਹੁਣ ਮੇਰੀ ਇਹੋ ਅਰਦਾਸ ਹੈ, ਕਿ ਇਹ ਆਸ਼ਰਮ ਦਰ ਤਰ੍ਹਾਂ ਵਧੇ ਫੂਲੇ ਤੇ ਆਪ ੨੧ ਅਗਸਤ ੧੯੫੫ ਈ: ਨੂੰ ਸੱਚ ਖੰਡ ਪਧਾਰ ਗਏ। ਆਪਦੀ ਇਸ ਆਖਰੀ ਇਛਿਆ ਦੇ ਸਦਕੇ ਆਪਦੀ ਸਪੁਤ੍ਰੀ ਬੀਬੀ ਹਰ ਪ੍ਰਕਾਸ਼ ਕੌਰ ਨੇ ਜੋ ਕਿ ਉਪਰੋਕਤ ਟਰਸਟ ਦੀ ਅਜਕਲ ਪ੍ਰਧਾਨ ਹੈ ਇਹ ਆਸ਼ਰਮ ੧੯੫੦ ਈ: 'ਚ ਲੜਕੀਆਂ ਦਾ ਡਿਗਰੀ ਕਾਲਜ ਬਣਾ ਲਿਆ ਅਤੇ ਦੋ ਤਿੰਨ ਸਾਲਾ ਵਿਚ ਹੀ ਬੀ.ਟੀ. ਤੇ ਬੇਸਿਕ ਕਾਲਜ ਹੋ ਗਿਆ। ਇਥੋਂ ਹਜ਼ਾਰਾਂ ਬੀਬੀਆਂ ਵਿਦਿਆ ਪ੍ਰਾਪਤ ਕਰ ਚੁਕੀਆ ਹਨ ਅਤੇ ਅਜ ਕਲ ਇਥੇ ਇਕ ਹਜ਼ਾਰ ਬੀਬੀਆਂ ਦੇ ਲਗਭਗ ਮੁਢਲੀ ਜ਼ਮਾਤ ਤੋਂ ਲੈਕੇ ਕਾਲਜ ਤੱਕ ਵਿਦਿਆ ਪ੍ਰਾਪਤ ਕਰ ਰਹੀਆਂ ਹਨ ਜਿਨ੍ਹਾਂ ਵਿਚੋਂ ਛੇ ਸੌ ਤੋਂ ਉਪਰ ਬੋਰਡਰਜ਼ ਹਨ। ਸਿਧਵਾਂ ਖਰਦ ਸਿੱਧੂ ਗੋਤ ਦੇ ਜ਼ਿਮੀਂਦਾਰ ਸਿੱਖਾ ਦਾ ਛੋਟਾ ਜਿਹਾ ਨਗਰ ਹੈ ਜਿਸ ਦੀ ਅਬਾਦੀ ਕਾਲਜ ਦੀਆਂ ਵਿਦਿਆਰਥਣਾਂ ਨਾਲੋਂ ਵੀ ਘਟ ਹੈ ਤੇ ਨਗਰ ਨਿਵਾਸੀ ਇਸ ਆਸ਼ਰਮ ਵਿਚ ਯਥਾ ਸ਼ਕਤ ਸਹਿਯੋਗ ਦੇ ਵਿਚ ਤਤਪਰ ਹਨ। ਇਸ ਆਸ਼ਰਮ ਵਿਚ ਪੰਜਾਬ ਭਰ ਦੇ ਕੁਲ ਜ਼ਿਲਿਆਂ ਦੀਆਂ ਲੜਕੀਆਂ ਵਿਦਿਆ ਹਾਸਲ ਕਰ ਰਹੀਆਂ ਹਨ ਅਤੇ ਇਸ ਤਰ੍ਹਾਂ ਇਹ ੧੯੦੯ ਈ: ਵਿਚ ਭਾਈ ਸਾਹਿਬ ਭਾਈ ਨਰਾਇਣ ਸਿੰਘ ਜੀ ਦਾ ਲਾਇਆ ਬੂਟਾ ਉਨ੍ਹਾਂ ਤੇ ਉਨ੍ਹਾਂ ਦੇ ਪ੍ਰਵਾਰ ਦੇ ਲਾ ਅਨੁਸਾਰ ਕੁਰਬਾਨੀ ਦੇ ਸਦਕੇ ਇਕ ਦੇਸ਼ ਪ੍ਰਸਿਧ ਇਸਤ੍ਰੀ ਵਿਦਿਅਕ ਆਸ਼ਰਮ ਹੈ। ਅਤੇ ਉਜਾਗਰ ਸਿੰਘ ਦੀ ਯਾਦ ਵਿਚ ਜਗਤ ਵਿਚ ਉਜਾਗਰ ਹੋ ਰਿਹਾ ਹੈ। ਇਸ ਉਪਕਾਰ ਦਾ ਸਦਕਾ ਛੋਟੇ ਪਿੰਡ ਨੂੰ ਬੜੇ ਪਿੰਡਾਂ ਤੇ ਸ਼ਹਿਰ ਵਾਲੇ ਬੜੇ ਫਖਰ ਨਾਲ ਦੇਖਣ ਅੰਦੇ ਹਨ।

## ਭਾਈ ਤਖਤ ਸਿੰਘ ਜੀ ਫੀਰੋਜ਼ਪੁਰ

ਪਉਪਕਾਰੀ ਭਾਈ ਤਖਤ ਸਿੰਘ ਜੀ ਦਾ ਪਵਿੱਤਰ ਨਾਮ ਇਸਤ੍ਰੀ ਜਾਤੀ ਦੇ ਇਤਹਾਸ ਵਿਚ ਔਣ ਵਾਲੀ ਨਸਲ ਬੜੇ ਪਿਆਰ ਅਤੇ ਸਤਿਕਾਰ ਨਾਲ ਪੜ੍ਹਿਆ ਕਰੇਗੀ। ਆਪ ਨੇ ਇਸਤ੍ਰੀ ਵਿਦਿਆ ਦੇ ਪ੍ਰਚਾਰ ਲਈ ਫੀਰੋਜ਼ਪੁਰ ਵਿਚ ਸਿੱਖ ਕੰਨਯਾ ਮਹਾਂ ਵਿਦਿਆਲਾ ਜਾਰੀ ਕਰਕੇ ਜੋ ਸੇਵਾ ਕੀਤੀ ਹੈ, ਉਹ ਸਦਾ ਯਾਦ ਰਖਣ ਵਾਲੀ ਹੈ।

ਜਨਮ:–ਆਪ ਦਾ ਜਨਮ ਸਰਦਾਰ ਦੇਵਾ ਸਿੰਘ ਮਿਸਲ ਕਰੋੜੀਆਂ ਦੇ ਘਰ ਪਿੰਡ ਭਰੋਵਾਲ ਛੋਟਾ, ਜ਼ਿਲਾ ਲੁਧਿਆਣਾ ਵਿਖੇ ਹੋਇਆ।

Digitized by Panjab Digital Library | www.panjabdigilib.org

ਬਾਲਪਣ:—ਆਪ ਦੀ ਮੁਢਲੀ ਆਯੂ ਪਿੰਡ ਵਿਚ ਲੰਘੀ, ਆਪ ਮੁਢ ਤੋਂ ਹੀ ਹੁੰਦੜ ਹੇਲ ਪ੍ਰਤੀਤ ਹੁੰਦੇ ਸਨ ।

ਵਿਦਿਆ:—ਆਪ ਨੇ ਬਾਲ ਉਮਰ ਵਿਚ ਗੁਰਮੁਖੀ ਵਿਦਿਆ ਸਿਖੀ, ਓਰੈਂਟੀਅਲ ਕਾਲਜ ਵਿਚ ਵਿਦਵਾਨੀ ਦਾ ਇਮਤਿਹਾਨ ਪਾਸ ਕੀਤਾ । ਆਪ ਗਿਆਨੀ ਦਿਤ ਸਿੰਘ ਜੀ ਦੇ ਗੂੜੇ ਮਿਤਰ ਬਣ ਗਏ, ਤੇ ਆਪ ਜੀ ਨੂੰ ਭਾਈ ਦਿਤ ਸਿੰਘ ਦੀਆਂ ਰਚਿੱਤ ਪੁਸਤਕਾਂ ਪੜ੍ਹਕੇ ਸਿੰਘ ਸਭਾ ਅਤੇ ਸਿਖੀ ਦੀ ਲਾਗ ਲੱਗੀ ।

ਉਪਕਾਰ:—ਆਪ ਦਾ ਮਹਾਨ ਉਪਕਾਰ ਜੋ ਰਹਿੰਦੀ ਦੁਨੀਆਂ ਤੱਕ ਸਦਾ ਰਹੇਗਾ, ਇਸਤ੍ਰੀ ਜਾਤੀ ਨੂੰ ਵਿਦਿਆ ਦਾ ਦਾਨ ਦੇਣ ਲਈ ਸਿਖ ਕੰਨਯਾ ਮਹਾਂ ਵਿਦਿਆਲਾ ਫੀਰੋਜ਼ਪੁਰ ਦਾ ਕਾਇਮ ਕਰਨਾ ਹੈ । ਜਿਸ ਦੀ ਖਾਤਰ ਆਪ ਉਗਾਹੀ ਲਈ ਦੇਸ ਪ੍ਰਦੇਸ ਗਏ ਤੇ ਲਖਾਂ ਰੁਪਈਏ ਉਗਾਹ ਕੇ ਵਿਦਿਆਲੇ ਦੀ ਸ਼ਾਨਦਾਰ ਇਮਾਰਤ ਬਣਾਈ ।

ਜਦ ਵੀ ਖਾਲਸੇ ਦਾ ਕੋਈ ਧਾਰਮਿਕ ਸਮਾਗਮ ਹੁੰਦਾ ਸੀ ਤਾਂ ਭਾਈ ਸਾਹਿਬ ਜੀ ਬੀਬੀਆਂ ਦੇ ਜਥੇ ਨਾਲ ਜਰੂਰ ਸ਼ਾਮਲ ਹੁੰਦੇ ।

ਆਪ ਨੇ ਸਿਖ ਪੰਥ ਵਿਚ ਬੀਬੀਆਂ ਦੇ ਪੜ੍ਹਾਉਣ ਦੀ ਲਗਨ ਪੈਦਾ ਕੀਤੀ । ਆਪ ਸਿੰਘ ਸਭਾ ਲਹਿਰ ਦੇ ਮੋਢੀ ਸਨ । ਆਪ ਨੇ ੧੮੯੦ ਤੋਂ ੧੯੩੫ ਤੱਕ ਪੂਰੇ ੪੮ ਵਰ੍ਹੇ ਵਿਦਿਆ ਪ੍ਰਚਾਰ ਕੀਤਾ ।

ਸ੍ਰੀਮਾਨ ਗਿਆਨੀ ਦਿਤ ਸਿੰਘ ਦੀ ਯਾਦ ਕਾਇਮ ਰੱਖਣ ਲਈ ਗਿਆਨੀ ਦਿਤ ਸਿੰਘ ਲਾਇਬ੍ਰੇਰੀ ਸਿੱਖ ਕੰਨਯਾ ਮਹਾਂ ਵਿਦਿਆਲਾ ਵਿਚ ਕਾਇਮ ਕੀਤੀ । ਜਿਸ ਵਿਚ ਹੁਣ ਸੈਂਕੜੇ ਪੁਸਤਕਾਂ ਹਨ । ਆਪ ਦੀਆਂ ਦੋ ਸ਼ਾਦੀਆਂ ਸਨ, ਪਹਿਲੀ ਸ਼ਾਦੀ ਬੀਬੀ ਹਰਨਾਮ ਕੌਰ ਨਾਲ ਹੋਈ । ਜਿਸ ਦੇ ਉਦਰ ਤੋਂ ਦੋ ਲੜਕੇ ਅਤੇ ਦੋ ਬੀਬੀਆਂ ਨੇ ਜਨਮ ਲਿਆ । ਆਪ ਦੇ ਵਡੇ ਸਪੁਤਰ ਸ: ਗੁਰਬਖਸ਼ ਸਿੰਘ ਜੀ ਉਪ੍ਰੋਕਤ ਵਿਦਿਆਲੇ ਦੇ ਮੈਨੇਜਰ ਹਨ, ਜੋ ਬੜੀ ਯੋਗਤਾ ਨਾਲ ਵਿਦਿਆਲੇ ਨੂੰ ਚਲਾ ਰਹੇ ਹਨ ।

ਦਿਹਾਂਤ:—੧੮ ਦਸੰਬਰ ਸੰਨ ੧੯੩੮ ਨੂੰ ਆਪ ਅਕਾਲ ਚਲਾਣਾ ਕਰ ਗਏ ।

## ਡੀਫੈਂਸ ਮਨਿਸਟਰ ਸ: ਬਲਦੇਵ ਸਿੰਘ ਜੀ

ਆਪ ਜੀ ਦਾ ਜਨਮ ਸ: ਬ: ਇੰਦਰ ਸਿੰਘ ਮਾਲਕ ਟਾਟਾ ਨਗਰ ਕੰਪਨੀ ਦੇ ਘਰ ਜ਼ਿਲਾ ਅੰਬਾਲਾ ਵਿਖੇ ਹੋਇਆ ।

ਆਪ ਜੀ ਨੇ ਜ਼ਿਲਾ ਅੰਬਾਲਾ ਵਿਚ ਹਾਈ ਸਕੂਲਾਂ ਦਾ ਜਾਲ ਵਿਛਾ ਦਿਤਾ ਹੈ । ਜੋ ਮਾਇਕ ਘਾਟ ਹਾਈ ਸਕੂਲਾਂ ਦੀ ਹੁੰਦੀ ਹੈ ਉਹ ਆਪ ਜੀ ਦੇ ਪਿਤਾ ਸ: ਬ: ਇੰਦਰ ਸਿੰਘ ਜੀ ਪੂਰੀ ਕਰ ਦਿੰਦੇ ਹਨ । ਨੈਸ਼ਨਲ ਕਾਲਜ ਲਾਹੌਰ ਨੂੰ ਡੇਢ ਲੱਖ ਸਹੈਤਾ ਦੇ ਕੇ ਪੂਰਨ ਪੈਰਾਂ ਤੇ ਖੜਾ ਕੀਤਾ।

ਆਪ ਜੀ ਅਕਾਲੀ ਤੇ ਕਾਂਗਰਸ ਵਿਚ ਬਹੁਤ ਮਾਨ ਪ੍ਰਾਪਤ ਕਰ ਚੁਕੇ ਹਨ ਅਤੇ ਆਪ ਦੀ ਹਸਤੀ ਨੂੰ ਹੀ ਇਹ ਮਾਣ ਪ੍ਰਾਪਤ ਹੈ, ਜਿਸ ਨੇ ਸ਼੍ਰੋ: ਗੁ: ਪ੍ਰ: ਕਮੇਟੀ ਤੇ ਸ਼੍ਰੋ: ਅਕਾਲੀ ਦਲ ਦੇ ਮੁਖੀ ਪ੍ਰਬੰਧਕਾਂ ਦੇ ਅੱਖੀ ਸੁਰਮਾਂ ਕੀ ਪਾਇਆ ਜੋ ਮਾਲਵੇ ਦੇ ਜਮ ਪਲ ਹੋਣ ਤੇ ਵੀ ਵਜ਼ਾਰਤ ਲੈ ਗਏ ।। ਇਹ ਮਾਣ ਵੀ ਆਪ ਜੀ ਨੂੰ ਹੀ ਪ੍ਰਾਪਤ ਹੈ ਜੋ ਹਿੰਦੁਸਤਾਨ ਆਜ਼ਾਦ ਹੁੰਦਿਆਂ ਹੀ ਆਪ ਜੀ ਨੂੰ ਡੀਫੈਂਸ ਮਨਿਸਟਰੀ ਦਾ ਔਹਦਾ ਪ੍ਰਾਪਤ ਹੋਇਆ ।

Digitized by Panjab Digital Library | www.panjabdigilib.org

# ਸ: ਗਿਆਨ ਸਿੰਘ ਰਾੜੇਵਾਲਾ

ਜਨਮ—ਆਪ ਦਾ ਜਨਮ ਪਿੰਡ ਰਾੜਾ ਰਿਆਸਤ ਪਟਿਆਲਾ ਦੇ ਇਕ ਰਈਸ ਘਰਾਣੇ ਵਿਚ ਦਸੰਬਰ ੧੯੦੧ ਨੂੰ ਹੋਇਆ ।

ਬਾਲਪਣ—ਆਪ ਦਾ ਬਾਲਪਣ ਬੜੇ ਪਿਆਰ ਅਤੇ ਲਾਡ ਨਾਲ ਆਪਣੇ ਮਾਪਿਆ ਦੀ ਗੋਦ ਵਿਚ ਲੰਘਿਆ ।

ਵਿਦਿਆ—ਆਪ ਨੇ ਮਹਿੰਦਰਾ ਕਾਲਿਜ ਪਟਿਆਲਾ ਵਿਚ ਬੀ. ਏ ਪਾਸ ਕੀਤੀ । ਆਪ ਮੁਢ ਤੋਂ ਹੀ ਹੁੰਦੜ ਹੇਲ ਸਨ । ਆਪ ਨੇ ਆਪਣੀ ਵਿਦਵੱਤਾ, ਲਿਆਕਤ ਤੇ ਤਜਰਬੇ ਨਾਲ ਬਹੁਤ ਢੰਗਾ ਮਾਣ ਪ੍ਰਾਪਤ ਕੀਤਾ ।

ਕੰਮ— ਮਹਾਰਾਜਾ ਭੁਪਿੰਦਰ ਸਿੰਘ ਨੇ ਆਪ ਨੂੰ ਖਾਸ ਸਰਕਾਰੀ ਕੰਮ ਵਿਚ ਟਰੇਨਿੰਗ ਦੇਣੀ ਚਾਹੀ । ੧੯੨੮ ਵਿਚ ਆਪ ਮੈਜਿਸਟਰੇਟ (ਦਰਜਾ ਅਵਲ) ਨੀਯਤ ਹੋਏ ! ਪਰ ਛੇਤੀ ਹੀ ਆਪ ਨੂੰ ਫਾਰਨ ਆਫਿਸ ਵਿਚ ਬਦਲ ਦਿਤਾ ਗਿਆ । ਏਥੇ ਆਪ ਨੇ ਡਾ: ਸਰ ਰਸ਼ਬਰੁਕ ਵਿਲੀਅਮ ਦੀ ਨਿਗਰਾਨੀ ਹੇਠ ਕੰਮ ਕੀਤਾ । ਇਸ ਤੋਂ ਮਗਰੋਂ ਅੰਡਰ ਸੈਕਟਰੀ ਨੀਯਤ ਹੋਏ ਅਤੇ ਥੋੜੀ ਦੇਰ ਪਿਛੋਂ ਆਪ ਰੈਵੀਨੀਊ ਕਮਿਸ਼ਨਰ ਬਣ ਗਏ ।

ਮਹਾਰਾਜਾ ਭੁਪਿੰਦਰ ਸਿੰਘ ਦੀ ਮੌਤ ਪਿਛੋਂ ਰਿਆਸਤ ਪਟਿਆਲਾ ਦੇ ਪ੍ਰਧਾਨ ਮੰਤਰੀ ਸਰ ਲਿਆਕਤ ਹਯਾਤ ਖਾਂ ਨੇ ਆਪ ਨੂੰ ਪਹਿਲਾਂ ਸੈਸ਼ਨ ਜਜ ਤੇ ਫਿਰ ਡਿਸਟ੍ਰਕਟ ਮੈਜਿਸਟ੍ਰੇਟ ਦੇ ਅਹੁਦੇ ਉਪਰ ਨੀਯਤ ਕੀਤਾ ।

ਸਰਦਾਰ ਗਿਆਨ ਸਿੰਘ ਦੀ ਸਫਲਤਾ ਦਾ ਕਾਰਨ ਇਹ ਹੈ ਕਿ ਆਪ ਅਮੀਰ ਅਤੇ ਗ਼ੀਬ ਨੂੰ ਇਕੋ ਨਿਗਾ ਨਾਲ ਵੇਖਦੇ ਹਨ । ਪਿਛਲੇ ਵੀਹਾਂ ਸਾਲਾਂ ਵਿਚ ਆਪ ਨੇ ਆਪਣੀ ਈਮਾਨਦਾਰੀ ਤੇ ਨੇਕ ਨੀਅਤੀ ਦਾ ਆਪਣੇ ਕੰਮਾਂ ਵਿਚ ਪੂਰਾ ਪੂਰਾ ਸਬੂਤ ਦਿੱਤਾ । ਆਪ ਧਾਰਮਿਕ ਖਿਆਲਾਂ ਦੇ ਆਦਮੀ ਹਨ । ਆਪ ਪਟਿਆਲਾ ਸਿੰਘ ਸਭਾ ਦੇ ਨੌ ਸਾਲ ਪ੍ਰਧਾਨ ਰਹੇ । ੧੯੪੨ ਵਿਚ ਆਪ ਪਟਿਆਲਾ ਹਾਈ ਕੋਰਟ ਦੇ ਜਜ ਬਣੇ ਅਤੇ ੧੯੪੭ ਵਿਚ ਵਜ਼ੀਰ ਸਾਹਿਬ ਨੀਯਤ ਕੀਤੇ ਗਏ ।

੧੫ ਅਗਸਤ ੧੯੪੭ ਨੂੰ ਪਟਿਆਲਾ ਯੂਨੀਅਨ ਦੇ ਬਣ ਜਾਣ ਪਰ ਇਸ ਦੇ ਚੀਫ ਮਨਿ-ਸਟਰ ਬਣਨ ਦਾ ਆਪ ਨੂੰ ਮਾਣ ਪ੍ਰਾਪਤ ਹੋਇਆ । ੧੯੫੨ ਦੀਆਂ ਅਜ਼ਾਦ ਭਾਰਤ ਦੀਆਂ ਪਹਿਲੀਆਂ ਆਮ ਚੋਣ ਵਿਚ ਆਪ ਪੈਪਸੂ ਅਸੈਂਬਲੀ ਦੇ ਮੈਂਬਰ ਚੁਣੇ ਗਏ ਤੇ ਸਾਂਝਾ ਫਰੰਟ ਬਣਾਕੇ ਆਪ ਪੈਪਸੂ ਦੇ ਪ੍ਰਧਾਨ ਮੰਤਰੀ ਚੁਣੇ ਗਏ । ਆਪ ਦੀ ਵਜ਼ਾਰਤ ਨੇ ਲੋਕ ਭਲਾਕੀ ਦੇ ਚੰਗੇ ਚੰਗੇ ਕੰਮ ਕੀਤੇ ।

ਸੁਭਾ—ਆਪ ਧਾਰਮਿਕ ਖਿਆਲਾ ਦੇ ਈਮਾਨਦਾਰ ਅਤੇ ਨੇਕ ਨੀਯਤ ਆਦਮੀ ਹਨ । ਆਪ ਦਾ ਸੁਭਾ ਮਿਲਾਪੜਾ, ਨਰਮ ਅਤੇ ਗੰਭੀਰ ਹੈ ।

---

ਉਪਰਲੀ ਲਿਖਤ ਉਸ ਅੰਗ੍ਰੇਜ਼ੀ ਲਿਖਤ ਦਾ ਉਲਥਾ ਹੈ । ਜਿਹੜਾ ਕਿ ਪੈਪਸੂ ਸਰਕਾਰ ਦੇ ਪਬਲਿਸਟੀ ਮਹਿਕਮੇ ਦੇ ਡਾਇਰੈਕਟਰ ਨੇ ਸ: ਗਿਆਨ ਸਿੰਘ ਰਾੜੇ ਵਾਲੇ ਦੀ ਆਗਿਆ ਅਨੁਸਾਰ ਸਾਨੂੰ ਲਿਖਕੇ ਭੇਜੀ । ਕਈ ਗੱਲਾਂ ਦਾ ਅਸੀਂ ਆਪ ਪਤਾ ਕੀਤਾ ਹੈ, ਉਹ ਉਪ੍ਰੋਕਤ ਲਿਖੀਆਂ ਗਈਆਂ ਹਨ ।

Digitized by Panjab Digital Library | www.panjabdigilib.org

ਪੰਜਾਬੀ ਸੂਬੇ ਵੇਲੇ ਆਪ ਤੇ ਆਪ ਜੀ ਦੀ ਧਰਮ ਪਤਨੀ ਬੀਬੀ ਮੋਹਨ ਕੌਰ ਜੀ ਨੇ, ਆਪਾ ਪੰਥ ਦੇ ਅਰਪਨ ਕਰਦਿਆਂ ਨੇ ਸ੍ਰੋ: ਅਕਾਲੀ ਦਲ ਦੀਆਂ ਡਕਟੇਰੀਆਂ ਹਾਸਲ ਕੀਤੀਆਂ। ਅਜ ਪੰਜਾਬ ਤੇ ਪੈਪਸੂ ਇਕ ਹੋਣ ਤੇ ਭੀ ਆਪ ਜੀ ਨੂੰ ਬਜ਼ਾਰਤ ਪ੍ਰਾਪਤ ਹੈ।

# ਭਾਈ ਲਾਲ ਸਿੰਘ ਕਮਾਲ ਪੁਰਾ

ਭਾਈ ਲਾਲ ਸਿੰਘ ਦਾ ਜੀਵਨ ਉਹਨਾਂ ਵਿਅਕਤੀਆਂ ਵਿਚੋਂ ਹੈ, ਜੋ ਇਸ ਸੰਸਾਰ ਵਿਚ ਨਿਸ਼ਕਾਮ ਸੇਵਾ ਲਈ ਆਏ, ਹਰ ਕੁਰਬਾਨੀ ਲਈ ਨਿਤਰੇ, ਅਸੂਲ ਨੂੰ ਅਪਨਾਇਆ ਤੇ ਲੋਕ ਸੇਵਾ ਵਿਚ ਸੁਆਸ ਦਿਤੇ।

ਜਨਮ:–ਆਪ ਸ: ਸਰੂਪ ਸਿੰਘ ਦੇ ਘਰ ਮਾਤਾ ਅਤਰ ਕੌਰ ਦੇ ਉਦਰ ਤੋਂ ਪਿੰਡ ਕਮਾਲ ਪੁਰਾ ਜ਼ਿਲਾ ਲੁਧਿਆਣਾ ਵਿਚ ੬ ਨਵੰਬਰ ੧੮੯੨ ਨੂੰ ਜ਼ਿਮੀਦਾਰ ਘਰਾਣੇ ਵਿਚ ਪੈਦਾ ਹੋਏ।

ਬਾਲਪਣ:–ਆਪ ਦੀ ਪਹਿਲੀ ਅਵਸਥਾ ਆਪ ਦੇ ਘਰ ਮਾਪਿਆਂ ਦੀ ਗੋਦ ਵਿਚ ਲੰਘੀ, ਪ੍ਰੇਮ ਪਿਆਰ ਅਤੇ ਗੁਰਮੁਖਤਾਈ ਆਪਣੇ ਦਾਦਾ ਜੀ ਤੋਂ ਵਿਰਸੇ ਵਿਚ ਮਿਲੀ।

ਵਿਦਿਆ:–ਆਪ ਨੇ ਗੁਰਮੁਖੀ ਵਿਦਿਆ ਪਿੰਡ ਦੀ ਧਰਮਸਾਲਾ ਵਿਚ ਪੜ੍ਹੀ ਅਤੇ ਆਪਣੇ ਪਿਤਾ ਨਾਲ ਘਰੋਗੀ ਕੰਮਾਂ ਵਿਚ ਹਥ ਵਟਾਉਂਦੇ ਰਹੇ, ਆਪ ਦੀ ਲਗਨ ਵਧੇਰੇ ਕੀਰਤਨ ਅਭਿਆਸ ਵਲ ਸੀ, ਆਪ ਨੇ ਸੋਲਾਂ ਸਾਲ ਦੀ ਉਮਰ ਵਿਚ ਅੰਮ੍ਰਿਤ ਛਕਿਆ।

ਕੰਮ;–ਆਪ ਜੀ ਘਰੋਗੀ ਕੰਮਾਂ ਤੋਂ ਉਪਰਾਮ ਹੋ ਕੇ ਰਸਾਲੇ ਵਿਚ ਜਾ ਭਰਤੀ ਹੋਏ ਤੇ ਉਥੇ ਜਾ ਕੇ ਗੁਰਦੁਆਰੇ ਦੀ ਸੇਵਾ, ਨਿਤਨੇਮ ਗੁਰਬਾਣੀ ਦਾ ਕੀਰਤਨ ਕਰਨਾ ਆਪ ਦਾ ਜੀਵਨ ਆਦਰਸ਼ ਬਣਾ ਲਿਆ। ਜਿਸ ਦਾ ਸਦਕਾ ਰਸਾਲੇ ਵਿਚ ਆਪ ਦਾ ਕਾਫੀ ਮਾਣ ਹੋਣ ਲੱਗਾ। ਸੋਲਾਂ ਸਾਲ ਕਰੀ ਕਰਨ ਪਿਛੋਂ ੫–੨–੧੯੨੧ ਨੂੰ ਪਿਨਸ਼ਨ ਆ ਗਏ, ਉਪ੍ਰੰਤ ਆਪ ਜੀ ਨੇ I. E. F 'A' & E ਤਗਮੇਂ ਲੰਮੀ ਲਾਮ ਵਿਚ ਪ੍ਰਾਪਤ ਕੀਤੇ।

ਉਪਕਾਰ:– (੧) ਆਪ ਪੂਰਨ ਗੁਰਸਿਖ ਸਨ, ਫੌਜ ਵਿਚ ਟੋਪੀ ਪਹਿਨਣ ਦੇ ਹੁਕਮ ਦੀ ਆਪ ਨੇ ਡਟ ਕੇ ਵਿਰੋਧਤਾ ਕੀਤੀ, ਅਗੋਂ ਲਈ ਸਿਖਾਂ ਨੂੰ ਟੋਪੀ ਪਹਿਨਣੀ ਮਨਸੂਖ ਕਰਾਈ, ਜਿਸ ਦਾ ਸਿਹਰਾ ਆਪ ਦੇ ਸਿਰ ਹੈ।

(੨) ੧੯੧੨ ਨੂੰ ਪਿੰਡ ਵਿਚ ਖਾਲਸਾ ਹਾਈ ਸਕੂਲ ਜਾਰੀ ਕਰਾਇਆ। ੧–੪–੧੯੪੯ ਨੂੰ ਆਪ ਦੇ ਉਦਮ ਨਾਲ ਗੁਰੂ ਗੋਬਿੰਦ ਸਿੰਘ ਗਰਲ ਹਾਈ ਸਕੂਲ ਖੋਲ੍ਹਿਆ ਗਿਆ, ਜਿਸ ਦਾ ਖਰਚ ਆਪ ਪੈਦਲ ਤੁਰ ਕੇ ਉਗਰਾਹੀ ਕਰਕੇ ਪੂਰਾ ਕਰਦੇ ਸੀ। ਟਾਪੂਆ ਵਿਚ ਜਾ ਕੇ ਹਜ਼ਾਰਾਂ ਰੁਪਈਆ ਲਿਆਏ ਤੇ ਸਕੂਲ ਨੂੰ ਹਾਈ ਤੱਕ ਬਣਾਇਆ। ਨਗਰ ਵਿਚ ਹਸਪਤਾਲ ਜਾਰੀ ਕਰਾਇਆ।

ਆਪ ਜੀ ਕੁਝ ਚਿਰ ਟਾਪੂਆਂ ਵਿਚ ਨੌਕਰੀ ਅਤੇ ਉਗ੍ਰਾਹੀ ਲਈ ਗਏ, ਜਿਥੋਂ ਸਕੂਲ ਨੂੰ ਕਾਫੀ ਮਾਇਆ ਭੇਜੀ।

ਕੌਮੀ ਸੇਵਾ ਆਪ ਦੇ ਜੀਵਨ ਵਿਚ ਸਭ ਤੋਂ ਉਚੀ ਤੇ ਸੁਚੀ ਸੇਵਾ ਹੈ, ਅਕਾਲੀ ਲਹਿਰ ਵਿਚ ਗੁਰੂ ਕੇ ਬਾਗ ਦੇ ਮੋਰਚੇ ਵੇਲੇ ਪਿਨਸ਼ਨੀਆਂ ਸਿੰਘਾਂ ਦੇ ਜਥੇ ਨਾਲ ਜਾ ਕੇ ਅਟਕ ਜਿਹਲ ਵਿਚ ਅਕਹਿ ਤੇ ਅਸਹਿ ਕਸ਼ਟ ਸਹਾਰੇ। ਏਥੇ ਹੀ ਬਸ ਨਹੀਂ ਗੰਗਸਰ, ਜੈਤੋ ਦੇ ਮੋਰਚੇ ਵੇਲੇ ਦੂਜੇ ਜਥੇ ਦੇ ਜ਼ਿਲੇ ਦੇ ਜਥੇਦਾਰ ਹੋ ਕੇ ਜੈਤੋ ਨੂੰ ਗਏ ਤੇ ਨਾਭਾ ਬੀੜ ਵਿਚ ਬਹੁਤ ਤਸੀਹੇ ਝਲੇ, ਆਪ ਦੀ ਪਿਨਸ਼ਨ

Digitized by Panjab Digital Library | www.panjabdigilib.org

ਕਈ ਵਾਰ ਜ਼ਬਤ ਤੇ ਬਹਾਲ ਹੋਈ। ਗੁਰਦੁਆਰਾ ਹੇਹਰਾਂ ਦੇ ਕਬਜ਼ੇ ਸਮੇਂ ਆਪ ਨੇ ਪੰਥ ਦਾ ਪੂਰਾ ਪੂਰਾ ਸਾਥ ਦਿਤਾ।

ਸੁਭਾ:-ਆਪ ਸੁਭਾ ਦੇ ਗੁਰਮੁਖ, ਉਚ ਆਚਰਨ ਤੇ ਸਮਾਜਕ ਗੁਰਮਤਿ ਦੇ ਕਟਰ ਹਾਮੀ ਤੇ ਕੌਮੀ ਸੇਵਕ ਸਨ, ਆਪ ਦਾ ਨਾਮ ਗੁਰੂ ਗੋਬਿੰਦ ਸਿੰਘ ਖਾ: ਹਾਈ ਸਕੂਲ ਕਮਾਲ ਪੁਰਾ ਦੇ ਨਾਮ ਨਾਲ ਬੜੇ ਮਾਣ ਨਾਲ ਯਾਦ ਕੀਤਾ ਜਾਇਆ ਕਰੇਗਾ। ਆਪ ਨੇ ਮੋਰਚਿਆਂ ਵਿਚ ਜਾ ਕੇ ਕੌਮੀ ਸੇਵਾ ਕੀਤੀ ਅਤੇ ਸਨਮਾਨ ਪੱਤਰ ਪਰਾਪਤ ਕੀਤੇ।

ਦਿਹਾਂਤ:-ਆਪ ਜੀ ਗੁਰੂ ਭਾਣੇ ਅੰਦਰ ਪ੍ਰਮਾਤਮਾ ਦੀ ਦਿਤੀ ਆਯੂ ਭੋਗਦੇ ਹੋਏ ਸਦਾ ਦੀ ਨੀਂਦਰ ਸੌਂ ਗਏ ਅਤੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਆਪ ਜੀ ਦੀ ਜਗ੍ਹਾ ਛੋਟਾ ਭਾਈ ਸੇਵਾ ਸਿੰਘ ਜੀ ਪਰਵਾਰ ਸਮੇਤ ਆਪ ਦੇ ਚਾਲੂ ਕੀਤੇ ਹੋਏ ਵਿਦਿਆ ਸੋਮਿਆਂ ਤੇ ਤਨ ਮਨ ਅਰਪਨ ਕਰਦੇ ਰਹੇ।

## ਸ: ਨਾਹਰ ਸਿੰਘ ਜੀ

ਆਪ ਜੀ ਦਾ ਜਨਮ ਸ: ਹਜ਼ਾਰਾ ਸਿੰਘ ਸੂਬੇਦਾਰ ਮੇਜਰ ਦੇ ਘਰ ਮਾਤਾ ਅਤਰ ਕੌਰ ਪਿੰਡ ਮਲਕ, ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਵਿਖੇ ਹੋਇਆ। ਸੁਭਾ ਦੇ ਬੜੇ ਗੁਰਮਖ ਤੇ ਸਿਖੀ ਅਸੂਲ, ਗਰਮਤਿ ਲਗਨ ਵਾਲੇ ਅਤੇ ਚੰਗੀ ਸੂਝ ਬੂਝ ਵਾਲੇ ਗੁਰਮੁਖ ਸਜਨ ਹਨ। ਸੋ ਆਪ ਨੇ ਦਾਨੀ ਸੁਭਾ ਅਨੁਸਾਰ ਸ: ਭਗਤ ਸਿੰਘ ਖਾ: ਹਾਈ ਸਕੂਲ (ਲਾਹੌਰ) ਜਗਰਾਉਂ ਨੂੰ ੭ ਘੁਮਾਂ ਜ਼ਮੀਨ ਦਾਨ ਕਰਕੇ ਸਕੂਲ ਨੂੰ ਪੈਰਾਂ ਤੇ ਖੜਾ ਕਰਨ ਦਾ ਸੇਹਰਾ ਲਿਆ।

## ਬਾਬੂ ਭੋਲਾ ਸਿੰਘ ਜੀ

ਗੁਰਮੁਖ ਪਿਆਰੇ ਬਾਬੂ ਭੋਲਾ ਸਿੰਘ ਜੀ ਪਿੰਡ ਨਾਰੰਗਵਾਲ ਜ਼ਿਲਾ ਲੁਧਿਆਣਾ ਦੇ ਵਸਨੀਕ ਸਨ। ਸਕੂਲ ਪੜ੍ਹਾਈ ਤੋਂ ਉਪ੍ਰੰਤ ਰੁੜਕੀ ਕਾਲਜ ਤੋਂ ਇੰਜਨੀਅਰਿੰਗ ਕਲਾਸ ਪਾਸ ਕਰਕੇ ਐਸ.ਡੀ.ਓ. ਬਣ ਗਏ।

ਆਪ ਨੇ ਗੁਰਮਤਿ ਪ੍ਰਚਾਰ ਦੀ ਬਹੁਤ ਸੇਵਾਂ ਕੀਤੀ। ਗੁਰਦੁਆਰਾ ਮਾਈ ਥਾਨ ਆਗਰਾ ਅਤੇ ਯੂ. ਪੀ ਵਿਚ ਸਿੱਖੀ ਪ੍ਰਚਾਰ ਦੇ ਕੇਂਦਰ ਕਾਇਮ ਕੀਤੇ।

ਆਪ ਨੇ ਗੁਜਰਵਾਲ ਗੁਰਦੁਆਰੇ ਦੀ ਸ਼ਾਨਦਾਰ ਇਮਾਰਤ ਬਣਵਾਈ। ਪੰਜ ਸਾਲ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਰਹੇ। ਸਿੱਖ ਨੈਸ਼ਨਲ ਕਾਲਜ ਦਾ ਨਕਸ਼ਾ ਤਿਆਰ ਕਰਨ ਦਾ ਮਾਣ ਆਪ ਨੂੰ ਪ੍ਰਾਪਤ ਹੋਇਆ। ਆਪ ਨੇ ਰਾਧਾ ਸਵਾਮੀ ਮਤ ਦੇ ਪੋਲ ਨੂੰ ਖੋਲਣ ਲਈ 'ਰਾਧਾ ਸੁਆਮੀ ਮਤ ਨਿਰਣਯ' ਪੁਸਤਕ ਵਿਚ ਪੂਰਨ ਉਕਤੀਆਂ ਯੁਕਤੀਆਂ ਨਾਲ ਸਭ ਕੁਝ ਬਿਆਨ ਕੀਤਾ।

ਸੁਭਾ—ਆਪ ਆਪਣੇ ਭੋਲੇ ਸੁਭਾਵ ਸਦਕਾ ਪੰਥ ਵਿਚ ਕਾਫੀ ਸਤਿਕਾਰੇ ਜਾਂਦੇ ਹਨ। ਆਪ ਦਾ ਸੁਭਾ ਨਰਮ, ਗੰਭੀਰ ਅਤੇ ਮਲਾਪੜਾ ਹੈ। ਆਪ ਦਾ ਆਚਰਣ ਬਹੁਤ ਹੀ ਉਚਾ ਹੈ। ਭਾਈ ਰਣਧੀਰ ਜੀ ਨਾਲ ਮਿਲਕੇ ਇਲਾਕੇ ਵਿਚ ਗੁਰਮਤਿ ਪ੍ਰਚਾਰ ਦੀ ਬਹੁਤ ਸੇਵਾ ਕੀਤੀ।

Digitized by Panjab Digital Library | www.panjabdigilib.org

# ਸ: ਰਣਜੀਤ ਸਿੰਘ ਜੀ

ਜਨਮ:–ਆਪ ਸ: ਗੁਜਰ ਸਿੰਘ ਦੇ ਘਰ ਪਿੰਡ ਜਸਪਾਲੋਂ ਜ਼ਿਲਾ ਲੁਧਿਆਣਾ ਵਿਚ ਪੈਦਾ ਹੋਏ। ਆਪ ਜੀ ਬੜੇ ਸਮਝਦਾਰ ਅਤੇ ਤੇਜ ਪ੍ਰਤਾਪ ਵਾਲੇ ਗੁਰਸਿੱਖ ਹਨ। ਆਪ ਜੀ ਦਾ ਪੰਥ ਅਤੇ ਸਰਕਾਰ ਵਿਚ ਬਹੁਤ ਆਦਰ ਅਤੇ ਮਾਣ ਹੈ, ਆਪ ਜ਼ੈਲਦਾਰੀ ਦੀ ਡਿਊਟੀ ਨਿਭਾਉਂਦੇ ਹੋਏ ਭੀ ਕੌਮੀ ਕੰਮਾਂ ਵਿਚ ਹਿਸਾ ਲੈਂਦੇ ਰਹੇ।

ਉਪਕਾਰ:– ਆਪ ਨੇ ਲੜਕੀਆਂ ਅਤੇ ਲੜਕਿਆਂ ਦਾ ਹਾਈ ਸਕੂਲ ਕਾਇਮ ਕਰਨ ਵਿਚ ਬਹੁਤ ਹਿਸਾ ਪਾਇਆ, ਇਹ ਆਪ ਦੀਆਂ ਦੋਵੇਂ ਯਾਦਗਾਰਾਂ ਸਦਾ ਕਾਇਮ ਰਹਿਣਗੀਆਂ, ਆਪ ਨੇ ਸ਼ਹੀਦੀ ਜਥੇ ਚੌਥੇ ਦੀ ਸੇਵਾ ਬਹੁਤ ਕੀਤੀ, ਜਿਸ ਕਰਕੇ ਆਪ ਨਜ਼ਰਬੰਦ ਰਹੇ।

# ਸ: ਰਤਨ ਸਿੰਘ ਐਮ. ਏ.

ਆਪ ਜੀ ਦਾ ਜਨਮ ਪਿਤਾ ਸ: ਭਗਤ ਸਿੰਘ ਦੇ ਘਰ ਮਾਤਾ ਪ੍ਰੇਮ ਕੌਰ ਦੀ ਕੁਖੋਂ ਪਿੰਡ ਬਰਸਾਲ, ਤਹਿਸੀਲ ਜਗਰਾਉਂ, ਜ਼ਿਲਾ ਲੁਧਿਆਣਾ ਵਿਖੇ ਹੋਇਆ। ਆਪ ਜੀ ਦੀ ਵਿਦਿਆ ਐਮ. ਏ. ਤੱਕ ਹੈ। ਵਿਦਿਆ ਪਰਾਪਤ ਕਰਨ ਤੋਂ ਉਪਰੰਤ ਆਪ ਬਾਹਰਲੇ ਦੇਸਾਂ, ਅਮਰੀਕਾ ਆਦਿ ਮੁਲਕਾਂ ਵਿਖੇ ਗਏ। ਅਤੇ ਉਥੇ ਜਾ ਕੇ ਦੇਸ਼ ਅਤੇ ਕੌਮ ਨੂੰ ਉਚਤਾ ਦੇਣ ਵਾਸਤੇ ਹਿੰਦੁਸਤਾਨੀ ਸਜਣਾਂ ਨੂੰ ਬੜੇ ਸੁਚੱਜੇ ਢੰਗ ਨਾਲ ਪ੍ਰੇਰਨਾ ਕਰਕੇ ਅਜ਼ਾਦੀ ਵਿਚ ਹਿਸਾ ਪਾਇਆ। ਉਪਰੰਤ ਦੇਸ਼ ਆ ਕੇ ਆਪ ਨੇ ਆਪਣੇ ਨਗਰ ਵਿਖੇ ੪੧ ਹਜ਼ਾਰ ਰੁਪਿਆ ਖਰਚ ਕਰਕੇ ਹਾਈ ਸਕੂਲ ਚਾਲੂ ਕੀਤਾ, ਜਿਸ ਦਾ ਨਾਉਂ ਸ: ਰਤਨ ਸਿੰਘ ਹਾਈ ਸਕੂਲ ਬਰਸਾਲ ਹੈ।

# ਸ: ਅਰਜਣ ਸਿੰਘ ਜਥੇਦਾਰ

ਆਪ ਜੀ ਦਾ ਜਨਮ ਪਿਤਾ ਸ: ਜਗਤ ਸਿੰਘ ਦੇ ਘਰ ਪਿੰਡ ਬਰਸਾਲ ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਵਿਖੇ ਹੋਇਆ। ਆਪ ਜੀ ਦਾ ਸੁਭਾ ਬੜਾ ਹੀ ਸਾਦਾ ਅਤੇ ਗੁਰਮੁਖ ਬਿਰਤੀ ਵਾਲੇ ਗੁਰਸਿੱਖ ਹਨ। ਆਪ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਹਜ਼ੂਰੋਂ ਹੁਕਮ ਨਾਮਾ ਲੈ ਕੇ ੫੦੦ ਸ਼ਹੀਦੀ ਜਥੇ ਦੀ ਕਮਾਣ ਕਰਦੇ ਹੋਏ ਮੋਰਚਾ ਗੰਗਸਰ, ਜੈਤੋ ਜਾ ਕੇ ਗ੍ਰਿਫ਼ਤਾਰ ਹੋਏ। ਜਿਸ ਵਿਚ ਆਪ ਨੂੰ ਸਜ਼ਾ ਹੋਈ। ਮੋਰਚਾ ਫ਼ਤਿਹ ਹੋਣ ਪਿਛੋਂ ੧੦੧ ਅਖੰਡ ਪਾਠ ਹੋਣ ਤੋਂ ਉਪਰੰਤ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਸਿਰੋਪਾਓ ਪ੍ਰਾਪਤ ਕਰਕੇ ਪਿੰਡ ਆਏ। ਹੁਣ ਵੀ ਗੁਰਮੁਖੀ ਸੁਭਾਵ ਅਨੁਸਾਰ ਸੰਗਤਾਂ ਤੇ ਨਗਰ ਵਿਚੋਂ ਪੂਰਾ ਮਾਣ ਸਤਿਕਾਰ ਪ੍ਰਾਪਤ ਕਰ ਰਹੇ ਹਨ। ਆਪ ਜੀ ਦੇ ਪ੍ਰੇਮ ਅਨੁਸਾਰ ਸ: ਰਤਨ ਸਿੰਘ ਜੀ ਨੇ ਹਾਈ ਸਕੂਲ ਦਾ ਬੂਟਾ ਲਗਾਇਆ।

# ਹਰਚਰਨ ਸਿੰਘ ਜੀ ਸੋਢੀ ਬੁੱਟਰ

ਤਹਿਸੀਲ ਮੋਗਾ, ਜ਼ਿਲਾ ਫ਼ੀਰੋਜ਼ਪੁਰ ਦਾ ਇਕ ਪਿੰਡ ਜੋ ਵਧਣੀ ਨੂੰ ਜਾਣ ਵਾਲੀ ਪਕੀ ਸੜਕ ਤੇ ਹੈ, ਏਥੋਂ ਦੇ ਜਾਗੀਰਦਾਰ ਸੋਢੀ ਸਾਹਿਬਾਨ ਬਾਬਾ ਪ੍ਰਿਥੀ ਚੰਦ ਜੀ ਦੀ ਵੰਸ਼ ਵਿਚ ਹੋਣ ਵਾਲੇ ਸੋਢੀ ਕੁਲ, ਜੋ ਦਿਲਵਾਂ ਨਗਰ ਦੇ ਵਸਨੀਕ ਸਨ, ਦੀ ਬੰਸ ਵਿਚੋਂ ਹਨ। ਜਦ ਕਲਗੀਧਰ ਮਾਛੀਵਾੜੇ ਵਾਲੇ ਨੀਲੇ ਬਾਣੇ ਨਾਲ ਉਨ੍ਹਾਂ ਪਾਸ ਪਹੁੰਚੇ, ਤਦ ਇਨ੍ਹਾਂ ਨੇ ਦੋ ਘੋੜੇ ਅਤੇ ਸਫੇਦ ਪੋਸ਼ਾਕ ਹਾਜ਼ਰ ਕੀਤੀ। ਕਲਗੀਧਰ ਨੇ ਚਿਟੇ ਬਸਤ੍ਰ ਪਹਿਨ ਕੇ ਨੀਲੇ ਬਸਤ੍ਰ ਪਾੜ ਕੇ ਏਹ ਤੁਕ ਪੜ੍ਹਦੇ

Digitized by Panjab Digital Library | www.panjabdigilib.org

ਹੋਏ, "ਨੀਲ ਬਸਤ੍ਰ ਲੇ ਕਪੜੇ ਫਾੜੇ, ਤੁਰਕ ਪਠਾਣੀ ਅਮਲ ਗਿਆ" ਅਗਨੀ ਵਿਚ ਭਸਮ ਕਰ ਦਿਤੇ। ਇਨ੍ਹਾਂ ਪਾਸ ਕਈ ਪਿੰਡ ਅੰਗਰੇਜ਼ੀ ਰਾਜ ਵਿਚ ਅਤੇ ਕਈ ਪਿੰਡ ਸਿੱਖ ਰਿਆਸਤਾਂ ਵਿਚ ਮਿਲੇ ਹੋਏ ਜਾਗੀਰ ਹਨ। ਵਰਤਮਾਨ ਕਾਲ ਵਿਚ ਸੋਢੀ ਹਰਚਰਨ ਸਿੰਘ ਜੀ ਬੜੇ ਦਾਨੀ ਅਤੇ ਗੁਰੂ ਘਰ ਦੇ ਸ਼ਰਧਾਲੂ ਹਨ।

ਗੁਰੂ ਮਹਾਰਾਜ ਲਈ ਆਪ ਜੀ ਨੇ ਇਕ ਸੁੰਦਰ ਕਮਰਾ ਤਿਆਰ ਕਰਾਇਆ ਹੋਇਆ ਹੈ, ਜਿਸ ਵਿਚ ਮਹਾਰਾਜ ਦੇ ਸਰੂਪ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਗੁੰਬੀ ਸਿੰਘ ਦੀ ਸੇਵਾ ਮਹਾਰਾਜ ਦਾ ਵਜ਼ੀਰ ਸਮਝ ਕੇ ਬੜੇ ਆਦਰ ਨਾਲ ਕਰਦੇ ਹਨ। ਵਰਤਮਾਨ ਘਲੂਘਾਰੇ ਵੇਲੇ ਆਪ ਜੀ ਨੇ ਦਾਸ ਦੇ ਜਥੇ ਨੂੰ ਸੱਦ ਕੇ ਲਗ ਭਗ ਡੇਢ ਸੌ ਆਦਮੀ ਨੂੰ ਅੰਮ੍ਰਿਤ ਛਕਾਇਆ ਜਿਸ ਦਾ ਵੇਗ ਤੇ ਕਕਾਰ ਆਦਿਕ ਦਾ ਖਰਚ ਆਪ ਨੇ ਦਿਤਾ, ਜਿਥੇ ਆਪ ਜੀ ਗੁਰੂ ਘਰ ਦੇ ਸ਼ਰਧਾਲੂ ਹਨ ਉਥੇ ਆਪ ਜੀ ਦਾ ਵਿਦਿਆ ਨਾਲ ਵੀ ਬਹੁਤ ਪਿਆਰ ਹੈ, ਆਪ ਨੇ ਇਲਾਕੇ ਦੇ ਮੁਖੀਆਂ ਨੂੰ ਨਾਲ ਲੈ ਕੇ ਖਾਲਸਾ ਹਾਈ ਸਕੂਲ ਮੋਗਾ ਦੀ ਇਮਾਰਤ ਬਨਾਉਣ ਦਾ ਬੀੜਾ ਚੁਕਿਆ।

## ਸ: ਬ: ਗੁਰਦਿਤ ਸਿੰਘ ਕਪਤਾਨ ਚੂਹੜ ਚੱਕ

ਆਪ ਜੀ ਦਾ ਜਨਮ ਪਿੰਡ ਚੂਹੜਚੱਕ, ਤਹਿਸੀਲ ਮੋਗਾ, ਜ਼ਿਲਾ ਫੀਰੋਜ਼ਪੁਰ ਵਿਚ ੨੯ ਜਿਨਵਰੀ ੧੮੫੪ ਨੂੰ ਸ: ਵਜ਼ੀਰ ਸਿੰਘ ਦੇ ਘਰ ਮਾਤਾ ਸਦਾ ਕੌਰ ਦੀ ਸੁਭਾਗੀ ਕੁਖੋਂ ਹੋਇਆ।

ਫੌਜੀ ਨੌਕਰੀ:-ਆਪ ਘਰੋਗੀ ਕੰਮ ਤੋਂ ਉਪ੍ਰਾਮ ਹੋ ਕੇ ਫੌਜ ਵਿਚ ਸਿਪਾਹੀ ਭਰਤੀ ਹੋ ਗਏ ਅਤੇ ਉਪ ਸਿੱਖ ਪਲਟਨ ਵਿਚੋਂ ੧੯੦੭ ਈ: ਨੂੰ ਕਪਤਾਨੀ ਪਿਨਸ਼ਨ ਲੈ ਕੇ ਆਏ।

ਉਦਮ:-ਆਪ ਜੀ ਬੜੇ ਉਦਮੀ ਅਤੇ ਉਤਸ਼ਾਹੀ ਸਨ, ਮਾਲਵੇ ਦੀ ਉਨਤੀ ਦੇ ਸਦਾ ਚਾਹਵਾਨ ਸਨ। ਮਾਲਵਾ ਖਾਲਸਾ ਦੀਵਾਨ ਬਣਾ ਕੇ ਸਾਰੇ ਮਾਲਵੇ ਨੂੰ ਜਥੇਬੰਦ ਕੀਤਾ। ਆਪ ਦੇ ਵਿਚਾਰ ਬੜੇ ਉਚੇ ਸਨ। ਆਪ ਮਾਲਵੇ ਵਿਚ ਅੰਗਰੇਜ਼ੀ ਕਾਲਜ ਖੋਲ੍ਹਣ ਦੇ ਬਹੁਤ ਚਾਹਵਾਨ ਰਹੇ, ਆਪ ਨੇ ਏਸੇ ਧੁੰਨ ਵਿਚ ੧੯੦੮ ਵਿਚ ਮਿਡਲ ਸਕੂਲ ਖੋਲਿਆ, ਜੋ ਹੁਣ ਹਾਈ ਸਕੂਲ ਬਣ ਗਿਆ ਹੈ। ਆਪ ਜੀ ਦਾ ਸਪੁਤ੍ਰ ਸ: ਮੋਹਰ ਸਿੰਘ ਆਪ ਜੀ ਦੇ ਰਸਤੇ ਤੇ ਚਲ ਕੇ ਸਕੂਲ ਨੂੰ ਤਰੱਕੀ ਦੇ ਰਿਹਾ ਹੈ। ਆਪ ਜੀ ਮਲਾਇਆ ਨੂੰ ਉਗ੍ਰਾਹੀ ਲੈਣ ਗਏ ਤੇ ਬੀਮਾਰ ਹੋ ਗਏ, "ਨਰ ਚਾਹਤ ਕੁਝ ਔਰ, ਆਉਰੇ ਕੀ ਆਉਰੇ ਭਈ" ਦੇ ਮਹਾਂ ਵਾਕ ਅਨੁਸਾਰ ਆਪ ਮਲਾਇਆ ਤੋਂ ਵਾਪਸ ਆ ਗਏ ਤੇ ਪਿੰਡ ਆਉਣ ਸਾਰ ਚਲਾਣਾ ਕਰ ਗਏ।

## ਭਾਈ ਫੁੰਮਣ ਸਿੰਘ ਅਮਰਗੜ

ਆਪ ਦਾ ਜਨਮ ਪਿੰਡ ਅਮਰਗੜ ਵਿਖੇ ਸ: ਹਰੀ ਸਿੰਘ ਦੇ ਘਰ ਮਾਤਾ ਰਾਜ ਕੌਰ ਦੀ ਕੁਖੋਂ ਸੰਮਤ ੧੯੪੯ ਨੂੰ ਹੋਇਆ। ਆਪ ਨੇ ਪਹਿਲੀ ਅਵਸਥਾ ਪਿੰਡ ਵਿਚ ਹੀ ਲੰਘਾਈ ਅਤੇ ਗੁਰਮੁਖੀ ਵਿਦਿਆ ਪ੍ਰਾਪਤ ਕੀਤੀ। ਉਪਰੰਤ ਮਲਾਇਆ ਚਲੇ ਗਏ। ਟਾਪੂ ਵਿਚ ਉਥੇ ਗੁੰਬੀ ਸਿੰਘਾਂ ਦੀ ਸੇਵਾ ਤੇ ਜਾ ਲਗੇ। ਪਰ ਸਿਹਤ ਖਰਾਬ ਹੋਣ ਦੇ ਕਾਰਣ ਛੇਤੀ ਵਾਪਸ ਆ ਗਏ। ਇਥੇ ਆ ਕੇ ਸਿੰਘ ਸਭਾ ਲਹਿਰ ਵਿਚ ਸ਼ਾਮਲ ਹੋ ਗਏ। ਇਲਾਕੇ ਵਿਚ ਗੁਰਮਤ ਦਾ ਪਰਚਾਰ ਕੀਤਾ, ਪਿੰਡ ਵਿਚ ਲੜਕੀਆਂ ਦਾ ਸਕੂਲ ਖੋਲ੍ਹਿਆ। ਦੁਬਾਰਾ ਮਲਾਇਆ ਨੂੰ ਸਕੂਲ ਦੀ ਉਗ੍ਰਾਹੀ ਲਈ ਗਏ ਤੇ ਪੰਜਾਹ ਹਜ਼ਾਰ ਰੁਪਿਆ ਲਿਆ ਕੇ ਸਕੂਲ ਦੀ ਇਮਾਰਤ ਤਿਆਰ ਕੀਤੀ।

Digitized by Panjab Digital Library | www.panjabdigilib.org

ਸੁਭਾ:—ਆਪ ਦਾ ਸੁਭਾ ਮਿਲਨ ਸਾਰ ਹੈ, ਪੂਰਨ ਗੁਰਸਿੱਖ ਅਤੇ ਰਹਿਤ ਦੇ ਪੂਰਨੇ ਧਾਰਨੀ ਹਨ, ਆਪ ਦਾ ਉਸ ਇਲਾਕੇ ਵਿਚ ਸਕੂਲ ਖੋਲਣਾ ਇਕ ਮਹਾਨ ਪ੍ਰਉਪਕਾਰ ਹੈ। ਆਪ ਦੇ ਇਸ ਉਪਕਾਰ ਨੂੰ ਮੁਖ ਰਖਕੇ ਮਹਾਰਾਜਾ ਫਰੀਦਕੋਟ ਨੇ ਗੁਰਦੁਆਰੇ ਦੀ ਸੁੰਦਰ ਇਮਾਰਤ ਬਣਾਕੇ ਦਿਤੀ ਹੈ।

ਆਪ ਭਾਵੇਂ ਆਯੂ ਵਿਚ ਬਹੁਤ ਬਿਰਧ ਹੋ ਗਏ ਹਨ ਪਰ ਵਿਦਿਆਲੇ ਦੀ ਸੇਵਾ ਤਨ ਮਨ ਤੇ ਉਤਸ਼ਾਹ ਨਾਲ ਕਰ ਰਹੇ ਹਨ। ਆਪ ਨੂੰ ਇਸ ਵਿਦਿਆਲੇ ਨੇ ਸਦਾ ਲਈ ਅਮਰ ਕਰ ਦਿਤਾ ਹੈ।

## ਰਾਮ ਸਿੰਘ ਜੀ ਰਸਾਲਦਾਰ ਚੁਗਾਵਾਂ

ਆਪ ਜੀ ਦਾ ਜਨਮ ਪਿੰਡ ਚੁਗਾਵਾਂ, ਤਹਿਸੀਲ ਮੋਗਾ ਵਿਖੇ ਸ: ਲਾਲ ਸਿੰਘ ਜੀ ਦੇ ਘਰ ਹੋਇਆ। ਆਪ ਜੀ ਨੇ ਫੌਜ ਵਿਚ ਨੌਕਰੀ ਕਰਕੇ ਰਸਾਲਦਾਰੀ ਦੀ ਪੈਨਸ਼ਨ ਲੈਕੇ ਆਏ। ਆਪ ਦਾ ਵਿਚਾਰ ਇਹ ਸੀ ਕਿ ਨਿੱਜੀ ਜਾਇਦਾਦਾਂ ਬਣਾਉਣੀਆਂ ਗੁਰਮਤਿ ਅਸੂਲਾਂ ਦੇ ਵਿਰੁਧ ਹਨ। ਆਪ ਜੀ ਪਤੋ ਹੀਰਾ ਸਿੰਘ ਵਿਖੇ ਆਪਣੇ ਸੌਹਰੇ ਪਿੰਡ ਰਹਿਣ ਲਗ ਪਏ। ਆਪਣੀ ਕਮਾਈ ਵਿਚੋਂ ਆਪ ਨੇ ੨੦ ਘੁਮਾਂ ਜ਼ਮੀਨ ਖਰੀਦ ਕੇ ਗੁਰਦੁਆਰਾ ਭਾਈ ਵੀਰ ਸਿੰਘ ਦੇ ਨਾਮ ਲਗਵਾ ਦਿਤੀ। ਅਤੇ ਆਪ ਸ੍ਰੀ ਅੰਮਿਰਤਸਰ ਚਲੇ ਗਏ। ਇਥੇ ਆਪ ਜੀ ਨੇ ਜ਼ਮੀਨ ਖਰੀਦ ਕੇ ਗੁਰਦੁਆਰੇ ਦਾ ਇਕ ਕਮਰਾ ਬਣਵਾਇਆ ਤੇ ਧਰਮਸਾਲਾ ਭਾਈ ਜੋਗਾ ਸਿੰਘ ਦੇ ਨਾਮ ਲਗਵਾ ਦਿਤੀ। ਆਪ ੧੦ ਸਾਲ ਤੱਕ ਗੁਰਦੁਆਰਿਆਂ ਦੀ ਨਿਸ਼ਕਾਮ ਸੇਵਾ ਕਰਦੇ ਰਹੇ।

## ਪੰਡਤ ਲਛਮਣ ਸਿੰਘ ਜੀ

ਆਪ ਜੀ ਅੰਬਾਲਾ ਸ਼ਹਿਰ ਦੇ ਵਸਨੀਕ ਹਨ। ਆਪ ਦੀ ਪਹਿਲੀ ਉਮਰ ਘਰ ਵਿਚ ਹੀ ਆਪਣੇ ਪਿਤਾ ਨਾਲ ਕਾਰ ਵਿਹਾਰ ਕਰਦਿਆਂ ਲੰਘੀ। ਆਪ ਜੀ ਦੇ ਬਜ਼ੁਰਗ ਪਿਤਾ ਬਹੁਤ ਗਰੀਬ ਸਨ ਜਿਸ ਕਰਕੇ ਆਪ ਉਚ ਵਿਦਿਆ ਨਾ ਪੜ੍ਹ ਸਕੇ। ਪਰ ਆਪ ਦੀ ਰੁਚੀ ਵਿਦਿਆ ਪੜ੍ਹਣ ਦੀ ਸੀ। ਆਪ ਦੀ ਬੁਧੀ ਮੁਢ ਤੋਂ ਹੀ ਤੀਖਣ ਸੀ। ਆਪ ਨੇ ਪਹਿਲੀ ਉਮਰ ਵਿਚ ਨਿਰਮਲੇ ਸਾਧੂ ਪੰਡਤ ਨਿਹਾਲ ਸਿੰਘ ਠਕਾਰ ਦੇ ਆਸ਼ਰਮ ਵਿਚ ਵਿਦਿਆ ਪੜ੍ਹੀ।

ਫੌਜੀ ਨੌਕਰੀ:— ਆਪ ਜੀ ਫੋਜ ਵਿਚ ਭਰਤੀ ਹੋ ਗਏ, ਜਿਸ ਕਰਕੇ ਯੂਰਪ ਦੀ ਪਹਿਲੀ ਲੜਾਈ ਵਿਚ ਫਰਾਂਸ ਆਦਿ ਦੇਸਾਂ ਵਿਚ ਰਹੇ।

ਗੁਰਮਤ ਪਰਚਾਰ:— ਆਪ ਜੀ ਗੁਰੂ ਨਾਨਕ ਮਿਸ਼ਨਰੀ ਸੋਸਾਇਟੀ ਅਬਦੁਲਾ ਪੁਰ (ਅੰਬਾਲਾ) ਦੀ ਜਿੰਦ ਜਾਨ ਹਨ। ਆਪ ਨੇ ਆਪਣੇ ਇਲਾਕੇ ਵਿਚ ਗੁਰਸ਼ਿਖੀ ਪ੍ਰਚਾਰ ਦੀ ਬਹੁਤ ਸੇਵਾ ਕੀਤੀ। ਆਪ ਜੀ ਕੁਝ ਚਿਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਨਿਰੁਕਤ ਲਿਖਣ ਵਿਚ ਪਟਿਆਲੇ ਭੀ ਰਹੇ ਹਨ। ਆਪ ਜੀ ਹਿੰਦੀ ਅਤੇ ਪੰਜਾਬੀ ਦੇ ਵਰਤਮਾਨ ਕਵੀਆਂ ਵਿਚੋਂ ਸ਼ਰੋਮਣੀ ਹਨ।

## ਗਿਆਨੀ ਮਹਿੰਦਰ ਸਿੰਘ ਘਨੌਰ

ਜਨਮ:— ਆਪ ਦਾ ਜਨਮ ਨਗਰ ਘਨੌਰ, ਖਰੜ ਦੇ ਕੋਲ ਜ਼ਿਲਾ ਅੰਬਾਲਾ ਵਿਚ ਹੋਇਆ।

ਬਾਲਪਨ:— ਆਪ ਦੀ ਪਹਿਲੀ ਉਮਰ ਪਿੰਡ ਵਿਚ ਹੀ ਲੰਘੀ।

ਵਿਦਿਆ:— ਆਪ ਨੇ ਗੁਰਮੁਖੀ ਵਿਦਿਆ ਨਗਰ ਵਿਚ ਹੀ ਪੜ੍ਹੀ। ਉਚ ਵਿਦਿਆ ਪ੍ਰਾਪਤ ਕਰਨ ਲਈ ਖਾਲਸਾ ਪ੍ਰਚਾਰਕ ਵਿਦਿਆਲਾ ਵਿਚ ਜਾ ਦਾਖਲ ਹੋਏ। ਜਿਥੋਂ ਆਪ ਨੇ ਪੰਡਤ ਪ੍ਰਮੇਸ਼ਰਾਨੰਦ

Digitized by Panjab Digital Library | www.panjabdigilib.org

ਅਤੇ ਪੰਡਤ ਅਚੁਤਾ ਨੰਦ ਪਾਸੋਂ ਨਿਆਏ ਮੁਕਤਾਵਲੀ ਅਤੇ ਲਘੂ ਕੌਮ ਦੀ ਪੜ੍ਹਾਈ ਕੀਤੀ। ਪਿਛੋਂ ਆਪ ਜੀ ਨੇ ਪੰਜਾਬ ਯੂਨੀਵਰਸਿਟੀ ਦੀ ਗਿਆਨੀ ਪਾਸ ਕੀਤੀ।

ਉਪਕਾਰ:— ਵਿਦਿਆ ਪ੍ਰਾਪਤ ਕਰਕੇ ਆਪ ਨੇ ਇਲਾਕੇ ਵਿਚ ਵਿਦਿਆ ਦਾ ਪਰਚਾਰ ਕੀਤਾ। ਆਪ ਦੇ ਉਦਮ ਨਾਲ ਖਾਲਸਾ ਹਾਈ ਸਕੂਲ ਖਰੜ ਅਰੰਭ ਹੋਇਆ। ਆਪ ਉਥੇ ਦੇ ਮੁਖੀ ਪਰਬੰਧਕਾਂ ਵਿਚੋਂ ਹਨ। ਕਥਾ ਅਤੇ ਵਿਖਿਆਨ ਵਿਚ ਖਾਸ ਮਹਾਰਤ ਰਖਦੇ ਹਨ।

## ਗਿਆਨੀ ਰਾਮ ਸਿੰਘ ਧਮੋਟ

ਜਨਮ:—ਆਪ ਦਾ ਜਨਮ ਧਮੋਟ ਰਿਆਸਤ ਪਟਿਆਲੇ ਦਾ ਹੈ।

ਵਿਦਿਆ:—ਆਪ ਜੀ ਉਰਦੂ, ਫ਼ਾਰਸੀ ਅਤੇ ਗੁਰਮੁਖੀ ਦੇ ਗੂੜ੍ਹੇ ਗਿਆਨੀ ਅਤੇ ਵਿਦਵਾਨ ਹਨ। ਛੋਟੀ ਉਮਰ ਤੋਂ ਹੀ ਆਪ ਜੀ ਗੁਰਮਤਿ ਪ੍ਰਚਾਰ ਵਿਚ ਦਿਲੀ ਪ੍ਰੇਮ ਰਖਦੇ ਸਨ। ਇਸ ਲਈ ਆਪ ਗ੍ਰਿਸਤ ਮਾਰਗ ਤੋਂ ਸਾਰੀ ਉਮਰ ਦੂਰ ਰਹੇ।

ਸੇਵਾ:—ਆਪ ਜੀ ਨੇ ਗ੍ਰੰਥੀ ਅਤੇ ਪ੍ਰਚਾਰਕ ਦੀ ਸੇਵਾ ਮਸਤੂਆਣੇ, ਦਮ ਦਮਾ ਸਾਹਿਬ ਵਿਚ ਬਹੁਤ ਕੀਤੀ। ਆਪ ਜੀ ਪੰਜਾਬੀ ਬੋਲੀ ਨੂੰ ਉਨਤੀ ਦੇਣ ਦੇ ਆਸ਼ੇ ਨਾਲ ਬਹੁਤ ਸਾਰਾ ਪੰਜਾਬੀ ਸ਼ਬਦ ਭੰਡਾਰ ਜਮਾਂ ਕਰੇ ਹਨ, ਅਜ ਕਲ ਆਪ ਜੀ ਗੁਰਦੁਆਰਾ ਮੋਤੀ ਬਾਗ ਪਟਿਆਲਾ ਦੀ ਸੇਵਾ ਵਿਚ ਲੱਗੇ ਹੋਏ ਹਨ।

## ਸ਼ਃ ਮੇਹਰ ਸਿੰਘ (ਕੋਟ ਦੁਨਾ ਸਿੰਘ)

ਆਪ ਮ: ਆਲਾ ਸਿੰਘ ਦੇ ਭਰਾ ਸ: ਦੁਨਾ ਸਿੰਘ ਦੇ ਖਾਨਦਾਨ ਵਿਚੋਂ ਸਨ। ਆਪ ਜੀ ਨੂੰ ਆਪਣੇ ਵਡੇ ਭਰਾਤਾ ਸ: ਅਜਮੇਰ ਸਿੰਘ ਥਾਨੇਦਾਰ ਤੋਂ ਸਿਖੀ ਦੀ ਲਗਨ ਲੱਗੀ ਅਤੇ ਸਿੰਘ ਸਭਾ ਲਹਿਰ ਵਿਚ ਬਹੁਤ ਸੇਵਾ ਕੀਤੀ।

ਕੰਮ:—ਆਪ ਦਰਬਾਰ ਪਟਿਆਲਾ ਦੇ ਸੁਨਾਮ ਵਿਖੇ ਮਾਲ ਅਫਸਰ ਰਹੇ। ਆਪ ਨੇ ਬਹੁਤ ਸਾਰੇ ਸਰਦਾਰ ਸਜਣਾਂ ਨਾਲ ਰਲ ਕੇ ਖਾ: ਹਾਈ ਸਕੂਲ ਸਾਬੋ ਦੀ ਬਹੁਤ ਸੇਵਾ ਕੀਤੀ। ਆਪ ਦਾ ਸੁਭਾ ਬਹੁਤ ਗੁਰਮੁਖ ਸੀ।

ਦਿਹਾਂਤ:—ਆਪ ਦਾ ਦਿਹਾਂਤ ਸੁਨਾਮ ਵਿਖੇ ਹੀ ਹੋਇਆ।

## ਸ਼ਃ ਭਾਗ ਸਿੰਘ ਪੰਜਗਰਾਈਂ

ਆਪ ਜੀ ਦਾ ਜਨਮ ਪਿਤਾ ਸ। ਕੇਸਰ ਸਿੰਘ ਗਿੱਲ ਦੇ ਘਰ ਮਾਤਾ ਭਾਨ ਕੌਰ ਦੀ ਸੁਭਾਗੀ ਕੁਖੋਂ ਪਿੰਡ ਪੰਜਗਰਾਈਂ ਕਲਾਂ ਰਿਆਸਤ ਫਰੀਦਕੋਟ ਵਿਖੇ ਕਤਕ ੧੯੪੫ ਬਿਃ ਨੂੰ ਹੋਇਆ। ਆਪ ਬਚਪਨ ਤੋਂ ਲੈ ਕੇ ਹੁਣ ਤਕ ਪ੍ਰਉਪਕਾਰੀ ਕੰਮਾਂ ਨੂੰ ਪੂਰਾ ਮੋਢਾ ਲਾ ਕੇ ਕਰਦੇ ਆਏ ਹਨ। ਇਲਾਕੇ ਵਿਚ ਕਈ ਧਰਮਸਾਲਾ, ਲੜਕੇ ਲੜਕੀਆਂ ਦੇ ਸਕੂਲ, ਪਿੰਡਾਂ ਅਤੇ ਇਲਾਕੇ ਨੂੰ ਪ੍ਰੇਰਨਾ ਕਰਕੇ ਬਨਾਉਣਾ, ਆਪ ਜੀ ਦਾ ਮੁਖ ਉਦੇਸ਼ ਹੈ। ਅਤੇ ਪਬਲਕ ਭਲਾਈ ਲਈ ਸਰਕਾਰ ਨਾਲ ਜਦੋ ਜਹਿਦ ਕਰਨ ਵਿਚ, ਪੁਰਾਤਨ ਸਿੰਘਾਂ ਵਾਂਗ ਡਟ ਜਾਂਦੇ ਹਨ। ਏਸੇ ਕਰਕੇ ਹੀ ਆਪ ਦੇ ਸਪੁਤਰਾਂ ਸਃ ਨਥਾ ਸਿੰਘ, ਭਾਈ ਦਿਆਲ ਸਿੰਘ ਪ੍ਰਵਾਨਾਂ ਜਿਨ੍ਹਾਂ ਨੂੰ ਗੁਰੂ ਪੰਥ ਵਿਖੇ ਖਾਸ ਮਾਨ ਪ੍ਰਾਪਤ ਹੈ। ਕਿਉਂਕਿ ਸ਼ੇਰਾਂ ਦੇ ਪੁਤਰ ਸ਼ੇਰ ਹੀ ਹੁੰਦੇ ਹਨ।

Digitized by Panjab Digital Library | www.panjabdigilib.org

# ਨਿਹੰਗ ਸ਼ਮਸ਼ੇਰ ਸਿੰਘ ਜੀ

## ਬਾਨੀ ਸ੍ਰੀ ਗੁਰੂ ਹਰਿਗੋਬਿੰਦ ਖਾਲਸਾ ਕਾਲਜ ਗੁਰੂਸਰ ਸਧਾਰ

ਸ੍ਰੀਮਾਨ ਨਿਹੰਗ ਸ਼ਮਸ਼ੇਰ ਸਿੰਘ ਜੀ ਦਾ ਜਨਮ ਰਾਇਕੋਟ ਵਿਚ ਬਾਬਾ ਮਹਿਤਾਬ ਸਿੰਘ ਜੀ ਦੇ ਘਰ ਮਾਤਾ ਚੰਦ ਕੌਰ ਦੀ ਕੁਖੋਂ ਮਾਹ ਹਾੜ ਸੰਮਤ ੧੯੧੮ ਵਿਚ ਹੋਇਆ। ਆਪ ਜੀ ਦੇ ਮਾਤਾ ਪਿਤਾ ਗੁਰੂ ਘਰ ਦੇ ਪਰੇਮੀ ਸਚੇ ਸੁਚੇ ਗੁਰਸਿਖ ਸਨ। ਜਿਥੇ ਅਜ ਕਲ ਗੁ: ਟਾਹਲੀਆਣਾ ਸਾਹਿਬ ਦੀ ਸ਼ਾਨਦਾਰ ਇਮਾਰਤ ਸ਼ੁਸ਼ੋਭਤ ਹੈ ਇਥੇ ਦਸਮੇਸ਼ ਪਿਤਾ ਦੀ ਯਾਦ ਵਿਚ ਕੇਵਲ ਇਕ ਥੜਾ ਹੋਇਆ ਕਰਦਾ ਸੀ, ਜਿਸਦੀ ਪਰੇਮ ਨਾਲ ਸੇਵਾ ਕਰਨੀ ਆਪ ਦੀ ਮਾਤਾ ਚੰਦ ਕੌਰ ਜੀ ਦਾ ਨਿਤਕਰਮ ਸੀ।

ਜਿਸ ਦੇ ਮਾਤਾ ਪਿਤਾ ਨੂੰ ਗੁਰੂ ਘਰ ਨਾਲ ਅਤੁਟ ਪਿਆਰ ਹੋਵੇ ਉਹਨਾਂ ਦੀ ਸੰਤਾਨ ਗੁਰੂ ਪਿਆਰ ਦੇ ਰੰਗ ਵਿਚ ਕਿਉ ਨਾ ਰੰਗੀ ਜਾਵੇ? ਭਾਈ ਸ਼ਮਸ਼ੇਰ ਸਿੰਘ ਜੀ ਦਾ ਜੀਵਨ ਧਾਰਮਿਕ ਰੰਗ ਵਿਚ ਰੰਗਿਆ ਗਿਆ ਅਤੇ ਆਪ ਜੀ ਨੇ ਬਬੇਕ ਲੈ ਲਿਆ। ਉਪਰੰਤ ਆਪ ਅਬਚਲ ਨਗਰ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਲਈ ਗਏ। ਉਥੇ ਆਈਆਂ ਗਈਆਂ ਸੰਗਤਾਂ ਦੀ ਸੇਵਾ ਵਿਚ ਲੀਨ ਹੋ ਗਏ। ਅਤੇ ਅਰਦਾਸਾ ਸੋਧ ਦਿਤਾ ਕਿ ਮੇਰਾ ਜੀਵਨ ਗੁਰੂ ਘਰ ਦੀ ਸੇਵਾ ਵਿਚ ਬਤੀਤ ਹੋਵੇ। ਆਪ ਜੀ ਨੂੰ ਉਥੋਂ ਦਰੋਗਾ ਦੀ ਪਦਵੀ ਮਿਲੀ। ਨਜ਼ਾਮ ਹੈਦਰਾਬਾਦ ਨੇ ਭੀ ਜੋ ਗੁਰਦਵਾਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਨ, ਆਪ ਜੀ ਦੀ ਸੇਵਾ ਦੀ ਪਰਸੰਸਾ ਕਰਦਿਆਂ ਹੋਇਆਂ ਆਪ ਜੀ ਨੂੰ ਮੋਹਰਾਂ ਇਨਾਮ ਵਜੋਂ ਦਿਤੀਆਂ। ਇਨ੍ਹਾਂ ਦਾ ਪਹਿਲਾ ਨਾਮ ਬੀਰ ਸਿੰਘ ਸੀ। ਹਜ਼ੂਰ ਸਾਹਿਬ ਤੋਂ ਸ਼ਮਸ਼ੇਰ ਸਿੰਘ ਨਾਮ ਰਖਿਆ ਗਿਆ।

ਇਕ ਵੇਰ ਆਪ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕਾਂ ਪਾਸੋਂ ਛੁਟੀ ਲੈ ਕੇ ਪਿੰਡ ਆਇ ਹੋਏ ਸਨ। ਇਧਰ ਗੁਰਦਵਾਰਾ ਗੁਰੂ ਸਰ ਦੀ ਸੇਵਾ ਕਰਨ ਲਈ ਇਲਾਕਾ ਨਿਵਾਸੀ ਕਿਸੇ ਨਿਸ਼ਕਾਮ ਪੰਥ ਸੇਵਕ ਦੀ ਢੂੰਡ ਵਿਚ ਸਨ। ਸਿੰਘ ਸਾਹਿਬ ਜਥੇਦਾਰ ਬਿਸ਼ਨ ਸਿੰਘ ਜੀ ਘੁਮਾਣ, ਸਾਬਕ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਸਃ ਸੱਦਾ ਸਿੰਘ ਜੀ ਲੈਫਟੀਨੈਂਟ ਸੁਧਾਰ ਤੇ ਸਃ ਪ੍ਰਤਾਪ ਸਿੰਘ ਜੀ ਥਾਨੇਦਾਰ ਸੁਧਾਰ ਨੇ ਸਲਾਹ ਕੀਤੀ ਕਿ ਨਿਹੰਗ ਸ਼ਮਸ਼ੇਸ ਸਿੰਘ ਜੀ ਨੂੰ ਇਸ ਸੇਵਾ ਤੇ ਲਾਇਆ ਜਾਵੇ। ਸਃ ਬਿਸ਼ਨ ਸਿੰਘ ਜੀ ਆਪ ਜੀ ਨੂੰ ਲੈਣ ਗਏ ਤਾਂ ਆਪ ਉਹਨਾਂ ਨਾਲ ਖੁਸ਼ੀ ਖੁਸ਼ੀ ਸੇਵਾ ਕਰਨ ਲਈ ਤੁਰ ਗਏ। ਜਿਸ ਸਮੇਂ ਨਿਹੰਗ ਸਾਹਿਬ ਨੇ ਸੇਵਾ ਦਾ ਅਰੰਭ ਕੀਤਾ, ਉਸ ਸਮੇਂ ਜਿਥੇ ਅਜ ਕੱਲ ਖਾਲਸਾ ਕਾਲਜ ਦੀਆਂ ਸ਼ਾਨਦਾਰ ਇਮਾਰਤਾਂ ਹਨ ਇਥੇ ਨਿਰਾ ਜੰਗਲ ਹੀ ਸੀ। ਇਹ ਰਖ ਇਤਨੀ ਸੰਘਣੀ ਸੀ ਕਿ ਇਸ ਵਿਚ ਮਨੁਖ ਤਾਂ ਕੀ ਪਸ਼ੂ ਪੰਖੀਆਂ ਦਾ ਲੰਘਣਾ ਭੀ ਮੁਸ਼ਕਲ ਸੀ। ਉਸ ਸਮੇਂ ਕਿਸੇ ਐਸੇ ਸਿਦਕਵਾਨ ਗੁਰਸਿਖ ਦੀ ਲੋੜ ਸੀ ਜੋ ਸੇਵਾ ਨੂੰ ਆਪਣਾ ਆਦਰਸ਼ ਬਣਾ ਕੇ ਸਾਰੀਆਂ ਮੁਸੀਬਤਾਂ ਦਾ ਟਾਕਰਾ ਕਰੇ। ਭਾਈ ਸ਼ਮਸ਼ੇਰ ਸਿੰਘ ਜੀ ਨਿਹੰਗ ਨੇ ਇਸ ਪਵਿਤਰ ਅਸਥਾਨ ਨੂੰ ਪ੍ਰਫੁਲਤ ਕਰਨ ਲਈ ਕਿਤਨੀਆਂ ਕਠਨ ਘਾਲਣਾ ਘਾਲੀਆਂ ਇਹ ਸਾਰਾ ਵਿਸਥਾਰ ਲਿਖਿਆ ਜਾਵੇ ਤਾਂ ਇਕ ਵਖਰੀ ਪੁਸਤਕ ਬਣ ਸਕਦੀ ਹੈ। ਆਪ ਦੇ ਜੀਵਨ ਤੋਂ ਇਹ ਪ੍ਰਤੱਖ ਮਲੂਮ ਹੁੰਦਾ ਹੈ ਕਿਃ–

"ਜਿਥੇ ਬੈਠਣ ਸੰਤ ਜਨ ਸੋ ਥਾਨ ਸੁਹੰਦਾ,
ਉਹ ਸਿਮਰਨ ਸੰਮਰਥ ਆਪਣਾ ਬਿਨਸੇ ਸਭ ਮੰਦਾ।"

ਦੇ ਮਹਾਵਾਕ ਅਨੁਸਾਰ ਜਿਥੇ ਅਟੱਲ ਇਰਾਦੇ ਵਾਲੇ ਮਹਾਂਪੁਰਖ ਬੈਠ ਜਾਂਦੇ ਹਨ ਉਹ ਜੋ ਚੋਹਣ ਰਚਨਾ ਰਚਾ ਸਕਦੇ ਹਨ।

Digitized by Panjab Digital Library | www.panjabdigilib.org

ਵਿਘਨ ਤੇ ਰੁਕਾਵਟਾਂ ਉਨ੍ਹਾਂ ਦੇ ਰਾਹ ਵਿਚ ਖੜੀਆਂ ਨਹੀਂ ਹੋ ਸਕਦੀਆਂ। ਭਾਈ ਸਾਹਿਬ ਭਾਈ ਸ਼ਮਸ਼ੇਰ ਸਿੰਘ ਜੀ ਨਿਹੰਗ ਨੇ ਜੰਗਲ ਵਿਚ ਮੰਗਲ ਲਗਾ ਦਿਤਾ। ਅਜ ਇਹ ਸਾਰਾ ਇਲਾਕਾ ਉਨ੍ਹਾਂ ਦੀ ਘਾਲਣਾ ਦੀ ਪ੍ਰਸੰਸਾ ਮੁਕਤ ਕੰਠ ਨਾਲ ਕਰਦਾ ਹੈ, ਅਤੇ ਵਿਦਿਆ ਦੇ ਇਹ ਮੰਹਾਨ ਕੇਂਦਰ ਤੋਂ ਰੋਸ਼ਨੀ ਲੇ ਕੇ ਨੌਜਵਾਨ ਆਪਣੇ ਜੀਵਨ ਰੱਥ ਨੂੰ ਸਮਾਰਗ ਤੇ ਚਲਾ ਰਹੇ ਹਨ। ਬਾਬਾ ਜੀ ਦਾ ਜੀਵਨ ਪੂਰਨ ਗੁਰਸਿੱਖਾਂ ਵਾਲਾ ਪ੍ਰਉਪਕਾਰੀ ਤੇ ਸਾਦਗੀ ਭਰਪੂਰ ਸੀ। ਇਸ ਇਲਾਕੇ ਦੀਆਂ ਆਉਣ ਵਾਲੀਆਂ ਨਸਲਾਂ ਭੀ ਆਪ ਦੇ ਜੀਵਨ ਨੂੰ ਯਾਦ ਕਰਕੇ ਜਤਗੱਯਤਾ ਦੇ ਭਾਵ ਨਾਲ ਭਰ ਜਾਇਆ ਕਰਨਗੀਆਂ। ਉਹ ਆਪ ਜੈਸੇ ਮਹਾਂ ਪੁਰਖਾਂ ਨੂੰ ਰੌਸ਼ਨੀ ਦਾ ਮੀਨਾਰ ਸਮਝ ਕੇ ਸ਼ਰਧਾ ਦੇ ਫੂਲ ਚੜ੍ਹਾਇਆ ਕਰਨਗੀਆਂ।

## ਜ਼ਰੂਰੀ ਬੇਨਤੀ

ਬਹੁਤ ਸਾਰੇ ਗੁਰਮੁਖਾਂ ਦੇ ਜੀਵਨ ਮੇਰੀ ਨਾ ਵਾਕਫੀ ਦੇ ਕਾਰਨ ਤੇ ਖੁਦ ਉਹਨਾਂ ਦੀ ਢਿਲਿਆਈ ਜਿਨ੍ਹਾਂ ਨੂੰ ਬਾਰ ਬਾਰ ਬੇਨਤੀ ਕਰਨ ਤੇ ਭੀ ਕੁਝ ਭੇਜਨ ਦੀ ਖੇਚਲ ਨਹੀਂ ਕੀਤੀ। ਪਰ ਦਾਸ ਸਾਰਿਆਂ ਤੋਂ ਖਿਮਾਂ ਦਾ ਜਾਚਕ ਹੈ ਅਤੇ ਆਸ ਰਖਦਾ ਹੈ ਕਿ ਅਗੇ ਨੂੰ ਜ਼ਰੂਰ ਭੇਜਣ ਦੀ ਕਿਰਪਾ ਕਰਨਗੇ। ਜੋ ਅਗਲੇ ਐਡੀਸ਼ਨ ਵਿਚ ਪ੍ਰਕਾਸ਼ਤ ਕੀਤਾ ਜਾਵੇਗਾ।

ਦਾਸ:—ਵਸਾਖਾ ਸਿੰਘ ਸੰਤ ਸਿਪਾਹੀ,

Digitized by Panjab Digital Library | www.panjabdigilib.org

# ਹੇਠ ਲਿਖੇ ਕਾਲਜਾਂ ਲੜਕਿਆਂ ਤੇ ਲੜਕੀਆਂ ਦੇ ਹਾਈ ਸਕੂਲਾਂ ਦੇ ਨਾਮ ਜ਼ਿਲੇ ਵਾਰ ਦਿਤੇ ਜਾਂਦੇ ਹਨ ਜੋ ਮਨਜ਼ੂਰਸ਼ੁਦਾ ਚਲ ਰਹੇ ਹਨ। ਨਾ-ਮਨਜ਼ੂਰ ਸ਼ੁਦਾ ਇਨ੍ਹਾਂ ਤੋਂ ਬਿਨਾਂ ਹਨ।

## ਕਾਲਜ

੧. ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ
੨. ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਲੁਧਿਆਣਾ
੩. ਮਾਲਵਾ ਟਰੇਨਿੰਗ ਕਾਲਜ ਲੁਧਿਆਣਾ
੪. ਖਾਲਸਾ ਕਾਲਜ ਗੁਰੂ ਸਰ ਸਧਾਰ
੫. ਖਾਲਸਾ ਕਾਲਜ ਫਾਰ ਵੁਮਿਨ ਸਿਧਵਾਂ ਖੁਰਦ
੬. ਮਹਿੰਦਰਾ ਕਾਲਜ ਪਟਿਆਲਾ
੭. ਰਿਪਦਮਨ ਕਾਲਜ ਨਾਭਾ
੮. ਬਰਜਿੰਦਰਾ ਕਾਲਜ ਫਰੀਦਕੋਟ

## ਲੜਕੀਆਂ ਦੇ ਹਾਈ ਸਕੂਲ

੧. ਸਿਖ ਗਰਲਜ਼ ਹਾਈ ਸਕੂਲ ਅੰਬਾਲਾ ਛਾਉਣੀ
੨. ਗੁਰੂ ਨਾਨਕ ਕੰਨਿਆ ਵਿਦਿਆਲਾ ਅਹਿਮਦਗੜ੍ਹ
੩. ਸਿਖ ਗਰਲਜ਼ ਹਾਈ ਸਕੂਲ ਸਿਧਵਾਂ ਖੁਰਦ
੪. ਖਾਲਸਾ ਗਰਲਜ਼ ਹਾਈ ਸਕੂਲ ਕਿਲਾ ਰਾਇਪੁਰ
੫. ਸਿਖ ਗਰਲਜ਼ ਹਾਈ ਸਕੂਲ ਜਗਰਾਉਂ
੬. ਸਿਖ ਗਰਲਜ਼ ਹਾਈ ਸਕੂਲ ਜਸਪਾਲੋਂ
੭. ਖਾਲਸਾ ਗਰਲਜ਼ ਹਾਈ ਸਕੂਲ ਦੋਰਾਹਾ
੮. ਸਿਖ ਕੰਨਯਾ ਮਹਾਂ ਵਿਦਿਆਲਾ ਫੀਰੋਜ਼ਪੁਰ
੯. ਗੁਰੂ ਨਾਨਕ ਖਾਲਸਾ ਗਰਲਜ਼ ਹਾਈ ਸਕੂਲ ਬੋਪਾਰਾਏ।
੧੦. ਖਾਲਸਾ ਗਰਲਜ਼ ਹਾਈ ਸਕੂਲ ਮੋਰਿੰਡਾ
੧੧. ਖਾਲਸਾ ਗਰਲਜ਼ ਹਾਈ ਸਕੂਲ, ਲੁਧਿਆਣਾ
੧੨. ਗੁਰੂ ਰਾਮਦਾਸ ਗਰਲਜ਼ ਹਾਈ ਸਕੂਲ ਲੁਧਿਆਣਾ
੧੩. ਸਿਖ ਗਰਲਜ਼ ਹਾਈ ਸਕੂਲ ਲੁਧਿਆਣਾ

## ਲੜਕਿਆਂ ਦੇ ਹਾਈ ਸਕੂਲ

### ਜ਼ਿਲਾ ਅੰਬਾਲਾ

੧. ਖਾਲਸਾ ਹਾਈ ਸਕੂਲ ਅੰਬਾਲਾ ਸ਼ਹਿਰ
੨. ਫਰੂਕਾ ਹਾਈ ਸਕੂਲ ਅੰਬਾਲਾ ਛਾਉਣੀ
੩. ਸ੍ਰੀ ਕਲਗੀਧਰ ਖਾਲਸਾ ਹਾਈ ਸਕੂਲ ਰੋਪੜ
੪. ਸ੍ਰੀ ,, ,, ,, ਕੁਰਾਲੀ
੫. ਸ੍ਰੀ ,, ,, ,, ਸੋਹਾਨਾ
੬. ਸ੍ਰੀ ਕਲਗੀਧਰ ਖਾਲਸਾ ਹਾਈ ਸਕੂਲ ਖਰੜ
੭. ਬਾਬਾ ਅਜੀਤ ਸਿੰਘ ਜੁਝਾਰ ਸਿੰਘ ਖਾਲਸਾ ਹਾਈ ਸਕੂਲ; ਸ੍ਰੀ ਚਮਕੌਰ ਸਾਹਿਬ
੮. ਗੁਰੂ ਤੇਗ ਬਹਾਦਰ ਖਾਲਸਾ ਹਾਈ ਸਕਲ ਖੰਟ (ਮਾਨ ਪੁਰ)

Digitized by Panjab Digital Library | www.panjabdigilib.org

## ਜ਼ਿਲਾ ਕਰਨਾਲ

੧. ਖਾਨੇਵਾਲ ਖਾਲਸਾ ਹਾਈ ਸਕੂਲ ਸ਼ਾਹਬਾਦ

## ਜ਼ਿਲਾ ਪਟਿਆਲਾ

੧. ਢੁਡਿਆਲ ਖਾ: ਹਾਈ ਸਕੂਲ ਪਟਿਆਲਾ
੨. ਬਾਬਾ ਜੋਰਾਵਰ ਸਿੰਘ ਫਤੇਹ ਸਿੰਘ ਖਾਲਸਾ ਹਾਈ ਸਕੂਲ ਸਰਹਿੰਦ ਮੰਡੀ
੩. ਸ੍ਰੀ ਗੁਰੂ ਹਰਗੋਬਿੰਦ ਖਾਲਸਾ ਹਾਈ ਸਕੂਲ ਮੰਡੀ ਗੋਬਿੰਦਗੜ੍ਹ
੪. ਖਾਲਸਾ ਹਾਈ ਸਕੂਲ ਬਠਿੰਡਾ
੫. ,, ,, ਮਾਨਸਾ
੬. ,, ,, ਮੌੜ ਮੰਡੀ
੭. ਖਾਲਸਾ ਹਾਈ ਸਕੂਲ ਤਲਵੰਡੀ ਸਾਬੋ
੮. ,, ,, ਲਸੋਈ
੯. ,, ,, ਬਖਤਗੜ੍ਹ
੧੦. ਮਾਲਵਾ ਖਾਲਸਾ ਹਾਈ ਸਕੂਲ ਧੂਰੀ
੧੧. ਗੁਰੂ ਨਾਨਕ ਹਾਈ ਸਕੂਲ ਸੰਗਰੂਰ
੧੨. ਸੇਵਾ ਸਿੰਘ ਠੀਕਰੀ ਵਾਲਾ ਹਾਈ ਸਕੂਲ ਠੀਕਰੀਵਾਲਾ

## ਜ਼ਿਲਾ ਫੀਰੋਜ਼ਪੁਰ

੧. ਮਾਲਵਾ ਖਾਲਸਾ ਹਾਈ ਸਕੂਲ ਫੀਰੋਜ਼ਪੁਰ
੨. ਭੁਪਿੰਦਰਾ ਖਾਲਸਾ ਹਾਈ ਸਕੂਲ ਮੋਗਾ
੩. ਮਾਲਵਾ ਖਾਲਸਾ ਹਾਈ ਸਕੂਲ, ਗੁਰੂ ਤੇਗ ਬਹਾਤਰ ਗੜ੍ਹ
੪. ਖਾਲਸਾ ਹਾਈ ਸਕੂਲ ਮੁਕਤਸਰ
੫. ,, ,, ਨਾਨਕ ਸਰ
੬. ਖਾਲਸਾ ਹਾਈ ਸਕੂਲ ਸੰਤ ਨਗਰ ਰਾਮਾ
੭. ,, ,, ਪੜਾਉ ਮਹਿਣਾ
੮. ,, ,, ਚੂਹੜ ਚੱਕ
੯. ਗੁਰੂ ਗੋਬਿੰਦ ਸਿੰਘ ਹਾਈ ਸਕੂਲ ਲੋਦੋਕੀ
੧੦. ਗੁਰੂ ਨਾਨਕ ਖਾਲਸਾ ਹਾਈ ਸਕੂਲ ਤਖਤੂ ਪੁਰਾ

## ਜ਼ਿਲਾ ਲੁਧਿਆਣਾ

੧. ਮਾਲਵਾ ਖਾਲਸਾ ਹਾਈ ਸਕੂਲ ਲੁਧਿਹਾਣਾ
੨. ਖਾਲਸਾ ਨੈਸ਼ਨਲ ਹਾਈ ਸਕੂਲ ,,
੩. ਸੱਯਦ ਪੋਠੋਹਾਰ ਖਾ: ਹਾਈ ਸਕੂਲ ,,
੪. ਰਾਮਗੜ੍ਹੀਆ ਇੰਡਸਟ੍ਰੀਅਲ ਹਾਈ ਸਕੂਲ ਲੁਧਿਆਣਾ
੫. ਸਰਗੋਧਾ ਖਾ: ਹਾਈ ਸਕੂਲ ਲੁਧਿਆਣਾ
੬. ਗੁਜਰ ਖਾਨ ਖਾਲਸਾ ਹਾਈ ਸਕੂਲ ਮਾਡਲ ਟਾਊਨ ਲੁਧਿਆਣਾ
੭. ਖਾਲਸਾ ਹਾਈ ਸਕੂਲ ਕਿਲਾ ਰਾਏਪੁਰ
੮. ਗੁਰੂ ਨਾਨਕ ਖਾਲਸਾ ਹਾਈ ਸਕੂਲ ਗਿੱਲ
੯. ਗੁਰੂ ਗੋਬਿੰਦ ਸਿੰਘ ਖਾ: ਹਾਈ ਸਕੂਲ ਖੰਨਾ
੧੦. ਸ੍ਰੀ ਦਸਮੇਸ਼ ਹਾਈ ਸਕੂਲ ਰਾਇਕੋਟ
੧੧. ਗੁਰੂ ਹਰਗੋਬਿੰਦ ਖਾਲਸਾ ਹਾਈ ਸਕੂਲ ਸਧਾਰ
੧੨. ਰਣਜੀਤ ਸਿੰਘ ਖਾਲਸਾ ਹਾਈ ਸਕੂਲ ਜਸਪਾਲੋਂ
੧੩. ਖਾ: ਹਾਈ ਸਕੂਲ ਮਹਿਮਾ ਸਿੰਘ ਵਾਲਾ
੧੪. ਗੁਰੂ ਗੋਬਿੰਦ ਸਿੰਘ ਖਾਲਸਾ ਹਾਈ ਸਕੂਲ ਕਮਾਲ ਪੁਰਾ
੧੫. ਗੁਰੂ ਹਰਗੋਬਿੰਦ ਖਾਲਸਾ ਹਾਈ ਸਕੂਲ ਕਰੀਰ ਸਾਹਿਬ ਲਿੱਤਰ
੧੬. ਐਸ. ਬੀ. ਐਸ. ਲਾਹੌਰ ਖਾਲਸਾ ਹਾਈ ਸਕੂਲ ਜਗਰਾਉਂ
੧੭. ਅਜੀਤਸਰ ਖਾ: ਹਾਈ ਸਕੂਲ ਜਾਂਗ ਪੁਰ

Digitized by Panjab Digital Library | www.panjabdigilib.org

੧੮. ਖਾਲਸਾ ਹਾਈ ਸਕੂਲ ਹੇਰਾਂ
੧੯. ਖਾਲਸਾ ਹਾਈ ਸਕੂਲ ਹਾਂਸ
੨੦. ਰਤਨ ਸਿੰਘ ਹਾਈ ਸਕੂਲ ਧਰਮਸਾਲ
੨੧. ਗੁਰੂ ਨਾਨਕ ਖਾਲਸਾ ਹਾਈ ਸਕੂਲ ਕਰਮ ਸਰ
੨੨. ਗੁਰੂ ਗੋਬਿੰਦ ਸਿੰਘ ਖਾਲਸਾ ਹਾਈ ਸਕੂਲ ਨਥੋਵਾਲ
੨੩. ਖਾਲਸਾ ਹਾਈ ਸਕੂਲ ਸ਼ੇਰਪੁਰਾ
੨੪. ,, ,, ਮੋਹੀ
੨੫. ਜੀ. ਏ. ਡੀ. ਖਾਲਸਾ ਹਾਈ ਸਕੂਲ ਭੜੀ
੨੬. ਨੀਉ ਮਾਡਲ ਖਾਲਸਾ ਹਾਈ ਸਕੂਲ ਸਮਰਾਲਾ
੨੭. ਕਲਗੀਧਰ ਖਾਲਸਾ ਹਾਈ ਸਕੂਲ ਘੁਲਾਲ
੨੮. ਗੁਰੂ ਗੋਬਿੰਦ ਸਿੰਘ ਹਾਈ ਸਕੂਲ ਜਸਪਾਲ ਬਾਂਗਰ
੨੯. ਗੁਰੂ ਹਰਗੋਬਿੰਦ ਖਾਲਸਾ ਹਾਈ ਸਕੂਲ ਮੰਡੀ ਬਹਾਦਰਗੜ੍ਹ
੩੦. ਬਾਰ ਖਾਲਸਾ ਹਾਈ ਸਕੂਲ ਲਤਾਲਾ

## ਖਾਲਸਾ ਕਾਲਜ ਫ਼ਾਰ ਵੂਮਿਨ ਸਿਧਵਾਂ ਖੁਰਦ

ਭਾਈ ਸਾਹਿਬ ਭਾਈ ਨਰਾਇਣ ਸਿੰਘ ਜੀ ਸਿਧਵਾਂ ਖੁਰਦ ਦੇ ਨਾਮ ਨਾਮੀਂ ਤੋਂ ਸਿਖ ਸੰਸਾਰ ਦੀਆਂ ਸਾਰੀਆਂ ਵਯਕਤੀਆਂ ਭਲੀ ਪਰਕਾਰ ਜਾਣੂੰ ਹਨ। ਇਸ ਆਸ਼ਰਮ ਨੂੰ ਅਰੰਭ ਕਰਨ ਵਾਲੇ ਆਪ ਹੀ ਹਨ।

੨੫ ਮਈ ਸੰਨ ੧੯੦੯ ਵਿਚ ਆਪ ਨੇ ਆਪਣੇ ਇਕਲੋਤੇ ਪੁਤਰ ਕਾਕਾ ਉਜਾਗਰ ਸਿੰਘ ਦੀ ਯਾਦਗਾਰ ਵਜੋਂ, ਆਪਣੇ ਪਿੰਡ ਵਿਖੇ ਹੀ ਕੁਝ ਹੋਰ ਸਜਨਾਂ ਦੀ ਸਲਾਹ ਨਾਲ ਆਪਣ ਘਰ ਹੀ ਸਿਖ ਕੰਨਯਾ ਪਾਠਸ਼ਾਲਾ ਜਾਰੀ ਕੀਤੀ, ਤੇ ਇਸ ਦਾ ਨਾਮ "ਸ੍ਰੀ ਗੁਰੂ ਹਰਿਗੋਬਿੰਦ ਉਜਾਗਰ ਸਿਖ ਕੰਨਯਾ ਪਾਠਸ਼ਾਲਾ" ਰਖਿਆ। ਅਤੇ ਆਪਣਾ ਤਨ, ਮਨ, ਧਨ ਸਭ ਇਸ ਦੀ ਪ੍ਰਫੁਲਤਾ ਲਈ ਲਾਉਣਾ ਅਰੰਭ ਕਰ ਦਿਤਾ। ਆਪ ਜੀ ਦੀ ਧਰਮ ਪਤਨੀ ਬੀਬੀ ਰਾਮ ਕੌਰ ਨੇ ਵੀ ਵਧ ਤੋਂ ਵਧ ਸੇਵਾ ਕੀਤੀ। ਇਹ ਪਾਠਸ਼ਾਲਾ ਸੰਨ ੧੯੧੨ ਈਸਵੀ ਵਿਚ ਪ੍ਰਾਇਮਰੀ, ਸੰਨ ੧੯੧੯ ਵਿਚ ਮਿਡਲ ਤੇ ੧੯੨੭ ਵਿਚ ਅੰਗਰੇਜ਼ੀ ਮਿਡਲ, ਅਤੇ ਸੰਨ ੧੯੩੫ ਵਿਚ ਹਾਈ ਸਕੂਲ ਬਣ ਗਈ।

ਇਸ ਸਮੇਂ ਤਕ ਇਸਦੀ ਬਹੁਤ ਸਾਰੀ ਇਮਾਰਤ, ਭਾਈ ਸਾਹਿਬ ਆਪਣੇ ਪਾਸੋਂ ਹੀ ਮਾਇਆ ਖਰਚ ਕੇ ਬਣਾਉਂਦੇ ਰਹੇ। ਇਸ ਨੂੰ ਇਸ ਤਰ੍ਹਾਂ ਵਧਦੀ ਲਈ ਵੇਖ ਆਖਰ ਸੰਨ ੧੯੩੪ ਵਿਚ ਆਪਣੀ ਹਰ ਕਿਸਮ ਦੀ ਕੁਲ ਜਾਇਦਾਦ ਦਾ "ਗੁਰੂ ਹਰਿਗੋਬਿੰਦ ਉਜਾਗਰ ਹਰੀ ਟਰਸਟ" ਸਿਧਵਾਂ ਖੁਰਦ ਬਣਾਕੇ, ਸਭ ਕੁਝ ਉਸ ਦੇ ਅਰਪਨ ਕਰ ਦਿਤਾ, ਅਤੇ ਟਰਸਟ ਦੇ ਜ਼ਿੰਮੇ ਇਸ ਆਸ਼ਰਮ ਨੂੰ ਚਲਾਉਣਾ, ਵਧਾਉਣਾ, ਇਸਤਰੀ ਵਿਦਿਆ ਲਈ ਯਤਨ ਕਰਨਾ ਕੀਤਾ। ਆਪ ਨੇ ਇਥੇ ਇਕ ਇਸਤਰੀ ਹਸਪਤਾਲ ਵੀ ਜਾਰੀ ਕੀਤਾ। ਸੰਨ ੧੯੫੦ ਵਿਚ ਇਹ ਆਸ਼ਰਮ ਇਸਤਰੀ ਬੀ. ਏ. ਦਾ ਡਿਗਰੀ ਦਾ ਕਾਲਜ ਬਣ ਗਿਆ। ਅਤੇ ਹੁਣ ਬੀ. ਟੀ. ਦੀ ਟ੍ਰੇਨਿੰਗ ਕਲਾਸ ਅਤੇ ਇੰਜ਼ਨੀਅਰ ਬੇਸਿਕ ਟ੍ਰੇਨਿੰਗ ਕਲਾਸਾਂ ਵੀ ਬਣ ਚੁਕੀਆਂ ਹਨ, ਜੋ ਸਾਰੇ ਇਲਾਕੇ ਵਿਚ ਹੀ ਨਹੀ ਸਗੋਂ ਸਾਰੇ ਪੰਜਾਬ ਵਿਚ ਪ੍ਰਸਿਧ ਹੈ।

ਭਾਈ ਸਾਹਿਬ ਨਰਾਇਣ ਸਿੰਘ ਹੋਰਾਂ ਦੇ ਚਲਾਣੇ ਤੋਂ ਕੁਝ ਸਮਾਂ ਪਹਿਲਾਂ ਆਪ ਨੇ ਸਰਦਾਰ ਮਹਿੰਦਰ ਸਿੰਘ ਜੀ ਸਿਧਵਾਂ ਖੁਰਦ, ਭਾਈ ਗੁਲਜ਼ਾਰ ਸਿੰਘ ਜੀ, ਰਸਾਲਦਾਰ ਪਰਤਾਪ ਸਿੰਘ ਤੇ ਆਪਣੀ

Digitized by Panjab Digital Library | www.panjabdigilib.org

ਸਪੁਤਰੀ ਬੀਬੀ ਹਰ ਪ੍ਰਕਾਸ਼ ਕੌਰ ਨੂੰ ਟਰਸਟੀ ਨੀਯਤ ਕਰ ਦਿਤਾ। ੨੧ ਅਗਸਤ ੧੯੫੫ ਨੂੰ ਆਪ ਇਸ ਬੂਟੇ ਨੂੰ ਲਹਿ ਲਹਾਉਂਦਾ ਛੱਡ ਚੜ੍ਹਾਈ ਕਰ ਗਏ। ਅਜ ਆਪ ਦੀ ਸਪੁਤਰੀ ਬੀਬੀ ਹਰ ਪ੍ਰਕਾਸ਼ ਕੌਰ ਜੋ ਇਸ ਦੇ ਮੁਖੀ ਤੇ ਮੋਢੀ ਪ੍ਰਬੰਧਕ ਹਨ। ਜਿਨ੍ਹਾਂ ਦੀ ਦਿਨ ਰਾਤ ਦੀ ਅਨਥਕ ਲਗਨ ਨੇ ਇਸ ਨੂੰ ਇਥੋਂ ਤਕ ਪੁਚਾਇਆ ਹੈ। ਇਸ ਆਸ਼ਰਮ ਨੂੰ ਫਲੀ ਭੂਤ ਕਰਨ ਵਿਚ ਬੀਬੀ ਜੀ ਦਾ ਵੀ ਭਾਰੀ ਹੱਥ ਹੈ। ਸ: ਮਹਿੰਦਰ ਸਿੰਘ ਸਿਧਵਾਂ ਨੇ ਭੀ ਇਸ ਸੰਸਥਾ ਨੂੰ ਸਿਖਰ ਤਕ ਪੁਚਾਣ ਵਿਚ ਕਾਫੀ ਹਿਸਾ ਪਾਇਆ ਹੈ।

## ਗੁਰੂ ਹਰਗੋਬਿੰਦ ਖਾਲਸਾ ਕਾਲਜ ਗੁਰੂ ਸਰ ਸਧਾਰ

ਮੀਰੀ ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਨੇ ਅੰਮ੍ਰਿਤਸਰ ਦੇ ਨੇੜੇ ਪਹਿਲੀ ਜੰਗ ਵਿਚ ਮੁਖਲਸ ਖਾਂ ਜਰਨੈਲ ਦੀ ਫੌਜ਼ ਨੂੰ ਭਾਜ ਦਿਤੀ। ਅਤੇ ਦੂਜੀ ਜੰਗ ਵਿਚ ਅਬਦੁਲ ਖਾਂ ਸੂਬੇਦਾਰ ਜਲੰਧਰ ਨੂੰ ਹਾਰ ਦੇ ਕੇ, ਭਾਈ ਕੀ ਡਰੋਲੀ ਵਲ ਨੂੰ ਜਾਂਦੇ ਸਧਾਰ ਨਗਰ ਦੇ ਪੂਰਬ ਵਲ ਦੇ ਪਾਸੇ ਘਣੇ ਬਣਾਂ ਵਿਚ ਦੀ ਲੰਘੇ। ਤਾਂ ਇਸ ਅਸਥਾਨ ਦਾ ਨਾਉਂ ਗੁਰੂ ਸਰ ਪਿਆ।

ਫੇਰ ਡਰੋਲੀ ਤੋਂ ਮੁੜਦਿਆਂ ਲਲਾ ਬੇਗ ਨੂੰ ਜੰਗ ਵਿਚ ਸਿੱਖਾਂ ਦੀ ਸੂਰਮਗਤੀ ਦੇ ਹੱਥ ਵਿਖਾਉਂਦਿਆਂ ਇਕ ਲਕ-ਤੋੜਵੀਂ ਹਾਰ ਦੇ ਕੇ ਰਾਏ ਜੋਧ ਦੇ ਨਾਲ ਗੁੱਜਰਵਾਲ ਵਿਚ ਦੀ ਹੁੰਦੇ ਹੋਏ ਮੁੜ ਗੁਰੂ ਸਰ ਸਧਾਰ ਪੁੱਜੇ। ਅਤੇ ਸਧਾਰ ਦੇ ਇਕ ਸਿੱਖ ਨੂੰ ਜੋ ਘੋੜੇ ਦੇ ਨਾਲ ੨ ਤੁਰਿਆ ਆ ਰਿਹਾ ਸੀ, ਨੰਗੇ ਪੈਰੀਂ ਨਾਲ ੨ ਭਜਿਆ ਆਉਂਦਾ ਵੇਖ ਕੇ ਆਪਣੇ ਪੈਰਾਂ ਦਾ ਜੋੜਾ ਪਾਉਣ ਲਈ ਬਖਸ਼ਿਆ। ਜੋ ਸਿੱਖ ਨੇ ਪੈਰੀਂ ਪਾਉਣ ਦੀ ਬਜਾਏ ਸੀਸ ਤੇ ਰਖਿਆ ਤੇ ਗੁਰੂ ਜੀ ਤੋਂ ਅਸੀਸ ਪ੍ਰਾਪਤ ਕੀਤੀ ਕਿ ਜਦ ਤਕ ਜੋੜੇ ਦਾ ਸਨਮਾਨ ਰਖੋਗੇ ਸਭ ਮੁਰਾਦਾਂ ਪੂਰੀਆਂ ਹੋਣਗੀਆਂ। ਇਹ ਜੋੜਾ ਸਾਹਿਬ ਅਜ ਤਕ ਸਧਾਰ ਨਗਰ ਵਿਚ ਇਕ ਪ੍ਰੇਮੀ ਸਿੱਖ ਦੇ ਘਰ ਮੌਜੂਦ ਹੈ ਤੇ ਦੂਰੋਂ ਦੂਰੋਂ ਸ਼ਰਧਾਲੂ ਸਿੱਖ ਇਸ ਦੇ ਦਰਸ਼ਨ ਕਰਕੇ ਸਿਦਕੀ ਸੀਨੇ ਠਾਰਦੇ ਹਨ।

ਚਿਰਾਂ ਤੱਕ ਇਹ ਜਗ੍ਹਾ ਜਿਥੇ ਗੁਰੂ ਸਾਹਿਬ ਠਹਿਰੇ ਸਨ ਵਸੋਂ ਹੀਣ ਰਹੀ ਸਿਰਫ ਇਕ ਨਿਸ਼ਾਨ ਕਾਇਮ ਕੀਤਾ ਗਿਆ ਸੀ ਜਿਥੇ ਸਤਿਗੁਰੂ ਠਹਿਰੇ ਸਨ।

ਸੰਗਤਾਂ ਵਿਚ ਇਸ ਗੱਲ ਦੀ ਬੜੀ ਚਰਚਾ ਸੀ ਕਿ ਗੁਰੂ ਸਰ ਦੀ ਸੰਭਾਲ ਅਤੇ ਇਥੇ ਕੋਈ ਗੁਰਦੁਆਰਾ ਬਨਾਉਣ ਲਈ ਕਿਸੇ ਯੋਗ ਸੇਵਾਦਾਰ ਦੀ ਢੂੰਡ ਕੀਤੀ ਜਾਵੇ ਪਰ ਅਜਿਹੀ ਕਠਨ ਜਗ੍ਹਾ ਤੇ ਕੌਣ ਆਉਣ ਨੂੰ ਤਿਆਰ ਹੁੰਦਾ ਜਿਥੇ ਸੇਵਾ ਤੋਂ ਬਿਨਾਂ ਸੁਖ ਸਹੂਲਤ ਕੋਈ ਨਜ਼ਰ ਨਾ ਆਵੇ।

ਇਕ ਵਾਰ ਇਤਫਾਕ ਨਾਲ ਜਮਾਂਦਾਰ ਬਿਸ਼ਨ ਸਿੰਘ ਘਮਾਣ, ਲੈਫਟੀਨੈਂਟ ਸੱਦਾ ਸਿੰਘ ਸਧਾਰ, ਜਮਾਦਾਰ ਜੀਵਾ ਸਿੰਘ ਚਕਰ ਤੇ ਸੂਬੇਦਾਰ ਹਰਦਿਤ ਸਿੰਘ ਆਦਿ ਸੱਜਣ ਲੋਕ ਲੜਾਈ ਨੂੰ ਜਾਂਦੇ ਹੋਏ ਮੱਥਾ ਟੇਕਣ ਇਸ ਅਸਥਾਨ ਤੇ ਆਏ ਅਤੇ ਇਨ੍ਹਾਂ ਨੂੰ ਮਹਿਸੂਸ ਹੋਇਆ ਕਿ ਇਸ ਅਸਥਾਨ ਦੀ ਸੇਵਾ ਦਾ ਬਾਨਣੂ ਜ਼ਰੂਰ ਬਨਣਾ ਚਾਹੀਦਾ ਹੈ। ਉਹ ਤੁਰਤ ਹੀ ਸਧਾਰ ਨਗਰ ਪੁੱਜੇ, ਸੰਗਤ ਇਕੱਤਰ ਕੀਤੀ ਅਤੇ ਵਿਚਾਰ ਹੋਈ ਕਿ ਏਸ ਇਤਿਹਾਸਕ ਅਸਥਾਨ ਨੂੰ ਸ਼ੀਘਰ ਹੀ ਆਬਾਦ ਕੀਤਾ ਜਾਵੇ ਤੇ ਇਥੇ ਸੁੰਦਰ ਗੁਰਦੁਆਰਾ ਸਾਹਿਬ ਬਣਾਇਆ ਜਾਵੇ।

ਸੇਵਾਦਾਰ ਦੀ ਤਲਾਸ਼ ਵਿਚ ਵਿਚਾਰ ਕਰਦਿਆਂ ਸਰਦਾਰ ਬਿਸ਼ਨ ਸਿੰਘ ਘਮਾਣ ਦੀ ਸੁਰਤੀ ਰਾਇਕੋਟ ਵਾਲੇ ਬਾਬਾ ਮਹਿਤਾਬ ਸਿੰਘ ਹੋਰਾਂ ਦੇ ਸਪੁਤਰ ਨਿਹੰਗ ਸ਼ਮਸ਼ੇਰ ਸਿੰਘ ਵਲ ਗਈ ਜੋ ਪੂਰਨ ਬਬੇਕੀ ਤੇ ਰਹਿਤਵਾਨ ਸਿੱਖ ਸਨ। ਉਹ ਹਜ਼ੂਰ ਸਾਹਿਬ ਦੀ ਸੇਵਾ ਕਰਦਿਆਂ ਕੁਝ ਸਮੇਂ

Digitized by Panjab Digital Library | www.panjabdigilib.org

ਲਈ ਘਰ ਰਾਏਕੋਟ ਵਿਖੇ ਮੇਲੇ ਗੇਲੇ ਲਈ ਆਏ ਹੋਏ ਸਨ। ਬਿਸ਼ਨ ਸਿੰਘ ਉਨ੍ਹਾਂ ਦੇ ਜਾਣੂ ਸਨ ਉਸੇ ਵੇਲੇ ਹੀ ਉਨ੍ਹਾਂ ਨੂੰ ਲਿਆਉਣ ਲਈ ਕਮਰ ਕਸੇ ਕਰ ਲਏ।

ਨਿਹੰਗ ਸ਼ਮਸ਼ੇਰ ਸਿੰਘ ਜੀ ਨੂੰ ਰਾਇਕੋਟ ਜਾ ਕੇ ਸਾਰੀ ਵਿਥਯਾ ਕਹਿ ਸੁਣਾਈ। ਨਿਹੰਗ ਜੀ ਨੇ ਉਤਰ ਦਿਤਾ ਕਿ ਮੈਨੂੰ ਸੇਵਾ ਤੋਂ ਉਜ਼ਰ ਨਹੀਂ ਪਰ ਮੈਂ ਤਾਂ ਕੇਸਾਂ ਸਵਾਸਾਂ ਤਕ ਹਜ਼ੂਰ ਸਾਹਿਬ ਦੀ ਗੱਦੀ ਦੀ ਸੇਵਾ ਦਾ ਅਰਦਾਸਾ ਕਰ ਚੁਕਿਆ ਹਾਂ ਹੁਣ ਉਹ ਸੇਵਾ ਨਹੀਂ ਛੱਡ ਸਕਦਾ।

ਇਹ ਸੁਣਕੇ ਬਿਸ਼ਨ ਸਿੰਘ ਜੀ ਦੇ ਮੂੰਹੋਂ ਸਾਧਾਰਨ ਹੀ ਬਚਨ ਨਿਕਲ ਗਿਆ ਨਿਹੰਗ ਸਿੰਘ ਜੀ ਤੁਸੀਂ ਇਸ ਗਲੋਂ ਨਾ ਝਿਜਕੋ, ਜੇ ਉਹ ਪੋਤੇ ਦੀ ਗਦੀ ਹੈ ਤਾਂ ਇਹ ਦਾਦੇ ਦੀ ਗੱਦੀ ਹੈ। ਸੰਗਤਾਂ ਦੇ ਹੁਕਮ ਨੂੰ ਉਲਟਾਉ ਨਾ।

ਬੱਸ ਫੇਰ ਕੀ ਸੀ ਸੇਵਾ ਲਈ ਸਧਾਰ ਆ ਪੁੱਜੇ ਇਥੇ ਸਧਾਰ ਨਗਰ ਵਲੋਂ ਥਾਣੇਦਾਰ ਪ੍ਰਤਾਪ ਸਿੰਘ ਜੀ ਨੂੰ ਇਸ ਸੇਵਾ ਲਈ ਪੂਰਨ ਅਧਿਕਾਰ ਦਿਤੇ ਗਏ ਸਨ, ਕਿਉਂ ਜੋ ਉਹ ਭੀ ਪੂਰਨ ਸ਼ਰਧਾਲੂ ਤੇ ਉਚੇ ਸੁੱਚੇ ਸਿੱਖ ਸਨ।

ਉਨ੍ਹਾਂ ਨੂੰ ਜਦ ਨਿਹੰਗ ਸਾਹਿਬ ਦੇ ਆਉਣ ਦਾ ਪਤਾ ਲੱਗਾ ਉਹ ਗੁਰੂ ਸਰ ਆ ਕੇ ਉਨ੍ਹਾਂ ਨੂੰ ਮਿਲੇ ਤੇ ਨਿਹੰਗ ਜੀ ਨੂੰ ਆਉਣ ਵਾਲੀਆਂ ਤਕਲੀਫਾਂ ਤੇ ਹੋਰ ਬੇਅੰਤ ਔਖਿਆਈਆਂ ਦਾ ਜ਼ਿਕਰ ਕੀਤਾ ਪਰ ਨਿਹੰਗ ਜੀ ਨੇ ਗੁਰੂ ਆਸਰੇ ਸਭ ਔਕੜਾਂ, ਮੁਸੀਬਤਾਂ ਦਾ ਟਾਕਰਾ ਕਰਨ ਲਈ ਚੜ੍ਹਦੀ ਕਲਾ ਜ਼ਾਹਿਰ ਕੀਤੀ। ਥਾਣੇਦਾਰ ਪ੍ਰਤਾਪ ਸਿੰਘ ਜੀ ਬੜੇ ਪ੍ਰਸੰਨ ਹੋਏ ਅਤੇ ਚਲੇ ਗਏ।

ਪਿਛੇ ਹੀ ਨਿਹੰਗ ਜੀ ਦਾ ਸੰਦੇਸ਼ ਚਲਿਆ ਗਿਆ ਕਿ ਇਕ ਟੋਕਰੀ ਤੇ ਕਹੀ ਭੇਜ ਦਿਉ, ਮੈਂ ਹੁਣ ਬੇਲਾ ਬਹਿਕੇ ਸਮਾਂ ਗਵਾਉਣਾ ਨਹੀਂ ਚਾਹੁੰਦਾ। ਫੇਰ ਕੀ ਸੀ ਨਿਹੰਗ ਜੀ ਦੀ ਕਹੀ ਤੇ ਟੋਕਰੀ ਦੇ ਨਾਲ ਹੀ ਪਿੰਡ ਦੀ ਸੰਗਤ ਹੁੰਮ ਹੁਮਾਕੇ ਗੁਰੂ ਸਰ ਆ ਪੁੱਜੀ। ਜੰਗਲ ਸਾਫ ਹੋਣਾ ਆਰੰਭ ਹੋ ਗਿਆ। ਦਿਨਾਂ ਵਿਚ ਹੀ ਜਗ੍ਹਾ ਸਾਫ਼ ਹੋ ਗਈ ਅਤੇ ਗੁਰਦੁਆਰਾ ਸਾਹਿਬ ਦੀ ਨੀਂਹ ਰਖ ਦਿਤੀ ਗਈ। ਮਾਇਆ ਦੇ ਗੱਫੇ ਗੁਪਤ ਪ੍ਰਗਟ ਪੁਜਣ ਲੱਗੇ, ਦਿਨਾਂ ਵਿਚ ਹੀ ਗੁਰਦੁਆਰਾ ਸਾਹਿਬ ਤਿਆਰ ਹੋ ਗਿਆ। ਕੋਈ ਤੋਟ ਨਹੀਂ ਆਈ ਤੇ ਨਿਹੰਗ ਸਿੰਘ ਜੀ ਦਾ ਹੁਕਮ ਭੀ ਸੀ ਕਿ ਕਦੇ ਇਹ ਨਹੀਂ ਕਹਿਣਾ, ਕਿਉਂ ਜੋ ਮਾਇਆ ਤਾਂ ਇਸ ਅਸਥਾਨ ਦੀ ਦਾਸੀ ਹੈ।

ਜਗ੍ਹਾ ਦੀ ਸਫਾਈ, ਅਸਥਾਨ ਤੇ ਗੁਰਦੁਆਰਾ ਬਨਣ ਨਾਲ ਇਥੇ ਦੀ ਰੌਣਕ ਵਧੀ ਵੇਖਕੇ ਨਿਹੰਗ ਸਿੰਘ ਜੀ ਦੀ ਪ੍ਰੇਰਨਾ ਨਾਲ ਸ: ਸੱਦਾ ਸਿੰਘ ਤੇ ਪ੍ਰਤਾਪ ਸਿੰਘ ਜੀ ਡਿਪਟੀ ਕਮਿਸ਼ਨਰ ਲੁਧਿਆਣੇ ਨੂੰ ਮਿਲੇ ਤੇ ਇਸ ਗੱਲ ਦੀ ਮਨਜ਼ੂਰੀ ਲਈ ਕਿ ਇਥੇ ਇਕ ਗੁਰਮੁਖੀ ਪਾਠਸ਼ਾਲਾ ਬਣਾਉਣ ਦੀ ਆਗਿਆ ਦਿਤੀ ਜਾਵੇ। ੧੯੨੧ ਈ: ਵਿਚ ਆਗਿਆ ਮਿਲ ਜਾਣ ਤੇ ਵਿਦਿਅਕ ਪਾਠਸ਼ਾਲਾ ਆਰੰਭ ਕਰਨ ਲਈ ਦੋ ਕਮਰੇ ਬਣਾਕੇ ਪੰਜਵੀਂ ਤੇ ਛੇਵੀਂ ਕਲਾਸ ਖੋਲ੍ਹ ਦਿਤੀ ਗਈ। ਅਗਲੇ ਸਾਲ ਸਤਵੀਂ ਤੇ ਅਠਵੀਂ ਜਾਰੀ ਕੀਤੀ ਗਈ। ਇਸ ਤਰ੍ਹਾਂ ਇਹ ਆਸ਼ਰਮ ਮਿਡਲ ਤੱਕ ਬਣ ਗਿਆ ਤੇ ਲੜਕੇ ਬਹੁਤ ਗਿਣਤੀ ਵਿਚ ਦਾਖਲ ਹੁੰਦੇ ਗਏ।

ਹੁਣ ਕਿਸੇ ਯੋਗ ਹੈਡ ਮਾਸਟਰ ਦੀ ਲੋੜ ਮਹਿਸੂਸ ਹੋਣ ਲਗੀ ਜੋ ਇਸ ਆਸ਼ਰਮ ਨੂੰ ਪੱਕੇ ਪੈਰਾਂ ਤੇ ਕਰਕੇ ਯੋਗ ਤਰੀਕੇ ਨਾਲ ਚਲਾ ਸਕੇ। ਅਜੇ ਇਹ ਚਿਤਾਵਨੀ ਪ੍ਰਬੰਧਕਾਂ ਦੇ ਦਿਲਾਂ ਵਿਚ ਹੀ ਸੀ ਕਿ ਗੁਰੂ ਪ੍ਰੇਰਨਾ ਨਾਲ ਕੁਰਾਲੀ ਤੋਂ ਹਾਈ ਸਕੂਲ ਦੇ ਹੈਡ ਮਾਸਟਰ ਸਰਦਾਰ ਧਰਮ ਸਿੰਘ ਜੀ ਬੀ. ਏ. ਬੀ. ਟੀ. ਸੇਵਾ ਲਈ ਆ ਗਏ।

Digitized by Panjab Digital Library | www.panjabdigilib.org

ਇਹ ਭੀ ਪੱਕੇ ਗੁਰਸਿੱਖ ਅਤੇ ਰਹਿਤ ਦੇ ਧਾਰਨੀ ਸਨ, ਉਨ੍ਹਾਂ ਗੁਰੂ ਅਸਥਾਨ ਦੀ ਸੇਵਾ ਨੂੰ ਦਿਲੋਂ ਪ੍ਰਵਾਨ ਕੀਤਾ ਤੇ ਅਗਲੇ ਸਾਲ ਹਾਈ ਕਲਾਸਾਂ ਜਾਰੀ ਕਰ ਦਿਤੀਆਂ, ਪਰ ਮਨਜ਼ੂਰ ਨਾ ਹੋਈਆਂ। ਸ: ਧਰਮ ਸਿੰਘ ਜੀ ਨੇ ਕਲਾਸਾਂ ਬੰਦ ਕਰਨੀਆਂ ਠੀਕ ਨਾ ਸਮਝੀਆਂ ਬਲਕਿ ਆਪਣੇ ਨਾਲ ਸ: ਸੱਦਾ ਸਿੰਘ, ਜ਼ੈਲਦਾਰ ਸੰਤਾ ਸਿੰਘ, ਸ: ਨੰਦ ਸਿੰਘ ਤੇ ਜਮਾਦਾਰ ਬਿਸ਼ਨ ਸਿੰਘ ਆਦਿ ਸਜਣਾਂ ਨੂੰ ਬਤੌਰ ਡੈਪੂਟੇਸ਼ਨ ਨਾਲ ਲੈ ਕੇ ਡਰੈਕਟਰ ਸਾਹਿਬ ਨੂੰ ਜਾ ਬਿਨੇ ਕੀਤੀ ਕਿ ਕਲਾਸਾਂ ਬੰਦ ਨਹੀਂ ਹੋਣੀਆਂ ਚਾਹੀਦੀਆਂ। ਉਨ੍ਹਾਂ ੨੦ ਹਜ਼ਾਰ ਰੁਪਏ ਦੀ ਸ਼ਰਤ ਲਾਈ ਜੋ ਸ: ਧਰਮ ਸਿੰਘ ਹੋਰਾਂ ਦੀ ਸਰ ਤੋੜ ਕੋਸ਼ਸ਼ਾਂ ਨਾਲ ਇਲਾਕੇ ਦੀਆਂ ਸੰਗਤਾਂ ਤੋਂ ਉਗਰਾਹ ਕੇ ਦਿਤੀ ਗਈ। ਅਤੇ ੧੯੨੭ ਵਿਚ ਹਾਈ ਸਕੂਲ ਕਾਇਮ ਹੋ ਗਿਆ।

ਹੁਣ ਹਾਈ ਸਕੂਲ ਨੂੰ ਚੜ੍ਹਦੀਆਂ ਕਲਾਂ ਵਿਚ ਲੈ ਜਾਣ ਲਈ ਸ: ਇਕਬਾਲ ਸਿੰਘ ਜੀ ਨੂੰ ਬੱਡੋਂ ਸਕੂਲ ਦੀ ਹੈਡਮਾਸਟਰੀ ਤੋਂ ਹਟਾ ਕਰਕੇ ਇਥੇ ਲਿਆਂਦਾ ਅਤੇ ਗੁਰੂ ਸਰ ਦੀ ਸੇਵਾ ਸੰਭਾਲ ਦਿਤੀ। ਅਜੇ ਇਹ ਸੱਜਣ ਸਕੂਲ ਦੀ ਹਾਲਤ ਵਿਚ ਸ਼ਾਨਦਾਰ ਤਬਦੀਲੀ ਕਰਨ ਦੇ ਮੁਢਲੇ ਜਤਨਾਂ ਵਿਚ ਹੀ ਸਨ, ਕਿ ਸ: ਧਰਮਾਂ ਸਿੰਘ ਨੂੰ ਲੁਧਿਆਣੇ ਦੀ ਸੰਗਤ ਮਾਲਵਾ ਖਾਲਸਾ ਹਾਈ ਸਕੂਲ ਦੀ ਸੇਵਾ ਲਈ ਲੈ ਗਈ ਅਤੇ ਸ: ਇਕਬਾਲ ਸਿੰਘ ਹੋਰਾਂ ਨੂੰ ਮੁਕਤਸਰ ਖਾਲਸਾ ਹਾਈ ਸਕੂਲ ਦੇ ਪਤਵੰਤੇ ਸਜਣਾਂ ਦਾ ਡੈਪੂਟੇਸ਼ਨ ਆ ਕੇ ਬੜਾ ਜ਼ੋਰ ਪਾ ਕੇ ਲੈ ਗਿਆ। ਅਤੇ ਗੁਰੂ ਸਰ ਸਧਾਰ ਹਾਈ ਸਕੂਲ ਦੀ ਸੇਵਾ ਸ: ਸੁੰਦਰ ਸਿੰਘ ਹੈਡ ਮਾਸਟਰ ਕਰਦੇ ਰਹੇ।

ਪਰ ਗੁਰੂ ਸਰ ਸਧਾਰ ਸਕੂਲ ਵਾਲਿਆਂ ਪ੍ਰਬੰਧਕਾਂ ਨੇ ਸ: ਇਕਬਾਲ ਸਿੰਘ ਦੀ ਸੇਵਾ ਵਿਚ ਫਿਰ ਜ਼ੋਰਦਾਰ ਬਿਨੇ ਕਰਕੇ ਉਨ੍ਹਾਂ ਨੂੰ ਮੁੜ ਮੁਕਤਸਰ ਤੋਂ ਗੁਰੂ ਸਰ ਸਧਾਰ ਵਾਪਿਸ ਲੇ ਆਂਦਾ।

ਉਨ੍ਹਾਂ ਨੇ ਆ ਕੇ ਸਕੂਲ ਦੀ ਉਹ ਬੇ-ਮਿਸਾਲ ਸੇਵਾ ਕੀਤੀ ਕਿ ਥੋੜੇ ਸਾਲਾਂ ਵਿਚ ਹੀ ਸਕੂਲ ਵਿਚ ਵਿਦਿਆਰਥੀਆਂ ਦੀ ਗਿਣਤੀ ਹਜ਼ਾਰ ਤੱਕ ਪੁੱਜ ਗਈ। ਸਕੂਲ ਦੇ ਸ਼ਾਨਦਾਰ ਨਤੀਜੇ ਤੇ ਵਿਲਖਣ ਵਿਦਿਆਰਥੀਆਂ ਦੀ ਧੁਮ ਇਲਾਕੇ ਵਿਚ ਮਚ ਗਈ।

ਸਕੂਲ ਨੂੰ ਅਜਿਹੀ ਉਨਤੀ ਵੱਲ ਜਾਂਦਿਆਂ ਤਕ ਪ੍ਰਬੰਧਕਾਂ ਨੂੰ ਸ: ਇਕਬਾਲ ਸਿੰਘ ਹੋਰਾਂ ਆਪਣੇ ਸਾਥੀ ਸਟਾਫ ਵਾਲਿਆਂ ਦੀ ਰਾਇ ਨਾਲ ਤਜਵੀਜ਼ ਪੇਸ਼ ਕੀਤੀ ਕਿ ਹੁਣ ਸਮਾਂ ਹੈ ਹਾਈ ਸਕੂਲ ਨੂੰ ਕਾਲਜ ਦੀ ਪਦਵੀ ਤਕ ਪੁਚਾਇਆ ਜਾਵੇ। ਪ੍ਰਬੰਧਕਾਂ ਨੇ ਏਸ ਤਜਵੀਜ਼ ਤੇ ਫੁਲ ਚੜ੍ਹਾਏ ਅਤੇ ਪੂਰੀ ਹਮਦਰਦੀ ਦਾ ਯਕੀਨ ਦਵਾਇਆ। ਸਕੂਲ ਦੀ ਭੁਜੰਗੀ ਸਭਾ ਨੇ ਇਕ ਹਜ਼ਾਰ ਦੀ ਪਹਿਲੀ ਰਕਮ ਕਾਲਜ ਫੰਡ ਵਿਚ ਦਿੱਤੀ। ਸਧਾਰ ਨੱਗਰ ਤੋਂ ਭੀ ੨੦ ਹਜ਼ਾਰ ਦੇ ਕਰੀਬ ਰਕਮ ਜਮ੍ਹਾਂ ਹੋਈ। ਇਲਾਕੇ ਨੇ ਭੀ ਫੰਡ ਨੂੰ ਭਰਪੂਰ ਕਰਨ ਲਈ ਗਹਿਰੇ ਗੱਫੇ ਬਖਸ਼ੇ ਤੇ ਇਸ ਤਰ੍ਹਾਂ ਕਾਲਜ ਦੀ ਸਕੀਮ ਪੱਕੀ ਹੋਣ ਨਾਲ ਸ: ਇਕਬਾਲ ਸਿੰਘ ਜੀ ਨੂੰ ਪ੍ਰਿੰਸੀਪਲ ਬਣਾਇਆ ਗਿਆ। ਅਤੇ ਸ: ਰਾਜਿੰਦਰ ਸਿੰਘ ਜੀ ਨੂੰ ਉਨ੍ਹਾਂ ਦੀ ਜਗ੍ਹਾ ਹੈਡ ਮਾਸਟਰ ਸਥਾਪਨ ਕਰਕੇ ਪ੍ਰਿੰਸੀਪਲ ਇਕਬਾਲ ਸਿੰਘ ਦੇ ਸਕੂਲ ਵਲੋਂ ਫੰਗ ਛਡਾ ਕੇ ਕਾਲਜ ਦੀ ਮਹਾਨ ਸੇਵਾ ਦਾ ਭਾਰ ਉਨ੍ਹਾਂ ਦੇ ਨਾਜ਼ਕ ਮੋਢਿਆਂ ਤੇ ਰਖਿਆ ਗਿਆ। ਜਿਸ ਨੂੰ ਸ: ਇਕਬਾਲ ਸਿੰਘ ਹੋਰਾਂ ਨੇ ਖਿੜੇ ਮੱਥੇ ਬਰਦਾਸ਼ਤ ਕੀਤਾ ਤੇ ਫ਼ੌਰਨ ਚਾਰ ਸਜਣਾਂ ਦਾ ਡੈਪੂਟੇਸ਼ਨ ਨਾਲ ਲੈ ਕੇ ਕਲਕਤੇ ਨੂੰ ਚਲੇ ਗਏ। ਉਥੋਂ ਸ: ਹਰਚੰਦ ਸਿੰਘ ਸਧਾਰ ਤੇ ਸ: ਅਜਾਇਬ ਸਿੰਘ ਹਸਨ ਪੁਰ ਵਾਲਿਆਂ ਦੀ ਮਦਦ ਨਾਲ ੨੨ ਹਜ਼ਾਰ ਦੇ ਕਰੀਬ ਰਕਮ ਇਕੱਤਰ ਕੀਤੀ ਗਈ।

Digitized by Panjab Digital Library | www.panjabdigilib.org

ਬਸ ਫੰਡ ਇਕੱਠਾ ਹੁੰਦੇ ਸਾਰ ਹੀ ਇੰਟਰਮੀਡੀਏਟ ਕਾਲਜ ਖੋਲਣ ਦੀ ਮਨਜ਼ੂਰੀ ਮੰਗੀ ਗਈ ਜੋ ਪ੍ਰਵਾਨ ਹੋ ਗਈ। ਪਰ ਅਗਲੀ ਭਲਕ ਹੀ ਮਨਜ਼ੂਰੀ ਕੈਂਸਲ ਹੋ ਗਈ। ਕਿਉਂਕਿ ਸਰਕਾਰ ਇੰਟਰਮੀਡੀਏਟ ਕਾਲਜ ਖੋਲ੍ਹਣ ਦੇ ਹੱਕ ਵਿਚ ਨਹੀਂ ਸੀ ਤੇ ਡਿਗਰੀ ਕਾਲਜ ਖੋਲ੍ਹਣ ਲਈ ਕਮੇਟੀ ਪਾਸ ਫੰਡ ਕਾਫੀ ਨਹੀਂ ਸਨ।

ਉਸੇ ਵੇਲੇ ਹੀ ਪ੍ਰਿੰਸੀਪਲ ਸਾਹਿਬ ਇਸ ਜਦੋ ਜਹਿਦ ਵਿਚ ਲਗ ਗਏ ਕਿ ਹੁਣ ਡਿਗਰੀ ਕਾਲਜ ਹੀ ਬਣਾਵਾਂਗੇ। ਸੋ ਉਨ੍ਹਾਂ ਦੀਆਂ ਅਣਥਕ ਕੋਸ਼ਸ਼ਾਂ ਦਾ ਨਤੀਜਾ, ਪਹਿਲੀ ਅਪਰੈਲ ੧੯੪੯ ਵਿਚ ਡਿਗਰੀ ਕਾਲਜ ਪ੍ਰਵਾਨ ਹੋ ਗਿਆ। ਹੁਣ ਇਹ ਬੂਟਾ ਆਪਣੇ ਸੁੰਦਰ ਫੁਲਾਂ ਅਤੇ ਮਿੱਠੇ ਫਲਾਂ ਨਾਲ ਇਲਾਕੇ ਨੂੰ ਤ੍ਰਿਪਤ ਕਰ ਰਿਹਾ ਹੈ। ਬੇਅੰਤ ਵਿਦਿਆਰਥੀ ਇਸ ਵਿਦਿਅਕ ਸਰ, ਚਸ਼ਮੇ ਤੋਂ ਆਪਣੀ ਤ੍ਰਿਖਾ ਬੁਝਾ ਰਹੇ ਹਨ।

ਇਸ ਕਾਲਜ ਨੂੰ ਪੱਕੇ ਪੈਰਾਂ ਤੇ ਕਰਨ ਲਈ ਪ੍ਰਿੰਸੀਪਲ ਸਾਹਿਬ ਨੇ ਕੈਪਟਨ ਰਣਧੀਰ ਸਿੰਘ ਸਧਾਰ, ਸ: ਰਾਜਿੰਦਰ ਸਿੰਘ ਹੈਡ ਮਾਸਟਰ ਤੇ ਗਿਆਨੀ ਗੁਰਸੇਵਕ ਸਿੰਘ ਮੁੱਲਾਂ ਪੁਰ ਵਾਲਿਆਂ ਨੂੰ ਨਾਲ ਲੈਕੇ ਪੂਰਬੀ ਅਫਰੀਕਾ ਦਾ ਦੌਰਾ ਕੀਤਾ। ਅਤੇ ਲਖਾਂ ਦੀ ਗਿਣਤੀ ਵਿਚ ਮਾਇਆ ਇਕੱਤਰ ਕਰਕੇ ਕਾਲਜ ਦੇ ਸਖਣੇ ਖਜ਼ਾਨੇ ਨੂੰ ਭਰਪੂਰ ਕਰ ਦਿਤਾ, ਤੇ ਹੁਣ ਤਾਈਂ ਇਸੇ ਮਹਾਨ ਸੇਵਾ ਵਿਚ ਰੁਝੇ ਹੋਏ ਹਨ। ਕਾਲਜ ਵਿਚ ਐਫ. ਐਸ. ਸੀ. ਤੇ ਮੈਡੀਕਲ ਦੀਆਂ ਕਲਾਸਾਂ ਖੁਲ੍ਹ ਰਹੀਆਂ ਹਨ। ਹੁਣ ਇਹ ਕਾਲਜ ਹੋਰ ਡਿਗਰੀ ਕਾਲਜਾਂ ਦੇ ਮੁਕਾਬਲੇ ਵਿਚ ਪ੍ਰਸਿਧ ਕਾਲਜ ਬਣ ਚੁਕਾ ਹੈ।

ਪ੍ਰਿੰਸੀਪਲ ਇਕਬਾਲ ਸਿੰਘ ਜੀ ਜਿਥੇ ਕਾਲਜ ਦੀ ਸੇਵਾ ਵਿਚ ਜੁਟੇ ਹੋਏ ਹਨ ਨਾਲ ਹੀ ਇਲਾਕੇ ਦੀ ਸਿਆਸੀ ਤੌਰ ਤੇ ਵੀ ਰਹਿਨਮਾਈ ਕਰ ਰਹੇ ਹਨ। ਵਰਤਮਾਨ ਅਸੈਂਬਲੀ ਚੋਣਾਂ ਵਿਚ ਇਨ੍ਹਾਂ ਪੰਥਕ ਟਿਕਟ ਤੇ ਆਪਣੇ ਮੁਖਾਲਿਫ ਉਮੀਦਵਾਰ ਨੂੰ ਕਈ ਹਜ਼ਾਰ ਵੋਟਾਂ ਤੇ ਹਾਰ ਦੇ ਕੇ ਸ਼ਾਨਦਾਰ ਜਿਤ ਪ੍ਰਾਪਤ ਕੀਤੀ। ਇਹ ਇਕ ਪ੍ਰਤੱਖ ਸਬੂਤ ਹੈ ਕਿ ਕਿਵੇਂ ਜਨਤਾ ਵਿਚ ਇਨ੍ਹਾਂ ਦੀ ਪਵਿਤਰ ਹਸਤੀ ਨੂੰ ਪਿਆਰਿਆ ਅਤੇ ਸਤਕਾਰਿਆ ਜਾਂਦਾ ਹੈ।

## ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ

ਸਿਖ ਬਚਿਆਂ ਲਈ ਇੰਜਨੀਅਰਿੰਗ ਕਾਲਜ ਖੋਹਲਣ ਦਾ ਖਿਆਲ ਪੰਥਕ ਆਗੂਆਂ ਦੇ ਦਿਮਾਗ ਵਿਚ ਚਿਰ ਤੋਂ ਚਲਿਆ ਆ ਰਿਹਾ ਸੀ। ਸੋ ਇਸ ਸਬੰਧੀ ਸ਼੍ਰੋ: ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ੮ ਨਵੰਬਰ ੧੯੪੯ ਨੂੰ ਆਪਣਾ ਮਤਾ ਨੰਬਰ ੧੩ ਪਾਸ ਕੀਤਾ, ਕਿ ਸਿਖ ਬਚਿਆਂ ਲਈ ਇੰਜਨੀਅਰਿੰਗ ਕਾਲਜ ਖੋਲਿਆ ਜਾਵੇ। ਇਸ ਤੋਂ ਮਗਰੋਂ ਇਸ ਸਬੰਧੀ ੨ ਮਾਰਚ ੧੯੫੨ ਨੂੰ ਫੇਰ ਸ਼੍ਰੋ: ਗੁ: ਪ੍ਰ: ਕ: ਨੇ ਮਤਾ ਨੰਬਰ ੬ ਪਾਸ ਕੀਤਾ। ਇਸ ਅਰਸੇ ਵਿਚ ਇਹ ਖਿਆਲ ਸੁਲਗਦਾ ਹੀ ਰਿਹਾ ਕਿ ਕਾਲਜ ਕਿਵੇਂ ਤੇ ਕਿਥੇ ਜਾਰੀ ਕੀਤਾ ਜਾਵੇ। ਜ਼ਿਲਾ ਲੁਧਿਆਣੇ ਦੇ ਮੈਂਬਰਾਨ ਸ਼੍ਰੋ: ਗੁ: ਪ੍ਰਬੰਧਕ ਕਮੇਟੀ ਤੇ ਕੁਝ ਹੋਰ ਸਜਣਾ ਦੀ ਕੋਸ਼ਿਸ਼ ਸੀ, ਕਿ ਕਿਵੇਂ ਇਹ ਕਾਲਜ ਲੁਧਿਆਣੇ ਖੋਲਿਆ ਜਾਵੇ। ਜਿਨਾਂ ਵਿਚੋਂ ਗਿ: ਉਤਮ ਸਿੰਘ ਜੀ ਲਿਖਾਰੀ ਅਤੇ ਉਹਨਾਂ ਦੇ ਸਾਥੀਆਂ ਨੇ ਕਾਫੀ ਨੱਠ ਭਜ ਕੀਤੀ। ਆਖਰ ਇਸ ਸਕੀਮ ਨੂੰ ਅਮਲੀ ਜਾਮਾ ਪੈਨਾਉਣ ਲਈ, ਲੁਧਿਆਣੇ ਇਕ ਬੜੀ ਭਾਰੀ ਇਕਤ੍ਰਤਾ ਹੋਈ। ਜਿਸ ਵਿਚ ਜ਼ਿਲਾ ਲੁਧਿਆਣੇ ਦੇ ਪੰਜਾਬ ਅਸੰਬਲੀ ਦੇ ਪੰਥਕ ਮੈਂਬਰਾਨ, ਜ਼ਿਲਾ ਡਿਸਟਕ ਬੋਰਡ ਦੇ ਮੈਂਬਰ, ਸ਼੍ਰੋ: ਗੁ: ਪ੍ਰ: ਕ: ਦੇ ਜ਼ਿਲਾ ਲੁਧਿਆਣੇ ਦੇ ਮੈਂਬਰ ਅਤੇ ਸ਼ਹਿਰ ਦੇ ਪਤਵੰਤੇ ਸਜਨ ਸ਼ਾਮਲ ਹੋਏ। ਜਿਸ ਇਕਤ੍ਰਤਾ ਵਿਚ ਫੈਸਲਾ ਹੋਇਆ ਕਿ ਇੰਜਨੀਅਰਿੰਗ ਕਾਲਜ ਲੁਧਿਆਣੇ ਖੋਲਿਆ ਜਾਵੇ ਅਤੇ ਸ਼੍ਰੋ: ਗੁ:

Digitized by Panjab Digital Library | www.panjabdigilib.org

ਪ੍ਰ: ਕ: ਆਪ ਇਸ ਕਾਲਜ ਨੂੰ ਚਲਾਵੇ । ਤੇ ਇਸ ਦੇ ਚਲੌਣ ਲਈ ਇਕ ਟ੍ਰਸਟ ਬਣਾਇਆ ਜਾਵੇ। ਜਿਸ ਦੇ ਕਾਇਮ ਕਰਨ ਲਈ ਸ: ਜੋਗਿੰਦਰ ਸਿੰਘ ਲੁਧਿਆਣਾ ਦੀ ਡਿਊਟੀ ਲਾਈ ਗਈ।

ਸ: ਜੋਗਿੰਦਰ ਸਿੰਘ ਜੀਨੇ ਦੀਰਘ ਸੋਚ ਵਿਚਾਰ ਦੇ ਮਗਰੋਂ ੨੪ ਫਰਵਰੀ ੧੯੫੩ ਨੂੰ ਨਨਕਾਣਾ ਸਾਹਿਬ ਐਜੂਕੇਸ਼ਨ ਟਰਸਟ ਕਾਇਮ ਕਰਕੇ ਲੁਧਿਆਣੇ ਵਿਖੇ ਰਜਿਸਟਰਡ ਕਰਵਾ ਲਿਆ। ਜਿਸ ਦੇ ਪਹਿਲੇ ਟਰਸਟੀ ਮਾਹਰਾਜਾ ਯਾਦਵਿੰਦਰ ਸਿੰਘ ਰਾਜਪਰਮੁਖ ਪਟਿਆਲਾ, ਪ੍ਰਧਾਨ ਸ੍ਰੋ: ਪ੍ਰ: ਕਮੇਟੀ ਮਾਸਟਰ ਤਾਰਾ ਸਿੰਘ ਜੀ ਨੂੰ ਮੁਕਰਰ ਕੀਤਾ ਗਿਆ। ਸ੍ਰੋ: ਗੁ: ਪ੍ਰ: ਕਮੇਟੀ ਨੇ ਇਸ ਟਰਸਟ ਨੂੰ ਕਬੂਲ ਕਰ ਲਿਆ। ੮ ਮਾਰਚ ੧੯੫੩ ਨੂੰ ਸ: ਸਰਮੁਖ ਸਿੰਘ ਚੱਮਕ ਦੀ ਤਜ਼ਵੀਜ਼ ਤੇ ਸ: ਮੰਗਲ ਸਿੰਘ ਗਿੱਲ ਦੀ ਤਾਈਦ ਨਾਲ ਮਤਾ ਨੰ: ੧੩, ਨੂੰ ਪਾਸ ਕੀਤਾ, ਤੇ ਇਸ ਟਰਸਟ ਨੂੰ ਦੋ ਲਖ ਰੁਪੈ ਸਹਾਇਤਾ ਵਜੋਂ ਦੇ ਦਿਤਾ, ਅਤੇ ਅਠ ਲਖ ਹੋਰ ਦੇਣ ਦਾ ਵਾਇਦਾ ਕੀਤਾ। ਇਸ ਤੋਂ ਮਗਰੋਂ ਟਰਸਟ ਦੀ ਪਹਿਲੀ ਮੀਟਿੰਗ ੨੨ ਮਈ ੧੯੫੩ ਨੂੰ ਪਟਿਆਲੇ ਵਿਖੇ ਸ: ਗਿਆਨ ਸਿੰਘ ਰਾੜੇਵਾਲੇ ਦੀ ਕੋਠੀ ਵਿਖੇ ਹੋਈ ਜਿਸ ਵਿਚ ਮਾ: ਤਾਰਾ ਸਿੰਘ ਜੀ, ਸ: ਪ੍ਰੀਤਮ ਸਿੰਘ ਖੜੰਜ ਪ੍ਰਧਾਨ ਸ੍ਰੋਮਣੀ ਕਮੇਟੀ, ਤੇ ਸ: ਗਿਆਨ ਸਿੰਘ ਰਾੜੇਵਾਲਾ, ਮਾਹਰਾਜਾ ਪਟਿਆਲਾ ਵਲੋਂ ਹਾਜ਼ਰ ਸਨ ਅਤੇ ਸ: ਹਰਨਾਮ ਸਿੰਘ ਸਕੱਤਰ ਸ੍ਰੋ: ਗੁ: ਪ੍ਰਬੰਧਕ ਕਮੇਟੀ ਤੇ ਸ: ਜੋਗਿੰਦਰ ਸਿੱਘ ਐਡਵੋਕੇਟ ਵੀ ਹਾਜ਼ਰ ਸਨ। ਇਸ ਟਰਸਟੀਆਂ ਨੇ ਨਿਯਮਾਂ ਅਨੁਸਾਰ ਇਕ ਮੈਨੇਜਿੰਗ ਕਮੇਟੀ ਬਣਾ ਦਿਤੀ। ਜਿਸ ਮੈਨੇਜਿੰਗ ਕਮੇਟੀ ਦੀ ਪਹਿਲੀ ਮੀਟਿੰਗ ੨੯ ਜੁਲਾਈ ੧੯੫੩ ਨੂੰ ਸ: ਤੇਜਾ ਸਿੰਘ ਜੱਜ ਦੇ ਮਕਾਨ ਤੇ ਕੀਤੀ ਗਈ। ਮੈਂਬਰਾਂ ਦੀ ਲਿਸਟ ਅਖੀਰ ਵਿਚ ਦਰਜ ਹੈ। ਇਸ ਕਮੇਟੀ ਵਿਚ ਸ: ਤੇਜਾ ਸਿੰਘ ਜੱਜ ਨੂੰ ਪ੍ਰਧਾਨ ਤੇ ਸ: ਗੁਰਨਾਮ ਸਿੰਘ ਜੱਜ ਨੂੰ ਮੀਤ ਪ੍ਰਧਾਨ ਤੇ ਸ: ਜੋਗਿੰਦਰ ਸਿੰਘ ਐਡਵੋਕੇਟ ਨੂੰ ਸਕੱਤਰ ਚੁਨਿਆਂ ਗਿਆ। ਕਾਲਜ ਚਲਾਉਣ ਦਾ ਮਤਾ ਪਾਸ ਕਰਕੇ ਸਕਤਰ ਨੂੰ ਅਖਤਿਆਰ ਦਿਤਾ ਗਿਆ ਕਿ ਉਹ ਸੱਠ ਵਿਦਿਆਰਥੀ ਓਵਰੀਸਅਰੀ ਕਲਾਸ ਵਿਚ ਦਾਖਲ ਕਰ ਲੈਣ। ੧੦ ਅਕਤੂਬਰ ੧੯੫੧ ਨੂੰ ਦਾਖਲਾ ਸ਼ੁਰੂ ਕੀਤਾ ਗਿਆ। ੨੧ ਅਕਤੂਬਰ ੧੯੫੧ ਨੂੰ ਗੁਰਦੇਵ ਟਰਸਟ ਦੀ ਬਿਲਡਿੰਗ ਵਿਚ ਅਖੰਡ ਪਾਠ ਦਾ ਭੋਗ ਪਾ ਕੇ ਪੜ੍ਹਾਈ ਸ਼ੁਰੂ ਕੀਤੀ ਗਈ।

ਇਸ ਕਾਲਜ ਨੂੰ ਲੁਧਿਆਣੇ ਲਿਆਉਣ ਵਿਚ ਸ: ਮਹਿੰਦਰ ਸਿੰਘ ਜੀ ਸਿਧਵਾਂ, ਉੱਤਮ ਸਿੰਘ ਜੀ ਲਿਖਾਰੀ ਤੇ ਜਿਲੇ ਦੇ ਹੋਰ ਪੰਥਕ ਆਗੂਆਂ ਦਾ ਖਾਸ ਹਿਸਾ ਹੈ।

ਨਵੇਂ ਕਨੂੰਨ ਅਨੁਸਾਰ ਸ੍ਰੋ: ਗੁ: ਪ੍ਰ: ਕਮੇਟੀ ਦੇ ਤਿੰਨ ਚੌਥਾਈ ਮੈਂਬਰਾਂ ਦੀ ਮਨਜ਼ੂਰੀ ਬਿਨਾਂ ਇਸ ਟਰਸਟ ਨੂੰ ਮਦਦ ਨਹੀਂ ਦੇ ਸਕਦੀ ਸੀ। ਮੰਦ ਭਾਗਾ ਕਾਰਨ ਪੰਥ ਦੋ ਧੜੇ ਉਸ ਸਮੇਂ ਦੋਧੜਿਆਂ ਵਿਚ ਵੰਡੇ ਹੋਏ ਸਨ। ਸ: ਜੋਗਿੰਦਰ ਸਿੰਘ ਨੇ ਅਣਥਕ ਕੋਸ਼ਿਸ਼ ਕਰਕੇ ਇਨ੍ਹਾਂ ਦੋਹਾਂ ਧੜਿਆਂ ਨੂੰ ਇੰਜਨੀਅਰਿੰਗ ਕਾਲਜ ਦੇ ਕੰਮ ਲਈ ਇਕਠੇ ਕਰ ਲਿਆ। ਸ: ਮਹਿੰਦਰ ਸਿੰਘ ਸਿਧਵਾਂ ਨੇ ਜਥੇਦਾਰ ਊਦਮ ਸਿੰਘ ਜੀ ਨੂੰ ਪਰੇਰਨ ਲਈ ਅਤੇ ਰਾਜੀਨਾਮਾਂ ਕਰਾਉਣ ਲਈ ਕਾਫੀ ਮਦਦ ਦਿਤੀ। ਰਾਜੀਨਾਮੇ ਮਗਰੋਂ ਟਰਸਟ ਤਰਮੀਮ ਕੀਤਾ ਗਿਆ। ਅਤੇ ਟਰਸਟ ਤਰਮੀਮ ਕਰਕੇ ੧੩ ਜਨਵਰੀ ੧੯੫੩ ਨੂੰ ਫੇਰ ਰਜਿਸਟ੍ਰਡ ਕੀਤਾ ਗਿਆ। ਟਰਸਟੀਆਂ ਵਿਚ ਜਥੇਦਾਰ ਊਦਮ ਸਿੰਘ, ਸ: ਮਹਿੰਦਰ ਸਿੰਘ ਸਿਧਵਾਂ ਤੇ ਸ: ਗਿਆਨ ਸਿੰਘ ਰਾੜੇਵਾਲਾ ਸ਼ਾਮਲ ਹੋ ਗਏ। ਇਸੇ ਸਮੇਂ ਵਿਚ ਮਾ: ਗਜਨ ਸਿੰਘ ਗਿਲ, ਸ: ਦਿਆਲ ਸਿੰਘ ਗਿਲ ਤੇ ਕੁਝ ਹੋਰ ਪਤਵੰਤੇ ਸਜਨਾਂ ਦੀ ਮਦਦ ਨਾਲ ਪਿੰਡ ਗਿਲ ਦੇ ਜ਼ਿਮੀਂਦਾਰਾਂ ਨੇ ਆਪਣੀ ਚਾਰ ਸੌ ਵਿੱਘੇ ਸ਼ਾਮਲਾਤ ਨਨਕਾਨਾ ਸਾਹਿਬ ਐਜੂਕੇਸ਼ਨ ਟਰਸਟ ਨੂੰ ਦਾਨ ਕਰ ਦਿਤੀ। ਰਾਜੀਨਾਮੇ ਮਗਰੋਂ ੮ ਮਾਰਚ ਨੂੰ ਸ੍ਰੋ: ਗੁ: ਪ੍ਰ: ਕਮੇਟੀ ਦੇ ਹਾਜ਼ਰ ਧੜੇ ਨੇ ਸਰਬ ਸੰਮਤੀ ਨਾਲ ਅਠ

Digitized by Panjab Digital Library | www.panjabdigilib.org

ਲਖ ਰੁਪਿਆ ਦੇਣਾ ਕਬੂਲ ਕਰ ਲਿਆ।

ਇਸ ਮਗਰੋਂ ਮੈਨੇਜਿੰਗ ਕਮੇਟੀ ਵਿਚ ਕੁਝ ਅਦਲਾ ਬਦਲੀਆਂ ਕੀਤੀਆਂ ਗਈਆਂ ਜਿਸ ਅਨੁਸਾਰ ਜਥੇਦਾਰ ਦੇ ਗਰੁਪ ਵਲੋਂ ਸ: ਬਸੰਤ ਸਿੰਘ ਮੋਗਾ, ਸ: ਕਰਤਾਰ ਸਿੰਘ ਐਡਵੋਕੇਟ ਭੀ ਕਮੇਟੀ ਵਿਚ ਸ਼ਾਮਲ ਕੀਤੇ ਗਏ। ੧੯੫੬ ਵਿਚ ਪੰਜਾਬ ਯੂਨਿਵਰਸਟੀ ਨੇ ਕਾਲਜ ਨੂੰ ਬੀ. ਐਸ. ਇੰਜਨੀਰਿੰਗ ਦੀ ਡਿਗਰੀ ਦੇ ਦਾਖਲੇ ਲਈ ਆਗਿਆ ਦੇ ਦਿਤੀ। ੧੯੫੬ ਵਿਚ ੪੫ ਤੇ ੧੯੫੭ ਵਿਚ ੧੨੦ ਮੁੰਡੇ ਡਿਗਰੀ ਲਈ ਦਾਖਲ ਕੀਤੇ ਗਏ,੧੨੦ ਮੁੰਡੇ ਹਰ ਸਾਲ ਡਪਲੋਮੇਂ ਵਾਸਤੇ ਤਿਆਰ ਕੀਤੇ ਜਾਂਦੇ ਹਨ। ਕਾਲਜ ਦੀ ਪੂਰੀ ਸਕੀਮ ਦਾ ਖਰਚ ਇਸ ਪਰਕਾਰ ਹੈ:—

ਕੁਲ ਇਕ ਕਰੋੜ ਰੁਪੈ ਵਿਚੋਂ ਡਪਲੋਮਾਂ ਤੇ ਡਿਗਰੀ ਦਾ ਖਰਚ ਕੋਈ ੬੩ ਲਖ ਰੁਪਿਆ ਹੋਵੇਗਾ। ਜਿਸ ਵਿਚੋਂ ੨੦ ਲਖ ਸ੍ਰੋ: ਗੁ: ਪ੍ਰ: ਕਮੇਟੀ ਦੇਵੇਗੀ ਤੇ ਕੋਈ ੨੦ ਲਖ ਰੁਪਿਆ ਸਰਕਾਰ ਬਿਨਾਂ ਸੂਦ ਕਰਜਾ ਦੇਵੇਗੀ ਤੇ ਬਾਕੀ ਰੁਪਿਆ ਸੈਂਟਰ ਸਰਕਾਰ ਤੇ ਪੰਜਾਬ ਗੌਰਮਿੰਟ ਸਹਾਇਤਾ ਵਜੋਂ ਦੇਵੇਗੀ। ਇਸ ਕਾਲਜ ਦਾ ਸਾਲਾਨਾ ਖ਼ਰਚ ਲਗ ਭਗ ਛੇ ਸਤ ਲਖ ਰੁਪਿਆ ਹਰ ਸਾਲ ਹੋਵੇਗਾ। ਜਿਸ ਦਾ ਅਧਾ ਹਿਸਾ ਸਰਕਾਰ ਦੇਵੇਗੀ ਤੇ ਬਾਕੀ ਫ਼ੀਸਾਂ ਦੀ ਆਮਦਨੀ ਤੇ ਟਰਸਟ ਦੇ ਖਜ਼ਾਨੇ ਵਿਚੋਂ ਪੂਰਾ ਕੀਤਾ ਜਾਵੇਗਾ। ਸਰਕਾਰੀ ਮੱਦਦ ਦੀ ਸ਼ਰਤ ਅਨੁਸਾਰ ਇਕ ਨਵੀਂ ਮੈਨੇਜਿੰਗ ਕਮੇਟੀ ਬਣਾਈ ਗਈ ਹੈ ਜਿਸ ਵਿਚ ਅਧੇ ਮੈਂਬਰ ਸਰਕਾਰ ਦੇ ਤੇ ਅਧੇ ਮੈਂਬਰ ਟਰਸਟ ਦੇ ਹੋਣਗੇ। ਇਸ ਕਮੇਟੀ ਦਾ ਪ੍ਰਧਾਨ ਟਰਸਟ ਯਾਨੀ ਸ੍ਰੋ: ਗੁ: ਪ੍ਰ: ਕਮੇਟੀ ਦਾ ਪ੍ਰਧਾਨ ਹੋਵੇਗਾ। (ਨਿਯਮਾਂ ਅਨੁਸਾਰ ਟਰਸਟ ਦਾ ਪ੍ਰਧਾਨ ਸ੍ਰੋ: ਗੁ: ਪ੍ਰ: ਕਮੇਟੀ ਦਾ ਪ੍ਰਧਾਨ ਹੁੰਦਾ ਹੈ) ਟਰਸਟ ਵਲੋਂ ਨੀਯਤ ਕੀਤੇ ਹੇਠ ਲਿਖੇ ਸੱਜਨ ਹਨ।

੧. ਮਾਸਟਰ ਤਾਰਾ ਸਿੰਘ ਜੀ।
੨. ਸ: ਬਲਦੇਵ ਸਿੰਘ ਦੇਹਲੀ।
੩. ਗਿਆਨੀ ਕਰਤਾਰ ਸਿੰਘ ਵਜ਼ੀਰ।
੪. ਸ: ਸਵਰਨ ਸਿੰਘ ਵਜ਼ੀਰ ਕੇਂਦਰੀ ਸਰਕਾਰ।
੫. ਰਾਜ ਕੁਮਾਰੀ ਅੰਮ੍ਰਿਤ ਕੌਰ।
੬. ਸ: ਗਿਆਨ ਸਿੰਘ ਰਾੜੇਵਾਲਾ।
੭. ਸ: ਮਹਿੰਦਰ ਸਿੰਘ ਸਿਧਵਾਂ।
੮. ਸ: ਜੋਗਿੰਦਰ ਸਿੰਘ ਐਡਵੋਕੇਟ।
੯. ਸ: ਗੁਲਜਾਰ ਸਿੰਘ ਚੀਫ ਇੰਜਨਿਅਰ ਇਰੀਗੇਸ਼ਨ।
੧੦. ਪ੍ਰਿੰਸੀਪਲ ਗੁਰੂ ਨਾਨਕ ਇੰਜਨਿਅਰ ਕਾਲਜ।

ਕਾਲਜ ਦੀ ਮੇਨ ਬਿਲਡਿੰਗ ਤੇ ਲਬੋਟਰੀਆਂ ਅਧ ਨਾਲੋਂ ਜ਼ਿਆਦਾ ਤਿਆਰ ਹੋ ਚੁਕੀਆਂ ਹਨ। ਵਰਕ-ਸ਼ਾਪ ਉਨੀਂ ਹਜ਼ਾਰ ਮਰਬਾ ਫੁਟ ਰਕਬੇ ਦੀ ਪੂਰੀ ਤਿਆਰ ਹੋ ਚੁਕੀ ਹੈ ਤੇ ਢਾਈ ਸੌ ਮੁੰਡਿਆਂ ਦਾ ਇਕ ਹੋਸਟਲ ਭੀ ਬਣ ਚੁਕਿਆ ਹੈ। ਦੋ ਹੋਸਟਲ ਹੋਰ ਬਨਾਉਣ ਦੀ ਤਿਆਰੀ ਹੋ ਰਹੀ ਹੈ। ਕੋਈ ਛੇ ਲਖ ਰੁਪੈ ਦਾ ਹੋਰ ਸਮਾਨ ਖਰੀਦਿਆ ਜਾ ਚੁਕਿਆ ਹੈ। ਇਹ ਭੀ ਦਸਣਾ ਜਰੂਰੀ ਹੈ ਕਿ ਕਾਲਜ ਦੀ ਪਹਿਲੀ ਇੱਟ ਗਿਲ ਪਾਰਕ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਵਾਲੇ ਦਿਨ ੨੫ ਮਈ ੧੯੫੫ ਨੂੰ ਟਰਸੱਟ ਦੇ ਬਾਨੀ ਨੇ ਗੁਰੂ ਮਹਾਰਾਜ ਅਗੇ ਅਰਦਾਸਾ ਕਰਕੇ ਰੱਖੀ। ਕੁਝ ਕਾਰਨਾ ਕਰਕੇ ਉਸ ਸਮੇਂ ਹੋਰ ਕੋਈ ਵਡੀ ਰਸਮ ਨ

Digitized by Panjab Digital Library | www.panjabdigilib.org

ਕੀਤੀ ਜਾ ਸਕੀ। ਕਾਲਜ ਦਾ ਬੁਨਿਆਦੀ ਪੱਥਰ ੮ ਅਪਰੈਲ ੧੯੫੬ ਨੂੰ ਰਾਸ਼ਟਰ ਪਤੀ ਡਾ: ਰਜਿੰਦਰਾ ਪ੍ਰਸ਼ਾਦ ਜੀ ਨੇ ਰਖਿਆ। ਇਸ ਮੌਕੇ ਤੇ ਬੜਾ ਭਾਰੀ ਸਮਾਗਮ ਹੋਇਆ, ਜਿਸ ਵਿਚ ਪੰਥ ਅਤੇ ਦੇਸ਼ ਦੇ ਉਘੇ ਉਘੇ ਸਜਨ ਸ਼ਾਮਲ ਸਨ। ਅਮਾਰਤ ਦਾ ਕੰਮ ਸ: ਕਿਸ਼ਨ ਸਿੰਘ ਗਿਲ ਐਗਜ਼ੈਕਟਿਵ ਇੰਜਨੀਅਰ ਦੇ ਹੱਥ ਹੈ। ਜੋ ਇਮਾਨਦਾਰੀ ਵਿਚ ਪੂਰੇ ਤੇ ਕਾਬਲ ਇੰਜਨੀਅਰ ਹਨ। ਕਾਲਜ ਦੇ ਪ੍ਰਿ: ਤਿੰਨ ਸਾਲ ਤੋਂ ਸ: ਤਾਰਾ ਸਿੰਘ ਜੀ ਹਨ, ਇਨ੍ਹਾਂ ਦੇ ਨਾਲ ਦਾ ਉਸਤਾਦ ਹਿੰਦੁਸਤਾਨ ਵਿਚ ਕੋਈ ਨਹੀਂ ਹੈ। ਇਸ ਕਾਲਜ ਦੀ ਸਿਧੀ ਲਈ ਸ: ਬਹਾਦਰ ਕਰਨੈਲ ਸਿੰਘ ਜੀ ਮੈਂਬਰ ਰੇਲਵੇ ਬੋਰਡ ਨੇ ਬੜਾ ਸਮਾਂ ਦਿਤਾ ਹੈ। ਸ: ਸਵਰਨ ਸਿੰਘ ਵਜ਼ੀਰ ਕੇਂਦਰੀ ਸਰਕਾਰ ਨੇ ਸੈਂਟਰ ਵਲੋਂ ਮਦਦ ਹਾਸਲ ਕਰਨ ਲਈ ਬੜੀ ਭਾਰੀ ਸੇਵਾ ਕੀਤੀ ਹੈ। ਸ: ਪ੍ਰਤਾਪ ਸਿੰਘ ਕੈਰੋਂ ਚੀਫ ਮਨਿਸਟਰ ਪੰਜਾਬ ਦੀ ਮਦਦ ਬਿਨਾ ਇਹ ਕਾਲਜ ਸਰਕਾਰੀ ਲਿਸਟ ਤੇ ਨਹੀਂ ਸੀ ਆ ਸਕਦਾ। ਸ: ਬਖਸ਼ੀਸ਼ ਸਿੰਘ ਠੇਕੇਦਾਰ ਲੁਧਿਆਣਾ ਜੀ ਨੇ ਭੀ ਸ਼੍ਰੋਮਣੀ ਕਮੇਟੀ ਤੋਂ ਮਾਇਆ ਹਾਸਲ ਕਰਨ ਲਈ ਪੂਰਾ ਹੱਥ ਵਟਾਇਆ ਹੈ। ਕਾਲਜ ਦੇ ਸ਼ੁਰੂ ਕਰਨ ਸਮੇਂ ਸ: ਸ਼ਾਮ ਸਿੰਘ ਮਕੰਦ ਪੁਰੀ ਅਤੇ ਜਥੇਦਾਰ—ਰਾਮਪੁਰ ਵਾਲਿਆਂ ਨੇ ਅਣਥਕ ਕੰਮ ਕੀਤਾ ਹੈ। ਸ: ਗੁਰਨਾਮ ਸਿੰਘ ਜੱਜ ਹਾਈ ਕੋਰਟ ਪਿਛਲੇ ਚਾਰ ਸਾਲ ਤੋਂ ਲਗਾਤਾਰ ਮੈਨੇਜਿੰਗ ਕਮੇਟੀ ਦੀ ਪ੍ਰਧਾਨਗੀ ਦੀ ਸੇਵਾ ਕਰਦੇ ਆਏ ਹਨ। ਇਸ ਕਾਲਜ ਦੀ ਸਭ ਤੋਂ ਵਡੀ ਗੱਲ ਇਹ ਹੈ ਕਿ ਹਿੰਦੁਸਤਾਨ ਵਿਚ ਨਹੀਂ ਬਲਕਿ ਸਾਰੀ ਦੁਨੀਆਂ ਵਿਚ ਇਹ ਪਹਿਲਾ ਕਾਲਜ ਹੈ ਜਿਸ ਵਿਚ ਕਿ ਪਿਛੇ ਰਹੇ ਪੈਂਡੂਆਂ ਲਈ ੭੦ ਫੀ ਸਦੀ ਸੀਟਾਂ ਮੁੰਡਿਆਂ ਦੇ ਦਾਖਲੇ ਵਿਚ ਰੀਜ਼ਰਵ ਕੀਤੀਆਂ ਗਈਆਂ ਹਨ। ਟਰਸਟ ਦੀ ਇਹ ਬੁਨਿਆਦੀ ਸ਼ਰਤ ਹੈ ਕਿ ਇੰਜਨਿਅਰ ਕਾਲਜ ਤੇ ਟਰਸਟ ਅਤੇ ਹੋਰ ਸਾਰੇ ਆਸ਼ਰਮਾਂ ਵਿਚ ੭੦ ਪ੍ਰਤੀ ਸੈਂਕੜਾ ਨਿਰੋਲ ਪੈਂਡੂ ਮੁੰਡੇ ਦਾਖਲ ਕੀਤੇ ਜਾਣ।

## ਗੁਰੂ ਗੋਬਿੰਦ ਸਿੰਘ ਹਾਈ ਸਕੂਲ ਖੰਨਾ (ਲੁਧਿਆਣਾ)

ਸ੍ਰ. ਮਹਿੰਦਰ ਸਿੰਘ ਜੀ ਸਰਗੋਧਾਂ, ਮਾਲਕ ਗੁਰੂ ਨਾਨਕ ਆਇਲ ਮਿਲ ਖੰਨਾ, ਤੇ ਸ੍ਰ: ਉਤਮ ਸਿੰਘ ਲਿਖਾਰੀ ਬਰ੍ਮਾਂ ਵਾਲਿਆਂ ਦੀ ਹਿੰਮਤ ਨਾਲ ਇਸ ਇਲਾਕੇ ਵਿੱਚ ਇਹ ਸਕੂਲ ਹੋਂਦ ਵਿਚ ਆਇਆ। ਸਾਰਾ ਇਲਾਕਾ ਸਿੱਖ ਵਸੋਂ ਦਾ ਸੀ, ਪਰ ਇਥੇ ਕੋਈ ਖਾਲਸਾ ਸਕੂਲ ਨਾ ਹੋਣ ਕਰਕੇ ਅਨਮਤੀਆਂ ਦਾ ਹੀ ਸਭ ਪਾਸੇ ਜ਼ੋਰ ਸੀ।

੨੭ ਮਈ ੧੯੪੫ ਨੂੰ ਇਲਾਕੇ ਦੇ ਪਤਵੰਤੇ ਸਿੱਖਾਂ ਦੀ ਇਕਤਰਤਾ, ਸ੍ਰ. ਦਲੀਪ ਸਿੰਘ ਜੀ ਰਈਸ ਲਧੜਾਂ ਦੀ ਪ੍ਰਧਾਨਗੀ ਹੇਠ ਹੋਈ। ਸਾਰੀ ਸਕੀਮ ਵਿਚਾਰੀ, ਤੇ ਪ੍ਰਧਾਨ ਹੋਕੇ, ਇਕ ਕਮੇਟੀ ਨੀਅਤ ਕੀਤੀ ਗਈ, ਜਿਸਦੇ ਸ੍ਰ. ਮਹਿੰਦਰ ਸਿੰਘ ਜੀ ਪ੍ਰਧਾਨ, ਤੇ ਸ੍ਰ: ਉਤਮ ਸਿੰਘ ਲਿਖਾਰੀ ਸਕੱਤਰ ਬਣਾਏ ਗਏ। ਮੁਢਲੇ ਖਰਚਾਂ ਲਈ ਸ੍ਰ. ਮਹਿੰਦਰ ਸਿੰਘ ਜੀ ਹੋਰਾਂ ੫੦੦ ਰੁ: ਦਿਤਾ। ੯ ਜੁਲਾਈ ੧੯੪੫ ਨੂੰ ਇਕ ਭਾਰੀ ਦੀਵਾਨ ਕੀਤਾ ਗਿਆ ਤੇ ਇਕ ਕਮੇਟੀ ਬਣਾਈ ਗਈ ਜੋ ਕਿ ਨਾਭਾ, ਪਟਿਆਲਾ, ਲਹੌਰ, ਸ਼ਿਮਲਾ, ਕਲਕੱਤਾ ਆਦਿ ਥਾਵਾਂ ਤੋਂ ਸਹਾਇਤਾ ਉਗਰਾਹ ਕੇ ਲਿਆਂਦੀ।

੨੮ ਜਨਵਰੀ ਸੰਨ ੧੯੪੭ ਨੂੰ ਬਸੰਤ ਪੰਚਮੀ ਵਾਲੇ ਦਿਨ, ਬਣਾਏ ਪ੍ਰੋਗਰਾਮ ਅਨੁਸਾਰ ਜਨਰਲ ਸਿਵਦੇਵ ਸਿੰਘ ਜੀ ਨਾਭਾ ਦੀ ਪ੍ਰਧਾਨਗੀ ਹੇਠ ਬੜਾ ਭਾਰੀ ਦੀਵਾਨ ਹੋਇਆ। ਅਤੇ ਸੰਤ ਗਜਨ ਸਿੰਘ ਜੀ ਝੰਘ ਮਘਿਆਣਾ ਵਾਲਿਆਂ ਦੇ ਹਥੋਂ ਸਕੂਲ ਦੀ ਨੀਂਹ ਰਖਾਈ ਗਈ।

ਕਮੇਟੀ ਦੇ ਫੈਸਲੇ ਅਨੁਸਾਰ ਸਕੂਲ ਦੀਆਂ ਕਲਾਸਾਂ, ੧੭ ਅਪ੍ਰੈਲ ੧੯੪੭ ਤੋਂ ਅਰੰਭ

Digitized by Panjab Digital Library | www.panjabdigilib.org

ਕੀਤੀਆਂ ਗਈਆਂ। ਸ. ਗੁਰਦਿਤ ਸਿੰਘ ਜੀ ਬੀ.ਏ. ਬੀ.ਟੀ. ਖਾ. ਹਾਈ ਸਕੂਲ ਮਿੱਠਾ ਟਵਾਣਾ ਵਾਲੇ ਹੈਡ ਮਾਸਟਰ ਨੀਯਤ ਕੀਤੇ ਗਏ।

ਇਹ ਵੀ ਇਕ ਖੁਸ਼ੀ ਦੀ ਗਲ ਸੀ ਕਿ ਸਰਕਾਰ ਵਲੋਂ ਸ਼ੁਰੂ ਵਿੱਚ ਹੀ, ਸਕੂਲ ਨੂੰ ਆਰਜ਼ੀ ਮਨਜ਼ੂਰੀ ਮਿਲ ਗਈ, ਤੇ ਇਮਤਿਹਾਨ ਦਾ ਸੈਂਟਰ ਵੀ ਯੂਨੀਵਰਸਟੀ ਵਲੋਂ ਨੀਅਤ ਕੀਤਾ ਗਿਆ। ਸ੍ਰ. ਮਹਿੰਦਰ ਸਿੰਘ ਜੀ ਹੋਰਾਂ ਸਕੂਲ ਨੂੰ ਦਸ ਹਜ਼ਾਰ ਰੁਪੈਦਾ ਭਾਰੀ ਦਾਨ ਦਿੱਤਾ ਅਤੇਆਪਣੇ ਭੱਠੇ ਤੋਂ ਡੇਢ ਲਖ ਦੇ ਕਰੀਬ ਇੱਟ, ਲਾਗਤ ਭਾਉ ਤੇ ਦਿਤੀ, ਜਦਕਿ ਇੱਟਾਂ ਦਾ ਭਾਉ ੫੪ ਰੁ. ਤੋਂ ੬੦ ਰੁਪਏ ਤੱਕ ਸੀ। ਇਸਤੋਂ ਬਿਨਾ, ਸਫਰ ਖਰਚ ਲਈ ਆਪਣੀ ਮੋਟਰ ਦਿਤੀ ਰਖੀ।

ਇਸ ਸਮੇਂ ਇਹ ਸਕੂਲ ਆਪਣੀ ਪੂਰੀ ਸ਼ਾਨ ਨਾਲ ਚਲ ਰਿਹਾ ਹੈ। ਖੇਡਾਂ ਦੇ ਵਿਚ ਇਸ ਦਾ ਖਾਸ ਨੰਬਰ ਹੈ। ਜ਼ਿਲੇ ਵਿਚ ਆਪਣੀ ਸ਼ੋਹਰਤ ਆਪ ਰਖਦਾ ਹੈ। ਸ੍ਰ. ਉਤਮ ਸਿੰਘ ਜੀ ੧੯੫੩ ਤੱਕ ਸਕੱਤਰ ਰਹੇ। ਜੂਨ ੧੯੪੫ ਤੋਂ ੩੧ ਮਾਰਚ ੧੯੫੨ ਤੱਕ ਦੀ ਇਨ੍ਹਾਂ ਵਲੋਂ ਛਪਵਾਈ ਸਕੂਲ ਦੀ ਰਿਪੋਰਟ ਤੋਂ ਚੰਗੀ ਤਰਾਂ ਪਤਾ ਲਗਦਾ ਹੈ ਕਿ ਇਨ੍ਹਾਂ ਕਿਸ ਤਰਾਂ ਹਿੰਮਤ ਕਰਕੇ ਇਸਨੂੰ ਹੋਂਦ ਵਿਚ ਲਿਆਂਦਾ।

## ਰਾਮਗੜ੍ਹੀਆ ਇੰਡਸਟ੍ਰੀਅਲ ਹਾਈ ਸਕੂਲ (ਲੁਧਿਆਣਾ)

ਜੋ ਕਿ ਜੀ. ਟੀ. ਰੋਡ, ਮਿਲਰ ਗੰਜ ਵਿਖੇ ਰਾਮਗੜ੍ਹੀਆਂ ਕਮੇਟੀ ਵਲੋਂ ਬਣਾਇਆ ਜਾ ਰਿਹਾ ਹੈ ਅਤੇ ਇਸਦੀ ਮੈਨੇਜਿੰਗ ਕਮੇਟੀ ਰਜ਼ਿਸਟਰ ਹੈ। ਪਹਿਲਾਂ ਇਹ ਸਕੂਲ ਪ੍ਰਾਇਮਰੀ ਜ਼ਾਰੀ ਕੀਤਾ ਗਿਆ ਸੀ, ਮਗਰੋਂ ਸੰਨ ੧੯੪੭ ਵਿੱਚ ਮਿਡਲ ਹੋ ਗਿਆ। ੩੧ ਜਨਵਰੀ ੧੯੫੦ ਨੂੰ ਇਥੇ ਹੋਈ ਰਾਮਗੜ੍ਹੀਆ ਕਾਨਫ੍ਰੰਸ ਦੇ ਫੈਸਲੇ ਅਨੁਸਾਰ ਇਸ ਨੂੰ ਅਪਰੈਲ ੧੯੫੦ ਤੋਂ "ਰਾਮਗੜ੍ਹੀਆਂ ਇੰਡਸਟ੍ਰੀਅਲ ਹਾਈ ਸਕੂਲ" ਦੇ ਨਾਂ ਤੇ ਹਾਈ ਕੀਤਾ ਗਿਆ। ੧ ਅਪ੍ਰੈਲ ੧੯੫੨ਤੋਂ ਇਸਨੂੰ ਸਰਕਾਰ ਵਲੋਂ ਪੱਕੇ ਤੌਰ ਤੇ ਮਨਜ਼ੂਰੀ ਮਿਲ ਗਈ ਅਤੇ ਛੇਤੀ ਹੀ ਯੂਨੀਵਰਸਟੀ ਦੇ ਇਮਤਿਹਾਨਾ ਦਾ ਸੈਂਟਰ ਬਣ ਗਿਆ।

ਸ੍ਰ: ਗੁਰਮੁਖ ਸਿੰਘ ਜੀ Ex. ਮਿਯੂਨਸਪਲ ਕਮਿਸ਼ਨਰ, ਮੋਟਰ ਸਪੇਅਰ ਪਾਰਟਸ ਕਾਰਖਾਨੇ ਵਾਲੇ ਇਸਦੇ ਪ੍ਰਧਾਨ, ਤੇ ਸ੍ਰ: ਮਹਿੰਦਰ ਸਿੰਘ ਜੀ ਖਾਲਸਾ ਨੈਸ਼ਨਲ ਫੌਂਡਰੀ ਵਾਲੇ ਜਨਰਲ ਸਕੱਤਰ ਹਨ। ਬਾਬੂ ਸਿਰੀ ਰਾਮ ਜੀ ਮਿਲ ਓਨਰ ਖੰਨਾਂ ਨੇ ਕੋਈ ੫੦੦੦ ਰੁ: ਤੋਂ ਵਧੀਕ ਦੇ ਦਾਨ ਨਾਲ ਸਕੂਲ ਦਾ ਡਰਾਇੰਗ ਰੂਮ ਬਣਵਾਕੇ ਦਿਤਾ ਹੈ। ਤੇ ਹੁਣੇ ਜਹੇ ਹੀ ਸ੍ਰ. ਗੁਰਮੁਖ ਸਿੰਘ ਜੀ ਪ੍ਰਧਾਨ ਨੇ ਸਕੂਲ ਦਾ ਹਾਲ ਕੋਈ ਸਾਢੇ ਛੇ ਹਜ਼ਾਰ ਰੁਪਏ ਦੀ ਲਾਗਤ ਨਾਲ ਬਣਵਾਕੇ ਕਮੇਟੀ ਨੂੰ ਅਰਪਨ ਕੀਤਾ ਹੈ। ਸਕੂਲ ਦੇ ਨਾਲ ਹੀ ਗੁਰਦਵਾਰਾ ਹੋਣ ਕਰਕੇ, ਬਚਿਆਂ ਤੇ ਧਾਰਮਕ ਪ੍ਰਭਾਓ ਪੈਕੇ ਧਾਰਮਕ ਰੁਚੀ ਫੈਲਦੀ ਹੈ। ਰਾਮਗੜ੍ਹੀਏ ਸਜਨਾਂ ਦੀ ਧਾਰਮਕ ਰੁਚੀ ਤੇ ਸਿੱਖੀ ਸੇਵਾ ਕਿਸੇ ਤੋਂ ਗੁਝੀ ਨਹੀਂ ਸ੍ਰ: ਉਤਮ ਸਿੰਘ ਜੀ 'ਲਿਖਾਰੀ' ਜੋ ਖੰਨਾ ਸਕੂਲ ਦੇ ਮੋਢੀਆਂ ਵਿਚੋਂ ਹਨ, ਹੁਣ ਕਾਫ਼ੀ ਸਮੇਂ ਤੋਂ ਇਸ ਸਕੂਲ ਦੇ ਆਫਸ ਸਕੱਤਰ ਹਨ। ਸਕੂਲ ਕਮੇਟੀ ਵਲੋਂ ਛਪੀਆਂ ਰਪੋਟਾਂ ਤੋਂ ਇਸ ਸਕੂਲ ਸਬੰਧੀ, ਸਾਰੀਆਂ ਗਲਾਂ ਤੇ ਰੋਸ਼ਨੀ ਪਰਗਟ ਹੁੰਦੀ ਹੈ ਜੋ ਇਨ੍ਹਾਂ ਦੀ ਮੇਹਨਤ ਨੂੰ ਦਰਸਾਉਂਦੀਆਂ ਹਨ।

Digitized by Panjab Digital Library | www.panjabdigilib.org

# ਗੁਰੂ ਨਾਨਕ ਹਰਿਗੋਬਿੰਦ ਮਿਡਲ ਸਕੂਲ ਬਾਉਲੀ ਸਾਹਿਬ

"ਗੁਰ ਪੂਰੇ ਕੀਤੀ ਪੂਰੀ"

ਪਿੰਡ ਜਨੇਤਪੁਰਾ ਵਿਖੇ ਵਿਦਿਆ ਦੀ ਥੁੜ ਅਨੁਭਵ ਕਰਕੇ ਸੰਤ ਸਿਪਾਹੀ ਦਾਸ ਵਿਸਾਖਾਸਿੰਘ ਨੇ ਅਪਣੇ ਮਨ ਪ੍ਰਚਾਵੇ ਲਈ ਛੋਟੇ ੨ ਭੁਜੰਗੀ ਭੁਜੰਗਣਾਂ ਨੂੰ, ਭਾਈ ਮੋਹਣ ਸਿੰਘ ਤੇ ਭਾਈ ਜਿਉਣ ਸਿੰਘ ਦੇ ਮਕਾਨ ਵਿਚ ਪੜ੍ਹਾਉਣਾ ਅਰੰਭ ਕੀਤਾ। ਥੋੜੇ ਸਮੇਂ ਵਿਚ ਹੀ ਇਹ ਨਿਤਨੇਮੀ ਤੇ ਸਹਿਜ ਪਾਠੀ ਹੋ ਗਏ। ਜਿਸ ਤੇ ਪਿੰਡ ਦੇ ਅਕਾਲੀ ਜਥੇ ਵਲੋਂ ਸਕੂਲ ਨੂੰ ੧੨) ਮਾਹਵਾਰ ਦੀ ਸਹਾਇਤਾ ਮਿਲਣੀ ਅਰੰਭ ਹੋਈ ਤੇ ਸ: ਹਰਦਿਤ ਸਿੰਘ ਜੀ ਹੌਲਦਾਰ ਦੀ ਪ੍ਰੇਰਨਾ ਦਾ ਸਦਕਾ, ਛੇਤੀ ਹੀ ਪ੍ਰਾਇਮਰੀ ਦੀ ਮਨਜ਼ੂਰੀ ਮਿਲ ਕੇ ਡਿਸਟ੍ਰਿਕਟ ਬੋਰਡ ਦੇ ਪ੍ਰਬੰਧ ਹੇਠ ਕਰਕੇ ਦਾਸ ਭੀ ਗੁਰਦਵਾਰਾ ਗੁਰੂ ਸਰ ਮਦੇ, ਅਤੇ ਗੁਰਦਵਾਰਾ ਜਾਗਰਤਸਰ ਸ਼ੇਰ ਪੁਰਾ ਕਲਾਂ ਦੀ ਸੇਵਾ ਲਈ ਆ ਗਿਆ। ਸਕੂਲ ਦੀ ਇਮਾਰਤ ਦਾ ਕੋਈ ਪ੍ਰਬੰਧ ਨਾ ਹੋਣ ਤੋਂ, ਦਾਸ ਤੇ ਸਾਧ ਸੰਗਤ ਕਿਸ਼ਨ ਪੁਰਾ ਕਲਾਂ ਤੇ ਸੰਗਤ ਸਿਖ ਦੌਲਤ ਨੇ ਮਿਲ ਕੇ ਰਾਤੋ ਰਾਤ ਸਕੂਲ ਦੀ ਇਮਾਰਤ ਬਣਾ ਕੇ, ਤੜਕੇਸਾਰ ਹੀ ਵਾਪਸ ਆ ਗਏ। ਜੋ ਸੰਨ ੧੯੫੧ ਦੇ ਹੜਾਂ ਸਮੇਂ ਢਹਿ ਢੇਰੀ ਹੋ ਗਈ ਤੇ ਫੇਰ ਸ: ਚੰਨਣ ਸਿੰਘ ਜੀ ਜਮਾਦਾਰ, ਸ: ਦਲੀਪ ਸਿੰਘ ਜੀ, ਸ: ਨਰਿੰਦਰ ਸਿੰਘ ਜੀ ਆਦਿ ਨਗਰ ਵਾਸੀਆਂ ਨੇ ਮਿਲ ਕੇ ਮੁਕੰਮਲ ਕਰਵਾਈ ਤੇ ਸਮਾਂ ਪਾ ਕੇ ਇਸ ਵਿਦਿਆਲੇ ਨੂੰ ਮਿਡਲ ਬਨਾਉਣ ਦੀ ਵਿਚਾਰ ਹੋਈ। ਜਨੇਤਪੁਰਾ, ਸੋਢੀਵਾਲ ਅਤੇ ਮਨਸੀਹਾਂ ਬਾਜਨ ਦੇ ਕੁਝ ਮਾਨਯੋਗ ਸਿਖਾਂ ਨੇ ਗੁਰਮਤਾ ਕਰਕੇ ਮੁਰੱਬੇਬੰਦੀ ਦੇ ਇਸ਼ਤੇਮਾਲ ਹੋਣ ਸਮੇਂ, ਤਿੰਨਾਂ ਨਗਰਾਂ ਦੀ ਹੱਦ ਤੇ ਦਸ ਕਿਲੇ ਜ਼ਮੀਨ, ਤਿੰਨਾਂ ਪਿੰਡਾਂ ਵਲੋਂ ਛੁਡਾਈ ਤੇ ਇਲਾਕੇ ਦੀ ਖੁਸ਼ਕਿਸਮਤੀ ਨੂੰ ਸ: ਅਜਮੇਰ ਸਿੰਘ ਜੀ ਬਰਾੜ, ਬਲਾਕ ਡੀਵੈਲਪਮੈਂਟ, ਆਫੀਸਰ, ਸਿੱਧਵਾਂ ਬੇਟ ਬਲਾਕ ਦੇ ਹਲਕੇ ਵਿਚ ਆ ਗਏ ਤੇ ਦਾਸ ਨਾਲ ਮਿਲ ਕੇ, ਸਕੂਲ ਬਾਰੇ ਬਉਲੀ ਸਾਹਿਬ ਪੁਜੇ, ਤੇ ਸੰਗਤ ਮਨਸੀਹਾਂ ਬਾਜਨ, ਜਨੇਤਪੁਰਾ ਤੇ ਸੋਢੀਵਾਲ ਦੇ ਮੁਖੀਆਂ ਨੂੰ ਮਿਲ ਕੇ, ਵਿਦਿਆਂ ਦੇ ਘਾਟੇ ਵਲ ਧਿਆਨ ਦੁਆਇਆ ਤੇ ਸਾਰੇ ਪਿੰਡਾਂ ਦਾ ਇਕੱਠ ਕਰਨ ਦੀ ਵਿਚਾਰ ਹੋਕੇ, ਪੱਤਰ ਭੇਜੇ ਗਏ ਤੇ ੧੬-੮-੧੯੫੯ ਨੂੰ ਇਕ ਭਾਰੀ ਇਕੱਤਰਤਾ ਸ: ਫੁੰਮਣ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਜਨਰਲ ਕਮੇਟੀ ਤੇ ਕਾਰਜ ਸਾਧਕ ਕਮੇਟੀਆਂ ਚੁਣੀਆਂ ਗਈਆਂ ਤੇ ੧੩ ਅਗਸਤ ੧੯੫੯ ਨੂੰ ਮਿਡਲ ਸਕੂਲ ਦੀ ਨੀਂਹ ਰਖਣ ਦਾ ਦਿਨ ਨੀਅਤ ਕੀਤਾ ਗਿਆ, ਇਸ ਦਿਨ ਸਕੂਲ ਵਾਲੀ ਜਗ੍ਹਾ ਤੇ ਜੋੜ ਮੇਲਾ ਹੋਇਆ। ਅਰਦਾਸਾ ਕਰਕੇ ਹੇਠ ਲਿਖੇ ਪੰਜਾਂ ਗੁਰਮੁਖਾਂ ਦੇ ਹਥੋਂ ਨੀਂਹ ਰਖਾਈ ਗਈ।

ਸੰਤ ਮੋਹਣ ਸਿੰਘ ਜੀ ਬਾਉਲੀ ਸਾਹਿਬ, ਸ: ਅਜਮੇਰ ਸਿੰਘ ਜੀ ਬਰਾੜ, ਬੀ: ਡੀ. ਓ, ਬਲਾਕ ਸਿਧਵਾਂ, ਸਰਦਾਰ ਚੰਨਣ ਸਿੰਘ ਜੀ ਸੰਗਤ ਕਿਲਾ ਰਾਇਪੁਰ ਲੁਧਿਆਣਾ, ਕਰਨਲ ਜ਼ੋਰਾਵਰ ਸਿੰਘ ਜੀ, ਸੰਤ ਸਿਪਾਹੀ ਵਿਸਾਖਾ ਸਿੰਘ ਜੀ।

ਇਸ ਸਮੇਂ ਸੀਮਿੰਟ ਦੇ ਕੜਾਹੀਏ ਚੁਕਣ ਵਾਲੇ, ਬੀਬੀ ਬਲਵੰਤ ਕੌਰ ਚੰਨਣਵਾਲ. ਸ: ਬਿਸ਼ਨ ਸਿੰਘ ਜੀ ਲੋਧੀਵਾਲ, ਸ: ਚੰਨਣ ਸਿੰਘ ਜਨੇਤਪੁਰਾ, ਸ: ਹਾਕਮ ਸਿੰਘ ਜੀ ਜਨੇਤਪੁਰਾ ਸਨ।

ਚੁਣੀ ਗਈ ਕਾਰਜ ਸਾਧਕ ਕਮੇਟੀ ਦੇ ਮੁਖੀ ਮੈਂਬਰ :-

ਸੰਤ ਸਿਪਾਹੀ ਵਿਸਾਖਾ ਸਿੰਘ ਜੀ ਕਿਸ਼ਨਪੁਰਾ ਕਲਾਂ ਪ੍ਰਧਾਨ। ਸ: ਚੰਨਣ ਸਿੰਘ ਜੀ ਸੰਗਤ ਲੁਧਿਆਣਾ ਸੀਨੀਅਰ ਮੀਤ ਪ੍ਰਧਾਨ। ਕਰਨਲ ਜ਼ੋਰਾਵਰ ਸਿੰਘ ਜੀ ਦੱਤ ਮਨਸੀਹਾਂ ਜੂਨੀਅਰ ਮੀਤ ਪ੍ਰਧਾਨ ਸ: ਸੁਰਜੀਤਸਿੰਘ ਜੀ ਜੌਹਲ ਜਨੇਤਪੁਰਾ ਸਕੱਤਰ। ਸ: ਪੂਰਨਸਿੰਘ ਜੀ ਜੌਹਲ ਜਨੇਤਪੁਰਾ ਮੀਤ ਸਕੱਤਰ। ਸ: ਫੁਮਣ ਸਿੰਘ ਜੀ ਸੋਢੀਵਾਲ ਖਜ਼ਾਨਚੀ ਆਦਿ ਚੁਣੇ ਗਏ। ਜਮਾਂਦਾਰ ਚੰਨਣ ਸਿੰਘ ਜੀ ਜਨੇਤਪੁਰਾ। ਮਾਸਟਰ ਮੁਖਤਿਆਰ ਸਿੰਘ ਜੀ ਜਗਰਾਉਂ। ਸਰਦਾਰ ਨਰਿੰਦਰ ਸਿੰਘ ਜਨੇਤਪੁਰਾ। ਸਰਦਾਰ ਕੇਹਰ ਸਿੰਘ ਜੀ ਮਨਸੀਹਾਂ ਬਾਜਨ। ਸਰਦਾਰ ਅਤਰ ਸਿੰਘ ਜੀ ਮਨਸੀਹਾਂ ਬਾਜਨ। ਸਰਦਾਰ ਸ਼ੇਰ ਸਿੰਘ ਜੀ ਸਰਪੰਚ।

Digitized by Panjab Digital Library | www.panjabdigilib.org

ਮਨਸੀਹਾਂ ਬਾਜਨ । ਸਰਦਾਰ ਗੁਲਜ਼ਾਰਾ ਸਿੰਘ ਜੀ ਸੋਡੀਵਾਲ ।ਸਰਦਾਰ ਸਰਦਾਰਾ ਸਿੰਘ ਜੀ ਸੋਡੀਵਾਲ ਸਰਦਾਰ ਬਚਨ ਸਿੰਘ ਜੀ ਸਰਪੰਚ ਗਰਾਮ ਪੰਚਾਇਤ ਜਨੇਤਪੁਰਾ ।

ਇਸ ਦੀਵਾਨ ਤੇ ਸਕੂਲ ਬਿਲਡਿੰਗ ਲਈ ਸਃ ਅਜਮੇਰ ਸਿੰਘ ਜੀ, ੨੦੦੦),ਸਃ ਚੰਨਣ ਸਿੰਘ ਜੀ (ਸੰਗਤ) ਕਿਲਾ ਰਾਏਪੁਰ ਨੇ ੫੦੦), ਬੀਬੀ ਨੰਦ ਕੌਰ ਧਰਮਪਤਨੀ ਸ: ਚੰਨਣ ਸਿੰਘ ਜੀ ਸੰਗਤ ਨੇ (੫੦੦) ਅਤੇ ਹੋਰ ਬਹੁਤ ਸਾਰੇ ਹੇਠ ਲਿਖੇ ਪ੍ਰੇਮੀਆਂ ਨੇ ਮਾਇਆ ਦਿਤੀ ।

ਸ. ਫੁਮਣ ਸਿੰਘ ਜੀ ਪਿਤਾ ਸ: ਨਰੈਣ ਸਿੰਘ ਜੀ ਸੋਡੀਵਾਲ ੨੫੦)
ਸਃ ਹਰਚੰਦ ਸਿੰਘ ਜੀ ਪਿਤਾ ਸ: ਹੁਕਮ ਸਿੰਘ ਜੀ ਜਨੇਤਪੁਰਾ ੨੫੦)
ਸ: ਮੱਲ ਸਿੰਘ ਜੀ ਪਿਤਾ ਭਾਈ ਅਤਰ ਸਿੰਘ ਜੀ ਮਿਸਤ੍ਰੀ ਜਨੇਤਪੁਰਾ ੧੦੧)
ਸ: ਕਰਨਲ ਜ਼ੋਰਾਵਰ ਸਿੰਘ ਜੀ ਦੱਤ ਮਨਸੀਹਾਂ ਬਾਜਨ ੧੦੧)
ਸ ਬਲਵੰਤ ਸਿੰਘ ਜੀ ਪਿਤਾ ਸ: ਗੁਰਨਾਮ ਸਿੰਘ ਜੀ ਚੰਨਣਵਾਲ ੧੦੧)
ਬੇਬੇ ਬਲਬੀਰ ਕੌਰ ਧਰਮਪਤਨੀ ਸ: ਸੁਰਜੀਤ ਸਿੰਘ ਜੀ ਜਨੇਤਪੁਰਾ ੧੦੧)
ਸ: ਕਰਤਾਰ ਸਿੰਘ ਜੀ ਪਿਤਾ ਸ: ਪੋਹਲਾ ਸਿੰਘ ਸੋਡੀਵਾਲ ੧੦੦)
ਸਨਮਾਨਯੋਗ ਸੰਗਤ ਕਿਸ਼ਨਪੁਰਾ ਕਲਾਂ [ਫੀਰੋਜ਼ਪੁਰ] ੭੬)
ਸ: ਕਪੂਰ ਸਿੰਘ ਜੀ ਪਿਤਾ ਸ: ਨੰਦ ਸਿੰਘ ਜੀ ਕਿਸ਼ਨਪੁਰਾ ਕਲਾਂ ੨੫)
ਸ; ਜੀਊਣ ਸਿੰਘ ਜੀ ਪਿਤਾ ਕਰਮ ਸਿੰਘ ਜੀ ਜਨੇਤਪੁਰਾ ੩੦) ੩੧ ਨਵੇਂ ਪੈਸੇ
ਸਃ ਉਜਾਗਰ ਸਿੰਘ ਜੀ ਪਿਤਾ ਮੋਹਣ ਸਿੰਘ ਜੀ ਜਨੇਤਪੁਰਾ ੩੦) ੩੧ ਨਵੇਂ ਪੈਸੇ
ਸ: ਮੱਲ ਸਿੰਘ ਜੀ ਪਿਤਾ ਸ; ਹਰਭਜਨ ਸਿੰਘ ਜੀ ਜਨੇਤਪੁਰਾ ੨੫)
ਜਮਾਦਾਰ ਚੰਨਣ ਸਿੰਘ ਜੀ ਪਿਤਾ ਸ, ਅਤਰ ਸਿੰਘ ਜੀ ਜਨੇਤਪੁਰਾ ੨੫)
ਬੇਬੇ ਹਰਨਾਮ ਕੌਰ ਜੀ ਸੁਪਤਨੀ ਜਮਾਂਦਾਰ ਚੰਨਣ ਸਿੰਘਜੀ ਜਨੇਤਪੁਰਾ ੨੫)
ਸ੍ਰੀ ਲਾਲਾ ਚੰਦਗੀ ਰਾਮ ਜਨੇਤਪੁਰਾ ੨੫)
ਸਰਦਾਰ ਬਖਸ਼ੀਸ਼ ਸਿੰਘ ਜੀ ਪਿਤਾ ਮੋਹਣ ਸਿੰਘ ਜੀ ਜਨੇਤਪੁਰਾ ੨੫)
ਸਰਦਾਰ ਪਾਖਰ ਸਿੰਘ ਜੀ ਪਿਤਾ ਅਤਰ ਸਿੰਘ ਜੀ ਜਨੇਤਪੁਰਾ ੩੫)
ਸਰਦਾਰ ਵਸਾਵਾ ਸਿੰਘ ਜੀ ਪਿਤਾ ਭਾਗ ਸਿੰਘ ਜੀ ਜਨੇਤਪੁਰਾ ੨੫)
ਸਰਦਾਰ ਨਰਿੰਦਰ ਸਿੰਘ ਜੀ ਪਿਤਾ ਲਹਿਣਾ ਸਿੰਘ ਜੀ ਜਨੇਤਪੁਰਾ ੨੫)
ਬੇਬੇ ਸੰਤ ਕੌਰ ਜੀ ਸੁਪਤਨੀ ਸਰਦਾਰ ਨਰਿੰਦਰ ਸਿੰਘ ਜੀ ਜਨੇਤਪੁਰਾ ੨੫)
ਸ੍ਰੀ ਮਾਨ ਮਹੰਤ ਅਰਜਨ ਸਿੰਘ ਜੀ ਗੁਰਦੁਆਰਾ ਜਨੇਤਪੁਰਾ ੨੫)
ਸੀ ਮਾਨਯੋਗ ਸੰਗਤ ਲੋਧੀਆਲਾ ੨੫)
ਸ੍ਰੀ ਮਾਨਯੋਗ ਸੰਗਤ ਜਨੇਰ ਗੁਰੂ ਨਾਨਕ ਦੇਵ ਹਾਈ ਸਕੂਲ ਕਮੇਟੀ ੨੫)
ਜਥੇਦਾਰ ਗੁਰਮੁਖ ਸਿੰਘ ਜੀ ਮਨਸੀਹਾਂ ਬਾਜਨ ੨੫)
ਸਰਦਾਰ ਸੰਪੂਰਨ ਸਿੰਘ ਜੀ ਮਨਸੀਹਾਂ ਬਾਜਨ ੨੫)
ਸਰਦਾਰ ਕੇਹਰ ਸਿੰਘ ਜੀ ਮੈਂਬਰ ਪੰਚਾਇਤ ਮਨਸੀਹਾਂ ਬਾਜਨ ੫੦)
ਸ੍ਰੀ ਮਾਨਯੋਗ ਸੰਗਤ ਇੰਦਰ ਗੜ੍ਹ ੨੦)
ਸ੍ਰੀ ਮਾਨ ਸੰਤ ਮੋਹਣ ਸਿੰਘ ਜੀ ਬਾਉਲੀ ਸਾਹਿਬ ੨੫)
ਸ੍ਰੀ ਮਤੀ ਮਾਤਾ ਦਯਾ ਕੌਰ, ਮਾਤਾ ਸਰਪੰਚ ਪੂਰਨ ਸਿੰਘ ਜੀ ਸੋਡੀਵਾਲ ੨੫)
ਹੌਲਦਾਰ ਮਲਕੀਤ ਸਿੰਘ ਪਿਤਾ ਸ: ਬਿਸ਼ਨ ਸਿੰਘ ਜਨੇਤਪੁਰਾ ੨੬)
ਸ: ਅਜੈਬ ਸਿੰਘ ਪਿਤਾ ਸ: ਬਿਸ਼ਨ ਸਿੰਘ ਜਨੇਤਪੁਰਾ ੨੫)

Digitized by Panjab Digital Library | www.panjabdigilib.org

# ਹਾਈ ਸਕੂਲ ਸ਼ੇਰ ਪੁਰਾ (ਲੁਧਿਆਣਾ)

੧੯੨੩-੨੪ ਵਿਖੇ ਸ਼ੇਰਪੁਰਾ ਛੋਟਾ ਦੇ ਹੇਠ ਲਿਖੇ ਸਿੰਘ:-

ਭਾਈ ਮੋਤਾ ਸਿੰਘ ਜੀ, ਭਾਈ ਜੀਤਾ ਸਿੰਘ ਜੀ, ਭਾਈ ਪਾਖਰ ਸਿੰਘ ਜੀ, ਭਾਈ ਅਣੋਖ ਸਿੰਘ ਜੀ, ਭਾਈ ਪੂਰਨ ਸਿੰਘ ਜੀ, ਭਾਈ ਚੰਨਣ ਸਿੰਘ ਜੀ, ਨੰ: ਗੁਜਰ ਸਿੰਘ ਜੀ, ਭਾਈ ਈਸ਼ਰ ਸਿੰਘ ਜੀ ਆਦਿ ਨੇ ਸ੍ਰੀ ਸੰਤ ਮੱਘਰ ਸਿੰਘ ਜੀ ਰਾਮ ਗੜ੍ਹ ਵਾਲਿਆਂ ਨੂੰ ਪਿੰਡ ਲਿਆ ਕੇ ਦੀਵਾਨ ਸਜਾਇਆ। ਉਸ ਵਕਤ ਸ੍ਰੀ ਸੰਤ ਜੀ ਨੇ ਬਚਨ ਕੀਤਾ ਕਿ ਸੰਗਤ ਜੀ ਦੋਹਾਂ ਪਿੰਡਾਂ ਦੇ ਬੰਨੇ ਤੇ ਗੁਰਦੁਆਰਾ ਬਨਣਾ ਚਾਹੀਦਾ ਹੈ।

ਸੋ ਸੰਤ ਜੀ ਦੇ ਬਚਨ ਤੇ ਛੋਟੇ ਪਿੰਡ ਵਾਲਿਆਂ ਨੇ ਆਪ ਪਿੰਡ ਦੇ ਬੰਨੇ ਤੇ ਜ਼ਮੀਨ ਛਡ ਦਿਤੀ। ਅਰ ਕੁਝ ਦਿਨਾਂ ਬਾਦ ਸੰਤ ਜੀ ਦਾ ਸਰੀਰ ਸ਼ਾਂਤ ਹੋ ਜਾਣ ਤੇ ਇਸ ਕੰਮ ਵਿਚ ਅਟਕਾਰ ਪੈ ਗਈ। ੧੬-੧੭ ਨਵੰਬਰ ੧੯੨੭ ਦੀ ਦਰਮਿਆਨੀ ਰਾਤ ਨੂੰ ਕਿਸੇ ਅਧਮ ਪਾਪੀ ਨੇ ਗੁਰਦੁਆਰਾ ਸ਼ੇਰ ਪੁਰਾ ਕਲਾਂ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਤੇ ਗੁਰੂ ਪੰਥ ਵਲੋਂ ਉਸ ਹਾਦਸੇ ਦੀ ਯਾਦ ਵਿਚ ਗੁਰਦੁਆਰਾ ਉਥੇ ਹੀ ਕਾਇਮ ਕੀਤਾ ਗਿਆ। ਹੁਣ ਜਿਸ ਸਮੇਂ ਮੁਰੱਬੇਬੰਦੀ ਹੋ ਰਹੀ ਸੀ, ਛੋਟੇ ਪਿੰਡ ਵਾਲਿਆਂ ਨੇ ਗੁਰਦੁਆਰੇ ਵਾਸਤੇ ਆਪਣੇ ਪਿੰਡ ਦੇ ਨੇੜ ਜਗ੍ਹਾ ਕਟਾ ਲਈ।

ਵਿਦਿਆ ਉਤਸ਼ਾਹੀ ਸਜਨਾਂ ਨੇ ਸ਼ੇਰ ਪੁਰਾ ਕਲਾਂ ਅਤੇ ਸ਼ੇਰ ਪੁਰਾ ਖੁਰਦ ਦੋਹਾਂ ਪਿੰਡਾਂ ਨੇ ਰਲ ਕੇ ਮਰਬੇਬੰਦੀ ਵਿਚ ੧੪ ਬਿੱਘੇ ਜ਼ਮੀਨ ਸਕੂਲ ਵਾਸਤੇ ਛਡ ਦਿਤੀ। ਹੁਣ ਪਿੰਡਾਂ ਦੀ ਤੀਬਰ ਇਛਾ ਸੀ ਕਿ ਸਾਡੇ ਸਕੂਲ ਸ਼ੁਰੂ ਹੋ ਜਾਣ। ਏਧਰ ਸ: ਹਰਦਿਆਲ ਸਿੰਘ ਬੀ. ਏ. ਬੀ. ਟੀ. ਰਾਮਗੜ੍ਹ ਵਾਲੇ ਪੁਲ ਤੇ ਹਾਈ ਸਕੂਲ ਦੀਆਂ ਕੋਸ਼ਸ਼ਾਂ ਵਿਚ ਸਨ। ਏਸੇ ਅਰਸੇ ਅੰਦਰ ਸ: ਜਸਵੰਤ ਸਿੰਘ ਜੀ ਢਿਲੋਂ, ਸ: ਹਰਦਿਆਲ ਸਿੰਘ ਸਿਧੂ ਬੀ. ਏ. ਬੀ. ਟੀ. ਨੂੰ ਮਿਲਨ ਤੇ ਸਕੂਲ ਬਾਰੇ ਗਲ ਬਾਤ ਹੋਈ ਤੇ ਦੋਹੀਂ ਪਾਸੀਂ ਆਸਾਂ ਬੱਝਣ ਲਗੀਆਂ। ਹੁਣ ਸ: ਜਸਵੰਤ ਸਿੰਘ ਜੀ ਢਿਲੋਂ ਨੇ ਦੋਹਾਂ ਨਗਰਾਂ ਦੇ ਸਿਆਣੇ ੨ ਵਿਦਿਆ ਹਮੈਤੀ ਸਜਣਾਂ ਦਾ ਇਕੱਠ ਬੁਲਾ ਕੇ, ਸ: ਹਰਦਿਆਲ ਸਿੰਘ ਦੇ ਖਿਆਲ ਪ੍ਰਗਟ ਕੀਤੇ। ਅਤੇ ਗੁਰਦੁਆਰਾ ਤਹਿਸੀਲ ਰੋਡ ਜਗਰਾਉਂ ਵਿਖੇ ਇਕ ਇਕੱਤ੍ਰਤਾ ਹੋਈ ਜਿਸ ਵਿਚ ਸਰਬ ਸੰਮਤੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਅਰਦਾਸ ਸੋਧਨ ਤੇ ਹੁਕਮ ਨਾਮਾ ਹੋਣ ਤੋਂ ਉਪਰੰਤ ਉਹਦੇਦਾਰ ਤੇ ਕਮੇਟੀ ਦੀ ਚੋਣ ਕੀਤੀ ਗਈ। ਅਤੇ ਹੇਠ ਲਿਖੇ ਸਜਨ ਸਕੂਲ ਦੀ ਪ੍ਰਬੰਧਕ, ਕਮੇਟੀ ਦੇ ਔਹਦੇਦਾਰ ਚੁਣੇ ਗਏ।

(੧) ਸ: ਮਘਰ ਸਿੰਘ, ਪਿੰਡ ਸ਼ੇਰ ਪੁਰਾ ਕਲਾਂ, ਪ੍ਰਧਾਨ।
(੨) ਸ: ਪ੍ਰਤਾਪ ਸਿੰਘ ਸਿਧੂ ਨੰਬਰਦਾਰ, ਪਿੰਡ ਸਿਧਮਾਬੇਟ, ਸੀਨੀਅਰ ਵਾਈਸ ਪ੍ਰੈਜ਼ੀਡੈਂਟ।
(੩) ਸ: ਹਜੂਰਾ ਸਿੰਘ (ਸਪੁਤ੍ਰ ਨੰ: ਗੁਜਰ ਸਿੰਘ) ਸਰਪੰਚ ਸ਼ੇਰ ਪੁਰਾ ਖੁਰਦ, ਜੂਨੀਅਰ ਵਾਈਸ ਪ੍ਰੈਜ਼ੀਡੈਂਟ।
(੪) ਗਿ: ਸ਼ੰਕਰ ਸਿੰਘ ਜੀ, ਸ਼ੇਰ ਪੁਰਾ ਖੁਰਦ, ਮੈਨੇਜਰ।
(੫) ਸ: ਹਰਦਿਆਲ ਸਿੰਘ ਸਿਧੂ ਬੀ. ਏ. ਬ. ਟੀ. ਹੈਡ ਮਾਸਟਰ, ਸੈਕਟਰੀ।
(੬) ਸ: ਸਦਾ ਸਿੰਘ ਸਰਪੰਚ, ਸ਼ੇਰ ਪੁਰਾ ਕਲਾਂ, ਖਜਾਨਚੀ।
(੭) ਡਾ: ਕੁਲਵੰਤ ਸਿੰਘ ਜਗਰਾਉਂ ਮੈਂਬਰ ਅਨੰਤ੍ਰਿੰਗ ਕਮੇਟੀ।
(੮) ਸ: ਜਸਵੰਤ ਸਿੰਘ ਢਿੱਲੋਂ ਬੀ. ਕਾਮ ਮੈਂਬਰ ਅਨੰਤ੍ਰਿੰਗ ਕਮੇਟੀ।

Digitized by Panjab Digital Library | www.panjabdigilib.org

(੯) ਸ: ਧਰਮ ਸਿੰਘ ਸਰਪੰਚ ਚੀਮਨਾ, ਮੈਂਬਰ ਅਨੰਤ੍ਰਿਰੰਗ ਕਮੇਟੀ।

### ਨੀਂਹ ਰਖਣ ਦੀ ਰਸਮ

ਸ੍ਰੀ ਗੁਰੂ ਮਹਾਰਾਜ ਜੀ ਦੀ ਓਟ ਲੈ ਕੇ ਸਕੂਲ ਦੀ ਨੀਂਹ ਰੱਖ ਦਿਤੀ ਗਈ ਅਤੇ ਵਿਦਿਆਰਥੀ ੧੬ ਅਪਰੈਲ ੧੯੫੭ ਨੂੰ ਦਾਖਲ ਕਰਨੇ ਸ਼ੁਰੂ ਕੀਤੇ ਗਏ। ਦਿਲ ਖੋਲ੍ਹ ਕੇ ਦਾਨ ਕਰਨ ਵਾਲੇ ਦਾਨੀ ਸਜਣਾਂ ਦੇ ਨਾਮ ਹੇਠ ਦਰਜ ਕੀਤੇ ਜਾਂਦੇ ਹਨ।

| | | |
|---|---|---|
| (੧) | ਸ: ਹਰਦਿਆਲ ਸਿੰਘ ਸਿਧੂ ਬੀ. ਏ. ਬੀ. ਟੀ. ਹੈਡ ਮਾਸਟਰ। | ੫੦੦੦) |
| (੨) | ਮਲਾਇਆ ਨਿਵਾਸੀ ਪੰਜਾਬੀ ਸੰਗਤ। | ੨੭੦੦) |
| (੩) | ਪੰਚਾਇਤ ਸ਼ੇਰ ਪੁਰਾ ਕਲਾਂ। | ੧੮੦੦) |
| (੪) | ਪੰਚਾਇਤ ਸ਼ੇਰ ਪੁਰਾ ਖੁਰਦ। | ੧੨੦੦) |
| (੫) | ਡਾ: ਬੰਸੀ ਰਾਮ ਸ਼ਰਮਾਂ ਕੈਪਟਨ। | ੧੦੦੦) |
| (੬) | ਡਾ: ਬਖਸ਼ੀਸ਼ ਸਿੰਘ ਗਿਲ ਪਿੰਡ ਐਤੀਆਣਾ। | ੧੦੦੦) |
| (੭) | ਸ: ਜਾਂਗੀਰ ਸਿੰਘ ਸ਼ੇਰ ਪੁਰਾ ਖੁਰਦ। | ੫੦੦) |
| (੮) | ਸ: ਬਾਬੂ ਸਿੰਘ ਸਿਧੂ ਸ਼ੇਰ ਪੁਰਾ ਖੁਰਦ। | ੫੦੦) |
| (੯) | ਸ: ਉਦੇ ਸਿੰਘ ਸ਼ੇਰ ਪੁਰਾ ਖੁਰਦ। | ੫੦੦) |
| (੧੦) | ਸ: ਅਮਰ ਸਿੰਘ ਲੈਂਡ ਲਾਰਡ ਸਿੱਖਦੌਲਤ। | ੫੦੦) |

ਇਹ ਸਕੂਲ ਪੰਜਾਬ ਸਰਕਾਰ ਦੇ ਵਿਦਿਅਕ ਮਹਿਕਮੇ ਵਲੋਂ ਮਨਜ਼ੂਰ ਹੋ ਚੁਕਾ ਹੈ ਅਤੇ ਹੈਡ ਮਾਸਟਰ ਸ: ਹਰਦਿਆਲ ਸਿੰਘ ਦੇ ਯੋਗ ਪ੍ਰਬੰਧ ਤੇ ਅਥੱਕ ਸਟਾਫ ਦੇ ਕਾਰਨ ਦਿਨ ਦੂਣੀ ਰਾਤ ਚੌਗਣੀ ਤਰੱਕੀ ਕਰ ਰਿਹਾ ਹੈ।

## ਖਾਲਸਾ ਹਾਈ ਸਕੂਲ ਗੁਰੂ ਤੇਗ ਬਹਾਦਰ ਗੜ੍ਹ (ਰੋਡੇ)

ਇਹ ਆਸ਼ਰਮ ਬਾਘੇ ਪੁਰਾਣੇ ਤੋਂ ਕੋਟਕਪੂਰੇ ਵੱਲ ਜਾਣ ਵਾਲੀ ਸੜਕ ਤੇ ਉਸ ਥਾਂ ਵਿਦਮਾਨ ਹੈ, ਜਿਥੋਂ ਪਿੰਡ ਰੋਡੇ, ਲੰਡੇ, ਸਮਾਲਸਰ, ਰਾਜਿਆਣਾ ਤੇ ਵੈਰੋਕੇ ਆਦਿ ਬਰਾਬਰ ਪੈਂਦੇ ਹਨ। ੧੯੧੯ ਵਿਚ ਇਸ ਸਕੂਲ ਦਾ ਆਰੰਭ ਸੁਰਗਵਾਸੀ ਕਪਤਾਨ ਭਗਵਾਨ ਸਿੰਘ, ਸ: ਬੁਧ ਸਿੰਘ ਵਾਲਿਆਂ ਦੀ ਹਿੰਮਤ ਨਾਲ ਹੋਇਆ। ਆਪ ਨੇ ਸਕੂਲ ਵਾਲੀ ਉਚੇਰੀ ਜਗ੍ਹਾ (ਥੇਹ) ਤੇ ਤੰਬੂ ਲਾ ਕੇ ਤਪਸਿਆ ਕੀਤੀ ਤੇ ਸਕੂਲ ਦੀ ਬੁਨਿਆਦ ਰੱਖੀ। ਸਾਰੇ ਇਲਾਕੇ ਦੇ ਲੋਕਾਂ ਵਿਚ ਕਪਤਾਨ ਸਾਹਿਬ ਦਾ ਬੜਾ ਰਸੂਖ ਸੀ, ਇਸ ਲਈ ਸਮੇਂ ਦੇ ਅਨੁਸਾਰ ਸਾਰੇ ਪਿੰਡਾਂ ਨੇ ਸਹਾਇਤਾ ਦਿਤੀ। ਕਪਤਾਨ ਸਾਹਿਬ ਦੇ ਇਰਾਦੇ ਬੜੇ ਉਚੇ ਸਨ ਉਹ ਇਸ ਆਸ਼ਰਮ ਨੂੰ ਇਲਾਕੇ ਦੇ ਨੌਜਵਾਨਾਂ ਲਈ ਇਕ ਫ਼ੌਜੀ ਕੇਂਦਰ ਤੇ ਦਸਤਕਾਰੀ ਦਾ ਸਥਾਨ ਬਨੌਣਾ ਚਾਹੁੰਦੇ ਸਨ ਪਰ ਆਪ ਦੀ ਆਯੂ ਨੇ ਸਾਥ ਨਾ ਦਿਤਾ।

ਅਮਰੀਕਾ (ਕੈਨੇਡਾ) ਵਿਚ ਰਹਿਣ ਵਾਲੇ ਇਸ ਇਲਾਕੇ ਦੇ ਕੁਝ ਹਿੰਮਤੀ ਸੱਜਣ ਸਨ ਜਿਨ੍ਹਾਂ ਦੇ ਉਪਰਾਲੇ ਨਾਲ ਕੁਝ ਮਾਇਆ ਇਕੱਤਰ ਹੋਈ ਜਿਸ ਨਾਲ ਸਕੂਲ ਦਾ ਬੋਰਡਿੰਗ ਹਾਊਸ ਬਣਾਇਆ ਗਿਆ। ਇਸ ਤੋਂ ਬਿਨਾਂ ਕਪਤਾਨ ਸਾਹਿਬ ਦਾ ਫੌਜੀ ਅਫਸਰਾਂ ਵਿਚ ਭੀ ਬੜਾ ਰਸੂਖ ਸੀ। ਉਸ ਦਾ ਇਹ ਲਾਭ ਪੁਜਿਆ ਕਿ ਅੰਗਰੇਜ਼ ਅਫ਼ਸਰ ਇਸ ਨੂੰ ਕਪਤਾਨ ਭਗਵਾਨ ਸਿੰਘ ਸਕੂਲ

Digitized by Panjab Digital Library | www.panjabdigilib.org

ਕਹਿਕੇ ਨਿਵਾਜਦੇ ਰਹੇ ਤੇ ਇਸ ਸਕੂਲ ਨੂੰ ਉਸ ਵੇਲੇ ਸਰਕਾਰੀ ਸਹਾਇਤਾ ਦੀ ਫਹਿਰਿਸਤ ਵਿਚ ਲਿਆਂਦਾ ਗਿਆ। ਜਦ ਕਿ ਕਿਸੇ ਸਕੂਲ ਨੂੰ ਉਕਾ ਹੀ ਕੋਈ ਸਹਾਇਤਾ ਨਹੀਂ ਸੀ ਮਿਲਦੀ।

ਪਿੰਡਾਂ ਦੀ ਪਾਰਟੀ ਬਾਜ਼ੀ ਦਾ ਭੀ ਇਸ ਆਸ਼ਰਮ ਤੇ ਕਈ ਸਾਲ ਅਸਰ ਰਿਹਾ ਪਰ ਹੁਣ ਫੇਰ ਇਲਾਕੇ ਨਿਵਾਸੀਆਂ ਨੇ ਹੌਸਲਾ ਕਰਕੇ ਮੁਰੱਬੇ ਬੰਦੀ ਦੇ ਮੌਕੇ ਸਕੂਲ ਦੇ ਨਾਮ ਕਾਫੀ ਸਾਰੀ ਜ਼ਮੀਨ ਲੁਆ ਦਿਤੀ ਹੈ ਤੇ ਕਾਲਜ ਬਨਾਣ ਦੀਆਂ ਸਕੀਮਾਂ ਪ੍ਰਬੰਧਕਾਂ ਦੇ ਸਾਹਮਣੇ ਹਨ। ਸ: ਕਰਤਾਰ ਸਿੰਘ (ਸਮਾਲਸਰ) ਬੀ. ਏ. ਬੀ. ਟੀ. ਇਸ ਸਕੂਲ ਦੇ ਕਈ ਸਾਲਾਂ ਤੋਂ ਹੈਡਮਾਸਟਰ ਚਲੇ ਆ ਰਹੇ ਹਨ ਜਿਨ੍ਹਾਂ ਬੜੇ ਦ੍ਰਿੜ੍ਹ ਇਰਾਦੇ ਨਾਲ ਇਸ ਸਕੂਲ ਦੀ ਸੇਵਾ ਨਿਭਾਈ ਹੈ। ਕਪਤਾਨ ਸਾਹਿਬ ਦੇ ਪੋਤਰੇ ਲੈਫਟੀਨੈਂਟ ਆਤਮਾ ਸਿੰਘ ਜੀ ਅਤੇ ਸ: ਅਨੋਖ ਸਿੰਘ ਜੀ ਰੀਟਾਇਰਡ ਡਿਪਟੀ ਕਲੈਕਟਰ ਪਰਬੰਧਕ ਕਮੇਟੀ ਦੇ ਮੁਖੀਏ ਹਨ। ਆਪ ਜੀ ਦਾ ਜੀਵਨ ਵੀ ਕਪਤਾਨ ਭਗਵਾਨ ਸਿਘ ਵਾਂਗ ਲੋਕ ਸੇਵਾ ਵਿਖੇ ਲਗਾ ਹੋਣ ਕਰਕੇ ਇਲਾਕੇ ਵਿਚ ਸਤਿਕਾਰ ਹੈ। ਇਸ ਕਰਕੇ ਹੀ ਇਲਾਕਾ ਨਿਵਾਸੀ ਨਗਰਾਂ ਨੇ ਇਸਤੇਮਾਲ ਵੇਲੇ ੧੦੦) ਏਕੜ ਦੇ ਕਰੀਬ ਜ਼ਮੀਨ ਸਕੂਲ ਦੇ ਨਾਲ ਲਗਾਈ ਹੈ। ਜਿਸ ਕਰਕੇ ਬੜੀ ਸ਼ਾਨ ਨਾਲ ਚਲ ਰਿਹਾ ਹੈ।

## ਖਾਲਸਾ ਹਾਈ ਸਕੂਲ ਅਮਰਗੜ੍ਹ (ਪੜਾਓ ਮਹਿਣਾ)

ਪਹਿਲੀ ਜੰਗ ਦੇ ਖ਼ਾਤਮੇ ਤੇ ਮੋਗੇ ਦੇ ਇਲਾਕੇ ਵਿਚ ਅਨਮਤ ਦਾ ਪਰਚਾਰ ਕੁਝ ਵਧ ਗਿਆ ਸੀ। ਸਿੱਖਾਂ ਅੰਦਰ ਇਕ ਲਹਿਰ ਉਠੀ ਕਿ ਉਸ ਦਾ ਟਾਕਰਾ ਕਰਨ ਲਈ ਸਿੱਖ ਸਕੂਲ ਖੋਲ੍ਹੇ ਜਾਣ। ਇਸੇ ਲਹਿਰ ਦੀ ਇਕ ਲੜੀ ਉਕਤ ਖਾਲਸਾ ਹਾਈ ਸਕੂਲ ਅਮਰਗੜ੍ਹ (ਪੜਾਓ ਮਹਿਣਾ) ਹੈ। ਕਈ ਪਿੰਡਾਂ ਦੇ ਵਿਚਕਾਰ ਜਰਨੈਲੀ ਸੜਕ ਤੇ ਇਹ ਆਸ਼ਰਮ ਖੋਲ੍ਹਿਆ ਗਿਆ। ਮਹਿਣਾ, ਨਥੂਵਾਲਾ ਤੇ ਪੁਰਾਣੇ ਵਾਲਾ ਆਦਿ ਪਿੰਡਾਂ ਦੇ ਕਈ ਸੇਵਕਾਂ ਨੇ ਇਸ ਦੀ ਬੜੀ ਸੇਵਾ ਕੀਤੀ। ਜਿਨ੍ਹਾਂ ਵਿਚ ਸੁਰਗਵਾਸੀ ਬਾਬਾ ਵੀਰ ਸਿੰਘ ਜੀ ਨੱਥੂਵਾਲਾ, ਸੁਰਗਵਾਸੀ ਬਾਬਾ ਗੰਡਾ ਸਿੰਘ ਜੀ ਮਹਿਣਾ ਆਦਿ ਦੇ ਨਾਮ ਖਾਸ ਪ੍ਰਸੰਸਾ ਯੋਗ ਹਨ।

ਪਹਿਲੇ ਸਾਲਾਂ ਵਿਚ ਤਾਂ ਇਹ ਸਕੂਲ ਚੰਗੀ ਹਿੰਮਤ ਨਾਲ ਚਲਦਾ ਰਿਹਾ ਪਰ ਫੇਰ ਪੇਂਡੂ ਪਾਰਟੀ ਬਾਜ਼ੀ ਦਾ ਸ਼ਿਕਾਰ ਹੋ ਕੇ ਡਿਕ ਡੋਲੇ ਖਾਣ ਲੱਗਾ। ਜਿਸ ਦਾ ਸਿਟਾ ਇਹ ਨਿਕਲਿਆ ਕਿ ਮਿਡਲ ਤੇ ਅਖੀਰ ਟੁੱਟਣ ਤੱਕ ਨੌਹਬਤ ਪਹੁੰਚ ਗਈ। ੧੯੪੫ ਵਿਚ ਨਵੇਂ ਸਿਰਿਓਂ ਇਸ ਦਾ ਪਰਬੰਧ ਸੰਭਾਲਿਆ ਗਿਆ। ਜਿਸ ਦੇ ਮੋਢੀ ਸੰਤ ਪ੍ਰੇਮ ਸਿੰਘ, ਗਿ: ਆਤਮਾ ਸਿੰਘ ਐਡੀਟਰ 'ਸੁਖ ਜੀਵਨ' ਤੇ ਸ: ਰਤਨ ਸਿੰਘ ਜੀ (ਲੋਹਗੜ੍ਹ) ਸਾਬਕ ਐਮ. ਐਲ. ਏ. ਸਨ।

ਸਕੂਲ ਨੂੰ ਪੇਂਡੂ ਹਲਕੇ ਲਈ ਇਕ ਨਮੂਨੇ ਦਾ ਆਸ਼ਰਮ ਬਨਾਣ ਲਈ ਮਲਾਇਆ ਤੇ ਕੈਨੇਡਾ ਵਿੱਚੋਂ ਉਗਰਾਹੀ ਕੀਤੀ ਗਈ। ਹਾਈ ਸਕੂਲ ਮਨਜ਼ੂਰ ਹੋਇਆ ਤੇ ਇਮਾਰਤ ਚੰਗੀ ਬਣਾਈ ਗਈ, ਪਰ ਧੜੇਬਾਜ਼ੀ ਨੇ ਫੇਰ ਮਘੋਰਾ ਕਰ ਲਿਆ। ਜਿਸ ਨਾਲ ਬੈਂਕਾਂ ਵਿੱਚੋਂ ਸਕੂਲ ਫੰਡ ਦਾ ਕੁਝ ਨੁਕਸਾਨ ਭੀ ਹੋਇਆ। ਪ੍ਰਬੰਧਕ ਕਮੇਟੀ ਦਾ ਨਿਸ਼ਾਨਾ ਸਕੂਲ ਨੂੰ ਟੈਕਨੀਕਲ ਲਾਈਨ ਤੇ ਚਲਾਉਣਾ ਸੀ, ਇਹ ਅਜੇ ਤੱਕ ਸਿਰੇ ਨਹੀਂ ਚੜ੍ਹ ਸਕਿਆ। ਮਲਾਇਆ ਤੇ ਕੈਨੇਡਾ ਨਿਵਾਸੀਆਂ ਦੀ ਬੜੀ ਚਾਹ ਹੈ ਕਿ ਇਸ ਸਕੂਲ ਦੇ ਪ੍ਰਬੰਧਕ ਪਾਲੇਟਿਕਸ ਦੇ ਘੁਲਾਟੀਏ ਨ ਹੋਣ ਸਗੋਂ ਪਾਰਟੀ-ਬਾਜ਼ੀ ਤੋਂ ਰਹਿਤ ਹੋ ਕੇ ਇਸ ਦੀ ਸੇਵਾ ਨੂੰ ਸਿਰੇ ਚੜ੍ਹਾਨ। ਸੰਤ ਪ੍ਰੇਮ ਸਿੰਘ ਜੀ ਦੇ ਪ੍ਰਸਾਰਥ ਦਾ

Digitized by Panjab Digital Library | www.panjabdigilib.org

ਸਦਕਾ ਬਹੁਤ ਚੜ੍ਹਦੀ ਕਲਾ ਵਿਚ ਜਾ ਰਿਹਾ ਹੈ । ਇਸ ਦੇ ਨਾਲ ਹੀ ਗੁਰ ਦਰਬਾਰ ਦੀ ਇਮਾਰਤ ਜੋ ਸਕੂਲ ਕਮੇਟੀ ਨੇ ਪ੍ਰਾਰੰਭ ਕੀਤੀ ਅਤੇ ਇਹ ਸਾਰੀ ਸੇਵਾ ਸ: ਤੇਜਾ ਸਿੰਘ ਥਾਣੇਦਾਰ ਨੇ ਇਲਾਕਾ ਨਿਵਾਸੀ ਸੰਗਤਾਂ ਨੂੰ ਪ੍ਰੇਰਤ ਕਰਕੇ ਸੰਪੂਰਨ ਕਰਕੇ ਸ੍ਰੀ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ।

## ਗੁਰੂ ਨਾਨਕ ਦੇਵ ਹਾਈ ਸਕੂਲ ਜਨੇਰ, ਤਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ

ਇਸ ਇਲਾਕੇ ਵਿਚ ਡਿਸਟ੍ਰਿਕਟ ਬੋਰਡ ਦਾ ਇਕ ਹੀ ਸਕੂਲ ਹੋਣ ਕਰਕੇ ਅਵਿਦਿਆ ਦਾ ਹਨੇਰਾ ਪਸਰਿਆ ਹੋਇਆ ਸੀ । ਇਨ੍ਹਾਂ ਸਤਰਾਂ ਦੇ ਲੇਖਕ ਪਾਸ ਸ: ਮਘਰ ਸਿੰਘ ਜੀ ਨੰਬਰ ਦਾਰ ਰਜੀ ਵਾਲਾ ਆਏ, ਉਨਾਂ ਉਥੇ ਚਲਕੇ ਗੁਰਦਵਾਰੇ ਦੀ ਸੇਵਾ ਕਰੌਣ ਦੀ ਬੇਨਤੀ ਕੀਤੀ। ਉਥੇ ਜਾਕੇ ਇਸ ਇਲਾਕੇ ਦੀ ਵਿਦਿਆ ਦੀ ਥੁੜ ਵਲ ਮੁਖੀਆਂ ਦਾ ਧਿਆਨ ਦੁਆਇਆ । ਤਾਂ ਸਾਰੇ ਪਿੰਡਾਂ ਦਾ ਇਕਠ ਕਰਨ ਦੀ ਵਿਚਾਰ ਕਰਕੇ, ਪਿੰਡਾਂ ਵਿਚ ਸੰਦੇਸ਼ ਭੇਜੇ ਗਏ। ਪਹਿਲਾ ਇਕੱਠ ਪਿੰਡ ਰੱਜੀ ਦੇ ਗੁਰਦਵਾਰੇ ਵਿਚ ਹੋਇਆ। ਤੇ ਇਕ ਆਰਜੀ ਕਮੇਟੀ ਬਣਾਈ ਗਈ। ਜਿਸਦੀ ਇਕਤਰਤਾ ਜਨੇਰ ਹੋਈ, ਬਹੁਤ ਸਾਰੇ ਪਿੰਡਾਂ ਦੇ ਸਜਨ ਹਾਜ਼ਰ ਹੋਏ ।

ਹਾਈ ਸਕੂਲ ਅਰੰਭ ਕਰਨ ਦੀ ਵਿਚਾਰ ਲੇਖਕ ਵਲੋਂ ਪੇਸ਼ ਕੀਤੇ ਜਾਣ ਤੇ ਪ੍ਰਵਾਨ ਹੋਈ ਤੇ ਸੰਗਤਾਂ ਨੇ ਦਿਲ ਖੋਲ ਕੇ ਸਹਾਇਤਾ ਕੀਤੀ । ਸ: ਮੱਘਰ ਸਿੰਘ ਜੀ ਨੰਬਰਦਾਰ ਰਜੀ ਵਾਲਾ ਨੇ ੫੦੦ ਰੁ: ਤੇ ਢਾਈ ਘੁਮਾ ਜਮੀਨ, ਸ: ਲਾਭ ਸਿੰਘ ਕ੍ਰਿਪਾਲ ਸਿੰਘ ਰਜੀਵਾਲਾ ੧ ਘੁਮਾਂ ਜ਼ਮੀਨ ਤਾਰਾ ਸਿੰਘ, ਮੋਹਾਂ ਸਿੰਘ ਰਜੀਵਾਲਾ ੧ ਘੁਮਾਂ ਤੇ ੧੨ ਮਰਲੇ ਜ਼ਮੀਨ ਦਿਤੀ । ਸ: ਹਰਦਿਤ ਸਿੰਘ ਜੀ ਪਿੰਡ ਗਗੜਾ ੨ ਘੁਮਾਂ ੮ ਕਨਾਲ ਜਮੀਨ, ਸ: ਗੰਡਾ ਸਿੰਘ ਜੀ ਪਿੰਡ ਰਜੀ ਵਾਲਾ ੧੦੦ ਰੁ: ਦਿਤਾ । ਸ੍ਰੀ ਸੰਤ ਰਾਮ ਜੀ (ਚੇਲਾ ਮੋਤੀ ਰਾਮ), ਖੂਹੀ ਵਾਲੇ ) ਪਿੰਡ ਗਗੜਾ ਨੇ ਸਕੂਲ ਲਈ ਪਾਣੀ ਦਾ ਨਲਕਾ ਜੋ ੩੫੦ ਰੁ: ਦਾ ਸੀ ਲੌਣਾ ਪ੍ਰਵਾਨ ਕੀਤਾ । ਸੰਗਤ ਰਜੀ ਵਾਲਾ ੧ ਕਮਰਾ, ਜਨੇਰ ੧ ਕਮਰਾ, ਖੋਸਾ ਰੰਧੀਰ ੧ ਕਮਰਾ ਸਹਾਇਤਾ ਹੋਈ, ਤੇ ਸਕੂਲ ਦਾ ਕੰਮ ਚਲੌਣ ਲਈ ਕਮੇਟੀ ਨੀਅਤ ਕੀਤੀ ਗਈ ।

ਸੰਤ ਵਸਾਖਾਂ ਸਿੰਘ ਜੀ ਕਿਸ਼ਨ ਪੁਰਾ ਕਲਾਂ ਸਰਪਰਸਤ ਸ: ਸਰਦਾਰਾ ਸਿੰਘ ਜੀ ਖੋਸਾ ਰੰਧੀਰ ਪ੍ਰਧਾਨ, ਸ: ਮਘਰ ਸਿੰਘ ਰਜੀਵਾਲਾ ਮੀਤ ਪ੍ਰਧਾਨ, ਸ: ਕਰਤਾਰ ਸਿੰਘ ਲਹਿਰੀ ਖੋਸਾ ਰੰਧੀਰ ਸਕੱਤਰ ਸ: ਨਰੈਣ ਸਿੰਘ ਕੜਿਆਲ ਮੀਤ ਸਕਤਰ, ਸ: ਵਧਾਵਾ ਸਿੰਘ ਵਰ੍ਹੇ ਖਜਾਨਚੀ, ਅੱਡ ੨ ਪਿੰਡਾਂ ਵਲੋਂ ਬਹੁਤ ਸਾਰੇ ਜਨਰਲ ਮੈਂਬਰ ਬਣਾਏ ਗਏ ।

ਇਸਦੇ ਨਿਯਮ ਉਪਨਿਯਮ ਬਣੌਣ ਲਈ ਇਕ ਸਬ ਕਮੇਟੀ ਬਣਾਈ ਗਈ, ਤੇ ਇਸਦਾ ਨਾਮ "ਗੁਰੂ ਨਾਨਕ ਐਜੂਕੇਸ਼ਨਲ ਸੋਸਇਟੀ" ਰਖਿਆ । ਅਤੇ ਰਜਿਸਟਰਡ ਕਰਵਾਇਆ ਗਿਆ । ਉਪਰੰਤ ਸਰਬ ਸੰਮਤੀ ਨਾਲ ਫੈਸਲਾ ਹੋਇਆ ਕਿ ਸਕੂਲ ਰਜੀ ਵਾਲ ਦੀ ਬਜਾਏ ਜ਼ਨੇਰ ਦੇ ਅੱਡੇ ਉਪਰ ਮੋਗੇ ਤੋਂ ਅੰਮ੍ਰਿਤਸਰ ਜਾਣ ਵਾਲੀ ਪੱਕੀ ਸੜਕ ਤੇ ਬਣਾਇਆ ਜਾਵੇ । ਤੇ ਅੱਡਾ ਜਨੇਰ ਉਪਰ ਜ਼ਮੀਨ ਦਾ ਪ੍ਰਬੰਧ ਹੋ ਜਾਣ ਤੋਂ, ਪਿੰਡਾਂ ਵਿਚ ਚੱਕਰ ਲਾਏ, ਨੀਂਹ ਰਖਣ ਦੀ ਤਿਆਰੀ ਕੀਤੀ। ਬਣਾਏ ਗਏ ਪਰੋਗਰਾਮ ਅਨੁਸਾਰ, ਭਾਰੀ ਦੀਵਾਨ ਵਿਖੇ ਹਜ਼ਾਰਾਂ ਸੰਗਤਾਂ ਦੀ ਹਾਜਰੀ ਵਿੱਚ ਗੁਰਦਵਾਰਾ ਸਾਹਿਬ ਜਨੇਰ ਵਿਖੇ ਅਰਦਾਸਾ ਹੋਕਰ । ਹੇਠ ਲਿਖੇ ਗੁਰਮੁਖ ਪੰਜਾਂ ਪਿਆਰਿਆਂ—

੧. ਸੰਤ ਇੰਦਰ ਸਿੰਘ ਜੀ ਖੋਸਾ ਕੋਟਲਾ ।

੨. ,, ਰਾਜਾ ਸਿੰਘ ਜੀ ਜਨੇਰ ।

Digitized by Panjab Digital Library | www.panjabdigilib.org

# ਅੰਤਰਿੰਗ ਕਮੇਟੀ ਗੁਰੂ ਨਾਨਕ ਦੇਵ ਹਾਈ ਸਕੂਲ ਜਨੇਰ

ਨਾਮ ਪਿਛਲੇ ਪਾਸੇ ਦੇਖੋ



Digitized by Panjab Digital Library | www.panjabdigilib.org

## ਗੁਰੂ ਨਾਨਕ ਦੇਵ ਖਾਲਸਾ ਹਾਈ ਸਕੂਲ ਇਲਾਕਾ ਜਨੇਰ ਦੀ ਕਾਰਜ ਸਾਧਕ ਕਮੇਟੀ

੧ ਸੰਤ ਵਿਸਾਖਾ ਸਿੰਘ ਸੰਤ ਸਿਪਾਹੀ ਸਰਪ੍ਰਸਤ ਪ੍ਰਧਾਨ ਪਿਤਾ ਕਰਮ ਸਿੰਘ, ਮਾਤਾ ਕਾਹਨ ਕੌਰ ਪਿੰਡ ਜਨੇਤਪੁਰਾ, (ਲੁਧਿਆਣਾ)

੨ ਸ: ਸਰਦਾਰਾ ਸਿੰਘ ਪ੍ਰਧਾਨ ਪਿਤਾ ਖਜ਼ਾਨ ਸਿੰਘ ਪਿੰਡ ਖੋਸਾ ਰੰਧੀਰ, ਤਹਿਸੀਲ ਜ਼ੀਰਾ

੩ ਨੰ: ਮਘਰ ਸਿੰਘ ਮੀਤ ਪ੍ਰਧਾਨ ਪਿਤਾ ਸ਼ਾਮ ਸਿੰਘ ਮਾਤਾ ਨੰਦ ਕੌਰ ਪਿੰਡ ਰਜੀਵਾਲ

੪ ਸ: ਨਰੈਣ ਸਿੰਘ ਜਨਰਲ ਸਕੱਤ੍ਰ ਪਿਤਾ ਬੂੜ ਸਿੰਘ ਮਾਤਾ ਕਰਮ ਕੌਰ ਪਿੰਡ ਕੜਿਆਲ

੫ ਗਿ: ਬਦਨ ਸਿੰਘ ਮੀਤ ਸਕੱਤ੍ਰ ਪਿਤਾ ਬੂੜ ਸਿੰਘ ਮਾਤਾ ਸੰਤ ਕੌਰ ਪਿੰਡ ਚੁਘਾ ਕਲਾਂ

੬ ਸ: ਹਰਦਿਤ ਸਿੰਘ ਅੰਤ੍ਰਿੰਗ ਮੈਂਬਰ ਤੇ ਮੁਖੀ ਪ੍ਰਬੰਧਕ, ਪਿਤਾ ਭੋਲਾ ਸਿੰਘ ਪਿੰਡ ਗਗੜਾ

੭ ਸ: ਵਧਾਵਾ ਸਿੰਘ ਖਜ਼ਾਨਚੀ ਪਿਤਾ ਸ: ਵਰਿਆਮ ਸਿੰਘ ਮਾਤਾ ਜੈ ਕੌਰ ਪਿੰਡ ਵਰ੍ਹੇ

੮ ਸ: ਲਾਲ ਸਿੰਘ ਅੰਤ੍ਰਿੰਗ ਮੈਂਬਰ ਤੇ ਮੁਖੀ ਪ੍ਰਬੰਧਕ ਪਿੰਡ ਰਜੀਵਾਲ

੯ ਸ੍ਰੀ ਬਾਵਾ ਰਾਮਜੀ ਦਾਸ ਅੰਤ੍ਰਿੰਗ ਮੈਂਬਰ ਪੂਰੇ ਹਮਦਰਦ ਪਿੰਡ ਲੁਹਾਰਾ

੧੦ ਨੰ: ਕੁੰਦਨ ਸਿੰਘ ਅੰਤ੍ਰਿੰਗ ਮੈਂਬਰ ਤੇ ਹਰਮਨ ਪਿਆਰੇ ਪਿਤਾ ਬੂਟਾ ਸਿੰਘ ਪਿੰਡ ਖੋਸਾ ਰੰਧੀਰ

੧੧ ਸ: ਕਰਤਾਰ ਸਿੰਘ ਲਹਿਰੀ ਅਗਾਂਹ-ਵਧੂ, ਮੁਖ-ਪ੍ਰਬੰਧਕ ਤੇ ਅੰਤ੍ਰਿੰਗ ਮੈਂਬਰ ਪਿਤਾ ਸੰਤੋਖ ਸਿੰਘ ਮਾਤਾ ਕਿਸ਼ਨ ਕੌਰ, ਪਿੰਡ ਖੋਸਾ ਰੰਧੀਰ

੧੨ ਸ: ਜਿਉਣ ਸਿੰਘ ਅੰਤ੍ਰਿੰਗ ਮੈਂਬਰ ਪਿੰਡ ਗਲੋਟੀ

੧੩ ਨੰ: ਲਾਲ ਸਿੰਘ ਸਰਗਰਮ ਅੰਤ੍ਰਿੰਗ ਮੈਂਬਰ ਪਿਤਾ ਜਗਤ ਸਿੰਘ ਪਿੰਡ ਗਗੜਾ

੧੪ ਸ: ਸੁਚਾ ਸਿੰਘ ਸਰਗਰਮ ਪ੍ਰਬੰਧਕ ਅਤੇ ਅੰਤ੍ਰਿੰਗ ਮੈਂਬਰ ਪਿਤਾ ਸੂਬੇਦਾਰ ਹਜ਼ਾਰਾ ਸਿੰਘ, ਮਾਤਾ ਰਾਮ ਕੌਰ ਪਿੰਡ ਕਿਸ਼ਨਪੁਰਾ ਕਲਾਂ।

੧੫ ਹੌਲਦਾਰ ਗੁਰਮੁਖ ਸਿੰਘ ਸ੍ਰਗਰਮ ਅੰਤ੍ਰਿੰਗ ਮੈਂਬਰ ਪਿਤਾ ਜ਼ੈਮਲ ਸਿੰਘ, ਮਾਤਾ ਚੰਦ ਕੌਰ ਪਿੰਡ ਜਨੇਰ

ਇਸਤੇਮਾਲ ਲਈ ਹੇਠ ਲਿਖੇ ਨਗਰਾਂ ਤੋਂ ਜ਼ਮੀਨ ਅਰਦਾਸ ਹੋਈ

ਜਨੇਰ ੧੦ ਕਿਲੇ । ਰਜੀਵਾਲ ੭ ਕਿਲੇ । ਗਗੜਾ ੬ ਕਿਲੇ। ਚੀਮਾ ੨ ਕਿਲੇ। ਵਰ੍ਹੇ ੨ ਕਿਲੇ। ਖੋਸਾ ਰੰਧੀਰ ੮ ਕਿਲੇ।

Digitized by Panjab Digital Library | www.panjabdigilib.org

# ਗੁਰਦੁਆਰਾ ਹਰਿ ਗੋਬਿੰਦ ਸਰ, ਤੇ ਸਕੂਲ ਇੰਦ ਗੜ੍ਹ
# ਤਹਿਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ

ਦੇ ਮੁਖ ਪ੍ਰਬੰਧਕ ਤੇ ਜਨਰਲ ਮੈਂਬਰ ਸਾਹਿਬਾਨ ਦੋਨੋਂ ਕਮੇਟੀਆਂ ਦੇ ਨਾਮ ਨੰ: ਅਨੁਸਾਰ ਫੋਟੋ ਤੇ ਦੇਖੋ

| | |
|---|---|
| ੧ ਵਿਸਾਖਾ ਸਿੰਘ ਮੰਤ ਸਿਪਾਹੀ ਪ੍ਰਧਾਨ ਦੋਨੋਂ ਕਮੇਟੀਆਂ । | ੨ ਸੰਤ ਫੋਗਾ ਸਿੰਘ ਪਿਤਾ ਰੂੜ ਸਿੰਘ । |
| ੩ ਸੂਬੇਦਾਰ ਮੋਹਣ ਸਿੰਘ ਪਿਤਾ ਸੁਧ ਸਿੰਘ | ੪ ਭਾਈ ਮੱਸਾ ਸਿੰਘ ਪਿਤਾ ਫੁਮਣ ਸਿੰਘ । |
| ੫ ਸ. ਚੰਨਣ ਸਿੰਘ ਸਕੱਤ੍ਰ ਗੁਰਦਵਾਰਾ ਕਮੇਟੀ | ੬ ਨੰ. ਪਾਲਾ ਸਿੰਘ ਪ੍ਰਧਾਨ ਗੁ. ਕਮੇਟੀ |
| ੭ ਮਾ: ਅਰਜਨ ਸਿੰਘ ਪਿਤਾ ਨੰ: ਚੰਨਣ ਸਿੰਘ | ੮ ਸ: ਚੇਤਾ ਸਿੰਘ ਪਿਤਾ ਜਵਾਹਰ ਸਿੰਘ |
| ੯ ਸ: ਹਰਨਾਮ ਸਿੰਘ ਖਜਾ: ਪਿਤਾ ਉਤਮ ਸਿੰਘ | ੧੦ ਜ. ਲਾਲ ਸਿੰਘ ਪਿਤਾ ਸੇਵਾ ਸਿੰਘ । |
| ੧੧ ਸ. ਲਾਲ ਸਿੰਘ ਪਿਤਾ ਹਜ਼ਾਰਾ ਸਿੰਘ | ੧੨ ਸ. ਗੁਰਾ ਸਿੰਘ ਪਿਤਾ ਠਾਕਰ ਸਿੰਘ |
| ੧੩ ਸ. ਕਰਨੈਲ ਸਿੰਘ ਪਿਤਾ ਵਿਸਾਖਾ ਸਿੰਘ | ੧੪ ਸ. ਜੁਆਲਾ ਸਿੰਘ ਪਿਤਾ ਉਤਮ ਸਿੰਘ |
| ੧੫ ਸ. ਬਦਨ ਸਿੰਘ ਪਿਤਾ ਸੋਹਣ ਸਿੰਘ | ੧੬ ਜਮਾਦਾਰ ਸਰਵਣ ਸਿੰਘ ਪਿਤਾ ਨੰਦਸਿਘ |
| ੧੭ ਮਾਤਾ ਕਿਸ਼ਨ ਕੌਰ ਪਿਤਾ ਸੋਹਣ ਸਿੰਘ | ੧੮ ਬੇਬੇ ਬਸੰਤ ਕੌਰ ਧਰਮ ਪਤਨੀ ਲਾਲ ਸਿੰਘ |
| ੧੯ ਪੰ. ਮੈ. ਮਾਧੋ ਸਿੰਘ ਪਿਤਾ ਘੋਗੀ | ੨੦ ਸ. ਮਹਿੰਗਾ ਸਿੰਘ ਸੇਵਾ ਸਿੰਘ |
| ੨੧ ਸ. ਪੋਲਾ ਸਿੰਘ ਪਿਤਾ ਭੂਪ ਸਿੰਘ | ੨੨ ਨੰਦ ਸਿੰਘ ਹੀਰਾ ਸਿੰਘ |
| ੨੩ ਸ. ਸੁਦਾਗਰ ਸਿੰਘ ਪਿਤਾ ਸੁਚਾ ਸਿੰਘ | ੨੪ ਸ. ਪਾਖਰ ਸਿੰਘ ਨੰਦ ਸਿੰਘ |
| ੨੫ ਕੁੰਢਾ ਸਿੰਘ ਪਿਤਾ ਕਾਲਾ ਮਾੜੀ ਮੁਸਤਫਾ | ੨੬ ਕਰਤਾਰ ਸਿੰਘ ਨਥਾ ਸਿੰਘ ਇੰਦ੍ਰ ਗੜ |
| ੨੭ ਸ. ਬਗੇਰਾ ਸਿੰਘ ਪਿਤਾ ਬੁਧ ਸਿੰਘ | ੨੮ ਸ. ਗੁਰਨਾਮ ਸਿੰਘ ਗੁਰਦਿਆਲ ਸਿੰਘ |
| ੨੯ ਸ. ਹਰਦਿਆਲ ਸਿੰਘ ਪਿਤਾ ਪੂਰਨ ਸਿੰਘ | ੩੦ ਸ. ਇੰਦਰ ਸਿੰਘ ਬਿਸ਼ਨ ਸਿੰਘ |
| ੩੧ ਸ. ਸਾਧੂ ਸਿੰਘ ਪਿਤਾ ਬਿਸ਼ਨ ਸਿੰਘ | ੩੨ ਸ. ਸਤਵੰਤ ਸਿੰਘ ਪੂਰਨ ਸਿੰਘ |
| ੩੩ ਸ. ਨਾਜ਼ਰ ਸਿੰਘ ਪਿਤਾ ਇੰਦਰਸਿੰਘ ਮਿਸਤ੍ਰੀ | ੩੪ ਸ. ਗੁਰਦੇਵ ਸਿੰਘ ਨਾਜ਼ਰ ਸਿੰਘ |
| ੩੫ ਸ. ਮਘਰ ਸਿੰਘ ਪਿਤਾ ਭੋਲਾ ਸਿੰਘ | ੩੬ ਸ. ਕਾਕਾ ਸਿੰਘ ਸੁਚਾ ਸਿੰਘ |
| ੩੭ ਪੰ: ਜਗਨ ਨਾਥ ਪਿਤਾ ਵਸਾਖੀ | ੩੮ ਸ. ਮੁਖਤਿਆਰ ਸਿੰਘ ਭੋਲਾ ਸਿੰਘ |
| ੩੯ ਸ. ਤਾਰਾ ਸਿੰਘ ਪਿਤਾ ਮਹਿੰਗਾ ਸਿੰਘ | ੪੦ ਸ਼ਾਮ ਸਿੰਘ ਕਾਹਨ ਸਿੰਘ |
| ੪੧ ਸ. ਪਾਲਾ ਸਿੰਘ ਪਿਤਾ ਨਰੈਣ ਸਿੰਘ | ੪੨ ਸ. ਸੰਤਾ ਸਿੰਘ ਸੌਣ ਸਿੰਘ ਮਿਸਤ੍ਰੀ |
| ੪੩ ਸ. ਮਿਤ ਸਿੰਘ ਪਿਤਾ ਦੇਵਾ ਸਿੰਘ | ੪੪ ਸ. ਦਾਰਾ ਸਿੰਘ ਪਿੰਡ ਝੰਡੇਆਣਾ |
| ੪੫ ਸ. ਦਰਬਾਰਾ ਸਿੰਘ ਝੰਡੇਆਣਾ | ੪੬. ਅਰਜਣਸਿੰਘ ਪਿਤਾਜਮੀਤਸਿੰਘ ਝੰਡੇਆਣ |
| ੪੭ ਸ. ਬਚਨ ਸਿੰਘ ਭਲੂ ਸਿੰਘ ਇੰਦਰਗੜ੍ਹ | ੪੮ ਸ. ਜੀਤ ਸਿੰਘ ਜੁਆਲਾ ਸਿੰਘ |
| ੪੯ ਸ. ਕੇਹਰ ਸਿੰਘ ਗੁਰਦਿਆਲ ਸਿੰਘ | ੫੦ ਸ. ਸੁਰਜੀਤ ਸਿੰਘ ਨਾਜ਼ਰ ਸਿੰਘ |
| ੫੧ ਸ. ਸ਼ਾਮ ਸਿੰਘ ਭਗਵਾਨ ਸਿੰਘ | ੫੨ ਸ. ਨਾਜ਼ਰ ਸਿੰਘ ਭੋਲਾ ਸਿੰਘ ਸਰਪੰਚ |
| ੫੩ ਭਾ. ਚੇਤ ਸਿੰਘ ਸੇਵਾ ਸਿੰਘ | ੫੪ ਸ. ਜੀਵਨ ਸਿੰਘ ਲੋਹਗੜ |
| ੫੫ ਸ. ਕਰਤਾਰ ਸਿੰਘ ਉਤਮ ਸਿੰਘ | ੫੬ ਸ. ਹਰਨਾਮ ਸਿੰਘ ਜੈਮਲ ਸਿੰਘ |

Digitized by Panjab Digital Library | www.panjabdigilib.org

## ਗੁਰਦੁਆਰਾ ਹਰਿ ਗੋਬਿੰਦ ਸਰ ਤੇ ਸਕੂਲ ਇੰਦਗੜ੍ਹ ਤਹਿ: ਜ਼ੀਰਾ ਜ਼ਿਲਾ ਫਿਰੋਜ਼ਪੁਰ

ਦੇ ਮੁੱਖ ਪ੍ਰਧਾਨ ਤੇ ਜੱਨਰਲ ਮੈਂਬਰ ਸਾਹਿਬਾਨ, ਨਾਮ ਨੰਬਰ ਅਨੁਸਾਰ ਪਿਛਲੇ ਪਾਸੇ ਦੇਖੋ।




Digitized by Panjab Digital Library | www.panjabdigilib.org

੩. ,, ਸੋਹਣ ਸਿੰਘ ਜੀ ਪਲਾਕਾ।
੪. ,, ਨੰਦ ਸਿੰਘ ਜੀ ਲੋਹਾਰਾ।
੫. ,, ਵਸਾਖਾ ਸਿੰਘ ਜੀ ਕਿਸ਼ਨ ਪੁਰਾ ਕਲਾਂ।

ਦੇ ਪਵਿਤਰ ਹੱਥਾਂ ਨਾਲ ਸਕੂਲ ਦੀ ਨੀਂਹ ਰਖਾਈ ਗਈ। ਤੇ ਲਾਗ਼ ਪਾਸ ਦੇ ਸਾਰੇ ਪਿੰਡਾਂ ਤੇ ਇਲਾਕੇ ਦੀ ਮਦਦ ਨਾਲ ਛੇਤੀ ਹੀ ਕਮਰੇ ਤਿਆਰ ਹੋ ਗਏ, ਪ੍ਰਬੰਧਕਾਂ ਨੇ ਯੋਗ ਸਟਾਫ ਰਖ ਕੇ ਸਕੂਲ ਅਰੰਭ ਕਰ ਦਿਤਾ। ਜਿਸਨੂੰ ਸਰਕਾਰ ਦੇ ਵਿਦਿਯਕ ਮਹਿਕਮੇ ਨੇ ਮਨਜ਼ੂਰ ਕਰ ਲਿਆ। ਇਸ ਸਮੇਂ ਸਕੂਲ ਦਿਨ ਦੁਗਣੀ ਤੇ ਰਾਤ ਚੌਗਣੀ ਤਰੱਕੀ ਕਰ ਰਿਹਾ ਹੈ। ਜਿਸਦੀ ਬਦੌਲਤ ਇਲਾਕੇ ਵਿਚੋਂ ਅਵਿੱਦਿਯਾ ਦਾ ਹਨੇਰਾ ਦੂਰ ਹੋਕਰ ਵਿਦਿਆ ਦਾ ਉਜਾਲਾ ਹੋ ਰਿਹਾ ਹੈ।

## ਡੀ. ਬੀ. ਹਾਈ ਸਕੂਲ ਕੋਕਰੀ ਕਲਾਂ

ਡਿਸਟ੍ਰਿਕਟ ਬੋਰਡ ਜ਼ਿਲਾ ਫੀਰੋਜ਼ਪੁਰ ਵਲੋਂ ਸੰਨ ੧੯੧੮ ਵਿੱਚ ਏਥੇ ਅਰੰਭ ਵਿਚ ਪ੍ਰਾਇਮਰੀ ਸਕੂਲ ਖੋਲਿਆ ਗਿਆ। ਫਿਰ ਸੰ:੧੯੨੬ ਈ. ਵਿਚ ਡਿਸਟ੍ਰਿਕਟ ਬੋਰਡ ਵਲੋਂ ਹੀ ਇਹ ਸਕੂਲ ਮਿਡਲ ਕਰ ਦਿਤਾ ਗਿਆ, ਮਿਡਲ ਪਾਸ ਕਰਨ ਤੋਂ ਉਪਰੰਤ ਵਿਦਿਆਰਥੀਆਂ ਨੂੰ ਵਿਦਿਆ ਪ੍ਰਾਪਤ ਕਰਨ ਲਈ ਸ਼ਹਿਰਾਂ ਵਿਚ ਜਾਣਾ ਪੈਂਦਾ ਸੀ। ਇਸ ਔਕੜ ਨੂੰ ਅਨਭਵ ਕਰਕੇ ਨਗਰ ਦੇ ਪਤਵੰਤੇ ਸਜਣਾਂ ਨੇ ਉਦਮ ਕਰਕੇ ਅੰਗਰੇਜ਼ੀ ਪੜ੍ਹਾਈ ਦੀ ਪੰਜਵੀਂ ਜਮਾਂਤ ਏਥੇ ਅਰੰਭ ਕਰ ਦਿਤੀ ਜਿਸ ਦਾ ਖਰਚ ਨਗਰ ਨਿਵਾਸੀ ਦਿੰਦੇ ਰਹੇ। ਕਈ ਵਾਰ ਨਗਰ ਵਲੋਂ ਜ਼ਿਲੇ ਦੇ ਅਫਸਰਾਂ ਪਾਸੋਂ ਅੰਗਰੇਜ਼ੀ ਮਿਡਲ ਕਰਨ ਦੀ ਮੰਗ ਕੀਤੀ ਗਈ, ਜੋ ੧੯੪੮ ਵਿਚ ਪ੍ਰਵਾਨ ਕਰ ਲਈ, ਅਤੇ ਅੰਗਰੇਜ਼ੀ ਡੀ. ਬੀ. ਮਿਡਲ ਸਕੂਲ ਸੰਨ ੧੯੪੮ ਵਿੱਚ ਅਰੰਭ ਕਰ ਦਿਤਾ ਗਿਆ। ਨਗਰ ਨਿਵਾਸੀ ਪਤਵੰਤੇ ਸਜਣਾਂ ਦੀ ਕਾਫੀ ਚਿਰ ਦੀ ਇਹ ਇਛਾ ਸੀ ਕਿ ਏਥੇ ਅੰਗਰੇਜ਼ੀ ਹਾਈ ਸਕੂਲ ਦੀ ਵਿਦਿਆ ਦਾ ਪ੍ਰਬੰਧ ਕੀਤਾ ਜਾਵੇ, ਅਤੇ ਵਿਦਿਆਰਥੀਆਂ ਨੂੰ ਸ਼ਹਿਰਾਂ ਦੇ ਖਰਚਾਂ ਤੋਂ ਬਚਾਇਆ ਜਾਵੇ। ਅਖੀਰ ਨਗਰ ਦੇ ਪਤ-ਵੰਤੇ ਸਜਣਾਂ ਦੀ ਹਿੰਮਤ ਨਾਲ ਸੰਨ ੧੯੫੧ ਵਿੱਚ ਡੀ. ਬੀ. ਹਾਈ ਸਕੂਲ ਦੀ ਪ੍ਰਵਾਨਗੀ ਮਿਲ ਗਈ।

ਸਕੂਲ ਦੀ ਸਾਰੀ ਦੀ ਸਾਰੀ ਇਮਾਰਤ ਨਗਰ ਵਲੋਂ ਬਣਾਈ ਗਈ। ਜਿਸ ਵਿੱਚ ਛੇ ਕਮਰੇ ਬੜੇ ਸੁੰਦਰ ਬਣੇ ਹੋਏ ਹਨ। ਜਿਨਾਂ ਵਿਚ ਸਾਇੰਸ ਦਾ ਕਮਰਾ ਅਤੇ ਡਰਾਇੰਗ ਦਾ ਕਮਰਾ ਦੇਖਣ ਯੋਗ ਹੈ। ਸਕੂਲ ਵਿੱਚ ਇਸ ਵੇਲੇ ਜ਼ਰੂਰੀ ਪ੍ਰਸਤਾਵਾਂ ਤੋਂ ਸੇਵਾ ਸਾਇੰਸ, ਡਰਾਇੰਗ ਤੇ ਪੰਜਾਬੀ, ਹਿੰਦੀ ਦਾ ਯੋਗ ਪ੍ਰਬੰਧ ਹੈ। ਜ਼ਮੀਨਾਂ ਦੀ ਕਿਲੇ ਬੰਦੀ (ਇਸਤਮਾਲ ਇਰਾਜ਼ੀ) ਸਮੇਂ ਨਗਰ ਵਲੋਂ ਬਾਰਾਂ ਸਟੈਂਡਰਡ ਏਕੜ ਜ਼ਮੀਨ ਸਕੂਲ ਦੇ ਨਾ ਲਾਈ ਗਈ ਹੈ, ਅਤੇ ਆਸ ਹੈ ਕਿ ਕੁਝ ਮਹੀਨਿਆਂ ਦੇ ਅੰਦਰ ੨ ਹੀ ਏਥੇ ਵੀ ਜ਼ਰਾਇਤ ਦੀ ਬੇਸਕ ਸਕੀਮ ਅਨੁਸਾਰ ਪੜ੍ਹਾਈ ਜਾਰੀ ਕੀਤੀ ਜਾਵੇਗੀ।

## ਡੀ. ਬੀ. ਹਾਈ ਸਕੂਲ ਪਖੋਵਾਲ

ਪਹਲੇ ਪਹਿਲ ਇਸ ਨਗਰ ਵਿੱਚ ਡਿ: ਬੋਰਡ ਵਲੋਂ ਸੰਨ ੧੯੧੬ ਵਿਚ ਪ੍ਰਾਇਮਰੀ ਸਕੂਲ ਖੋਲ੍ਹਿਆ ਗਿਆ, ਜਿਸ ਵਿਚ ਨਗਰ ਅਤੇ ਇਲਾਕੇ ਦੇ ਬੱਚੇ ਵਿਦਿਆ ਪ੍ਰਾਪਤ ਕਰਦੇ ਰਹੇ। ਸੰਨ ੧੯੨੧ ਈ: ਵਿੱਚ ਡਿ: ਬੋਰਡ ਵਲੋਂ ਵਰਨੈਕੁਲਰ ਮਿਡਲ ਸਕੂਲ ਦੀ ਪ੍ਰਵਾਣਗੀ ਮਿਲ ਗਈ। ਦਿਨੋ ਦਿਨ ਅੰਗਰੇਜ਼ੀ ਦੀ ਵਿਦਿਆ ਵੱਲ ਲੋਕਾਂ ਦੀ ਰੁਚੀ ਵਧਦੀ ਗਈ। ਇਲਾਕੇ ਅਤੇ ਨਗਰ ਦੇ

Digitized by Panjab Digital Library | www.panjabdigilib.org

ਕੁਝ ਪਤਵੰਤੇ ਸਜਣਾ ਦੀ ਹਿੰਮਤ ਨਾਲ ਅੰਗਰੇਜ਼ੀ ਮਿਡਲ ਦੀ ਪ੍ਰਵਾਨਗੀ ਡਿ: ਬੋਰਡ ਵਲੋਂ ਮਿਲ ਗਈ, ਅਤੇ ਅੰਗਰੇਜ਼ੀ ਮਿਡਲ ਸਕੂਲ ਦੇ ਹੈਡਮਾਸਟਰ ਸ: ਆਤਮਾਂ ਸਿੰਘ ਬੀ. ਏ ਬੀ.ਟੀ ਨੀਯਤ ਕੀਤੇ ਗਏ। ਆਪ ਜੀ ਨੇ ਇਸ ਕੰਮ ਨੂੰ ਬੜੀ ਯੋਗਤਾ ਨਾਲ ਅਰੰਭ ਕੀਤਾ, ਅਤੇ ਥੋੜੇ ਅਰਸੇ ਵਿਚ ਆਪ ਅਤੇ ਆਪ ਦਾ ਸਕੂਲ ਹਰ ਮਨ ਪਿਆਰਾ ਹੋ ਗਿਆ। ਆਪ ਨੇ ਇਲਾਕਾ ਨਿਵਾਸੀਆਂ ਅਤੇ ਨਗਰ ਨਿਵਾਸੀਆਂ ਨੂੰ ਪ੍ਰੇਰ ਕੇ ਹਾਈ ਸਕੂਲ ਬਨਾਉਣ ਲਈ ਇਲਾਕੇ ਦੀ ਇਕ ਕਮੇਟੀ ਬਣਾ ਦਿੱਤੀ ਜਿਸ ਵਿਚ ਹੇਠ ਲਿਖੇ ਸਜਣ ਸਨ :—

ਸ: ਇੰਦਰ ਸਿੰਘ ਮਨੀਲਾ ਪ੍ਰਧਾਨ, ਸ: ਬੁਧ ਸਿੰਘ ਸਕੱਤਰ, ਸ੍ਰੀ ਮੁਨਸ਼ੀ ਰਾਮ ਖਿਜ਼ਾਨਚੀ, ਗਿ: ਬਚਨ ਸਿੰਘ ਪ੍ਰਾਪੇਗੰਡਾ ਸੈਕਟਰੀ। ਸ: ਗੁਰਦਿਤ ਸਿੰਘ ਜੀ. ਸ: ਹਰਨਾਮ ਸਿੰਘ, ਸ: ਮੰਗਲ ਸਿੰਘ, ਸ: ਤੇਜਾ ਸਿੰਘ, ਸ: ਜਗੀਰ ਸਿੰਘ, ਸ: ਨਰਿੰਜਨ ਸਿੰਘ, ਗੁਰਦੇਵ ਸਿੰਘ, ਸਾਧੂ ਸਿੰਘ, ਸ: ਜਗਨ ਸਿੰਘ, ਸ: ਕੇਹਰ ਸਿੰਘ, ਸ: ਫਕੀਰ ਸਿੰਘ, ਸ: ਆਤਮਾ ਸਿੰਘ, ਸ: ਈਸ਼ਰ ਸਿੰਘ ਤੇ ਸ: ਪਰਤਾਪ ਸਿੰਘ ਆਦਿ ਮੈਂਬਰ।

ਇਸ ਉਪਰ ਲਿਖੀ ਪ੍ਰਬੰਧਕ ਕਮੇਟੀ ਨੇ ਸ: ਆਤਮਾ ਸਿੰਘ ਦੇ ਨਾਲ ਵਿਚਾਰ ਕਰਕੇ ਡਿ: ਬੋਰਡ ਵਲੋਂ ਹਾਈ ਸਕੂਲ ਲਈ ਲਾਈਆਂ ਸ਼ਰਤਾਂ ਪੂਰੀਆਂ ਕਰ ਦਿਤੀਆਂ ਅਤੇ ਦਿਤੇ ਪਲੈਨ ਅਨੁਸਾਰ ਕਮਰੇ ਬਣਾਕੇ ਪਹਿਲੀ ਅਪਰੈਲ ਸੰਨ ੧੯੫੩ ਤੋਂ ਹਾਈ ਸਕੂਲ ਦੀ ਪ੍ਰਵਾਨਗੀ ਲੈ ਲਈ। ਇਸ ਸਕੂਲ ਨੂੰ ਹਾਈ ਕਰਾਉਣ ਦਾ ਸਿਹਰਾ ਸ੍ਰੀ ਮਾਨ ਹੈਡ ਮਾਸਟਰ ਆਤਮਾ ਸਿੰਘ ਦੇ ਸਿਰ ਹੈ।

ਇਸ ਵੇਲੇ ਇਸ ਸਕੂਲ ਵਿੱਚ ਕਾਫੀ ਵਿਦਿਆਰਥੀ ਵਿਦਿਆ ਪਰਾਪਤ ਕਰ ਰਹੇ ਹਨ। ਅਤੇ ਇਲਾਕੇ ਨੂੰ ਆਪਣੀ ਵਿਦਿਅਕ ਰੋਸ਼ਨੀ ਦੁਆਰਾ ਕਾਫੀ ਪਰਕਾਸ਼ ਕਰ ਰਿਹਾ ਹੈ।

ਇਸ ਲੜਕਿਆਂ ਦੇ ਹਾਈ ਸਕੂਲ ਤੋਂ ਇਲਾਵਾ ਸ੍ਰੀ ਮਾਨ ਹੈਡ ਮਾਸਟਰ ਆਤਮਾ ਸਿੰਘ ਅਤੇ ਕਮੇਟੀ ਦੇ ਉਦਮ ਨਾਲ ਨਗਰ ਵਿਚ ਲੜਕੀਆਂ ਦਾ ਮਿਡਲ ਸਕੂਲ ਵੀ ਚਲ ਰਿਹਾ ਹੈ, ਜਿਸ ਦੀ ਪ੍ਰਵਾਨਗੀ ਸੰਨ ੧੯੫੩ ਵਿਚ ਡਿ: ਬੋਰਡ ਤੋਂ ਲਈ ਗਈ।

ਇਸ ਵੇਲੇ ਦੋਵੇਂ ਸਕੂਲ ਚੰਗੀ ਹਾਲਤ ਵਿੱਚ ਚਲ ਰਹੇ ਹਨ, ਅਤੇ ਜ਼ਿਲੇ ਦੇ ਗਿਣਤੀ ਦੇ ਸਕੂਲਾਂ ਵਿਚੋਂ ਗਿਣੇ ਜਾਂਦੇ ਹਨ। ਜਿਥੇ ਉਪਰੋਤ ਕਮੇਟੀ ਅਤੇ ਸ੍ਰੀ ਮਾਨ ਹੈਡ ਮਾਸਟਰ ਸਾਹਿਬ ਜੀ ਨੇ ਸਕੂਲ ਦੀ ਸੇਵਾ ਕੀਤੀ ਹੈ, ਉਥੇ ਸ੍ਰੀ ਮਾਨ ਮਾਸਟਰ ਬਚਨ ਸਿੰਘ ਜੀ (ਰਾਗੀ) ਦਾ ਨਾਮ ਵੀ ਖਾਸ ਵਰਨਣ ਯੋਗ ਹੈ, ਜਿਨਾਂ ਨੇ ਪਰਾਪੇਗੰਡਾ ਸਕੱਤਰ ਦੀ ਹੈਸੀਅਤ ਵਿੱਚ ਸਕੂਲ ਦੀ ਸੇਵਾ ਕੀਤੀ ਤੇ ਇਲਾਕੇ ਨੂੰ ਪਰੇਰਿਆ।

## ਨੈਸ਼ਨਲ ਮਾਡਲ ਹਾਈ ਸਕੂਲ ਮਾੜੀ ਮੁਸਤਫਾ

ਮਾੜੀ ਦਾ ਇਲਾਕਾ ਵਿਦਿਆ ਵਿਚ ਬਹੁਤ ਪਿਛੇ ਸੀ, ਸ੍ਰੀਮਾਨ ਸ: ਕੁੰਢਾ ਸਿੰਘ ਜੀ ਮਾੜ ਅਤੇ ਸ: ਅਜਮੇਰ ਸਿੰਘ ਜੀ ਮਾੜੀ ਨੇ ਇਸ ਵਿਦਿਆ ਦੀ ਅਣਹੋਂਦ ਨੂੰ ਅਨਭਵ ਕੀਤਾ। ਪਿੰਡ ਦੇ ਵਸਨੀਕਾਂ ਅਤੇ ਇਲਾਕਾ ਨਿਵਾਸੀਆਂ ਦੇ ਉਤਸ਼ਾਹ ਨੂੰ ਵੇਖਕੇ ਉਗਰਾਹੀ ਕਰਨੀ ਆਰੰਭ ਕਰ ਦਿਤੀ। ਸਃ ਅਜਮੇਰ ਸਿੰਘ, ਸਃ ਕੁੰਢਾ ਸਿੰਘ ਤੇ ਸਃ ਨਿਕਾ ਸਿੰਘ ਇਨ੍ਹਾਂ ਤਿੰਨਾਂ ਸੱਜਣਾਂ ਨੇ ਵਿਚਾਰ ਕਰਕੇ ਸ੍ਰੀਮਾਨ ਸਃ ਸਵਰਨ ਸਿੰਘ ਜੀ ਬੀ. ਏ. ਬੀ. ਟੀ. ਨੂੰ ਪਿੰਡ ਲੰਡਿਆ ਤੋਂ ਲਿਆ ਕੇ, ਹੈਡਮਾਸਟਰ ਨੀਯਤ ਕਰਕੇ ਪਹਿਲੀ ਅਕਤੂਬਰ ਸੰਨ ੧੯੪੮ ਈ: ਨੂੰ ਸਕੂਲ ਆਰੰਭ ਕਰ ਦਿਤਾ। ਹਰ ਪ੍ਰਕਾਰ ਦੀ ਸਕੂਲ ਚਲਾਉਣ ਦੀ ਜ਼ੁੰਮੇਂਵਾਰੀ ਸਃ ਸਰਵਨ ਸਿੰਘ ਨੂੰ ਸੌਂਪੀ ਗਈ, ੧੭ ਫਰਵਰੀ

Digitized by Panjab Digital Library | www.panjabdigilib.org

ਸੰਨ ੧੯੪੯ ਨੂੰ ਦਾਸ ਦੀ ਪ੍ਰੇਰਨਾ ਨਾਲ ਸ: ਕੂੰਢਾ ਸਿੰਘ ਜੀ ਨੇ ਸਕੂਲ ਦਾ ਉਪਰਾਲਾ ਕੀਤਾ ਸੀ ਉਨ੍ਹਾਂ ਦੀ ਪ੍ਰਧਾਨਗੀ ਹੇਠ ਦੀਵਾਨ ਸਜਾ ਕੇ ਪੰਜਾਂ ਪਿਆਰਿਆਂ ਦੇ ਕਰ ਕਵਲਾਂ ਤੋਂ ਸਕੂਲ ਇਮਾਰਤ ਦੀ ਨਿਉਂ ਧਰਾਈ ਗਈ। ਪੰਜਾਂ ਪਿਆਰਿਆਂ ਦੇ ਪਵਿੱਤਰ ਨਾਮ ਇਹ ਹਨ:—

(੧) ਵਿਸਾਖਾ ਸਿੰਘ ਜੀ ਸੰਤ ਸਿਪਾਹੀ ਕਿਸ਼ਨ ਪੁਰਾ।
(੨) ਸ: ਅਜਮੇਰ ਸਿੰਘ ਜੀ ਰਈਸ ਮਾੜੀ।
(੩) ਸ: ਹਰਨਾਮ ਸਿੰਘ ਜੀ ਕੋਟਲਾ।
(੪) ਸ: ਅਨੋਖ ਸਿੰਘ ਜੀ ਸੇਖਾ।
(੫) ਸ: ਬੋਘਾ ਸਿੰਘ ਜੀ ਲਧਾਈ ਕੇ।

ਇਲਾਕੇ ਦੇ ਨੇੜ ਤੇੜ ਦੇ ਪਿੰਡਾਂ ਨੇ ਬੜੀ ਦਿਲ ਖੋਲ੍ਹਕੇ ਸਹਾਇਤਾ ਦਿਤੀ, ਖ਼ਾਸ ਕਰ ਮਾੜੀ ਨਿਵਾਸੀ ਸਜਣਾਂ ਨੇ ਤਨ ਮਨ ਅਤੇ ਧਨ ਦੀ ਬੜੀ ਦਿਲ ਖੋਲ੍ਹਕੇ ਸਹਾਇਤਾ ਕੀਤੀ। ਸਕੂਲ ਦੀ ਇਮਾਰਤ ਦੇ ਚਾਰ ਕਮਰੇ, ਗੈਲਰੀ, ਬਰਾਂਡਾ ਆਦਿ ਇਕ ਮਹੀਨੇ ਵਿਚ ਤਿਆਰ ਕੀਤੇ ਗਏ। ਪ੍ਰਬੰਧਕ ਕਮੇਟੀ ਅਤੇ ਹੈਡਮਾਸਟਰ ਸਾਹਿਬ ਦੇ ਉਦਮ ਨਾਲ ਪਹਿਲੀ ਅਪਰੈਲ ਸੰਨ ੧੯੫੦ ਤੋਂ ਕਚੀ ਪ੍ਰਵਾਨਗੀ ਮਿਲ ਗਈ, ਸੰਨ ੧੯੫੨-੫੩ ਵਿਚ ਚਾਰ ਕਮਰੇ ਹੋਰ ਬਣਾਏ ਗਏ। ਸਾਮਾਨ ਸਾਇੰਸ ਅਤੇ ਬਾਕੀ ਕੁਲ ਲੋੜੀ ਦੀਆਂ ਚੀਜ਼ਾਂ ਪੂਰੀਆਂ ਕੀਤੀਆਂ ਗਈਆਂ, ਪਹਿਲੀ ਨਵੰਬਰ ਸੰਨ ੧੯੫੩ ਈਃ ਤੋਂ ਪਕੀ ਹਾਈ ਸਕੂਲ ਦੀ ਪ੍ਰਵਾਨੀ ਮਿਲ ਗਈ। ਅਜ ਕਲ ਵਿਦਿਆਰਥੀਆਂ ਦੀ ਗਿਣਤੀ ਤਿੰਨ ਸੌ ਦੇ ਲਗ ਪਗ ਹੈ, ਅਤੇ ਅਠ ਅਧਿਆਪਕ ਪੜ੍ਹਾ ਰਹੇ ਹਨ। ਪੜ੍ਹਾਈ, ਖੇਡਾਂ ਅਤੇ ਧਾਰਮਿਕ ਵਿਦਿਆ ਵਿਚ ਇਹ ਸਕੂਲ ਦਿਨ ਦੁਗਣੀ ਅਤੇ ਰਾਤ ਚੌਗਣੀ ਉਨਤੀ ਕਰ ਰਿਹਾ ਹੈ। ਹੁਣ ਮੁਰੱਬੇਬੰਦੀ (ਇਸਤਮਾਲ ਇਰਾਜ਼ੀ) ਵਿਚ ਘਟ ਵਧ ੨੫ ਏਕੜ ਜ਼ਮੀਨ ਪਿੰਡ ਨੇ ਦੇ ਦਿਤੀ ਹੈ। ਇਸ ਵਿਚ ਬਹੁਤ ਵਧੀਆ ਖੇਤੀ ਬਾੜੀ ਦਾ ਫ਼ਾਰਮ ਬਨਾਣ ਦੀ ਵਿਚਾਰ ਹੈ, ਆਸ ਹੈ ਕਿ ਇਹ ਸਕੂਲ ਇਸ ਇਲਾਕੇ ਵਿਚ ਬਹੁਤ ਲਾਭਵੰਦ ਸਾਬਤ ਹੋਵੇਗਾ।

## ਖਾਲਸਾ ਹਾਈ ਸਕੂਲ ਨਥੂਵਾਲਾ (ਥਾਣਾ ਬਾਘਾ ਪੁਰਾਣਾ)

ਇਲਾਕਾ ਨਿਵਾਸੀ ਸੰਗਤਾਂ ਦੀ ਪ੍ਰੇਰਨਾ ਨਾਲ ਸੰਤ ਮਸਤਾਨ ਸਿੰਘ ਜੀ ਵੱਡਾ ਘਰ ਵਾਲਿਆਂ ਨੇ ਇਲਾਕੇ ਵਿਚ ਵਿਦਿਆ ਦਾ ਘਾਟਾ ਮਹਿਸੂਸ ਕਰਕੇ ਖਾਲਸਾ ਹਾਈ ਸਕੂਲ ਪ੍ਰਾਰੰਭ ਕੀਤਾ ਜੋ ਪ੍ਰਬੰਧਕਾਂ ਦੇ ਉਦਮ ਦਾ ਸਦਕਾ ਦਿਨ ਦੁਗਣੀ ਅਤੇ ਰਾਤ ਚੌਗਣੀ ਤਰੱਕੀ ਕਰ ਰਿਹਾ ਹੈ।

## ਸ੍ਰੀ ਕਲਗੀਧਰ ਖਾਲਸਾ ਹਾਈ ਸਕੂਲ ਰੋਪੜ ਜ਼ਿਲਾ ਅੰਬਾਲਾ

ਸ਼ਹਿਰ ਰੋਪੜ ਵਿਚ ਸਿੱਖ ਵਿਦਿਆਰਥੀਆਂ ਲਈ ਖਾਲਸਾ ਹਾਈ ਸਕੂਲ ਦੀ ਅਣਹੋਂਦ ਨੂੰ ਅਨੁਭਵ ਕਰਕੇ ਸ਼ਹਿਰ ਰੋਪੜ ਅਤੇ ਇਲਾਕੇ ਦੇ ਕੁਝ ਸਮਝਦਾਰ ਸਿਖਾਂ ਨੇ ਸ: ਲਖਾ ਸਿੰਘ ਆਹਲੂਵਾਲੀਏ ਦੀ ਨਿਜੀ ਇਮਾਰਤ ਵਿਚ ਸ੍ਰੀ ਗੁਰੂ ਕਲਗੀਧਰ ਖ਼ਾਲਸਾ ਹਾਈ ਸਕੂਲ ਖੋਲਣ ਦੀ ਰਸਮ ਪਹਿਲੀ ਅਪਰੈਲ ੧੯੨੫ ਵਿਚ ਅਦਾ ਕੀਤੀ।

ਆਰੰਭ ਵਿਚ ਹੀ ਇਹ ਸਕੂਲ ਹਾਈ ਜਾਰੀ ਕੀਤਾ ਗਿਆ ਸੀ, ਪਰ ਕੁਝ ਕਾਰਨਾਂ ਕਰਕੇ ਇਸ ਦੀਆਂ ਹਾਈ ਕਲਾਸਾਂ ਨੂੰ ਬੰਦ ਕਰਨਾ ਪਿਆ। ਅਤੇ ਚਹੁੰ ਸਾਲਾਂ ਮਗਰੋਂ ਮਿਡਲ ਦੀ ਪ੍ਰਵਾਨਗੀ

Digitized by Panjab Digital Library | www.panjabdigilib.org

ਮਿਲੀ। ਭਾਵੇਂ ਸੁਰਗਵਾਸੀ ਸ:ਬ: ਧਰਮ ਸਿੰਘ ਜੀ ਦਿਲੀ ਵਲੋਂ ਇਸ ਦੇ ਟਰਸਟ ਵੰਡ ਵਿਚ ੩੦੦੦) ਰੁਪਿਆ ਜ਼ਮਾਂ ਕਰਾਇਆ ਗਿਆ ਸੀ, ਪਰ ਤਾਂ ਵੀ ਇਹ ਹਰ ਸਾਲ ਦੇ ਘਾਟੇ ਨੂੰ ਪੂਰਾ ਨਾ ਕਰ ਸਕਿਆ ਅਤੇ ਸਕੂਲ ਦੀ ਹਾਲਤ ਤਰਸ ਯੋਗ ਹੀ ਹੁੰਦੀ ਗਈ। ਇਸ ਦਾ ਕਾਰਨ ਕਿ ਸ਼ਹਿਰ ਵਿਚ ਤਿੰਨ ਹਾਈ ਸਕੂਲ ਬੜੇ ਉਚੇ ਪੈਮਾਨੇ ਤੇ ਚੱਲ ਰਹੇ ਸਨ, ਸੋ ਵਿਦਿਆਰਥੀਆ ਦੀ ਘਾਟ ਅਧਿਆਪਕਾਂ ਦੀ ਤਨਖਾਹ ਪੂਰੀ ਨਾ ਕਰ ਸਕੀ।

ਸ੍ਰੀ ਮਾਨ ਸ: ਬਲਦੇਵ ਸਿੰਘ ਸਾਬਕ ਰਖਿਆ ਮੰਤਰੀ ਹਿੰਦ ਦੇ ਬਜ਼ੁਰਗ ਪਿਤਾ ਸ: ਬ: ਇੰਦਰ ਸਿੰਘ ਜੀ ਟਾਟਾ ਨਗਰ ਵਾਲਿਆਂ ਨੇ ਪੰਡਤ ਗੰਗਾ ਰਾਮ ਰੋਪੜ ਵਾਲਿਆਂ ਤੋਂ ਉਸ ਦੇ ਟੁਟ ਗਏ ਵਿਦਿਆ ਸਭਾ ਸਕੂਲ ਦੀ ਇਕ ਵਡੀ ਬਿਲਡਿੰਗ ਕਾਫੀ ਸਾਰੀ ਰਕਮ ਦੇ ਕੇ ਰਹਿਣ ਕਰਵਾ ਲਈ, ਜਿਸ ਵਿਚ ਹੁਣ ਤੱਕ ਸਕੂਲ ਜਾਰੀ ਹੈ। ਸੰਨ ੧੯੩੬ ਵਿਚ ਪ੍ਰਾਇਮਰੀ ਹਿੱਸਾ ਵੀ ਸਕੂਲ ਨਾਲ ਲਾਇਆ ਗਿਆ, ਪਰ ਫਿਰ ਵੀ ਸਕੂਲ ਦੀ ਮਾਇਕ ਹਾਲਤ ਚੰਗੀ ਨਾ ਹੋਈ। ਨਵੰਬਰ ੧੯੩੯ ਵਿਚ ਸ: ਬਖਸ਼ੀਸ਼ ਸਿੰਘ ਜੀ ਸ੍ਰੀ ਚਮਕੌਰ ਸਾਹਿਬ, ਸ: ਗੁਰਮੁਖ ਸਿੰਘ ਜੀ ਵਕੀਲ ਅਤੇ ਮੈਨੇਜਰ ਸੰਤ ਸਾਧੂ ਸਿੰਘ ਜੀ ਨਾਲ ਵਿਚਾਰ ਕਰਕੇ ਇਸ ਸਕੂਲ ਦੀ ਵਾਗ ਡੋਰ ਸ: ਬਲਦੇਵ ਸਿੰਘ ਦੇ ਹਥ ਸੌਂਪ ਦਿਤੀ। ਭਾਵੇਂ ਸ: ਬਲਦੇਵ ਸਿੰਘ ਇਸ ਦੀ ਕਾਫੀ ਮਦਦ ਕਰਦੇ ਰਹੇ, ਪਰ ਇਸ ਦੀ ਹਾਲਤ ਚੰਗੀ ਨਾ ਹੋਈ। ਇਹ ਵਿਦਿਅਕ ਸੋਮਾਂ ਬੰਦ ਹੋਣ ਵਾਲਾ ਹੀ ਸੀ। ਇਸ ਔਕੜ ਸਮੇਂ ਸ੍ਰੀ ਮਾਨ ਸੰਤ ਸਾਧੂ ਸਿੰਘ ਜੀ ਨੇ ਸਕੂਲ ਦਾ ਪ੍ਰਬੰਧ ਆਪਣੇ ਹਥਾਂ ਵਿਚ ਫਿਰ ਲੈ ਲਿਆ ਅਤੇ ਪ੍ਰਬੰਧਕ ਕਮੇਟੀ ਤੋਂ ਮੰਗ ਕੀਤੀ ਕਿ ਇਸ ਨੂੰ ਚਲਾਉਣ ਦੇ ਆਪ ਨੂੰ ਪੂਰਨ ਅਧਿਕਾਰ ਦਿਤੇ ਜਾਣ। ਸੋ ਕਮੇਟੀ ਵਲੋਂ ਆਪ ਨੂੰ ਪੂਰਨ ਅਧਿਕਾਰ ਦਿਤੇ ਗਏ, ਆਪ ਨੇ ਇਸ ਨੂੰ ਚਲਾਉਣ ਲਈ ਕਮਰ ਕਸੇ ਕੀਤੇ ਤੇ ਇਲਾਕੇ ਵਿਚ ਫਿਰ ਕੇ ਪ੍ਰਚਾਰ ਕੀਤਾ, ਹਜ਼ਾਰਾਂ ਰੁਪਿਆ ਇਕੱਠਾ ਕੀਤਾ, ਸਕੂਲ ਵਿਚ ਨਵੇਂ ਸਿਰਿਉਂ ਜਾਨ ਪੈ ਗਈ। ਸਟਾਫ ਵੀ ਚੰਗਾ ਟ੍ਰੇਂਡ ਤੇ ਮੇਹਨਤੀ ਮਿਲ ਗਿਆ, ਜਿਸ ਦਾ ਸਦਕਾ ਵਿਦਿਆਰਥੀਆਂ ਦੀ ਗਿਣਤੀ ਵਧ ਗਈ। ਸੰ: ੧੯੫੨ ਵਿਚ ਗੌਰਮਿੰਟ ਹਾਈ ਸਕੂਲ ਕਾਲਜ ਬਣਾ ਦਿਤਾ ਗਿਆ ਅਤੇ ਇਸ ਸਕੂਲ ਨੂੰ ਵੀ ਹਾਈ ਕਰਨ ਦੀ ਪ੍ਰਵਾਨਗੀ ਮਿਲ ਲਈ, ਸ੍ਰੀ ਮਾਨ ਸ: ਸ਼ਾਮ ਸਿੰਘ ਜੀ ਹੈਡ ਮਾਸਟਰ ਨਿਯਤ ਕੀਤੇ ਗਏ, ਜਿਨ੍ਹਾਂ ਨੇ ਸਕੂਲ ਦੇ ਪ੍ਰਬੰਧ ਵਿਚ ਦਿਨ ਰਾਤ ਇਕ ਕਰਕੇ ਸਕੂਲ ਦੀ ਸ਼ੋਭਾ ਮਹੀਨਿਆਂ ਵਿਚ ਹੀ ਏਨੀ ਵਧਾ ਦਿਤੀ ਕਿ ਵਿਦਿਆਰਥੀ ਇਸ ਸਕੂਲ ਵਿਚ ਬਹੁਤ ਦਾਖਲ ਹੋ ਗਏ। ਹਾਈ ਕਲਾਸਾਂ ਦਾ ਸਟਾਫ ਵੀ ਟ੍ਰੇਂਡ, ਯੋਗ ਅਤੇ ਮਿਹਨਤੀ ਰਖਿਆ ਗਿਆ, ਸਕੂਲ ਦੀ ਦਸਵੀਂ ਜਮਾਤ ਦੇ ਨਤੀਜੇ ਬੜੇ ਚੰਗੇ ਨਿਕਲ ਰਹੇ ਹਨ। ਇਹ ਸਕੂਲ ਦਿਨ ਦੁਗਣੀ ਅਤੇ ਰਾਤ ਚੌਗਣੀ ਉਨਤੀ ਕਰ ਰਿਹਾ ਹੈ ਅਤੇ ਹਰ ਮਨ ਪਿਆਰਾ ਬਣ ਰਿਹਾ ਹੈ। ਅਤੇ ਸਿਖ ਵਿਦਿਆਰਥੀਆਂ ਨੂੰ ਅਨਮਤੀਆਂ ਦੀ ਸੰਗਤ ਤੋਂ ਬਚਾਉਣ ਦੇ ਜਿਸ ਖਿਆਲ ਨਾਲ ਇਹ ਖੋਲ੍ਹਿਆ ਗਿਆ ਸੀ, ਉਸ ਨੂੰ ਪੂਰਾ ਕਰ ਰਿਹਾ ਹੈ।

## ਖਾਲਸਾ ਹਾਈ ਸਕੂਲ ਖਰੜ (ਜ਼ਿਲਾ ਅੰਬਾਲਾ)

ਸਥਾਨਿਕ ਅਨਮਤੀ ਹਾਈ ਸਕੂਲ ਵਿਚ ਸਿੱਖ ਵਿਦਿਆਰਥੀਆਂ ਦੇ ਪੱਤਤ ਹੋਣ ਦੇ ਕਾਰਨ ਸ: ਬਹਾਦਰ ਹਰਨਾਮ ਸਿੰਘ ਰਈਸ ਖਰੜ, ਉਨ੍ਹਾਂ ਦੇ ਸਪੁੱਤਰ ਸ: ਚਰਨ ਸਿੰਘ, ਸ: ਉਮਰਾਓ ਸਿੰਘ ਰਈਸ ਮਨੌਲੀ, ਪੰਡਤ ਨਿਕਾ ਸਿੰਘ ਭਾਗੂ ਮਾਜਰਾ, ਸੋਢੀ ਮਾਧੋ ਸਿੰਘ ਦਾਊਂ, ਜ਼ੈਲਦਾਰ ਤੇਜਾ ਸਿੰਘ ਰੁੜਕੀ, ਸ: ਨਗੀਨਾ ਸਿੰਘ ਤਹਿਸੀਲਦਾਰ, ਲਾਂਡਰਾਂ, ਅਤੇ ਗਿ: ਮਹਿੰਦਰ ਸਿੰਘ ਘਟੌਰ ਆਦਿ ਨੇ

Digitized by Panjab Digital Library | www.panjabdigilib.org

ਸੰਨ ੧੯੧੯ ਈ: ਖਾਲਸਾ ਬੋਰਡਿੰਗ ਹਾਊਸ ਆਰੰਭ ਕੀਤਾ, ਪਰ ਆਪਣੇ ਮਿਸ਼ਨ ਦੀ ਪੂਰਤ ਨਾ ਵੇਖਕੇ ਸੰਨ ੧੯੨੦ ਵਿਚ ਖਾਲਸਾ ਹਾਈ ਸਕੂਲ ਖਰੜ ਆਰੰਭ ਕਰ ਦਿਤਾ । ਸ: ਬਹਾਦਰ ਹਰਨਾਮ ਸਿੰਘ ਨੇ ਆਪਣਾ ਮਕਾਨ ਸਕੂਲ ਲਈ ਮੁਫਤ ਦੇ ਦਿਤਾ, ਜਿਸ ਵਿਚ ੧੯੨੫ ਤੱਕ ਸਕੂਲ ਚਲਦਾ ਰਿਹਾ । ਇਸ ਪੰਜ ਸਾਲ ਦੇ ਸਮੇਂ ਅੰਦਰ ਸਕੂਲ ਦੇ ਆਪਣੇ ਕਮਰੇ ਸ਼ਹਿਰ ਤੋਂ ਬਾਹਰ ਤਿਆਰ ਹੋ ਗਏ, ਤੇ ਸਕੂਲ ਉਥੇ ਬਦਲ ਦਿਤਾ ਗਿਆ । ਅਤੇ ਸ: ਬ: ਹਰਨਾਮ ਸਿੰਘ ਦੀ ਪਹਿਲੀ ਦਿਤੀ ਇਮਾਰਤ ਵਿਚ ਬੋਰਡਿੰਗ ਬਣਾ ਦਿਤਾ ਗਿਆ । ਇਸ ਤੋਂ ਮਗਰੋਂ ਸ: ਸ਼ਹਿਜ਼ਾਦਾ ਸਿੰਘ ਭਜੌਲੀ, ਗਿ: ਮੁਹਿੰਦਰ ਸਿੰਘ ਘਟੌਰ ਦੇ ਉਦਮ ਨਾਲ ਮਲਾਇਆ ਵਿਚੋਂ ਉਗਰਾਹੀ ਲਿਆ ਕੇ, ਅਤੇ ਸ: ਬਲਦੇਵ ਸਿੰਘ ਸਾਬਕ ਡੀਫੈਂਸ ਮਨਿਸਟਰ ਦੇ ਉਦਮ ਨਾਲ ਸਕੂਲ ਦੀ ਸ਼ਾਨਦਾਰ ਇਮਾਰਤ ਤਿਆਰ ਕੀਤੀ ਗਈ । ੧੯੨੦ ਤੋਂ ੧੯੩੬ ਤੱਕ ਇਲਾਕੇ ਦੇ ਸੱਜਣ ਇਸ ਦੀ ਸੇਵਾ ਕਰਦੇ ਰਹੇ । ਹੁਣ ਸ: ਬਲਦੇਵ ਸਿੰਘ ਦੇ ਪਿਤਾ ਸ: ਬ: ਇੰਦਰ ਸਿੰਘ ਘਾਟਾ ਪੂਰਾ ਕਰਦੇ ਹਨ ਪ੍ਰਬੰਧ ਇਲਾਕੇ ਦੇ ਬੋਰਡ ਦੇ ਹੱਥ ਹੈ ।

ਸਕੂਲ ਦੇ ਸਭ ਤੋਂ ਪਹਿਲੇ ਹੈਡਮਾਸਟਰ ਸ; ਹੁਕਮ ਸਿੰਘ ਸੋਢੀ ਐਮ. ਏ. ਥਾਪੇ ਗਏ । ਇਨ੍ਹਾਂ ਤੋਂ ਬਾਅਦ ਕਈ ਹੈਡਮਾਸਟਰ ਆਏ, ਇਸ ਵੇਲੇ ਸ: ਸਮੁੰਦ ਸਿੰਘ ਹੈਡਮਾਸਟਰ ਹਨ, ਜੋ ਸਕੂਲ ਨੂੰ ਬੜੇ ਉਦਮ ਨਾਲ ਚਲਾ ਰਹੇ ਹਨ, ਸਾਰਾ ਸਟਾਫ ਟ੍ਰੇਂਡ ਅਤੇ ਮਿਹਨਤੀ ਹੈ । ਜਿਥੇ ਇਹ ਸਕੂਲ ਪੜ੍ਹਾਈ ਵਿਚ ਨਾਮਣਾ ਖਟ ਰਿਹਾ ਹੈ, ਉਥੇ ਖੇਡਾਂ ਵਿਚ ਵੀ ਕਾਫ਼ੀ ਪ੍ਰਸਿੱਧਤਾ ਪ੍ਰਾਪਤ ਕਰ ਰਿਹਾ ਹੈ ।

੧੯੪੯ ਵਿਚ ਇਸ ਸਕੂਲ ਵਿਚ ਇਕ ਆਰਟ ਗੈਲਰੀ ਤਿਆਰ ਕੀਤੀ ਗਈ, ਜੋ ਦੇਖਣ ਦੇ ਯੋਗ ਹੈ, ਸਕੂਲ ਦੀ ਇਕ ਆਪਣੀ ਲਾਇਬ੍ਰੇਰੀ ਹੈ । ਜਿਸ ਵਿਚ ਹਰ ਪਰਕਾਰ ਦੀਆਂ ਪੁਸਤਕਾਂ ਹਨ ।

੧੯੫੪ ਤੋਂ ਸਕੂਲ ਵਿਚ ਜੂਨੀਅਰ ਬੇਸਕ ਟ੍ਰੇਨਿੰਗ ਕਲਾਸ ਖੋਲ੍ਹੀ ਗਈ ਹੈ, ਜਿਸ ਵਿਚ ਅਧਿਆਪਕ ਕੋਰਸ ਦੀ ਟ੍ਰੇਨਿੰਗ ਦਿਤੀ ਜਾਂਦੀ ਹੈ ।

ਇਸ ਸਕੂਲ ਦੀ ਹੋਂਦ ਨੇ ਖਾਸ ਕਰ ਸ਼ਹਿਰ ਖਰੜ ਅਤੇ ਇਲਾਕੇ ਵਿਚ ਸਿੱਖ ਵਿਦਿਆਰਥੀਆਂ ਨੂੰ ਪੱਤਤ ਹੋਣ ਤੋਂ ਬਚਾ ਲਿਆ ਹੈ । ਸਕੂਲ ਜਿਸ ਭਾਵ ਨੂੰ ਮੁਖ ਰਖ ਕੇ ਆਰੰਭ ਕੀਤਾ ਗਿਆ ਸੀ, ਉਹ ਆਪਣੇ ਮਿਸ਼ਨ ਵਿਚ ਕਾਫੀ ਸਫਲ ਹੋਇਆ ਹੈ ਤੇ ਇਲਾਕੇ ਵਿਚ ਧਾਰਮਿਕ ਵਿਦਿਆ ਦੇ ਰਿਹਾ ਹੈ ।

Digitized by Panjab Digital Library | www.panjabdigilib.org

# ਹੰਸਲੇ ਸਿੱਖ

ਸੰਤ ਭਗਤ ਗੁਰ ਸਿੱਖ ਹੋ ਜਗਤ ਤਾਰਨ ਆਏ ॥
ਸੇ ਉਪਕਾਰੀ ਜਗਤ ਮੈ ਗੁਰ ਮੰਤ੍ਰ ਜਪਾਏ ॥

(ਭਾ: ਗੁਰਦਾਸ ਜੀ)

# ਮਾਲਵੇ ਦੇ ਪ੍ਰਸਿੱਧ ਮਹਾਤਮਾਂ

ਜੋ

ਸ੍ਰੀ ਗੁਰੂ ਨਾਨਕ ਦੇਵ ਜੀ
ਸ੍ਰੀ ਗੁਰੂ ਅੰਗਦ ਦੇਵ ਜੀ
ਸ੍ਰੀ ਗੁਰੂ ਅਮਰ ਦੇਵ ਜੀ
ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
ਸ੍ਰੀ ਗੁਰੂ ਹਰਿਰਾਇ ਸਾਹਿਬ ਜੀ
ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ

ਆਦਿ ਦਸ ਗੁਰੂ ਸਾਹਿਬਾਂ ਚੋਂ ੯ ਗੁਰੂ ਸਾਹਿਬਾਂ ਨੇ ਚਰਨ ਪਾ ਕੇ ਜਿਥੇ ਹੋਰ ਅਪਾਰ ਬਖਸ਼ਸ਼ਾਂ ਕੀਤੀਆਂ ਹਨ । ਉਥੇ ਇਹ ਵੀ ਦਾਤ ਮਿਲੀ ਹੋਈ ਹੈ, ਕਿ ਇਥੋਂ ਕੋਈ ਨਾ ਕੋਈ ਗੁਰੂ ਦਾ ਪਿਆਰ ਮਹਾਂ ਪੁਰਸ਼ ਪ੍ਰਗਟ ਹੁੰਦਾ ਰਹਿੰਦਾ ਹੈ, ਜੋ ਮਹਾਤਮਾਂ ਪੁਰਸ਼ ਇਸ ਮਾਲਵੇ ਵਿਚ ਪ੍ਰਗਟ ਹੋਏ ਹਨ ਉਹਨਾਂ ਦੇ ਜੀਵਨ ਅੱਖਰ ਕਰਮ ਅਨੁਸਾਰ ਅਗੇ ਪੜ੍ਹੋ

ਦਾਸ:—ਵਿਸਾਖਾ ਸਿੰਘ ਸੰਤ ਸਿਪਾਹੀ ।

Digitized by Panjab Digital Library | www.panjabdigilib.org

# ਸੰਤ

ਮਨ ਇੰਦ੍ਰਿਆਂ ਨੂੰ ਜਿਸ ਨੇ ਟਿਕਾਇਆ। ਸ਼ਾਂਤਾਤਮਾ "ਸੰਤ ਕੈ ਊਪਰਿ ਦੇਇ ਪ੍ਰਭੁ ਹਾਥ" (ਗੋਂਡ ਮ: ੫:) ਗੁਰਬਾਣੀ ਵਿਚ ਸੰਤ ਦਾ ਲੱਛਣ ਅਤੇ ਮਹਿਮਾਂ ਇਉਂ ਦਰਸਾਏ ਹੈਂ :–

ਜਿਨਾ ਸਾਸ ਗਿਰਾਸਿ ਨ ਵਿਸਰੈ ਹਰਿਨਾਮਾ ਮਨਿ ਮੰਤ,
ਧੰਨ ਸਿ ਸੇਈ ਨਾਨਕਾ, ਪੂਰਨੁ ਸੋਈ ਸੰਤੁ।
(ਮ: ੫: ਵਾਰ ਗਉੜੀ)

ਆਠ ਪਹੱਰ ਨਿਕਟਿ ਕਰਿ ਜਾਨੈ,
ਪ੍ਰਭ ਕਾ ਕੀਆ ਮੀਠਾ ਮਾਨੈ,
ਏਕੁ ਨਾਮੁ ਸੰਤਨ ਆਧਾਰੁ,
ਹੋਇ ਰਹੇ ਸਭ ਕੀ ਪਗਵਾਰੁ,
ਸੰਤ ਰਹਤ ਸੁਨਹੁ ਮੇਰੇ ਭਾਈ,
ਉਆ ਕੀ ਮਹਿਮਾ ਕਥਨੁ ਨ ਜਾਈ,
ਵਰਤਨਿ ਜਾਕੈ ਕੇਵਲ ਨਾਮ,
ਅਨਦ ਰੂਪ ਕੀਰਤਨੁ ਬਿਸਰਾਮ,
ਮਿਤ੍ਰ ਸਤ੍ਰ ਜਾਕੈ ਏਕ ਸਮਾਨੈ,
ਪ੍ਰਭ ਅਪੁਨੈ ਬਿਨ ਅਵਰੁ ਨ ਜਾਨੈ,
ਕੋਟਿ ਕੋਟਿ ਅਘ ਕਾਟਨ ਹਾਰਾ,
ਦੁਖ ਦੂਰਿ ਕਰਨ ਜੀਅ ਕੇ ਦਾਤਾਰਾ,
ਸੂਰਬੀਰ ਬਚਨ ਕੇ ਬਲੀ,
ਕਉਲਾ ਬਪੁਰੀ ਸੰਤੀ ਛਲੀ,
ਤਾਕਾ ਸੰਗੁ ਬਾਛਹਿ ਸੁਰਦੇਵ,
ਅਮੋਘ ਦਰਸੁ ਸਫਲ ਜਾਕੀ ਸੇਵ,
ਕਰ ਜੋੜਿ ਨਾਨਕੁ ਕਰੇ ਅਰਦਾਸਿ,
ਮੋਹਿ ਸੰਤਟਹਲ ਕੀਜੈ ਗੁਣਤਾਸਿ। (ਆਸਾ ਮ: ੫:)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# – ਸੰਤ ਕਾਂਡ –

## ਗੁਰ ਕਾ ਸ਼ਬਦ ਕਮਾਇ ਕੇ ਜੀਤੇ ਪੰਚ ਵਿਕਾਰ।
## ਤਿੰਨ ਸੰਤਨ ਕੋ ਬੰਦਨਾ ਸਿਰ ਚਰਨਨ ਪਰ ਡਾਰ।

{ਭਾਈ ਸੰਤੋਖ ਸਿੰਘ ਜੀ}

ਮਹਾਂ ਪੁਰਸ਼ਾਂ ਦੇ ਜੀਵਨ ਦੀਦਾਰ ਵਿਚ ਇਕ ਅਣ-ਡਿੱਠੀ ਤੇ ਅਣ-ਬੁਝੀ ਜੀਵਨ ਕਲਾ ਦੀ ਵਿਸਮਾਦ (ਸ਼ਕਤੀ) ਹੁੰਦੀ ਹੈ। ਜੋ ਸਦਾ ਹੀ ਬਿਜਲੀ ਦੇ ਕਰੰਟ ਵਾਂਗ ਕੁਦਰਤੀ ਤਾਕਤ ਤੇ ਅੰਮ੍ਰਿਤ ਬਲ ਰਖਦੀ ਹੈ। ਜਦ ਕਦੀਂ ਉਹਦੀ ਝਲਕਾਰ ਕਿਸੇ ਪ੍ਰਾਣੀ ਮਾਤ੍ਰ ਤੇ ਪੈਂਦੀ ਹੈ ਤਾਂ ਉਸ ਨੂੰ ਇਕ ਨਿਰਾਲੀ ਪ੍ਰੀਤ ਡੋਰ ਦਾ ਤੁਣਕਾ ਦੇ ਕੇ ਕਿਸੇ ਯਕੀਨ, ਟਿਕਾਉ ਯਾ ਅਸਥਿਰਤਾ ਵਿਚ ਲੈ ਆਉਂਦੀ ਹੈ। ਸੋ ਅਜੇਹਾ ਜੀਵਨ ਦ੍ਰਿਸ਼ ਦੇਖਣ ਤੇ ਦਖਾਉਣ ਲਈ ਥਰਕਦੇ ਹੱਥਾਂ ਨਾਲ ਕਲਮ ਚੁਕ ਕੇ ਲਿਖਣ ਦਾ ਹੀਆ ਕੀਤਾ ਹੈ। ਰੰਗ ਰਤੜੇ ਨਾਮ ਚਲੂਲੇ, ਮਰਜਿਉੜੇ ਜਾਂ ਸ੍ਰੇਰਕ ਉੱਚ ਜੀਵਨ ਵਾਲੇ ਮਹਾਂ ਪੁਰਸ਼ਾਂ ਦੇ ਪਾਵਨ ਦੀਦਾਰੇ ਅੱਖੀਆਂ ਅੱਗੇ ਆਵਨ। ਉੱਚ-ਜੀਵਨਾਂ ਦੀਆਂ ਹੀ ਸਦਾ ਚਾਰੀ ਸੁਗੰਧਤ ਰੌਆਂ ਸ੍ਰੀਰ ਦੀ ਨਾੜ੍ਹੀ ਵਿਚ ਪ੍ਰਵੇਸ਼ ਹੋਣ ਅਤੇ ਉੱਚ-ਜੀਵਨਾਂ ਦੀਆਂ ਹੀ ਪ੍ਰੇਮ ਰੋਹੀਆਂ ਦੇ ਮਿੱਠੇ ਤੁਣਕੇ ਇਸ ਕਠੋਰ ਤੇ ਅਲਬੇਲੇ ਮਨ ਵਿਚ ਲੱਗਣ। ਤਾਂ ਹੀ ਇਹ ਜੀਵਨਾਂ ਤੋਂ ਜੀਵਨ ਪ੍ਰਾਪਤ ਕਰਕੇ ਹਰਾ ਭਰਾ ਤੇ ਪਰਫੁਲਤ ਹੋ ਸਕਦਾ ਹੈ। ਪਰ ਅਸਾਂ ਸੰਸਾਰੀ ਜੀਵਾਂ ਦੇ ਨੇਤ੍ਰ ਅਜੇਹੇ ਜੀਵਨ ਕਿਰਨਾਂ ਵਾਲੇ ਉੱਚ-ਜੀਵਨ, ਸੁੱਚੇ ਹੀਰੇ ਅਤੇ ਅਣਮੋਲ ਮੋਤੀਆਂ ਦੀ ਪਰਖ ਪਛਾਣ ਤੇ ਕਦਰ ਵਲੋਂ ਬਿਲਕੁਲ ਹੀ ਸੱਖਣੇ, ਅਣਜਾਣ, ਗਹਿਰੇ ਅਤੇ ਧੁੰਦਲੇ ਹੁੰਦੇ ਹਨ। ਸਾਡੀ ਨਜ਼ਰ ਕੇਵਲ ਮੋਟੀਆਂ ਚੀਜ਼ਾਂ, ਸਥੂਲ ਸ੍ਰੀਰਾਂ, ਚਮਕੀਲੇ ਜਾਂ ਭੜਕੀਲੇ ਰੂਪ ਰੰਗ ਵੱਲ ਬਹੁਤੀ ਪੈਂਦੀ ਹੈ। ਪਰ ਇਹਨਾਂ ਸੁੱਚੇ ਜੀਵਨਾਂ ਵਲ ਸਰਾਫੀ ਨਜ਼ਰ ਤੱਕ ਕੇ ਖੋਜ ਜਾਂ ਪਰਖ ਪਛਾਣ ਵਾਲਾ ਸੈਂਕੜਿਆਂ ਵਿਚੋਂ ਇਕ ਅੱਧਾ ਹੀ ਹੁੰਦਾ ਹੈ। ਨਹੀਂ ਤਾਂ ਇਹ ਸਭ ਦੇ ਸਭ ਬਿਨਾਂ ਹੀ ਜਾਂਚ ਪੜਤਾਲ ਦੇ ਅਸਾਡੀ ਲਾ-ਪ੍ਰਵਾਹੀ ਦੇ ਕਾਰਨ ਅਲੋਪ ਜਿਹੇ ਹੋ ਜਾਂਦੇ ਹਨ। ਇਸ ਗਲ ਤੋਂ ਡਰਦੇ ਹੋਏ ਦਾਸ ਨੇ ਲਿਖਣ ਦਾ ਜਤਨ ਕੀਤਾ ਹੈ, ਜਿਵੇਂ ਜਗਦੇ ਦੀਵੇ ਦੀ ਮਿਸਾਲ ਖਾਲੀ ਦੀਵਾ ਨਹੀਂ ਦੇ ਸਕਦਾ। ਸੋ ਮਹਾਂ ਪੁਰਸ਼ਾਂ ਦੇ ਜੀਵਨ ਲਿਖਤ ਵਿਚ ਲਿਆਉਣੇ ਬੜੇ ਕਠਨ ਹਨ ਕਿਉਂਕਿ ਨਾਮ ਸਿਮਰਨ ਦੇ ਅਭਿਆਸੀ, ਕੀਰਤਨ ਦੇ ਰਸੀਏ, ਨਿਸ਼ਕਾਮ ਸੇਵਾ ਤੇ ਪਰ-ਉਪਕਾਰ ਕਰਨੀ ਕਰਨ ਹਾਰੇ, ਨਿਮ੍ਰਤਾ, ਗ੍ਰੀਬੀ ਧਾਰਨੀ, ਵੈਰ ਵਿਰੋਧ ਤੋਂ ਰਹਿਤ ਸਭ ਨੂੰ ਇਕ ਨਜ਼ਰ ਨਾਲ ਤੱਕਣ ਵਾਲੇ ਉਚ ਆਚਰਨ, ਕਹਿਣੀ ਅਰ ਕਰਨੀ ਦੇ ਪੂਰੇ ਸੂਰੇ, ਜੋ ਆਪ ਦਾਸੀ ਭਾਵ ਤੇ

"ਗੁਰਮਤ ਰਿਧੇ ਗਰੀਬੀ ਆਵੇ"

ਦੇ ਅਨੁਸਾਰ ਇਕ ਅਕਾਲਪੁਰਖ ਦਾ ਸਿਮਰਨ ਕਰਣ ਤੇ ਕਰਾਉਣ ਵਾਲੇ, ਰੱਬੀ ਬਾਣੀ ਤੇ ਗੁਰਮਤ ਪ੍ਰਚਾਰਨੀ ਗੁਰੂ ਪੰਥ ਦੇਸ਼ ਕੌਮ ਦੀ ਆਨ ਸ਼ਾਨ ਤੇ ਆਪਾ ਕੁਰਬਾਨ ਕਰਨ ਵਾਲੇ,

"ਜਿਨ੍ਹਾਂ ਸਾਸ ਗਰਾਸ ਨਾ ਵਿਸਰੇ, ਹਰ ਨਾਮਾਂ ਮਨਿ ਮੰਤ,
ਧੰਨ ਸਿ ਸੇਈ ਨਾਨਕਾ ਪੂਰਨ ਸੋਈ ਸੰਤ। ।੧੮। ਵਾਰ ਗਾਉੜੀ ਮ: ੫।

ਸੋ ਉਨ੍ਹਾਂ ਜੀਵਨ ਮੁਕਤ, ਮਹਾਂ ਪੁਰਖਾਂ ਦੇ ਜੀਵਨ ਲਿਖਣ ਲਈ ਕਲਮ ਦਾ ਚੁਕਣਾ ਮੇਰੇ ਜਿਹੇ ਇਕ ਬਲਹੀਣ ਲਈ ਅਤਿਅੰਤ ਕਠਿਨ ਹੀ ਨਹੀਂ ਬਲਕਿ ਅਸੰਭਵ ਹੈ, ਕਿਉਂਕਿ ਰੱਬੀ ਬਾਣੀ ਦਾ ਫੈਸਲਾ ਅਟੱਲ ਹੈ

"ਸਾਧ ਕੀ ਮਹਿਮਾਂ ਬੇਦ ਨਾ ਜਾਨਹਿ। ਜੇਤਾ ਸੁਨੈ ਤੇਤਾ ਬਿਖਿਆਨਹਿ"।

[ਗਾਉੜੀ ਸੁਖਮਣੀ ਮ: ੫।]

Digitized by Panjab Digital Library | www.panjabdigilib.org

ਹੁਣ ਦਸੋ ਮੈਂ ਕੀ ਲਿਖ ਸਕਦਾ ਹਾਂ, ਕੇਵਲ

"ਜਿਤ ਜਿਤ ਲਾਵਹੁ ਤਿਤ ਤਿਤ ਲਗਣਾ"

ਦੇ ਭਾਵ ਅਨੁਸਾਰ

"ਸੁਣ ਗਲਾਂ ਅਕਾਸ ਕੀ ਕੀਟਾਂ ਆਈ ਰੀਸ"

[ਜਪੁਜੀ ਸਾਹਿਬ]

ਦੇ ਖਿਆਲ ਨਾਲ ਲਿਖਣ ਦਾ ਹੀਆਂ ਧਾਰਨਾ

'ਕੂੜੇ ਮੂਰਖ ਕੀ ਹਾਠੀਸਾ ਹੀ ਹੈ' [ਸੂਹੀ ਮ: ੫ ]

ਇਸ ਕਰਕੇ ਇਕ ਤਾਂ ਮਹਾਂ ਪੁਰਖਾਂ ਦੇ ਖਿਆਲਾਂ ਨੂੰ ਬੁਝਣਾ ਹੀ ਬੜਾ ਔਖਾ ਹੈ। ਦੂਜਾ ਬਹੁਤ ਵਿਅਕਤੀਆਂ ਕਈ ਸਦੀਆਂ ਜਾਂ ਬਰਸ ਪਹਿਲੇ ਹੋ ਚੁਕੀਆਂ ਹਨ । ਤੀਜਾ ਸੁਣਕੇ ਸੰਗੀ ਤੇ ਕੁਸੰਗੀ ਦੇ ਖਿਆਲਾਂ ਦਾ ਬੜਾ ਫਰਕ ਹੈ। ਸੰਗੀ ਅਨਜਾਣ ਪੁਣੇ ਵਿਚ ਅਨਹੋਈ ਉਪਮਾਂ ਕਰੀ ਜਾਂਦਾ ਹੈ ਕੁਸੰਗੀ ਅਨਹੋਏ ਛਿਦਰ ਕੱਢੀ ਜਾਂਦਾ ਹੈ। ਹੁਣ ਦੋਹਾਂ ਦੇ ਖਿਆਲਾਂ ਵਿਚੋਂ ਮੁਨਿਆਰੇ ਦੀ ਸੁਆਹ ਵਾਂਗ ਸੋਨਾਂ ਚਾਂਦੀ ਢੂੰਡਣ ਵਾਂਗ ਤੁਛ ਬੁਧੀ ਅਨੁਸਾਰ ਲਿਖਣਾ ਪਿਆ। ਚੌਥਾ ਇਸ ਕੰਮ ਵਾਸਤੇ ਬਹੁਤ ਸਾਰੇ ਪੁਸਤਕ ਤੇ ਲਾਇਬ੍ਰੇਰੀ ਹੋਣੀ ਜ਼ਰੂਰੀ ਹੈ। ਪੰਜਵਾਂ ਸਰੀਰ ਅਰੋਗਤਾ, ਛੇਵਾਂ ਮਾਇਆ ਵਲੋਂ ਬੇ-ਫਿਕਰੀ। ਇਸ ਲਈ ਅਜੇਹੇ ਜੀਵਨਾਂ ਦਾ ਸਿਰੇ ਚਾੜ੍ਹਨਾ ਅਤੀ ਹੀ ਮੁਸ਼ਕਲ ਹੁੰਦਾ ਹੈ। ਫਿਰ ਵੀ ਇਹਨਾਂ ਗੱਲਾਂ ਦੀ ਕੁਝ ਪ੍ਰਵਾਹ ਨਾ ਕਰਦਿਆਂ ਹੋਇਆਂ

"ਤੇਰੈ ਭਰੋਸੇ ਪਿਆਰੇ ਮੈਂ ਲਾਡ ਲਡਾਇਆ"

ਸਿਰੀ ਰਾਗ ਮਹਲਾ ॥ ੫ ॥

ਦੇ ਭਾਵ ਅਨੁਸਾਰ ਗੁਰੂ ਭਰੋਸੇ ਤੇ ਅਗੇ ਆਉਣ ਵਾਲੀਆਂ ਨਸਲਾਂ ਨੂੰ ਦਰਸਾਉਣ ਲਈ ਅਜਿਹਾ ਸੰਤ ਮਹਾਤਮਾਂ ਦੇ ਜੀਵਨਾਂ ਤੋਂ ਜਾਣੂ ਕਰਾਉਣ ਹਿਤ, ਅਤਿ ਜ਼ਰੂਰੀ ਸਮਝ ਕੇ ਬਹੁਤ ਉਨ੍ਹਾਂ ਦੇ ਜੀਵਨ ਕਣੀਆਂ ਚੋਂ, ਮਾਖਿਓਂ ਦੀ ਮਖੀ ਵਾਂਗ ਸ਼ਬਦ ਰਸ ਇਕੱਤ੍ਰ ਕਰਨ ਦਾ ਤੁਛ ਜਿਹਾ ਯਤਨ ਕੀਤਾ ਹੈ। ਤਾਕਿ ਹਰ ਕੋਈ ਇਸ ਕਾਂਡ ਨੂੰ ਪ੍ਰੇਮ ਨਾਲ ਪੜ੍ਹੇ ਵਿਚਾਰੇ ਅਤੇ ਇਸ ਦੀ ਸ਼ੁਭ ਸਿਖਿਆ ਤੋਂ ਲਾਭ ਉਠਾ ਕੇ ਦਾਸ ਦੇ ਜਤਨ ਨੂੰ ਸਫਲ ਕਰੇ।

ਹੁਣ ਏਥੇ ਇਹ ਗੱਲ ਦਸਣ ਦੀ ਬਹੁਤੀ ਲੋੜ ਨਹੀਂ ਭਾਸਦੀ ਕਿ ਸੰਤ, ਮਹਾਤਮਾਂ, ਮਹਾਂ ਪੁਰਸ਼ਾਂ ਨੇ ਕੀ ਕੁਝ ਕੀਤਾ ਤੇ ਕੀ ਕੁਝ ਸੰਗੀਆਂ ਪਾਸੋਂ ਕਰਾਇਆ। ਅਗੇ ਇਹ ਕਾਂਡ ਪੜ੍ਹੋ ਤੇ ਵਿਚਾਰੋ ਕਿ ਗੁਰਬਾਣੀ ਸੰਤਾਂ ਬਾਰੇ ਕੀ ਕੁਝ ਦਸਦੀ ਹੈ–

ਸੋਰਠ ਮਹਲਾ ਮਾ: ੫ ॥ ਚਉਪਦੇ ॥ ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ ॥
ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ ॥
ਹਮ ਸੰਤਨ ਸਿਉ ਬਣ ਆਈ, ਪੂਰਬਿ ਲਿਖਿਆ ਪਾਈ ॥
ਇਹ ਮਨੁ ਤੇਰਾ ਭਾਈ ॥ ਰਹਾਉ ॥ ੮ ॥ ੧੯ ॥
ਹਰਿ ਕਾ ਸੰਤੁ ਪਰਾਨ ਧਨ ਤਿਸ ਕਾ ਪਨਿਹਾਰਾ ॥
ਭਾਈ ਮੀਤ ਸੁਤ ਸਗਲ ਤੇ ਜੀਅ ਹੂੰ ਤੇ ਪਿਆਰਾ ॥ ੧ ॥ ਰਹਾਉ ॥ ਸੂਹੀ ਮ: ੫ ॥
ਸੋਈ ਸੰਤੁ ਜਿ ਭਾਵੈ ਰਾਮ, ਸੰਤ ਗੋਬਿੰਦ ਕੈ ਏਕੈ ਕਾਮ ॥
॥ ੧ ॥ ਰਹਾਉ ॥ ੧੬॥ ੮੯ ॥ ਗੋਂਡ ਮ: ੫ ॥

ਸੰਤ ਕਿਸ ਨੂੰ ਕਹਿੰਦੇ ਹਨ:--

Digitized by Panjab Digital Library | www.panjabdigilib.org

ਆਠ ਪਹਰ ਨਿਕਟਿ ਕਰਿ ਜਾਨੈ । ਪ੍ਰਭ ਕਾ ਕੀਆ ਮੀਠਾ ਮਾਨੈ ॥
ਏਕੁ ਨਾਮੁ ਸੰਤਨ ਆਧਾਰੁ । ਹੋਇ ਰਹੇ ਸਭ ਕੀ ਪਗ ਛਾਰੁ ॥ ੧ ॥
ਸੰਤ ਰਹਤ ਸੁਨਹੁ ਮੇਰੇ ਭਾਈ । ਉਆ ਕੀ ਮਹਿਮਾ ਕਥਨੁ ਨ ਜਾਈ ॥
॥ ੧ ॥ ਰਹਾਉ ॥ ਆਸਾ ਮ: ੫ ॥

ਇਸ ਕਾਂਡ ਵਿਚ ਉਨ੍ਹਾਂ ਸਭ ਮਹਾਂ ਪੁਰਖਾਂ ਦੇ ਜੀਵਨ ਲਿਖੇ ਹਨ ਜਿਨ੍ਹਾਂ ਨੇ ਦਿਨ ਰਾਤ ਇਕ ਕਰਕੇ ਮੇਰੇ ਨਾਨਕ ਨਿਰੰਕਾਰੀ ਦੇ ਮਿਸ਼ਨ ਦਾ ਨਿਰੋਲ ਪ੍ਰਚਾਰ ਕੀਤਾ ਹੈ। ਜੋ ਇਸ ਨੂੰ ਪ੍ਰੇਮ ਨਾਲ ਪੜ੍ਹਨਗੇ ਤੇ ਗੁਰਬਾਣੀ ਨੂੰ ਵਿਚਾਰ ਕੇ ਅਮਲ ਕਰਨਗੇ ਉਹ ਸਦਾ ਹੀ ਰੰਗ ਰਤੇ ਖੁਸ਼ਹਾਲ ਰਹਿਣਗੇ। ਇਹ ਗੱਲ ਬੜੇ ਡਾਢੇ ਅਫਸੋਸ ਨਾਲ ਲਿਖਣੀ ਪੈਂਦੀ ਹੈ ਕਿ ਸਾਡੇ ਸਿਖ ਇਤਿਹਾਸ ਵਿਚ ਬਹੁਤ ਸਾਰੀਆਂ ਗਲਤੀਆਂ ਭਰੀਆਂ ਪਈਆਂ ਹਨ। ਜੋ ਹੁਣ ਤੱਕ ਸਾਡੇ ਸਕੂਲ ਦੇ ਨੌਜਵਾਨ ਅਤੇ ਲਿਖਾਰੀਆਂ ਨੂੰ ਕੁਰਾਹੇ ਪਾ ਰਹੀਆਂ ਹਨ। ਨਾ ਹੀ ਹੁਣ ਤੱਕ ਸਾਡੀ ਕਿਸੇ ਧਾਰਮਿਕ ਜਥੇਬੰਦੀ ਨੇ ਮੌਕਾ ਸੰਭਾਲਿਆ ਹੈ। ਚਾਹੇ ਲੇਖਕਾਂ ਨੇ ਸ਼ਲਾਘਾ ਯੋਗ ਮੇਹਨਤਾਂ ਕੀਤੀਆਂ ਹਨ, ਪਰ ਪੂਰੀ ੨ ਦੇਖ ਭਾਲ ਤੋਂ ਘਟ ਕੰਮ ਲਿਆ ਹੈ।

ਜਿਨ੍ਹਾਂ ਦਾ ਨਾਮ ਜ਼ਾਤ ਤੇ ਧਰਮ ਸਿਖ ਹੀ ਸੀ, ਉਹਨਾਂ ਵਰਨ ਤੇ ਸੰਗਿਆ ਨੂੰ ਕੁਝ ਹੋਰ ਦਸ ਕੇ ਲਿਖਿਆ ਗਿਆ। ਪਰ ਏਹ ਕੰਮ ਸਾਡੀ ਧਾਰਮਿਕ ਬਾਡੀ ਸ਼੍ਰੋ: ਕਮੇਟੀ ਨੂੰ ਚਾਹੀਦਾ ਹੈ ਕਿ ਪਾਰਟੀ ਤੋਂ ਰੈਹਤ ਸਮੁਚੇ ਪੰਥ ਚੋਂ ਵਿਦਵਾਨ ਇਕੱਤ੍ਰ ਕਰਕੇ ਸਿਖ ਇਤਿਹਾਸ ਦੀ ਰਹਿੰਦੀ ਕਮੀ ਨੂੰ ਪੂਰਾ ਕਰੇ ਅਤੇ ਅਗੇ ਪੈਣ ਵਾਲੀ ਗਲਤ ਫਹਿਮੀ ਨੂੰ ਉਜਾਲੇ ਵਿਚ ਲੈ ਆਉਣ ਲਈ ਮਿਲਵੇਂ ਵਿਦਵਾਨਾਂ ਦੀ ਪ੍ਰਵਾਨਗੀ ਲੈ ਕੇ ਛਾਪਣ ਦਾ ਜਤਨ ਕਰੇ।

ਮੈਂ ਜਿਥੋਂ ਤਕ ਹੋ ਸਕਿਆ ਹੈ ਇਸ ਕਾਂਡ ਨੂੰ ਪੂਰੀ ੨ ਖੋਜ ਨਾਲ ਪੜਤਾਲ ਕਰਕੇ ਲਿਖਣ ਦਾ ਯਤਨ ਕੀਤਾ ਹੈ। ਜੇ ਕਿਤੇ ਪਾਠਕ ਜਨ ਗਲਤੀ ਦੇਖਣ ਤਾਂ ਲਿਖਤੀ ਭੇਜ ਕੇ ਜਾਂ ਦਰਸ਼ਨ ਦੇ ਕੇ ਦਾਸ ਨੂੰ ਸਮਤ ਬਖਸ਼ਨ, ਤਾਂ ਜੋ ਅਗਲੀ ਐਡੀਸ਼ਨ ਵਿਚ ਯੋਗ ਥਾਂ ਮਿਲ ਸਕੇ।

ਇਸ ਕਾਂਡ ਵਿਚ ਮੇਰੇ ਚੋਜੀ ਪ੍ਰੀਤਮ
"ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰ ਪਲਟੀਐ"
{ ਰਾਮ ਕਲੀ ਦੀ ਵਾਂਰ }

'ਗੁਰਨਾਨਕ ਦੇਵ ਗੋਬਿੰਦ ਰੂਪ ਜੀ' ਦੀ ਲਾਈ ਹੋਈ ਫੁਲਵਾੜੀ ਦੇ ਮਹਿਕੇ ਟਹਿਕੇ ਅਰ ਖਿੜੇ ਹੋਏ ਫੁੱਲ ਹਨ, ਜਿਨ੍ਹਾਂ ਨੇ ਗੁਰੂ ਜੀ ਦੀ ਮੇਹਰ ਦੁਆਰਾ ਜੈਸੇ ਗੁਰ ਵਾਕ ਅਨੁਸਾਰ
"ਸੋ ਸੇਵਕ ਸੇਵਾ ਕਰੇ ਜਿਸ ਨੂੰ ਹੁਕਮ ਮਨਾਇਸੀ" {ਆਸਾ ਵਾਰ ਮਹਲਾ ੧ }
ਦੇ ਭਾਵ ਅਨੁਸਾਰ ਜਿਨ੍ਹਾਂ ਨੇ ਸੇਵਾ ਕਰ ਕੇ ਕੁਝ ਪਾਇਆ ਅਤੇ ਅਗੇ ਨੂੰ ਉਸ ਦਾ ਬੀਜ ਬੀਜਿਆ ਉਨ੍ਹਾਂ ਦੇ ਨਮੂਨੇ ਮਾਤਰ ਜੀਵਨ ਤੁਛ ਬੁਧੀ ਅਨੁਸਾਰ ਲਿਖਤ ਵਿਚ ਲਿਆਂਦੇ ਹਨ ਤਾਕਿ ਪਛਮੀ ਵਿਦਿਆ ਦੇ ਪਰਭਾਵਤ ਹੋਣ ਵਾਲੇ ਸਕੂਲ ਵਿਦਿਆਰਥੀ ਤੇ ਪਾਠਕਾਂ ਨੂੰ ਥੋੜੀ ਜਿਹੀ ਸੰਤ ਪਦ ਦੀ ਜਾਣ ਪਛਾਣ ਹੋ ਜਾਵੇ।

ਦਾਸ-ਵਿਸਾਖਾ ਸਿੰਘ ਸੰਤ ਸਿਪਾਹੀ।

Digitized by Panjab Digital Library | www.panjabdigilib.org

'ਜਨ ਪ੍ਰਉਪਕਾਰੀ ਆਏ' {ਭਾ: ਗੁਰਦਾਸ ਜੀ}

# ਸੰਤ ਅਤਰ ਸਿੰਘ ਜੀ ਮਸਤੂਆਣਾ

ਪ੍ਰਉਪਕਾਰੀ ਸ੍ਰੀ ਮਾਨ ਸੰਤ ਅਤਰ ਸਿੰਘ ਜੀ ਉਨ੍ਹਾਂ ਗੁਰਸਿਖਾਂ ਵਿਚੋਂ ਹੋਏ ਹਨ, ਜਿਨ੍ਹਾਂ ਉਪਰ ਅਗੇ ਲਿਖਿਆ ਅਰਸ਼ੀ ਫੁਰਣਾ ਢੁਕਦਾ ਹੈ–

"ਜਿਨ੍ਹਾ ਸਾਸ ਗਰਾਸ ਨਾ ਵਿਸਰੈ ਹਰਨਾਮਾ ਮਨ ਮੰਤ,
ਧਨ ਸਿ ਸੋਈ ਨਾਨਕਾ ਪੂਰਨ ਸੋਈ ਸੰਤ ॥"

ਜਨਮ : ਆਪ ਜੀ ਦਾ ਜਨਮ ਬਾਬਾ ਕਰਮ ਸਿੰਘ ਦੇ ਗ੍ਰਹਿ ਮਾਤਾ ਭੋਲੀ ਦੇ ਉਦਰ ਤੋਂ ਪਿੰਡ ਚੀਮੇ, ਰਿਆਸਤ ਪਟਿਆਲਾ ਵਿਖੇ ਹੋਇਆ ।

ਬਚਪਨ : ਆਪ ਜੀ ਦਾ ਬਚਪਨ ਪਿੰਡ ਚੀਮੇ ਵਿਚ ਹੀ ਲੰਘਿਆ । ਛੋਟੀ ਉਮਰ ਵਿਚ ਹੀ ਬਾਬਾ ਕਰਮ ਸਿੰਘ ਜੀ ਨਾਲ ਘਰੋਗੀ ਕੰਮਾਂ ਵਿਚ ਹੱਥ ਵਟਾਉਣ ਲਗ ਪਏ ਸਨ ।

ਵਿਦਿਆ : ਆਪ ਜੀ ਨੇ ਬਾਲ ਅਵਸਥਾ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਸਿਖ ਲਿਆ ਸੀ, ਆਪ ਜੀ ਦਾ ਸੁਰ ਬੜਾ ਮਿਠਾ ਸੀ। ਆਪ ਜੀ ਉਚੀ ਸੁਰ ਵਿਚ ਸ਼ਬਦ ਕੀਰਤਨ ਕਰਕੇ ਬੜੇ ਪ੍ਰਸੰਨ ਹੋਇਆ ਕਰਦੇ ਸਨ ।

ਉਪਰਾਮਤਾ : ਆਪ ਜੀ ੧੮ ਸਾਲ ਵਿਚ ਘਰੋਂ ਉਪਰਾਮ ਹੋ ਕੇ ਫੌਜ ਵਿਚ ਭਰਤੀ ਹੋ ਗਏ । ਫੌਜ ਵਿਚ ਜਾ ਕੇ ਅੰਮ੍ਰਿਤ ਪਾਨ ਕਰਕੇ ਸਿਖੀ ਦੀ ਲਗਨ ਲੱਗੀ ਤੇ ਗੁਰੂ ਘਰ ਦੇ ਸ਼ਰਧਾਲੂ ਬਣੇ ।

ਨਾਮ ਅਭਿਆਸ : ਆਪ ਜੀ ਦੀ ਗੁਰੂ ਘਰ ਨਾਲ ਤੇ ਨਾਮ ਬਾਣੀ ਨਾਲ ਲਗਨ ਦੇਖ ਕੇ ਅਫਸਰਾਂ ਨੇ ਆਪ ਜੀ ਨੂੰ ਰੀਜ਼ਰਵ ਭੇਜ ਦਿਤਾ। ਆਪ ਜੀ ਕੁਝ ਚਿਰ ਗੁਰਧਾਮਾਂ ਦੇ ਦਰਸ਼ਨ ਕਰਕੇ ਕਠੋਹੇ ਦੀ ਝਿੜੀ ਵਿਚ ਨਾਮ ਅਭਿਆਸ ਕਰਨ ਜਾ ਲਗੇ । ਤਪਸਿਆ ਕਰਨ ਤੋਂ ਉਪਰੰਤ ਆਪ ਦੀ ਉਸ ਇਲਾਕੇ ਵਿਚ ਕਾਫੀ ਪ੍ਰਸਿੱਧਤਾ ਹੋ ਗਈ ।

ਨਾਮ ਬਾਣੀ ਦੇ ਛਿਟੇ : ਨਾਮ ਅਭਿਆਸ ਤੋਂ ਉਪਰੰਤ ਆਪ ਜੀ ਨੇ ਗੁਰਬਾਣੀ ਦਾ ਪ੍ਰਚਾਰ ਮਾਝਾ, ਮਾਲਵਾ ਤੇ ਪੋਠੋਹਾਰ ਵਿਚ ਆਪਣੇ ਜੱਥੇ ਨਾਲ ਕਰਨਾ ਅਰੰਭ ਕਰ ਦਿਤਾ ਤੇ ਆਪ ਦਾ ਮਾਣ ਪੰਥ ਵਿਚ ਬਹੁਤ ਵਧ ਗਿਆ ।

ਉਪਕਾਰ : ਜਿਥੇ ਆਪ ਜੀ ਅਠੋ ਪਹਿਰ ਨਾਮ ਬਾਣੀ ਦੇ ਅਭਿਆਸ ਵਿਚ ਮਸਤ ਰਹਿੰਦੇ ਸਨ ਉਥੇ ਆਪ ਦੇ ਅੰਦਰ ਸਿੱਖ ਕੌਮ ਵਿਚ ਵਿਦਿਆ ਪ੍ਰਚਾਰ ਕਰਨ ਦਾ ਵੀ ਬਹੁਤ ਸ਼ੌਕ ਸੀ, ਆਪ ਨੇ ਮਸਤੂਆਣੇ ਅਕਾਲ ਕਾਲਜ ਖੋਲ੍ਹਿਆ, ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲਾ, ਖਾਲਸਾ ਉਪਦੇਸ਼ਕ ਕਾਲਜ ਗੁਜਰਾਂਵਾਲਾ, ਖਾਲਸਾ ਸਕੂਲ ਲੁਧਿਆਣਾ, ਅਤੇ ਮਦਨ ਮੋਹਨ ਮਾਲਵੀ ਦੇ ਸਦਣ ਪਰ ਬਨਾਰਸ ਯੂਨੀਵਰਸਟੀ ਦੀ ਨੀਂਹ ਰਖਣੀ ਆਦਿਕ ਬਹੁਤ ਸਾਰੇ ਆਸ਼ਰਮਾਂ ਦੀ ਨੀਂਹ ਆਪ ਜੀ ਨੇ ਆਪਣੇ ਦਸਤ ਕਵਲਾਂ ਨਾਲ ਰਖੀ । ਗੁਰੂ ਕੀ ਕਾਸ਼ੀ ਵਿਚ, ਗੁਰਦੁਆਰਾ ਸਾਹਿਬ, ਸਰੋਵਰ ਤੇ ਹਾਈ ਸਕੂਲ ਜਾਰੀ ਕਰਕੇ, ਸਦਾ ਲਈ ਵਿਦਿਅ ਕਾ ਸੋਮਾਂ ਜਾਰੀ ਕੀਤਾ ਤੇ ਬਹੁਤ ਵਡੀਆਂ ਇਮਾਰਤਾਂ ਬਣਾਈਆਂ ।

ਉਪ੍ਰੋਕਤ ਅਸਥਾਨਾਂ ਤੋਂ ਬਗੈਰ ਖਾਲਸਾ ਕਾਲਜ, ਸਿੱਖ ਐਜੂਕੇਸ਼ਨਲ ਕਾਨਫਰੰਸ ਆਦਿ ਨੂੰ ਤ'ਕੀ ਦੇਣੀ ਗੁਰਮਤ ਦਾ ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ ਆਦਿ ਆਪ ਜੀ ਦੇ ਮਹਾਨ ਕੰਮ ਸਨ ।

Digitized by Panjab Digital Library | www.panjabdigilib.org

ਸਿੱਖ ਕੌਮ ਅੰਦਰ ਸਿਖੀ ਦੀ ਰੌ ਮੁੜ ਸੁਰਜੀਤ ਕਰਨੀ, ਸਭ ਆਪ ਜੀ ਦਾ ਹੀ ਉਦਮ ਸੀ। ਰਾਜੇ ਮਹਾਰਾਜੇ ਆਪ ਜੀ ਦਾ ਬੜਾ ਮਾਣ ਕਰਦੇ ਸਨ। ਆਪ ਆਪਣੇ ਸਮੇਂ ਦੇ ਸਿਖ ਪੰਥ ਵਿਚ ਇਕ ਅਮੋਲ ਰਤਨ ਸਨ। ਫੀਰੋਜ਼ਪੁਰ ਸਿਖ ਐਜੂਕੇਸ਼ਨ ਕਾਨਫਰੰਸ ਦੀ ਪਧਾਨਗੀ ਦਾ ਮਾਣ ਆਪ ਨੂੰ ਪੰਥ ਵਲੋਂ ਬਖਸ਼ਿਆ ਗਿਆ ਹੈ।

ਸੁਭਾ : ਆਪ ਦਾ ਸੁਭਾ ਸ਼ਾਂਤ, ਪ੍ਰੇਮ ਪਿਆਰ ਵਿਚ ਗੁੱਧਾ, ਨੈਣਾਂ ਵਿਚ ਮਸਤੀ, ਚਿਹਰੇ ਤੇ ਲਾਲੀ ਸਦਾ ਹੀ ਦਮਕਦੀ ਰਹਿੰਦੀ ਸੀ। ਆਪ ਇਕ ਉਚ ਆਚਰਨ ਦੇ ਤੇ ਉਚ ਆਦਰਸ਼ ਦੇ ਮਾਲਕ ਸਨ। ਜਦ ਜਾਰਜ ਪੰਚਮ ਤਖਤ ਨਸ਼ੀਨੀ ਲਈ ਦਿਲੀ ਪੁਜੇ ਤਾਂ ਉਨ੍ਹਾਂ ਦੀ ਆਉ ਭਗਤ ਲਈ ਵੱਖ ਵੱਖ ਕੌਮਾਂ ਦੇ ਜਲੂਸ ਨਿਕਲੇ, ਉਸ ਸਮੇਂ ਸ਼ਾਹੀ ਜਲੂਸ ਵਿਖੇ ਹਾਥੀ ਤੇ ਬੈਠਣ ਦਾ ਮਾਨ ਆਪ ਨੂੰ ਪ੍ਰਾਪਤ ਹੋਇਆ।

ਅੰਤ : ਦਿਲੀ ਵਿਖੇ ਅਚਾਨਕ ਕੀੜਾ ਡਸਣ ਨਾਲ ਕੁਝ ਚਿਰ ਬੀਮਾਰ ਰਹਿ ਕੇ ਆਪਣੇ ਮਾਤਾ ਪਿਤਾ ਦਾ ਨਾਂ "ਧਨ ਜਨਨੀ ਜਿਨ ਜਾਇਆ ਧਨ ਪਿਤਾ ਪ੍ਰਵਾਨ" ਸਦਾ ਲਈ ਜਿਊਂਦਾ ਛਡਕੇ ਇਸ ਅਸਾਰ ਸੰਸਾਰ ਤੋਂ ਪੰਜ ਭੂਤਕ ਦੇਹ ਤੋਂ ਸਦਾ ਲਈ ੧੯ ਮਾਘ ੧੯੮੪ ਬਿਕ੍ਰਮੀ ਨੂੰ ਅਲੋਪ ਹੋ ਕੇ ਸ੍ਰੀ ਦਸ਼ਮੇਸ਼ ਜੀ ਦੇ ਚਰਨ ਕੰਵਲਾਂ ਵਿਚ ਜਾ ਬਿਰਾਜੇ।

# ਸੰਤ ਅਤਰ ਸਿੰਘ ਜੀ ਰੇਰੂ ਸਾਹਿਬ

ਜਨਮ:–ਆਪ ਜੀ ਦਾ ਜਨਮ ਚੌਧਰੀ ਲਾਲ ਸਿੰਘ ਨੰਬਰਦਾਰ ਦੇ ਘਰ ਪਿੰਡ ਲੋਪੋ ਰਿਆਸਤ ਪਟਿਆਲਾ ਵਿਖੇ ਹੋਇਆ।

ਕੰਮ:- ਆਪ ਦੀ ਬਾਲ ਅਵਸਥਾ ਮਾਪਿਆਂ ਦੀ ਗੋਦ ਵਿਚ ਹੀ ਲੰਘੀ। ਉਪਰੰਤ ਆਪ ਜੀ ਮਾਤਾ ਪਿਤਾ ਦੀ ਰੁਚੀ ਅਨੁਸਾਰ ਫੌਜ ਵਿਚ ਭਰਤੀ ਹੋ ਗਏ। ਫੌਜ ਵਿਚ ਆਪ ਜੀ ਨੂੰ ਸੰਤ ਬਾਬਾ ਕਰਮ ਸਿੰਘ ਜੀ ਹੋਤੀ ਵਾਲਿਆਂ ਦੀ ਸੰਗਤ ਤੋਂ ਨਾਮ ਦੀ ਰੰਗਤ ਚੜ੍ਹੀ। ਆਪ ਜੀ ਫੌਜ ਵਿਚੋਂ ਹੌਲਦਾਰੀ ਪੈਨਸ਼ਨ ਲੈ ਕੇ ਆਏ। ਆਪ ਜੀ ਨੇ ਗੁਰਦਵਾਰਾ ਰੇਰੂ ਸਾਹਿਬ ਦੀ ਨੀਂਹ ਆਪਣੇ ਹਸਤ ਕੰਵਲਾਂ ਨਾਲ ਰਖੀ। ਆਪ ਜੀ ਨੇ ਆਪਣੀ ਸਾਰੀ ਫੌਜੀ ਕਮਾਈ ਗੁਰਦਵਾਰਾ ਸਾਹਿਬ ਦੀ ਇਮਾਰਤ ਹੋਰ ਵਡੀਆਂ ੨ ਇਮਾਰਤਾ ਤੇ ਲਾ ਦਿਤੀ।

ਸੁਭਾ:–ਆਪ ਜੀ ਦਾ ਸੁਭਾ ਬੜਾ ਚੰਗਾ ਤੇ ਮਿਠ ਬੋਲੜਾ ਸੀ। ਆਪ ਜੀ ਸਦਾ ਹੀ ਨਾਮ ਦੇ ਅਭਿਆਸ ਵਿਚ ਲਗੇ ਰਹਿੰਦੇ ਸਨ।

ਅਕਾਲ ਚਲਾਣਾ: ੯ ਮਾਘ ਸੰਮਤ ੧੯੯੩ ਬਿਕ੍ਰਮੀ ਨੂੰ ਆਪ ਜੀ ਦਾ ਸਰੀਰ ਸ਼ਾਂਤ ਹੋਇਆ। ਆਪ ਜੀ ਦਾ ਸਰੀਰ ਦਰਿਆ ਅਟਕ ਵਿਚ ਜਲ ਪ੍ਰਵਾਹ ਕੀਤਾ ਗਿਆ। ਆਪ ਜੀ ਦੀ ਜਗ੍ਹਾ ਸੰਤ ਭਗਵਾਨ ਸਿੰਘ ਜੀ ਸੇਵਾ ਕਰ ਰਹੇ ਹਨ।

# ਸੰਤ ਅਤਰ ਸਿੰਘ ਜੀ ਨਾਗਰਾ

ਜਨਮ:–ਆਪ ਜੀ ਦਾ ਜਨਮ ਨਗਰ ਨਾਗਰਾ ਰਿਆਸਤ ਪਟਿਆਲਾ ਵਿਚ ਸ: ਕਾਕਾ ਸਿੰਘ ਜੀ ਦੇ ਘਰ ਹੋਇਆ।

ਬਾਲਪਣ: ਆਪ ਜੀ ਛੋਟੀ ਉਮਰ ਵਿਚ ਸੰਤ ਅਤਰ ਸਿੰਘ ਮਸਤੂਆਣਾ ਦੀ ਸੰਗਤ ਵਿਚ ਆ ਗਏ, ਜਿਥੋਂ ਆਪ ਜੀ ਨੂੰ ਨਾਮ ਸਿਮਰਨ ਦੀ ਰੰਗਤ ਚੜ੍ਹੀ। ਸੰਤ ਜੀ ਦੇ ਪਵਿੱਤਰ ਦਸਤ ਕਵਲਾਂ

Digitized by Panjab Digital Library | www.panjabdigilib.org

ਤੋਂ ਅੰਮ੍ਰਿਤ ਛਕਿਆ। ਆਪ ਜੀ ਦੀ ਸੇਵਾ ਨੂੰ ਮੁਖ ਰਖ ਕੇ ਆਪ ਜੀ ਨੂੰ ਪਹਿਲਾਂ ਮਸਤੂਆਣੇ ਅਤੇ ਫਿਰ ਸ੍ਰੀ ਦਮਦਮਾਂ ਸਾਹਿਬ ਲੰਗਰ ਦੇ ਜਥੇਦਾਰ ਦੀ ਸੇਵਾ ਦਿਤੀ ਗਈ, ਜਿਸ ਨੂੰ ਆਪ ਜੀ ਨੇ ਬੜੇ ਉਦਮ ਅਤੇ ਸਬਰ ਸੰਤੋਖ ਨਾਲ ਨਿਭਾਇਆ।

ਸੇਵਾ:—ਆਪ ਜੀ ਨੇ ਲੰਗਰ ਦੀ ਸੇਵਾ ਤੋਂ ਉਪਰੰਤ ਨਗਰ ਫਰਵਾਹੀ ਦੀ ਸੰਗਤ ਦੀ ਬੇਨਤੀ ਪ੍ਰਵਾਨ ਕਰਕੇ ਉਥੇ ਜਾ ਕੇ ਸੁੰਦਰ ਗੁਰਦੁਆਰਾ ਬਣਵਾਇਆ। ਆਪ ਜੀ ਨੇ ਨਗਰ ਵਿਚ ਅੰਮ੍ਰਿਤ ਪ੍ਰਚਾਰ ਤੇ ਗੁਰਮਤਿ ਪ੍ਰਚਾਰ ਦੁਆਰਾ ਕਾਫੀ ਸੁਧਾਰ ਕੀਤਾ ਤੇ ਹੁਣ ਵੀ ਆਪਣੇ ਦਿਲ ਅੰਦਰ ਗੁਰੂ ਘਰ ਨਾਲ ਅਥਾਹ ਪ੍ਰੇਮ ਰਖਦੇ ਹਨ।

## ਸੰਤ ਅਰਜਨ ਸਿੰਘ ਜੀ ਰੋਡੇ

ਜਨਮ:—ਪਰਉਪਕਾਰੀ ਸ੍ਰੀਮਾਨ ਸੰਤ ਅਰਜਨ ਸਿੰਘ ਜੀ ਦਾ ਜਨਮ ਸ: ਬੂੜ ਸਿੰਘ ਦੇ ਘਰ ਪਿੰਡ ਰੋਡਿਆਂ ਵਿਚ ਹੋਇਆ।

ਬਾਲਪਣ:—ਆਪਜੀ ਛੋਟੀ ਉਮਰ ਤੋਂ ਹੀ ਸੰਤਾਂ ਦੇ ਸੰਗੀ ਤੇ ਧਾਰਮਿਕ ਰੁਚੀਆਂ ਵਾਲੇ ਸਨ।

ਉਪਕਾਰ:—ਆਪ ਜੀ ਨੇ ਅਕਾਲੀ ਲਹਿਰ ਵਿਚ ਵਧ ਚੜ੍ਹਕੇ ਹਿਸਾ ਲਿਆ, ਜੈਤੋ ਦੇ ਮੋਰਚੇ ਵਿਚ ਕੈਦ ਹੋ ਕੇ ਨਾਭਾ ਬੀੜ ਵਿਚ ਬਹੁਤ ਤਸੀਹੇ ਝੱਲੇ।

ਉਦਾਸੀਨਤਾ:—ਜਿਹਲ ਤੋਂ ਆ ਕੇ ਦੁਨਿਆਵੀ ਧੰਧਿਆਂ ਤੋਂ ਚਿਤ ਉਦਾਸ ਹੋ ਗਿਆ ਤੇ ਪ੍ਰਮਾਰਥ ਖੋਜ ਦੀ ਲਗਨ ਲੱਗੀ। ਖੇਤ ਵਿਚ ਗੁਰਦੁਆਰਾ ਬਣਾਕੇ ਰਹਿਣ ਲਗੇ।

ਸੁਭਾ:—ਆਪ ਸ਼ਾਂਤ ਚਿਤ ਰਹਿਣ ਵਾਲੇ ਮਹਾਤਮਾ ਸਨ, ਬਹੁਤ ਗੰਭੀਰ ਰਹਿੰਦੇ ਸਨ, ਆਪ ਦੀ ਸੁਰ ਬਹੁਤ ਮਿਠੀ ਸੀ।

ਅੰਤ:—ਆਪ ਦਾ ਸਰੀਰ ਭਾਵੇਂ ਸ਼ਾਂਤ ਹੋ ਚੁਕਾ ਹੈ, ਪਰ ਆਪ ਦੀ ਪਿਆਰੀ ਯਾਦ ਅਜ ਵੀ ਬਹੁਤ ਸਾਰੇ ਸਜਣਾਂ ਦੇ ਦਿਲਾਂ ਵਿਚ ਆਉਂਦੀ ਰਹਿੰਦੀ ਹੈ।

## ਸੰਤ ਅਤਰ ਸਿੰਘ ਜੀ ਪੰਜਗਰਾਈਂ ਫਰੀਦਕੋਟ

ਜਨਮ:—ਆਪ ਦਾ ਜਨਮ ਗਿਲ ਖਾਨਦਾਨ ਵਿਚ ਮਾਨੂਕੇ ਜ਼ਿ: ਫੀਰੋਜ਼ਪੁਰ ਵਿਖੇ ਹੋਇਆ।

ਬਚਪਨ:—ਆਪ ਜੀ ਦਾ ਬਚਪਨ ਪਿੰਡ ਦੀਆਂ ਗਲੀਆਂ ਵਿਚ ਹੀ ਖੇਡਦਿਆਂ ਦਾ ਲੰਘਿਆ।

ਵਿਦਿਆ:—ਆਪ ਜੀ ਬਾਲ ਅਵਸਥਾ ਵਿਚ ਵਿਦਿਆ ਵਲੋਂ ਕੋਰੇ ਰਹੇ।

ਵਿਆਹ:—ਆਪ ਜੀ ਦਾ ਵਿਆਹ ਛੋਟੀ ਉਮਰ ਵਿਚ ਹੀ ਹੋ ਗਿਆ ਸੀ, ਅਤੇ ਆਪ ਜੀ ਨੇ ੩੦ ਸਾਲ ਦੀ ਆਯੂ ਤਕ ਗ੍ਰਹਿਸਤ ਮਾਰਗ ਨਿਭਾਇਆ।

ਕੰਮ:—ਆਪ ਜੀ ਗ੍ਰਹਿਸਤ ਵਲੋਂ ਉਪਰਾਮ ਹੋ ਕੇ ਪੰਜਗਰਾਈਂ ਗਿ: ਨੌਰੰਗ ਸਿੰਘ ਦੀ ਸੇਵਾ ਵਿਚ ਚਲੇ ਗਏ। ਉਥੇ ਜਾ ਕੇ ਗੁਰਮੁਖੀ ਪੜ੍ਹੀ ਤੇ ਗੁਰਬਾਣੀ ਦੇ ਪਾਠ ਅਤੇ ਅਰਥਾਂ ਦਾ ਬੋਧ ਪ੍ਰਾਪਤ ਕੀਤਾ। ਗਿ: ਨੌਰੰਗ ਸਿੰਘ ਜੀ ਦੇ ਸਰੀਰ ਸ਼ਾਂਤ ਹੋਣ ਪਰ ਮਹੰਤੀ ਪ੍ਰਾਪਤ ਕਰਕੇ ਆਪ ਜੀ ਨੇ ਸੁੰਦਰ ਗੁਰਦੁਆਰਾ ਬਣਾਇਆ ਅਤੇ ਮੋਗੇ ਤੋਂ ਕੋਟਕਪੂਰੇ ਨੂੰ ਜਾਣ ਵਾਲੀ ਸੜਕ ਤੇ ਖੂਹੀ ਅਤੇ ਕੋਠੀ ਮੁਸਾਫਰਾਂ ਲਈ ਬਣਾਈ।

ਸੁਭਾ:—ਆਪ ਦਾ ਸੁਭਾ ਬਹੁਤ ਸਰਲ ਸੀ, ਸਦਾ ਸਚ ਬੋਲਦੇ ਸੀ, ਅਤੇ ਦਿਲ ਦੇ ਬੜੇ ਉਦਾਰ ਸੀ, ਨਿਰਮਲ ਭੇਖ ਦੇ ਅਧਕ ਹਾਮੀ ਸਨ।

Digitized by Panjab Digital Library | www.panjabdigilib.org

ਦਿਹਾਂਤ:—ਆਪ ਦਾ ਸਰੀਰ ਪੰਜਗਰਾਈਂ ਵਿਚ ਹੀ ਸ਼ਾਂਤ ਹੋਇਆ। ਹੁਣ ਆਪ ਜੀ ਦੀ ਜਗ੍ਹਾ ਪੰਡਤ ਮਹਾਣਾ ਸਿੰਘ ਤੇ ਪੰਡਤ ਤ੍ਰਲੋਕ ਸਿੰਘ ਜੀ ਬੜੇ ਹਰਮਨ ਪਿਆਰੇ ਹੋ ਕੇ ਸੰਗਤ ਦੀ ਸੇਵਾ ਕਰ ਰਹੇ ਹਨ।

## ਬਾਬਾ ਸੁੰਦਰ ਸਿੰਘ ਅਮਰੀਕਨ (ਟਲੇਵਾਲ)

ਸੰਤ ਸੁੰਦਰ ਸਿੰਘ ਜੀ ਦਾ ਜਨਮ ਪਿੰਡ ਨਥੋਕੇ ਜਿਲਾ ਫੀਰੋਜ਼ਪੁਰ ਵਿਖੇ ਹੋਇਆ। ਬਚਪਨ ਮਾਤਾ ਪਿਤਾ ਦੇ ਪਿਆਰਾਂ ਵਿੱਚ ਲੰਘਿਆ, ਫੇਰ ਪਿੰਡ ਦੇ ਗੁਰਦੁਆਰੇ ਵਿਖੇ ਗੁਰਮਖੀ ਪੜ੍ਹਨ ਲੱਗੇ। ਆਪ ਜੀ ਨੂੰ ਕੁਛ ਚਿਰ ਵਿਦਿਆ ਹਾਸਲ ਕਰਦਿਆਂ ਨੂੰ ਹੋਇਆ ਤਾਂ ਬਾਹਰਲੇ ਮੁਲਕਾਂ ਨੂੰ ਜਾਣ ਦੀ ਅਭਿਲਾਖਾ ਹੋਈ ਅਤੇ ਆਪ ਜੀ ਕੁਝਕ ਸਾਥੀਆਂ ਸਮੇਤ ਗੁਲਾਮੀ ਤੇ ਭੁਖ ਤੋਂ ਛੁਟਕਾਰਾ ਪਾਉਣ ਵਾਸਤੇ ਪ੍ਰਦੇਸਾਂ ਨੂੰ ਚਲੇ ਗਏ। ਆਪ ਜੀ ਚਲਦੇ ੨ ਅਮਰੀਕਾ ਵਿਖੇ ਪੁਜੇ ਤਾਂ ਉਥੇ ਅਜਾਦ ਮੁਲਕਾਂ ਤੇ ਗੁਲਾਮ ਮੁਲਕਾਂ ਦਾ ਵਿਚਾਰ ਨਾਲ ਮੁਕਾਵਲਾ ਕਰਕੇ ਹਿੰਦੁਸਤਾਨ ਗੁਲਾਮ ਨੂੰ ਅਜਾਦ ਕਰਾਉਣ ਵਾਸਤੇ ਆਪ ਜੀ ਗਦਰ ਪਾਰਟੀ ਦੇ ਨਾਲ ਕੰਮ ਕਰਨ ਲੱਗੇ। ਅਖੀਰ ੧੯੧੪–੧੫ ਵਾਲੇ ਅਜਾਦੀ ਦੇ ਪਿਆਰਿਆਂ ਦੀ ਸਕੀਮ ਅਨੁਸਾਰ, ਹਿੰਦੁਸਤਾਨ ਨੂੰ ਅਜਾਦ ਕਰਾਉਣ ਹਿਤ ਆਏ, ਜੋ ਸਕੀਮ ਫੇਲ ਹੋਣ ਤੇ ਕੁਝ ਫੜੇ, ਕੁਝ ਫਾਂਸੀ, ਕੁਝ ਸਜਾ, ਕੁਝ ਬਾਹਰਲੇ ਮੁਲਕਾਂ ਨੂੰ ਚਲੇ ਗਏ। ਅਤੇ ਨਾਮ ਅਭਿਆਸ ਕਰਨ ਵਾਲੇ ਇਕਾਂਤ ਜਾਂ ਗੁਰ ਅਸਥਾਨਾ ਵਿਚ ਸਿਮਰਨ ਤੇ ਲੋਕ ਸੇਵਾ ਵਿਚ ਲੱਗ ਗਏ। ਇਸ ਪ੍ਰਕਾਰ ਬਾਬਾ ਸੰਤ ਸੁੰਦਰ ਸਿੰਘ ਜੀ ਪਿੰਡ ਟਲੇਵਾਲ ਜਿਲਾ ਬਰਨਾਲਾ ਰਿਆਸਤ ਪਟਿਆਲਾ ਵਿਖੇ, ਸੰਤ ਸਰੂਪ ਬਾਬਾ ਜੀ ਨੇ ਘੋਰ ਤਪਸਿਆ ਕੀਤੀ। ਜਿਸ ਦੇ ਕਾਰਨ ਗੁ: ਅਸਥਾਨ ਦੀ ਸੁੰਦਰ ਇਮਾਰਤ, ਤੇ ਲੜਕੇ ਲੜਕੀਆਂ ਦੇ ਦੋ ਹਾਈ ਸਕੂਲ ਚਲ ਰਹੇ ਹਨ। ਜਿਸ ਦੇ ਮੁਖ ਪ੍ਰਬੰਧਕ ਆਪ ਜੀ ਤੋਂ ਬਰੋਸਾਇ ਹੋਇ ਬਿਰਕਤ ਲਾਲ ਸਿੰਘ ਜੀ ਹਨ। ਇਤ ਆਦਿ ਹੋਰ ਬਾਬਾ ਜੀ ਦੇ ਉਪਕਾਰ ਇਲਾਕਾ ਨਿਵਾਸੀਆਂ ਅਤੇ ਸੰਗੀ ਸਾਥੀਆਂ ਦੇ ਦਿਲ ਵਿੱਚ ਉਕਰੇ ਪਏ ਹਨ।

## ਗਿ: ਇੰਦਰ ਸਿੰਘ ਜੀ ਭਿੰਡਰ

ਆਪ ਨਾਮ ਅਭਿਆਸੀ, ਗੁਰਮਤਿ ਦੇ ਮਹਾਨ ਵਿਦਵਾਨ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਦੇ ਛੋਟੇ ਭਾਈ ਹਨ।

ਆਪ ਦਾ ਜਨਮ ਸ: ਖਜ਼ਾਨ ਸਿੰਘ ਦੇ ਘਰ ਮਾਤਾ ਮਹਿਤਾਬ ਕੌਰ ਦੇ ਉਦਰ ਤੋਂ ਸੰਮਤ ੧੯੪੩ ਬਿ: ਨੂੰ ਪਿੰਡ ਭਿੰਡਰ ਕਲਾਂ ਵਿਖੇ ਹੋਇਆ।

ਵਿਦਿਆ ਲਗਨ ਆਪ ਜੀ ਨੂੰ ਆਪਣੇ ਵਡੇ ਭਾਈ ਗਿ: ਸੁੰਦਰ ਸਿੰਘ ਜੀ ਦੀ ਰੀਸ ਨਾਲ ਲੱਗੀ। ਆਪ ਜੀ ਨੇ ਗੁਰਮਤਿ ਸਧਾਂਤ ਤੇ ਗੁਰਮਤਿ ਇਤਹਾਸ ਦੇ ਕਈ ਗ੍ਰੰਥ ਪੜ੍ਹੇ।

ਕੰਮ:—ਸ੍ਰੀ ਮਾਂਨ ਗਿਆਨੀ ਸੁੰਦਰ ਸਿੰਘ ਜੀ ਨੇ ਆਪ ਜੀ ਨੂੰ ਗੁ: ਸਾ: ਅਖੰਡ ਪ੍ਰਕਾਸ਼ ਭਿੰਡਰ ਕਲਾਂ ਦੀ ਜਥੇਦਾਰੀ ਦਿਤੀ, ਜਿਸ ਨੂੰ ਆਪ ਨੇ ਬੜੀ ਯੋਗਤਾ ਨਾਲ ਨਿਭਾਇਆ। ਹੁਣ ਕੁਝ ਚਿਰ ਤੋਂ ਆਪ ਜੀ ਨੇ ਗਿ: ਗੁਰਬਚਨ ਸਿੰਘ ਜੀ ਨੂੰ ਜਥੇਦਾਰ ਥਾਪ ਦਿਤਾ ਹੈ।

ਸੁਭਾ:—ਆਪ ਦਾ ਸੁਭਾ ਮਿਲਾਪੜਾ ਹੈ, ਆਪ ਜੀ ਬਹੁਤਾ ਵਖਾਲਾ ਕਰਕੇ ਖੁਸ਼ ਨਹੀਂ। ਆਪ ਜੀ ਨੇ ਇਲਾਕੇ ਵਿੱਚ ਗੁਰਮਤਿ ਦਾ ਕਾਫੀ ਪ੍ਰਚਾਰ ਕੀਤਾ ਹੈ। ਆਪ ਇਸ ਵੇਲੇ ਚਕਰਵਰਤੀ

Digitized by Panjab Digital Library | www.panjabdigilib.org

ਰਹਿੰਦੇ ਹਨ। ਗੁਰਬਾਣੀ ਦੀ ਕਥਾ ਅਤੇ ਵਿਦਿਆ ਦਾਨ ਦੇ ਰਹੇ ਹਨ ਅਤੇ ਅਜਰ ਜਰਨ ਵਾਲੇ ਗੁਰ ਸਿਖ ਹਨ।

## ਸੰਤ ਈਸ਼ਰ ਸਿੰਘ ਜੀ ਦਾਉਧਰ

ਪੂਰਨ ਤਿਆਗੀ, ਸੰਤ ਈਸ਼ਰ ਸਿੰਘ ਜੀ ਵਿਰੱਕਤ ਪਿੰਡ ਦਾਉਧਰ ਤਹਿਸੀਲ ਮੋਗਾ ਜ਼ਿਲਾ ਫੀਰੋਜ਼ ਪੁਰ ਦੇ ਰਹਿਣ ਵਾਲੇ ਸਨ।

ਉਪਰਾਮਤਾ:— ਆਪ ਜੀ ੩੩ ਸਾਲ ਦੀ ਉਮਰ ਵਿੱਚ ਸਾਧੂ ਬਣੇ ਅਤੇ ਨਿਰਮਲ ਭੇਖ ਦੇ ਮਹਾਨ ਵਿਦਵਾਨਾਂ ਦੀ ਸੰਗਤ ਵਿਚ ਰਹਿ ਕੇ ਉਚ ਵਿਦਿਆ ਪ੍ਰਾਪਤ ਕੀਤੀ।

ਵਿਦਵਤਾ:— ਆਪ ਜੀ ਵੇਦਾਂਤ ਤੇ ਨਯਾਯ ਦੇ ਚੰਗੇ ਵਿਦਵਾਨ ਸਨ। ਵਿਆਕਰਣ ਵਿੱਚ ਭੀ ਨਿਪੁੰਨ ਸਨ।

ਰਵਾਇਤ:— ਇਕ ਸਮੇ ਮਹਾਂਰਾਜਾ ਹੀਰਾ ਸਿੰਘ ਜੀ ਨਾਭਾ ਨੇ ਆਪ ਜੀ ਨੂੰ ਇਕ ਲੱਖ ਦੀ ਥੈਲੀ ਭੇਟਾ ਕੀਤੀ, ਤਾਂ ਸੰਤ ਜੀ ਨੇ ਪ੍ਰਵਾਨ ਨਾ ਕੀਤੀ। ਮਹਾਂਰਾਜਾ ਹੀਰਾ ਸਿੰਘ ਜੀ ਬੋਲੇ ਕਿ ਸੰਤ ਜੀ ਐਸਾ ਦਾਨੀ ਨਹੀਂ ਮਿਲਣਾ। ਤਾਂ ਸੰਤ ਜੀ ਬੋਲੇ, ਹੇ ਰਾਜਨ ਐਸਾ ਤਿਆਗੀ ਭੀ ਕੋਈ ਨਹੀਂ ਮਿਲਣਾ।

ਭਾਵ:— ਆਪ ਮਾਇਆ ਦੇ ਤਿਆਗੀ ਸਨ।

## ਸੰਤ ਈਸ਼ਰ ਸਿੰਘ ਜੀ ਰਾੜਾ (ਪਟਿਆਲਾ)

ਜਨਮ: ਆਪ ਦਾ ਜਨਮ ਪਿੰਡ ਆਲੋਵਾਲ ਸੀਬੜੇ ਵਿਚ ਨੰਬਰਦਾਰ ਰਾਮ ਸਿੰਘ ਜੀ ਦੇ ਘਰ ਹੋਇਆ।

ਵਿਦਿਆ: ਬਾਲ ਅਵਸਥਾ ਲੰਘਣ ਤੋਂ ਉਪਰੰਤ ਆਪ ਜੀ ਨੂੰ ਸਕੂਲ ਵਿਚ ਪੜ੍ਹਨੇ ਪਾਇਆ ਗਿਆ। ਆਪ ਜੀ ਨੌਵੀਂ ਸ਼੍ਰੇਣੀ ਵਿਚੋਂ ਫ਼ੇਲ੍ਹ ਹੋ ਗਏ ਤੇ ਸਕੂਲ ਵਿਦਿਆ ਵਲੋਂ ਉਪਰਾਮ ਹੋ ਕੇ ਪ੍ਰਮਾਰਥਿਕ ਵਿਦਿਆ ਲਈ ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਪਾਸ ਆ ਗਏ। ਸੰਤ ਜੀ ਮਹਾਰਾਜ ਦੇ ਜੀਵਨ ਅਤੇ ਸੰਗਤ ਦਾ ਆਪ ਤੇ ਬਹੁਤ ਅਸਰ ਪਿਆ। ਜਦ ਸੰਤ ਜੀ ਮਹਾਰਾਜ ਦਾ ਸਰੀਰ ਸ਼ਾਂਤ ਹੋਇਆ ਤਾਂ ਆਪ ਜੀ ਪਿੰਡ ਰਾੜਾ ਵਿਚ ਆ ਰਹੇ। ਨਾਮ ਅਭਿਆਸ ਦੁਆਰਾ ਆਪ ਦੀ ਕਾਫੀ ਪ੍ਰਭਵਤਾ ਵਧ ਗਈ।

ਉਪਕਾਰ:- ਇਥੇ ਆ ਕੇ ਆਪ ਜੀ ਨੇ ਇਕ ਸੁੰਦਰ ਗੁਰਦਵਾਰਾ ਬਣਵਾਇਆ ਅਤੇ ਆਪ ਜੀ ਦੇ ਉਦਮ ਨਾਲ ਇਕ ਹਾਈ ਸਕੂਲ ਚਲ ਰਿਹਾ ਹੈ।

## ਸੰਤ ਇੰਦਰ ਸਿੰਘ ਜੀ ਗੁਰੂਸਰ ਖੋਸੇ

ਆਪ ਜੀ ਦਾ ਜਨਮ ਸ: ਅਤਰ ਸਿੰਘ ਜੀ ਦੇ ਘਰ ਮਾਤਾ ਅਤਰ ਕੌਰ ਦੀ ਸੁਭਾਗੀ ਕੁਖੋਂ ਪਿੰਡ ਸਾਪੁਰ ਜ਼ਿਲਾ ਅੰਬਾਲਾ ਵਿਚ ੧੯੪੦ ਬਿਕਰਮੀ ਨੂੰ ਹੋਇਆ। ਬਚਪਣ ਮਾਤਾ ਪਿਤਾ ਦੀਆਂ ਲੋਰੀਆਂ ਵਿਚ ਹੀ ਬਤੀਤ ਹੋਇਆ। ਆਪ ਬਚਪਨ ਤੋਂ ਹੀ ਸਾਧ ਮਤੇ ਵਿਚ ਰਹਿੰਦੇ ਹੁੰਦੇ ਸਨ ਜਿਸ ਕਰ ਕੇ ਮਾਪਿਆਂ ਨੂੰ ਫਿਕਰ ਲੱਗਾ ਰਿਹਾ ਕਿ ਹੋਣਹਾਰ ਪੁਤਰ ਜੋ ਫਕੀਰਾਂ ਵਾਲੀ ਬਿਰਤੀ ਵਿਚ ਹੁਣ ਤੋਂ ਹੀ ਰਹਿੰਦਾ ਹੈ, ਕਿਤੇ ਸਾਧ ਨਾ ਹੋ ਜਾਵੇ। ਉਹੀ ਗਲ ਹੋਈ ਕਿ ਆਪ ਜੀ ੧੪ ਸਾਲ ਦੀ ਉਮਰ ਵਿਚ ਗੁਰਦਵਾਰਾ ਜਨੇਰ ਵਿਚ ਆ ਗਏ। ਇਥੇ ਆ ਕੇ ਆਪ ਜੀ ਨੇ ਗੁਰਮੁਖੀ ਵਿਦਿਆ ਅਤੇ ਵੈਦਕ ਦ

Digitized by Panjab Digital Library | www.panjabdigilib.org

ਪੜ੍ਹਾਈ ਕੀਤੀ। ਆਪ ਜੀ ਨੇ ਇਸ ਗੁਰਦਵਾਰੇ ਦੀ ਬਹੁਤ ਸੇਵਾ ਕੀਤੀ ਜੋ ਸ਼ਲਾਘਾ ਯੋਗ ਹੈ। ੧੯੬੨ ਬਿਕਰਮੀ ਨੂੰ ਦੇਸ ਰਟਨ ਕਰਨ ਗਏ।

੧੯੬੫ ਬਿ: ਵਿਖੇ ਗੁਰਦਵਾਰਾ ਗੁਰੂਸਰ ਖੋਸੇ ਕੋਟਲਾ ਦੀ ਸੇਵਾ ਵਿਚ ਆ ਜੁਟੇ। ਜਦ ੧੯੨੧ ਈ: ਵਿਚ ਅਕਾਲੀ ਲਹਿਰ ਚਲੀ ਤਾਂ ਆਪ ਜੀ ਨੇ ਉਸ ਵਿਚ ਵਧ ਚੜ੍ਹ ਕੇ ਹਿਸਾ ਲਿਆ। ਇਸ ਕਰਕੇ ਹੀ ਜ਼ੀਰਾ ਤਹਿਸੀਲ ਦਾ ਅਕਾਲੀ ਸੈਂਟਰ ਗੁਰੂਸਰ ਖੋਸੇ ਰਖਿਆ ਗਿਆ।

ਆਪ ਦਾ ਪਿੰਡ ਉਤਸ਼ਾਹੀ, ਪੰਥ ਸੇਵਕੀ ਤੇ ਉਦਾਰ ਦਿਲ ਹੋਣ ਕਰਕੇ ਗੰਗਸਰ ਜੈਤੋ ਨੂੰ ਜਾਣ ਵਾਲੇ ਪੰਜ ਸੌ ਦੇ ਜੱਥਾ ਨੰ: ੨ ਦਾ ਦੋ ਦਿਨ ਪੜਾਉ ਗੁਰੂਸਰ ਖੋਸੇ ਹੀ ਰਖਿਆ। ਆਪ ਜੀ ਨੇ ਸਾਰੇ ਜਥੇ ਦੀ ਮਾਹਲ ਪੂੜਿਆਂ, ਦੁਧ ਚਾਹ, ਸਾਬਣ ਤੇਲ ਤੇ ਬਸਤਰਾਂ ਆਦਿ ਨਾਲ ਸੇਵਾ ਆਪੇ ਤੋਂ ਬਾਹਰ ਹੋਕੇ ਕੀਤੀ। ਜਿਸ ਦੇ ਕਾਰਨ ਆਪ ਜੀ ਦਾ ਜਸ ਸਾਰੇ ਜ਼ਿਲੇ ਵਿਚ ਫੈਲ ਗਿਆ। ਹੁਣ ਆਪ ਜੀ ਦਾ ਪਰੋਗਰਾਮ ਅੰਮ੍ਰਿਤ ਛਕਾਉਣਾ ਤੇ ਸਿੰਘਾਂ ਨੂੰ ਅੰਮ੍ਰਿਤਸਰ ਭੇਜਣਾ ਸੀ। ਅਖੀਰ ਆਪ ਜੀ ਸ੍ਰੀ ਅੰਮ੍ਰਿਤਸਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਅਗੇ ਜਥੇ ਵਿਚ ਜਾਣ ਵਾਸਤੇ ਜਾ ਪੇਸ਼ ਹੋਏ। ਸੋ ਆਪ ਜੀ ਨੂੰ ਜਥਾ ਨੰ: ੬ ਦੇ ਜਥੇਦਾਰ ਥਾਪ ਕੇ ਗੰਗਸਰ ਜੈਤੋ ਨੂੰ ਭੇਜਿਆ ਗਿਆ। ਆਪ ਨੇ ਜਥੇਦਾਰੀ ਦੀ ਸੇਵਾ ਬੜੇ ਸੁਚੱਜੇ ਢੰਗ ਨਾਲ ਨਿਭਾਈ। ਇਸ ਜਥੇ ਵਿਚ ਦਾਸ ਨੂੰ ਇਨ੍ਹਾਂ ਦੀ ਸੰਗਤ ਕਰਨ ਦਾ ਕਾਫੀ ਸਮਾਂ ਪ੍ਰਾਪਤ ਹੋਇਆ, ਮੋਰਚਾ ਫਤਹਿ ਹੋਣ ਪਰ ਜੱਥੇ ਸਮੇਤ ਵਾਪਸ ਆਏ। ੧੯੨੮ ਈਸਵੀ ਨੂੰ ਗੁਰੂ ਸਰ ਪਾ: ੬ਵੀਂ ਦੀ ਸੇਵਾ ਵਾਸਤੇ ਮਲਾਇਆ ਨੂੰ ਗਏ ਅਤੇ ਜੋ ਮਾਇਆ ਲਿਆਏ ਉਸ ਨਾਲ ਡਬਲ ਇਟਾਂ ਦਾ ਭੱਠਾ ਚੜ੍ਹਾ ਕੇ ਗੁਰਦਵਾਰਾ ਸਾਹਿਬ ਜੀ ਦੀ ਨਵੀਂ ਇਮਾਰਤ, ਸਰੋਵਰ, ਲੰਗਰ ਅਤੇ ਸੰਗਤਾਂ ਦੀ ਰਿਹਾਇਸ਼ ਵਾਸਤੇ ਮਕਾਨ ਆਦਿ ਤਿਆਰ ਕਰਾ ਕੇ ਦਾਨੀਆਂ ਦੇ ਦਾਨ ਨੂੰ ਸਫਲ ਕੀਤਾ। ਆਪ ਜੀ ਦੇ ਚਿਤ ਵਿਚ ਮਾਲਵਾ ਇਤਹਾਸ ਦੇਖਣ ਦੀ ਬੜੀ ਤੜਪ ਰਹਿੰਦੀ ਸੀ ਜੋ ਪੂਰੀ ਨਾ ਹੋ ਸਕੀ। ਕਿਉਂਕਿ ਆਪ ਜੀ ਨੂੰ ੨-੮-੧੯੫੫ ਨੂੰ ਨਾ ਮੋੜੇ ਜਾਣ ਵਾਲੇ ਦਰਗਾਹੀ ਸਦੇ ਆ ਗਏ।

## ਮਹਾਰਾਜਾ ਸਰੂਪ ਸਿੰਘ ਜੀ ਜੀਂਦ

ਜਨਮ:—ਆਪ ਜੀ ਦਾ ਜਨਮ ਸਰਦਾਰ ਕਰਮ ਸਿੰਘ ਬਜੀਦ ਪੁਰੀਏ ਦੇ ਘਰ ਸੰ: ੧੮੧੩ ਈ: ਨੂੰ ਹੋਇਆ।

ਰਾਜ ਗੱਦੀ:—ਮਹਾਰਾਜਾ ਸੰਗਤ ਸਿੰਘ ਜੀ ਦੇ ਔਲਾਦ ਨਾ ਹੋਣ ਦੇ ਕਾਰਨ ਆਪ ਨੂੰ ਰਾਜਗਦੀ ਦਾ ਹੱਕਦਾਰ ਮਨਿਆ ਗਿਆ ਅਤੇ ਫਗਣ ਵਦੀ ੨ ਸੰਮਤ ੧੮੯੩ (੧੮ ਮਾਰਚ ੧੮੩੭) ਨੂੰ ਰਿਆਸਤ ਜੀਂਦ ਦੀ ਗਦੀ ਤੇ ਬੈਠੇ।

ਉਪਕਾਰ:— ਇਹ ਬੜੇ ਉਪਕਾਰੀ, ਤੇਜ ਪ੍ਰਤਾਪੀ ਅਤੇ ਧਰਮਾਤਮਾ ਰਾਜਾ ਸਨ। ਆਪ ਨੇ ਗੁਰਦੁਆਰਾ ਸੀਸ ਗੰਜ ਦਿਲੀ ਦੇ ਪਾਸ ਜੋ ਮਸੀਤ ਸੀ, ਸਰਕਾਰ ਅੰਗਰੇਜ਼ੀ ਤੋਂ ਲੈ ਕੇ, ਉਥੇ ਗੁਰਦੁਆਰਾ ਸੀਸ ਗੰਜ ਬਣਾਇਆ। ਇਸ ਸ਼ੁਭ ਕਰਮ ਨੇ ਆਪ ਨੂੰ ਸਦਾ ਲਈ ਅਮਰ ਕਰ ਦਿਤਾ। ਗੁ: ਸੀਸ ਗੰਜ ਦੇ ਨਾਉਂ ਨਾਲ ਆਪ ਦਾ ਨਾਉਂ ਬੜੇ ਮਾਣ ਨਾਲ ਲਿਆ ਜਾਇਆ ਕਰੇਗਾ।

ਸ੍ਰੀ ਅੰਮ੍ਰਿਤਸਰ ਵਿਚ ਮਲਵਈ ਬੁੰਗੇ ਵਿਚ ਖੂਹ ਲਵਾਇਆ, ਜਿਥੇ ਆਪ ਜੀ ਦੇ ਨਾਂ ਦਾ ਪੱਥਰ ਲਗਾ ਹੋਇਆ ਹੁਣ ਤੱਕ ਆਪ ਦੀ ਕੀਰਤੀ ਕਰ ਰਿਹਾ ਹੈ। ਜਿਥੇ ਆਪ ਉਪਕਾਰੀ ਸਨ ਉਥੇ ਦਾਨੀ ਵੀ ਬੜੇ ਸਨ, ਆਪ ਨੇ ਨਿਰਮਲ ਅਖਾੜਾ ਧਰਮ ਧੁਜਾ ਕਾਇਮ ਕਰਨ ਸਮੇਂ ੨੦੦੦੦) ਰੁਪੈ ਨਕਦ ਤੇ ਦੋ ਪਿੰਡ ਮੰਡਲਾ ਵਾਲਾ ਤੇ ਬਲਮ ਗੜ੍ਹ ਦੀ ਵਾਰਸ਼ਿਕ ਆਮਦਨੀ ਦੇ ੧੩੦੦) ਰੁਪੈ

Digitized by Panjab Digital Library | www.panjabdigilib.org

ਅਖਾੜੇ ਦੀ ਕਾਇਮੀ ਵਾਸਤੇ ਦਿਤੇ।

ਦਿਹਾਂਤ:—ਆਪ ਦਾ ਦਿਹਾਂਤ ੨੬ ਜਨਵਰੀ ੧੯੬੪ ਨੂੰ ਬਜੀਦ ਪੁਰ ਵਿਚ ਹੋਇਆ।

॥ ਅਕੱਥ ਕਥਾ ਨੇਤ ਨੇਤ ਵਖਾਣਾ ॥

## ਸ੍ਰੀਮਾਨ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰ

ਜਨਮ:—ਆਪ ਜੀ ਦਾ ਜਨਮ ਸਤਿਕਾਰ ਯੋਗ, ਨਾਮ ਅਭਿਆਸੀ ਬਾਬਾ ਖਜ਼ਾਨ ਸਿੰਘ ਜੀ (ਜਿਨ੍ਹਾਂ ਨੇ ਜਪੁਜੀ ਸਾਹਿਬ ਦਾ ਸਵਾ ਲਖ ਪਾਠ ਕੀਤਾ) ਦੇ ਘਰ ਪਿੰਡ ਭਿੰਡਰ ਕਲਾਂ ਵਿਖੇ ੮ ਭਾਦਰੋਂ ਸੰਮਤ ੧੯੬੪ ਵਿਚ ਹੋਇਆ।

ਵਿਦਿਆ:—ਸ੍ਰੀਮਾਨ ਬਾਬਾ ਖਜ਼ਾਨ ਸਿੰਘ ਜੀ ਨੂੰ ਆਪਣੇ ਸੁਜਾਨ ਸਪੁਤਰ ਨੂੰ ਗਿਆਨੀ ਬਨਾਉਣ ਦਾ ਚਾਅ ਸੀ। ਸੋ ਆਪ ਜੀ ਨੂੰ ਮੁਢਲੀ ਵਿਦਿਆ ਪੜ੍ਹਾਉਣ ਤੋਂ ਉਪਰੰਤ ਆਪ ਜੀ ਨੂੰ ਉਚ ਗਿਆਨੀ ਦੀ ਵਿਦਿਆ ਪ੍ਰਾਪਤੀ ਲਈ ਦਾਦਾਂ ਵਾਲੇ ਸੰਤਾਂ ਪਾਸ ਅਤੇ ਮੁਰਾਲੇ, ਸੰਤ ਗਿਆਨੀ ਬਿਸ਼ਨ ਸਿੰਘ ਜੀ ਪਾਸ ਘਲ ਦਿਤਾ। ਆਪ ਜੀ ਆਪਣੀ ਤੀਖਣ ਬੁਧੀ ਸਦਕਾ ਛੇਤੀ ਹੀ ਗੁਰਬਾਣੀ ਦੀ ਕਥਾ ਅਤੇ ਉਪਦੇਸ਼ ਆਦਿ ਦੇ ਗਿਆਨੀ ਹੋ ਕੇ ਆ ਗਏ, ਅਤੇ ਤੁਰ ਫਿਰ ਕੇ ਸੰਗਤਾਂ ਵਿਚ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਲਗੇ।

ਕੰਮ:—ਉਨ੍ਹਾਂ ਦਿਨਾਂ ਵਿਚ ਅਕਾਲੀ ਲਹਿਰ ਚਲ ਪਈ, ਆਪ ਜੀ ਨੇ ਅਕਾਲੀ ਲਹਿਰ ਦਾ ਬਹੁਤ ਪ੍ਰਚਾਰ ਕੀਤਾ। ਸਿੰਘ ਸਜਾ ਕੇ ਜਥਿਆਂ ਵਿਚ ਭੇਜੇ, ਆਪਣੇ ਜਥੇ ਦੇ ਸਿੰਘ ਵੀ ਭੇਜੇ। ਗੁਰੂ ਕੇ ਬਾਗ ਅਤੇ ਚਾਬੀਆਂ ਦੇ ਮੁਆਮਲੇ ਵਿਚ ਪੰਥ ਦੀ ਮਦਦ ਕਰਨੀ। (੧) ਗੁ: ਸਾਹਿਬ, ਤਖ਼ਤੂ ਪੁਰਾ, (੨) ਗੁਰਦੁਆਰਾ ਅਖੰਡ ਪ੍ਰਕਾਸ਼ ਭਿੰਡਰ ਕਲਾਂ, (੩) ਗੁਰਦੁਆਰਾ ਕਲਿਆਨ ਸਰ ਲਧਾਈਕੇ (ਫੀਰੋਜ਼ਪੁਰ) (੪) ਗੁਰਦੁਆਰਾ ਸਾਹਿਬ ਬੋਪਾ ਰਾਏ ਲੁਧਿਆਣਾ ਦੀ ਸੇਵਾ ਕਰਾਈ। ਗੁਰਦੁਆਰਿਆਂ ਦੀਆਂ ਸੁੰਦਰ ਇਮਾਰਤਾਂ ਬਣਾਈਆਂ।

ਆਪ ਜੀ ਨੂੰ ਗੁਰਬਾਣੀ ਦਾ ਬੋਧ ਕਰਕੇ ਅਨੇਕਾਂ ਗਿਆਨੀ ਬਣਾਏ, ਉਨ੍ਹਾਂ ਵਿਚੋਂ ਚੋਣਵਿਆਂ ਦੇ ਨਾਮ ਇਹ ਹਨ:—

(੧) ਗਿਆਨੀ ਇੰਦਰ ਸਿੰਘ ਜੀ ਭਿੰਡਰ, ਆਪ ਤੋਂ ਉਪਰੰਤ ਅਖੰਡ ਪ੍ਰਕਾਸ਼ ਗੁਰਦੁਆਰਾ ਦੇ ਮੁਖ ਪ੍ਰਬੰਧਕ ਆਪ ਦੇ ਛੋਟੇ ਭਾਈ ਹਨ।
(੨) ਗਿਆਨੀ ਗੁਰਦਿਆਲ ਸਿੰਘ ਜੀ, ਜਥੇਦਾਰ ਗੁ: ਸਾ: ਬੋਪਾ ਰਾਇ।
(੩) ਗਿਆਨੀ ਨਾਰਾਇਣ ਸਿੰਘ ਜੀ, ਪ੍ਰਬੰਧਕ ਗੁ: ਸਾ: ਲਧਾਈਕੇ।
(੪) ਗਿਆਨੀ ਅਜੈਬ ਸਿੰਘ ਜੀ ਬੋਪਾ ਰਾਏ।
(੫) ਗਿਆਨੀ ਹਜ਼ੂਰਾ ਸਿੰਘ ਜੀ, ਨਾਮ ਅਭਿਆਸੀ।
(੬) ਗਿਆਨੀ ਗੁਰਦਿਆਲ ਸਿੰਘ ਜੀ ਡਰੋਲੀ ਭਾਈ ਕੀ।
(੭) ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਚੱਕਰਵਰਤੀ ਜੋ ਬੜੇ ਪ੍ਰੇਮ ਨਾਲ ਸੰਗਤਾਂ ਵਿਚ ਨਾਮ ਬਾਣੀ ਦੇ ਛਿਟੇ ਦੇ ਰਹੇ ਹਨ।

ਆਪ ਜੀ ਨੇ ਆਪਣੇ ਜੀਵਨ ਵਿਚ ੨੧ ਕਥਾਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਤੇ ੬੩ ਅਖੰਡ ਪਾਠ, ਕਥਾ ਆਰੰਭ ਕਰਨ ਵੇਲੇ ਆਦ, ਮਧ ਤੇ ਅੰਤ ਤੇ ਕੀਤੇ। ਇਸ ਇਲਾਕੇ ਵਿਚ

Digitized by Panjab Digital Library | www.panjabdigilib.org

ਸਭ ਤੋਂ ਪਹਿਲਾਂ ੧੦੧ ਅਖੰਡ ਪਾਠਾਂ ਦਾ ਪ੍ਰਵਾਹ ਚਲਾਇਆ । ਅਨੇਕਾਂ ਸਿੰਘਾਂ ਨੂੰ ਅੰਮ੍ਰਿਤ ਪਾਨ ਕਰਾਇਆ ।

ਅਕਾਲ ਚਲਾਣਾ:-ਆਪ ਜੀ ਦਾ ਸਰੀਰ ਗੁ: ਸਾ: ਬੋਪਾ ਰਾਇ ਵਿਖੇ ਜਲੋਧਰ ਦੇ ਰੋਗ ਨਾਲ ਸ਼ਾਂਤ ਹੋਇਆ ।

## ਸ਼ਮਸ਼ੇਰ ਸਿੰਘ ਜੀ ਨਿਹੰਗ

ਆਪ ਜੀ ਦਾ ਜਨਮ ਪਿੰਡ ਗੁੜੇ, ਤਹਿਸੀਲ ਜਗਰਾਂਉਂ, ਜਿਲਾ ਲੁਧਿਆਣਾ ਵਿਖੇ ਹੋਇਆ ।

ਵਿਦਿਆ ਗੁਰਮਖੀ ਬਹੁਤ ਚੰਗੀ ਪੜ੍ਹੇ ਹੋਇ ਹਨ ।

ਬਾਣੀ:— ਦਸਮੇਸ ਜੀ ਦੀ ਬਾਣੀ ਆਪ ਦੇ ਬਹੁਤ ਕੰਠ ਹੈ ।

ਸੇਵਾ:— ਕਈ ਗੁਰ ਅਸਥਾਨਾਂ ਦੀਆਂ ਨਵੀਆਂ ਇਮਾਰਤਾਂ ਦੀ ਸੇਵਾ ਕਰਾਈ ਹੈ ਅਜ ਕਲ ਦੇਹੜਕੇ ਨਗਰ ਵਿੱਚ ਨਿਵਾਸ ਤੇ ਸੇਵਾ ਕਰ ਰਹੇ ਹਨ ।

## ਗਿ: ਸਾਧੂ ਸਿੰਘ ਜੀ ਰੇਰੂ ਸਾਹਿਬ

ਆਪ ਜੀ ਦਾ ਜਨਮ ਪਿੰਡ ਮਾਜਰੀ, ਰਿਆਸਤ ਪਟਿਆਲਾ ਦਾ ਹੈ । ਛੋਟੀ ਉਮਰ ਤੋਂ ਹੀ ਆਪ ਜੀ ਧਾਰਮਿਕ ਖਿਆਲਾਂ ਵਾਲੇ ਹਨ । ਆਪ ਜੀ ਨੇ ਗੁਰਮਤਿ ਦੇ ਕਾਫੀ ਗ੍ਰੰਥ ਪੜ੍ਹੇ । ਆਪ ਗੁਰਬਾਣੀ ਦੀ ਕਥਾ ਬੜੇ ਪ੍ਰੇਮ ਨਾਲ ਕਰਦੇ ਹਨ । ਆਪ ਜੀ ਨੂੰ ਗੁਰਮਤਿ ਦਾ ਪ੍ਰਚਾਰ ਕਰਨ ਦਾ ਬੜਾ ਹੀ ਚਾਅ ਹੈ । ਆਪ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਕਈ ਕਥਾ ਕੀਤੀਆਂ ਹਨ । ਆਪ ਦੀ ਵਿਰਤੀ ਵਧੇਰੇ ਨਾਮ ਸਿਮਰਨ ਵਲ ਲਗੀ ਰਹਿੰਦੀ ਹੈ ।

ਸਤਿਕਾਰ:— ਆਪ ਇਕ ਚੰਗੇ ਵਿਦਵਾਨ ਹਨ । ਆਪ ਜੀ ਨੂੰ ਪੰਥ ਵਿਚ ਕਾਫੀ ਸਤਿਕਾਰ ਨਾਲ ਤਕਿਆ ਜਾਂਦਾ ਹੈ ।

ਸੁਭਾ, ਅਚਰਨ:— ਆਪ ਦਾ ਸੁਭਾ ਅਤੇ ਅਚਰਨ ਬਹੁਤ ਹੀ ਸੁੰਦਰ ਹੈ । ਆਪ ਜੀ ਦੇ ਬੋਲ ਵਿਚ ਬਹੁਤ ਹੀ ਮਿਠਾਸ ਅਤੇ ਗੰਭੀਰਤਾ ਹੈ । ਗੁਰਬਾਣੀ ਦੀ ਕਥਾ ਬੜੇ ਪ੍ਰੇਮ ਨਾਲ ਕਰਦੇ ਹਨ । ਦਾਸ ਤੇ ਸੰਤ ਭਗਵਾਨ ਸਿੰਘ ਜੀ ਨਾਲ ਆਪ ਜੀ ਦਾ ਖਾਸ ਪਿਆਰ ਹੈ ।

## ਸੰਤ ਸ਼ੇਰ ਸਿੰਘ ਜੀ ਉਚਾ ਡੇਰਾ ਢੁਡੀ ਕੇ

"ਨੀਚ ਕਹਾਏ ਉਚ ਘਰ ਆਈ ।"

ਆਪ ਜੀ ਦਾ ਜਨਮ ਇਕ ਮੁਸਲਮਾਨ ਘਰਾਣੇ ਵਿੱਚ ਵਧਣੀ ਵਿਖੇ ਹੋਇਆ । ਸੰਤਾਂ ਦੀ ਸੰਗਤ ਕਰਕੇ ਆਪ ਜੀ ਨੂੰ ਸਿਖੀ ਦੀ ਲਗਨ ਲੱਗੀ । ਤੇ ਆਪ ਜੀ ਨੇ ਗੁਰ ਨਾਨਕ ਦੇਵ ਜੀ ਦਾ ਮਤਿ ਧਾਰਨ ਕਰ ਲਿਆ ।

ਆਪ ਚਲ ਫਿਰ ਨਹੀਂ ਸਕਦੇ, ਬੈਠ ਕੇ ਹੀ ਤੁਰਦੇ ਹਨ । ਆਪ ਜੀ ਬੜੇ ਉਦਮੀ ਹਨ । ਆਪ ਜੀ ਨੂੰ ਨਾਮ ਅਭਿਆਸ ਦਾ ਬਹੁਤ ਚਾਅ ਹੈ ਸੋ ਆਪ ਜੀ ਉਚਾ ਡੇਰਾ ਢੁਡੀ ਕੇ ਵਿਚ ਆ ਕੇ ਟਿਕੇ ਅਤੇ ਨਾਮ ਅਭਿਆਸ ਕਰਕੇ ਕਾਫੀ ਪ੍ਰਸਿਧਤਾ ਪ੍ਰਾਪਤ ਕਰ ਲਈ ।

ਉਪਕਾਰੀ:— ਆਪ ਜੀ ਬੜੇ ਉਦਮੀ ਤੇ ਪਰਉਪਕਾਰੀ ਪੁਰਸ਼ ਹਨ । ਆਪ ਨੇ ਗੁਰਦੁਆਰੇ ਦੀ ਇਮਾਰਤ ਮੁਕੰਮਲ ਕਰਾਈ, ਗੁਰੂ ਕਾ ਲੰਗਰ ਜਾਰੀ ਕੀਤਾ । ਆਪ ਦੇ ਪੁਰਸ਼ਾਰਥ ਨਾਲ ਗੁ: ਸਾ:

Digitized by Panjab Digital Library | www.panjabdigilib.org

ਬਹੁਤ ਚੜ੍ਹਦੀਆਂ ਕਲਾਂ ਵਿਚ ਚਲ ਰਿਹਾ ਹੈ। ਅਤੇ ਹਰ ਰੋਜ਼ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਕਰਦੇ ਹਨ। ਅਤੇ ਵਿਦਿਆ ਦਾ ਪ੍ਰਵਾਹ ਜਾਰੀ ਕਰ ਰਖਿਆ ਹੈ।

ਸੁਭਾ:— ਆਪ ਦਾ ਸੁਭਾ ਨਰਮ, ਮਿਲਾਪੜਾ ਹੈ। ਆਏ ਗਏ ਮਹਿਮਾਨਾ ਦੀ ਬੜੀ ਸੇਵਾ ਕਰਦੇ ਹਨ। ਆਪ ਜੀ ਨੂੰ ਗੁਰਮਤਿ ਪ੍ਰਚਾਰ ਕਰਨ ਦਾ ਬੜਾ ਸ਼ੌਕ ਹੈ।

## ਗਿ: ਸੋਹਣ ਸਿੰਘ ਜੀ ਮਲਾਕਾ (ਮਲਾਇਆ)

ਜਨਮ : ਆਪ ਜੀ ਦਾ ਜਨਮ ਸ: ਪੰਜਾਬ ਸਿੰਘ ਜੀ ਦੇ ਘਰ ਮਾਤਾ ਪਰੇਮ ਕੌਰ ਦੀ ਕੁਖੋਂ ਨਗਰ (ਸ੍ਰੀ ਦਮਦਮਾ ਸਾਹਿਬ) ਚਠੇਵਾਲ ਰਿਆਸਤ ਪਟਿਆਲਾ ਵਿਖੇ ਹੋਇਆ।

ਬਾਲਪਨ:— ਆਪ ਦੀ ਬਾਲ ਅਵਸਥਾ ਪਿੰਡ ਵਿਚ ਹੀ ਲੰਘੀ। ਆਪ ਦੇ ਬਜ਼ੁਰਗ ਬਹੁਤ ਸਤਿਸੰਗੀ ਸਨ, ਜਿਨ੍ਹਾਂ ਦੇ ਜੀਵਨ ਦਾ ਆਪ ਪਰ ਬਹੁਤ ਅਸਰ ਪਿਆ।

ਵਿਦਿਆ :— ਆਪ ਜੀ ਨੂੰ ਵਿਦਿਆ ਪੜ੍ਹਣ ਦਾ ਮੁਢ ਤੋਂ ਹੀ ਸ਼ੌਕ ਸੀ। ਗੁਰਮੁਖੀ ਦੀ ਮੁਢਲੀ ਵਿਦਿਆ ਤੋਂ ਉਪਰੰਤ ਆਪ ਨੇ ਪੰਡਤ ਸੇਵਾ ਸਿੰਘ ਸ਼ਮੀਰ ਤੋਂ ਲਘੂ ਕੌਮ ਦਾ ਪੂਰਬਾਰਧ ਪੜ੍ਹਿਆ ਅਤੇ ਸੰਤ ਹਰੀ ਸਿੰਘ ਜੀ ਜਿਉਣ ਵਾਲਾ ਪਾਸੋਂ ਗੁਰਮਤਿ ਦੇ ਗਰੰਥ ਪੜ੍ਹੇ।

ਪ੍ਰਦੇਸ ਫੇਰੀ:— ਆਪ ਜੀ ਪਹਿਲੀ ਉਮਰ ਵਿਚ ਹੀ ਮਲਾਇਆ ਚਲੇ ਗਏ ਅਤੇ ਗੁਰਦਵਾਰਾ ਸਾਹਿਬ ਮਲਾਕਾ ਵਿਚ ਗਰੰਥੀ ਬਣ ਗਏ। ਉਥੇ ਗਿ: ਚੰਨਣ ਸਿੰਘ ਗੁਰਨੇ ਤੋਂ (ਜੋ ਉਸ ਵੇਲੇ ਮਲਾਇਆ ਵਿਚ ਸਨ) ਵਿਚਾਰ ਸਾਗਰ ਪੜ੍ਹਿਆ।

ਦੇਸ ਵਾਪਸੀ:— ੧੯੩੧ ਵਿਚ ਆਪ ਨੇ ਦੇਸ ਆ ਕੇ ਗੁਰਮਤਿ ਉਪਦੇਸ਼ਕ ਕਾਲਜ ਗੁਰੂ ਕੀ ਕਾਂਸ਼ੀ ਵਿਚ ਪੰਡਤ ਕਰਤਾਰ ਸਿੰਘ ਜੀ ਦਾਖਾ ਪਾਸੋਂ ਮਹਾਂ ਗਿਆਨੀ, ਉਪਦੇਸ਼ਕ ਭਾਗ ਦੀ ਪੜ੍ਹਾਈ, ਸ੍ਰੀ ਗੁਰੂ ਗਰੰਥ ਸਾਹਿਬ ਦੀ ਬਾਣੀ ਦੀ ਕਥਾ, ਸਰਬ ਦਰਸ਼ਨ, ਮਤ ਮਤਾਂਤਰਾਂ ਦੇ ਗਰੰਥਾਂ ਦੀ ਪੜ੍ਹਾਈ ਕੀਤੀ। ਉਪਰੰਤ ਆਪ ਜੀ ਫਿਰ ਮਲਾਇਆ ਚਲੇ ਗਏ।

ਆਪ ਜੀ ਨੂੰ ਕਵਿਤਾ ਅਤੇ ਉਪਦੇਸ਼ ਕਰਨ ਦਾ ਬਹੁਤ ਸ਼ੌਕ ਹੈ। ਮਲਾਇਆ ਵਿਚ ਆਪ ਦਾ ਕਾਫੀ ਆਦਰ ਸਤਿਕਾਰ ਹੈ। ਦਾਸ ਨਾਲ ਭੀ ਆਪ ਦਾ ਦਿਲੀ ਪਿਆਰ ਹੈ।

## ਸੰਤ ਸੁੰਦਰ ਸਿੰਘ ਜੀ ਹੰਡਿਆਲਾ

ਆਪ ਜੀ ਦਾ ਜਨਮ ਨਗਰ ਪਿੰਡ ਹੰਡਿਆਲਾ ਤਹਿਸੀਲ ਜ਼ੀਰਾ ਸੀ। ਆਪ ਜੀ ਪੁਰਾਤਨ ਬਜ਼ੁਰਗਾਂ ਦਾ ਸੁੰਦਰ ਨਮੂਨਾ ਸਨ ਅਤੇ ਪੁਰਾਤਨ ਬਜ਼ੁਰਗਾਂ ਵਾਂਗ ਹਥੀਂ ਕਾਰ ਕਰ ਕੇ ਨਿਰਬਾਹ ਕਰਦੇ ਸਨ। ਹਥੀਂ ਚੱਕੀ ਪੀਹ ਕੇ, ਲਕੜਾਂ ਲਿਆ ਕੇ ਲੰਗਰ ਚਲਾਉਣਾ ਆਪ ਜੀ ਦਾ ਜੀਵਨ ਆਦਰਸ਼ ਸੀ। ਆਪ ਨੇ ਗੁਰਦਵਾਰਾ ਜਨੇਰ ਦੀ ਬਹੁਤ ਸੇਵਾ ਕੀਤੀ। ਆਪ ਜੀ ਪਰਉਪਕਾਰੀ ਅਤੇ ਉਦਮੀ ਗੁਰਸਿਖ ਸਨ। ਨਾਮ ਸਿਮਰਨ ਵਿਚ ਦਿਨ ਰਾਤ ਮਸਤ ਰਹਿੰਦੇ ਸਨ। ਨਗਰ ਹੰਡਿਆਲਾ ਵਿਚ ਆਪ ਦੇ ਉਦਮ ਨਾਲ ਗੁਰਦਵਾਰਾ ਬਣਿਆ।

## ਸੰਤ ਸੱਜਣ ਸਿੰਘ ਜੀ

ਆਪ ਜੀ ਦਾ ਜਨਮ ਸ: ਪਰੇਮ ਸਿੰਘ ਦੇ ਘਰ ਮਾਤਾ ਭਾਗੋ ਦੀ ਸੁਲਖਣੀ ਕੁਖੋਂ ਪਿੰਡ ਇਟਾਂ ਵਾਲੀ ਤਹਿਸੀਲ ਫੀਰੋਜ਼ਪੁਰ ਵਿਖੇ ਹੋਇਆ। ਆਪ ਜੀ ਗੁਰਮੁਖੀ ਚੰਗੀ ਪੜ੍ਹੇ ਹੋਏ ਹਨ। ੧੯੨੧ ਤੋਂ

Digitized by Panjab Digital Library | www.panjabdigilib.org

## ਗੁਰਮਤਿ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ ਦੀ ਦੂਜੀ ਕਾਨਫਰੰਸ



ਜੋ ਨਗਰ ਸਿੱਖ ਦੋਲਤ, ਤਹਿਸੀਲ ਜਗਰਾਉਂ (ਲੁਧਿਆਣਾ) ਵਿਖੇ ੨੬-੨੭ ਪੋਹ ੨੦੦੪ ਮੁਤਾਬਕ ੧੦-੧੧ ਜਨਵਰੀ ੧੯੪੮ ਦਿਨ ਐਤਵਾਰ ਨੂੰ ਕਾਨਫ੍ਰੰਸ ਪੰਡਾਲ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸਜੇ ਸ੍ਰੀ ਸੰਤ ਸੋਹਣ ਸਿੰਘ ਜੀ ਮਲਾਕਾ, ਅਤੇ ਖੜੇ ਸੰਤ ਵੈਸਾਖਾ ਸਿੰਘ 'ਸੰਤ ਸਿਪਾਹੀ', ਆਪਣਾ ਪ੍ਰਧਾਨਗੀ ਐਡ੍ਰਸ ਪੜ੍ਹ ਰਹੇ ਹਨ। (ਸਫ਼ਾ ੧੧੩੨)

d by Panjab Digital Library | www.panjabd

"ਵਿਰਲੇ ਕੋ ਸੋਝੀ ਪਈ"

## ਸ੍ਰੀਮਾਨ ਸੰਤ ਪ੍ਰੇਮ ਸਿੰਘ ਜੀ ਕੋਕਰੀ



ਅਕਾਲੀ ਲਿਹਰ ਦੇ ਹਰਇਕ ਮੋਰਚੇ ਵਿਚ ਕੁੱਦਨ ਵਾਲੇ
ਜੱਥਾ ਨੰ: ੬ ਦੇ ਹੈਡ ਜਥੇਦਾਰ ਸਾਹਿਬ
( ਸਫਾ ੭੯੧ )

ਹੈਡ ਪੁਜਾਰੀ ਸ੍ਰੀ ਹਜ਼ੂਰ ਸਾਹਿਬ

## ਸਿੰਘ ਸਾਹਿਬ ਸੰਤ ਬਹਾਦਰ ਸਿੰਘ ਜੀ ਮਸਤੂਆਣਾ



ਆਪ ਜੀ ਮਿਠ ਬੋਲੜੇ ਦੂਰ ਅੰਦੇਸ਼ੀ ਬਹੁਤ ਹੀ
ਸੁੰਦਰ ਵਿਚਾਰ ਵਾਲੇ ਤੇ ਦਾਸ ਦੇ ਪਿਆਰ ਵਾਲੇ ਹਨ
(ਸਫਾ ੧੧੯੮ )

Digitized by Panjab Digital Library | www.panjabdigilib.org

ਅਕਾਲੀ ਲਹਿਰ ਵਿਚ ਆਪ ਨੇ ਬਹੁਤ ਕੰਮ ਕੀਤਾ। ਆਪ ਨੂੰ ਭਾਈ ਫੇਰੂ ਦੇ ਮੋਰਚੇ ਵਿਚ ੬ ਮਹੀਨੇ ਕੈਦ ਤੇ ੫੦) ਜੁਰਮਾਨਾ ਹੋਇਆ। ਹੁਣ ਦੂਜੀ ਵਾਰ ਪੰਜਾਬੀ ਸੂਬੇ ਦੇ ਮੋਰਚੇ ਵਿਚ ਭੀ ਸਜ਼ਾ ਪਾ ਚੁਕੇ ਹਨ। ਹੁਣ ਆਪ ਜੀ ਸਿਰਫ ਭਜਨ ਸਿਮਰਨ ਵਿਚ ਤਤਪਰ ਹੋ ਕੇ ਡਟੇ ਹੋਏ ਹਨ। ਆਪ ਦੀ ਸਾਧਨਾ ਬਹੁਤ ਕਠਨ ਹੈ। ਆਪ ਜੀ ਅਜ ਕੱਲ ਪਿੰਡ ਸੁਖਾ ਨੰਦ ਤਹਿਸੀਲ ਮੋਗਾ ਵਿਖੇ ਸ: ਹਜ਼ੂਰਾ ਸਿੰਘ ਤੇ ਸ: ਕਪੂਰ ਸਿੰਘ ਦੇ ਖੇਤ ਵਿਚ ਕੁਟੀਆ ਬਣਾ ਕੇ ਅਨੰਦ ਮਾਣਦੇ ਹਨ। ਆਪ ਜੀ ਨੇ ਕਾਫੀ ਚਿਰ ਤੋਂ ਅੰਨ ਛਡਿਆ ਹੋਇਆ ਹੈ। ਖੇਤ ਵਾਲੇ ਗੁਰਮੁਖ ਆਪ ਜੀ ਦੀ "ਸਾਧ ਸੇਵਾ ਵਡਭਾਗੀ ਪਾਈਐ" ਦੇ ਮਹਾ ਵਾਕ ਅਨੁਸਾਰ ਬੜੀ ਭਾਵਨਾ ਨਾਲ ਸੇਵਾ ਕਰਦੇ ਹਨ।

## ਸੰਤ ਸੁਚਾ ਸਿੰਘ ਜੀ ਮਸਤੂਆਣਾ

ਆਪ ਜੀ ਨੂੰ ਵੀ ਸੰਤ ਅਤਰ ਸਿੰਘ ਜੀ ਦੀ ਸੰਗਤ ਤੋਂ ਸਿਖੀ ਦੀ ਰੰਗਤ ਚੜ੍ਹੀ। ਆਪ ਨੇ ਸੰਤ ਜੀ ਮਗਰੋਂ ਸਿਖੀ ਦਾ ਬ_ਤ ਪ੍ਰਚਾਰ ਕੀਤਾ। ਇਥੇ ਆਪ ਜੀ ਸੰਤ ਕਿਸ਼ਨ ਸਿੰਘ ਨਾਲ ਰਲ ਕੇ ਗੁ: ਸਾ: ਮਸਤੂਆਣਾ ਦੀ ਬਹੁਤ ਸੇਵਾ ਕਰ ਰਹੇ ਹਨ। ਆਪ ਜੀ ਬੜੇ ਪ੍ਰੇਮੀ ਹਨ, ਅਤੇ ਆਪ ਦਾ ਸੁਭਾ ਮਿਲਾਪੜਾ ਹੈ।

॥ ਸੇਵਕ ਕੋ ਸੇਵਾ ਬਣਆਈ ਹੁਕਮ ਬੂਜ ਪ੍ਰਮ ਪਦ ਪਾਈ ॥

## ਸੰਤ ਹੀਰਾ ਸਿੰਘ ਜੀ ਹੈਡ ਪੁਜਾਰੀ

ਜਨਮ:—ਆਪ ਜੀ ਦਾ ਜਨਮ ਸ: ਕਰਮ ਸਿੰਘ ਜੀ ਦੇ ਘਰ ਮਾਤਾ ਪ੍ਰੇਮ ਕੌਰ ਦੀ ਕੁਖੋਂ ਨਗਰ ਸਹਿਣਾ ਜ਼ਿਲਾ ਲੁਧਿਆਣਾ ਵਿਖੇ ੧੯੩੨ ਬਿ: ਵਿਚ ਹੋਇਆ।

ਬਾਲਪਣ:-ਆਪ ਦਾ ਬਾਲਪਣ ਪਿੰਡ ਵਿਚ ਹੀ ਖੇਡਦਿਆਂ ਦਾ ਲੰਘਿਆ।

ਵਿਦਿਆ:-ਆਪ ਜੀ ਨੇ ਗੁਰਮੁਖੀ ਵਿਦਿਆ ਆਪਣੇ ਪਿਤਾ ਜੀ ਪਾਸੋਂ ਪੜ੍ਹੀ।

ਅੰਮ੍ਰਿਤ ਪਾਨ:—ਆਪ ਜੀ ਅੰਮ੍ਰਿਤ ਪਾਨ ਕਰਨ ਲਈ ਘਰੋਂ ਨਿਕਲੇ। ਪਹਿਲੇ ਕੇਸ ਗੜ੍ਹ ਸਾਹਿਬ, ਅਨੰਦ ਪੁਰ ਸਾਹਿਬ ਨੂੰ ਤਿਆਰ ਹੋਏ, ਦਰਿਆ ਚੜ੍ਹਿਆ ਹੋਣ ਦੇ ਕਾਰਨ ਸ੍ਰੀਮਾਨ ਬਾਬਾ ਨਰੈਣ ਸਿੰਘ ਜੀ ਸਿਧਵਾਂ ਪਿਥੋ ਵਾਲਿਆਂ ਕੋਲ ਜਾ ਅੰਮ੍ਰਿਤ ਛਕਿਆ।

ਅਭਿਆਸ:—ਅੰਮ੍ਰਿਤ ਛਕ ਕੇ ਆਪ ਜੀ ਗੁਰ ਮੰਤਰ ਦਾ ਜਾਪ ਕਰਦੇ ਰਹੇ। ਨਿਤਨੇਮ ਕਰਨਾ ਤੇ ਗੁਰਬਾਣੀ ਦੇ ਅਰਥ ਕਰਨੇ ਆਪ ਦੀ ਜ਼ਿੰਦਗੀ ਦਾ ਮਨੋਰਥ ਬਣ ਗਿਆ। ਆਪ ਜੀ ਮਨ ਦੀ ਸ਼ਾਂਤੀ ਪ੍ਰਾਪਤ ਕਰਨ ਲਈ ਬ_ਤ ਸਾਰੇ ਸੰਤਾਂ ਪਾਸ ਗਏ। ਅਖੀਰ ਆਪ ਜੀ ਸ੍ਰੀ ਤਰਨ ਤਾਰਨ ਸੰਤ ਅਤਰ ਸਿੰਘ ਜੀ ਪਾਸ ਪੁਜੇ ਤੇ ਦਰਸ਼ਨ ਕਰਕੇ ਨਿਹਾਲ ਹੋਏ। ਕੁਝ ਚਿਰ ਮਗਰੋਂ ਸੰਤ ਜੀ ਦੇ ਕਹਿਣ ਤੇ ਸ੍ਰੀ ਹਜ਼ੂਰ ਸਾਹਿਬ ਚਲੇ ਗਏ।

ਸਚਖੰਡ ਦੀ ਸੇਵਾ:—ਸ੍ਰੀ ਹਜ਼ੂਰ ਸਾਹਿਬ ਜਾ ਕੇ ਆਪ ਜੀ ਨੇ ਸ੍ਰੀ ਹਜ਼ੂਰ ਸਾਹਿਬ ਦੀ ਸੇਵਾ ਤਨ, ਮਨ ਅਤੇ ਬੜੇ ਪ੍ਰੇਮ ਨਾਲ ਕੀਤੀ। ਆਪ ਦੀ ਨਾਮ ਅਭਿਆਸੀ ਵਿਰਤੀ ਵੇਖ ਕੇ ਆਪ ਜੀ ਨੂੰ ਸ੍ਰੀ ਹਜ਼ੂਰ ਸਾਹਿਬ ਦਾ ਪੁਜਾਰੀ ਥਾਪ ਦਿਤਾ ਗਿਆ। ਆਪ ਜੀ ਦੀ ਕੀਰਤੀ ਬਹੁਤ ਵਧ ਗਈ। ਮਹਾਰਾਜਾ ਪਟਿਆਲਾ ਨੇ ਮੋਤੀ ਬਾਗ ਦੀ ਨੀਂਹ ਆਪ ਪਾਸੋਂ ਰਖਾਈ ਅਤੇ ਬੜੇ ਆਦਰ ਮਾਨ ਨਾਲ ਵਿਦਾ ਕੀਤੇ। ਆਪ ਜੀ ਗੁਰੂ ਘਰ ਦੇ ਬਹੁਤ ਪ੍ਰੇਮੀ ਸਿਖ ਸਨ, ਰਾਤ ਦਿਨ ਮਨ ਬਚ ਕਰਮ ਕਰਕੇ ਗੁਰ ਘਰ ਦੀ ਸੇਵਾ ਕਰਦੇ ਤੇ ਭਜਨ ਵਿਚ ਲਿਵਲੀਨ ਰਹਿਦੇ। ਆਪ ਜੀ ਨੇ ਬਹੁਤ ਸਾਰੇ

Digitized by Panjab Digital Library | www.panjabdigilib.org

ਗੁਰ ਅਸਥਾਨਾਂ ਦੀ ਸੇਵਾ ਕਰਾਈ।

ਅੰਤ:—ਆਪ ਜੀ ੨੦੦੭ ਸੰਮਤ ਨੂੰ ਸ੍ਰੀ ਹਜ਼ੂਰ ਸਾਹਿਬ ਹੀ ਅਕਾਲ ਚਲਾਣਾ ਕਰ ਗਏ।

"ਗੁਰਮੁਖ ਸੋਈ ਸਹਿਜ ਸਮਾਵੇ"

## ਸੰਤ ਹਜ਼ਾਰਾ ਸਿੰਘ ਜੀ ਮਸਤੂਆਣਾ

ਜਨਮ : ਆਪ ਜੀ ਦਾ ਜਨਮ ਜ਼ਿਲਾ ਗੁਰਦਾਸਪੁਰ ਵਿਖੇ ਹੋਇਆ।

ਬਾਲਪਨ : ਆਪ ਜੀ ਦੀ ਬਾਲ ਅਵਸਥਾ ਆਪਣੇ ਮਾਤਾ ਪਿਤਾ ਦੀ ਗੋਦ ਵਿਚ ਲੰਘੀ। ਆਪ ਬਾਲਪਨ ਵਿਚ ਹੀ ਅਤੀ ਵਿਚੱਤਰ ਬਿਰਤੀ ਵਿਚ ਰਹਿੰਦੇ ਸਨ। ਜਿਸ ਦਾ ਆਪ ਦੇ ਮਾਪਿਆਂ ਤੇ ਬਹੁਤ ਅਸਰ ਪਿਆ।

ਵਿਦਿਆ : ਆਪ ਦੀ ਤੀਵਣ ਬੁਧੀ ਵੇਖ ਕੇ ਆਪ ਜੀ ਨੂੰ ਸਕੂਲੀ ਵਿਦਿਆ ਪੜ੍ਹਨ ਲਈ ਭੇਜਿਆ ਗਿਆ। ਆਪ ਨੇ ਬੀ.ਏ. ਤਕ ਉਚ ਵਿਦਿਆ ਪ੍ਰਾਪਤ ਕੀਤੀ।

ਕੰਮ : ਆਪ ਜੀ ਬੀ.ਏ. ਪਾਸ ਕਰਕੇ ਫੌਜ ਵਿਚ ਕਲਰਕ ਭਰਤੀ ਹੋ ਗਏ। ਪਰ ਉਥੋਂ ਆਪ ਦੀ ਬਿਰਤੀ ਉਪਰਾਮ ਹੋ ਗਈ ਤੇ ਸੰਤ ਜਵੰਦ ਸਿੰਘ ਜੀ ਰਾਜਾ ਸਾਂਸੀ ਵਾਲਿਆਂ ਪਾਸ ਆ ਰਹੇ। ਸੰਤ ਜਵੰਦ ਸਿੰਘ ਜੀ ਸੰਤ ਅਤਰ ਸਿੰਘ ਜੀ ਦੇ ਦਰਸ਼ਨ ਕਰਨ ਲਈ ਸ੍ਰੀ ਦਮਦਮਾ ਸਾਹਿਬ ਆਏ ਤਾਂ ਸੰਤ ਹਜ਼ਾਰਾ ਸਿੰਘ ਵੀ ਨਾਲ ਆਏ। ਸੰਤ ਜਵੰਦ ਸਿੰਘ ਤਾਂ ਮੁੜ ਗਏ ਪਰ ਆਪ ਸੰਤ ਅਤਰ ਸਿੰਘ ਜੀ ਪਾਸ ਹੀ ਰਹਿ ਪਏ।

ਸੰਤ ਜੀ ਮਹਾਰਾਜ ਨੇ ਆਪ ਦੀ ਇਕਾਗਰ ਬਿਰਤੀ ਵੇਖ ਕੇ ਗ੍ਰੰਥੀ ਸਿੰਘ ਦੀ ਸੇਵਾ ਦੇ ਦਿਤੀ, ਜਿਸ ਨੂੰ ਆਪ ਨੇ ਬੜੀ ਜੁਗਤੀ ਨਾਲ ਨਿਭਾਇਆ ਤੇ ਸੰਤਾਂ ਦੇ ਪਰੇਮੀ ਸਿਖ ਬਣ ਗਏ। ਇਥੋਂ ਤਕ ਕਿ ਆਪ ਦੇ ਪੁਛੇ ਤੋਂ ਬਿਨਾਂ ਸੰਤ ਜੀ ਕੋਈ ਵੀ ਕੰਮ ਨਹੀਂ ਕਰਦੇ ਸਨ ਤੇ ਆਪ ਦੀ ਰੁਚੀ ਵੀ ਆਪਣੇ ਮਗਰੋਂ ਜਥੇਦਾਰ ਥਾਪਣ ਦੀ ਸੀ। ਆਪ ਜੀ ਰਾਤ ਦਿਨ ਭਗਤੀ ਵਿਚ ਲਗੇ ਰਹਿੰਦੇ ਸਨ। ਅਖੀਰ ਜਦ ਸੰਤ ਜੀ ਪ੍ਰਲੋਕ ਗਮਨ ਕਰ ਗਏ ਤਾਂ ਆਪ ਜੀ ਵੀ ਇਥੋਂ ਚਲੇ ਗਏ।

ਆਪ ਜੀ ਨੇ ਮੋਨ ਧਾਰ ਲਿਆ ਤੇ ਕਾਫ਼ੀ ਚਿਰ ਕਿਸੇ ਨਾਲ ਨਹੀਂ ਬੋਲੇ ਸਨ। ਇਕ ਦਿਨ ਕੁਦਰਤੀ ਆਪ ਦਾ ਮਿਲਾਪ ਸ੍ਰੀ ਅਕਾਲ ਤਖਤ ਅਤੇ ਦਰਸ਼ਨੀ ਡਿਉਡੀ ਦੇ ਵਿਚਕਾਰ ਦਾਸ (ਵਿਸਾਖਾ ਸਿੰਘ ਜਨੇਤ ਪੁਰਾ) ਨਾਲ ਹੋ ਗਿਆ — 'ਦਿਲਾਂ ਨੂੰ ਦਿਲਾਂ ਦੀ ਰਾਹ ਹੁੰਦੀ ਹੈ' ਇਕ ਦੂਜੇ ਨੂੰ ਫ਼ਤਿਹ ਬੁਲਾਈ ਜੋ ਸੰਤ ਹਜ਼ਾਰਾ ਸਿੰਘ ਜੀ ਨੇ ਕਈਆਂ ਸਾਲਾਂ ਦੀ ਮੋਨ ਖੋਲ੍ਹ ਕੇ ਪ੍ਰਵਾਨ ਕੀਤੀ ਅਤੇ ਕੁਝ ਬਚਨ ਬਲਾਸ ਵੀ ਹੋਏ। ਇਸ ਪਰ ਉਹਨਾਂ ਦੇ ਸਾਥੀਆਂ ਦੀ ਹੈਰਾਨੀ ਦੀ ਹੱਦ ਨਾ ਰਹੀ। ਉਸ ਤੋਂ ਉਪਰੰਤ ਆਪ ਜੀ ਨੇ ਫਿਰ ਮੋਨ ਧਾਰ ਲਈ ਤੇ ਕਈ ਸਾਲ ਮੋਨ ਬਿਰਤੀ ਵਿਚ ਹੀ ਰਹੇ।

ਅੰਤ : ਆਪ ਜੀ ਪੋਠੋਹਾਰ ਵਲ ਚਲੇ ਗਏ ਅਤੇ ਸੰਤ ਅਤਰ ਸਿੰਘ ਦੇ ਗੁਰਦਵਾਰੇ ਤਪਿਆਣੇ ਵਿਚ ੭ ਮਾਰਚ ਸੰਨ ੧੯੪੫ ਨੂੰ ਅਕਾਲ ਚਲਾਣਾ ਕਰ ਗਏ।

## ਸੰਤ ਹਰਨਾਮ ਸਿੰਘ ਪਾਤਸਾਹ

ਆਪ ਜੀ ਦਾ ਸੁਭਾਗ ਜਨਮ ਸੋਢ ਬੰਸ ਵਿੱਚ ਹੋਇਆ। ਆਪ ਜੀ ਦੀ ਰੁਚੀ, ਵਿਦਿਆ ਪੜ੍ਹਨ ਅਤੇ ਸਤ ਸੰਗ ਵੱਲ ਮੁਢ ਤੋਂ ਹੀ ਸੀ।

ਵਿਦਿਆ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਦੇ ਚੰਗੇ ਪਾਠੀ ਹਨ।

ਸੇਵਾ:— ਆਪ ਜੀ ਨੇ ਗੁਰੂ ਸਰ ਮੁਨਾਵਾਂ, ਤਹਿਸੀਲ ਜੀਰਾ, ਜ਼ਿਲਾ ਫੀਰੋਜ ਪੁਰ, ਸ੍ਰੀ ਗੁਰੂ

Digitized by Panjab Digital Library | www.panjabdigilib.org

ਹਰਗੋਬਿੰਦ ਸਾਹਿਬ ਜੀ ਦੇ ਚਰਨ ਪਾਉਣ ਵਾਲੀ ਥਾਂ, ਸੁੰਦਰ ਇਮਾਰਤ ਤਿਆਰ ਕਰਵਾਈ। ਅਤੇ ਹੁਣ ਸਦਾ ਲੰਗਰ ਅਤੇ ਵਿਦਿਆ ਦਾ ਛੇਤ੍ਰ ਜਾਰੀ ਕਰ ਰਖਿਆ ਹੈ। ਬਾਦਸ਼ਾਹਿ ਵਾਲਾ ਸੁਭਾ ਹੋਣ ਕਰਕੇ ਆਪ ਦਾ ਉਪਨਾਮ ਸੰਗਤਾਂ ਵਿੱਚ ਪ੍ਰਚਲਤ ਹੋ ਗਿਆ ਹੈ। ਆਪ ਸੰਤ ਸੁਭਾ ਦੇ ਮਾਲਕ ਅਤੇ ਗੁਰਮੁਖ ਬਿਰਤੀ ਵਾਲੇ ਸੰਤ ਹਨ।

## ਸੰਤ ਕਿਸ਼ਨ ਸਿੰਘ ਜੀ ਮਸਤੂ ਆਣਾ

ਸ੍ਰੀਮਾਨ ਸੰਤ ਕਿਸ਼ਨ ਸਿੰਘ ਜੀ ਮਸਤੂ ਆਣਾ ਨੇ ਸੰਤ ਅਤਰ ਸਿੰਘ ਜੀ ਹੋਰਾਂ ਦੀ ਸੰਗਤ ਵਿੱਚ ਸਿਖੀ ਪ੍ਰਾਪਤ ਕੀਤੀ। ਆਪ ਬੜੇ ਧਰਮਾਤਮਾਂ ਹਨ। ਆਪ ਨਾਮ ਬਾਣੀ ਦੇ ਰਸੀਏ, ਗੁਰਮਤਿ ਖੋਜੀ, ਸਿਖੀ ਰਹਿਤ ਵਿੱਚ ਪਕੇ ਗੁਰ ਸਿੱਖ ਹਨ। ਅਤੇ ਗੁ: ਸਾਹਿਬ ਮਸਤੂ ਆਣਾ ਦੇ ਮੁਖੀ ਪ੍ਰਬੰਧਕ ਹਨ। ਅਤੇ ਬੜੇ ਤਨ ਮਨ ਨਾਲ ਸੇਵਾ ਕਰ ਰਹੇ ਹਨ।

## ਮਹੰਤ ਕੁੰਢਾ ਸਿੰਘ ਜੀ ਕੋਟ ਭਾਈ

ਜਨਮ:— ਆਪ ਜੀ ਦਾ ਜਨਮ ਸ੍ਰ: ਖੇਤਾ ਸਿੰਘ ਦੇ ਘਰ ਹਸਨ ਪੁਰ, ਜਿਲਾ ਫੀਰੋਜ ਪੁਰ ਵਿੱਖੇ ਹੋਇਆ।

ਬਚਪਨ:— ਆਪ ਜੀ ਛੋਟੀ ਉਮਰ ਵਿਚ ਹੀ ਪਿੰਡ ਸਿਖਾਂ ਵਾਲੇ ਚਲੇ ਗਏ ਤੇ ਉਥੇ ਹੀ ਗੁਰਮੁਖੀ ਵਿਦਿਆ ਪੜ੍ਹੀ ਤੇ ਤਿੰਨ ਸਾਲ ਪਿੱਛੋਂ ਛੋਟੀ ਉਮਰ ਵਿਚ ਹੀ ਉਸ ਗੁਰਦੁਆਰੇ ਦੀ ਮਹੰਤੀ ਮਿਲ ਗਈ। ਫਿਰ ਭਾਈ ਪੰਜਾਬ ਸਿੰਘ ਕੋਟ ਭਾਈ ਜੀ ਨੂੰ ਆਪ ਜੀ ਦੀ ਸਾਧੂ ਬਿਰਤੀ ਦਾ ਪਤਾ ਲਗਾ ਤੇ ਆਪ ਜੀ ਨੂੰ ਸਿਖਾਂ ਵਾਲੇ ਤੋਂ ਲਿਆਕੇ ਕੋਟ ਭਾਈ ਦੇ ਗੁਰਦੁਆਰੇ ਦੀ ਮਹੰਤੀ ਦੇ ਦਿੱਤੀ।

ਕੰਮ:— ਆਪ ਜੀ ਨੇ ਅਕਾਲੀ ਲਹਿਰ ਵਿੱਚ ਅਕਾਲੀਆਂ ਦੀ ਬਹੁਤ ਸਹਾਇਤਾ ਕੀਤੀ, ਤੇ ਨਿਰਮਲੇ ਅਤੇ ਅਕਾਲੀਆਂ ਵਿੱਚ ਸਮਝੌਤੇ ਦੀ ਕੋਸ਼ਸ ਕੀਤੀ।

ਆਪ ਜੀ ਦਾ ਵਿਦਿਆ ਨਾਲ ਖਾਸ ਪ੍ਰੇਮ ਸੀ, ਪਿੰਡ ਕੋਣੀ ਵਿਚ ਕੰਨਿਆਂ ਪਾਠ ਸਾਲਾ ਖੋਹਲੀ, ਜਿਸ ਪਰ ੬੦੦੦ ਰੁਪੈ ਖਰਚ ਆਇਆ। ਕੋਟ ਭਾਈ ਵਿੱਚ ਕੰਨਿਆਂ ਪਾਠ ਸ਼ਾਲਾ ਤੇ ਸਕੂਲ ਬਣਵਾਇਆ। ਆਪ ਜੀ ਹੁਣ ਸ੍ਰੋ: ਗੁ: ਪ੍ਰ: ਕਮੇਟੀ ਦੇ ਨਾਮਜ਼ਦ ਮੈਂਬਰ ਹਨ। ਆਪ ਜੀ ਨੇ ਅਪਣੀ ਮਹੰਤੀ ਸਮੇਂ ਗੁਰਦੁਆਰਾ ਕੋਟ ਭਾਈ ਨੂੰ ਬਹੁਤ ਤਰੱਕੀ ਦਿਤੀ।

## ਸੰਤ ਕਰਮ ਸਿੰਘ ਜੀ ਸੰਘੇੜੇ

ਜਨਮ:—ਆਪ ਦਾ ਜਨਮ ਪਿੰਡ ਸੰਘੇੜੇ ਵਿੱਖੇ ਸ: ਜਵਾਹਰ ਸਿੰਘ ਦੇ ਘਰ ਮਾਤਾ ਅਤਰ ਕੌਰ ਦੀ ਕੁਖੋਂ ੧੯੧੦ ਈ: ਵਿਚ ਹੋਇਆ।

ਕੰਮ:—ਘਰੋਗੀ ਕੰਮਾਂ ਤੋਂ ਉਪ੍ਰਾਮ ਹੋਕੇ ਫੌਜ ਵਿਚ ਚਲੇ ਗਏ, ਜਿਥੇ ਆਪ ਜੀ ਨੂੰ ਬਾਣੀ ਪੜ੍ਹਨ ਤੇ ਨਾਮ ਸਿਮਰਨ ਦੀ ਲਗਨ ਲਗੀ।

ਉਪਕਾਰ:— ਫੌਜ ਵਿਚੋਂ ਨਾਮ ਕਟਾ ਕੇ ਕੇਵਲ ਆਪਣਾ ਜੀਵਣ ਸਫਲ ਕਰਨ ਲਈ, ਨਾਮ ਜਪਣਾ ਗੁਰਮਤਿ ਦਾ ਪ੍ਰਚਾਰ ਕਰਨਾ ਅਦਰਸ਼ ਰਖਕੇ ਅਨੰਦ ਮਾਨਣ ਲੱਗੇ। ਭਾਈ ਉਤਮ ਸਿੰਘ ਸੰਘੇੜੇ ਭੀ ਇਸੇ ਨਗਰ ਦੇ ਕੱਟੜ ਗੁਰ ਸਿਖ ਹਨ।

Digitized by Panjab Digital Library | www.panjabdigilib.org

# ਸੰਤ ਭਾ: ਗੁਦੜ ਸਿੰਘ ਜੀ

ਭਾਈ ਰੂਪ ਚੰਦ ਦੀ ਬੰਸ ਦਾ ਇਹ ਰਤਨ ਗੁਰੂ ਘਰ ਦਾ ਸਚਾ ਪ੍ਰੇਮੀ, ਬਾਣੀ ਦਾ ਨਿੱਤ ਨੇਮੀ ਤੇ ਕਰਣੀ ਵਾਲਾ ਗੁਰਮੁਖ ਗੁਰ ਸਿੱਖ ਹੋਇਆ ਹੈ। ਧਾਰਮਿਕ ਉਪਦੇਸ਼ ਕਰਨ ਵਿੱਚ ਆਪ ਦਾ ਖਾਨ ਦਾਨ ਪੁਰਾਤਨ ਸਮੇਂ ਵਿਚ ਬਹੁਤ ਪ੍ਰਸਿਧ ਰਿਹਾ ਹੈ। ਭਾ: ਗੁਦੜ ਸਿੰਘ ਜੀ ਦੀ ਧਰਮ ਪਤਨੀ ਮਾਈ ਰੱਜੀ ਲੰਗਰ ਦੀ ਸੇਵਾ ਬੜੇ ਪ੍ਰੇਮ ਨਾਲ ਕਰਿਆ ਕਰਦੀ ਸੀ। ਭਾਈ ਗੁਦੜ ਸਿੰਘ ਜੀ ਬਾਗੜੀਆਂ ਵਾਲੀ ਗੱਦੀ ਦੇ ਮਹੰਤ ਹੋਏ ਹਨ, ਜਿਨ੍ਹਾਂ ਦੇ ਜਾਨਸ਼ੀਨ ਭਾ: ਸਾ: ਭਾ: ਅਰਜਨ ਸਿੰਘ ਜੀ ਹੋਏ ਅਤੇ ਹੁਣ ਭਾਈ ਸਾਹਿਬ ਅਰਦਮਨ ਸਿੰਘ ਜੀ ਹਨ। ਜਿਨਾਂ ਨੂੰ ਰਿਆਸਤ ਪਟਿਆਲਾ ਨਾਭਾ, ਜੀਂਦ, ਤੇ ਫ਼ਰੀਦ ਕੋਟ ਸਰਕਾਰ ਵਲੋਂ ਲੰਗਰ ਲਈ ਕਾਫੀ ਜਾਗੀਰ ਲਗੀ ਹੋਈ ਹੈ।

॥ ਗੁਰ ਸੇਵਾ ਫਲ ਸਫਲ ਫਲੰਦੇ ॥

# ਸੰਤ ਗੁਰਮੁਖ ਸਿੰਘ ਜੀ ਪਟਿਆਲਾ

ਪਰਉਪਕਾਰੀ ਨਾਮ ਅਭਿਆਸੀ ਪੰਥ ਰਤਨ ਸ੍ਰੀਮਾਨ ਸੰਤ ਗੁਰਮੁਖ ਸਿੰਘ ਜੀ ਦਾ ਪਵਿੱਤਰ ਨਾਂ ਸਿੱਖ ਇਤਿਹਾਸ ਵਿਚ ਸਦਾ ਹੀ ਸੂਰਜ ਵਾਂਗ ਚਮਕਦਾ ਰਹੇਗਾ। ਆਪ ਜੀ ਨੇ ਗੁਰ ਅਸਥਾਨਾਂ ਦੀ ਜੋ ਅਦੁਤੀ ਸੇਵਾ ਕੀਤੀ ਹੈ, ਉਹ ਸੁਨਹਿਰੀ ਅਖਰਾਂ ਵਿਚ ਲਿਖਣ ਦੇ ਯੋਗ ਹੈ।

ਜਨਮ:—ਆਪ ਜੀ ਦਾ ਜਨਮ ਸ: ਕਰਮ ਸਿੰਘ ਜੀ ਦੇ ਘਰ ਮਾਤਾ ਗੁਰਦਈ ਜੀ ਦੇ ਉਦਰ ਤੋਂ ਪਿੰਡ ਦਿਆਲ ਗੜ੍ਹ ਬੂੜੀਆਂ ਰਿਆਸਤ ਪਟਿਆਲਾ ਵਿਖੇ ਸੰਮਤ ੧੯੦੬ ਬਿ: ਵਿਚ ਹੋਇਆ।

ਬਾਲਪਣ:--ਆਪ ਦਾ ਬਾਲਪਣ ਪਿੰਡ ਵਿਚ ਹੀ ਲੰਘਿਆ, ਆਪ ਦੀ ਵਿਰਤੀ ਮੁਢ ਤੋਂ ਹੀ ਧਾਰਮਿਕ ਸੀ।

ਵਿਦਿਆ:—ਆਪ ਨੇ ਛੋਟੀ ਉਮਰ ਵਿਚ ਹੀ ਗੁਰਬਾਣੀ ਦਾ ਪਾਠ ਕਰਨਾ ਸਿਖ ਲਿਆ, ਜਿਸ ਦੇ ਪ੍ਰਭਾਵ ਤੋਂ ਆਪ ਦੀ ਰੁਚੀ ਹੋਰ ਵੀ ਧਾਰਮਿਕ ਬਣ ਗਈ।

ਕੰਮ:—ਆਪ ਜੀ ਚੜ੍ਹਦੀ ਜਵਾਨੀ ਵਿਚ ਫੌਜ ਵਿਚ ਭਰਤੀ ਹੋ ਗਏ, ਉਥੇ ਹੀ ਆਪ ਜੀ ਨੂੰ ਨਾਮ ਸਿਮਰਨ ਦੀ ਚੇਟਕ ਲਗੀ। ਦੁਨੀਆਂ ਵਲੋਂ ਚਿਤ ਉਪਰਾਮ ਹੋ ਗਿਆ ਤੇ ਫ਼ੌਜ ਵਿਚੋਂ ਵਾਪਸ ਆ ਗਏ, ਪ੍ਰਮਾਰਥ ਦੇ ਮਾਰਗ ਪਰ ਚਲਣ ਦਾ ਦ੍ਰਿੜ ਇਰਾਦਾ ਕੀਤਾ। ਕਈਆਂ ਸੰਤਾਂ ਦੀ ਸੰਗਤ ਕੀਤੀ, ਅਖੀਰ ਆਪ ਜੀ ਬਾਬਾ ਸ਼ਾਮ ਸਿੰਘ ਜੀ ਪਾਸ ਅੰਮ੍ਰਿਤਸਰ ਆ ਗਏ। ਉਥੇ ਆਪ ਜੀ ਨੇ ਬਹੁਤ ਤਪਸਿਆ ਕੀਤੀ। ਇਕ ਦਿਨ ਦਰਬਾਰ ਸਾਹਿਬ ਦਰਸ਼ਨ ਕਰਨ ਗਏ, ਦਰਸ਼ਨ ਕਰਕੇ ਦਿਲ ਸ਼ਾਂਤ ਹੋ ਗਿਆ। ਪਵਿਤਰ ਹੁਕਮ ਹੋਇਆ "ਸੇਵਕ ਕੋ ਸੇਵਾ ਬਣ ਆਈ" ਇਹ ਵਾਕ ਸੁਣ ਕੇ ਆਪ ਨੇ ਸਮਾਧੀ ਛਡ ਦਿਤੀ ਤੇ ਉਸ ਦਿਨ ਤੋਂ ਹੀ ਗੁਰ ਅਸਥਾਨਾਂ ਦੀ ਤੇ ਸਰੋਵਰਾਂ ਦੀ ਸੇਵਾ ਕਰਨੀ ਆਰੰਭ ਦਿਤੀ।

ਉਪਕਾਰ:—ਆਪ ਜੀ ਨੇ ਜਿਨ੍ਹਾਂ ਸਰੋਵਰਾਂ ਤੇ ਗੁਰ ਅਸਥਾਨਾਂ ਦੀ ਪਵਿੱਤਰ ਸੇਵਾ ਕਰਾਈ ਉਨ੍ਹਾਂ ਦੀ ਲਿਸਟ ਅਗੇ ਦਿਤੀ ਜਾਂਦੀ ਹੈ। ਉਪਰੋਕਤ ਸੇਵਾ ਤੋਂ ਇਲਾਵਾ ਆਪ ਨੇ ਲੰਗਰ ਦਾ ਸਦਾ ਵਰਤ ਹੀ ਖੋਲ ਰਖਿਆ ਸੀ, ਤੇ ਨਾਮ ਸਿਮਰਨ ਵਲ ਸੰਗਤ ਨੂੰ ਲਾਇਆ।

ਅੰਤ:--ਆਪ ਜੀ ੭ ਨਵੰਬਰ ੧੯੪੭ ਨੂੰ ਸ੍ਰੀ ਅੰਮ੍ਰਿਤਸਰ ਵਿਚ ਪ੍ਰਲੋਕ ਗਮਨ ਕਰ ਗਏ। ਆਪ ਜੀ ਦੀ ਸੇਵਾ ਦਾ ਸੰਖੇਪ ਵੇਰਵਾ ਇਉਂ ਹੈ:--

Digitized by Panjab Digital Library | www.panjabdigilib.org

## ਸ੍ਰੀ ਸੰਤ ਸ਼ਾਮ ਸਿੰਘ ਜੀ

ਅੰਮ੍ਰਿਤਸਰ

ਹਰਿ ਕੀਰਤਨ ਕਾ ਅਹਿਰੋ
ਹਰਿ ਦੇਹ ਨਾਨਕ ਕੇ ਮੀਤ ।



(ਸਫਾ ੧੧੪੭)

## ਸ੍ਰੀ ਸੰਤ ਗੁਰਮੁਖ ਸਿੰਘ ਜੀ

ਪਟਿਆਲਾ ਕਾਰ ਸੇਵਾ ਵਾਲੇ

ਜਨ ਪਰ ਉਪਕਾਰੀ ਆਇ



(ਸਫਾ ੧੧੪੬)

## ਸ੍ਰੀ ਸੰਤ ਸਾਧੂ ਸਿੰਘ ਜੀ ਪਟਿਆਲਾ

ਕਾਰ ਸੇਵਾ ਵਾਲੇ ਸੰਤਾਂ ਦੇ ਸੇਵਕ



(ਸਫਾ ੧੧੪੭)

## ਸ੍ਰੀ ਸੰਤ ਝੰਡਾ ਸਿੰਘ ਜੀ ਅਮ੍ਰਿਤਸਰ

ਪ੍ਰਕਰਮਾ ਦੀ ਸੇਵਾ ਕਰਾਉਣ ਵਾਲੇ




(ਸਫਾ ੧੧੪੭)

Digitized by Panjab Digital Library | www.panjabdigilib.org

## ਸ੍ਰੀ ਸੰਤ ਬਿਸ਼ਨ ਸਿੰਘ ਜੀ

ਅੰਮ੍ਰਿਤਸਰ

ਸ੍ਰੀ ਪ੍ਰਕਰਮਾਂ ਦੀ ਸੇਵਾ ਕਰਾਉਣ ਵਾਲੇ



(ਸਫਾ ੧੧੪੬)

## ਸੰਤ ਮੱਘਰ ਸਿੰਘ ਜੀ ਰਾਮਗੜ੍ਹ



(ਸਫਾ ੧੧੭੦)

ab Digital Library | www

(੧) ਸ੍ਰੀ ਅੰਮ੍ਰਿਤਸਰ ਸਾਹਿਬ:–

ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਪੰਜ ਪਵਿਤ੍ਰ ਸਰੋਵਰਾਂ ਵਿੱਚ ਨਿਰਮਲ ਜਲ ਪਾਉਣ ਲਈ ਪੰਜ ਹੰਸਲੀਆਂ ਤਿਆਰ ਕਰਵਾਈਆਂ, ਜੋ ਮੀਲਾਂ ਤੱਕ ਲੰਬੀਆਂ ਤੇ ਉਪਰੋਂ ਬਿਲਕੁਲ ਬੰਦ ਹਨ। ਇਸ ਕਾਰਜ ਪਰ ਲਖਾਂ ਰੁਪਏ ਖਰਚ ਆਏ ਹਨ।

ਸੰਤੋਖਸਰ ਦੇ ਸਰੋਵਰ ਦੀਆਂ ਨਵੀਆਂ ਪਾਉੜੀਆਂ ਬਣਵਾਈਆਂ।

(੨) ਖੰਡੂਰ ਸਾਹਿਬ ਤੋਂ ਗੋਇੰਦ ਵਾਲ ਸਾਹਿਬ ਤੱਕ ੯ ਮੀਲ ਲੰਬੀ ਪੱਕੀ ਸੜਕ ਬਣਵਾਈ।

(੩) ਗੁਰਦਵਾਰਾ ਖੰਡੂਰ ਸਾਹਿਬ ਜੀ ਦੀ ਸੇਵਾ ਮੁਕੰਮਲ ਕਰਵਾਈ।

(੪) ਗੁ: ਤਪਿਆਣਾ ਸਾਹਿਬ ਦੇ ਸਰੋਵਰ ਤੇ ਹੰਸਲੀ ਦੀ ਸੇਵਾ ਮੁਕੰਮਲ ਕੀਤੀ।

(੫) ਸ੍ਰੀ ਮੁਕਤਸਰ ਸਾਹਿਬ ਦੇ ਸਰੋਵਰ ਵਿਚ ਜਲ ਪਾਉਣ ਲਈ ਢਾਈ ਮੀਲ ਲੰਬੀ ਹੰਸਲੀ ਤਿਆਰ ਕਰਵਾਈ ਅਤੇ ਸਾਰੀ ਪ੍ਰਕਰਮਾਂ ਤੇ ਗੁਰ ਅਸਥਾਨਾਂ ਉਤੇ ਲੱਖਾਂ ਰੁਪਏ ਖਰਚ ਕਰਕੇ ਸੰਗ ਮਰਮਰ ਲਗਵਾਇਆ। ਗੁਰਦਵਾਰਿਆਂ ਦੀਆਂ ਜਾਇਦਾਦਾਂ ਸੰਭਾਲੀਆਂ ਤੇ ਬਹੁਤ ਸਾਰੀਆਂ ਖਰੀਦ ਕੇ ਗੁਰਦਵਾਰੇ ਦੇ ਨਾਮ ਲਗਵਾਈਆਂ। ਗੁਰਦਵਾਰਾ ਟਿੱਬੀ ਸਾਹਿਬ ਤੇ ਟਕਾਬ ਸਰ ਦੇ ਸਰੋਵਰਾਂ ਦੀ ਆਦਿ ਤੋਂ ਅੰਤ ਤੱਕ ਸੇਵਾ ਕਰਵਾਈ।

(੬) ਸ੍ਰੀ ਤਰਨ ਤਾਰਨ ਸਾਹਿਬ ਦੇ ਸਰੋਵਰ ਦੀ ਕਾਰ ਸੇਵਾ ਤੇ ਚਾਰ ਮੀਲ ਲੰਬੀ ਹੰਸਲੀ ਤਿਆਰ ਕਰਵਾਈ।

(੭) ਗੁਰਦੁਵਾਰਾ ਨਨਕਾਣਾ ਸਾਹਿਬ ਦੇ ਸਰੋਵਰ ਤੇ ਹੰਸਲੀ ਦੀ ਸੇਵਾ ਕਰਵਾਈ।

(੮) ਗੁ: ਬਾਲਲੀਲਾ ਦੀ ਨਵੀਂ ਇਮਾਰਤ ਤਿਆਰ ਕਰਵਾਈ।

(੯) ਬਾਬਾ ਬਕਾਲਾ ਦੇ ਸਰੋਵਰ ਦੀ ਸੇਵਾ ਕਰਵਾਈ।

(੧੦) ਗੁਰਦੁਵਾਰਾ ਡੇਹਰਾ ਸਾਹਿਬ ਵਿਖੇ ਸਰੋਵਰ ਦੀ ਸੇਵਾ ਕਰਵਾਈ।

(੧੧) ਗੁ: ਬੀੜ ਬਾਬਾ ਬੁਢਾ ਜੀ ਦੀ ਸੇਵਾ ਮੁਕੰਮਲ ਕਰਵਾਈ।

ਇਸ ਤੋਂ ਇਲਾਵਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਆਸ ਪਾਸ ਦਿਆਂ ਬੁੰਗਿਆਂ ਦੀਆਂ ਪੁਰਾਣੀਆਂ ਇਮਾਰਤਾਂ ਨੂੰ ਢਾਹ ਕੇ ਨਵੀਂ ਸਕੀਮ ਅਨੁਸਾਰ ਦਰਸ਼ਨੀ ਡਿਉਡੀਆਂ ਤੇ ਬੁੰਗੇ ਤਿਆਰ ਕਰਨ ਦੀ ਮਹਾਨ ਸੇਵਾ ਆਪ ਨੇ ਅਰੰਭ ਕੀਤੀ। ਉਪ੍ਰੰਤ ਆਪ ਜੀ ਤੋਂ ਬਰੋਸਾਇ ਹੋਏ ਸੰਤ ਸਾਧੂ ਸਿੰਘ ਜੀ, ਸੰਤ ਝੰਡਾ ਸਿੰਘ ਜੀ ਤੇ ਸੰਤ ਬਿਸ਼ਨ ਸਿੰਘ ਜੀ ਆਦਿ ਹੋਰ ਬਹੁਤ ਗੁਰਮੁਖ ਆਪ ਜੀ ਦੇ ਚਾਲਇ ਹੋਏ ਮਾਰਗ ਤੇ ਚਲਦੇ ਹੋਏ ਸੇਵਾ ਕਰਾ ਰਹੇ ਹਨ।

ਆਪ ਜੀ ਬਹੁਤ ਹੀ ਤਾਕਤਾਂ ਦੇ ਮਾਲਕ ਹੁੰਦੇ ਹੋਏ ਭੀ ਬਹੁਤ ਸਾਦਾ ਲਿਵਾਸ, ਸਾਦੀ ਖੁਰਾਕ ਰਖਦੇ ਸਨ। ਅਲੋਬੜ ਸਜਣਾਂ ਨੂੰ ਤਾਂ ਪਤਾ ਹੀ ਨਹੀਂ ਲਗਦਾ ਸੀ ਕਿ ਸੰਤ ਜੀ ਮਹਾਰਾਜ ਕੇਹੜੇ ਹਨ।

## ਸੰਤ ਗੁਲਾਬ ਸਿਘ ਜੀ ਘੋਲੀਆ

ਆਪ ਜੀ ਬੜੇ ਪਉਪਕਾਰੀ, ਸੁਜਾਨ ਵੈਦ, ਅਤੇ ਗੁਰਮਤਿ ਵਿਦਿਆ ਦੇ ਧਨੰਤਰ ਵਿਦਵਾਨ ਸਨ। ਆਪ ਨਾਮ ਬਾਣੀ ਦੇ ਬਹੁਤ ਅਭਿਆਸੀ ਸਨ। ਆਪ ਦੇ ਚਿਹਰੇ ਤੇ ਸਦਾ ਹੀ ਤੇਜ ਭਰੀ ਲਾਲੀ ਰਹਿੰਦੀ ਸੀ।

Digitized by Panjab Digital Library | www.panjabdigilib.org

ਜਨਮ:—ਆਪ ਦਾ ਜਨਮ ਭਾਈ ਦਲ ਸਿੰਘ ਦੇ ਘਰ ਮਾਤਾ ਧਰਮ ਕੌਰ ਦੀ ਸੁਭਾਗੀ ਕੁਖੋਂ ਪਿੰਡ ਭਟੀ ਵਾਲ, ਤਹਿਸੀਲ ਭਵਾਨੀ ਗੜ੍ਹ ਰਿਆਸਤ ਪਟਿਆਲਾ ਵਿਖੇ ਸੰਮਤ ੧੯੧੦ ਬਿਕਰਮੀ ਨੂੰ ਹੋਇਆ।

ਵਿਦਿਆ:— ਆਪ ਜੀ ਨੂੰ ਮੁਢਲੀ ਵਿਦਿਆ ਪਿੰਡ ਦੀ ਧਰਮ ਸਾਲਾ ਵਿਚ ਹੀ ਦਿਤੀ ਗਈ। ਆਪ ਜੀ ਨੇ ਭਾਈ ਗ੍ਰੀਬ ਸਿੰਘ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਸਿਖ ਲਿਆ, ਤੇ ਕਈ ਬਾਣੀਆਂ ਜ਼ਬਾਨੀ ਕੰਠ ਕਰ ਲਈਆਂ। ਆਪ ਜੀ ਨੇ ਉਚ ਵਿਦਿਆ ਪ੍ਰਾਪਤ ਕਰਣ ਲਈ ਗ੍ਰਹਿਸਤ ਵਲੋਂ ਮਨ ਉਪਰਾਮ ਕਰਕੇ ਰਿਖੀਕੇਸ਼ ਨਿਵਾਸ ਕੀਤਾ ਤੇ ਉਥੇ ਹੀ ਗੁਰਬਾਣੀ ਦਾ ਬੋਧ, ਗੁਰਮਤਿ ਦੀ ਉਚ ਵਿਦਿਆ ਅਤੇ ਹੋਰ ਅਨੇਕ ਮੱਤਾਂ ਦੀ ਵਿਦਿਆ ਦਾ ਅਭਿਆਸ ਕੀਤਾ। ਨਾਲ ਹੀ ਆਪ ਜੀ ਨੇ ਵੈਦਕ ਵਲ ਵੀ ਖਾਸ ਧਿਆਨ ਦਿਤਾ ਅਤੇ ਵੈਦਕ ਵਿਚ ਨਪੁੰਨਤਾ ਪ੍ਰਾਪਤ ਕੀਤੀ। ਆਪ ਜੀ ਨੇ ਪੰ: ਜੈਮਲ ਸਿੰਘ ਤੇ ਪੰਡਤ ਸਾਧੂ ਸਿੰਘ ਦੀ ਸੰਗਤ ਭੀ ਕੀਤੀ। ਅਖੀਰ ਪਿੰਡ ਮਾਣੂਕੇ ਆ ਕੇ ਗਿਆਨੀ ਦੀ ਕਲਾਸ ਤੇ ਹੋਰ ਉਚ ਵਿਦਿਆ ਗਿ: ਰਾਮ ਸਿੰਘ ਜੀ ਪਾਸੋਂ ਪ੍ਰਾਪਤ ਕਰਾਇਆ।

ਉਪਕਾਰ:— ਆਪ ਜੀ ਨੇ ਆਪਨੀ ਪਹਿਲੀ ਰਹਾਇਸ਼ ਘੋਲੀਏ ਰਖੀ ਤੇ ਸੁੰਦਰ ਗੁਰ ਅਸਥਾਨ ਬਣਵਾਇਆ, ਫਿਰ ਆਪ ਜੀ ਮੋਗੇ ਆ ਗਏ ਤੇ ਅਨੰਦ ਭਵਨ ਨਾਮ ਦਾ ਗੁਰਦੁਆਰਾ ਤਿਆਰ ਕੀਤਾ।

ਅਕਾਲੀ ਲਹਿਰ, ਗੁਰੂ ਕੇ ਬਾਗ ਵਿੱਚ ਪੰਥ ਨਾਲ ਰਲਕੇ ਬਹੁਤ ਹੱਥ ਵਟਾਇਆ। ਆਪ ਜੀ ਨੇ ਇਲਾਕੇ ਵਿੱਚ ਕਥਾ ਉਪਦੇਸ਼ ਕਰਕੇ ਗੁਰਮਤਿ ਦਾ ਪ੍ਰਚਾਰ ਕੀਤਾ, ਅਨੇਕਾਂ ਆਦਮੀਆਂ ਨੂੰ ਵੈਦਕ ਸਖਾਈ।

ਆਪ ਸ੍ਰੀ ਅੰਮ੍ਰਿਤਸਰ ਸ੍ਰੁੱਧਾ ਸਰ ਤਾਲ ਦੀ ਕਾਰ ਸੇਵਾ ਵੇਲੇ ਪੰਥ ਵਲੋਂ ਟੱਪਾ ਲੈਣ ਵਾਲੇ ਪੰਜਾਂ ਪਿਆਰਿਆਂ ਵਿਚ ਸ਼ਾਮਲ ਸਨ। ਆਪ ਜੀ ਪਹਿਲੋਂ ਤੋਂ ਹੀ ਸਾਧੂ ਸਮਾਜ ਵਿਚ ਪੂਰਨ ਸਿਖ ਕਹੇ ਜਾਂਦੇ ਸਨ, ਜੋ ਅੰਤ ਤਕ ਸਿੰਘ ਸਭਾ ਦੇ ਦੀਵਾਨਾ ਵਿਚ ਨਿਰੋਲ ਗੁਰਮਤ ਦਾ ਪ੍ਰਚਾਰ ਕਰਦੇ ਰਹੇ। ਅਤੇ ਆਪ ਜੀ ਤੋਂ ਵਰੋਸਾਇ ਗੁਰਮੁਖ ਸੰਤ ਇੰਦ੍ਰ ਸਿੰਘ ਮਾਣੂਕੇ, ਸੰਤ ਹਰਚੰਦ ਸਿੰਘ ਘੋਲਆ, ਸੰਤ ਸਰਵਣਸਿੰਘ ਮੋਗਾ, ਭਾਈ ਜੈ ਸਿੰਘ ਮਾੜੀ ਮੁਸਥਫਾ, ਸੰਤ ਬਚਨ ਸਿੰਘ ਫੂਲੇਵਾਲ।

ਸੁਭਾ:— ਆਪ ਦਾ ਸਭਾ ਬੜਾ ਮਲਾਪੜਾ ਸੀ, ਬੋਲ ਵਿੱਚ ਬੜੀ ਮਿਠਾਸ ਅਤੇ ਖਿਚ ਸੀ। ਦਿਲ ਦੇ ਉਦਾਰ ਅਤੇ ਦਿਆਲੂ ਸਨ। ਆਪ ਜੀ ਸਿਖ ਕੌਮ ਦੇ ਅਮੋਲ ਰਤਨ ਸਨ।

ਅੰਤ:— ਪਿਛਲੀ ਆਯੂ ਵਿੱਚ ਆਪ ਨੂੰ ਕਈ ਬਿਮਾਰੀਆਂ ਨੇ ਘੇਰ ਲਿਆ ਤੇ ਸਾਲ ਭਰ ਬਿਮਾਰ ਰਹਿਕੇ ਉਸ ਅਕਾਲ ਪੁਰਖ ਦੇ ਭਾਣੇ ਵਿੱਚ ੩ ਜੁਲਾਈ ੧੯੩੬ ਨੂੰ ਅੰਮ੍ਰਿਤ ਵੇਲੇ ਅਨੰਦ ਭਵਨ ਮੋਗਾ ਵਿੱਚ ਗੁਰਪੁਰੀ ਸੁਧਾਰ ਗਏ।

॥ ਗੁਰ ਕਿਰਪਾ ਸਤਿਸੰਗ ਮਿਲੰਦੇ ॥

## ਸੰਤ ਗਿਆਨੀ ਗੁਰਬਚਨ ਸਿੰਘ ਜੀ ਅਖਾੜਾ

ਗੁਰਮੁਖ ਪਿਆਰੇ, ਨਾਮ ਅਭਿਆਸੀ, ਵਿਦਿਆ ਭੂਸ਼ਨ, ਪਰਉਪਕਾਰੀ ਸ੍ਰੀਮਾਨ ਗਿਆਨੀ ਗੁਰਬਚਨ ਸਿੰਘ ਜੀ ਵਰਤਮਾਨ ਸਮੇਂ ਦੇ ਉਨ੍ਹਾਂ ਮਹਾਂ ਪੁਰਸ਼ਾਂ ਵਿਚੋਂ ਹਨ, ਕਿ ਜਿਨ੍ਹਾਂ ਦੀ ਉਚ ਸ਼ਖਸੀਅਤ ਤੇ ਆਮ ਕਰਕੇ ਸਾਰੇ ਖਾਲਸਾ ਪੰਥ ਨੂੰ ਅਤੇ ਖਾਸ ਕਰਕੇ ਮਾਲਵੇ ਦੇਸ਼ ਨੂੰ ਖ਼ਾਸ ਮਾਣ ਪ੍ਰਾਪਤ ਹੈ। ਆਪ ਦੀ ਜਿੰਨੀ ਵੀ ਮਹਿਮਾਂ ਲਿਖੀ ਜਾਵੇ ਥੋੜ੍ਹੀ ਹੈ।

Digitized by Panjab Digital Library | www.panjabdigilib.org

ਜਨਮ:—ਆਪ ਜੀ ਦਾ ਜਨਮ ਸ: ਰੂੜ ਸਿੰਘ ਦੇ ਘਰ ਪਿੰਡ ਆਖਾੜਾ, ਤਹਿਸੀਲ ਜਗਰਾਉਂ, ਜ਼ਿਲਾ ਲੁਧਿਆਣਾ ਵਿਖੇ ੧ ਫਗਣ ਸੰਮਤ ੧੯੫੯ ਬਿਕਰਮੀ ਨੂੰ ਹੋਇਆ।

ਬਚਪਨ:—ਆਪ ਜੀ ਦਾ ਬਚਪਨ ਆਪਣੇ ਮਾਪਿਆਂ ਦੀ ਗੋਦ ਵਿਚ ਬੜੇ ਚਾਅ ਮਲ੍ਹਾਰਾਂ ਨਾਲ ਲੰਘਿਆ। ਆਪ ਜੀ ਬਚਪਨ ਵਿਚ ਹੀ ਹੁੰਦੜ ਹੇਲ ਸਨ।

ਵਿਦਿਆ:—ਛੋਟੀ ਉਮਰ ਵਿਚ ਹੀ ਆਪ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠੀ ਬਣ ਗਏ, ਅਤੇ ਭਾਸ਼ਾ ਦੇ ਕਈ ਗ੍ਰੰਥ ਵਿਚਾਰ ਸਾਗਰ ਆਦਿ ਪੜ੍ਹਕੇ ਸ੍ਰੀ ਨਾਨਕ ਪ੍ਰਕਾਸ਼ ਤੇ ਗੁਰ ਪ੍ਰਤਾਪ ਸੂਰਜ ਦੀ ਕਥਾ ਕਰਨੀ ਸਿੱਖੀ।

ਅਨੰਦ ਕਾਰਜ:—ਲੱਗ ਪੱਗ ੧੭ ਸਾਲ ਦੀ ਆਯੂ ਵਿਚ ਆਪ ਜੀ ਦਾ ਅਨੰਦ ਕਾਰਜ ਪਿੰਡ ਰਾਜੋਆਣੇ ਹੋ ਗਿਆ ਅਤੇ ਆਪ ਜੀ ਘਰੋਗੀ ਜ਼ਿਮੀਦਾਰਾ ਕਰਨ ਲਗ ਪਏ।

ਸੰਤਾਨ:—ਆਪ ਜੀ ਦੇ ਦੋ ਸਪੁਤਰ ਭਾ: ਕਰਤਾਰ ਸਿੰਘ ਅਤੇ ਭਾ: ਭਗਵਾਨ ਸਿੰਘ ਹਨ।

ਸੰਗਤ:—੧੯੨੦ ਵਿਚ ਸਿੰਘ ਸਭਾ ਨਗਰ ਆਖਾੜਾ ਵਿਖੇ ਬੜਾ ਭਾਰੀ ਧਾਰਮਿਕ ਦੀਵਾਨ ਸਜਿਆ। ਜਿਸ ਪਰ ਬਹੁਤ ਸਾਰੇ ਪੰਥਕ ਵਿਦਵਾਨ ਪੁਜੇ ਹੋਏ ਸਨ, ਉਨ੍ਹਾਂ ਵਿਚ ਗਿਆਨੀ ਸੁੰਦਰ ਸਿੰਘ ਜੀ ਵੀ ਆਖਾੜੇ ਗਏ ਅਤੇ ਉਨ੍ਹਾਂ ਨੇ ਆਸਾ ਜੀ ਦੀ ਵਾਰ ਦੇ ਕੀਰਤਨ ਤੋਂ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਕੀਤੀ, ਜਿਸ ਦਾ ਆਪ ਤੇ ਬਹੁਤ ਅਸਰ ਹੋਇਆ। ੧੯੨੧ ਵਿਚ ਆਪ ਜੀ ਪਿਤਾ ਤੋਂ ਆਗਿਆ ਲੈ ਕੇ ਗਿਆਨੀ ਸੁੰਦਰ ਸਿੰਘ ਜੀ ਪਾਸ ਆ ਗਏ। ਆਪ ਜੀ ਨੂੰ ਉਨ੍ਹਾਂ ਦੀ ਸੰਗਤ ਦੀ ਬਹੁਤ ਲਗਨ ਲੱਗੀ ਤੇ ਆਪ ਜੀ ਉਸ ਦਿਨ ਤੋਂ ਹੀ ਨਾਮ ਬਾਣੀ ਦਾ ਅਭਿਆਸ ਕਰਨ ਲੱਗੇ, ਅਤੇ ਗਿਆਨੀ ਜੀ ਦੇ ਪ੍ਰਮ ਪ੍ਰੇਮੀ ਤੇ ਸ਼ਰਧਾਲੂ ਸੇਵਕ ਬਣ ਗਏ ਅਤੇ ਉਨ੍ਹਾਂ ਦੇ ਨਾਲ ਹੀ ਦੇਸ਼ ਰਟਨ ਕਰਨ ਲਗੇ, ਉਨ੍ਹਾਂ ਪਾਸੋਂ ਗੁਰੂ ਗ੍ਰੰਥ ਸਾਹਿਬ ਦੀ ਕਥਾ ਉਪਦੇਸ਼ ਸਿਖਿਆ।

ਉਪਕਾਰ:—੧੯੩੦ ਵਿਚ ਗਿਆਨੀ ਸੁੰਦਰ ਸਿੰਘ ਅਕਾਲ ਚਲਾਣਾ ਕਰ ਗਏ ਤੇ ਆਪ ਜੀ ਨੇ ਉਨ੍ਹਾਂ ਦੀ ਵਿਦਿਆ ਪਨਾਲੀ ਨੂੰ ਚਲਾਉਣ ਦਾ ਜ਼ੁਮਾ ਆਪਣੇ ਸਿਰ ਲਿਆ। ਜਿਸ ਨੂੰ ਆਪ ਉਸ ਦਿਨ ਤੋਂ ਹੀ ਬੜੇ ਉਤਸ਼ਾਹ, ਪ੍ਰੇਮ ਅਤੇ ਚਾਅ ਨਾਲ ਪੂਰਾ ਕਰ ਰਹੇ ਹਨ। ਆਪ ਨਾਲ ਵਿਦਿਆ ਪ੍ਰਾਪਤੀ ਵਾਸਤੇ ਮਾਝੇ, ਮਾਲਵੇ ਅਤੇ ਪੋਠੋਹਾਰ ਆਦਿ ਦੇ ੬੦ ਵਿਦਿਆਰਥੀ ਸਦਾ ਰਹਿੰਦੇ ਹਨ। ਆਪ ਜੀ ਸਦਾ ਚਕਰਵਰਤੀ ਰਹਿੰਦੇ ਹਨ। ਆਪ ਜੀ ਨੇ ਬਹੁਤ ਸਿੰਘਾਂ ਨੂੰ ਗਿਆਨੀ ਤੇ ਗੁਰਬਾਣੀ ਦੇ ਪਾਠੀ ਬਣਾਇਆ।

ਸੁਭਾ:—ਆਪ ਜੀ ਦਾ ਸੁਭਾ ਬੜਾ ਨਰਮ, ਪ੍ਰੇਮ ਰਸ ਤੇ ਮਿਲਾਪੜਾ ਹੈ। ਆਪ ਜੀ ਅਠੇ ਪਹਿਰ ਨਾਮ ਖੁਮਾਰੀ ਵਿਚ ਮਸਤ ਰਹਿੰਦੇ ਹਨ। ਆਪ ਦੀ ਕਥਾ ਵਿਚ ਬਹੁਤ ਰਸ ਹੈ, ਆਪ ਜੀ ਗੁਰਬਾਣੀ ਦੇ ਗੂੜ੍ਹੇ ਗਿਆਨੀ ਹਨ। ਆਪ ਪੂਰਨ ਗ੍ਰਿਹਸਤੀ ਹੁੰਦੇ ਹੋਏ ਵੀ ਇਸ ਮਹਾਂ ਵਾਕ ਨੂੰ ਸਫਲਾ ਕਰ ਰਹੇ ਹਨ:—

"ਵਿਚੇ ਗ੍ਰਿਹਸਤ ਰਹੇ ਉਦਾਸੀ, ਜਿਉਂ ਕੰਵਲ ਰਹੇ ਵਿਚ ਪਾਣੀ ਹੈ"

ਆਪ ਜੀ ਭਾਵੇਂ ਚੱਕਰਵਰਤੀ ਰਹਿੰਦੇ ਹਨ ਪਰ ਆਪ ਜੀ ਗੁਰਦੁਆਰਾ ਅਖੰਡ ਪ੍ਰਕਾਸ਼ ਪਿੰਡ ਭਿੰਡਰ ਦੇ ਜ਼ੱਥੇਦਾਰ ਵੀ ਹਨ।

Digitized by Panjab Digital Library | www.panjabdigilib.org

ਗਿਆਨੀ ਗੁਰਬਚਨ ਸਿੰਘ ਜੀ ਦੇ ਖਾਨਦਾਨ ਦਾ ਸ਼ਜਰਾ ਇਸ ਪ੍ਰਕਾਰ ਹੈ। ਆਪ ਜੀ ਨੂੰ ਗੁਰੂ ਦਸਮੇਸ਼ ਪਿਤਾ ਜੀ ਦੇ ਦਰ ਤੋਂ ਵਰਸੋਏ ਹੋਏ ਖਾਨਦਾਨ ਵਿਚ ਜਨਮ ਲੈਣ ਦਾ ਸੁਭਾਗ ਪ੍ਰਾਪਤ ਹੋਇਆ।

ਮੁਹੱਬਤ ਸਿੰਘ
|
ਅਕਾਲ ਸਿੰਘ
|
ਨਬੂਆ ਸਿੰਘ
|
ਮਾਨ ਸਿੰਘ
|
ਰਾਗੀ ਕਾਹਨ ਸਿੰਘ — ਭਾਈ ਰੂੜ ਸਿੰਘ

ਭਾਈ ਰੂੜ ਸਿੰਘ:
ਭਾਈ ਹਜ਼ਾਰਾ ਸਿੰਘ (ਸਾਬਕ ਗਰੰਥੀ ਸ੍ਰੀ ਅਕਾਲ ਤਖਤ ਸਾਹਿਬ) — ਗਿਆਨੀ ਗੁਰਬਚਨ ਸਿੰਘ (ਜਨਮ ੧ ਫਗਣ ੧੯੫੯ ਬਿ:)

ਗਿਆਨੀ ਗੁਰਬਚਨ ਸਿੰਘ:
ਭਾ: ਕਰਤਾਰ ਸਿੰਘ — ਭ: ਭਗਵਾਨ ਸਿੰਘ

## ਸੰਤ ਗੁਲਾਬ ਸਿੰਘ ਜੀ (ਮਲਾਇਆ ਵਾਲੇ)

ਜਨਮ:—ਆਪ ਦਾ ਜਨਮ ਨਗਰ ਲੰਡਿਆਣਾ, ਤਹਿਸੀਲ ਮੋਗਾ ਜ਼ਿਲਾ ਫੀਰੋਜ਼ ਪੁਰ ਹੈ।

ਪ੍ਰਦੇਸ਼ ਗਮਨ:— ਪ੍ਰਉਪਕਾਰੀ ਸੰਤ ਗੁਲਾਬ ਸਿੰਘ ਜੀ ਦੇ ਵਡੇ ਭਾਈ, ਸ: ਵਰਿਆਮ ਸਿੰਘ ਜੀ ਤੈਪਿੰਗ ਗਾਈਡ ਦੇ ਪੈਨਸ਼ਨਰ ਸਨ, ਜਿਨਾਂ ਦੀ ਪ੍ਰੇਰਨਾ ਨਾਲ ਭਾਈ ਗੁਲਾਬ ਸਿੰਘ ਵੀ ਤੈਪਿੰਗ ਗਾਈਡ ਵਿਚ ਭਰਤੀ ਹੋ ਗਏ। ਆਪ ਜੀ ਦਾ ਸੁਭਾ ਅਤੇ ਗੁਰਸਿਖਾਂ ਵਾਲੀ ਰਹਿਣੀ ਬਹਿਣੀ ਵੇਖ ਕੇ ਗਾਈਡ ਵਿੱਚ ਗ੍ਰੰਥੀ ਸਿੰਘ ਦੀ ਸੇਵਾ ਸੰਭਾਲੀ ਗਈ। ਜਿਸ ਨੂੰ ਆਪ ਜੀ ਨੇ ਪੰਦਰਾਂ ਸਾਲ ਬੜੀ ਯੋਗਤਾ ਨਾਲ ਨਿਭਾਇਆ। ਉਪ੍ਰੰਤ ਆਪ ਜੀ ਨੂੰ ਗਾਈਡ ਵਿਚੋਂ ਪੈਨਸ਼ਨ ਹੋ ਗਈ ਤੇ ਘਰ ਨੂੰ ਮੁੜਨ ਦੀ ਤਿਆਰੀ ਕੀਤੀ।

ਕੰਮ:—ਆਪ ਜੀ ਤਰਨੋ ਮਾਈਨ ਦੀ ਸੰਗਤ ਦੀ ਬੇਨਤੀ ਨੂੰ ਮੰਨ ਕੇ ਉਥੋਂ ਦੇ ਗੁਰਦੁਆਰੇ ਵਿੱਚ ਗ੍ਰੰਥੀ ਰਹਿ ਪਏ।

੧੯੧੪,੧੫ ਦੀ ਲੜਾਈ ਦੇ ਵੇਲੇ ਗ੍ਰੰਥੀ ਪਿਆਰਾ ਸਿੰਘ ਜੀ ਬੇੜੇ ਦੇ ਨਾਲ ਅਦਨ ਨੂੰ ਚਲੇ ਗਏ। ਬੇੜੇ ਦਾ ਬੇਅੰਤ ਅਸਬਾਬ ਗੁਰਦੁਆਰੇ ਵਿੱਚ ਹੋਣ ਦੇ ਕਾਰਣ ਤੈਪਿੰਗ ਦੀ ਸੰਗਤ ਨੇ

Digitized by Panjab Digital Library | www.panjabdigilib.org

ਭਾਈ ਗੁਲਾਬ ਸਿੰਘ ਜੀ ਨੂੰ ਫੇਰ ਤੇਪਿੰਗ ਮੰਗਵਾਉਣ ਵਾਸਤੇ, ਕਮਾਂਡਰ ਸਾਹਿਬ ਨੂੰ ਜ਼ੋਰਦਾਰ ਤਾਰ ਭੇਜੀ ਤੇ ਖੁਦ ਵੀ ਹਾਜ਼ਰ ਹੋਕੇ ਬੇਨਤੀ ਕੀਤੀ। ਇਸ ਲਈ ਸੰਤ ਗੁਲਾਬ ਸਿੰਘ ਜੀ ਮੁੜ ਤੇਪਿੰਗ ਆ ਗਏ ਅਤੇ ਆਪਣੀ ਆਯੂ ਦੇ ਅੰਤ ਤੱਕ ਏਥੇ ਹੀ ਗੁਰਦੁਆਰੇ ਦੀ ਸੇਵਾ ਕਰਦੇ ਰਹੇ।

ਸ੍ਰੀ ਮਾਨ ਸੰਤ ਜੀ ਦਾ ਸਭ ਤੋਂ ਵਡਾ ਉਪਕਾਰ ਇਹ ਸੀ, ਕਿ ਭਾਈ ਹਰਦਿਤ ਸਿੰਘ ਜੀ ਪਿੰਡ ਲੋਹਗੜ, ਥਾਣਾ ਧਰਮ ਕੋਟ, ਤਹਿਸੀਲ ਮੋਗਾ, ਫੀਰੋਜ਼ਪੁਰ ਦੇ ਰਹਿਣ ਵਾਲਾ ਆਪਣੇ ਪ੍ਰਵਾਰ ਨੂੰ ਬਿਪਤਾ ਵਿਚ ਛਡ ਕੇ ਅਕਾਲ ਚਲਾਣਾ ਕਰ ਗਿਆ। ਸੰਗਤ ਤੇਪਿੰਗ ਦੇ ਕਹਿਣ ਪਰ ਕਿ ਇਨ੍ਹਾਂ ਬਚਿਆਂ ਨੂੰ ਕੋਈ ਸੰਭਾਲੇ ਕਿਸੇ ਦਾ ਹੌਂਸਲਾ ਨਾ ਪਿਆ। ਅਖੀਰ ਸੰਤ ਜੀ ਨੇ ਇਨ੍ਹਾਂ ਤਿੰਨਾਂ ਬਚਿਆਂ (ਇਕ ਲੜਕਾ ਦੋ ਬੀਬੀਆਂ) ਨੂੰ ਪਾਲਿਆ ਤੇ ਵਿਦਿਆ ਵਿੱਚ ਪ੍ਰਬੀਨ ਕਰਕੇ, ਲੜਕੇ ਅਤੇ ਲੜਕੀਆਂ ਨੂੰ ਯੋਗ ਥਾਂ ਭਾਲ ਕੇ ਸ਼ਾਦੀਆਂ ਕਰ ਦਿੱਤੀਆਂ।

ਸਿੰਘਾ ਪੁਰ ਵਿਖੇ ੧੯੧੫ ਦੀ ਗੜ ਬੜ ਨੂੰ ਸੰਭਾਲਣਾ ਤੇ ਸ਼ਾਂਤੀ ਵਰਤਾਉਣੀ, ਆਪ ਦੀ ਕਰਾਮਾਤ ਸੀ। ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ, ਜੇ ਸੰਤ ਜੀ ਇਹ ਮੌਕਾ ਨਾ ਸੰਭਾਲਦੇ ਤਾਂ ਮਲਾਇਆ ਵਿੱਚ ਜੋ ਸਿਖਾਂ ਦੀ ਅਜ ਸ਼ਾਨ ਹੈ, ਕਦੇ ਵੀ ਦੇਖਣ ਵਿਚ ਨਾ ਆਉਂਦੀ।

ਸੰਤ ਗੁਲਾਬ ਸਿੰਘ ਜੀ ਦੀ ਉਚੀ ਤੇ ਸੁਚੀ ਸੰਗਤ ਨੇ ਹੋਰ ਵੀ ਅਨੇਕਾਂ ਵੀਰਾਂ ਨੂੰ ਨਾਮ ਬਾਣੀ ਦੀ ਚੇਟਕ ਲਾਈ।

ਭਾਈ ਇੰਦਰ ਸਿੰਘ ਜੀ ਰੌਂਤਾ ਗ੍ਰੰਥੀ ਗੁਰਦੁਆਰ ਪੋਲੀਸ ਈਪੂ, ਭਾਈ ਨਿੱਕਾ ਸਿੰਘ ਜੀ ਤੇ ਭਾਈ ਜਵੰਦ ਸਿੰਘ ਜੀ ਆਦਿ, ਸਜਣ ਆਪ ਜੀ ਦੀ ਮਨੋਹਰ ਸਿਖਿਆ ਦਾ ਸਦਕਾ ਹੀ ਗੁਰਦੁਆਰਾ ਦੇ ਅਨਿਨ ਸ਼ਰਧਾਲੂ ਬਣੇ।

ਆਪ ਜੀ ਨੂੰ ਕਈਆਂ ਬਮਾਰੀਆਂ ਨੇ ਭਾਵੇਂ ਘੇਰ ਰਖਿਆ ਸੀ। ਪਰ ਆਪ ਜੀ ਨੇ ਆਪਣੇ ਨਿਤਨੇਮ ਵਿੱਚ ਕਦੇ ਵੀ ਫਰਕ ਨਾ ਪੈਣ ਦਿਤਾ। ਆਪ ਦਾ ਸਭਾ ਬੜਾ ਮਿਲਾਪੜਾ ਸੀ ਅਤੇ ਸਦਾ ਹੀ ਗੁਲਾਬ ਦੇ ਫੁਲ ਵਾਂਗ ਖਿੜੇ ਰਹਿੰਦੇ ਸਨ।

ਅੰਤ:— ਆਪ ਜੀ ੫੫ ਸਾਲ ਦੀ ਆਯੂ ਨੂੰ ਭੋਗਦੇ ਹੋਏ ੨੬ ਅਪਰੈਲ ੧੯੩੨ ਈਸਵੀ ਨੂੰ ਇਸ ਅਸਾਰ ਸੰਸਾਰ ਵਿੱਚੋਂ ਕੂਚ ਕਰ ਗਏ।

## ਸੰਤ ਗੁਰਦਿਆਲ ਸਿੰਘ ਜੀ ਮੁਕਤਸਰ

ਜਨਮ:— ਕੌਮੀ ਪ੍ਰਵਾਨੇ, ਪ੍ਰਉਪਕਾਰੀ ਪੰਥ ਰਤਨ ਸ੍ਰੀ ਮਾਨ ਸੰਤ ਗੁਰਦਿਆਲ ਸਿੰਘ ਜੀ ਭਾਈ ਸਾਹਿਬ ਭਾਈ ਹੀਰਾ ਸਿੰਘ ਦੇ ਘਰ, ਮਾਤਾ ਪੰਜਾਬ ਕੌਰ ਦੀ ਸੁਭਾਗੀ ਕੁਖੋਂ ਪਿੰਡ ਬੇਹੜੀ ਜ਼ਿਲਾ ਫੀਰੋਜ਼ ਪੁਰ ਵਿਖੇ ੧੮੯੭ ਵਿਚ ਜਨਮ ਲਿਆ। ਆਪ ਜੀ ਸਿੱਖ ਇਤਹਾਸ ਦੇ ਚਮਕਦੇ ਸਤਾਰੇ ਭਾਈ ਭਗਤੂ ਦੀ ਬੰਸ ਵਿੱਚੋਂ ਸਨ।

ਬਚਪਨ ਤੇ ਵਿਦਿਆ:— ਆਪ ਜੀ ਦਾ ਬਚਪਨ ਨਗਰ ਵਿੱਚ ਹੀ ਲੰਘਿਆ ਅਤੇ ਗੁਰਮੁਖੀ ਵਿਦਿਆ ਨਗਰ ਵਿਚ ਹੀ ਪੜ੍ਹੀ। ਆਪ ਨੂੰ ਧਾਰਮਿਕ ਪੁਸਤਕਾਂ ਪੜ੍ਹਨ ਦਾ ਬਹੁਤ ਸ਼ੌਕ ਸੀ। ਆਪ ਦੀ ਸੰਤ ਵਿਰਤੀ ਵੇਖ ਕੇ ਇਲਾਕੇ ਵਿਚ ਆਪ ਨੂੰ ਸੰਤ ਜੀ ਕਹਿਣ ਲੱਗ ਪਏ।

ਉਪਕਾਰ:— ਆਪਣੇ ਨਗਰ ਬੇਹੜੀ ਗੁਰਦੁਆਰਾ ਬਣਵਾਇਆ। ਅਕਾਲੀ ਲਹਿਰ ਦਾ ਪ੍ਰਚਾਰ ਕਰਨ ਬਦਲੇ, ਇਕ ਸਾਲ ਮੁਲਤਾਨ ਜੇਹਲ ਵਿੱਚ ਰਹੇ। ਰਿਹਾ ਹੋਕੇ ਆਏ ਤੇ ਬਾਰਵੇਂ ਸ਼ਹੀਦੀ

Digitized by Panjab Digital Library | www.panjabdigilib.org

ਜਥੇ ਦੀ ਪਿੰਡ ਸਦਕੇ ਸੇਵਾ ਕਰਨ ਦੇ ਬਦਲੇ ਫਿਰ ਛੇ ਮਹੀਨੇ ਜੇਹਲ ਕੱਟੀ, ਜਿਸਦਾ ਸਦਕਾ ਆਪ ਜੀ ਦੀ ਸਿਹਤ ਬਹੁਤ ਵਿਗੜ ਗਈ।

ਅੰਤ:— ਆਪ ਜੀ ੩੦ ਸਾਲ ਦੀ ਜੁਆਨੀ ਵਿੱਚ ਗੁਰਪੁਰੀ ਸੁਧਾਰ ਗਏ। ਆਪ ਤੋਂ ਖਾਲਸਾ ਪੰਥ ਨੂੰ ਬੜੀਆਂ ਆਸਾਂ ਸਨ। ਅਫਸੋਸ ਕਿ ਮੌਤ ਨੇ ਇਕ ਹੋਣ ਹਾਰ ਸੇਵਕ ਕੌਮ ਤੋਂ ਖੋਹ ਲਿਆ।

## ਸੰਤ ਗੁਰਦਿਆਲ ਸਿੰਘ ਜੀ ਗਿ: ਸੇਵਕ

ਆਪ ਰਿਆਸਤ ਨਾਭਾ ਦੇ ਜ਼ਮਪਲ ਹਨ। ਆਪ ਜੀ ਨੂੰ ਛੋਟੀ ਉਮਰ ਤੋਂ ਹੀ ਗੁਰਮਤਿ ਦੀ ਖੋਜ ਕਰਨ ਦਾ ਬਹੁਤ ਸ਼ੌਕ ਸੀ। ਗੁਰਬਾਣੀ ਦੇ ਅਰਥ ਸਮਝਣ ਲਈ ਆਪ ਗਿਆਨੀ ਸੁੰਦਰ ਸਿੰਘ ਭਿੰਡਰਾ ਵਾਲਿਆਂ ਦੀ ਸੰਗਤ ਵਿਚ ਆ ਗਏ। ਕਾਫੀ ਚਿਰ ਇਨ੍ਹਾਂ ਦੀ ਸੰਗਤ ਵਿਚ ਰਹਿਕੇ ਗੁਰਮਤਿ ਪ੍ਰਚਾਰ ਕਰਦੇ ਰਹੇ। ਅਜ ਕਲ ਆਪ ਜੀ ਨਗਰ ਬੋਪਾ ਰਾਇ ਵਿਖੇ ਗੁਰਦੁਆਰੇ ਦੇ ਮੁਖੀ ਪ੍ਰਬੰਧਕ ਹਨ। ਸ੍ਰੋ: ਗੁ: ਪ੍ਰ: ਕਮੇਟੀ ਦੇ ਮੈਂਬਰ ਭੀ ਰਹਿ ਚੁਕੇ ਹਨ।

ਅਕਾਲੀ ਮੋਰਚਿਆਂ ਵੇਲੇ ਆਪ ਜੀ ਦੀ ਸੇਹਤ ਵਿਚ ਜੋ ਨੁਕਸ ਪੈਗਿਆ ਉਹ ਹੁਣ ਤਕ ਦੂਰ ਨਹੀਂ ਹੋ ਸਕਿਆ। ਪਰ ਇਤਨੀ ਤਕਲੀਫ ਦੇ ਹੁੰਦਿਆਂ ਹੋਇਆਂ ਭੀ ਵਿਦਿਆਰਥੀਆਂ ਨੂੰ ਨਿਤਾਂ ਪ੍ਰਤੀ ਪ੍ਰੋਗਰਾਮ ਅਨੁਸਾਰ ਵਿਦਿਆ ਦਾਨ ਕਰਦੇ ਰਹਿੰਦੇ ਹਨ। ਆਪ ਧਰਮ ਤੇ ਸਿਆਸਤ ਵਿੱਚ ਨਪੁੰਨ ਹੋਣ ਕਰਕੇ ਮਹਾਨ ਕਾਰਜਾਂ ਵਿੱਚ ਆਪ ਜੀ ਦਾ ਸਲਾਹ ਮਸ਼ਵਰਾ ਲਿਆ ਜਾਂਦਾ ਹੈ।

## ਸੰਤ ਗੁਲਾਬ ਸਿੰਘ ਜੀ ਮਸਤੂਆਣਾ

ਪੈਦਾਇਸ਼:— ਆਪ ਦਾ ਜਨਮ ਸਰਦਾਰ ਜੈ ਸਿੰਘ ਦੇ ਘਰ ਮਾਤਾ ਰਾਮ ਕੌਰ ਦੀ ਕੁਖੋਂ ਪਿੰਡ ਕਾਂਝਲਾ ਵਿਖੇ ੧੯੨੬ ਬਿ: ਨੂੰ ਹੋਇਆ।

ਬਾਲਪਣ:— ਆਪ ਦੀ ਬਾਲ ਅਵਸਥਾ ਪਿੰਡ ਵਿਚ ਹੀ ਲੰਘੀ, ਕੁਝ ਵਡੇ ਹੋਣ ਪਰ ਸ੍ਰੀ ਮਾਨ ਸੰਤ ਜਗਤ ਸਿੰਘ ਜੀ ਪਾਸ ਆ ਗਏ। ਜਿਥੋਂ ਆਪ ਨੂੰ ਨਾਮ ਸਿਮਰਨ ਦੀ ਲਗਨ ਲੱਗੀ।

ਉਪਰਾਮਤਾ:— ਪ੍ਰਮਾਰਥ ਦੀ ਖੋਜ ਤੀਬਰ ਹੋਣ ਪਰ ਆਪ ਸੰਤ ਅਤਰ ਸਿੰਘ ਜੀ ਦੀ ਸ਼ਰਨ ਵਿਚ ਆ ਗਏ ਅਤੇ ਨਾਮ ਸਿਮਰਨ ਅਤੇ ਗੁਰੂ ਕੀਰਤਨ ਵਿੱਚ ਜੀਵਨ ਸਫਲ ਕਰਨ ਲੱਗੇ।

ਜੁਮੇਵਾਰੀ:— ਸੰਤ ਅਤਰ ਸਿੰਘ ਜੀ ਦੇ ਅਕਾਲ ਚਲਾਣੇ ਪਿੱਛੋਂ ਆਪ ਬਿਹੰਗਮ ਸੰਤਾਂ ਦੀ ਅਗਵਾਈ ਕਰਦੇ ਰਹੇ।

ਯਾਦਗਾਰ— ਮਸਤੂਆਣੇ ਸ੍ਰੀ ਸੰਤ ਅਤਰ ਸਿੰਘ ਜੀ ਦੀ ਯਾਦ ਵਿੱਚ ਅੰਗੀਠਾ ਸਾਹਿਬ ਦੀ ਸੁੰਦਰ ਇਮਾਰਤ ਬਣਵਾਈ।

ਸ਼ਾਹੀ ਘਰਾਣਿਆਂ ਵਿੱਚ ਆਪ ਦਾ ਕਾਫੀ ਸਤਿਕਾਰ ਸੀ। ਏਸੇ ਲਪੇਟ ਵਿਚ ਆਕੇ ਗੁਰੂ ਪੰਥ ਦੀ ਇਮਾਨਤ ਬੁੰਗਾ ਮਸਤੂਆਣਾ ਸਰਕਾਰ ਪਟਿਆਲਾ ਦੇ ਹੱਕ ਵਿਚ ਲਿਖਾ ਗਏ। ਗੁਰਸਿੱਖ ਸੰਤ ਬੜਾ ਅਫਸੋਸ ਕਰਦੇ ਹਨ।

Digitized by Panjab Digital Library | www.panjabdigilib.org

# ਸੰਤ ਗੁਲਜਾਰਾ ਸਿੰਘ ਜੀ

ਆਪ ਜੀ ਨਿਰਮਲ ਸੰਪਰਦਾ ਦੇ (ਲੋਪੋਬਲਾਜਾ) ਰਿਆਸਤ ਪਟਿਆਲਾ ਦੀ ਧਰਮ ਸਾਲਾ ਦੇ ਮਹੰਤ ਸਨ।

ਯੋਗਤਾ:— ਆਪ ਜੀ ਬਹੁਤ ਨੇਕ ਅਤੇ ਉਚ 'ਅਚਰਨ ਦੇ ਮਾਲਿਕ ਹਨ। ਆਪ ਜੀ, ਦੀ ਯੋਗਤਾ ਦੇਖ ਕੇ ਹੀ ਆਪ ਜੀ ਨੂੰ ਗੁ: ਫ਼ਤਹ ਗੜ੍ਹ ਸਾਹਿਬ ਦੀ ਮਹੰਤੀ ਦਿਤੀ ਗਈ ਹੈ।

ਉਪਕਾਰ:— ਆਪ ਨੇ ਗੁਰਦੁਆਰੇ ਦੀ ਸੁੰਦਰ ਇਮਾਰਤ ਬਣਵਾਈ। ਗੁਰਦੁਆਰੇ ਅੰਦਰ ਸੰਗਤਾਂ ਲਈ ਲੰਗਰ ਅਠੇ ਪਹਿਰ ਜਾਰੀ ਰਖਦੇ ਹਨ।

ਸਤ ਸੰਗਤ:— ਅੰਮ੍ਰਿਤਵੇਲੇ ਅਤੇ ਸ਼ਾਮ ਵੇਲੇ ਸਤਿ ਸੰਗਤ ਲਈ ਦੀਵਾਨ ਸਜਾਂਦੇ ਹਨ। ਗ੍ਰੰਥੀ ਸਿੰਘ ਤੇ ਰਾਗੀ ਸਿੰਘ ਰਖੇ ਹੋਏ ਹਨ। ਆਪ ਜੀ ਨੂੰ ਗੁਰਮਤਿ ਪ੍ਰਚਾਰ ਦਾ ਬਹੁਤਾ ਸ਼ੌਕ ਹੈ। ਦਵਾਈ ਬੂਟੀ ਦੀ ਸੇਵਾ ਵੀ ਕਰਦੇ ਹਨ।

# ਸੰਤ ਗੱਜਾ ਸਿੰਘ ਜੀ ਗੁਰੂ ਸਰ

ਸ੍ਰੀਮਾਨ ਸੰਤ ਗੱਜਾ ਸਿੰਘ ਜੀ ਗੁ: ਸਾ: ਗੁਰੂ ਸਰ ਦੇ ਮਹੰਤ ਸਨ। ਆਪ ਜੀ ਆਪਣੇ ਸਮੇ ਦੇ ਰਾਗ ਵਿਦਿਆ ਦੇ ਗੰਧਰਵ ਸਨ, ਆਪ ਨੇ ਕਈਆਂ ਨੂੰ ਰਾਗ ਵਿਦਿਆ ਸਿਖਾਈ।

ਮਹਾਰਾਜਾ ਰਾਜਿੰਦਰ ਸਿੰਘ ਪਟਿਆਲਾ ਆਪ ਪਾਸੋਂ ਰਾਗ ਸਣਿਆ ਕਰਦੇ ਤੇ ਆਪ ਦੇ ਰਾਗ ਤੇ ਬਹੁਤ ਪ੍ਰਸੰਨ ਹੁੰਦੇ।

ਆਪ ਰਾਗ ਵਿਦਿਆ ਵਿਚ ਬਹੁਤ ਪ੍ਰਬੀਨ ਸਨ, ਹਰ ਪ੍ਰਕਾਰ ਦੇ ਸਾਜਾਂ ਨੂੰ ਵਜਾਉਣ ਵਿਚ ਆਪ ਦੇ ਤੁਲ ਹੋਰ ਕੋਈ ਸਿੰਘ ਨਹੀਂ ਸੀ। ਆਪ ਨੇ ਅਨੇਕਾਂ ਰਾਗੀ ਪੈਦਾ ਕੀਤੇ।

ਨੋਟ:—ਏਸ ਗੁਰ ਅਸਥਾਨ ਵਾਲੀ ਜਗ੍ਹਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਾਲੇ ਅਤੇ ਫੂਲ ਨੂੰ ਰਾਜ ਭਾਗ ਦੀ ਬਖਸ਼ਿਸ਼ ਕੀਤੀ ਹੈ।

# ਸੰਤ ਗੁਰਬਖਸ਼ ਸਿੰਘ ਜੀ ਘੋਲੀਆ

ਜਨਮ:—ਆਪ ਜੀ ਦਾ ਜਨਮ ਸ: ਕਾਲਾ ਸਿੰਘ ਦੇ ਘਰ ਮਾਤਾ ਜੀਵਨ ਕੌਰ ਦੇ ਉਦਰ ਤੋਂ ਸ਼ਹਿਰ ਨਾਭਾ ਵਿਖੇ ੧੯੫੨ ਬਿਕਰਮੀ ਨੂੰ ਹੋਇਆ।

ਵਿਦਿਆ:—ਆਪ ਜੀ ਦੇ ਪਿਤਾ ਚੰਗੇ ਵਿਦਵਾਨ, ਬਾਣੀ ਦੇ ਰਸੀਏ ਤੇ ਗੁਰਮਤਿ ਦੇ ਚੰਗੇ ਖੋਜੀ ਸਨ, ਜਿਨ੍ਹਾਂ ਤੋਂ ਪ੍ਰਭਾਵਤ ਹੋ ਕੇ ਆਪ ਜੀ ਨੂੰ ਪ੍ਰਮਾਰਥ ਵਿਦਿਆ ਦੀ ਲਗਨ ਲੱਗੀ। ਸ: ਬ: ਸ: ਕਾਹਨ ਸਿੰਘ ਦੇ ਬਜ਼ੁਰਗ ਪਿਤਾ ਨਾਲ ਸੰਤ ਗੁਲਾਬ ਸਿੰਘ ਜੀ ਘੋਲੀਏ ਪਾਸ ਜਾਇਆ ਕਰਦੇ ਸਨ। ਉਨ੍ਹਾਂ ਦੀ ਰਾਹੀਂ ਆਪ ਜੀ ਨੂੰ ਸ੍ਰੀਮਾਨ ਸੰਤ ਗੁਲਾਬ ਸਿੰਘ ਦੀ ਸੇਵਾ ਵਿਚ ਆਉਣ ਦਾ ਅਵੱਸਰ ਮਿਲਿਆ। ਆਪ ਜੀ ਨੇ ਸੰਤ ਜੀ ਤੋਂ ਜਿਥੇ ਗੁਰਬਾਣੀ ਦੀ ਕਥਾ ਤੇ ਗੁਰਮਤਿ ਉਪਦੇਸ਼ ਸਿਖਿਆ ਉਥੇ ਉਨ੍ਹਾਂ ਪਾਸੋਂ ਵੈਦਕ ਵੀ ਸਿਖੀ, ਆਪ ਵੈਦਕ ਵਿਚ ਬਹੁਤ ਸਿਆਣੇ ਸਨ।

ਕੰਮ:—ਆਪ ਜੀ ਨੂੰ ਸ੍ਰੀਮਾਨ ਸੰਤ ਗੁਲਾਬ ਸਿੰਘ ਜੀ ਨੇ ਗੁਰਪੁਰੀ ਪਧਾਰਨ ਤੋਂ ਪਹਿਲਾਂ ਹੀ ਗੁ: ਅਨੰਦ ਭਵਨ ਮੋਗਾ ਅਤੇ ਗੁਰਦੁਆਰਾ ਘੋਲੀਆਂ ਦਾ ਪ੍ਰਬੰਧ ਸੌਂਪ ਦਿਤਾ ਸੀ। ਆਪ ਨੇ ਦੋਹਾਂ

Digitized by Panjab Digital Library | www.panjabdigilib.org

ਗੁਰਦੁਆਰਿਆ ਦੀ ਸੇਵਾ ਨੂੰ ਬੜੇ ਸੋਹਣੇ ਢੰਗ ਨਾਲ ਨਿਭਾਇਆ, ਤੇ ਉਪ੍ਰੋਕਤ ਦੋਹਾਂ ਅਸਥਾਨਾਂ ਨੇ ਬਹੁਤ ਉਨਤੀ ਕੀਤੀ।

ਅੰਤ:—ਆਪ ਜੀ ਕੁਝ ਚਿਰ ਬੀਮਾਰ ਰਹਿਕੇ ਪ੍ਰਲੋਕ ਗਮਨ ਕਰ ਗਏ।

## ਸੰਤ ਗੁਰਬਖਸ਼ ਸਿੰਘ ਚੂਨੀ ਮਛਲੀ

ਜਨਮ:—ਆਪ ਨਗਰ ਚੂਨੀ ਮਛਲੀ, ਜ਼ਿਲਾ ਅੰਬਾਲਾ ਵਿਖੇ ੧੯੬੯ ਈ: ਨੂੰ ਪੈਦਾ ਹੋਏ। ਆਪ ਜੀ ਦਾ ਘਰਾਣਾ ਭੰਗੂ ਜ਼ਿਮੀਂਦਾਰਾਂ ਦਾ ਸੀ ਜੋ ਪਿੰਡ ਕਣਕ ਵਾਲ ਰਿਆਸਤ ਪਟਿਆਲਾ ਤੋਂ ਉਠ ਕੇ ਮੈਣ ਦੁਆਬ ਵਿਚ ਜਾ ਰਹੇ ਸਨ। ਆਪ ਦੇ ਮਾਤਾ ਪਿਤਾ ਆਪ ਦੇ ਸਮੇਤ ਪਿੰਡ ਹਾਸੂਰੋ ਜਲੰਧਰ ਵਿਚ ਆ ਰਹੇ ਸਨ।

ਬਾਲਪਨ:—ਆਪ ਦਾ ਬਾਲਪਨ ਪਿੰਡ ਵਿਚ ਹੀ ਲੰਘਿਆ, ਸੁਰਤ ਸੰਭਾਲਣ ਤੇ ਆਪ ਜੀ ਵਿਦਿਆ ਪ੍ਰਾਪਤੀ ਲਈ ਘਰੋਂ ਨਿਕਲ ਤੁਰੇ।

ਵਿਦਿਆ:—ਆਪ ਜੀ ਨੇ ਸ੍ਰੀਮਾਨ ਪੰਡਤ ਅਤਰ ਸਿੰਘ ਨਿਰਮਲੇ ਕੋਲੋਂ ਪਿੰਡ ਫਤਿਹ ਬਾਦ ਤਹਿਸੀਲ ਤਰਨ ਤਾਰਨ ਵਿਚ ਬ੍ਰਿਤੀ ਪ੍ਰਭਾਕਰ ਆਦਿ ਗ੍ਰੰਥ ਪੜ੍ਹੇ ਅਤੇ ਆਪ ਜੀ ਨੇ ਉਚ ਵਿਦਿਆ ਪੰਡਤ ਨਿਸਚਲ ਦਾਸ ਪਾਸੋਂ ਪ੍ਰਾਪਤ ਕੀਤੀ। ਆਪ ਜੀ ਭਾਸ਼ਾ ਅਤੇ ਸੰਸਕ੍ਰਿਤ ਦੇ ਵਿਦਵਾਨ ਵੀ ਸਨ।

ਉਪਕਾਰ: ਆਪ ਜੀ ਸਾਰੀ ਉਮਰ ਦਸਵੰਧ ਕਮੇਟੀ ਪਟਿਆਲਾ ਦੇ ਉਪਦੇਸ਼ਕ ਰਹੇ। ਆਪ ਜੀ ਦਾ ਰਾਜ ਦਰਬਾਰ ਵਿਚ ਬਹੁਤ ਆਦਰ ਕੀਤਾ ਜਾਂਦਾ ਸੀ। ਉਹਨੀਂ ਦਿਨੀ ਸਿੰਘ ਸਭਾ ਲਹਿਰ ਦਾ ਪ੍ਰਚਾਰ ਜ਼ੋਰਾਂ ਤੇ ਸੀ। ਆਪ ਜੀ ਨੇ ਸਾਰੇ ਮਾਝੇ, ਮਾਲਵੇ ਤੇ ਪੋਠੋਹਾਰ ਵਿਚ ਸਿੰਘ ਸਭਾ ਦਾ ਪ੍ਰਚਾਰ ਕੀਤਾ, ਅਨਮਤੀਆਂ ਨੂੰ ਬਹਿਸ ਵਿਚ ਮੂੰਹ ਤੋੜਵਾਂ ਜਵਾਬ ਦਿੰਦੇ ਸਨ। ਆਪ ਨੇ ਸੈਂਕੜੇ ਬਹਿਸਾਂ ਵਿਚ ਸਨਾਤਨੀਆਂ ਅਤੇ ਆਰੀਆ ਸਮਾਜੀਆਂ ਨੂੰ ਹਰਾਇਆ। ਪੰਡਤ ਤਿਲਕ ਰਾਮ ਅਲੂਣ, ਸੁਖ ਪਾਲ ਰੋਪੜ ਤੇ ਬਾਸ ਦਿਉ ਹੁਆਰਾ ਬ੍ਰਾਹਮਣ ਨਾਲ ਆਪ ਦੀ ਬਹੁਤ ਵਾਰ ਚਰਚਾ ਹੋਈ, ਸਦਾ ਆਪ ਜੀ ਦੀ ਫਤਹਿ ਹੁੰਦੀ ਰਹੀ।

ਸੁਭਾ: ਆਪ ਗੁਰਮਤ ਦੇ ਖੋਜੀ ਤੇ ਕੱਟੜ ਹਾਮੀ, ਪ੍ਰਸਿਧ ਪਰਚਾਰਕ ਤੇ ਖੰਡ ਮੰਡਣ ਦੇ ਕਮਾਲ ਦੇ ਚਰਚਾਵਾਦੀ ਸਨ। ਆਪ ਜੀ ਦਾ ਪੰਥ ਵਿਚ ਕਾਫੀ ਮਾਣ ਸੀ ਤੇ ਆਪ ਹਰ ਇਕ ਦੇ ਹਰਮਨ ਪਿਆਰੇ ਸਨ। ਆਪ ਦੇ ਪਰਚਾਰ ਸਦਕਾ ਹੀ ਅਕਾਲੀ ਲਹਿਰ ਜੋਰਾਂ ਤੇ ਆਈ। ਆਪ ਦੇ ਕਥਨ ਵਿਚ ਕੁਦਰਤੀ ਖਿਚ ਸੀ।

ਅੰਤ: ਆਪ ਜੀ ਮਾਰਚ ੧੯੨੫ ਵਿਚ ਨਮੂਨੀਏ ਦੀ ਬੀਮਾਰੀ ਨਾਲ ਪ੍ਰਲੋਕ ਗਮਨ ਕਰ ਗਏ।

## ਰਾਜਸਥਾਨ ਦੇ ਮਹਾਂਪੁਰਸ਼

## ਸੰਤ ਚੰਨਣ ਸਿੰਘ ਜੀ ਤੇ ਸੰਤ ਫਤਹ ਸਿੰਘ ਜੀ

ਆਪ ਰਾਜਸਥਾਨ ਪਰਾਂਤ ਦੇ ਪਰਸਿਧ ਮਹਾਂ ਪੁਰਸ਼ ਹਨ। ਏਹਨਾਂ ਮਹਾਂਪੁਰਸ਼ਾਂ ਨੇ ਗੁਰਬਾਣੀ ਤੇ ਗੁਰਮਤ ਪ੍ਰਚਾਰ ਦੁਆਰਾ ਹਜ਼ਾਰਾਂ ਪੁਰਾਣੀਆਂ ਨੂੰ ਗੁਰਸਿਖੀ ਵਲ ਖਿਚਿਆ ਹੈ। ਆਪ ਦਾ ਪੰਥ ਨਾਲ ਗੂੜ੍ਹਾ ਪਿਆਰ ਹੈ ਤੇ ਆਪ ਹਰ ਮੋਰਚੇ ਵਿਚ ਵੱਧ ਚੜ੍ਹਕੇ ਹਿਸਾ ਪੌਂਦੇ ਆਏ ਹਨ।

Digitized by Panjab Digital Library | www.panjabdigilib.org

ਆਪ ਜੀ ਸਦਾ ਪੰਥ ਦੀ ਚੜ੍ਹਦੀ ਕਲਾ ਦੇਖਣ ਦੇ ਚਾਹਵਾਨ ਅਤੇ ਕਟੜ ਗੁਰਮਤੀਏ ਸੂਰਬੀਰ ਸੰਤ ਸਿਪਾਹੀ ਹਨ ।

## ਸੰਤ ਚੰਨਣ ਸਿੰਘ ਜੀ ਰੱਬ

"ਨਾਨਕ ਭਗਤਾ ਸਦਾ ਵਿਗਾਸ"

ਸੰਤ ਚੰਨਣ ਸਿੰਘ ਜੀ ਰੱਬ ਉਨ੍ਹਾਂ ਮਹਾਂ ਪੁਰਸ਼ਾਂ ਵਿਚੋਂ ਹੋਏ ਹਨ ਜਿਨ੍ਹਾਂ ਉਪਰ ਉਪਰੋਕਤ ਅਰਸ਼ੀ ਫਰਮਾਨ ਢੁਕਦਾ ਹੈ । ਆਪ ਜੀ ਸਦਾ ਹੀ ਕੰਵਲ ਫੁਲ ਵਾਂਗ ਖਿੜੇ ਰਹਿੰਦੇ ਸਨ । ਆਪ ਜੀ ਮਾਲਵੇ ਦੇ ਗੁਝੇ ਹੀਰੇ ਸਨ ਤੇ ਆਪਣੇ ਆਪ ਨੂੰ ਸਦਾ ਲੁਕੋ ਕੇ ਰਖਦੇ ਸਨ । ਆਪ ਜੀ "ਜਿਨ ਪਟ ਅੰਦਰ ਬਾਹਰ ਗੁਦੜ ਤੇ ਭਲੇ ਸੰਸਾਰ" ਦੇ ਮਹਾਵਾਕ ਅਨੁਸਾਰ ਜੀਵਨ ਬਤੀਤ ਕਰਦੇ ਸਨ ।

ਜਨਮ : ਆਪ ਜੀ ਦਾ ਜਨਮ ਸ: ਭਗਵਾਨ ਸਿੰਘ ਦੇ ਘਰ ਪਿੰਡ ਮਾਣੂਕੇ ਜ਼ਿਲਾ ਫੀਰੋਜ਼ਪੁਰ ਵਿਚ ਹੋਇਆ ।

ਮੁਢਲੀ ਵਿਦਿਆ : ਆਪ ਜੀ ਨੇ ਮੁਢਲੀ ਵਿਦਿਆ ਪਿੰਡ ਵਿਚ ਹੀ ਗਿਆਨੀ ਰਾਮ ਸਿੰਘ ਜੀ ਪਾਸੋਂ ਪੜ੍ਹੀ ਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਾਠੀ ਬਣ ਗਏ । ਆਪ ਜੀ ਤੇ ਗਿਆਨੀ ਰਾਮ ਸਿੰਘ ਜੀ ਦੇ ਜੀਵਨ ਦਾ ਬਹੁਤ ਅਸਰ ਪਿਆ ਤੇ ਆਪ ਜੀ ਸਦਾ ਲਈ ਗ੍ਰਿਹਸਤ ਮਾਰਗ ਵਲੋਂ ਉਪਰਾਮ ਹੋਕੇ, ਪ੍ਰਮਾਰਥ ਦੀ ਖੋਜ ਕਰਨ ਲਗ ਪਏ । ਪਿਛੋਂ ਆਪ ਜੀ ਸ੍ਰੀਮਾਨ ਸੰਤ ਅਤਰ ਸਿੰਘ ਜੀ ਦੇਜੱਥੇ ਵਿਚ ਜਾ ਸ਼ਾਮਲ ਹੋਏ । ਉਥੇ ਸੰਤ ਜੀ ਦੀ ਸੰਗਤ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ, ਆਪ ਸ਼ਬਦ ਕੀਰਤਨ ਕਰਨ ਲਗ ਪਏ ।

ਉਪਕਾਰ : ਆਪ ਜੀ ਨੇ ਸੰਤ ਜੀ ਪਾਸੋਂ ਖੁਸ਼ੀਆਂ ਲੈ ਕੇ ਮਾਲਵੇ ਵਿਚ ਫ਼ਿਰ ਕੇ ਚੰਨਣ ਰੁਖ ਦੀ ਨਿਆਈਂ ਮਾਲਵੇ ਦੇਸ ਨੂੰ ਸੁਗੰਧਤ ਕਰਦੇ ਹੋਏ ਮਿਰਜ਼ੇ ਕੇ ਦਿਆਲ ਪੁਰੇ ਜਾ ਬਰਾਜੇ ਤੇ ਆਪਣੇ ਜਨਮ ਨੂੰ ਸਫਲਾ ਕੀਤਾ । ਸਰਦਾਰ ਘਰਾਣਿਆਂ ਵਿਚ ਗੁਰਸਿਖੀ ਦਾ ਪਰੇਮ ਪੈਦਾ ਕਰਨਾ, ਇਹ ਆਪ ਦੇ ਜੀਵਨ ਦਾ ਸਭ ਤੋਂ ਉਤਮ ਕੰਮ ਹੈ । ਆਪ ਜੀ ਦੇ ਪਰਚਾਰ ਦਾ ਸਦਕਾ ਸਿਖ ਸਰਦਾਰਾਂ ਦੇ ਘਰੋਂ ਬੀਬੀਆਂ ਵੀ ਗੁਰਬਾਣੀ ਨਾਲ ਪਰੇਮ ਤੇ ਕਥਾ ਕੀਰਤਨ ਕਰਨ ਲਗ ਪਈਆਂ ਅਤੇ ਆਪ ਜੀ ਦੇ ਉਦਮ ਨਾਲ ਪਿੰਡ ਵਿਚ ਬੀਬੀਆਂ ਦਾ ਕੀਰਤਨੀ ਜਥਾ ਤਿਆਰ ਹੋਇਆ । ਜਿਨ੍ਹਾਂ ਇਲਾਕੇ ਵਿਚ ਤੇ ਖਾਸ ਕਰ ਕੇ ਸਰਦਾਰ ਘਰਾਣਿਆਂ ਵਿਚ ਸਿਖੀ ਦਾ ਪ੍ਰਚਾਰ ਅਤੇ ਅਖੰਡ ਪਾਠ ਕਰਨੇ ਅਰੰਭ ਕੀਤੇ ।

ਆਪ ਜੀ ਨੇ ਪਿੰਡ ਮਾਣੂਕੇ ਵਿਖੇ ਸੁੰਦਰ ਗੁਰਦਵਾਰਾ ਬਣਵਾਇਆ ।

ਸੁਭਾ : ਆਪ ਜੀ ਗੁਰਮਤਿ ਦੇ ਕੱਟਰ ਹਾਮੀ, ਨਿਤਨੇਮੀ ਤੇ ਗੁਰੂ ਘਰ ਦੇ ਪਰੇਮੀ ਸਨ । ਆਪ ਦਾ ਸੁਭਾ ਬੜਾ ਖੁਲ੍ਹਾ ਤੇ ਹਸਾਉਣਾ ਸੀ । ਆਪ ਗੁਰੂ ਘਰ ਦੇ ਪਰੇਮੀਆਂ ਦੇ ਬੜੇ ਹੀ ਸਨੇਹੀ ਸਨ । ਗਿਆਨੀ ਗੁਰਬਚਨ ਸਿੰਘ ਭਿੰਡਰ ਕਲਾਂ, ਸੰਤ ਕਿਸ਼ਨ ਸਿੰਘ ਜੀ ਆਲਮ ਵਾਲਾ, ਸੰਤ ਅਰਜਨ ਸਿੰਘ ਅਤੇ ਦਾਸ ਨਾਲ ਗੂੜ੍ਹਾ ਪਰੇਮ ਸੀ । ਆਪ ਜੀ ਨੇ ਅਕਾਲੀ ਲਹਿਰ ਵਿਚ ਵਧ ਚੜ੍ਹ ਕੇ ਹਿਸਾ ਲਿਆ ਤੇ ਸਜ਼ਾਵਾਂ ਕਟੀਆ । ਆਪ ਜੀ ਕੁਝ ਚਿਰ ਬੀਮਾਰ ਰਹਿ ਕੇ ਇਸ ਸੰਸਾਰ ਤੋਂ ਸਦਾ ਲਈ ਅਲੋਪ ਹੋ ਗਏ । ਆਪ ਦਾਸ ਦੇ ਗਿਣਤੀ ਦੇ ਸਹਿਚਾਰੀਆਂ ਵਿਚੋਂ ਸਨ ।

Digitized by Panjab Digital Library | www.panjabdigilib.org

## ਸੰਤ ਜਗਤ ਸਿੰਘ ਜੀ ਕਾਂਝਲਾ

ਜਨਮ :– ਆਪ ਦਾ ਜਨਮ ਸ: ਗੁਜਰ ਸਿੰਘ ਦੇ ਘਰ ਪਿੰਡ ਕਾਂਝਲਾ ਵਿਖੇ ਮਾਤਾ ਮਹਿਤਾਬ ਕੌਰ ਦੀ ਕੁਖੋਂ ਹੋਇਆ

ਬਚਪਨ:– ਆਪ ਦੀ ਪਹਿਲੀ ਉਮਰ ਪਿੰਡ ਵਿਚ ਹੀ ਲੰਘੀ। ਜਦ ਆਪ ਜੀ ਜੁਆਨ ਹੋਏ ਤਾਂ ਆਪ ਜੀ ਨੇ ਘਰ ਬਾਰ ਛਡ ਦਿਤਾ ਅਤੇ ਕਾਂਝਲੇ ਤੇ ਮਸਤੂਆਣੇ ਦੀ ਝਿੜੀ ਵਿਚ ਬਹੁਤ ਕਠਨ ਤਪਸਿਆ ਕੀਤੀ। ਆਪ ਦੇ ਸੇਵਕ ਸੰਤ ਗੁਲਾਬ ਸਿੰਘ ਤੇ ਸੰਤ ਬਿਸ਼ਨ ਸਿੰਘ ਸਨ। ਆਪ ਜੀ ਦੀ ਸੰਗਤ ਕਰਕੇ ਕਈ ਗੁਰਮੁਖ ਵੈਰਾਗੀ ਬਣ ਗਏ।

ਵਿਦਿਆ :– ਆਪ ਜੀ ਵਿਦਿਆ ਵਿਚ ਬਹੁਤ ਪ੍ਰਬੀਨ ਸਨ। ਗੁਰੂ ਗ੍ਰੰਥ ਸਾਹਿਬ ਦੀ ਕਥਾ ਬੜੇ ਪਰੇਮ ਨਾਲ ਕਰਿਆ ਕਰਦੇ ਸਨ ਅਤੇ ਗੁਰਮਤ ਦੇ ਖੋਜੀ ਸਨ। ਆਪ ਜੀ ਦਾ ਅੰਤ ਵੀ ਅਜੀਬ ਤਰੀਕੇ ਨਾਲ ਹੋਇਆ। ਆਪ ਜੀ ਨੇ ਸੰਤ ਗੁਲਾਬ ਸਿੰਘ ਨੂੰ ਪਿੰਡ ਵਿਚੋਂ ਦਹੀਂ ਲੈਣ ਘਲਿਆ। ਪਿਛੋਂ ਲਕੜੀਆਂ ਲੈ ਕੇ ਚਿਖਾ ਬਣਾ ਕੇ ਉਪਰ ਬੈਠ ਗਏ। ਜਦੋਂ ਸੰਤ ਗੁਲਾਬ ਸਿੰਘ ਆਏ ਤਾਂ ਕੀ ਦੇਖਦੇ ਹਨ ਕਿ ਆਪ ਦਾ ਸਿਰ ਚਿਖਾ ਤੋਂ ਥਲੇ ਪਿਆ ਹੈ। ਸੰਤ ਗੁਲਾਬ ਸਿੰਘ ਨੇ ਸਿਰ ਦਾ ਕੇਸੀ ਇਸ਼ਨਾਨ ਕਰਕੇ ਸਿਰ ਨੂੰ ਚਿਖਾ ਵਿਚ ਰਖ ਦਿਤਾ। ਇਸ ਅਜੀਬ ਕੌਤਕ ਦੀ ਖਬਰ ਸਾਰੇ ਫੈਲ ਗਈ। ਕਿਸੇ ਚੁਗਲਖੋਰ ਨੇ ਮਹਾਰਾਜਾ ਹੀਰਾ ਸਿੰਘ ਨੂੰ ਕਿਹਾ ਕਿ ਚੇਲਿਆਂ ਨੇ ਸੰਤ ਜੀ ਕਤਲ ਕਰਕੇ ਫੂਕ ਦਿਤੇ ਹਨ। ਇਸ ਲਈ ਚੇਲੇ ਫੜੇ ਗਏ। ਇਕ ਰਾਤ ਮਹਾਰਾਜਾ ਨੂੰ ਭਿਆਨਕ ਸੁਪਨਾ ਆਇਆ ਤਾਂ ਉਸ ਨੇ ਕੈਦ ਕੀਤੇ ਚੇਲੇ ਛਡ ਦਿਤੇ।

## ਪੰਡਤ ਝੰਡਾ ਸਿੰਘ ਜਨੇਤ ਪੁਰਾ

ਜਨਮ:— ਆਪ ਸ: ਮਹਿਤਾਬ ਸਿੰਘ ਦੇ ਘਰ ਪਿੰਡ ਜਨੇਤ ਪੁਰਾ ਥਾਣਾ ਸਿੱਧਮਾਂ ਬੇਟ ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਵਿਖੇ ਪੈਦਾ ਹੋਇ।

ਬਾਲਪਣ:— ਆਪ ਦਾ ਬਾਲਪਣ ਪਿੰਡ ਵਿੱਚ ਹੀ ਲੰਘਿਆ। ਆਪ ਛੋਟੇ ਹੁੰਦੇ ਹੀ ਸਾਧੂਆਂ ਦੀ ਸੰਗਤ ਕਰਿਆ ਕਰਦੇ ਸਨ। ਸੋ ਆਪ ਦੀ ਰੁਚੀ ਵਿਦਿਆ ਪੜ੍ਹਨ ਵਲ ਲੱਗ ਗਈ। ਸੋ ਪਹਿਲੀ ਉਮਰ ਵਿਚ ਹੀ ਆਪ ਦੀ ਸੁਰਤੀ ਘਰੋਗੀ ਕਾਰ ਵਿਹਾਰ ਤੋਂ ਉਪਰਾਮ ਹੋ ਗਈ ਅਤੇ ਆਪਨੇ ਹਰ ਦੁਆਰ ਰਿਖੀ ਕੇਸ ਜਾਕੇ ਵਿਦਿਆ ਪੜ੍ਹਨੀ ਅਰੰਭ ਕੀਤੀ। ਸਤਿਗੁਰਾਂ ਦੀ ਕਿਰਪਾ ਸਦਕਾ ਇਕ ਜਟ ਘਰਾਣੇ ਵਿਚ ਪੈਦਾ ਹੋਕੇ ਉਚ ਵਿਦਿਆ ਵਿਚ ਨਿਪੁੰਨ ਹੋਕੇ ਪੰਡਤ ਦੀ ਪਦਵੀ ਪ੍ਰਾਪਤ ਕੀਤੀ। ਇਸ ਲਈ ਆਪ ਦਾ ਆਦਰ ਸਤਿਕਾਰ ਬਹੁਤ ਵੱਧ ਗਿਆ। ਆਪ ਉਚ ਵਿਦਿਆ ਪਾਕੇ ਪੰਜਾਬ ਆ ਗਏ। ਇਥੇ ਆਕੇ ਇਕ ਸਾਧੂਆਂ ਦੀ ਮੰਡਲੀ ਬਣਾ ਕੇ ਵਿਦਿਆ ਦੇ ਛਿਟੇ ਦੇਣੇ ਅਰੰਭ ਕੀਤੇ। ਆਪ ਬੜੇ ਉਚ ਅਚਰਨ ਦੇ ਮਾਲਕ ਸਨ। ਆਪ ਦਾ ਸੁਭਾ ਬੜਾ ਸ਼ਾਂਤੀ ਵਾਲਾ ਅਤੇ ਮਿਲਾਪੜਾ ਸੀ। ਆਪ ਆਪਣੀ ਮਦੂਕੜੀ ਆਪ ਤਿਆਰ ਕਰਦੇ ਅਤੇ ਕਿਸੇ ਨੂੰ ਦੁਖ ਦੇਣਾ ਨਹੀਂ ਚਾਹੁੰਦੇ ਸਨ। ਇਸ ਪ੍ਰਕਾਰ ਆਪ ਨੇ ਵਿਦਿਆ ਦਾ ਬਹੁਤ ਦਾਨ ਕੀਤਾ।

'ਪੰਡਤ ਬੇਦ ਵਿਚਾਰ ਮਨਕਾ ਕਰੋਧ ਨਿਵਾਰ।'

ਪੰਡਤ ਜੀ ਇਸ ਪੰਗਤੀ ਦਾ ਬੜਾ ਰਟਣ ਕਰਿਆ ਕਰਦੇ ਸਨ।

Digitized by Panjab Digital Library | www.panjabdigilib.org

॥ ਅੰਜਨ (ਮਾਇਆ) ਵਿਚ ਨਿਰੰਜਨ ਪਾਯਾ ॥

# ਸ: ਦਿਆਲ ਸਿੰਘ ਜੀ ਬੇਲਾ

ਪ੍ਰਉਪਕਾਰੀ, ਸਿਦਕੀ ਤੇ ਗੁਰੂ ਘਰ ਦੇ ਸ਼ਰਧਾਲੂ ਸ: ਦਿਆਲ ਸਿੰਘ ਜੀ ਉਨ੍ਹਾਂ ਗੁਰਮੁਖ ਪਿਆਰੇ ਅਨਿਨ ਗੁਰਸਿਖਾਂ ਵਿਚੋਂ ਹੋਏ ਹਨ, ਕਿ ਜਿਨ੍ਹਾਂ ਆਪਣੇ ਸਰਬੰਸ ਦੇ ਵਾਧੇ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਸ੍ਰੀ ਚਮਕੌਰ ਸਾਹਿਬ ਦੇ ਸ਼ਹੀਦਾਂ ਦੀ ਪਵਿਤ੍ਰ ਸੰਸਕਾਰ ਭੂੰਮੀ ਨੂੰ ਭਾਲ ਕੇ ਉਨ੍ਹਾਂ ਸ਼ਹੀਦਾਂ ਦੀ ਯਾਦ ਗਾਰ ਵਿੱਚ ਗੁਰਦੁਆਰਾ ਸ਼ਹੀਦ ਗੰਜ ਦੀ ਸੁੰਦਰ ਇਮਾਰਤ ਬਣਵਾਈ। ਆਪ ਦੀ ਇਹ ਘਾਲਣਾ ਸ੍ਰੀ ਚਮਕੌਰ ਸਾਹਿਬ ਦੇ ਇਤਹਾਸ ਵਿੱਚ ਸਦਾ ਲਈ ਚਮਕਦੀ ਰਹੇਗੀ।

ਜਨਮ:— ਆਪ ਦਾ ਜਨਮ, ਨਗਰ ਬੇਲਾ ਜ਼ਿਲਾ ਅੰਬਾਲਾ ਵਿੱਚ ਹੋਇਆ।

ਬਾਲਪਣ:— ਆਪ ਜੀ ਬਾਲਪਣ ਤੋਂ ਹੀ ਧਾਰਮਿਕ ਰੁਚੀ ਰਖਦੇ ਤੇ ਸਦਾ ਹੀ ਨੇਕ ਪੁਰਸ਼ਾਂ ਦੀ ਸੰਗਤ ਕਰਦੇ ਸਨ।

ਵਿਦਿਆ:— ਆਪ ਜੀ ਗੁਰਮੁਖੀ ਵਿਦਿਆ ਪੜ੍ਹੇ ਹੋਏ ਸਨ। ਆਪ ਜੀ ਨੂੰ ਸਿਖ ਇਤਹਾਸ ਪੜ੍ਹਨ ਦਾ ਬਹੁਤ ਸ਼ੌਕ ਸੀ ਤੇ ਸਦਾ ਹੀ ਗੁਰ ਅਸਥਾਨਾਂ ਦੀ ਯਾਤਰਾ ਕਰਨ ਦਾ ਚਾਅ ਦਿਲ ਵਿਚ ਰਹਿੰਦਾ ਸੀ।

ਉਪਕਾਰ:— ਆਪ ਜੀ ਬਹੁਤ ਸਾਰੀ ਮਾਇਆ ਲੈਕੇ ਸ੍ਰੀ ਹਜ਼ੂਰ ਸਾਹਿਬ ਦੀ ਇਮਾਰਤ ਦੀ ਸੇਵਾ ਕਰਾਉਣ ਲਈ ਗਏ। ਤਾਂ ਉਥੇ ਆਪ ਜੀ ਨੂੰ ਸ੍ਰੀ ਕਲਗੀਧਰ ਜੀ ਨੇ ਪ੍ਰਤੱਖ ਦਰਸ਼ਨ ਦਿਤੇ ਤੇ ਕਿਹਾ ਕਿ "ਗੁਰਮੁਖਾ ਆਪ ਜਾ ਕੇ ਸ੍ਰੀ ਚਮਕੌਰ ਸਾਹਿਬ ਦੇ ਸ਼ਹੀਦਾਂ ਦੀ ਯਾਦਗਾਰ ਕਾਇਮ ਕਰੋ"। ਸੋ ਆਪ ਜੀ ਨੇ ਉਸ ਦਿਨ ਤੋਂ ਹੀ ਉਸ ਪਵਿੱਤ੍ਰ ਭੂਮੀ ਦੀ ਖੋਜ ਕਰਨੀ ਅਰੰਭ ਦਿਤੀ। ਜਿਥੇ ਬੀਬੀ ਸਰਨ ਕੌਰ ਨੇ ਸ਼ਹੀਦਾਂ ਦਾ ਸਸਕਾਰ ਕੀਤਾ ਸੀ।

ਕਾਫੀ ਚਿਰ ਆਪ ਇਸ ਅਸਥਾਨ ਦੀ ਭਾਲ ਕਰਦੇ ਰਹੇ। ਜ਼ਮੀਨ ਦਾ ਚਪਾ ਚਪਾ ਢੂੰਡ ਮਾਰਿਆ ਕਿ ਕਿਸੇ ਥਾਂ ਤੋਂ ਸ਼ਹੀਦਾਂ ਦੀਆਂ ਪਵਿਤ੍ਰ ਅਸਤੀਆਂ ਜਾਂ ਰਾਖ਼ ਮਿਲ ਪਵੇ।

ਇਕ ਦਿਨ ਰਾਤ ਨੂੰ ਕੀਰਤਨ ਸੋਹਲੇ ਦੇ ਪਾਠ ਤੋਂ ਬਾਦ ਅਰਦਾਸ ਕਰਕੇ ਪਏ ਕਿ 'ਹੇ ਕਲਗੀਧਰ ਪਾਤਸ਼ਾਹ ਮੈਂ ਆਪ ਦਾ ਬੱਲ ਲਾਕੇ ਅੱਕ ਥੱਕ ਗਿਆ ਹਾਂ, ਆਪ ਜੀ ਕ੍ਰਿਪਾ ਕਰੋ' ਫੇਰ ਕੀ ਸੀ "ਬਿਰਥੀ ਕਦੇ ਨਾ ਹੋਵਈ ਜਨ ਕੀ ਅਰਦਾਸ" ਸੁਪਨੇ ਵਿਚ ਸ੍ਰੀ ਗੁਰੂ ਜੀ ਨੇ ਬਚਨ ਕੀਤਾ। "ਸਿੱਖਾ ਗੜ੍ਹੀ ਬਾਲੀ ਜਗਾ ਸਰਸੋਂ ਦੇ ਤੇਲ ਦੇ ਦੀਵੇ ਭਰਕੇ ਰਾਤ ਨੂੰ ਜਗਾਵੀਂ ਹੋਰ ਸਾਰੇ ਬਿਨਾ ਹਵਾ ਲਗਣ ਤੋਂ ਬੁਝ ਜਾਣਗੇ। ਜੋ ਅੰਗੀਠੇ ਤੇ ਹੋਵੇਗਾ ਉਹ ਲੱਟਾ ਲੱਟ ਜਗਦਾ ਰਹੇਗਾ।

ਹੁਣ ਗੁਰੂ ਸਵਾਰੇ ਸਿੱਖ ਨੇ ਦੂਜੀ ਰਾਤ ਉਵੇਂ ਹੀ ਕੀਤਾ। ਤਦ ਹੋਰ ਸਾਰੇ ਦੀਵੇ ਬੁਝ ਗਏ ਜੋ ਜੱਗਦਾ ਰਿਹਾ ਉਹ ਝਖੜ ਵਗਣ ਤੇ ਭੀ ਨਾ ਬੁਝਿਆ। ਸਿਦਕ ਵਾਨ ਹਿਰਦੇ ਦੀ ਪੁਕਾਰ ਸੁਣੀ ਗਈ ਅਤੇ ਉਹ ਅਸਥਾਨ ਲੱਭ ਪਿਆ, ਜਿਸ ਥਾਂ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ ਸੀ। ਸਰਦਾਰ ਦਿਆਲ ਸਿੰਘ ਜੀ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਆਪ ਨੇ ਸ਼ਹੀਦ ਗੰਜ ਗੁਰਦੁਆਰੇ ਦੀ ਇਮਾਰਤ ਦੀ ਸੇਵਾ ਅਰੰਭ ਕਰ ਦਿੱਤੀ। ਸਵੇਰੇ ਆਪ ਪਿੰਡ ਤੋਂ ਆਉਂਦੇ ਅਤੇ ਸਾਰਾ ਦਿਨ ਸੇਵਾ ਕਰਦੇ ਰਹਿੰਦੇ। ਸ਼ਾਮ ਨੂੰ ਜਦ ਰਹਿਰਾਸ ਸਾਹਿਬ ਦਾ ਪਾਠ ਹੁੰਦਾ ਤਾਂ ਸ: ਦਿਆਲ ਸਿੰਘ ਜੀ ਅਰਦਾਸੀਏ ਸਿੰਘ ਨੂੰ ਬੇਨਤੀ ਕਰਦੇ ਅਰਦਾਸ ਵਿੱਚ ਇਹ ਸ਼ਬਦ ਜ਼ਰੂਰ ਵਰਤੋ "ਭਾਈ ਸਾਹਿਬ ਸ਼ਹੀਦਾਂ ਦੇ ਸਿਰਤਾਜ

Digitized by Panjab Digital Library | www.panjabdigilib.org

ਚੋਜੀ ਪ੍ਰੀਤਮ ਕਲਗੀਆਂ ਵਾਲੇ ਪਾਸ ਬੇਨਤੀ ਕਰੋ "ਕਿ ਮੇਰਾ ਕੱਖ ਨਾ ਰਹੇ (ਦਿਆਲ ਸਿੰਘ) ਦਾ ਸਰਬੰਸ ਨਾਸ ਹੋ ਜਾਵੇ"। ਇਹ ਸ਼ਬਦ ਸੁਣਕੇ ਸੰਗਤ ਦਰਵ ਜਾਂਦੀ। ਸੰਗਤ ਵਿੱਚ ਸ਼ਾਮਲ ਹੋਏ ਸਜਨਾਂ ਦੇ ਨੇਤਰ ਸਜਲ ਹੋ ਜਾਂਦੇ। ਕਈ ਪ੍ਰੇਮੀ ਕਹਿੰਦੇ ਸਰਦਾਰ ਜੀ ਇਹ ਅਰਦਾਸ ਨਾ ਕਰਾਵੋ, ਤੁਹਾਡਾ ਬੰਸ ਫਲੇ ਫੂਲੇ। ਪ੍ਰੰਤੂ ਸਰਦਾਰ ਜੀ ਇਹ ਅਰਦਾਸ ਕਰਉਣ ਤੋਂ ਬਿਨਾ ਨਾ ਟਲਦੇ। ਸੰਗਤਾਂ ਦੇ ਮਜਬੂਰ ਕਰਨ ਤੇ ਭੋਲੇ ਭਾਹ ਹੀ ਬੁਰੀ ਜਿਹੀ ਸ਼ਕਲ ਬਣਾਕੇ ਉਤ੍ਰ ਦਿੰਦੇ "ਓ ਗੁਰਮੁਖੋ ਇਹ ਸ਼ਹੀਦ ਗੰਜ ਪੰਥ ਦੀ ਸਾਂਝੀ ਚੀਜ਼ ਹੈ, ਜੇ ਮੇਰੀ ਔਲਾਦ ਹੋਈ ਤਾਂ ਉਹ ਇਸ ਤੇ ਆਪਣੀ ਮਾਲਕੀ ਜਮਾਵੇਗੀ। ਹਾਲਾਂ ਕਿ ਇਹ ਮਾਇਆ ਕਲਗੀਆਂ ਵਾਲੇ ਦੀ ਲੱਗੀ ਹੈ, ਸੇਵਾ ਉਸੇ ਨੇ ਕਰਵਾਈ ਹੈ, ਉਦਮ ਉਸੇ ਨੇ ਬਖਸ਼ਿਆ ਹੈ। ਨਾ ਮੇਰੀ ਔਲਾਦ ਹੋਵੇ ਨਾ ਕੋਈ ਮਲਕੀਅਤ ਜ਼ਾਹਰ ਕਰੇ, ਅਸਥਾਨ ਸਾਂਝਾ ਰਹੇ।

ਇਸ ਪ੍ਰਕਾਰ ਦੇ ਅਤਿ ਨਿੰਮ੍ਰਤਾ ਭਰੇ ਬਚਨ ਸੁਣਕੇ ਸੰਗਤਾਂ ਦਾ ਹਿਰਦਾ ਨਰਮ ਹੋ ਜਾਂਦਾ ਅਤੇ ਉਹ ਅਰਦਾਸ ਵਿੱਚ ਉਪਰ ਲਿਖੇ ਸ਼ਬਦ ਵਰਤਣੋਂ ਸੰਕੋਚ ਨਾ ਕਰਦੀ। ਇਹ ਅਨੋਖੀ ਅਰਦਾਸ ਰੋਜ਼ ਹੁੰਦੀ। ਭੋਗ ਪਾਕੇ ਨਾਮ ਬਾਣੀ ਦੇ ਰਸੀਏ ਸਿੰਘ, ਦਿਆਲ ਸਿੰਘ ਜੀ ਪਿਛਲੇ ਪੈਰੀਂ ਪਿੰਡ ਨੂੰ ਜਾਂਦੇ। ਸ਼ਹੀਦ ਗੰਜ ਦੇ ਗੁਰਦੁਵਾਰਿਆਂ ਵਲ ਕਦੇ ਪਿੱਠ ਨਾ ਕਰਦੇ।

ਅੱਜ ਸ: ਦਿਆਲ ਸਿੰਘ ਜੀ ਰਈਸ ਬੇਲਾ ਦੀ ਬੰਸ ਨਹੀਂ। ਉਨਾਂ ਦੀ ਜਾਗੀਰ ਕੰਧੌਲਾ ਤੇ ਮਨੌਲੀ ਆਦਿ ਵਿੱਚ ਵੰਡੀ ਗਈ ਹੈ। ਪ੍ਰੰਤੂ ਸਰਦਾਰ ਸਾਹਿਬ ਦੇ ਮੰਤਵ ਅਨੁਸਾਰ ਸ਼ਹੀਦ ਗੰਜ ਚਮਕੌਰ ਸਾਹਿਬ ਸਦਿਆ ਜਾਂਦਾ ਹੈ। ਸਿੱਖ ਸੰਗਤਾਂ ਇਸ ਪਵਿੱਤ੍ਰ ਅਸ਼ਥਾਨਾ ਦੀ ਧੂੜ ਮਸਤਕ ਤੇ ਲਗਾ ਕੇ ਨਿਹਾਲ ਹੁੰਦੀਆਂ ਹਨ। ਸ: ਦਿਆਲ ਸਿੰਘ ਜੀ ਨੇ ਹੋਰ ਭੀ ਕਈ ਗੁਰ ਅਸਥਾਨਾ ਦੀ ਸੇਵਾ ਕਰਾਈ ਜੋ ਅੱਜ ਉਨ੍ਹਾਂ ਦੇ ਨਾਮ ਨੂੰ ਅਟੱਲ ਕਰ ਰਹੀ ਹੈ ਸ: ਜੀ ਦਾ ਸੇਵਾ ਭਾਵ ਅਤੇ ਆਪਣੇ ਸਰਬੰਸ ਨੂੰ ਸੇਵਾ ਦੀ ਖਾਤਰ ਕੁਰਬਾਨ ਕਰਨ ਦਾ ਭਾਵ ਸਿੱਖ ਇਤਹਾਸ ਦਾ ਸੁਨਹਿਰੀ ਕਾਰਨਾਮਾ ਹੈ। ਜਿਸ ਦੀ ਮਿਸਾਲ ਦੁਨੀਆਂ ਦੇ ਇਤਹਾਸ ਵਿਚ ਬਹੁਤ ਹੀ ਘਟ ਮਿਲਦੀ ਹੈ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਸ੍ਰੀ ਗੁਰੂ ਗੋਬਿਦ ਸਿੰਘ ਜੀ ਦੀਆਂ ਅੰਤਮ ਯਾਦਗਰ ਬਨਾਉਣ ਤੋਂ ਉਪਰੰਤ ਸ: ਦਿਆਲ ਸਿੰਘ ਜੀ ਨੇ ਇਹ ਦੂਜੀ ਮਿਸਾਲ ਕਾਇਮ ਕੀਤੀ ਹੈ।

## ਸੰਤ ਦਸੌਂਧਾ ਸਿੰਘ ਜੀ ਵਰ੍ਹੇ (ਜੰਗੀਆਣਾ)

ਜਨਮ:—ਆਪ ਜੀ ਦਾ ਜਨਮ ਨਗਰ ਜੰਗੀਆਣਾ, ਰਿਆਸਤ ਪਟਿਆਲਾ ਵਿਖੇ ਹੋਇਆ, ਆਪ ਜੀ ਜ਼ਿਮੀਂਦਾਰ ਘਰਾਣੇ ਵਿਚੋਂ ਸਨ।

ਬਾਲਪਣ:—ਆਪ ਦਾ ਬਾਲਪਣ ਪਿੰਡ ਵਿਚ ਹੀ ਲੰਘਿਆ ਤੇ ਸੁਰਤ ਸੰਭਾਲਣ ਤੇ ਆਪਣੇ ਪਿਤਾ ਨਾਲ ਘਰੋਗੀ ਕੰਮਾ ਵਿਚ ਹੱਥ ਵਟਾਉਣ ਲੱਗ ਪਏ।

ਕੰਮ:—ਆਪ ਨੇ ਗ੍ਰਿਹਸਤ ਮਾਰਗ ਨੂੰ ਪੂਰਨ ਨਿਭਾਇਆ। ਆਪ ਜੀ ਨੂੰ ਖੇਤੀ ਬਾੜੀ ਕਰਨ ਦਾ ਬਹੁਤ ਸ਼ੋਕ ਸੀ। ਆਪ ਜੀ ਸੁਹਣੇ ੨ ਬੋਤ ਰਖਿਆ ਕਰਦੇ ਤੇ ਚੰਗੀ ਤਰ੍ਹਾਂ ਉਹਨਾ ਦੀ ਸੇਵਾ ਕਰਿਆ ਕਰਦੇ ਸਨ।

ਉਪ੍ਰਾਮਤਾ:—ਇਕ ਦਮ ਆਪ ਦੇ ਜੀਵਨ ਵਿਚ ਪਲਟਾ ਆ ਗਿਆ, ਆਪ ਖੇਤੀ ਬਾੜੀ ਦੇ ਕੰਮ ਤੋਂ ਉਪਰਾਮ ਹੋ ਗਏ, ਪਹਿਲੇ ਭਦੌੜ ਚਲੇ ਗਏ, ਫਿਰ ਕੁਝ ਚਿਰ ਰਮਤੇ ਰਹੇ, ਉਪਰੰਤ ਚੁੱਘਾ ਕਲਾਂ ਦੀ ਝਿੜੀ ਵਿਚ ਆ ਟਿਕੇ। ਕੁਝ ਚਿਰ ਰਹਿ ਕੇ ਪਿੰਡ ਵੜ੍ਹਿਆ ਦੀ ਜੂਹ ਵਿਚ ਇਕ ਨਿਰਮਲ ਛਪੜੀ ਦੇ ਕੰਢੇ ਤੇ ਜਾ ਬੈਠੇ ਉਥੇ ਅਖੰਡ ਪਾਠ ਕੀਤਾ ਤੇ ਉਸ ਥਾਉਂ ਜ਼ਮੀਨ ਕੱਢਕੇ ਸੁੰਦਰ ਗੁਰਦੁਆਰਾ

Digitized by Panjab Digital Library | www.panjabdigilib.org

ਬਣਵਾਇਆ, ਆਪ ਅਠੇ ਪਹਿਰ ਨਾਮ ਸਿਮਰਨ ਵਿਚ ਮਗਨ ਰਹਿੰਦੇ ਸਨ, ਆਪ ਦੀ ਵਿਰਤੀ ਨਾਮ ਅਭਿਆਸ ਵਿਚ ਸਦਾ ਲਗੀ ਰਹਿੰਦੀ ਸੀ।

## ਸੰਤ ਦੇਵਾ ਸਿੰਘ ਜੀ ਜਨੇਤਪੁਰਾ ਲਿਖਾਰੀ

ਜਨਮ : ਆਪ ਦਾ ਜਨਮ ਸ: ਮਹਿਤਾਬ ਸਿੰਘ ਅਤੇ ਦਾਦਾ ਦਾਊ ਸਿੰਘ ਦੇ ਘਰਾਣੇ ਵਿਚ ਪਿੰਡ ਜਨੇਤ ਪੁਰਾ ਥਾਣਾ ਸਿਧਵਾਂ ਬੇਟ, ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਵਿਚ ਹੋਇਆ।

ਬਾਲਪਨ : ਆਪ ਦਾ ਬਾਲਪਨ ਆਪਣੇ ਨਗਰ ਵਿਚ ਮਾਪਿਆਂ ਦੀ ਗੋਦ ਵਿਚ ਲੰਘਿਆਂ।

ਵਿਦਿਆ : ਛੋਟੀ ਉਮਰ ਵਿਚ ਹੀ ਆਪ ਜੀ ਨੂੰ ਭਾਈ ਗੁਰਦਿਤ ਸਿੰਘ ਦੀ ਸੰਗਤ ਹੋਣ ਕਰ ਕੇ ਸੋਨੇ ਤੇ ਸੁਹਾਗੇ ਦਾ ਕੰਮ ਹੋਇਆ। ਇਕ ਆਪ ਦੀ ਤੀਖਣ ਬੁਧੀ ਦੂਜੇ ਭਾਈ ਗੁਰਦਿਤ ਸਿੰਘ ਜੀ ਪੜ੍ਹਾਉਣ ਵਿਚ ਬਹੁਤ ਮਾਹਿਰ ਸਨ। ਆਪ ਥੋੜੇ ਸਮੇਂ ਵਿਚ ਹੀ ਕਾਫੀ ਗਰੰਥ ਪੜ੍ਹ ਗਏ।

ਆਪ ਘਰੋਂ ਉਪਰਾਮ ਹੋ ਕੇ ਭਾਈ ਰੂਪੇ ਗੁਰਦਵਾਰੇ ਸਾਹਿਬ ਜਾ ਕੇ ਸੇਵਾ ਕਰਨ ਲਗ ਪਏ। ਆਪ ਜੀ ਦੀ ਸਾਧੂ ਬਿਰਤੀ ਵੇਖ ਕੇ ਨਗਰ ਨਿਵਾਸੀਆਂ ਨੇ ਆਪ ਨੂੰ ਗੁਰਦਵਾਰੇ ਸਾਹਿਬ ਦੇ ਮੁਖ ਪ੍ਰਬੰਧਕ ਥਾਪ ਦਿਤਾ। ਆਪ ਨੇ ਤਨੋਂ ਮਨੋਂ ਗੁਰਦਵਾਰਾ ਸਾਹਿਬ ਦੀ ਸੇਵਾ ਕਰਨੀ ਅਰੰਭ ਦਿਤੀ। ਆਪ ਦੀ ਲਿਖਾਈ ਬੜੀ ਸੁੰਦਰ ਸੀ। ਆਪ ਨੇ ਸ੍ਰੀ ਗੁਰੂ ਗਰੰਥ ਸਾਹਿਬ ਹਥੀਂ ਲਿਖ ਕੇ ਬਹੁਤ ਸਾਰੇ ਗੁਰ ਅਸਥਾਨਾਂ ਵਿਚ ਪਰਕਾਸ਼ ਕੀਤੇ। ਆਪ ਨੇ ਹਿੰਦੀ ਦੇ ਬੇਅੰਤ ਗਰੰਥ ਲਿਖੇ। ਆਪ ਗ੍ਰਿਹਸਤੀ ਹੁੰਦੇ ਹੋਏ ਵਿਰਕਤੀ ਵਿਚ ਰਹਿਣਾ ਪਸੰਦ ਕਰਦੇ ਸਨ। ਆਪ ਸੁਭਾ ਦੇ ਮਿਠੇ ਅਤੇ ਸਬਰ ਸੰਤੋਖ ਵਾਲੇ ਮਹਾਂਪੁਰਖ ਹੋਏ ਹਨ।

## ਬਾਬਾ ਦਸੌਂਦਾ ਸਿੰਘ ਜੀ ਗਾਦੜੀ ਵਾਲਾ

ਬਾਬਾ ਦਸੌਂਦਾ ਸਿੰਘ ਜੀ ਪਿੰਡ ਗਾਦੜੀ ਵਾਲਾ, ਤਹਿਸੀਲ ਜ਼ੀਰਾ, ਜ਼ਿਲਾ ਫੀਰੋਜ਼ਪੁਰ ਵਿਚ ਇਕ ਚੰਗੇ ਕਰਨੀ ਵਾਲੇ ਮਹਾਂ ਪੁਰਸ਼ ਹੋਏ ਹਨ। ਆਪ ਨਾਮ ਬਾਣੀ ਦੇ ਰਸੀਏ ਤੇ ਪਰਉਪਕਾਰੀ ਜਿਊੜੇ ਸਨ। ਹਥੀਂ ਚੱਕੀ ਪੀਹਕੇ ਲੰਗਰ ਚਲਾਇਆ ਕਰਦੇ ਤੇ ਮੁਸਾਫ਼ਰਾਂ ਨੂੰ ਬੜੇ ਪ੍ਰੇਮ ਨਾਲ ਪ੍ਰਸ਼ਾਦਾ ਛਕਾਉਂਦੇ। ਉਨ੍ਹਾਂ ਦੇ ਮਗਰੋਂ ਬਾਬਾ ਭੰਗਾ ਸਿੰਘ ਜੀ, ਬਾਬਾ ਹਰੀ ਸਿੰਘ ਜੀ, ਬਾਬਾ ਟਹਿਲ ਸਿੰਘ ਆਦਿ ਨੇ ਵੀ ਉਪ੍ਰੋਕਤ ਮਰਯਾਦਾ ਕਾਇਮ ਰਖੀ, ਉਪਰੰਤ ਬਾਬਾ ਭਗਤ ਸਿੰਘ ਤੇ ਬਾਬਾ ਰਾਮ ਸਿੰਘ ਨੇ ਗੁਰਦੁਆਰੇ ਦੀ ਪੱਕੀ ਇਮਾਰਤ ਸੰਮਤ ੧੯੭੧ ਵਿਚ ਤਿਆਰ ਕਰਾਈ।

## ਗਿਆਨੀ ਦਾਨ ਸਿੰਘ ਜੀ

ਜਨਮ:—ਆਪ ਜੀ ਦਾ ਜਨਮ ਪਿੰਡ ਦਿਆਲ ਪੁਰਾ ਮਿਰਜ਼ੇ ਕਾ, ਜ਼ਿ: ਸੰਗਰੂਰ ਵਿਚ ਹੋਇਆ।

ਵਿਦਿਆ:—ਆਪ ਜੀ ਨੂੰ ਬਚਪਨ ਤੋਂ ਹੀ ਵਿਦਿਆ ਪੜਨ ਦਾ ਬਹੁਤ ਸ਼ੌਕ ਸੀ। ਆਪ ਜੀ ਗੁਰਮੁਖੀ ਵਿਦਿਆ ਦੇ ਬਹੁਤ ਉਚ ਕੋਟੀ ਦੇ ਗਿਆਨੀ ਸਨ। ਗੁਰਬਾਣੀ ਦੀ ਕਥਾ ਉਪਦੇਸ਼ ਵਿਚ ਆਪ ਜੀ ਨੂੰ ਕਮਾਲ ਹਾਸਲ ਸੀ। ਆਪ ਜੀ ਭਾਈ ਮਨੀ ਸਿਘ ਜੀ ਸ਼ਹੀਦ ਦੀ ਸੰਪ੍ਰਦਾ ਦੀ ਪੰਜਵੀਂ ਪੀੜੀ ਚੋਂ ਸਨ।

ਉਪਕਾਰ:—ਆਪ ਜੀ ਵਿਦਿਆਰਥੀਆਂ ਨੂੰ ਮੁਫਤ ਪੜ੍ਹਾਉਂਦੇ ਸਨ, ਆਪ ਜੀ ਲੰਗਰ ਦੀ ਹਥੀਂ ਸੇਵਾ ਕਰਦੇ ਸਨ ਅਤੇ ਸੰਗਤਾਂ ਦੇ ਜੂਠੇ ਭਾਂਡੇ ਮਾਂਜਣਾ ਫ਼ਖ਼ਰ ਸਮਝਦੇ ਸੀ। ਕਥਾ, ਕੀਰਤਨ

Digitized by Panjab Digital Library | www.panjabdigilib.org

ਕਰਨਾ ਆਪ ਦਾ ਮੁਖ ਉਪਦੇਸ਼ ਸੀ। ਆਪ ਜੀ ਦੀ ਵਿਦਵਤਾ ਸਦਕਾ ਹੀ ਮਹਾਰਾਜਾ ਫਰੀਦਕੋਟ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਨ ਲਈ ਬੜੇ ਆਦਰ ਮਾਣ ਨਾਲ ਸੱਦਿਆ ਸੀ।

ਸੁਭਾ:—ਆਪ ਜੀ ਦਾ ਸੁਭਾ ਬਹੁਤ ਹੀ ਮਿਲਨਸਾਰ ਸੀ। ਸਦਾ ਹੀ ਅਕਾਲ ਪੁਰਖ ਤੇ ਨਾਮ ਸਿਮਰਨ ਵਿਚ ਲਿਵਲੀਨ ਰਹਿੰਦੇ ਸਨ। ਆਪ ਜੀ ਦਾ ਨਗਰ ਅਤੇ ਇਲਾਕੇ ਵਿਚ ਕਾਫੀ ਸਤਿਕਾਰ ਸੀ। ਆਪ ਜੀ ਨਿਤਨੇਮੀ, ਗੁਰੂ ਘਰ ਦੇ ਪ੍ਰੇਮੀ, ਰਹਿਤ ਮਰਯਾਦਾ ਵਿਚ ਕਟੜ ਗੁਰਸਿਖ ਸਨ।

## ਸੰਤ ਧਿਆਨ ਸਿੰਘ ਜੀ ਲੋਹਟ ਬੱਧੀ

ਆਪ ਦਾ ਜਨਮ ਪਿੰਡ ਮਾਨਸਾ ਵਿਚ ਹੋਇਆ। ਆਪ ਜੀ ਦੀ ਪਹਿਲੀ ਆਯੂ ਘਰੋਗੀ ਕੰਮਾਂ ਵਿਚ ਹੀ ਲੰਘੀ। ਉਪ੍ਰੰਤ ੩੫ ਸਾਲ ਦੀ ਉਮਰ ਵਿਚ ਪਿੰਡ ਲੋਹਟ ਬਧੀ ਇਕ ਸਾਫ ਥਾਂ ਆ ਬਟਾਜੇ ਅਤੇ ਏਥੇ ਸੁੰਦਰ ਗੁਰਦਵਾਰਾ ਬਣਵਾਇਆ।

ਉਪਕਾਰ: ਆਪ ਜੀ ਨਿਰਮਲ ਸੰਪਰਦਾਏ ਵਿਚੋਂ ਸਨ। ਆਪ ਜੀ ਨੇ ਬਹੁਤ ਸਾਰੇ ਲੜਕੇ ਲੜਕੀਆਂ ਨੂੰ ਗੁਰਮੁਖੀ ਵਿਦਿਆ ਪੜ੍ਹਾਈ ਤੇ ਇਲਾਕੇ ਵਿਚ ਸਿਖੀ ਦਾ ਪਰਚਾਰ ਕੀਤਾ।

ਆਪ ਇਕ ਮਹਾਂ ਸਾਧੂ ਸੁਭਾ ਨਿਰਮਲੇ ਸੰਤ ਸਨ। ਆਪ ਦੇ ਬੋਲ ਪੂਰੇ ਹੋ ਜਾਇਆ ਕਰਦੇ ਸਨ। ੧੩੫ ਸਾਲ ਦੀ ਉਮਰ ਭੋਗ ਕੇ ਪਰਲੋਕ ਗਮਨ ਕਰ ਗਏ।

## (ਨਿਹੰਗ ਸਿੰਘ) ਮਿਤ ਸਿੰਘ ਜੀ ਮੰਡਿਅਣੀ

ਜਨਮ:—ਮੰਡਿਆਣੀ ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਵਿਖੇ ਹੋਇਆ।

ਆਪ ਜੀ ਸੁਰਤ ਸੰਭਾਲਦੇ ਸਾਰ ਹੀ,ਦਮਦਮੇ ਸਾਹਿਬ ਵਾਲੇ ਬੁਢੇ ਦਲ ਦੇ ਰਕਬੇ ਆਉਣ ਤੇ ਉਨ੍ਹਾਂ ਤੋਂ ਅੰਮ੍ਰਿਤ ਛਕਕੇ ਨਿਹੰਗ ਸਿੰਘ ਸਜ ਗਏ। ਸ੍ਰੀ ਹਜ਼ੂਰ ਸਾਹਿਬ ਜੀ ਦੀ ਯਾਤਰਾ ਕਰਨ ਵਾਸਤੇ ਚਲੇ ਗਏ। ਜਦ ਬਾਬਾ ਜੀ ਮਾਤਾ ਜੀ ਦੇ ਅਸਥਾਨ ਦੀ ਯਾਤਰਾ ਕਰਨ ਗਏ ਤਾਂ ਉਥੇ ਹੀ ਕਮਰ ਕਸੇ ਕਸ ਕੇ ਸੇਵਾ ਵਿਚ ਡਟ ਗਏ। ਫੇਰ ਕੀ ਸੀ, 'ਸੇਵਕ ਕੀ ਓੜਕ ਨਿਵਹੀ ਪ੍ਰੀਤ' ਦੇ ਗੁਰਵਾਕ ਅਨੁਸਾਰ ਉਸੇ ਸੇਵਾ ਵਿਚ ਹੀ ਅੰਤ ਤਕ ਸੁਆਸ ਸਫਲ ਕਰਦੇ ਹੋਏ ਸਚ ਖੰਡ ਪਧਾਰ ਗਏ। ਬਾਬਾ ਜੀ ਬੜੀਆਂ ਤਾਕਤਾਂ ਦੇ ਮਾਲਕਾਂ ਹੁੰਦੇ ਹੋਏ ਵੀ 'ਗ੍ਰੀਬੀ ਗਦਾ ਹਮਾਰੀ' ਵਾਲੀ ਧਾਰਨਾ ਤੇ ਰਹਿਕੇ ਨਮੂਨਾ ਪੇਸ਼ ਕਰ ਗਏ।

## ਬਾਬਾ ਨਰੈਣ ਸਿੰਘ ਜੀ ਪਿੱਥੋ

ਆਪ ਸਰਦਾਰ ਬਹਾਦਰ ਸਰਦਾਰ ਕਾਹਨ ਸਿੰਘ ਦੇ ਬਜ਼ੁਰਗ ਪਿਤਾ ਸਨ। ਜੋ ਬੜੇ ਪਰਉਪਕਾਰੀ ਸਨ। ਆਪ ਜੀ ਨੇ ਅਨੇਕਾਂ ਜੀਵਾਂ ਨੂੰ ਅੰਮ੍ਰਿਤ ਪਾਨ ਕਰਾਇਆ। ਆਪ ਜੀ ਦੇ ਯੋਗ ਸਪੁਤਰ ਸ: ਕਾਹਨ ਸਿੰਘ ਨੇ ਮਹਾਨ ਕੋਸ਼ ਵਰਗੀ ਅਮੋਲ ਸੁਗਾਤ ਤਿਆਰ ਕਰਕੇ, ਆਪ ਦੇ ਨਾਮ ਨੂੰ ਹੋਰ ਵੀ ਚਾਰ ਚੰਨ ਲਾ ਦਿਤੇ। ਜਿਨ੍ਹਾਂ ਤੇ ਸਿਖ ਪੰਥ ਜਿਨਾਂ ਵੀ ਮਾਣ ਕਰੇ ਥੋੜਾ ਹੈ।

ਬਾਬਾ ਜੀ ਸਰਦਾਰ ਗੁਰਦਿਆਲ ਸਿੰਘ ਦੇ ਘਰ ੧੮੯੮ ਬਿ: ਵਿੱਚ ਜਨਮੇ ਅਤੇ ਆਪ ਦਾ ਦਿਹਾਂਤ ੧੯੭੩ ਬਿ: ਵਿਚ ਹੋਇਆ।

Digitized by Panjab Digital Library | www.panjabdigilib.org

## ਨਾਮ ਅਭਿਆਸੀ ਸ੍ਰੀਮਾਨ ਸੰਤ ਸੁੰਦਰ ਸਿੰਘ ਜੀ ਭਿੰਡਰ



ਜਿਨ੍ਹਾਂ ਨੇ ਗੁਰਬਾਣੀ ਦੇ ਗਿਆਤਾ ਬੇਅੰਤ ਗਿਆਨੀ ਤੇ ਗੁਰਸਿਖ
ਪੈਦਾ ਕੀਤੇ ਅਤੇ ਆਪ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ
੧੮ ਦਫਾ ਕੀਤੀ।

( ਸਫਾ ੧੧੪੦ )

"ਸੰਤ ਸੰਜੋਗੀ ਨਾਨਕਾ"

## ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ



ਨਾਮ ਅਭਿਆਸੀ, ਪ੍ਰਉਪਕਾਰੀ, ਨਾਮ ਕੀਰਤਨ ਦੇ ਰਸੀਏ

( ਸਫਾ ੧੬੮੩-੪ )

Panjab Digital Library | www.pan

## ਨਾਮ ਅਭਿਆਸੀ ਸ੍ਰੀ ਮਾਨ ਸੰਤ ਨੰਦ ਸਿੰਘ ਜੀ

ਨਾਨਕ ਸਰ ਕਲੇਰ (ਤਹਿਸੀਲ ਜਗਰਾਉਂ)



"ਆਠ ਪਹਰ ਨਿਕਟਿ ਕਰ ਜਾਨਾ"

ਸਫਾ ੧੧੬੧

## ਸ੍ਰੀਮਾਨ ਸੰਤ ਈਸ਼ਰ ਸਿੰਘ ਜੀ ਝੋਰੜ



ਸ੍ਰੀ ਮਾਨ ਸੰਤ ਬਾਬਾ ਨੰਦ ਸਿੰਘ ਜੀ ਦੇ ਪੂਰਨਿਆਂ
ਤੇ ਚੱਲਣ ਵਾਲੇ ਗੁਰਮਖ ਪਿਆਰੇ
ਸਫਾ ੧੧੭੯

Digitized by Panjab Digital Library | www.panjabdigilib.org

"ਸੰਤ ਗੋਬਿੰਦ ਕੇ ਏਕੋ ਕਾਮ"

# ਸੰਤ ਨੰਦ ਸਿੰਘ ਜੀ ਕਲੇਰ

ਆਪ ਜੀ ਦਾ ਜਨਮ ਪਿਤਾ ਜੈ ਸਿੰਘ ਰਾਮਗੜੀਆਂ ਦੇ ਘਰ ਮਾਤਾ ਸਦਾ ਕੌਰ ਦੀ ਸੁਭਾਗੀ ਕੁਖੋਂ ਪਿੰਡ ਸ਼ੇਰ ਪੁਰਾ ਕਲਾਂ ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਵਿਖੇ ਹੋਇਆ। ਪਤਾ ਨਹੀਂ ਓਦੋ ਮਾਤਾ ਪਿਤਾ ਤੇ ਪ੍ਰਵਾਰ ਨੂੰ ਕਿੰਨੀਆਂ ਖੁਸ਼ੀਆਂ ਹੋਈਆਂ ਹੋਣਗੀਆਂ।

ਬਾਲ ਅਵਸਥਾ:– ਬਿਰਧਾਂ ਤੋਂ ਸੁਣਿਆ ਹੈ ਕਿ ਆਪ ਬਾਲ ਉਮਰ ਵਿਚ ਹੀ ਮਸਤ ਰਹਿੰਦੇ ਹੁੰਦੇ ਸਨ।

ਪਿਤਾ ਜੀ ਦੇ ਨਾਲ ਕੰਮ ਤੇ ਜਾਣਾ:– ਆਪ ਜੀ ਪਿਤਾ ਦੇ ਨਾਲ ਰਾਜਗੀਰੀ ਦਾ ਕਮ ਕਰਦੇ ਹੁੰਦੇ, ਪਰ ਭਜਨ ਸਿਮਰਨ ਦਾ ਟੈਮ ਸਹੀ ਰਖਦੇ ਸਨ। ਜਦ ਕੰਮ ਦੀ ਉਜਰਤ ਲੈਣੀ ਤਾਂ ਆਪ ਜੀ ਨੇ ਓਨੀ ਲੈਣੀ ਜੋ ਸਹੀ ਹੋਣੀ, ਬਾਕੀ ਮੋੜ ਦੇਣੀ।

ਘਰ ਵਲੋਂ ਉਪਰਾਮਤਾ:– ਜਦੋਂ ਆਪ ਦੀ ਆਯੂ ੧੬–੧੭ ਸਾਲ ਦੀ ਹੋ ਗਈ ਤਾਂ ਘਰੋਂ ਉਪਰਾਮ ਹੋ ਗਏ। ਸਕੀਮੀ ਹੋਣ ਤੇ ਜੋ ਕਮੌਣਾ ਸੋ ਖਾਣਾ, ਜਿਸ ਕਰਕੇ ਸਤ ਸੰਗ ਤੇ ਭਜਨ ਕਰਨਾ ਅਤੀ ਕਠਨ ਸੀ।

ਵਿਦਿਆ ਪ੍ਰਾਪਤੀ: ਸਤ ਵਧਾਵਾ ਸਿੰਘ ਲਹਿਰੇ ਵਾਲੇ ਜੋ ਉਨਾਂ ਦਿਨਾਂ ਵਿਚ ਬੜੀ ਕੀਰਤੀ ਵਾਲੇ ਹੋਏ ਹਨ, ਉਹਨਾਂ ਦੀ ਸ਼ਰਨ ਜਾ ਹਾਜਰ ਹੋਏ ਅਤੇ ਵਿਦਿਆ ਪ੍ਰਾਪਤੀ ਲਈ ਬਿਨੈ ਕੀਤੀ। ਆਪ ਜੀ ਦੀ ਮਨ ਮੋਹਣੀ ਸੂਰਤ ਤੇ ਨਿਮ੍ਰਤਾ, ਨਿਰਡੋਲਤਾ ਦੇਖ ਕੇ ਵੀ ਸੰਤ ਜੀ ਨੇ ਬੜੇ ਹੀ ਪ੍ਰੇਮ ਤੇ ਸਤਿਕਾਰ ਨਾਲ ਪੜ੍ਹਾਉਣਾ ਆਰੰਭ ਕੀਤੀ।

ਤੀਰਥ ਯਾਤਰਾ:– ਵਿਦਿਆ ਪ੍ਰਾਪਤੀ ਪਿਛੋਂ ਆਪ ਜੀ ਨੇ ਗੁਰਧਾਮਾਂ ਦੇ ਦਰਸ਼ਨਾਂ ਦਾ ਪਰੋਗਰਾਮ ਬਣਾਇਆ ਸੱਚ ਖੰਡ ਸ੍ਰੀ ਹਜ਼ੂਰ ਸਾਹਿਬ ਪੁਜੇ ਅਤੇ ਕੁਝ ਚਿਰ ਲਈ ਇਥੇ ਟਿਕ ਕੇ ਘੋਰ ਤਪਸਿਆ ਕੀਤੀ। ਕਿਹਾ ਜਾਂਦਾ ਹੈ ਕਿ ਇਥੋਂ ਦੀ ਮਰਯਾਦਾ ਅਨੁਸਾਰ ਆਪ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ, ਥਾਲ ਲਗਾ ਕੇ ਤੇ ਪੜਦਾ ਛਡਕੇ ਭੋਗ ਲਵਾਉਂਦੇ ਸਨ। ਇਹ ਭੀ ਮਲੂਮ ਹੁੰਦਾ ਕਿ ਇਥੋਂ (ਸ੍ਰੀ ਹਜ਼ੂਰ ਸਾਹਿਬ ਜੀ ਤੋਂ) ਹੀ ਅੰਮ੍ਰਿਤ ਪਾਨ ਕੀਤਾ।

ਮੁੜ ਪੰਜਾਬ ਆਉਣਾ:– ਆਪ ਪਿੰਡ ਤੋਂ ਬਾਹਰ ਜੰਗਲ ਵਿਚ ਰਹਿਣਾ ਪਸੰਦ ਕਰਦੇ ਸਨ। ਹਰ ਵਕਤ ਆਪ ਭਜਨ ਕੀਰਤਨ ਵਿਚ ਲੀਨ ਰਹਿੰਦੇ। ਆਪ ਜੀ ਦੇ ਤਪ ਤਿਆਗ ਨੂੰ ਦੇਖ ਕੇ ਲੋਕ ਆਪ ਜੀ ਨੂੰ ਰਿਖੀ ਕਹਿਕੇ ਸਤਿਕਾਰਦੇ ਸਨ।

ਸੰਤ ਮਿਲਾਪ:– ਮੈਰੇਵਾਲੇ (ਭੁਚੋ) ਸ੍ਰੀ ਬਾਬਾਂ ਸੰਤ ਹਰਨਾਮ ਸਿੰਘ ਜੀ ਪਾਸ ਪੁਜੇ। ਜਿਨ੍ਹਾਂ ਨਾਲ ਪਹਿਲੇ ਗੁਪਤ ਵਾਇਰਲੈਸਾਂ ਹੋ ਰਹੀਆਂ ਸਨ। ਉਹਨਾਂ ਨਾਲ ਪਹਿਲੀ ਮਿਲਣੀ ਹੋਈ ਤੇ ਪੂਰਬਲੇ ਜਨਮਾਂ ਦੇ ਸੰਜੋਗ ਦੀਆਂ ਬਾਤਾਂ ਆਪਸ ਵਿਚ ਕੀਤੀਆਂ। ਜਿਨ੍ਹਾਂ ਦੀਆਂ ਰਮਜ਼ਾਂ ਨੂੰ ਨਾਲ ਦੇ ਸਾਥੀ ਸ਼ਾਇਦ ਹੀ ਸਮਝੇ ਹੋਣ।

ਨਾਮ ਅਭਿਆਸ:–ਨਾਮ ਅਭਿਆਸ ਵਿਚ ਆਪ ਇਤਨੇ ਲੀਨ ਹੋ ਗਏ ਕਿ ਸਰੀਰਕ ਕਿਰਿਆ ਤੋਂ ਬਿਨਾਂ ਭਜਨ ਸਿਮਰਨ ਵਿਚ ਅਠੇ ਪਹਿਰ ਲੀਨ ਰਹਿੰਦੇ ਸਨ।

ਆਪ ਜੀ ਦੇ ੧੨ ਪ੍ਰਣ:– ੧. ਆਪਣੇ ਪਾਸ ਮਾਈਆਂ ਬੀਬੀਆਂ ਨਹੀਂ ਰਹਿਣ ਦੇਣੀਆਂ।

Digitized by Panjab Digital Library | www.panjabdigilib.org

੨. ਮਾਇਆ ਦਾ ਤਿਆਗ ੩. ਪੱਕੀ ਇਟ ਨਹੀਂ ਲਾਉਣੀ ੩. ਚੇਲਾ ਨਹੀਂ ਬਣਾਉਣਾ ਆਦਿ ਆਪ ਜੀ ਦੇ ੧੨ ਪ੍ਰਨ ਸਨ ।

ਦਰਸ਼ਨ ਪਿਆਰ:- "ਸਹੀਆਂ ਤਊ ਅਸੰਖ, ਮੰਞਹੁ ਹਭਿ ਵਧਾਣੀਆ ।
ਹਿਕ ਭੋਰੀ ਨਦਰਿ ਨਿਹਾਲ, ਦੇਹ ਦਰਸ ਰੰਗ ਮਾਣੀਆ ।
(ਸੂਹੀ ਮ: ੫)

ਇਸ ਉਪਰਲੇ ਸ਼ਬਦ ਅਨੁਸਾਰ ਆਪ ਜੀ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਰੂਪ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫੋਟੋ ਤੋਂ ਬਿਨਾ ਇਕ ਘੰਟਾ ਰਹਿਣਾ ਮਹਾਲ ਹੀ ਨਹੀਂ ਸਗੋਂ ਅਸੰਭਵ ਹੋ ਜਾਂਦਾ ਸੀ । ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਹਜ਼ੂਰ ਔਂਦਿਆਂ ਆਪ ਜੀ ਨੂੰ ਜਲਾਲ ਪੈਦਾ ਹੋ ਜਾਂਦਾ ਸੀ ।

ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਸਤਿਕਾਰ:— ਆਪ ਜੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਤੇ ਕੀਰਤਨ ਅਸਥਾਨ ਤੋਂ ਬਹੁਤ ਨੀਵੀਂ ਜਗ੍ਹਾ ਟੋਆ ਪੁਟਕੇ ਉਸ ਵਿਚ ਆਸਨ ਬਿਛਾ ਕੇ ਬਹਿੰਦੇ ਹੁੰਦੇ ਸਨ 'ਜਾਗਤ ਸੇਵਤ ਬਹੁ ਪਰਕਾਰ, ਗੁਰਮਖ ਜਾਗੈ ਸੋਈ ਸਾਰ' ਆਪ ਜੀ ਦੀ ਅੰਦਰਲੀ ਸਚੀ ਪਰੀਤ ਦਾ ਨਕਸ਼ਾਂ ਆਪ ਜੀ ਦੀ ਅਰਦਾਸ ਤੋਂ ਅਨਜਾਣਾਂ ਨੂੰ ਭੀ ਪ੍ਰਗਟ ਹੋ ਜਾਂਦਾ ਸੀ ।

ਹੁਕਮੀ ਬੰਦੇ:— ਆਪ ਜੀ ਨੇ ਜਦ ਕਦੇ ਕੋਈ ਸਫਰ ਜਾਂ ਹੋਰ ਵਿਹਾਰ ਕਰਨਾ ਹੋਵੇ ਤਾਂ ਪੰਜਾਂ ਸਿੰਘਾਂ ਦੇ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਪੰਜ ਚਿਠੀਆਂ ਪਾ ਕੇ ਆਗਿਆ ਲੈਂਦੇ, ਜੋ ਚਿਠੀ ਨਿਕਲਦੀ ਉਸ ਤੇ ਅਮਲ ਕਰਨ ਦੇ ਪੂਰੇ ਆਦੀ ਸਨ ।

ਅੰਤਰ ਧਿਆਨ:- ਆਪ ਜੀ ਅੰਤਰ ਧਿਆਨੀ ਏਨੇ ਸਨ ਕਿ ਕਈ ਕਈ ਘੰਟੇ ਇਕ ਟਕ ਆਤਮਕ ਅਨੰਦ ਮਾਣਦੇ ਰਹਿੰਦੇ, ਜਿਸ ਦੇ ਭੇਦ ਨੂੰ ਹੋਰ ਕੋਈ ਨਹੀਂ ਪੁਜ ਸਕਦਾ । ਸਿਰਫ ਅੰਤਰ ਧਿਆਨੀ ਤੇ ਰੰਗ ਚਲੂਲੇ ਸੁਰਤ ਮੱਤ ਦੇ ਮਤਵਾਲੇ ਹੀ ਬੁਝ ਸਕਦੇ ਸਨ ।

ਦਰ ਜਾਚਕ:— ਅਠੇ ਪਹਿਰ ਵਾਹਿਗੁਰੂ ਅਕਾਲ ਪੁਰਖ ਨੂੰ ਨਿਕਟ ਦੇਖਣ ਵਾਲੇ ਅਤੇ ਅੰਦਰੋ ਬਾਹਰੋਂ ਪ੍ਰੇਮ ਰਸ ਗੁਧੇ ਹੋਏ, ਜਦ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸ ਕਰਦੇ ਤਾਂ ਤਦ ਮਨ ਨੂੰ ਹਰ ਪਾਸਿਓਂ ਮੋੜ ਕੇ ਪ੍ਰਭੂ ਦਰ ਅਗੇ ਜਾਚਕ ਬਣਕੇ ਭੁਬਾਂ ਮਾਰ ਮਾਰ ਕੇ ਭੁਲਾਂ ਬਖਸ਼ਾਉਣ ਲਈ ਕੂਕ ਪੁਕਾਰਾਂ ਇਉਂ ਕਰਦੇ ਸੁਣੀ ਦੇ ਸੀ, 'ਮੈਂ ਨਿਥਾਵੇਂ ਨੂੰ ਹੋਰ ਕੋਈ ਥਾਓ ਨਹੀ' । ਆਪਣੀ ਚਰਨ ਸਰਨ ਵਿਚ ਥਾਂ ਦਿਉ ।

ਪ੍ਰੇਮ ਹੁਲਾਰੇ:— ਜਾ ਕੋ ਪ੍ਰੇਮ ਸੁਆਉ ਹੈ ਚਰਨ ਚਿਤਵ ਮਨ ਮਾਹਿ ।
ਨਾਨਕ ਬਿਰਹੀ ਬ੍ਰਹਮ ਕੇ ਆਨ ਨ ਕਤਹੂ ਜਾਹਿ ।
( ਚਿਉ ਬੋਲੇ ਮ: ੫ )

ਆਪ ਜੀ ਤਿਵੇਂ ਹੀ ਪ੍ਰੇਮ ਖੁਮਾਰੀ ਦੀ ਬਹਾਰ ਵਿਚ ਹਰਨਾਮ ਪਿਆਲੇ ਪੀਂਦੇ ਹੋਏ ਪਰੇਮ ਹੁਲਾਰੇ ਲੈਂਦੇ ਸਨ ।

ਰਾਜ ਜੋਗੀ:—- ਚਾਹੇ ਪਹਿਲੀ ਅਵਸਥਾ ਨਾਲੋਂ ਹੁਣ ਦੇਖਣ ਵਾਲੇ ਨੂੰ ਬਹੁਤ ਫਰਕ ਮਲੂਮ ਹੁੰਦਾ ਸੀ, ਪਰ ਆਪ ਜੀ ਰਾਜ ਜੋਗੀ ਸਨ ।

ਟਿਕਾਣੇ:—- ੧ ਮੇਰਾ ਜਗਰਾਉਂ (ਕਲੇਰ ਕਰਕੇ ਪ੍ਰਸਿਧ ਹੈ) ।
੨. ਝੰਗ, ਮਘਿਆਣਾ ਦੇਹਰਾ ਦੂਨ ਆਦਿ ਇਨਾਂ ਜਗਾ ਤੇ ਚਕਰ ਅਨੁਸਾਰ ਔਂਦੇ ਜਾਂਦੇ ਸਨ ।

ਅਣਮਿਥਿਆ ਮੇਲ:- ਇਕ ਸਮੇਂ ਸ੍ਰੀ ਸੰਤ ਜੀ ਮਹਾਰਾਜ ਕਲੇਰੀਂ ਭਜਨ ਸਿਮਰਨ ਕਰਦੇ

Digitized by Panjab Digital Library | www.panjabdigilib.org

ਤੇ ਦਾਸ ਜੰਡੀ ਗੁਰਦੁਆਰਾ ਸਾਹਿਬ ਜੀ ਦੀ ਇਮਾਰਤ ਦੀ ਸੇਵਾ ਕਰੋਂਦਾ ਸੀ। ਦੋਹੀਂ ਪਾਸੀ ਅੰਤਰ ਖਿਚਾਂ ਐਸੀਆਂ ਹੋਈਆਂ ਜਿਨ੍ਹਾਂ ਨੇ ਗੁਰਦੁਆਰਾ ਜਾਗਤ ਸਰ, ਸ਼ੇਰਪੁਰਾ ਕਲਾਂ ਵਿਖੇ ਇਕਤ੍ਰ ਕਰਲਿਆ। ਆਪਸ ਵਿਚ ਮਲਾਪ ਹੋਣ ਤੇ ਸ੍ਰੀ ਗੁਰੁ ਗਰੰਥ ਸਾਹਿਬ ਜੀ ਦਾ ਹੁਕਮ ਨਾਮਾਂ ਗਰੰਥੀ ਇੰਦਰ ਸਿੰਘ ਮਲਕ ਨੇ ਲਿਆ ਤਾਂ ਹਜ਼ੂਰ ਨੇ ਬਖਸ਼ਸ ਕੀਤੀ।

"ਸਜਨ ਮਿਲੇ ਸਜਣਾ ਜਿਨ ਸਤਿਗੁਰ ਨਾਲ ਪਿਆਰ।"

ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਨਾਮਾ ਸੁਣਕੇ ਸਾਰੀ ਸੰਗਤ ਪ੍ਰਸੰਨ ਹੋ ਗਈ ਅਤੇ ਸ੍ਰੀ ਸੰਤ ਜੀ ਮਹਾਂਰਾਜ, ਨੇ ਦਾਸ ਨਾਲ ਖਾਸ ਬਚਨ ਬਲਾਸ ਕੀਤੇ ਅਤੇ ਬਾਦ ਵਿਚ ਆਪੋ ਆਪਣੇ ਰਾਹ ਪਏ। ਉਸ ਸਮੇਂ ਸ੍ਰੀ ਸੰਤ ਜੀ ਦੇ ਨਾਲ ਸ: ਰਤਨ ਸਿੰਘ ਕਲੇਰ ਜੋ ਦਾਸ ਦਾ ਸਚਾ ਹਿਤਕਾਰੀ ਤੇ ਸੰਤ ਮਹਾਂਰਾਜ ਜੀ ਦੇ 'ਜੇਠੇ' ਸੇਵਕ ਅਤੇ ਦਿਲੀ ਵਾਲੇ ਕਵੀ ਜੀ ਸਨ।

ਸ੍ਰੀ ਸੰਤ ਜੀ ਮਹਾਰਾਜ, 'ਆਪ ਮੁਕਤ ਮੁਕਤ ਕਰੇ ਸੰਸਾਰ' ਵਾਲੀ ਪੰਗਤੀ ਨੂੰ ਧਾਰਨ ਕਰਦੇ ਹੋਏ, ਸਚ ਖੰਡ ਪਧਾਰ ਗਏ। ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਰਨ ਕਮਲਾਂ ਨਾਲ ਸੁਹਾਵਣਾ ਕੀਤਾ ਸੀ ਉਥੇ ਡਾਢਾ ਤਪ ਕੀਤਾ ਅਤੇ ਆਪ ਜੀ ਦੇ ਨਿਤਾ ਪਰਤੀ ਪ੍ਰੋਗਰਾਮ ਅਨੁਸਾਰ, ਉਸੇ ਤਰਾਂ ਹੀ ਭਜਨ ਕੀਰਤਨ ਦੀਆਂ ਗੂੰਜਾਂ ਪੈਂਦੀਆਂ ਹਨ।

ਸ੍ਰੀ ਸੰਤ ਜੀ ਦੇ ਸਰੀਰ ਦਾ ਅੰਤਮ ਸੰਸਕਾਰ, ਦਰਿਯਾ ਸਤਲੁਜ ਵਿਖੇ ਇਕ ਮਹਾਨ ਜਲੂਸ ਨਾਲ ਜਲ ਪ੍ਰਵਾਹ ਕੀਤਾ ਗਿਆ।

ਅਜ ਕਲ ਮੁਖ ਪ੍ਰਬੰਧਕ ਸ੍ਰੀ ਸੰਤ ਈਸ਼ਰ ਸਿੰਘ ਜੀ ਹਨ।

## ਸ:— ਨਿਹਾਲ ਸਿੰਘ ਜੀ ਰਕਬਾ

ਜਨਮ : ਆਪ ਦਾ ਜਨਮ ਪਿੰਡ ਰਕਬਾ ਤਹਿਸੀਲ ਜਗਰਾਂਉ ਜ਼ਿਲਾ ਲੁਧਿਆਣਾ ਵਿਖੇ ਸ:— ਸਾਹਿਬ ਸਿੰਘ ਦੇ ਘਰ ਹੋਇਆ

ਬਾਲਪਣ:— ਆਪ ਦੀ ਪਹਿਲੀ ਉਮਰ ਪਿੰਡ ਵਿਚ ਲੰਘੀ ਆਪ ਛੋਟੇ ਹੁੰਦੇ ਹੀ ਵਚਿੱਤ੍ਰ ਅਤੇ ਗੁਰ ਸਿਖ ਵਿਰਤੀ ਵਾਲੇ ਸਨ

ਵਿਦਿਆ:— ਆਪ ਨੇ ਗੁਰ ਸਿਖੀ ਵਿਦਿਆ ਪਿੰਡ ਵਿਚ ਹੀ ਰਹਿਕੇ ਪੜ੍ਹੀ। ਆਪ ਨੇ ਗੁਰਬਾਣੀ ਦੇ ਕਈ ਗ੍ਰੰਥ ਪੜ੍ਹੇ ਤੇ ਆਪ ਗੁਰ ਬਾਂਣੀ ਦੇ ਅਰਥ ਬੋਧ ਦੀ ਕਾਫੀ ਸੂਝ ਰਖਦੇ ਸਨ।

ਸ਼ਾਦੀ :— ਆਪ ਜੀ ਦੀ ਸ਼ਾਦੀ ਪਿੰਡ ਰੁੜਕਾ ਵਿਖੇ ਮਾਤਾ ਅਤਰ ਕੌਰ ਨਾਲ ਹੋਈ

ਸੰਤਾਨ:— ਆਪ ਦੀਆਂ ਦੋ ਸਪੁਤਰੀਆਂ ਬੀਬੀ ਉਤਮ ਕੌਰ ਅਤੇ ਬੀਬੀ ਦਇਆ ਕੌਰ ਜੋ ਆਪ ਦੇ ਸੰਗਤ ਦੇ ਪ੍ਰਭਾਵ ਸਦਕਾ ਬੜੀਆਂ ਸੁਘੜ ਅਤੇ ਸਿਆਣੀਆਂ ਹਨ। ਜਿਨਾਂ ਦੀ ਸ਼ਾਦੀ ਸਿੱਖ ਘਰਾਣੇ ਵਿੱਚ ਪਿੰਡ ਜੰਡੀ ਸ: ਪ੍ਰਧਾਨ ਸਿੰਘ ਅਤੇ ਸ: ਸੁਚਾ ਸਿੰਘ ਨਾਲ ਪੂਰਨ ਗੁਰਮਰਯਾਦਾ ਨਾਲ ਹੋਈ।

ਸਿਮਰਨ:— ਨਾਮ ਅਭਿਆਸੀ ਬਾਬਾ ਨਿਹਾਲ ਸਿੰਘ ਜੀ ਅਠੇ ਪਹਿਰ ਨਾਮ ਅਭਿਆਸ ਤੇ ਨਾਮ ਸਿਮਰਨ ਵਿਚ ਮਗਨ ਰਹਿੰਦੇ, ਆਪ ਨੇ ਨਾਮ ਸਿਮਰਨ ਦੇ ਬਹੁਤ ਸਾਧਨ ਸਾਧੇ, ਆਪ ਗੁਰਬਾਣੀ ਦੇ ਪ੍ਰੇਮੀ ਅਖੰਡ ਪਾਠੀ ਸਦਾ ਹੀ ਖਿੜੇ ਮਥੇ ਰਹਿਣ ਵਾਲੇ ਪ੍ਰਉਪਕਾਰੀ ਜਿਉੜੇ ਸਨ। ਆਪ ਲਗਾਤਾਰ ਅਠ ੨ ਘੰਟੇ ਨਿਤਨੇਮ ਕਰਦੇ, ਅਤੇ ਅਠ ੨ ਘੰਟੇ ਅਖੰਡ ਪਾਠ ਦੀ ਟੌਲ ਤੇ ਬੈਠੇ ਰਹਿੰਦੇ, ਤੇ ਜ਼ਰਾ ਵੀ ਅਕਦੇ ਥਕਦੇ ਨਹੀਂ ਸਨ। ਆਪ ਜੀ ਨੇ ੨੦੨ ਅਖੰਡ ਪਾਠ ਕਰਾਇ ਸਨ।

Digitized by Panjab Digital Library | www.panjabdigilib.org

ਆਪ ਜੀ ਨੇ ਇਸਤਰਾਂ ਭਜਨ ਬੰਦਗੀ ਤੇ ਨਾਮ ਰਸ ਮਾਣਦਿਆਂ ਗੁਰਦਾਤਾ ਦੇ ਚਰਨਾਂ ਵਿੱਚ ਜਾ ਨਿਵਾਸ ਕੀਤਾ।

## ਸੰਤ ਨਿੱਕਾ ਸਿੰਘ ਗੁਰੂ ਸਰ ਮੱਦੋਕੇ

ਜਨਮ:— ਆਪ ਜੀ ਸਰਦਾਰ ਰਤਨ ਸਿੰਘ ਦੇ ਘਰ ਮਾਤਾ ਰਾਜ ਕੌਰ ਦੀ ਕੁਖੋਂ ਪਿੰਡ ਮੱਦੋਕੇ ਵਿਚ ਪੈਦਾ ਹੋਏ।

ਬਾਲਪਣ:— ਛੋਟੀ ਉਮਰ ਵਿਚ ਹੀ ਆਪ ਜੀ ਆਪਣੀ ਪਿਆਰੀ ਮਾਂ ਦੀ ਗੋਦ ਤੋਂ ਵਾਂਜੇ ਹੋ ਗਏ, ਤੇ ਆਪਣੇ ਨਾਨਾਂ ਜੀ ਪਾਸ ਪਿੰਡ ਤਖਾਣ ਵਧ ਜਾ ਰਹੇ। ਉਥੇ ਕੁਝ ਚਿਰ ਗਊਆਂ ਚਾਰਦੇ ਰਹੇ। ਆਪ ਦੀ ਰੁਚੀ ਧਾਰਮਿਕ ਸੀ। ਸੋ ਗੁਰੂ ਘਰ ਦੀ ਸੇਵਾ ਕਰਨ ਦਾ ਚਾਉ ਉਪਜਿਆ।

ਪਿੰਡ ਮੱਦੋਕੇ ਨਗਰ ਦੇ ਨੇੜੇ ਛਪੜ ਦੇ ਕੰਢੇ ਭਾਈ ਮਾਧੋ ਦਾਸ ਨਾਮ ਦਾ ਪਰੇਮੀ ਰਹਿੰਦਾ ਸੀ। (ਏਸੇ ਮਹਾਂ ਪੁਰਸ਼ ਮਾਧੋ ਦਾਸ ਦੇ ਨਾਮ ਪੁਰ ਇਸ ਪਿੰਡ ਦਾ ਨਾਮ ਮੱਦੋਕੇ ਰਖਿਆ ਗਿਆ ਹੈ) ਉਸ ਦਾ ਪ੍ਰੇਮ ਦੇਖ ਕੇ ਮੀਰੀ ਪੀਰੀ ਦੇ ਮਾਲਿਕ ਸਾਹਿਬ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਥੇ ਆਕੇ ਦਰਸ਼ਨ ਦਿਤੇ, ਜੋ ਅਜਕਲ ਗੁਰੂਸਰ ਮੱਦੋਕੇ ਕਰਕੇ ਪ੍ਰਸਿੱਧ ਹੈ। ਇਥੇ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ।

ਇਸ ਗੁਰਦੁਆਰੇ ਦੀ ਸੇਵਾ ਕਰਨ ਦਾ ਅਵਸਰ ਆਪ ਜੀ ਨੂੰ ਮਿਲਿਆ ਜੋ ਹੁਣ ਵੀ ਕਈ ਸਾਲਾਂ ਤੋਂ ਇਥੇ ਰਹਿਕੇ ਸੇਵਾ ਕਰ ਰਹੇ ਹਨ।

## ਪੰਡਤ ਨਿੱਕਾ ਸਿੰਘ ਜੀ

ਪੰਥ ਰਤਨ ਵਿਦਿਆ ਭੂਸਣ ਪੰਡਤ ਨਿਕਾ ਸਿੰਘ ਜੀ ਨਗਰ ਭਾਗੂ ਮਾਜਰਾ ਜ਼ਿਲਾ ਅੰਬਾਲਾ ਦੇ ਰਹਿਣ ਵਾਲੇ ਸਨ ਤੇ ਪਿੰਡ ਦੇ ਨੰਬਰਦਾਰ ਸਨ। ਆਪ ਜੀ ਨੂੰ ਵਿਦਿਆ ਪੜ੍ਹਨ ਦਾ ਬਹੁਤ ਸ਼ੌਕ ਸੀ, ਆਪ ਜੀ ਬ੍ਰਿਜ ਭਾਸ਼ਾ ਦੇ ਚੰਗੇ ਜਾਣੂ ਸਨ।

ਕੰਮ:— ਆਪ ਜੀ ਨੇ ਸੰਤ ਗੁਰਬਖਸ਼ ਸਿੰਘ ਜੀ ਨਾਲ ਮਿਲਕੇ ਸਿੰਘ ਸਭਾ ਲਹਿਰ ਵਿੱਚ ਗੁਰਮਤਿ ਦਾ ਬਹੁਤ ਪ੍ਰਚਾਰ ਕੀਤਾ।

ਸੁਭਾਉ:— ਆਪ ਜੀ ਬੜੇ ਸਿਆਣੇ ਤੇ ਨੇਕ ਸੁਭਾਉ ਦੇ ਮਾਲਿਕ ਸਨ।

ਅੰਤ:— ਆਪ ਜੀ ੧੯੫੩ ਈ: ਵਿੱਚ ਪ੍ਰਲੋਕ ਗਮਨ ਕਰ ਗਏ।

## ਸੰਤ ਨੰਦ ਸਿੰਘ ਜੀ ਲੁਹਾਰਾ

ਜਨਮ:— ਆਪ ਜੀ ਦਾ ਜਨਮ ਸ: ਚੇਤ ਸਿੰਘ ਦੇ ਘਰ ਪਿੰਡ ਲੁਹਾਰਾ ਤਹਿਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ ਵਿੱਚ ਹੋਇਆ।

ਬਾਲਪਣ:— ਆਪ ਜੀ ਬਾਲਪਣ ਤੋਂ ਹੀ ਕੁਝ ਉਦਾਸ ਵਿਰਤੀ ਵਿਚ ਰਹਿੰਦੇ ਸਨ, ਜਦੋਂ ਕੁਝ ਵਡੇ ਹੋਏ ਤਾਂ ਪਲਟਨ ਵਿਚ ਜਾ ਭਰਤੀ ਹੋਏ।

ਵਿਦਿਆ:— ਪਲਟਣ ਵਿਚ ਜਾਕੇ ਗੁਰਮੁਖੀ ਵਿਦਿਆ ਪੜ੍ਹੀ ਤੇ ਵੈਦਿਕ ਦੀ ਲਗਨ ਲਗੀ। ੭ ਸਾਲ ਨੌਕਰੀ ਕਰਨ ਤੋਂ ਉਪ੍ਰੰਤ ਪਲਟਣ ਵਿਚੋਂ ਆ ਕੇ ਆਪਣੇ ਨਗਰ ਖੇਤ ਵਿਚ ਕੁਟੀਆ ਪਾਕੇ ਨਾਮ ਬਾਣੀ ਦਾ ਸਿਮਰਨ ਕਰਨ ਲਗੇ, ਤੇ ਨਾਲ ੨ ਵੈਦਿਕ ਕਰਨੀ ਅਰੰਭ ਦਿਤੀ।

Digitized by Panjab Digital Library | www.panjabdigilib.org

ਉਪਕਾਰ:-- ਆਪ ਜੀ ਦੁਆਈ ਬੂਟੀ ਦੀ ਸੇਵਾ ਮੁਫਤ ਕਰਦੇ ਹਨ। ਨਗਰ ਵਿਚ ਆਪਣੇ ਪਾਸੋਂ ਜ਼ਮੀਨ ਦੇਕੇ ਪ੍ਰਾਇਮਰੀ ਸਕੂਲ ਬਣਾਇਆ ਹੈ। ਕੁਝ ਚਿਰ ਅਧਿਆਪਕਾਂ ਨੂੰ ਤਨਖਾਹ ਵਗੈਰਾ ਚੰਦਿਆਂ ਦੀ ਸ਼ਕਲ ਵਿਚ ਇਕਠੀ ਕਰਕੇ ਦਿੰਦੇ ਰਹੇ ਹਨ।

ਸੁਭਾਉ:-- ਨਰਮ, ਹਸਾਉਣਾ, ਪਰ ਵਧੇਰੇ ਕਰਕੇ ਚੁਪ ਹੀ ਰਹਿੰਦੇ ਹਨ ਤੇ ਪ੍ਰਉਪਕਾਰੀ ਹਨ। ਦਾਸ ਨਾਲ ਗੂੜਾ ਪ੍ਰੇਮ ਹੈ।

। ਗੁਰ ਸੇਵਾ ਫਲ ਸਫਲ ਫਲੰਦੇ।

## ਜੱਥੇਦਾਰ ਨੱਥਾ ਸਿੰਘ ਜੀ ਰੇਰੂ ਸਾਹਿਬ

( ਘਾਲ ਖਾਇ ਕਿੱਛੁ ਹਥੋਂ ਦੇਇ ਨਾਨਕ ਰਾਹ ਪਛਾਣੇ ਸੇ )

ਉਪ੍ਰੋਕਤ ਪਵਿੱਤ੍ਰ ਮਹਾਂਵਾਕ ਜਥੇਦਾਰ ਨੱਥਾ ਸਿੰਘ ਜੀ ਦਾ ਜੀਵਨ ਅਦਰਸ਼ ਬਣਾਇਆ ਹੋਇਆ ਹੈ।

ਜਨਮ:— ਆਪ ਦਾ ਜਨਮ ਸ: ਕਾਹਨ ਸਿੰਘ ਦੇ ਘਰ ਪਟਿਆਲੇ ਵਿਚ ਹੋਇਆ।

ਕੰਮ:-- ਆਪ ਚੜ੍ਹਦੀ ਜੁਆਨੀ ਮੁਸ ਫੁਟ ਹੁੰਦਿਆਂ ਹੀ ਫੌਜ ਵਿਚ ਭਰਤੀ ਹੋ ਗਏ, ਪਰ ਅਕਾਲੀ ਲਹਿਰ ਸਮੇਂ ਅੰਗਰੇਜ ਦੀ ਨੌਕਰੀ ਛਡ ਕੇ ਆ ਗਏ, ਤੇ ਅਕਾਲੀ ਲਹਿਰ ਵਿਚ ਸਰਗਰਮ ਹਿਸਾ ਲਿਆ।

ਉਪ੍ਰੰਤ ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਪਾਸ ਆ ਰਹੇ ਤੇ ਤਨੋ ਮਨੋ ਗੁਰੂ ਘਰ ਦੀ ਸੇਵਾ ਕਰਨ ਲੱਗੇ। ਆਪ ਜੀ ਨੇ ਏਥੇ ਆਕੇ ਖੇਤੀ ਬਾੜੀ ਕਰਨੀ ਅਰੰਭ ਕਰ ਦਿਤੀ। ਆਪ ਜੀ ਦੇ ਉਦਮ ਨਾਲ ਗੁਰਦੁਆਰੇ ਦੀ ਜਮੀਨ ੨੨੦-੨੫ ਵਿਘੇ ਹੈ। ਇਕ ਵਡੀ ਜਾਇਦਾਬ ਬਣ ਗਈ। ਆਪ ਦੇ ਉਦਮ ਨਾਲ ਸੁਹਣਾ ਲੰਗਰ ਚਲ ਰਿਹਾ ਹੈ।

ਸਭਾਉ:- ਆਪ ਦਾ ਸਭਾਉ ਬਹੁਤ ਹੀ ਚੰਗਾ ਹੈ, ਸਦਾ ਹੀ ਖੇਤੀ ਬਾੜੀ ਦੇ ਕੰਮ ਵਿਖੇ ਪ੍ਰਸੰਨ ਹੋ ਕੇ ਲਗੇ ਰਹਿੰਦੇ ਹਨ, ਜਿਸ ਦਾ ਸਦਕਾ ਆਪ ਦੀ ਮਾਨ ਪ੍ਰਤਿਸ਼ਟਾ ਬਹੁਤ ਵਧ ਗਈ ਹੈ।

## ਬਾਬਾ ਨਿਧਾਨ ਸਿੰਘ ਜੀ (ਸਚਖੰਡ ਸ੍ਰੀ ਹਜ਼ੂਰ ਸਾਹਿਬ)

ਸੰਤ ਬਾਬਾ ਨਿਧਾਨ ਸਿੰਘ ਜੀ ਪਿਤਾ ਸ: ਉਤਮ ਸਿੰਘ ਦੇ ਘਰ, ਪਿੰਡ ਨੜੌਲੇ ਜਿਲਾ ਹੁਸ਼ਿਆਰ ਪੁਰ ਵਿਚ ਜਨਮ ਹੋਇਆ। ਉਮਰ ੫-੬ ਸਾਲ ਦੇ ਗੁਰਮੁਖੀ ਪੜ੍ਹਨ ਪਾਏ ਗਏ, ਜਿਥੋਂ ਆਪ ਨੂੰ ਗੁਰੂ ਘਰ ਦੀ ਲਗਨ ਲੱਗੀ। ਫੇਰ ਆਪ ਜੀ ਨੇ ਰਸਾਲੇ ਵਿਚ ਭਰਤੀ ਹੋਕੇ ਨੌਕਰੀ ਕੀਤੀ। ਉਪਰੰਤ ਏਥੋਂ ਹੀ ਨਾਮ ਕਟਾਕੇ ਸ੍ਰੀ ਹਜ਼ੂਰ ਸਾਹਿਬ ਆਕੇ ਜਲ ਤੇ ਲੰਗਰ ਦੀ ਸੇਵਾ ਪ੍ਰੇਮਨਾਲ ਨਿਸ਼ਕਾਮ ਕਰਨ ਲਗੇ ਜਿਸ ਤੇ ਬਾਬਾ ਜੀ ਦਾ ਜਸ ਹੋਣ ਲਗਾ। "ਸਚੇ ਮਾਰਗ ਚਲਦਿਆਂ ਉਸਤਤ ਕਰੇ ਜਹਾਨ" ਜਿਸ ਨੂੰ ਈਰਖਾਵਾਦੀ ਨਾ ਸਹਾਰਦੇ ਹੋਇ ਬਾਬਾ ਜੀ ਨੂੰ ਬਹੁਤ ਹੀ ਬੁਰੇ ਭਲੇ ਬਚਨਾ ਦੁਆਰਾ ਤੰਗ ਕਰਨ ਲਗੇ।

ਇਤ ਆਦਿ ਬਚਨਾ ਤੋਂ ਬਾਬਾ ਜੀ ਉਦਾਸ ਹੋਕੇ ਪੰਜਾਬ ਨੂੰ ਆਉਣ ਵਾਸਤੇ ਸਟੇਸ਼ਨ ਤੇ ਗਏ ਅਤੇ ਆਪਣੀ ਰੇਸ਼ਮੀ ਦਸਤਾਰ ਸਟੇਸ਼ਨ ਮਾਸਟਰ ਨੂੰ ਕਰਾਏ ਦੀ ਥਾਂ ਦੇਕੇ ਟਿਕਟ ਮੰਗਿਆ। ਬਾਬੂ ਨੇ ਅਗੋਂ ਉਤਰ ਦਿਤਾ ਸੰਤ ਜੀ ਪਗੜੀਆਂ ਨਾਲ ਟਿਕਟ ਨਹੀਂ ਮਿਲਦੇ। ਟਿਕਟ ਤਾਂ ਰੁਪਈਆਂ ਨਾਲ ਹੀ ਮਿਲਦੇ ਹਨ। ਇਹ ਬਚਨ ਸੁਣਕੇ ਬਾਬਾ ਜੀ ਨਿਰਾਸੇ ਹੋਕੇ ਸਟੇਸ਼ਨ ਤੇ ਕੰਧ ਨਾਲ ਢੋਹ ਲਾਕੇ ਬੈਠ ਗਏ। ਬੈਠਿਆਂ ਨੂੰ ਨੀਂਦ ਆ ਗਈ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ

Digitized by Panjab Digital Library | www.panjabdigilib.org

ਦਰਸ਼ਨ ਦਿਤੇ ਅਤੇ ਬਚਨ ਕੀਤਾ, "ਖਾਲਸਾ ਜੀ ਪੰਜਾਬ ਨੂੰ ਨਹੀਂ ਜਾਣਾ ਤੇਥੋਂ ਲੰਗਰ ਦੀ ਸੇਵਾ ਲੈਣੀ ਹੈ"। ਤਾਂ ਬਾਬਾ ਜੀ ਨੇ ਫੁਰਨਾ ਕੀਤਾ "ਮੇਰੇ ਕੋਲ ਤਾਂ ਕੁਝ ਨਹੀਂ ਮੈਂ ਸੇਵਾ ਕਿਵੇਂ ਕਰਾਂਗਾ"। ਸ੍ਰੀ ਗੁਰੂ ਜੀ ਦਾ ਹੁਕਮ ਹੋਇਆ "ਖੀਸਾ ਗੁਰੂ ਦਾ ਤੇ ਹਥ ਤੇਰਾ ਹੋਵੇਗਾ" ਅੱਖ ਖੁਲ੍ਹੀ ਕੁਝ ਖੁਸ਼ੀ ਵਿਚ ਉਥੋਂ ਚਲਕੇ ਜਿਸ ਜਗਾ ਬਾਬੇ ਦਾ ਬੁੰਗਾ ਤੇ ਲੰਗਰ ਚਲਦਾ ਹੈ। ਏਥੇ ਆਕੇ ਸੇਵਾ ਕਰਨ ਲਗੇ, ਅਤੇ ਹੋਰ ਆਪ ਜੀ ਨੇ ਗੁ: ਨਾਨਕ ਪੁਰੀ, ਗੁ: ਰਤਨ ਗੜ, ਗੁ: ਗੁਪਤ ਸਰ, ਮਨਵਾੜ ਦੀ ਸੇਵਾ ਕਰਾਈ ਤੇ ਲੰਗਰ ਜਾਰੀ ਕੀਤੇ। (ਭਾਈ ਬਸੰਤ ਸਿੰਘ ਜੀ, ਬੀਬੀ ਹਰਨਾਮ ਕੌਰ ਜੀ, ਸੰਤ ਆਤਮਾਂ ਸਿੰਘ ਜੀ, ਸੰਤ ਨਿਹਾਲ ਸਿੰਘ ਜੀ, ਸੰਤ ਅਜਮੇਰ ਸਿੰਘ ਜੀ ਆਦਿਕ ਬੇਅੰਤ ਸਿੰਘਾਂ ਨੇ ਭੀ ਸੇਵਾ ਕੀਤੀ) ਆਪ ਜੀ ਅਟਲ ਯਾਦਾਂ ਕਾਇਮ ਕਰਦੇ, ਗੁਰਪੁਰੀ ਪਧਾਰ ਗਏ। ਆਪ ਜੀ ਦੀ ਜਗਾ ਸੰਤ ਹਰਨਾਮ ਸਿੰਘ ਜੀ ਸੇਵਾ ਕਰ ਰਹੇ ਹਨ।

## ਸ: ਨਿਰੰਜਨ ਸਿੰਘ ਰਾਇਪੁਰ

ਆਪ ਦਾ ਜਨਮ ਪਿਤਾ ਸ: ਹਰਨਾਮ ਸਿੰਘ ਦੇ ਘਰ ਪਿੰਡ ਕਿਲਾ ਰਾਏਪੁਰ ਜ਼ਿਲਾ ਲੁਧਿਆਣਾ ਵਿਖੇ ਹੋਇਆ। ਆਪ ਜੀ ਜਦ ਮੁਛ ਫੁਟ ਹੋਏ ਤਾਂ ਨਜ਼ਾਮ ਸਟੇਟ ਹੈਦਰਾਬਾਦ ਗੌਰਮਿੰਟ ਦੇ ਰਸਾਲੇ ਵਿਚ ਜਾ ਭਰਤੀ ਹੋਏ। ਜਿਥੇ ਆਪ ਜੀ ਨੂੰ ਕੁਝ ਬਹਾਦਰੀ ਕਰਨ ਤੇ ਦੋਸੌ ਸੋਲਾਂ ਬਿਘੇ ਜਮੀਨ ਮਿਲੀ ਜੋ ਆਪ ਜੀ ਨੇ ਸਾਰੀ ਜਮੀਨ ਲੋਹ ਲੰਗਰ ਬੁੰਗਾ ਬਾਬਾ ਨਿਧਾਨ ਸਿੰਘ ਜੀ ਨਦੇੜ ਦੇ ਨਾਮ ਕਰਾਕੇ, ਇਕ ਅਟਲ ਯਾਦ ਕਾਇਮ ਕਰ ਗਏ।

## ਸੰਤ ਪ੍ਰੀਤਮ ਦਾਸ

ਆਪ ਦਾ ਜਨਮ ਜ਼ਿਲਾ ਹੁਸ਼ਿਆਰ ਪੁਰ ਵਿਖੇ ਸੰਮਤ ੧੯੦੯ ਨੂੰ ਹੋਇਆ। ਆਪ ਜੀ ਸੰਮਤ ੧੯੨੦ ਵਿਚ ਘਰੋਂ ਉਪਰਾਮ ਹੋਕੇ ਸੰਤ ਸੰਗਤ ਦਾਸ ਜੀ ਪਾਸ ਆ ਗਏ ਤੇ ਉਥੇ ਆਕੇ ਉਹਨਾਂ ਦੇ ਚੇਲੇ ਬਣੇ। ਇਸ ਨੂੰ "ਨਿਰਬਾਣ" ਪਦਵੀ ਅਤੇ ਵਿਭੂਤ (ਭਸਮ) ਦਾ ਗੋਲਾ ਮਹਾਤਮਾ, ਦਾ ਨਾਉਂ ਬਨਖੰਡੀ ਜੀ ਨੇ ਦਿੱਤਾ। ਪ੍ਰੀਤਮ ਦਾਸ ਜਦ ਧਰਮ ਪ੍ਰਚਾਰ ਕਰਦਾ ਹੋਇਆ ਹੈਦਰਾਬਾਦ ਦੱਖਣ ਪਹੁੰਚਿਆ। ਤਦ ਦੀਵਾਨ ਚੰਦੂ ਲਾਲ ਦਾ ਚਾਚਾ ਨਾਨਕ ਚੰਦ ਇਸਦਾ ਸੇਵਕ ਹੋ ਗਿਆ। ਪ੍ਰੀਤਮ ਦਾਸ ਨੇ ਇੱਛਾ ਪ੍ਰਗਟ ਕੀਤੀ ਕਿ ਤੀਰਥਾਂ ਪੁਰ ਗੁਰੂ ਨਾਨਕ ਪੰਥੀ ਸਾਧੂਆਂ ਦੇ ਖਾਨ ਦਾਨ ਦਾ ਯੋਗ ਪ੍ਰਬੰਧ ਹੋਣਾ ਚਾਹੀਦਾ ਹੈ। ਇਸ ਪਰ ਨਾਨਕ ਚੰਦ ਨੇ ਬਹੁਤ ਰੁਪਿਆ ਦਿੱਤਾ। ਜਿਸ ਨੂੰ ਪਰੋਉਪਕਾਰੀ ਪ੍ਰੀਤਮ ਦਾਸ ਨੇ ਪ੍ਰਯਾਗ ਵਿਚ ਲਿਆਕੇ ਭੇਖ ਦੇ ਸਪੁਰਦ ਕੀਤਾ, ਅਤੇ ਸੰਮਤ ੧੯੩੬ ਵਿਚ ਪੰਚਾਇਤੀ ਅਖਾੜਾ ਕਾਇਮ ਕੀਤਾ।

ਸੰਮਤ ੧੯੩੮ ਵਿਚ ਆਪ ਜੀ ਨੇ ਅਤੇ ਸੰਤ ਸੰਗਤ ਦਾਸ ਜੀ ਨੇ ਰਾਵੀ ਤੋਂ ਨਹਿਰ (ਹੰਸਲੀ) ਲਿਆਕੇ ਅੰਮ੍ਰਿਤ ਸਰੋਵਰ ਵਿਚ ਜਲ ਪਾਉਣ ਦੀ ਪਰਮ ਉਤਮ ਸੇਵਾ ਕੀਤੀ। ਆਪ ਜੀ ਦਾ ਪ੍ਰਸਿਧ ਅਸਥਾਨ ਸੰਗੁਲਵਾਲਾ ਅਖਾੜਾ ਅੰਮ੍ਰਿਤਸਰ ਵਿਚ ਹੈ।

ਆਪ ਜੀ ਦਾ ਦੇਹਾਂਤ ਸੰਮਤ ੧੯੮੮ ਵਿਚ ਹੋਇਆ।

## ਸੰਤ ਬਿਸ਼ਨ ਸਿੰਘ ਜੀ

ਆਪ ਦਾ ਜਨਮ ਪਿੰਡ ਸੰਗਤ ਪੁਰਾ ਥਾਣਾ ਬਾਘਾ ਪੁਰਾਣਾ, ਤਹਿਸੀਲ ਮੋਗਾ ਵਿਖੇ ਜਿਮੀਦਾਰ ਦੇ ਘਰ ਹੋਇਆ।

Digitized by Panjab Digital Library | www.panjabdigilib.org

ਪੂਰਬਲੇ ਕਰਮਾਂ ਅਨੁਸਾਰ ਢਲਦੀ ਉਮਰ ਵਿਚ ਹੀ ਆਪ ਗ੍ਰਿਹਸਤ ਤੋਂ ਉਪਰਾਮ ਹੋਕੇ ਪਿੰਡ ਦੇ ਗੁਰ ਅਸਥਾਨ ਦੇ ਮਹੰਤ ਜੀ ਪਾਸ ਜਾਕੇ ਸਾਰੀ ਵਿਥਿਆ ਦੱਸੀ। ਜਿਸ ਤੇ ਸ੍ਰੀ ਸੰਤ ਜੀ ਨੇ ਭਜਨ ਦੀ ਚੇਟਕ ਐਸੀ ਲਾਈ ਕਿ ਰੋਜ਼ਾਨਾ ਹੀ ੨੪-੨੫ ਸ੍ਰੀ ਜਪੁਜੀ ਸਾਹਿਬ ਜੀ ਦੇ ਪਾਠ ਕਰਦੇ ਹੁੰਦੇ ਸਨ। ਆਪ ਤਿਆਗੀ ਬਿਰਾਗੀ ਪੂਰੇ ਹੋਏ। ਆਪ ਜੀ ਦਾ ਭਜਨ ਅਸਥਾਨ ਤਲਵੰਡੀ ਦੁਸਾਂਝ ਵਿਖੇ ਭਾਈ ਗੁਰਮੁਖ ਸਿੰਘ ਦੇ ਖੇਤ ਵਿਚ ਹੈ, ਜਿਥੇ ਡੇਰਾ ਬਣਾਕੇ ਸਾਰੀ ਆਰਜ਼ਾ ਬਤੀਤ ਕੀਤੀ।

ਆਪ ਜੀ ਦੇ ਸੰਗੀ ਭਗਤ ਜੀ, ਸ਼ਾਮ ਸਿੰਘ ਜੀ, ਉਤਮ ਸਿੰਘ ਜੀ, ਸੰਤ ਸਰਬਣ ਸਿੰਘ ਜੀ, ਸੰਤ ਮਾਲ੍ਹਾ ਸਿੰਘ ਜੀ, ਭਾਈ ਸੁਦਾਗਰ ਸਿੰਘ ਜੀ ਇਤਆਦਿ ਬਹੁਤ ਹੀ ਹਨ।

## ਸੰਤ ਬਿਸ਼ਨ ਸਿੰਘ ਜੀ ਕਾਂਝਲਾ

ਜਨਮ:— ਆਪ ਜੀ ਦਾ ਜਨਮ ਬਾਬਾ ਅਤਰ ਸਿੰਘ ਦੇ ਘਰ ਪਿੰਡ ਕਾਂਝਲਾ ਵਿਚ ਸੰਮਤ ੧੯੧੮ ਚੇਤ ਸੁਦੀ ਤੀਜ ਨੂੰ ਹੋਇਆ।

ਵਿਦਿਆ:— ਆਪ ਜੀ ਨੇ ਬਚਪਨ ਵਿਚ ਹੀ ਗੁਰਮੁਖੀ ਵਿਦਿਆ ਪੜ੍ਹ ਲਈ, ਤੇ ਘਰੋਗੀ ਕੰਮਾਂ ਵਲੋਂ ਉਦਾਸ ਹੋਕੇ ਸੰਤ ਗੇਧਾ ਸਿੰਘ ਤੇ ਸੰਤ ਜਗਤ ਸਿੰਘ ਦੀ ਸੰਗਤ ਤੋਂ ਨਾਮ ਜਪਣ ਦੀ ਚੇਟਕ ਲਗੀ। ਪਰ ਆਪ ਜੀ ਓਥੋਂ ਵੀ ਉਦਾਸ ਹੋਕੇ ਫੌਜ ਵਿਚ ਭਰਤੀ ਹੋ ਗਏ। ਪਰ ਮਾਤਾ ਪਿਤਾ ਦੇ ਜ਼ੋਰ ਦੇਣ ਤੇ ਆਪ ਜੀ ਦਾ ਨਾ ਕਟਵਾਇਆ ਗਿਆ ਤੇ ਆਪ ਜੀ ਮੁੜ ਘਰ ਆ ਗਏ।

ਅਨੰਦ ਕਾਰਜ:— ਆਪ ਜੀ ਭਾਵੇਂ ਗ੍ਰਹਿਸਤ ਵਲੋਂ ਉਪਰਾਮ ਰਹਿਣਾ ਚਾਹੁੰਦੇ ਸਨ, ਪਰ ਮਾਪਿਆ ਦੀ ਪ੍ਰੇਰਨਾ ਅਤੇ ਤੀਬਰ ਇਛਾ ਨੂੰ ਮੁਖ ਰਖਕੇ ਆਪ ਨੇ ਸ਼ਾਦੀ ਕਰਵਾ ਲਈ।

ਸੰਤਾਨ:— ਆਪ ਜੀ ਦੇ ਇਕ ਪੁਤਰ ਪੈਦਾ ਹੋਇਆ ਜੋ ਤੇਰਾਂ ਸਾਲ ਦੀ ਉਮਰ ਵਿਚ ਮਰ ਗਿਆ। ਆਪ ਬਹੁਤ ਉਪਰਾਮ ਹੋ ਗਏ, ਤੇ ਸੰਤ ਅਤਰ ਸਿੰਘ ਪਾਸ ਕਨੋਓ ਦੀ ਝਿੜੀ ਵਿਚ ਚਲੇ ਗਏ। ਤੇ ਕੁਝ ਚਿਰ ਉਨ੍ਹਾਂ ਦੀ ਸੰਗਤ ਵਿਚ ਰਹਿਕੇ, ਵਾਪਸ ਦਮਦਮੇ ਗੁਰੂ ਦੀ ਕਾਂਸ਼ੀ ਵਿਚ ਆ ਗਏ। ਤੇ ਕੁਝ ਚਿਰ ਸੰਤਾਂ ਨਾਲ ਰਹਿਕੇ ਭੀ ਦਮਦਮਾ ਸਾਹਿਬ ਦੀ ਸੇਵਾ ਕਰਦੇ ਰਹੇ। ਸੰਤ ਅਤਰ ਸਿੰਘ ਦੇ ਅਕਾਲ ਚਲਾਣੇ ਮਗਰੋਂ ਬਹਿੰਗਮਾਂ ਦੇ ਜੱਥੇਦਾਰ ਥਾਪੇ ਗਏ, ਆਪ ਜੀ ਨੇ ਕਾਂਝਲੇ ਨਗਰ ਵਿਚ ਸੁੰਦਰ ਗੁਰਦੁਆਰਾ ਤਿਆਰ ਕਰਾਇਆ।

ਅੰਤ:— ਆਪ ਜੀ ਕੋਠੀ ਬਾਲੇ ਵਾਲ ਵਿਚ ਕੁਝ ਚਿਰ ਬਿਮਾਰ ਰਹਿਕੇ ਸੰਮਤ ੨੦੦੬ ਵਿਚ ਅਕਾਲ ਚਲਾਣਾ ਕਰ ਗਏ।

## ਸੰਤ ਬਦਨ ਸਿੰਘ

ਆਪ ਦਾ ਜਨਮ ਪਿਤਾ ਬੇਲਾ ਸਿੰਘ ਦੇ ਘਰ ਮਾਤਾ ਨੰਦ ਕੌਰ ਦੀ ਕੁਖੋਂ। ਪਿੰਡ ਲੋਹਟ ਬੱਦੀ ਵਿਖੇ ਹੋਇਆ। ਆਪ ਬਚਪਨ ਤੋਂ ਹੀ ਗੁਰਮੁਖ ਖਿਆਲਾਂ ਦੇ ਸਨ। ਆਪ ਨੂੰ ਸੰਤ ਸੁੰਦਰ ਸਿੰਘ ਲੋਹਟ ਬੱਦੀ ਦੀ ਸੰਗਤ ਤੋਂ ਸੋਨੇ ਤੇ ਸੁਹਾਗੇ ਦੀ ਮਸਾਲ ਵਾਂਗ ਤਤਪਰ ਹੋਕੇ ਭਜਨ ਸਿਮਰਨ ਵਿਚ ਲੱਗੇ ਰਹਿੰਦੇ ਤੇ ਸਾਦੀ ਕ੍ਰਿਆ ਰਖਦੇ। ਅਜ ਕਲ ਸਿਧਵਾਂ ਬੇਟ ਨਿਵਾਸ ਕਰਦੇ ਹਨ।

Digitized by Panjab Digital Library | www.panjabdigilib.org

'ਗੁਰਮੁਖ ਲੰਘੇ ਪਾਪ ਪਹਾੜਾ'

# ਸੰਤ ਬਹਾਦਰ ਸਿੰਘ ਜੀ ਸਾਬਕ ਹੈਡਪੁਜਾਰੀ ਸਚ ਖੰਡ ਸ੍ਰੀ ਹਜ਼ੂਰ ਸਾਹਿਬ ਜੀ

ਜਨਮ:— ਆਪ ਜੀ ਦਾ ਜਨਮ ਸ: ਬੱਗਾ ਸਿੰਘ ਔਜਲ ਗੋਤ ਦੇ ਜਿਮੀਂਦਾਰ ਦੇ ਘਰ ਮਾਤਾ ਮਤਾਬ ਕੌਰ ਦੇ ਉਦਰ ਤੋਂ ਪਿੰਡ ਜਲੂਰ ਤਹਿਸੀਲ ਧੂਰੀ ਜ਼ਿਲਾ ਬਰਨਾਲਾ ਰਿਆਸਤ ਪਟਿਆਲਾ ਵਿਖੇ ਦਿਨ ਬੁਧਵਾਰ ਚੇਤ ੧੯੫੮ ਵਿਚ ਹੋਇਆ।

ਬਚਪਨ:— ਬਚਪਨ ਵਿਚ ਹੀ ਆਪ ਜੀ ਦੇ ਸਿਰ ਤੋਂ ਮਾਤਾ ਪਿਤਾ ਦਾ ਸਾਇਆ ਸਦਾ ਲਈ ਉਠ ਗਿਆ, ਤੇ ਆਪ ਜੀ ਦੇ ਚਾਚਿਆਂ ਨੇ ਆਪ ਜੀ ਨੂੰ ਆਪ ਦੇ ਛੋਟੇ ਭਾਈ ਸਮੇਤ ਇਕ ਅੰਦਰ ਵਿਚ ਸੁਤਿਆਂ ਨੂੰ ਅਗ ਲਾ ਦਿਤੀ, ਪਰ ( ਜਿਸ ਰਖੇ ਸਾਈਆਂ ਤਿਸ ਮਾਰੇ ਕੌਣ ) ਆਪ ਜੀ ਵਾਲ ਵਾਲ ਬਚ ਗਏ। ਇਸ ਦੁਰਘਟਨਾ ਦਾ ਪਤਾ ਜਦੋਂ ਆਪ ਜੀ ਦੇ ਮਾਮਾ ਜੀ ਨੂੰ ਲੱਗਾ ਤਾਂ ਉਹ ਆਪਣੇ ਪਾਸ ਲੈ ਗਏ।

ਵਿਦਿਆ:— ਆਪ ਜੀ ਨੇ ਆਪਣੇ ਮਾਮਾ ਜੀ ਪਾਸ ਗੁਰਮੁਖੀ ਵਿਦਿਆ ਪੜ੍ਹੀ, ਉਪ੍ਰੰਤ ਆਪ ਜੀ ਸ੍ਰੀ ਸੰਤ ਅਤਰ ਸਿੰਘ ਜੀ ਦੀ ਸੰਗਤ ਵਿਚ ਚਲੇ ਗਏ ਤੇ ਉਨਾਂ ਪਾਸੋਂ ਹੀ ਅੰਮ੍ਰਿਤ ਪਾਨ ਕੀਤਾ ਤੇ ਉਨ੍ਹਾਂ ਦੇ ਜੱਥੇ ਵਿਕ ਸ਼ਾਮਲ ਹੋ ਗਏ।

ਆਪ ਜੀ ਨੂੰ ਸਭ ਤੋਂ ਵਧ ਮਾਣ ਸ੍ਰੀ ਹਜ਼ੂਰ ਸਾਹਿਬ ਨਦੇੜ (ਰਿਆਸਤ ਹੈਦਰਾਬਾਦ) ਦੇ ਹੈਡ ਗ੍ਰੰਥੀ ਹੋਣ ਦਾ ਹੈ। ਆਪ ਜੀ ਨੇ ਉਹ ਸੇਵਾ ਬੜੀ ਯੋਗਤਾ ਨਾਲ ਨਿਭਾਈ।

ਐਸ ਵੇਲੇ ਆਪ ਜੀ ਖੇੜੀ ਕਲਾਂ ਦੇਹਲ ਪਟਿਆਲਾ ਵਿਚ ਨਿਵਾਸ ਰਖਦੇ ਹਨ। ਆਪ ਜੀ ਦਾ ਇਲਾਕੇ ਵਿਚ ਕਾਫੀ ਸਤਿਕਾਰ ਹੈ।

# ਸੰਤ ਭਾਗ ਸਿੰਘ ਜੀ

ਆਪ ਜੀ ਦਾ ਜਨਮ ਪਿਤਾ ਕਿਸ਼ਨ ਸਿੰਘ ਦੇ ਘਰ ਮਾਤਾ ਚੰਦੀ ਦੀ ਸੁਭਾਗੀ ਕੁਖੋਂ ਪਿੰਡ ਚੱਕ ਗਿਲਜੇ ਵਾਲਾ ਵਿਖੇ ਹੋਇਆ।

ਆਪ ਜੀ ਨੂੰ ਬਾਲ ਅਵਸਥਾ ਵਿਚ ਹੀ ਸਤਿਸੰਗ ਹੋਣ ਤੇ ਆਪ 'ਸੁਖਾਨੰਦ' ਗੁਰਦੁਆਰੇ ਭੋਰੇ ਵਿਚ ਭਜਨ ਸਿਮਰਨ ਕਰਨ ਲੱਗੇ, ਹੁਣ ਤਕ ਓਸੇ ਤਾੜੀ ਡਟੇ ਹੋਏ ਹਨ। ਐਸ ਵਕਤ ਉਮਰ ੫੪ ਸਾਲ ਹੈ ਅਤੇ ੨੮ ਸਾਲ ਭੋਰੇ ਵਿਚ ਬੈਠਿਆਂ ਨੂੰ ਹੋਗਿਆ, ਇਕ ਟੱਕ ਅਨੰਦ ਮਾਣ ਰਹੇ ਹਨ।

। ਤਤੁ ਪਛਾਣੈ ਸੋ ਪੰਡਿਤ ਹੋਈ।

# ਪੰਡਤ ਭਾਨ ਸਿੰਘ ਜੀ ਨਿਰਮਲੇ ਕੋਕਰੀ

ਵਿਦਿਆ ਪ੍ਰਭਾਕਰ ਸਰਵੋਤਮ ਪੰਡਤ ਭਾਨ ਸਿੰਘ ਜੀ ਮਾਲਵੇ ਵਿਚ ਚੋਟੀ ਦੇ ਵਿਦਵਾਨਾਂ ਵਿਚੋਂ ਇਕ ਪ੍ਰਸਿਧ ਵਿਦਵਾਨ ਸਨ। ਆਪ ਜੀ ਦੀ ਵਿਦਵਤਾ ਦੀ ਧਾਂਕ ਪੰਜਾਬ ਹੀ ਨਹੀਂ ਸਗੋਂ ਸਾਰੇ ਹਿੰਦ ਵਿਚ ਪਈ ਹੋਈ ਸੀ।

ਜਨਮ:— ਆਪ ਜੀ ਦਾ ਜਨਮ ਪੰਡਤ ਚਨਣ ਸਿੰਘ ਦੇ ਘਰ ਪਿੰਡ ਨਥੂਵਾਲਾ ਵਿਚ ਹੋਇਆ।

Digitized by Panjab Digital Library | www.panjabdigilib.org

ਬਾਲਪਣ:— ਆਪ ਜੀ ਦਾ ਆਪਣੇ ਬਜੁਰਗ ਮਾਪਿਆਂ ਦੀ ਛਤਰ ਛਾਇਆ ਹੇਠ ਲੰਘਿਆ।

ਵਿਦਿਆ:— ਆਪ ਜੀ ਨੂੰ ਆਪਣੇ ਪਿਤਾ ਜੀ ਪਾਸੋਂ ਵਿਰਸੇ ਵਿਚ ਮਿਲੀ। ਉਚ ਵਿਦਿਆ ਸੰਤ ਬਲਦੇਵ ਸਿੰਘ ਜੀ ਪਾਸੋਂ ਸ੍ਰੀ ਅੰਮ੍ਰਿਤਸਰ ਰਹਿਕੇ ਪੜ੍ਹੀ।

ਪ੍ਰਸਿੱਧੀ:— ਆਪ ਜੀ ਨਿਯਾਏ ਸ਼ਾਸਤਰ ਦੇ ਬੜੇ ਅਦੁਤੀ ਪੰਡਤ ਸਨ, ਆਪ ਦੇ ਸਮਕਾਲੀ ਪੰਡਤ ਆਪ ਜੀ ਦਾ ਨਾਂ ਸੁਣਕੇ ਥਰ ਥਰ ਕੰਬਦੇ ਸਨ। ਆਪ ਗੁਰਬਾਣੀ ਅਤੇ ਸੰਸਕ੍ਰਿਤ ਦੇ ਉਚ ਕੋਟੀ ਦੇ ਵਿਦਵਾਨ ਸਨ।

ਉਪਕਾਰ:— ਆਪ ਜੀ ਵਿਦਿਆ ਬੜੇ ਚਾਅ ਨਾਲ ਪੜ੍ਹਾਉਂਦੇ ਸਨ। ਆਪ ਜੀ ਨੇ ਵਿਦਿਆ ਦਾਨ ਦੇ ਕੇ ਸੈਂਕੜੇ ਵਿਦਵਾਨ ਬਣਾਏ। ਅਤੇ ਬੜੇ ੨ ਪੰਡਤ ਆਪ ਪਾਸੋਂ ਨਿਯਾਇ ਸ਼ਾਸਤਰ ਪੜ੍ਹਕੇ ਗਏ।

ਸੁਭਾਉ:— ਆਪ ਦਾ ਸੁਭਾਉ ਬਹੁਤ ਨਰਮ ਸੀ। ਆਚਰਨ ਬਹੁਤ ਹੀ ਉਚਾ ਤੇ ਸੁੱਚਾ ਸੀ, ਸਦਾ ਹੀ ਫੁਲ ਵਾਂਗ ਖਿੜੇ ਰਹਿੰਦੇ ਸਨ। ਸਾਰੇ ਵਿਦਵਾਨਾ ਵਿਚ ਆਪ ਦਾ ਬਹੁਤ ਹੀ ਸਤਿਕਾਰ ਸੀ, ਸਾਰੀ ਉਮਰ ਆਪ ਨੇ ਵਿਦਿਆ ਪੜ੍ਹਨ ਪੜ੍ਹਾਨ ਵਿਚ ਲੰਘਾਈ।

ਆਪ ਜੀ ਦਾ ਸਵਰਗ ਵਾਸ ਪਿੰਡ ਕੋਕਰੀ ਵਿਚ ਹੋਇਆ। ਕੋਕਰੀ ਰਿਹਾਇਸ਼ ਰਖਣੇ ਕਰਕੇ ਆਪ ਜੀ ਪੰਡਤ ਭਾਨ ਸਿੰਘ ਕੋਕਰੀ ਵਾਲੇ ਪ੍ਰਸਿਧ ਹੋ ਗਏ। ਆਪ ਜੀ ਸਾਰੇ ਨਿਰਮਲ ਭੇਖ ਦੇ ਭੂਸ਼ਨ ਸਨ।

## ਸੰਤ ਭਗਵਾਨ ਸਿੰਘ ਜੀ ਰੇਰੂ ਸਾਹਿਬ

"ਜਿੰਨਾ ਸਾਸ ਗ੍ਰਾਸ ਨਾ ਵਿਸਰੇ, ਹਰਿ ਨਾਮਾ ਮਨ ਮੰਤ,
ਧੰਨਸਿ ਸੇਈ ਨਾਨਕਾ, ਪੂਰਨ ਸੋਈ ਸੰਤ॥"

ਸ੍ਰੀ ਮਾਨ ਸੰਤ ਭਗਵਾਨ ਸਿੰਘ ਜੀ ਵਰਤਮਾਨ ਸਮੇਂ ਦੇ, ਮਾਲਵੇ ਦੇ ਮਹਾਂ ਪੁਰਸ਼ਾਂ ਵਿਚੋਂ ਇਕ ਚੋਟੀ ਦੇ ਮਹਾਂ ਪੁਰਸ਼ ਤੇ ਮਾਨਨੀਯ ਵਿਯਕਤੀ ਹਨ। ਸਿੱਖ ਪੰਥ ਤੇ ਰਾਜ ਘਰਾਣਿਆ ਵਿਚ ਆਪ ਦਾ ਬਹੁਤ ਮਾਣ ਤੇ ਸਤਿਕਾਰ ਕੀਤਾ ਜਾਂਦਾ ਹੈ।

ਜਨਮ:— ਆਪ ਜੀ ਦਾ ਜਨਮ ਸ: ਚੂਹੜ ਸਿੰਘ ਦੇ ਘਰ ਮਾਤਾ ਜਾਤ ਕੌਰ ਦੀ ਸੁਭਾਗੀ ਕੁਖੋਂ ਪਿੰਡ ਅਨੰਦ ਪੁਰ ਕਲੌੜ ਰਿਆਸਤ ਪਟਿਆਲਾ ਵਿੱਚ ਹੋਇਆ।

ਕੰਮ:— ਆਪ ਜੀ ਨੇ ਬਚਪਨ ਵਿਚ ਹੀ ਗੁਰਮੁਖੀ ਵਿਦਿਆ ਪੜ੍ਹੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠੀ ਬਣ ਗਏ। ਉਪ੍ਰੰਤ ਆਪ ਜੀ ਫੌਜ ਵਿਚ ਭਰਤੀ ਹੋ ਗਏ। ਆਪ ਜੀ ਦੀ ਸਾਧ ਵਿਰਤੀ ਤੇ ਗੁਰਮੁਖ ਸੁਭਾਓ ਵੇਖ ਕੇ ਆਪ ਨੂੰ ਪਲਟਣ ਦੇ ਗ੍ਰੰਥੀ ਦੀ ਸੇਵਾ ਦਿਤੀ ਗਈ, ਜਿਸ ਨੂੰ ਆਪ ਜੀ ਨੇ ਬੜੀ ਯੋਗਤਾ ਨਾਲ ਨਿਭਾਇਆ। ਉਨਾਂ ਦਿਨਾਂ ਵਿਚ ਅਕਾਲੀ ਲਹਿਰ ਜੋਰਾਂ ਤੇ ਸੀ, ਆਪ ਜੀ ਨੇ ਫੌਜ ਵਿਚੋਂ ਨਾ ਕਟਵਾ ਲਿਆ ਤੇ ਸ੍ਰੀ ਮਾਨ ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਦੀ ਸੇਵਾ ਵਿੱਚ ਆ ਗਏ।

ਏਥੇ ਆਕੇ ਆਪ ਜੀ ਨੇ ਗੁਰਦੁਆਰਾ ਸਾਹਿਬ, ਗੁਰੂ ਕੇ ਲੰਗਰ, ਅਤੇ ਬਾਬਾ ਜੀ ਦੀ ਬਹੁਤ ਸੇਵਾ ਕੀਤੀ। ਜਿਸ ਦਾ ਸਦਕਾ ਇਲਾਕੇ ਵਿਚ ਗੁਰਦੁਆਰਾ ਸਾਹਿਬ ਦੀ ਹੋਰ ਵੀ ਪ੍ਰਭਤਾ ਵਧ ਗਈ।

Digitized by Panjab Digital Library | www.panjabdigilib.org

ਜਦ ਸ੍ਰੀ ਮਾਨ ਬਾਬਾ ਅਤਰ ਸਿੰਘ ਜੀ ਪ੍ਰਲੋਕ ਗਮਨ ਕਰ ਗਏ ਤਾਂ ਗੁਰਦੁਆਰਾ ਸਾਹਿਬ ਦੀ ਜਥੇਦਾਰੀ ਆਪ ਜੀ ਨੂੰ ਸੌਂਪ ਗਏ ਜਿਸ ਨੂੰ ਇਹ ਆਪਣਾ ਮੁਖ ਫਰਜ਼ ਸਮਝ ਕੇ ਬੜੀ ਯੋਗਤਾ ਨਾਲ ਨਿਭਾ ਰਹੇ ਹਨ ਤੇ ਸੰਤ ਅਤਰ ਸਿੰਘ ਜੀ ਦੀ ਯਾਦ ਵਿਚ ੯ ਮਾਘ ਨੂੰ ਹਰ ਸਾਲ ਹੀ ਸਾਲਾਨਾ ਦੀਵਾਨ ਕਰਦੇ ਹਨ। ਜੋ ਇਲਾਕੇ ਵਿਚ ਗੁਰਮਤਿ ਪ੍ਰਚਾਰ ਦਾ ਬੜਾ ਭਾਰੀ ਸਾਧਨ ਬਣ ਰਹੇ ਹਨ।

ਆਪ ਜੀ ਦਾ ਪੰਥ ਵਿੱਚ ਖਾਸ ਮਾਣ ਕੀਤਾ ਜਾਂਦਾ ਹੈ, ਸ੍ਰੋ: ਗੁ: ਪ੍ਰਬੰਧਕ ਕਮੇਟੀ ਦੇ ਆਪ ਜੀ ਨਾਮਜ਼ਦ ਮੈਂਬਰ ਹਨ, ਆਪ ਬਹੁਤ ਨੀਤੀ ਨਪੁੰਨ ਹਨ।

ਸੁਭਾਓ:—ਆਪ ਜੀ ਆਪਣੇ ਦਿਆਲੂ ਸੁਭਾ ਦਾ ਸਦਕਾ ਹਰ ਮਨ ਪਿਆਰੇ ਬਣੇ ਹੋਏ ਹਨ। ਆਪ ਸਚੇ ਸੁਚੇ ਪਰਉਪਕਾਰੀ ਮਹਾਂ ਪੁਰਸ਼ ਹਨ। ਆਪ ਜੀ ਸ੍ਰੀ ਮਾਨ ਸੰਤ ਵਿਸਾਖਾ ਸਿੰਘ ਜੀ ਨਾਲ ਦਿਲੀ ਪ੍ਰੇਮ ਰਖਦੇ ਹਨ, ਆਪ ਜੀ ਗੁਰੂ ਘਰਦੇ ਬੜੇ ਸ਼ਰਧਾਲੂ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਬ ਦੀ ਬੇਅਦਬੀ ਨਹੀਂ ਸਹਾਰ ਸਕਦੇ। ਆਪ ਦਾ ਨਿਸਚਾ ਅਡੋਲ ਹੈ ਇਸੇ ਕਰਕੇ ਜਦ ਕੂਕਿਆਂ ਨੇ ਪਤਰਾ ਪਾਠ ਅਰੰਭ ਕੀਤਾ ਤਾਂ ਆਪ ਨੇ ਉਸਦੀ ਡਟ ਕੇ ਵਿਰੋਧਤਾ ਕੀਤੀ ਅਤੇ ਕੂਕਾ ਕੁਫਰ ਤੋੜ ਕਾਂਨਫ੍ਰੰਸ ਮੁਲਾਂ ਪੁਰ ਦੇ ਪੰਜਾਂ ਪਿਆਰਿਆਂ ਵਿਚ (ਜਿਨਾਂ ਨੇ ਪ੍ਰਧਾਨਗੀ ਕੀਤੀ) ਭੀ ਸ਼ਾਮਲ ਸਨ, ਤੇ ਅਗਲੀਆਂ ਕਾਨਫ੍ਰੰਸਾਂ ਵਿਚ ਵੀ ਭਾਰੀ ਹਿਸਾ ਲੈਂਦੇ ਰਹੇ।

ਸਤਿ ਗੁਰ ਦਾ ਉਪਦੇਸ਼ ਦ੍ਰਿੜਾਯਾ ॥

## ਸੰਤ ਮਘਰ ਸਿੰਘ ਜੀ ਰਾਮਗੜ੍ਹ

ਸ੍ਰੀ ਮਾਨ ਸੰਤ ਮਘਰ ਸਿੰਘ ਜੀ ਉਨ੍ਹਾਂ ਉਚ ਵਿਅਕਤੀਆਂ ਵਿਚੋਂ ਹੋਏ ਹਨ, ਜਿਨਾਂ ਤੇ ਜਿਨਾ ਮਾਣ ਕੀਤਾ ਜਾਵੇ ਥੋੜਾ ਹੈ। ਆਪ ਪੰਥ ਦੇ ਅਤੇ ਮਾਲਵੇ ਦੇ ਉਹ ਉਚੇ ਸਤਾਰੇ ਹੋਏ ਹਨ ਕਿ ਜਿਨਾਂ ਦੀ ਲੋ ਨਾਲ ਸੈਂਕੜੇ ਪ੍ਰਾਣੀਆਂ ਨੇ ਜੀਵਨ ਮੁਕਤੀ ਦੀ ਜਾਚ ਸਿਖੀ।

ਜ਼ਨਮ:—ਆਪ ਜੀ ਦਾ ਜਨਮ ਸਰਦਾਰ ਸੋਭਾ ਸਿੰਘ ਦੇ ਘਰ ਮਾਤਾ ਨੰਦ ਕੌਰ ਦੀ ਸੁਭਾਗੀ ਕੁਖੋਂ ਪਿੰਡ ਰਾਮਗੜ੍ਹ ਤਹਿਸੀਲ ਜਗਰਾਉਂ ਜਿਲਾ ਲੁਧਿਆਣਾ ਵਿਚ ਹੋਇਆ।

ਫੌਜ ਵਿੱਚ ਭਰਤੀ:—ਆਪ ਜੀ ਜੁਆਨ ਹੁੰਦੇ ਹੀ ਫੌਜ ਵਿਚ ਭਰਤੀ ਹੋ ਗਏ ਤੇ ਫੌਜ ਵਿਚ ਹੀ ਸਤਿਸੰਗਤਿ ਦਾ ਰੰਗ ਚੜ੍ਹਿਆ, ਗੁਰਮੁਖੀ ਵਿਦਿਆ ਮੁਢਲੀ ਆਯੂ ਵਿਚ ਹੀ ਪੜ੍ਹ ਲਈ ਸੀ, ਕੀਰਤਨ ਕਥਾ ਤੇ ਉਪਦੇਸ਼ ਕਰਨ ਦਾ ਛੋਟੇ ਹੁੰਦਿਆਂ ਤੋਂ ਹੀ ਸ਼ੌਕ ਸੀ। ਫੌਜ ਵਿਚ ਵੀ ਆਪ ਜੀ ਨੇ ਨਾਮ ਸਿਮਰਨ ਬਹੁਤ ਕੀਤਾ, ਤੇ ਜਦੋਂ ਮਨ ਪ੍ਰਮਾਰਥ ਵਲ ਵਧੇਰੇ ਹੋ ਗਿਆ ਤਾਂ ਫੌਜ ਵਿਚੋਂ ਨਾਮ ਕਟਾ ਕੇ ਆ ਗਏ।

ਉਪਕਾਰ:—ਜਿਨ੍ਹਾਂ ਦਿਨਾਂ ਵਿਚ ਆਪ ਨਾਮ ਕਟਾਕੇ ਆਏ, ਉਸ ਸਮੇਂ ਖਾਲਸਾ ਪੰਥ ਤੇ ਬਹੁਤ ਔਕੜਾਂ ਸਨ। ੧੯੨੧ ਵਿਚ ਅਕਾਲੀ ਲਹਿਰ ਜੋਰਾਂ ਤੇ ਸੀ, ਗੁਰੂ ਕਾ ਬਾਗ, ਤਰਨ ਤਾਰਨ ਸ੍ਰੀ ਮੁਕਤਸਰ ਆਦਿ ਥਾਵਾਂ ਤੇ ਪੰਥ ਦੇ ਮੋਰਚੇ ਲਗੇ ਹੋਏ ਸਨ, ਜਿੰਨਾਂ ਵਿਚ ਆਪ ਨੇ ਵੱਧ ਚੜ੍ਹਕੇ ਹਿਸਾ ਲਿਆ। ਪੰਥ ਦੀ ਮੋਢੇ ਨਾਲ ਮੋਢਾ ਡਾਹ ਕੇ ਸਹਾਇਤਾ ਕੀਤੀ, ਮੋਰਚਿਆਂ ਵਿਚ ਗਏ, ਸਿੱਖੀ ਦਾ ਪ੍ਰਚਾਰ ਕੀਤਾ। ਆਪ ਜੀ ਕੱਟਰ ਗੁਰਸਿਖ ਸਨ, ਰਹਿਤ ਮਰਯਾਦਾ ਦੇ ਪੂਰੇ ਹਾਮੀ, ਗੁਰਮਤਿ ਦੇ ਖੋਜੀ ਸਨ।

ਆਪ ਜੀ ਨੇ ਗੁਰਬਾਣੀ ਦਾ ਪ੍ਰਚਾਰ ਤੇ ਗੁਰਅਸਥਾਨਾ ਦੀ ਬਹੁਤ ਸੇਵਾ ਕੀਤੀ। ਗੁ: ਸਾ: ਟਾਲੀਆਣਾ ਰਾਏ ਕੋਟ, ਦੀ ਸ਼ਾਨਦਾਰ ਇਮਾਰਤ ਆਪਦੇ ਉਦਮ ਨਾਲ ਗੁ: ਸਾ: ਰਾਮਗੜ੍ਹ ਗੁ: ਸਾ:

Digitized by Panjab Digital Library | www.panjabdigilib.org

ਮਲ੍ਹਾ ਆਦਿ ਆਪ ਨੇ ਬਣਵਾਏ। ਆਪ ਜੀ ਪੰਥ ਵਿਚ ਬੜੇ ਪਿਆਰੇ ਅਤੇ ਸਤਿਕਾਰੇ ਜਾਂਦੇ ਸਨ, ਆਪ ਜੀ ਸਦਾ ਕੀਰਤਨੀ ਸਿੰਘਾਂ ਦਾ ਜੱਥਾ (ਜਥੇ ਦੇ ਸਿੰਘਾਂ ਦੇ ਨਾ ਹੇਠਾਂ ਦੇਖੋ) ਨਾਲ ਰਖਿਆ ਕਰਦੇ ਸਨ। ਆਪ ਦਾ ਕੀਰਤਨ ਰਾਤ ਸਮੇਂ ਬਹੁਤ ਦੂਰ ਤਕ ਸੁਣਿਆ ਕਰਦਾ ਸੀ। ਉਚਾ ਬੋਲਣ ਕਰਕੇ ਕੰਨਾ ਵਿਚ ਦਰਦ ਤੇ ਸ੍ਰੀਰ ਬਹੁਤ ਕਮਜੋਰ ਹੋ ਗਿਆ ਸੀ।

ਅੰਤ:— ਆਪ ਜੀ ਦਸੰਬਰ ੧੯੨੪ ਵਿਚ ਗੁਰਪੁਰੀ ਸੁਧਾਰ ਗਏ। ਆਪ ਦਾ ਅੰਤਮ ਸੰਸਕਾਰ ਗੁ: ਸਾਹਿਬ ਟਾਹਲੀਆਣਾ ਵਿਖੇ ਕੀਤਾ ਗਿਆ।

## ਸ੍ਰੀ ਸੰਤ ਜੀ ਦੇ ਜੱਥੇ ਦੇ ਸੂਰਬੀਰ ਸਿੰਘਾਂ ਦੇ ਨਾਮ

ਭਾ: ਅਰਜਣ ਸਿੰਘ ਜੀ ਪਿੰਡ ਛੰਨਾਂ ਜਿਲਾ ਲੁਧਿਆਣਾ।
,, ਇੰਦਰ ਸਿੰਘ ਜੀ ,, ਭੈਣੀ ,, ,,
,, ਜੁਵਾਲਾ ਸਿੰਘ ਜੀ ,, ਮਲ੍ਹਾ ,, ,,
ਸੰਤ ਨਿਰੰਜਨ ਸਿੰਘ ਜੀ ,, ਮੋਹੀ
ਭਾ: ਨੰਦ ਸਿੰਘ ਮੁਖ ਪ੍ਰਬੰਧਕ ਗੁ: ਸਾ: ਰਾਮਗੜ ਜਗਰਾਉਂ ਲੁਧਿਆਣਾ।
,, ਹਰੀ ਸਿੰਘ ਪਿੰਡ ਮਨੀ ਮਾਜਰਾ ਡਾ: ਖਰੜ ਜਿਲਾ ਅੰਬਾਲਾ।
,, ਬਿਸ਼ਨ ਸਿੰਘ ਜੀ ਪਿੰਡ ਮਲ੍ਹਾ ਤਹਿਸੀਲ ਜਗਰਾਉਂ ਜਿਲਾ ਲੁਧਿਆਣਾ।
,, ਪ੍ਰਤਾਪ ਸਿੰਘ ਜੀ ਪਿੰਡ ਮਲ੍ਹਾ ਤਹਿਸੀਲ ਜਗਰਾਉਂ ਜਿਲਾ ਲੁਧਿਆਣਾ।
,, ਸਰਮੁਖ ਸਿੰਘ ਜੀ ਪਿੰਡ ਸੋਹ ਜਿਲਾ ਲੁਧਿਆਣਾ।
,, ਮਲੂਕ ਸਿੰਘ ਜੀ ਪਿੰਡ ਸੁਰਹਾਲੀ ਤਹਿਸੀਲ ਤਰਨ ਤਾਰਨ ਜਿ: ਅੰਮ੍ਰਿਤਸਰ।
,, ਨਿਹਾਲ ਸਿੰਘ ਜੀ ਪਿੰਡ ਸਿਰਹਾਲੀ ਮੰਡੀਆਂ ਅੰਮ੍ਰਿਤਸਰ।
,, ਪ੍ਰੇਮ ਸਿੰਘ ਜੀ ਪਿੰਡ ਕੋਕਰੀ ਜਿਲਾ ਫੀਰੋਜ ਪੁਰ।
,, ਬਿਸ਼ਨ ਸਿੰਘਾਂ ਜੀ ਪਿੰਡ ਰਾਮਗੜ ਜਿਲਾ ਲੁਧਿਆਣਾ।
,, ਸੁੰਦਰ ਸਿੰਘ ਜੀ ,, ,, ,, ,,
,, ਹਰਨਾਮ ਸਿੰਘ ਜੀ ,, ,, ,, ,,
,, ਬਚਨ ਸਿੰਘ ਜੀ
,, ਗੁਰਬਖ਼ਸ਼ ਸਿੰਘ ਜੀ ਪਿੰਡ ਭੈਣੀ ਵਿੜੰਗਾਂ।
,, ਗੁਰਨਾਮ ਸਿੰਘ ਜੀ ਪਿੰਡ ਛੰਨਾ ਪਟਿਆਲਾ।
,, ਭਾਨ ਸਿੰਘ ਜੀ ਪਿਡ ਗੁੜੇ ਜਿਲਾ ਲੁਧਿਆਣਾ।
,, ਸੰਤਾ ਸਿੰਘ ਜੀ ਪਿੰਡ ਬੋਪਾਰਾਇ ਤਹਿਸੀਲ ਜਗਰਾਉਂ ਜਿਲਾ ਲੁਧਿਆਣਾ।
,, ਦਲੀਪ ਸਿੰਘ ਜੀ ਪਿੰਡ ਨਥੋਵਾਲ ,, ,, ,,
,, ਸ਼ੇਰ ਸਿੰਘ ਜੀ ਪਿੰਡ ਰਾਮਗੜ ,, ,, ,,
,, ਚੰਨਣ ਸਿੰਘ ਜੀ ,, ,, ,, ,,
,, ਸੁੰਦਰ ਸਿੰਘ ਜੀ ਪਿੰਡ ਮਲ੍ਹਾ ,, ,, ,,
,, ਨਥਾ ਸਿੰਘ ਜੀ ਪਿਡ ਲੋਹਟ ਬੱਦੀ ਪਟਿਆਲਾ।
,, ਗੁਰਦਿਤ ਸਿੰਘ ਪਿੰਡ ਨਥੋਵਾਲ ਜ਼ਿਲਾ ਲੁਧਿਆਣਾ।

Digitized by Panjab Digital Library | www.panjabdigilib.org

ਙ: ਸਾਧੂ ਸਿੰਘ ਜੀ ਪਿੰਡ ਸ਼ੇਰਪੁਰ ਪਟਿਆਲਾ ।
,, ਬਦਨ ਸਿੰਘ ਜੀ ਪਿੰਡ ਕੋਕਰੀ ਕਲਾਂ ਜਿਲਾ ਫੀਰੋਜ਼ ਪੁਰ ।
,, ਬਦਨ ਸਿੰਘ ਜੀ ਪਿੰਡ ਭੈਣੀ ਵੜਿੰਗਾਂ ਜਿਲਾ ਲੁਧਿਆਣਾ ।
,, ਨਰਿੰਦਰ ਸਿੰਘ ਜੀ ਪਿੰਡ ਰਾਮਗੜ ਪਿਤਾ ਬਦਨ ਸਿੰਘ ਮਾਤਾ ਅਤਰਕੌਰ ਲੁਧਿਆਣਾ
,, ਰਾਮ ਸਿੰਘ ਜੀ ਪਿੰਡ ਨੱਥੋਵਾਲ ਜਿਲਾ ਲੁਧਿਆਣਾ ।
,, ਨਿਹਾਲ ਸਿੰਘ ਜੀ ਪਿੰਡ ਸਰਹਾਲੀ ਜਿਲਾ ਅੰਮ੍ਰਿਤਸਰ ।
,, ਰਾਮ ਸਿੰਘ ਜੀ ਪਿੰਡ ਮਲ੍ਹਾ ਜਿਲਾ ਲੁਧਿਆਣਾ ।
,, ਤੇਜਾ ਸਿੰਘ ਜੀ ਪਿੰਡ ਲੋਹਟ ਬੱਦੀ ਪਟਿਆਲਾ ।
,, ਗੁਰਨਾਮ ਸਿੰਘ ਜੀ
,, ਸਰਵਣ ਸਿੰਘ ਜੀ ਪਿੰਡ ਜਾਂਗਪੁਰ ਜਿਲਾ ਲੁਧਿਆਣਾ ।
,, ਬਖਸ਼ੀਸ਼ ਸਿੰਘ ਜੀ ਪਿੰਡ ਪਖੋਵਾਲ ,, ,,
,, ਸੋਭਾ ਸਿੰਘ ਜੀ ਪਿੰਡ ਮੱਲ੍ਹਾ ,, ,,
,, ਜੁਗਿੰਦਰ ਸਿੰਘ ਜੀ ਪਿੰਡ ਪੱਖੋਵਾਲ ,, ,,
,, ਤ੍ਰਿਲੋਚਨ ਲਾਭ ਸਿੰਘ ਜੀ ਕੈਪਟਨ ਪਿਤਾ ਸੁੰਦਰ ਸਿੰਘ ਪਿੰਡ ਰਾਮਗੜ ।
,, ਮਨਸਾ ਸਿੰਘ ਜੀ ਪਿੰਡ ਕੋਕਰੀ ਕਲਾਂ ਜਿਲਾ ਫੀਰੋਜ਼ ਪੁਰ ।
,, ਸੰਤਾ ਸਿੰਘ ਜੀ ਪਿੰਡ ਟਿੱਬਾ ਪ੍ਰਬੰਧਕ ਗੁ: ਸਾ: ਟਾਲੀਆਣਾ ਸਾਹਿਬ ।
,, ਸੰਤਾ ਸਿੰਘ ਜੀ ਮਾਸਟਰ ਰਾਮਗੜ ।
,, ਅਮਰ ਸਿੰਘ ਜੀ ਪਹਿਲਵਾਨ ।
,, ਰਾਮ ਸਿੰਘ ਜੀ ਜੰਡ ਹਕੀਮ ।
,, ਰਜਨ ਸਿੰਘ ਜੀ ਹਰਨਾਮ ਸਿੰਘ ਜੀ ਹਰਭਜਨ ਸਿੰਘ ਜੀ ਭਾਨ ਸਿੰਘ ਜੀ ਛੰਨਾਂ ਸੂਬੇਦਾਰ ਕਿਸ਼ਨ ਸਿੰਘ ਜੀ ਪਿੰਡ ਮੱਲ੍ਹਾ ਜਿਲਾ ਲੁਧਿਆਣਾ, ਗਿਆਨ ਸਿੰਘ ਜੀ ਰਾਮਗੜ੍ਹ, ਜੁਆਲਾ ਸਿੰਘ ਜੀ, ਬਾਬੂ ਸਿੰਘ ਤੇ ਪਾਖਰ ਸਿੰਘ ਰਾਮਗੜ੍ਹ, ਨਿਹੰਗ ਸ਼ਮਸ਼ੇਰ ਸਿੰਘ ਗੁੜੇ, ਭਾਈ ਬਿਸ਼ਨ ਸਿੰਘ ਜੀ ਨੂਰਪੁਰਾ, ਛਜਾ ਸਿੰਘ ਜੀ ਕੈਪਟਨ, ਨਥਾ ਸਿੰਘ ਜੀ ਬਿਕ ।

## ਭਾਈ ਬਿਸ਼ਨ ਸਿੰਘ ਜੀ ਫੌਜੀ

ਜਨਮ:— ਆਪ ਦਾ ਜਨਮ ਸ: ਬੂਟਾ ਸਿੰਘ ਦੇ ਘਰ ਮਾਤਾ ਰਲੀ ਕੌਰ ਪਿੰਡ ਗੁੜੇ ਤਹਿਸੀਲ ਜਗਰਾਉਂ ਜਿਲਾ ਲੁਧਿਆਣਾ ਵਿਖੇ ਹੋਇਆ ।

ਬਾਲਪਣ:— ਆਪ ਦੀ ਪਹਿਲੀ ਉਮਰ ਘਰ ਦੇ ਕਾਰ ਵਿਹਾਰ ਵਿਚ ਲੰਘੀ ।

ਵਿਦਿਆ:— ਆਪ ਜੀ ਗੁਰਮੁਖੀ ਵਿਦਿਆ ਪੜ੍ਹੇ ਹੋਏ ਸਨ, ਅਤੇ ਆਪ ਦਾ ਗੁਰਬਾਣੀ ਨਾਲ ਬਹੁਤ ਪ੍ਰੇਮ ਸੀ । ਜਦ ਸ੍ਰੀ ਮਾਨ ਸੰਤ ਮਘਰ ਸਿੰਘ ਜੀ ਫੋਜ ਵਿਚੋਂ ਹਟਕੇ ਪਿੰਡ ਆ ਗਏ ਤਾਂ ਨਾਮ ਕਟਾ ਕੇ ਸੰਤ ਜੀ ਦੇ ਨਾਲ ਹੀ ਰਹਿਣ ਲਗੇ ।

ਕੰਮ:— ਆਪ ਨੇ ਸ਼ਬਦ ਕੀਰਤਨੀ ਜਥਾ ਤਿਆਰ ਕੀਤਾ ਤਾਂ ਆਪ ਵੀ ਇਸ ਜਥੇ ਵਿਚ ਆ ਸ਼ਾਮਲ ਹੋਏ । ਅਤੇ ਕਾਫੀ ਚਿਰ ਸਿਖੀ ਦਾ ਪ੍ਰਚਾਰ ਕਰਦੇ ਰਹੇ ।

ਦਿਹਾਂਤ:— ਆਪ ਜੀ ਨਾਮ ਬਾਣੀ ਦਾ ਸਿਮਰਨ ਕਰਦੇ ਹੋਇ ਅੰਤ ਗੁਰਚਰਨਾ ਵਿਚ ਜਾ ਨਿਵਾਸ ਕੀਤਾ ।

Digitized by Panjab Digital Library | www.panjabdigilib.org

# ਸੰਤ ਮਨੋਹਰ ਦਾਸ

ਜਨਮ:— ਆਪ ਦਾ ਜਨਮ ਮਾਲਵੇ ਵਿਚ ਹੋਇਆ ਤੇ ਆਪ ਜੀ ਕਨਖਲ ਵਿਚ ਰਿਹਾਇਸ਼ ਰਖਦੇ ਸਨ।

ਵਿਦਿਆ:— ਆਪ ਜੀ ਗੁਰਮੁਖੀ ਅਤੇ ਬ੍ਰਿਜ ਭਾਸ਼ਾਂ ਦੇ ਬਹੁਤ ਵਿਦਵਾਨ ਹੋਏ ਹਨ। ਆਪ ਜੀ ਨੇ ਆਪਣੀ ਵਿਦਵਤਾ ਦੁਆਰਾ ਸਿੱਖ ਰਾਜ ਦਰਬਾਰਾਂ ਵਿਚ ਕਾਫੀ ਪ੍ਰਸਿੱਧਤਾ ਪ੍ਰਾਪਤ ਕਰ ਲਈ ਸੀ।

ਕੰਮ:— ਆਪ ਜੀ ਨੇ ਹੀ ਉਦਾਸੀਆਂ ਦਾ ਛੋਟਾ ਅਖਾੜਾ ਕਾਇਮ ਕੀਤਾ ਸੀ ਤੇ ਉਸਦੀ ਛਾਉਣੀ ਕਨਖਲ ਬਣਾਈ।

ਮਹਾਰਾਜਾ ਕਰਮ ਸਿੰਘ ਪਟਿਆਲਾ ਵਲੋਂ ਇਕ ਲਖ ਰੁਪਿਆ ਭੇਟ ਹੋਇਆ, ਜਿਸ ਨਾਲ ਆਪ ਨੇ ਸਨੌਰ ਦੇ ਰਸਤੇ ਨਦੀ ਤੇ ਪੁਲ ਬੰਨਿਆ। ਆਪ ਜੀ ਉੱਤਮ ਵੈਦ ਭੀ ਸਨ। ਬਹੁਤ ਰੋਗੀਆਂ ਨੂੰ ਰਾਜ਼ੀ ਕੀਤਾ ਤੇ ਗੁਰਬਾਣੀ ਦੇ ਪ੍ਰਚਾਰ ਦੁਆਰਾ ਸੈਂਕੜੇ ਸਰਧਾਲੂਆਂ ਨੂੰ ਭੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਬਣਾਇਆ।

# ਸੰਤ ਮੰਗਲ ਸਿੰਘ ਜੀ ਦਉਧਰ (ਪਰ—ਉਪਕਾਰੀ)

ਜਨਮ:— ਆਪ ਜੀ ਦਾ ਜਨਮ ਭਾਈ ਭੂਪ ਸਿੰਘ ਦੇ ਘਰ ਮਾਤਾ ਨੰਦ ਕੌਰ ਦੀ ਕੁਖੋਂ ਪਿੰਡ ਦਉਧਰ ਵਿਖੇ ਹੋਇਆ।

ਵਿਦਿਆ:— ਆਪ ਜੀ ਨੂੰ ਆਪਣੇ ਮਾਨਯੋਗ ਪਿਤਾ ਪਾਸੋਂ ਵਿਦਿਆ ਅਤੇ ਸੇਵਾ ਵਿਰਸੇ ਵਿਚ ਆਈ, ਤੇ ਗੁ: ਦਉਧਰ ਦੀ ਮਹੰਤੀ ਪ੍ਰਾਪਤ ਹੋਈ।

ਉਪਕਾਰ:—ਦਸਾਂ ਨਵਾਂ ਦੀ ਕ੍ਰਿਤ ਕਰਕੇ ਪ੍ਰਸ਼ਾਦ ਛਕਣਾ, ਪੂਜਾ ਦੀ ਝਾਕ ਨਹੀਂ ਰਖਣੀ। ਸੂਰਮੇ ਬਚਿਆਂ ਨੂੰ ਲੈਕੇ ਪਾਲਣਾ, ਵਿਦਿਆ ਦੇਣੀ ਤੇ ਰਾਗ ਵਿਦਿਆ ਸਖਾਉਣੀ, ਆਪਣੇ ਹੱਥੀਂ ਗਰਮ ਪਾਣੀ ਨਾਲ ਇਸ਼ਨਾਨ ਕਰਾਉਣਾ, ਲੰਗਰ ਦਾ ਪ੍ਰਵਾਹ ਜਾਰੀ ਕਰਨਾ, ਆਪ ਦੀ ਮਹੰਤੀ ਵੇਲੇ ਗੁ: ਦਉਧਰ ਦੀ ਕੀਰਤੀ ਬਹੁਤ ਵਧੀ। ਏਥੋਂ ਦੇ ਲੰਗਰ ਦੀ ਮਰਯਾਦਾ ਤੇ ਰਾਗ ਵਿਦਿਆ ਨੇ ਆਪ ਜੀ ਨੂੰ ਅਤੇ ਦਉਧਰ ਨਗਰ ਨੂੰ ਸਾਰੇ ਪੰਜਾਬ ਵਿੱਚ ਪ੍ਰਸਿੱਧ ਕਰ ਦਿੱਤਾ।

ਅੰਤ:— ਆਪ ਜੀ ਨੇ ਸਾਰੀ ਆਯੂ ਗੁ: ਸਾ: ਦਉਧਰ ਦੀ ਸੇਵਾ ਕਰਦਿਆਂ ਲੰਘਾਈ ਇਸ ਸੇਵਾ ਨੂੰ ਨਭਾਉਂਦੇ ਹੋਏ ਅੰਤ ੬੫ ਸਾਲ ਦੀ ਆਯੂ ਭੋਗ ਕੇ ੧੨ ਸਾਵਣ ੧੯੯੪ ਬਿ: ਨੂੰ ਸਦਾ ਲਈ ਇਸ ਸੰਸਾਰ ਤੋਂ ਸਚ ਖੰਡ ਪਧਾਰ ਗਏ।

# ਸੰਤ ਮੁਕੰਦ ਸਿੰਘੀ ਜੀ ਕੁਰੜ

ਜਨਮ:— ਆਪ ਦਾ ਜਨਮ ਸ: ਮਸਤਾਨ ਸਿੰਘ ਜੀ ਔਲਖ ਦੇ ਘਰ ਮਾਤਾ ਕ੍ਰਿਪਾਲ ਕੌਰ ਦੀ ਕੁਖੋਂ ਪਿੰਡ ਕੁਰੜ ਵਿਖੇ ਸੰਤਾਂ ਦੇ ਵਰਦਾਨ ਨਾਲ ਸੰਮਤ ੧੯੬੬ ਬਿਕਰਮੀ ਨੂੰ ਹੋਇਆ।

ਬਚਪਨ:— ਆਪ ਜੀ ਦਾ ਬਚਪਣ ਮਾਤਾ ਦੀ ਗੋਦ ਵਿਚ ਲੰਘਿਆ। ਜਦ ਹੋਸ਼ ਸੰਭਾਲੀ ਤਾਂ ਸੰਤਾਂ ਦੇ ਹੀ ਸੇਵਕ ਬਣ ਗਏ।

ਵਿਦਿਆ:— ਛੋਟੀ ਉਮਰ ਵਿੱਚ ਘਰੋਂ ਉਦਾਸ ਹੋਕੇ ਸੰਤ ਅਤਰ ਸਿੰਘ ਜੀ ਦੀ ਸੰਗਤ

Digitized by Panjab Digital Library | www.panjabdigilib.org

ਵਿਚ ਜਾ ਰਹੇ। ਉਥੇ ਹੀ ਆਪ ਜੀ ਨੂੰ ਵਿਦਿਆ ਪੜ੍ਹਨ ਦਾ ਚਾਅ ਪੈਦਾ ਹੋਇਆ ਤੇ ਉਨ੍ਹਾਂ ਦੀ ਸੰਗਤ ਤੋਂ ਪੂਰਨ ਲਾਭ ਉਠਾਇਆ।

ਉਪਕਾਰ:— ਆਪ ਜੀ ਨੇ ਨਗਰ ਵਿਚ ਸੁੰਦਰ ਗੁਰਦੁਆਰਾ ਬਣਵਾਇਆ ਤੇ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ ਅਤੇ ਇਲਾਕੇ ਨੂੰ ਉੱਚਾ ਚੁਕਿਆ, ਤੇ ਸੈਂਕੜੇ ਵਿਦਵਾਨ ਪੈਦਾ ਕੀਤੇ।

ਸੁਭਾਉ, ਆਚਰਨ:— ਆਪ ਦਾ ਸੁਭਾਉ ਮਿਲਨਸਾਰ ਹੈ। ਆਚਰਣ ਉਚਾ ਤੇ ਸੁੱਚਾ ਹੈ। ਗੁਰਮਤ ਦੇ ਖੋਜੀ ਬਾਣੀ ਦੇ ਰਸੀਏ ਤੇ ਸਿੱਖੀ ਪ੍ਰਚਾਰ ਦੀ ਸੱਚੀ ਲਗਣ ਵਾਲੇ ਹਨ। ਆਪ ਜੀ ਸਾਲ ਦੇ ਸਾਲ ੨੫ ਅਖੰਡ ਪਾਠ ਕਰਕੇ ਜੋੜ ਮੇਲਾ ਕਰਦੇ ਹਨ।

## ਸੰਤ ਮੋਹਣ ਸਿੰਘ ਜੀ ਜਨੇਤ ਪੁਰਾ

ਜਨਮ:— ਆਪ ਸਰਦਾਰ ਬੱਗਾ ਸਿੰਘ ਦੇ ਘਰ, ਮਾਤਾ ਦਇਆ ਕੌਰ ਦੇ ਉਦਰ ਤੋਂ ਪਿੰਡ ਜਨੇਤ ਪੁਰਾ, ਤਹਿਸੀਲ ਜਗਰਾਉਂ ਜਿਲਾ ਲੁਧਿਆਣਾ ਵਿਖੇ ਪੈਦਾ ਹੋਏ।

ਬਾਲਪਣ:— ਆਪ ਜੀ ਦਾ ਬਚਪਣ ਪਿੰਡ ਵਿਚ ਹੀ ਲੰਘਿਆ।

ਵਿਦਿਆ:— ਆਪ ਜੀ ਨੇ ਸੰਤ ਬ੍ਰਹਮ ਪ੍ਰਕਾਸ਼ ਤੋਂ ਗੁਰਮੁਖੀ ਵਿਦਿਆ ਤੇ ਵੈਦਕ ਪੜ੍ਹੀ। ਆਪ ਦਾ ਝੁਕਾਉ ਮੁਢ ਤੋਂ ਹੀ ਪ੍ਰਮਾਰਥ ਵਲ ਸੀ, ਸੋ ਘਰੋਂ ਉਪਰਾਮ ਹੋਕੇ ਉੱਚ ਵਿਦਿਆ ਸਿੱਖਣ ਦੀ ਤਾਂਘ ਹਿਰਦੇ ਵਿੱਚ ਰਖ, ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਦੀ ਸੰਗਤ ਵਿੱਚ ਚਲੇ ਗਏ, ਉਥੇ ਆਪ ਜੀ ਨੇ ਗੁਰਬਾਣੀ ਦਾ ਸ਼ੁਧ ਪਾਠ ਤੇ ਅਰਥ ਬੋਧ ਕਥਾ ਆਦਿ ਕਰਨੀ ਸਿਖੀ।

ਆਪ ਜੀ ਹੁਣ ਗੁਰਦੁਆਰਾ ਸਾਹਿਬ ਗੁਰੂ ਨਾਨਕ, ਹਰਿਗੋਬਿੰਦ ਸਰ ਸੋਢੀ ਵਾਲ ਤੇ ਗਿੱਦੜ ਵਿੰਡੀ ਦੇ ਜਥੇਦਾਰ ਹਨ; ਅਤੇ ਬੜੇ ਪ੍ਰੇਮ ਨਾਲ ਸੇਵਾ ਕਰ ਰਹੇ ਹਨ। ਦਾਸ ਦੇ ਵਿਦਿਆ ਦਾਤੇ ਤੇ ਪਾਲਕ ਹੋਣ ਕਰਕੇ ਸਦਾ ਠੰਡੀ ਨਿਗਾ ਤੇ ਮਿਠੀ ਬਾਣੀ ਨਾਲ ਮੈਂ ਬਤੀਸੀ ਨੂੰ ਪਿਆਰ ਦੇ ਰਹਿੰਦੇ ਹਨ। ਆਪ ਜੀ ਦਾ ਇਲਾਕੇ ਵਿਚ ਬਹੁਤ ਸਤਕਾਰ ਹੈ। ਪਰ ਗੁਪਤ ਹੀ ਰਹਿਕੇ ਪ੍ਰਸੰਨ ਰਹਿੰਦੇ ਹਨ।

## ਸੰਤ ਗਿਆਨੀ ਰਾਮ ਸਿੰਘ ਜੀ ਮਾਣੂਕੇ

ਉਪਕਾਰੀ ਵਿਦਿਆ ਭੂਸ਼ਣ ਸੰਤ ਗਿਆਨੀ ਰਾਮ ਜੀ ਮਾਲਵੇ ਦੇ ਗੁੱਝੇ ਹੀਰੇ ਸਨ। ਆਪ ਜੀ ਸੰਪਰਦਾਈ ਗਿਆਨੀ ਸਨ, ਪਿੰਡ ਮਾਣੂਕੇ ਵਿਚ ਇਨ੍ਹਾਂ ਨੇ ਆਪਣੇ ਉਦਮ ਨਾਲ ਗਿਆਨੀ ਦੀ ਟਕਸਾਲ ਚਲਾਈ ਹੋਈ ਸੀ। ਆਪ ਜੀ ਦੀ ਵਿਦਵਤਾ ਸੁਣਕੇ ਦੂਰ ਦੂਰ ਤੋਂ ਵਿਦਿਆਰਥੀ ਵਿਦਿਆ ਪ੍ਰਾਪਤੀ ਲਈ ਆਉਂਦੇ ਸਨ। ਸੰਤ ਗੁਲਾਬ ਸਿੰਘ ਜੀ ਘੋਲੀਆਂ ਆਪ ਦੀ ਪ੍ਰਸਿੱਧਤਾ ਸੁਣਕੇ ਆਏ, ਸਨ। ਜਿਨ੍ਹਾਂ ਨੇ ਇਥੇ ਆ ਕੇ ਉਚ ਵਿਦਿਆ ਪ੍ਰਾਪਤ ਕੀਤੀ।

ਜਿਥੇ ਆਪ ਜੀ ਗੁਰਬਾਣੀ ਦੇ ਪੰਡਿਤ ਸਨ। ਉਥੇ ਨਾਮ ਅਭਿਆਸ ਵਿਚ ਵੀ ਬਹੁਤ ਉਚ ਅਵਸਥਾ ਵਿਚ ਪੁਜੇ ਹੋਏ ਸਨ। ਆਪ ਦੇ ਸੁਭਾ, ਆਚਰਨ ਤੇ ਨਿਤਕ੍ਰਮ ਤੋਂ ਪ੍ਰਭਾਵਤ ਹੋਕੇ ਨਗਰ ਨਿਵਾਸੀਆਂ ਵਿੱਚ ਸਿਮਰਨ ਭਜਨ ਦੀ ਅਜੇਹੀ ਰੌ ਪੈਦਾ ਹੋਈ ਕਿ ਦੈਨਿਕ ਅੰਮ੍ਰਿਤ ਵੇਲੇ ੩੦੦ ਦੇ ਲਗ ਪਗ ਕੋਠਿਆਂ ਉਪਰ ਸੁਖਮਨੀ ਸਾਹਿਬ ਦੇ ਪਾਠ ਹੋਇਆ ਕਰਦੇ ਹਨ। ਨਗਰ ਅਨੰਦ ਪੁਰ ਬਣਿਆ ਹੋਇਆ ਸੀ।

ਅਫਸੋਸ ਆਪ ਜੀ ਨੂੰ ਪੂਰਾ ਜੀਵਨ ਭੋਗਣਾ ਨਹੀਂ ਮਿਲ ਸਕਿਆ।

Digitized by Panjab Digital Library | www.panjabdigilib.org

## ਸੰਤ ਵਿਧਾਵਾ ਸਿੰਘ ਜੀ ਲਹਿਰਾ ਖਾਨਾ ਬਾਹੀਆਂ ਫੀਰੋਜ਼ ਪੁਰ

ਜਨਮ:— ਆਪ ਦਾ ਜਨਮ ਨਗਰ ਜਖੇਪਲ ਰਿਆਸਤ ਪਟਿਆਲਾ ਸੀ । ਬਾਲਪਣ ਵਿਚ ਹੀ ਆਪ ਜੀ ਨੂੰ ਧਾਰਮਿਕ ਵਿਦਿਆ ਅਤੇ ਧਾਰਮਿਕ ਪ੍ਰਚਾਰ ਦੀ ਲਗਨ ਲੱਗੀ ।

ਉਪਕਾਰ:—ਆਪ ਜੀ ਨੇ ਆਪਣੇ ਨਗਰ ਗੁਰਦੁਆਰਾ ਬਣਵਾਇਆ । ਗੁਰੂ ਸਰ ਮਰਾਜ ਦੀ ਸੇਵਾ ਕਰਾਈ ਤੇ ਢਾਈ ਵਿਘੇ ਜਮੀਨ ਵਿਚ ਸਰੋਵਰ ਬਣਵਾਇਆ । ਆਪ ਜੀ ਪਾਸੋਂ ਸੰਤ ਨੰਦ ਸਿੰਘ ਕਲੇਰਾਂ ਵਾਲਿਆਂ ਨੇ ਵਿਦਿਆ ਪ੍ਰਾਪਤ ਕੀਤੀ। ਗਿਆਨੀ ਸੁੰਦਰ ਸਿੰਘ ਜੀ ਆਪ ਪਾਸ ਟਿਕਿਆ ਕਰਦੇ, ਸੰਤੋਖ ਸਿੰਘ ਜੀ ਨੇ ਵੀ ਆਪ ਪਾਸੋਂ ਗੁਰਮੁਖੀ ਦੀ ਮੁਢਲੀ ਵਿਦਿਆ ਪ੍ਰਾਪਤ ਕੀਤੀ। ਆਪ ਜੀ ਨੇ ਬਾਹੀਆ ਫੀਰੋਜ਼ ਪੁਰ ਵਿੱਚ ਗੁਰਮਤਿ ਦਾ ਕਾਫੀ ਪ੍ਰਚਾਰ ਕੀਤਾ ।

ਅੰਤ:— ਆਪ ਜੀ ਲਹਿਰਾ ਖਾਨਾ ਵਿਚ ਹੀ ਪ੍ਰਲੋਕ ਗਮਨ ਕਰ ਗਏ ।

## ਬਿਰਕਤ ਸੰਤ ਲਾਲ ਸਿੰਘ ਜੀ ਟੱਲੇਵਾਲ

ਆਪ ਜੀ ਦਾ ਬਚਪਨ ਮਾਤਾ ਪਿਤਾ ਦੀ ਛਤ੍ਰ ਛਾਇਆ ਹੇਠ ਤੇ ਮਿਠੀਆਂ ਲੋਰੀਆਂ ਵਿਚ ਲੰਘਿਆ, ਅਤੇ ਪਿੰਡ ਦੇ ਗੁਰਦੁਆਰੇ ਵਿਖੇ ਗੁਰਮੁਖੀ ਪੜ੍ਹਨ ਲਾਇ ਗਏ। ਆਪ ਜੀ ਬਾਲ ਅਵਸਤਾ ਤੋਂ ਤਿਆਗੀ ਬਿਰਾਗੀ ਹੋਣ ਤੇ ਆਪ ਨੂੰ ਸਾਰੇ ਬਿਰਕਤ ਕਹਿਣ ਤੇ ਬਲੌਣ ਲੱਗੇ ।

ਜਦ ਆਪ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠੀ ਬਣ ਗਏ ਤਾਂ ਆਪ ਜੀ ਨੇ ਸ੍ਰੀ ਦਮਦਮਾਂ ਸਾਹਿਬ ਜਾਕੇ ਅੰਮ੍ਰਿਤ ਛਕਿਆ। ਅਤੇ ਹੋਰ ਵਿਦਿਆ ਪੜ੍ਹਨ ਦੇ ਖਿਆਲ ਨਾਲ ਪੁਜੇ। ਬਸ ਹੁਣ ਜਿਥੇ ਪੁਜਣਾ ਸੀ ਉਥੇ ਪੁਜ ਗਏ। ਸਭ ਅਗੋਂ ਪਿੱਛਾ ਭੁਲਾ ਕੇ ਸੇਵਾ ਵਿਚ ਡਟ ਗਏ । ਰੋਜ਼ਾਨਾ ਚਕੀ ਨਾਲ ਮੈਦਾ ਪੀਹ ਕੇ ਲੰਗਰ ਵਿਚ ਪੌਣਾ, ਪਾਣੀ ਢੋਣਾ, ਪ੍ਰਸ਼ਾਦੇ ਛਕੌਣੇ, ਇਤਆਦਿ ਸੇਵਾ ਆਪ ਦਾ ਨਿਯਮ ਬਣ ਗਿਆ। ਜਦ ਅਕਾਲੀ ਲਹਿਰ ਚਲੀ ਤਾਂ ਆਪ ਨੇ ਅਕਾਲੀ ਜਥਿਆਂ ਦੀ ਬਹੁਤ ਸੇਵਾ ਕੀਤੀ। ਆਪ ਜੀ ਨੇ ਕਈ ਅਖੰਡ ਪਾਠ ਕਲਿਆਂ ਨੇ ਹੀ ਕੀਤੇ। ਗੁਰਦੁਆਰਾ ਰੋੜੀ ਸਾਹਿਬ ਵਿਖੇ ਸੰਤ ਕ੍ਰਿਪਾਲ ਸਿੰਘ ਜੀ ਤੇ ਆਪ ਜੀ ਨੇ ਮਿਲਕੇ ੧੦੧ ਅਖੰਡ ਪਾਠ ਕਰਾਇਆ। ਜਿਨ੍ਹਾਂ ਦੇ ਭੋਗ ਸਮੇਂ ਗੁਰੂ ਪੰਥ ਦੇ ਮੁਖੀ ਸੰਤ ਮਹਾਤਮਾਂ ਸ਼ਾਮਲ ਹੋਇ। ਗੁਰਮਤ ਗੁਰਬਾਣੀ ਤੇ ਅੰਮ੍ਰਿਤ ਪ੍ਰਵਾਹ ਚਲਿਆ ਅਖੀਰਲੇ ਦਿਨ ਬੀਬੀਆਂ ਦੇ ਸਕੂਲ ਦੀ ਨੀਹ ਰੱਖੀ, ਜੋ ਬੜੇ ਹੀ ਸੋਹਣੇ ਪ੍ਰਬੰਧ ਨਾਲ ਚਲ ਰਿਹਾ ਹੈ। ਬਾਦ ਵਿਚ ਆਪ ਸ੍ਰੀ ੧੦੮ ਸੰਤ ਬਾਬਾ ਸੁੰਦਰ ਸਿੰਘ ਜੀ ਅਮਰੀਕਾ ਵਾਲਿਆਂ ਪਾਸ ਟੱਲੇਵਾਲ ਚਲੇ ਗਏ। ਸੰਤ ਮਹਾਰਾਜ ਤਾਂ ਕੁਝ ਅਰਸੇ ਤੋਂ ਬਾਦ ਅਕਾਲ ਪੁਰਖ ਦੇ ਭਾਣੇ ਅੰਦਰ ਸੀਤ ਹੋ ਗਏ। ਹੁਣ ਸਾਰੀ ਜ਼ਮੇਂਵਾਰੀ ਬਰਕਤ ਜੀ ਦੇ ਸਿਰ ਆ ਗਈ। ਆਪ ਨੇ ਹੀ ਗੁਰਦੁਆਰਾ ਸਾਹਿਬ ਜੀ ਦੀ ਨਵੀਂ ਇਮਾਰਤ ਬਣਵਾਈ ਅਤੇ ਲੜਕੇ ਤੇ ਲੜਕੀਆਂ ਦੇ ਦੋਨੋ ਸਕੂਲ ਬਣਵਾਏ ਜੋ ਦੋਨੋ ਹਾਈ ਸਕੂਲ ਪਿੰਡ ਟਲੇਵਾਲ ਜਿਲਾ ਬਰਨਾਲਾ ਰਿਆਸਤ ਪਟਿਆਲਾ ਵਿਖੇ ਚਲ ਰਹੇ ਹਨ ।

## ਸੰਤ ਵੀਰ ਸਿੰਘ ਜੀ

ਆਪ ਜੀ ਦਾ ਜਨਮ ਪਿੰਡ ਵਰ੍ਹੇ ਥਾਣਾ ਧਰਮ ਕੋਟ ਤਹਿਸੀਲ ਜ਼ੀਰਾ ਵਿਖੇ ਇਕ ਜ਼ਿਮੀਂਦਾਰ ਦੇ ਘਰ ਹੋਇਆ। ਆਪ ਜੀ ਨੇ ਜਦ ਚੜ੍ਹਦੀ ਉਮਰ ਵਿਚ ਪੈਰ ਧਰਿਆ ਤਾਂ ਪਿਛਲੇ ਜਨਮ ਦੇ ਸੰਜੋਗੀ ਸੰਤ ਜੀ ਮਿਲ ਗਏ, ਜਿਨਾਂ ਦੀ ਸੰਗਤ ਨਾਲ ਆਪ ਜੀ ਨੂੰ ਭਜਨ ਸਿਮਰਨ ਦੀ ਚੇਟਕ ਲੱਗੀ ਤੇ ਆਪ

Digitized by Panjab Digital Library | www.panjabdigilib.org

ਪਿੰਡ ਔਗੁੜਾਂ ਦੀ ਝਿੜੀ (ਮਾਲਾ) ਵਿਚ ਭਾਈ ਕੇਹਰ ਸਿੰਘ, ਭਾਈ ਪਾਲਾ ਸਿੰਘ, ਭਾਈ ਖੇਮ ਸਿੰਘ, ਭਾਈ ਸੂਬਾ ਸਿੰਘ, ਭਾਈ ਸੰਤਾ ਸਿੰਘ, ਭਾਈ ਮਾਘੀ ਸਿੰਘ, ਭਾਈ ਹੀਰਾ ਸਿੰਘ ਔਗੁੜ ਅਤੇ ਭਾਈ ਹਰ ਸਿੰਘ ਚੁੱਘਾ ਆਦਿ ਦੀ ਪਰੇਰਨਾ ਨਾਲ ਇਥੇ ਆ ਟਿਕੇ। "ਗੁਣ ਗਾਵਤ ਰੈਣ ਬਿਹਾਣੀ" ਦੇ ਵਾਕ ਅਨੁਸਾਰ ਸਾਰੀ ਉਮਰ ਭਜਨ ਸਿਮਰਨ ਕਰਦੇ ਹੋਏ ਆਰਜਾ ਭੁਗਤ ਕੇ ਇਥੇ ਹੀ ਸਰੀਰ ਛਡ ਗਏ।

## ਸੰਤ ਨੰਦ ਸਿੰਘ ਜੀ ਗੁ: ਭੌਰਲੇ

ਪਿੰਡ ਭੌਰਲੇ, ਚਾਵਾ ਪਾਇਲ ਰੇਲਵੇ ਸਟੇਸ਼ਨ ਦੇ ਪਾਸ ਹੀ ਹੈ। ਇਥੋਂ ਕੋਈ ਫਰਲਾਂਗ ਦੀ ਵਿੱਥ ਤੇ ਗੁਰਦੁਆਰਾ ਹੈ, ਸੰਤ ਨੰਦ ਸਿੰਘ ਜੀ ਬੜੀ ਕਠਨ ਘਾਲਨਾ ਘਾਲ ਕੇ ਆਪਣੇ ਹੱਥੀਂ ਬਾਬਾ ਬੁੱਢਾ ਜੀ ਵਾਂਗ ਖੇਤੀ ਦੀ ਕਾਰ ਕਰਦੇ ਹਨ। ਜੋ ਦਾਣਾ ਆਉਂਦਾ ਹੈ ਉਸ ਨਾਲ ਅਠੋ ਪਹਿਰ ਗੁਰੂ ਕਾ ਲੰਗਰ ਚਲੌਂਦੇ ਹਨ। ਦਿਨੇ ਰਾਤੀਂ ਕਿਸੇ ਸਮੇਂ ਵੀ ਕੋਈ ਲੋੜਵੰਦ ਆ ਜਾਵੇ, ਲੰਗਰ ਮਿਲਦਾ ਹੈ। ਗੁਰਦੁਆਰੇ ਰੋਜ਼ਾਨਾ ਕੀਰਤਨ ਤੇ ਸਤਸੰਗ ਹੁੰਦਾ ਹੈ। ਹਰ ਸੰਗ੍ਰਾਂਦ ਨੂੰ ਅਖੰਡ ਪਾਠ ਦਾ ਭੋਗ ਪੌਂਦੇ ਹਨ। ਪਿੰਡਾਂ ਵਿਚ ਜਾ ਕੇ ਗੁਰਬਾਣੀ ਗੁਰਮਤ ਦਾ ਪ੍ਰਚਾਰ ਕਰਦੇ, ਅੰਮ੍ਰਿਤ ਛਕਾਉਂਦੇ, ਤੇ ਪਾਠ ਕਰਦੇ ਹਨ। ਆਪ ਦੀ ਇਸ ਪਰਉਪਕਾਰੀ ਸੇਵਾ ਵਾਲੀ ਬਿਰਤੀ ਵੇਖ ਕਈ ਸਜਨਾਂ ਨੇ ਆਪਣੀਆਂ ਜ਼ਮੀਨਾਂ ਅਰਦਾਸ ਕਰਾਈਆਂ ਹੋਈਆਂ ਹਨ। ਜੋ ਇਸ ਸਮੇਂ ਸੱਤਰ ਅੱਸੀ ਵਿਘੇ ਦੇ ਕਰੀਬ ਹੈ। ਜਿਨ੍ਹਾਂ ਦੀ ਸਾਰੀ ਪੈਦਾਵਾਰ ਨਾਲ ਲੰਗਰ ਚਲਦਾ ਹੈ। ਕੂਕਾ ਕੁਫਰ ਤੋੜ ਲਹਿਰ ਦੀ ਬੀਜੇ ਵਿਖੇ ਹੋਈ ਤੀਜੀ ਕਾਨਫਰੰਸ ਦੇ ਸਵਾਗਤੀ ਪ੍ਰਧਾਨ ਸਨ, ਤੇ ਹੋਰ ਕਾਨਫ੍ਰੰਸਾਂ ਵਿਚ ਭਾਰੀ ਹਿਸਾ ਲਿਆ। ਆਪ ਦੀ ਹਿੰਮਤ ਨਾਲ ਹੀ ਪਿੰਡ ਵਿਖੇ ਪ੍ਰਾਇਮਰੀ ਸਕੂਲ, ਆਪ ਦੇ ਪ੍ਰਬੰਧ ਹੇਠ ਚਲ ਰਿਹਾ ਹੈ। ਆਪ ਦਾ ਸਾਰਾ ਹੀ ਜੀਵਨ, ਨਿਸਕਾਮ ਸੇਵਾ, ਭਗਤੀ ਵਾਲਾ ਤੇ ਪਰਉਪਕਾਰੀ ਹੈ। ਇਲਾਕੇ ਵਿਚ ਆਪ ਦੀ ਕਾਫ਼ੀ ਪ੍ਰਭੁੱਤਾ ਤੇ ਪ੍ਰਸਿਧਤਾਈ ਹੈ। ਸ਼੍ਰੋ: ਗੁ: ਪ੍ਰਬੰਧਕ ਕਮੇਟੀ ਦੇ ਆਪ ਇਸ ਹਲਕੇ ਵਲੋਂ ਚੁਣੇ ਹੋਏ ਜਨਰਲ ਮੈਂਬਰ ਹਨ।

## ਸੰਤ ਤੇਜਾ ਸਿੰਘ ਡਬਲ ਐਮ. ਏ. ਮਸਤੂਆਣਾ

ਸੰਤ ਤੇਜਾ ਸਿੰਘ ਜੀ ਡਬਲ ਐਮ. ਏ. ਮਸਤੂਆਣਾ, ਖਾਲਸਾ ਪੰਥ ਵਿਚ ਇਕ ਪ੍ਰਸਿੱਧ ਵਯਕਤੀ ਹਨ। ਸੰਤ ਅਤਰ ਸਿੰਘ ਜੀ ਦੀ ਪ੍ਰੇਰਨਾ ਪੁਰ ਹੀ ਆਪ ਨੇ ਅਕਾਲ ਕਾਲਜ ਮਸਤੂਆਣਾ ਦੀ ਅਰੰਭਤਾ ਕੀਤੀ। ਸ੍ਰੀ ਮਦਨ ਮੋਹਨ ਮਾਲਵੀਆ ਜੀ ਦੇ ਪ੍ਰੇਰਨ ਤੇਂ ਆਪ ਹਿੰਦੂ ਯੂਨੀਵਰਸਟੀ ਬਨਾਰਸ ਵਿਚ ਟ੍ਰੇਨਿੰਗ ਕਾਲਜ ਦੇ ਪ੍ਰੋਫੈਸਰ ਲੱਗੇ। ਕੁਝ ਚਿਰ ਇਥੇ ਰਹਿਕੇ ਫਿਰ ਅਕਾਲ ਕਾਲਜ ਮਸਤੂਆਣਾ ਦੀ ਸਹਾਇਤਾ ਲਈ ਬਰ੍ਹਮਾ ਗਏ। ਉਥੇ ਗੁਰਸਿਖੀ ਦਾ ਪ੍ਰਚਾਰ ਕੀਤਾ। "ਪੰਥ ਸੇਵਕ ਸੰਗਤ" ਦੇ ਲਿਖਾਰੀ ਸ: ਉਤਮ ਸਿੰਘ ਜੀ ਦੀ ਬੇਨਤੀ ਕਰਨ ਪਰ ਆਪ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਖੇਪ ਜੀਵਨ ਅੰਗਰੇਜ਼ੀ ਵਿਚ ਲਿਖਿਆ, ਫਿਰ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਵਿਖੇ ਜਾ ਕੇ ਡੇਰੇ ਲਾਏ। ਆਪ ਜੀ ਦਾ ਸਾਰਾ ਹੀ ਜੀਵਨ ਤਿਆਗੀ, ਭਗਤੀ ਭਾਉ ਵਾਲਾ, ਨਾਮ ਬਾਣੀ ਦੀ ਰੰਗਣ ਵਿਚ ਰੰਗਿਆ ਹੋਇਆ ਹੈ। ਸੰਤ ਅਤਰ ਸਿੰਘ ਜੀ ਮਹਾਰਾਜ ਦਾ ਜੀਵਨ ਆਪ ਜੀ ਨੇ ਹੀ ਲਿਖਿਆ ਹੈ।

Digitized by Panjab Digital Library | www.panjabdigilib.org

# ਸੰਤ ਮੰਡਲ ਦੁਆਬਾ

## ਸੰਤ ਜੁਆਲਾ ਸਿੰਘ ਜੀ ਹਰਖੋਵਾਲ

ਆਪ ਜੀ ਦਾ ਜਨਮ ਨਗਰ ਲੰਗੇਰੀ ਥਾਨਾ ਮਾਹਲ ਪੁਰ ਤੇਹਸੀਲ ਤੇ ਜ਼ਿਲਾ ਹੋਸ਼ਿਆਰਪੁਰ ਵਿਖੇ ਹੋਇਆ। ਆਪ ਭਰ ਜਵਾਨੀ ਸਮੇਂ ਫੌਜ ਵਿਚ ਭਰਤੀ ਹੋ ਗਏ। ਜਿਥੋਂ ਆਪ ਜੀ ਨੂੰ ਸੰਤ ਬਾਬਾ ਕਰਮ ਸਿੰਘ ਜੀ ਹੋਤੀ ਵਾਲਿਆਂ ਦੀ ਸੰਗਤ ਹੋਣ ਨਾਲ ਨਾਮ ਬਾਣੀ ਦੀ ਚੇਟਕ ਲੱਗੀ ਤੇ ਨਾਮ ਕਟਾਕੇ ਹਰਖੋਵਾਲ ਆ ਗਏ। ਭਜਨ ਸਿਮਰਨ ਤਤਪਰ ਹੋ ਕੇ ਕਰਨ ਲੱਗੇ ਅਤੇ ਲੰਗਰ ਤੇ ਗੁਰਦਵਾਰੇ ਦੀ ਇਮਾਰਤ ਦੀ ਸੇਵਾ ਅਰੰਭੀ। ਆਪ ਜੀ ਤੋਂ ਸ੍ਰੀ ਗੁਰੂ ਜੀ ਨੇ ਕਿਲ੍ਹਾ ਅਨੰਦ ਪੁਰ ਤੇ ਸ੍ਰੀ ਦਮਦਮਾ ਸਾਹਿਬ ਵਿਖੇ ਗੁਰਦਵਾਰਾ ਮਾਤਾ ਜੀ ਆਦਿ ਦੀ ਸੇਵਾ ਕਰਾਈ। ਆਪ ਜੀ ਦਾ ਸਾਰਿਆਂ ਭੇਖਾਂ ਵਿਚ ਬਹੁਤ ਸਤਿਕਾਰ ਹੈ।

## ਸੰਤ ਹਰਨਾਮ ਸਿੰਘ ਜੀ

ਆਪ ਜੀ ਦਾ ਜਨਮ ਪਿੰਡ ਜੈਨ, ਥਾਣਾ ਮਾਲ੍ਹਪੁਰ, ਜ਼ਿਲਾ ਹੁਸ਼ਿਆਰਪੁਰ ਵਿਖੇ ਹੋਇਆ। ਆਪ ਜੀ ਨੇ ਬਚਪਨ ਤੋਂ ਹੀ ਜਪ ਤਪ ਕਰਨਾ ਅਰੰਭ ਦਿੱਤਾ। ਆਪ ਜੀ ਬੜੀ ਚੜ੍ਹਦੀ ਕਲਾ ਦੇ ਮਾਲਕ ਹੋਏ ਹਨ। ਇਨ੍ਹਾਂ ਦੇ ਹੀ ਸੇਵਕ ਸੰਤ ਹਰੀ ਸਿੰਘ ਜੀ ਨੇ ਘੁਹਾਰਪੁਰ ਤੇ ਤਖਤ ਸ੍ਰੀ ਕੇਸ ਗੜ੍ਹ ਅਨਦ ਪੁਰ ਦੀ ਸੇਵਾ ਕਰਾਈ ਹੈ।

## ਸੰਤ ਬਖ਼ਤੋਰ ਸਿੰਘ ਜੀ

ਆਪ ਜੀ ਨੇ ਬਲਾਚੌਰ ਜ਼ਿਲਾ ਹੁਸ਼ਿਆਰਪੁਰ, ਗੁਰਦੁਆਰਾ ਸਾਹਿਬ ਦੀ ਸੇਵਾ ਕਰਾਈ, ਅਤੇ ਲੰਗਰ ਹਰ ਵੇਲੇ ਚਲਦਾ ਹੈ। ਅਕਾਲੀ ਮੋਰਚਿਆਂ ਵਿਚ ਜਾ ਚੁੱਕੇ ਹਨ। ਅਕਾਲੀ ਜੱਥਾ ਹੁਸ਼ਿਆਰਪੁਰ ਦੇ ਜਥੇਦਾਰ ਹਨ, ਦੁਆਬਾ ਨਿਰਮਲ ਮੰਡਲ ਦੇ ਪ੍ਰਧਾਨ ਤੇ ਮੋਹਦੀਪੁਰ ਦੀ ਪੰਚਾਇਤ ਦੇ ਸਰਪੰਚ ਹਨ।

## ਦੁਆਬਾ ਦੇ ਹੋਰ ਸੰਤ

ਸੰਤ ਹਰਨਾਮ ਸਿੰਘ, ਪਿੰਡ ਮਮੋਲਾ, ਤਹਿਸੀਲ ਗੜ੍ਹਸ਼ੰਕਰ ਵਿਖੇ ਆਪ ਨੇ ਗੁਰਦੁਆਰਾ ਸਾਹਿਬ ਤਿਆਰ ਕਰਾਇਆ ਅਤੇ ਲੰਗਰ ਹਰ ਵਕਤ ਜਾਰੀ ਰਹਿੰਦਾ ਹੈ।

ਸੰਤ ਦਲੀਪ ਸਿੰਘ ਜੀ, ਪਿੰਡ ਡਮੇਲੀ, ਜ਼ਿਲਾ ਹੁਸ਼ਿਆਰਪੁਰ, ਆਪ ਜੀ ਨੇ ਗੁਰਦੁਆਰਾ ਸਾਹਿਬ ਜੀ ਦੀ ਇਮਾਰਤ ਬਹੁਤ ਸੁੰਦਰ ਤਿਆਰ ਕਰਾਈ ਹੈ। ਆਪ ਜੀ ਵੈਦਕ ਦੇ ਪੂਰਨ ਮਾਹਰ ਹਨ।

ਸੰਤ ਹਰਭਜਨ ਸਿੰਘ ਜੀ ਦਾ ਜਨਮ ਪਿੰਡ ਕੋਠੀ, ਜ਼ਿਲਾ ਹੁਸ਼ਿਆਰਪੁਰ ਵਿਖੇ ਹੋਇਆ। ਆਪ ਜੀ ਨੇ ਗੁਰਦੁਆਰਾ ਸਾਹਿਬ ਹਰੀਆ ਬੇਲਾ ਦੀ ਸੇਵਾ ਕਰਾਈ। ਆਪ ਜੀ ਧਰਮ ਤੇ ਸਿਆਸਤ ਵਿਚ ਬੜੇ ਮਾਹਰ ਹਨ।

ਸੰਤ ਜਗਤ ਸਿੰਘ ਜੀ ਪਿੰਡ ਠਟਾ ਟਿੱਬਾ, ਤਹਿਸੀਲ ਸੁਲਤਾਨ ਪੁਰ, ਜ਼ਿਲਾ ਕਪਰਥਲਾ ਆਪ ਨੇ ਗੁਰਦੁਆਰਾ ਸਾਹਿਬ ਦੀ ਸੇਵਾ ਕਰਾਈ ਤੇ ਲੰਗਰ ਦੀ ਸੇਵਾ ਕਰਾਉਂਦੇ ਰਹੇ ਹਨ।

ਸੰਤ ਉਦੇ ਸਿੰਘ ਜੀ ਗਿਆਨੀ ਸੁਲਤਾਨ ਪੁਰ, ਜ਼ਿਲਾ ਕਪੂਰਥਲਾ, ਆਪ ਜੀ ਨੇ ਗੁਰਦੁਆਰਾ ਸੰਤ ਸਰ ਦੀ ਸੇਵਾ ਕਰਾਈ।

Digitized by Panjab Digital Library | www.panjabdigilib.org

ਸੰਤ ਪ੍ਰਤਾਪ ਸਿੰਘ ਜੀ ਢਿਲਵਾਂ, ਆਪ ਜੀ ਦੇ ਉਪਦੇਸ਼ ਨਾਲ ਗੁਰਦੁਆਰਾ ਸਾਹਿਬ ਤਿਆਰ ਹੋਇਆ ਹੈ ।

# ਸੰਤ ਮੰਡਲ ਮਾਝਾ

## ਸੰਤ ਭੋਲਾ ਸਿੰਘ ਜੀ

ਆਪ ਜੀ ਪੂਜਨੀਕ ਮਹਾਤਮਾਂ ਸਨ । ਆਪ ਜੀ ਨੇ ਸ੍ਰੀ ਤਰਨ ਤਾਰਨ ਸਾਹਿਬ ਜੀ ਦੀ ਸ਼ਾਨ ਵਧਾਉਣ ਵਾਸਤੇ ਬੁੰਗਾ ਨੰ: ੫੨ ਤਿਆਰ ਕਰਾਇਆ । ਜਿਥੇ ਲੰਗਰ ਤੇ ਅਖੰਡ ਪਾਠ ਹੁੰਦੇ ਰਹਿੰਦੇ ਹਨ । ਆਪ ਜੀ ਦੇ ਸੰਗੀ ਪੰਥ ਦੇ ਅਮੋਲਕ ਹੀਰੇ ਭਾਈ ਵੀਰ ਸਿੰਘ ਸਾਹਿਬ ਜੀ ਸੰਤ ਸੰਪੂਰਨ ਸਿੰਘ ਜੀ ਤੇ ਸ: ਸੇਵਾ ਸਿੰਘ ਸ: ਤ੍ਰਿਲੋਚਨ ਸਿੰਘ ਜੀ ਪੰਜਾਬ ਸਿੰਧ ਬੈਂਕ ਵਾਲਿਆਂ ਦੇ ਪਿਤਾ ਜੀ ਸਨ ।

## ਸ੍ਰੀ ਸੰਤ ਤਾਰਾ ਸਿੰਘ ਤਰਨ ਤਾਰਨ ਸਾਹਿਬ ਜੀ ।

ਜਿਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਪਿਛੋਂ ਪ੍ਰਕਰਮਾਂ ਤੇ ਪੌੜੀਆਂ ਦੀ ਸੇਵਾ ਕਰਾਈ ਸੀ । ਅਤੇ ਮਾਇਆ ਨੂੰ ਹੱਥ ਨਹੀਂ ਲਾਉਂਦੇ ਸਨ ਪਰ ਸੇਵਾ ਹਜ਼ਾਰਾਂ ਦੀ ਗਿਣਤੀ ਵਿਚ ਕਰਾਈ ਆਪ ਰਿੱਧੀਆਂ ਸਿਧੀਆਂ ਦੇ ਮਾਲਕ ਸਨ ।

## ਸੰਤ ਚੇਤਨ ਦੇਵ ਜੀ ਅਵਧੂਤ ਕੰਨਖਲ

ਆਪ ਜੀ ਪੰਜੀ ਸਾਲ ਸ੍ਰੀ ਤਰਨ ਤਾਰਨ ਸਾਹਿਬ ਦੀ ਸੇਵਾ ਤੇ ਤਪ ਕਰਦੇ ਰਹੇ ਹਨ । ਆਪ ਦੇ ਸਰਧਾਲੂਆਂ ਨੇ ਆਪ ਦੇ ਨਾਮ ਦਾ ਬੁੰਗਾ 'ਪਰਮ ਹੰਸਾਂ ਵਾਲਾ' ਤਿਆਰ ਕਰਾਇਆ । ਸਿੰਧੀ ਲੋਕ ਆਪ ਜੀ ਦੇ ਬੜੇ ਸਰਧਾਲੂ ਹਨ ।

ਇਥੋਂ ਹੀ ਆਪ ਜੀ ਹਰਦੁਆਰ ਕੰਨਖਲ ਚਲੇ ਗਏ ਅਤੇ ਜਾਕੇ ਬੜੀ ਭਾਰੀ ਇਮਾਰਤ ਤਿਆਰ ਕਰਾਈ । ਜਿਸ ਵਿਚ ਹਜ਼ਾਰਾਂ ਸਾਧੂਆਂ ਅਤੇ ਗ੍ਰਿਹਸਤੀਆਂ ਵਾਸਤੇ ਅਡ ਅਡ ਰਹਾਇਸ਼ ਲਈ ਕਮਰੇ ਤਿਆਰ ਕਰਾਇ । ਗੁਰਦੁਆਰਾ ਸਾਹਿਬ ਬੜਾ ਆਲੀਸ਼ਾਨ ਬਣਵਾਇਆ । ਜਿਥੇ ਸਦਾ ਹੀ ਅਖੰਡ ਪਾਠ ਹੁੰਦੇ ਰਹਿੰਦੇ ਹਨ । ਖਾਸ ਕਰ ਕੁੰਭ ਆਦਿਕਾਂ ਤੇ ਤਾਂ ਅਣਗਿਣਤ ਹੀ ਲੰਗਰ ਛੇਤਰ ਹੁੰਦੇ ਰਹਿੰਦੇ ਹਨ । ਅਤੇ ਅਣਗਿਣਤ ਪਦਾਰਥ ਪਹੁੰਚਦੇ ਹਨ ।

## ਮਾਈ ਵਾਹਿਗੁਰੂ (ਸੇਵਾ ਵਾਲੀ ਮਾਈ)

ਆਪ ਜੀ ਅਠੇ ਪਹਿਰ ਸ੍ਰੀ ਦਰਬਾਰ ਸਾਹਿਬ ਜੀ ਦੀ ਸੇਵਾ ਵਿਚ ਲਗੇ ਹੋਏ ਆਪਣੇ ਆਪ ਨੂੰ ਭੁਲ ਜਾਂਦੇ ਹਨ । ਸੇਵਾ ਵਿਚ ਲਗੇ ਹੋਏ ਪ੍ਰਸ਼ਾਦੇ ਦੀ ਭੀ ਸੁਧ ਨਹੀਂ ਰਖਦੇ । ਜਦ ਕਦੇ ਪਿਆਸ ਲੱਗੇ ਤਦ ਸਰੋਵਰ ਵਿਚੋਂ ਅੰਮ੍ਰਿਤ ਛਕ ਕੇ ਸੇਵਾ ਵਿਚ ਜੁਟ ਜਾਂਦੇ ਹਨ । ਜਦ ਪ੍ਰਸ਼ਾਦੇ ਦੀ ਇੱਛਾ ਹੋਵੇ ਤਦ ਪੁਤਰ ਦੀ ਦਸਾਂ ਨੌਹਾਂ ਦੀ ਕਮਾਈ ਵਿਚੋਂ ਘਰ ਜਾ ਕੇ ਛਕਦੇ ਤੇ ਲੋੜੀਂਦੇ ਵਸਤਰ ਲੈਂਦੇ ਹਨ । ਗ੍ਰਿਹਸਥ ਜੰਜਾਲ, ਧੰਦਿਆਂ ਮੋਹ-ਮਾਇਆ ਵਿਚੋਂ ਪੂਰੇ ਨਿਰਲੇਪ ਹਨ । ਅਨੇਕਾਂ ਹੀ ਲੋੜਵੰਦਾਂ, ਗਰੀਬਾਂ, ਅਨਾਥਾਂ, ਸੇਵਕਾਂ ਦੀਆਂ ਲੋੜਾਂ ਪੂਰੀਆਂ ਕਰਦੇ ਹਨ । ਸੈਂਕੜੇ ਰੁਪਏ ਤੇ ਹੋਰ ਪਦਾਰਥ ਆਪਦੇ ਹਥ ਆਉਂਦੇ ਹਨ । ਪਰ ਆਪ ਕਿਣਕਾ ਮਾਤਰ ਵੀ ਨਹੀਂ ਵਰਤਦੇ ।

Digitized by Panjab Digital Library | www.panjabdigilib.org

# ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਝੋਰੜ

ਆਪ ਜੀ ਪ੍ਰਸਿਧ ਹਸਤੀਆਂ ਵਿਚੋਂ ਹੋਏ ਹਨ।
ਆਪ ਜੀ ਦਾ ਜਨਮ ਪਿਤਾ ਬਗਾ ਸਿੰਘ ਦੇ ਘਰ ਮਾਤਾ ਪ੍ਰਤਾਪ ਕੌਰ, ਦੀ ਕੁਖੋਂ ਪਿੰਡ ਝੋਰੜ ਤਹਿਸੀਲ ਜਗਰਾਉ ਜਿਲਾ ਲੁਧਿਆਣਾ ਵਿਖੇ ਹੋਇਆ।

ਆਪ ਜੀ ਬਚਪਨ ਤੋਂ ਭੋਲੇ ਭਾਲੇ ਸੁਭਾ ਦੇ ਮਾਲਕ ਤੇ ਮਸਤ ਰਹਿਣ ਵਾਲੇ ਸਨ ਆਪ ਨਾਮ ਅਭਿਆਸੀ ਵਡ ਪ੍ਰਤਾਪੀ ਸੰਤ ਨੰਦਸਿੰਘ ਜੀ ਪਾਸ ਕਈ ਕਈ ਮਹੀਨੇ ਝੋਰੜੀਂ ਜਾਕੇ ਰਹਿੰਦੇ ਜੋ ਨਾਮਸਿਮਰ ਦੇ ਛਿਟੇ ਦਿੰਦੇ ਹੁੰਦੇ ਸਨ।ਜਿਥੋਂ ਆਪ ਜੀ ਨੂੰ ਬਾਬਾ ਜੀ ਦੀ ਸੰਗਤ ਪ੍ਰਾਪਤ ਹੋਈ।ਸਭ ਕੁਝ ਸੰਤ ਜੀ ਦੇ ਅਰਪਨ ਕਰ ਰਾਤ ਦਿਨ ਸੇਵਾ ਕਰਨ ਵਿਚ ਲਗੇ ਰਹਿੰਦੇ।ਜਿਸ ਕਰਕੇ ਆਪ ਜੀ ਸਭ ਦੇ ਹਰਮਨ ਪਿਆਰੇ ਬਣ ਗਏ ਤੇ ਸ੍ਰੀ ਮਾਨਯੋਗ ੧੦੮ ਬਾਬਾ ਨੰਦ ਸਿੰਘ ਜੀ ਦੇ ਸਚ ਖੰਡ ਪਧਾਰਨ ਤੇ ਉਨਾਂ ਦੀ ਜਗਾ ਸਥਾਪਤ ਕੀਤੇ ਗਏ। ਆਪ ਜੀ ਨੇ ਨਾਨਕਸਰ ਅਸਥਾਨ ਨੂੰ ਬਹੁਤ ਹੀ ਪ੍ਰਸਿਧਤਾ ਦਿਤੀ ਹੈ। ਆਪ ਜੀ ਭਜਨ ਸਿਮਰਨੁ ਅਤੇ ਸਦਾ ਉਪਕਾਰ ਮਾਨ ਵਿਚ ਜੁਟੇ ਰਹਿੰਦੇ ਹਨ। ਆਪ ਜੀ ਜਿਅਦਾ ਨਾਨਕਸਰ, ਮੋਗਾ ਜਗਰਾਉਂ ਵਿਖੇ ਹੀ ਰੌਣਕਾ ਵਧਾਉਦੇ ਹਨ। ਆਪ ਜੀ ਦੇ ਅਸਥਾਨ ਨਾਨਕਸਰ ਵਿਖੇ ਪੂਰਨਮਾਸੀ ਦਾ ਜੋੜ ਮੇਲਾ ਲਗਦਾ ਹੈ। ਆਪ ਜੀ ਦੀ ਮਹਤੱਤਾ ਬਹੁਤ ਵਧ ਰਹੀ ਹੈ।

# ਸੰਤ ਹਰਨਾਮ ਸਿੰਘ ਜੀ ਮੁਨਾਵਾਂ

ਆਪਜੀ ਦਾ ਜਨਮ ਪਿੰਡ ਮਲ੍ਹਾਂ ਬੇਦੀਆਂਤਹਿਸੀਲ ਨਵਾਂ ਸ਼ਹਿਰ ਜਲੰਧਰ ਦਾ ਹੈ ਆਪ ਜੀਦੇਪਿਤਾ ਦਾ ਨਾਮ ਸ:ਹਰੀ ਸਿੰਘ ਜੀ ਅਤੇ ਮਾਤਾ ਦਾ ਨਾਮ ਭਾਗ ਕੌਰ ਸੀ। ਬਚਪਨ ਵਿਚ ਆਪ ਜੀ ਨੇ ਗੁਰਮੁਖੀ ਹਿੰਦੀ, ਉਰਦੂ ਆਦਿ ਵਿਦਿਆ ਪੜੀ ਹੈ।ਪਹਿਲੇ ਆਪ ਨਗਰ ਵਿੱਚ ਹੀ ਪੜਦੇ ਰਹੇ ਫਿਰ ਪਸ਼ੌਰ ਚਲੇ ਗਏ। ਜਦ ਅਕਾਲੀ ਲਹਿਰ ਅਰੰਭ ਹੋਈ ਤਾਂ ਆਪ ਜੀ ਸ੍ਰੀ ਅੰਮ੍ਰਿਤਸਰ ਆ ਗਏ ਤੇ ਕਮੇਟੀ ਦੇ ਦਫਤਰ ਵਿੱਚ ਸੇਵਾ ਕਰਨ ਲਗ ਪਏ। ਆਪ ਨੂੰ ਗੁਰੂ ਕੇ ਬਾਗ ਲਹਿਰ ਵਿਚ ਕੈਦ ਕਰਕੇ ਮੁਲਤਾਨ ਆਦਿ ਜੇਹਲ ਵਿਚ ਬਹੁਤ ਤਸੀਹੇ ਦਿਤੇ ਗਏ। ਫਿਰ ਆਪ ਜੈਤੋ ਦੇ ਮੋਰਚੇ ਵਿਚ ਚੌਧਵੇਂ ਸ਼ਹੀਦੀ ਜਥੇ ਨਾਲ ਗਏ ਕਾਰਖਾਸ ਵਿਚ ਲੇਜਾ ਕੇ ਨਾਭੇ ਦੇ ਜ਼ਾਲਮ ਪੁਲਸ ਕਰਮਚਾਰੀਆਂ ਨੇ ਆਪ ਨੂੰ ਬਹੁਤ ਤਸੀਹੇ ਦਿੱਤੇ ਪ੍ਰੰਤੂ ਆਪ ਨੇ ਮਾਫੀ ਨਾ ਮੰਗੀ। ਮੋਰਚਾ ਫਤਹਿ ਹੋਣ ਪਰ ਵਾਪਸ ਆਗਏ।

ਭਾਈ ਜੋਗਾ ਸਿੰਘ ਜੀ ਦੇ ਗੁਰਦਵਾਰੇ ਆਏ ਪਰ ਕਬਜ਼ਾ ਕਰਨ ਸਮੇਂ ਭੀ ਆਪ ਜਥੇ ਦੇ ਨਾਲ ਸਨ। ਆਪ ਜੀ ਨੂੰ ਗ੍ਰਿਫਤਾਰ ਕਰਕੇ ਪਸ਼ੌਰ ਜੇਹਲ ਵਿਚ ਰਖਿਆ ਗਿਆ। ਡਸਕੇ ਦੇ ਮੋਰਚੇ ਵਿਚ ਭੀ ਕੈਦ ਹੋਏ ਗਿਆਨੀ ਗੁਰਬਚਨ ਸਿੰਘ ਜੀ ਨਾਲ ਆਪ ਅੱਠ ਸਾਲ ਰਹੇ ਤੇ ਗੁਰਬਾਣੀ ਦੇ ਅਰਥਾ ਦਾ ਚੰਗੀ ਤਰਾਂ ਗਿਆਨ ਪ੍ਰਾਪਤ ਕੀਤਾ। ੧੦ ਸਾਲ ਤੋਂ ਆਪ ਗੁਰਦਵਾਰਾ ਗੁਰੂਸਰ ਮਨਾਵਾਂ ਵਿਖੇ ਸੇਵਾ ਕਰਵਾ ਰਹੇ ਹਨ। ਇਲਾਕੇ ਵਿਚ ਆਪ ਜੀ ਦਾ ਬਹੁਤ ਜਿਆਦਾ ਰਸੂਖ ਹੈ। ਆਪ ਗੁਰੂ ਕਾ ਅਤੁਟ ਲੰਗਰ ਚਲਾਉਦੇ ਹਨ ਆਪ ਬੜੇ ਪਰਉਪਕਾਰੀ ਮਹਾਤਮਾ ਹਨ ਤੇ ਨਾਮ ਬਾਣੀ ਦੇ ਰਸੀਏ ਹਨ।

# ਸੰਤ ਬਾਬਾ ਬੀਰ ਸਿੰਘ ਜੀ

ਆਪ ਜੀ ਦਾ ਜਨਮ ਸ: ਸੇਵਾ ਸਿੰਘ ਜੀ ਦੇ ਘਰ, ਮਾਤਾ ਧਰਮ ਕੌਰ ਜੀ ਦੀ ਸੁਲਖਣੀ ਕੁਖੋਂ ਪਿੰਡ ਮਗੋਬੂਹੇ ਵਿਖੇ ੧੭੬੮ ਈ:ਨੂੰ ਜਿਲਾ ਅੰਮ੍ਰਿਤਸਰ ਵਿਖੇ ਹੋਇਆ।

Digitized by Panjab Digital Library | www.panjabdigilib.org

ਆਪ ਜੀ ਦੇ ਮਾਤਾ ਪਿਤਾ ਕਟੱੜ ਗੁਰਮਤੀਏ ਹੋਣ ਕਰਕੇ ਆਪ ਜੀ ਨੂੰ ਬਚਪਨ ਤੋਂ ਹੀ ਧਾਰਮਕ ਪਿਉਂਦ ਚੜ੍ਹਨੀ ਜ਼ਰੂਰੀ ਸੀ।

ਮਾਂ,ਪਿਓ, ਦੇ ਘਰ ਇਕਲੌਤੇ ਪੁਤੱਰ ਹੋਣ ਕਰਕੇ ਲਾਡਾਂ ਤੇ ਪਿਆਰਾਂ ਨਾਲ ਭਰੀ ਬਾਲੜੀ ਅਵਸਥਾ ਤੋਂ ਹੀ ਧਾਰਮਕ ਰੁਚੀਆਂ ਹੋਣ ਤੇ ਕੇਵਲ ੬ ਸਾਲ ਦੀ ਆਯੂ ਵਿਚ ਅੰਮ੍ਰਿਤ ਪਾਨ ਕਰਕੇ ਤਿਆਰਬਰ ਤਿਆਰ ਸ੍ਰੀ ਦਸਮੇਸ਼ ਜੀ ਦੇ ਸਿੰਘ ਸਜ ਗਏ। ਆਪ ਇਕਾਂਤ ਪਿਸੰਦ ਕਰਕੇ ਤੇ ਭਜਨ ਸਿਮਰਨ ਵਿਚ ਲੀਨ ਰਹਿਣ ਦੇ ਕਾਰਨ ਆਪਨੂੰ ਦਿਨ ਪਰ ਦਿਨ ਵੈਰਾਗ ਵਧਦਾ ਗਿਆ।

ਆਪ ਜੀ ਦੇ ਪਿਤਾ ਸ: ਸੇਵਾ ਸਿੰਘ ਜੀ ਮਹਾਰਾਜਾ ਰਣਜੀਤ ਸਿੰਘ ਦੀ ਫੌਜ਼ ਵਿਚ ਭਰਤੀ ਸੀ! ਜੋ ਮੁਲਤਾਨ ਦੇ ਕਿਲੋ ਵਿਚ ਸੁਰੰਗ ਫਟਣ ਨਾਲ ਚਲਾਣਾ ਕਰ ਗਏ।ਮਹਾਰਾਜਾ ਜੀ ਨੇ ਸ: ਸੇਵਾਸਿੰਘ ਜੀ। ਦੀ ਦਲੇਰੀ ਤੇ ਕਰਬਾਨੀ ਨੂੰ ਮੁਖ ਰੱਖ ਕੇ ਸ: ਸੇਵਾ ਸਿੰਘ ਦੇ ਸ਼ਸਤਰ ਤੇ ਘੋੜਾ ਉਨ੍ਹਾਂ ਦੇ ਸਪੁਤਰ ਭਾਈ ਬੀਰ ਸਿੰਘ ਜੀ ਨੂੰ ਸਦ ਕੇ ਦੇ ਦਿੱਤਾ ਅਤੇ ਆਪਣੀ ਫ਼ੌਜ ਵਿਚ ਭਰਤੀ ਕਰ ਲਿਆ। ਹੁਣ ਭਾਈ ਬੀਰ ਸਿੰਘ ਭਰਤੀ ਹੋਕੇ ਆਪਣੀ ਤਨਖਾਹ ਦਾ ਬਹੁਤ ਹਿੱਸਾ ਸਾਧ ਸੰਗੱਤ ਦੀ ਸੇਵਾ ਵਿਚ ਖਰਚ ਕਰਦੇ ਅਤੇ ਭਜਨ ਸਿਮਰਨ ਵਿਚ ਜੁਟੇ ਰਹਿੰਦੇ। ਜਿਸ ਤੋਂ ਆਪ ਜੀ ਦੇ ਸਾਥੀਆਂ ਨੇ ਸਤਿਕਾਰ ਵਜੋਂ ਆਪ ਦਾ ਪਹਿਰਾ ਜੋ ਹਰ ਸਿਪਾਹੀ ਨੂੰ ਜ਼ਰੂਰੀ ਹੈ, ਓਹ ਮੁਆਫ ਕਰ ਦਿੱਤਾ। ਜਿਸ ਕਰਕੇ ਭਾਈ ਸਾਹਿਬਜੀ ਭਜਨ ਸੇਵਾ ਡਟਕੇ ਕਰਨ ਲੱਗੇ।

## ਸੰਤਾਂ ਦੀ ਸੇਵਾ

ਜਦੋਂ ਭਾਈ ਬੀਰ ਸਿੰਘ ਪਿਸ਼ਾਵਰ ਵਿਚ ਰਹਿੰਦੇ ਹੁੰਦੇ ਸਨ, ਉਸ ਵੇਲੇ ਭਾਈ ਚੰਦਾ ਸਿੰਘ ਜੀ ਨੌਰੰਗਾਬਾਦੀਆਂ ਨੇ ਜੋ ਸਦਾ ਭਜਨ ਸਿਮਰਨ ਤੇ ਚੜ੍ਹਦੀ ਕਲਾ ਵਿਚ ਰਹਿਣ ਵਾਲਿਆਂ ਦੀ ਸੰਗਤ ਹੋਣ ਤੇ ਪੁਛਿਆ ਆਪ ਜੀ ਨੂੰ ਨਾਮ ਬਾਣੀ ਦੀ ਲਗਨ ਕਿਥੋਂ ਲਗੀ। ਉਤਰ ਮਿਲਿਆ ਕਿ ਸ੍ਰੀਮਾਨ ਬਾਬਾ ਭਾਗ ਸਿੰਘ ਪਿੰਡ ਕੁਰੀ ਰਾਵਲ ਪਿੰਡੀ ਦੇ ਲਾਗੇ ਰਹਿਣ ਵਾਲਿਆਂ ਤੋਂ, ਜੋ ਬੜੇ ਹੀ ਪੂਰਨ ਮਹਾਤਮਾਂ ਹਨ। ਔਰ ਜਦ ਮੈਨੂੰ ਛੁਟੀ ਹੁੰਦੀ ਤਦ ਦਾਸ ਉਨ੍ਹਾਂ ਦੀ ਸੇਵਾ ਵਿਚ ਹੀ ਛੁਟੀ ਦਾ ਸਮਾਂ ਗੁਜ਼ਾਰਦਾ। ਇਹ ਬਚਨ ਸੁਣ ਕੇ ਭਾਈ ਬੀਰ ਸਿੰਘ ਜੀ ਨੂੰ ਬਾਬਾ ਭਾਗ ਸਿੰਘ ਜੀ ਨੂੰ, ਮਿਲਣ ਦੀ ਪ੍ਰਵਲ ਤਾਂਗ ਪੈਦਾ ਹੋ ਗਈ। ਭਾਈ ਬੀਰ ਸਿੰਘ ਪਿਸ਼ਾਵਰ ਤੋਂ ਆਉਂਦੇ ਬਾਬਾ ਭਾਗ ਸਿੰਘ ਜੀ ਦੇ ਦਰਸਨਾ ਨੂੰ ਕੁਰੀ ਪੁਜੇ, ਜਿਥੇ ਜਾਂਦਿਆਂ ਸਾਰ ਮਨ ਨੂੰ ਕੁਝ ਸ਼ਾਂਤੀ ਆਈ ਅਤੇ ਤਦ ਨਿਤਾ ਪ੍ਰਤੀ ਅਸਚਰਜ ਅਵਸਥਾ ਵਿਚ ਰੰਗ ਚਲੂਲੇ ਹੋਣ ਲਗੇ। ਬਾਬਾ ਜੀ ਦੀ ਸੇਵਾ ਵਿਚ ਤਤਪਰ ਹੋ ਕੇ ਲੰਗਰ ਆਦਿ ਦੀ ਸੇਵਾ ਵਿਚ ਜੁੜ ਗਏ। ਹੁਣ ਅੰਦਰੋਂ ਬਾਹਰੋਂ ਨਿਰਮਲਾ ਆਤਮਾ ਵੈਰ ਵਿਰੋਧ ਮਿਟਾਕੇ ਭਜਨ ਸੇਵਾ ਵਿਚ ਲਗੇ। ਇਕ ਦਿਨ ਸ੍ਰਦਾਰ ਅਤਰ ਸਿੰਘ ਜੀ ਨੇ ਆਕੇ ਅਰਦਾਸ ਕੀਤੀ ਕਿ ਦਰਸ਼ਨ ਦਿਉ। ਤਦ ਭਾਈ ਬੀਰ ਸਿੰਘ ਜੀ ਨੇ "ਜਿਤੇ ਸਰਨ ਆਏ ਹੈਂ ਤਿਤੇ ਰਾਖ਼ ਲਏ ਹੈਂ"। ਗੁਰਬਾਣੀ ਦੀ ਪੰਗਤੀ ਪੜ੍ਹਕੇ ਬਚਨ ਕੀਤਾ ਕਿ ਸੇਵਾ ਭਜਨ ਵਿਚ ਜੁਟ ਜਾ ਸਿੰਘਾ। ਸ੍ਰ: ਜੀ ਸੇਵਾ ਵਿਚ ਜੁਟ ਗਏ ਤੇ ਪਿਛੋਂ ਲਹੌਰ ਦੀਆਂ ਫ਼ੌਜਾਂ ਨੇ ਲੜਾਈ ਕੀਤੀ ਤਾਂ ਭਾਈ ਬੀਰ ਸਿੰਘ ਜੀ ਨੇ ਬਚਨ ਕੀਤਾ ਕਿ ਭਰਾਵਾਂ ਤੇ ਵਾਰ ਨਹੀਂ ਕਰਨਾ ਦਾ ਪ੍ਰਣ ਕਰਕੇ ਅਗੋਂ ਵਾਰ ਨਹੀ ਕੀਤਾ ਤੇ ਭਰਾਵਾਂ ਦੇ ਹਥੋਂ ਆਪ ਸ਼ਹੀਦ ਹੋ ਗਏ।

Digitized by Panjab Digital Library | www.panjabdigilib.org

# ਸੰਤ ਠਾਕਰ ਸੰਤ ਸਿੰਘ ਜੀ

ਆਪ ਪ੍ਰਮ ਵਿਦਵਾਨ ਹਨ। ਆਪ ਨੇ ਸੂਰਜ ਪ੍ਰਕਾਸ਼ ਦੇ ਮੰਗਲ ਤੇ ਕਈ ਗ੍ਰੰਥਾਂ ਦੇ ਟੀਕੇ ਕੀਤੇ ਹਨ।

# ਸੰਤ ਪ੍ਰੀਤਮ ਦਾਸ ਜੀ (ਅੰਮ੍ਰਿਤਸਰ)

ਆਪ ਜੀ ਨੇ ਪਹਿਲੇ ਪਹਿਲ ਇਲਾਕਾ ਨਿਵਾਸ਼ੀ ਸੰਗਤਾਂ ਨੂੰ ਗੁਰੂ ਭਰੋਸੈ ਪ੍ਰੇਰ ਕੇ, ਹੰਸਲੀ ਦੀ ਸੇਵਾ ਕਰਾਈ। ਸ੍ਰੀ ਸੁਧਾਸਰ ਸਰੋਵਰ ਵਿੱਚ ਸੁਛ ਜਲ ਪੁਆਕੇ ਮਹਾਂ ਜਸ ਤੇ ਸ੍ਰੀ ਗੁਰੂ ਰਾਮ ਦਾਸ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

# ਸੰਤ ਸਦਾ ਨੰਦ ਜੀ

ਆਪ ਜੀ ਦੀ ਪ੍ਰੇਰਨਾ ਦਾ ਸਦਕਾ ਸ੍ਰੀ ਤਰਨ ਤਾਰਨ ਦੀ ਪ੍ਰਕਰਮਾਂ ਵਿਚ ਬੁੰਗਾ ਨੰ:੫੪ ਤਿਆਰ ਹੋਇਆ ਹੈ। ਆਪ ਪੂਰਨ ਵਿਦਵਾਨ ਤੇ ਮਹਾਤਮਾ ਸਨ।

# ਸੰਤ ਸੰਪੂਰਨ ਸਿੰਘ ਜੀ

ਆਪ ਜੀ ਬੜੇ ਵਿਦਵਾਨ ਤੇ ਲਿਖਾਰੀ ਹਨ। ਸ੍ਰੀ ਪ੍ਰਾਣ ਸੰਗਲੀ ਦੇ ਟਿਪਣੀਕਾਰ ਅਤੇ ਕਬਿਤ ਸਵਯੇ ਸ੍ਰੀ ਮਾਣ ਭਾਈ ਗੁਰਦਾਸ ਜੀ ਦੇ ਟੀਕਾਕਾਰ ਹਨ। ਆਪ ਜੀ ਨਿਰਮਲ ਸੰਪ੍ਰਦਾਇ ਵਲੋਂ ਸ਼੍ਰੋਮਣੀ ਪ੍ਰ: ਕਮੇਟੀ ਦੇ ਮੈਂਮਬਰ ਭੀ ਰਹੇ ਹਨ।

# ਸੰਤ ਰੋਚਾ ਸਿੰਘ ਜੀ ਹਜ਼ਾਰੇ ਵਾਲੇ

ਆਪ ਜੀ ਦਾ ਜਨਮ ਪੰਜਾਬੇ ਬ੍ਰਾਹਮਣ ਦੇ ਘਰ ਪਿੰਡ ਭੈਂਸ ਜ਼ਿਲਾ ਹਜ਼ਾਰੇ ਵਿਚ ਸੰਨ ੧੭੪੫ ਬਿ: ਨੂੰ ਹੋਇਆ।

ਇਸ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕਿਵੇਂ ਹੋਇਆ। ਜੋ ਖੋਜ ਕਰਨ ਤੋਂ ਪਤਾ ਲਗਦਾ ਹੈ ਕਿ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਇਲਾਕੇ ਵਿਚ ਅਮਰ ਨਾਥ ਤਕ ਫੇਰਾ ਮਾਰਿਆ।ਅਤੇ ਪੰਜੇ ਸਾਹਿਬ ਜੀ ਤੋਂ 'ਲੈਕੇ ਕਸ਼ਮੀਰ ਤਕ ਜਿਸ ਰਸਤੇ ਗਏ ਗੁਰ ਸਿੱਖੀ ਦਾ ਪ੍ਰਚਾਰ ਤੇ ਨਾਮ ਦੇ ਛਿਟੇ ਦਿੰਦੇ ਗਏ। ਦੂਜੇ ਮੀਰੀ ਪੀਰੀ ਦੇ ਮਾਲਕ ਹਜ਼ੂਰ ਛੇਵੇਂ ਪਾਤਿਸ਼ਾਹ ਨੇ ਭੀ ਇਸ ਇਲਾਕੇ ਨੂੰ ਨਿਹਾਲ ਕੀਤਾ। ਅਤੇ ਜਿਥੇ ਜਿਥੇ ਸਤਿਗੁਰਾਂ ਦੇ ਮੁਬਾਰਕ ਚਰਨ ਛੋਹੇ ਹਨ। ਉਥੇ ਉਥੇ ਗੁਫਾ ਅਸਥਾਨਾਂ ਦੀ ਸੇਵਾ ਆਪ ਜੀ ਨੇ ਕੀਤੀ ਤੇ ਕਰਵਾਈ। ਇਸ ਇਲਾਕੇ ਵਿਚ ਪਿੰਡ ਪਾਖਲੀ ਜ਼ਿਲਾ ਹਜ਼ਾਰਾ ਵਿਚ ਭਾਈ ਫੇਰੂ ਸਿੰਘ ਜੀ ਨੇ ਆਪ ਦਾ ਪ੍ਰਚਾਰਕ ਅਸਥਾਨ ਬਣਾਕੇ ਬਹੁਤ ਪ੍ਰਚਾਰ ਕੀਤਾ।।ਇਸ ਪ੍ਰਕਾਰ ਗੁਰਮਤ ਪ੍ਰਚਾਰ ਕਰਦੇ ਹੋਏ ਆਪ ੧੧੫ ਵਰ੍ਹੇ ਦੀ ਆਰਜਾ ਭੋਗਕੇ ਸੰ: ੧੮੬੦ ਬਿ: ਨੂੰ ਆਪਣੇ ਗੁਰਦੁਆਰੇ ਰਾਵਲੇ ਪ੍ਰਲੋਕ ਗਵਨ ਕਰ ਗਏ।

ਪੂਰੇ ਵਡਭਾਗੀ, ਬੀਰ ਰਾਗੀ ਤੇ ਤਿਆਗੀ ਹੋਇ,
ਰੁਚੀ ਹੋਏ ਜਾਗੀ; ਸਿਦਕ ਪਾਲਿਆ ਬਿਅੰਤ ਨੇ।
ਵਡੇ ਜੋਗੀ ਰਾਜ, ਪੂਰੇ ਸੂਰੇ ਦਸਮੇਸ਼ ਜੀ ਦੇ,

Digitized by Panjab Digital Library | www.panjabdigilib.org

ਪਹਾੜ ਪੱਠੋਹਾਰ ਨੂੰ ਜਪਾਇਆ ਗੁਰਮੰਤ ਨੇ।
ਛੱਛ ਤੇ ਹਜ਼ਾਰਾ ਕਸ਼ਮੀਰ ਪੁਣਛ ਸਾਰਾ ਦੇਸ,
ਦਿਤੇ ਉਪਦੇਸ਼ ਕੀਤਾ ਕਰਮ ਨੂੰ ਉਡੰਤ ਨੇ।
ਐਸੇ ਉਪਕਾਰੀ ਤੇ ਦੀਦਾਰੀ ਭਾਈ ਰੋਚਾ ਸਿੰਘ,
ਪੂਰੇ ਸਿੱਖ ਆਖੋ ਭਾਵੇਂ ਆਖੋਂ ਪੂਰੇ ਸੰਤ ਨੇ।

## ਸੰਤ ਮੇਲਾ ਸਿੰਘ ਜੀ ਕੁਟਹਿੜੀ ਪੁਣਛ

ਆਪ ਜੀ ਦਾ ਜਨਮ ਭਾਈ ਮਖਣ ਸਿੰਘ ਬ੍ਰਾਹਮਣ ਦੇ ਘਰ ਨਗਰ ਕੁਟਹਿੜੀ ਵਿਖੇ ਸੰ; ੧੯੪੦ ਬਿ: ਮੁਤਾਬਕ ੧੮੮੩ ਈ: ਨੂੰ ਰਿਆਸਤ ਪੁਣਛ ਤਹਿਸੀਲ ਬਾਗ ਵਿਚ ਹੋਇਆ। ਆਪ ਜਦ ੧੧ ਸਾਲ ਦੇ ਹੋਏ ਤਾਂ ਪਿਤਾ ਜੀ ਸਦਾ ਵਾਸਤੇ ਸਿਰ ਤੋਂ ਛਾਇਆ ਦਾ ਹਥ ਚੁਕ ਗਏ। ਜਿਸ ਕਰਕੇ ਸਿਰਫ ਗੁਰਮੁਖੀ ਵਿਦਿਆ ਪਿੰਡ ਵਿਚ ਹੀ ਪੜ੍ਹਨ ਲਗੇ।

ਆਪ ਜੀ ਨੂੰ ਰਾਗ ਤੇ ਬਿਸ਼ਨ ਪਦੇ ਪੜ੍ਹਨ ਦੀ ਬਹੁਤ ਹੀ ਚੇਟਕ ਸੀ। ਇਕ ਦਿਨ ਪਸ਼ੂ ਚਰਦੇ ਦੁਪਹਿਰ ਵੇਲੇ ਛਾਂਵੇਂ ਬਿਠਾਕੇ ਪਹਾੜੀ ਸੁਰ ਵਿਚ ਮਸਤ ਲੈ ਨਾਲ ਇਹ ਸ਼ਬਦ ਪੜ੍ਹ ਰਹੇ ਸਨ।

"ਕੋਈ ਜਨ ਹਰਿ ਸਿਉਂ ਦੇਵੇ ਜੋਰ।
ਚਰਨ ਗਹਉ ਬਕਉ ਸੁਭ ਰਸਨਾ
ਦੀਜੇ ਪ੍ਰਾਨ ਅਕੋਰ (ਜੈਤਸਰੀ ਮ: ੪)।

ਸੰਤ ਰੋਚਾ ਸਿੰਘ ਜੀ ਕੋਲ ਦੀ ਰਾਹੇ ਜਾਂਦਿਆਂ ਦੇ ਸ਼ਬਦ ਸੁਣ ਕੇ ਕਲੇਜੇ ਨੂੰ ਧੂਹ ਪੈ ਗਈ। ਆਪ ਭਾਈ ਮੇਲਾ ਸਿੰਘ ਜੀ ਦੇ ਪਾਸ ਆਏ ਅਤੇ ਪਿਆਰ ਨਾਲ ਆਖਿਆ, ਕਾਕਾ ਜੇ ਤੈਨੂੰ ਸਚ ਮੁਚ ਹਰੀ ਨਾਲ ਮਿਲਣ ਦਾ ਸ਼ੌਕ ਹੈ ਤਾਂ ਹਰੀ ਕੀਰਤਨ ਸੁਣਿਆਂ ਕਰ।

ਹੁਣ "ਸੰਤ ਬਚਨ ਅਟਲਾਧਾ" ਕੀਰਤਨ ਕਰਨ ਤੇ ਸੁਨਣ ਦੇ ਆਦੀ ਹੋ ਗਏ। ਇਕ ਦਿਨ ਸ੍ਰੀ ਹਜ਼ੂਰ ਸਾਹਿਬ ਜੀ ਦੀ ਯਾਤਰਾ ਲਈ ਚਲ ਪਏ, ਰਸਤੇ ਵਿਚ ਹੋਰ ਬਹੁਤ ਗੁਰ-ਅਸਥਾਨਾ ਦੀ ਯਾਤਰਾ ਭੀ ਕੀਤੀ। ਤੇ ਹਜ਼ੂਰ ਸਾਹਿਬ ਦੀ ਯਾਤਰਾ ਤੋਂ ਮੁੜਕੇ ਅੰਮ੍ਰਿਤਸਰ ਜੀ ਚੌਂਕ ਮੰਨਾ ਸਿੰਘ ਕਟੜਾ ਰਾਮਗੜੀਆਂ ਪਾਸ ਕੁਟੀਆ ਨੂੰ ਬਣਵਾਕੇ ਰਹਿਣ ਲਗੇ। ਮਨ ਨੂੰ ਟਕਾ ਕਰਕੇ ਸ੍ਰੀ ਗੁਰੂ ਰਾਮਦਾਸ ਦੀ ਨਗਰੀ ਵਿਚ ਨਿਵਾਸ ਕੀਤਾ। ਅਤੇ ਬਹੁਤ ਚਿਰ ਉਥੇ ਹੀ ਨਿਵਾਸ ਰਖਿਆ। ਅਤੇ ਉਥੇ ਹੀ ਗੁਰੂ ਚਰਨਾ ਵਿਚ ਗੁਰ ਪੁਰੀ ਸਧਾਰ ਗਏ। ਆਪ ਦੀ ਸਮਾਧ ਪੁਣਛੀਆਂ ਦੇ ਡੇਰੇ ਮੌਜੂਦ ਹੈ।

## ਸੰਤ ਨੱਥਾ ਸਿੰਘ ਜੀ

ਸੰਤ ਨੱਥਾ ਸਿੰਘ ਜੀ ਨਹਿੰਗ ਸਿੰਘ ਪਿੰਡ ਤੁੜਾ ਵਾਲੇ ਬੜੇ ਗੁਰਮੁਖ ਪਿਆਰੇ ਹੋਏ ਹਨ। ਜਿਨ੍ਹਾਂ ਨੇ ਗੁਰ ਸਥਾਨ ਤੁੜ, ਖਾਨਛਾਪਰੀ, ਢੋਟੀਆਂ ਗੁਰਦੁਆਰਾ ਰਾਜਾ ਰਾਮ ਦੀ ਸੇਵਾ ਕਰਾਈ ਹੈ।

ਸੰਤ ਸੋਹਣ ਸਿੰਘ ਨਹਿੰਗ ਸਿੰਘ ਜੀ ਜਥੇਦਾਰ ਤਰਨਾ ਦਲ ਸੁਰ ਸਿੰਘ ਵਾਲੇ ਬੜੇ ਗੁਰਮੁਖ ਵਿਆਕਤੀ ਹਨ।

Digitized by Panjab Digital Library | www.panjabdigilib.org

"ਜਿਥੈ ਬੈਸਨ ਸਾਧ ਜਨ ਸੋ ਥਾਨ ਸੁਹੰਦਾ"

# ਸੰਤ ਈਸ਼ਰ ਸਿੰਘ ਜੀ ਕਰਮ ਸਰ (ਰਾੜਾ ਸਾਹਿਬ) ਪਟਿਆਲਾ

ਅਤਿ ਸੁੰਦਰ ਮਨ ਮੋਹਣੇ, ਅੰਤਰ ਨਾਮ ਨਿਵਾਸ ।
ਗੁਰ ਕ੍ਰਿਪਾ ਤੇ ਮਨ ਤਨ ਠੰਡਾ, ਉਰਧ ਕੱਵਲ ਬਿਗਾਸ ।

ਆਪ ਦਾ ਜਨਮ ਨੰਬਰਦਾਰ ਰਾਮ ਸਿੰਘ ਜਿਮੀਂਦਾਰ ਦੇ ਘਰ ਪਿੰਡ ਆਲੋਵਾਲ ਸੀਬੜੋ ਰਿਆਸਤ ਪਟਿਆਲਾ ਵਿਖੇ ਹੋਇਆ । ਪਤਾ ਨਹੀਂ ਇਸ ਅਮੋਲਕ ਹੀਰੇ ਦੇ ਪੈਦਾ ਹੋਣ ਤੇ ਮਾਤਾ ਪਿਤਾ ਤੇ ਪ੍ਰਵਾਰ ਨੂੰ ਕਿੰਨੀਆਂ ਖੁਸ਼ੀਆਂ ਤੇ ਵਧਾਈਆਂ ਪ੍ਰਾਪਤ ਹੋਇਆਂ ਹੋਣਗੀਆਂ ।

ਬਾਲ ਅਵਸਥਾ :– ਬ੍ਰਿਧਾਂ ਤੋਂ ਸੁਣਿਆ ਹੈ ਕਿ ਆਪ ਬਹੁਤ ਹੀ ਸੁੰਦਰ ਸਰੂਪ, ਮਨ ਮੋਹਣੇ, ਨਿਰਛਲ ਬ੍ਰਿਤੀ ਸਨ, ਹਰ ਇਕ ਨੂੰ ਪਿਆਰ ਨਾਲ ਘਿਗਆਕੇ ਗਲ਼ਵਕੜੀ ਪਾਕੇ ਚੰਮੜਦੇ ਅਤੇ ਸੜ ਵਲ ਰਹੇ ਹਿਰਦੇ ਨੂੰ ਪਿਆਰ ਨਾਲ ਠੰਡਾ ਕਰ ਦਿੰਦੇ । ਜਿਸ ਤੋਂ ਸਿਆਣੇ ਲੋਕ ਅਨੁ– ਮਾਨ ਲੌਂਦੇ ਕਿ ਇਹ ਲੋਲੋ ਛੋਹੇ ਸਭਾ ਵਾਲਾ ਬਚਾ, ਜੋ ਆਪ ਕਹਿਕੇ ਹਰਇਕ ਨੂੰ ਕਿੰਨੀ ਮੁਹੱਬਤ ਨਾਲ ਬਲੌਂਦਾ ਹੈ । ਜੋ ਵਡਾ ਹੋਇਆ ਸੰਤ ਕਿੰਨੀਕ ਦੁਨੀਆਂ ਨੂੰ ਆਪਣੇ ਬਣ ਊਗਾ ।

ਵਿਦਿਆ :–ਪਿਤਾ ਜੀ ਵਲੋਂ ਆਪ ਜੀ ਨੂੰ ਪਟਿਆਲੇ ਮਹਿੰਦਰਾ ਕਾਲਜ ਪੜ੍ਹਨ ਪਾਇਆ ਗਿਆ ਜੋ ਆਪਜੀ ਨੇ ਬੜੇ ਹੀ ਉਤਸ਼ਾਹ ਨਾਲ ਦਸਵੀਂ ਜਮਾਤ ਪਾਸ ਕਰਕੇ ਉਸੇ ਕਾਲਜ ਵਿਚ ਐਫ. ਏ. ਵਿਚ ਪੜ੍ਹਨ ਲਗੇ । ਵੈਰਾਗ ਦੇ ਵੇਗ ਇਥੇ ਹੀ ਉਤਪਨ ਹੋਏ ।

ਸੰਤ ਮਿਲਾਪ .– ਆਪ ਸ੍ਰੀ ਸੰਤ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ ਵਾਲਿਆਂ ਪਾਸ ਆ ਗਏ । ਦਿਨ ਭਰ ਸੇਵਾ ਤੇ ਰਾਤ ਭਰ ਨਾਮ ਅਭਿਆਸ ਵਿਚ ਲੀਨ ਰਹਿਣਾ, ਕਦੇ ਕਦੇ ਸੰਤ ਜੀ ਮਹਾਰਾਜ ਨੇ ਬਚਨ ਕਰਨਾ ਭਾਈ ਤੂੰ ਕੁਛ ਪੜਿਆ ਕਰ ਤੇਰੇ ਕੋਲ ਸੰਗਤਾਂ ਆਇਆ ਕਣਗੀਆਂ ਤਾਂ ਕੀ ਸੁਣਾਇਆ ਕਰੇਂਗਾ । ਸਤਿ ਬਚਨ ਕਹਿਕੇ ਪੋਥੀ ਪੜਨ ਲਗੇ ਤਾਂ ਸ਼ਬਦ ਆਇਆ ।

"ਰਾਮ ਜਪੋ ਜੀਅ ਐਸੇ ਐਸੇ ਧ੍ਰੂ ਪ੍ਰਹਿਲਾਦ ਜਪਉ ਹਰਿ ਜੈਸੇ'

ਬਸ ਉਥੇ ਹੀ ਪੋਥੀ ਸੰਤੋਖ ਕਰ ਸਿਮਰਨ ਵਿਚ ਡਟ ਗਏ ।

ਸ੍ਰੀ ਮਾਨ ਬਾਬਾ ਅਤਰ ਸਿੰਘ ਜੀਦੇ ਸਚ ਖੰਡ ਪਧਾਰ ਜਾਣ ਤੇ ਰਾਮ ਬਿਰ੍ਹੋਗੀ ਵਾਲ, ਹਾਲਤ ਵਿਚ ਸਭ ਅੰਤਮ ਸੰਸਕਾਰ ਭੁਗਤਾਕੇ, ਚੁਪੀਤੇ ਹੀ ਰੇਰੂ ਸਾਹਿਬ ਤੋਂ ਚਲੇ ਗਏ ।

ਰਾੜੇ ਦੀ ਢਕੀ ਨੂੰ ਭਾਗ.–ਹੁਣ ਸ੍ਰੀ ਸੰਤ ਜੀ ਰਾੜੇ ਦੀ ਢਕੀ ਵਿਚ,ਗੁਪਤ ਥਾਂ ਦੇਖਕੇ ਆ ਟਿਕੇ

"ਜਿਥੈ ਬੈਸਨ ਸਾਧ ਜਨ ਸੋ ਥਾਨ ਸੁਹੰਦੇ"

ਜਦ ਸੰਗਤਾਂ ਨੂੰ ਪਤਾ ਲਗਾਤੇ ਬੇਅੰਤ ਸੰਗਤਾਂ ਇਕਤ੍ਰ ਹੋਣੀਆਂ ਸ਼ੁਰੂ ਹੋ ਗਈਆਂ ।

ਨਿਤਾ ਪ੍ਰਤੀ ਪ੍ਰੋਗਰਾਮ.– ਹੁਣ ਸੰਤ ਜੀ ਮਹਾਰਾਜ ਨੇ ਰੇਰੂ ਸਾਹਿਬ ਵਾਲਿਆ ਬਾਬਿਆਂ ਦੇ ਨਿਤਾ ਪ੍ਰਤੀ ਪ੍ਰੋਗਰਾਮ ਅਨੁਸਾਰ ਸੁਭਾ ਸ਼ਾਮ ਸਤਿਸੰਗ ਅਟੰਭਿਆ ਅਰ ਇਥੇ ਦੀ ਰਚਨਾ ਦਾ ਅਨੁਮਾਨ

"ਕਹਿਬੇ ਕੋ ਸੋਭਾ ਨਹੀਂ ਦੇਖਾ ਹੀ ਪਰਵਾਨ" ਲੌਣਾ ਬਹੁਤ ਹੀ ਕਠਨ ਹੈ ।

ਇਥੇ ਗੁਰਦੁਆਰਾ, ਦੀਵਾਨ, ਖਾਨਾ, ਲੰਗਰ, ਸਗਤਾਂ, ਦੀ ਰਹੈਸ਼ ਦਾ ਪ੍ਰਬੰਧ ਖੇਤੀਕਰਨੀ

Digitized by Panjab Digital Library | www.panjabdigilib.org

ਮੁਕਦੀ ਗਲ ਹਰ ਪ੍ਰਬੰਧ ਬੜੇ ਯੋਗ ਤਰੀਕੇ ਨਾਲ ਚਲ ਰਹਿਆ ਹੈ। ਇਕ ਖਾਲਸਾ ਹਾਈ ਸਕੂਲ ਚਲ ਰਿਹਾ ਹੈ। ਆਪ ਜੀ ਰਾਜ ਜੋਗ ਵਿਚ ਖੇਡਦੇ ਹੋਇਆਂ "ਗੁਰਮਤਿ ਰਿਦੈ ਗ਼ਰੀਬੀ ਆਵੈ" ਦੇ ਵਾਕ ਅਨੁਸਾਰ, ਐਤਨੀ ਨਿਮਰਤਾਈ ਹੈ, ਕਿ ਜਦ ਕੁਝ ਗੁਰਸਿਖ ਸੰਤ ਇਕਤ੍ਰ ਹੋ ਜਾਂਦੇ ਹਨ ਤਾਂ ਆਪ ਜੀ ਪੂਰਨ ਅਦਬ ਸੇ ਉਹਨਾਂ ਨੂੰ ਸਰਹਾਣੇ ਵਲ ਬਠਾਕੇ ਆਪ ਚਰਨਾਂ ਵਲ ਬੈਠ ਕੇ ਪ੍ਰਸੰਨ ਹੁੰਦੇ ਹਨ ਅਤੇ ਗੁਰੂ ਨਾਨਕ ਦੇ ਮਿਸ਼ਨ ਦਾ ਪ੍ਰਚਾਰ ਬੜੇ ਸੁਚਜੇ ਤਰੀਕੇ ਨਾਲ ਕਰ ਰਹੇ ਹਨ।

## ਸੰਤ ਸੰਗਤ ਸਿੰਘ ਜੀ ਕਮਾਲੀਆ

ਆਪ ਜੀ ਦਾ ਨਿਵਾਸ ਕਮਾਲੀਆ ਵਿਚ ਸੀ। ਆਪ ਜੀ ਨੂੰ ਅਪਣੇ ਬਜ਼ੁਰਗਾਂ ਤੋਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਬਖਸ਼ਸ਼ ਵਿਰਸੇ ਵਿਚ ਹੀ ਮਿਲੀ ਸੀ, ਜਿਸਦਾ ਸਦਕਾ, ਆਪ ਨਾਮ ਬਾਣੀ ਦੇ ਗੂੜ੍ਹੇ ਅਭਿਆਸੀ ਤਾਂ ਪਹਿਲਾਂ ਹੀ ਸਨ, ਪਰ ਅੰਮ੍ਰਿਤ ਛਕਣ ਤੋਂ, ਜਨਮ ਜਨਮ ਦੀ ਸੋਈ ਜਾਗੀ' ਦੇ ਗੁਰਵਾਕ ਅਨੁਸਾਰ, ਆਪਦੇ ਜੀਵਨ ਵਿਚ ਇਕ ਨਵਾਂ ਹੀ ਰੰਗ ਪੁੰਗਰ ਪਿਆ, ਨਾਮ ਦੀ ਰੰਗਣ ਦਾ ਅਜੇਹਾ ਰੰਗ ਚੜ੍ਹਿਆ ਕਿ ਆਪਨੇ ਅਪਣੀ ਵਿਦਵਤਾ, ਤੇ ਵੇਦਾਂ ਸ਼ਾਸ਼ਤਰਾਂ ਦੀ ਖੋਜ ਨੂੰ ਗੁਰਮਤਿ' ਦੀ ਮਹੱਤਤਾ ਦਰਸੌਨ ਵਲ ਲਾਇਆ। ਆਪਣੀ ਮਿਠਾਸ ਤੇ ਰਸ ਭਰੀ ਕਥਾ ਦੇ ਉਪ-ਦੇਸ਼ਾਂ ਨਾਲ, ਪ੍ਰਮਾਰਥ ਤੋਂ ਭੁਲੇ ਭਟਕੇ ਹਜ਼ਾਰਾਂ ਜੀਵਾਂ ਨੂੰ, ਨਾਮ ਦੀ ਰੰਗਣ ਦਿਤੀ, ਸੈਂਕੜੇ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ, ਕਈ ਸਜਨਾਂ ਨੂੰ ਇਸ ਬਖਸਸ਼ ਦੀ ਮੇਹਰ ਨਾਲ ਸੰਸਾਰੀ ਤਪ, ਤੇਜ, ਆਰਥਤ-ਤਾ ਮਾਨਤਾ ਦਿਤੀ। ਸਿਖਾਂ ਦੇ ਪ੍ਰਸਿਧ ਜਥੇ 'ਚੀਫ਼ ਖਾਲਸਾ ਦੀਵਾਨ', ਉਚ ਕੋਟੀ ਦੇ ਸਰਦਾਰਾਂ ਅੰਦਰ ਆਪ ਜੀ ਦਾ ਭਾਰੀ ਸਨਮਾਨ ਤੇ ਪਿਆਰ ਸੀ, ਜਿਸ ਕਾਰਨ ਆਪ ਜੀ ਨੂੰ ਸਦਾ ਹੀ ਸਿਖ ਐਜੂਕੇਸਨਲ ਕਾਨਫ੍ਰੰਸਾਂ ਦੇ ਸਮਾਗਮ ਸਮੇਂ ਅਰਦਾਸਾ ਕਰਨ ਲਈ ਤੇ ਧਾਰਮਕ ਦੀਵਾਨਾਂ, ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਕਰਨ ਦਾ ਮਾਣ ਪ੍ਰਾਪਤ ਹੁੰਦਾ ਸੀ। ਮਾਨੋ ਆਪ ਇਨਾ ਕਾਨਫਰੰਸਾਂ ਦੀ ਰੂਹ ਸਨ। ਸੰਤ ਸ੍ਰੇਣੀ ਵਿਚ ਵੀ ਆਪਦਾ ਸਭ ਤੋਂ ਉਚਾ ਸਤਿਕਾਰ ਸੀ। ਦੇਸ਼ ਦੀ ਵੰਡ ਹੋਣ ਤੋਂ ਆਪ ਇਧਰ ਮਾਲਵੇ ਵਿਚ ਆਏ ਤੇ ਪਟਿਆਲੇ ਸ਼ਹਿਰ ਵਿਚ ਰਿਹਾਇਸ਼ ਰਖੀ।

ਆਪਦੇ ਅਸਥਾਨ ਤੇ ਅਖੰਡ ਪਾਠਾਂ ਦਾ ਪ੍ਰਵਾਹ ਚਲਦਾ ਰਹਿੰਦਾ ਸੀ। ਇਹ ਅਨੁਮਾਨ ਲੌਣਾ ਕਠਨ ਹੈ ਕਿ ਆਪ ਨੇ ਆਪਣੇ ਜੀਵਨ ਵਿਚ, ਕਿਤਨੇਕੁ ਅਖੰਡ ਪਾਠ ਤੇ ਸਹਿਜ ਪਾਠ ਕਰਵਾਏ।

ਇਨ੍ਹਾਂ ਸਤਰਾਂ ਦੇ ਲਿਖਾਰੀ ਨੂੰ ਆਪ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਸਮਾਂ ਫਰੀਦਕੋਟ ਅਤੇ ਪਟਿਆਲੇ ਵਿਖੇ ਹੋਈਆਂ ਸਿਖ ਅਜੂਕੇਸ਼ਨਲ ਕਾਨਫਰੰਸਾਂ ਦੇ ਸਮੇਂ ਹੀ ਤੇ ਆਪ ਜੀ ਦੇ ਮੁਖਾਰਬਿੰਦ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਦੇ, ਅਨੇਕਾਂ ਗਹਸੇ ਤੇ ਗੂੜ੍ਹ ਅਰਥ ਸਰਵਣ ਕਰਕੇ, ਜੋ ਰਸ ਤੇ ਅਨੰਦ ਆਇਆ ਉਹ ਕਲਮ ਲਿਖਨ ਤੋਂ ਅਸਮਰਥ ਹੈ। ਆਪਨੂੰ ਵੇਦਾਂ, ਸਾਸ਼ਤਰਾਂ, ਤੇ ਅਨਾਜ ਮਤਾਂ ਦੇ ਗ੍ਰੰਥਾਂ ਦੀ ਇਤਨੀ ਮਹਾਨ ਸੋਝੀ, ਪਰਖ, ਤੇ ਯਾਦ ਸ਼ਕਤੀ ਸੀ, ਜਿਸਨੂੰ ਸੁਣਕੇ ਲੋਕੀ ਦੰਗ ਰਹਿ ਜਾਂਦੇ ਸਨ।

ਆਪਨੇ ਗੁਰੂ ਸਾਹਿਬਾਂ ਦੇ ਉਚ ਆਸ਼ੇ ਅਨੁਸਾਰ ਗ੍ਰਹਿਸਤ ਮਾਰਗ ਵਿਚ ਰਹਿੰਦਿਆਂ ਹੋਇਆਂ ਵੀ, ਆਪਦੀ ਬਿਰਤੀ ਨੂੰ ਨਿਰੰਕਾਰ ਨਾਲ ਜੋੜੀ ਰਖਿਆ। ਆਪਦੇ ਸਪੁਤਰ ਸੰਤ ਕਰਤਾਰ ਸਿੰਘ ਜੀ, ਪਟਿਆਲੇ ਵਿਖੇ, ਆਪਦੇ ਅਸਥਾਨ ਤੇ ਸੇਵਾ ਕਰਦੇ ਹਨ।

Digitized by Panjab Digital Library | www.panjabdigilib.org

ਸ੍ਰੀ ਸੰਤ ਸੰਗਤ ਸਿੰਘ ਜੀ ਕਮਾਲੀਆ



(ਸਫ਼ਾ ੧੧੮੩ ਅ)

Digitized by Panjab Digital Library | www.panjabdigilib.org

## ਭਾਈ ਸੇਵਾ ਸਿੰਘ ਜੀ

ਐਡੀਟਰ ਖਾਲਸਾ ਸਮਾਚਾਰ ਅੰਮ੍ਰਿਤਸਰ



(ਸਫਾ ੧੦੬੫)

## ਅਕਾਲੀ ਕੌਰ ਸਿੰਘ ਜੀ ਕਸ਼ਮੀਰ



(ਸਫਾ ੧੦੬੦)

y Panjab Digital Library | www.panj

# ਸੰਤ ਮਸਤਾਨ ਸਿੰਘ ਜੀ ਵੱਡਾ ਘਰ

ਸ੍ਰੀ ਮਾਨ ਸੰਤ ਮਸਤਾਨ ਸਿੰਘ ਜੀ ਦਾ ਜਨਮ ਪਿੰਡ ਵਡਾ ਘਰ ਤਹਿਸੀਲ ਮੋਗਾ, ਜ਼ਿਲਾ ਫੀਰੋਜ਼ਪੁਰ ਵਿਖੇ ਹੋਇਆ। ਆਪ ਜੀ ਬਚਪਨ ਤੋਂ ਸੰਤ ਸੇਵੀ ਅਤੇ ਸਤਸੰਗੀ ਹੋਣ ਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠੀ ਅਰ ਰਬੀ ਬਾਣੀ ਦਾ ਕੀਰਤਨ ਕਰਨ ਦਾ ਸ਼ੌਕ ਰਖਦੇ ਸਨ। ਜਦ ਭਰ ਜਵਾਨੀ ਵਿਚ ਆਏ ਤਦ ਸਾਦਾ ਲਿਬਾਸ, ਦੀਦਾਰੀ ਸਿਖ, ਰਸੀਲੀ ਅਵਾਜ ਹੋਣ ਤੇ ਜਿਸ ਵੇਲੇ ਦੀਵਾਨ ਵਿਚ ਰਬੀ ਕੀਰਤਨ ਦਾ ਵਕਤ ਹੁੰਦਾ, ਉਸ ਵੇਲੇ ਜਿਥੋਂ ਤਕ ਅਵਾਜ਼ ਜਾਂਦੀ ਸਾਰੇ ਸਰੋਤਾ ਜਨ ਮੂਰਤਾਂ ਦੀ ਸ਼ਕਲ ਧਾਰਨ ਕਰ ਲੈਂਦੇ।

ਆਪ ਜੀ ਦੀਆਂ ਹੋਰ ਸੇਵਾਵਾਂ:—੧੯੨੧ ਤੋਂ ੧੯੨੪ ਤਕ ਅਕਾਲੀ ਜਥਾ ਜ਼ਿਲਾ ਫੀਰੋਜ਼ ਪੁਰ ਦੀ ਛਤਰ ਛਾਇਆ ਹੇਠ ਆਪ ਜੀ ਨੇ ਹਜ਼ਾਰਾਂ ਹੀ ਪ੍ਰਾਨੀਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖ਼ੰਡੇ ਦਾ ਅੰਮ੍ਰਿਤ ਛਕਾਕੇ ਮੋਰਚਿਆਂ ਨੂੰ ਭੇਜਣ ਦੀ ਸੇਵਾ ਕੀਤੀ।

ਗੁਰਦਵਾਰਾ ਵਡਾ ਘਰ ਤੇ ਗੁ: ਜਗਤ ਸੁਧਾਰ ਕਲਕਤਾ, ਖਾਲਸਾ ਹਾਈ ਸਕੂਲ ਨਥੂਵਾਲ ਦੀ ਸੇਵਾ ਵੀ ਬਹੁਤ ਕੀਤੀ।

ਕੀਰਤਨ ਦੀ ਦਾਤ ਤਾਂ ਆਪ ਜੀ ਨੂੰ ਦਰਗਾਹੋਂ ਪ੍ਰਾਪਤ ਹੈ। ਕਲਕਤਾ ਨਿਵਾਸੀ ਸੰਗਤਾਂ ਵਿਚ ਆਪ ਜੀ ਦਾ ਭਾਰੀ ਮਾਨ ਤੇ ਪਿਆਰ ਹੋਣ ਕਰਕੇ,ਆਪਜੀ ਨੇ ਆਪਣੀ ਰਿਹਾਇਸ਼ ਕਲਕਤੇ ਹੀ ਕਰ ਰਖੀ ਹੈ।

# ਗੁਰੂ ਨਾਨਕ ਪੰਥੀ ਮਹਾਨ ਪ੍ਰਚਾਰਕ ਸੁਆਮੀ ਕੇਸਵਾ ਨੰਦ ਜੀ *

ਆਪ ਦਾ ਜਨਮ ਮਹੀਨਾ ਪੋਹ ਸੰਮਤ ੧੯੪੦ ਬਿ: ਵਿਚ ਉਤਰੀ ਰਾਜਸਥਾਨ ਦੇ ਪਿੰਡ ਮਗਲੂਣਾ ਵਿਖੇ ਇਕ ਗਰੀਬ ਜ਼ਿਮੀਦਾਰ ਦੇ ਘਰ ਹੋਇਆ,ਭਾਵੇਂ ਬਚਪਨ ਦੀਉਮਰ ਵਿਚ ਵਿਦਿਆ ਪ੍ਰਾਪਤ ਨਾ ਕਰ ਸਕੇ, ਪਰ ਪੜ੍ਹਨ ਦਾ ਸ਼ੌਕ ਹੋਣ ਕਰਕੇ,ਇਸੇ ਹੀ ਲਗਨ ਵਿਚ ਘਰ ਤੇ ਪ੍ਰਵਾਰ ਦਾ ਮੋਹ ਤਿਆਗਕੇ ਇਕ ਸਿਖ ਦੇ ਦਸ ਪਾਉਣ ਤੇ, ਫਾਜ਼ਲਕਾ ਜ਼ਿਲਾ ਫੀਰੋਜ਼ ਪੁਰ ਵਿਖੇ ਉਦਾਸੀ ਸੰਤਾਂ ਦੇ ਡੇਰੇ ਪੁਜ ਗਏ ਤੇ ਸ੍ਰੀ ਕੁਸਲ ਦਾਸ ਜੀ ਨੂੰ ਗੁਰੂ ਧਾਰਨ ਕਰਕੇ, ਉਦਾਸੀ ਮਤ ਦੀ ਸਿਖਿਆ ਲਈ।

ਇਥੇ ਹੀ ਹਿੰਦੀ, ਪੰਜਾਬੀ ਤੇ ਸੰਸਕ੍ਰਿਤ ਦੀ ਵਿਦਿਆ ਸਿਖੀ ਤੇ ਮਤ-ਮਤਾਂਤਰਾਂ ਦੇ ਧਾਰਮਕ ਗ੍ਰੰਥਾਂ ਦੀ ਖੋਜ ਕੀਤੀ, ਤੇ ਕੁਝ ਦੇਸ਼ਾਂ ਦਾ ਰਟਨ ਵੀ ਕੀਤਾ ਕੀਤਾ। ਮਹਾਤਮਾ ਕੁਸਲ ਦਾਸ ਦੇ ਚਲਾਨੇ ਮਗਰੋਂ, ਆਪ ਡੇਰੇ,ਤੇ ਗਦੀ ਦੇ ਮਹੰਤ ਬਣੇ। ਆਪਨੇ 'ਸਾਧੂ ਆਸ਼ਰਮ' ਸੰਸਕ੍ਰਿਤ ਲਾਇਬਰੇਰੀ ਬਣਾਈ। ਅਬੋਹਰ ਵਿਖੇ ਵੀ "ਨਾਗਰੀ ਪ੍ਰਚਾਰਕ ਸਭਾ" ਤੇ "ਪੁਸਤਕਾਲਯ" ਕਾਇਮ ਕੀਤਾ। ਸੰਗਰੀਆ ਵਿਖੇ ਜਾਟ ਹਾਈ ਸਕੂਲ ਬਣਾਇਆ, ਆਪਨੇ ਆਪਣੀ ਵਿਦਿਆ ਤੇ ਫਲ ਰੂਪ ਹਿੰਦੀ ਵਿਚ ਕੋਈ ੩੦ ਪੁਸਤਕ ਰਚੇ, ਤੇ ਸਿਖ ਇਤਿਹਾਸ ਬਾਰੇ ਵੀ ਦੋ ਪੁਸਤਕਾਂ ਲਿਖੀਆਂ। ਹਿੰਦੀ ਵਿਚ ਰਸਾਲਾ 'ਦੀਪਕ' ਜਾਰੀ ਕੀਤਾ। ਇਥੇ ਹੀ ਅਜਾਇਬ ਘਰ,ਸੰਗੀਤ ਵਿਦਿਆਲਾ,ਤੇ ਇੰਜਨੀਅਰਿੰਗ ਵਿਭਾਗ ਜਾਰੀ ਕੀਤੇ।

* ਅਕਾਲੀ ਪਤਿਕਾ (ਜਲੰਧਰ) ਵਿਚੋਂ ਸ੍ਰੀ ਸ਼ਮਸ਼ੇਰ ਸਿੰਘ ਅਸ਼ੋਕ ਦੇ ਇਕ ਲੇਖ ਦੇ ਅਧਾਰ ਤੇ।

Digitized by Panjab Digital Library | www.panjabdigilib.org

ਸਰਬ ਹਿੰਦ ਕੌਮੀ ਕਾਂਗਰਸ ਨਾਲ ਮਿਲਕੇ ਦੇਸ਼ ਸੇਵਾ ਦਾ ਕੰਮ ਕਰਦੇ ਹੋਏ ਜੇਹਲ ਗਏ, ਦੇਸ਼ ਅਜ਼ਾਦ ਹੋਣ ਤੇ ਆਪ, ਰਾਜ ਸਭਾ ਦਿਲੀ ਦੇ ਸਭਾਸਦ (M,P) ਥਾਪੇ ਗਏ।

ਆਪਦੀਆਂ ਬੇ ਮਿਸਾਲ ਸੇਵਾਵਾਂ ਦੀ ਕਦਰ ਕਰਦਿਆਂ, ਭਾਰਤ ਦੇ ਕੁਝ ਮੁਖੀਆਂ ਨੇ ਹਿੰਮਤ ਕਰਕੇ ਮਾਰਚ ੧੯੫੮ ਵਿਚ ਸਾਢੇ ਪੰਜ ਸੌ ਸਫ਼ੇ ਦਾ ਅਤਯੰਤ ਹੀ ਸੁੰਦਰ "ਅਭਿਨੰਦਨ" ਗ੍ਰੰਥ ਹਿੰਦੀ ਵਿਚ ਛਾਪਕੇ, ਸਨਮਾਨ ਵਜੋਂ ਆਪਦੇ ਭੇਟ ਕੀਤਾ।

ਆਪ ੭੫ ਵਰ੍ਹੇ ਦੀ ਉਮਰ ਦੇ ਹੁੰਦਿਆਂ ਵੀ ਅਜ ਕਲ ਦੇ ਨੌਜਵਾਨਾਂ ਨਾਲੋਂ ਵਧ ਹਿੰਮਤੀ ਤੇ ਤੁਰਨ ਫਿਰਨ ਵਿਚ ਤਕੜੇ ਹਨ।

## ਸੰਤ ਗੁਰਦਿਆਲ ਸਿੰਘ ਜੀ ਭਾਈਕੀ ਡਰੋਲੀ

ਆਪ ਭਾਈ ਸਾਂਈ ਦਾਸ ਜੀ ਭਾਈ ਕੀ ਡਰੋਲੀ (ਜੋ ਸਾਹਿਬ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਾਢੂ ਸਨ) ਦੇ ਵੰਸ ਵਿੱਚੋਂ ਸਨ ਤੇ ਆਪਦਾ ਜਨਮ ਭਾਈਕੀ ਡਰੋਲੀ ਵਿਖੇ ਹੋਇਆ। ਬਚਪਨ ਵਿਚ ਹੀ ਆਪਨੇ ਵਿਦਿਆ ਪੜ੍ਹੀ ਤੇ ਸਿਖ ਧਰਮ ਤੇ ਅਨਯ ਮਤਾਂ ਦੇ ਕਾਫ਼ੀ ਗਰੰਥ ਵਿਚਾਰੇ ਤੇ ਨਾਮ ਦੀ ਰੰਗਣ ਵਿਚ, ਸਿਖ ਧਰਮ ਦੇ ਪਰਚਾਰ ਦੀ ਲਗਨ ਵਿਚ ਲਗ ਗਏ। ਪਿੰਡ ਠਕਰਵਾਲ, ਵਿਖੇ ਆਲੀ ਸ਼ਾਨ ਗੁਰਦਵਾਰਾ ਬਣਵਾਇਆ ਕਈ ਵਰਹੇ ਇਥੇ ਹੀ ਨਵਾਸ ਕੀਤਾ। ਫਿਰ ਭਾਈ ਕੀ ਡਰੋਲੀ ਵਿਖੇ ਜਾਕੇ ਗੁਰਦਵਾਰੇ ਦਾ ਅਰੰਭ ਕਰਕੇ ਸਿਰੇ ਚਾੜ੍ਹਿਆ, 'ਕੂਕਾ ਕੁਫਰ ਤੋੜ' ਲਹਿਰ ਦੇ ਸਮੇਂ "ਮਾਲਵਾ ਖਾਲਸਾ ਦਰਬਾਰ" ਦੇ ਸੇਵਕਾਂ ਨਾਲ ਵਧ ਚੜ੍ਹਕੇ ਕੰਮ ਕੀਤਾ। ਤਖਤ ਸ੍ਰੀ ਦਮਦਮਾ ਸਾਹਿਬ, ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਫਤਹਿ ਗੜ੍ਹ ਸਾਹਿਬ ਜੀ ਅਤੇ ਹੋਰ ਜਿਥੇ ੨ ਵੀ ਕਾਨਫਰੰਸਾਂ ਕੀਤੀਆਂ। ਇਹ ਸਦਾ ਹੀ ਗੁਰੂ ਗਰੰਥ ਸਾਹਿਬ ਜੀ ਦੀ ਕਥਾ ਕਰਦੇ ਰਹੇ, ਤੇ ਸਾਰੇ ਪ੍ਰੋਗਰਾਮਾਂ ਵਿਚ ਸਹਾਈ ਹੁੰਦੇ ਸਨ। ਬਹੁਤ ਸਾਰੇ ਗੁਰ ਅਸਥਾਨਾਂ ਤੇ ਸਮੇਂ ਸਮੇਂ ਕਥਾ ਤੇ ਕੀਰਤਨ ਦੇ ਪ੍ਰਵਾਹ ਚਲਾਏ। ਜਿਸ ਸਮੇਂ ਆਪ ਕਥਾ ਕਰਦੇ ਸਨ ਸਰੋਤਿਆਂ ਤੇ ਐਨਾਂ ਅਸਰ ਪੈਂਦਾ ਸੀ ਕਿ ਸਭ ਦੀਆਂ ਬ੍ਰਿਤੀਆਂ ਜੁੜ ਜਾਂਦੀਆਂ ਸਨ। ਆਪਦਾ ਸੁੰਦਰ ਨੂਰਾਨੀ ਤੇ ਦੀਦਾਰੀ ਚੇਹਰਾ, ਤੇ ਮਿਠੇ ਬੋਲ ਹਰ ਇਕ ਦੇ ਮਨ ਨੂੰ ਮੋਹ ਲੈਂਦੇ ਸਨ। ਦਿਲੀ, ਕਲਕਤੇ, ਬੰਬਈ, ਆਦਿ ਥਾਵਾਂ ਵਿਖੇ ਆਪਨੇ ਮਹੀਨਿਆਂ ਬਧੀ ਸਤਿਸੰਗ ਕੀਤੇ, ਇਸੇ ਪ੍ਰਚਾਰ ਦੀ ਲਗਨ ਵਿਚ ਆਪ ਕਲਕਤੇ ਤੋਂ ਬਰਮਾ ਚਲੇ ਗਏ, ਬਰਮਾਂ ਦੀਆਂ ਸਿਖ ਸੰਗਤਾਂ ਨੇ ਆਪਦਾ ਭਾਰੀ ਸਨਮਾਨ ਕੀਤਾ ਤੇ ਬਹੁਤ ਸਾਰੀਆਂ ਥਾਵਾਂ ਤੇ ਮਹੀਨਿਆਂ ਬਧੀ ਆਪ ਕਥਾ ਕਰਦੇ ਰਹੇ। ਬਰਮਾਂ ਤੋਂ ਆਕੇ, ਆਪ ਬੀਮਾਰ ਹੋ ਗਏ ਤੇ ਕੁਝ ਦਿਨ ਮਗਰੋਂ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਜੀ ਵਿਖੇ ਹੀ ਦਰਗਾਹੋਂ ਸੱਦਾ ਆ ਗਿਆ, ਤੇ ਇਸ ਨਾਸਵੰਤ ਦੁਨੀਆਂ ਨੂੰ ਛਡ ਗੁਰ ਚਰਨਾਂ ਵਿਚ ਜਾ ਬਰਾਜੇ।

Digitized by Panjab Digital Library | www.panjabdigilib.org

ੴ ਸ੍ਰੀ ਵਾਹਗੁਰੂ ਜੀ ਕੀ ਫ਼ਤਹਿ ।

# ਅਜ਼ਾਦ ਹਿੰਦ ਫ਼ੌਜ

* ਅੰਗ੍ਰੇਜ਼ਾਂ ਦੀ ਗੁਲਾਮੀ *

ਤੋਂ

* ਛੁਟਕਾਰਾ ਦੁਔਣ ਵਾਲੇ, *

ਅਣਖੀਲੇ ਭੌਰਿਆਂ ਅਰਥਾਤ

* ਅਜ਼ਾਦ ਹਿੰਦ ਫੌਜ ਦੇ ਸੂਰਮਿਆਂ *

ਦੇ

* ਸੰਖੇਪ ਜੀਵਨ ਅੰਦਰ *

ਪੜ੍ਹੋ

* ਦਾਸ ਵਿਸਾਖਾ ਸਿੰਘ ਸੰਤ ਸਿਪਾਹੀ *

Digitized by Panjab Digital Library | www.panjabdigilib.org

# ਅਣਖਾਂ ਜਾਗ ਪਈਆਂ
# ਆਜ਼ਾਦ ਹਿੰਦ ਫੌਜ ਦਾ ਸੰਖੇਪ ਇਤਹਾਸ

ਜਦ ਤੋਂ ਹਿੰਦੁਸਤਾਨ ਅੰਗਰੇਜਾਂ ਦਾ ਗੁਲਾਮ ਬਣਿਆ ਭਾਰਤ ਵਸੀਆਂ ਨੇ ਦੇਸ਼ ਦੀ ਆਜ਼ਾਦੀ ਲਈ ਕਈ ਵੇਰਅੰਦੋਲਨ ਕੀਤੇ। ਆਜ਼ਾਦੀ ਦੀ ਸਭ ਤੋਂ ਵਡੀ ਲੜਾਈ ੧੮੫੭ ਵਿਚ ਲੜੀ ਗਈ ਜਦ ਹਿੰਦੁਸਤਾਨੀ ਦੇਸ਼ ਭਗਤਾਂ ਨੇ ਹਥਿਆਰ ਬੰਦ ਬਗਾਵਤ ਕਰਕੇ ਅੰਗਰੇਜਾਂ ਨੂੰ ਦੇਸ਼ ਵਿਚੋਂ ਬਾਹਰ ਕਢਣ ਦਾ ਦਰਿੜ ਇਰਾਦਾ ਧਾਰਨ ਕਰ ਰਖਿਆ ਸੀ। ਅੰਗਰੇਜ ਬੜੀ ਚਤਰ ਕੌਮ ਸੀ। ਉਨ੍ਹਾਂ ਨੂੰ ਪਤਾ ਸੀ ਕਿ ਹਿੰਦੁਸਤਾਨ ਇਕ ਪਛੜਿਆਂ ਹੋਇਆ ਦੇਸ਼ ਹੈ। ਇਸ ਵਿਚ ਐਸੀਆਂ ਕਮਜੋਰੀਆਂ ਪੈਦਾ ਹੋ ਚੁਕੀਆਂ ਹਨ ਜਿੰਨ੍ਹਾਂ ਤੋਂ ਲਾਭ ਉਠਾ ਕੇ ਇਸ ਨੂੰ ਸਦੀਆਂ ਤਕ ਗੁਲਾਮ ਰਖਿਆ ਜਾ ਸਕਦਾ ਹੈ।੧੮੫੭ ਤੋਂ ਪਿਛੋ ਅੰਗਰੇਜਾਂ ਨੇ ਹਿੰਦੁਸਤਾਨ ਦੀ ਆਜ਼ਾਦੀ ਦੀ ਸਿਪ੍ਰਿਟ ਨੂੰ ਬੁਰੀ ਤਰ੍ਹਾਂ ਕੁਚਲਨ ਦਾ ਯਤਨ ਕੀਤਾ।

ਬੀਸਵੀ ਸਦੀ ਦੇ ਅਰੰਭ ਵਿਚ ਬਹੁਤ ਸਾਰੇ ਹਿੰਦੁਸਤਾਨੀ ਰੁਜ਼ਗਾਰ ਦੀ ਤਲਾਸ਼ ਵਿਚ ਬਾਹਰਲੇ ਦੇਸ਼ਾਂ ਵਿਚ ਗਏ। ਆਜ਼ਾਦ ਦੇਸ਼ਾਂ ਦੀ ਹਵਾ ਲਗਣ ਨਾਲ ਉਨਾਂ ਵਿਚ ਆਜ਼ਾਦੀ ਦਾ ਜ਼ਬਰਦਸਤ ਅਹਿਸਾਸ ਪੈਦਾ ਹੋ ਗਿਆ। ਇਧਰ ਦੇਸ਼ ਦੇ ਅੰਦਰ ਭੀ ਦੇਸ਼ ਭਗਤੀ ਦੇ ਜਜ਼ਬਾਤ ਫੈਲ ਰਹੇ ਸਨ। ਸਭ ਤੋਂ ਪਹਿਲਾਂ ਪੰਜਾਬ ਤੇ ਬੰਗਾਲ ਵਿਚ ਆਜ਼ਾਦੀ ਦੀ ਲਹਿਰ ਪੈਦਾ ਹੋਈ। ਪੰਜਾਬ ਸਭ ਤੋਂ ਪਿਛੋਂ ਗੁਲਾਮ ਹੋਇਆ ਸੀਇਸ ਕਰਕੇ ਇਸ ਸੂਬੇ ਵਿਚ ਐਸੀਆਂ ਲਹਿਰਾਂ ਉਠ ਰਹੀਆਂ ਸਨ ਜਿੰਨਾ ਦਾ ਮੰਤਵ ਅੰਗ੍ਰੇਜਾਂ ਨੂੰ ਦੇਸ਼ ਵਿਚੋਂ ਬਾਹਰ ਕਢਣਾ ਸੀ। ਨਾਮਧਾਰੀ ਲਹਿਰ ਨੇਂ ਅੰਗਰੇਜਾਂ ਵਰੁਧ ਬਹੁਤ ਪ੍ਰਚਾਰ ਕੀਤਾ ਅਤੇ ਹਕੂਮਤ ਨਾਲ ਨਾ ਮਿਲ ਵਰਤਨ ਕਰਨ ਦਾ ਪ੍ਰੋਗ੍ਰਾਮ ਸਾਰੇ ਦੇਸ਼ ਵਾਸੀਆਂ ਦੇ ਸਾਹਮਣੇ ਪੇਸ਼ ਕੀਤਾ।

੧੯੦੬-੭ ਵਿਚ ਪੰਜਾਬ ਵਿਚ ਕਿਸਾਨ ਅੰਦੋਲਨ ਅਰੰਭ ਹੋਇਆ। ਸ: ਅਜੀਤ ਸਿੰਘ, ਲਾਲਾ ਹਰਦਿਆਲ ਐਮ.ਏ ਸੂਫੀ ਅੰਬਾ ਪ੍ਰਸ਼ਾਦ, ਤੇ ਲਾਲਾ ਲਾਜਪਤ ਰਾਇ ਆਦਿਕ ਦੇਸ਼ ਭਗਤ ਇਸ ਅੰਦਲੋਨ ਨੂੰ ਆਰੰਭ ਕਰਨ ਵਾਲੇ ਸਨ। ਹਕੂਮਤ ਨੇ ਇੰਨ੍ਹਾਂ ਨੂੰ ਜਲਾ ਵਤਨ ਕਰ ਦਿਤਾ ਜਿਸ ਤੋਂ ਦੇਸ਼ ਦੀ ਸੁਤੀਹੋਈ ਜੰਨਤਾ ਇਕ ਵੇਰ ਜਾਗ ਪਈ।ਬਾਹਰਲੇ ਮੁਲਕਾਂ ਵਿਚ ਜੇਹੜੇ ਹਿੰਦੁਸਤਾਨੀ ਗਏ ਹੋਏ ਸਨ ਉਹ ਨਿਰਾਦਰੀ ਸਲੂਕ ਤੋਂ ਤੰਗ ਆਕੇ ਦੇਸ਼ ਦੀ ਆਜ਼ਾਦੀ ਲਈ ਮਰ ਮਿਟੱਣ ਵਾਸਤੇ ਤਿਆਰ ਹੋ ਗਏ। ੧੯੧੪-੧੮ ਦੀ ਜੰਗ ਅਰੰਭ ਹੁੰਦੇ ਹੀ ਅਮਰੀਕਾ ਕੈਨੇਡਾ, ਚੀਨ ਤੇ ਪੂਰਬੀ ਏਸ਼ੀਆ ਦੇ ਦੂਜੇ ਦੇਸ਼ਾਂ ਵਿੱਚ ਗਏ ਹੋਏ ਭਾਰਤ ਵਾਸੀਆਂ ਨੇ ਇਹੋ ਪ੍ਰਚਾਰ ਕਰਨਾ ਅਰੰਭ ਕੀਤਾ ਕਿ ਅੰਗਰੇਜ਼ ਲੜਾਈ ਵਿੱਚ ਉਲਝੇ ਹੋਏ ਹਨ। ਇਸ ਲਈ ਹਿੰਦੁਸਤਾਨੀਆਂ ਵਾਸਤੇ ਆਜ਼ਾਦੀ ਪ੍ਰਾਪਤ ਕਰਨ ਦਾ ਇਸ ਤੋਂ ਚੰਗਾ ਅਵਸਰ ਪ੍ਰਾਪਤ ਨਹੀਂ ਹੋ ਸਕਦਾ। ਇਹ ਸੋਚ ਕੇ ਹਿੰਦੁਸ-ਤਾਨੀ ਦੇਸ਼ ਭਗਤਾਂ ਨੇ ਅਮ੍ਰੀਕਾ ਵਿਚ ਗਦਰ ਪਾਰਟੀ ਦੀ ਨੀਂਹ ਰੱਖੀ ਜਿਸ ਦੀਆਂ ਸ਼ਾਖਾਂ ਸਾਰੇ ਦੂਜੇ ਦੇਸ਼ਾਂ ਵਿੱਚ ਕਾਇਮ ਕੀਤੀਆਂ ਗਈਆਂ। ਦੂਜੀ ਜ਼ੰਗ ਦੇ ਦੌਰਾਨ ਵਿੱਚ ਅੰਗਰੇਜ਼ਾਂ ਵਰੁਧ ਲੜ ਰਹੀਆਂ ਤਾਕਤਾਂ ਨੇ ਭੀ ਆਜ਼ਾਦੀ ਦੀ ਜੱਦੋਜਹਿਦ ਵਿੱਚ ਹਿੰਦੁਸਤਾਨੀਆਂ ਦੀ ਸਹਾਇਤਾ ਕੀਤੀ।

ਇਸ ਸਮੇਂ ਆਜ਼ਾਦੀ ਦੀ ਜੱਦੋਜਹਿਦ ਦੇ ਦੋ ਰੂਪ ਸਨ। ਇਕ ਅੰਗਰੇਜ਼ਾਂ ਨੂੰ ਜੰਗ ਵਿੱਚ ਦਿੱਤੀ ਜਾ ਰਹੀ ਹਰ ਪ੍ਰਕਾਰ ਦੀ ਮਦੱਦ ਨੂੰ ਰੋਕਣਾ ਤੇ ਆਜ਼ਾਦੀ ਲਈ ਪ੍ਰਚਾਰ ਕਰਨ ਤੇ ਦੂਜਾ ਹਥਿਆਰਬੰਦ ਬਗਾਵਤ ਕਰਕੇ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਕਢੱਣਾ। ਇਸ ਮੰਤਵ ਲਈ ਬਾਹਰਲੇ ਦੇਸ਼ਾਂ ਵਿੱਚ ਗਏ ਹਿੰਦੁਸਤਾਨੀਆਂ ਨੇ ਆਪਣਾ ਸੱਭ ਕੁਝ ਦਾਅ ਉਪੱਰ ਲਗਾ ਦਿੱਤਾ। ਗਦਰ ਪਾਰਟੀ ਨੇ ਬਹੁਤ ਸਾਰਾ ਲਿਟ੍ਰੇਚਰ ਛਪਾਕੇ ਹਿੰਦੁ-ਸਤਾਨੀ ਫ਼ੌਜਾਂ ਵਿੱਚ ਵੰਡਿਆ ਤੇ ੨੦ – ੨੨ ਹਜ਼ਾਰ ਹਿੰਦੁਸਤਾਨੀ ਦੂਜੇ ਦੇਸ਼ਾਂ ਵਿੱਚੋਂ ਆਪਣੇ ਚਲੇ ਚਲਾਏ

Digitized by Panjab Digital Library | www.panjabdigilib.org

ਕਾਟੋਬਾਰ ਛੱਡਕੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਵਾਪਸ ਦੇਸ਼ ਆਗਏ। ਦੇਸ਼ ਵਿੱਚ ਇੰਨਕਲਾਬ ਲਈ ਅਜੇ ਕੋਈ ਤਿਆਰੀ ਨਹੀਂ ਸੀ ਹੋਈ। ਅੰਗਰੇਜ਼ਾਂ ਦੇ ਝੂਠੇ ਝਾਂਸਿਆਂ ਵਿੱਚ ਫਸ ਕੇ ਹਿੰਦੁਸਤਾਨੀ ਲੀਡਰ ਇਸ ਜੰਗ ਵਿੱਚ ਅੰਗਰੇਜ਼ਾਂ ਦੀ ਸਹਾਇਤਾ ਕਰਨ ਦਾ ਪ੍ਰਚਾਰ ਕਰਨ ਲੱਗ ਪਏ ਸਨ, ਜਿਸ ਦਾ ਫਲ ਇਹ ਹੋਇਆ ਕਿ ਇਨਕਲਾਬ ਲਿਆਉਣ ਦੇ ਸਾਰੇ ਯਤਨ ਅਸਫਲ ਹੋ ਗਏ।

ਬਰਮਾ, ਸਿਆਮ, ਮਲਾਇਆ, ਚੀਨ, ਅਮ੍ਰੀਕਾ, ਕੈਨੇਡਾ ਤੇ ਅਫ੍ਰੀਕਾ ਆਦਿ ਦੇਸ਼ਾਂ ਵਿੱਚੋਂ ਦੇਸ਼ ਨੂੰ ਆਜ਼ਾਦ ਕਰਾਉਣ ਦੀ ਖਾਤਰ ਆਏ ਦੇਸ਼ ਭਗਤਾਂ ਨੂੰ ਅੰਗਰੇਜ਼ਾਂ ਨੇ ਫੜ ੨ ਕੇ ਫ਼ਾਂਸੀਆਂ ਪਰ ਲਟਕਾ ਦਿੱਤਾ ਤੇ ਹਿੰਦੁਸਤਾਨ ਦੀਆਂ ਜਿਹਲਾਂ ਇੰਨ੍ਹਾਂ ਦੇਸ਼ ਭਗਤਾਂ ਨਾਲ ਭਰ ਗਈਆਂ ਪਰ ਅੰਗਰੇਜ਼ਾਂ ਨੇ ਹਿੰਦੁਸਤਾਨ ਪਰ ਆਪਣੀ ਗੁਲਾਮੀ ਦੀ ਜਕੜ ਇਤਨੀ ਮਜ਼ਬੂਤ ਕਰ ਦਿੱਤੀ ਸੀ ਕਿ ਹਿੰਦੁਸਤਾਨ ਨੇ ਪਾਸਾ ਨਾ ਪਰਤਿਆ। ਬਰਮਾ, ਸਿਆਮ, ਮਲਾਇਆ ਦੇ ਜੰਗਲਾਂ ਵਿਚ ਹਿੰਦੁਸਤਾਨੀਆਂ ਨੇ ਫੌਜੀ ਟ੍ਰੇਨਿੰਗ ਲਈ ਵਦੇਸ਼ਾਂ ਤੋਂ ਹਥਿਆਰਾਂ ਦੇ ਭਰੇ ਹੋਏ ਜਹਾਜ਼ ਮੰਗਾਏ, ਗੁਰੀਲਾ ਜੰਗ ਦੀਆਂ ਮੁਕੰਮਲ ਤਿਆਰੀਆਂ ਕੀਤੀਆਂ, ਹਿੰਦੁਸਤਾਨੀਆਂ ਫੌਜਾਂ ਵਿਚ ਬਗਾਵਤ ਕਰਨ ਦਾ ਦਿਨ ਨੀਅਤ ਕਰ ਦਿੱਤਾ ਗਿਆ ਪ੍ਰੰਤੂ ਇਹ ਸਾਰਾ ਕੁਝ ਗਦਾਰਾਂ ਦੇ ਅੰਗਰੇਜ਼ਾਂ ਨੂੰ ਸਮੇ ਤੋਂ ਪਹਿਲਾਂ ਭੇਦ ਦੇਣ ਕਰਕੇ ਨਿਸਫਲ ਹੋਗਿਆ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਦੀ ਇਛਾ ਲੈਕੇ ਆਏ ਦੇਸ਼ ਭਗਤਾਂ ਨੂੰ ਫਾਸੀਆਂ ਪਰ ਲਟਕਾ ਦਿੱਤਾ ਗਿਆ। ਇੰਨਾ ਸਾਰੀਆਂ ਗਲਾਂ ਦਾ ਦੇਸ਼ ਵਾਸੀਆਂ ਪਰ ਉਹ ਅਸਰ ਨਾ ਹੋਇਆ ਜੋ ਹੋਣਾ ਚਾਹੀਦਾ ਸੀ ਪ੍ਰੰਤੂ ਬਾਹਰ ਲੇ ਦੇਸ਼ਾ ਵਿਚ ਗਏ ਹਿੰਦੀਆਂ ਦੇ ਦਿਲਾਂ ਵਿਚ ਆਜ਼ਾਦੀ ਦੀ ਜੋ ਅਮਿੱਟ ਲਗਨ ਲੱਗ ਚੁਕੀ ਸੀ ਉਹ ਮਧਮ ਨਾ ਹੋਈ।

ਸ੍ਰੀ ਰਾਸ ਬਿਹਾਰੀ ਬੋਸ ਜਿੰਨ੍ਹਾਂ ਨੇ ਦਿਲੀ ਵਿਚ ਵਾਇਸਰਾਏ ਹਿੰਦ ਲਾਰਡ ਹਾਰਡਿੰਗ ਉਤੇ ਸਨ ੧੯੧੧ ਵਿਚ ਬੰਬ ਸੁਟਿਆ ਸੀ ਤੇ ਹਿੰਦੁਸਤਾਨ ਵਿਚ ਉਨ੍ਹਾਂ ਨੂੰ ਫੜਨ ਲਈ ੧੨ ਹਜ਼ਾਰ ਰੁਪਇਆ ਇਨਾਮ ਰਖਿਆ ਹੋਇਆ ਸੀ, ੧੯੧੪-੧੫ ਵਿਚ ਫੌਜ਼ੀ ਇੰਨਕਲਾਬ ਦੀਆਂ ਤਿਆਰੀਆਂ ਵਿਚਵਧ ਚੜਕੇ ਹਿੱਸਾ ਲੈਂਦੇ ਰਹੇ। ਇੰਨਾਂ ਦਿਨਾ ਵਿਚ ਆਪ ਕਈ ਵਾਰ ਪੰਜਾਬ ਆਏ ਪ੍ਰੰਤੂ ਜਦ ਮੁਕਬਰ ਕ੍ਰਿਪਾਲ ਸਿੰਘ ਤੇ ਨਵਾਬ ਹਲਵਾਰੇ ਵਾਲੇ ਨੇ ਫੌਜ਼ੀ ਇਨਕਲਾਬ ਦੀਆਂ ਤਿਆਰੀਆਂ ਦਾ ਭੇਦ ਅੰਗਰੇਜ਼ਾਂ ਨੂੰ ਦੇ ਦਿੱਤਾ ਤੇ ੨੧ ਫਰਵਰੀ ੧੯੧੪ ਨੂੰ ਗਦਰ ਕਰਨ ਦੀ ਸਕੀਮ ਫੇਲ ਹੋਗਈ ਤਾਂ ਆਪ ਭਜਕੇ ਜਪਾਨ ਵਿਚ ਚਲੇ ਗਏ। ਬਰ੍ਹਮਾ ਤੇ ਸਿਆਮ ਵਿਚ ਬਾਬੂ ਅਮਰ ਸਿੰਘ ਜੀ ਸ਼ੇਰਪੁਰਾ, ਪੰ: ਸੋਹਨ ਲਾਲ ਪਾਠਕ, ਭਾ: ਸੰਤੋਖ ਸਿੰਘ ਕਿਰਤੀ 'ਆਦਿਕ' ਦੇ ਜਤਨਾਂ ਨਾਲ ਇੰਨਕਲਾਬ ਦੀਆਂ ਤਿਆਰੀਆਂ ਮੁਕੰਮਲ ਹੋ ਚੁਕੀਆਂ ਸਨ, ਪ੍ਰੰਤੂ ਅੰਗਰੇਜ਼ਾਂ ਨੂੰ ਇੰਨ੍ਹਾਂ ਦਾ ਭੀ ਪਤਾ ਲਗ ਗਿਆ ਤੇ ਉਨਾਂ ਨੇ ਬਰਮਾਂ ਤੇ ਸਿਆਮ ਦੇ ਦੇਸ਼ ਭਗਤਾਂ ਨੂੰ ਫੜ ਕੇ ਫਾਸੀਆਂ ਤੇ ਕਾਲੇ ਪਾਣੀ ਦੀਆਂ ਸਜ਼ਾਵਾਂ ਦਿਤੀਆਂ। ਭਾਵੇਂ ਇੰਨਾ ਦੇਸ਼ ਭਗਤਾਂ ਦੇ ਇਰਾਦੇ ਸਫਲ ਨਾ ਹੋਏ ਪ੍ਰੰਤੂ ਇੰਨਾ ਨੇ ਆਜ਼ਾਦੀ ਦਾ ਜੋ ਪ੍ਰਚਾਰ ਕੀਤਾ ਸੀ ਉਹ ਵਧਦਾ ਫੁਲਦਾ ਰਿਹਾ। ਸਾਡਾ ਭਾਵ ਉਪਰ ਲਿਖੇ ਹਾਲਾਤ ਲਿਖਣ ਤੋਂ ਇਹ ਹੈ ਕੇ ਦੂਜੀ ਵਡੀ ਲੜਾਈਦੇ ਦੌਰਾਨ ਵਿਚ ਪੂਰਬੀ ਏਸ਼ੀਆ ਵਿਚ ਆਜ਼ਾਦ ਹਿੰਦ ਫੌਜ਼ ਕਾਇਮ ਕਰਨ ਦਾ ਜੋ ਕਦਮ ਜਨਰਲ ਮੋਹਨ ਸਿੰਘ ਜੀ,ਤੇ ਓਹਨਾ ਦੇ ਸਾਥੀਆਂ ਨੇ ਉਠਾਇਆ ਉਸ ਲਈ ਪਲੇਨ ਪਹਿਲੇ ਹੀ ਤਿਆਰ ਹੋ ਚੁਕਾ ਸੀ।

ਪਹਿਲੀ ਵੱਡੀ ਲੜਾਈ ਦੇ ਦੁਰਾਨ ਵਿੱਚ ਇਨਕਲਾਬ ਦੀਆਂ ਤਿਆਰੀਆਂ ਵਿਚ ਹਿਸਾ ਲੈਣ ਵਾਲੇ ਜਿਹੜੇ ਦੇਸ਼ ਭਗਤ ਬਚ ਗਏ ਸਨ ਅਤੇ ਉਹ ਦੂਜੇ ਦੇਸ਼ਾਂ ਵਿੱਚ ਰਹਿਕੇ ਕਿਸੇ ਹੋਰ ਮੁਨਾਸਬ ਵਕਤ ਦੀ ਉਡੀਕ ਕਰ ਰਹੇ ਸਨ ਉਨ੍ਹਾਂ ਨੇ ਦੂਜੀ ਵੱਡੀ ਲੜਾਈ ਅਰੰਭ ਹੋਣ ਦੀਆਂ ਖਬਰਾਂ ਸੁਣਦੇ ਹੀ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਸਨ। ਸ੍ਰੀ ਰਾਸ ਬਿਹਾਰੀ ਬੋਸ ਜਾਪਾਨ ਵਿੱਚ ਸਨ, ਤੇ ਬਾਬਾ ਹਰੀ ਸਿੰਘ

Digitized by Panjab Digital Library | www.panjabdigilib.org

ਉਰਫ ਉਸਮਾਨ ਸ਼ੰਘਾਈ ਵਿੱਚ ਤੇ ਬਾਬਾ ਅਮਰ ਸਿੰਘ ਜੀ ਸ਼ੇਰਪੁਰਾ ਸਿਆਮ ਵਿੱਚ ਸਨ।ਇੰਨ੍ਹਾਂ ਦੇਸ਼ ਭਗਤਾਂ ਨੇ ਦੂਜੀ ਜੰਗ ਦੇ ਅਰੰਭ ਹੋਣ ਸਮੇਂ ਹਿੰਦੁਸਤਾਨੀਆਂ ਵਿਚ ਇਹ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਸੀ ਕਿ ਈਸ਼-ਵਰ ਨੇ ਸਾਨੂੰ ਇੱਕ ਵੇਰ ਫਿਰ ਦੇਸ਼ ਦੀ ਆਜ਼ਾਦੀ ਲਈ ਲੜਨ ਦਾ ਅੰਤਮ ਅਵਸਰ ਦਿੱਤਾ ਹੈ ਜੇ ਅਸੀਂ ਇਸ ਨੂੰ ਨਾ ਸੰਭਲ ਸਕੇ ਤਾਂ ਸਾਡੇ ਦੇਸ਼ ਦੀ ਗੁਲਾਮੀ ਖਤਮ ਨਹੀਂ ਹੋ ਸਕੇਗੀ।

ਪਹਿਲੀ ਵੱਡੀ ਲੜਾਈ ਤੇ ਦੂਜੀ ਵੱਡੀ ਲੜਾਈ ਵਿਚ ਇਕ ਬਹੁਤ ਵੱਡਾ ਫਰਕ ਸੀ। ਪਹਿਲੀ ਲੜਾਈ ਦੀ ਹਾਰ ਜਿਤ ਦਾ ਫੈਸਲਾ ਯੂਰਪ ਵਿਚ ਹੀ ਹੋ ਗਿਆ ਸੀ ਪ੍ਰੰਤੂ ਦੂਜੀ ਵੱਡੀ ਲੜਾਈ ਵਿੱਚ ਏਸ਼ੀਆ ਦੇ ਮੁਲਕਾਂ ਦੀ ਸੱਭ ਤੋਂ ਵੱਡੀ ਤਾਕਤ ਜਾਪਾਨ ਭੀ ਸੂਹੀ ਦੇਸ਼ਾਂ ਨਾਲ ਸ਼ਾਮਲ ਸੀ। ਇਸ ਕਰਕੇ ਦੂਰ ਅੰਦੇਸ਼ ਸਿਆਸਤਦਾਨ ਇਹ ਸਮਝਦੇ ਸਨ ਕਿ ਇਸ ਲੜਾਈ ਦੇ ਨਤੀਜੇ ਵਿਲਖੱਣ ਹੀ ਹੋਣਗੇ ਅਤੇ ਇਸ ਦਾ ਅਸਰ ਏਸ਼ੀਆ ਦੇ ਦੇਸ਼ਾਂ ਪਰ ਬਹੁਤ ਪਵੇਗਾ। ਏਸ਼ੀਆ ਦੇ ਸਾਰੇ ਦੇਸ਼ਾਂ ਵਿੱਚ ਯੂਰਪੀਨ ਦੇਸ਼ਾਂ ਦੀ ਗੁਲਾਮੀ ਵਿਰੁਧ ਨਫਰਤ ਦਾ ਇਕ ਸਾਂਝਾ ਜਜ਼ਬਾ ਪੈਦਾ ਹੋ ਚੁਕਿਆ ਸੀ, ਜਿਸ ਦਾ ਗੁਲਾਮ ਦੇਸ਼ਾਂ ਦੀ ਆਜ਼ਾਦੀ ਲਈ ਲੜ ਰਹੇ ਦੇਸ਼ ਭਗਤਾਂ ਨੂੰ ਖਾਸ ਲਾਭ ਪੁਜਦ ਸੀ। ਦੂਜੀ ਖਾਸ ਗੱਲ ਇਹ ਸੀ ਕਿ ਜਿਵੇਂ ਜਰਮਨੀ ਸਾਰੇ ਯੂਰਪ ਦਾ ਆਗੂ ਬਨਣਾ ਚਹੁੰਦਾ ਸੀ ਇਸੇ ਤਰ੍ਹਾਂ ਜੰਗ ਵਿਚ ਫਤਹਿ ਪ੍ਰਾਪਤ ਕਰਕੇ ਜਾਪਾਨ ਏਸ਼ੀਆ ਦਾ ਆਗੂ ਬਨਣਾ ਚਹੁੰਦਾ ਸੀ। ਇਸ ਮਕਸਦ ਵਿੱਚ ਉਹ ਤਾਂ ਹੀ ਸਫਲ ਹੋ ਸਕਦਾ ਸੀ ਜੇ ਬ੍ਰਤਾਨਵੀ ਤੇ ਅਮ੍ਰੀਕਨ ਸਾਮਰਾਜ ਦਾ ਏਸ਼ੀਆ ਵਿੱਚੋਂ ਖਾਤਮਾ ਕੀਤਾ ਜਾ ਸਕਦਾ, ਇਸ ਲਈ ਉਸ ਨੇ ਬ੍ਰਤਾਨਵੀ ਸਾਮਰਾਜ ਦੇ ਦੁਸ਼ਮਨਾ ਨੂੰ ਜਥੇਬੰਦ ਕਰਨ ਦਾ ਉਪ੍ਰਾਲਾ ਕੀਤਾ।

ਹਿੰਦੁਸਤਾਨੀ ਦੇਸ਼ ਭਗਤ ਚਿਰਾਂ ਤੋਂ ਇਹ ਆਸ ਲਗਾਈ ਬੈਠੇ ਸਨ ਕਿ ਓਨ੍ਹਾਂ ਨੂੰ ਬ੍ਰਤਾਨਵੀ ਸਾਮਰਾਜ ਵਿਰੁਧ ਲੜਨ ਦਾ ਅਵਸਰ ਮਿਲੇ ਇਸ ਕਰਕੇ ਜਦ ਦੂਜੀ ਵੱਡੀ ਲੜਾਈ ਅਰੰਭ ਹੋਈ ਤਾਂ ਬਾਹਰਲੇ ਦੇਸ਼ਾਂ ਵਿੱਚ ਰਹਿਣ ਵਾਲੇ ਦੇਸ਼ ਭਗਤ ਭੀ ਚੌਕੰਨੇ ਹੋ ਗਏ।

ਉਨ੍ਹਾਂ ਨੇ ਭਾਰਤੀ ਦੇਸ਼ ਭਗਤਾਂ ਨੂੰ ਜਥੇ ਬੰਦ ਕਰਨਾ ਸ਼ੁਰੂ ਕਰ ਦਿਤਾ। ਬਾਬੂ ਅਮਰ ਸਿੰਘ ਜੀ ਨੇ ਗਿ: ਪ੍ਰੀਤਮ ਸਿੰਘ ਸਿੱਖ ਮਿਸ਼ਨਰੀ ਬੈਂਕਾਕ ਤੇ ਸਵਾਮੀ ਸਤਿਆਂ ਨੰਦ ਪੁਰੀ ਨੂੰ ਨਾਲ ਲੈ ਕੇ ਇੰਡੀਪੈਂਡੈਂਸ ਲੀਗ ਇੰਡੀਆ, ਆਪ ਕਾਇਮ ਕਰਨ ਦਾ ਫੈਸਲਾ ਕੀਤਾ। ਓਧਰ ਸ੍ਰੀ ਰਾਸ ਬਿਹਾਰੀ ਬੋਸ ਤੇ ਬਾਬਾ ਉਸਮਾਨ ਨੇ ਜਪਾਨ ਵਿਚ ਰਹਿਣ ਵਾਲੇ ਹਿੰਦੋਸਤਾਨੀਆਂ ਤੇ ਨੇੜੇ ਦੇ ਦੇਸ਼ਾਂ ਵਿਚ ਰਹਿਣ ਵਾਲੇ ਹਿੰਦੀਆਂ ਦੀ ਇਕ ਕਾਨਫ੍ਰੰਸ ਕਰਕੇ, ਇਸ ਫੈਸਲਾਕੁਨ ਦੌਰ ਲਈ ਹਿੰਦੋਸਤਾਨੀਆਂ ਨੂੰ ਤਿਆਰ ਕਰਨ ਦਾ ਬੀੜਾ ਉਠਾਇਆ। ਇਹ ਤਿਆਰੀਆਂ ਹੋ ਹੀ ਰਹੀਆਂ ਸਨ ਕਿ ੮ ਦਸੰਬਰ ਦੀ ਸਵੇਰਨੂੰ ਜਪਾਨ ਵਲੋਂ ਬ੍ਰਤਾਨੀਆ ਤੇ ਅਮ੍ਰੀਕਾ ਵਿਰੁਧ ਐਲਾਨ ਜੰਗ ਕਰਨ ਦੀ ਖਬਰ ਮਿਲੀ। ਜਪਾਨ ਦਾ ਇਕ ਮਿਸ਼ਨ ਸੁਲ੍ਹਾ ਕਰਨ ਦੀ ਗਲ ਬਾਤ ਕਰਨ ਲਈ ਅਮ੍ਰੀਕਾ ਗਿਆ ਹੋਇਆ ਸੀ।ਇਸ ਕਰਕੇ ਅੰਗਰੇਜ਼ ਮਲਾਇਆ ਦੇ ਡੀਫੈਂਸ ਵਲੋਂ ਕੁਝ ਅਵੇਸਲੇ ਹੋਏ ਬੈਠੇ ਸਨ। ਭਾਵੇਂ ਉਨ੍ਹਾਂ ਨੇ ਮਲਾਇਆ ਤੇ ਸਿੰਘਾਂ ਪੁਰ ਦੀ ਰਖਿਆ ਲਈ ਭਾਰੀ ਗਿਣਤੀ ਵਿਚ ਫ਼ੌਜਾਂ ਇਕੱਠੀਆਂ ਕਰ ਰਖੀਆਂ ਸਨ ਪ੍ਰੰਤੂ ਉਨ੍ਹਾਂਨੂੰ ਇਹ ਭਰੋਸਾ ਨਹੀ ਸੀ ਕਿ ਜਪਾਨ ਇਤਨੀ ਛੇਤੀ ਜੰਗ ਵਿਚ ਕੁਦ ਪਵੇਗਾ ਅਤੇ ਉਸਦਾ ਸਮੁੰਦਰੀ ਬੇੜਾ ਪੈਂਦੀ ਸਟੇ ਹੀ ਬ੍ਰਤਾਨਵੀਂ ਤੇ ਅਮ੍ਰੀਕਨ ਬੇੜੇ ਦਾ ਇਤਨਾ ਨੁਕਸਾਨ ਕਰੇਗਾ।

੮ਦਸੰਬਰ ੧੯੪੧ ਨੂੰ ਜਪਾਨ ਨੇ ਐਲਾਨ ਜੰਗ ਕੀਤਾ। ਪਰਲਹਾਰਬਰ ਪਰ ਜਪਾਨੀ ਸਮੁੰਦਰੀ ਤੇ ਹਵਾਈ ਬੇੜੇ ਨੇ ਇਤਨਾ ਸਖਤ ਹਮਲਾ ਕੀਤਾ ਕਿ ਐਂਗਲੋ ਅਮ੍ਰੀਕਨ ਬੇੜੇ ਨੂੰ ਆਪਣਾ ਬਚਾਉ ਕਰਨਾ ਮੁਸ਼ਕਲ ਹੋਗਿਆ। ਅੰਗਰੇਜ਼ਾਂ ਦੇ ਦੋ ਸਭ ਤੋਂ ਵਡੇ ਜੰਗੀ ਜਹਾਜ਼ ਪ੍ਰਿੰਸਆਫਵਿਲਜ਼ ਤੇ

Digitized by Panjab Digital Library | www.panjabdigilib.org

ਸ਼ੌਪਲਸ ਜਪਾਨੀਆਂ ਨੇ ਡੋਬ ਦਿਤੇ, ਜਿਸ ਕਰਕੇ ਐਂਗਲੋ ਅਮ੍ਰੀਕਨ ਬੇੜਾ ਨਕਾਰਾ ਹੋਗਿਆ। ਇਸ ਤੋਂ ਪਿਛੋਂ ਜਪਾਨੀ ਬੜੀ ਤੇਜ਼ੀ ਨਾਲ ਮਲਾਇਆ ਵਲੇ ਵਧੇ ਤੇ ਇਕ ਹਫਤੇ ਦੇ ਅੰਦਰ ਅੰਦਰ ਮਲਾਇਆ ਦੇ ਕਈ ਸ਼ਹਿਰਾਂ ਪਰ ਕਬਜ਼ਾ ਕਰਲਿਆ। ਇਸ ਸਮੇਂ ਮਲਾਇਆ ਵਿਚ ਰਹਿਣ ਵਾਲੇ ਹਿੰਦੋਸਤਾਨੀਆਂ ਦੇ ਜਾਨ ਮਾਲ ਦੀ ਰਾਖੀ ਕਰਨ ਦਾ ਸੁਵਾਲ ਬਹੁਤ ਅਹਿਮ ਸੀ ਜੋ ਇੰਡੀਪੈਂਡੈਂਸ ਲੀਗ ਆਫ ਇੰਡੀਆ ਦੀਆਂ ਬਰਾਚਾਂ ਨੇ ਕੀਤਾ। ਗਿਆਨੀ ਪ੍ਰੀਤਮ ਸਿੰਘ ਜੀ ਜੋ ਲੀਗ ਦੇ ਮੋਢੀਆਂ ਵਿਚੋਂ ਸਨ, ਮਲਾਇਆ ਦੇ ਦੌਰੇ ਪਰ ਆਏ। ਉਨ੍ਹਾਂ ਦੇ ਜਪਾਨੀ ਅਫਸਰਾ ਨਾਲ ਚੰਗੇ ਸੰਬੰਧ ਸਨ। ਇਸ ਲਈ ਉਨ੍ਹਾਂ ਨੇ ਜਪਾਨ ਦੇ ਹਿੰਦੋਸਤਾਨੀ ਮਾਮਲਿਆਂ ਦੇ ਇੰਚਾਰਜ ਕਰਨਲ ਫਿਊਜ਼ੀ ਵਾਰਾ ਨੂੰ ਨਾਲ ਲੈ ਕੇ ਕਈ ਸ਼ਹਿਰਾਂ ਦਾ ਦੌਰਾ ਕੀਤਾ ਤੇ ਹਿੰਦੋਸਤਾਨੀਆਂ ਨੂੰ ਹਰ ਪ੍ਰਕਾਰ ਦੀ ਰਖਿਆ ਦਾ ਭਰੋਸਾ ਦਿਵਾਇਆ। ਗਿਆਨੀ ਜੀ ਨੇ ਇਨ੍ਹਾਂ ਦਿਨਾਂ ਵਿਚ ਭਾਰਤ ਵਾਸੀਆਂ ਦੀ ਜੋ ਸ਼ਾਨਦਾਰ ਸੇਵਾ ਕੀਤੀ ਓਹ ਰਹਿੰਦੀ ਦੁਨੀਆਂ ਤੱਕ ਯਾਦ ਰਹੇਗਾ ਓਹਨਾ ਨੇ ਆਪਣੇ ਅਮਲ ਨਾਲ ਇਹ ਸਾਬਤ ਕਰ ਦਿਤਾ ਕਿ ਇਕ ਸਚੇ ਸੁਚੇ ਸਿੱਖ ਮਿਸ਼ਨਰੀ ਵਿਚ ਮਨੁੱਖਤਾ ਦੀ ਕਿਤਨੀ ਹਮਦਰਦੀ, ਕਿਤਨਾ ਦੇਸ਼ ਪਿਆਰ, ਕੁਰਬਾਨੀ ਤੇ ਤਿਆਗ ਦਾ ਮਾਦਾ ਹੁੰਦਾ ਹੈ। ਉਹ ਵਰਹਦੀਆਂ ਗੋਲੀਆਂ ਵਿੱਚ ਗਏ, ਮਲਾਇਆ ਦੇ ਜੰਗਲਾਂ ਵਿਚੋਂ ਜ਼ਖਮੀ ਫ਼ੌਜੀਆਂ ਨੂੰ ਲਭਦੇ ਰਹੇ ਅਤੇ ਜੰਗੀ ਕੈਦੀਆਂ ਦੇ ਕੈਂਪਾਂ ਵਿੱਚ ਖਾਣ ਪੀਣ ਦੀਆਂ ਚੀਜ਼ਾਂ ਦੀ ਸਪਲਾਈ ਵਿੱਚ ਜੁਟੇ ਰਹੇ।

੧੫ ਸਤੰਬਰ ਦਾ ਦਿਨ ਹਿੰਦੋਸਤਾਨ ਦੀ ਅਜ਼ਾਦੀ ਦੇ ਇਤਿਹਾਸ ਵਿੱਚ ਸੁਨਹਿਰੀ ਅਖਰਾਂ ਨਾਲ ਲਿਖਿਆ ਜਾਵੇ ਗਾ ਕਿਉਂਕਿ ਇਸ ਦਿਨ ਪ੍ਰਸਿਧ ਦੇਸ਼ ਭਗਤ ਗਿਆਨੀ ਪ੍ਰੀਤਮ ਸਿੰਘ ਜੀ ਤੇ ਜਨਰਲ ਮੋਹਣ ਸਿੰਘ ਜੀ ਦਾ ਮਿਲਾਪ ਹੋਇਆਂ ਤੇ ਅਜ਼ਾਦ ਹਿੰਦ ਫ਼ੌਜ ਕਾਇਮ ਕਰਨ ਦੇ ਸਵਾਲ ਪਰ ਤਬਾਦਲਾ ਖਿਆਲਾਤ ਕੀਤਾ ਗਿਆ। ਜਨਰਲ ਮੋਹਣ ਸਿੰਘ ਜੀ ਅੰਗਰੇਜ਼ਾਂ ਦੀ ਫ਼ੌਜੀ ਛਾਉਣੀ ਜਿਤਰਾ(ਮਲਾਇਆ) ਵਿਚ ੧੪ਵੀਂ ਰਜਮੈਂਟ ਦੀ ਕਮਾਣ ਕਰ ਰਹੇ ਸਨ। ਜਦ ਜਪਾਨੀਆਂ ਨੇ ਇਸ ਛਾਉਣੀ ਪਰ ਹਮਲਾ ਕੀਤਾ ਤਾਂ ਆਪ ਬੜੀ ਮੁਸ਼ਕਲ ਨਾਲ ਬਚੇ। ਜਿਸ ਰਬੜ ਦੇ ਦਰਖਤ ਨੇ ਆਪ ਦੀ ਜਾਨ ਬਚਾਈ ਉਹ ਗੋਲੀਆਂ ਨਾਲ ਛਾਨਣੀ ੨ ਹੋ ਗਿਆ। ਜਨਰਲ ਸਾਹਿਬ ਨੇ ਲਿਖਿਆ ਹੈ ਕਿ ਇਸ ਦਿਨ ਮੇਰੀ ਜਾਨ ਬਚਾਣਾ ਵਾਹਿਗੁਰੂ ਦੀ ਕ੍ਰਿਪਾ ਦਾ ਇਕ ਖਾਸ ਕ੍ਰਿਸ਼ਮਾ ਸੀ ਤੇ ਮੈਂ ਦਿਲ ਹੀ ਦਿਲ ਵਿਚ ਇਹ ਸੋਚ ਰਿਹਾ ਸੀ ਕਿ ਈਸ਼ਵਰ ਨੇ ਮੇਰੀ ਜਾਨ ਕਿਸੇ ਖਾਸ ਮਕਸਦ ਲਈ ਬਚਾਈ ਹੈ ਅਤੇ ਉਹ ਮਕਸਦ ਹੈ ਦੇਸ਼ ਦੀ ਅਜ਼ਾਦੀ ਲਈ ਜਦੋ ਜਹਿਦ ਕਰਨਾ"।

ਜਨਰਲ ਸਾਹਿਬ ਨੇ ਇਕ ਅੰਗਰੇਜ਼ ਅਫਸਰ ਕਰਨਲ ਫਿਟਜ਼ਪੈਟ੍ਰਿਕ ਨਾਲ ਲੈ ਲਿਆ ਸੀ ਤੇ ਕੈਪਟਨ ਮੁੰਹਮਦ ਅਕਰਮ ਖ਼ਾਂ ਭੀ ਆਪ ਜੀ ਨੂੰ ਜੰਗਲ ਵਿਚ ਮਿਲ ਪਏ ਸਨ। ਹੌਲੀ ਹੌਲੀ ਕੁਝ ਹੋਰ ਬਚੇ ਖੁਚੇ ਸਿਪਾਹੀ ਤੇ ਅਫਸਰ ਇੱਕਠੇ ਹੋ ਗਏ ਜਿੰਨ੍ਹਾ ਦੀ ਗਿਣਤੀ ੫੪ ਤਕ ਪੁਜਗਈ।ਏਨੇਨੂੰ ਗਿਆਨੀ ਜੀ ਜਿਨ੍ਹਾਂ ਦੀ ਕਾਰ ਪਰ ਤਿਰੰਗਾ ਲਗਾ ਹੋਇਆ ਸੀ ਪੁਜਗਏ। ਜੱਨਰਲ ਸਾਹਿਬ ਦੇ ਦਿਲ ਵਿਚ ਤਿਰੰਗ ਝੰਡਾ ਵੇਖਦਿਆ ਹੀ ਦੇਸ਼ ਪਿਆਰ ਦਾ ਜਜ਼ਬਾ ਉਭਰ ਆਇਆ। ਜਦ ਇਹ ਕਾਰ ਵਿਚ ਬੈਠਕੇ ਅਲੋਰ ਸਟਾਰ ਵਲ ਜਾ ਰਹੇ ਸਨ ਤਾਂ ਰਾਹ ਵਿੱਚ ਗਿਆਨੀ ਪ੍ਰੀਤਮ ਸਿੰਘ ਤੇ ਜੱਨਰਲ ਸਾਹਿਬ ਦੀਆਂ ਦੇਸ਼ ਦੀ ਅਜ਼ਾਦੀ ਬਾਰੇ ਗਲਾਂ ਹੋਈਆਂ। ਗਿਆਨੀ ਜੀ ਨੇ ਦਸਿਆ ਕਿ ਜਪਾਨੀ ਇਸ ਵਿਚ ਸਾਡੀ ਸਾਹਿਤਾ ਕਰਨ ਲਈ ਤਿਆਰ ਹਨ ਕਿ ਅਸੀ ਆਪਣੀ ਫੌਜ

Digitized by Panjab Digital Library | www.panjabdigilib.org

ਬਣਾਕੇ ਅੰਗਰੇਜ਼ਾਂ ਵਿਰੁਧ ਅਜ਼ਾਦੀ ਪ੍ਰਾਪਤ ਕਰਨ ਲਈ ਲੜੀਏ।

ਜੱਨਰਲ ਸਾਹਿਬ ਪਹਿਲਾਂ ਹੀ ਸੋਚ ਰਹੇ ਸਨ ਕਿ ਅੰਗਰੇਜ਼ਾਂ ਦੀ ਖਾਤਰ ਲੜਕੇ ਮਰਨ ਦੀ ਥਾਂ ਜੇ ਅਸੀ ਆਪਣੇ ਦੇਸ਼ ਦੀ ਅਜ਼ਾਦੀ ਲਈ ਲੜੀਏ ਤਾਂ ਕਿਤਨੀ ਚੰਗੀ ਗਲ ਹੋਵੇ। ਦੋਹਾਂ ਸਜਨਾਂ ਦੇ ਵਿਚਾਰ ਇਕ ਹੋਗਏ। ਇਹ ਮਿਲਾਪ ਹੀ ਅੱਗੇ ਚਲਕੇ ਅਜ਼ਾਦ ਹਿੰਦ ਫ਼ੌਜ ਦੀ ਨੀਂਹ ਰਖਣ ਦਾ ਕਾਰਣ ਬਣਿਆ ਜੱਨਰਲ ਸਾਹਿਬ ਦੇ ਨਾਲ ਜੋ ਅੰਗਰੇਜ਼ ਅਫਸਰ ਸੀ ਉਸ ਦੀ ਜਾਨ ਬਖਸ਼ੀ ਦਾ ਜਪਾਨੀਆਂ ਪਾਸੋਂ ਪਹਿਲਾਂ ਭਰੋਸਾ ਲੈ ਲਿਆ ਗਿਆ ਸੀ।੧੫ ਸਤੰਬਰ ਦੀ ਸ਼ਾਮ ਤਕ ਕੋਈ ੨੦੦ ਹਿੰਦੀ ਫ਼ੌਜੀ ਅਫਸਰ ਤੇ ਸਿਪਾਹੀ ਇਥੇ ਇਕਠੇ ਹੋ ਗਏ। ਜੱਨਰਲ ਮੋਹਣ ਸਿੰਘ ਜੀ ਤੇ ਗਿਆਨੀ ਪ੍ਰੀਤਮ ਸਿੰਘ ਜੀ ਵਿੱਚ ਕਾਫੀ ਅਰਸਾ ਤਬਾਦਲਾ ਖਿਆਲਾਤ ਹੋਇਆ। ਗਿਆਨੀ ਜੀ ਨੇ ਆਪਨੂੰ ਦਸਿਆ ਕਿ ਇੰਡੀਪੈਂਡੈਂਸ ਆਫ ਇੰਡੀਅਨ ਲੀਗ ਦੇ ਮਨੋਰਥ ਕੀ ਹਨ ਤੇ ਉਸ ਦਾ ਅਗਲਾ ਪ੍ਰੋਗਰਾਮ ਕੀ ਹੈ? ਅੰਤ ਵਿਚ ਕਰਨਲ ਫਿਊਜ਼ੀਵਾਗ ਗਿਆਨੀ ਜੀ ਤੇ ਜਨਰਲ ਮੋਹਣ ਸਿੰਘ ਜੀ ਦੇ ਸਾਂਝੇ ਇੱਕਠ ਵਿਚ ਇੰਡੀਅਨ ਨੈਸ਼ਨਲ ਆਰਮੀ ਕਾਇਮ ਕਰਨ ਦਾ ਫੈਸਲਾ ਕੀਤਾ ਗਿਆ। ਜਿਸ ਦੇ ਜੀ. ਓ. ਸੀ ਜੱਨਰਲ ਮੋਹਣ ਸਿੰਘ ਜੀ ਬਣਾਏ ਗਏ। ਕੈਪਟਨ ਮੁਹੰਮਦ ਅਕਰਮ ਕੈਪਟਨ ਸਾਧੂ ਸਿੰਘ ਸਾਹਿਬ ਤ ਹੋਰ ਬਹੁਤ ਸਾਰੇ ਸਜਨਾਂ ਨੇ ਇਸ ਦਿਨ ਦੇਸ਼ ਦੀ ਅਜ਼ਾਦੀ ਲਈ ਜਾਨਾਂ ਕੁਰਬਾਨ ਕਰਨ ਦੇ ਪ੍ਰਣ ਲਏ। ਇਸ ਤੋਂ ਪਿਛੋਂ ਜੱਨਰਲ ਸਾਹਿਬ ਨੇ ਅਜ਼ਾਦ ਹਿੰਦ ਫ਼ੌਜ ਨੂੰ ਜਥੇ ਬੰਦ ਕਰਨ ਦਾ ਕੰਮ ਸ਼ੁਰੂ ਕਰ ਦਿਤਾ। ਆਪ ਹਿੰਦੋਸਤਾਨੀ ਫ਼ੌਜੀਆਂ ਅਗੇ ਤਕਰੀਰਾਂ ਕਰਕੇ ਉਨ੍ਹਾਂ ਨੂੰ ਦੇਸ਼ ਦੀ ਖਾਤਰ ਲੜਨ ਲਈ ਉਭਾਰਦੇ ਤੇ ਅਜ਼ਾਦ ਹਿੰਦ ਫ਼ੌਜ਼ ਵਿਚ ਭਰਤੀ ਕਰਦੇ ਸਨ। ਇਸ ਕੰਮ ਵਿੱਚ ਆਪ ਨੂੰ ਚੰਗੀ ਸਫਲਤਾ ਮਿਲੀ। ਅਜ਼ਾਦ ਹਿੰਦ ਫ਼ੌਜ ਦੀ ਸਹਾਇਤਾ ਨਾਲ ਹੀ ਜਪਾਨੀਆਂ ਨੇ ੭ ਦਿਨਾਂ ਦੀ ਲੜਾਈ ਪਿਛੋਂ ਸਿੰਘਾਪੁਰ ਪਰ ਕਬਜ਼ਾ ਕੀਤਾ। ਜਿਹੜੀਆਂ ਹਿੰਦੋਸਤਾਨੀ ਫ਼ੌਜਾਂ ਅੰਗਰੇਜ਼ਾਂ ਦੇ ਅਧੀਨ ਸਨ ਜਦ ਉਨ੍ਹਾਂ ਵਿਚ ਇਹ ਖਬਰ ਫੈਲੀ ਕਿ ਜੱਨਰਲ ਸਾਹਿਬ ਨੇ ਅੰਗਰੇਜ਼ਾਂ ਵਿਰੁਧ ਲੜਨ ਲਈ ਇੰਡੀਅਨ ਨੇਸ਼ਨਲ ਆਰਮੀ ਬਣਾਈ ਹੈ ਤਾਂ ਉਨ੍ਹਾਂ ਵਿਚ ਅੰਗਰੇਜ਼ਾਂ ਵਿਰੁਧ ਕਈ ਪ੍ਰਕਾਰ ਦੇ ਖਿਆਲ ਪੈਦਾ ਹੋ ਗਏ।

ਇਹ ਬਹੁਤ ਲੰਬੀ ਚੌੜੀ ਦਾਸਤਾਨ ਹੈ ਕਿ ਅੰਗਰੇਜ਼ ਫ਼ੌਜ ਵਿਚ ਨਸਲੀ ਵਿਤਕਰਾ ਕਿਵੇਂ ਕਾਇਮ ਰਖਦੇ ਸਨ ਤੇ ਹਿੰਦੋਸਤਾਨੀ ਅਫਸਰਾਂ ਦੇ ਦਿਲਾਂ ਵਿਚ ਇਹ ਨਸਲੀ ਵਿਤਕਰਾ ਹਰ ਸਮੇਂ ਕੰਢੇ ਵਾਂਗ ਚੁਭਦਾ ਰਹਿੰਦਾ ਸੀ ਪ੍ਰੰਤੂ ਮਲ਼ਾਇਆ ਖਾਲੀ ਕਰਨ ਸਮੇਂ ਤਾਂ ਅੰਗਰੇਜ਼ ਫ਼ੌਜੀ ਅਫਸਰਾਂ ਨੇ ਹਿੰਦੋਸਤਾਨੀਆਂ ਨਾਲ ਬਹੁਤ ਹੀ ਬੁਰਾ ਵਰਤਾਉ ਕੀਤਾ। ਆਮ ਹਿੰਦੀ ਜਨਤਾ ਨਾਲ ਤਾਂ ਉਨ੍ਹਾਂ ਨੇ ਕੀ ਹਮਦਰਦੀ ਕਰਨੀ ਸੀ ਜਿਹੜੇ ਫ਼ੌਜੀ ਅਫਸਰ ਅੰਗਰੇਜ਼ਾਂ ਦੀ ਖਾਤਰ ਆਪਣਾ ਖੂਨ ਡੋਹਲਣ ਆਏ ਸਨ ਉਨ੍ਹਾਂ ਨਾਲ ਭੀ ਇਤਨਾ ਵਖੇਵੇਂ ਭਰਿਆ ਵਰਤਾਉ ਕੀਤਾ ਗਿਆ ਕਿ ਉਨ੍ਹਾਂ ਦੇ ਦਿਲਾਂ ਵਿੱਚ ਅੰਗਰੇਜ਼ਾਂ ਵਿਰੁਧ ਬੇਹੱਦ ਰੋਸ ਪੈਦਾ ਹੋ ਗਿਆ। ਇਸ ਰੋਸ ਨੇ ਅਜ਼ਾਦ ਹਿੰਦ ਫ਼ੌਜ ਕਾਇਮ ਕਰਨ ਵਿਚ ਹੋਰ ਭੀ ਸਹਾਇਤਾ ਦਿਤੀ। ਜਿਸ ਹਿੰਦੀ ਅਫਸਰ ਨੇ ਭੀ ਇਹ ਸੁਣਿਆ ਕਿ ਹੁਣ ਸਾਨੂੰ ਦੇਸ਼ ਦੀ ਅਜ਼ਾਦੀ ਲਈ ਅੰਗਰੇਜ਼ਾਂ ਨਾਲ ਲੜਨਾ ਚਾਹੀਦਾ ਹੈ ਉਹ ਝਟ ਪਟ ਇਸ ਕੰਮ ਲਈ ਤਿਆਰ ਹੋ ਗਿਆ।

Digitized by Panjab Digital Library | www.panjabdigilib.org

ਕੁਆਲਾ ਲੰਪਰ ਦੇ ਜੰਗੀ ਕੈਦੀਆਂ ਦੇ ਕੈਂਪ ਵਿਚ ਹਿੰਦੀ ਸਿਪਾਹੀਆਂ ਦੀ ਗਿਣਤੀ ੫੦੦੦ ਤੱਕ ਪੁਜ ਗਈ ਸੀ। ਜੱਨਰਲ ਮੋਹਣ ਸਿੰਘ ਜੀ ਨੇ ਇਨ੍ਹਾਂ ਸਾਹਮਣੇ ਤਕਰੀਰ ਕੀਤੀ ਤੇ ਇਨ੍ਹਾਂ ਨੂੰ ਅਜ਼ਾਦ ਹਿੰਦ ਫ਼ੌਜ ਵਿੱਚ ਸ਼ਾਮਲ ਹੋਣ ਲਈ ਪ੍ਰੇਰਨਾ ਕੀਤੀ। ਇਨ੍ਹਾਂ ਵਿਚੋਂ ੪੦੦੦ ਉਸੇ ਦਿਨ ਅਜ਼ਾਦ ਹਿੰਦ ਫ਼ੌਜ ਵਿੱਚ ਸ਼ਾਮਲ ਹੋ ਗਏ। ਇਥੇ ਇਕ ਫ਼ੌਜੀ ਕੈਂਪ ਬਣਾਕੇ ਉਹ ਦੇ ਇੰਚਾਰਜ ਸੂਬੇਦਾਰ ਓਅੰਕਾਰ ਸਿੰਘ ਜੀ ਬਣਾਏ ਗਏ। ਇਸ ਸਮੇਂ ਇਨ੍ਹਾਂ ਫ਼ੌਜੀਆਂ ਲਈ ਰਾਸ਼ਨ ਦੀ ਸਪਲਾਈ ਦਾ ਸੁਵਾਲ ਬਹੁਤ ਅਹਿਮ ਸੀ। ਬਾਬਾ ਬੁਧ ਸਿੰਘ ਜੀ ਤੇ ਹਕੀਮ ਮਾਨਵਰ ਅਲੀ ਨੇ ਇਨ੍ਹਾਂ ਫ਼ੌਜੀਆਂ ਦੀ ਬੜੀ ਸਹਾਇਤਾ ਕੀਤੀ ਜਿਸ ਕਰਕੇ ਬਾਬਾ ਬੁਧ ਸਿੰਘ ਜੀ ਨੂੰ ਮਲਾਇਨਵਾਸੀ ਦੇ ਨਾਮ ਨਾਲ ਯਾਦ ਕਰਨ ਲਗ ਪਏ। ਜਾਪਾਨੀ ਫ਼ੌਜੀ ਅਫਸਰਾਂ ਤੇ ਜੱਨਰਲ ਮੋਹਣ ਸਿੰਘ ਨੇ ਸਿੰਘਾਪੁਰ ਪਰ ਹਮਲਾ ਕਰਨ ਦੀ ਐਸੀ ਸਕੀਮ ਬਣਾਈ ਕਿ ਅੰਗਰੇਜ਼ ਬਹੁਤ ਸਾਰਾ ਸਾਮਾਨੇ ਜੰਗ ਛਡਕੇ ਭੱਜ ਗਏ। ਜਦ ਸਿੰਘਾ ਪੁਰ ਫਤਹਿ ਹੋਇਆ ਤਾਂ ਉਸ ਸਮੇਂ ੪੫ਹਜ਼ਾਰ ਅੰਗ੍ਰੇਜ਼ੀ ਫੌਜ ਉਥੇ ਮੌਜੂਦ ਸੀ ਜਿਸਦੇ ਅਫਸਰਾ ਨੇ ਸਫੈਦਝੰਡਾ ਖੜਾ ਕਰਕੇ ਆਪਣੇ ਆਪ ਨੂੰ ਜਾਪਾਨੀਆਂ ਦੇ ਹਵਾਲੇ ਕਰ ਦਿਤਾ। ੧੫ ਫਰਵਰੀ ੧੯੪੨ ਦੀ ਸ਼ਾਮ ਨੂੰ ਹੀ ਜਾਪਾਨੀਆਂ ਨੇ ਇੰਨਾ ਸਾਰੀਆ ਫੌਜਾ ਨੂੰ ਫੇਹਿਰ ਪਾਰਕ ਵਿਚ ਇਕੱਠੇ ਕੀਤਾ। ਕਰਨਲ ਫਿਊਜੀਵਾਗ ਤੇ ਜੱਰਨਲ ਮੋਹਣ ਸਿੰਘ ਜੀਨੇ ਉਨਾ ਦੇ ਸਾਹਮਣੇ ਪ੍ਰਭਾਵ ਸ਼ਾਲੀ ਤਕਰੀਰਾਂ ਕੀਤੀਆਂ। ਅੰਗ੍ਰੇਜ਼ ਅਫਸਰ ਕਰਨਲ ਹੰਟ ਨੇ ਮੈਕਰੋਫ਼ੋਨ ਦੇ ਸਾਹਮਣੇ ਖੜੇ ਹੋਕੇ ਐਲਾਨ ਕੀਤਾ ਕਿ ਮੈਂ ਬ੍ਰਤਾਨਵੀ ਸਰਕਾਰ ਵਲੋਂ ਸਾਰੇ ਫੌਜੀਆਂ ਨੂੰ ਜਾਪਾਨੀਆਂ ਦੇ ਹਵਾਲੇ ਕਰਦਾ ਹਾਂ। ਅਜ ਤੋਂ ਇਹ ਜਾਪਾਨ ਦੇ ਜੰਗੀ ਕੈਦੀ ਹੋਣਗੇ। ਕਰਨਲ ਫਿਊਜੀਵਾਗ ਨੇ ਆਪਣੀ ਤਕਰੀਰ ਵਿਚ ਕਿਹਾ ਕਿ ਮੈਂ ਇਨ੍ਹਾਂ ਜੰਗੀ ਕੈਦੀਆਂ ਨੂੰ ਜੱਨਰਲ ਮੋਹਨ ਸਿੰਘ ਦੇ ਹਵਾਲੇ ਕਰਦਾ ਹਾਂ। ਜੇਹੜੇ ਰਜ਼ਾਮੰਦੀ ਨਾਲ ਆਜ਼ਾਦ ਹਿੰਦ ਫ਼ੌਜ ਵਿਚ ਸਾਮਲ ਹੋਣਗੇ ਉਨ੍ਹਾਂ ਨੂੰ ਆਪ ਸ਼ਾਮਲ ਕਰ ਲੈਣਗੇ ਬਾਕੀਆਂ ਨਾਲ ਜੰਗੀ ਕੈਦੀਆਂ ਵਾਲਾ ਵਰਤਾਉ ਕੀਤਾ ਜਾਵੇਗਾ।ਇਹ ਨਜ਼ਾਰਾ ਵੇਖਣ ਵਾਲਾ ਸੀ। ਫੇਰਿਰ ਪਾਰਕ ਵਿਚ ਬੇਹੱਦ ਇਨਸਾਨੀ ਸਿਰਾਂ ਦਾ ਇਕ ਸਮੁੰਦਰ ਠਾਠਾਂ ਮਾਰ ਰਿਹਾ ਸੀ।

ਜੱਨਰਲ ਮੋਹਣ ਸਿੰਘ ਜੀ ਦੀ ਜੋਸ਼ੀਲੀ ਤਕਰੀਰ ਸੁਣਕੇ ਹਿੰਦੁਸਤਾਨੀਆਂ ਦੇ ਦਿਲ ਜ਼ੋਸ ਨਾਲ ਭਰ ਗਏ ਤੇ ਉਨਾਂ ਨੇ ਅੱਡੀਆਂ ਚੁਕ ਚੁਕ ਕੇ ਐਲਾਨ ਕੀਤਾ ਕਿ ਉਹ ਅੰਗਰੇਜਾਂ ਪਾਸ ਹਿੰਦੁਸਤਾਨ ਦੀ ਆਜ਼ਾਦੀ ਪ੍ਰਾਪਤ ਕਰਨ ਲਈ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਲਈ ਤਿਆਰ ਹਨ। ਇਸ ਤੋਂ ਉਪਰੰਤ ਕਰਨਲ ਨਿਰੰਜਨ ਸਿੰਘ ਗਿਲ ਤੇ ਕੈਪਟਨ ਮੁਹੰਮਦ ਅਕਰਮ ਨੇ ਭੀ ਤਕਰੀਰਾਂ ਕੀਤੀਆਂ। ਜਿੰਨਾ ਨੂੰ ਸੁਣਕੇ ੩੦੦੦੦ ਜੰਗੀ ਕੈਦੀਆਂ ਨੇ ਆਜਾਦ ਹਿੰਦ ਫੌਜ ਵਿਚ ਭਰਤੀ ਹੋਣ ਦਾ ਐਲਾਨ ਕੀਤਾ। ਇਸ ਤੋਂ ਪਿਛੋਂ ਗਿ:ਪ੍ਰੀਤਮ ਸਿੰਘ ਜੀ ਨੇ ਇੰਡੀਪੈਂਡੈਂਸ ਲੀਗ ਦੇ ਮੈਂਬਰਾਂ ਤੇ ਆਮ ਸ਼ਹਿਰੀਆਂ ਦੀ ਇਕ ਮੀਟਿੰਗ ਬੁਲਾਈ ਜਿਸ ਵਿਚ ਅਗਲੇ ਪ੍ਰੋਗ੍ਰਾਮ ਪਰ ਵਿਚਾਰ ਕੀਤੀ ਗਈ।ਇਸ ਦਿਨ ਗਿ: ਪ੍ਰੀਤਮ ਸਿੰਘ ਜੀ ਨੇ ਕਿਹਾ ਕਿ ਮੈ ਮਲਾਇਆ ਦਾ ਸਾਰਾ ਰਾਜਸੀ ਵਰਕ ਮਿ: ਰਾਘਵਨ ਤੇ ਉਨ੍ਹਾਂ ਦੇ ਸਾਥੀਆਂ ਦੇ ਹਵਾਲੇ ਕਰਦਾ ਹਾਂ। ਅਗੋਂ ਤੋਂ ਸਾਰੇ ਕੰਮ ਦੀ ਜ਼ੁਮੇਵਾਰੀ ਇੰਨਾ ਦੇ ਸਿਰ ਹੋਵੇਗੀ। ਇਕ ਮਤੇ ਰਾਹੀਂ ਮਲਾਇਆ ਦੇ ਹਿੰਦੁਸਤਾਨੀਆਂ ਨੇ ਗਿ: ਪ੍ਰੀਤਮ ਸਿੰਘ ਜੀ ਦੇ ਉਸ ਕੰਮ ਦੀ ਪ੍ਰਸੰਸਾ ਕਰਦੇ ਹੋਏ ਜੋ ਉਹਨਾ ਨੇ ਰਾਜ ਬਦਲੀ ਦੇ ਦਿੰਨਾਂ ਵਿਚ ਕੀਤਾ ਉਨ੍ਹਾਂ ਦਾ ਬਹੁਤ੨ ਧੰਨਵਾਦ ਕੀਤਾ। ਇਸ ਦਿਨ ਲੀਗ ਦੀ ਸੈਂਟਰਲ ਕਮੇਟੀ ਬਣਾਈ ਗਈ ਜਿਸ ਦੇ ੧੪ ਮੈਂਬਰ ਸਨ।ਉਸ ਦਿਨ ਤਕ ਲੀਗ ਦੀਆਂ ਬ੍ਰਾਂਚਾਂ ਵਿਚ ਹੇਠ ਲਿਖੇ ਵੇਰਵੇ ਅਨਸਾਰ ਮੈਂਬਰ ਭਰਤੀ ਹੋ ਚੁਕੇ ਸਨ

Digitized by Panjab Digital Library | www.panjabdigilib.org

| | ਸਟੇਟ | ਬ੍ਰਾਂਚ | ਪ੍ਰਧਾਨ | ਕਮੇਟੀ ਦੇ ਮੈਂਬਰ | ਕੁਲ ਭਰਤੀ |
|---|---|---|---|---|---|
| ੧. | ਕੇਡਾਹ | (ੳ) ਅਲੋਰਸਟਾਰ | ਭਗਵਾਨ ਸਿੰਘ | ੧੦ | ੧੦੦੦ |
| | | (ਅ) ਸੁੰਗਰੀ ਪੱਟਾਨੀ | ਵੀ ਐਮ ਕਾਦੇਰ | ੫ | ੨੦੦ |
| | | (ੲ) ਕੁਲਮ | ਵਜ਼ੀਰ ਸਿੰਘ | ੧੦ | ੫੦੦ |
| ੨. | ਪੇਰਾਕ | (ੳ) ਟਾਇਪਿੰਗ | ਜਲਮਨ ਸ਼ਾਹ | ੧੨ | ੧੦੦੦ |
| | | (ਅ) ਕੁਆਲਾ ਕੁੰਗਸਰ | ਲਾਲ ਸਿੰਘ | ੧੧ | ੧੦੦੦ |
| | | (ੲ) ਈਪੂ | ਬੀ ਕੇ ਦਾਸ | ੧੩ | ੫੦੦੦ |
| ੩. | ਸਿਲੰਗੋਰ | (ੳ) ਕੁਆਲਾ ਲੰਪਰ | ਡਾ: ਲਕਸ਼ਮੀਆ | ੧੭ | ੪੦੦੦ |
| | | (ਅ) ਕਾਜਾਂਗ | ਜ਼ਿਕਰੀਆ | ੧੧ | ੨੦੦੦ |
| | | (ੲ) ਕਾਲਾਂਗ | ਲਕਸ਼ਮਚੇਟੀਅਰ | ੧੦ | ੧੪੦੦੦ |
| ੪. | ਨੇਗਰੀਸੇਮਬੀ | ਸਗਮਦਾਨ | ਡਾ: ਮੁਜਮਦਾਰ | ੧੦ | ੮੦੦ |
| ੫. | ਮਲਾਕਾ | | ਸ਼ਨਮੁਖਮਪਿਲੇ | ੧੨ | ਰੀਪੋਰਟ ਨਹੀ |
| ੬. | ਪਿਨਾਂਗ | | ਐਨ-ਰਾਘਵਨ | ੧੧ | ੭੦੦੦ |
| ੭. | ਸਿੰਘਾਪੁਰ | | ਐਸ. ਸੀ. ਗੋਹੇ | ੪੧ | ੫੦੦੦੦ |

ਸਿੰਘਾਪੁਰ ਫਤਹਿ ਹੋਣ ਤੋਂ ਪਹਿਲਾਂ ਅਜ਼ਾਦ ਹਿੰਦ ਫੌਜ ਦੀ ਗਿਣਤੀ ਕੇਵਲ ੯੧੦੦ ਸੀ ਜੋ ਹੇਠ ਲਿਖੇ ਅਨੁਸਾਰ ਵੰਡੀ ਹੋਈ ਸੀ। ਅਲੋਰਸਟਾਰ ੮੦੦, ਸੁੰਗੀ ਪਟਾਨੀ ੬੦੦, ਈਪੂ ੧੦੦੦, ਕੁਆਲਾਲੰਪਰ ੪੨੦੦ ਮੋਅਰ ੧੧੦੦ ਸਿੰਘਾ ਪੁਰ ਵਿਚ ਅੰਗਰੇਜ਼ਾ ਦੇ ਛਡਣ ਤੋਂ ਪਹਿਲਾਂ ੧੪੦੦ ਵਾਲੰਟੀਅਰ ਸਨ।

ਸ੍ਰੀ ਰਾਸ ਬਿਹਾਰੀ ਬੋਸ ਨੇ ਜਪਾਨ ਦੀ ਰਾਜਧਾਨੀ ਟੋਕੀਉ ਵਿੱਚ ਸਾਰੇ ਪੂਰਬੀ ਏਸ਼ੀਆ ਦੇ ਦੇਸ਼ਾਂ ਦੇ ਹਿੰਦੋਸਤਾਨੀ ਪ੍ਰਤਿਨਿਧਾਂ ਦੀ ਇਕ ਕਾਨਫ੍ਰੰਸ ਬੁਲਾਈ, ਜਿਸ ਵਿਚ ਜੰਗ ਤੋਂ ਪੈਦਾ ਹੋਇ ਹਾਲਾਤ ਹਿੰਦੋਸਤਾਨ ਦੀ ਅਜ਼ਾਦੀ ਦੇ ਲਈ ਲੜੀ ਜਾਣ ਵਾਲੀ ਜੰਗ ਤੇ ਜਪਾਨ ਨਾਲ ਅਜ਼ਾਦ ਹਿੰਦੋਸਤਾਨ ਦੇ ਸਬੰਧਾਂ ਬਾਰੇ ਵਿਚਾਰਾਂ ਕਰਨੀਆਂ ਸਨ। ਇਸ ਕਾਨਫਰੰਸ ਵਿਚ ਨੁਮਾਂਇੰਦੇ ਭੇਜਨ ਲਈ ਤੇ ਹੋਰ ਜ਼ਰੂਰੀ ਮਾਮਲਿਆਂ ਤੇ ਵਿਚਾਰਾਂ ਕਰਨ ਲਈ ਮਲਾਇਆ ਤੇ ਸਿਆਮ ਦੇ ਹਿੰਦੀ ਪ੍ਰਤਿਨਿਧਾਂ ਦੀ ਇਹ ਕਾਨਫਰੰਸ ਸਿੰਘਾਪੁਰ ਵਿਚ ੮, ੯ ਮਾਰਚ ੧੯੪੨ ਨੂੰ ਬੁਲਾਈ ਗਈ, ਜਿਸ ਵਿਚ ਹੇਠ ਲਿਖੇ ਪ੍ਰਤਿਨਿਧ ਸ਼ਾਮਲ ਹੋਇ।

(੧) ਸ੍ਰੀ ਐਨ ਰਾਘਵਨ ਪਿਨਾਂਗ।
(੨) ਸ੍ਰੀ ਬੀਕੇ ਦਾਸ ਈਪੂ।
(੩) ਸ੍ਰ: ਸੁਚਾ ਸਿੰਘ ਈਪੂ।
(੪) ਕੇ. ਐਨ. ਏ. ਆਇਰ ਕੁਆਲਾਲੰਪੁਰ।
(੫) ਡਾ: ਮੁਜਮਦਾਰ ਸੰਗਅਬਾਨ।
(੬) ਸ੍ਰੀ: ਐਸ ਸੀ ਗੋਹੇ ਸਿੰਘਾਪੁਰ।
(੭) ਕੇ.ਪੀ.ਕੇ.ਮੇਨਨ ਸਿੰਘਾਪੁਰ।

Digitized by Panjab Digital Library | www.panjabdigilib.org

## ਸਿਆਮ ਦੇ ਪ੍ਰਤਿਨਿਧ

(੧) ਗਿ: ਪ੍ਰੀਤਮ ਸਿੰਘ। (੨) ਬਾਬੂ ਅਮਰ ਸਿੰਘ।
(੩) ਡਾ: ਉਅੰਕਾਰ ਸਿੰਘ।

## ਇੰਡੀਅਨ ਨੈਸ਼ਨਲ ਕੌਂਸਲ ਸਿਆਮ ਵਲੋਂ

(੧) ਸੁਾਮੀ ਸਤਿਆ ਨੰਦਪੁਰੀ।

## ਇੰਡੀਅਨ ਨੈਸ਼ਨਲ ਆਰਮੀ

(੧) ਜੱਰਨਲ ਮੋਹਣ ਸਿੰਘ। (੭) ਕੈਪਟਨ ਮੁਹੰਮਦ ਅਕਰਮ ਖ਼ਾਨ

## ਹਿੰਦੋਸਤਾਨੀ ਜੰਗੀ ਕੈਦੀਆਂ ਵਲੋਂ

(੧) ਕੈ: ਕੱਰਨਲ ਨਿਰੰਜ਼ਨ ਸਿੰਘ ਗਿੱਲ (੨) ਮੇਜਰ: ਐਮ ਜ਼ੇਡ ਕਿਆਨੀ

ਸ੍ਰੀ ਓਟਾ ਕੁਰੋ ਫਿਉਜੀਵਾਗ ਡੀਪਾਰਟਮੈਂਟ ਵਲੋਂ ਦਰਸ਼ਕ ਦੇ ਤੌਰ ਪਰ ਹਾਜ਼ਰ ਸਨ। ਇਸ ਕਾਨਫਰੰਸ ਵਿਚ ਸਾਰੇ ਆਹਿਮ ਸਵਾਲਾ ਤੇ ਦੋ ਦਿਨ ਵਿਚਾਰਾਂ ਹੁੰਦੀਆਂ ਰਹੀਆਂ। ਅੰਤ ਵਿਚ ਟੋਕੀਰੁ ਕਾਨਫਰੰਸ ਤੇ ਨੁਮਾਇੰਦੇ ਭੇਜਨ ਦਾ ਫੈਸਲਾ ਹੋਇਆ ਅਤੇ ਟੋਕੀਉ ਕਾਨਫਰੰਸ ਦੇ ਡੇਲੀਗੇਟ ਗਰੁਪਾਂ ਦੇ ਵਿਚ ਟੋਕੀਉ ਨੂੰ ਰਵਾਨਾ ਹੋਇ। ਇਕ ਜ਼ਹਾਜ਼ ਤਾਂ ਸਹੀ ਸਲਾਮਤ ਪਹੁੰਚ ਗਿਆ ਜਿਸ ਵਿਚ ਜੱਨਰਲ ਮੋਹਣ ਸਿੰਘ ਆਦਿ ਸਜਣ ਸਨ। ਪ੍ਰੰਤੂ ਦੂਜਾ ਜਹਾਜ਼ ਜਿਸ ਵਿਚ ਗਿ: ਪ੍ਰੀਤਮ ਸਿੰਘ ਜੀ, ਕੈਪਟਨ ਮੁਹੰਮਦ ਅਕਰਮ ਖ਼ਾਨ, ਸੁਾਮੀ ਸਤਿਆ ਨੰਦ ਪੁਰੀ ਤੇ ਸ੍ਰੀ ਨੀਲ ਕੰਠ ਆਇਰ ਤੇ ੬, ੭ ਜਪਾਨੀ ਸ਼ਾਮਲ ਸਨ। ਟੋਕੀਉ ਦੇ ਨੇੜੇ ਪੁਜ ਕੇ ਤਬਾਹ ਹੋਗਿਆ। ਇਸ ਜਹਾਜ਼ ਵਿਚ ਮਾਰੇ ਗਏ ਲੀਡਰਾਂ ਦੀਆਂ ਲਾਸ਼ਾਂ ਦਾ ਪਤਾ ਇਕ ਮਹੀਨੇ ਪਿਛੋਂ ਲਗਿਆ।

ਇਸ ਦੁਖ ਦਾਈ ਘਟਨਾ ਦਾ ਸਾਰੇ ਹਿੰਦੋਸਤਾਨੀਆਂ ਪਰ ਅਕਹਿ ਅਸਰ ਹੋਇਆ ਜ਼ਪਾਨੀਆਂ ਨੇ ਭੀ ਬਹੁਤ ਅਫਸੋਸ ਮਨਾਇਆ। ਇਸ ਹਾਦਸੇ ਵਿਚ ਮੌਤ ਦਾ ਸ਼ਿਕਾਰ ਹੋਏ ਚਾਰੇ ਹਿੰਦੋਸਤਾਨੀ ਲੀਡਰ ਅਜ਼ਾਦੀ ਦੀ ਜੰਗ ਦੇ ਪ੍ਰਖੇ ਹੋਇ ਸਪਾਰੀ ਸਨ ਅਤੇ ਉਨ੍ਹਾਂ ਮੋਢੀਆਂ ਵਿਚੋਂ ਸਨ ਜੋ ਕਾਫੀ ਅਰਸੇ ਤੋਂ ਦੇਸ਼ ਦੀ ਅਜ਼ਾਦੀ ਖਾਤਰ ਜਦੋ ਜਿਹਦ ਕਰਦੇ ਆ ਰਹੇ ਸਨ। ਟੋਕੀਉ ਵਿਚ ਪੁਜੇ ਹਿੰਦੀ ਪ੍ਰਤਿਨਿਧਾਂ ਪਰ ਇਹ ਖਬਰ ਸੁਣ ਕੇ ਮਾਨੋ ਪਹਾੜ ਡਿੱਗ ਪਿਆ। ਉਹ ਕਾਨਫਰੰਸ ਵਿਚ ਸ਼ਾਮਲ ਹੋਣ ਦੇ ਪੂਰੀ ਤਰ੍ਹਾਂ ਯੋਗ ਨ ਰਹੇ। ਪ੍ਰੰਤੂ ਜੰਗ ਦੇ ਦਿਨਾਂ ਵਿੱਚ ਇਹੋ ਜਿਹੀਆਂ ਘਟਨਾਵਾਂ ਨੂੰ ਖਾਸ ਅਹਮੀਅਤ ਨਹੀ ਦਿਤੀ ਜਾਂਦੀ ਸੀ ਸਗੋਂ ਰਾਜਸੀ ਵਿਚਾਰਾਂ ਦੀ ਕਾਰਵਾਈ ਨੂੰ ਉਸੇ ਤਰ੍ਹਾਂ ਜਾਰੀ ਰਖਿਆ ਜਾਂਦਾ ਸੀ। ਸੋ ਟੋਕੀਰੁ ਕਾਨਫਰੰਸ ਵੀ ਜਾਰੀ ਰਹੀ, ਤੇ ਇਸ ਕਾਨਫਰੰਸ ਵਿਚ ਹੇਠ ਲਿਖੇ ਪ੍ਰਤਿਨਿਧ ਸ਼ਾਮਲ ਹੋਇ।

Digitized by Panjab Digital Library | www.panjabdigilib.org

## ਮਲਾਇਆ ਦੇ ਪ੍ਰਤੀਨਿਧ

(੧) ਸ੍ਰੀ ਐਨ ਰਾਘਵਨ,ਪ੍ਰਧਾਨ ਇੰਡੀਪੈਂਡੈਂਸ ਲੀਗ ਮਲਾਇਆ।

(੨) ਮਿ: ਕੇ. ਪੀ. ਕੇ ਮੈਨਨ।

(੩) ਮਿ: ਐਸ. ਸੀ ਗੋਹੇ।

(੪) ਕੈਪਟਨ ਮੋਹਣ ਸਿੰਘ।

(੫)ਕਰਨਲ ਨਿਰੰਜਨ ਸਿੰਘ ਗਿੱਲ।

## ਹਾਂਗ ਕਾਂਗ ਦੇ ਪ੍ਰਤੀਨਿਧ

(੧) ਮਿ: ਡੀ. ਐਨ. ਖ਼ਾਨ।

(੨) ਮਿ: ਐਮ. ਆਰ.ਪਲਕਾ।

## ਸ਼ਿਘਾਈ ਦੇ ਪ੍ਰਤੀਨਿਧ

(੧) ਮਿ: ਉਸਮਾਨ।

(੨) ਬਾਬਾ ਹਰੀ ਸਿੰਘ ਬਦੋਵਾਲ

(੩) ਪਿਆਰਾ ਸਿੰਘ।

## ਜਪਾਨ ਦੇ ਪ੍ਰਤੀਨਿਧ

(੧) ਸ੍ਰੀ ਡੀ. ਐਸ. ਦੇਸ਼ ਪਾਂਡੇਯ।

(੨) ਏ. ਐਮ. ਨਾਇਰ।

(੩) ਸ੍ਰੀ ਸੀ. ਸੀ. ਲਿੰਗਮ।

(੪) ਸ੍ਰੀ ਬੀ. ਸੀ. ਗੁਪਤਾ।

(੫) ਸ੍ਰੀ ਐਸ. ਐਨ. ਸੈਨ।

(੬) ਸ੍ਰੀ ਰਾਜਨ ਸ਼ਰਮਾ।

(੭) ਸ੍ਰੀ ਐਲ. ਆਰ. ਮਿਗਲਾਨੀ।

(੮) ਸ੍ਰੀ ਕੇ. ਵੀ. ਨਰਾਇਣ।

ਕਾਨਫਰੰਸ ਦੇ ਪ੍ਰਧਾਨ ਸ੍ਰੀ ਰਾਸ ਬਿਹਾਰੀ ਬੋਸ ਸਨ। ਇਸ ਕਾਨਫਰੰਸ ਨੂੰ ਜਪਾਨ ਦੇ ਵਡੇ ਵਜ਼ੀਰ ਜੱਨਰਲ ਟੋਜੋ ਨੇ ਸ਼ੁਭ ਸੰਦੇਸ਼ ਭੇਜਿਆ ਜਿਸ ਵਿਚ ਕਿਹਾ ਗਿਆ ਕਿ ਜਪਾਨ ਤੇ ਦੂਜੇ ਸੁਹੀ ਦੇਸ਼ਾਂ ਦੀ ਹਿੰਦੋਸਤਾਨ ਦੀ ਅਜ਼ਾਦੀ ਲਈ ਲੜਨ ਵਾਲੇ ਦੇਸ਼ ਭਗਤਾ ਨਾਲ ਪੂਰੀ ਪੂਰੀ ਹਮਦਰਦੀ ਹੈ ਤੇ ਉਹ ਹਰ ਪ੍ਰਕਾਰ ਦੀ ਸਹਾਇਤਾ ਕਰਨਾ ਚਾਹੁਦੇ ਹਨ। ਜਪਾਨ ਦਾ ਹਿੰਦੋਸਤਾਨ ਨੂੰ ਅਧੀਨ ਕਰਨ ਦਾ ਕੋਈ ਇਰਾਦਾ ਨਹੀ ਸਗੋਂ ਅਸੀਂ ਹਿੰਦੋਸਤਾਨ ਹਿੰਦੋਸਤਾਨੀਆਂ ਦਾ ਹੈ, ਦੇ ਨਾਹਰੇ ਦੇ ਹਾਮੀ ਹਾਂ।

ਇਸੇ ਤਰ੍ਹਾਂ ਜਾਪਾਨ ਦੀ ਸਰਕਾਸ ਵਲੋਂ ਇਕ ਪ੍ਰਤਿਨਿਧ ਨੇ ਖਾਸ ਐਲਾਨ ਪੜ੍ਹਕੇ ਸੁਣਾਇਆ, ਜਿਸ ਵਿੱਚ ਦਸਿਆ ਗਿਆ ਸੀ ਕਿ ਜਾਪਾਨ ਇਕ ਮਹਾਨ ਏਸ਼ੀਆ ਦੀ ਆਜ਼ਾਦੀ ਤੇ ਨਵੀਂ ਉਸਾਰੀ ਲਈ ਲੜ ਰਿਹਾ ਹੈ। ਜਿਸ ਵਿੱਚੋਂ ਐਂਗਲੋ ਅਮ੍ਰੀਕਨ ਸਾਮਰਾਜ ਦਾ ਖਾਤਮਾ ਕਰਕੇ ਸਾਰੀਆਂ ਕੌਮਾਂ ਨੂੰ ਬਰਾਬਰ ਦੀ ਆਜ਼ਾਦੀ ਦਿੱਤੀ ਜਾਵੇਗੀ, ਅਤੇ ਹਿੰਦ ਨੂੰ ਉਸ ਵਿੱਚ ਸੱਭ ਤੋਂ ਮੂਹਰਲੀ ਥਾਂ ਮਿਲੇਗੀ। ਇਸ ਕਰਕੇ ਜਦ ਤੱਕ ਹਿੰਦ ਵਿੱਚੋਂ ਬ੍ਰਤਾਨਵੀ ਰਾਜ ਦੀਆਂ ਜੜ੍ਹਾਂ ਨਹੀਂ ਪੁੱਟੀਆਂ ਜਾਂਦੀਆਂ ਇਹ ਮਕਸਦ ਪੂਰਾ ਨਹੀਂ ਹੋ ਸਕਦਾ। ਜਾਪਾਨ ਦੀ ਸਰਕਾਰ ਹਿੰਦੀ ਦੇਸ਼ ਭਗਤਾਂ ਨੂੰ ਸਹਾਇਤਾ ਦਾ ਭਰੋਸਾ ਦਿਵਾਂਦੀ ਹੈ। ਆਦਿ।

Digitized by Panjab Digital Library | www.panjabdigilib.org

ਕਾਨਫ੍ਰੰਸ ਵਿੱਚ ਹਵਾਈ ਹਾਦਸੇ ਵਿੱਚ ਮਾਰੇ ਗਏ ਚੌਹਾਂ ਹਿੰਦੋਸਤਾਨੀ ਦੇਸ਼ ਭਗਤਾਂ ਅਤੇ ਜਪਾਨੀਆਂ ਲਈ ਸ਼ੋਕ ਦਾ ਮਤਾ ਪਾਸ ਕੀਤਾ ਗਿਆ। ਟੋਕੀਉ ਵਿਚ ਇਕ ਅਲੱਗ ਸ਼ੋਕ ਸਭਾ ਕੀਤੀ ਗਈ, ਜਿਸ ਵਿਚ ਜੱਨਰਲ ਟੋਜੋ ਨੇ ਭੀ ਭਾਸ਼ਨ ਦਿਤਾ ਤੇ ਹਿੰਦੀ ਦੇਸ਼ ਭਗਤਾਂ ਨੂੰ ਸ਼ਰਧਾਂਜਲੀ ਪੇਸ਼ ਕੀਤੀ। ਇਸ ਕਾਨਫਰੰਸ ਤੇ ਅਹਿਮ ਫੈਸ਼ਲੇ ਕੀਤੇ ਗਏ। ਜਿਨ੍ਹਾ ਵਿਚ ਇਹ ਭੀ ਕਿਹਾ ਗਿਆ ਕਿ ਹਿੰਦੋਸਤਾਨੀ ਪੂਰਨ ਅਜ਼ਾਦੀ ਚਾਹੁਦੇ ਹਨ, ਮਾਲਕਾਂ ਦੀ ਤਬਦੀਲ਼ੀ ਨਹੀ। ਇਸ ਕਰਕੇ ਜੇ ਅੰਗਰੇਜ਼ਾਂ ਤੋਂ ਅਜ਼ਾਦੀ ਪ੍ਰਾਪਤ ਕਰਨ ਪਿਛੋਂ ਕਿਸੇ ਹੋਰ ਦੇਸ਼ ਨੇ ਹਿੰਦੋਸਤਾਨ ਪਰ ਕਬਜ਼ਾ ਕਰਨ ਦਾ ਯਤਨ ਕੀਤਾ ਤਾਂ ਹਿੰਦੋਸਤਾਨੀ ਦੇਸ਼ ਭਗਤ ਉਸ ਵਿਰੁਧ ਬਗ਼ਾਬਤ ਕਰਨ ਤੋਂ ਭੀ ਸੰਕੋਚ ਨਹੀ ਕਰਨਗੇ। ਕਾਨਫਰੰਸ ਤੋਂ ਹਿੰਦੋਸਤਾਨੀ ਡੇਲੀਗੇਟ ਨਵੀਆਂ ਉਮੰਗਾਂ ਨਵਾਂ ਉਤਸ਼ਾਹ ਤੇ ਨਵੀਂ ਪ੍ਰੇਰਨਾ ਲੈ ਕੇ ਵਾਪਸ ਆਏ ਤੇ ਅਜ਼ਾਦੀ ਲਈ ਆਪਣੀਆਂ ਸਰਗਰਮੀਆਂ ਹੋਰ ਭੀ ਤੇਜ਼ ਕਰ ਦਿਤੀਆਂ।

ਜਪਾਨੀਆਂ ਨੂੰ ਇਸ ਤੋਂ ਪਿਛੋਂ ਬਰ੍ਹਮਾਂ ਵਿਚ ਕਈ ਨਵੀਆਂ ਕਾਮਯਾਬੀਆਂ ਮਿਲ ਚੁਕੀਆਂ ਸਨ। ਇਸ ਕਰਕੇ ਉਨ੍ਹਾਂ ਦਾ ਵਤੀਰਾ ਬਦਲ ਗਿਆ। ਜੱਨਰਲ ਮੋਹਣ ਸਿੰਘ ਜੀ ਤੇ ਸ੍ਰੀ ਰਾਸ ਬਿਹਾਰੀ ਬੋਸ ਵਿਚਕਾਰ ਭੀ ਕੁਝ ਮਤ ਭੇਦ ਪੈਦਾ ਹੋ ਗਏ। ਇਸ ਤੋਂ ਉਪਰੰਤ ੧੫ ਜੂਨ ਤੋਂ ੨੩ ਜੂਨ ੧੯੪੨ ਤਕ ਬੈਂਕਾਕ ਵਿਚ ਕਾਨਫਰੰਸ ਹੋਈ ਉਸ ਵਿਚ ਭੀ ਹਾਲਾਤ ਕਾਬੂ ਤੋਂ ਬਾਹਰ ਨਹੀ ਹੋਇ ਸਨ। ਪ੍ਰੰਤੂ ਪਿਛੋਂ ਜਨੱਰਲ ਮੋਹਨ ਸਿੰਘ ਜੀ ਤੇ ਜਾਪਾਨੀ ਫੌਜੀ ਜਰਨੈਲਾਂ ਦੀਆਂ ਹੋਈਆਂ ਝੜਪਾਂ ਨੇ ਹਾਲਾਤ ਖਰਾਬ ਕਰ ਦਿਤੇ। ਜਨੱਰਲ ਸਾਹਿਬ ਚਾਹੁੰਦੇ ਸਨ ਕਿ ਅਜ਼ਾਦ ਹਿੰਦ ਫੌਜ ਨੂੰ ਜਪਾਨੀ ਪੂਰੀਆਂ ਸਹੂਲਤਾਂ ਦੇਣ ਤੇ ਹਿੰਦੁਸਤਾਨੀ ਪ੍ਰਜਾ ਨਾਲ ਚੰਗਾ ਵਰਤਾਉ ਕਰਨ, ਪ੍ਰੰਤੂ ਕੁਝ ਤਾਂ ਜੰਗ ਤੋਂ ਪੈਦਾ ਹੋਈਆਂ ਰਾਸ਼ਨ ਆਦ ਦੀਆਂ ਤੰਗੀਆਂ ਦੇ ਕਾਰਨ ਜਪਾਨੀ ਪੂਰੀ ਸਪਲਾਈ ਨਾ ਕਰ ਸਕੇ, ਤੇ ਕੁਝ ਉਨ੍ਹਾਂ ਦੇ ਦਿਲਾਂ ਵਿੱਚ ਇਹ ਭੀ ਖਿਆਲ ਕੰਮ ਕਰ ਰਿਹਾ ਸੀ ਕਿ ਜੇ ਆਈ. ਐਨ. ਏ. ਬਹੁਤ ਮਜ਼ਬੂਤ ਹੋ ਗਈ ਤਾਂ ਇਹ ਸਾਡੇ ਕਾ[illegible] ਬਾਹਰ ਹੋ ਜਾਵੇਗੀ।

ਇਨ੍ਹਾਂ ਗਲਾਂ ਕਰਕੇ ਦੋਹੀਂ ਪਾਸੀਂ ਮਤਭੇਦ ਵਧ ਗਏ। ਕਈ ਹੋਰ ਭੀ ਕਾਰਣ ਸਨ ਜਿੰਨ੍ਹਾਂ ਦਾ ਵਿਸਥਾਰ ਨਾਲ ਜ਼ਿਕਰ ਕਰਨਾ ਵਿਸਥਾਰ ਦੇ ਡਰ ਤੋਂ ਕਠਨ ਹੈ। ਅੰਤ ਵਿਚ ਮਤਭੇਦ ਇਤਨੇ ਵਧੇ ਕਿ ਜਪਾਨੀਆਂ ਨੇ ਕਰਨਲ ਨਿਰੰਜਨ ਸਿੰਘ ਗਿੱਲ ਨੂੰ ਗਿਰਫਤਾਰ ਕਰ ਲਿਆ। ਜੱਨਰਲ਼ ਮੋਹਣ ਸਿੰਘ ਜੀ ਦੀ ਗਿਰਫਤਾਰੀ ਦੀਆਂ ਅਫਵਾਹਾਂ ਭੀ ਗਰਮ ਸਨ। ਇਸ ਕਰਕੇ ਆਪ ਨੇ ਇਕ ਗੁਪਤ ਆਰਡਰ ਲਿਖ ਕੇ ਤੇ ਲਫਾਫਿਆਂ ਵਿਚ ਬੰਦ ਕਰ ਕੇ ਸਾਰੀਆਂ ਯੂਨਿਟਾਂ ਦੇ ਅਫਸਰਾਂ ਪਾਸ ਭੇਜ ਦਿਤਾ ਤੇ ਕਿਹਾ ਕਿ ਜੇ ਜਪਾਨੀ ਮੈਨੂੰ ਗਿਰਫਤਾਰ ਕਰ ਲੈਣ ਤਾਂ ਤੁਸੀਂ ਸਾਰਿਆਂ ਨੇ ਇਸ ਹੁਕਮ ਨਾਮੇ ਵਿਚ ਲਿਖੀਆਂ ਹੋਈਆਂ ਹਦਾਇਤਾਂ ਪਰ ਅਮਲ ਕਰਨਾ। ਇਥੇ ਇਹ ਪ੍ਰਗਟ ਕਰਨਾ ਭੀ ਜ਼ਰੂਰੀ ਹੈ ਕਿ ਭਾਵੇਂ ਸ੍ਰੀ ਰਾਸ ਬਿਹਾਰੀਬੋਸ ਦੀ ਨੀਯਤ ਪਰ ਸ਼ੱਕ ਕਰਨਾ ਉਨ੍ਹਾਂ ਦੀ ਦੇਸ਼ ਭਗਤੀ ਨੂੰ ਧੱਬਾ ਲਗਾਉਣਾ ਹੈ ਪ੍ਰੰਤੂ ਇਹ ਗੱਲ ਸਾਫ ਹੈ ਕਿ ਜਿੰਨ੍ਹਾਂ ਸ਼ਰਤਾਂ ਪਰ ਉਹ ਜਪਾਨੀਆਂ ਨਾਲ ਮਿਲਵਰਤਨ ਕਰਨਾ ਚਾਹੁੰਦੇ ਸੀ, ਜਨਰਲ ਮੋਹਨ ਸਿੰਘ ਜੀ

Digitized by Panjab Digital Library | www.panjabdigilib.org

ਉਨ੍ਹਾਂ ਨੂੰ ਹਿੰਦੁਸਤਾਨੀ ਦੇਸ਼ ਭਗਤਾਂ ਦੇ ਵਕਾਰ ਲਈ ਬੁਰੀਆਂ ਸਮਝਦੇ ਸਨ। ਇਸ ਕਰਕੇ ਭਾਵੇਂ ਜਪਾਨੀਆਂ ਨੇ ਜਨਰਲ ਸਾਹਿਬ ਜੀ ਨੂੰ ਕਈ ਪ੍ਰਕਾਰ ਦੇ ਲਾਲਚ ਤੇ ਧਮਕੀਆਂ ਭੀ ਦਿੱਤੀਆਂ ਪ੍ਰੰਤੂ ਆਪ ਜੀ ਨੇ ਕਿਸੇ ਗੱਲ ਦੀ ਪ੍ਰਵਾਹ ਨਾ ਕੀਤੀ। ਸ੍ਰੀ ਰਾਸ ਬਿਹਾਰੀ ਬੋਸ ਨੇ ਭੀ ਬਹੁਤ ਯਤਨ ਕੀਤਾ ਕਿ ਜਨਰਲ ਸਾਹਿਬ ਹਠ ਤੋਂ ਬਾਜ਼ ਆ ਜਾਣ ਪਰ ਆਪ ਡਟੇ ਹੀ ਰਹੇ। ਆਖਰ ਜਪਾਨੀਆਂ ਨੇ ਆਪ ਨੂੰ ਗਿਰਫਤਾਰ ਕਰ ਲਿਆ ਅਤੇ ਆਪ ਜੀ ਦੇ ਗੁਪਤ ਹੁਕਮ ਨਾਮੇ ਅਨੁਸਾਰ ਆਈ. ਐਨ. ਏ. ਤੋੜ ਦਿੱਤੀ ਗਈ।

## ਨਿਪਨ ਅਥਬਾ ਜਾਪਾਨੀ ਸਰਕਾਰ

ਜਾਪਾਨੀ ਸਰਕਾਰ ਦਾ ਨਾਉਂ, ਉਨ੍ਹਾਂ ਦੀ ਅਸਲੀ ਬੋਲੀ ਵਿਚ ਨਿਪੁਨ ਸਰਕਾਰ ਕਰਕੇ ਸਦਿੱਆ ਜਾਂਦਾ ਹੈ ਕਿਉਂਕਿ ਜਪਾਨੀ ਲਿਪੀ ਵਿਚ "ਜ" ਅਖਰ ਦਾ ਉਚਾਰਨ 'ਨ' ਅਖਰ ਨਾਲ ਕੀਤਾ ਜਾਂਦਾ ਹੈ। ਜੋ ਜੰਗ ਸਮੇਂ ਜਪਾਨੀ ਅਫਸਰਾਂ ਪਾਸੋ ਪੁਛ ਗਿਛ ਕਰਨ ਪਰ ਪਤਾ ਲਗਾ ਸੀ। ਜਿਥੇ ਦੂਜੀ ਜੰਗ ਦੇ ਬਦੱਲ ਸਾਰੇ ਯੂਰਪ ਤੇ ਛਾ ਗਏ ਓਥੇ ਏਸ਼ੀਆਂ ਵੀ ਇੰਨਾਂ ਤੋਂ ਨਾ ਬਚ ਸਕਿਆ। ਧੁਰ ਪੂਰਬ ਵਿੱਚ ਜਪਾਨੀ ਸਰਕਾਰ ਨੇ ਇਤਹਾਦੀ ਧੜੇ ਦੇ ਵਿਰੁੱਧ ਦੂਜੇ ਧੜੇ ਵਿੱਚ ਸਾਮਲ ਹੋਕੇ ਬਰ੍ਹਮਾਂ ਅਤੇ ਮਲਾਇਆ ਤੇ ਇਕ ਦਮ ਹੱਲਾ ਬੋਲ ਦਿਤਾ ਅੰਧਾ ਧੁੰਦ ਬੰਬਬਾਰੀ ਨੇ ਕਈ ਬਾਰੀ ਬਰ੍ਹਮਾਂ ਅਤੇ ਮਲਾਇਆ ਦੇ ਸ਼ਹਿਰ ਮਿਟੀ ਦਾ ਢੇਰ ਬਣਾ ਦਿਤੇ। ਲੋਕ ਸ਼ਹਿਰ ਛਡ ਕੇ ਜੰਗਲਾਂ ਵਿੱਚ ਜਾ ਵੱਸੇ, ਆਉਣ ਜਾਣ ਲਈ ਕਾਫੀ ਔਕੜਾਂ ਆਈਆਂ ਅਤੇ ਬਰ੍ਹਮਾਂ ਅਤੇ ਮਲਾਇਆ ਦੀ ਕੋਈ ਖਾਸ ਜਥੇ ਬੰਦੀ ਨਾ ਰਹੀ, ਅਤੇ ਆਜ਼ਾਦੀ ਦੇ ਘੋਲ ਲਈ ਕਈ ਸੰਸਥਾਵਾਂ ਕਾਇਮ ਹੋਗਈਆਂ, ਤੇ ਸਾਰੀਆਂ ਦਾ ਧਿਆਨਾ ਵਧੇਰੇ ਕਰਕੇ ਇਸ ਪਾਸੇ ਖਿਚਿਆ ਗਿਆ ਆਜ਼ਾਦੀ ਦੇ ਘੋਲ ਵਿਚ ਬਰ੍ਹਮਾ ਅਤੇ ਮਲਾਇਆ ਦੇ ਸਿਖਾਂ ਨੇ ਵੀ ਵੱਧ ਚੜ ਕੇ ਹਿਸਾ ਲਿਆ।

ਦੇਸ ਕੌਮ ਦੇ ਵਾਸਤੇ ਮੇਲਣ ਐਸਾ ਮੇਲ  
ਸੀਸ ਤਲੀ ਤੇ ਰਖਕੇ ਕਰਨ ਮੌਤ ਨਾਲ ਖੇਲ

## ਇੰਡੀਅਨ ਇੰਡੀਪੈਂਡਸ ਲੀਗ

ਫਖਰੇ ਕੌਮ ਬਾਬਾ ਅਮਰ ਸਿੰਘ ਜੀ ਕੇਹਰ ਪੰਜਾਬ ਸ਼ੇਰਪੁਰਾ ਕਲਾਂ ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਜੋ ਬਾਈ ਸਾਲ ਦਾ ਸਮਾਂ ਬਰ੍ਹਮਾਂ ਦੀਆਂ ਜਿਹਲਾਂ ਵਿਖੇ ਅੰਗਰੇਜ਼ਾਂ ਦੇ ਸਮੇਂ ਰਤੇ ਮਿਹਮਾਨ, ਮਾਂਡਲਾ ਸ਼ਾਜਸ਼ ਦੇ ਮੋਢੀ ਹੋਣ ਤੇ ਰਹਿ ਰਹੇ ਸਨ, ਅੰਤ ਅੰਗਰੇਜੀ ਸਰਕਾਰ ਨੇ ਬਰ੍ਹਮਾ ਤੋਂ ਪੰਜਾਬ ਵਿੱਚ ਲਿਆਕੇ ਰਿਹਾ ਕਰ ਦਿਤੇ। ਆਪ ਭਾਵੇਂ ਬਿਰਧ ਹੋ ਚੁਕੇ ਸਨ ਪਰ ਆਪ ਦਾ ਦਿਲ ਆਜ਼ਾਦੀ ਦੀ ਲਗਨ ਵਿੱਚ ਨੌਜੁਆਨਾ ਨਾਲੋਂ ਵੀ ਭਰਪੂਰ ਸੀ। ਆਪ ਨੂੰ ਇਹ ਨਿਸਚਾ ਹੋਗਿਆ ਸੀ ਕਿ ਜਿਨਾਂ ਚਿਰ ਅੰਗਰੇਜ਼ੀ ਹਕੂਮਤ ਨੂੰ ਬਾਹਰੋਂ ਸੱਟ ਨਹੀਂ ਮਾਰੀ ਜਾਵੇਗੀ, ਉਨਾਂ ਚਿਰ ਇਹ ਕਾਂਗਰਸੀਆਂ ਦੇ ਨਾਹਰਿਆ ਨਾਲ ਨਿਕਲਨ ਵਾਲੀ ਨਹੀਂ। ਸੋ ਇਸੇ

Digitized by Panjab Digital Library | www.panjabdigilib.org

ਧੂੰਨ ਵਿੱਚ ਆਪ ਪੰਜਾਬ ਸਰਕਾਰ ਦੇ ਕਰਮ ਚਾਰੀਆਂ ਦੇ ਅਖੀਂ ਘਟਾ ਪਾਕੇ ਮੱਧ ਹਿੰਦ ਵਿੱਚ ਦੀ ਹੁੰਦੇ ਹੋਏ ਮਨੀਪੁਰ ਦੇ ਪਹਾੜਾਂ ਵਿੱਚ ਦੀ ਪੈਦਲ ਚਲਕੇ ਬਰਮਾਂ ਦੇ ਪ੍ਰਸਿੱਧ ਸ਼ਹਿਰ ਟੌਂਜੀ ਵਿੱਚ ਦੀ ਬਿਖੜੇ ਪਹਾੜਾਂ ਨੂੰ ਲੰਘਦੇ, ਤੇ ਰਸਤੇ ਦੀਆਂ ਔਕੜਾ ਨੂੰ ਸਿਰ ਮੱਥੇ ਸਹਾਰ ਦੇ ਹੋਏ ਸਿਆਮ ਦੀ ਰਾਜਧਾਨੀ ਬੰਕੌਕ ਪੁੱਜ ਗਏ।

ਓਥੇ ਜਾਕੇ ਆਪ ਨੇ ਓਥੋਂ ਦੇ ਵਸਨੀਕਾਂ ਅਤੇ ਖਾਸ ਕਰ ਓਥੇ ਰਹਿ ਰਹੇ ਸਿਖਾਂ ਨਾਲ ਖਿਆਲਾਂ ਦਾ ਵਿਟਾਂਦਰਾ ਕੀਤਾ, ਅਤੇ ਉਨਾਂ ਨੂੰ ਆਪਣਾ ਦਿਲੀ ਪਰੋਗ੍ਰਾਮ ਦਸਿਆ। ਜਿਸ ਨੂੰ ਉਨ੍ਹਾਂ ਬੜੀ ਖੁਸ਼ੀ ਨਾਲ ਪ੍ਰਵਾਨ ਕੀਤਾ, ਅਤੇ ਗਿ: ਪ੍ਰੀਤਮ ਸਿੰਘ ਜੀ ਵਰਗੇ ਕਈ ਨੌਜਵਾਨ ਸਿੱਖ ਆਪਦੇ ਨਾਲ ਮੈਦਾਨ ਵਿੱਚ ਉਤਰ ਆਏ। ਆਪ ਦੀ ਪ੍ਰਧਾਨਗੀ ਹੇਠ ਹੀ ਉਪ੍ਰੋਕਤ ਨਾਮ ਦੀ ਸੰਸਥਾ ਕਾਇਮ ਕੀਤੀ "ਜਿਸ ਦਾ ਆਦਰਸ਼ ਅੰਗਰੇਜ਼ੀ ਸਰਕਾਰ ਨਾਲ ਹਥਿਆਰ ਬੰਦ ਟੱਕਰ ਲਾਕੇ ਉਸਨੂੰ ਹਿੰਦ ਵਿੱਚੋਂ ਖਤਮ ਕਰਨਾ ਸੀ"। ਆਪ ਦਾ ਪ੍ਰੋਗਰਾਮ ਲੈਕੇ ਬਹੁਤ ਸਾਰੇ ਨੌਜੁਆਨ ਸਿਆਮ, ਕਿਡਾਹ, ਪੀਨਾਂਗ, ਮਲ਼ਾਇਆ ਅਤੇ ਸਿੰਘਾ ਪੁਰ ਤੱਕ ਪੁੱਜ ਗਏ, ਜਿਸ ਦੀਆਂ ਥਾਂ ਪੁਰ ਥਾਂ ਸ਼ਾਖਾਂ ਕਾਇਮ ਕਰਕੇ ਉਪ੍ਰੋਕਤ ਆਦਰਸ਼ ਦੀ ਪ੍ਰਾਪਤੀ ਦਾ ਪ੍ਰਚਾਰ ਅਰੰਭ ਦਿੱਤਾ। ਹਜ਼ਾਰਾਂ ਨੌਜੁਆਨ ਇਸ ਵਿੱਚ ਭਰਤੀ ਹੋ ਗਏ, ਇੰਡੀਅਨ ਇੰਨਡੀਪੈਨਡੈਂਨਸ ਲੀਗ ਆਪਣਾ ਪ੍ਰੋਗਰਾਮ ਅਜੇ ਜੰਨਤਾ ਦੇ ਅਗੇ ਰੱਖ ਹੀ ਰਹੀ ਸੀ ਕਿ ਜਾਪਾਨ ਵਲੋਂ ਇਕ ਦਮ ਬਰ੍ਹਮਾ ਮਲਾਇਆ ਪਰ ਹਮਲਾ ਕੀਤਾ ਗਿਆ ਅਤੇ ਕੁਝ ਦਿਨਾ ਦੇ ਅੰਦਰ ਹੀ ਸਿੰਘਾ ਪੁਰ ਤੱਕ ਉਨ੍ਹਾਂ ਕਬਜਾ ਕਰ ਲਿਆ, ਅਤੇ ਅੰਗਰੇਜ਼ੀ ਫ਼ੌਜ ਜੋ ਅੰਗਰੇਜ਼ ਸਰਕਾਰ ਵਲੋਂ ਮਲਾਇਆ ਦੀ ਰਾਖੀ ਲਈ ਘੱਲੀ ਗਈ ਸੀ ਅਜ਼ਾਦ ਹਿੰਦ ਫ਼ੌਜ ਜਪਾਨੀਆਂ ਦੇ ਕਬਜ਼ੇ ਵਿੱਚ ਆ ਗਈ।

ਸ੍ਰੀਮਾਨ ਬਾਬਾ ਅਮਰ ਸਿੰਘ ਜੀ ਅਤੇ ਗਿਆਨੀ ਪ੍ਰੀਤਮ ਸਿੰਘ ਜੀ ਅਤੇ ਹੋਰ ਕਈ ਇਕ ਪ੍ਰਸਿਧ ਹਸਤੀਆਂ ਦੇ ਕਾਰਣ ਤੇ ਕਹਿਣ ਪਰ ਕੈਪਟਨ ਮੋਹਣ ਸਿੰਘ ਜੀ ਅਗੇ ਆਏ, ਅਤੇ ਉਪ੍ਰੋਕਤ ਨਾਮ ਦੀ ਫ਼ੌਜ ੧੯੪੨ ਵਿੱਚ ਕਾਇਮ ਕੀਤੀ ਗਈ, ਅਤੇ ਸਰਬ ਸ਼ੰਮਤੀ ਨਾਲ ਇਸ ਫ਼ੌਜ ਦੇ ਜਰਨੈਲ ਸ੍ਰ: ਮੋਹਣ ਸਿੰਘ ਜੀ ਨੀਯਤ ਕੀਤੇ ਗਏ। ਜਨੱਰਲ ਮੋਹਣ ਸਿੰਘ ਨੇ ਬਹੁਤ ਕੰਮ ਕੀਤਾ, ਪਰ ਜਪਾਨ ਗੌਰਮਿੰਟ ਵਲੋਂ ਆਪ ਅਗੇ ਕੁੱਝ ਸ਼ਰਤਾਂ ਪੇਸ਼ ਕੀਤੀਆਂ ਗਈਆਂ, ਜੋ ਕਿ ਭਾਰਤ ਦੀ ਅਜ਼ਾਦੀ ਦੇ ਵਿੱਚ ਸਹਾਇਕ ਹੋਣ ਦੀ ਥਾਂ ਰੁਕਾਵਟ ਹੀ ਨਹੀਂ ਸਗੋਂ ਇਕ ਦੀ ਪਜਾਲੀ ਗਲ਼ੋਂ ਲਾਹ ਕੇ ਦੂਜੇ ਦੀ ਪੰਜਾਲੀ ਗਲ ਪਾਉਣ ਦੇ ਤੁਲ ਸਨ। ਜਿੰਨ੍ਹਾਂ ਨੂੰ ਸਵੀਕਾਰ ਕਰਨਾ ਦੇਸ਼ ਨਾਲ ਗੁਦਾਰੀ ਕਰਨੀ ਜਾਣਕੇ ਆਪ ਨੇ ਉਹ ਸ਼ਰਤਾਂ ਠੁਕਰਾ ਦਿੱਤੀਆਂ ਤੇ ਅਜ਼ਾਦ ਹਿੰਦ ਫ਼ੌਜ ਤੋੜ ਦਿੱਤੀ। ਜਿਸ ਪਰ ਜਪਾਨੀਆਂ ਨੇ ਆਪ ਨੂੰ ਕੈਦ ਕਰ ਲਿਆ, ਜੱਨਰਲ ਮੋਹਣ ਸਿੰਘ ਜੀ ਦੇ ਕੈਦ ਕਰ ਲੈਣ, ਅਤੇ ਆਜ਼ਾਦ ਹਿੰਦ ਫ਼ੌਜ ਦੇ ਟੁੱਟ ਜਾਣ ਤੋਂ ਸਾਰਾ ਕੰਮ ਹੀ ਵਿਗੜਦਾ ਵੇਖਿਆ ਤਾਂ, ਜਾਪਾਨ ਸਰਕਾਰ ਨੇ ਜੂਨ ੧੯੪੩ ਵਿਖੇ ਸ੍ਰੀ ਮਾਨ ਸੁਭਾਸ ਚੰਦਰ ਬੋਸ ਨੂੰ ਜਰਮਨੀ ਤੋਂ ਮੰਗਵਾ ਲਿਆ ਜੋ ੧੯੪੩ ਵਿਖੇ ਜਾਪਾਨ ਦੇ ਪ੍ਰਧਾਨ ਮੰਤਰੀ ਜੱਨਰਲ ਟੌਜੋ ਨਾਲ ਸਿੰਘਾਪੁਰ ਆਏ, ਅਤੇ ਦੁਬਾਰਾ ਅਜ਼ਾਦ ਹਿੰਦ ਫ਼ੌਜ ਕਾਇਮ ਕੀਤੀ ਗਈ ਅਤੇ ਪਹਿਲਾਂ ਵਾਂਗ ਹੀ ਜੋਸ਼ ਨਾਲ ਕੰਮ ਅਰੰਭ ਕੀਤਾ

Digitized by Panjab Digital Library | www.panjabdigilib.org

ਗਿਆ " ਜਿਸ ਦੇ ਕਈ ਭਾਗ :– ਰਾਣੀ ਝਾਂਸੀ ਰਜ਼ਮੈਂਟ, ਆਜ਼ਾਦ ਹਿੰਦ ਦਲ ਆਦਿ ਨਾ ਰੱਖੇ ਗਏ" ਅਤੇ ਅਜ਼ਾਦ ਹਿੰਦ ਫ਼ੌਜ਼ ਦੀ ਪੂਰੀ ਤਿਆਰੀ ਕੀਤੀ ਗਈ ।

ਇਸ ਤੋਂ ਪ੍ਰੈਲਾਂ ਸ੍ਰੀ ਰਾਸ ਬਿਹਾਰੀ ਬੋਸ ਨੇ ਅਜ਼ਾਦ ਹਿੰਦ ਫੌਜ ਨੂੰ ਨਵੇਂ ਸਿਰੇ ਤੋਂ ਜਥੇਬੰਦ ਕਰਨ ਦਾ ਯਤਨ ਕੀਤਾ ਸੀ ਪ੍ਰੰਤੂ ਉਨ੍ਹਾਂ ਨੂੰ ਸਫਲਤਾ ਨਾ ਹੋਈ। ਫੌਜੀ ਅਫਸਰ ਜੱਨਰਲ ਸਾਹਿਬ ਦੀ ਬਹੁਤ ਇਜ਼ਤ ਕਰਦੇ ਸਨ। ਇਸ ਲਈ ਉਨ੍ਹਾਂ ਦੇ ਹੁਕਮ ਅਨੁਸਾਰ ਹੀ ਕੰਮ ਕਰਨੇ ਚਾਹੁੰਦੇ ਸਨ। ਸ੍ਰੀ ਰਾਸ ਬਿਹਾਰੀ ਜੀ ਨੇ ਇੰਡੀਪੈਂਡੈਂਸ ਆਫ ਇੰਡੀਆ ਲੀਗ ਨੂੰ ਚਲਾਇਆ। ਜੱਨਰਲ ਸਾਹਿਬ ਦੀ ਗ੍ਰਿਫ਼ਤਾਰੀ ਤੋਂ ਪਿਛੋਂ ਹਿੰਦੋਸਤਾਨੀਆਂ ਦੇ ਦਿਲ ਢਹਿ ਗਏ, ਪ੍ਰੰਤੂ ਕਈ ਸਜਨਾ ਨੇ ਜੋ ਇਸ ਲਹਿਰ ਨੂੰ ਮੁੜ ਸੁਰਜੀਤ ਕਰਨਾ ਚਾਹੁੰਦੇ ਸਨ, ਉਨ੍ਹਾ ਸ੍ਰੀ ਸੁਭਾਸ਼ ਚੰਦਰ ਜੀ ਬੋਸ ਨੂੰ ਜਰਮਨੀ ਵਿਚ ਲਿਖਿਆ ਕਿ ਉਹ ਪੂਰਬੀ ਏਸ਼ੀਆ ਵਿਚ ਆਕੇ ਅੱਗਵਾਈ ਕਰਨ ।

ਭਾਵੇਂ ਨੇਤਾ ਜੀ ਨੇ ਜਰਮਨੀ ਵਿਚ ਆਜ਼ਾਦ ਹਿੰਦ ਫੌਜ਼ ਕਾਇਮ ਕੀਤੀ ਹੋਈ ਸੀ ਤੇ ਉਹ ਬ੍ਰਤਾਨਵੀ ਸਾਮਰਾਜ ਵਿਰੁਧ ਆਖਰੀ ਦਮ ਤੱਕ ਲੜਨ ਲਈ ਤਿਆਰ ਸਨ ਪ੍ਰੰਤੂ ਜਦ ਉਨ੍ਹਾਂ ਨੂੰ ਪਤਾ ਲਗਿਆ ਕਿ ਪੂਰਬੀ ਏਸ਼ੀਆ ਵਿਚ ਬਹੁਤ ਸਾਰੇ ਹਿੰਦੋਸਤਾਨੀ ਦੇਸ਼ ਭਗਤ ਉਨ੍ਹਾ ਦੀ ਉਡੀਕ ਕਰ ਰਹੇ ਹਨ ਤੇ ਜਾਪਾਨੀ ਫੌਜਾਂ ਦੀ ਮਦਦ ਨਾਲ ਹਿੰਦੋਸਤਾਨ ਵਿਚੋਂ ਅੰਗਰੇਜ਼ਾਂ ਨੂੰ ਕਢਣ ਦਾ ਸਮਾਂ ਆਇਆ ਹੈ, ਤਾਂ ਆਪ ਇਕ ਡੁਬਕਣੀ ਕਿਸ਼ਤੀ ਵਿੱਚ ਬਹਿ ਕੇ ਟੋਕੀਉ ਪਹੁੰਚ ਗਏ। ਟੋਕੀਉ ਪੁਜਦੇ ਹੀ ਆਪ ਨੇ ਉਨ੍ਹਾ ਕਾਰਨਾ ਦੀ ਪੜਤਾਲ ਕੀਤੀ, ਜਿਨ੍ਹਾ ਕਰਕੇ ਪਹਿਲੀ ਅਜ਼ਾਦ ਹਿੰਦ ਫੌਜ ਟੁਟ ਗਈ ਸੀ ਅਤੇ ਜਪਾਨੀ ਅਫਸਰਾਂ ਤੇ ਜ਼ੋਰ ਦਿਤਾ ਕਿ ਉਹ ਹਿੰਦੋਸਤਾਨ ਨੂੰ ਇਸ ਪ੍ਰਕਾਰ ਦੀ ਸਹਾਇਤਾ ਦੇਣ ਕਿ ਉਨ੍ਹਾ ਦੇ ਦੇਸ਼ ਵਾਸੀਆਂ ਨੂੰ ਭੀ ਧੱਕਾ ਨਾ ਲਗੇ ਤੇ ਉਹ ਆਪਣੇ ਦੇਸ਼ ਦੀ ਅਜ਼ਾਦੀ ਲਈ ਭੀ ਲੜ ਸਕਣ। ਜਾਪਾਨੀ ਅਫਸਰ ਭੀ ਹੁਣ ਆਪਣੀ ਪਹਿਲੀ ਗਲਤੀ ਨੂੰ ਅਨਭਵ ਕਰ ਚੁਕੇ ਸਨ। ਇਸ ਕਰਕੇ ਨੇਤਾ ਜੀ ਦੀ ਪ੍ਰਭਾਵਸ਼ਾਲੀ ਸ਼ਖਸੀਅਤ ਦੇ ਕਾਰਣ ਉਹ ਨਵੇਂ ਸਿਰੇ ਗੈਰਮਸ਼ਰੂਤ ਮਦਦ ਕਰਨ ਲਈ ਤਿਆਰ ਹੋ ਗਏ। ਨੇਤਾ ਜੀ ਨੇ ਟੋਕੀਉ ਦੇ ਸਟੇਸ਼ਨ ਤੋਂ ਹਿੰਦੀਆਂ ਦੇ ਨਾਮ ਜੋ ਸੰਦੇਸ਼ ਭੇਜਿਆ ਉਸ ਨੇ ਉਨ੍ਹਾ ਵਿਚ ਨਵਾਂ ਉਤਸ਼ਾਹ ਤੇ ਜੋਸ਼ ਪੈਦਾ ਕਰ ਦਿਤਾ।

ਹੁਣ ਪੂਰਬੀ ਏਸ਼ੀਆ ਦੇ ਹਿੰਦੋਸਤਾਨੀ ਨਵੇਂ ਸਿਰੇ ਮੋਢੇ ਛੰਡਕੇ ਲੜਨ ਲਈ ਤਿਆਰ ਹੋ ਗਏ ਤੇ ਹਿੰਦੀ ਦੇਸ਼ ਭਗਤਾਂ ਵਿੱਚ ਨਵੀਂ ਰੂਹ ਫੂਕੀ ਗਈ । ਜਦ ਨੇਤਾ ਜੀ ਨੇ ਮਲਾਇਆ ਆਦਿ ਦੇਸ਼ਾਂ ਦਾ ਦੌਰਾ ਕਰਕੇ ਅੰਗਰੇਜ਼ਾਂ ਦੀ ਗੁਲਾਮੀ ਤੋਂ ਘ੍ਰਿਣਾ ਪੈਦਾ ਕਰਨ ਵਾਲੀਆਂ ਪ੍ਰਭਾਵਸ਼ਾਲੀ ਤਕਰੀਰਾਂ ਕੀਤੀਆਂ ਤਾਂ ਹਰ ਹਿੰਦੋਸਤਾਨੀ ਆਪਣਾ ਤਨ ਮਨ ਧਨ ਕੁਰਬਾਨ ਕਰਨ ਲਈ ਤਿਆਰ ਹੋ ਗਿਆ । ਨੇਤਾ ਜੀ ਦਾ ਹਿੰਦੋਸਤਾਨੀਆਂ ਨੇ ਜੋ ਸ਼ਾਨਦਾਰ ਸਵਾਗਤ ਕੀਤਾ, ਉਹ ਹਿੰਦੋਸਤਾਨ ਦੀ ਆਜ਼ਾਦੀ ਦੇ ਇਤਹਾਸ ਵਿੱਚ ਇਕ ਸਦਾ ਯਾਦ ਰਹਿਣ ਵਾਲੀ ਗੱਲ ਹੈ। ਨੇਤਾ ਜੀ ਨੂੰ ਕਈ ਵੇਰ ਚਾਂਦੀ ਸੋਨੇ ਨਾਲ ਤੋਲਿਆ ਗਿਆ ਤੇ ਕਈ ਹਿੰਦੀ ਦੇਸ਼ ਭਗਤਾਂ ਨੇ ਤਾਂ ਆਪਣੀ ਸਾਰੀ ਦੀ ਸਾਰੀ ਜਾਇਦਾਦ ਹੀ ਆਜ਼ਾਦ ਹਿੰਦ ਸਰਕਾਰ ਦੇ ਹਵਾਲੇ ਕਰ ਦਿੱਤੀ ।

Digitized by Panjab Digital Library | www.panjabdigilib.org

ਹੁਣ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਜਾਪਾਨੀਆਂ ਅਗੇ ਇਹ ਸ਼ਰਤਾਂ ਪੇਸ਼ ਕੀਤੀਆਂ ਕਿ ਜੇ ਆਜ਼ਾਦ ਹਿੰਦ ਫ਼ੌਜ ਪਾਸੋਂ ਹਿੰਦੋਸਤਾਨ ਪਰ ਹਮਲਾ ਕਰਵਾਇਆ ਜਾਣਾ ਹੈ, ਤਾਂ ਹਿੰਦੋਸਤਾਨੀਆਂ ਦੀ ਆਪਣੀ ਸਰਕਾਰ ਹੋਣੀ ਚਾਹੀਦੀ ਹੈ। ਤਾਕਿ ਜੇਹੜਾ ਇਲਾਕਾ ਆਜ਼ਦ ਕਰਾਇਆ ਜਾਵੇ ਉਸ ਦਾ ਕਬਜ਼ਾ ਹਿੰਦੋਸਤਾਨੀ ਸਰਕਾਰ ਦੇ ਹਵਾਲੇ ਕੀਤਾ ਜਾਵੇ। ਜਾਪਾਨੀ ਇਹ ਗੱਲ ਪ੍ਰਵਾਨ ਕਰਦੇ ਸਨ। ਇਸ ਲਈ ਹੁਣ ਇਕ ਹੋਰ ਸਵਾਲ ਪੈਦਾ ਹੋਇਆ ਕਿ ਜਿਸ ਸਰਕਾਰ ਦੇ ਅਧੀਨ ਕੋਈ ਇਲਾਕਾ ਨਾ ਹੋਵੇ ਉਸ ਨੂੰ ਪੂਰੇ ਅਧਿਕਾਰਾਂ ਵਾਲੀ ਸਰਕਾਰ ਨਹੀਂ ਮੰਨਿਆਂ ਜਾ ਸਕਦਾ। ਇਸ ਸਵਾਲ ਨੂੰ ਹੱਲ ਕਰਨ ਲਈ ਜਾਪਾਨੀਆਂ ਨੇ ਆਜ਼ਾਦ ਹਿੰਦ ਸਰਕਾਰ ਦੇ ਹਵਾਲੇ ਅੰਡੇਮਾਨ ਤੇ ਨਿਕੋਬਾਰ ਦੇ ਟਾਪੂ ਕਰ ਦਿੱਤੇ ਤਾਕਿ ਆਜ਼ਾਦ ਹਿੰਦ ਸਰਕਾਰ ਦੀ ਹੈਸੀਅਤ ਬੇਮੁਲਕ ਨਵਾਬ ਵਾਲੀ ਨਾ ਰਹੇ। ਨੇਤਾ ਜੀ ਨੇ ਜੋ ਆਰਜ਼ੀ ਆਜ਼ਾਦ ਹਿੰਦ ਸਰਕਾਰ ਬਣਾਈ ਉਸ ਦੀ ਵਜ਼ੀਰ ਮੰਡਲੀ ਵਿੱਚ ਹੇਠ ਲਿਖੇ ਆਦਮੀ ਸਨ।

ਪ੍ਰਧਾਨ ਮੰਤਰੀ, ਵਜ਼ੀਰ ਜੰਗ, ਤੇ ਵਦੇਸ਼ ਮੰਤਰੀ ਦੇ ਮਹਿਕਮੇ ਨੇਤਾ ਜੀ ਪਾਸ ਸਨ।

ਕੈਪਟਨ ਲਕਛਮੀ ਬਾਈ ਇਸਤ੍ਰੀ ਵਿਭਾਗ ਦੀ ਵਜ਼ੀਰ,<br>
ਐਸ. ਏ. ਆਇਰ ਪ੍ਰਾਪੇਗੰਡਾ ਵਜ਼ੀਰ,

ਲੈਫਟੀਨੈਂਟ ਕਰਨੱਲ ਏ. ਸੀ. ਚੈਟਰ ਜੀ ਵਜ਼ੀਰ ਖਾਜ਼ਾਨਾ,

ਆਜ਼ਾਦ ਹਿੰਦ ਫ਼ੌਜ ਵਲੋਂ ਨੇਤਾ ਜੀ ਦੇ ਸਲਾਹਕਾਰ ਹੇਠ ਲਿਖੇ ਸਜਨ ਨੀਯਤ ਹੋਇ:- ਕਰਨੱਲ ਅਜ਼ੀਜ਼ ਅਹਿਮਦ, ਕਰਨਲ ਐਨ. ਐਸ. ਭਗਤ, ਕਰਨਲ ਭੋਂਸਲੇ, ਕਰਨਲ ਗੁਲਜ਼ਾਰਾ ਸਿੰਘ ਜੀ, ਕਰਨਲ ਐਮ. ਜ਼ੈਡ. ਕਿਆਨੀ, ਕਰਨਲ ਏ. ਡੀ. ਲਗੂਨੰਦਨ, ਕਰਨਲ ਅਹਿਸਾਨ ਕਾਦਰ, ਜੱਨਰਲ ਸ਼ਾਹਨਿਵਾਜ਼। ੨੧ ਅਕਤੂਬਰ ੧੯੪੩ ਵਿੱਚ ਆਜ਼ਾਦ ਹਿੰਦ ਸਰਕਾਰ ਕਾਇਮ ਹੋਈ।

ਸ੍ਰੀ ਏ. ਐਮ ਸਹਾਇ ਸੈਕਟ੍ਰੀ ਅਤੇ ਸ੍ਰੀ ਰਾਸ ਬਿਹਾਰ ਬੋਸ ਵਡੇ ਸਲਾਹਕਾਰ ਨੀਯਤ ਹੋਇ ਇਸ ਤੋਂ ਢਿਲਾਵਾ ਮਿ: ਕਰੀਮ ਗਨੀ, ਡੈਬ ਨਾਥ ਦਾਸ, ਮਿ: ਜੀ. ਐਮ. ਖੰਨਾ, ਮਿ: ਏ ਬਾਲੀਆਪਾ, ਮਿ: ਜੇਥਿਵੀ, ਸ੍ਰ: ਈਸ਼ਰ ਸਿੰਘ ਸਿਆਮ, ਤੇ ਏ. ਐਨ. ਸਰਕਾਰ ਸਲਾਹਕਾਰ ਨੀਯਤ ਹੋਇ। ਜਿਸ ਸਮੇਂ ਸ੍ਰੀ ਸੁਭਾਸ਼ ਚੰਦਰ ਬੋਸ ਨੇ ਪ੍ਰਧਾਨ ਮੰਤਰੀ ਦੇ ਓਹਦੇ ਦਾ ਹਲਫ਼ ਉਠਾਇਆ ਤੇ ਈਸ਼ਵਰ ਨੂੰ ਹਾਜ਼ਰ ਨਾਜ਼ਰ ਜਾਣ ਕੇ ਪ੍ਰਣ ਲਿਆ ਕਿ ਜਦੋਂ ਤੱਕ ਮੇਰਾ ਦੇਸ਼ ਅਜ਼ਾਦ ਨਹੀ ਹੋ ਜਾਂਦਾ ਮੈਂ ਅਜ਼ਾਦੀ ਲਈ ਲੜੀ ਜਾ ਰਹੀ ਜੰਗ ਜਾਰੀ ਰਖਾਂਗਾ ਅਤੇ ਆਪਣੇ ਦੇਸ਼ ਦੇ ੩੮ ਕਰੋੜ ਵਾਸੀਆਂ ਦੀ ਉਨਤੀ ਅਜ਼ਾਦੀ ਤੇ ਖੁਸ਼ਹਾਲੀ ਲਈ ਖ਼ੂਨ ਦਾ ਆਖਰੀ ਕਤਰਾ ਬਹਾਉਣ ਤੋਂ ਭੀ ਸੰਕੋਚ ਨਹੀ ਕਰਾਂਗਾ। ਤਾਂ ਆਸਮਾਨ ਅਜ਼ਾਦ ਹਿੰਦੋਸਤਾਨ ਜ਼ਿੰਦਾਬਾਦ, ਨੇਤਾ ਜੀ ਸੁਭਾਸ਼ਚੰਦਰਬੋਸ ਜ਼ਿੰਦਾਬਾਦ ਦੇ ਨਾਹਰਿਆਂ ਨਾਲ ਗੂੰਜ ਉਠਿਆ।

ਨੋਟ :- ਆਜ਼ਾਦ ਹਿੰਦ ਸਰਕਾਰ ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਹੁਕਮ ਨਾਲ ਅੰਡੇਮਾਨ ਟਾਪੂਆਂ ਦਾ ਨਾਮ ਬਦਲ ਕੇ ਸ਼ਹੀਦ ਦੀਪ ਤੇ ਨਿਕੋਬਾਰ ਟਾਪੂਆਂ ਦਾ ਨਾਮ ਸ੍ਵਰਾਜ ਦੀਪ

Digitized by Panjab Digital Library | www.panjabdigilib.org

ਰੱਖ ਦਿੱਤਾ ਸੀ । ਇੰਨ੍ਹਾਂ ਦੇ ਪਹਿਲੇ ਚੀਫ ਕਮਿਸ਼ਨਰ ਕਰਨਲ ਲਗੂਨੰਦਨ ਨੀਯਤ ਕੀਤੇ ਗਏ । ਅੰਡੇਮਾਨ ਟਾਪੂਆਂ ਵਿੱਚ ਜਿਤਨੇ ਕੈਦੀ ਸਨ ਉਹ ਨੇਤਾ ਜੀ ਨੇ ਸਾਰੇ ਰਿਹਾ ਕਰ ਦਿੱਤੇ ਸਨ ਅਤੇ ਉਨ੍ਹਾਂ ਨੂੰ ਕਿਹਾ ਕਿ ਹੁਣ ਤੁਸੀਂ ਆਜ਼ਾਦ ਦੇਸ਼ ਦੇ ਬਾਸ਼ਿੰਦੇ ਹੋ । ਇਹ ਭੀ ਕੁਦਰਤ ਦਾ ਇਕ ਅਨੋਖਾ ਕ੍ਰਸ਼ਮਾ ਸੀ ਕਿ ਭਾਰਤ ਦੀ ਆਜ਼ਾਦੀ ਲਈ ਲੜਨ ਵਾਲੇ ਦੇਸ਼ ਭਗਤਾਂ ਨੂੰ ਜਿੰਨ੍ਹਾਂ ਟਾਪੂਆਂ ਵਿੱਚ ਕੈਦ ਕੀਤਾ ਜਾਂਦਾ ਸੀ ਉਹ ਸੱਭ ਤੋਂ ਪਹਿਲਾਂ ਆਜ਼ਾਦ ਹੋਇ। ਇਹ ਮੁਅਜਜ਼ਾ ਆਜ਼ਾਦੀ ਦੇ ਪ੍ਰਵਾਨਿਆਂ ਦੀਆਂ ਉਨ੍ਹਾਂ ਅਰਦਾਸਾਂ ਨਾਲ ਹੋਇਆ, ਜੋ ਸਾਲਾਂ ਬੱਧੀ ਅੰਡੇਮਾਨ ਦੀਆਂ ਕਾਲ ਕੋਠੜੀਆਂ ਵਿੱਚ ਬੰਦ ਰਹਿਕੇ ਆਜ਼ਾਦੀ ਦੇਵੀ ਦੀ ਆਰਾਧਨਾ ਕਰਦੇ ਰਹੇ ।

ਅਜ਼ਾਦ ਹਿੰਦ ਸਰਕਾਰ ਬਨਣ ਪਿਛੋਂ ਉਸ ਨੇ ਬਕਾਇਦਾ ਤੌਰ ਤੇ ੨੨ ਅਕਤੂਬਰ ੧੯੪੩ ਨੂੰ ਐਲਾਨ ਜੰਗ ਕੀਤਾ ਅਤੇ ਅਰਾਕਾਨ ਦੀਆਂ ਪਹਾੜੀਆਂ ਦੇ ਨੇੜੇ ਹਿੰਦੋਸਤਾਨ ਨੂੰ ਅਜ਼ਾਦ ਕਰਾਉਣ ਲਈ ਅਜ਼ਾਦ ਹਿੰਦ ਫ਼ੌਜ ਨੇ ਹਮਲਾ ਕੀਤਾ। ਇਸ ਹਮਲੇ ਵਿਚ ਭਾਰਤ ਮਾਤਾ ਦੇ ਬਹੁਤ ਸਾਰੇ ਬਹਾਦਰ ਸਪੁੱਤਰ ਹਿੰਦੋਸਤਾਨ ਦੀ ਆਜ਼ਾਦੀ ਲਈ ਆਪਣੀਆਂ ਕੀਮਤੀ ਜਾਨਾ ਕੁਰਬਾਨ ਕਰ ਗਏ। ਇਮਫਲ ਦਾ ਕਾਫੀ ਇਲਾਕਾ ਅਜ਼ਾਦ ਹਿੰਦ ਸਰਕਾਰ ਦੇ ਕਬਜ਼ੇ ਵਿਚ ਆਗਿਆ, ਤੇ ਅਜ਼ਾਦ ਹਿੰਦ ਫੌਜ "ਦਿਲੀ ਚਲੋ" ਦਾ ਨਾਹਰਾ ਮਾਰ ਮਾਰਕੇ ਅਗੇ ਵਧ ਰਹੀ ਸੀ ਕਿ ਜਰਮਨੀ ਦੇ ਰੂਸ ਪਰ ਹਮਲਾ ਕਰਨ ਦੀ ਗਲਤੀ ਦਾ ਇਹ ਫਲ ਹੋਇਆ ਕਿ ਜੰਗ ਦਾ ਪਾਸਾ ਧੁਰੇਰਾਸ਼ਟਰਾਂ ਦੇ ਵਿਰੁਧ ਪਲਟ ਗਿਆ ਅਤੇ ਜੰਗੀ ਤਾਕਤਾਂ ਦਾ ਤਵਾਜ਼ਨ ਕਾਇਮ ਨਾ ਰਹਿ ਸਕਿਆ।

ਰੂਸ ਵਿਚ ਜਰਮਨੀ ਦੀ ਹਾਰ ਦਾ ਅਸਰ ਸਾਰੇ ਥਾਵਾਂ ਤੇ ਲੜੀ ਜਾ ਰਹੀ ਜੰਗ ਪਰ ਪਿਆ। ਮਿਸਰ ਵਿਚ ਜਨਰਲ ਰੋਮੇਲ ਦੀ ਕਮਾਨ ਹੇਠ ਵਧੀਆ ਆਰਹੀਆਂ ਜਰਮਨ ਫੌਜਾਂ ਰੁਕ ਗਈਆਂ। ਅਮ੍ਰੀਕਾ ਨੇ ਬਹੁਤ ਸਾਰੀ ਤਾਕਤ ਜੋ ਰੀਜ਼ਰਵ ਰਖੀ ਹੋਈ ਸੀ ਜੰਗ ਵਿਚ ਝੋਕ ਦਿਤੀ ਤੇ ਜਪਾਨ ਦਾ ਹੌਂਸਲਾ ਤੋੜਨ ਲਈ ਐਟਮ ਬੰਬ ਦੀ ਵਰਤੋਂ ਕੀਤੀ ਗਈ। ਇਨ੍ਹਾ ਕਾਰਣਾ ਕਰਕੇ ਇਤਹਾਦੀਆ ਦੀ ਹਾਰ ਜਿੱਤ ਵਿੱਚ ਬਦਲ ਗਈ। ਜਾਪਾਨ ਦੇ ਏਸ਼ੀਆ ਵਿਚ ਅਗੇ ਵਧਨ ਦੇ ਮਨਸੂਬੇ ਧਰੇ ਧਰਾਇ ਰਹਿ ਗਏ ਅਤੇ ਹਿੰਦੋਸਤਾਨ ਨੂੰ ਤਾਕਤ ਦੇ ਜ਼ੋਰ ਨਾਲ ਅੰਗਰੇਜ਼ਾਂ ਤੋਂ ਅਜ਼ਾਦ ਕਰਾਉਣ ਦਾ ਸੁਵਾਲ ਖਟਾਈ ਵਿਚ ਪੈ ਗਿਆ। ਇਸ ਪ੍ਰਕਾਰ ਅਜ਼ਾਦ ਹਿੰਦ ਸਰਕਾਰ ਤੇ ਅਜ਼ਾਦ ਹਿੰਦ ਫੌਜ਼ ਨੂੰ ਭੀ ਆਪਣੇ ਮਕਸਦ ਵਿਚ ਅਸਫਲਤਾ ਨਾ ਹੋਈ। ਨੇਤਾ ਜੀ ਸੁਭਾਸ਼ ਚੰਦਰ ਬੋਸ ਬਾਰੇ ਜਪਾਨੀਆਂ ਨੇ ਦਸਿਆ ਕਿ ਉਹ ਇਕ ਹਵਾਈ ਹਾਦਸੇ ਵਿਚ ਸ਼ਹੀਦ ਹੋ ਗਏ। ਪੂਰਬੀ ਏਸ਼ੀਆ ਦੇ ਹਿੰਦੋਸਤਾਨੀ ਬਾਸ਼ਿੰਦਿਆ ਦੀਆਂ ਆਸਾਂ ਉਮੀਦਾਂ ਇਕ ਵੇਰ ਫਿਰ ਮਿਟੀ ਵਿਚ ਮਿਲ ਗਈਆਂ ਅਤੇ ਅੰਗਰੇਜ਼ਾਂ ਨੇ ਸਿਆਮ,ਬਰ੍ਹਮਾਂ,ਤੇ ਮਿਲਾਇਆ ਆਦਿ ਦੇਸ਼ਾਂ ਵਿਚ ਤਾਕਤ ਸੰਭਾਲਦੇ ਹੀ ਬਦਲਾ ਲਊ ਪਾਲਸੀ ਪਰ ਅਮਲਕਰਨਾ ਸ਼ੁਰੂ ਕਰ ਦਿਤਾ।

ਇਸ ਤੋਂ ਅਗੇ ਅਸੀਂ ਅਜ਼ਾਦ ਹਿੰਦ ਫੌਜ ਦੇ ਕੁਝ ਆਗੂਆਂ ਦੇ ਸੰਖੇਪ ਜੀਵਨ ਦੇ ਰਹੇ ਹਾਂ ਪ੍ਰੰਤੂ ਇਸ ਤੋਂ ਪਹਿਲਾਂ ਅਸੀਂ ਇਹ ਅਸਲੀਅਤ ਪ੍ਰਗਟ ਕਰ ਦੇਣੀ ਚਾਹੁੰਦੇ ਹਾਂ ਕਿ

Digitized by Panjab Digital Library | www.panjabdigilib.org

ਅਜ਼ਾਦ ਹਿੰਦ ਫੌਜ ਕਾਇਮ ਕਰਨ ਦਾ ਸਿਹਰਾ ਕਿਸ ਦੇ ਸਿਰ ਹੈ? ਕਈ ਲਿਖਾਰੀ ਇਸ ਦਾ ਸਿਹਰਾ ਨੇਤਾ ਜੀ ਸਿਰ ਬੰਨਦੇ ਹਨ। ਨੇਤਾ ਜੀ ਦੀਆਂ ਕੁਰਬਾਨੀਆਂ ਆਪ ਦੀ ਉਚੀ ਸ਼ਖਸੀਅਤ ਤੇ ਯੋਗਤਾ ਆਦਿ ਤੋਂ ਕੋਈ ਇਨਕਾਰ ਨਹੀ ਕਰ ਸਕਦਾ। ਆਪ ਹਿੰਦੋਸਤਾਨ ਲਈ ਜੀਵੇ ਤੇ ਮਰੇ ਤੇ ਦੇਸ਼ ਪਿਆਰ ਆਪਜੀ ਦੀ ਰਗ ਰਗ ਵਿਚ ਸਮਾਇਆ ਹੋਇਆ ਸੀ ਪ੍ਰੰਤੂ ੧੫ ਸਤੰਬਰ ੧੯੪੧ ਨੂੰ ਜਦੋਂ ਗਿ: ਪ੍ਰੀਤਮ ਸਿੰਘ ਤੇ ਜਨਰਲ ਮੋਹਣ ਸਿੰਘ ਮਿਲੇ ਤੇ ਉਨ੍ਹਾ ਨੇ ਇੰਡੀਅਨ ਨੈਸ਼ਨਲ ਆਰਮੀ ਦੀ ਬੁਨਿਆਦ ਰਖੀ ਓਸ ਸਮੇਂ ਅਜੇ ਨੇਤਾ ਜੀ ਹਿੰਦੋਸਤਾਨ ਤੋਂ ਬਾਹਰ ਨਹੀ ਗਏ ਸਨ। ਨੇਤਾ ਜੀ ਨੇ ੨੬ ਜਨਵਰੀ ੧੯੪੧ ਨੂੰ ਦੇਸ਼ ਛੱਡਿਆ। ਕੁਝ ਚਿੱਰ ਆਪ ਕਾਬਲ ਵਿਚ ਰਹਿ ਕੇ ਚੀਨ ਤੇ ਰੂਸ ਦੇ ਰਸਤੇ ਬਰਲਨ ਪਹੁੰਚੇ। ਭਾਵੇਂ ਉਥੇ ਪੋਹੁੰਚਕੇ ਆਪਨੇ ਆਜ਼ਾਦ ਹਿੰਦ ਫੌਜ ਕਾਇਮ ਕੀਤੀ ਪ੍ਰੰਤੂ ਮਲਾਇਆ ਵਿਚ ਇਹ ਫੌਜ ਪਹਿਲਾਂ ਹੀ ਬਣ ਚੁਕੀ ਸੀ ਇਸ ਲਈ ਅਜ਼ਾਦ ਹਿੰਦ ਫੌਜ ਕਾਇਮ ਕਰਨ ਦਾ ਸਿਹਰਾ ਅਸਲ ਵਿਚ ਜਨਰਲ ਮੋਹਣ ਸਿੰਘ ਜੀ ਤੇ ਸ਼ਹੀਦ ਗਿਆਨੀ ਪ੍ਰੀਤਮ ਸਿੰਘ ਜੀ ਸਿੱਖ ਮਿਸ਼ਨਰੀ ਦੇ ਸਿਰ ਹੀ ਆਉਦਾਂ ਹੈ।

ਨੰਗੇ ਧੜ ਏਹ ਨੱਚਿਆ, ਖੂਬ ਬਜਾ ਕੇ ਢੋਲ।
ਮਾਰ ਮਾਰੀ ਇਸ ਸ਼ੇਰ ਦੀ ਗਿਦੜ ਕਰਨ ਕਲੋਲ॥

## ਆਜ਼ਾਦ ਹਿੰਦ ਫੌਜ ਦੇ ਅਫਸਰਾਂ ਦਾ ਮੁਕਦਮਾ

ਦੂਜੀ ਵੱਡੀ ਲੜਾਈ ਵਿੱਚ ਜਿੱਤ ਪ੍ਰਾਪਤ ਕਰਨ ਪਿੱਛੋਂ ਅੰਗਰੇਜ਼ੀ ਸਰਕਾਰ ਨੇ ਉਨ੍ਹਾਂ ਹਿੰਦੋਸਤਾਨੀ ਫੌਜੀ ਅਫਸਰਾਂ ਵਿਰੁਧ ਮੁਕਦਮਾ ਕਰਨ ਦਾ ਫੈਸਲਾ ਕੀਤਾ ਜੋ ਆਜ਼ਾਦ ਹਿੰਦ ਫੌਜ ਵਲੋਂ ਬਰ੍ਹਮਾ ਦੇ ਫਰੰਟ ਉਤੇ ਅੰਗਰੇਜ਼ਾਂ ਵਿਰੁਧ ਲੜਦੇ ਰਹੇ ਸਨ। ਵੱਡੇ ਤਿੰਨ ਫੌਜੀ ਅਫਸਰ ਕਰਨਲ ਸ਼ਾਹ ਨਿਵਾਜ਼, ਕਰਨਲ ਗੁਰਬਖਸ਼ ਸਿੰਘ ਜੀ ਢਿੱਲੋਂ ਤੇ ਕਰਨਲ ਪ੍ਰੇਮ ਕੁਮਾਰ ਸਹਿਗਲ ਨੂੰ ਲਾਲ ਕਿਲਾ ਦੇਹਲੀ ਵਿੱਚ ਲਿਆਕੇ ਕੋਰਟ ਮਾਰਸ਼ਲ ਕੀਤਾ ਗਿਆ। ਜਦ ਇਹ ਖਬਰ ਹਿੰਦੋਸਤਾਨ ਦੇ ਕੋਨੇ ਕੋਨੇ ਵਿੱਚ ਪੁਜੀ ਕਿ ਦੇਸ਼ ਦੀ ਆਜ਼ਾਦੀ ਲਈ ਲੜਨ ਵਾਲੇ ਭਾਰਤ ਮਾਤਾ ਦੇ ਤੰਨ ਸਪੁਤ੍ਰਾਂ ਨੂੰ ਅੰਗਰੇਜ਼ੀ ਸਰਕਾਰ ਮੁਕਦਮੇ ਦਾ ਢੌਂਗ ਰਚਕੇ ਗੋਲੀ ਨਾਲ ਉਡਾ ਦੇਣਾ ਚਹੁੰਦੀ ਹੈ ਤਾਂ ਸਾਰੇ ਦੇਸ਼ ਦੀ ਆਤਮਾ ਤੜਫ ਉਠੱੀ। ਸਾਰੀਆਂ ਰਾਜਸੀ ਪਾਰਟੀਆਂ ਨੇ ਇਹ ਜ਼ੋਰਦਾਰ ਆਵਾਜ਼ ਉਠਾਈ ਕਿ ਆਜ਼ਾਦ ਹਿੰਦ ਫ਼ੌਜ ਦੇ ਅਫਸਰਾਂ ਤੇ ਸਾਰੇ ਸਿਪਾਹੀਆਂ ਨੂੰ ਬਿਨਾ ਸ਼ਰਤ ਰਿਹਾ ਕੀਤਾ ਜਾਵੇ।

ਭਾਰਤ ਦੇ ਵੱਡੇ ਵੱਡੇ ਸ਼ਹਿਰਾਂ ਵਿੱਚ ਮੁਜ਼ਾਹਰੇ ਹੋਇ ਜਲਸੇ ਕਰਕੇ ਮਤੇ ਪਾਸ ਕੀਤੇ ਗਏ ਤੇ ਭਾਰਤੀ ਪ੍ਰੈਸ ਨੇ ਇਕ ਆਵਾਜ਼ ਹੋਕੇ ਮੰਗ ਕੀਤੀ ਕਿ ਇੰਨ੍ਹਾਂ ਫ਼ੌਜੀ ਅਫਸਰਾਂ ਨੂੰ ਰਿਹਾ ਕਰ ਦਿੱਤਾ ਜਾਵੇ। ਦੇਵ ਨੇਤ ਨਾਲ ਤਿੰਨਾਂ ਅਫਸਰਾਂ ਵਿੱਚੋਂ ਇਕ ਮੁਸਲਮਾਨ ਇਕ ਸਿੱਖ ਤੇ ਇਕ ਹਿੰਦੂ ਸੀ। ਇਸ ਕਰਕੇ ਇਸ ਸਵਾਲ ਨੇ ਹਿਦੂ ਮੁਸਲਮਾਨ ਸਿੱਖ ਏਕਤਾ ਦਾ ਭੀ ਅਦੁਤੀ ਨਮੂਨਾ ਪੇਸ਼ ਕੀਤਾ ਅਤੇ ਸਾਰੀਆਂ ਕੌਮਾਂ ਨੇ ਮਿਲਕੇ ਇਹ ਅੰਦੋਲਨ ਲੜਿਆ। ਇਸ ਲਹਿਰ ਨੇ ਸਮੁੰਦਰੀ ਬੇੜੇ ਦੇ ਸਿਪਾਹੀਆਂ ਨੂੰ ਹੜਤਾਲ ਲਈ ਉਭਾਰਿਆ। ਪੁਲਸ ਨੇ ਭੀ ਜਿਸ ਦੇ

Digitized by Panjab Digital Library | www.panjabdigilib.org

ਸਹਾਰੇ ਬ੍ਰਤਾਨਵੀ ਸਾਮਰਾਜ ਹਿੰਦ ਪਰ ਹਕੂਮਤ ਕਰ ਰਿਹਾ ਸੀ ਹੜਤਾਲ ਕੀਤੀ। ਇੰਨ੍ਹਾਂ ਸਾਰੀਆਂ ਗੱਲਾਂ ਨੇ ਅੰਗਰੇਜ਼ਾਂ ਨੂੰ ਇਹ ਅਨਭਵ ਕਰਨ ਲਈ ਮਜਬੂਰ ਕਰ ਦਿੱਤਾ ਕਿ ਹਿੰਦੋਸਤਾਨੀ ਜੰਨਤਾ ਹੁਣ ਜਾਗ ਉਠੀ ਹੈ, ਇਸ ਕਰਕੇ ਉਸ ਤੇ ਤਾਕਤ ਦੇ ਜ਼ੋਰ ਨਾਲ ਹਕੂਮਤ ਨਹੀਂ ਕੀਤੀ ਜਾ ਸਕਦੀ।

ਅੰਤ ਅੰਗਰੇਜ਼ੀ ਸਰਕਾਰ ਆਜ਼ਾਦ ਹਿੰਦ ਫ਼ੌਜ ਦੇ ਬਾਨੀ ਜੱਨਰਲ ਮੋਹਣ ਸਿੰਘ ਜੀ ਤੇ ਲਾਲ ਕਿਲੇ ਦੇ ਹੀਰੋ ਤਿੰਨਾਂ ਵੱਡੇ ਫ਼ੌਜੀ ਅਫਸਰਾਂ ਨੂੰ ਰਿਹਾ ਕਰਨ ਲਈ ਮਜਬੂਰ ਹੋ ਗਈ ਅਤੇ ਇਸ ਤਰ੍ਹਾਂ ਆਜ਼ਾਦ ਹਿੰਦ ਫ਼ੌਜ ਦੀ ਹਾਰ ਜਿੱਤ ਵਿੱਚ ਬਦਲ ਗਈ। ਇਸ ਫ਼ੌਜ ਨੇ ਅੰਗਰੇਜ਼ਾਂ ਨੂੰ ਦੇਸ਼ ਛੱਡਣ ਲਈ ਮਜਬੂਰ ਕਰ ਦਿੱਤਾ ਕਿ ਜੇ ਉਹ ਕਾਂਗਰਸੀ ਲੀਡਰਾਂ ਦੇ ਆਖੇ ਲੱਗਕੇ ਸ਼ਾਂਤਮਈ ਨਾਲ ਹਿੰਦੋਸਤਾਨ ਵਿੱਚੋਂ ਨਾ ਨਿਕਲੇ ਤਾਂ ਆਜ਼ਾਦ ਹਿੰਦ ਫ਼ੌਜ ਵਿੱਚ ਰਹਿ ਆਏ ਲੱਖਾਂ ਸਿਪਾਹੀ ਤੇ ਹਿੰਦ ਦੀ ਜਾਗੀ ਹੋਈ ਜੰਨਤਾ ਉਨ੍ਹਾਂ ਨੂੰ ਇਥੇ ਰਹਿਣ ਨਹੀਂ ਦੇਵੇਗੀ ਅਤੇ ਤਾਕਤ ਦੇ ਜ਼ੋਰ ਨਾਲ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਕੱਢ ਦਿੱਤਾ ਜਾਵੇਗਾ। ਇਹ ਸੋਚਕੇ ਹੀ ਅੰਗਰੇਜ਼ਾਂ ਨੇ ਕਾਂਗਰਸੀ ਲੀਡਰਾਂ ਨਾਲ ਸ੍ਵਰਾਜ ਦੇਣ ਲਈ ਸਮਝੌਤੇ ਦੀ ਗੱਲ ਬਾਤ ਚਲਾਈ ਜੋ ਅੱਗੇ ਚਲਕੇ ਦੇਸ਼ ਦੀ ਵੰਡ ਮਨਜ਼ੂਰ ਕਰਨ ਕਰਕੇ ਦੇਸ਼ ਦੀ ਬਦਕਿਸਮਤੀ ਵਿਚ ਬਦਲ ਗਈ।

# ਸੰਖੇਪ ਜੀਵਨੀ

## ਗਿ: ਪ੍ਰੀਤਮ ਸਿੰਘ ਜੀ ਵੀ. ਐਸ. ਡੀ. ਬੰਕਾਂਕ

ਅਜ਼ਾਦ ਹਿੰਦ ਦੀ ਫੌਜ਼ ਦੀ, ਨੀ ਟਕਵਾਣ ਹੇਤ॥
ਪ੍ਰੀਤਮ ਪਿਆਰਾ ਜਾਣੀਏ ਰਹਿੰਦਾ ਸਦਾ ਸਚੇਤ॥

ਪੂਰਬੀ ਏਸ਼ੀਆ ਵਿਚ ਹਿੰਦੁਸਤਾਨ ਦੀ ਅਜ਼ਾਦੀ ਲਈ ਵਡੇ ਘੋਲ ਦਾ ਇਤਿਹਾਸ ਜਾਨਣ ਵਾਲੇ ਸਜਨਾ ਤੋਂ ਗਿ: ਪ੍ਰੀਤਮ ਸਿੰਘ ਦਾ ਨਾਮ ਗੁਝਾ ਨਹੀਂ। ਆਪ ਅਜ਼ਾਦ ਹਿੰਦ ਲੀਗ ਤੇ ਅਜਾਦ ਹਿੰਦ ਫੌਜ ਦੇ ਬਾਨੀਆਂ ਵਿਚੋਂ ਹੋਏ ਹਨ। ਗਿ: ਪ੍ਰੀਤਮ ਸਿੰਘ ਜੀ ਪਿੰਡ ਨਾਗੋਕੇ ਸਰਲੀ ਜ਼ਿਲਾ ਲਾਇਲ ਪੁਰ ਵਿਚ ੧੯੧੦ ਈਸਵੀ ਵਿੱਚ ਮਈਆ ਸਿੰਘ ਦੇ ਘਰ ਪੈਦਾ ਹੋਏ। ਆਪ ਬਚਪਨ ਤੋਂ ਹੀ ਬੜੇ ਹੰਸ ਮੁਖ ਹੋਣਹਾਰ ਤੇ ਸੂਝਬੂਝ ਵਾਲੇ ਸਨ। ਦਸਵੀਂ ਜਮਾਤ ਪਾਸ ਕਰਕੇ ਆਪ ਲਾਇਲ ਪੁਰ ਐਗਰੀ-ਕਲਚਰ ਕਾਲਜ ਵਿਚ ਦਾਖਲ ਹੋ ਗਏ ਪ੍ਰੰਤੂ ਆਪ ਦੀਆਂ ਰੁਚੀਆਂ ਧਾਰਮੁਕ ਸਟਡੀ ਤੇ ਰਾਜਸੀ ਖਿਆਲਾਂ ਵਲ ਲਗੀਆਂ ਹੋਈਆਂ ਸਨ ਇਸ ਕਰਕੇ ਆਪ ਇਹ ਕਾਲਜ ਛਡ ਕੇ ਸਿੱਖ ਮਿਸ਼ਨਰੀ ਕਾਲਜ ਵਿੱਚ ਦਾਖਲ ਹੋ ਗਏ।

ਸਿਖ ਮਿਸ਼ਨਰੀ ਕਾਲਜ ਦੀ ਵਿਦਿਆ ਨੇ ਆਪ ਤੇ ਬਹੁਤ ਚੰਗਾ ਅਸਰ ਕੀਤਾ। ਸਾਰੇ ਧਰਮਾ ਦੀ ਪੂਰੀ ੨ ਵਾਕਫੀਅਤ ਹੋ ਗਈ ਤੇ ਰਾਜਸੀ ਸਵਾਲਾਂ ਨੂੰ ਸਮਝਣ ਦੀ ਯੋਗਤਾ ਆ ਗਈ। ੧੯੩੦ ਵਿਚ ਪਸ਼ਾਵਰ ਦੇ ਇਕ ਜਲਸੇ ਵਿੱਚ ਅੰਗ੍ਰੇਜ਼ਾਂ ਨੇ ਲਾਲ ਕੁੜਤੀ ਪਠਾਣਾ ਤੇ ਗੋਲੀ ਚਲਾਈ।

Digitized by Panjab Digital Library | www.panjabdigilib.org

## ਸ: ਨਿਰੰਜਨ ਸਿੰਘ ਜੀ ਤਾਲਿਬ



ਐਡੀਟਰ 'ਦੇਸ਼ ਦਰਪਨ' ਕਲਕਤਾ
ਡਿਪਟੀ ਮਨਿਸਟਰ ਪੰਜਾਬ ਸਰਕਾਰ

( ਸਫਾ ੧੦੮੨ )

## ਸ: ਗਿਆਨ ਸਿੰਘ ਜੀ ਰਾੜਾ



ਐਕਸ ਚੀਫ਼ ਮਨਿਸਟਰ ਪੈਪਸੂ
ਅਤੇ ੧੯੫੫ ਦੇ ਪੰਜਾਬੀ ਸੂਬੇ ਦੇ ਡਿਕਟੇਟਰ
ਤੇ ਹੁਣ ਵਜ਼ੀਰ ਪੰਜਾਬ-ਸਰਕਾਰ

( ਸਫਾ ੧੧੦੧ )

Panjab Digital Library | www.pan

ਸੂਰਾ ਸੋ ਪਹਿਚਾਨੀਏ ਜੋ ਲਰੇ ਦੀਨ ਕੇ ਹੇਤ,
ਪੁਰਜਾ ਪੁਰਜਾ ਕੱਟ ਮਰੇ ਕਬਹੂੰ ਨਾ ਛਾਡੇ ਖੇਤ।



ਫਖਰੇ ਕੌਮ, ਲਾਸਾਨੀ ਜਰਨੈਲ ਬਾਨੀ ਅਜ਼ਾਦ ਹਿੰਦ ਫੌਜ

**ਜਨਰਲ ਮੋਹਨ ਸਿੰਘ ਜੀ**

( ਸਫਾ ੧੨੦੧ )

Digitized by Panjab Digital Library | www.panjabdigilib.org

ਇਸ ਘਟਨਾਂ ਵਿੱਚ ਸ਼ਹੀਦ ਹੋਇ ਪਠਾਣਾ ਨਾਲ ਹਮਦਰਦੀ ਪ੍ਰਗਟ ਕਰਨ ਲਈ ੨੦੦ ਸਿੰਘਾਂ ਦਾ ਜ਼ਥਾ ਪੰਜਾਬ ਤੋਂ ਪਸ਼ਾਵਰ ਨੂੰ ਗਿਆ ਜਿਸ ਦੇ ਗਿ: ਪ੍ਰੀਤਮ ਸਿੰਘ ਜੀ ਆਗੂਆਂ ਵਿੱਚੋਂ ਸਨ। ਜਿਥੇ ਭੀ ਜਥਾ ਗਿਆ ਆਪ ਨੇ ਹਿੰਦੂ ਸਿਖ ਮੁਸਲਮ ਏਕਤਾ ਪਰ ਬਹੁਤ ਸੋਹਣੀਆਂ ਤਕਰੀਰਾਂ ਕੀਤੀਆਂ। ਆਪ ਨੂੰ ਗੁਜਰਾਤ ਤੋਂ ਗ੍ਰਿਫਤਾਰ ਕਰਕੇ ਡੇਢ ਸਾਲ ਸਖਤ ਦੀ ਸਜ਼ਾ ਦਿੱਤੀ ਗਈ। ਜਦ ਆਪ ਕੈਦ ਕਟਕੇ ਵਾਪਸ ਆਏ ਤਾਂ ਕਸ਼ਮੀਰ ਵਿੱਚ ਹਿੰਦੂ ਮੁਸਲਿਮ ਦੇ ਫਸਾਦ ਹੋ ਰਹੇ ਸਨ ਜਿੰਨ੍ਹਾ ਨੂੰ ਰੋਕਣ ਲਈ ਆਪ ਸ੍ਰੋ: ਕਮੇਟੀ ਵਲੋਂ ਵਾਲੰਟੀਅਰਾਂ ਦਾ ਜਥਾ ਲੈਕੇ ਗਏ ਤੇ ਅਮਨ ਕਾਇਮ ਕਰਨ ਲਈ ਬੜੀ ਸ਼ਾਨਦਾਰ ਸੇਵਾ ਕੀਤੀ। ਇਸ ਸੇਵਾ ਨੇ ਆਪ ਨੂੰ ਪੰਥ ਵਿੱਚ ਹਰਮਨ ਪਿਆਰਾ ਬਣਾ ਦਿੱਤਾ।

੧੯੩੩ ਵਿੱਚ ਆਪ ਸ੍ਰੀ ਗੁਰੂ ਸਿੰਘ ਸਭਾ ਬੰਕਾਕ ਦੇ ਸਦੇ ਪੁਰ ਸਿਆਮ ਪੁਜ ਗਏ। ਇਥੇ ਆਪ ਜੀ ਦਾ ਮੇਲ ਬਾਬੂ ਅਮਰ ਸਿੰਘ ਜੀ ਸ਼ੇਰਪੁਰਾ ਤੇ ਰਾਜਾ ਮਹਿੰਦਰ ਪ੍ਰਤਾਪ ਆਦਿ ਪ੍ਰਸਿੱਧ ਦੇਸ਼ ਭਗਤਾਂ ਨਾਲ ਹੋਇਆ। ਇਨ੍ਹਾ ਦੇ ਮੇਲ ਨੇ ਆਪ ਦੇ ਦਿਲ ਵਿੱਚ ਆਜ਼ਾਦੀ ਪ੍ਰਾਪਤ ਕਰਨ ਦੀ ਲਗਨ ਨੂੰ ਹੋਰ ਭੀ ਤੇਜ ਕਰ ਦਿੱਤਾ। ਦੂਜੀ ਵਡੀ ਲੜਾਈ ਆਰੰਭ ਹੁੰਦੇ ਹੀ ਆਪ ਨੇ ਸਿਆਮ ਤੇ ਮਲਾਇਆ ਆਦਿ ਹਿੰਦੁਸਤਾਨੀਆਂ ਨੂੰ ਜਥੇ ਬੰਦ ਕਰਕੇ ਆਜ਼ਾਦ ਹਿੰਦ ਲੀਗਾਂ ਕਾਇਮ ਕੀਤਿਆਂ ਤੇ ਜੰਗ ਦੇ ਦੌਰਾਨ ਵਿੱਚ ਜਨਰਲ ਮੋਹਨ ਸਿੰਘ ਜੀ ਨਾਲ ਮਿਲਕੇ ਅਜ਼ਾਦ ਹਿੰਦ ਫ਼ੌਜ ਦੀ ਨੀਂਹ ਰਖੀ। ਲੜਾਈ ਦੇ ਦਿਨਾਂ ਵਿੱਚ ਗਿਆਨੀ ਜੀ ਤੇ ਆਜ਼ਾਦ ਹਿੰਦ ਲੀਗ ਦੇ ਦੂਜੇ ਆਗੂਆਂ ਨੇ ਹਿੰਦੁਸਤਾਨੀਆਂ ਦੇ ਜਾਨਾ ਮਾਲ ਦੀ ਰਾਖੀ ਲਈ ਬਹੁਤ ਸੁਹਣਾ ਕੰਮ ਕੀਤਾ। ਗਿ: ਜੀ ਦੀਆਂ ਸਰਗਰਮੀਆਂ ਜਾਰੀ ਹੀ ਸਨ ਕਿ ਆਪ ਸਿੰਘਾ ਪੁਰ ਤੋਂ ਟੋਕੀਓ ਨੂੰ ਜਾਂਦੇ ਹੋਇ ਇਕ ਹਵਾਈ ਹਾਦਸੇ ਵਿੱਚ ਸ਼ਹੀਦ ਹੋ ਗਏ। ਆਪ ਜੀ ਦੀ ਮੌਤ ਤੇ ਹਿੰਦੁਸਤਾਨੀਆਂ ਨੇ ਹੀ ਨਹੀਂਸਗੋਂ ਹਿੰਦੁਸਤਾਨ ਦੀ ਅਜ਼ਾਦੀ ਨਾਲ ਪਿਆਰ ਰਖਣ ਵਾਲੇ ਦੁਨੀਆਂ ਦੇ ਸਾਰੇ ਲੋਕਾਂ ਨੇ ਬਹੁਤ ਅਫਸੋਸ ਮਨਾਇਆ। ਜਪਾਨ ਦੇ ਉਸ ਸਮੇਂ ਦੇ ਪ੍ਰਧਾਨ ਮੰਤ੍ਰੀ ਜਨਰਲ ਟੋਜੋ ਨੇ ਭੀ ਗਿ: ਪ੍ਰੀਤਮ ਸਿੰਘ ਜੀ ਤੇ ਆਪ ਦੇ ਸਾਥੀਆਂ ਨੂੰ ਸ਼ਰਧਾਂਜਲੀ ਪੇਸ਼ ਕੀਤੀ। ਆਪ ਜੀ ਦਾ ਜੀਵਨ ਇਕ ਆਦਰਸ਼ ਸਿੱਖ ਮਿਸ਼ਨਰੀ ਦਾ ਜੀਵਨ ਸੀ ਤੇ ਆਪ ਸਿੱਖ ਪੰਥ ਦੇ ਮਾਣਯੋਗ ਪ੍ਰਚਾਰਕ ਸਨ।

## ਸੰਖੇਪ ਜੀਵਨ
## ਜੱਨਰਲ ਮੋਹਣ ਸਿੰਘ ਜੀ

ਬਾਲੀ ਬਣ ਇਸ ਫੌਜ ਦਾ ਮੋਹਣ ਸਿੰਘ ਜਰਨੈਲ।
ਵਿੱਚ ਅੰਗ੍ਰੇਜੀ ਰਾਜ ਦੇ, ਖੂਬ ਫੈਲਾਵੇ ਦਹਲ।

ਅਜ਼ਾਦ ਹਿੰਦ ਫ਼ੌਜ ਦੇ ਬਾਨੀ ਜੱਨਰਲ ਮੋਹਣ ਸਿੰਘ ਜੀ ਦਾ ਨਾਮ ਸਾਰੀ ਦੁਨੀਆਂ ਵਿੱਚ ਪ੍ਰਸਿੱਧ ਹੋ ਚੁਕਿਆ ਹੈ। ਦੂਜੀ ਵਡੀ ਲੜਾਈ ਦੇ ਦੌਰਾਨ ਵਿਚ ਆਪ ਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਜੋ ਯਤਨ ਕੀਤੇ ਉਹ ਹਿੰਦੁਸਤਾਨ ਦੀ ਅਜ਼ਾਦੀ ਦੇ ਇਤਿਹਾਸ ਵਿੱਚ ਸੁਨਹਿਰੀ ਅਖਰਾਂ ਵਿਚ ਲਿਖਣ ਦੇ ਯੋਗ ਹਨ। ਜੱਨਰਲ ਮੋਹਣ ਸਿੰਘ ਜੀ ਦਾ ਜਨਮ ਨਗਰ ਉਗੋ ਕੀ ਜ਼ਿਲਾ ਸਿਆਲ ਕੋਟ ਵਿੱਚ ੧੯੦੯ ਵਿੱਚ ਸ: ਤਾਰਾ ਸਿੰਘ ਜੀ ਦੇ ਘਰ ਹੋਇਆ। ਆਪ ਦੇ ਪਿਤਾ ਜੀ ਆਪ ਦੇ ਦੁਨੀਆਂ ਵਿੱਚ ਆਉਣ ਤੋਂ ਕੁਝ ਮਹੀਨੇ ਪਹਿਲਾਂ ਹੀ ਇਸ ਦੁਨੀਆਂ ਵਿੱਚੋਂ ਚਲੇ ਗਏ।

Digitized by Panjab Digital Library | www.panjabdigilib.org

ਆਪ ਅਜੇ ਪੰਜ ਛੇ ਸਾਲ ਦੇ ਹੀ ਸਨ ਕਿ ਮਾਤਾ ਜੀ ਦੇ ਨਿੱਘੇ ਪਿਆਰ ਤੋਂ ਵਾਂਝੇ ਹੋ ਗਏ ਅਤੇ ਆਪ ਜੀ ਦੀ ਪਰਵਰਸ਼ ਕਰਨ ਦਾ ਭਾਰ ਸੂਬੇਦਾਰ ਹਕੂਮਤ ਸਿੰਘ ਤੇ ਨਾਨਕਿਆਂ ਪਰ ਆ ਪਿਆ। ਨਾਨਕਿਆਂ ਨੇ ਆਪ ਨੂੰ ਦਸਵੀਂ ਜਮਾਤ ਤਕ ਵਿਦਿਆ ਦਿੱਤੀ। ਉਪ੍ਰੰਤ ਆਪ ਦੇ ਮਾਮਾ ਜੀਨੇ ਆਪ ਨੂੰ ਫੌਜ 'ਚ ਭਰਤੀ ਕਰਵਾ ਦਿੱਤਾ ਤੇ ਪਿੱਛੋਂ ਆਪਣੀ ਯੋਗਤਾ ਨਾਲ ਉਨਤੀ ਕਰਕੇ ਮਿਲਟਰੀ ਅਕੈਡਮੀ ਦੇਹਰਾਦੂਨ ਵਿੱਚ ਦਾਖਲ ਹੋ ਗਏ ਤੇ ਲੈਫਟੀਨੈਂਟ ਦਾ ਕੋਰਸ ਪਾਸ ਕਰਕੇ ਕੁਝ ਚਿਰ ਫੀਰੋਜਪੁਰ ਛਾਉਣੀ ਵਿੱਚ ਗੋਰਾ ਪਲਟਨ ਦੀ ਕਮਾਂਡਰੀ ਕੀਤੀ। ਉਪ੍ਰੰਤ ਆਪ ੧-੨੪ ਪੰਜਾਬ ਰਜ਼ਮੈਂਟ ਵਿੱਚ ਚਲੇ ਗਏ। ਆਪ ਜੀਦੀ ਪਲਟਨ ਜਿਤਰਾ ( ਮਲਾਇਆ ) ਵਿੱਚ ਸੀ, ਜਦ ਜਪਾਨੀਆਂ ਨੇ ਹਮਲਾ ਕਰਕੇ ਸਾਰੇ ਮਲਾਇਆ ਪਰ ਕਬਜ਼ਾ ਕਰਲਿਆ। ੧੫ ਦਸੰਬਰ ੧੯੪੧ ਨੂੰ ਆਪ ਜੀਨੇ ਗਿ: ਪ੍ਰੀਤਮ ਸਿੰਘ ਤੇ ਜਪਾਨੀ ਫੌਜੀ ਅਫਸਰ ਕਰਨਲ ਫਿਊਜੀਵਾਸਾ ਨਾਲ ਸਲਾਹ ਮਸ਼ਵਰਾ ਕਰਕੇ ਆਜ਼ਾਦ ਹਿੰਦ ਫੌਜ ਕਾਇਮ ਕਰਨ ਦਾ ਫੈਸਲਾ ਕੀਤਾ ਅਤੇ ਥੋਹੜੇ ਅਰਸੇ ਵਿੱਚ ਹੀ ਆਪ ਨੇ ਇਸ ਫੌਜ ਦੀ ਤਾਕਤ ਇਤਨੀ ਵਧਾ ਲਈ ਕਿ ਜਪਾਨੀ ਭੀ ਇਸਤੋਂ ਭੈ ਖਾਣ ਲਗ ਪਏ। ਜੱਨਰਲ ਸਾਹਿਬ ਦੇ ਦਿਲ ਵਿੱਚ ਬਹਾਦਰੀ ਤੇ ਦੇਸ਼ ਭਗਤੀ ਦੇ ਜਜ਼ਬਾਤ ਕੁਟ ਕੁਟ ਕੇ ਭਰੇ ਹੋਇ ਸਨ।

ਮੁਸੀਬਤ ਤੇ ਕਠਨਾਈਆਂ ਵੇਲੇ ਹੀ ਇਨਸਾਨ ਦੇ ਉੱਚੇ ਗੁਣਾ ਦੀ ਪਰਖ ਹੁੰਦੀ ਹੈ। ਜਨਰਲ ਸਾਹਿਬ ਨੇ ਉਹ ਦਿਨ ਭੀ ਵੇਖੇ ਹਨ ਜਦੋਂ ਜਪਾਨੀਆਂ ਨਾਲ ਵਿਗਾੜ ਪੈਣ ਕਰਕੇ ਇਹ ਸਮਝਿਆ ਜਾਂਦਾ ਸੀ ਕਿ ਆਪ ਅੱਜ ਜਾਂ ਕੱਲ ਗੋਲੀ ਦਾ ਨਿਸ਼ਾਨਾ ਬਣਾ ਦਿੱਤੇ ਜਾਣਗੇ।ਕਿਤਨਾ ਚਿਰ ਤੱਕ ਤਾਂ ਆਪ ਸਬੰਧੀ ਇਹ ਸਮਝਿਆ ਜਾਂਦਾ ਰਿਹਾ ਕਿ ਆਪ ਇਸ ਦੁਨੀਆਂ ਵਿੱਚ ਨਹੀਂ ਰਹੇ। ਜਪਾਨੀਆਂ ਨੇ ਆਪ ਨੂੰ ਡਰਾਉਣ ਲਈ ਸਾਮਦਾਮ ਦੰਡ, ਭੇਦ, ਸਾਰੇ ਹਥਿਆਰ ਵਰਤੇ ਪ੍ਰੰਤੂ ਆਪ ਦਾ ਅਡੋਲ ਹਿਰਦਾ ਨਾ ਮੌਤ ਦੇ ਡਰ ਤੋਂ ਡਰਿਆ ਤੇ ਨਾ ਹੀ ਕਿਸੇ ਲਾਲਚ ਵਿੱਚ ਫੱਸਿਆ। ਆਪ ਜੀ ਨੇ ਅਜ਼ਾਦ ਹਿੰਦ ਫੌਜ ਦੀ ਨੀਂਹ ਰਖੀ ਅਤੇ ਮਲਾਇਆ ਵਿਚ ਅਜ਼ਾਦ ਹਿੰਦ ਲੀਗ ਤੇ ਫੌਜ ਨੂੰ ਜਥੇ ਬੰਦ ਕਰਕੇ ਉਹ ਜ਼ਮੀਨ ਤਿਆਰ ਕੀਤੀ ਜਿਸ ਪਰ ਨੇਤਾ ਜੀ ਸੁਭਾਸ਼ ਚੰਦ੍ਰ ਬੋਸ ਨੇ ਅਜ਼ਾਦ ਹਿੰਦ ਗੌਰਮਿੰਟ ਦਾ ਬੁਨਿਆਦੀ ਪੱਥਰ ਰਖਿਆ ਅਤੇ ਭਾਰਤ ਦੀ ਅਜ਼ਾਦੀ ਲਈ ਉਹ ਪੂਰਨੇ ਪਾਏ ਜਿੰਨ੍ਹਾ ਤੇ ਭਾਰਤ ਦੀ ਜਨਤਾ ਨੂੰ ਹਮੇਸ਼ਾਂ ਮਾਣ ਰਹੇਗਾ।

ਜਨਰਲ ਮੋਹਣ ਸਿੰਘ ਜੀ ਦੀਆਂ ਕੁਰਬਾਨੀਆਂ ਦਾ ਪੂਰਾ ੨ ਵਿਸਥਾਰ ਲਿਖਿਆ ਜਾਵੇ ਤਾਂ ਇਕ ਬਹੁਤ ਵਡੀ ਪੁਸਤਕ ਬਣ ਸਕਦੀ ਹੈ। ਆਪ ਦੇ ਜੀਵਨ ਸਬੰਧੀ ਬਹੁਤ ਕੁਝ ਛਪ ਚੁਕਿਆ ਹੈ ਤੇ ਅਜੇ ਬਹੁਤ ਕੁਝ ਛਪੇਗਾ ਇਸ ਕਰਕੇ ਅਸੀਂ ਕੇਵਲ ਇਸ਼ਾਰੇ ਮਾਤ੍ਰ ਹੀ ਆਪ ਦਾ ਜੀਵਨ ਦੇ ਰਹੇ ਹਾਂ। ਇਸ ਸਮੇਂ ਆਪ ਭਾਰਤ ਦੇ ਉਘੇ ਨੇਤਾਵਾਂ ਵਿੱਚੋਂ ਹਨ ਪਤਾ ਨਹੀਂ ਅਜੇ ਵਾਹਿਗੁਰੂ ਨੇ ਆਪ ਪਾਸੋਂ ਕਿਤਨੇ ਕੰਮ ਕਰਾਉਣੇ ਹਨ? ਆਪ ਦੇ ਅੱਗੇ ਵਧੂ ਵਿਚਾਰਾਂ ਨਾਲ ਭਾਰਤ ਦੀ ਦੁਖੀ ਜਨਤਾ ਦੀਆਂ ਬਹੁਤ ਸਾਰੀਆਂ ਆਸਾਂ ਤੇ ਉਮੀਦਾਂ ਜੁੜੀਆਂ ਹੋਈਆਂ ਹਨ। ਪ੍ਰਮਾਤਮਾਂ ਕਰੇ ਆਪ ਨੂੰ ਉਨ੍ਹਾਂ ਨੂੰ ਪੂਰੀਆਂ ਕਰਕੇ ਜੰਨਤਾ ਦੇ ਸੱਚੇ ਸੁਚੇ ਆਗੂ ਬਣਨ ਵਿਚ ਸਫਲਤਾ ਹੋਵੇ।

Digitized by Panjab Digital Library | www.panjabdigilib.org

# ਨੇਤਾ ਜੀ ਸੁਭਾਸ਼ ਚੰਦਰ ਬੋਸ

ਸ੍ਰੀ ਸੁਭਾਸ ਚੰਦਰ ਜੀ, ਭਾਰਤ ਦੇ ਇਕ ਅੱਤ ਉਘੇ ਨੇਤਾ, ਤੇ ਆਈ, ਐਨ, ਏ ਦੇ ਹੀਰੋ, ਤੇ ਹਿੰਦੁਸਤਾਨ ਦੀ ਪ੍ਰਦੇਸ਼ਾਂ ਵਿਚ ਨਵੀਂ ਬਣੀ ਸਰਕਾਰ ਹਿੰਦ ਦੇ ਮੁਖੀ ਸਨ। ਸੋ ਉਨ੍ਹਾਂ ਦਾ ਅੱਤ ਸੰਖੇਪ ਜੀਵਨ ਵੀ ਜ਼ਰੂਰੀ ਜਾਣਕੇ ਹੇਠਾਂ ਦਿਤਾ ਜਾਂਦਾ ਹੈ।

ਸੰਪਾਦਕ:-

ਆਪ ਦਾ ਜਨਮ ਰਾਇ ਬਹਾਦਰ ਜਾਨਕੀ ਦਾਸ, ਸਰਕਾਰੀ ਵਕੀਲ ਦੇ ਗ੍ਰਹਿ ਵਿਖੇ ਮਾਤਾ ਪ੍ਰਭਾ ਦੇਵੀ ਦੀ ਸੁਭਾਗ ਕਖੋਂ ੨੩ ਜਨਵਰੀ ੧੮੯੭ ਨੂੰ,ਕਟਕ ਵਿਖੇ (ਜਿਥੇ ਆਪ ਦੇ ਪਿਤਾ ਜੀ ਸਰਕਾਰੀ ਵਕੀਲ ਸਨ) ਹੋਇਆ। ਆਪ ਦੀ ਮਾਤਾ ਇਕ ਧਾਰਮਕ ਸੁਭਾ ਵਾਲੀ ਸੀ, ਜਿਸਦਾ ਅਸਰ ਆਪਦੀ ਜ਼ਿੰਦਗੀ ਤੇ ਪਿਆ। ਮੈਟਰਕ ਦੀ ਪੜ੍ਹਾਈ ਮਗਰੋਂ, ਆਪਨੇ ਕਲਕਤਾ ਪ੍ਰੈਜ਼ੀਡੈਨਸੀ ਕਾਲਜ ਦੇ ਦਿਨਾਂ ਵਿਚ ਹੀ ਪਰਮਹੰਸ ਰਾਮ ਕ੍ਰਿਸ਼ਨ ਦੇ ਉਪਦੇਸਾਂ ਦਾ ਅਸਰ ਪਿਆ, ਤੇ ਆਪ ਪੂਰਨ ਮਹਾਤਮਾਂ ਦੀ ਖੋਜ ਵਿਚ ਤੀਰਥਾਂ, ਜੰਗਲਾਂ ਵਿਚ ਵੀ ਘੁੰਮਦੇ ਰਹੇ। ੧੭ ਵਰੇ ਦੀ ਉਮਰ ਵਿਚ ਹੀ ਆਪ ਨੇ ਦੇਸ ਸੇਵਾ ਦਾ ਇਰਾਦਾ ਕਰ ਲਿਆ ਬੀ. ਏ. ਪਾਸ ਕਰਨ ਮਗਰੋਂ, ਆਪ ਆਈ. ਸੀ. ਐਸ ਦੇ ਇਮਤਿਹਾਨ ਲਈ ਲੰਡਨ ਚਲੇ ਗਏ। ਤੇ ਇਥੋਂ ਦੇ ਲੋਕਾਂ ਦੀ ਸੁਤੰਤਰ ਰਹਿਣੀ ਦਾ ਆਪ ਤੇ ਭਾਰੀ ਅਸਰ ਹੋਇਆ। ਵਾਪਸ ਦੇਸ ਆਕੇ ਕੁਝ ਸਮਾਂ ਨੌਕਰੀ ਕਰਕੇ ਆਪ ਨੇ ਆਈ. ਸੀ. ਐਸ ਤੋਂ ਅਸਤੀਫਾ ਦੇ ਦਿਤਾ ਤੇ ਦੇਸ਼ ਸੇਵਾ ਤੇ ਜੁਟ ਗਏ ਜਦੋਂ ਪ੍ਰਿੰਸ ਔਫ ਵੇਲਜ, ਭਾਰਤ ਆਏ ਤਾਂ ਕਲਕਤੇ ਵਿਚ ਉਨ੍ਹਾਂ ਦੇ ਬਾਈਕਾਟ ਕਰਨ ਦੀ ਲਹਿਰ ਵਿਚ ਆਪਨੇ ਭਾਰੀ ਹਿੱਸਾ ਲਿਆ। ਤੇ ਸਰਕਾਰ ਨੇ ਆਪ ਨੂੰ ਕੈਦ ਕਰ ਲਿਆ। ਸੁਭਾਸ਼ ਚੰਦਰ ਜੀ ਸ੍ਰੀ ਦੇਸ ਬੰਧੂ ਦਾਸ ਦੇ ਚਲਾਏ ਅਖਬਾਰ "ਫਾਰ ਵਰਡ" ਦੇ ਐਡੀਟਰ ਵੀ ਬਣੇ ਤੇ ਧੜਲੇਦਾਰ ਲੇਖ ਲਿਖਦੇ ਰਹੇ। ੧੯੨੪ ਵਿਚ ਆਪ, ਕਲਕਤਾ ਕਾਰਪੋਰੇਸ਼ਨ ਦਾ ਚੀਫ ਐਗਜੈਕਟਿਵ ਆਫੀਸਰ ਬਣਾ ਦਿਤੇ ਗਏ। ਕੁਝ ਦਿਨਾਂ ਮਗਰੋਂ ਸਰਕਾਰ ਨੇ ਆਪ ਨੂੰ ਨਜ਼ਰ ਬੰਦ ਕਰ ਕੇ ਮਾਂਡਲੇ ਭੇਜ ਦਿਤਾ। ਇੰਨਾਂ ਹੀ ਦਿਨਾਂ ਵਿਚ ਕੌਸਲ ਦੀਆਂ ਚੋਣਾਂ ਵਿਚ ਲੋਕਾਂ ਨੇ ਆਪ ਨੂੰ ਜੇਹਲ ਬੈਠਿਆਂ ਹੀ ਕੌਸਲ ਦਾ ਮੈਂਬਰ ਚੁਣ ਦਿਤਾ। ਸੰਨ ੧੯੨੮ ਵਿਚ ਸਰਕਾਰ ਨੇ ਜਦ ਆਪਨੂੰ ਰਿਹਾ ਕੀਤਾ। ਆਪ ਦੀ ਸੇਹਤ ਬਹੁਤ ਕਮਜ਼ੋਰ ਸੀ। ਪਰ ਆਪ ਕਾਂਗਰਸ ਦੇ ਕਲਕਤੇ ਵਾਲੇ ਸਮਾਗਮ ਦੀ ਸੇਵਾ ਕਰਦੇ ਰਹੇ। ਆਪ ਕਲਕਤਾ ਕਾਰਪੋਰੇਸ਼ਨ ਦੇ ਮੇਅਰ ਬਣਾਏ ਗਏ। ਇਸ ਸਮੇਂ ਫੇਰ ਸਰਕਾਰ ਨੇ ਆਪ ਨੂੰ ਗ੍ਰਿਫਤਾਰ ਕੀਤਾ। ਕੁਝ ਸਮੇਂ ਮਗਰੋਂ ਆਪ ਯੂਰਪ ਗਏ। ਤੇ ਉਥੇ ਵਖ ੨ ਦੇਸਾਂ ਦੀ ਯਾਤਰਾ ਕੀਤੀ। ਤੇ ਬੜਾ ਭਾਰੀ ਤਜਰਬਾ ਕਰ ਲਿਆ। ਕਾਂਗਰਸ ਦੇ ਹਰੀ ਪੁਰ ਵਾਲੇ ਸਮਾਗਮ ਦੇ ੧੯੩੮ ਵਿਚ ਆਪ ਪ੍ਰਧਾਨ ਚੁਣੇ ਗਏ। ਭਾਵੇ ਆਪ ਪ੍ਰਧਾਨ ਚੁਣੇ ਜਾਣ ਦੀ ਵਿਰੋਧਤਾ ਮਹਾਤਮਾਂ ਗਾਂਧੀ ਨੇ ਵੀ ਕੀਤੀ। ਪਰ ਆਪ ਫੇਰ ਸਾਰੇ ਭਾਰਤ ਵਾਸੀਆਂ ਦੀ ਰਾਏ ਨਾਲ ਪ੍ਰਧਾਨ ਚੁਣੇ ਗਏ। ਭਾਵੇਂ ਮਗਰੋਂ ਮਹਾਤਮਾਂ ਗਾਂਧੀ ਨਾਲ ਇਖਤਲਾਫ ਹੋਣ ਕਰਕੇ ਆਖਰ ਆਪ ਨੂੰ ਕਾਂਗਰਸ ਦੀ ਪ੍ਰਧਾਨਗੀ ਛਡਣੀ ਪਈ। ਤੇ ਆਪ ਨੇ ਅਡ ਹੋਕੇ "ਫਾਰਵਰਡ ਬਲਾਕ" ਨਾਮ ਦੀ ਨਵੀਂ ਜਥੇ ਬੰਦੀ ਕਾਇਮ ਕਰ ਲਈ। ਸਰਕਾਰ ਨੇ ਆਪ ਨੂੰ ਫੇਰ ਗ੍ਰਿਫਤਾਰ ਕਰਕੇ ਨਜ਼ਰ ਬੰਦ ਕਰ ਦਿਤਾ। ਤੇ ਆਪ ਦਾ ਮਿਲਨਾ ਜੁਲਨਾ ਵੀ ਬੰਦ ਹੋ ਗਿਆ। ਆਪ ਦੀ ਅਗਾਹਾਂ ਵਧੂ ਤਬੀਅਤ ਤੋਂ ਭਾਰਤ ਨੂੰ ਸੁਤੰਤਰ ਕਰੌਨ ਦੀ ਲਗਨ ਨੇ ਆਪ ਨੂੰ

Digitized by Panjab Digital Library | www.panjabdigilib.org

ਅਜੇਹੀ ਹਿੰਮਤ ਦਿਤੀ ਕਿ ੧੫ ਜਨਵਰੀ ੧੯੪੧ ਨੂੰ ਅਚਨਚੇਤ ਹੀ ਇਕ ਮੌਲਵੀ ਦੇ ਭੇਸ ਵਿਚ ਆਪ ਰਾਤ ਦੇ ਅਠ ਵਜੇ ਪਹਿਰੇਦਾਰਾਂ ਨੂੰ ਧੋਖਾ ਦੇਕੇ ਘਰੋਂ ਨਿਕਲ ਗਏ। ਤੇ ਕਾਰ ਵਿਚ ਬੈਠਕੇ ਕਲਕਤੇ ਤੋਂ ਕੋਈ ੪੦ ਮੀਲ ਜਾਕੇ ਰੇਲ ਗਡੀ ਤੇ ਸਵਾਰ ਹੋ ਕੇ ਪਸ਼ੌਰ ਜਾ ਉਤਰੇ, ਤੇ ਉਥੋਂ ਮੌਲਵੀ ਦੇ ਭੇਸ ਵਿਚ ਹੀ ਕਾਬਲ ਪੌਂਹਚ ਗਏ। ਤੇ ਇਥੋਂ ਜਰਮਨੀ ਜਾ ਪੁਜੇ।

ਇਥੇ ਆਪ ਅੰਗ੍ਰੇਜ਼ਾਂ ਤੋਂ ਭਾਰਤ ਨੂੰ ਆਜ਼ਾਦ ਕਰੌਣ ਦੀਆਂ ਵਿਉਤਾਂ ਸੋਚਦੇ ਰਹੇ। ਜਰਮਨੀ ਦੇ ਡਿਕਟੇਟਰ ਹਿਟਲਰ, ਤੇ ਹੋਰ ਬਹੁਤ ਸਾਰੇ ਮੁਖੀਆਂ ਨਾਲ ਆਪਦਾ ਮੇਲ ਜੋਲ ਹੋ ਗਿਆ ਇੰਨ੍ਹਾਂ ਜੰਗ ਦੇ ਦਿਨਾਂ ਵਿਚ ਹੀ ਆਪ ਉਥੇ ਦੇ ਹਿੰਦੀ ਦੇਸ਼ ਭਗਤਾਂ ਤੇ ਜਪਾਨ ਸੂਕਾਰ ਦੇ ਸੱਦੇ ਤੇ ੧੯੪੩ ਵਿਚ ਜਾਪਾਨ ਪੁਜ ਗਏ। ਤੇ ਜਾਪਾਨ ਸੂਕਾਰ ਨਾਲ ਵਿਚਾਰਾਂ ਕਰਦੇ ਰਹੇ, ਤੇ ਥਾਂ ਥਾਂ ਦਾ ਦੌਰਾ ਕਰਕੇ ਆਪ ਸਿੰਘਾ ਪੁਰ ਆਏ, ਆਪਨੇ ੫ ਜੁਲਾਈ ੧੯੪੪ ਨੂੰ ਮੁੜ ਆਜ਼ਾਦ ਹਿੰਦ ਫੌਜ਼ ਖੜੀ ਕੀਤੀ। ਅਤੇ ਆਪ ਹੀ ਉਸ ਦੇ ਨੇਤਾ ਚੁਣੇ ਗਏ। ਬਰਮਾਂ, ਮਲਾਇਆ ਸਿੰਘਾ ਪੁਰ ਵਿਖੇ ਭਾਰਤ ਵਾਸੀਆਂ ਨੇ ਆਪ ਨੂੰ ਦਿਲ ਖੋਲ ਕਿ ਸਹਾਇਤਾ ਦਿਤਾ।

ਆਪਨੇ ਜੋ ਆਜ਼ਾਦ ਹਿੰਦ ਸਰਕਾਰ ਕਾਇਮ ਕੀਤੀ, ਜਿਸ ਦੇ ਪ੍ਰਬੰਧ ਹੇਠ ਨੀਕੋਬਾਰ ਅਤੇ ਅੰਡੇਮਾਨ ਦੇ ਟਾਪੂ ਆ ਗਏ। ਤੇ ਆਜ਼ਾਦ ਹਿੰਦ ਫੌਜ਼ ਦੀ ਅਗਵਾਈ ਕਰਦੇ ਹੋਇ ਭਾਰਤ ਦੀ ਆਜ਼ਾਦੀ ਲਈ, ਲੜਦੇ ਰਹੇ। ਇਸ ਸਮੇਂ ਜੋ ਕੰਮ ਆਪ ਨੇ ਕੀਤੇ ਉਹ ਸਾਰੇ ਲਿਖੇ ਜਾਣ ਤਾਂ ਇਕ ਵਡੀ ਕਿਤਾਬ ਬਣ ਸਕਦੀ ਹੈ। ਮਿਤਰ ਸਕਤੀਆਂ ਵਲੋਂ ਜਾਪਾਨ ਦੇ ਸ਼ਹਿਰਾਂ ਹੀਰੋਂਸੀਮਾਂ ਤੇ "ਨਾਗਾ ਸਾਕੀ" ਪਰ ਐਟਮ ਬੰਬ ਵਰਤੇ ਜਾਣ, ਤੇ ਲੜਾਈ ਵਿਚ ਜਾਪਾਨ ਦੇ ਪੈਰ ਉਖੜ ਗਏ। ਤੇ ਜਾਪਾਨ ਸੂਕਾਰ ਦੀ ਜਿਤ ਹਾਰ ਵਿਚ ਬਦਲ ਗਈ। ਇਸ ਸਮੇਂ ਜੰਗ ਬੰਦ ਕਰਕੇ, ਆਪ ਹਵਾਈ ਜਹਾਜ਼ ਤੇ ਟੋਕੀਓ ਨੂੰ ਰਵਾਨਾ ਹੋਗਏ। ਤੇ ਰਸਤੇ ਵਿਚ ਹੀ ਹਵਾਈ ਜਹਾਜ਼ ਦੇ ਹਾਦਸੇ ਵਿਚ ੨੩ ਅਗਸਤ ੧੯੪੫ ਨੂੰ ਸੁਰਗਵਾਸ ਹੋ ਗਏ। ਉਸ ਸਮੇਂ ਸਾਰੇ ਦੇਸ ਵਿਚ ਮਾਤਮ ਦੀ ਸੱਫ ਵਿਛ ਗਈ ਤੇ ਆਪ ਦੀ ਮ੍ਰਿਤੀਰ੍ਹੋ ਦਾ ਜਾਪਾਨ ਸੂਕਾਰ ਤੇ ਸਾਰੇ ਭਾਰਤ ਵਾਸੀਆਂ ਸ਼ੋਕ ਪ੍ਰਗਟ ਕੀਤਾ।

ਅਜ ਭਾਵੇਂ ਨੇਤਾ ਜੀ ਸਾਡੇ ਵਿਚ ਨਹੀਂ ਹਨ, ਪਰ ਆਪ ਦੇ ਕੀਤੇ ਕੰਮ, ਸੂਰਜ ਵਾਂਗ ਰੌਸ਼ਨ ਹਨ। ਜੋ ਸਾਨੂੰ ਆਪਦੀ ਦੇਸ ਪਿਆਰ, ਦੇਸ ਸੇਵਾ ਲਈ ਕੁਰਬਾਨੀ ਦੀ ਯਾਦ ਕਰਾ ਰਹੇ ਹਨ।

## ਕਰਨਲ ਗੁਰਬਖਸ਼ ਸਿੰਘ ਢਿੱਲੋਂ

ਏਹ ਅਣਖੀਲਾ ਗਬਰੂ ਜਾਂਦਾ ਜੇਹੜੀ ਓਰ।
ਵਿੱਚ ਅੰਗ੍ਰੇਜ਼ਾਂ ਜਾਇਕੇ ਖ਼ੂਬ ਮਚਉਦਾ ਸ਼ੋਰ॥

ਕਰਨਲ ਗੁਰਬਖਸ਼ ਸਿੰਘ ਢਿਲੋਂ ਦਾ ਜਨਮ ਜਿਲਾ ਲਾਹੌਰ ਤਹਿਸੀਲ ਕਸੂਰ ਵਿਚ ਸ. ਜਮਾਦਾਰ ਠਾਕਰ ਸਿੰਘ ਜੀ ਦੇ ਘਰ ੧੯੧੪ ਵਿਚ ਹੋਇਆ। ੧੯੩੩ ਵਿੱਚ ਆਪ

Digitized by Panjab Digital Library | www.panjabdigilib.org

ਹਿੰਦ ਦੀ ਫੌਜ ਵਿੱਚ ਸਿਪਾਹੀ ਦੀ ਹੈਸੀਅਤ ਵਿੱਚ ਭਰਤੀ ਹੋਏ। ੧੯੩੬ ਵਿੱਚ ਇਕ ਅੰਗ੍ਰੇਜ਼ ਅਫਸਰ ਦੀ ਸਫਾਰਸ਼ ਪਰ ਆਪਨੂੰ ਇੰਡੀਅਨ ਮਿਲਟਰੀ ਅਕੈਡਮੀ ਦੇਹਰਾ ਦੂਨ ਵਿੱਚ ਦਾਖਲ ਕਰਾਇਆ ਗਿਆ। ਇਥੇ ਇੱਕ ਮਾਟੋ ਲਿਖਿਆ ਹੋਇਆ ਸੀ। "ਤੁਹਾਡੇ ਮੁਲਕ ਦੀ ਇਜ਼ਤ ਸਲਾਮਤੀ ਤੇ ਖੁਸ਼ਹਾਲੀ ਤੁਹਾਡਾ ਪਹਿਲਾ ਫਰਜ਼ ਹੈ ਅਤੇ ਤੁਹਾਡੀ ਕਮਾਨ ਹੇਠ ਲੋਕਾਂ ਦੀ ਸਲਾਮਤੀ ਤੇ ਆਰਾਮ ਦੂਜੇ ਨੰਬਰ ਪਰ" ਇਹ ਸ਼ਬਦ ਪੜ੍ਹਕੇ ਕਰਨਲ ਗੁਰਬਖਸ਼ ਸਿੰਘ ਜੀਦੇ ਦਿਲ ਵਿੱਚ ਦੇਸ਼ ਪਿਆਰ ਦੀ ਜਾਗ ਲਗ ਗਈ ਅਤੇ ਆਪ ਦੇਸ਼ ਲਈ ਹਰਪ੍ਰਕਾਰ ਦੀ ਕੁਰਬਾਨੀ ਕਰਨ ਲਈ ਤਿਆਰ ਰਹਿਣ ਲੱਗੇ।

ਭਾਰਤੀ ਸਿਪਾਹੀਆਂ ਦੀ ਬਹਾਦਰੀ ਦੀ ਗਲਤ ਵਰਤੋਂ ਕਰਕੇ ਅੰਗ੍ਰੇਜ਼ੀ ਸਾਮਰਾਜ ਨੇ ਚੜ੍ਹਦੇ ਤੋਂ ਲਹਿੰਦੇ ਤੱਕ ਵਿਸਥਾਰ ਕਰ ਲਿਆ ਅਤੇ ਬਹੁਤ ਸਾਰੇ ਦੇਸ਼ਾਂਨੂੰਗੁਲਾਮੀਂ ਦੇ ਸੰਗਲਾਂ ਵਿੱਚ ਜਕੜ ਲਿਆ। ਪਰ ਆਜ਼ਾਦ ਦੇਸ਼ਾਂ ਵਿੱਚ ਜਾਕੇ ਹਿੰਦੁਸਤਾਨੀ ਸਿਪਾਹੀਆਂ ਨੂੰ ਪਤਾ ਲੱਗਿਆ ਕਿ ਸਾਡੇ ਦੇਸ਼ ਦੀ ਗੁਲਾਮੀ ਸਾਡੇ ਲਈ ਹੀ ਨਹੀਂ ਹੋਰ ਦੇਸ਼ਾਂ ਲਈ ਭੀ ਇਕ ਲਾਹਨਤ ਬਣੀ ਹੋਈ ਹੈ। ਕਰਨਲ ਗੁਰਬਖਸ਼ ਸਿੰਘ ੧੪ ਰਜਮੈਂਟਾਂ ਦੀ ਇਕ ਬਟਾਲੀਅਨ ਦੀ ਕਮਾਂਡ ਕਰਨ ਲਈ ਮਲਾਇਆ ਵਿੱਚ ਠਹਿਰੇ ਹੋਏ ਸਨ ਜਦ ਜਾਪਾਨੀਆਂ ਨੇ ਮਲਾਇਆ ਪਰ ਹਮਲਾ ਕੀਤਾ। ਅੰਗ੍ਰੇਜ਼ਾਂ ਹਾਕਮਾਂ ਨੇ ਬੁਜ਼ਦਿਲੀ ਭਰੇ ਢੰਗ ਨਾਲ ਹਿੰਦੁਸਤਾਨੀ ਸਿਪਾਹੀਆਂ ਨੂੰ ਜਪਾਨੀਆਂ ਦੇ ਹਵਾਲੇ ਕਰ ਦਿੱਤਾ। ਇਸ ਘਟਨਾ ਨੇ ਹਿੰਦੁਸਤਾਨੀਆਂ ਦੀ ਅਣਖ ਨੂੰ ਸਖਤ ਠੋਹਕਰ ਮਾਰੀ ਤੇ ਉਨ੍ਹਾਂ ਨੇ ਅਜ਼ਾਦ ਹਿੰਦ ਫੌਜ ਬਣਾਕੇ ਅੰਗ੍ਰੇਜ਼ਾਂ ਵਿਰੁਧ ਲੜਨ ਦਾ ਫ਼ੈਸਲਾ ਕਰ ਲਿਆ।

ਸਿੰਘਾਪੁਰ ਵਿਚ ਅੰਗ੍ਰੇਜ਼ ਤੇ ਹੋਰ ਵਦੇਸ਼ੀ ਜੰਗੀ ਕੈਦੀਆਂ ਦਾ ਕੈਂਪ ਸੀ ਜਿਸ ਦੇ ਇੰਚਾਰਜ ਜਪਾਨੀਆਂ ਵਲੋਂ ਕਰਨਲ ਢਿੱਲੋਂ ਬਣਾਏ ਗਏ! ਜਿੰਨ੍ਹਾਂ ਅੰਗ੍ਰੇਜ਼ਾਂ ਨੂੰ ਹਿੰਦੀ ਆਪਣੇ ਹਾਕਮ ਸਮਝਦੇ ਸਨ ਉਨ੍ਹਾ ਪਰ ਇਕ ਹਿੰਦੁਸਤਾਨੀ ਅਫਸਰ ਦਾ ਕੰਟਰੋਲ ਵੇਖ ਕੇ ਭਾਰਤ ਵਾਸੀਆਂ ਦੇ ਦਿਲਾਂ ਵਿਚੋਂ ਅਹਿਸਾਸ ਕਮਤਰੀ ਖਤਮ ਹੋਗਿਆ। ਕਰਨਲ ਸਾਹਿਬ ਬੜੇ ਬਾਰੋਅਬ ਤ੍ਰੀਕੇ ਨਾਲ ਕੈਂਪ ਦਾ ਪ੍ਰਬੰਧ ਚਲਾਉਂਦੇ ਸਨ। ਜਨਰਲ ਮੋਹਣ ਸਿੰਘ ਜੀ ਦੇ ਆਪ ਖਾਸ ਸਾਥੀਆਂ ਵਿਚੋਂ ਸਨ ਅਤੇ ਪਿਛੋਂ ਨੇਤਾ ਜੀ ਸੁਭਾਸ਼ ਚੰਦ੍ਰਬੋਸ ਦੀ ਕਮਾਨ ਹੇਠ ਤਾਂ ਆਪ ਜੀ ਨੇ ਬਹਾਦਰੀ ਦੇ ਉਹ ਸ਼ਾਨਦਾਰ ਕਾਰਨਾਮੇ ਕੀਤੇ ਜੋ ਰਹਿੰਦੀ ਦੁਨੀਆਂ ਤੱਕ ਯਾਦ ਰਹਿਣਗੇ। ਇੰਮਫਲ ਦੇ ਮੁਹਾਜ ਤੋਂ ਆਪਨੇ ਜਨਰਲ ਸ਼ਾਹ ਨਿਵਾਜ ਨੂੰ ਇਕ ਪੱਤ੍ਰਕਾ ਲਿਖੀ ਜਿਸ ਵਿੱਚ ਕਿਹਾ ਸੀ ਕਿ ਅਸੀਂ ਦੇਸ਼ ਨੂੰ ਅਜ਼ਾਦ ਕਰਾਉਣ ਲਈ ਜਾਨ ਕੁਰਬਾਨ ਕਰਨ ਦਾ ਪੱਕਾ ਇਰਾਦਾ ਬਣਾ ਲਿਆ ਹੈ।ਨੇਤਾ ਜੀ ਨੇ ਇਸ ਪੱਤ੍ਰਕਾ ਦੀ ਸਿਪਿਰਟ ਨੂੰ ਬਹੁਤ ਸਲਾਹਿਆ ਸੀ।ਅਜ਼ਾਦਹਿੰਦ ਫੌਜਦੇ ਮੁਕਦਮੇ ਵਿਚੋਂ ਆਪ ਬੜੀ ਇਜ਼ਤ ਨਾਲ ਬਰੀ ਹੋਏ ਤੇ ਲਾਹੌਰ ਵਿੱਚ ਸ਼ਾਨਦਾਰ ਸੁਆਗਤ ਹੋਇਆ। ਆਪ ਜਨਰਲ ਮੋਹਣ ਸਿੰਘ ਜੀ ਦੀ ਸੱਜੀ ਬਾਂਹ ਸਮਝੇ ਜਾਂਦੇ ਸਨ ਪ੍ਰੰਤੂ ਕੁਝ ਚਿਰ ਤੋਂ ਆਪ ਨੇ ਰਾਜਨੀਤੀ ਛੱਡਕੇ ਗਵਾਲੀਅਰ ਵਿੱਚ ਖੇਤੀ ਬਾੜੀ ਦਾ ਫਾਰਮ ਖੋਹਲ ਲਿਆ ਹੈ। ਆਪ ਅਜ਼ਾਦ ਹਿੰਦ ਵਿੱਚ ਨਹਿਰੂ ਬਰਗੇਡ ਦੇ ਕਮਾਂਡਰ ਸਨ।

## ਕਰਨਲ ਪ੍ਰੇਮ ਕੁਮਾਰ ਸਹਿਗਲ

ਆਪ ਪੰਜਾਬ ਹਾਈ ਕੋਰਟ ਦੇ ਸਾਬਕ ਜੱਜ ਸ੍ਰੀ ਅਛਰੂ ਰਾਮ ਦੇ ਸਪੁਤ੍ਰ ਹਨ ਅਤੇ ਦੂਜੀ ਵੱਡੀ ਲੜਾਈ ਤੋਂ ਪਹਿਲਾਂ ਆਪ ਹਿੰਦੀ ਫੌਜ ਵਿੱਚ ਚੰਗੇ ਔਹਦੇ ਪਰ ਸਨ। ਅਜ਼ਾਦ ਹਿੰਦ ਫੌਜ ਵਿੱਚ ਸ਼ਾਮਲ

Digitized by Panjab Digital Library | www.panjabdigilib.org

ਹੋਕੇ ਆਪ ਨੇ ਦੇਸ਼ ਦੀ ਅਜ਼ਾਦੀ ਲਈ ਸ਼ਾਨਦਾਰ ਕੁਰਬਾਨੀਆਂ ਕੀਤੀਆਂ। ਆਪ ਦੇ ਪਿਤਾ ਇਕ ਵਡੇ ਸਰਕਾਰੀ ਔਹਦੇ ਪਰ ਸਨ ਪ੍ਰੰਤੂ ਆਪ ਜੀ ਨੇ ਦੇਸ਼ ਪਿਆਰ ਵਿੱਚ ਮਸਤ ਹੋਕੇ ਦੇਸ਼ ਦੀ ਅਜ਼ਾਦੀ ਲਈ ਸਿਰ ਧੜਦੀ ਬਾਜੀ ਲਗਾ ਦਿੱਤੀ। ਦਿਲੀ ਦੇ ਲਾਲ ਕਿਲੇ ਵਿੱਚ ਅਜ਼ਾਦ ਹਿੰਦ ਫੌਜ ਦੇ ਅਫਸਰਾਂ ਵਿਰੁਧ ਜੋ ਪਹਿਲਾਂ ਵਡਾ ਮਕਦਮਾ ਸ਼ੁਰੂ ਹੋਇਆ ਉਸ ਵਿੱਚ ਕਰਨਲ ਢਿੱਲੋਂ ਤੇ ਸ਼ਾਹਨਿਵਾਜ਼ ਨਾਲ ਆਪ ਵਿਰੁਧ ਭੀ ਤਾਜ ਬ੍ਰਤਾਨੀਆਂ ਦੀ ਵਫਾਦਾਰੀ ਤੋੜਨ ਤੇ ਅੰਗ੍ਰੇਜ਼ੀ ਸਰਕਾਰ ਵਿਰੁਧ ਜੰਗ ਕਰਨ ਦਾ ਦੋਸ਼ ਲਗਾਇਆ ਗਿਆ।

ਕਰਨਲ ਸਹਿਗਲ ਨੇ ਜੋ ਬਿਆਨ ਦਿੱਤਾ ਉਸ ਵਿੱਚ ਆਪ ਨੇ ਸਾਰੇ ਦੋਸ਼ਾਂ ਤੋਂ ਇਨਕਾਰ ਕੀਤਾ ਤੇ ਕਿਹਾ ਕਿ ਮੈਂ ਜੰਗੀ ਕੈਦੀ ਦੀ ਹੈਸੀਅਤ ਵਿੱਚ ਕਾਫੀ ਅਰਸਾ ਦੁਸ਼ਮਨ ਦੀ ਹਿਰਾਸਤ ਵਿੱਚ ਰਿਹਾ ਹਾਂ। ਆਪ ਨੇ ਇਸ ਦਾਹਵੇ ਨੂੰ ਝੁਠਲਾਲਿਆ ਕਿ ਅਜ਼ਾਦ ਹਿੰਦ ਫੌਜ ਜਾਪਾਨੀਆਂ ਦੀ ਕਠਪੁਤਲੀ ਫੌਜ ਸੀ। ਦੂਜੇ ਅਫਸਰਾਂ ਨਾਲ ਆਪ ਭੀ ਲਾਲ ਕਿਲੇ ਤੋਂ ਰਿਹਾ ਹੋਕੇ ਲਾਹੌਰ ਪਹੁੰਚੇ ਤਾਂ ਲਾਹੌਰ ਦੀ ਜੰਤਾ ਨੇ ਇਨ੍ਹਾਂ ਸਾਰੇ ਅਫਸਰਾਂ ਦਾ ਸ਼ਾਨਦਾਰ ਸੁਆਗਤ ਕੀਤਾ। ਰਾਣੀਂ ਝਾਸੀ ਰਜਮੈਂਟ ਦੀ ਕਮਾਂਡਰ ਕਰਨਲ ਲਕਛਮੀਂ ਨਾਲ ਆਪ ਦਾ ਪ੍ਰੇਮ ਵਿਵਾਹ ਹੋਚੁਕਿਆ ਹੈ ਤੇ ਇਹ ਜੋੜਾ ਪੁਰਅਮਨ ਸ਼ਹਿਰੀ ਜੀਵਨ ਬਤੀਤ ਕਰ ਰਿਹਾ ਹੈ ਕਰਨਲ ਲਕਛਮੀ ਨੇ ਨੇਤਾ ਜੀ ਸੁਭਾਸ਼ ਚੰਦ੍ਰਬੋਸ ਦੇ ਹੁਕਮ ਅਨੁਸਾਰ ਭਾਰਤੀ ਇਸਤ੍ਰੀਆਂ ਨੂੰ ਜਥੇ ਬੰਦ ਕਰਨ ਦਾ ਇਤਨਾ ਸ਼ਾਨਦਾਰ ਕੰਮ ਕੀਤਾ ਸੀ ਕਿ ਵੇਖਣ ਵਾਲੇ ਦੰਗ ਰਹਿ ਗਏ ਸਨ। ਆਪ ਨੇਤਾ ਜੀ ਵਲੋਂ ਕਾਇਮ ਕੀਤੀ ਗਈ ਅਜ਼ਾਦ ਹਿੰਦ ਗੌਰਮਿੰਟ ਦੀ ਵਜ਼ੀਰ ਮੰਡਲੀ ਵਿੱਚ ਭੀ ਸ਼ਾਮਲ ਸਨ।

## ਜਰਨਲ ਸ਼ਾਹਨਿਵਾਜ਼ ਖਾਨ

ਭਾਰਤ ਵਰਸ਼ ਦੇ ਸਾਰੇ ਵਡੇ ਵਡੇ ਸ਼ਹਿਰਾਂ ਵਿੱਚ ਵਸਣ ਵਾਲੀ ਜੰਤਾ ਕੌਮੀ ਜਜ਼ਬੇ ਦੇ ਅਧੀਨ ਘਰਾਂ ਤੋਂ ਨਿਕਲ ਕੇ ਇਤ੍ਹੰ ਸੜਕਾਂ ਤੇ ਇਕਠੀ ਹੋ ਗਈ ਜਿਵੇਂ ਬਰਸਾਤ ਦੀ ਰੁਤ ਵਿੱਚ ਭਾਰਤੀ ਨਦੀਆਂ ਵਿੱਚ ਹੜ ਆ ਜਾਇਆ ਕਰਦਾ ਹੈ। ਹਰ ਇਕ ਦੇਸ਼ ਭਗਤ ਦੀ ਜ਼ਬਾਨ ਤੇ ਇਕੋ ਨਾਹਰਾ ਸੀ "ਲਾਲ ਕਿਲੇ 'ਚੋਂ ਆਈ ਅਵਾਜ਼ ਸਹਿਗਲ ਢਿਲੋਂ ਸ਼ਾਹਨਿਵਾਜ਼"। ਇਨ੍ਹਾਂ ਨਾਹਰਿਆਂ ਪਿੱਛੇ ਕੇਹੜੀ ਹਕੀਕਤ ਛੁਪੀ ਹੋਈ ਸੀ, ਇਹ ਜਾਨਣ ਲਈ ਹਰ ਭਾਰਤ ਵਾਸੀ ਦਾ ਦਿਲ ਉਤਾਵਲਾ ਸੀ। ਲੋਕ ਬੜੀ ਬੇਸਵਰੀ ਨਾਲ ਅਖਬਾਰਾਂ ਦੇ ਵਰਕੇ ਫੋਲ ਦੇ ਸਨ ਕਿ ਸਾਨੂੰ ਅਜ਼ਾਦ ਹਿੰਦ ਫੌਜ ਦੇ ਅਫਸਰਾਂ ਸਹਿਗਲ ਢਿਲੋਂ ਤੇ ਸ਼ਾਹਨਿਵਾਜ਼ ਦੇ ਮੁਕਦਮੇ ਦੇ ਹਾਲਾਤ ਪਤਾ ਲਗਣ। ਇਨ੍ਹਾਂ ਦਿਨਾ ਵਿੱਚ ਸ਼ਾਹਨਿਵਾਜ਼ ਦਾ ਨਾਮ ਹਰ ਹਿੰਦੁਸਤਾਨੀ ਦੇ ਕੰਨਾ ਵਿੱਚੋਂ ਲੰਘ ਕੇ ਦਿਲ ਦੀਆਂ ਗਹਿਰਾਈਆਂ ਵਿੱਚ ਉਤਰ ਗਿਆ।

ਇਸਦਾ ਕਾਰਣ ਇਹ ਸੀ ਭਾਵੇਂ ਕਰਨਲ ਸ਼ਾਹਨਿਵਾਜ਼ ਰਾਵਲ ਪਿੰਡੀ ਜ਼ਿਲੇ ਦੇ ਇਕ ਐਸੇ ਮੁਸਲਮਾਨ ਖਾਨ ਦਾਨ ਵਿੱਚ ਪੈਦਾ ਹੋਏ ਜਿਸਦੀ ਅੰਗ੍ਰੇਜ਼ ਭਗਤੀ ਇਕ ਰਵਾਇਤ ਬਣ ਚੁਕੀ ਸੀ ਪ੍ਰੰਤੂ ਸਿੰਘਾ ਪੁਰ ਖਾਲੀ ਕਰਨ ਸਮੇਂ ਅੰਗ੍ਰੇਜ਼ਾਂ ਨੇ ਹਿੰਦੁਸਤਾਨੀ ਫੌਜੀਆਂ ਨੂੰ ਜਿਸ ਬੇਦਰਦੀ ਨਾਲ ਜਾਪਾਨੀਆਂ ਦੇ ਰਹਿਮ ਤੇ ਛੱਡ ਦਿੱਤਾ ਉਸਨੇ ਸ਼ਾਹਨਿਵਾਜ਼ ਦੇ ਦਿਲ ਵਿੱਚ ਗੁਲਾਮੀ ਵਿਰੁਧ ਅਮਿੱਟ ਘ੍ਰਣਾ ਪੈਦਾ ਕਰ ਦਿੱਤੀ ਤੇ ਮੋਢੇ ਛੰਡ ਕੇ ਸ਼ਾਹਨਿਵਾਜ਼ ਨੇ ਕਿਹਾ "ਦੇਸ਼ ਨੂੰ ਅਜ਼ਾਦ ਕਰਾਉਣ ਲਈ ਜੇ ਮੈਂਨੂੰ ਆਪਣੇ ਸਕੇ

Digitized by Panjab Digital Library | www.panjabdigilib.org

ਭਰਾ ਵਿਰੁਧ ਭੀ ਲੜਨਾ ਪਿਆ ਤਾਂ ਮੈਂ ਲੜਾਂਗਾ" । ਅਜ ਤੋਂ ਦੇਸ਼ ਦੀ ਅਜ਼ਾਦੀ ਮੇਰਾ ਜੀਵਨ ਆਦਰਸ ਬਣਗਿਆ ਹੈ ਤੇ ਜਦ ਤੱਕ ਅਸੀਂ ਅੰਗ੍ਰੇਜ਼ਾਂ ਨੂੰ ਭਾਰਤ ਵਿਚੋਂ ਨਹੀਂ ਕਢ ਲੈਂਦੇ ਚੈਨ ਨਾਲ ਨਹੀਂ ਬੈਠਾਂਗੇ ਇਹ ਪ੍ਰਤਿੱਗਿਆ ਕਰਕੇ ਕਰਨਲ ਸ਼ਾਹਨਿਵਾਜ ਅਜ਼ਾਦ ਹਿੰਦ ਫੌਜ ਵਿੱਚ ਸ਼ਾਮਲ ਹੋ ਗਏ ਅਤੇ ਆਪਨੇ ਪਹਿਲੇ ਡਵੀਜ਼ਨ ਦੀ ਅਗਵਾਈ ਕਰਦੇ ਹੋਇ ਅਮਰੀਕਨ ਤੇ ਇਸ ਫਲ ਦੇ ਮੁਹਾਜ਼ ਤੇ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਲਈ ਅੰਗ੍ਰੇਜ਼ੀ ਫੌਜ ਵਿਰੁਧ ਬੜੀ ਬਹਾਦਰੀ ਨਾਲ ਲੜਾਈ ਕੀਤੀ । ਕਰਨਲ ਸ਼ਾਹ ਨਿਵਾਜ਼ ਦੇ ਪ੍ਰਵਾਰ ਦੇ ੮੦ ਆਦਮੀ ਅੰਗ੍ਰੇਜਾਂ ਦੀਆਂ ਫ਼ੌਜਾਂ ਵਿੱਚ ਨੌਕਰ ਸਨ ਪ੍ਰੰਤੂ ਆਪ ਦੀ ਜਾਗੀ ਹੋਈ ਜ਼ਮੀਰ ਨੇ ਖਾਨਦਾਨੀ ਰਵਾਇਤਾਂ ਨੂੰ ਭੁਲਾਕੇ ਆਪ ਨੂੰ ਦੇਸ਼ ਦਾ ਸੱਚਾ ਸਿਪਾਹੀ ਬਣਾ ਦਿੱਤਾ । ਅਜ਼ਾਦ ਹਿੰਦ ਫੌਜ ਦੇ ਪਹਿਲੇ ਵਡੇ ਮੁਕਦਮੇ ਵਿਚ ਕਰਨਲ ਢਿਲੋਂ ਤੇ ਪ੍ਰੇਮ ਕੁਮਾਰ ਸਹਿਗਲ ਨਾਲ ਆਪ ਭੀ ਅੰਗਰੇਜ਼ਾਂ ਦੇ ਮੁਜਰਮ ਸਨ । ਪ੍ਰੰਤੂ ਦੇਸ਼ ਭਰ ਵਿਚ ਇਨ੍ਹਾਂ ਦੇਸ਼ ਭਗਤਾਂ ਦੀ ਰਿਹਾਈ ਲਈ ਮਜਬੂਰ ਹੋਣਾ ਪਿਆ । ਆਪ ਨੂੰ ਭਾਰਤ ਨਾਲ ਇਤਨਾ ਪਿਆਰ ਹੈ ਕਿ ਬਾਵਜੂਦ ਆਪ ਦਾ ਸਾਰਾ ਖਾਨਦਾਨ ਪਾਕਿਸਤਾਨ ਵਿੱਚ ਹੁੰਦੇ ਹੋਇ ਆਪ ਪਾਕਿਸਤਾਨ ਨਹੀਂ ਗਏ ਅਤੇ ਹਿੰਦੁਸਤਾਨ ਦੀ ਪਾਰਲੀਮੈਂਟ ਦੇ ਮੈਂਬਰ ਹੋਣ ਦੀ ਹੈਸੀਅਤ ਵਿੱਚ ਭਾਰਤ ਦੀ ਸੇਵਾ ਕਰ ਰਹੇ ਹਨ ।

# ਕਰਨਲ ਨਿਰੰਜਨ ਸਿੰਘ ਜੀ ਗਿਲ

ਕਰਨਲ ਨਿਰੰਜਨ ਸਿੰਘ ਜੀ ਗਿਲ ਕਸਬਾ ਮਜੀਠਾ ਜ਼ਿਲਾ ਅੰਮ੍ਰਿਤਸਰ ਵਿਚ ਪੈਦਾ ਹੋਇ । ਆਪ ਆਪਣੀ ਯੋਗਤਾ ਤੇ ਸ਼ੁਭ ਗੁਣਾਂ ਦਾ ਸਦਕਾ ਹਿੰਦੀ ਫੌਜ਼ ਵਿਚ ਚੰਗੇ ਉਚੇ ਔਹਦੇ ਤਕ ਪੁਜ ਗਏ । ਸਿੰਘਾਂ ਪੁਰ ਖਾਲੀ ਕਰਨ ਸਮੇਂ ਅੰਗ੍ਰੇਜ਼ਾਂ ਨੇ ਹਿੰਦੀ ਫੌਜ਼ਾਂ ਨੂੰ ਬੇਆਸਰਾ ਛਡ ਦਿਤਾ ਉਸ ਸਮੇਂ ਆਪ ਸਿੰਘਾਂ ਪੁਰ ਵਿਚ ਸਨ । ਜਿਸ ਦਿਨ ੪੫ ਹਜ਼ਾਰ ਹਿੰਦੀ ਫੌਜ਼ ਸਿਪਾਹੀਆਂ ਨੂੰ ਫੇਰ ਪਾਰਕ ਵਿਚ ਜਾਪਾਨੀਆਂ ਦੇ ਹਵਾਲੇ ਕੀਤਾ ਗਿਆ ਉਸ ਸਮੇਂ ਕਰਨਲ ਸਾਹਿਬ ਭੀ ਜੰਗੀ ਕੈਦੀ ਸਨ ਤੇ ਆਪਨੇ ਇਸ ਇਕਠ ਵਿਚ ਜੋਸ਼ ਭਰੀ ਤਕਰੀਰ ਕਰਦੇ ਹੋਇ ਆਪਣੇ ਆਪ ਨੂੰ ਜੱਨਰਲ ਮੋਹਣ ਸਿੰਘ ਜੀ ਦੇ ਹਵਾਲੇ ਕੀਤਾ । ਗਿਲ ਸਾਹਿਬ ਚੰਗੇ ਵਕਤਾਂ ਤੇ ਬਹੁਤ ਸਿਆਣੇ ਅਫਸਰ ਸਨ ਇਸ ਕਰਕੇ ਆਜ਼ਾਦ ਹਿੰਦ ਫੌਜ਼ ਤੇ ਇੰਡੀਪੈਂਡੇਂਸਲੀਗ ਵਿਚ ਆਪ ਬਹੁਤ ਛੇਤੀ ਹਰਮਨ ਪਿਆਰੇ ਆਗੂ ਬਣ ਗਏ ।

ਟੋਕੀਉ ਤੇ ਬੰਕਾਕ ਦੀਆਂ ਕਾਨਫ੍ਰੰਸਾਂ ਵਿਚ ਆਪ ਡੇਲੀਗੇਟ ਬਣਕੇ ਗਏ ਅਤੇ ਹਿੰਦੁਸਤਾਨ ਦੀ ਆਜ਼ਾਦੀ ਲਈ ਬਹੁਤ ਸੋਹਣੇ ਖਿਆਲ ਪੇਸ਼ ਕੀਤੇ । ਜਦ ਜਨਰਲ ਮੋਹਣ ਸਿੰਘ ਜੀ ਤੇ ਜਾਪਾਨੀਆਂ ਵਿਚ ਮਤ ਭੇਦ ਪੈਦਾ ਹੋਇਆ ਤਾਂ ਜਾਪਾਨੀਆਂ ਨੇ ਇਹ ਸਮਝਿਆ ਕਿ ਇਸ ਵਿਚ ਕਰਨਲ ਗਿੱਲ ਦਾ ਹੱਥ ਹੈ ਤੇ ਆਪ ਪਰ ਬ੍ਰਤਾਨਵੀ ਏਜੰਟ ਹੋਣ ਦਾ ਦੋਸ਼ ਲਗਾਕੇ ਗ੍ਰਿਫਤਾਰ ਕਰ ਲਿਆ ਗਿਆ । ਜੱਨਰਲ ਸਾਹਿਬ ਨੇ ਜਾਪਾਨੀਆਂ ਦੇ ਇਸ ਖਿਆਲ ਦੀ ਸਖਤ ਵਿਰੋਧਤਾ ਕੀਤੀ ਅਤੇ ਕਿਹਾ ਕਿ ਮੈਂ ਜੋ ਕੁਝ ਕਰ ਰਿਹਾ ਹਾਂ ਆਪਣੇ ਦੇਸ਼ ਦੀ ਭਲਾਈ ਨੂੰ ਮੁਖ ਰੱਖਕੇ ਕਰਦਾ ਹਾਂ ਕਿਸੇ ਦੀ ਉਕਸਾਹਟ ਵਿਚ ਆਕੇ ਨਹੀਂ । ਜਾਪਾਨੀਆਂ ਦੀ ਨਜ਼ਰ ਬੰਦੀ ਵਿਚ ਆਪ ਨੂੰ ਕਈ ਪ੍ਰਕਾਰ ਦੇ ਤਸੀਹੇ ਦਿੱਤੇ ਗਏ ਪ੍ਰੰਤੂ ਆਪ ਅਡੋਲ ਰਹੇ । ਜੰਗ ਖਤਮ ਹੋਣ ਪਰ ਆਪ ਨੂੰ ਬ੍ਰਤਾਨਵੀ ਅਫਸਰਾਂ ਦੇ ਹਵਾਲੇ ਕਰ ਦਿਤਾ ਗਿਆ । ਜਦ ਆਪ ਰਿਹਾ ਹੋ ਕੇ ਆਏ ਤਾਂ ਸਿਖ ਜਗਤ ਨੇ ਆਪ ਦਾ ਤੇ ਜੱਨਰਲ ਮੋਹਣ ਸਿੰਘ ਜੀ ਦਾ ਸ਼ਾਨਦਾਰ ਸੁਆਗਤ ਕੀਤਾ । ੧੯੪੬ ਵਿਚ ਸਿੱਖ ਕੌਮ ਨੂੰ ਇਕ ਐਸੇ ਆਗੂ ਦੀ ਲੋੜ ਭਾਸੀ ਜੋ ਅੰਗ੍ਰੇਜ਼ ਨੇਤਾਵਾਂ ਤੇ

Digitized by Panjab Digital Library | www.panjabdigilib.org

ਹਿੰਦੁਸਤਾਨੀ ਲੀਡਰਾਂ ਨਾਲ ਚੰਗੀ ਤਰਾਂ ਗਲਬਾਤ ਕਰ ਸਕੇ ਤੇ ਸਿੱਖ ਕਾਜ ਦੀ ਵਕਾਲਤ ਕਰਸਕੇ। ਸਿੱਖਾਂ ਦੀਆਂ ਸਾਰੀਆਂ ਪਾਰਟੀਆਂ ਨੇ ਮਿਲਕੇ ਇਕ ਪੰਥਕ ਪ੍ਰਤਿਨਿਧ ਬੋਰਡ ਬਣਾਇਆ ਜਿਸ ਦੇ ਪ੍ਰਧਾਨ ਕਰਨਲ ਗਿੱਲ ਨੂੰ ਚੁਣਿਆ ਗਿਆ। ਆਪ ਸਿੱਖ ਸਿਆਸਤ ਨੂੰ ਨਵੀਆਂ ਲੀਹਾਂ ਤੇ ਚਲਾਉਣਾ ਚਾਹੁੰਦੇ ਸਨ ਇਸ ਕਰਕੇ ਛੇਤੀ ਹੀ ਪੁਰਾਣੇ ਲੀਡਰਾਂ ਨਾਲ ਆਪ ਦੇ ਮਤਭੇਦ ਪੈਦਾ ਹੋ ਗਏ ਤੇ ਆਪ ਅਸਤੀਫਾ ਦੇ ਕੇ ਅੱਡ ਹੋ ਗਏ। ਜੱਨਰਲ ਮੋਹਣ ਸਿੰਘ ਜੀ ਨਾਲ ਭੀ ਇਸ ਸਮੇਂ ਆਪ ਦੇ ਰਾਜਸੀ ਵਿਚਾਰ ਨਹੀਂ ਮਿਲਦੇ ਇਸ ਕਰਕੇ ਆਪ ਕਾਂਗਰਸ ਵਿਚ ਸ਼ਾਮਲ ਹੋ ਗਏ ਹਨ।

## ਬਾਬਾ ਬੁਧ ਸਿੰਘ ਜੀ 'ਮਲਾਇਨ ਗਾਂਧੀ'

ਬਾਬਾ ਬੁਧ ਸਿੰਘ ਜੀ ਜ਼ਿਲਾ ਅੰਮ੍ਰਿਤਸਰ ਦੇ ਰਹਿਣ ਵਾਲੇ ਹਨ। ਆਪ ਮਲਾਇਆ ਵਿੱਚ ਕਾਫੀ ਅਰਸਾ ਰੇਲਵੇ ਵਿੱਚ ਨੌਕਰ ਰਹੇ ਤੇ ਪੈਨਸ਼ਨ ਲੈਕੇ ਕੁਆਲਾਲੰਪਰ ਵਿੱਚ ਹੀ ਰਹਿਣ ਲਗ ਪਏ। ਰਾਜਸੀ ਕੰਮਾ ਵੱਲ ਪਹਿਲਾਂ ਆਪ ਜੀ ਦਾ ਰੁਝਾਨ ਘੱਟ ਸੀ ਪ੍ਰੰਤੂ ਜਦ ਇੰਡੀਅਨ ਇੰਡੀਪੈਂਡੈਂਸ ਲੀਗ ਦੀਆਂ ਸ਼ਾਖਾਂ ਮਲਾਇਆ ਵਿੱਚ ਕਾਇਮ ਹੋਈਆਂ ਅਤੇ ਹਿੰਦੁਸਤਾਨੀ ਦੇਸ਼ਭਗਤਾਂ ਨੇ ਇਹ ਪ੍ਰਗਟ ਕੀਤਾਕਿ ਹਿੰਦੁਸਤਾਨ ਹੁਣ ਬਹੁਤ ਛੇਤੀ ਅੰਗ੍ਰੇਜ਼ਾਂ ਦੀ ਗੁਲਾਮੀ ਤੋਂ ਅਜ਼ਾਦ ਹੋਣ ਵਾਲਾ ਹੈ ਤਾਂ ਆਪ ਤਨ ਮਨ ਧਨ ਕਰਕੇ ਇਸ ਲਹਿਰ ਵਿੱਚ ਸ਼ਾਮਲ ਹੋ ਗਏ। ਮਲਾਇਆ ਤੇ ਜਪਾਨੀਆਂ ਦੇ ਹਮਲੇ ਸਮੇਂ ਹਿੰਦੁਸਤਾਨੀਆਂ ਦੀ ਹਾਲਤ ਬਹੁਤ ਖਰਾਬ ਸੀ। ਦੁਖੀ ਜਨਤਾ ਅੰਗ੍ਰੇਜ਼ਾਂ ਤੇ ਜਪਾਨੀਆਂ ਦੇ ਇਕਤਦਾਰ ਦੇ ਪੁੜਾਂ ਵਿੱਚ ਬੁਰੀ ਤਰਾਂ ਪਿਸ ਰਹੀ ਸੀ। ਇਹੋ ਜਿਹੀ ਹਾਲਤ ਵਿੱਚ ਹਿੰਦੀਆਂ ਦੀ ਸਹਾਇਤਾ ਕਰਨ ਦਾ ਸਵਾਲ ਹਰ ਦੇਸ਼ ਦਰਦੀ ਦੇ ਦਿਲ ਨੂੰ ਬੇਚੈਨ ਕਰ ਦਿੰਦਾ ਸੀ।

ਬਾਬਾ ਜੀ ਕੁਆਲਾਲੰਪਰ ਦੀ ਇੰਡੀਅਨ ਇੰਡੀਪੈਂਡੈਂਸ ਲੀਗ ਦੇ ਮੀਤ ਪ੍ਰਧਾਨ ਚੁਣੇ ਗਏ। ਇਥੇ ਆਜ਼ਾਦ ਹਿੰਦ ਫੌਜ ਦਾ ਵਡਾ ਕੈਂਪ ਸੀ। ਸ਼ਹਿਰੀ ਅਬਾਦੀ ਤਾਂ ਇਕ ਪਾਸੇ ਰਹੀ ਫੌਜ ਨੂੰ ਭੀ ਰਾਸ਼ਨ ਸਪਲਾਈ ਕਰਨ ਤੋਂ ਅਸਮਰਥ ਸਨ। ਫੌਜੀ ਸਿਪਾਹੀਆਂ ਦੀ ਹਾਲਤ ਤਰਸ ਯੋਗ ਸੀ। ਜਨਰਲ ਮੋਹਣ ਸਿੰਘ ਜੀ ਦੇ ਅਪੀਲ ਕਰਨ ਤੇ ਫੌਜ ਨੂੰ ਰਾਸ਼ਨ ਸਪਲਾਈ ਕਰਨ ਦਾ ਕੰਮ ਸੰਭਾਲ ਲਿਆ। ਆਪ ਨੇ ਇਸ ਕੰਮ ਨੂੰ ਇਤਨੀ ਯੋਗਤਾ ਨਾਲ ਨਿਭਾਇਆ ਕਿ ਸਾਰੇ ਲੋਕ ਪਿਆਰ ਨਾਲ ਆਪ ਜੀ ਨੂੰ ਮਲਾਇਨ ਨਾਮ ਨਾਲ ਯਾਦ ਕਰਨ ਲੱਗ ਪਏ। ਚਿਟੇ ਖਦਰ ਦੇ ਕਪੜਿਆਂ ਵਿੱਚ ਸਫੈਦ ਦਾਹੜੇ ਵਾਲੇ ਬਾਬਾ ਬੁਧ ਸਿੰਘ ਜੀ ਦੇਸ਼ ਪਿਆਰ ਵਿੱਚ ਮਸਤ ਹੋਕੇ ਸੇਵਾ ਵਿੱਚ ਇਤਨੇ ਮਸਤ ਰਹਿੰਦੇ ਸਨ ਕਿ ਆਪ ਸਚੀ ਦੇਸ਼ ਭਗਤੀ ਦਾ ਇੱਕ ਨਮੂਨਾ ਬਣ ਜਾਂਦੇ ਸਨ। ਦੁਖੀ ਲੋਕਾਂ ਦੀ ਸਹਾਇਤਾ ਕਰਨਾ ਆਪ ਦਾ ਖਾਸ ਚਾਉ ਸੀ ਇਸ ਔਕੜ ਵਿੱਚ ਆਪ ਹਿੰਦੁਸਤਾਨੀਆਂ ਦੀ ਅਨਥੱਕ ਘਾਲਣਾ ਦੀ ਸੁੰਦਰ ਮਸਾਲ ਬਣੇ। ਆਪਪੰਜਾਬ ਅਪਰ ਕੌਂਸਲ ਦੇ ਪ੍ਰਧਾਨ ਦੀ ਪਦਵੀ ਨੂੰ ਸ਼ਸ਼ੋਭਤ ਕਰਕੇ ਸੰਸਾਰ ਅਮਨ ਲਈ ਅਹਿਮ ਪਾਰਟ ਅਦਾ ਕਰਦੇ ਰਹੇ।ਮਨੁਖ ਦੀ ਉਚਤਾ ਉਸਦੇ ਉਚੇ ਆਦਰਸ਼ ਤੋਂ ਜਾਣੀ ਜਾਂਦੀ ਹੈ ਇਸ ਕਰਕੇ ਇਹ ਗਲ ਫਖਰ ਨਾਲ ਕਹੀ ਜਾ ਸਕਦੀ ਹੈ ਕਿ ਜੋ ਉਚਾ ਆਦਰਸ਼ ਇਸ ਸਮੇਂ ਬਾਬਾ ਬੁਧ ਸਿੰਘ ਜੀ ਦੇ ਸਾਹਮਣੇ ਹੈ ਉਹ ਆਪ ਨੂੰ ਭਾਰਤ ਵਾਸੀਆਂ ਨੇ ਹੀ ਨਹੀਂ ਸਾਰੀ ਦੁਨੀਆਂ ਦੇ ਮਨੁਖ ਹਿਤੈਸ਼ੀਆਂ ਦੀਆਂ ਨਜ਼ਰਾਂ ਵਿਚ ਹੋਰ ਭੀ ਉਚਾ ਲੈ ਜਾਵੇਗਾ।

Digitized by Panjab Digital Library | www.panjabdigilib.org

# ਕੈਪਟਨ ਨਾਹਰ ਸਿੰਘ ਜਗਰਾਉਂ

ਜੜ ਅੰਗ੍ਰੇਜੀ ਰਾਜਦੀ ਪੁਟਣ ਏਹ ਜ਼ੁਆਨ ।
ਸ੍ਵੈਰਾਜ ਦੇ ਹਿੰਦ ਤੇ ਝੂਲਣ ਅਜ ਨਿਸ਼ਾਨ ।

ਆਪ ਜੀਦਾ ਜਨਮ ਜਗਰਾਉਂ ਵਿੱਚ ਸ:ਇਛਰਾ ਸਿੰਘ ਜੀ ਦੇ ਘਰ ੧੯੧੫ਈ:ਨੂੰਹੋਇਆ।੧੯੩੩ਈ: ਵਿੱਚ ਆਪ ਹਿੰਦੁਸਤਾਨੀ ਫੌਜ ਵਿੱਚ ਭਰਤੀ ਹੋਏ । ਫੌਜ ਦੇ ਕਈ ਇਮਤਿਹਾਨ ਪਾਸ ਕਰਕੇ ਆਪ ਕੈਪਟਨ ਦੇ ਔਹਦੇ ਤੱਕ ਪੁਜੇ । ਆਪ ਅੰਗ੍ਰੇਜ਼ੀ ਸਰਕਾਰ ਦੇ ਹੁਕਮ ਅਨੁਸਾਰ ਮਿਸਰ ਵਿੱਚ ਲੜ ਰਹੇ ਸਨ ਜਦ ਜਰਮਨੀ ਦੀਆਂ ਜੇਤੂ ਫੌਜਾਂ ਨੇ ਆਪ ਨੂੰ ਤੇ ਆਪ ਜੀ ਦੇ ਸਾਥੀਆਂ ਨੂੰ ਕੈਦੀ ਬਣਾਇਆ । ਜਰਮਨ ਨੇ ਹਿੰਦੁਸਤਾਨੀ ਜੰਗੀ ਕੈਦੀਆਂ ਨਾਲ ਬਹੁਤ ਬੁਰਾ ਸਲੂਕ ਕੀਤਾ ਪ੍ਰੰਤੂ ਜਦੋਂ ਨੇਤਾ ਜੀ ਸੁਭਾਸ਼ ਚੰਦ੍ਰਬੋਸ ਨੇ ਅਜ਼ਾਦ ਹਿੰਦ ਫੌਜ ਕਾਇਮ ਕੀਤੀ ਤਾਂ ਜਰਮਨੀਆਂ ਦਾ ਵਤੀਰਾ ਬਦਲਗਿਆ ।

ਮਿਸਰ ਵਿੱਚੋਂ ਜੰਗੀ ਕੈਦੀ ਬਣਾ ਕੇ ਆਪ ਜੀ ਨੂੰ ਇਟਲੀ ਲੈਜਾਇਆ ਗਿਆ । ਇਥੋ ਆਪ ਜੀ ਨੂੰ ਮੁਸਲਮਾਨ ਦੇਸ਼ ਭਗਤ ਇਕਬਾਲ ਸ਼ੈਦਾਈ ਮਿਲਿਆ ਅਤੇ ਬਾਬਾ ਜੀਤ ਸਿੰਘ ਜੀ ਜੋ ਸ਼ਹੀਦੇ ਆਜ਼ਮ ਸ. ਭਗਤ ਸਿੰਘ ਦੇ ਚਾਚੇ ਸਨ ਜੋ ਹਿੰਸਦੁਤਾਨ ਵਿੱਚੋਂ ਦੇਸ਼ ਨਿਕਾਲਾ ਦੇਕੇ ਕਢੇ ਗਏ ਸਨ ਤੇ ਇਟਲੀ ਵਿੱਚ ਰਹਿਕੇ ਦਿਨ ਕਟੀ ਕਰ ਰਹੇ ਸਨ । ਇਸ ਦੇਸ਼ ਭਗਤ ਨੇ ਆਪ ਜੀ ਨੂੰ ਇਹ ਖੁਸ਼ਖਬਰੀ ਸੁਣਾਈ ਕੇ ਨੇਤਾ ਜੀ ਸੁਭਾਸ਼ ਚੰਦ੍ਰ ਬੋਸ ਜਰਮਨੀ ਵਿੱਚ ਪੁਜ ਗਏ ਹਨ ਤੇ ਉਹ ਆਜ਼ਾਦ ਹਿੰਦ ਫੌਜ ਕਾਇਮ ਕਰ ਰਹੇ ਹਨ ।

ਕੈਪਟਨ ਸਾਹਿਬ ਦਾ ਜਦ ਨੇਤਾ ਜੀ ਨਾਲ ਮਿਲਾਪ ਹੋਇਆ ਤਾਂ ਉਹ ਇਹ ਜਾਣ ਕੇ ਬਹੁਤ ਖੁਸ਼ ਹੋਏ ਕਿ ਆਪ ਜੀ ਪ੍ਰਸਿੱਧ ਦੇਸ਼ ਭਗਤ ਲਾਲਾ ਲਾਜਪੱਤ ਰਾਇ ਦੇ ਪਿੰਡ ਦੇ ਹਨ ਅਤੇ ਦੇਸ਼ ਦੀ ਖਾਤਰ ਵਡੀ ਤੋਂ ਵਡੀ ਕੁਰਬਾਨੀ ਕਰਨ ਲਈ ਤਿਆਰ ਹਨ । ਇਸ ਤੋਂ ਪਿੱਛੋਂ ਆਜ਼ਾਦ ਹਿੰਦ ਫੌਜ ਨੇ ਫ੍ਰਾਂਸ ਦੇ ਮੁਹਾਜ਼ ਤੇ ਜਰਮਨ ਫੌਜਾਂ ਦੀ ਸਹਾਇਤਾ ਕੀਤੀ । ਓਥੇ ਜਾਕੇ ਆਪ ਨੇ ਅਪਣੀ ਕਾਬਲੀਅਤ ਅਤੇ ਮੇਹਨਤ ਅਤੇ ਤਜਰਬੇ ਨਾਲ ਜਰਮਨਾ ਦੇ ਭੀ ਮੁਕਾਬਲੇ ਵਿਚ ਅਵਲ ਨੰਬਰ ਲੈਕੇ ਅਜ਼ਾਦ ਹਿੰਦ ਫੌਜ ਅਤੇ ਹਿੰਦੁਸਤਾਨ ਦਾ ਨਾ ਉਚਾ ਕੀਤਾ ਜਿਸ ਨਾਲ ਨੇਤਾ ਜੀ ਬਹੁਤ ਖੁਸ਼ ਹੋਇ । ਆਪ ਨੂੰ ਆਲਾ ਫੌਜੀ ਟਰੇਨਿੰਗ ਲਈ ਮਿਲਟਰੀ ਅਕੈਡਮੀ ਬਰਨਲ ਵਿਚ ਭੇਜਿਆ ।

ਆਪ ਮੁਹਾਜ਼ ਤੇ ਜਾਕੇ ਬੜੀ ਬਹਾਦਰੀ ਨਾਲ ਲੜਦੇ ਰਹੇ, ਪ੍ਰੰਤੂ ਜਦ ਹਿਟਲਰ ਨੇ ਰੂਸ ਤੇ ਹਮਲਾ ਕਰਨ ਦੀ ਗਲਤੀ ਕੀਤੀ ਤਾਂ ਧਰੋਈ ਦੇਸ਼ਾਂ ਦੀ ਹਾਰ ਯਕੀਨੀ ਹੋ ਗਈ । ਜਰਮਨੀ ਦੀ ਹਾਰ ਸਮੇਂ ਆਪ ਨੂੰ ਅੰਗ੍ਰੇਜ਼ਾਂ ਨੇ ਕੈਦੀ ਬਣਾਲਿਆ ਤੇ ਬਹੁਤ ਸਾਰੀਆਂ ਤਕਲੀਫਾਂ ਦੇਣ ਤੋਂ ਉਪ੍ਰੰਤ ਲੰਡਨ ਵਿੱਚ ਲਿਆਂਦਾ ਗਿਆ ਅਤੇ ਦੂਜੇ ਮਸ਼ਹੂਰ ਅਫਸਰਾਂ ਨਾਲ ਕੈਦ ਵਿਚ ਰਖੇ ਗਏ । ਅਜ਼ਾਦ ਹਿੰਦ ਫੌਜ ਵਿਚ ਹਿੱਸਾ ਲੈਣ ਵਾਲੇ ਜੰਗੀ ਕੈਦੀਆਂ ਨਾਲ ਅੰਗ੍ਰੇਜਾਂ ਨੇ ਬਹਤ ਬੁਰਾ ਸਲੂਕ ਕੀਤਾ । ਆਪ ਨੂੰ ਤੇ ਆਪ ਜੀਦੇ ਸਾਥੀ ਤਾਂ ਇਹ ਸਮਝਦੇ ਸਨ ਕਿ ਸਾਨੂੰ ਗੋਲੀਦਾ ਨਿਸ਼ਾਨਾ ਬਣਾਇਆ ਜਾਵੇਗਾ । ਪਰ ਆਪ ਨੂੰ ੨੦ ਸਤੰਬਰ ੧੯੪੫ ਨੂੰ ਦਿਲੀ ਲੈਆਂਦਾ ਗਿਆ ਅਤੇ ਆਪ ਅਪਣੇ ਸਾਥੀਆਂ ਨਾਲ ਛੇ ਮਹੀਨੇ ਕੈਦ ਰਹੇ। ਉਪਰੰਤ ੨੦ ਮਾਰਚ ੧੯੪੬ ਨੂੰ ਰਿਹਾ ਕੀਤੇ ਗਏ। ਬਾਹਰ ਆਕੇ ਆਪ ਨੇ ਪਹਿਲੇ

Digitized by Panjab Digital Library | www.panjabdigilib.org

ਫਾਰਵਰਡ ਬਲਾਕ ਵਿੱਚ ਕੰਮ ਕਰਨਾ ਸ਼ੁਰੂ ਕੀਤਾ ਅਤੇ ਸੂਬਾ ਪੰਜਾਬ ਦੇ ਪ੍ਰਧਾਨ ਬਣ ਗਏ। ਪ੍ਰੰਤੂ ਪਿਛੋਂ ਛੇਤੀ ਹੀ ਜਨਰਲ ਮੋਹਣ ਸਿੰਘ ਜੀ ਨਾਲ ਮਤਭੇਦ ਹੋਣ ਕਰਕੇ ਆਪ ਪਿੰਡ ਕਿਸਾਨ ਸਭਾ ਵਿਚ ਕੰਮ ਕਰਨ ਲਗੇ। ੧੯੫੨ ਦੀਆਂ ਅਜ਼ਾਦ ਹਿੰਦ ਦੀਆਂ ਪਹਿਲੀਆਂ ਆਮ ਚੋਣਾ ਵਿੱਚ ਲੋਕ ਜਮਹੂਰੀ ਫਰੰਟ ਵਲੋਂ ਪੰਜਾਬ ਅਸੈਂਬਲੀ ਲਈ ਖੜੇ ਹੋਇ ਪਰ ਥੋਹੜੀਆਂ ਜਿਹੀਆਂ ਵੋਟਾਂ ਦੇ ਫਰਕ ਨਾਲ ਅਸਫਲ ਰਹੇ। ੧੯੫੩ ਵਿਚ ਬਿਨਾ ਮੁਕਾਬਲਾ ਮਿਉਂਸਪਲ ਕਮਿਸ਼ਨਰ ਚੁਣੇ ਗਏ। ਸਨ ੧੯੫੪ ਦੇ ਹੜ ਵਿਚ ਆਪਣੇ ਇਲਾਕੇ ਅਤੇ ਸ਼ਹਿਰ ਦੀ ਬਹੁਤ ਸੇਵਾ ਕੀਤੀ ਅਤੇ ਡੂੰਗੇ ਪਾਣੀਆਂ ਵਿਚ ਜਾਕੇ ਕੰਮ ਕਰਦੇ ਰਹੇ, ਜਿਸ ਦੇ ਬਦਲੇ ਪੰਜਾਬ ਗਵਰਨਮੈਂਟ ਵਲੋਂ ਆਪ ਨੂੰ ਪ੍ਰਨਾਵਾਂ ਮਿਲਿਆ। ਅਜਕੱਲ ਆਪ ਲੋਕ ਸੇਵਾ ਵਿਚ ਰਾਤ ਦਿਨ ਸੇਵਾ ਕਰ ਰਹੇ ਹਨ। ਆਪ ਧੜੱਲੇਦਾਰ ਵਿਆਖਿਯਾਨ ਦਾਤਾ, ਤੇ ਉਘੇ ਰਾਜਸੀ ਵਰਕਰ ਹਨ।

## ਸ੍ਰ: ਸੁਚਾ ਸਿੰਘ ਜੀ ਮਲਾਈ

ਆਪ ਆਜ਼ਾਦ ਹਿੰਦ ਫੌਜ਼ ਕਾਇਮ ਕਰਨ ਤੇ ਉਸ ਨੂੰ ਉਨਤੀ ਕਰਨ ਲਈ ਸਹਾਇਤਾ ਦੇਣ ਵਾਲੇ ਮਲਾਇਆ ਦੇ ਪ੍ਰਸਿੱਧ ਦੇਸ਼ ਭਗਤਾਂ ਵਿਚੋਂ ਹਨ। ਆਪ ਜੀ ਦਾ ਜਨਮ ਸੂਬੇਦਾਰ ਮੇਜਰ ਸ੍ਰ: ਹਜ਼ਾਰਾ ਸਿੰਘ ਜੀ ਕਿਸ਼ਨ ਪੁਰਾ ਦੇ ਘਰ ਮਾਤਾ ਰਾਮ ਕੌਰ ਜੀ ਦੀ ਕੁਖ ਤੋਂ ੧੮੯੯ ਈ: ਨੂੰ ਤੇਪੰਨ ਪੀਰਾਕ ਵਿਚ ਹੋਇਆ। ਇਸ ਸਮੇਂ ਆਪ ਦੇ ਪਿਤਾ ਜੀ ਮਲਾਇਆ ਵਿਚ ਸਨ ਇਸ ਲਈ ਆਪ ਜੀ ਦੀ ਪਰਵਰਿਸ਼ ਮਲਾਇਆ ਵਿਚ ਹੀ ਹੋਈ ਤੇ ਵਿਕਟੋਰੀਆ ਇੰਨਸੀਚਿਊਟ ਕੁਆਲਾ ਲੰਪਰ ਵਿਚੋਂ ਆਪਨੇ ਮੈਟ੍ਰਿਕੱਪਾਸ ਕੀਤੀ। ੧੯੧੬ ਵਿਚ ਆਪ ਮਹਿਕਮਾਂ ਰੇਲਵੇ ਵਿਚ ਭਰਤੀ ਹੋਗਏ। ਸਟੇਸ਼ਨ ਮਾਸਟਰ ਦੇ ਔਹਦੇ ਤਕ ਪਹੁੰਚੇ। ੧੯੨੪ ਵਿਚ ਜਦੋਂ ਅਕਾਲੀ ਲਹਿਰ ਜੋਰਾਂ ਤੇ ਸੀ ਤਾਂ ਆਪਣੇ ਸਰਵਿਸ ਛਡਕੇ ਪੰਜਾਬ ਆ ਗਏ।

ਵਾਪਸ ਦੇਸ਼ ਆਕੇ ਘਰੇਲੂ ਉਲਝਨਾਂ ਦੇ ਕਾਰਨ ਆਪ ਕਿਸੇ ਲਹਿਰ ਵਿਚ ਹਿੱਸਾ ਨਾ ਲੈ ਸਕੇ। ੧੯੨੫ ਵਿਚ ਆਪ ਫਿਰ ਵਾਪਸ ਮਲਾਇਆ ਚਲੇ ਗਏ ਤੇ ਉਥੇ ਕਈ ਚੰਗੇ ਚੰਗੇ ਔਹਦਿਆਂ ਤੇ ਰਹੇ। ੧੯੨੯ ਵਿਚ ਜਦ ਪੰਜਾਬ ਵਿਚ ਨੌਜਵਾਨ ਭਾਰਤ ਸਭਾ ਦੀ ਲਹਿਰ ਜੋਰਾਂ ਤੇ ਸੀ ਤਾਂ ਮਲਾਇਆ ਦੀ ਅੰਗਰੇਜ਼ੀ ਸਰਕਾਰ ਨੇ ਪੰਜਾਬੀ ਦੇਸ਼ ਭਗਤਾਂ ਵਿਰੁਧ ਸਰਕਾਰ ਦਾ ਤਖਤਾ ਉਲਟਾਣ ਦੀ ਸਾਜ਼ਸ਼ ਕਰਨ ਦਾ ਝੂਠਾ ਮੁਕਦਮਾ ਬਣਾਇਆ। ਸ੍ਰ: ਦਰਸ਼ਨ ਸਿੰਘ ਫੇਰੂ ਮਾਨ ਤੇ ਸ੍ਰ: ਹਰਨਾਮ ਸਿੰਘ ਛਜਾਵਾਲ ਨਾਲ ਮਿੱਤ੍ਰਤਾ ਹੋਣ ਕਰ ਕੇ ਸ੍ਰ: ਸੁਚਾ ਸਿੰਘ ਜੀ ਆਦਿਕ ੧੪, ੧੫ ਸਜਨਾ ਨੂੰ ਭੀ ਇਸ ਕੇਸ ਵਿਚ ਗ੍ਰਿਫਤਾਰ ਕਰ ਲਿਆ ਗਿਆ।ਆਪ ਦੇ ਪਿਤਾ ਜੀ ਬਹੁਤ ਰਸੂਖ ਵਾਲੇ ਸਜਨ ਸਨ ਜਦ ਉਨ੍ਹਾਂ ਨੇ ਅੰਗ੍ਰੇਜ਼ਾਂ ਦੇ ਵਡੇ ਵਡੇ ਅਫਸਰਾਂ ਪਾਸ ਆਪਣੇ ਪੁਤ੍ਰ ਦੀਆਂ ਯੋਗ ਗ੍ਰਿਫਤਾਰੀ ਵਿਰੁਧ ਰੋਸਾ ਪ੍ਰਗਟ ਕੀਤਾ ਤਾਂ ਮਲਾਇਆ ਦੀ ਸਰਕਾਰ ਆਪ ਜੀ ਨੂੰ ਰਿਹਾ ਕਰਨ ਵਾਸਤੇ ਤਿਆਰ ਹੋ ਗਈ।

ਸ੍ਰ: ਸੁਚਾ ਸਿੰਘ ਜੀ ਮਿੱਤ੍ਰਾਂ ਨਾਲ ਬੇਵਫਾਈ ਕਰਨ ਨੂੰ ਸਭ ਤੋਂ ਵਡਾ ਗੁਨਾਹ ਸਮਝ ਦੇ ਸਨ ਇਸ ਕਰਕੇ ਆਪਣੇ ਪਿੱਤਾ ਜੀ ਨੂੰ ਸਾਫ ਕਹਿ ਦਿਤਾ ਕਿ ਜਦੋਂ ਤਕ ਸਾਰੇ ਸਜਨ ਰਿਹਾ ਨਹੀਂ ਕੀਤੇ ਜਾਂਦੇ ਮੈ ਇਕਲਾ ਰਿਹਾਈ ਲਈ ਤਿਆਰ ਨਹੀਂ। ੬ ਮਹੀਨੇ ਨਜ਼ਰ ਬੰਦ ਰਖਣ ਪਿਛੋਂ ਸਰਕਾਰ

Digitized by Panjab Digital Library | www.panjabdigilib.org

ਸਭ ਨੂੰ ਰਿਹਾ ਕਰਨ ਲਈ ਮਜ਼ਬੂਰ ਹੋ ਗਈ।

ਨੋਟ :– ਸ੍ਰ: ਸੁਚਾ ਸਿੰਘ ਜੀ ਦੇ ਨਾਲ ਇਸ ਸਮੇਂ ੯ ਸਾਥੀ ਰਿਹਾ ਕੀਤੇ ਗਏ ਸਨ ਜਿੰਨ੍ਹਾਂ ਵਿਚੋਂ ਕੁਝ ਨਾਮ ਇਹ ਹਨ ਬਹਾਦਰ ਸਿੰਘ ਮਲ੍ਹਾ, ਅਵਤਾਰ ਸਿੰਘ, ਸਾਬ ਸਿੰਘ, ਵਸਾਵਾ ਸਿੰਘ, ਵਸਾਵਾ ਸਿੰਘ ਪੇਨਸਨਰ ਆਦਿ ਪੰਜ ਸਜਨ ਮਲਾਇਆ ਵਿਚੋਂ ਕਢੇ ਗਏ ਸਨ ਜਿੰਨ੍ਹਾਂ ਦੇ ਨਾਮ ਹਨ ਸ੍ਰ: ਦਰਸ਼ਨ ਸਿੰਘ ਜੀ ਫੇਰੂਮਾਨ, ਸ੍ਰ: ਹਰਨਾਮ ਸਿੰਘ ਛਜਾਵਾਲ, ਸ੍ਰ: ਸ਼ੇਰ ਸਿੰਘ ਮਰਾੜ, ਪਾਲ ਸਿੰਘ ਕਲਾ, ਇਕਬਾਲ ਸਿੰਘ ਸੂੰਦਾ ਜੇ ਇੰਨ੍ਹਾਂ ਸਜਨਾਂ ਵਿਰੁਧ ਮੁਕਦਮਾ ਚਲਾਉਣ ਵਿਚ ਸਰਕਾਰ ਸਫਲ ਹੋ ਜਾਂਦੀ ਤਾਂ ਸੈਂਕੜੇ ਹਿੰਦੋਸਤਾਨੀ ਹੋਰ ਕਢੇਜਾਣਦੀ ਸੰਭਾਵਨਾਸੀ ਜਿੰਨ੍ਹਾਂ ਦੀਆਂ ਫਹਿਰਿਸਤਾਂ ਬਣ ਚੁਕੀਆਂ ਸਨ।

ਨੋਟ:– ੨. ੧੯੩੭–੩੮ ਵਿਚ ਜਦੋਂ ਸਿਖ ਪੰਥ ਨੇ ਧਰਮ ਪ੍ਰਚਾਰ ਤੇ ਅਛੂਤ ਉਧਾਰ ਦਾ ਜ਼ਬਰਦਸਤ ਅੰਦੋਲਨ ਚਲਾਇਆ ਤਾਂ ਮਲਾਇਆ ਦੇ ਸਾਰੇ ਸਿੱਖਾਂ ਵਲੋਂ ਸ੍ਰ: ਸੁਚਾ ਸਿੰਘ ਤੇ ਸ੍ਰ: ਨਰਾਇਣ ਸਿੰਘ ਜੀ ਕੁਕਨਾ ਪ੍ਰਚਾਰ ਸਰਗਰਮੀਆਂ ਦੀ ਮੁਕੰਮਲ ਰੀਪੋਟ ਲੈਣ ਲਈ ਹਿੰਦੁਸਤਾਨ ਆਏ ਅਤੇ ਇਸ ਡੈਪੂਟੇਸ਼ਨ ਨੇ ਮਾਲਾਬਾਰ ਤੋਂ ਲੈਕੇ ਸਾਰੇ ਹਿੰਦੁਸਤਾਨ ਦਾ ਦੌਰਾ ਕੀਤਾ।

ਨੋਟ:– ੩. ਸ੍ਰ: ਸੁਚਾ ਸਿੰਘ ਜੀ ਮਲਾਇਆ ਦੇ ਪ੍ਰਸਿੱਧ ਨੈਸਨਲਿਸਟ ਲੀਡਰਾਂ ਵਿਚੋਂ ਸਨ ੧੯੩੭ ਵਿਚ ਜਦ ਪੰ: ਨਹਿਰੂ ਜੀ ਮਲਾਇਆ ਦੇ ਦੌਰੇ ਪਰ ਗਏ ਤਾਂ ਆਪਨੇ ਸਵਾਗਤ ਕਰਨ ਵਾਲਿਆਂ ਵਿਚ ਹਿੱਸਾ ਲਿਆ ਅਤੇ ੧੯੪੬ ਵਿਚ ਜਦ ਪੰਡਤ ਜੀ ਫਿਰ ਮਲਾਇਆ ਦੇ ਦੌਰੇ ਪਰ ਗਏ ਤੇ ਸਾਰੀਆਂ ਕੌਮਾਂ ਵਲੋਂ ਆਪ ਦਾ ਸ਼ਾਨਦਾਰ ਸਵਾਗਤ ਕਰਨ ਦੀਆਂ ਤਿਆਰੀਆਂ ਕੀਤੀਆਂ ਤਾਂ ਸ੍ਰ: ਸੁਚਾ ਸਿੰਘ ਜੀ ਸਵਾਗਤ ਕਮੇਟੀ ਦੇ ਪ੍ਰਧਾਨ ਚੁਣੇ ਗਏ ਸਨ। ਇਸ ਤੋਂ ਇਲਾਵਾ ਮਲਾਇਅਨ ਇੰਡੀਅਨ ਨੈਸ਼ਨਲ ਕਾਂਗਰਸ ਦੇ ਆਪ ਬਾਨੀਆਂ ਵਿਚੋਂ ਸਨ।

ਧਾਰਮਕ ਤੇ ਸਮਾਜਕ ਸਰਗਰਮੀਆਂ ਵਿਚ ਭੀ ਆਪ ਵੱਧ ਚੜ ਕੇ ਹਿੱਸਾ ਲਿਆ ਕਰਦੇ ਸਨ ਤੇ ਮਲਾਇਆ ਦੀਆਂ ਕਈ ਪਬਲਿਕ ਜਥੇਬੰਦੀਆਂ ਦੇ ਆਪ ਪ੍ਰਧਾਨ ਤੇ ਸਕਤ੍ਰ ਰਹੇ।

ਜਦ ਗਿ:ਪ੍ਰੀਤਮ ਸਿੰਘ ਜੀ ਨੇ ਮਲਾਇਆ ਵਿਚ ਆਜ਼ਾਦ ਹਿੰਦ ਲੀਗ ਦੀਆਂ ਸ਼ਾਖਾਂ ਕਾਇਮ ਕਰਨ ਲਈ ਦੌਰਾ ਕੀਤਾ ਤਾਂ ਆਪ ਇਸ ਲਹਿਰ ਦੇ ਚੋਣਵੇ ਮੋਢੀਆਂ ਵਿਚ ਗਿਣੇ ਜਾਣ ਲਗ ਪਏ। ਸਿੰਘਾ ਪੁਰ ਤੇ ਬੰਕਾਕ ਕਾਨਫ੍ਰੰਸ ਤੇ ਆਪ ਈਪੂ ਤੋਂ ਡੈਲੀਗੇਟ ਬਣ ਕੇ ਗਏ। ਆਜ਼ਾਦ ਹਿੰਦ ਫੌਜ਼ ਖੜੀ ਕਰਨ ਸਮੇਂ ਆਪ ਨੇ ਜਨਰਲ ਮੋਹਣ ਸਿੰਘ ਜੀ ਤੇ ਉਨ੍ਹਾਂ ਦੇ ਸਾਥੀਆਂ ਦੀ ਬਹੁਤ ਸਹਾਇਤਾ ਕੀਤੀ। ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਭੀ ਆਪ ਚੰਗੇ ਵਿਸ਼ਵਾਸ਼ ਪਾਤ੍ਰਾਂ ਵਿਚੋਂ ਸਨ। ਆਪ ਮਲਾਇਆ ਦੀ ਰਾਜਸੀ ਲਹਿਰ ਦੇ ਖਾਸ ਆਗੂਆਂ ਵਿਚੋਂ ਸਨ। ਦੇਸ਼ ਦੀ ਆਜ਼ਾਦੀ ਤੋਂ ਪਿਛੋਂ ਆਪ ਵਾਪਸ ਦੇਸ਼ ਆਕੇ ਫਾਰਵਰਡ ਬਲਾਕ ਦੇ ਵਰਕਰ ਦੀ ਹੈਸੀਅਤ ਵਿਚ ਲੋਕ ਭਲਾਈ ਦੇ ਕੰਮਾਂ ਵਿਚ ਵੱਧ ਚੜਕੇ ਹਿੱਸਾ ਲੈ ਰਹੇ ਹਨ। ਆਲ ਇੰਡੀਆ ਕਾਂਗਰਸ ਦੇ ਮੇਰਠ ਸੈਸ਼ਨ ਵਿਚ ਆਪ ਮਲਾਇਅਨ ਡੈਲੀਗੇਸ਼ਨ ਦੇ ਮੁਖੀ ਬਣ ਕੇ ਆਏ ਸਨ।

Digitized by Panjab Digital Library | www.panjabdigilib.org

## ਭਾ: ਆਤਮਾ ਸਿੰਘ ਜੀ ਸਮਾਧ ਭਾਈ

ਆਪ ਜੀ ਦਾ ਜਨਮ ਪਿੰਡ ਸਮਾਧ ਭਾਈ ਜ਼ਿਲਾ ਫੀਰੋਜ਼ ਪੁਰ ਵਿਚ ਸ੍ਰ: ਵਜ਼ੀਰ ਸਿੰਘ ਜੀ ਦੇ ਘਰ ੧੯੦੧ ਈ: ਵਿਚ ਹੋਇਆ। ਦੇਵ ਸਮਾਜ ਸਕੂਲ ਮੋਗਾ ਤੋਂ ਆਪ ਨੇ ਦਸਵੀਂ ਜਮਾਤ ਦਾ ਇਮਤਿਹਾਨ ਪਾਸ ਕੀਤਾ ਤੇ ਹੈਦਰਾਬਾਦ ਸਟੇਟ ਵਿਚ ਕੁਝ ਚਿਰ ਰੇਲਵੇ ਵਿਚ ਕਲਰਕ ਦੀ ਨੌਕਰੀ ਕਰਦੇ ਰਹੇ। ਪਿਛੋਂ ਆਪ ਮਲਾਇਆ ਚਲੇ ਗਏ ਅਤੇ ਪੁਲਸ ਵਿਚ ਭਰਤੀ ਹੋ ਗਏ। ਆਪ ਜੀ ਦੇ ਵਿਚਾਰ ਮੁੱਢ ਤੋਂ ਹੀ ਇੰਨਕਲਾਬੀ ਸਨ ਇਸ ਲਈ ਜਦ ਸ਼ਹੀਦ ਸ੍ਰ: ਭਗਤ ਸਿੰਘ ਜੀ ਤੇ ਉਨ੍ਹਾਂ ਦੇ ਸਾਥੀਆਂ ਨੂੰ ਫਾਂਸੀ ਪਰ ਚੜ੍ਹਾ ਦਿਤਾ ਗਿਆ ਤਾਂ ਸ੍ਰ: ਆਤਮਾ ਸਿੰਘ ਜੀ ਨੌਕਰੀ ਛੱਡਕੇ ਦੇਸ਼ ਨੂੰ ਵਾਪਸ ਆਗਏ ਤੇ ਇੰਨਕਲਾਬੀ ਸਰਗਰਮੀਆਂ ਵਿਚ ਹਿਸਾ ਲੈਣ ਲਗ ਪਏ।

ਨੌਜਵਾਨ ਭਾਰਤ ਸਭਾ ਵਿਚ ਸ਼ਾਮਲ ਹੋਕੇ ਆਪ ਨੇ ਯੁਗ ਪਲਟਾਊ ਸਰਗਰਮੀਆਂ ਦੇ ਕੇਂਦਰੇ ਸਿੰਘ ਬੇਲਾ ਵਿਚ ਰਹਿ ਕੇ ਟ੍ਰੇਨਿੰਗ ਲਈ ਅਤੇ ਅਤਿ ਗਰੀਬੀ ਹੋਣ ਦੇ ਬਾਵਜੂਦ ਆਪਨੇ ਆਪਣੀ ਧਰਮ ਪਤਨੀ ਦੇ ਗਹਿਣੇ ਵੇਚਕੇ ਹਥਿਆਰ ਖਰੀਦ ਲਏ। ੧੯੩੨ ਵਿਚ ਗੁਰਦਾਸ ਪੁਰ ਸਾਜ਼ਸ਼ ਕੇਸ ਦੇ ਸਬੰਧ ਵਿਚ ਆਪ ਮਫ਼ਰੂਰ ਕਰਾਰ ਦਿੱਤੇ ਗਏ। ਗੁਪਤਵਾਸ ਦੇ ਦਿਨਾਂ ਵਿਚ ਆਪ ਫਰੀਦ ਕੋਟ ਦੇ ਇਕ ਪਿੰਡ ਵਿਚ ਠਹਿਰੇ ਹੋਇ ਸਨ ਕਿ ਆਚਾਂਨਕ ਪਸਤੌਲ ਚਲ ਜਾਣ ਕਰਕੇ ਆਪ ਜੀ ਦੇ ਪੱਟ ਵਿਚੋਂ ਗੋਲੀ ਨਿਕਲ ਗਈ ਅਤੇ ਆਪ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਇਕ ਕਸਬੇ ਵਿਚ ਆਪ ਦਾ ਇਲਾਜ ਕਰਾਇਆ ਗਿਆ। ਜਦ ਆਪ ਰਾਜ਼ੀ ਹੋ ਗਏ ਤਾਂ ਹਿੰਦੁਸਤਾਨ ਤੋਂ ਬਾਹਰ ਜਾਣ ਦਾ ਪ੍ਰੋਗ੍ਰਾਮ ਬਣ ਗਿਆ। ੧੯੪੩ ਵਿਚ ਆਪ ਜੀ ਦੀ ਆਖਰੀ ਚਿਠੀ ਦੇਸ਼ ਆਈ ਜਿਸ ਵਿਚ ਲਿਖਿਆ ਸੀ ਕਿ ਮੈਂ ਆਜ਼ਾਦ ਹਿੰਦ ਫੌਜ਼ ਦੇ ਇਕ ਅਫਸਰ ਦੀ ਹੈਸੀਅਤ ਵਿਚ ਬ੍ਰਿਟਿਸ਼ ਇੰਪੀਰੀਅਲਿਜ਼ਮ ਵਿਰੁਧ ਲੜ ਰਿਹਾ ਹਾਂ ਪ੍ਰੰਤੂ ਇਸ ਤੋਂ ਪਿਛੋਂ ਕੋਈ ਪਤਾ ਨਹੀਂ ਲਗਿਆ ਕਿ ਆਪ ਜਿਊਂਦੇ ਹਨ ਜਾਂ ਸ਼ਹੀਦ ਹੋ ਗਏ। ਬਾਜਾ ਬਾਘਾ ਪੁਰਾਣਾ ਦੇ ਕਾਗਜ਼ਾਂ ਵਿਚ ਅਜੇ ਤੱਕ ਮਫ਼ਰੂਰ ਲਿਖੇ ਹੋਇ ਹਨ।

## ਲੈਫਟੀਨੈਂਟ ਕ੍ਰਿਪਾਲ ਸਿੰਘ ਜੀ ਹਾਂਸ

ਕ੍ਰਿਪਾਲ ਸਿੰਘ ਪਿਤਾ ਸ੍ਰ: ਗੁਰਦਿਤ ਸਿੰਘ ਦੇ ਘਰ ਮਾਤਾ ਰਾਮ ਕੌਰ ਜੀ ਦੀ ਸੁਭਾਗੀ ਕੁਖ ਤੋਂ ਪੈਦਾ ੧੫-੬-੧੯੨੨ ਨੂੰ ਹੋਇਆ। ਬਾਲਪਨ ਅਵਸਥਾ ਪਿੰਡ ਵਿਚ ਖੇਲਦੇ ਮਲਦਿਆਂ ਨੰਘੀ ਜਦ ਛੇਵੇਂ ਸਾਲ ਵਿਚ ਪੈਰ ਧਰਿਆ ਤਾਂ ਸੁਗੜ ਮਾਤਾ ਪਿਤਾ ਨੇ ਸਕੂਲ ਪੜਨ ਪਾਇਆ ਆਪਜੀ ਦੀ ਬੁਧੀ ਬੜੀ ਤੇਜ਼ ਦੇ ਮਾਲਕ ਹੋਣ ਤੇ ਨੌਵੀਂ ਜਮਾਤ ਤਕ ਅਵਲ ਨੰਬਰ ਲੈਂਦੇ ਰਹੇ ਦਸਵੀਂਪਾਸਕਰਕੇ੧੯-੭-੧੯੩੯ ਨੂੰ ਮਲਾਇਆ ਚਲੇਗਏ ਅਤੇ ਪ੍ਰਾਈਵੇਟ ਨੌਕਰੀ ਛਡਕੇ ਆਜ਼ਾਦ ਹਿੰਦ ਫੌਜ਼ ਵਿਚ ਭਰਤੀਹੋਗਏ ਅਤੇ ਅਫਸਰ ਸਕੂਲ ਵਿਚੋਂ ਲਫਟੈਨੀ ਪਾਸ ਕੀਤੀ ਅਤੇ ਫੇਰ ਕੈਦ ਹੋਏ ੧੯੪੬ ਵਿਚ ਮੁਲਕ ਵਾਪਸ ਆਏ ਅਤੇ ਅਜ ਭੀ ਕੌਮ ਅਤੇ ਮੁਲਕ ਦੀ ਸੇਵਾ ਜਰਨਲ ਮੋਹਣ ਸਿੰਘ ਜੀ ਆਜ਼ਦੀ ਲਾੜੇ ਜੈਸੇ ਉਘੇ ਕੌਮੀ ਅਣਖੀਲੇ ਜਰਨਲ ਨਾਲ ਕਰ ਰਹੇ ਹਨ।

Digitized by Panjab Digital Library | www.panjabdigilib.org

# ਲਫਟੀਨੈਂਟ ਭਾਗ ਸਿੰਘ ਜੀ

ਆਪ ਜੀ ਦਾ ਜਨਮ ਪਿਤਾ ਸ:ਚੰਨਣ ਸਿੰਘ ਜੀ ਦੇ ਘਰ ਮਾਤਾ ਹਰਨਾਮ ਕੌਰ ਦੀ ਕੁਖੋਂ ਪਿੰਡ ਮਲਕ ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ, ਵਿਖੇ ਹੋਇਆ। ਆਪ ਜੀ ਮੈਟਰਕ ਪਾਸ ਕਰਦੇ ਹੋਇ ਹੀ ਸਫਰ ਮੈਨਾ ਰੁੜਕੀ ਵਿਚ ਜਾ ਭਰਤੀ ਹੋਏ।

ਜਿਸ ਵਕਤ ਆਜ਼ਾਦ ਹਿੰਦ ਫੌਜ਼ ਖੜੀ ਹੋਈ ਤਦ ਆਪ ਜੀ ਨੇ ਵੀ ਆਪਣਾ ਆਪ ਜਨਰਲ ਸਾਹਿਬ ਜੀ ਦੇ ਪੇਸ਼ ਕਰਦਿਆਂ ਕਿਹਾ ਕਿ "ਮੇਰਾ ਮੁਝ ਮੈਂ ਕੁਛ ਨਹੀਂ ਜੋ ਕੁਛ ਹੈ ਸੋ ਤੇਰਾ" ਕਹਕੇ ਆਪ ਆਜ਼ਾਦ ਹਿੰਦ ਫੌਜ਼ ਵਿਚ ਸ਼ਾਮਲ ਹੋ ਗਏ। ਜਨਰਲ ਮੋਹਨ ਸਿੰਘ ਜੀ ਦੇ ਪੂਰੇ ਵਸਵਾਸ ਮਿੱਤ੍ਰ ਬਣਕੇ ਖਾਸ ਜ਼ੁਮੇਵਾਰਾਂ ਦੀ ਲੜੀ ਵਿਚ ਮਨੇ ਜਾਣ ਲੱਗੇ, ਆਪ ਦਾ ਚੇਹਰਾ ਭਰਬਾਵ ਸ਼ਾਲੀ ਤੇ ਸੁਭਾ ਮਿਠਾ ਬੋਲੜਾ, ਮਿਲਨ ਸਾਰ ਤੇ ਗੰਭੀਰ ਰੁਚੀ ਵਾਲੇ ਅਗਾਂ ਬਧੂ ਹਨ।ਹੁਣ ਵੀ ਜਨਰਲਸਹਿਬਜੀ ਦੇ ਹਰ ਮਨ ਪਿਆਰੇ ਹੋਣ ਕਰਕੇ ਆਪ ਜੀ ਜਨਰਲ ਸਾਹਿਬ ਜੀ ਸਾਥ ਹੀ ਰਹਿਦੇ ਹਨ।

# ਕੈਪਟਨ ਨਛਤ੍ਰ ਸਿੰਘ ਜੀ

ਆਪ ਜੀ ਦਾ ਪਿੰਡ ਸੰਗਤ ਪੁਰਾ ਡਾ: ਬਾਗ੍ਹਾ ਪੁਰਾਣਾ ਤਹਿਸੀਲ ਮੋਗਾ, ਜ਼ਿਲਾ ਫੀਰੋਜ਼ਪੁਰ ਹੈ। ਆਪ ਅਜ਼ਾਦ ਬਰਗੇਡ ਦੇ ਜਿਸ ਦੀ ਕਮਾਂਡ ਕਰਨਲ ਗੁਲਜ਼ਾਰਾ ਸਿੰਘ ਜੀ ਕਰ ਰਹੇ ਸਨ, ਕਰਨਲ ਸਾਹਿਬ ਜੀ ਦੇ ਬੀਮਾਰ ਹੋਣ ਤੇ, ਉਸ ਬਰਗੇਡ ਦੇ ਐਡਜੂਟੈਂਟ ਰਹੇ ਅਤੇ ਮੇਜਰ ਪਰਭ ਦਿਆਲ ਦੇ ਫਰੰਟ ਤੋਂ ਭਜ ਜਾਣ ਅਤੇ ਅੰਗ੍ਰੇਜਾਂ ਦੇ ਨਾਲ ਮਿਲ ਜਾਣ ਤੇ ੩੬ ਘੰਟੇ ਇਸ ਬਰਗੇਡ ਦੀ ਕਮਾਂਡ ਕੀਤੀ। ਸੁਭਾਸ਼ ਬਰਗੇਡ ਅਤੇ ਗਾਂਧੀ ਬਰਗੇਡ ਦੇ ਨੁਕਸਾਨ ਹੋ ਜਾਣ ਤੋਂ EX. ਬਰਗੇਡ ਦੇ ਐਡਜੂਟੈਂਟ ਬਣੇ ਅਤੇ ਅਖੀਰ ਤਕ ਕੈਂਪ ਐਡਜੂਟੈਂਟ ਰਹੇ। ਇਹ ਇਕ ਬਰਗੇਡ ਅਤੇ ਕੈਂਪ ਹੀ ਸੀ, ਜੋ ਫਰੰਟ ਤੇ ਹੁੰਦਾ ਹੋਇਆ ਸਾਰੇ ਦਾ ਸਾਰਾ ਬਲੈਕ ਕੈਟਾਗਰੀ ਵਿਚ ਆਇਆ ਜਿਨ੍ਹਾਂ ਨੂੰ ਕੋਈ ਬਕਾਇਆ ਆਦਿਕ ਨਹੀਂ ਮਿਲਿਆ।

# ਸ: ਹਰਭਜਨ ਸਿੰਘ ਜੀ ਜੰਡੀ।

ਆਪ ਜੀ ਦਾ ਜਨਮ, ਪਿਤਾ ਸ: ਕਰਮ ਸਿੰਘ ਜੀ ਦੇ ਘਰ ਮਾਤਾ ਭਾਗ ਕੌਰ ਦੀ ਸਲੱਖਣੀ ਕੁਖ 'ਤੋਂ ਫਰਵਰੀ ੧੯੧੪ ਈ: ਨੂੰ ਪਿੰਡ ਜੰਡੀ, ਥਾਣਾ ਸਿਧਮਾ ਬੇਟ ਤਹਿਸੀਲ ਜਗਰਾਉਂ, ਜਿਲਾ ਲੁਧਿਆਣਾ ਵਿਖੇ ਹੋਇਆ।

ਬਾਲਪਨ:—ਮਾਤਾ ਪਿਤਾ ਦੇ ਪਿਆਰ ਅਤੇ ਹਾਣੀਆਂ ਨਾਲ ਖੇਲਾਂ ਵਿੱਚ ਬਤੀਤ ਕਰਦਿਆਂ ਲੰਘਿਆ ਆਪ ਨੂੰ ਫੌਜੀ ਸਿਪਾਹੀ ਬਣਨ ਦਾ ਚਾ ਪੈਦਾ ਹੋਣ ਤੇ ਫੌਜ ਵਿਚ,੨੧ ਅਗਸਤ ੧੯੩੬ ਈ: ਨੂੰ ਇੰਡੀਅਨ ਸਿਗਨਲ ਕੋਰ ਵਿੱਚ ਭਰਤੀ ਹੋ ਗਏ ਅਤੇ ੧੯ ਜਨਵਰੀ ੧੯੪੧ ਨੂੰ ਆਪ ਜੀ ਨੇ ਬੰਬਈ ਤੋਂ ਮਿਡਲ ਈਸਟ ਮਿਸਰ ਲੇਬੀਆ ਆਦਿ ਦੀ ਲੜਾਈ ਵਿਚ ਜਾਣ ਲਈ ਆਪਣੇ ਆਪ ਨੂੰ ਪੇਸ਼ ਕੀਤਾ,ਤੇ ਆਪਨੂੰਭੇਜਿਆ ਗਿਆ।੮ ਅਪ੍ਰੈਲ੧੯੪੧ ਆਪਨੂੰ ਜਰਮਨਾ ਨੇ ਜੰਗੀ ਕੈਦੀ ਬਣਾ ਲਿਆ

Digitized by Panjab Digital Library | www.panjabdigilib.org

ਅਤੇ ਕੁਝ ਚਿਰ ਮਗਰੋਂ ਜਰਮਨ ਦੇਸ਼ ਪਹੁੰਚਾਏ ਗਏ।ਜਿਥੇ ਅਜ਼ਾਦ ਦੇਸ਼ਦੇ ਲੋਕਾਂਦਾ ਜੀਵਨ ਉਨ੍ਹਾਂਦੀ ਤਰੱਕੀ ਅਤੇ ਖੁਸ਼ਹਾਲੀ ਦਾ ਆਪ ਦੇ ਕੋਮਲ ਤੇ ਨਿਰਮਲ ਦਿਲ ਤੇ ਬਹੁਤ ਪ੍ਰਭਾਵ ਪਿਆ ਅਤੇ ਆਪ ਜੀ ਦੇ ਦਿਲ ਵਿਚੋਂ ਆਪਣਾ ਦੇਸ਼ ਅਜ਼ਾਦ ਕਰਾਉਣ ਦੀ ਚੰਗਿਆੜੀ ਚਮਕ ਉਠੀ । ਜੋ ਥੋੜੇ ਅਰਸੇ ਵਿਚ ਹੀ ਲੱਟਾ ਲਟਾ ਭਾਂਵੜ ਹੋਕੇ ਗੁਲਾਮੀ ਦੇ ਸੜੇ ਹੋਏ ਜੁਲਮਾਂ ਨੂੰ ਸਾੜਨ ਦਾ ਕਾਰਨ ਇਉਂ ਬਣੀ।

ਜਦ ਨੇਤਾ ਸੁਭਾਸ਼ ਚੰਦਰ ਬੋਸ ਜੀ ਨੇ ਬਰਨਲ ਤੋਂ ਪ੍ਰਗਟ ਹੋ ਕੇ I.N.A. ਬਨੌਣ ਦਾ ਇਲਾਨ ਕੀਤਾ ਤਾਂ ਆਪ ਜੀ ਉਸ ਫੌਜ ਵਿੱਚ ਖੁਸ਼ੀ ਨਾਲ ਸ਼ਾਮਲ ਹੋ ਗਏ। ਜਦ ਨੇਤਾ ਜੀ ਤਾਂ ਲੜਾਈ ਦਾ ਰੁਖ ਬਦਲਿਆ ਵੇਖ ਕੇ ਸਿੰਘਾ ਪੁਰ ਮਲਾਇਆ ਪਹੁੰਚ ਗਏ। ਪਰ ਉਨ੍ਹਾਂ ਦੀ ਬਣਾਈ ਹੋਈ ਸੈਨਾ ਅਜ਼ਾਦ ਹਿੰਦ ਗੌਰਮਿੰਟ ਦੇ ਹੁਕਮ ਅਨੁਸਾਰ ਅੰਗ੍ਰੇਜ਼ਾਂ ਅਤੇ ਅਮਰੀਕਨਾਂ ਵਿਰੁਧ ਯੂਰਪ ਵਿਚ ਅਖੀਰ ਤਕ ਲੜਦੀ ਰਹੀ। ਜਿਸ ਵਿਚ ਆਪ ਭੀ ਲੜੇ। ਆਪ ਜੀ ਨੇ ੧੩ ਹੋਰ ਸਾਥੀਆਂ ਸਮੇਤ ਜਰਮਨੀ ਵਿੱਚ ਫੌਜ ਅਤੇ ਪੋਲੀਸ ਦੀ ਉਚ ਵਿਦਿਆ ਪ੍ਰਾਪਤ ਕੀਤੀ। ਜਰਮਨੀ ਦੀ ਹਾਰ ਤੇ ਆਪ ਅੰਗ੍ਰੇਜ਼ਾਂ ਦੇ ਹਥ ਆ ਗਏ। ਜਿਸ ਕਰਕੇ ਆਪ ਜੀ ਨੂੰ ਤਰ੍ਹਾਂ ਤਰ੍ਹਾਂ ਦੇ ਤਸੀਹੇ ਦਿਤੇ ਗਏ ਕਿ ਆਪਣੇ ਕੀਤੇ ਕੰਮ ਦੀ ਮਾਫੀ ਅਤੇ ਸਦਾ ਲਈ ਦੇਸ਼ ਕੌਮ ਦਾ ਗਦਾਰ ਤੇ ਅੰਗ੍ਰੇਜ਼ ਉਪਾਸ਼ਕ ਬਨਾਉਣ ਖਾਤ੍ਰ ਅੰਗ੍ਰੇਜ਼ ਅਤੇ ਉਨ੍ਹਾਂ ਦੇ ਪਿਠੂਆਂ ਨੇ ਮਨੌਣ ਖਾਤਰ ਹਰ ਤਰ੍ਹਾਂ ਦੇ ਅਸਹਿ ਤੇ ਅਕਹਿ ਤਸੀਹੇ ਦਿਤੇ। ਪਰ ਆਪ ਜੀ ਗੁਰੂ ਭਰੋਸੇ ਅਪਣੇ ਵਿਚਾਰਾਂ ਤੇ ਡਟੇ ਰਹੇ। ਅਤੇ ਏਸ ਦੌਰਾਨ ਵਿੱਚ ਆਪ ਜੀ ਨੇ ਅਨੇਕਾਂ ਸਾਥੀਆਂ ਨੂੰ ਪ੍ਰੇਰਿਆ ਕਿ ਕਿਸੇ ਅੰਗ੍ਰੇਜ਼ ਅਫਸਰ ਨੂੰ ਫੌਜੀ ਸਲਾਮ ਨਾ ਦਿਤਾ ਜਾਏ। ਜਿਸ ਕਰਕੇ ਆਪ ਨੂੰ ੨੦-੩-੧੯੪੬ ਨੂੰ ੩੦੦ ਰੀਮਾਰਕ ਦੇ ਕੇ ਫੌਜ ਤੋਂ ਕਢ ਦਿਤਾ ਗਿਆ। 'ਅੰਨਾ ਕੀ ਲੋੜੇ ਦੋ ਅੱਖਾਂ' ਆਪ ਜੀ ਤਾਂ ਇਹੋ ਚਾਹੁੰਦੇ ਹੀ ਸੀ। ਹੁਣ ਆਪ ਅਜ਼ਾਦ ਹੋ ਕੇ ਦੇਸ਼ ਕੌਮ ਦੇ ਪਿਆਰੇ ਜਨਰਲ ਮੋਹਣ ਸਿੰਘ ਸਾਹਿਬ ਨਾਲ ਮਿਲਕੇ ਦੇਸ਼ ਸੇਵਾ ਵਿੱਚ ਹਿਸਾ ਲੈਣ ਲੱਗੇ। ਜਿਸ ਦੇ ਕਾਰਨ ਜਨਰਲ ਮੋਹਣ ਸਿੰਘ ਜੀ ਨੇ ਪੰਜਾਬ ਗੌਰਮਿੰਟ ਤੋਂ ਅਜ਼ਾਦ ਹਿੰਦ ਫੌਜੀਆਂ ਨੂੰ ਸਿਆਸੀ ਪੀੜਤ ਦਰਜਾ ਦਲਵਾਕੇ ਬਹੁਤ ਸਾਰੇ ਅਜਾਦ ਹਿੰਦ ਫੌਜੀਆਂ ਨੂੰ ਪੈਨਸ਼ਨਾਂ ਲਗਵਾਈਆਂ ਹਨ ਅਤੇ ਆਪ ਜੀ ਨੂੰ ਕੌਮੀ ਸੇਵਾ ਬਦਲੇ ੪੦ ਰੁਪੈ ਮਾਹਵਾਰ ਪੰਜਾਬ ਗੌਰਮਿੰਟ ਵਲੋਂ ਮਿਲਦੇ ਹਨ।

## ਸ: ਗੁਰਬਖ਼ਸ਼ ਸਿੰਘ ਸਿਵੀਆਂ

ਸ: ਗੁਰਬਖ਼ਸ਼ ਸਿੰਘ ਜੀ ਦਾ ਜਨਮ ਪਿਤਾ ਸ: ਧਰਮ ਸਿੰਘ ਦੇ ਘਰ ਮਾਤਾ ਬਸੰਤ ਕੌਰ ਦੀ ਸੁਭਾਗੀ ਕੁਖੋਂ ਪਿੰਡ ਫਤਹ ਗੜ ਸਿਵੀਆਂ, ਤਹਿਸੀਲ ਜਗਰਾਉਂ ਜਿਲਾ ਲੁਧਿਆਣਾ ਵਿਖੇ ਹੋਇਆ। ਆਪ ਜੀ ਦਾ ਬਚਪਨ ਮਾਤਾ ਪਿਤਾ ਦੀ ਗੋਦ ਵਿਚ ਲੰਘਿਆ। ਆਪ ਜੀ ਮੈਟਰਿਕ ਪਾਸ ਕਰਕੇ ਫੌਜ ਵਿਚ ਜਾ ਭਰਤੀ ਹੋਏ। ਆਪ ਇਕ ਹੋਣ ਹਾਰ ਜਵਾਨ ਤੇਜ ਬੁਧੀ ਅਤੇ ਮਿਠ ਬੋਲੜੇ ਹੋਣ ਤੇ ਹਰ ਇਕ ਦੇ ਹਰਮਨ ਪਿਆਰੇ ਸਨ ਜਿਸ ਵਕਤ ਜਨਰਲ ਮੋਹਣ ਸਿੰਘ ਜੀ ਨੇ ਅਜ਼ਾਦ ਹਿੰਦ ਫੌਜ ਕਾਇਮ ਕੀਤੀ। ਤਾਂ ਆਪ ਜੀ ਨੇ ਭੀ ਅਪਣਾ ਨਾਮ ਜਨਰਲ ਸਾਹਿਬ ਜੀ ਦੇ ਪੇਸ਼ ਕਰਕੇ ਆਜ਼ਾਦ ਹਿੰਦ ਫੌਜ ਵਿੱਚ ਭਰਤੀ ਹੋਏ। ਬੜੇ ਫੁਰਤੀਲੇ ਤੇ ਸੁਚੀਲੇ ਕੰਮ ਕਰਨ ਤੇ ਜਨਰਲ ਸਾਹਿਬ ਜੀ ਦੇ ਦਿਲ ਅੰਦਰ ਘਰ ਕਰਨ ਵਾਲੇ ਹੋਏ। ਜਦ ਸਾਰੀ ਅਜ਼ਾਦ ਫੌਜ ਕੈਦ ਹੋਈ ਤਾਂ ਆਪ ਭੀ ਨਾਲ ਹੋਏ।

Digitized by Panjab Digital Library | www.panjabdigilib.org

੧੯੪੬ ਨੂੰ ਦੇਸ਼ ਵਾਪਸ ਆਏ । ਪਿੰਡ ਆਉਂਦਿਆਂ ਸਾਰ ਆਪ ਜੀ ਦੇ ਪਿਤਾ ਜੀ ਨੇ ਸ੍ਰੀ ਅਖੰਡ ਪਾਠ ਕਰਵਾਇਆ ।ਅਤੇ ਇਲਾਕਾ ਨਿਵਾਸੀ ਸੰਗਤਾਂ ਨੂੰ ਪ੍ਰੇਮ ਸੰਦੇਸ਼ ਘਲ ਕੇ ਸਦਿਆ। ਤਿੰਨਦਿਨ ਲੰਗਰ ਤੇ ਦੀਵਾਨ ਹੁੰਦੇ ਰਹੇ। ਜਿਸ ਵੇਲੇ ਸ: ਗੁਰਬਖ਼ਸ਼ ਸਿੰਘ ਜੀ ਨੇ ਆਪਣੀ ਸਾਰੀ ਹੱਡ ਬੀਤੀ ਵਿਆਖਿਆ ਸੁਣਾਈ ਜਿਸ ਨੂੰ ਸੁਣ ਕੇ ਕੌਣ ਹਿਰਦਾ ਜਿਸਦੇ ਨੇਤ੍ਰ ਸਜਲ ਨਾ ਹੋਏ ਹੋਣ ਆਪ ਜੀ ਉਸ ਧੁਨ ਵਿੱਚ ਹੀ ਗੁਰਅਸਥਾਨ ਦੀ ਸੇਵਾ ਵਿੱਚ ਤੱਤਪਰ ਹੋਕੇ ਜੁਟੇ ਹੋਏ ਹਨ।

## ਗਿਆਨੀ ਹਰਭਜਨ ਸਿੰਘ ਜੀ ਢਿਲੋਂ

ਆਪ ਦਾ ਜਨਮ ਸ੍ਰ: ਕਿਸ਼ਨ ਸਿੰਘ ਜੀ ਦੇ ਘਰ ਮਾਤਾ ਭਾਗ ਕੌਰ (ਭਾਗੋ) ਦੀ ਸੁਭਾਗੀ ਕੁਖੋਂ ਪਿੰਡ ਬੁਟਰ ਕਲਾਂ, ਡਾ: ਖਾਸ, ਤਸੀਲ ਮੋਗਾ, ਜ਼ਿਲਾ ਫੀਰੋਜ਼ ਪੁਰ ਵਿਚ ਹੋਇਆ । ਬਾਲਪਨ ਆਪਣੇ ਪਿੰਡ ਵਿਚ ਹੀ ਖੇਡਦਿਆਂ ਅਤੇ ਮੁਢਲੀ ਵਿਦਿਆ ਪ੍ਰਾਪਤ ਕਰਦਿਆਂ ਗੁਜਾਰਿਆ । ਮਿਡਲ ਪਾਸ ਕਰਨ ਮਗਰੋਂ ਗਿਅਨੀ ਪਾਸ ਕੀਤੀ । ਕੁਝ ਸਮੇਂ ਪਿਛੋਂ ਹੀ ਉਪਰਾਮ ਹੋਕੇ ਪ੍ਰਦੇਸ ਚਲੇ ਗਏ, ਤੇ ਜਾਕੇ ਪੋਲੀਸ ਵਿਚ ਭਰਤੀ ਹੋਏ, ਤੇ ਨੈਕ ਬਣੇ ।

ਅਰੰਭ ਤੋਂ ਹੀ ਆਪ ਆਜ਼ਾਦ ਖਿਆਲਾਂ ਦੇ ਸਨ । ਆਪ ਪਾਸੋਂ ਅਮਰੀਕਾ ਦੀ ਗਦਰ ਪਾਰਟੀ ਦੇ ਅਖਬਾਰ ਦੇ ਕੁਝ ਪਰਚੇ ਫੜੇ ਗਏ,ਜਿਸ ਕਰਕੇ ਆਪ ਨੂੰ ਸਰਾਂਵਿਕ ਸਰਕਾਰ ਨੇ ਨਵੰਬਰ ੧੯੩੧ ਵਿਚ, ਕੁਝ ਹੋਰ ਸਾਥੀਆਂ ਸਮੇਤ ਦੇਸ ਨਿਕਾਲਾ ਦੇਕੇ ਵਾਪਸ ਹਿੰਦੁਸਤਾਨ ਭੇਜ ਦਿੱਤਾ । ਇਥੋਂ ਵੀ ਆਪ ਤੇ ਕਰੜੀ ਨਿਗਰਾਨੀ ਹੋਣ ਲਗੀ । ਜਦੋਂ ਗੁਰਦਵਾਰਾ ਡਸਕੇ ਦਾ ਮੋਰਚਾ ਲੱਗਾ ਤਾਂ, ਸ੍ਰ: ਦੁਨਾ ਸਿੰਘ ਦੀ ਜਥੇਦਾਰੀ ਹੇਠ, ਮੋਰਚੇ ਵਿਚ ਗਏ, ਤੇ ਮੋਰਚਾ ਬੰਦ ਹੋਣ ਤੋਂ ਰਿਹਾ ਹੋਕੇ ਘਰ ਆਏ ਹੀ ਸਨ ਕਿ ਆਪ ਦੇ ਗ੍ਰਿਫਤਾਰੀ ਦੇ ਵੰਰਟ ਜਾਰੀ ਹੋਗਏ । ਤਾਂ ਆਪ ਸਿੰਘਾ ਪੁਰ ਚਲੇ ਗਏ । ਤੇ ਉਥੇ ਵੀ ਅੰਗ੍ਰੇਜ਼ ਹਕੂਮਤ ਨੇ ਰਹਿਣ ਦੀ ਆਗਿਆ ਨਾ ਦਿਤੀ, ਤਾਂ ਜੌਹਰ ਮਾਰੂ ਰਿਆਸਤ ਮਲਾਈ ਵਿਚ ਆਗਏ, ਤੇ ਮਿ: ਗੋ ਦੀ ਪ੍ਰਧਾਨਗੀ ਹੇਠ ਚਲ ਰਹੀ ਸਾਂਗੀ ਪਾਰਟੀ ਵਿਚ ਸ਼ਾਮਲ ਹੋਗਏ ।

੧੯੩੬ ਵਿਚ ਜਾਪਾਨ ਸਰਕਾਰ ਨੇ, ਇਸ ਪਾਰਟੀ ਦੇ ਮੈਂਬਰ ਕਾਂਗਰਸੀ ਝੰਡਾ ਲਹਿਰਾਉਨ ਤੇ ਗ੍ਰਿਫਤਾਰ ਕੀਤੇ, ਤੇ ਮਗਰੋਂ ਰਿਹਾ ਕੀਤੇ । ਜਿੰਨ੍ਹਾਂ ਦਿਨਾਂ ਵਿਚ ਬਾਬਾ ਅਮਰ ਸਿੰਘ ਜੀ ਸ਼ੇਰਪੁਰਾ ਬੰਕੋਕ ਵਿਚ ਅੰਗ੍ਰੇਜ਼ਾਂ ਵਿਰੁਧ ਪ੍ਰਾਪੇਗੰਡਾ ਕਰ ਰਹੇ ਸਨ ਤਾਂ ਗਿਆਨੀ ਜੀ ਜੌਹਰ ਬਾਰੂ ਵਿਚ ਕਰ ਰਹੇ ਸਨ । ਦੂਜੀ ਵਡੀ ਲੜਾਈ ਵਿਚ ਜਦੋਂ ੧੯੪੧, ੪੨ ਵਿਚ ਅੰਗ੍ਰੇਜ਼ ਹਾਰ ਰਹੇ ਸਨ" ਤੇ ਮਲਾਯਾ ਵੀ ਹਥੋਂ ਗੁਆ ਬੈਠੇ ਸਨ ਤਾਂ ਜਾਪਾਨ ਨੇ ਹਿੰਦੀਆਂ ਦੀ ਸਹਾਇਤਾ ਕੀਤੀ। ਭਾ: ਜਗਤ ਸਿੰਘ ਪੀਨਾਂਗ ਦੀ ਕੋਠੀ ਤੇ, ਰਾਸ ਬਿਹਾਰੀ ਬੋਸ ਦੀ ਪ੍ਰਧਾਨਗੀ ਹੇਠ ਹੋਈ ਇਕਤਰਤਾ ਵਲੋਂ ਸਬ ਕਮੇਟੀ ਬਣਾਕੇ ਟ੍ਰੇਨਿੰਗ ਸਕੂਲ ਖੋਲਿਆ ਗਿਆ । ਕੁਝ ਸਿਖਲਾਈ ਮਗਰੋਂ ਇੰਨਾਂ ਨੂੰ ਲੈਫਟੀਨੈਂਟ ਰੈਂਕ ਦੇਕੇ ਕੁਝ ਸਾਥੀਆਂ ਨਾਲ ਬਰਮਾ ਨੂੰ ਘਲਿਆ ਗਿਆ ਤੇ ਆਪ ਰੰਗੂਨ ਪੁਜੇ। ਇਥੇ ਕਰਨਲ ਰਘਬੀਰ ਸਿੰਘ ਦੀ ਫੌਜ਼ ਨਾਲ ਮਿਲਕੇ ਹਿੰਦੁਸਤਾਨ ਆਜ਼ਾਦ ਕਰੌਨ ਦੀ ਵਿਚਾਰ ਹੋਈ, ਤੇ ਆਪ ਸਾਥੀਆਂ ਸਮੇਤ ਰੰਗੂਨ ਤੋਂ ਜਹਾਜ਼ ਰਾਂਹੀ ਖਾੜੀ ਦੇ ਨਾਲ ਨਾਲ ਕਲਕਤੇ ਨੂੰ ਚਲੇ । ਅੰਗ੍ਰੇਜ਼ ਹਵਾਈ ਜਹਾਜ਼ਾਂ ਨੇ ਦੇਖਕੇ, ਨਿਗਰਾਨੀ ਵਿਚ ਹੀ ਕਲਕਤੇ ਲਿਆਂਦਾ । ਜਿਥੇ ਜਾਪਾਨੀ ਜਸੂਸ ਜਾਣਕੇ ਇੰਨਾਂ ਤੇ ਮੁਕਦਮਾ ਚਲਾਇਆ, ਤੇ ਜੇਲ ਭੇਜ

Digitized by Panjab Digital Library | www.panjabdigilib.org

ਦਿੱਤਾ। ਇੰਨਾਂ ਦੇ ਕਈ ਸਾਥੀਆਂ ਨੂੰ ਫਾਂਸੀ ਦਿਤੀ ਗਈ। ਫਿਰ ਇਨਾਂ ਨੂੰ ਦਿਲੀ ਦੇ ਲਾਲ ਕਿਲੇ ਵਿਚ ਬੰਦ ਕੀਤਾ ਗਿਆ। ਤੇ ਜਾਪਾਨੀ ਜਾਸੂਸ ਜਾਣਕੇ ਅਕਹਿ ਤੇ ਅਸਹਿ ਦੁੱਖ ਦਿਤੇ ਗਏ। ਤੇ ਮੁਕਦਮਾ ਚਲਾਕੇ ੨੩ ਅਪ੍ਰੈਲ ੧੯੪੫ ਨੂੰ ਮਿੰਟਗੁਮਰੀ ਜੇਲ ਵਿਚ ਭੇਜਿਆ ਗਿਆ। ਤੇ ਕੁਝ ਚਿਰ ਮਗਰੋਂ ਰਿਹਾ ਕੀਤੇ ਗਏ। ੨੩ ਦਸੰਬਰ ੧੯੪੫ ਨੂੰ ਫਿਰ ਗ੍ਰਿਫਤਾਰ ਕੀਤੇ ਗਏ। ਤੇ ਕਾਫੀ ਸਖਤੀ ਹੁੰਦੀ ਰਹੀ। ਜਦੋਂ ੧੫ ਅਗਤ ੧੯੪੭ ਨੂੰ ਹਿੰਦੁਸਤਾਨ ਆਜ਼ਾਦ ਹੋਇਆ, ਤਾਂ ਸਾਡੀ ਆਪਣੀ ਸਰਕਾਰ ਵਲੋਂ ਆਜ਼ਾਦ ਹਿੰਦ ਫੌਜ਼ ਦੇ ਸਾਰੇ ਕੈਦੀ ਰਿਹਾ ਕੀਤੇ ਗਏ। ਤਾਂ ਇਹ ਵੀ ਰਿਹਾ ਹੋਏ।

੧੯੪੭ ਦੀ ਦੇਸ਼ ਵੰਡ ਦੀ ਗੜ ਬੜ ਸਮੇਂ ਵੀ ਆਪਨੇ ਆਪਣੇ ਕੁਝ ਸਾਥੀਆਂ ਨੂੰ ਨਾਲ ਲੈਕੇ ਇਕ ਕਮੇਟੀ ਬਣਾਈ ਜਿਸਦੇ ਆਪ ਪ੍ਰਧਾਨ ਬਣੇ, ਮੋਗੇ ਅਤੇ ਜ਼ੀਰੇ ਦੀਆਂ ਤਸੀਲਾਂ ਵਿਚ ਫਿਰਕੇ ਤਨੋ ਮਨੋ ਸੇਵਾ ਕੀਤੀ। ਅਪ੍ਰੈਲ ੧੯੫੭ ਵਿਚ ਸਰਕਾਰ ਨੇ ਜਹੜੀ ਪੈਨਸ਼ਨ ਦਿਤੀ। ਉਹ ਵੀ ਆਪ ਕੌਮੀ ਕੰਮਾਂ ਤੇ ਖਰਚ ਕਰ ਰਹੇ ਹਨ।

ਮਾਰਚ ੧੯੫੮ ਤੋਂ ਪਿੰਡ ਵਿਚ ਲੜਕੀਆਂ ਦਾ ਸਕੂਲ ਵੀ ਆਪ ਨੇ ਖੋਲਿਆ ਹੈ। ਤੇ ੨੫੦੦ ਰੁਪਯਾ ਜਮਾਂ ਕਰਾ ਦਿਤਾ ਹੈ। ਤੇ ਆਸ ਹੈ ਕਿ ਸਰਕਾਰ ਵਲੋਂ ਛੇਤੀ ਹੀ ਇਸ ਸਕੂਲ ਦੀ ਪ੍ਰਵਾਨਗੀ ਮਿਲ ਜਾਵੇਗੀ। ਇਸਤਰਾਂ ਆਪ ਇਸ ਸਮੇਂ ਵੀ ਦੇਸ ਕੌਮ ਦੀ ਸੇਵਾ ਕਰ ਰਹੇ ਹਨ।

## ਸੂਬੇਦਾਰ ਜਾਗੀਰ ਸਿੰਘ ਜੀ ਜੌਹਲ ਜਨੇਤਪੁਰਾ

ਆਪ ਜੀ ਦਾ ਜਨਮ ਨਗਰ ਜਨੇਤ ਪੁਰਾ ਵਿਖੇ ਸ੍ਰ: ਤਾਰਾ ਸਿੰਘ ਜੀ ਦੇ ਘਰ ਮਾਤਾ ਭਾਨ ਕੌਰ ਦੀ ਕੁਖ ਤੋਂ ਹੋਇਆ। ਆਪ ਅਠਵੀਂ ਜਮਾਤ ਪਾਸ ਕਰਕੇ ਫੌਜ਼ ਵਿਚ ਭਰਤੀ ਹੋ ਗਏ ਤੇ ਆਪਣੀ ਯੋਗਤਾ ਅਨੁਸਾਰ ਤਰਕੀ ਕਰਕੇ ਸੂਬੇਦਾਰੀ ਦੇ ਔਹਦੇ ਤਕ ਪੁਜੇ। ਪਹਿਲੀ ਆਜ਼ਾਦ ਹਿੰਦ ਫੌਜ਼ ਖੜੀ ਕਰਨ ਸਮੇਂ ਆਪ ਜੱਨਰਲ ਮੋਹਣ ਸਿੰਘ ਜੀ ਨਾਲ ਉਸ ਵਿਚ ਸ਼ਾਮਲ ਹੋ ਗਏ ਅਤੇ ਇਸ ਫੌਜ ਨੂੰ ਜੱਥੇਬੰਦ ਤੇ ਮਜ਼ਬੂਤ ਕਰਨ ਵਿਚ ਵਧ ਚੜਕੇ ਹਿੱਸਾ ਲਿਆ। ਆਪ ਨੇ ਜੋ ਸ਼ਾਨਦਾਰ ਸੇਵਾ ਕੀਤੀ ਜੱਨਰਲ ਮੋਹਣ ਸਿੰਘ ਜੀ ਤੇ ਆਪ ਦੇ ਸਾਥੀ ਉਸ ਦੀ ਬੜੀ ਪ੍ਰਸੰਸਾ ਕਰਿਆ ਕਰਦੇ ਸਨ। ਦੇਸ਼ ਪਿਆਰ ਆਪ ਦੇ ਦਿਲ ਵਿਚ ਕੁਟ ਕੁਟ ਕੇ ਭਰਿਆ ਹੋਇਆ ਸੀ।

## ਲੈਫਟੀਨੈਂਟ ਸ੍ਰ: ਰਾਮ ਸਿੰਘ ਜੀ ਮਾਨ ਸਿੱਖਦੌਲਤ

ਆਪ ਜੀ ਦਾ ਜਨਮ ਪਿੰਡ ਸਿੱਖਦੌਲਤ ਜ਼ਿਲਾ ਲੁਧਿਆਣਾ ਵਿਖੇ ਸ੍ਰ: ਹੀਰਾ ਸਿੰਘ ਜੀ ਦੇ ਘਰ ਮਾਤਾ ਪ੍ਰਤਾਪ ਕੌਰ ਦੀ ਕੁਖ ਤੋਂ ਹੋਇਆ। ਬਚਪਨ ਵਿਚ ਵਿਦਿਆ ਪੜ੍ਹਨ ਦਾ ਬਹੁਤ ਸ਼ੌਕ ਸੀ। ਪਿੰਡ ਦੀ ਹਾਲਤ ਅਨੁਸਾਰ ਆਪ ਉਚੀ ਵਿਦਿਆ ਨ ਪੜ੍ਹ ਸਕੇ ਪ੍ਰੰਤੂ ਅਠਵੀਂ ਪਾਸ ਕਰਕੇ ਫੌਜ਼ ਵਿਚ ਭਰਤੀ ਹੋ ਗਏ। ਜਦ ਜਾਪਾਨੀਆਂ ਨੇ ਹਮਲਾ ਕੀਤਾ ਤਾਂ ਆਪ ਮਲਾਇਆ ਵਿਚ ਸਨ। ਜੱਨਰਲ ਮੋਹਣ ਸਿੰਘ ਜੀ ਦੇ ਆਜ਼ਾਦ ਹਿੰਦ ਫੌਜ਼ ਕਾਇਮ ਕਰਨ ਸਮੇਂ ਆਪ ਖੁਸ਼ੀ ਨਾਲ ਇਸ ਫੌਜ ਵਿਚ ਸ਼ਾਮਲ ਹੋਇ ਅਤੇ ਦੇਸ਼ ਦੀ ਆਜ਼ਾਦੀ ਲਈ ਬਹਾਦਰੀ ਨਾਲ ਲੜਦੇ ਰਹੇ ਇਸ ਲਈ ਆਪ ਜੀ ਦੇ ਕੰਮਾਂ ਨੇ ਜੱਨਰਲ

Digitized by Panjab Digital Library | www.panjabdigilib.org

ਮੋਹਣਸਿੰਘ ਜੀ ਦੇ ਦਿਲ ਅੰਦਰ ਖਾਸ ਅਸਰ ਕੀਤਾ ਜਿਸ ਲਈ ਹੁਣ ਜੱਨਰਲ ਸਾਹਿਬ ਦੇ ਮੁਖੀਆਂ ਦੀ ਲੜੀ ਵਿਚ ਮਾਣ ਪਰਾਪਤ ਕਰ ਰਹੇ ਹਨ। ਨੌਜਵਾਨ, ਅਗਾਂ ਵਧੂ, ਬਹੁਤ ਹੀ ਸਹਜਮਤੇ ਵਾਲੇ, ਹਰ ਇਕ ਭਲਾਈ ਦੇ ਕੰਮਾਂ ਵਿਚ ਵਧ ਚੜ ਕੇ ਹਿਸਾ ਲੈਣ ਵਾਲੇ ਹਨ।

## ਡਾਕਟਰ ਕਰਤਾਰ ਸਿੰਘ ਜੀ ਜੌਹਲ ਜਨੇਤ ਪੁਰਾ

ਆਪ ਜੀ ਦਾ ਜਨਮ ਪਿੰਡ ਜਨੇਤਪੁਰਾ ਜ਼ਿਲਾ ਲੁਧਿਆਣਾ ਵਿਚ ਸ੍ਰ: ਗੁਰਦਿੱਤ ਸਿੰਘ ਜੀ ਦੇ ਘਰ ਮਾਤਾ ਰੂੜ ਕੌਰ ਦੀ ਕੁਖ ਤੋਂ ਹੋਇਆ। ਆਪ ਦਾ ਸੁਭਾ ਬੜਾ ਮਿਲਨ ਸਾਰ ਤੇ ਨਰਮ ਸੀ। ਬਚਪਨ ਵਿਚ ਹੀ ਆਪ ਨੂੰ ਦੇਸ਼ ਭਲਾਈ ਦਾ ਚਾਉ ਪੈਦਾ ਹੋਇਆ। ਨੌਵੀਂ ਜਮਾਤ ਵਿਚ ਪੜ੍ਹਦੇ ਸਨ ਕਿ ਆਪ ਨੂੰ ਡਾਕਟਰੀ ਵਿਦਿਆ ਪੜਨ ਦਾ ਸ਼ੌਕ ਹੋਇਆ। ਦੂਜੀ ਵਡੀ ਲੜਾਈ ਸਮੇਂ ਆਪ ਡਾਕਟਰੀ ਮਹਿਕਮੇ ਨਾਲ ਪੂਰਬੀ ਏਸ਼ੀਆ ਦੇ ਦੇਸ਼ਾਂ ਵਿਚ ਗਏ। ਆਜ਼ਾਦ ਹਿੰਦ ਫ਼ੌਜ਼ ਬਣਨ ਸਮੇਂ ਆਪਨੇ ਆਪਣਾ ਨਾਮ ਡਾਕਟਰੀ ਸੇਵਾ ਲਈ ਪੇਸ਼ ਕਰ ਦਿਤਾ ਬਰ੍ਹਮਾ ਦੇ ਫਰੰਟ ਤੇ ਆਪ ਨੇ ਵਰਦੀਆਂ ਗੋਲੀਆਂ ਵਿਚ ਜ਼ਖਮੀਆਂ ਦੀ ਜੋ ਸੇਵਾ ਕੀਤੀ ਉਸ ਦੀ ਆਜ਼ਾਦ ਹਿੰਦ ਫੌਜ਼ ਦੇ ਵਡੇ ੨ ਅਫਸਰਾਂ ਨੇ ਭੀ ਮੁਕਤ ਕੰਠ ਨਾਲ ਪ੍ਰਸੰਸਾ ਕੀਤੀ। ਅਜ ਕਲ ਆਪ ਫੀਰੋਜ਼ਪੁਰ ਵਿਚ ਪ੍ਰੈਕਟਿਸ ਕਰਦੇ ਹਨ।

## ਸ੍ਰ: ਕੰਧਾਰਾ ਸਿੰਘ ਜੀ ਹੇਹਰ

ਆਪਜੀ ਦਾ ਜਨਮ ਪਿੰਡ ਹੇਹਰ ਜ਼ਿਲਾ ਲੁਧਿਆਣਾ ਵਿਚ ਸ੍ਰ:ਰੁਲੀਆ ਸਿੰਘ ਜੀ ਦੇ ਘਰ ਮਾਤਾ ਪ੍ਰੇਮ ਕੌਰ ਦੇ ਉਦਰ ਤੋਂ ਹੋਇਆ। ਬਚਪਨ ਵਿਚ ਆਪ ਨੇ ਗੁਰਮੁਖੀ ਵਿਦਿਆ ਪੜ੍ਹੀ। ੨੦ ਸਾਲ ਦੀ ਅਵਸਥਾ ਵਿਚ ਫੌਜ਼ ਵਿਚ ਭਰਤੀ ਹੋ ਗਏ। ੧੯੩੦ ਵਿਚ ਆਪ ਰਸਾਲੇ ਅੰਦਰ ਸਨ ਕਿ ਆਪ ਦਾ ਇਕ ਬੀਮਾਰੀ ਦੇ ਕਾਰਨ ਉਪ੍ਰੇਸ਼ਨ ਕੀਤਾ ਗਿਆ। ਇਸ ਲਈ ਆਪ ਦਾ ਨਾਮ ਕਟਿਆ ਗਿਆ। ਉਪਰੰਤ ਰੋਜ਼ਗਾਰ ਦੀ ਭਾਲ ਵਿਚ ਆਪ ਕਲਕਤੇ ਤੋਂ ਹੁੰਦੇ ਹੋਇ ਚੀਨ, ਜਾਪਾਨ ਤੇ ਰੂਸ ਆਦਿ ਦੇਸ਼ਾਂ ਵਿਚ ਗਏ। ਜਾਪਾਨ ਵਿਚ ਆਪ ਜੀ ਦਾ ਮੇਲ ਪ੍ਰਸਿੱਧ ਹਿੰਦੁਸਤਾਨੀ ਦੇਸ਼ ਭਗਤ ਸ੍ਰੀ ਰਾਸਬਿਹਾਰੀ ਬੋਸ ਨਾਲ ਹੋਇਆ। ਉਨ੍ਹਾਂ ਦੀ ਸਿਖਿਆ ਨਾਲ ਆਪ ਦੇ ਦਿਲ ਵਿਚ ਦੇਸ਼ ਸੇਵਾ ਦਾ ਚਾ ਉਤਪਨ ਹੋਇਆ। ਦੂਜੀ ਵਡੀ ਲੜਾਈ ਦੇ ਦੌਰਾਨ ਜਦੋਂ ਪੂਰਬੀ ਏਸ਼ੀਆ ਦੇ ਹਿੰਦੀਆਂ ਨੇ ਮਿਲ ਕੇ ਇੰਡੀਅਨ ਇੰਡੀਪੇਡੈਂਸਲੀਗ ਕਾਇਮ ਕੀਤੀ ਤਾਂ ਆਪ ਨੇ ਇਸ ਜਥੇਬੰਦੀ ਨੂੰ ਕਾਇਮ ਕਰਨ ਵਿਚ ਵਧ ਚੜ ਕੇ ਹਿੱਸਾ ਲਿਆ। ਇਸ ਸੰਸਥਾ ਰਾਹੀ ਆਪ ਦਾ ਮੇਲ ਹੋਰ ਬਹੁਤ ਸਾਰੇ ਦੇਸ਼ ਭਗਤਾਂ ਨਾਲ ਹੋਇਆ ਜਿਸ ਤੋਂ ਦੇਸ਼ ਪਿਆਰ ਦੀ ਰੰਗਣ ਹੋਰ ਗੂਹੜੀ ਚੜ੍ਹਦੀ ਗਈ। ਆਪਨੇ ਆਜ਼ਾਦ ਹਿੰਦ ਫੌਜ਼ ਵਿਚ ਸ਼ਾਮਲ ਹੋਕੇ ਜੋ ਸ਼ਾਨਦਾਰ ਕੁਰਬਾਨੀਆਂ ਕੀਤੀਆਂ ਹਨ ਆਜ਼ਾਦੀ ਦੇ ਇਤਹਾਸ ਵਿਚ ਉਹ ਹਮੇਸ਼ਾਂ ਯਾਦ ਰਹਿਣਗੀਆਂ।

## ਸ੍ਰ. ਲਛਮਣ ਸਿੰਘ ਜੀ

ਆਪ ਜੀ ਦਾ ਜਨਮ ਸ੍ਰ. ਬਾਘ ਸਿੰਘ ਲੈਂਡ ਲਾਰਡ ਦੇ ਘਰ ਮਾਤਾ ਜੈ ਕੌਰ ਦੀ ਕੁੱਖੋਂ, ਪਿੰਡ ਕੋਟਲਾ ਰਾਇਕਾ, ਤਸੀਸਲ ਮੋਗਾ, ਜਿਲਾ ਫੀਰੋਜ਼ ਪੁਰ ਵਿੱਚ ਹੋਇਆ। ਆਪ ਦੇ ਮਾਤਾ ਪਿਤਾ

Digitized by Panjab Digital Library | www.panjabdigilib.org

ਨੇ ਸਕੂਲ ਵਿਖੇ ਪੜ੍ਹਨ ਲਾਇਆ, ਪਰ ਆਪ ਦੀਆਂ ਰੁਚੀਆਂ ਫੌਜੀ ਸੂਰਮਿਆਂ ਵਲ ਲਗਣ ਤੋਂ, ਆਪ ਫੌਜ ਵਿਚ ਭਰਤੀ ਹੋ ਗਏ, ਜਿਸ ਸਮੇਂ ਜਨਰਲ ਮੋਹਣ ਸਿੰਘ ਜੀ ਨੇ, ਦੇਸ਼ ਅਜ਼ਾਦੀ ਲਈ, ਫੌਜੀਆਂ ਨੂੰ ਆਪਣੇ ਬਜ਼ੁਰਗਾਂ ਦੇ ਕਾਰਨਾਮੇ ਸੁਣਾ ਕੇ ਵੰਗਾਰਿਆ ਕਿ ਜੋ ਸਜਨ ਦੇਸ਼ ਨੂੰ ਅੰਗ੍ਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਕਰੌਣਾ ਚਾਹੁੰਦੇ ਹਨ, ਉਹ ਆਜ਼ਾਦ ਹਿੰਦ ਫੌਜ ਵਿਚ ਭਰਤੀ ਹੋ ਜਾਣ, ਤਦ ਆਪ ਵੀ ਅਪਣੇ ਹੋਰ ਸਾਥੀਆਂ ਸਮੇਤ ਤੁਰਤ ਹੀ ਆਜ਼ਾਦ ਹਿੰਦ ਫੌਜ ਵਿੱਚ ਭਰਤੀ ਹੋ ਗਏ, ਤੇ ਮੁਲਕ ਦੀ ਆਜ਼ਾਦੀ ਲਈ ਲੜਦੇ ਰਹੇ।

ਦੇਸ਼ ਆਜ਼ਾਦ ਹੋਣ ਤੇ, ਆਪ ਜੀ ਅਪਣੇ ਹਿਤਕਾਰੀ ਪ੍ਰਵਾਰ ਵਿੱਚ ਆਕੇ ਰਹਿਣ ਲੱਗੇ, ਤੇ ਅਪਣੇ ਚੰਗੇ ਖਿਆਲਾਂ, ਦੇ ਕਾਰਨ ਹਰਮਨ ਪਿਆਰੇ ਬਣੇ। ਅਜ ਕਲ ਆਪ ਸਰਸੇ ਰਹਿੰਦੇ ਹਨ।

## ਸ੍ਰ. ਮਲ ਸਿੰਘ ਜੀ

ਆਪ ਜੀ ਦਾ ਜਨਮ, ਪਿਤਾ ਜੰਗ ਸਿੰਘ ਦੇ ਘਰ ਮਾਤਾ ਸੰਤ ਕੌਰ ਦੀ ਕੁਖੋਂ ਪਿੰਡ ਘੁਮਾਣ, ਤਸੀਲ ਜਗਰਾਉਂ, ਜਿਲਾ ਲੁਧਿਆਨਾ ਵਿਖੇ ਹੋਇਆ।

ਆਪ ਨੇ ਆਜ਼ਾਦ ਹਿੰਦ ਫੌਜ ਵਿਚ ਸ਼ਾਮਲ ਹੋਕੇ, ਦੇਸ਼ ਆਜ਼ਾਦ ਕਰੌਨ ਵਿਚ ਵੱਧ ਚੜ੍ਹਕੇ ਹਿੱਸਾ ਲਿਆ, ਜਿਸ ਕਰਕੇ ਆਪ ਸਾਰਿਆਂ ਵਿੱਚ ਸਤਕਾਰੇ ਜਾਣਲੱਗੇ। ਆਪ ਦੇ ਚੇਹਰੇ ਤੋਂ ਪ੍ਰਸੰਨਤਾ ਤੇ ਪਿਆਰ ਸਦਾ ਹੀ ਟਪਕਦੇ ਹਨ।

ਸ਼ਮ੍ਹਾਂ ਅਜ਼ਾਦੀ ਦੇ ਪ੍ਰਵਾਨੇ।

## ਅਜ਼ਾਦ ਹਿੰਦ ਫੌਜੀਆਂ ਦੇ ਨਾਵਾਂ ਦੀ ਫਹਿਰਸ਼ਤ

ਜਰੂਰੀਬੇਨਤੀ—ਅਜ਼ਾਦ ਹਿੰਦ ਫੌਜ ਦਾ ਸੰਖੇਪ ਇਤਿਹਾਸ ਤੇ ਇਸ ਫੌਜ ਦੇ ਮੋਢੀਆਂ ਦੇ ਜੀਵਨ ਪਾਠਕ ਉਪਰ ਪੜ੍ਹ ਚੁਕੇ ਹਨ। ਅਗਲੇ ਪੰਨਿਆਂ ਤੇ ਕੇਵਲ ਸ਼ਮ੍ਹਾਂ ਆਜ਼ਾਦੀ ਦੇ ਪ੍ਰਵਾਨਿਆਂ ਦੇ ਨਾਵਾਂ ਦੀ ਫਹਿਰਿਸਤ ਦਿੱਤੀ ਜਾ ਰਹੀ ਹੈ। ਯਤਨ ਤਾਂ ਇਹ ਕੀਤਾ ਗਿਆ ਹੈ ਕਿ ਸਾਰੇ ਆਜ਼ਾਦ ਹਿੰਦ ਫੌਜੀਆਂ ਦੇ ਜੀਵਨ ਸਮਾਚਾਰ ਤੇ ਮੁਕੰਮਲ ਫਹਿਰਿਸਤ ਤਿਆਰ ਹੋ ਸਕੇ। ਇਸੇ ਲਈ ਸਾਡੇ ਵਲੋਂ ਭੇਜੇ ਗਏ ਲਿਖਾਰੀ ਪਿੰਡ ੨ ਜਾਕੇ ਹੋਕਾ ਦਿੰਦੇ ਰਹੇ ਕਿ ਇਤਿਹਾਸ ਦਾ ਮਿਸਾਲਾ ਇਕੱਠਾ ਕਰਨ ਵਿੱਚ ਸਹਾਇਤਾ ਦਿਉ ਪ੍ਰੰਤੂ ਪੂਰਾ ਮਿਲਵਰਤਨ ਨਾ ਮਿਲਨ ਕਰਕੇ ਉਹ ਪੂਰਨ ਫਹਿਰਿਸਤਾਂ ਨਾ ਬਣਾ ਸਕੇ।

ਜਿੰਨੇ ਸਜਨਾ ਦੇ ਨਾਉਂ ਸਾਡੇ ਪਾਸ ਪੁਜੇ ਉਹ ਹੇਠ ਦਰਜ ਕਰ ਰਹੇ ਹਾਂ ਤੇ ਜਿੰਨਾ ਦੇ ਰਹਿ ਗਏ ਹਨ। ਉਨ੍ਹਾਂ ਦੀ ਸੇਵਾ ਵਿੱਚ ਬੇਨਤੀ ਹੈ ਕਿ ਉਹ ਖਬਰ ਦੇਣ ਦੀ ਖੇਚਲ ਕਰਨ ਤਾ ਕਿ ਅਗਲੇ ਐਡੀਸ਼ਨ ਵਿੱਚ ਉਨ੍ਹਾਂ ਦੇ ਨਾਮ ਭੀ ਨਾਮ ਦਿੱਤੇ ਜਾਣ। ਕਈ ਸਜਨਾਂ ਨੂੰ ਇਹ ਭੀ ਖਿਆਲ ਹੋਵੇਗਾ ਕਿ ਉਨ੍ਹਾਂ ਦਾ ਜੀਵਨ ਵਸ਼ੇਸ਼ ਵਿਸਥਾਰ ਦਾ ਮੁਹਤਾਜ ਸੀ ਪ੍ਰੰਤੂ ਇਤਹਾਸ ਦਾ ਆਕਾਰ ਬਹੁਤ ਵਧ ਜਾਣ ਦੇ ਕਾਰਨ ਪੂਰਨ ਵਿਸਥਾਰ ਨਹੀਂ ਦਿੱਤਾ ਜਾ ਸਕਿਆ। ਆਸ ਹੈ ਉਹ ਸਜਨ ਤੇ ਇਸ ਕਾਂਡ ਨਾਲ ਵਧੇਰੇ ਦਿਲ ਚਸਪੀ ਰੱਖਣ ਵਾਲੇ ਪ੍ਰੇਮੀ ਪਾਠਕ ਖਿਮਾਂ ਬਖਸ਼ਨਗੇ।

ਦਾਸ:— ਵਿਸਾਖਾ ਸਿੰਘ ਸੰਤ ਸਪਾਹੀ।

Digitized by Panjab Digital Library | www.panjabdigilib.org

| ਨੰ: | ਨਾਮ | ਪਿਤਾ | ਮਾਤਾ | ਪਿੰਡ | ਜ਼ਿਲਾ | ਹੋਰ ਸਮਾਚਾਰ |
|---|---|---|---|---|---|---|
| ੧. | ਭਾਗ ਸਿੰਘ | ਸੇਵਾ ਸਿੰਘ | ਇੰਦ ਕੌਰ | ਰਣਸੀਂਹਕੇ | ਫੀਰੋਜ਼ ਪੁਰ | |
| ੨. | ਨਾਹਰ ਸਿੰਘ | ਵਰਿਆਮ ਸਿੰਘ | ਭੋਲੀ | ,, | ,, | |
| ੩. | ਹਰਭਜਨ ਸਿੰਘ | ਸਜਨ ਸਿੰਘ | ਕਿਸ਼ਨ ਕੌਰ | ,, | ,, | |
| ੪. | ਬਹਾਦਰ ਸਿੰਘ | ,, | ,, | ,, | ,, | |
| ੫. | ਸਰਵਣ ਸਿੰਘ | ,, | ,, | ,, | ,, | |
| ੬. | ਕਰਤਾਰ ਸਿੰਘ | ਹਰਨਾਮ ਸਿੰਘ | ਰਾਮ ਕੌਰ | ਚੁਗਾਵਾਂ | ,, | |
| ੭. | ਸਰਵਣ ਸਿੰਘ | ਪ੍ਰਤਾਪ ਸਿੰਘ | ਦਾਨ ਕੌਰ | ,, | ,, | |
| ੮. | ਚੰਨਣ ਸਿੰਘ | ਬੂੜ ਸਿੰਘ | ਪੰਜਾਬ ਕੌਰ | ,, | ,, | |
| ੯. | ਦਰਬਾਰਾ ਸਿੰਘ | ਉਤਮ ਸਿੰਘ | ਇੰਦ ਕੌਰ | ,, | ,, | |
| ੧੦. | ਜਰਨੈਲ ਸਿੰਘ | ਹੁਸ਼ਿਆਰਾ ਸਿੰਘ | ਨੰਦ ਕੌਰ | ,, | ,, | |
| ੧੧. | ਮੋਹਕਮ ਸਿੰਘ | ਸੇਵਾ ਸਿੰਘ | ਭੋਲੀ | ,, | ,, | |
| ੧੨. | ਭਾਨ ਸਿੰਘ | ਬਸੰਤ ਸਿੰਘ | ਇੰਦ ਕੌਰ | ,, | ,, | |
| ੧੩. | ਉਦੇ ਸਿੰਘ | ਸਰਦੂਲ ਸਿੰਘ | ਆਸ ਕੌਰ | ,, | ,, | |
| ੧੪. | ਮੋਤਾ ਸਿੰਘ | ਨਥਾ ਸਿੰਘ | ਮਹਿਤਾਬ ਕੌਰ | ਮਹਿਣਾ | ,, | |
| ੧੫. | ਕਰਨੈਲ ਸਿੰਘ | ਇੰਦਰ ਸਿੰਘ | | ,, | ,, | |
| ੧੬. | ਮਹਿੰਦਰ ਸਿੰਘ | ਮਾਘੀ ਸਿੰਘ | | ,, | ,, | |
| ੧੭. | ਗੁਲਵੰਤ ਸਿੰਘ | ਭਗਤ ਸਿੰਘ | ਕੌੜੀ | ,, | ,, | |
| ੧੮. | ਪ੍ਰੀਤਮ ਸਿੰਘ | ਮਾਨ ਸਿੰਘ | | ,, | ,, | ਸ਼ਹੀਦ ਹੋਏ । |
| ੧੯. | ਕਰਨੈਲ ਸਿੰਘ | ,, | | ,, | ,, | ,, |
| ੨੦. | ਮਾਨਕ ਸਿੰਘ | ਸਰਮੁਖ ਸਿੰਘ | | ,, | ,, | ,, |
| ੨੧. | ਜੰਗ ਸਿੰਘ | ਚੰਨਣ ਸਿੰਘ | ਪ੍ਰੇਮ ਕੌਰ | ,, | ,, | |
| ੨੨. | ਸਰਵਣ ਸਿੰਘ | ਭਗਵਾਨ ਸਿੰਘ | ਬਿਸ਼ਨ ਕੌਰ | ਬਲਾਹੜ (ਪੈਪਸੂ) | ,, | |
| ੨੩. | ਨਰੈਣ ਸਿੰਘ | ਸੁਹਾਵਾ ਸਿੰਘ | ਪੰਜਾਬ ਕੌਰ | ਭਗਤਾ ਭਾਈ | ,, | |
| ੨੪. | ਜੋਗਿੰਦਰ ਸਿੰਘ | ਕਿਸ਼ਨ ਸਿੰਘ | ਚੰਦ ਕੌਰ | ,, | ,, | ਮੋਰਚੇ ਤੇ ਸ਼ਹੀਦ ਹੋ ਏ |
| ੨੫. | ਰਤਨ ਸਿੰਘ | ਜੈਮਲ ਸਿੰਘ | ਰਾਮ ਕੌਰ | ,, | ,, | |
| ੨੬. | ਬਹਾਦਰ ਸਿੰਘ | ਸੌਣ ਸਿੰਘ | ਗੁਜਰੀ | ਠੇਠਰ ਛੋਟਾ | ,, | |
| ੨੭. | ਅਜੀਤ ਸਿੰਘ | ਚੰਦਾ ਸਿੰਘ | ਹਰ ਕੌਰ | ,, | ,, | |
| ੨੮. | ਪ੍ਰਤਾਪ ਸਿੰਘ | ਕਾਹਨ ਸਿੰਘ | ਸਦਾ ਕੌਰ | ,, | ,, | |
| ੨੯. | ਸਰਦਾਰਾ ਸਿੰਘ | ਗੱਜਾ ਸਿੰਘ | ਦੇਸਾਂ ਕੌਰ | ਉਗੋਕੇ | ,, | |
| ੩੦. | ਗੁਰਦਿੱਤ ਸਿੰਘ | ਕੂੰਦਾ ਸਿੰਘ | ਪੰਜਾਬ ਕੌਰ | ,, | ,, | |
| ੩੧. | ਬਲਵੰਤ ਸਿੰਘ | ਸੁੰਦਰ ਸਿੰਘ | ਦਇਆ ਕੌਰ | ਭੰਗਾਲੀ ਵੱਡੀ | ,, | |

Digitized by Panjab Digital Library | www.panjabdigilib.org

| ਨੰ: | ਨਾਮ | ਪਿਤਾ | ਮਾਤਾ | ਪਿੰਡ | ਜ਼ਿਲਾ | ਹੋਰ ਸਮਾਚਾਰ |
|---|---|---|---|---|---|---|
| ੩੨. | ਬਚਨ ਸਿੰਘ | ਕੇਹਰ ਸਿੰਘ | ਕਿਸ਼ਨ ਕੌਰ | ਮਾਛੀ ਬੁਗਰਾ | ਫ਼ੀਰੋਜ਼ ਪੁਰ | |
| ੩੩. | ਮੇਲਾ ਸਿੰਘ | ਕੇਸਰ ਸਿੰਘ | ਮਾੜੋ | ,, | ,, | |
| ੩੪. | ਜਸਕਰਨ ਸਿੰਘ | ਸੁਚਾ ਸਿੰਘ | ਸ਼ਾਮ ਕੌਰ | ਵਾੜਾ ਜਵਾਹਰ ਸਿੰਘ | ਫੀਰੋਜ਼ ਪੁਰ | |
| ੩੫. | ਨਥਾ ਸਿੰਘ | ਗੁਰਦਿੱਤ ਸਿੰਘ | ਦਇਆ ਕੌਰ | ,, | ,, | |
| ੩੬. | ਮੁਨਸ਼ੀ ਸਿੰਘ | ਦੇਵਾ ਸਿੰਘ | ਚੰਦ ਕੌਰ | ਹਰਾਜ਼ | ,, | |
| ੩੭. | ਨਰੈਣ ਸਿੰਘ | ਕਾਲਾ ਸਿੰਘ | ਨੰਦ ਕੌਰ | ,, | ,, | ਸ਼ਹੀਦ ਹੋਏ |
| ੩੮. | ਇੰਦਰ ਸਿੰਘ | ਭੂਡੀ ਸਿੰਘ | ਮਾਨ ਕੌਰ | ਗਿੱਲ | ,, | |
| ੩੯. | ਸਵਰਣ ਸਿੰਘ | ਰਾਮ ਸਿੰਘ | ਸ਼ਾਮ ਕੌਰ | ਕਬਰਵੱਛਾ | ,, | |
| ੪੦. | ਅੱਛਰ ਸਿੰਘ | ਚੰਦਾ ਸਿੰਘ | ਸਦਾ ਕੌਰ | ਭਾਈਕਾ ਵਾੜਾ | ,, | |
| ੪੧. | ਗੁਰਬਖਸ਼ ਸਿੰਘ | ਮੇਹਰ ਸਿੰਘ | ਨੰਦ ਕੌਰ | ਮਰਾੜ (ਬਾਹੀਆ) | ,, | |
| ੪੨. | ਪਾਲ ਸਿੰਘ | ਚੰਦ ਸਿੰਘ | ਪੰਜਾਬ ਕੌਰ | ਭੈਣੀ | ,, | |
| ੪੩. | ਹਾਕਮ ਸਿੰਘ | ਜਾਗੀਰ ਸਿੰਘ | ਕਿਸ਼ਨ ਕੌਰ | ,, | ,, | ਸ਼ਹੀਦ ਹੋਏ। |
| ੪੪. | ਮੁਕੰਦ ਸਿੰਘ | ਜਵਾਲਾ ਸਿੰਘ | ਹਰ ਕੌਰ | ਬਜੋਆਣਾ | ,, | |
| ੪੫. | ਪ੍ਰੀਤਮ ਸਿੰਘ | ਅਰਜਨ ਸਿੰਘ | ਕਿਸ਼ਨ ਕੌਰ | ,, | ,, | |
| ੪੬. | ਜਾਗੀਰ ਸਿੰਘ | ਗੁਰਦਿੱਤ ਸਿੰਘ | ਆਸ ਕੌਰ | ,, | ,, | |
| ੪੭. | ਹਰਚੰਦ ਸਿੰਘ | ਬਖਤੌਰ ਸਿੰਘ | ਧੰਨ ਕੌਰ | ਕਲਿਆਣ(ਸੰਗਤੀਆਂ) | | |
| ੪੮. | ਚੰਨਣ ਸਿੰਘ | ਛੁਮਣ ਸਿੰਘ | ਭਾਗ ਕੌਰ | ਲਹਿਰਾ ਬੇਗਾ | ,, | |
| ੪੯. | ਚੰਦਾ ਸਿੰਘ | ,, | ,, | ,, | ,, | |
| ੫੦. | ਚੰਦ ਸਿੰਘ | ਚੰਭਾ ਸਿੰਘ | ਬਿਸ਼ਨ ਕੌਰ | ,, | ,, | |
| ੫੧. | ਪ੍ਰੀਤਮ ਸਿੰਘ | ਉਜਾਗਰ ਸਿੰਘ | ਕਰਤਾਰ ਕੌਰ | ,, | ,, | |
| ੫੨. | ਬਾਬੂ ਸਿੰਘ | ਸਰਬਣ ਸਿੰਘ | ਪੰਜਾਬ ਕੌਰ | ,, | ,, | |
| ੫੩. | ਸੁਰੈਣ ਸਿੰਘ | ਬਾਲਕ ਰਾਮ(ਬ੍ਰਾਹਮਣ) | ਸ਼ਾਨਤੀ | ਹਿੰਮਤ ਪੁਰਾ ,, | ,, | ਅਕਾਲੀ ਲਹਿਰ ਭੀ ਹਿੱਸਾ ਲਿਆ। |
| ੫੪. | ਜਾਗੀਰ ਸਿੰਘ | ਜੈਮਲ ਸਿੰਘ | ਸੁਲਖਣੀ | ,, | ,, | ,, |
| ੫੫. | ਲਾਲ ਸਿੰਘ | ਸੁਚਾ ਸਿੰਘ | | ਵਧਣੀ | ,, | |
| ੫੬. | ਚੰਦ ਸਿੰਘ | ਭਾਗ ਸਿੰਘ | | ਮਲੋਟ | ,, | |
| ੫੭. | ਜਾਗੀਰ ਸਿੰਘ | ਹੀਰਾ ਸਿੰਘ | | ਡੂੰਬਾ | ,, | |
| ੫੮. | ਹਰਦੇਵ ਸਿੰਘ | ਨਿਧਾਨ ਸਿੰਘ | ਭਗਵਾਨ ਕੌਰ | ਕਿਲਿਆਵਾਲੀ | ,, | |
| ੫੯. | ਵੀਰ ਸਿੰਘ | ਨੇਤਾ ਸਿੰਘ | | ,, | ,, | |
| ੬੦. | ਦਸੌਂਧਾ ਸਿੰਘ | ਰਤਨ ਸਿੰਘ | | ਘਮਿਆਰ ਵਾਲਾ | ,, | |
| ੬੧. | ਨਿਰੰਜਨ ਸਿੰਘ | ਵਸਾਵਾ ਸਿੰਘ | ਮਾਨ ਕੌਰ | ,, | ,, | |

Digitized by Panjab Digital Library | www.panjabdigilib.org

| ਨੰ: | ਨਾਮ | ਪਿਤਾ | ਮਾਤਾ | ਪਿੰਡ | ਜ਼ਿਲਾ | ਹੋਰ ਸਮਾਚਾਰ |
|---|---|---|---|---|---|---|
| ੬੨. | ਉਜਾਗਰ ਸਿੰਘ | ਚੰਨਣ ਸਿੰਘ | ਜੀਵਨ ਕੌਰ | ਸਰਾਭਾ | ਲੁਧਿਆਣਾ | |
| ੬੩. | ਸੁਚਾ ਸਿੰਘ | ਕੇਹਰ ਸਿੰਘ | ਸੰਤ ਕੌਰ | ਬੁਰਜ ਲਿੱਟਾਂ | ,, | |
| ੬੪. | ਗੁਰਦਿਆਲ ਸਿੰਘ | ਨਰੈਣ ਸਿੰਘ | ਜੈ ਕੌਰ | ,, | ,, | |
| ੬੫. | ਕਰਤਾਰ ਸਿੰਘ | ,, | ,, | ,, | ,, | |
| ੬੬. | ਰਣਜੀਤ ਸਿੰਘ | ਅਛੱਰਾ ਸਿੰਘ | ਬਸੰਤ ਕੌਰ | ,, | ,, | |
| ੬੭. | ਬਚਨ ਸਿੰਘ | ਕਿਸ਼ਨ ਸਿੰਘ | ਮਹਾ ਕੌਰ | ਉਮਰ ਪੁਰਾ | ,, | |
| ੬੮. | ਭਗਵਾਨ ਸਿੰਘ | ਸੋਭਾ ਸਿੰਘ | ਇੰਦ ਕੌਰ | ਬੁਰਜਨਕਲੀਆਂ | ,, | |
| ੬੯. | ਵਿਸਾਖਾ ਸਿੰਘ | ਪੂਰਨ ਸਿੰਘ | ਭੋਲੀ | ,, | ,, | |
| ੭੦. | ਬਚਨ ਸਿੰਘ ਨੈਕ | ਈਸਰ ਸਿੰਘ | ਕਿਸ਼ਨ ਕੌਰ | ,, | ,, | |
| ੭੧. | ਹਰਚੰਦ ਸਿੰਘ | ਨਥਾ ਸਿੰਘ | ਚੰਦ ਕੌਰ | ,, | ,, | |
| ੭੨. | ਬਲਵੰਤ ਸਿੰਘ ਲੈ: | ਚੰਦਾ ਸਿੰਘ | ਬਸੰਤ ਕੌਰ | ਬੁਰਜ ਹਰੀ ਸਿੰਘ | ,, | |
| ੭੩. | ਸਰਵਣ ਸਿੰਘ ਹੌ: | ਵਰਿਆਮਸਿੰਘ | ਆਸ ਕੌਰ | ,, | ,, | |
| ੭੪. | ਸੇਵਾ ਸਿੰਘ ਹੌ: | ,, | ,, | ,, | ,, | |
| ੭੫. | ਨਿਰਧੋਲ ਸਿੰਘ | ਕਾਲਾ ਸਿੰਘ | ਹਰਨਾਮ ਕੌਰ | ਰਾਜੋਵਾਣਾ ਵਡਾ | ,, | |
| ੭੬. | ਗੁਰਬਖਸ਼ ਸਿੰਘ | ਪਾਖਰ ਸਿੰਘ | ਜਿਉਣ ਕੌਰ | ਝੋਰੜਾਂ | ,, | |
| ੭੭. | ਹਰਦਿੱਤ ਸਿੰਘ | ਹਰਨਾਮ ਸਿੰਘ | ਸੰਤ ਕੌਰ | ,, | ,, | |
| ੭੮. | ਬਚਨ ਸਿੰਘ | ਪ੍ਰਤਾਪ ਸਿੰਘ | ਰਾਜ ਕੌਰ | ,, | ,, | |
| ੭੯. | ਗੁਲਜਾਰ ਸਿੰਘ | ਸੇਵਾ ਸਿੰਘ | ਅਤਰ ਕੌਰ | ,, | ,, | |
| ੮੦. | ਨਾਜ਼ਰ ਸਿੰਘ | ਨਿੱਕਾ ਸਿੰਘ | ਅਤਰ ਕੌਰ | ,, | ,, | |
| ੮੧. | ਵਰਿਆਮ ਸਿੰਘ ਦਫੇ: | ਪੂਰਨ ਸਿੰਘ | ਹਰਨਾਮ ਕੌਰ | ਬਸੀਆਂ | ,, | |
| ੮੨. | ਕਰਨੈਲ ਸਿੰਘ | ਜਗਤ ਸਿੰਘ | ਜੈ ਕੌਰ | ਬਸਰਾਮਾ | ,, | |
| ੮੩. | ਚਰਨ ਸਿੰਘ | ਸ਼ੇਰ ਸਿੰਘ | ਰੱਜੀ | ਪਖੋਵਾਲ | ,, | |
| ੮੪. | ਅਰਜਨ ਸਿੰਘ | ਮੋਹਰ ਸਿੰਘ | ਕਿਸ਼ਨ ਕੌਰ | ਸਿਧਮ ਬੇਟ | ,, | |
| ੮੫. | ਬੰਤ ਸਿੰਘ | ਸਰਦਾਰਾ ਸਿੰਘ | ਭਾਗ ਕੌਰ | ,, | ,, | |
| ੨੬. | ਚੰਨਣ ਸਿੰਘ | ਕਾਕੂ ਸਿੰਘ | ਪ੍ਰੇਮ ਕੌਰ | ਜੋਧ | ,, | |
| ੮੭. | ਕਰਤਾਰ ਸਿੰਘ | ਕਿਸ਼ਨ ਸਿੰਘ | ਸ਼ਾਮ ਕੌਰ | ,, | ,, | |
| ੮੮. | ਗੁਰਦਿਆਲ ਸਿੰਘ | ਨਾਹਰ ਸਿੰਘ | ਜੈ ਕੌਰ | ਰਤਨ | ,, | |
| ੮੯. | ਇੰਦਰ ਸਿੰਘ | ਰਾਂਝਾ ਸਿੰਘ | ,, | ਘੰਟਾ ਬੰਨਾ | ,, | |
| ੯੦. | ਗੁਰਦੇਵ ਸਿੰਘ | ਅਮਰ ਸਿੰਘ ਸੂਬੇ: | ਚੰਦ ਕੌਰ | ਫੂਲੇਵਾਲ | ,, | |
| ੯੧. | ਕੇਸਰ ਸਿੰਘ | ਬਿਸ਼ਨ ਸਿੰਘ | ਪ੍ਰਤਾਪ ਕੌਰ | ਢਪਾਲੀ | ,, | |
| ੯੨. | ਲੱਖਾ ਸਿੰਘ | ਮੁਕੰਦ ਸਿੰਘ | ਸਾਹਿਬ ਕੌਰ | ,, | ,, | |

Digitized by Panjab Digital Library | www.panjabdigilib.org

| ਨੰ: | ਨਾਮ | ਪਿਤਾ | ਮਾਤਾ | ਪਿੰਡ | ਜ਼ਿਲਾ | ਹੋਰ ਸਮਾਚਾਰ |
|---|---|---|---|---|---|---|
| ੯੩. | ਜੋਰਾ ਸਿੰਘ | ਦਰਬਾਰਾ ਸਿੰਘ | ਪ੍ਰੇਮ ਕੌਰ | ,, | ਲੁਧਿਆਣਾ | |
| ੯੪. | ਸੋਹਣ ਸਿੰਘ | ਸੁੰਦਰ ਸਿੰਘ | ਮਹਿਤਾਬ ਕੌਰ | ,, | ,, | |
| ੯੫. | ਲਾਲ ਸਿੰਘ | ਦੇਵਾ ਸਿੰਘ | ਬਿਸ਼ਨ ਕੌਰ | ਘੁੜੱਲੀ | ,, | |
| ੯੬. | ਨਿਹਾਲ ਸਿੰਘ | ਬਦਨ ਸਿੰਘ | ਕਿਸ਼ਨ ਕੌਰ | ਜੇਠੂਕੇ | ,, | |
| ੯੭. | ਅਜਾਇਬ ਸਿੰਘ ਲੈਫਟੀਨੈਂਟ | ਸ਼ੇਰ ਸਿੰਘ | | ਸਾਹਨਾ | ,, | |
| ੯੮. | ਨਿਰੰਜਨ ਸਿੰਘ | ਮਸਤਾਨ ਸਿੰਘ | | ਸਾਹਨਾ | ,, | |
| ੯੯. | ਜਾਗੀਰ ਸਿੰਘ | ਹਾਜ਼ਾਰਾ ਸਿੰਘ | | ਮਜਾਰਾ | ,, | |
| ੧੦੦. | ਜਗਜੀਤ ਸਿੰਘ | ਉਜਾਗਰ ਸਿੰਘ | ਸ਼ਾਮ ਕੌਰ | ਬਿਲਗਾ | ,, | |
| ੧੦੧. | ਅਜਮੇਰ ਸਿੰਘ | ਜੋਰਾ ਸਿੰਘ | | ਧਰੌੜ | ,, | |
| ੧੦੨. | ਗੁਰਦਿਆਲ ਸਿੰਘ | ਬੀਰਮ ਸਿੰਘ | | ਟਿੱਬਾ | ,, | |
| ੧੦੩. | ਭਾਗ ਸਿੰਘ | ਅਰਜਨ ਸਿੰਘ | | ਕੁਹਾੜਾ | ,, | |
| ੧੦੪. | ਮੱਲ ਸਿੰਘ | | | ਭਾਗ ਪੁਰਾ | ,, | |
| ੧੦੫. | ਲਾਇਸ ਸਿੰਘ | ਨਾਹਰ ਸਿੰਘ | | ਜੰਡਾਲੀ | ,, | |
| ੧੦੬. | ਗੁਰਦਿਆਲ ਸਿੰਘ | ਪਾਲਾ ਸਿੰਘ | | ,, | ,, | |
| ੧੦੭. | ਬਚਨ ਸਿੰਘ | ਬਿਸ਼ਨ ਸਿੰਘ | | ,, | ,, | |
| ੧੦੮. | ਉਜਾਗਰ ਸਿੰਘ | ਫਤਹਿ ਸਿੰਘ | ਰਤਨ ਕੌਰ | ਝਾਂਡੇ | ,, | |
| ੧੦੯. | ਜੁਗਿੰਦਰ ਸਿੰਘ | ਅਣੋਖ ਸਿੰਘ | ਭੋਲੀ | ,, | ,, | |
| ੧੧੦. | ਜਗਪਾਲ ਸਿੰਘ | ਸ਼ੇਰ ਸਿੰਘ | ਬੰਤ ਕੌਰ | ਬ੍ਰੀਕੇ | ,, | |
| ੧੧੧. | ਸੰਤੋਖ ਸਿੰਘ | ਵਰਿਆਮ ਸਿੰਘ | ਚੰਦ ਕੌਰ | ,, | ,, | |
| ੧੧੨. | ਉਜਾਗਰ ਸਿੰਘ | ਭੁੰਮਣ ਸਿੰਘ | ਸੰਤ ਕੌਰ | ,, | ,, | |
| ੧੧੩. | ਬੰਤਾ ਸਿੰਘ | ਸੁੰਦਰ ਸਿੰਘ | ਪ੍ਰੇਮ ਕੌਰ | ਫੁਲਾਂਵਾਲਾ | ,, | |
| ੧੧੪. | ਸੁੰਦਰ ਸਿੰਘ | ਲਾਭ ਸਿੰਘ | ਬਸੋ | ,, | ,, | |
| ੧੧੫. | ਮੇਵਾ ਸਿੰਘ | ਹਰਨਾਮ ਸਿੰਘ | ਇੰਦ ਕੌਰ | ,, | ,, | |
| ੧੧੬. | ਮੱਘਰ ਸਿੰਘ | ਰਤਨ ਸਿੰਘ | ਕਿਸ਼ਨ ਕੌਰ | ਫਲੇਵਾਲ | ,, | |
| ੧੧੭. | ਸੰਤਾ ਸਿੰਘ | ਮਘਰ ਸਿੰਘ | | ,, | ,, | |
| ੧੧੮. | ਜੋਗਿੰਦਰ ਸਿੰਘ ਜਮਾਦਾਰ | ਅਤਰ ਸਿੰਘ ਕਪਤਾਨ | ਕਿਸ਼ਨ ਕੌਰ | ਨੰਗਲ ਛੋਟੇ | ,, | |
| ੧੧੯. | ਧਰਮ ਸਿੰਘ | ਸੰਪੂਰਨ ਸਿੰਘ | ਨੰਦ ਕੌਰ | ਰੋੜੇਭੈਣੀ | ,, | |
| ੧੨੦. | ਪ੍ਰੀਤਮ ਸਿੰਘ | ਸਾਧੂ ਸਿੰਘ | | ,, | ,, | |
| ੧੨੧. | ਭਾਨ ਸਿੰਘ | ਨਰੈਣ ਸਿੰਘ | ਪੰਜਾਬ ਕੌਰ | ,, | ,, | |

Digitized by Panjab Digital Library | www.panjabdigilib.org

| ਨੰ: | ਨਾਮ | ਪਿਤਾ | ਮਾਤਾ | ਪਿੰਡ | ਜ਼ਿਲਾ | ਹੋਰ ਸਮਾਚਾਰ |
|---|---|---|---|---|---|---|
| ੧੨੨. | ਅਰਜਨ ਸਿੰਘ | ਧਰਮ ਸਿੰਘ | ਹਰ ਕੌਰ | ਬਰਹਮ ਪੁਰ | ਲੁਧਿਆਣਾ | |
| ੧੨੩. | ਅਮਰ ਸਿੰਘ | ਪ੍ਰਤਾਪ ਸਿੰਘ | ਆਸ ਕੌਰ | ,, | ,, | |
| ੧੨੪. | ਹਰਨੇਕ ਸਿੰਘ | ਭਾਨ ਸਿੰਘ | ਰਾਮ ਕੌਰ | ਬਾਬਰ ਪੁਰ | ,, | |
| ੧੨੫. | ਧਰਪਾਲ ਸਿੰਘ | ਈਸ਼ਰ ਸਿੰਘ | ਸੰਤ ਕੌਰ | ,, | ,, | |
| ੧੨੬. | ਪ੍ਰੀਤਮ ਸਿੰਘ | ਰਲਾ ਸਿੰਘ | ਸੁਖ ਕੌਰ | ਭੀਖੀਖਟੜਾ | ,, | |
| ੧੨੭. | ਸੰਪੂਰਨ ਸਿੰਘ | ਤਾਰਾ ਸਿੰਘ | ਹਰ ਕੌਰ | ਜੜਤੌਲੀ | ,, | |
| ੧੨੮. | ਬੰਤਾ ਸਿੰਘ | ਨਥਾ ਸਿੰਘ | ਮਹਾਂ ਕੌਰ | ਜਸੋਵਾਲ | ,, | |
| ੧੨੯. | ਅਮਰ ਸਿੰਘ | ਬੰਤਾ ਸਿੰਘ | ਨੰਦ ਕੌਰ | ,, | ,, | |
| | | ਹੌਲਦਾਰ | | | | |
| ੧੩੦. | ਮੇਹਰ ਸਿੰਘ | ਗੋਪਾਲ ਸਿੰਘ | ਸੁਖ ਦੇਈ | ,, | ,, | |
| | | ਮਿਸਤਰੀ | | | | |
| ੧੩੧. | ਵਰਿਆਮ ਸਿੰਘ | ਨਗਾਹੀਆ ਸਿੰਘ | | ,, | ,, | |
| | | ਹੌਲਦਾਰ | | | | |
| ੧੩੨. | ਹਰਿਗੋਪਾਲ ਸਿੰਘ | ਲਹਿਣਾ ਸਿੰਘ | ਪੰਜਾਬ ਕੌਰ | ਸ਼ਰੀਹ | ,, | |
| ੧੩੩. | ਭਾ: ਕੇਸਰ ਸਿੰਘ | ਸਮੁੰਦ ਸਿੰਘ | | ਸਿੱਖ ਦੌਲਤ | ,, | |
| ੧੩੪. | ਮੰਗਲ ਸਿੰਘ | ਗੰਗਾ ਸਿੰਘ | ਭਗਵਾਨ ਕੌਰ | ਮੜੌਲੀ | ਅੰਬਾਲਾ | |
| ੧੬੫. | ਗੁਰਦਿਆਲ ਸਿੰਘ | ਬਖਤੌਰ ਸਿੰਘ | ਇੰਦ ਕੌਰ | ਡਡਹੇੜੀ | ,, | |
| | ਕੈਪਟਨ | | | | | |
| ੧੩੬. | ਹਰਚਰਨ ਸਿੰਘ | ਕੇਹਰ ਸਿੰਘ | ਈਸ਼ਰ ਕੌਰ | ,, | ,, | |
| ੧੩੭. | ਗੁਰਦੇਵ ਸਿੰਘ | ,, | ,, | ,, | ,, | |
| ੧੩੮. | ਸੁਖਦੇਵ ਸਿੰਘ | ,, | ,, | ,, | ,, | |
| ੧੩੯. | ਕੇਹਰ ਸਿੰਘ | ਚੰਨਣ ਸਿੰਘ | ਜਮਨਾ ਕੌਰ | ,, | ,, | |
| ੧੪੦. | ਬਖਤੌਰ ਸਿੰਘ | ਮੌਕਲ ਸਿੰਘ | | ,, | ,, | |
| ੧੪੧. | ਈਸ਼ਰ ਸਿੰਘ | ਸ਼ਾਮ ਸਿੰਘ | ਜਿਉਣ ਕੌਰ | ਜ਼ੀਰਾ ਗਲੋਟੀ | ਫੀਰੋਜ਼ ਪੁਰ | |
| ੧੪੨. | ਬੰਤਾ ਸਿੰਘ | ਗੁਰਦਿਆਲ ਸਿੰਘ | ਸੰਤ ਕੌਰ | ਬੋਤੀਆਂ ਵਾਲਾ | ,, | |
| ੧੪੩. | ਕਿਸ਼ਨ ਸਿੰਘ | ਕ੍ਰਿਪਾ ਸਿੰਘ | ਅਤਰ ਕੌਰ | ਔਘੜ | ,, | |
| ੧੪੪. | ਸੁੱਚਾ ਸਿੰਘ | ਕ੍ਰਿਪਾ ਸਿੰਘ | ਅਤਰ ਕੌਰ | ,, | ,, | |
| ੧੪੫. | ਕਪੂਰ ਸਿੰਘ | ਨੰਦ ਸਿੰਘ | ਸੰਤ ਕੌਰ | ਵੜ੍ਹੇ | ,, | |
| ੧੪੬. | ਨਿਹਾਲ ਸਿੰਘ | ਸ਼ਾਮ ਸਿੰਘ | ਜੈ ਕੌਰ | ਮਨਾਵਾ | ,, | |
| ੧੪੭. | ਕੰਢਾ ਸਿੰਘ | ਖੁਸ਼ਹਾਲ ਸਿੰਘ | ਰਾਜ ਕੌਰ | ਸੰਤੂਵਾਲਾ | ,, | |
| ੧੪੮. | ਤਾਰਾ ਸਿੰਘ | ਨਰੈਣ ਸਿੰਘ | ਸਦਾ ਕੌਰ | ਨਰੰਗ ਸਿੰਘ ਵਾਲਾ | ,, | |

Digitized by Panjab Digital Library | www.panjabdigilib.org

| ਨੰ: | ਨਾਮ | ਪਿਤਾ | ਮਾਤਾ | ਪਿੰਡ | ਜ਼ਿਲਾ | ਹੋਰ ਸਮਾਚਾਰ |
|---|---|---|---|---|---|---|
| ੧੪੯. | ਸੌਦਾਗਰ ਸਿੰਘ | ਕੇਹਰ ਸਿੰਘ | ਜੇ ਕੌਰ | ਕਸੋਆਣਾ | ਫੀਰੋਜ਼ ਪੁਰ | |
| ੧੫੦. | ਕਿਸ਼ਨ ਸਿੰਘ | ਕਪੂਰ ਸਿੰਘ | ਭਾਗ ਕੌਰ | ਔਘੜ | ,, | |
| ੧੫੧. | ਸੰਪੂਰਨ ਸਿੰਘ | ਚੇਤ ਸਿੰਘ | ਇੰਦ ਕੌਰ | ਇੰਦਗੜ੍ਹ | ,, | |
| ੧੫੨. | ਅਰਜਨ ਸਿੰਘ | ਵਰਿਆਮ ਸਿੰਘ | ਦਾਨ ਕੌਰ | ਕੜਿਆਲ | ,, | |
| ੧੫੩. | ਜਾਗੀਰ ਸਿੰਘ | ਬੂਟਾ ਸਿੰਘ | ਸੰਤ ਕੌਰ | ਰਾਊਵਾਲ | ,, | |
| ੧੫੪. | ਬੰਤਾ ਸਿੰਘ | ਮੋਹਾਂ ਸਿੰਘ | ਪ੍ਰਤਾਪ ਕੌਰ | ,, | ,, | |
| ੧੫੫. | ਬਚਨ ਸਿੰਘ | ਮਲ ਸਿੰਘ | ਰਤਨ ਕੌਰ | ਮੋੜਕ | ,, | |
| ੧੫੬. | ਉਜਾਗਰ ਸਿੰਘ | ਭਾਨ ਸਿੰਘ | ਦਾਨ ਕੌਰ | ਲੌਗੋਂਦੇਵਾ | ,, | |
| ੧੫੭. | ਬਚਿੱਤ੍ਰ ਸਿੰਘ | ਹੀਰਾ ਸਿੰਘ | ਰਾਜ ਕੌਰ | ਸਨੇਰ | ,, | |
| ੧੫੮. | ਤਾਰਾ ਸਿੰਘ | ਰੂੜ ਸਿੰਘ | ਸ਼ਾਮ ਕੌਰ | ਭੜਾਣਾ | ,, | |
| ੧੫੯. | ਜਰਨੈਲ ਸਿੰਘ | ਬੰਤਾ ਸਿੰਘ | ਜਿਉਣ ਕੌਰ | ,, | ,, | |
| ੧੬੦. | ਚੰਨਣ ਸਿੰਘ | ਈਸ਼ਰ ਸਿੰਘ | ਬਿਸ਼ਨ ਕੌਰ | ਵਕੀਲਾਂ ਵਾਲਾ | ,, | |
| ੧੬੧. | ਹਰਦਿੱਤ ਸਿੰਘ | ਵਰਿਆਮ ਸਿੰਘ | ਮਾਨ ਕੌਰ | ਮਹੀਆਂ ਵਾਲਾ ਕਲਾਂ | ,, | |
| ੧੬੨. | ਜਾਗੀਰ ਸਿੰਘ | ਹਰਨਾਮ ਸਿੰਘ | ਨੰਦ ਕੌਰ | ,, | ,, | |
| ੧੬੩. | ਜਾਗੀਰ ਸਿੰਘ | ਦਲੀਪ ਸਿੰਘ | ਜੈ ਕੌਰ | ਰਟੌਲਰੋਹੀ | ,, | |
| ੧੬੪. | ਕਰਤਾਰ ਸਿੰਘ | ਗੁਰਮੁਖ ਸਿੰਘ | ਧਨ ਕੌਰ | ਮਹੀਆਂ ਵਾਲਾ ਕਲਾਂ | ,, | |
| ੧੬੫. | ਭਜਨ ਸਿੰਘ | ਸੁਰਜਨ ਸਿੰਘ | ਰਤਨ ਕੌਰ | ਨਵਾਦਾਇਆਂ | ,, | |
| ੧੬੬. | ਸਰਵਣ ਸਿੰਘ | ਈਸ਼ਰ ਸਿੰਘ | ਰੂੜ ਕੌਰ | ,, | ,, | |
| ੧੬੭. | ਉਜਾਗਰ ਸਿੰਘ | ਹਰਨਾਮ ਸਿੰਘ | ਮਾਨ ਕੌਰ | ਵਹਿਣੀਵਾਲ | ,, | |
| ੧੬੮. | ਨਿਰੰਜਨ ਸਿੰਘ | ਨਿਧਾਨ ਸਿੰਘ | ਇੰਦ ਕੌਰ | ,, | ,, | |
| ੧੬੯. | ਸਰਵਣ ਸਿੰਘ | ਹਜ਼ਾਰਾ ਸਿੰਘ | ਇੰਦ ਕੌਰ | ,, | ,, | |
| ੧੭੦. | ਰਲਾ ਸਿੰਘ | ਹਰਨਾਮ ਸਿੰਘ | ਦਾਨ ਕੌਰ | ,, | ,, | |
| ੧੭੧. | ਜਗਰਾਜ ਸਿੰਘ ਹੌ: | ਉਜਾਗਰ ਸਿੰਘ | ਜੈ ਕੌਰ | ਮਾਹਣਾ ਸਿੰਘ ਵਾਲਾ | ,, | |
| ੧੭੨. | ਨੰਦ ਸਿੰਘ | ਘੋਨਾ ਸਿੰਘ | ਪ੍ਰਤਾਪ ਕੌਰ | ,, | ,, | |
| ੧੭੩. | ਬਸੰਤ ਸਿੰਘ | ਰੱਤਾ ਸਿੰਘ | ਹਰਨਾਮ ਕੌਰ | ,, | ,, | |
| ੧੭੪. | ਠਾਕਰ ਸਿੰਘ | ਚੰਨਣ ਸਿੰਘ | ਹਰਨਾਮ ਕੌਰ | ,, | ,, | |
| ੧੭੫. | ਬਖਸ਼ੀਸ਼ ਸਿੰਘ | ਰੁਲੀਆ ਸਿੰਘ | ਹਰਨਾਮ ਕੌਰ | ,, | ,, | |
| ੧੭੬. | ਰਣਜੀਤ ਸਿੰਘ ਲੈਫਟੀਨੈਂਟ, | ਕੇਹਰ ਸਿੰਘ | ਕਿਸ਼ਨ ਕੌਰ | ,, | ,, | |
| ੧੭੭. | ਸੋਹਣ ਸਿੰਘ | | ਪ੍ਰੇਮ ਕੌਰ | ,, | ,, | |
| ੧੭੮. | ਕਰਤਾਰ ਸਿੰਘ | ਵਰਿਆਮ ਸਿੰਘ | ਇੰਦ ਕੌਰ | ,, | ,, | |
| ੧੭੯. | ਜਰਨੈਲ ਸਿੰਘ | ਹਰਨਾਮ ਸਿੰਘ | | ,, | ,, | |

Digitized by Panjab Digital Library | www.panjabdigilib.org

| ਨੰ: | ਨਾਮ | ਪਿਤਾ | ਮਾਤਾ | ਪਿੰਡ | ਜ਼ਿਲਾ | ਹੋਰ ਸਮਾਚਾਰ |
|---|---|---|---|---|---|---|
| ੧੮੦. | ਰਣਜੀਤ ਸਿੰਘ | ਸੁਚਾ ਸਿਘ | ਗੁਰਨਾਮ ਕੌਰ | ਫੀਰੋਜ਼ ਸ਼ਾਹ | ਫੀਰੋਜ਼ ਪੁਰ | |
| ੧੮੧. | ਬਚਿੱਤ੍ਰ ਸਿੰਘ | ਗੁਰਮੁਖ ਸਿੰਘ | ਮਹਾਂ ਕੌਰ | ,, | ,, | |
| ੧੮੨. | ਕਰਤਾਰ ਸਿੰਘ | ਸੰਗਤ ਸਿੰਘ | ਜਿੰਦ ਕੌਰ | ਖਾਜਾ ਖੜਕ | ,, | |
| ੧੮੩. | ਹਰਚੰਦ ਸਿੰਘ | ਸ਼ਾਮ ਸਿੰਘ | ਲਾਲ ਕੌਰ | ਸ਼ਕੂਰ | ,, | |
| ੧੮੪. | ਇੰਦਰ ਸਿੰਘ | ਬਿਸ਼ਨ ਸਿੰਘ | ਚੰਦ ਕੌਰ | ,, | ,, | |
| ੧੮੫. | ਭੋਲਾ ਸਿੰਘ | ਹਰਨਾਮ ਸਿੰਘ | | ,, | ,, | |
| ੧੮੬. | ਅਜਾਇਬ ਸਿੰਘ | ਪ੍ਰਤਾਪ ਸਿੰਘ | ਹਰ ਕੌਰ | ,, | ,, | |
| ੧੮੭. | ਰਤਨ ਸਿੰਘ | ਭਾਗ ਸਿੰਘ | | ,, | ,, | |
| ੧੮੮. | ਬੰਤਾ ਸਿੰਘ | ਨਿਧਾਨ ਸਿੰਘ | ਇੰਦ ਕੌਰ | ਘਲ ਖੁਰਦ | ,, | |
| ੧੮੯. | ਹਰਬੰਸ ਸਿੰਘ | ,, | ,, | ,, | ,, | |
| ੧੯੦. | ਗੁਰਨਾਮ ਸਿੰਘ | ਵਰਿਆਮ ਸਿੰਘ | ਜਿਉਣ ਕੌਰ | ਹਕੂਮਤ ਸਿੰਘ ਵਾਲਾ | ,, | |
| ੧੯੧. | ਬਲਵੰਤ ਸਿੰਘ | ਸਰਮੁਖ ਸਿੰਘ | ਹਰ ਕੌਰ | ,, | ,, | |
| ੧੯੨. | ਗੁਲਜ਼ਾਰ ਸਿੰਘ | ਫੱਤਾ ਸਿੰਘ | ਹਰ ਕੌਰ | ,, | ,, | |
| ੧੯੩. | ਆਤਮਾ ਸਿੰਘ | ਕੇਹਰ ਸਿੰਘ | ਆਸ ਕੌਰ | ,, | ,, | |
| ੧੯੪. | ਪਾਲ ਸਿੰਘ | ਚੰਦਾ ਸਿੰਘ | ਪੰਜਾਬ ਕੌਰ | ,, | ,, | |
| ੧੯੫. | ਜਗਰੂਪ ਸਿੰਘ | ਪੂਰਨ ਸਿੰਘ | ਨਰੈਣ ਕੌਰ | ਭੈਣੀ ਬਾਹੀਆ | ,, | |
| ੧੯੬. | ਹਾਕਮ ਸਿੰਘ | ਜਾਗੀਰ ਸਿੰਘ | ਕਿਸ਼ਨ ਕੌਰ | ,, | ,, | ਮੋਰਚੇ ਵਿਚ ਸ਼ਹੀਦ ਹੋਇ। |
| ੧੯੭. | ਮੁਕੰਦ ਸਿੰਘ | ਜਵਾਲਾ ਸਿੰਘ | ਹਰ ਕੌਰ | ,, | ,, | |
| ੧੯੮. | ਪ੍ਰਤੀਮ ਸਿੰਘ | ਅਰਜਨ ਸਿੰਘ | ਕਿਸ਼ਨ ਕੌਰ | ਬਜੋਆਣਾ | ,, | |
| ੧੯੯. | ਜਾਗੀਰ ਸਿੰਘ | ਗੁਰਦਿੱਤ ਸਿੰਘ | ਆਸ ਕੌਰ | ,, | ,, | |
| ੨੦੦. | ਪੰ: ਮੁਨਸ਼ੀ ਸਿੰਘ | ਹਰਭਾਨ ਸਿੰਘ | ਸ਼ਾਨਤੀ | ,, | ,, | |
| ੨੦੧. | ਗੁਰਦਿਆਲ ਸਿੰਘ | ਬਿਸ਼ਨ ਸਿੰਘ | ਜੈ ਕੌਰ | ,, | ,, | |
| ੨੦੨. | ਨਿੱਕਾ ਸਿੰਘ | ਚੰਦ ਸਿੰਘ | ਬਿਸ਼ਨ ਕੌਰ | ,, | ,, | |
| ੨੦੩. | ਜਰਨੈਲ ਸਿੰਘ | ਭਗਤ ਸਿੰਘ | ਰਾਮ ਕੌਰ | ,, | ,, | |
| ੨੦੪. | ਉਜਾਗਰ ਸਿੰਘ | ਤੇਜਾ ਸਿੰਘ | ਹਰਨਾਮ ਕੌਰ | ,, | ,, | |
| ੨੦੫. | ਚੰਨਣ ਸਿੰਘ | ਸਰਵਨ ਸਿੰਘ | ਜਿਉਣ ਕੌਰ | ਗੁਮਟੀ ਲੋਹਡਘਰੀਆਂ ਦੀ | ,, | |
| ੨੦੬. | ਫੁਮਣ ਸਿੰਘ | ਕਰਮ ਸਿੰਘ | | ਚੂਹੜ ਚੱਕ | ,, | |
| ੨੦੭. | ਨਾਜਰ ਸਿੰਘ | ਹਰਨਾਮ ਸਿੰਘ | | ਅਲਕੜਿਆਲ | ,, | |
| ੨੦੮. | ਅਰਜਨ ਸਿੰਘ | ਲਾਲ ਸਿੰਘ | | ,, | ,, | |
| ੨੦੯. | ਗੁਰਦਿਆਲ ਸਿੰਘ | ਸੰਤਾ ਸਿੰਘ | ਬਿਸ਼ਨ ਕੌਰ | ਢੁਡੀਕੇ | ,, | |

Digitized by Panjab Digital Library | www.panjabdigilib.org

| ਨੰ: | ਨਾਮ | ਪਿਤਾ | ਮਾਤਾ | ਪਿੰਡ | ਜ਼ਿਲਾ | ਹੋਰ ਸਮਾਚਾਰ |
|---|---|---|---|---|---|---|
| ੨੧੦. | ਅਜੈਬ ਸਿੰਘ | ਸੰਤਾ ਸਿੰਘ | ਹਰਨਾਮ ਕੌਰ | ,, | ਫੀਰੋਜ਼ਪੁਰ | |
| ੨੧੧. | ਮੁਖਤਿਆਰ ਸਿੰਘ | ਕਪੂਰ ਸਿੰਘ | ਧਨ ਕੌਰ | ,, | ,, | |
| ੨੧੨. | ਮੇਵਾ ਸਿੰਘ | ਸੌਣ ਸਿੰਘ | ਇੰਦ ਕੌਰ | ,, | ,, | |
| ੨੧੩. | ਬਖਤਾਵਰ ਸਿੰਘ | ਸੁੰਦਰ ਸਿੰਘ | ਜਿਉਣ ਕੌਰ | ,, | ,, | |
| ੨੧੪. | ਦੇਵੀ ਦਾਸ | ਨਰੈਣ ਦਾਸ | ਗੁਲਾਬ ਦੇਵੀ | ,, | ,, | |
| ੨੧੫. | ਸ਼ਾਮ ਸਿੰਘ ਸੂਬੇਦਾਰ | ਨਿਧਾਨ ਸਿੰਘ | | ਕਿਲੀ | ,, | |
| ੨੧੬. | ਬਚਿੱਤ੍ਰ ਸਿੰਘ | ਹਰਨਾਮ ਸਿੰਘ ਹੌ: | | ,, | ,, | ਅੰਗ੍ਰੇਜ਼ਾਂ ਨੇ ਗੋਲੀ ਨਾਲ ਉਡਾ ਦਿਤੇ। |
| ੨੧੭. | ਮੇਹਰ ਸਿੰਘ | ਢੰਦਾ ਸਿੰਘ | | ,, | ,, | ਸ਼ਹੀਦ ਹੋਇ। |
| ੨੧੮. | ਨਾਜ਼ਰ ਸਿੰਘ | ਤੋਤਾ ਸਿੰਘ | | ,, | ,, | |
| ੨੧੯. | ਸਰਬਣ ਸਿੰਘ | ਜੈਮਲ ਸਿੰਘ | | ,, | ,, | |
| ੨੨੦. | ਅਜਮੇਰ ਸਿੰਘ | ਬਚਿੱਤ੍ਰ ਸਿੰਘ | ਨਿਹਾਲ ਕੌਰ | ਕਪੂਰੇ | ,, | |
| ੨੨੧. | ਨਿਧਾਨ ਸਿੰਘ | ਗਜਨ ਸਿੰਘ | | ,, | ,, | |
| ੨੨੨. | ਪ੍ਰੀਤਮ ਸਿੰਘ | ਸੌਣ ਸਿੰਘ | ਅਤਰ ਕੌਰ | ,, | ,, | |
| ੨੨੩. | ਬਗਾ ਸਿੰਘ | ਸੋਭਾ ਸਿੰਘ | ਧਨ ਕੌਰ | ,, | ,, | |
| ੨੨੪. | ਅਜਮੇਰ ਸਿੰਘ | ਬਿਸ਼ਨ ਸਿੰਘ | ਹਰ ਕੌਰ | ਰਣਸ਼ੀਂਹਕੇ | ,, | |
| ੨੨੫. | ਮਲਕੀਅਤ ਸਿੰਘ | ਮਨਸ਼ਾ ਸਿੰਘ | ਹਰਨਾਮ ਕੌਰ | ਨਿਹਾਲ ਸਿੰਘ ਵਾਲਾ | ,, | |
| ੨੨੬. | ਭਗਤ ਸਿੰਘ | ਈਸ਼ਰ ਸਿੰਘ | ਕਿਸ਼ਨ ਕੌਰ | ਨੰਗਲ | ,, | |
| ੨੨੭. | ਜਾਗੀਰ ਸਿੰਘ | ਪੰਜਾਬ ਸਿੰਘ | ਖੇਮ ਕੌਰ | ਬਿਰਕ | ਲੁਧਿਹਾਣਾ | |
| ੨੨੮. | ਜੀਤ ਸਿੰਘ | ਬੱਗਾ ਸਿੰਘ | ਭੋਲੀ | ,, | ,, | |
| ੨੨੯. | ਭਾ: ਗੁਰਦਿੱਤ ਸਿੰਘ | ਦੀਵਾਨ ਸਿੰਘ | | ,, | ,, | |
| ੨੩੦. | ਮਲਕੀਅਤ ਸਿੰਘ ਲੈਫਟੀਨੈਂਟ | ਵਰਿਆਮ ਸਿੰਘ | ਭਾਗ ਕੌਰ | ਰਸੂਲ ਪੁਰ | ,, | |
| ੨੩੧. | ਬਚਿੱਤ੍ਰ ਸਿੰਘ | ਕੇਹਰ ਸਿੰਘ | | ਸਵੱਦੀਕਲਾਂ | ,, | |
| ੨੩੨. | ਪ੍ਰੇਮ ਸਿੰਘ | ਜੀਵਾ ਸਿੰਘ | | ,, | ,, | |
| ੨੩੩. | ਮਘਰ ਸਿੰਘ | ਅਰਜਨ ਸਿੰਘ | | ,, | ,, | |
| ੨੩੪. | ਸੋਹਣ ਸਿੰਘ ਨੈਕ | ਸੁੰਦਰ ਸਿੰਘ | | ,, | ,, | |
| ੨੩੫. | ਕਰਨੈਲ ਸਿੰਘ | ਕਾਲੂ ਸਿੰਘ | | ਤਲਵੰਡੀਆਂ ਵਾਲੀ | ,, | |
| ੨੩੬. | ਰਾਜ ਸਿੰਘ | ਨੱਥਾ ਸਿੰਘ | | ,, | ,, | |
| ੨੩੭. | ਮੇਹਰ ਸਿੰਘ | ਹਾਕਮ ਸਿੰਘ | - | ਬਰਸਾਲ | ,, | |

Digitized by Panjab Digital Library | www.panjabdigilib.org

| ਨੰ: | ਨਾਮ | ਪਿਤਾ | ਮਾਤਾ | ਪਿੰਡ | ਜ਼ਿਲਾ | ਹੋਰ ਸਮਾਚਾਰ |
|---|---|---|---|---|---|---|
| ੨੩੮. | ਧਰਮ ਸਿੰਘ | ਹਰਦਿੱਤ ਸਿੰਘ | | ਗੋਰਸੀਆਂ | ਫੀਰੋਜ਼ਪੁਰ | |
| ੨੩੯. | ਅਮਰ ਸਿੰਘ | ਵੀਰ ਸਿੰਘ | | ,, | ,, | |
| ੨੪੦. | ਸ਼ੇਰ ਸਿੰਘ | | | ਮੌੜਾਹ | ,, | |
| ੨੪੧. | ਟੇਕ ਸਿੰਘ ਸਕਤੂ ਇੰਡੀਪੇਡੈਂਟਸਲੀਗ ਸ਼ਿੰਘਹਈ | | | ਮਾਣਕ ਵਾਲੀ | ,, | |
| ੨੪੨. | ਬਖਤਾਵਰ ਸਿੰਘ ਨੈਕ | | | ਫਲੇਵਾਲ | ,, | |
| ੨੪੩. | ਬ੍ਰਿਆਮ ਸਿੰਘ<br>ਸਬ ਆਫੀਸਰ | | | ਹਾਂਸ | ,, | |
| ੨੪੪. | ਉਸਮਾਨ ਖਾਂ | ਹਰੀ ਸਿੰਘ | | ਬਦੋਵਾਲ | ,, | |
| ੨੪੫. | ਨਗਿੰਦਰ ਸਿੰਘ<br>ਲੈਫਟੀਨੈਂਟ ਸ਼ਹੀਦ (ਮੁਲਤਾਨ ਫਾਂਸੀ ਦਿਤਾ) | ਬ੍ਰਆਮ ਸਿੰਘ | ਇੰਦਰ ਕੌਰ | | ,, | |
| ੨੪੬. | ਮੰਗਲ ਸਿੰਘ | | ਰਾਜ ਕੌਰ | ਰਾਮਗੜ੍ਹ ਭੁਲਰ | ,, | |
| ੨੪੭. | ਪੂਰਨ ਸਿੰਘ<br>ਸਬ ਆਫੀਸਰ | ਉਜਾਗਰ ਸਿੰਘ | ਇੰਦ ਕੌਰ | ,, | ,, | |
| ੨੪੮. | ਕੇਹਰ ਸਿੰਘ<br>ਸਿਪਾਹੀ | ਈਸ਼ਰ ਸਿੰਘ | ਇੰਦ ਕੌਰ | ,, | ,, | |
| ੨੪੯. | ਨਿਰੰਜਨ ਸਿੰਘਹੌ: | ਸੁਚੇਤ ਸਿੰਘ | ਬਿਸ਼ਨ ਕੌਰ | ,, | ,, | |
| ੨੫੦. | ਮੇਜਰ ਸਿੰਘ<br>ਲੈਫਟੀਨੈਂਟ | ਪਾਖਰ ਸਿੰਘ | | ,, | ,, | |
| ੨੫੧. | ਮਹਾਂ ਸਿੰਘ | | | ਕਲੇਰ | | |
| ੨੫੨. | ਭਗਤ ਸਿੰਘ | ਹਰਨਾਮ ਸਿੰਘ | | ਕੁਮਾਲ ਪੁਰਾ | ,, | |
| ੨੫੩. | ਮਲ ਸਿੰਘ | ਜੰਗ ਸਿੰਘ | ਸੰਤ ਕੌਰ | ਘੁਮਾਣ | ,, | |
| ੨੫੪. | ਸੁਹੇਲ ਸਿੰਘ | ਕਿਸ਼ਨ ਸਿੰਘ | | ,, | ,, | |
| ੨੫੫. | ਸਾਧੂ ਸਿੰਘ | ਗੁਲਾਬ ਸਿੰਘ | ਹਰਦੇਵ ਕੌਰ | ਲੰਗੋਦੇਵਾ | ,, | |
| ੨੫੬. | ਬਗਾ ਸਿੰਘ ਹੌਲਦਾਰ | | | ਦੁਸਾਂਝ | ਫੀਰੋਜ਼ ਪੁਰ | |
| ੨੫੭. | ਸ਼ੇਰ ਸਿੰਘ | ਮੋਹਨ ਸਿੰਘ | ਚਰਨ ਕੌਰ | ਲਾਲ ਬਾਈ | ,, | |
| ੨੫੮. | ਮੁਕੰਦ ਸਿੰਘ | ਧਿਆਨ ਸਿੰਘ ਮਜ਼੍ਹਬੀ | | ਚਨੂ | ,, | |
| ੨੫੯. | ਭਗਵਾਨ ਸਿੰਘ | ਸੁੰਦਰ ਸਿੰਘ | | ਮਲੋਟ | ,, | |
| ੨੬੦. | ਕੈਪਟਨ ਨਛਤਰ ਸਿੰਘ | | | ਸੰਗਤ ਪੁਰਾ | ,, | |
| ੨੬੧. | ਬੂਟਾ ਸਿੰਘ | | | ਮਟਵਾਣੀ | ,, | |
| ੨੬੨. | ਕੈਪਟਨ ਜਾਗੀਰ ਸਿੰਘ | | | ਡਾਲਾ | ,, | |
| ੨੬੩. | ਸਰਵਨ ਸਿੰਘ | ਇੰਦਰ ਸਿੰਘ | | ਕਿਸ਼ਨ ਪੁਰਾ | ,, | |
| ੨੬੪. | ਬਲਵੰਤ ਸਿੰਘ | ਰੋੜਾ ਸਿੰਘ | | ਮਹਿਰੋਂ | ,, | |
| ੨੬੫. | ਪਰਤਾਪ ਸਿੰਘ | | | ,, | ,, | |
| | | | | | ,, | |

Digitized by Panjab Digital Library | www.panjabdigilib.org

| ਨੰ: | ਨਾਮ | ਪਿਤਾ | ਮਾਤਾ | ਪਿੰਡ | ਜ਼ਿਲਾ | ਹੋਰ ਸਮਾਚਾਰ |
|---|---|---|---|---|---|---|
| ੨੬੬. | ਸਰਜਾ ਸਿੰਘ | | | ਮਹਿਰੋਂ | ਫੀਰੋਜ਼ਪੁਰ | |
| ੨੬੭. | ਸੁਚਾ ਸਿੰਘ | ਭਾਨ ਸਿੰਘ | | ਕਿਸ਼ਨਪੁਰਾ | ,, | |
| ੨੬੮. | ਕੇਸਰ ਸਿੰਘ ਗਿਆਨੀ | | | ਬੁਟਰ | ,, | |
| ੨੬੯. | ਲੈਫਟੀਨੈਂਟ ਗੁਰਦਿਆਲ ਸਿੰਘ | | | ਵਿ: ਰਾਮਜਨਸੀ | ,, | |
| ੨੭੦. | ਕ੍ਰਿਪਾਲ ਸਿੰਘ ਲੈਸਨੈਕ | | | ਪਿੰਡ ਤੇ ਡਾ: ਖੋਸਾ ਪਾਡੋਂ | ,, | |
| ੨੭੧. | ਈਸ਼ਰ ਸਿੰਘ | ਗੁਰਮੁਖ ਸਿੰਘ | | ਕੋਟਲਾ ਰਾਇ | ,, | |
| ੨੭੨. | ਮੱਘਰ ਸਿੰਘ | ਬਿਸ਼ਨ ਸਿੰਘ | | ,, | ,, | |
| ੨੭੩. | ਕੇਹਰ ਸਿੰਘ | ਗੰਜਾ ਸਿੰਘ | ਮਾਤਾ ਇੰਦਰ ਕੌਰ | ,, | ,, | |
| ੨੭੪. | ਚੰਨਣ ਸਿੰਘ | ਮਸਤਾਨ ਸਿੰਘ | ਮਾਤਾ ਮਹਾਂ ਕੌਰ | ,, | ,, | |
| ੨੭੫. | ਮਿਤ ਸਿੰਘ | ਕੁੰਡਾ ਸਿੰਘ | ਮਾਤਾ ਨਰੈਣ ਕੌਰ | ,, | ,, | |
| ੨੭੬. | ਮਾਹਲਾ ਸਿੰਘ | ਗਿਆਨ ਸਿੰਘ | ਮਤਾਬ ਕੌਰ | ਕੋਟਲਾ ਰਾਇਕਾ | ,, | |
| ੨੭੭. | ਕੇਹਰ ਸਿੰਘ | ਭੋਲਾ ਸਿੰਘ | | ,, | ,, | |
| ੨੭੮. | ਅਣੋਖ ਸਿੰਘ | ਹੁਕਮ ਸਿੰਘ | | ,, | ,, | |
| ੨੭੯. | ਕਥਾ ਸਿੰਘ | ਚੰਦਾ ਸਿੰਘ | | ,, | ,, | |
| ੨੮੦. | ਮਲਆਗਰ ਸਿੰਘ | ਮਦਾ ਸਿੰਘ | | ,, | ,, | |

(ਨੋਟ) ਕੋਟਲਾ ਰਾਇ ਵਾਲੇ ਸਾਰੇ ਸਿੰਘ ਸਿੰਘਾ ਪੁਰੇ ਗਏ ਹੋਏ ਸਨ, ਜਦ ਆਜ਼ਾਦ ਹਿੰਦ ਫੌਜ ਕਾਇਮ ਹੋਈ ਉਸ ਵਕਤ ਸਾਰੇ ਆਜ਼ਾਦ ਹਿੰਦ ਫੌਜ ਵਿਚ ਭਰਤੀ ਹੋ ਗਏ ਅਤੇ ਸ: ਮਿਤ ਸਿਘ ਜੀ ਸਾਲਾਨਾ ੫੦) ਡਾਲਰ ਦਿੰਦਾ ਰਹੇ।

| ਨੰ: | ਨਾਮ | ਪਿਤਾ | ਮਾਤਾ | ਪਿੰਡ | ਜ਼ਿਲਾ | ਹੋਰ ਸਮਾਚਾਰ |
|---|---|---|---|---|---|---|
| ੨੮੧. | ਕੇਹਰ ਸਿੰਘ | ਹਰਨਾਮ ਸਿੰਘ | ਮਾਤਾ ਪ੍ਰਧਾਨ ਕੌਰ | ਮਾੜੀ ਮੁਸਤਫਾ | ,, | |
| ੨੮੨. | ਨੰਦ ਸਿੰਘ | ,, | ,, | ,, | ,, | |
| ੨੮੩. | ਲਾਲ ਸਿੰਘ | ,, | ,, | ,, | ,, | |
| ੨੮੪. | ਪਾਲ ਸਿੰਘ | ,, | ,, | ,, | ,, | |
| ੨੮੫. | ਚੂਹੜ ਸਿੰਘ | ਮੂਲਾ ਸਿੰਘ | ਮਾਤਾ ਜੈ ਕੌਰ | ,, | ,, | |
| ੨੮੬. | ਬਚਨ ਸਿੰਘ | ਸਾਹਿਬ ਸਿੰਘ | ,, | ,, | ,, | |
| ੨੮੭. | ਨਾਜ਼ਰ ਸਿੰਘ | ਸੁਚਾ ਸਿੰਘ ਸਿੱਖ | | ,, | ,, | |
| ੨੮੮. | ਅਜਮੇਰ ਸਿੰਘ ਹੌਲਦਾਰ ਆਈ. ਐਨ. ਏ | | | ਕਪੂਰੇ | ,, | |

## ਰਿਆਸਤ ਪਟਿਆਲਾ, ਤਹਿਸੀਲ ਪੈਲ

| ਨੰ: | ਨਾਮ | ਪਿਤਾ | ਮਾਤਾ | ਪਿੰਡ | ਜ਼ਿਲਾ | ਸਿੰਘਾਪੁਰ ਵਿਚ |
|---|---|---|---|---|---|---|
| ੧. | ਕਿਸ਼ਨ ਸਿੰਘ ਸਬ ਆਫੀਸਰ | ਮੰਗਲ ਸਿੰਘ | ਕਿਸ਼ਨ ਕੌਰ | ਕੁਮਾਲੀ | ਪਟਿਆਲਾ | ਕਸ਼ਟ ਝੱਲੇ |
| ੨. | ਨਛੱਤਰ ਸਿੰਘ ,, | ਚੰਨਣ ਸਿੰਘ | ਹਰ ਕੌਰ | ,, | ,, | ,, |
| ੩. | ਅਜਮੇਰ ਸਿੰਘ | ਜਾਗੀਰ ਸਿੰਘ | ਜੈ ਕੌਰ | ,, | ,, | ,, |

Digitized by Panjab Digital Library | www.panjabdigilib.org

| ਨੰ: | ਨਾਮ | ਪਿਤਾ | ਮਾਤਾ | ਪਿੰਡ | ਜ਼ਿਲਾ | ਹੋਰ ਸਮਾਚਾਰ |
|---|---|---|---|---|---|---|
| ੪. | ਪ੍ਰੀਤਮ ਸਿੰਘ | ਕਰਤਾਰ ਸਿੰਘ | ਹਰਨਾਮ ਕੌਰ | ਕੁਮਾਲੀ | ਪਟਿਆਲਾ | ,, |
| ੫. | ਭਾਨ ਸਿੰਘ | ਪੂਰਨ ਸਿੰਘ | ਸ਼ਾਮ ਕੌਰ | ਦੁੱਗਰੀ | ,, | |
| ੬. | ਗੁਰਚਰਨ ਸਿੰਘ | ਕਰਤਾਰ ਸਿੰਘ | ਇੰਦਰ ਕੌਰ | ਧਮੋਟ | ,, | ਜਰਮਨ ਫਰੰਟ |
| ੭. | ਨਾਹਰ ਸਿੰਘ | ਈਸ਼ਰ ਸਿੰਘ | ਪੰਜਾਬ ਕੌਰ | ,, | ,, | ਸਿੰਘਾਪੁਰ ,, |
| ੮. | ਮਹਿੰਦਰ ਸਿੰਘ | ਮਿਤ ਸਿੰਘ | ਈਸ਼ਰ ਕੌਰ | ,, | ,, | |
| ੯. | ਰਾਮ ਸਿੰਘ | ਸਾਧੂ ਸਿੰਘ | | ,, | ,, | |
| ੧੦. | ਹਰਬੰਸ ਲਾਲ ਜ਼ਰਗਰ | ਰੂੜਾ ਰਾਮ | | ,, | ,, | |
| ੧੧. | ਲਾਲ ਸਿੰਘ | ਮੀਹਾਂ ਸਿੰਘ | | ਬਲਾਸਪੁਰ | ,, | |
| ੧੨. | ਲੈਫਟੀਨੈਂਟ ਕਪੂਰ ਸਿੰਘ | ਫੁਮਣ ਸਿੰਘ | | ਰਾਮ ਪੁਰ | ,, | |
| ੧੩. | ਭਗਤ ਸਿੰਘ | ਇੰਦਰ ਸਿੰਘ | | ,, | ,, | |
| ੧੪. | ਸਰਵਨ ਸਿੰਘ | ਸੁੰਦਰ ਸਿੰਘ | | ,, | ,, | |
| ੧੫. | ਮਹਿੰਦਰ ਸਿੰਘ | ਬਚਿਤ੍ਰ ਸਿੰਘ | | ,, | ,, | ਜਰਮਨ ਫਰੰਟ |
| ੧੬. | ਗੁਰਬਚਨ ਸਿੰਘ ਲੈਫਟੀਨੈਂਟ | ਵਰਿਆਮ ਸਿੰਘ | | ਬੇਗੋਵਾਲ | ,, | ਹਾਲੈਂਡ,ਫ੍ਰਾਂਸ ਤੇ ਅਮ੍ਰੀਕਾ ਵਿਚ ਕੈਦ ੧੯੪੬–੪੭ |
| ੧੭. | ਬੁਧ ਸਿੰਘ ਮਾਂਗਟ | ਵਰਿਆਮ ਸਿੰਘ | | ,, | ,, | ਸਿੰਘਾ ਪੁਰ ਫਰੰਟ |
| ੧੮. | ਹਰਭਜਨ ਸਿੰਘ | ਕਰਤਾਰ ਸਿੰਘ | ਸਾਹਿਬ ਕੌਰ | ,, | ,, | ਜਰਮਨ ਫਰੰਟ |
| ੧੯. | ਰਾਮ ਸਿੰਘ | ਧਰਮ ਸਿੰਘ | ਹਰਨਾਮ ਕੌਰ | ,, | ,, | ਸਿੰਘਾ ਪੁਰ ,, |
| ੨੦. | ਸੁੰਦਰ ਸਿੰਘ | ਹਰੀ ਸਿੰਘ | | ,, | ,, | ,, |
| ੨੧. | ਮਲਕੀਤ ਸਿੰਘ | ਅਮਰ ਸਿੰਘ | | ,, | ,, | ,, |
| ੨੨. | ਲੈਫਟੀਨੈਂਟ ਗੁਰਮੁਖ ਸਿੰਘ | | | ,, | ,, | ਜਰਮਨ ਫਰੰਟ |
| ੨੩. | ,, ਜਮੀਲ ਅਹਿਮਦ ਖਾਂ | | | ,, | ,, | ,, |
| ੨੪. | ,, ਅਲੀ ਖਾਂ ਮਰਹੂਮੀ | | | ,, | ,, | ,, |
| ੨੫. | ਜਸਵੰਤ ਸਿੰਘ ਬਿੰਦ੍ਰਾ | | | ,, | ,, | ,, |
| ੨੬. | ਇੰਦਰ ਸਿੰਘ | | | ,, | ,, | ,, |
| ੨੭. | ਜਸਵੰਤ ਸਿੰਘ | | | ,, | ,, | ,, |
| ੨੮. | ਡਾਕਟਰ ਐਸ. ਬੋਧ ਜੀ | | | ,, | ,, | ,, |
| ੨੯. | ਲੈਫਟੀਨੈਂਟ ਸੰਤ ਸਿੰਘ | | | ,, | ,, | ,, |
| ੩੦. | ਡਾ: ਸੱਯਦ ਮੁਹੰਮਦ ਅਸਹਾਕ | | | ,, | ,, | ,, |
| ੩੧. | ਨਾਥ ਰਾਮ ਮਜ਼੍ਹਬੀ | ਜੋਬਨ ਰਾਮ | | ਜਰਗੜੀ | ,, | ਸਿੰਘਾਪੁਰ ਫਰੰਟ |
| ੩੨. | ਸੰਤਾ ਸਿੰਘ | ਚੇਤ ਸਿੰਘ | | ਸਿਹੋੜਾ | ,, | ,, |
| ੩੩. | ਧਰਮ ਸਿੰਘ | ਇੰਦਰ ਸਿੰਘ | | ,, | ,, | ,, |
| ੩੪. | ਬਚਨ ਸਿਘ | ਬਿਸ਼ਨ ਸਿੰਘ | | ,, | ,, | ,, |

Digitized by Panjab Digital Library | www.panjabdigilib.org

| ਨੰ: | ਨਾਮ | ਪਿਤਾ | ਮਾਤਾ | ਪਿੰਡ | ਜ਼ਿਲਾ | ਹੋਰ ਸਮਾਚਾਰ |
|---|---|---|---|---|---|---|
| ੩੫. | ਅਜਾਇਬ ਸਿੰਘ ਸ਼ਹੀਦ | ਅਰਜਨ ਸਿੰਘ | | ਸਿਹੌੜਾ | ਪਟਿਆਲਾ | ,,ਸ਼ਹੀਦਹੋਏ |
| ੩੬. | ਜਗੀਰ ਸਿੰਘ ਸ਼ਹੀਦ | ਸੰਤਾ ਸਿੰਘ | | ,, | ,, | ,, ,, |
| ੩੭. | ਲੈਫਟੀਨੈਂਟ ਤਾਰਾ ਸਿੰਘ | ਘੁੱਦਾ ਸਿੰਘ | ਸੰਤ ਕੌਰ | ਟਿਬੇਵਾਲ | ,, | ਸਿੰਘਾਪੁਰ ਫਰੰਟ |
| ੩੮. | ਬੀਰ ਸਿੰਘ | ਗੁਲਜ਼ਾਰਾ ਸਿੰਘ | | ,, | ,, | |
| ੩੯. | ਨੰਦ ਸਿੰਘ | ਦਮਨ ਸਿੰਘ | ਹਰਨਾਮ ਕੌਰ | ਜੈਤੋ | ਨਾਭਾ | |
| ੪੦. | ਕਰਤਾਰ ਸਿੰਘ | ਬੇਲਾ ਸਿੰਘ | ਹਰਨਾਮ ਕੌਰ | ,, | ,, | |
| ੪੧. | ਅਜਮੇਰ ਸਿੰਘ ਸਬ ਆਫੀਸਰ | | | | ਫਰੀਦਕੋਟ | |

# ਆਜ਼ਾਦ ਹਿੰਦ ਫੌਜ ਦੇ ਸ਼ਹੀਦ

ਦੇਸ਼ ਦੀ ਆਜ਼ਾਦੀ ਲਈ ਆਜ਼ਾਦ ਹਿੰਦ ਫੌਜ ਦੇ ਬਹਾਦਰ ਸਿਪਾਹੀਆਂ ਨੇ ਜੋ ਬੇਅੰਤ ਕੁਰਬਾਨੀਆਂ ਕੀਤੀਆਂ ਉਨ੍ਹਾਂ ਨੂੰ ਪੂਰਾ ਪੂਰਾ ਵਿਸਥਾਰ ਦੇਣਾ ਕਠਨ ਹੈ, ਪਰ ਹੇਠਾਂ ਅਸੀਂ ਅਰਾਕਾਨ ਤੇ ਇੰਫਲ ਦੇ ਮੁਹਾਜ਼ ਤੇ ਕੁਰਬਾਨ ਹੋਏ ਕੁਝ ਸ਼ਹੀਦਾਂ ਦੇ ਨਾਮ ਦੇ ਰਹੇ ਹਾਂ :—

੧. ਨੈਕ ਮਲ੍ਹਾਰ ਸਿੰਘ—ਆਪ ਨੂੰ ਸ਼ਹੀਦ ਭਾਰਤ ਦਾ ਤਗ਼ਮਾ ਮਿਲਿਆ ਸੀ।
੨. ਨੈਕ ਕੇਹਰ ਸਿੰਘ—ਆਪ ਨੂੰ ਸ਼ੇਰਿ-ਹਿੰਦ ਦਾ ਤਗਮਾ ਮਿਲਿਆ ਹੋਇਆ ਸੀ।
੩. ਗੁਰਬਚਨ ਸਿੰਘ—ਆਪ ਨੂੰ ਵੀਰਿ-ਹਿੰਦ ਤੇ ਸ਼ਤਰੂ ਨਾਸ਼ ਦਾ ਤਗਮਾ ਮਿਲਿਆ ਸੀ।
੪. ਉਤਮ ਸਿੰਘ—ਇਨ੍ਹਾਂ ਨੂੰ ਸਰਦਾਰ ਬਹਾਦਰੀ ਦਾ ਤਗਮਾ ਮਿਲਿਆ।
੫. ਹਵਾਲਦਾਰ ਐਨ. ਐਲ. ਬੋਸ ,, ,, ,, ,,
੬. ਨੈਕ ਫੈਜ਼ ਬਖਸ਼ ਆਪ ਨੂੰ ਸ਼ਤਰੂ ਨਾਸ਼ ਦਾ ਤਮਗਾ ਮਿਲਿਆ ਹੋਇਆ ਸੀ।
੭. ਗੁਲਾਮ ਰਸੂਲ ਸਿਪਾਹੀ ,, ,, ,, ,,
੮. ਰਣਜੀਤ ਸਿੰਘ ਹਵਾਲਦਾਰ—ਆਪਨੂੰ ਸ਼ਹੀਦ ਭਾਰਤ ਤੇ ਸ਼ਤਰੂ ਨਾਸ਼ ਦੇ ਤਗਮੇ ਮਿਲੇ ਹੋਏ ਸਨ।
੯. ਲੈਫਟੀਨੈਂਟ ਕੁੰਦਨ ਸਿੰਘ—ਆਪ ਨੂੰ ਸ਼ਹੀਦ ਭਾਰਤ ਦਾ ਤਗਮਾ ਮਿਲਿਆ।
੧੦. ਹਵਾਲਦਾਰ ਰਮਲੂ ਨਾਰੜ—ਇਨ੍ਹਾਂ ਨੂੰ ਭੀ ਬਹਾਦਰੀ ਦਾ ਤਗਮਾ ਮਿਲਿਆ ਹੋਇਆ ਸੀ।
੧੧. ਹਵਾਲਦਾਰ ਦੀਨਦਿਆਲ ਸਿੰਘ—ਆਪ ਨੂੰ ਸ਼ਤਰੂ ਨਾਸ ਦਾ ਤਗਮਾ ਮਿਲਿਆ ਸੀ।
੧੨. ਹਵਾਲਦਾਰ ਐਨ. ਏ. ਚੌਧਰੀ—ਆਪ ਨੂੰ ਸਨਾਹ ਬਹਾਦਰੀ ਦਾ ਤਗਮਾ ਮਿਲਿਆ ਹੋਇਆ ਸੀ।
੧੩. ਨੈਕ ਸੁਲਤਾਨ ਸਿੰਘ ,, ,, ,, ,,
੧੪. ਲੈਫਟੀਨੈਂਟ ਦੁਰਗਾ ਬਹਾਦਰ ਗੋਰਖਾ--ਆਪ ਨੂੰ ਸਨਾਹ ਬਹਾਦਰ ਦਾ ਤਗਮਾ ਮਿਲਿਆ ਹੋਇਆ ਸੀ।

# ਕੁਝ ਹੋਰ ਸ਼ਹੀਦਾਂ ਦੇ ਨਾਮ

੧੫. ਸੂਬੇਦਾਰ ਮੇਜਰ ਬਾਬੂ ਰਾਮ ੧੬. ਜਮਾਦਾਰ ਅਲਤਾਫ ਹੁਸੈਨ ੧੭. ਨੈਕ ਰਜ਼ਾਕ
੧੮. ਸੰਤੋਖ ਸਿੰਘ ੧੯. ਲੈਂਸ ਨਾਇਕ ਗੰਗਾ ਰਾਮ ਨੀਵਾਰ
੨੦. ਸੂਬੇਦਾਰ ਅਸਲ ਨੂਰ ਖਾਨ ੨੧. ਹੌਲਦਾਰ ਸੁਚਾ ਸਿੰਘ ੨੨. ਕਾਕਾ ਸਿੰਘ

Digitized by Panjab Digital Library | www.panjabdigilib.org

੨੩. ਜਮਾਂਦਾਰ ਮੁਹੰਮਦ ਨਿਮਾਜ਼ ੨੪. ਜਮਾਂਦਾਰ ਮੁਹੰਮਦ ਸਰਵਰ ੨੫. ਜਮਾਂਦਾਰ ਮੁਹੰਮਦ ਹਬਤ
੨੬. ਹੌਲਦਾਰ ਦੌਲਤ ਬਹਾਦਰ ੨੭. ਰਾਈਫਲਮੈਨ ਰਬੀ ਲਾਲ ੨੮. ਸੂਬੇਦਾਰ ਰਾਮ ਸਰੂਪ
੨੯. ਲੈਸਨੈਕ ਫਿਟਰ ਮਹਿੰਦਰਸਿੰਘ੩੦. ਦਲਾਸਾ ਖਾਨ ੩੧. ਹੌਲਦਾਰ ਨਵਾਬ ਖਾਨ
੩੨. ਨਾਹਰ ਸਿੰਘ ੩੩. ਹਨੂਮਾਨ ਪ੍ਰਸ਼ਾਦ ੩੪. ਲੈਸਨੈਕ ਬਹਿਲ ਸਿੰਘ
੩੫. ਹੌਲਦਾਰ ਮੁਹਮਦ ਸਯਦ ੩੬. ਗੁਲਾਮ ਮੁਹੰਮਦ ੩੭. ਅੱਲਾ ਦਿਤਾ ਸਿਪਾਹੀ
੩੮. ਜਾਗੀਰ ਰਾਮ ਸਿਪਾਹੀ ੩੯. ਲੈਸ ਨੈਕ ਸਰਦਾਰ ਮੁਹੰਮਦ ੪੦. ਨਰ ਸਿੰਘ ਸਿਪਾਹੀ
੪੧. ਅਬਦੁਲ ਹਫੀਜ਼ ਖਾਨ ੪੨. ਗਿਆਨ ਸਿੰਘ ੪੩. ਲੈਫ: ਕਰ: ਜੇਮਾਕਸਟਨ
੪੪. ਗੰਗਾ ਸਰਨ ੪੫. ਨਰੈਣ ਸਿੰਘ ਸਾਫੂਵਾਲਾ
੪੬. ਕਰਨਲ ਗੁਲਜਾਰਾ ਸਿੰਘ ਜੋ ਮਦਾਨੇ ਜੰਗ ਵਿਚ ਸਟਾਫ ਅਫੀਸਰ ਰਹੇ।
੪੭. ਕੈਪਟਨ ਜਾਗੀਰ ਸਿੰਘ ਜੋ ਡਾਲਾ ਸਾਰੇ ਕੰਮ ਨੂੰ ਚਲੌਣ ਤੇ ਦੇਖ ਭਾਲ ਦੇ ਜ਼ੁਮੇਵਾਰ ਸਨ।
੪੮. ਕੈਪਟਨ ਰਾਮ ਸਿੰਘ ਜੋ ਸਿਖਦੌਲਤ ਲੜਾਈ ਵਿਚ ਸਮਾਨ ਸਪਲਾਸੀ ਕਰਨ ਵਾਲੇ ਸਨ।

| | | |
|---|---|---|
| ੧. ਲੈਫਟੀਨੈਟ ਲਾਲ ਸਿੰਘ ਸ਼ਹੀਦ | ਨਥੋਵਾਲ | ਦਿਲੀ ਚਲੇਦੇ ਨਾਹਰੇ ਨੂੰ ਮਦੇਨਜਰ ਰਖਕੇ ਸ਼ਹੀਦ ਹੋਏ ਮੌਤ ਤੋਂ ਪਹਿਲਾਂ ਕਈ ਗੋਰ ਅਪਣੀ ਸੰਗੀਨ ਨਾਲ ਮਾਰ ਦਿਤੇ ਸਨ |
| ੨. ਨਿਰੰਦਰ ਸਿੰਘ | ਰਾਮ ਗੜਹ | ਇਨਹਾਂ ਨੂੰ ਗਦਰ ਪਾਉਂਣ ਦੇ ਦੋਸ਼ ਵਿਚ ਹਿੰਦੁਸਤਾਨ ਭੇਜਿਆ ਗਿਆ ਸੀ। ੨੮ ਜੁਲਾਈ ੧੯੪੪ ਨੂੰ ਸੀ.ਆਈ. ਡੀ ਦੀਰਿਪੋਟ ਤੇ ਫੜਕੇ ਮੁਲਤਾਨ ਜੇਹਲ ਵਿਚ ਫਾਂਸੀ ਦਿਤਾ ਗਿਆ। |
| ੩. ਦੀਨ ਮਹਮਨ ਵਰਕਰ | | ਜਾਸੂਸ ਗਰੁਪ ਨਗਿੰਦਰ ਸਿੰਘ ਆਈ.ਸੀ। ਐਮ.ਏ। ਫੜਣ ਹੋਨ ਵੇਲੇ ਦੀਨ ਮਹਮਦ ਦੇ ਪਾਸ ਜ਼ਹਿਰ ਦੀ ਸ਼ੀਸ਼ੀ ਖੁਦ ਕਸ਼ੀ ਕਰਨ ਲਈ ਸੀ, ਤਾਕੇ ਦਸ਼ਮਣ ਦੇ ਹਥ ਨਾ ਆਏ। |
| ੪. ਨਰੰਜਣ ਸਿੰਘ ਹਵਾਲਦਾਰ | ਸਿਧਵਾਂ ਕਲਾਂ | ਇਮਫਲ ਦੇ ਮੋਰਚੇ ਫਰੰਟ ਵਿਚ ਲੜਦੇ ਹੋਏ ਗੋਲੀ ਦਾ ਨਿਸ਼ਨਾ ਬਣਾਏ ਗਏ। |
| ੬. ਕੀਕਾ | ਬਸੀਆਂ | ਜਿਸ ਵੇਲੇ ਚੰਦਨਵਾੜੇ ਦੇ(ਰਿਵਨ)ਦਰਿਆ ਨੂੰ ਅਜਾਦ ਹਿੰਦ ਫੌਜ ਅਬੂਰ ਕਰ ਰਹੀ ਸੀ ਗੋਲੀ ਦਾ ਨਿਸ਼ਾਨਾ ਬਣਾਇਆ ਗਿਆ। |
| ੭. ਚੰਦ ਸਿੰਘ ਸ਼ਹੀਦ | ਮਲਕ | ਇਮਫਲ ਦੇ ਮੋਰਚੇ ਵਿਚ ਸ਼ਹੀਦ ਹੋਏ। |
| ੮. ਜਾਗੀਰ ਸਿੰਘ ਟਾਂਕ ਸ਼ਤ੍ਰੀ | ਅਗਵਾੜ ਲੋਪੋ ਜਗਰਾਉਂ | ਇਮਫਲ ਦੇ ਮੋਰਚੇ ਵਿਚ ਸ਼ਹੀਦ ਹੋਏ। |

Digitized by Panjab Digital Library | www.panjabdigilib.org

| | | | |
|---|---|---|---|
| ੯. ਲੈਫਟੀਨੈਂਟ ਬੱਗਾ ਸਿੰਘ | ਬਰਸਾਲ | ,, | |
| ੧੦. ਖੁਸ਼ੀ ਮਹਮਦ | ਗਿਦੜ ਵਿੰਡੀ | ,, | ਸ਼ਹੀਦ |
| ੧੧. ਕਰਾਮਤ ਅਲੀ | ਹਲਵਾਰਾ | ਮੋਰਚਾ ਇਮਫਲ ਵਿਚ ਸ਼ਹੀਦ ਹੋਏ । | |
| ੧੨. ਹਵਾਲਦਾਰ ਰੋਸ਼ਨ ਦੀਨ | ਬਾਰਦੇਕੇ ਰੈਸਟ ਕੈਂਪ ਵਿਚ ਬੰਬਾਰੀ ਨਾਲ ਸ਼ਹੀਦ ਹੋਇ | | |
| ੧੩. ਕੇਹਰ ਸਿੰਘ | ਰਾਮ ਗੜ੍ਹ | ,, | ,, ਸ਼ਹੀਦੀ ਪ੍ਰਾਪਤ ਕਰ ਗਏ । |
| ੧੪. ਚਤਰ ਸਿੰਘ | ਸ਼ੇਰ ਪੁਰਾ ਖੁਰਦ | | |
| ੧੫. ਹਰਚੰਦ ਸਿੰਘ ਸ਼ਹੀਦ | ਗੁੜੇ | | |
| ੧੬. ਗੁਰਦੇਵ ਸਿੰਘ ਪਿਤਾ ਚਨਣ ਸਿੰਘ ਨੰਬਦਾਰ | ਸੰਗਤ ਪੁਰਾ | ਜਗਰਾਉਂ | [ਲੁਧਿਆਣਾ] |
| ੧੭. ਮਲ ਸਿੰਘ | ਉਚੀ ਤਲਵੰਡੀ | ,, | ,, |
| ੧੮. ਬਲਵੰਤ ਸਿੰਘ | ਦਾਖਾ | | ,, |
| ੧੯. ਗੁਰਬਖਸ਼ ਸਿੰਘ ਬਟਾਲੀਅਨ ਕਮਾਂਡਰ | ਪਟਿਆਲਾ | | |
| ੨੦. ਜਾਗੀਰ ਸਿੰਘ | ਦੌਦਰ | ਫੀਰੋਜ਼ਪੁਰ | |

## ਰਿਆਸਤ ਪਿਟਆਲਾ ਦੇ ਅਜ਼ਾਦ ਹਿੰਦ ਫੌਜੀਆਂ ਦੀ ਸਹਾਇਤਾ

| | | | | |
|---|---|---|---|---|
| ੧. ਨਿਹਾਲ ਸਿੰਘ | ਪਿਤਾ ਬਿਸ਼ਨ ਸਿੰਘ | ਮਾਤਾ | ਠੀਕਰੀਵਾਲਾ | ੨੪੦੦ ਡਾਲਰ |
| ੨. ਬਖਸ਼ੀਸ਼ ਸਿੰਘ | ਜੈਮਲ ਸਿੰਘ | | ,, | ੮੫੦੦ ਡਾਲਰ |
| ੩. ਬਚਨ ਸਿੰਘ | ਸ਼ਾਮ ਸਿੰਘ | ਇੰਦ ਕੌਰ | ,, | |
| ੩. ਆਤਮਾ ਸਿੰਘ | ਈਸ਼ਰ ਸਿੰਘ | | ,, | ੪੨੦੦ ਡਾਲਰ |
| ੪. ਗੰਡਾ ਸਿੰਘ | ਗਰੀਬ ਸਿੰਘ | ਜਿਓਣ ਕੌਰ | ,, | |
| ੫. ਭਾਲ ਸਿੰਘ | ਕਾਹਨ ਸਿੰਘ | ਧਨ ਕੌਰ | ,, | ੨੫੦੦ ,, |
| ੬. ਹੀਰਾ ਸਿੰਘ | ਬੀਰ ਸਿੰਘ | ਮਹਿਤਾਬ ਕੌਰ | ,, | ੧੪੦੦ ,, |
| ੭. ਬੋਗਾ ਸਿੰਘ | | | ,, | |
| ੮. ਰਣਧੀਰ ਸਿੰਘ | ਬੱਗਾ ਸਿੰਘ | ਕਾਹਨ ਕੌਰ | ਤਹਸੀਲ ਸਨਾਮ | |
| ੯. ਬੂਟਾ ਸਿੰਘ | ਗੁਜਰ ਸਿੰਘ | ਨਿਹਾਲ ਕੌਰ | ,, | |
| ੧੦. ਸ਼ਾਮ ਸਿੰਘ | ਗਜਣ ਸਿੰਘ | ਕਾਕੋ | ਤੋਪਖਾਨੇ ਵਿਚ ਸਰਵਸ ਕੀਤੀ | |
| ੧੧. ਮੇਹਰ ਸਿੰਘ | ਪ੍ਰੀਤਮ ਸਿੰਘ | | ਪਕਾ ਤਹਸੀਲ ਜਿਲਾ ਬਠਿੰਡਾ | |
| ੧੨. ਜੋਗਿੰਦਰ ਸਿੰਘ | ਸੁਮੁੰਦ ਸਿੰਘ | ਦਿਆ ਕੌਰ | ਸਿੰਘਾ ਪੁਰ ਫਟੰਟ ਪੁਰ ਸ਼ਹੀਦ | |

## ਮੇਜਰ ਅਮਰੀਕ ਸਿੰਘ ਜੀ ਬਲਾਸਪੁਰ [ਫੀਰੋਜ਼ਪੁਰ]

ਆਪ ਜੀ ਨੂੰ ਬਚਪਨ ਤੋਂ ਛਕਣ ਛਕੌਣ ਦਾ ਬਹੁਤ ਖਿਆਲ ਸੀ ਸੰਨ ੧੯੨੬ਈ: ਵਿਚ ਆਪ ਭਰਤੀ ਹੋਕੇ ਪੰਜ ਗਿਆਰਾ ਸਿਖ ਪਲਟਨ ਵਿਚ ਚਲੇ ਗਏ । ਜਿਥੇ ਜਮਾਦਾਰੀ ਦੇ ਔਹਦੇ ਤਕ ਪਹੁੰਚ

Digitized by Panjab Digital Library | www.panjabdigilib.org

ਦੇ ਸਾਰ ਹੀ ਸੰਨ ੧੯੪੧ ਨੂੰ ਸਮੁੰਦਰ ਪਾਰ ਲੜਾਈ ਵਿਚ ਭੇਜੇ ਗਏ। ਜਿਥੋਂ ਅਜ਼ਾਦ ਮੁਲਕਾਂ ਦੇ ਇਤਹਾਸ ਤੋਂ ਜਾਣੂ ਹੋਏ ਤੇ ਤਿਆਗੀ ਤੇ ਬੈਰਾਗੀ ਬਣਕੇ ਅਜ਼ਾਦ ਹਿੰਦ ਫੌਜ ਵਿਚ ਜਾ ਮਿਲੇ। ਸੰਨ ੧੯੪੩ਈ: ਵਿਚ ਅਸਾਮ ਦੇ ਮਦਾਨੇ ਜੰਗ ਵਿਚ ਜਾ ਪੁਜੇ। ੧੯੪੪ਈ: ਨੂੰ ਦੇਸ਼ ਦੀ ਅਜਾਦੀ ਖਾਤਰ ਜੰਗ ਲੜਦੇ ਲੜਦੇ ਸ਼ਹੀਦ ਹੋ ਗਏ।

## ਮੇਜਰ ਰਣਜੋਧ ਸਿੰਘ ਗਿਲ (ਲੁਧਿਆਣਾ)

ਆਪ ਬੜੇ ਹੀ ਅਜ਼ਾਦ ਖਿਆਲ, ਹੱਸਮੁਖ ਅਤੇ ਖਲਾੜੀ ਪਹਿਲੇ ਨੰਬਰ ਦੇ ਸਨ। ਜਦ ਮੁਛ ਫੁਟ ਹੋਏ ਤਾਂ ੧੯੨੯ ਈ: ਵਿਚ ਪੰਜ ਗਿਆਰਾਂ ਸਿਖ ਪਲਟਨ ਵਿਚ ਭਰਤੀ ਹੋ ਗਏ। ਆਪ ਸੰਨ ੧੯੩੯ ਈ: ਵਿਚ ਕੈਦ ਹੋਏ ਤੇ ਅਜ਼ਾਦ ਮੂਮੈਨਟ ਵਿਚ ਜਾ ਰਲੇ। ਸੰਨ੧੯੪੩ ਨੂੰ ਅਸਾਮ ਦੇ ਹਾਕਾ, ਮਿਠਾ ਹਾਕਾ ਸਹਿਰ ਦੇ ਫਰੰਟ ਤੇ ਦੇਸ਼ ਰਖਿਆ ਵਾਸਤੇ ਲੜਦੇ ਰਹੇ। ਜਿਥੇ ਸੰਨ ੧੯੪੭ ਨੂੰ ਪਲਟਨ ਦਾ ਘੇਰਾ ਪੈਣ ਤੇ ਦੁਸ਼ਮਣ ਦੇ ਕਾਬੂ ਆ ਗਏ, ਦੁਸ਼ਮਣ ਨੇ ਸਭ ਪੁਲ ਤੋੜ ਕੇ ਰਸਤੇ ਬੰਦ ਕਰ ਰਖੇ ਸਨ। ਪਰ ਆਪ ਜੀ ਇਥੋਂ ਜੰਗਲ ਦੇ ਸਰਤੇ ਦੋ ਮਹੀਨੇ ਦੇ ਅਰਸੇ ਵਿਚ ਸਹੀ ਸਲਾਮਤ ਸਮੇਤ ਸਾਥੀਆਂ ਦੇ ਕਡਿੰਆਲ ਪਿਛੋਂ ਬਰਮਾਂ ਪਹੁੰਚੇ ਜਿਥੇ ਬਰਮੀ ਤੇ ਜਪਾਨੀ ਫੌਜ ਨੇ ਅੰਗਰੇਜ ਫੌਜ ਸਮਝਕੇ ਇਨਾਂ ਤੇ ਹਮਲਾਂ ਕਰ ਦਿਤਾ। ਪਰ ਆਪਣੇ ਬੜੀ ਬਹਾਦਰੀ ਨਾਲ ਮੁਕਾਬਲਾ ਕਰਕੇ ਉਨਹਾਂ ਨੂੰ ਕਾਬੂ ਕੀਤਾ ਅਤੇ ਬਰਗੇਡ ਕਮਾਂਡਰ ਕਰਨਲ ਠਾਕਰ ਸਿੰਘ ਜੀ ਪਾਸ ਲਿਆਏ। ਇਨਹਾਂ ਦੋਹਾਂ ਬਹਾਦਰੀਆਂ ਦੇ ਕਾਰਨ ਸ਼ੇਰੇ ਭਾਰਤ ਦਾ ਤਗਮਾਂ ਮਿਲਿਆ। ਇਥੋਂ ਵਾਪਸ ਬੈਂਕਾਕ ਸ਼ਹਿਰ ਲੈ ਜਾਕੇ ਅਪਣੇ ਸਾਥੀਆਂ ਸਮੇਤ ਕੈਦ ਕੀਤੇ ਗਏ ਅਤੇ ਜਿਗਰ ਗੜ੍ਹਾ ਘਾਟ ਨੰਜਰ ਬੰਦ ਕੀਤੇ ੧੯੪੯ ਨੂੰ ਦੇਸ਼ ਸੇਵਕ ਸੈਨਾ ਜ਼ਿਲਾ ਲੁਦਿਆਣਾ ਦੇ ਪ੍ਰਧਾਨ ਬਣੇ ਸੰਨ ੧੯੫੬ ਵਿਚ ਆਖਰ ਅਧਰੰਗ ਦੀ ਬੀਮਾਰੀ ਹੋਣ ਤੇ ਸਦੀਵੀ ਵਿਛੋੜਾ ਦੇ ਗਏ।

## ਮੇਜਰ ਇਸ਼ਰ ਸਿੰਘ ਜੀ ਪਿੰਡ ਮਾਜਰਾ (ਲੁਧਿਆਣਾ)

ਆਪ ਬਹੁਤ ਹੀ ਨਰਮ ਦਿਲ, ਸਾਦਾ ਮਜਾਜ਼, ਉਤਸ਼ਾਹੀ ਤੇ ਅਗਾਂਵਧੂ ਸਨ। ਜਦ ਆਪ ਜੀ ਭਰ ਜਵਾਨੀ ਵਿਚ ਸਨ ਤਾਂ ਲਗ ਭਗ ੧੯੨੪-੨੫ ਈ: ਵਿਚ ਐਮ ਸੀ ਕੰਪਨੀ ਵਿਚ ਭਰਤੀ ਹੋਏ ਜਿਥੇ ਆਪ ਜੀ ਜਮਾਂਦਾਰ ਦੇ ਓਹਦੇ ਤਕ ਆਏ। ਸੰਨ ੧੯੪੦ ਈ: ਵਿਚ ਸਮੁੰਦਰ ਪਾਰ ਗਏ। ਸੰਨ ੧੯੪੨ ਈ: ਵਿਚ ਇੰਨਕਲਾਬ ਮੂਮੈਂਟ ਵਿਚ ਬੜੀ ਦਲੇਰੀ ਨਾਲ ਆ ਦਾਖਲ ਹੋਏ। ਆਪ ਜੀ ਲੜਾਈ ਦੇ ਦੌਰਾਨ ਵਿਚ ਟਰਾਂਸ ਪੋਰਟ ਕਮਾਂਡਰ ਸਨ। ਅਤੇ ਦੇਸ ਭਗਤਾਂ ਦੀ ਤਰ੍ਹਾਂ ਸੇਵਾ ਕਰਦੇ ਹੋਏ ਆਪਣੇ ਜਵਾਨਾ ਦੇ ਨਾਲ ਕੈਦ ਹੋਕੇ ਜਿਗਰ ਗੜ੍ਹਾਘਾਟ ਲਿਆਕੇ ਆਪਤੇ ਮੁਕਦਮਾ ਚਾਲੂ ਕੀਤਾ ਗਿਆ। ਜਿਸ ਤੋਂ ਬਰੀ ਹੋਏ ਤੇ ਦੇਸ਼ ਪਜੇ। ਹੁਣ ਸੂਬੇਦਾਰੀ ਪਿਨਸਨ ਲੈਂਦੇ ਹੋਏ ਵੀ ਜਨਰਲ ਮੋਹਣ ਸਿੰਘ ਜੀ ਦੇ ਨਾਲ ਡਰਾਈਬਰੀ ਦੀ ਸੇਵਾ ਕਰ ਰਹੇ ਹਨ। ਗੁਰ ਫਰਮਾਨ ਹੈ।

"ਹੁੰਦੇ ਤਾਣ ਜੋ ਹੋਇ ਨਿਤਾਣਾ
ਹੁੰਦੇ ਮਾਣ ਜੋ ਹੋ ਨਿਮਾਣਾ"।

Digitized by Panjab Digital Library | www.panjabdigilib.org

# ਮੇਜਰ ਲਾਲ ਸਿੰਘ ਜੀ ਨਥੋਵਾਲ [ ਲੁਧਿਆਣਾ ]

ਆਪ ਜੀ ਚੌਦਾਂ ਫਰੰਟ ਵਿਚ ਜਮਾਦਾਰੀ ਦੇ ਉਹਦੇ ਤੇ ਅੰਗਰੇਜ਼ ਸਰਕਾਰ ਦੇ ਜ਼ਮਾਨੇ ਵਿਚ ਨੌਕਰੀ ਕਰ ਰਹੇ ਸਨ । ਜਦ ਸੰਨ ੧੯੪੨ ਨੂੰ ਇੰਨਕਲਾਬੀ ਲਹਿਰ ਵਿਚ ਮਿਲਣ ਤੇ ਮਨੀ ਪੁਰ ਰਿਆਸਤ ਦੇ ਮੈਦਾਨੇ ਜੰਗ ਵਿਚ ਆ ਕੁਦੇ, ਅਤੇ ਹਰ ਇਕ ਸਿਪਾਹੀ ਨੂੰ ਹਲਾਸ਼ੇਰੀ ਦਿੰਦੇ ਹੋਏ ਇਉਂ ਆਖਦੇ ਕਿ ਅੰਗਰੇਜ਼ ਨੇ ਸਾਡਾ ਕਈ ਸਾਲ ਖ਼ੂਨ ਪੀਤਾ ਅਤੇ ਹੁਣ ਸਾਨੂੰ ਜਿਥੇ ਅੰਗਰੇਜ਼ ਮਿਲੇ ਉਸ ਦਾ ਖ਼ੂਨ ਪੀਣਾ ਚਾਹੀਦਾ ਹੈ ਸੋ ਜਦ ਅੰਗਰੇਜ਼ ਮਿਲਦਾ ਤਾਂ ਆਪ ਉਸ ਦੇ ਵਰਛਾ ਮਾਰ ਕੇ ਦੋ ਘੁਟਾਂ ਖ਼ੂਨ ਪੀਕੇ ਫੇਰ ਜਾਨੋ ਮਾਰਦੇ । ਇਕ ਦਿਨ ਅੰਗਰੇਜ਼ ਦਾਂ ਖ਼ੂਨ ਪੀਂਦੇ ਹੀ ਦੁਸਮਣ ਦੀ ਗੋਲੀ ਦਾ ਸ਼ਕਾਰ ਹੋ ਗਏ ਅਤੇ ਆਪਣਾ ਨਾਮ ਦੁਨੀਆਂ ਵਿਚ ਉਘਾ ਕਰ ਗਏ ।

# ਕੈਪਟਨ ਜਾਗੀਰ ਸਿੰਘ ਜੀ ਡਾਲਾ

ਆਪ ਦਾ ਜਨਮ ਪਿੰਡ ਡਾਲਾ ਤਹਿਸੀਲ ਮੋਗਾ ਫੀਰੋਜ਼ਪੁਰ ਵਿਖੇ ਹੋਇਆ । ਵਿਦਿਆ ਪੰਜਾਬੀ, ਉਰਦੂ ਫਾਰਸੀ ਅਤੇ ਅੰਗਰੇਜ਼ੀ ਆਦਿ ਪੜ੍ਹਕੇ ਗੁੜ੍ਹੇ ਹੋਏ ਸਨ । ਆਪ ਬੜੇ ਅਜਾਦ ਖਿਆਲ ਰੋਂਦਿਆਂ ਨੂੰ ਹਸੌਣਾ ਤੇ ਹਸਦਿਆਂ ਨੂੰ ਰੋਆਉਣਾ ਆਪ ਜੀ ਦਾ ਸ਼ੁਗਲ ਹੈ ।

ਆਪ ਨੇ ਸੰਨ ੧੯੩੩ ਵਿਚ ਫੌਜੀ ਭਰਤੀ ਹੋਕੇ ਸੰਨ ੪੨ ਤਕ ਅੰਗਰੇਜ਼ ਦੀ ਨੌਕਰੀ ਕੀਤੀ । ਜਦ ਸੰਨ ੧੯੪੨ ਵਿਚ ਅੰਗਰੇਜ਼ ਦੀ ਹਕੂਮਤ ਨੂੰ ਖਤਮ ਕਰਨ ਵਾਸਤੇ ਅਜ਼ਾਦ ਹਿੰਦ ਫੌਜ਼ ਕਾਇਮ ਹੋਈ ਤਦ ਆਪ ਜੀ ਸਮੇਤ ਦੋ ਸਾਥੀਆਂ ਦੇ ਬੜੇ ਉਤਸ਼ਾਹ ਨਾਲ ਅਜਾਦ ਹਿੰਦ ਫੌਜ ਵਿਚ ਸ਼ਾਮਲ ਹੋਏ ਸੰਨ ੧੯੪੩ ਵਿਚ ਆਫਿਸਰ ਟਰੇਨਿੰਗ ਸਕੂਲ ਪਾਸ ਕਰਕੇ ਆਫ਼ਸਰ ਬਣੇ ਅਤੇ ਅਜ਼ਾਦ ਬਰਗੇਡ ਵਿਚ ਕਰਨਲ ਗੁਲਜ਼ਾਰਾ ਸਿੰਘ ਦੇ ਨਾਲ ਇਨਟੈਲੀਜੈਂਟ ਅਫੀਸਰ[ਸਾਰੇ ਕੰਮਾਂ ਦੇ ਮੁਖੀ ਪ੍ਰਬੰਧਕ ਕਰਨ ਵਾਲੇ] ਦੀ ਹੈਸੀਅਤ ਵਿਚ ਰਹੇ । ਜਦ ਸਾਰੀਆਂ ਫੌਜਾਂ ਨੂੰ ਪਿਛੇ ਹਟਨ ਦਾ ਹੁਕਮ ਮਿਲਿਆ ਤਾਂ ਉਨ੍ਹਾਂ ਦੇ ਨਾਲ ੨੮ ਲੈਨ ਦੇ ਬੰਕਾਕ ਸ਼ਹਿਰ ਵਿਚ ਪਹੁੰਚੇ । ਉਥੇ ਸਾਰੀਆਂ ਫੌਜਾਂ ਨੂੰ ਹਿਥਆਰ ਸਿਟਕੇ ਕੈਦ ਹੋ ਜਾਣ ਦਾ ਹੁਕਮ ਹੋਇਆ ਜਿਥੋਂ ਆਪਨੂੰ ਅੰਗਰੇਜ਼ ਨੇ ਕੈਦ ਕਰਕੇ ਕਲਕੱਤੇ ਦੇ ਕੋਲ ਜਿਗਰ ਗਚਾ ਘਾਟ ਦੇ ਕੈਂਪ ਵਿਚ ਨਜ਼ਰ ਬੰਦ ਕਰ ਦਿਤਾ।ਆਪ ਤੇ ਮੁਕਦਮਾਂ ਚਲਾਇਆ ਗਿਆ ਅਤੇ ਸੰਨ੧੯੪੬ ਨੂੰ ਬਰੀ ਹੋਕੇ ਦੇਸ਼ ਪੁਜੇ । ਆਪ ੧੯੪੮ ਵਿਚ ਦੇਸ਼ ਸੇਵਕ ਸੈਣਾ ਜਿਲ੍ਹਾ ਫੀਰੋਜ਼ ਪੁਰ ਦੇ ਪ੍ਰਧਾਨ ਭੀ ਰਹੇ ।

Digitized by Panjab Digital Library | www.panjabdigilib.org

# ਸ: ਗਜਨ ਸਿੰਘ ਦਾ ਪ੍ਰਵਾਰ

ਸਾਚੀ ਕ੍ਰਿਆ ਧਰਮ ਦੀ ਕ੍ਰਿਤ ਕਰਦੇ, ਗੁਰਧਾਮ ਤੇ ਸਕੂਲ ਬਣਾਣ ਵਾਲਾ
੧੯੧੪-੧੫ ਦੇਸ਼ ਅਜ਼ਾਦ ਬਣਾਂ, ਪਿਤਾ ਵਾਰੇ ਕੁਰਬਾਨ ਕਰੇਣ ਵਾਲਾ



ਸ਼ਾਨਦਾਨ ਉਪਕਾਰ ਤੇ ਦਾਨ ਵਾਲਾ, ਸੁਭਾਗ ਪਿੰਡ ਅਬਾਦ ਕਰੇਣ ਵਾਲਾ
ਗੁਰ ਸਾਗਰ ਲਹਿਰਾਂ ਦੇ ਤਾਂਈਂ ਛਪਵਾਨ ਵਾਰੇ, ਦਾਨ ਖਿਡ ਹਜਾਰ ਦੇ ਦੇਣ ਵਾਲਾ

ਬੈਠੇ:— ਬੀਬੀ ਸੁਰਜੀਤ ਕੌਰ (ਸਪੁਤ੍ਰੀ), ਕਾਕਾ ਕਰਮਜੀਤ ਸਿੰਘ (ਪੋਤਰਾ), ਬੀਬੀ ਸੁਖਦੇਵ ਕੌਰ (ਪੋਤਰੀ)।

ਕਰਸੀਆਂ ਤੇ:- ਸ: ਗਜਨ ਸਿੰਘ, ਹਰਿ ਕੌਰ (ਮਾਤਾ), ਸ: ਤੇਜਾ ਸਿੰਘ (ਸਪੁਤ੍ਰ)

ਖੜੇ:— [illegible] ਕੌਰ (ਪਤਨੀ ਹਰਦਿਆਲ ਸਿੰਘ) ਹਰਦਿਆਲ (ਸੁਰਗਵਾਸੀ) ਸਪੁਤ੍ਰ [illegible] ਕੌਰ (ਪਤਨੀ)

d by Panjab Digital Library | www.panjabdi

# "ਸ੍ਰ: ਗਜਣ ਸਿੰਘ ਜੀ ਚੀਮਨਾ"

ਲਗ ਭਗ ਪੌਣੇ ਦੋ ਸੌ ਵਰ੍ਹੇ ਹੋਏ ਹਨ, ਜਦੋਂ ਇਨ੍ਹਾਂ ਦੇ ਵਡਾਰੂ ਚੌਧਰੀ ਬਖਤ ਮਲ ਨੇ ਜ਼ਮੀਨ ਖਰੀਦ ਕੇ ਚੀਮਨਾ ਪਿੰਡ ਬੰਨ੍ਹਿਆਂ। ਇਸੇ ਪਿੰਡ ਵਿਖੇ ਹੀ, ਸ੍ਰ. ਰਾਮ ਸਿੰਘ ਜੀ ਦੇ ਘਰ ਮਾਤਾ ਹਰ ਕੌਰ ਦੀ ਸੁਭਾਗੀ ਕੁਖੋਂ ਸ੍ਰ. ਗਜਣ ਸਿੰਘ ਜੀ ਦਾ ਜਨਮ ਹੋਇਆ।

ਬਚਪਨ ਦੇ ਦਿਨ ਬੀਤਨ ਤੋਂ, ਆਪਨੇ, ਆਪਣੇ ਪਿਤਾ ਜੀ ਦੇ ਕੰਮ ਵਪਾਰ ਅਤੇ ਖੇਤੀ ਨੂੰ ਸੰਭਾਲਕੇ, ਚੰਗੀ ਤਰਕੀ ਦਿਤੀ ਤੇ ਆਪ ਇਸ ਵਿਚ ਚੰਗੇ ਮਾਹਰ ਹਨ। ਆਪ ਗੁਰਮਿਤ ਖੋਜੀ ਕਟੜ ਸਿੰਘ ਸਭੀਏ ਹਨ,ਸਾਦਾ ਵੇਸ, ਸਾਦੀ ਕ੍ਰਿਆ ਮਿਲਨਸਾਰ, ਹੱਸਮੁਖ, ਈਮਾਨਦਾਰ, ਤੇ ਦਾਨੀ ਸੁਭਾ ਰਖਦੇ ਹਨ। ਹਮੇਸ਼ਾ ਅਗੇ ਵਧੂ ਸੁਸਾਇਟੀਆਂ ਨਾਲ ਮਿਲ ਕੇ ਦੇਸ. ਕੌਮ ਦੀ ਸੇਵਾ ਉਸੇ ਤਰਾਂ ਕਰਦੇ ਹਨ ਜਿਵੇਂ ਆਪ ਦੇ ਪੂਜਯ ਪਿਤਾ ਸ੍ਰ. ਰਾਮ ਸਿੰਘ ਤੇ ਚਾਚੇਾਂ ਕਰਦੇ ਸਨ। ਇਹ ਬੜੀ ਗੌਰਵਤਾ ਦੀ ਗਲ ਹੈ ਕਿ ਸ੍ਰ. ਰਾਮ ਸਿੰਘ ਜੀ ਜਦੋਂ ਫੌਜ ਵਿਚ ਭਰਤੀ ਹੋਏ ਤੇ ਉਥੇ ਸੰਤ ਕਰਮ ਸਿੰਘ ਜੀ ਦੀ ਸੰਗਤ ਹੋਣ ਤੇ ਧਾਰਮਕ ਤੇ ਸਿਆਸੀ ਰੁਚੀਆਂ ਉਗਮ ਪਈਆਂ ਤਾਂ ਨੌਕਰੀ ਛਡਕੇ ਘਰ ਆ ਗਏ, ਪਿੰਡਾਂ ਦੀ ਹਾਲਤ ਅਗਾਹਾਂ ਵਧੂ ਨਾਂ ਹੋਣ ਤੇ ਆਪ ਅਮਰੀਕਾ ਚਲੇ ਗਏ ਤੇ ਉਥੇ ਹੀ ਅਜ਼ਾਦੀ ਦੇ ਮੋਢੀਆਂ ਨਾਲ ਮਿਲਕੇ ਸੇਵਾ ਕਰਦੇ ਰਹੇ, ਤੇ ਦੇਸ ਆਕੇ ਵੀ ਸੇਵਾ ਕੀਤੀ, ਜਦੋਂ ਦੇਸ ਅਜ਼ਾਦ ਕਰਾਉਣ ਦੀ ਸਕੀਮ ਸ੍ਰ. ਕਰਤਾਰ ਸਿੰਘ ਜੀ ਸਰਾਭਾ ਆਦਿ ਮੁਖੀਆਂ ਦੀ ਫੇਲ ਹੋਈ, ਤਾਂ ਸ੍ਰ: ਰਾਮ ਸਿੰਘ ਜੀ ਨੂੰ ਵੀ ਪੁਲਸ ਗ੍ਰਿਫਤਾਰ ਕਰਕੇ ਲਹੌਰ ਲੈ ਗਈ, ਦੇਵਨੇਤ ਨਾਲ ਉਨ੍ਹਾਂ ਦਿਨਾਂ ਵਿਚ ਸ੍ਰ. ਭੋਲਾ ਸਿੰਘ ਜੀ ਵਿਆਹ ਵਿਖੇ ਸ਼ਾਮਲ ਸਨ ਤੇ ਨਿਉਂਦਾ ਦੇਣ ਲਿਖਣ ਵਾਲੀ ਬਹੀ ਤੇ ਇਨ੍ਹਾਂ ਦੇ ਦਸਖਤ ਸਨ, ਜੋ ਅਦਾਲਤ ਵਿਚ ਪੇਸ਼ ਕੀਤੇ ਜਾਣ ਤੋਂ ਰਿਹਾ ਕੀਤੇ ਗਏ ਸਨ। ਸ੍ਰ. ਗਜਣ ਸਿੰਘ ਜੀ ਨੂੰ ਸੰਤ ਮਘਰ ਸਿੰਘ ਜੀ ਰਾਮ ਗੜ੍ਹ, ਸੰਤ ਨੰਦ ਸਿੰਘ ਜੀ ਕਲੇਰਾਂ, ਗਿ: ਸੁੰਦਰ ਸਿੰਘ ਜੀ ਭਿੰਡਰਾਂ ਆਦਿ ਦੀ ਸੰਗਤ ਨੇ, ਧਾਰਮਕ ਖਿਆਲਾਂ ਦੀ ਰੰਗਨ ਦਿਤੀ, ਗੁਰਦਵਾਰਿਆਂ, ਸਕੂਲਾਂ, ਦੀਵਾਨਾਂ, ਕਾਨਫਰੰਸਾਂ ਵਿਚ ਹਿਸਾ ਲੈਣਾਂ ਤੇ ਵਿਤੋਂ ਵਧ ਦਾਨ ਕਰਨਾ, ਆਪ ਗੁਰਮਿਤ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ ਦੇ ਮੋਢੀਆਂ ਵਿਚੋਂ ਤੇ ਦਾਸ ਲਿਖਾਰੀ ਨਾਲ ਗੂੜ੍ਹਾ ਪ੍ਰੇਮ ਰਖਦੇ ਹਨ। ਆਪ ਜੀ ਨੇ ਮਾਲਵਾ ਇਤਿਹਾਸ ਦੇ ਇਕ ਕਾਂਡ ਦੀ ਛਪਾਈ ਲਈ ਗੁਰਮਿਤ ਪ੍ਰਚਾਰਕ ਸਿੰਘ ਸਭਾ ਤਿਹਾੜਾ ਨੂੰ ਇਕ ਹਜ਼ਾਰ ਰੁਪੈ ਦੀ ਸਹਾਇਤਾ ਦਿਤੀ†।

ਕਮੇਟੀ ਨੇ ਇਹਨਾਂ ਦੀ ਪ੍ਰੇਮ ਭੇਟਾ ਨੂੰ ਪਰਵਾਨ ਕਰਦਿਆਂ, ਫੈਸਲਾ ਕੀਤਾ, ਕਿ ਇਨ੍ਹਾਂ ਦੇ ਪ੍ਰਵਾਰ ਦਾ ਫੋਟੋ ਤੇ ਸੰਖੇਪ ਜੀਵਨ ਦਿਤਾ ਜਾਵੇ।

ਆਪ ਜੀ ਦਾ ਅਨੰਦ ਕਾਰਜ ਬੇਬੇ ਪੰਜਾਬ ਕੌਰ ਨਾਲ ਪਿੰਡ ਐਤੀਆਨਾ ਵਿਖੇ ਗੁਰਮਿਤ ਅਨੁਸਾਰ ਹੋਇਆ। ਆਪ ਜੀ ਦੇ ਦੋ ਸਪੁਤਰ,ਸ੍ਰ. ਤੇਜਾ ਸਿੰਘ, ਤੇ ਸ੍ਰ. ਹਰਦਿਆਲ ਸਿੰਘ ਤੇ ਇਕ ਬੀਬੀ ਸੁਰਜੀਤਕੌਰ ਜੀ ਹਨ। ਸ੍ਰ. ਤੇਜਾ ਸਿੰਘ ਦਾ ਅਨੰਦ ਕਾਰਜ ਬੀਬੀ ਗੁਰਨਾਮ ਕੌਰ ਨਾਲ ਪਿੰਡ ਮੋਹੀ ਵਿਖੇ ਹੋਇਆ, ਜਿਨ੍ਹਾਂ ਦੇ ਦੋ ਭੁਜੰਗੀ ਕਾਕਾ ਹਰਦਾਸ ਸਿੰਘ ਤੇ ਕਾਕਾ ਕਰਮਜੀਤ ਸਿੰਘ, ਤੇ ਇਕ ਬੀਬੀ ਸੁਖਦੇਵ ਕੌਰ ਹਨ। ਤੇ ਸ੍ਰ. ਹਰਦਿਆਲਸਿੰਘ ਦਾ ਅਨੰਦ ਕਾਰਜ ਭੀ ਬੀਬੀ ਸ਼ਾਮ ਕੌਰ ਨਾਲ ਪਿੰਡ ਮੋਹੀ ਵਿਖੇ ਹੋਇਆ, ਤੇ ਉਹ ਜ਼ਵਾਨ ਅਵਸਥਾ ਵਿਖੇ ਹੀ ਆਪ ਜੀ ਨੂੰ ਜੁਦਾਈ ਦੇ ਗਏ।

---

† ਸ: ਰਾਮ ਸਿੰਘ ਜੀ ਸ; ਭੋਲਾ ਸਿੰਘ ਜੀ ਤੇ ਸ, ਪਾਖਰ ਸਿੰਘ ਜੀ ਜਿਹਨਾ ਨੇ ੧੯੧੪-੧੫ ਦੀ ਅਜ਼ਾਦੀ ਦੀ ਲਹਿਰ ਵਿਚ ਹਿਸਾ ਪਾਇਆ।

Digitized by Panjab Digital Library | www.panjabdigilib.org

ੴ ਸਤਿ ਗੁਰਪ੍ਰਸਾਦਿ ।

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈਂ ਮੁਝੇ ਨ ਦੇਹਿ ।

ਜਬੈ ਬਾਨ ਲਾਗੈ । ਤਬੈ ਰੋਸ ਜਾਗੈ ।

## ਪੰਜਾਬ ਸਰਕਾਰ ਵਲੋਂ "ਪੰਜਾਬੀ ਸੂਬਾ ਜ਼ਿੰਦਾਬਾਦ" ਦਾ ਨਾਹਰਾ ਲਾਏ ਜਾਣ ਤੇ ਲਾਈ ਪਾਬੰਦੀ ਵਿਰੁਧ

ਸਿੱਖਾਂ ਵਲੋਂ ਅਪਣੀ ਸ਼ਹਿਰੀ ਆਜ਼ਾਦੀ, ਤੇ ਹੱਕ ਮਨਾਏ ਜਾਣ ਲਈ
ਬਾਕਾਇਦਾ ਤੌਰ ਤੇ ਸਰਕਾਰ ਨੂੰ ਅਲਟੀ ਮੇਟਮ ਦੇਕੇ
੧੦ ਮਈ ੧੯੫੫ ਤੋਂ ਸ੍ਰੀ ਅੰਮ੍ਰਿਤਸਰ ਜੀ ਵਿਖੇ

# "ਪੰਜਾਬੀ ਸੂਬੇ ਦੇ ਨਾਹਰੇ ਦਾ ਮੋਰਚਾ"

## ਅਰੰਭ ਕੀਤਾ ਗਿਆ ।

ਜਿਸ ਵਿਚ ਬਾਰਾਂ ਹਜ਼ਾਰ ਤੋਂ ਵਧੀਕ ਸਿੰਘ ਜੇਲ੍ਹਾਂ ਵਿੱਚ ਗਏ ।
ਲਖਾਂ ਰੁਪਯਾਂ ਦਾ ਨੁਕਸਾਨ ਉਠਾਇਆ । ਤੇ ਅੰਤ ਨੂੰ
ਸਰਕਾਰ ਵਲੋਂ ਇਸ ਖੋਖਲੇਪਨ ਦੀ ਨੀਤੀ ਦਾ
ਹੁਕਮ ਵਾਪਸ ਹੋਣ ਤੇ ੧੩ ਜੁਲਾਈ
੧੯੫੫ ਵਿੱਚ ਸ਼ਾਨਦਾਰ ਜਿੱਤ ਨਾਲ
ਮੋਰਚਾ ਫਤੇ ਹੋਇਆ । ਜਿਸ ਦੇ
ਸੰਖੇਪ ਹਾਲ ਅਗਲੇ
ਸਫਿਆਂ ਤੇ ਅੰਕਤ
ਕੀਤੇ ਜਾਂਦੇ ਹਨ ।

ਸਮਪਾਦਿਕ

ਦਾਸ ਵਿਸਾਖਾ ਸਿੰਘ "ਸੰਤ ਸਪਾਹੀ"

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ।

# ਪੰਜਾਬੀ ਸੂਬਾ ਜ਼ਿੰਦਾ ਬਾਦ ਦੇ ਨਾਹਰੇ ਦਾ ਮੋਰਚਾ

## ਅਰੰਭ ੧੦ ਮਈ ੧੯੫੫
## ਅੰਤ ੧੨ ਜੁਲਾਈ ੧੯੫੫

### ਬਾਰਾਂ ਹਜ਼ਾਰ ਤੋਂ ਵਧੀਕ ਸਿੰਘ ਜੇਲ ਗਏ, ਲੱਖਾਂ ਦਾ ਨੁਕਸਾਨ ਉਠਾਇਆ

### "ਸ਼ਰੋਮਣੀ ਅਕਾਲੀ ਦਲ ਦੀ ਸ਼ਾਨਦਾਰ ਜਿੱਤ"

ਭਾਰਤ ਵਿਚ ਆਜ਼ਾਦੀ ਪ੍ਰਾਪਤ ਹੋਣ ਮਗਰੋਂ, ਕਈ ਇਕ ਪ੍ਰਾਤਾਂ ਵਿਚ ਬੋਲੀ ਦੇ ਅਧਾਰ ਤੇ ਸੂਬੇ ਬਨਾਏ ਜਾਣ ਲਈ ਲਹਿਰ ਚਲ ਰਹੀ ਸੀ। ਆਂਧਰਾਂ, ਮਹਾਂਰਾਸ਼ਟਰ, ਬੰਬਈ, ਗੁਜਰਾਤ, ਆਦਿ ਦੂਰ ਦੇ ਪ੍ਰਾਤਾਂ ਨੂੰ ਛਡਕੇ, ਪੰਜਾਬ ਦੇ ਨਾਲ ਲਗਦਿਆਂ ਇਲਾਕਿਆਂ ਵਿੱਚ ਵੀ ਜਿਸ ਤਰ੍ਹਾਂ ਦਿਲੀ ਦੇ ਲੋਕ ਹਰਿਆਨਾ ਦੇ ਇਲਾਕੇ ਨੂੰ ਨਾਲ ਮਿਲਾਕੇ "ਮਹਾਂ ਦਿਲੀ ਪ੍ਰਾਂਤ" ਬਣਾਏ ਜਾਣ ਦੀ ਰੱਟ ਲਾ ਰਹੇ ਸਨ, ਹਿਮਾਚਲ ਪ੍ਰਦੇਸ਼ ਦੇ ਪਹਾੜੀਏ, ਸ਼ਿਮਲਾ, ਕੁਲੂ, ਕਾਂਗੜਾ ਨੂੰ ਪੰਜਾਬ ਨਾਲੋਂ ਅੱਡ ਕਰਕੇ ਆਪਣੇ ਹਿਮਾਚਲ ਵਿੱਚ ਮਿਲਾਕੇ "ਮਹਾਂ ਹਿਮਾਚਲ" ਪ੍ਰਦੇਸ਼ ਬਣਿਆ ਦੇਖਣ ਦੇ ਚਾਹਵਾਨ ਸਨ। ਜਾਲੰਧਰ ਡਿਵੀਜਨ ਦੇ ਹਕੂਮਤ ਵਿੱਚ ਵਧੇ ਹੋਏ ਸਮਾਜੀ ਗਲਬੇ ਦੇ ਹੇਠ ਲਤਾੜੇ ਜਾ ਰਹੇ ਹਰਿਆਨਾਂ ਦੇ ਲੋਕ ਇਸਨੂੰ ਪੰਜਾਬ ਨਾਲੋਂ ਵੱਖ ਕਰਕੇ ਅੱਡਰਾ ਹਰਿਆਨਾ ਪ੍ਰਾਂਤ ਕਾਇਮ ਕਰਨਾਂ ਚਾਹੁੰਦੇ ਸਨ।

ਪੰਜਾਬ ਦੇ ਇਨ੍ਹਾਂ ਨਾਲ ਲਗਦੇ ਇਲਾਕਿਆਂ ਵਲੋਂ ਉਠ ਰਹੀ ਆਵਾਜ਼ ਦੇ ਕਾਰਨ, ਅਜੇਹੇ ਸਮੇਂ ਕੁਦਰਤੀ ਤੌਰ ਤੇ ਹੀ ਪੰਜਾਬ ਵਿੱਚ ਮਿਲੇ ਹੋਏ ਹਿੰਦੀ ਤੇ ਪਹਾੜੀ ਬੋਲੀ ਬੋਲਦੇ ਇਲਾਕੇ ਅੱਡ ਹੋ ਜਾਣ ਤੋਂ, ਇਸਦਾ ਬਾਕੀ ਦਾ ਪੰਜਾਬੀ ਬੋਲਦਾ ਹਿੱਸਾ ਆਪਣੇ ਆਪ ਹੀ "ਪੰਜਾਬੀ ਸੂਬਾ" ਰਹਿ ਜਾਂਦਾ ਹੈ ਤੇ ਇਸਤੇ ਕਿਸੇ ਨੂੰ ਵੀ ਕਿੰਤੂ ਕਰਨ ਦੀ ਲੋੜ ਨਹੀਂ ਰਹਿੰਦੀ। ਇਸੇ ਹੀ ਆਸੇ ਨੂੰ ਮੁਖ ਰਖਕੇ, ਸਿੱਖਾਂ ਨੇ ਵੀ ਪਟਿਆਲਾ ਯੂਨੀਅਨ ਤੇ ਪੰਜਾਬ ਵਿਚ ਬੋਲੀ ਜਾਂਦੀ ਪੰਜਾਬੀ ਬੋਲੀ ਦੇ ਅਧਾਰ ਤੇ ਇਸਨੂੰ "ਪੰਜਾਬੀ ਸੂਬਾ" ਬਣਾਓ ਦਾ ਨਾਹਰਾ ਬੁਲੰਦ ਕੀਤਾ।

ਜਿਸਤਰ੍ਹਾਂ ਜਰਕਾਨ ਦੇ ਰੋਗੀ ਨੂੰ ਸਭ ਕੁਝ ਪੀਲਾ ਹੀ ਨਜ਼ਰ ਆਉਂਦਾ ਹੈ ਇਸ ਤਰ੍ਹਾਂ ਪੰਜਾਬ ਦੇ ਵਿਚ ਵੱਸ ਰਹੇ ਕੁਝ ਫਿਰਕਾ ਪ੍ਰਸਤ ਮਹਾਸ਼ਿਆਂ, ਜਨ ਸੰਗੀਆਂ ਤੇ ਗਿਰੀ ਜਹਾਨੀਅਤ ਦੇ ਕਾਂਗਰਸੀਆਂ ਨੂੰ ਇਸ ਮੰਗ ਤੋਂ, ਸਿਖ ਰਾਜ ਦੀ ਸਥਾਪਨਾ ਦੀ ਹਵਾ ਪ੍ਰਤੀਤ ਹੋਈ ਤੇ ਬਿਨਾਂ ਕੁਝ ਸੋਚੇ, ਸਮਝੇ, ਪਰਖੇ ਹੀ ਇਨ੍ਹਾਂ ਵਲੋਂ ਤੇ ਸਰਕਾਰੀ ਮਸ਼ੀਨਰੀ ਵਿੱਚ ਕੰਮ ਕਰ ਰਹੇ ਸਮਾਜੀ ਅਫਸਰਾਂ ਵਲੋਂ ਸਿੱਖਾਂ ਨੂੰ ਸਦਾ ਲਈ ਆਪਣੇ ਗਲਬੇ ਹੇਠ ਰਖਣ ਲਈ, ਕਈ ਚਾਲਾਂ ਚਲਣੀਆਂ ਸ਼ੁਰੂ ਕੀਤੀਆਂ।

ਸਿੱਖਾਂ ਦੇ ਨਾਲ ਹੀ ਹਰਿਆਨਾ ਦੇ ਲੋਕਾਂ, ਤੇ ਹਿਮਾਚਲ ਦੇ ਪਹਾੜੀਆਂ ਨੂੰ ਵੀ ਆਪਣੇ ਦਬਾਉ ਵਿੱਚ ਰਖਣ ਲਈ, "ਮਹਾਂ ਪੰਜਾਬ" ਦਾ ਸਟੰਟ ਖੜਾ ਕਰ ਦਿਤਾ।

ਹਰਿਆਨ, ਪੰਜਾਬ, ਹਿਮਾਚਲ ਨੂੰ ਮਿਲਾਕੇ "ਮਹਾਂ ਪੰਜਾਬ" ਬਣਾਇਆ ਜਾਵੇ, ਜਨ ਸੰਗ ਤੇ ਸਮਾਜੀ ਮਹਾਸ਼ਿਆਂ ਵਲੋਂ ਖੁਲਮਖੁਲਾ ਥਾਂ ਥਾਂ ਇਸਦਾ ਪ੍ਰੈਸ ਤੇ ਪਲੇਟ ਫਾਰਮ ਤੇ ਪ੍ਰਚਾਰ ਹੋਣ ਲੱਗਾ

Digitized by Panjab Digital Library | www.panjabdigilib.org

ਸਿੱਖ ਧਰਮ ਤੇ ਸਿੱਖ ਸਭਯੱਤਾ ਨੂੰ ਸਦਾ ਲਈ ਖਤਮ ਕੀਤੇ ਜਾਣ ਤੇ ਪੰਜਾਬੀ ਬੋਲੀ ਦਾ ਵੀ ਗਲਾ ਘੁਟਣ ਦੀ ਇਸ ਕੋਝੀ ਹਰਕਤ ਨੂੰ ਸਿੱਖਾਂ ਨੇ ਬੜੇ ਡੂੰਘੇ ਦੁੱਖ ਨਾਲ ਅਨੁਭਵ ਕੀਤਾ। ਭਾਰਤ ਸਰਕਾਰ ਵਲੋਂ ਵੀ, ਬੋਲੀ ਦੇ ਅਧਾਰ ਤੇ ਦੇਸ਼ ਭਰ ਦੇ ਪ੍ਰਾਂਤਾਂ ਦੀ ਨਵੇਂ ਸਿਰੇ ਤੋਂ ਵੰਡ ਕਰਨ ਲਈ ਇਕ ਵਿਉਂਤ ਬੰਦੀ ਕਮਿਸਨ ਨੀਅਤ ਕੀਤਾ ਗਿਆ।

ਚੂੰਕਿ ਭਾਰਤ ਦਾ ਵਿਧਾਨ ਹਰ ਸ਼ਹਿਰੀ ਨੂੰ ਆਪਣੇ ੨ ਖਿਆਲ ਪ੍ਰਚਾਰਨ ਦਾ ਹੱਕ ਦਿੰਦਾ ਹੈ। ਇਸ ਲਈ ਸਿੱਖ, ਕਿਸੇ ਵੀ ਭਾਰਤ ਵਾਸੀ ਨੂੰ ਉਸਦੇ ਖਿਆਲਾਂ ਦਾ ਪ੍ਰਚਾਰ ਕਰਨ ਤੋਂ ਰੋਕ ਨਹੀਂ ਸਕਦੇ ਸਨ। ਤੇ ਨਾ ਹੀ ਆਪਣੇ ਖਿਆਲਾਂ ਨੂੰ ਬੰਦ ਰਖਣਾ ਚਾਹੁੰਦੇ ਸਨ। ਸੋ ਉਹ ਇਹ ਦੇਖਕੇ ਕਿ ਹਰਿਆਨਾ ਪ੍ਰਾਂਤ ਤੇ ਹਿਮਾਚਲ ਦੇ ਲੋਕਾਂ ਦੀਆਂ ਮੰਗਾਂ ਮੰਨੀਆਂ ਜਾਣ ਤਾਂ ਕੁਦਰਤੀ ਤੌਰ ਤੇ ਆਪਣੇ ਆਪ ਹੀ ਬਾਕੀ ਦਾ ਇਲ਼ਾਕਾ "ਪੰਜਾਬੀ ਸੂਬਾ" ਰਹਿ ਜਾਂਦਾ ਹੈ। ਸੋ ਬੋਲੀ ਦੇ ਆਧਾਰ ਤੇ 'ਪੰਜਾਬੀ ਸੂਬੇ' ਦੀ ਮੰਗ ਅਰੰਭੀ ਗਈ। ਤੇ ਥਾਂ ਥਾਂ "ਪੰਜਾਬੀ ਸੂਬਾ" ਕਾਨਫ੍ਰੰਸਾਂ ਹੋਣੀਆਂ ਸ਼ੁਰੂ ਹੋਈਆਂ। "ਪੰਜਾਬੀ ਸੂਬਾ ਜ਼ਿੰਦਾਬਾਦ" ਦੇ ਬੇ-ਜ਼ਰਰ ਨਾਹਰੇ ਲਗਣੇ ਸ਼ੁਰੂ ਹੋਏ।

ਇਹ ਨਾ ਕਿਸੇ ਦਾ ਦਿਲ ਦਖੌਨ ਲਈ ਸਨ, ਤੇ ਨਾ ਹੀ ਚਿੜੌਨ ਲਈ। ਪਰ ਹੋਇਆ ਕੀ ਕਿ ਪੰਜਾਬ ਦੀ "ਮਹਾਂ ਪੰਜਾਬ" ਖਿਆਲਾਂ ਤੇ ਜਨ ਸੰਗੀਆਂ ਤੇ ਸਮਾਜੀਆਂ ਨਾਲ ਭਰੀ ਹੋਈ ਦਫਤਰੀ ਹਕੂਮਤ ਦੇ ਇਸ਼ਾਰੇ ਨਾਲ 'ਸਚਰ ਸਰਕਾਰ, ਨੇ "ਪੰਜਾਬੀ ਸੂਬਾ ਜ਼ਿੰਦਾਬਾਦ" ਕਹਿਣ ਦੇ ਬੇ ਜ਼ਰਰ ਨਾਹਰੇ ਪੁਰ ਦਫਾ ੧੪੪ ਦਵਾਰਾ ਪਾਬੰਦੀ ਲਾ ਦਿਤੀ। ਭਾਵ ਕਿ ਕੋਈ ਵੀ ਆਦਮੀ ਪੰਜਾਬ ਦੇ ਵਿਚ "ਪੰਜਾਬੀ ਸੂਬਾ ਜਿੰਦਾਬਾਦ" ਦਾ ਨਾਹਰਾ ਨਹੀਂ ਲਾ ਸਕਦਾ।

ਸਰਕਾਰ ਦੇ ਇਸ ਅਯੋਗ ਹੁਕਮ ਨਾਲ ਇਹੀ ਨਹੀਂ ਕਿ ਸਿੱਖਾਂ ਦਾ ਮੂੰਹ ਬੰਦ ਕੀਤਾ ਗਿਆ ਸਗੋਂ ਵਿਧਾਨ ਅਨੁਸਾਰ ਮਿਲੇ ਖਿਆਲਾਂ ਦੇ ਪ੍ਰਚਾਰ ਦੇ ਹੱਕ ਨੂੰ ਵੀ, ਕਲਮ ਦੀ ਨੋਕ ਨਾਲ ਖੋਹਕੇ, ਸ਼ਹਿਰੀ ਆਜ਼ਾਦੀ ਦਾ ਖਾਤਮਾ ਕੀਤਾ ਗਿਆ। ਕਿੰਨੀ ਹਾਸੋਂ ਹੀਣੀ, ਤੰਗ ਦਿਲੀ, ਤੇ ਸਿਖ ਕੌਮ ਨਾਲ ਬੇ ਇਨਸਾਫੀ ਭਰੀ ਹੋਈ ਸਰਕਾਰ ਦੀ ਇਹ ਖੋਟੀ ਨੀਤ ਸੀ ਕਿ ਕੇਵਲ ਸਿੱਖਾਂ ਨੂੰ "ਪੰਜਾਬੀ ਸੂਬਾ ਜ਼ਿੰਦਾਬਾਦ" ਦਾ ਨਾਹਰਾ ਲੌਣ ਤੋਂ ਰੋਕਿਆ ਜਾਵੇ ਪਰ ਹਰਿਆਨਾ ਪ੍ਰਾਂਤ, ਤੇ ਮਹਾਂ ਪੰਜਾਬ, ਦੇ ਲਗ ਰਹੇ ਨਾਹਰਿਆਂ ਨੂੰ ਕੌੜੇ ਘੁਟ ਵਾਂਗ ਚੁਪ ਕਰਕੇ ਭਰ ਲਿਆ ਜਾਵੇ।

ਪੰਜਾਬੀ ਦਾ ਅਖਾਣ ਹੈ:-

ਸਾਰੇ ਗਹਿਣੇ ਭੰਨਕੇ ਇਕ ਹੱਸ ਘੜਾਇਆ।  
ਹਾਇ ਨੀ ਕਿਸਮਤ ਖੋਟੀਏ ਉਹ ਮੇਚ ਨਾ ਆਇਆ।

ਦੇਸ ਦੀ ਵੰਡ ਸਮੇਂ, ਅੰਗਰੇਜ਼ ਦੀ ਕੁਟਲ ਨੀਤੀ ਨੂੰ ਨਕਰਾਂਦਿਆਂ ਹੋਇਆਂ ਸਿੱਖਾਂ ਨੇ ਕਾਂਗਰਸ ਦਾ ਸਾਥ ਦਿੱਤਾ, ਆਪਣਾ ਜਿਉਣ ਮਰਨ ਸਾਂਝਾਂ ਕੀਤਾ। ਦੇਸ ਦੇ ਬਟਵਾਰੇ ਨਾਲ ਕੌਮ ਨੇ ਕਰੋੜਾਂ ਦਾ ਨੁਕਸਾਨ ਉਠਾਇਆ, ਪਵਿਤਰ ਤੇ ਜਾਨਾਂ ਤੋਂ ਪਿਆਰੇ ਗੁਰਧਾਮ ਛਡ ਕਿ ਪ੍ਰਦੇਸੀ ਹਕੂਮਤ ਦੀ ਗੁਲਾਮੀ ਛੁੱਟ ਸਿਰੋਂ ਲਹੇ, ਭਰਾਵਾਂ ਦੇ ਭਰਾ ਹੋਕੇ ਰਹਿਣ ਦੀ ਆਸ ਨਾਲ, ਆਪਣੇ ਜੀਵਨ ਨੂੰ ਨਵੇਂ ਸੰਚੇ ਵਿੱਚ ਢਾਲਿਆ। ਪਰ ਵਾਹ ਕੁਦਰਤ ਤੇਰਾ ਰੰਗ! ਅੱਜ ਆਪਣੇ ਹੀ ਪਰਾਏ ਹੋ ਗਏ। ਵਡੇ ਵੀਰ ਹੀ ਛੋਟਿਆਂ ਨੂੰ ਖਤਮ ਕਰਨ ਤੇ ਤੁਲ ਗਏ। ਆਪਣੇ ਦੇਸ਼ ਵਾਸੀ ਭਰਾਵਾਂ ਦੀ ਹਕੂਮਤ ਹੀ ਆਪਣੇ ਦੇਸ ਵਾਸੀਆਂ ਦੇ ਲਹੂ ਦੀ ਪਿਆਸੀ ਹੋ ਗਈ।

Digitized by Panjab Digital Library | www.panjabdigilib.org

ਸਿੱਖਾਂ ਨੇ ਕਿਸੇ ਵੀ ਕੌਮ ਦੇ ਨਾਹਰੇ ਤੇ ਕੋਈ ਇਤਰਾਜ਼ ਨਹੀਂ ਕੀਤਾ ਸੀ। ਕਿਸੇ ਨੂੰ ਬੁਰਾ ਭਲਾ ਵੀ ਨਹੀਂ ਕਿਹਾ ਸੀ। ਫੇਰ ਵੀ ਸਰਕਾਰ ਵਲੋਂ ਸਾਰੀ ਕ੍ਰੋਪੀ ਸਿੱਖਾਂ ਤੇ ਹੀ ਵਰਤਣ ਲਈ ਇਹ ਨਾਹਰੇ ਬੰਦ ਕਰਨ ਦਾ "ਸੱਦਰ-ਸ਼ਾਹੀ" ਹੁਕਮ ਚੜ੍ਹਿਆ।

ਸ਼੍ਰੋਮਣੀ ਅਕਾਲੀ ਦਲ ਨੇ, ਬੜੀ ਦੂਰ ਅੰਦੇਸ਼ੀ, ਤੇ ਸੋਚ ਵਿਚਾਰ ਨਾਲ, ਇਸਤੇ ਵਿਚਾਰ ਕੀਤੀ। ਸ਼ਹਿਰੀ ਆਜ਼ਾਦੀ ਦੇ ਹੱਕ ਨੂੰ ਗੁਆਕੇ ਜੀਵਨ ਨਾਲੋਂ ਮਰਨਾ ਚੰਗਾ ਜਾਣਿਆ। ਫਿਰ ਵੀ "ਸ਼੍ਰੋਮਣੀ ਅਕਾਲੀ ਦਲ" ਸਰਕਾਰ ਨਾਲ ਖਾਹਮਖਾਹ ਕੋਈ ਝਗੜਾ ਸਹੇੜਨਾ ਨਹੀਂ ਚਾਹੁੰਦਾ ਸੀ। ਤੇ ਨਾ ਹੀ ਕੌਮ ਨੂੰ ਕਿਸੇ ਬੇ ਲੋੜਵੀਂ ਉੱਲਝਣ ਵਿਚ ਪੌਣ ਦੀ ਆਸਾ ਹੀ ਰਖਦਾ ਸੀ। ਐਪਰ ਕੌਮ ਦੀ ਅਣਖ, ਸਵੈਮਾਨ, ਸ਼ਹਿਰੀ ਆਜ਼ਾਦੀ, ਵਿਧਾਨ ਅਨੁਸਾਰ ਮਿਲੇ ਖਿਆਲ ਪ੍ਰਚਾਰਨ ਦੇ ਹੱਕ ਨੂੰ ਗੁਆ ਦੇਣਾ ਵੀ ਨਹੀਂ ਚਾਹੁੰਦਾ ਸੀ। ਇਸ ਲਈ ਜੀਭ ਤੇ ਲਾਏ ਗਏ ਟਾਂਕਿਆਂ ਨੂੰ ਸ਼ਾਂਤ ਮਈ ਅੰਦੋਲਨ ਨਾਲ ਤੋੜਨ ਤੋਂ ਪਹਿਲਾਂ ਸਰਕਾਰ ਪ੍ਰਤੀ ਆਪਣੇ ਦੁਖੇ ਦਿਲ ਦੇ ਜਜ਼ਬਾਤ ਪ੍ਰਗਟ ਕਰਕੇ ਇਸ ਕੀਤੀ ਬੇ ਇਨਸਾਫੀ ਨੂੰ ਦੂਰ ਕਰਨ ਲਈ ਦਸਨਾ ਚਾਹੁੰਦਾ ਸੀ। ਕਿਉਂਕਿ ਇਸਦਾ ਇਰਾਦਾ ਨਾਂ ਹੀਂ ਕਾਨੂੰਨ ਤੋੜਨ ਦਾ ਸੀ, ਤੇ ਨਾਂਹੀ ਸਰਕਾਰ ਨੂੰ ਕਿਸੇ ਔਕੜ ਵਿਚ ਪੌਣ ਦਾ ਜਿਸ ਲਈ, ਸ਼੍ਰੋ: ਅਕਾਲੀ ਦਲ ਨੇ ਆਪਣੀ ੨੪ ਅਪ੍ਰੈਲ ੧੯੫੫ ਦੀ ਵਰਕਿੰਗ ਕਮੇਟੀ ਵਿਖੇ ਵਿਚਾਰ ਕਰਕੇ, ਇਸ ਕਾਨੂੰਨੀ ਸਕੰਜੇ ਵਿਚੋਂ ਨਿਕਲਨ ਵਾਸਤੇ ਫੈਸਲਾ ਕਰ ਦਿਤਾ। ਤੇ ਸ਼੍ਰੋ: ਅਕਾਲੀ ਦਲ ਦੇ ਪ੍ਰਧਾਨ ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ ਨੂੰ ਪੂਰਨ ਅਧਿਕਾਰ ਦਿਤੇ ਗਏ। ਤੇ ਉਨਾਂ ਨੂੰ ਇਸ ਲੱਗਨ ਵਾਲੇ ਮੋਰਚੇ ਦੇ ਪਹਿਲੇ ਡਿਕਟੇਟਰ ਨੀਅਤ ਕੀਤਾ ਗਿਆ।

ਇਸਦੇ ਨਾਲ ਹੀ ਹਿੰਦੂ ਸਿੱਖਾਂ ਵਿਚ ਭਰਾਤਰੀ ਭਾਵ ਤੇ ਪਿਆਰ ਪੈਦਾ ਕਰਨ ਲਈ ਇਹ ਵੀ ਫੈਸਲਾ ਕੀਤਾ ਗਿਆ ਕਿ ਜੇਕਰ ਮੋਰਚਾ ਅਰੰਭ ਹੋ ਜਾਵੇ ਤਾਂ ਹੇਠ ਲਿਖੇ ਚਾਰ ਨਾਹਰੇ:—

"ਆਜ਼ਾਦ ਭਾਰਤ ਜ਼ਿੰਦਾਬਾਦ" "ਹਿੰਦੂ ਸਿੱਖ ਇਤਹਾਦ ਜ਼ਿੰਦਾਬਾਦ"

"ਹਰਿਆਨਾ ਪ੍ਰਾਂਤ ਜ਼ਿੰਦਾਬਾਦ" "ਪੰਜਾਬੀ ਸੂਬਾ ਜ਼ਿੰਦਾਬਾਦ"

ਲਾਉਂਦੇ ਹੋਏ ਚਾਰ ਚਾਰ ਸਿੰਘਾਂ ਦੇ ਜਥੇ, ਇਸ ਜੀਭ ਤੇ ਲਗੀ ਪਾਬੰਦੀ ਨੂੰ ਤੋੜਨ।

ਪਰ ਇਸਤੋਂ ਪਹਿਲਾਂ ਸਰਕਾਰ ਪੰਜਾਬ ਨੂੰ ਆਪਣੇ "ਪੰਜਾਬੀ ਸੂਬਾ ਜ਼ਿੰਦਾਬਾਦ" ਦੇ ਬੇ ਜ਼ਰਰ ਨਾਹਰੇ ਤੇ ਪਾਬੰਦੀ ਲੌਣ ਵਾਲੇ ਫੈਸਲੇ ਤੇ ਫਰ ਵਿਚਾਰ ਕਰਕੇ ਇਸਨੂੰ ਹਟੌਣ ਲਈ ਕੁਝ ਦਿਨ ਦਿਤੇ ਜਾਣੇ ਜ਼ਰੂਰੀ ਸਮਝਕੇ ੯ ਮਈ ੧੯੫੫ ਤੱਕ ਇਸ ਹੁਕਮ ਨੂੰ ਵਾਪਸ ਲੈਣ ਲਈ ਸਰਕਾਰ ਪੰਜਾਬ ਨੂੰ ਪੱਤਰ ਭੇਜਿਆ ਗਿਆ।

ਪਰ ਅਫਸੋਸ! ਕਿ ਸਰਕਾਰ ਵਲੋਂ ਇਸ ਸ਼ੁਭ ਭਾਵਨਾ ਪੁਰ ਵੀ ਕੋਈ ਧਿਆਨ ਨਾ ਦਿਤਾ ਗਿਆ। ਭਾਵੇਂ ਵਿਚੋਂ ਵਿਚੋਂ ਖਬਰਾਂ ਮਿਲਦੀਆਂ ਸਨ ਕਿ ਹੁਣ ਇਤਫਾਕ ਤੇ ਮਿਲਾਪ ਦੇ ਚਾਹਵਾਨ ਸਜਨਾਂ ਦੀਆਂ ਕੋਸ਼ਸ਼ਾਂ ਨਾਲ ਕਿ ਇਨਾਂ ਨਾਹਰਿਆਂ ਨਾਲ ਕੋਈ ਗੜ ਬੜ ਨਹੀ ਹੋਵੇਗੀ, ਤੇ ਨਾ ਹੀ ,ਮਹਾਂ ਪੰਜਾਬੀਆਂ' ਨੂੰ ਇਨਾਂ ਤੇ ਕੋਈ ਇਤਰਾਜ਼ ਹੈ, ਤੇ ਨਾ ਹੀ ਸਿੱਖ ਕਿਸੇ ਨਾਹਰੇ ਤੇ ਇਤਰਾਜ਼ ਕਰਦੇ ਹਨ। ਸਰਕਾਰ ਆਪਣਾ ਐਲਾਨ ਵਾਪਸ ਲੈ ਲਵੇਗੀ। ਪਰ ਨਤੀਜਾ ਕੁਝ ਵੀ ਨਾ ਨਿਕਲਿਆ। ਸਰਕਾਰ ਨੇ ਲਗੀ ਪਾਬੰਦੀ ਨੂੰ ੯ ਮਈ ੧੯੫੫ ਤੱਕ ਨਾ ਹਟਾਇਆ। ਤਾਂ, ਕਲੇਜੇ ਪੁਰ ਪਥਰ ਰਖਕੇ ਕੌਮ ਨੂੰ ਆਪਣੇ

Digitized by Panjab Digital Library | www.panjabdigilib.org

ਕੀਤੇ ਫੈਸਲੇ ਪੁਰ, ਸਬਰ ਤੇ ਸ਼ਾਂਤੀ ਨਾਲ ਕਾਰਰਵਾਈ ਕਰਨੀ ਪਈ। ਨੀਅਤ ਕੀਤੇ ਪ੍ਰਬੰਦ ਅਤੇ ਪ੍ਰੋਗਰਾਮ ਅਨੁਸਾਰ, ੭ ਮਈ ੧੯੫੫ ਨੂੰ ਹੀ ਸਾਰੇ ਜ਼ਿਲਿਆਂ ਦੇ ਅਕਾਲੀ ਜਥਿਆਂ ਦੇ ਜਥੇਦਾਰਾਂ ਤੇ ਸੈਕਤਰਾਂ ਨੂੰ ਸ੍ਰੀ ਅੰਮ੍ਰਿਤਸਰ ਜੀ ਸਦਿਆ ਗਿਆ ਸੀ। ਤੇ ਸਾਰਾ ਪ੍ਰੋਗਰਾਮ, ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ ਨੇ, ਸ਼੍ਰੋ: ਅਕਾਲੀ ਦਲ ਵਲੋਂ ਮਿਲੇ ਅਧਿਕਾਰਾਂ ਦੀ ਲੋ ਵਿਚ ਤਿਆਰ ਕਰਕੇ, ਸਾਰੇ ਸਿੰਘਾਂ ਨੂੰ ਦਸ ਦਿਤਾ। ਤੇ ਸਾਰੇ ਪ੍ਰਬੰਧ ਮੁਕੰਮਲ ਹੋਕੇ, ਨੀਅਤ ਦਿਨ ਦੀ ਉਡੀਕ ਹੋਣ ਲਗੀ। ਤੇ ਆਖਰ ਇਸ ਦਿਨ "ਪੰਜਾਬੀ ਸੂਬਾ ਜ਼ਿੰਦਾਬਾਦ" ਦੇ ਨਾਹਰੇ ਪੁਰ ਲਗੀ ਪਾਬੰਦੀ ਨੂੰ ਸ਼ਾਂਤ ਮਈ ਰਹਿਕੇ ਤੋੜਨ ਦਾ ਵੀ ਆ ਗਿਆ।

## ੧੦ ਮਈ ੧੯੫੫:

ਨੀਅਤ ਕੀਤੇ ਗਏ ਪ੍ਰੋਗਰਾਮ ਅਨੁਸਾਰ, ਪਹਿਲੇ ਸ਼ਾਂਤ ਮਈ ਜਥੇ ਦੇ ਜਥੇਦਾਰ ਫਖਰੇ ਕੌਮ ਸ੍ਰੀਮਾਨ ਮਾਸਟਰ ਤਾਰਾ ਸਿੰਘ ਜੀ ਸਨ। ਇਸ ਦਿਨ ਸ੍ਰੀ ਅੰਮ੍ਰਿਤਸਰ ਜੀ ਵਿਖੇ ਖਾਸ ਰੌਣਕਾਂ ਸਨ। ਲੱਖ ਤੋਂ ਵਧੀਕ ਸਿੰਘਾਂ ਦਾ ਇਕੱਠ ਸੀ। ਮੰਜੀ ਸਾਹਿਬ ਵਿਖੇ ਬੜੇ ਭਾਰੀ ਦੀਵਾਨ ਦਾ ਪ੍ਰਬੰਧ ਸੀ, ਜਿਥੋਂ ਜਥਿਆਂ ਨੇ ਸਤਯਾ ਗ੍ਰਹਿ ਲਈ ਰਵਾਨਾ ਹੋਣਾ ਸੀ। ਸਭ ਤੋਂ ਪਹਿਲਾਂ ਮਾਸਟਰ ਜੀ ਅਤੇ ਉਨਾਂ ਦੇ ਨਾਲ ਦੇ ਤਿੰਨ ਹੋਰ ਸਾਥੀਆਂ ਨੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਅਰਦਾਸ ਕਰਕੇ ਨਿਮਸਕਾਰ ਕੀਤੀ। ਤੇ ਮੰਜੀ ਸਾਹਿਬ ਦੇ ਦੀਵਾਨ ਵਿਖੇ ਆ ਹਾਜ਼ਰ ਹੋਏ। ਇਸ ਦੀਵਾਨ ਵਿਚ ਮਾਸਟਰ ਜੀ ਨੇ ਸੰਖੇਪ ਪਰਭਾਵ ਪੂਰਤ ਤਕਰੀਰ ਕੀਤੀ ਕਿ:- ਖਾਲਸਾ ਜੀ ! ਸ਼੍ਰੋ: ਅਕਾਲੀ ਦਲ ਇਹ ਸਤਯਾ ਗ੍ਰਹਿ ਅਰੰਭ ਕਰਨਾ ਨਹੀਂ ਚਾਹੁੰਦਾ ਸੀ। ਪਰ ਉਹ ਇਹ ਵੀ ਨਹੀਂ ਸਹਾਰ ਸਕਦਾ ਕਿ ਸਾਥੋਂ ਸਾਡੀ ਸ਼ਹਿਰੀ ਆਜ਼ਾਦੀ, ਤੇ ਖਿਆਲਾਂ ਦੇ ਪ੍ਰਚਾਰਨ ਦੇ ਹੱਕ ਵੀ ਖੋਹ ਜਾਣ। ਤੇ ਸਾਡੀ ਸਭਯਤਾ ਖੱਤਮ ਕੀਤੀ ਜਾਵੇ। ਸੋ ਅਸਾਂ ਨੇ ਸ਼ਾਂਤ ਮਈ ਰਹਿਕੇ, ਇਸ ਨਾਹਰੇ ਪੁਰ ਲਗੀ ਪਾਬੰਦੀ ਨੂੰ ਤੋੜਨਾ ਹੈ, ਤੇ ਤੋੜਨਾ ਵੀ ਕਾਨੂੰਨ ਦੀ ਹੱਦ ਅੰਦਰ ਰਹਿਕੇ ਹੈ। ਤੇ ਇਹ ਸਤਯਾ ਗ੍ਰਹਿ ਉਦੋਂ ਤੱਕ ਜ਼ਾਰੀ ਰਹੇਗਾ ਜਦੋਂ ਤੱਕ ਸਰਕਾਰ ਆਪਣੀ ਹਾਰ ਮੰਨਕੇ ਇਸ ਅਯੋਗ ਹੁਕਮ ਨੂੰ ਵਾਪਸ ਨਹੀਂ ਲੈਂਦੀ। ਮੈਂ ਆਪਨੇ ਥਾਂ ਮੋਰਚੇ ਦਾ ਦੂਜਾ ਡਿਕਟੇਟਰ ਨੀਅਤ ਕਰ ਚਲਿਆਂ ਹਾਂ ਤੁਸਾਂ ਨੇ ਪੂਰੇ ਅਮਨ ਤੇ ਸ਼ਾਂਤੀ ਮਈ ਰਹਿੰਦਿਆਂ, ਇਸਨੂੰ ਜਾਰੀ ਰੱਖਣਾ ਹੈ। ਇਸ ਸਮੇਂ ਦਾ ਨਜ਼ਾਰਾ ਦੇਖਣ ਯੋਗ ਸੀ। ਮਾਸਟਰ ਜੀ ਤੇ ਉਨਾਂ ਦੇ ਸਾਥੀ, ਫੁਲਾਂ ਦੇ ਹਾਰਾਂ ਨਾਲ ਲੱਦੇ ਹੋਏ, ਸਤ ਸ੍ਰੀ ਅਕਾਲ ਦੇ ਜੈਕਾਰਿਆਂ ਦੀ ਗੂੰਜ ਵਿੱਚ, ਉਪਰ ਦੱਸੇ ਚਾਰੇ ਨਾਹਰੇ ਲੌਂਦੇ ਹੋਏ ਮੰਜੀ ਸਾਹਿਬ ਤੋਂ ਸਤਯਾਗ੍ਰਹਿ ਕਰਨ ਲਈ ਰਵਾਨਾ ਹੋਏ। ਗੁਰੂ ਰਾਮ ਦਾਸ ਸਰਾਂ ਤੋਂ ਅਗਲੇ ਬਾਜ਼ਾਰ ਵਿਚ ਪ੍ਰੇਮ ਹੋਟਲ ਦੇ ਸਾਹਮਣੇ ਤੋਂ ਇਹ ਸਤਯਾ ਗ੍ਰਹਿ ਸ਼ੁਰੂ ਹੋਣਾ ਸੀ। ਉਥੇ ਪੁਲੀਸ ਦੇ ਅਫਸਰ ਤੇ ਕਾਫੀ ਪੁਲੀਸ ਮੌਜੂਦ ਸੀ। ਜਿਉਂ ਹੀ ਮਾਸਟਰ ਜੀ ਤੇ ਉਨਾਂ ਦੇ ਤਿੰਨੇ ਸਾਥੀ, ਨਾਹਰੇ ਲੌਂਦੇ ਉਥੇ ਪੁਜੇ, ਤਾਂ ਉਸੇ ਵੇਲੇ ਹੀ ਗ੍ਰਿਫਤਾਰ ਕੀਤੇਗਏ, ਤੇ ਸੰਗਤਾਂ ਵਿੱਚ ਮੋਰਚੇ ਲਈ ਅਥਾਹ ਜੋਸ਼ ਪੈਦਾ ਹੋ ਗਿਆ।

ਗੁਰੂ ਰਾਮਦਾਸ ਜੀ ਦੀ ਇਸ ਨਗਰੀ ਵਿਚ ਅੰਨ, ਧਨ, ਤੇ ਜਨ ਦੀ ਕਦੇ ਕਮੀ ਨਹੀਂ ਆਈ। ਸੋ ਇਸ ਮੋਰਚੇ ਵਿੱਚ ਵੀ ਦਿਨੋ ਦਿਨ ਵਾਧਾ ਹੁੰਦਾ ਗਿਆ। ਰੋਜ਼ਾਨਾ ਹੀ ਸਿੰਘਾਂ ਦੇ ਜਥੇ ਸ੍ਰੀ ਮੰਜੀ ਸਾਹਿਬ ਦੇ ਦੀਵਾਨ ਤੋਂ ਚਲਦੇ ਤੇ, ਨਾਹਰੇ ਲੌਂਦੇ ਹੋਏ ਗ੍ਰਿਫਤਾਰ ਹੁੰਦੇ। ਜਿਉਂ ੨ "ਸੱਚਰ ਸਰਕਾਰ" ਸਿਖਾਂ ਨੂੰ ਖਤਮ ਕਰਨ ਲਈ ਜਤਨ ਕਰਦੀ ਤਿਉਂ ੨ ਹੀ ਸਿਖ ਦਿਨੋ ਦਿਨ ਕੁਰਬਾਨੀ ਦੀ ਅਹੁਤੀ ਦੇਣ ਲਈ ਸਿਰਾਂ ਤੇ ਕਫਨ ਬੰਨਕੇ ਸ੍ਰੀ ਅੰਮ੍ਰਿਤਸਰ ਜੀ ਵਲ ਨੂੰ ਵਹੀਰਾਂ ਪਾ ਪਾ ਆਉਂਦੇ।

Digitized by Panjab Digital Library | www.panjabdigilib.org

੧੫ ਮਈ ਨੂੰ ਨਾਅਰਿਆਂ ਪੁਰ ਲਗੀ ਪਾਬੰਦੀ ਦੀ ਮਿਆਦ ਖਤਮ ਹੋਣੀ ਸੀ, ਤੇ ਆਸ ਸੀ ਕਿ ਸਰਕਾਰ ਮਿਆਦ ਨਹੀ ਵਧਾਏਗੀ, 'ਪਰ ਸਰਕਾਰ ਨੇ ਦੋ ਮਹੀਨੇ ਦੀ ਮਿਆਦ ਹੋਰ ਵਧਾ ਦਿਤੀ' ਤੇ ਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ, ਸੁਪ੍ਰਟਿੰਡੰਟਾਂ ਨੂੰ ਖੁਲਮ ਖੁਲਾ ਗ੍ਰਿਫਤਾਰੀਆਂ ਕਰਨ ਦੇ ਹੁਕਮ ਦੇ ਦਿਤੇ ਤੇ ਸਖਤੀ ਦਾ ਦੌਰ ਚਲ ਪਿਆ, ਪੋਲੀਸ ਨੇ ਸਕੀਉਰਿਟੀ ਐਕਟ ਦੀ ਦਫਾ ੩ ਦੇ ਅਧੀਨ ਸਾਰੇ ਸਿਰਕਰਦਾ ਲੀਡਰਾਂ ਨੂੰ ੧੪,੧੫ ਮਈ ਨੂੰ ਧੜਾ ਧੜ ਗ੍ਰਿਫਤਾਰ ਕਰ ਲਿਆ ਤੇ ਅਡ ਅਡ ਜੇਲਾਂ ਵਿਚ ਭੇਜ ਦਿਤਾ ਗਿਆ। ਇਨਾਂ ਸਾਰੀਆਂ ਸਖਤੀਆਂ ਦੇ ਬਾਵਜੂਦ ਮੋਰਚਾ ਦਿਨੋ ਦਿਨ ਤੇਜ਼ ਹੁੰਦਾ ਗਿਆ ਤੇ ਗ੍ਰਿਫਤਾਰੀਆਂ ਦੀ ਗਿਣਤੀ ਵਧਦੀ ਗਈ'।

ਸ੍ਰੀ ਗੁਰੂ ਤੇਗਬਹਾਦਰ ਜੀ ਦੇ ਜੋਤੀ ਜੋਤ ਸਮਾਵਨ ਵਾਲੇ ਸ਼ਹੀਦੀ ਦਿਨ ਤੇ ੨੫ ਮਈ ਨੂੰ ਸਾਰੇ ਪੰਜਾਬ ਵਿਚ ਸ੍ਰੋਮਣੀ ਅਕਾਲੀ ਦਲ ਵਲੋਂ "ਪੰਜਾਬੀ ਸੂਬਾ" ਦਿਨ ਭਾਰੀ ਗਿਣਤੀ ਵਿਚ ਗ੍ਰਿਫ-ਤਾਰੀਆਂ ਦੇਕੇ ਮਨਾਏ ਜਾਣ ਦਾ ਅਲਾਨ ਕੀਤਾ ਗਿਆ, ਇਸੇ ਦਿਨ ਜਥੇਦਾਰ ਸੰਪੂਰਨ ਸਿੰਘ ਜੀ ਰਾਮਾ ਦੀ ਜਥੇਦਾਰ ਹੇਠ ਪੈਪਸੂ ਦੇ ੨੫੦ ਸਿੰਘਾਂ ਦਾ ਜਥਾ ਅਮ੍ਰਿਤਸਰ ਵਿਚ, ਤੇ ਲੁਧਿਆਣੇ ਵਿਚ ਦੂਜਾ ਫਰੰਟ ਖੋਲਕੇ ੪੪ ਸਿੰਘ ,ਤੇ ਬੀਬੀ ਜੋਗਿੰਦਰ ਕੌਰ ਰੇਡੀਓ ਸਿੰਗਰ ਦੀ ਜਥੇਦਾਰੀ ਹੇਠ ੧੯ ਬੀਬੀਆਂ ਦਾ ਪਹਿਲਾ ਜਥਾ ਵੀ ਅੰਮ੍ਰਿਤਸਰ ਵਿਚ ਤੇ ਸਾਰੇ ਪੰਜਾਬ ਵਿਚ ਅਡ ਅਡ ਥਾਵਾਂ ਤੇ ਲਗ ਭਗ੧੦੦੦ਸਿੰਘ ਗ੍ਰਿਫਤਾਰ ਹੋਏ।"ਤੇ ਇਸ ਮਗਰੋਂ ਮੋਰਚਾ ਹੋਰ ਵੀ ਗਰਮ ਹੋ ਗਿਆ"ਤੇ ਅਕਾਲੀ ਹਾਈ ਕਮਾਂਡ ਨੂੰ ਸਤਜਾਗ੍ਰਹੀਆਂ ਦੀ ਗਿਣਤੀ ਵਧੌਣੀ ਪਈ " ਬੰਬਈ, ਕਾਨਪੁਰ, ਕਲਕਤੇ ਤੋਂ ਸਿੰਘ ਚਲੇ ਆ ਰਹੇ ਸਨ ।"

੬ ਜੂਣ ਨੂੰ ਮੀਰੀਪੀਰੀ ਦਾ ਦਿਨ ਵੀ ਮੋਰਚੇ ਲਈ ਖਾਸ ਹੰਗਾਮੀ ਦਿਨ ਸੀ।ਇਸ ਦਿਨ ਸ੍ਰੀ ਅੰਮ੍ਰਿਤਸਰ ਜੀ ਵਿਚ ਰਾਤ ਦੇ ਦੋ ਬਜੇ ਤਕ ਮੋਰਚਾ ਗਰਮ ਰਿਹਾ ੧੩੨ ਸਿੰਘਾਂ ਦੇ ਜਥੇ ਗ੍ਰਿਫਤਾਰ ਹੋਏ ਤੇ ਬੀਬੀ ਕ੍ਰਿਪਾਲ ਕੌਰ ਦੀ ਜਥੇਦਾਰੀ ਹੇਠ ੧੯ ਬੀਬੀਆਂ ਦਾ ਦੂਜਾ ਜਥਾ ਗ੍ਰਿਫਤਾਰ ਹੋਇਆਂ।੧੧ ਮਈ ਤੋਂ ੧੦ ਜੂਨ ਤਕ ਮੋਰਚੇ ਦੇ ਦੂਜੇ ਡਿਕਟੇਟਰ ਪ੍ਰਿੰਸੀਪਲ ਇਕਬਾਬ ਸਿੰਘ ਜੀ ਨੇ ਪੂਰਾ ਇਕ ਮਹੀਨਾ ਮੋਰਚੇ ਨੂੰ ਬੜੀ ਸਫਲਤਾ ਨਾਲ ਚਲਾਕੇ, ਕਾਫੀ ਤੇਜ਼ੀ ਲਿਆਂਦੀ "ਤੇ ਅਪਣੇ ਥਾਂ ਤੀਜਾ ਡਿਕਟੇਟਰ ਨੀਯਤ ਕਰਕੇ ੧੦ ਜੂਨ ੧੯੫੫ ਨੂੰ ਅਪਣੇ ਨ ਲ ੨੦੦ ਸਿੰਘਾਂ ਦਾ ਜਥਾ ਲੈਕੇ, ਨਾਹਰੇ ਲੌਂਦੇ ਹੋਏ ਗਿਰਫਤਾਰ ਹੋਏ ।" ੧੦ ਜੂਨ ਨੂੰ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਚ ਵੀ ਕੋਈ ੪੦ ਸਿੰਘ ਸ੍ਰੀ ਭੀਮ ਸੈਨ ਸਚਰ ਦੀ ਕੋਠੀ, ਅਸੰਬਲੀ ਹਾਲ, ਤੇ ਰਾਜ-ਭਵਨ ਦੇ ਸਾਹਮਣੇ "ਪੰਜਾਬੀ ਸੂਬਾ ਜ਼ਿੰਦਾ ਬਾਦ " ਦੇ ਨਾਹਰੇ ਲਾਕੇ ਗ੍ਰਿਫਤਾਰ ਹੋਏ। ਕੌਮ ਅੰਦਰ ਕਾਫੀ ਜੋਸ਼ ਪੈਦਾ ਹੋ ਚੁਕਾ ਸੀ, ਤੇ ਇਸ ਨੂੰ ਠੀਕ ਤਰ੍ਹਾਂ ਵਰਤਨ ਲਈ ਅਕਾਲੀ ਦਲ ਵਲੋਂ ਅੱਡ ੨ ਤਰਾਂ ਦੇ ਦਿਨ ਨੀਅਤ ਕਰਕੇ ਵਧੇਰੇ ਗ੍ਰਿਫਤਾਰੀਆਂ ਦਿਤੀਆਂ ਜਾਦੀਆਂ ਸਨ। "੨੯ ਜੂਨ ਨੂੰ ਮਹਾਰਾਜਾ ਰਣਜੀਤ ਸਿੰਘ ਦੀ ੧੧੭ ਵੀਂ ਬਰਸੀ ਸੀ। ਇਸ ਦਿਨ ਆਜ਼ਾਦ ਪੰਜਾਬ ਦਿਨ ਮਨਾਣ ਦਾ ਇਲਾਨ ਕੀਤਾ ਗਿਆ ਤੇ ੧੧੭ ਸਿੰਘਾਂ ਤੋਂ ਇਲਾਵਾ ਹੋਰ ਵੀ ੨੫੦ ਸਿੰਘਾਂ ਨੇ ਇਸ ਦਿਨ ਸਤਯਾ ਗ੍ਰਹਿ ਕਰਕੇ ਜੇਲ ਜਾਤਰਾ ਕੀਤੀ।"

ਇਸੇ ਤਰਾਂ ੩੦ ਜੂਨ ਨੂੰ ਘਲੂਕਾਰਾ ਦਿਨ ਤੇ ੩ ਜੁਲਾਈ ਨੂੰ "ਸ਼ਹਿਰੀ ਆਜਦੀ" ਦਾ ਦਿਨ ਮੌਣਨ ਦਾ ਫੈਸਲਾ ਕੀਤਾ ਗਿਆ ਤੇ ਸਾਰੇ ਪੰਜਾਬ ਵਿਚੋਂ ਹਜਾਰਾਂ ਸਿੰਘ ਥਾ ਥਾਂ ਤੇ ਗ੍ਰਿਫਤਾਰ ਹੋਏ, ਪਰ ਸਿੰਘਾਂ ਦੇ ਹੌਸਲੇ ਦੂਣੇ ਹੋ ਰਹੇ ਸਨ।"

Digitized by Panjab Digital Library | www.panjabdigilib.org

ਸਤਯਗਰਹਿ ਕਰਨ ਲਈ, ਸਿੰਘਾਂ ਦੇ ਜਥੇ ਚਾਰ ਚਾਰ ਦੀ ਕਤਾਰ ਵਿਚ ਮਿਥੇ ਹੋਏ ਨਾਹਰੇ ਲਾਕੇ ਹੀ, ਗ੍ਰਿਫਤਾਰ ਹੋਣ ਜਾਂਦੇ ਸਨ "ਪਰ ਇਨ੍ਹਾਂ ਤੋਂ ਬਿਨਾਂ ਵੀ ਸਰਕਾਰੀ ਕਰਮ ਚਾਰੀਆਂ ਨੇ ਅਯੋਗ ਤੇ ਬੇ ਕਾਨੂਨੇ ਢੰਗਾਂ ਨਾਲ ਵੀ ਬੜੀ ਸਖਤੀ ਤੋਂ ਕੰਮ ਲਿਆ, ਘਰਾਂ ਵਿਚ ਘਰੋਗੀ ਕੰਮ ਕਰਦਿਆਂ, ਵਿਆਹ ਵਿਚ ਬਰਾਤ ਜਾਂਦਿਆਂ, ਹੋਟਲਾਂ ਤੇ ਚਾਹ ਲਸੀ ਪੀਦਿਆਂ, ਡਾਕਟਰਾਂ ਪਾਸੋਂ ਦਵਾਈਆਂ ਲੈਂਦੇ ਰਿਕਸ਼ੇ, ਮੋਟਰਾਂ ਗਡੀਆਂ ਵਿਚ ਸਫਰ ਕਰਦਿਆਂ, ਹਲਵਾਇਆਂ, ਦੁਕਾਨਾਂ ਤੇ ਬੈਠਿਆਂ ਨੂੰ ਵੀ ਗ੍ਰਿਫਤਾਰ ਕੀਤਾ। "ਇਸਤਰਾਂ ਸਰਕਾਰ ਦੇ ਆਪਣੇ ਆਦਮੀਆਂ ਦੀ ਗਲਤੀ ਨਾਲ ਵੀ ਮੋਰਚਾ ਵਧੇਰੇ ਹੀ ਤੇਜ ਹੋ ਗਿਆ ਲਗ ਭਗ ਬਾਰਾਂ ਹਜ਼ਾਰ ਸਿੰਘ ਦੋ ਮਹੀਨੇ ਦੇ ਸਮੇਂ ਦੇ ਅੰਦਰ ੨ ਗ੍ਰਿਫਤਾਰ ਹੋ ਚੁਕੇ ਸਨ।"

ਜੇਲ੍ਹਾਂ ਭਰ ਚੁਕੀਆਂ ਸਨ "ਪਰ ਸਰਕਾਰ ਨੇ ਸਿਖਾਂ ਨੂੰ ਕੁਚਲਨ ਲਈ, ਹੋਰ ਤਿਆਰੀ ਕਰ ਲਈ ਸੀ"। ਇਨ੍ਹਾਂ ਦਿਨਾਂ ਵਿਚ, ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ, ਤੇ ਸ੍ਰੋਮਣੀ ਕਮੇਟੀ ਦੀਆਂ ੨੪ ਬੰਦੂਕਾਂ ਦੇ ਲਾਇਸੰਸ ਜ਼ਬਤ ਕਰਕੇ ਪੋਲੀਸ ਬੰਦੂਕਾਂ ਲੇ ਗਈ" ਸਾਰੇ ਮੁਖੀਆਂ ਦੇ ਅਸਲੇ ਦੇ ਲਾਇਸੰਸ ਵੀ ਜ਼ਬਤ ਕਰਕੇ ਅਸਲਾ ਲੈ ਲਿਆ ਗਿਆ" ਆਖਰ ਇਸ ਗਿਣੀ ਮਿਥੀ ਵਿਉਂਤ ਦਾ ਮਨਹੂਸ ਦਿਨ ਵੀ ਆ ਗਿਆ" ਤੇ ਜਲੰਧਰ ਡਿਵੀਜਨ ਦੇ ਡਿਪਟੀ ਇਨਸਪੈਕਟਰ ਜਰਨਲ ਮਹਾਸ਼ਾ ਅਸਵਨੀ ਕੁਮਾਰ ਦੀ ਕਮਾਨ ਹੇਠ ੩,੪ ਜੁਲਾਈ ਦੀ ਦਰਮਿਆਨੀ ਰਾਤ ਨੂੰ ਅਧੀ ਰਾਤ ਮਗਰੋਂ ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ, ਸ੍ਰੋਮਣੀ ਕਮੇਟੀ ਦੇ ਕਾਇਮ ਮੁਕਾਮ ਸਕੱਤਰ, ਦਰਬਾਰ ਸਾਹਿਬ ਦੇ ਮੈਨੇਜਰ ਆਦਿ ਬਹੁਤ ਸਾਰੇ ਮੁਖੀ ਗ੍ਰਿਫਤਾਰ ਕਰ ਲਏ, ਤੇ ਤੜਕੇ ਤਿੰਨ ਵਜੇ ਦੇ ਕਰੀਬ, ਮਹਾਸ਼ਾ ਅਸਵਨੀ ਕੁਮਾਰ ਨੇ ਬਹੁਤ ਸਾਰੀ ਪੋਲੀਸ ਨਾਲ ਗੁਰੂ ਰਾਮ ਦਾਸ ਸਰਾਂ ਦੇ ਸਾਰੇ ਨਾਕੇ ਰੋਕ ਕੇ, ਸ੍ਰੋ: ਕਮੇਟੀ, ਅਕਾਲੀ ਦਲ ਦੇ ਦਫਤਰਾਂ, ਤੇ ਸਰਾਂ ਵਿਚ ਨਿਵਾਸ ਰਖ ਰਹੇ ਸੈਂਕੜੇ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ, ਦਫਤਰਾਂ ਦਾ ਰੀਕਾਰਡ ਫਰੋਲਿਆ। ਤਾਲੇ ਤੋੜੇ ਤੇ ਮੰਜੀ ਸਾਹਿਬ ਦੇ ਦੀਵਾਨ ਅਸਥਾਨ ਵਲ ਨੂੰ ਵਧਨਾ ਸ਼ੁਰੂ ਕਰਕੇ, ਸਿਖਰ ਦੁਪਹਿਰੇ ਲਾਠੀਆਂ, ਬੰਦੂਕਾਂ ਪਿਸਤੌਲਾਂ ਟੀਅਰਗੈਸ ਦੇ ਬੰਬਾਂ ਨਾਲ ਲੈਸ ਹੋਕੇ, ਪੋਲੀਸ ਪੁਜ ਗਈ। ਮੰਜੀ ਸਾਹਿਬ ਤੇ ੧੪੪ ਦਫਾ ਲਾਏ ਜਾਣ ਦਾ ਐਲਾਨ ਕੀਤਾ ਗਿਆ ਹਜ਼ਾਰਾਂ ਦੀ ਗਿਣਤੀ ਵਿਚ ਸਿਖ ਸੰਗਤਾਂ ਵੀ ਇਕਠੀਆਂ ਹੋ ਚੁਕੀਆਂ ਸਨ। ਇਸ ਸਮੇਂ ਸ੍ਰ: ਹੁਕਮ ਸਿੰਘ ਜੀ, ਬਾਵਾ ਹਰਕਿਸ਼ਨ ਸਿੰਘ ਜੀ ਹਾਜਰ ਸਨ। ਪੋਲੀਸ ਮੰਜੀ ਸਾਹਿਬ ਵਲ ਵਧਣਾ ਚਾਹੁੰਦੀ ਸੀ। ਪਰ ਸਿੰਘ ਛਾਤੀਆਂ ਡਾਹਕੇ ਗੋਲੀਆਂ ਖਾਣ ਨੂੰ ਤਿਆਰ ਸਨ। ਪੋਲੀਸ ਨੇ ਟੀਅਰ ਗੈਸ ਦੇ ਬੰਬ ਸੁਟੇ, ਲਾਠੀ ਚਾਰਜ ਕੀਤਾ। ਤੇ ਇਸਤਰਾਂ ਅੰਧਾ ਧੁੰਧ ਲਾਠੀ ਚਾਰਜ ਕਰਦੀ ਪੋਲੀਸ ਮੰਜੀ ਸਾਹਿਬ ਪੁਜ ਗਈ। ਤੇ ਸੰਗਤਾਂ ਨੂੰ ਪ੍ਰਕਰਮਾ ਵਲ ਧੱਕ ਕੇ ਹਟੌਨ ਲਗੀ। ਇਥੇ ਜੋ ਤਸ਼ਦਦ ਪੋਲੀਸ ਨੇ ਵਰਤਿਆਂ ਜਿਸਤਰਾਂ ਅੰਧਾਂ ਧੁੰਦ ਸੈਂਕੜੇ ਟੀਅਰ ਗੈਸ ਦੇ ਗੋਲੇ ਪ੍ਰਕਰਮਾਂ ਵਿਚ ਸੁਟੇ ਤੇ ਲਾਠੀ ਚਾਰਜ ਕੀਤਾ ਉਹ ਲਿਖਨ ਤੋਂ ਬਾਹਰ ਹੈ। ਲੰਗਰ ਤੇ ਪੋਲੀਸ ਨੇ ਕਬਜ਼ਾ ਕਰ ਲਿਆ। ਰਾਹ ਬੰਦ ਕਰ ਦਿਤੇ। ਇਸ ਸਾਰੇ ਤਸ਼ਦਦ ਦੇ ਨਜ਼ਾਰੇ ਫੋਟੋਆਂ ਵਿਚ ਦੇਖੋ ੭ ਜੁਲਾਈ ਨੂੰ ਸ੍ਰ: ਹੁਕਮ ਸਿੰਘ ਜੀ M. P. ਡਿਪਟੀ ਸਪੀਕਰ ਤੇ, ਸ੍ਰੋ: ਕਮੇਟੀ ਦੇ ਪ੍ਰਧਾਨ ਬਾਵਾ ਹਰਕਿਸ਼ਨ ਸਿੰਘ ਜੀ ਵੀ ਗ੍ਰਿਫਤਾਰ ਕੀਤੇ ਗਏ।

ਇਨਾਂ ਸਾਰੇ ਵਹਸ਼ੀਆਨਾਂ ਕਾਰਿਆਂ ਦੀ ਖਬਰਾਂ ਛਪਣੋਂ ਵੀ ਰੋਕੀਆਂ ਗਈਆਂ। ਅਖਬਾਰ ਬੰਦ ਕੀਤੇ ਗਏ। ਇਸ ਸਾਰੀ ਕਾਰਗੁਜ਼ਾਰੀ ਕਰਨ ਤੋਂ ਵੀ ਸਿੰਘਾਂ ਦੇ ਹੌਸਲੇ ਡਿਗੇ ਨਹੀਂ। ਸਗੋਂ

Digitized by Panjab Digital Library | www.panjabdigilib.org

ਦਰਬਾਰ ਸਾਹਿਬ ਦੀ ਇਸ ਘੋਰ ਬਿਅਦਬੀ ਨੇ ਹੋਰ ਭਾਂਬੜ ਬਾਲ ਦਿਤਾ। ਹਜ਼ਾਰਾਂ ਸਿੰਘਾਂ ਨੇ ਸ੍ਰੀ ਅੰਮ੍ਰਿਤਸਰ ਜੀ ਵਲ ਨੂੰ ਕੂਚ ਕਰਨਾ ਸ਼ੁਰੂ ਕਰ ਦਿਤਾ। ੯ ਜੁਲਾਈ ਨੂੰ ਮਾਈ ਭਾਗੋ ਦਿਨ ਮਨਾਇਆ ਗਿਆ। ਇਸ ਦਿਨ ਬੀਬੀ ਗੁਰਦਿਆਲ ਕੌਰ ਕਲਕਤਾ ਦੀ ਜਥੇਦਾਰੀ ਹੇਠ ੧੩੯ ਬੀਬੀਆਂ ਨਾਅਰੇ ਲੌਂਦੀਆਂ ਰਹੀਆਂ, ਪਰ ਪੁਲੀਸ ਨੇ ਗਿਫਤਾਰ ਨਾ ਕੀਤੀਆਂ। ੧੦ ਜੁਲਾਈ ਮੋਰਚੇ ਦਾ ਹੰਗਾਮੀ ਦਿਨ ਸੀ। ਸਰਦਾਰਨੀ ਮਨਮੋਹਨ ਕੌਰ ਰਾੜੇਵਾਲਾ ਵੀ ਪਟਿਆਲੇ ਤੋਂ ਡੇਢ ਸੌ ਬੀਬੀਆਂ ਦਾ ਜਥਾ ਲੈਕੇ ਅੰਮ੍ਰਿਤਸਰ ਪੁਜ ਚੁਕੇ ਸਨ। ੧੦ ਜੁਲਾਈ ਨੂੰ ਲੁਧਿਆਣੇ ਵਿਖੇ ਵੀ ਸ੍ਰ: ਸ਼ਮਸ਼ੇਰ ਸਿੰਘ ਜੀ ਐਮ. ਐਲ. ਏ. ਦੀ ਜਥੇਦਾਰੀ ਹੇਠ ੨੫੦ ਸਿੰਘਾਂ ਨੇ ਸਤਯਾਗ੍ਰਹਿ ਕਰਕੇ ਮੋਰਚੇ ਨੂੰ ਗਰਮ ਕਰ ਦਿਤਾ। ੧੧ ਜੁਲਾਈ ਨੂੰ ਲਗ ਭਗ ੬੦੦ ਸਿੰਘਾਂ ਨੇ ਗ੍ਰਿਫਤਾਰੀ ਦਿਤੀ।

ਕੌਮ ਅੰਦਰ ਕਿਤਨਾ ਜੋਸ਼ ਕਿਤਨੀ ਲਗਨ, ਤੇ ਦ੍ਰਿੜ ਵਿਸ਼ਵਾਸ਼ ਤੇ ਕੌਮੀ ਜਜ਼ਬਾ ਤੇ "ਪੰਜਾਬੀ ਸੂਬੇ" ਦੀ ਸਥਾਪਨਾ ਲਈ ਖਿੱਚ ਸੀ। ਉਹ ਇਸ ਭਾਰੀ ਗਿਣਤੀ ਵਿਚ ਦਿਤੀਆਂ ਜਾ ਰਹੀਆਂ ਗ੍ਰਿਫਤਾਰੀਆਂ ਤੋਂ ਪ੍ਰਤਖ ਦਿਸਦੀ ਸੀ। ਅਤੇ ਵਾਧਾ ਇਹ ਕਿ ਕਿਸੇ ਸਿਖ ਨੇ ਭੀ ਮੁਆਫੀ ਮੰਗਕੇ, ਯਾਂ ਜ਼ਮਾਨਤ ਦੇਕੇ ਛੁਟਕਾਰਾ ਨਹੀ ਪੁਆਇਆ ਸਗੋਂ ਹੱਸ ੨ ਅਗੇ ਵਧੇ ਤੇ ਕੁਰਬਾਨੀਆਂ ਦਿਤੀਆਂ। ਆਖਰ ਇਹ ਕੁਰਬਾਨੀਆਂ ਫਲ ਲਿਆਈਆਂ। ਜਦੋਂ ਸਚਰ ਸਰਕਾਰ ਨੇ, ਸਿੱਖਾਂ ਅਗੇ ਗੋਡੇ ਟੇਕ ਦਿੱਤੇ।

੧੨ ਜੁਲਾਈ ੧੯੫੫ ਨੂੰ ਸ਼ਾਮ ਦੇ ੬ ਵਜੇ, ਜਦੋਂ ਇਕ ਪਾਸੇ ਮੋਰਚੇ ਦਾ ਮੈਦਾਨ ਗਰਮ ਸੀ। ੨੫੦ ਤੋਂ ਵਧੀਕ ਸਿੰਘ ੧੦੪ ਬੀਬੀਆਂ ਤੇ ਇਕ ਮੁਸਲਮਾਨ ਚੌਧਰੀ ਉਮਰ ਦੀਨ ਸਤਯਾਗ੍ਰਹਿ ਲਈ ਤਿਆਰ ਸਨ ਤਾਂ ਮੋਰਚੇ ਦੇ ਡਿਕਟੇਟਰ ਸ: ਗਿਆਨ ਜੀ ਰਾੜੇਵਾਲਾ ਜੋ ਉਸ ਸਮੇਂ ਸ਼੍ਰੋ: ਗੁ: ਪ੍ਰ: ਕਮੇਟੀ ਦੇ ਵੀ ਪ੍ਰਧਾਨ ਸਨ) ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦਾ ਟੇਲੀਫੋਨ ਸ਼੍ਰੋ: ਕਮੇਟੀ ਦੇ ਦਫਤਰ ਵਿਚ ਆਇਆ ਕਿ ਮੈਂ ਤੁਹਾਨੂੰ ਮਿਲਣਾ ਚਾਹੁੰਦਾ ਹਾਂ। ਸ: ਸਾਹਿਬ ਨੇ ਜਵਾਬ ਦਿਤਾ ਕਿ ਆ ਜਾਓ, ਉਹ ਆਏ ਤੇ ਉਹਨਾਂ ਆਕੇ ਕਿਹਾ ਕਿ ਮੈਂ ਤੁਹਾਨੂੰ ਤੇ ਤੁਹਾਡੇ ਰਾਹੀਂ ਸਾਰੀ ਸਿਖ ਜੰਤਾ ਨੂੰ ਇਹ ਖੁਸ਼ਖਬਰੀ ਦੇਣ ਆਇਆ ਹਾਂ ਕਿ "ਸਰਕਾਰ ਨੇ ਅਮਨ ਦੇ ਦੇਵਤੇ ਪੰਡਤ ਨਹਿਰੂ ਦੀ ਰੂਸ ਦੇ ਦੌਰੇ ਤੋਂ ਅਮਨ ਦੇ ਮਿਸ਼ਨ ਨੂੰ ਸਫਲ ਬਨਾਉਨ ਪਿਛੋਂ ਵਾਪਸ ਆਉਣ ਪਰ ਸਦ ਭਾਵਨਾ ਪ੍ਰਗਟ ਕਰਨ ਲਈ ਨਾਅਰਿਆਂ ਤੋਂ ਪਾਬੰਦੀ ਵਾਪਸ ਲੈ ਲਈ ਹੈ।"

ਇਸ ਪਰ ਸ. ਗਿਆਨ ਸਿੰਘ ਜੀ ਰਾੜੇਵਾਲਾ ਨੇ, ਦੀਵਾਨ ਵਿਚ ਆਕੇ ਸੰਗਤਾਂ ਨੂੰ ਇਸ ਮੋਰਚੇ ਦੀ ਜਿੱਤ ਦੀ ਖਬਰ ਦਿਤੀ। ਤੇ ਸਾਰੇ ਸਿੰਘ "ਪੰਜਾਬੀ ਸੂਬਾ ਜ਼ਿੰਦਾ ਬਾਦ ਦੇ ਨਾਅਰੇ ਲੌਂਦੇ, ਤੇ ਸਤ ਸ੍ਰੀ ਅਕਾਲ ਗਜੌਂਦੇ ਹੋਏ, ਬਜ਼ਾਰਾਂ ਵਿਚੋਂ ਚਕਰ ਲੌਂਦੇ ਵਾਪਸ ਆ ਗਏ ਤੇ ਸਰਕਾਰ ਨੇ ਕੋਈ ਗ੍ਰਿਫਤਾਰੀ ਨਾ ਕੀਤੀ।"

ਇਸ ਤਰਾਂ ੬੫ ਦਿਨਾਂ ਮਗਰੋਂ ਖਾਲਸੇ ਨੇ ਪੰਜਾਬੀ ਸੂਬੇ ਦੇ ਨਾਅਰਿਆ ਤੇ ਲਗੀ ਪਾਬੰਦੀ ਦਾ ਇਹ ਮੋਰਚਾ ਫਤੇਹ ਕੀਤਾ।

ਇਹ ਮੋਰਚਾ ਸਚਰ ਸਰਕਾਰ ਦੀ ਲਿਆਕਤ ਨੂੰ ਪਰਗਟ ਕਰਦਾ ਸੀ, "ਪੰਜਾਬੀ ਸੂਬਾ" ਬਣਨਾ ਤਾਂ ਹੋਰ ਗਲ ਸੀ, ਇਥੇ ਤਾਂ ਪੰਜਾਬੀ ਸੂਬੇ ਦਾ ਨਾਂ ਲੈਣਾ ਵੀ ਜੁਰਮ ਕਰਾਰ ਦਿਤਾ ਗਿਆ ਸੀ।

Digitized by Panjab Digital Library | www.panjabdigilib.org

ਤੇ ਜਿਉਂਦੀਆਂ ਜਾਗਦੀਆਂ ਕੌਮਾਂ ਅਜੇਹੇ ਅਯੋਗ ਹੁਕਮਾਂ ਦੀ ਪ੍ਰਵਾਹ ਨਹੀਂ ਕਰਿਆ ਕਰਦੀਆਂ। ਸੋ ਸਿੱਖਾਂ ਦੀ ਵੀ ਅਣਖ ਜਾਗ ਪਈ। ਤੇ ਗੁਰੂ ਭਰੋਸੇ ਉਨਾਂ, ਇਸ ਹੁਕਮ ਦੀ ਖੁਲ੍ਹੇ ਦਿਲ ਵਿਰੋਧਤਾ ਕੀਤੀ। ਤੇ ਬਾਰਾਂ ਹਜ਼ਾਰ ਤੋਂ ਵਧੀਕ ਸਿੱਖ ਪਕੜੇ ਗਏ। ਤੇ ਅੰਤ ਨੂੰ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ।

ਇਥੇ ਕੇਵਲ ਕੁਝ ਕੁ ਅਣਖੀਲੇ ਸੂਰਮਿਆਂ ਦੇ ਨਾਂ ਹੀ ਦਰਜ ਕਰਦਾ ਹੋਇਆ, ਸਾਰੇ ਸਜਨਾਂ ਪਾਸੋਂ ਖਿਮਾਂ ਦਾ ਜਾਚਕ ਹਾਂ।

## ਪੰਜਾਬੀ ਸੂਬਾ ਜ਼ਿੰਦਾਬਾਦ ਮੋਰਚੇ ਦੇ ਡਿਕਟੇਟਰ।

ਪੰਜਾਬੀ ਸੂਬਾ ਜ਼ਿੰਦਾਬਾਬ ਦੇ ਨਾਹਰੇ ਤੋਂ ਪਾਬੰਦੀ ਚੁਕਣ ਬਈ, ਲਗੇ ਮੋਰਚੇ ਨੂੰ ਕਾਮਯਾਬੀ ਨਾਲ ਚਲਾਉਣ ਵਾਲੇ ਇਹ ਡਿਕਟੇਟਰ ਸਨ।

੧ ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ ਪ੍ਰਧਾਨ ਸ਼੍ਰੋ: ਅਕਾਲੀ ਦਲ।
੨ ਪ੍ਰਿੰਸੀਪਲ ਇਕਬਾਲ ਸਿੰਘ ਜੀ, ਬੋਪਾਰਾਇ ਜਿਲ੍ਹਾ ਲੁਧਿਆਣਾ।
੩ ਸ: ਭੁਪਿੰਦਰ ਸਿੰਘ ਜੀ ਮਾਨ ਪਟਿਆਲਾ।
੪ ਸ: ਮੋਹਾਂ ਸਿੰਘ ਗਿਲ ਜੀ (ਪਟਿਆਲਾ)।
੫ ਸ੍ਰੀ ਮਤੀ ਮੋਹਨ ਕੌਰ ਜੀ, ਧਰਮ ਪਤਨੀ ਸ: ਗਿਆਨ ਸਿੰਘ ਜੀ ਰਾੜੇਵਾਲਾ ਪ:।
੬ ਸ: ਪ੍ਰੀਤਮ ਸਿੰਘ ਜੀ ਮੋਫਰ ਮੰਡੀ ਮਾਨਸਾ ਪਟਿਆਲਾ।
੭ ਸ੍ਰੀ ਮਾਨ ਸ: ਗਿਆਨ ਸਿੰਘ ਜੀ ਰਾੜੇਵਾਲਾ ਪਟਿਆਲਾ।

## "ਪੰਜਾਬੀ ਸੂਬਾ ਜ਼ਿੰਦਾਬਾਦ ਦੇ ਮੋਰਚੇ ਸਮੇਂ ਗੁਰਸਿਖ ਸੰਤਾਂ ਦੀ ਸੇਵਾ"

ਇਹ ਵੀ ਇਕ ਖਾਸ ਗੌਰਵਤਾ ਤੇ ਮਹਾਨਤਾ ਵਾਲੀ ਗਲ ਸੀ ਕਿ ਇੱਸ ਮੋਰਚੇ ਵਿੱਚ ਪੰਥ ਦਾ ਸਾਰਾ ਅੰਗ ਹੀ ਹਿਸਾ ਲੈਂਦਾ ਰਿਹਾ। ਤੇ ਸੰਤਾਂ ਮਹੰਤਾਂ ਨੇ ਵੀ ਵਿਤੋਂ ਵੱਧ ਹੋਕੇ ਸੇਵਾਵਾਂ ਕੀਤੀਆਂ। ਸ੍ਰੀ ਅੰਮ੍ਰਿਤ-ਸਰ ਜੀ ਦੇ ਮੰਜੀ ਸਾਹਿਬ ਜੀ ਦੇ ਦੀਵਾਨਾਂ ਵਿਚ ਲੈਕਚਰਾਂ ਰਾਹੀਂ, ਲੰਗਰ ਦੀ ਸੇਵਾ ਰਾਹੀਂ, ਸੰਗਤਾਂ ਨੂੰ ਪ੍ਰੇਰਨਾ ਕਰਕੇ ਮੋਰਚੇ ਵਿੱਚ ਭੇਜਨ ਤੇ ਮਾਇਆ ਇਕੱਤਰ ਕਰਕੇ ਲੰਗਰ ਚਲੌਨ ਵਿੱਚ।

੧ ਸ੍ਰੀਮਾਨ ਸੰਤ ਭਗਵਾਨ ਸਿੰਘ ਜੀ ਗੁਰਦੁਆਰਾ ਰੇਰੂ ਸਾਹਿਬ ਰਾਮ ਪੁਰ ਪਟਿਆਲਾ
੨ ਸ੍ਰੀਮਾਨ ਗਿਆਨੀ ਜੋਧ ਸਿੰਘ ਜੀ ਸੇਵਕ ਸੰਤ ਹਰਖੋਵਾਲੀਏ ਕਟਾਣਾ (ਪਟਿਆਲਾ)
੩ ਸ੍ਰੀਮਾਨ ਸੰਤ ਗੁਰਬਚਨ ਸਿੰਘ ਜੀ ਬਾਹੋ ਮਾਜਰਾ (ਪਟਿਆਲਾ)।
੪ ਸ੍ਰੀਮਾਨ ਸੰਤ ਨੰਦ ਸਿੰਘ ਜੀ ਗੁਰਦਵਾਰਾ ਪਿੰਡ ਭੌਰਲੇ ਜਿਲਾ (ਲੁਦਿਹਾਨਾ)।

ਇਨ੍ਹਾਂ ਮਹਾਂ ਪੁਰਸ਼ਾਂ ਨੇ ਬਾਹਰ ਪਿੰਡਾਂ ਵਿੱਚ ਫਿਰ ਫਿਰ ਕੇ ਸੰਗਤਾਂ ਨੂੰ ਪ੍ਰੇਰਨਾ ਕੀਤੀ। ਤੇ ਇਨਾਂ ਦੇ ਬਾਹਰ ਫਿਰਨ ਲਈ, ਪਿੰਡ ਲਿਬੜਾ ਪਟਿਆਲਾ ਦੇ ਸਰਦਾਰਾਂ ਨੇ ਆਪਣੀ ਜੀਪ ਸਮੇਤ ਡਰਾਈਵਰ ਦੇ ਮੁਫਤ ਸੇਵਾ ਕਰਨ ਲਈ ਦਿਤੀ ਹੋਈ ਸੀ।

Digitized by Panjab Digital Library | www.panjabdigilib.org

ਦਾਸ [ਲਿਖਾਰੀ] ਨੇ ਆਪਣੇ ਇਲਾਕੇ ਵਿਚੋਂ ਗੁਪਤ ਤੌਰ ਤੇ ਜਥੇ ਭੇਜਣ ਦੀ ਹੱਦ ਤੋਂ ਵੱਧ ਪ੍ਰੇਰਨਾ ਕਰਕੇ ਜਥੇ ਭੇਜੇ, ਤੇ ਇਕ ਜਥਾ ੧੫੦ ਬ੍ਰਿਧ ਸਿੰਘਾਂ ਦਾ ਤਿਆਰ ਕੀਤਾ ਹੀ ਸੀ ਕਿ ਸ੍ਰਕਾਰ ਨੇ ਖਾਲਸਾ ਪੰਥ ਅਗੇ ਗੋਡੇ ਟੇਕ ਦਿਤੇ, ਤੇ ਮੋਰਚਾ ਫਤਹਿ ਹੋ ਗਿਆ।

ਹੇਠ ਲਿਖੇ ਸੰਤਾਂ ਨੇ ਇਕ ਦੀਵਾਨ ਕਰਕੇ ਸਰਕਾਰ ਪਾਸੋਂ ਪਾਬੰਦੀ ਦਾ ਹੁਕਮ ਵਾਪਸ ਲੈਣ ਦੀ ਅਖਬਾਰਾਂ, ਇਸ਼ਤਿਹਾਰਾਂ ਰਾਹੀਂ ਮੰਗ ਕੀਤੀ।

੧ ਸੰਤ ਭਗਵਾਨ ਸਿੰਘ ਜੀ ਰੇਰੂਸਾਹਿਬ ਰਾਮਪੁਰ ਪਟਿਆਲਾ।
੨ ,, ਈਸ਼ਰ ਸਿੰਘ ਜੀ ਰਾੜਾ ਸਾਹਿਬ ਪਟਿਆਲਾ।
੩ ,, ਗੁਰਬਚਨ ਸਿੰਘ ਜੀ ਬਾਹੋ ਮਾਜਰਾ ਪਟਿਆਲਾ।
੪ ,, ਨੰਦ ਸਿੰਘ ਜੀ ਗੁਰਦਵਾਰਾ ਭੌਰਲੇ ਜ਼ਿਲਾ ਲੁਧਿਆਣਾ।
੫ ,, ਰਤਨ ਸਿੰਘ ਜੀ ਰਾਮ ਪੁਰ।
੬ ,, ਗੁਰਦਿਆਲ ਸਿੰਘ ਜੀ ਬੇਪਾਰਾਇ ਜਿਲਾ ਲੁਧਿਆਣਾ।
੭ ,, ਬਲਬੀਰ ਸਿੰਘ ਜੀ ਛੰਨਾਂ ਵਾਲੇ।
੮ ,, ਕੇਹਰ ਸਿੰਘ ਜੀ ਸੁਆਮੀ।
੯ ,, ਮਨੀ ਸਿੰਘ ਜੀ ਭੈਰੋਂ ਮੁੰਨਾ ਜਿਲਾ ਲੁਧਿਆਣਾ।
੧੦ ,, ਗੁਰਬਚਨ ਸਿੰਘ ਜੀ ਭਿੰਡਰ ਜਿਲਾ ਫੀਰੋਜ਼ਪੁਰ।
੧੧ ,, ਸਾਰੇ ਸੰਤ ਮਸਤੂਆਣੇ ਦੇ ਜਥੇ ਵਲੋਂ।
੧੨ ,, ਵਿਸਾਖਾ ਸਿੰਘ ਜੀ ਸੰਤ ਸਿਪਾਹੀ ਕਿਸਨ ਪੁਰਾ ਜਿਲਾ ਫੀਰੋਜ਼ਪੁਰ।
੧੩ ,, ਗਿਆਨੀ ਮਖਨ ਸਿੰਘ ਜੀ ਲਾਇਲਪੁਰੀਏ।

## ਪੰਜਾਬੀ ਸੂਬੇ ਦੇ ਨਾਅਰੇ ਵਿਰੁਧ ਲਗੇ ਮੋਰਚੇ ਵਿੱਚ

### ਪੁਲੀਸ ਵਲੋਂ ਛਾਪੇ ਮਾਰਕੇ ਗ੍ਰਿਫਤਾਰ ਕੀਤੇ ਗਏ ਕੁਝਕੁ ਸਿੰਘਾਂ ਦੇ ਨਾਉ

### ੧੧ ਮਈ ੧੯੫੫ ਨੂੰ ਪਹਿਲੇ ਛਾਪੇ ਵਿਚ ਗ੍ਰਿਫਤਾਰ ਕੀਤੇ ਸਿੰਘ

ਜਥੇਦਾਰ ਪ੍ਰਲੋਕ ਸਿੰਘ ਪਿਤਾ ਸ: ਸੁੰਦਰ ਸਿੰਘ ਪਿੰਡ ਘੁਮਾਣ ਜ਼ਿਲਾ ਗੁਰਦਾਸਪੁਰ
ਗਿ: ਹਰਬੰਸ ਸਿੰਘ ,, ,, ,, ,,
ਸ. ਸਕੰਦਰ ਸਿੰਘ ਪਿਤਾ ਮਾਲਕ ਸਿੰਘ ,, ਵੀਲਾਬਜੂ ,, ,,
ਸ. ਗੁਰਬਚਨ ਸਿੰਘ ਐਡਵੋਕੇਟ ਪਿਤਾ ਸ. ਭਾਗ ਸਿੰਘ ਐਡਵੋਕੇਟ ਗੁਰਦਾਸ ਪੁਰੀ
ਸ. ਜੋਗਿੰਦਰ ਸਿੰਘ ਰੇਖੀ ਐਡਵੋਕੇਟ, ਜ. ਸ. ਸ੍ਰੋ: ਅਕਾਲੀ ਦਲ (ਅੰਮ੍ਰਿਤਸਰ) ਪੋਠੋਹਾਰ ਗੁਜਰ ਖਾਂਨ
ਸ. ਅਜੀਤ ਸਿੰਘ ਸਰਹਦੀ ਐਡਵੋਕੇਟ ਜਲੰਧਰ
ਜ. ਮੋਹਣ ਸਿੰਘ ਖਾਸ ਜਲੰਧਰ
ਬਾਬਾ ਜੀਵਨ ਸਿੰਘ ਦੁਗਲ ,, ,,

Digitized by Panjab Digital Library | www.panjabdigilib.org

| | | |
|---|---|---|
| ਜ. ਕਲਿਆਨ ਸਿੰਘ ਨਿਧੜਕ | | ਖਾਸ ਜਲੰਧਰ |
| ਜ. ਕਿਸ਼ਨ ਸਿੰਘ | | ,, ,, |
| ਸ. ਗੁਰਬਚਨ ਸਿੰਘ ਗਰੀਬ | | ,, ,, |
| ਗਿ. ਗੁਰਬਚਨ ਸਿੰਘ | ਪਿੰਡ ਖੇੜਾ | ,, ,, |
| ਗਿ. ਭਜਨ ਸਿੰਘ | | ,, ,, |
| ਜ. ਪੂਰਨ ਸਿੰਘ (ਲਾਇਲ ਪੁਰ) | ਕਾਮਾਂ | ,, ,, |
| ਸ. ਜੀਵਨ ਸਿੰਘ ਬਜਾਜ਼ | | ,, ,, |
| ਬਾਬਾ ਤਾਰਾ ਸਿੰਘ | | ,, ,, |
| ਸ. ਹਰਗੁਰ ਅਨਾਦ ਸਿੰਘ | ਪਿੰਡ ਬੰਗਾ | ,, ,, |
| ਗਿ. ਪੂਰਨ ਸਿੰਘ ਹੈਡ ਪ੍ਰਚਾਰਕ ਸ. ਸ਼ੇਰ ਸਿੰਘ | ਉਦੋ ਨਗਲ | ਜ਼ਿਲਾ ਅੰਮ੍ਰਿਤਸਰ |
| ਜ. ਮੋਹਨ ਸਿੰਘ ਪਿਤਾ ਜਗਤ ਸਿੰਘ | ਪਿੰਡ ਤੁੜ | ,, |
| ਸਿੰਘ ਸਾਹਿਬ ਫੌਜਾ ਸਿੰਘ ਜੀ ਜ. ਸ੍ਰੀ ਕੇਸਗੜ ਸਾਹਿਬ | ਪਿੰਡ ਝੀਤੇ | ,, |
| ਸ. ਜੋਗਿੰਦਰ ਸਿੰਘ | ਪਿੰਡ ਮਕੇਰੀਆਂ | ਹੁਸ਼ਿਆਰ ਪੁਰ |
| ਸ. ਕਾਬਲ ਸਿੰਘ ਬੀ. ਏ. | | ,, |
| ਡਾ. ਮਖਣ ਸਿੰਘ ਜ. | | ,, |
| ਸੰਤ ਬਖਤਾਵਰ ਸਿੰਘ ਜੀ ਬਲਾਚੌਰ | | ,, |
| ਸ. ਦੇਵਿੰਦਰ ਸਿੰਘ ਐਮ. ਐਲ. ਏ. | ਪਿੰਡ ਚੜਿਕ | ਜ਼ਿਲਾ ਫੀਰੋਜ਼ ਪੁਰ |
| ਸੰਤ ਕ੍ਰਿਪਾਲ ਸਿੰਘ ਜੀ ਜ: | ,, ਰੋਡੇ | ,, ,, |
| ਗਿ: ਜਾਂਗੀਰ ਸਿੰਘ | ,, | ,, ,, |
| ਜ: ਸੁਚਾ ਸਿੰਘ | ,, | ,, ,, |
| ਸ: ਸੰਤੋਖ ਸਿੰਘ ਬਜਾਜ਼ | ,, | ਅੰਬਾਲਾ |
| ਸ: ਹਰਨਾਮ ਸਿੰਘ ਜ: | | ,, |
| ਸ. ਪ੍ਰਤਾਪ ਸਿੰਘ | ਪਿੰਡ ਕਲਰਹੇੜੀ | ,, |
| ਸ: ਧਰਮ ਸਿੰਘ ਸਹਾਣੀ | ਰੋਪੜ | ,, |
| ਸ: ਪ੍ਰਤਾਪ ਸਿੰਘ ਐਮ. ਐਲ. ਏ. | | ,, |
| ਸ: ਜਾਤਾ ਸਿੰਘ | | ,, |
| ਸ: ਲਛਮਣ ਸਿੰਘ ਜ: | | ,, |
| ਸ: ਸਰਮੁਖ ਸਿੰਘ ਜਨਰਲ ਸਕਤ੍ਰ | | ,, |
| ਹਜ਼ਾਰਾ ਸਿੰਘ ਨਿਰਮਾਨ | | ,, |
| ਸ: ਸਰਦਾਰਾ ਸਿੰਘ | | ਜਗਾਧਰੀ |
| ਸ: ਭੁਪਿੰਦਰ ਸਿੰਘ | | ਜਗਾਧਰੀ |
| ਸਃ ਸੰਤਾ ਸਿੰਘ ਜ: | ਜਾਗੋਵਾਲੀਆ | ਕਰਨਾਲ |
| ਸ: ਰਘਬੀਰ ਸਿੰਘ ਵਿਰਕ | | ,, |

Digitized by Panjab Digital Library | www.panjabdigilib.org

| | | |
|---|---|---|
| ਸ: ਅਵਤਾਰ ਸਿੰਘ ਖਾਲਸਾ, ਪ੍ਰਧਾਨ ਲੋਕਲ ਕਮੇਟੀ | | ਜ਼ਿਲਾ ਕਰਨਾਲ |
| ਗਿ: ਬੀਰ ਸਿੰਘ ਪਿਤਾ ਲਖਾ ਸਿੰਘ ਜੱਥੇਦਾਰ ਸਿਆਹ ਪੋਸ਼ | | ,, |
| ਸ: ਉਜਾਗਰ ਸਿੰਘ (ਉਲਫਤ) ਸ਼ਾਹਬਾਦ ਮਾਰ ਕੰਡਾ | | ,, |
| ਜ: ਹਰਨਾਮ ਸਿੰਘ ਭਾਟੀਆ | | ,, |
| ਗਿ: ਲਛਮਣ ਸਿੰਘ ਗੰਧਰਬ | ਪਿੰਡ ਮਹਮੂਦ ਪੁਰਾ | ਲੁਧਿਆਣਾ |
| ਸ: ਗੁਰਦਿਆਲ ਸਿੰਘ ਪਿਤਾ ਇੰਦਰ ਸਿੰਘ ਝਾਬੇਵਾਲ | | ,, |
| ਜ: ਭਗਤ ਸਿੰਘ | ਪਿੰਡ ਛੰਨਾਵਾਲ | ,, |
| ਕਰਨਲ ਜ਼ੋਰਾਵਰ ਸਿੰਘ | ਮਨਸੀਹਾ ਬਾਜਨ | ,, |
| ਜ: ਜਾਗੀਰ ਸਿੰਘ | ਪਿੰਡ ਗੋਹ | ,, |
| ਸ: ਗੁਰਨਾਮ ਸਿੰਘ | ਘੁੰਗਰਾਣਾ | ,, |
| ਸ. ਸੇਵਾ ਸਿੰਘ ਜ: ਪਿਤਾ ਕਰੋੜਾ ਸਿੰਘ | ਘੁੰਗਰਾਣਾ | ,, |
| ਸ: ਮੋਹਣ ਸਿੰਘ ਪਿਤਾ ਮਤਾਬ ਸਿੰਘ | ,, | ,, |
| ਸ. ਸੁੰਦਰ ਸਿੰਘ | ,, | ,, |
| ਸ: ਕ੍ਰਿਪਾਲ ਸਿੰਘ | ਭਿਖੀ | ,, |
| ਸ: ਸੰਤ ਸਿੰਘ | ਰਸੂਲ ਪੁਰ | ,, |

ਗਿ: ਕਰਤਾਰ ਸਿੰਘ ਜੀ ਜਨਰਲ ਸਕਤਰ ਸ੍ਰੋ: ਅ: ਦਲ, ਹੁਣ ਵਜ਼ੀਰ ਪੰਥ ਪ੍ਰਸਿਧ ਹਸਤੀ
ਪਿਤਾ ਸ. ਭਗਤ ਸਿੰਘ ਲਾਇਲ ਪੁਰੀ
ਲਾਲ ਸਿੰਘ ਜੀ ਬੀਰ ਖਾਲਸਾ ਦਲ

## ਦੂਜਾ ਛਾਪਾ ੧੪ ਮਈ ੧੯੫੫ ਨੂੰ ਫੇਰ ਸਾਰੇ ਪੰਜਾਬ ਵਿਚ

ਪੰਜਾਬ ਸਰਕਾਰ ਦੀ ਪੁਲੀਸ ਨੇ ਛਾਪਾ ਮਾਰਕੇ ਹੇਠ ਲਿਖੇ ਅਕਾਲੀ ਲੀਡਰ ਗ੍ਰਿਫਤਾਰ ਕਰ ਲਏ ।

| | | |
|---|---|---|
| ਸ: ਦਲੀਪ ਸਿੰਘ | ਪਿੰਡ ਕੰਗ | ਜ਼ਿਲਾ ਅੰਬਾਲਾ |
| ਸ੍ਰੀ: ਭਗਤ ਰਾਮ | ਪਿਤਾ ਲੁਬਾਇਆ ਮਲ ਜੀ | ਖਾਸ ਅੰਬਾਲਾ |
| ਡਾ: ਮੋਹਣ ਸਿੰਘ ਸੂਬੇਦਾਰ | | ,, |
| ਸ: ਮਲਕੀਤ ਸਿੰਘ | | ,, |
| ਜ: ਹਰਜੀਤ ਸਿੰਘ | ਪਿੰਡ ਬੜਾਲਾ | ਜ਼ਿਲਾ ਜਲੰਧਰ |
| ਸ: ਦਲੀਪ ਸਿੰਘ ਬਬਰ | ਪਿੰਡ ਗੋਸਲ | ,, |

## ਤੀਜਾ ਛਾਪਾ ੪ ਜੂਨ ੧੯੫੫ ਨੂੰ

ਪੰਜਾਬ ਸਰਕਾਰ ਦੀ ਪੁਲੀਸ ਨੇ ਤੀਜਾ ਛਾਪਾ ਮਾਰਿਆ ਅਤੇ ਇਸ ਛਾਪੇ ਵਿਚ ਹੇਠ ਲਿਖੇ ਸਿੰਘ ਗ੍ਰਿਫਤਾਰ ਕੀਤੇ ।

Digitized by Panjab Digital Library | www.panjabdigilib.org

| | | |
|---|---|---|
| ਸ: ਅਜਮੇਰ ਸਿੰਘ ਐਡਵੋਕੇਟ | | ਲੁਧਿਆਣਾ |
| ਸ: ਗੋਪਾਲ ਸਿੰਘ 'ਖਾਲਸਾ' ਐਮ. ਐਲ. ਏ | | ,, |
| ਸ: ਵਜ਼ੀਰ ਸਿੰਘ ਐਡਵੋਕੇਟ, ਐਮ. ਐਲ. ਏ | | ,, |
| ਸ: ਰਾਮਦਿਆਲ ਸਿੰਘ ਐਮ. ਐਲ. ਸੀ | | ,, |
| ਸ: ਰਣਜੀਤ ਸਿੰਘ ਨਾਜ਼ | | ,, |
| ਸ: ਸੁਰਜਣ ਸਿੰਘ ਠੇਕੇਦਾਰ ਵਰਕਿੰਗ ਮੈ: ਸੂ: ਅਕਾਲੀ ਦਲ | | ,, |
| ਸ: ਪ੍ਰੀਤਮ ਸਿੰਘ ਮਾਲਕ ਪ੍ਰੀਤਮ ਬੁਕ ਸਟਾਲ | | ,, |
| ਸ: ਸੰਤ ਸਿੰਘ ਗੁਜਰਖਾਨੀ | | ,, |
| ਸ: ਜੋਧ ਸਿੰਘ ਠੇਕੇਦਾਰ | | ,, |
| ਸ: ਸ਼ੇਰ ਸਿੰਘ ਬਬਰ | | ,, |
| ਗਿ: ਹਰਭਗਤ ਸਿੰਘ ਨਿਹੰਗ | | ,, |
| ਜ: ਵਜ਼ੀਰ ਸਿੰਘ ਕੈਮਲ ਪੁਰੀ | | ,, |
| ਪ੍ਰੋ: ਤ੍ਰਲੋਕ ਸਿੰਘ ਐਮ. ਏ., ਐਲ. ਐਲ. ਬੀ. | ਰਾਇਕੋਟ | ,, |
| ਸ, ਕਰਨੈਲ ਸਿੰਘ | ਰਾਇਕੋਟ | ,, |
| ਸ: ਹਰਨਾਮ ਸਿੰਘ | ਮਾਛੀਵਾੜਾ | ,, |
| ਸ. ਰਾਮ ਸਿੰਘ ਢਾਡੀ | ਪਿੰਡ ਝਾਬੇਵਾਲ | ,, |
| ਸ. ਦਲੀਪ ਸਿੰਘ ਸੂਦਨ | | ,, |
| ਬਾਬਾ ਛਾਂਗਾ ਸਿੰਘ | ਮੁਲਾਂਪੁਰ | ,, |
| ਵੈਦ ਕੇਸਰ ਸਿੰਘ ਨਿਹੰਗ ਸਿੰਘ ਪਿਤਾ ਕਰਮ ਸਿੰਘ | | ,, |
| ਸ: ਜਵੰਦ ਸਿੰਘ ਠੇਕੇਦਾਰ ਪਿਤਾ ਸਰਬ ਸਿੰਘ | | ,, |
| ਸ: ਬਚਨ ਸਿੰਘ ਬ੍ਰਿਕ ਸਕਤ੍ਰ ਅਕਾਲੀ ਜਥਾ ਤਹਿਸੀਲ ਜਗਰਾਉਂ | | ਲੁਧਿਆਣਾ |
| ਸ: ਜੋਗਿੰਦਰ ਸਿੰਘ ਟੇਲਰ ਮਾਸਟਰ ਪਿਤਾ ਕਾਲਾ ਸਿੰਘ ਅੱਡਾਦਾਖਾ | | ,, |
| ਗਿ: ਜਗਤਾਰ ਸਿੰਘ ਸਰਸਾ ਜੱਨਰਲ ਸਕੱਤਰ ਅਕਾਲੀ ਜਥਾ ਜ਼ਿਲਾ ਹਿਸਾਰ | | ,, |
| ਰਾਮ ਚੰਦ ਸੇਠੀ, ਹਰਭਗਤ ਸੇਠੀ ਦੜਬੀ | | ਸਰਸਾ |
| ਜ: ਜੀਵਾ ਸਿੰਘ | | ,, |
| ਸ: ਸਰਮੁਖ ਸਿੰਘ ਐਡਵੋਕੇਟ ਪਿਤਾ ਸੰਤ ਸਿੰਘ | ਰੋਪੜ | ਅੰਬਾਲਾ |
| ਡਾ: ਸੰਤੋਖ ਸਿੰਘ ਜਥੇਦਾਰ | | ਹੁਸ਼ਿਆਰਪੁਰ |
| ਸ: ਅਨੂਪ ਸਿੰਘ ਮੀਤ ਸਕੱਤ੍ਰ ਗੁਰੂ ਸਿੰਘ ਸਭਾ | ਧਰਮਸਾਲਾ | ਧਰਮਸਾਲਾ |
| ਸ: ਗੁਰਚਰਨ ਸਿੰਘ ਜਮਾਂਦਾਰ | | ਧਰਮਸਾਲਾ |

ਸ: ਗੁਰਮੁਖ ਸਿੰਘ ਜੀ ਪ੍ਰਧਾਨ ਰਃ ਗੁਰਦਵਾਰਾ ਤੇ ਦਸਤਕਾਰੀ ਸਕੂਲ ਕਮੇਟੀ ਲੁਧਿਆਣਾ
ਸ: ਮਹਿੰਦਰ ਸਿੰਘ ਜੀ ਜਨਰਲ ਸਕੱਤਰ ਰਾਮਗੜੀਆ ,, ,, ,,
ਸ: ਹਜ਼ੂਰਾ ਸਿੰਘ ਪ੍ਰੋ: ਮਾਲਵਾ ਮਕੈਨੀਕਲ ਵਰਕਸ ਗਿੱਲ ਰੋਡ ਲੁਧਿਆਣਾ
ਸਃ ਉਤਮ ਸਿੰਘ ਜੀ 'ਲਿਖਾਰੀ' ਆਫਸ ਸਕੱਤਰ ਰਾ: ਹਾਈ ਸਕੂਲ ਲੁਧਿਆਣਾ

Digitized by Panjab Digital Library | www.panjabdigilib.org

ਸ: ਪ੍ਰੀਤਮ ਸਿੰਘ ਜੀ ਮਿਲਰ ਗੰਜ ਲੁਧਿਆਣਾ

ਇਹਨਾਂ ਉਪ੍ਰੋਕਤ ਧਾਵਿਆਂ ਤੋਂ ਛੁਟ ਹੇਠ ਲਿਖੇ ਅਕਾਲੀਆਂ ਨੂੰ ਅੱਡ ਅੱਡ ਤਾਰੀਖਾਂ ਤੇ ਵਾਰੰਟਾਂ ਦੁਆਰਾ ਗ੍ਰਿਫਤਾਰ ਕਰ ਲਿਆ ਗਿਆ ।

ਚੌਧਰੀ ਕਰਤਾਰ ਸਿੰਘ ਐਮ. ਐਲ. ਸੀ. ਜ਼ਿਲਾ ਹੁਸ਼ਿਆਰ ਪੁਰ
ਸ: ਬੁਧ ਸਿੰਘ ਢਾਹਾ ,, ਜਲੰਧਰ
ਸ: ਜੋਗਿੰਦਰ ਸਿੰਘ ਪਿਤਾ ਬਲਵੰਤ ਸਿੰਘ ਪਕੀਮਾ ,, ਗੁਰਦਾਸ ਪੁਰ
ਜ: ਉਜਾਗਰ ਸਿੰਘ ਪਿਤਾ ਅਛਰ ਸਿੰਘ ਸੋਖਮਾਂ ਮੀਤ ਜ: ਅ: ਜ: ,, ,,
ਠੇਕੇਦਾਰ ਬਲਵੰਤ ਸਿੰਘ ਪਿਤਾ ਦੇਵਾ ਸਿੰਘ ਧਾਰੀਵਾਲ ,, ,,
ਜ: ਕੇਸਰ ਸਿੰਘ ਪਠਾਨਕੋਟ ,, ,,
ਗਿ: ਪ੍ਰਤਾਪ ਸਿੰਘ ਮੈ: ਸ਼੍ਰੋ: ਗੁ: ਪ੍ਰ: ਕਮੇਟੀ ,, ,,
ਸ: ਹਵੇਲਾ ਸਿੰਘ ਪਿਤਾ ਭਗਵਾਨ ਸਿੰਘ ਬੁਟਰ ,, ,,
ਸ: ਤੇਜਾ ਸਿੰਘ ਪਿਤਾ ਹਾਕਮ ਸਿੰਘ ਸਰੂਪਵਾਲੀ ,, ,,
ਗਿ: ਕੁੰਦਨ ਸਿੰਘ ਘਨੀਂਏਕੇ ਬਾਂਗਰ ,, ,,
ਸ: ਨਿਰੰਜਨ ਸਿੰਘ ਪਿਤਾ ਕਿਸ਼ਨ ਸਿੰਘ ਜੱ: ਅ: ਜ: ਬਦੋਵਾਲ ,, ,,
ਜੱਥੇਦਾਰ ਇੰਦਰ ਸਿੰਘ ਸ਼ਾਹਪੁਰ ਗੁਰਾਇਆਂ ,, ,,
ਸ: ਸਕੰਦਰ ਸਿੰਘ ਜ਼ੈਲਦਾਰ ਪਿਤਾ ਮਲਕ ਸਿੰਘ ਬੀਲਾਬਾਜੂ ,, ,,
ਸ: ਲਾਭ ਸਿੰਘ ਫਖਰ, ਸ਼ਿਵਦੇਵ ਸਿੰਘ ,, ,,
ਗਿ: ਜੰਗ ਸਿੰਘ ਪਿਤਾ ਮੇਹਰ ਸਿੰਘ ਮਾਤਾ ਜਸਵੰਤ ਕੌਰ ਪਿੰਡ ਝਾੜੋ, ਤਹਿਸੀਲ ਸਨਾਮ, ਜ਼ਿਲਾ ਸੰਗਰੂਰ
ਜਥੇਦਾਰ ਸੁਦਾਗਰ ਸਿੰਘ ਪਿਤਾ ਵੀਰ ਸਿੰਘ ਮਾਤਾ ਹਰਨਾਮ ਕੌਰ ਪਿੰਡ ਕਲੇਰ ਤਹਿਸੀਲ ਜਗਰਾਉਂ, ਜ਼ਿਲਾ ਲੁਧਿਆਣਾ
ਭਾਈ ਪ੍ਰੀਤਮ ਸਿੰਘ ਪਿਤਾ ਮਲ ਸਿੰਘ ਮਾਤਾ ਹਰਨਾਮ ਕੌਰ ਪਿੰਡ ਫਤੇਹਗੜ੍ਹ ਸਿਵੀਆਂ, ਜਗਰਾਉਂ, ਲੁਧਿਆਣਾ
ਜਥੇਦਾਰ ਗੁਰਦਿਆਲ ਸਿੰਘ ਪਿਤਾ ਸੁੰਦਰ ਸਿੰਘ ਪਿੰਡ ਗਾਲਬ, (ਰਣ ਸਿੰਘ) ਤਹਿਸੀਲ ਜਗਰਾਉਂ, ਜ਼ਿਲਾ ਲੁਧਿਆਣਾ ਸਜਾ ਇਕ ਵਾਰ ਪੰਜਾਬੀ ਸੂਬਾ
ਹਰਬੰਸ ਸਿੰਘ ਪਿਤਾ ਆਸਾ ਸਿੰਘ ਮਾਤਾ ਅੰਨਦ ਕੌਰ ਪਿੰਡ ਮਨਸੀਹਾਂ ਬਾਜਨ ਤਹਿਸੀਲ ਜਗਰਾਂਉਂ ਲੁਧਿਆਣਾ
ਗੁਰਮੁਖ ਸਿੰਘ ਪਿਤਾ ਸੁਧ ਸਿੰਘ ਮਨਸੀਹਾਂ
ਈਸ਼ਰ ਸਿੰਘ ਪਿਤਾ ਸਾਹਿਬ ਸਿੰਘ ਮਾਤਾ ਮਤਾਬ ਕੌਰ ਮਨਸੀਹਾਂ
ਨਿਰੰਜਨ ਸਿੰਘ ਪਿਤਾ ਧਿਆਨ ਸਿੰਘ ਸਿਧਵਾਂ ਬੇਟ
ਸ: ਰਤਨ ਸਿੰਘ ਐਮ. ਐਲ. ਏ. ਪਿਤਾ ਨਥਾ ਸਿੰਘ ਮਾਤਾ ਬੁਧ ਕੌਰ ਲੋਹਗੜ੍ਹ
ਮਹੰਤ ਗੁਰਦਿਆਲ ਸਿੰਘ ਮਹੰਤ ਗੁਰਦੁਆਰਾ ,,

Digitized by Panjab Digital Library | www.panjabdigilib.org

| | | |
|---|---|---|
| ਸ: ਨਰੰਜਣ ਸਿੰਘ ਪਿਤਾ ਪ੍ਰਤਾਪ ਸਿੰਘ ਮਾਤਾ ਮਹਾਂ ਕੌਰ | | ਲੋਹਗੜ |
| ਸ: ਸੰਤੋਖ ਸਿੰਘ ਪਿਤਾ ਸੰਤਾ ਸਿੰਘ ਮਾਤਾ ਰਾਜ ਕੌਰ | | ,, |
| ਸ: ਅਰਜਨ ਸਿੰਘ ਪਿਤਾ ਨਥਾ ਸਿੰਘ ਮਾਤਾ ਗੰਗੀ | | ,, |
| ਸ: ਰਾਮ ਸਿੰਘ ਪਿਤਾ ਦੇਵਾ ਸਿੰਘ ਮਾਤਾ ਜਿਓਣ ਕੌਰ | | ,, |
| ਨਿਹੰਗ ਕਰਤਾਰ ਸਿੰਘ ਪਿਤਾ ਇੰਦ੍ਰ ਸਿੰਘ ਨਿਹੰਗ, ਮਾਤਾ ਮਹਾਂ ਕੌਰ | | ,, |
| ਸ: ਗੁਰਬਖਸ ਸਿੰਘ ਪਿਤਾ ਜਿਓਣ ਸਿੰਘ ਮਾਤਾ ਜੈ ਕੌਰ | | ,, |
| ਸ; ਜੰਗ ਸਿੰਘ ਪਿਤਾ ਸੋਭਾ ਸਿੰਘ ਮਾਤਾ ਪੰਜਾਬ ਕੌਰ | | ,, |
| ਸ: ਮਹਿੰਗਾ ਸਿੰਘ ਪਿਤਾ ਚੰਦਾ ਸਿੰਘ ਮਾਤਾ ਗੁਲਾਬ ਕੌਰ | | ,, |
| ਜਥੇਦਾਰ ਤਾਰਾ ਸਿੰਘ ਪਿਤਾ ਸੁੰਦਰ ਸਿੰਘ ਮਾਤਾ ਤੇਜ ਕੌਰ | | ਪਿੰਡ ਮੋਗਾ ਜੇਹਲ ੩ ਦਫਾ |
| ਸ: ਮੁਖਤਿਆਰ ਸਿੰਘ ਐਮ. ਐਲ. ਏ. | | ਧਰਮ ਕੋਟ |
| ਸ: ਤਾਰਾ ਸਿੰਘ ਪਿਤਾ ਬੂਟਾ ਸਿੰਘ | | ਸੁਖਾਨੰਦ, ਮੋਗਾ ਫੀਰੋਜ਼ ਪੁਰ |
| ਸ: ਮੱਸਾ ਸਿੰਘ ਪਿਤਾ ਫੁਮਣ ਸਿੰਘ ਮਾਤਾ ਅਤਰ ਕੌਰ | | ਇੰਦਗੜ੍ਹ |
| ਸ: ਪ੍ਰੇਮ ਸਿੰਘ ਪਿਤਾ ਚੰਨਣ ਸਿੰਘ ਮਾਤਾ ਰੂੜ ਕੌਰ | | ਦਾਇਆ ਕਲਾਂ |
| ਸ: ਨਿਰੰਜਣ ਸਿੰਘ ਪਿਤਾ ਭਗਵਾਨ ਸਿੰਘ ਮਾਤਾ ਚੰਦ ਕੌਰ | | ਦਾਇਆ ਕਲਾਂ |
| ਸ: ਸੁਚਾ ਸਿੰਘ ਪਿਤਾ ਕਿਸ਼ਨ ਸਿੰਘ ਮਾਤਾ ਹਰ ਕੌਰ | | ਚੁੱਗਾ |
| ਸ: ਕ੍ਰਿਪਾਲ ਸਿੰਘ ਪਿਤਾ ਹਜ਼ਾਰਾ ਸਿੰਘ | | ਰੋਡੇ |
| ਜਥੇਦਾਰ ਦੁਲਾ ਸਿੰਘ ਪਿਤਾ ਬੂੜ ਸਿੰਘ | | ਰੋਡੇ |
| ਜਥੇਦਾਰ ਹਰਬੰਸ ਸਿੰਘ ਜੀ ਘੁਮਾਣ ਜਥੇਦਾਰ ਜ਼ਿਲਾ ਅਕਾਲੀ ਜਥਾ ਜ਼ਿਲਾ | | ਗੁਰਦਾਸਪੁਰ |
| ਗਿ: ਪ੍ਰਤਾਪ ਸਿੰਘ ਜੀ ਮੈਂਬਰ ਸ੍ਰੋ: ਗੁ: ਪ੍ਰ: ਕਮੇਟੀ | | ,, |
| ਜਥੇਦਾਰ ਕੇਸਰ ਸਿੰਘ ਪਠਾਨ ਕੋਟ | | ,, |
| ਗਿ: ਕੁੰਦਨ ਸਿੰਘ ਘਣੀਏਂਕੇ ਬਾਂਗਰ | | ,, |
| ਜਥੇਦਾਰ ਇੰਦਰ ਸਿੰਘ ਸ਼ਾਹਪੁਰ ਗੁਰਾਇਆ | | ,, |
| ਜਥੇਦਾਰ ਭਗਤ ਸਿੰਘ | ਛੱਜਾਵਾਲ | ਤਹਿਸੀਲ ਜਗਰਾਉਂ |
| ਸ: ਮਿਤ ਸਿੰਘ ਚੀਮਾ ਪ੍ਰਧਾਨ ਗੁ: | | ,, ,, |
| ਜ. ਕਰਤਾਰ ਸਿੰਘ ਜੀ | | ,, ,, |
| ਸ: ਪਿਆਰਾ ਸਿੰਘ ਲਾਇਲ ਪੁਰੀ | | ,, ,, |
| ਸ: ਬੁਧ ਸਿੰਘ ਜੀ ਝਟਕਈ | | ,, ,, |
| ਸ: ਹਰਨਾਮ ਸਿੰਘ ਸਿਰਪੰਚ | ਕਮਾਲਪੁਰਾ | ,, ,, |
| ਸ: ਚੰਨਣ ਸਿੰਘ ਜੀ | ,, | ,, ,, |
| ਸ: ਰਾਮ ਸਿੰਘ ਜੀ ਅਕਾਲੀ | ,, | ,, ,, |
| ਸ: ਪ੍ਰੇਮ ਸਿੰਘ ਜੀ | ,, | ,, ,, |
| ਅਕਾਲੀ ਜਗੀਰ ਸਿੰਘ ਜੀ | ਢੋਲਣ | ,, ,, |
| ਜ: ਕਰਤਾਰ ਸਿੰਘ ਜੀ | ਚੱਕਰ | ,, ,, |

Digitized by Panjab Digital Library | www.panjabdigilib.org

| | | | |
|---|---|---|---|
| ਅਕਾਲੀ ਉਜਾਗਰ ਸਿੰਘ ਜੀ | ,, | ਚਕਰ | ਲੁਧਿਆਣਾ |
| ਜੱ: ਦਲੀਪ ਸਿੰਘ ਜੀ ਸਰਪੰਚ (ਨੰਬਰਦਾਰ) | ਤਲਵੰਡੀ ਵੱਡੀ | ,, | ,, |
| ਜ: ਬਲਵੰਤ ਸਿੰਘ ਅਕਾਲੀ | ,, | ,, | ,, |
| ਸੰਤ ਸ਼ੇਰ ਸਿੰਘ ਜੀ ਨਿਹੰਗ | ,, | ,, | ,, |
| ਸ: ਸੋਹਨ ਸਿੰਘ ਜੀ | ਸਵਦੀ ਵਡੀ | ,, | ,, |
| ਸ: ਹਰਬੰਸ ਸਿੰਘ ਜੀ | ਮਨਸੀਹਾਂ ਬਾਜਨ | ,, | ,, |
| ਜ: ਨੱਥਾ ਸਿੰਘ ਜੀ | ਬਿਰਕ | ,, | ,, |
| ਜ: ਸ਼ੇਰ ਸਿੰਘ ਜੀ ਮੈਂਬਰ ਸ਼੍ਰੋਮਣੀ ਕਮੇਟੀ | ਮਾਣੂਕੇ | ,, | ,, |
| ਸ: ਜਗਦੇਵ ਸਿੰਘ ਪਿਤਾ ਜ: ਛਾਂਗਾ ਸਿੰਘ | ਰਾਇਕੋਟ | ,, | ,, |
| ਸੰਤ ਤੇਜਾ ਸਿੰਘ | ,, | ,, | ,, |
| ਸ: ਠਾਕਰ ਸਿੰਘ | | ,, | ,, |
| ਜ: ਚੰਨਣ ਸਿੰਘ ਜੀ | ਸੂਜਾਪੁਰ | ਤਹਿਸੀਲ | ਜਗਰਾਉਂ |
| ਸ: ਸੁਦਾਗਰ ਸਿੰਘ ਜੀ | ਕਲੇਰ | ,, | ,, |
| ਸ: ਤਾਰਾ ਸਿੰਘ ਜੀ | ਮੋਰਕਰੀਮਾ | ,, | ,, |
| ਸ: ਤਾਰਾ ਸਿੰਘ ਜੀ | ਬੋਪਾਰਾਇ ਕਲਾਂ | ,, | ,, |
| ਸ: ਮਸਤਾਨਾ ਸਿੰਘ | ,, | ,, | ,, |
| ਜ: ਸੁੰਦਰ ਸਿੰਘ ਅਕਾਲੀ | ,, | | ਲੁਧਿਆਣਾ |
| ਸ: ਪ੍ਰੇਮ ਸਿੰਘ ਪਿਤਾ ਸ਼ੇਰ ਸਿੰਘ ਜੀ | | | ਜਗਰਾਉਂ |
| ਜ: ਇੰਜਨ ਸਿੰਘ ਜੀ ਜਗਰਾਉਂ | | | ,, |
| ਗਿਆਨ ਧਰਮ ਸਿੰਘ ਜੀ | | | ਲੁਧਿਆਣਾ |

ਇਨਾਂ ਉਪਰ ਲਿਖੇ ਸਾਰੇ ਸਜਨਾਂ ਨੂੰ ਸਿਕਉਰਟੀ ਐਕਟ ਦੀ ਦਫ਼ਾ ੩ ਤੇ ੭ ਦੇ ਤਹਿਤ ਗ੍ਰਿਫ਼ਤਾਰ ਕਰਕੇ ਨਜ਼ਰ ਬੰਦ ਕੀਤਾ ਗਿਆ। ਤੇ ਇਹ ਐਕਟ ਸਾਡੀ ਘਰ ਦੀ ਸਰਕਾਰ ਨੇ ਨਜ਼ਰ ਬੰਦੀ ਸਬੰਧੀ ਕਾਲੇ ਕਾਨੂੰਨ ਦੇ ਰੂਪ ਵਿਚ ਬਣਾਇਆ ਸੀ। ਜਿਸ ਅਨੁਸਾਰ ਦੋਸ਼ੀ ਨੂੰ ਬਗੈਰ ਮੁਕਦਮਾ ਤੇ ਬਗੈਰ ਵਕੀਲ ਤੇ ਦਲੀਲ ਦੇ ਜਿਤਨਾ ਅਰਸਾ ਸਰਕਾਰ ਰਖਣਾ ਚਾਹੇ ਰਖ ਸਕਦੀ ਹੈ।

ਇਸ ਮੋਰਚੇ ਵਿਚ ਗ੍ਰਿਫ਼ਤਾਰ ਹੋਣ ਵਾਲੇ ਕੁਝਕੁ ਸਜਨਾਂ ਦੇ ਸੰਖੇਪ ਜੀਵਨ

# ਕਰਨਲ ਭਾਈ ਜ਼ੋਰਾਵਰ ਸਿੰਘ ਜੀ

ਆਪ ਜੀ ਦਾ ਜਨਮ ਪਿੰਡ ਲਤੀਫਾਲ ਤਹਿਸੀਲ ਚਕਵਾਲ ਇਲਾਕਾ ਧਨੀ ਜ਼ਿਲਾ ਜੇਹਲਮ (ਪਾਕਿਸਤਾਨ) ਵਿਚ ਹੋਇਆ।

ਗੁਰੂ ਘਰ ਨਾਲ ਸਬੰਧ

ਆਪ ਜੀ ਦੇ ਪ੍ਰਮਸਤਕਾਰ ਯੋਗ ਵਡੇਰੇ ਚੋਧਰੀ ਘਨੀ ਸ਼ਾਮ ਦਾਸ ਜੀ ਨੇ ਸ੍ਰੀ ਗੁਰੂ ਗੋਬਿੰਦ

Digitized by Panjab Digital Library | www.panjabdigilib.org

ਸਿੰਘ ਜੀ ਦੇ ਮੁਬਾਰਕ ਹਸਤ ਕਮਲਾਂ ਤੋਂ ਅੰਮ੍ਰਿਤ ਪਾਨ ਕਰਨ ਦਾ ਮਾਣ ਪ੍ਰਾਪਤ ਹੋਇਆ ਅਤੇ ਨਾਮ ਹੁਣ ਘਣਾ ਸਿੰਘ ਰਖਿਆ ਗਿਆ। ਹਜ਼ੂਰ ਨੇ ਇਨ੍ਹਾਂ ਦੀ ਸਿੱਖੀ ਸਿਦਕ ਤੇ ਨਿਸਕਾਮ ਸੇਵਾ ਤੇ ਅਤਿ ਪ੍ਰਸੰਨ ਹੋਕੇ, ਚੌਧਰੀ ਨੂੰ ਭਾਈ ਪਦਵੀ ਨਾਲ ਨਿਵਾਜਿਆ। ਅਜ ਤਕ ਆਪ ਦਾ ਘਰਾਣਾ ਭਾਈ ਪਦ ਨਾਲ ਸਤਕਾਰਿਆ ਜਾਂਦਾ ਹੈ ਅਤੇ ਭਾਈ ਸੰਤੋਖ ਸਿੰਘ ਜੀ ਕਰਤਾ ਸੂਰਜ ਪ੍ਰਕਾਸ਼ ਦੀ ਲਿਖਤ ਤੋਂ ਪ੍ਰਸਿਧ ਹੁੰਦਾ ਹੈ ਕਿ ਆਪਦੇ ਬਜ਼ੁਰਗਾਂ ਨੇ ਸ੍ਰੀ ਮੁਕਤਸਰ ਦੇ ਜੰਗ ਵਿਚ ਸ਼ਹੀਦੀ ਪ੍ਰਾਪਤ ਕੀਤੀ

ਆਪ ਦੇ ਵਡੇਰੇ ਭਾਈ ਰੈਣਾ ਸਿੰਘ ਜੀ ਨੇ ਮਹਾਰਾਜਾ ਸ਼ੇਰੇ ਪੰਜਾਬ ਰਣਜੀਤ ਸਿੰਘ ਜੀ ਦੀ ਫੌਜ ਵਿਚ ਨੌਕਰੀ ਕੀਤੀ। ਨੌਕਰੀ ਦੇ ਦੌਰਾਨ ਬਹੁਤ ਚੰਗੇ ਚੰਗੇ ਕੰਮ ਕਰਨ ਤੇ ਸੇਵਾ ਤੋਂ ਪ੍ਰਸੰਨ ਹੋਕੇ, ਮਹਾਰਾਜਾ ਨੇ ਇਲਾਕਾ ਸੁਹਾਂ ਜ਼ਿਲ੍ਹਾ ਕੈਮਲਪੁਰ ਅਟਕ (ਪਾਕਿਸਤਾਨ) ਦਾ ਕਾਰ ਦਾਰ ਨਿਯਤ ਕਰ ਦਿਤਾ। ਉਸੇ ਇਲਾਕੇ ਦੇ ਕਈ ਪਿੰਡ ਇਨਾਮ ਵਜੋਂ ਜਾਗੀਰ ਦਿਤੇ। ਜਿਨ੍ਹਾਂ ਚੋਂ ਅੰਗ੍ਰੇਜ਼ੀ ਰਾਜ ਵੇਲੇ ਸਿਰਫ ਇਕ ਪਿੰਡ ਮਿਜਾਕਾ ਥਾਣਾ ਦੌਤਰਾਂ ਤਹਿਸੀਲ ਫਤਹਿ ਜੰਗ ਹੀ ਰਹਿ ਗਿਆ।

ਖਾਲਸਾ ਰਾਜ ਦਰਬਾਰ ਵਲੋਂ ਮਾਨ ਪੱਤਰ ਭੀ ਏਸੇ ਘਰਾਣੇ ਨੂੰ ਪ੍ਰਾਪਤ ਹੁੰਦੇ ਰਹੇ।

ਆਪ ਜੀ ਦਾ ਨਾਨਕਾ ਘਰ ਮੁਯਾਲ ਛਿਬਰ ਕਿਰਯਾਲਾ ਨਿਵਾਸੀ ਤਹਿਸੀਲ ਚਕਵਾਲ ਜ਼ਿਲਾ ਜੇਹਲਮ (ਪਾਕਿਸਤਾਨ ਵਿਚ) ਭੀ ਬੜਾ ਪ੍ਰਸਿਧ ਹੈ। ਕਿਉਂਕਿ ਇਸੇ ਘਰਾਣੇ ਦੇ ਪ੍ਰਸਿਧ ਭਾਈ ਮਤੀ ਦਾਸ ਜੀ ਨੇ ਦਿਲੀ ਵਿਚ ਸ੍ਰੀ ਗੁਰ ਤੇਗ ਬਹਾਦਰ ਹਿੰਦ ਦੀ ਚਾਦਰ ਜੀ ਦੀ ਅਰਦਲ ਵਿਚ ਹੀ ਸ਼ਹੀਦੀ ਪ੍ਰਾਪਤ ਕੀਤੀ ਸੀ। ਮੌਜੂਦਾ ਅਜ਼ਾਦੀ ਵਿਚ ਭੀ ਇਸ ਘਰਾਣੇ ਨੇ ਅਗੇ ਹੋਕੇ ਸੇਵਾ ਕੀਤੀ ਹੈ। ਭਾਈ ਬਾਲ ਮੁਕੰਦ ਛਿੱਬਰ ਨੂੰ ਲਾਰਡ ਹਾਰਡਿੰਗ ਬੰਬ ਕੇਸ ਦਿਲੀ ੧੯੧੧-੧੨ ਵਿਚ ਫਾਂਸੀ ਤੇ ਲਟਕਾ ਕੇ ਸ਼ਹੀਦ ਕੀਤਾ ਗਿਆ। ਤਦਹੀ ਕਰਨਲ ਜੋਰਾਵਰ ਸਿੰਘ ਵਿੱਚ ਕੁਰਬਾਨੀ ਦਾ ਖ਼ੂਨ ਖੌਲਦਾ ਹੈ ਆਪ ਅੰਗ੍ਰੇਜ਼ੀ ਰਾਜ ਵਿਚ ਇੰਡੀਅਨ ਆਰਮੀ ਵਿਚ ਵਾਈਸਰੀ ਗਲ ਕਮਿਸ਼ਨ ਆਫਸਰ ਭਰਤੀ ਹੋਕੇ ਲੈਫਟੀਨਿੰਟ ਕਰਨਲ ਆਫੀਸਰ ਕਮਾਂਡਿੰਗ ਦੇ ਔਹਦੇ ਤਕ ਪੁਜੇ। ਅੰਗ੍ਰੇਜ਼ ਦੀ ਛੇਕੜਲੀ ਦੂਜੀ ਵਡੀ ਜੰਗ ਵਿਚ ਇਟਲੀ ਦੇ ਮੈਦਾਨੇ ਜੰਗ ਵਿਚ ਬਰਫਾਂ ਵਿਚ ਖੜੇ ਰਹਿਣ ਕਾਰਣ ਫਰਾਸ ਬਾਈਟ ਦੀ ਤਕਲੀਫ ਹੋ ਗਈ ਜਿਸ ਕਰਕੇ ਛੇਤੀ ਹੀ ਪੈਨਸ਼ਿਨ ਹੋ ਗਈ। ਅਤੇ ਪਾਕਿਸਤਾਨ ਦੀ ਵੰਡ ਤੋਂ ਮਗਰੋਂ ਆਪ ਜੀ ਨੂੰ ਪਿੰਡ ਮਨਸੀਹਾਂ ਬਾਜਨ, ਇਲਾਕਾ ਤਿਹਾੜਾ ਥਾਣਾ ਸਿਧਵਾਂ ਬੇਟ ਤਹਿਸੀਲ ਜਗਰਾਉਂ ਜ਼ਿਲ੍ਹਾ ਲੁਧਿਆਣਾ ਵਿਚ ਜ਼ਮੀਨ ਇਲਾਟ ਹੋਈ ਹੈ। ਇਲਾਕਾ ਨਿਵਾਸੀਆਂ ਨੇ ਆਪ ਜੀ ਨੂੰ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਮੈਂਬਰ ਚੁਣ ਕੇ ਆਪਣੇ ਪਿਆਰ ਤੇ ਸਬੂਤ ਦਿਤਾ।

੫ ਜੂਨ ੧੯੫੫ ਈ: ਨੂੰ ਦਫਾ ੩ ਹਫਾਜਤੀ ਨਜ਼ਰਬੰਦੀ ਕਾਨੂੰਨ ਵਿਚ ਪੰਜਾਬੀ ਸੂਬੇ ਦੇ ਨਾਹਰੇ ਦੀ ਪਾਬੰਦੀ ਦੇ ਸਬੰਧੀ ਗਿਫਤਾਰ ਕਰਕੇ ਲੁਧਿਆਣੇ ਜੇਹਲ ਅੰਦਰ ਭੇਜੇ ਗਏ। ਮੋਰਚਾ ਫਤਹਿ ਹੋਣ ਤੇ ਪੂਰਨ ਅਜ਼ਾਦੀ ਨਾਲ ਰਿਹਾ ਹੋਕੇ ਪਿੰਡ ਆਏ। ਆਪਜੀ ਦੀ ਪ੍ਰੇਰਨਾ ਅਨੁਸਾਰ ਸਿਧਵਾਂ ਤੋਂ ਤਿਹਾੜੇ ਤਕ ਪਕੀ ਸੜਕ ਦਾ ਟੋਟਾ ਬਣ ਰਿਹਾ ਹੈ ਅਤੇ ਆਪਦੀ ਹੀ ਪ੍ਰੇਰਨਾ ਨਾਲ ਸਾ: ਬਹਾਦਰ ਭਗਤ ਸਿੰਘ ਖਾਲਸਾ ਹਾਈ ਸਕੂਲ (ਲਾਹੌਰ) ਜਗਰਾਉਂ ਏਥੇ ਲੇਆਂਦਾ ਗਿਆ। ਆਪ ਇਲਾਕੇ ਵਿੱਚ ਹਰਮਨ ਪਿਆਰੇ ਹਨ।

Digitized by Panjab Digital Library | www.panjabdigilib.org

ਆਪ ਸਭ ਦੇ ਸਾਂਝੇ ਹੋਣ ਤੇ ਇਲਾਕਾ ਸੁਖੀ ਵਸ ਰਿਹਾ ਹੈ। ਦਾਸ ( ਲਿਖਾਰੀ ) ਨਾਲ ਆਪ ਜੀ ਦਾ ਗੂੜਾ ਪਿਆਰ ਹੈ।

## ਪ੍ਰੋਫੈਸਰ ਤਰਲੋਕ ਸਿੰਘ ਜੀ ਰਾਏ ਕੋਟ

ਆਪ ਜੀ ਦਾ ਜਨਮ ੧੯੧੪-੧੫ ਈ: ਨੂੰ ਜ਼ਿਲਾ ਲਾਇਲਪੁਰ ਵਿਖੇ ਹੋਇਆ। ਆਪਦਾ ਪਿਛੋਕੜਲਾ ਪਿੰਡ ਆਬਾਈ ਰਾਏ ਕੋਟ ਕੋਲ ਹੈ।

ਵਿਦਿਆ :-- ਐਮ. ਏ. ਐਲ. ਐਲ. ਬੀ ਤਕ ਹੈ।

੧੯੪੭ ਦੇ ਦੇਸ਼ ਵਟਾਂਦਰੇ ਦੀ ਮੁਸੀਬਤ ਵਿਚ ਆਪ ਜੀ ਨੇ ਜੋ ਲਾਇਲਪੁਰ ਕੈਂਪ ਵਿੱਚ ਮੁਸੀਬਤ ਮਾਰੇ ਕੈਂਪ ਵਾਸੀਆਂ ਦੀ ਸੇਵਾ ਕੀਤੀ ਹੈ। ਉਸ ਦੀ ਸ਼ਲਾਘਾ ਲਾਇਲਪੁਰੀ ਬਹੁਤ ਕਰਦੇ ਹਨ। ਅਤੇ ਰੀਫੀਊਜੀਆਂ ਦੇ ਕਾਫਲੇ ਨਾਲ ਏਧਰ ਆਕੇ ਆਪ ਰੋਹਤਕ ਰੀਫੀਊਜੀ ਕੈਂਪ ਦੇ ਕਮਾਂਡਰ ਰਹੇ ਜਿਥੇ ਪੌਣੇ ਦੋ ਸਾਲ ਰਜ ਰਜ ਕੇ ਸੇਵਾ ਕੀਤੀ।

ਆਪ ਲਿਖਾਰੀਆਂ ਦੀ ਗਿਣਤੀ ਵਿਚ ਸਤਿਕਾਰ ਨਾਲ ਗਿਣੇ ਜਾਂਦੇ ਹਨ।

ਆਪ ਜੀ ਨੂੰ ਉਪਰੋਕਤ ਮੋਰਚਾ ਸਬੰਧੀ ੮ ਜੂਨ ੧੯੫੫ ਨੂੰ ਰਾਏ ਕੋਟ ਤੋਂ ਗ੍ਰਿਫਤਾਰ ਕਰਕੇ ਲੁਧਿਆਣਾ ਜੇਹਲ ਅੰਦਰ ਨਜ਼ਰ ਬੰਦ ਰਖਿਆ ਗਿਆ। ਅਤੇ ਮੋਰਚਾ ਫਤਹਿ ਹੋਣ ਤੇ ਬੜੀ ਕਾਮਯਾਬੀ ਨਾਲ ਪਿੰਡ ਆਏ।

## ਡਾ: ਦਯਾ ਸਿੰਘ ਜੀ ਜਗਰਾਉਂ

ਆਪ ਜੀ ਦਾ ਪਿਤਾ ਧਿਆਨ ਸਿੰਘ ਮਾਤਾ ਫਤਹਿ ਕੌਰ ਪਿੰਡ ਸਿਧਮਾ ਬੇਟ ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਹੈ।

ਆਪ ਨੂੰ ਡਾਕਟਰੀ ਪਾਸ ਕਰਨ ਤੇ ਫ਼ੌਜ ਵਿਚ ਡਾਕਟਰ ਲਾਇਆ ਗਿਆ। ਜਦ ੧੯੨੧ ਵਿਚ ਅਕਾਲੀ ਲਹਿਰ ਸ਼ੁਰੂ ਹੋਈ ਉਸ ਵੇਲੇ ਆਪਣੀ ਫ਼ੌਜ ਵਿਚੋਂ ਨਾਮ ਕਟਾਕੇ ਪੰਥਕ ਸੇਵਾ ਵਿਚ ਲੱਗ ਗਏ। ਜਿਸ ਵਕਤ ਆਪ ਦੇ ਰਿਸ਼ਤੇ ਵਾਸਤੇ ਜਮਾਂਦਾਰ ਸ: ਸੋਭਾ ਸਿੰਘ ਜੀ ਪਿੰਡ ਸ਼ਾਹਪੁਰ (ਲੁਧਿਆਣਾ) ਆਪ ਦੀ ਸਪੁਤ੍ਰੀ ਸ਼ਾਮ ਕੌਰ ਦਾ ਰਿਸ਼ਤਾ ਕਰਨ ਵਾਸਤੇ ਆਏ ਅਤੇ ਡਾ: ਜੀ ਨਾਲ ਰਿਸ਼ਤੇ ਪ੍ਰਤੀ ਬਚਨ ਬਲਾਸ ਕਰਕੇ ਮੁੜ ਗਏ। ਪਿਛੋਂ ਡਾ: ਜੀ ਨੇ ਚਿੱਠੀ ਲਿਖੀ ਕਿ ਜੇ ਆਪ ਜੀ ਦੀ ਸਪੁਤ੍ਰੀ ਨੂੰ ਗੁਰੂ ਸੰਗਤਾਂ ਦੀ ਸੇਵਾ ਪ੍ਰਵਾਨ ਹੋਵੇ ਤਦ ਮੈਨੂੰ ਰਿਸ਼ਤਾ ਮਨਜ਼ੂਰ ਹੈ, ਜੇ ਪੰਥਕ ਸੇਵਾ ਮਨਜ਼ੂਰ ਨਹੀਂ ਤਦ ਮੈਨੂੰ ਆਗਿਆ ਦੇਵੇ। ਜਮਾਂਦਾਰ ਜੀ ਨੇ ਬੀਬੀ ਸ਼ਾਮ ਕੌਰ ਨੂੰ ਚਿੱਠੀ ਪੜ੍ਹਾਏ ਤਾਂ ਬੀਬੀ ਜੀ ਨੇ ਪ੍ਰਵਾਨ ਕਰਕੇ ਚਿੱਠੀ ਹਿਫਜ਼ ਕਰ ਲਈ। ਅਤੇ ਹੁਣ ਪ੍ਰਵਾਰ ਯੁਗ ਬਸਦੇ ਰਸਦੇ ਹਨ। ਇਕ ਵਾਰ ਡਾ: ਜੀ ਨੇ ਅਖੰਡ ਪਾਠ ਕਰਾਇਆ। ਜਿਸ ਤੇ ਬੇਬੇ ਜੀ ਦੇ ਲੰਗਰ ਵਿਚ ਘਿਓ ਦਾ ਇਕ ਪੀਪਾ ਖਰਚ ਕਰਨ ਤੇ ਡਾਕਟਰ ਜੀ ਨੇ ਬੇਬੇ ਜੀ ਨੂੰ ਤਾੜਨਾ ਕੀਤੀ। ਅਗੋਂ ਬੇਬੇ ਜੀ ਨੇ ਹਿਫਜ਼ ਕੀਤੀ ਹੋਈ ਚਿੱਠੀ ਸੁਣਾਈ ਤਾਂ ਡਾ: ਸਾਹਿਬ ਬੜੇ ਖੁਸ਼ ਹੋਏ।

ਸੰਨ ੧੯੫੫ ਦੇ ਪੰਜਾਬੀ ਸੂਬੇ ਦੇ ਨਾਹਰੇ ਦੇ ਮੋਰਚੇ ਵੇਲੇ ਡਾ: ਸਾਹਿਬ ਨੂੰ ਅਚਨਚੇਤ ਗ੍ਰਿਫ਼ਤਾਰ ਕਰਕੇ ਲੁਧਿਆਣਾ ਜੇਹਲ ਵਿਚ ਲੈ ਗਏ। ਤਾਂ ਬੇਬੇ ਸ਼ਾਮ ਕੌਰ ਡਾ: ਜੀ ਦੀ ਮੁਲਾਕਾਤ ਕਰਨ ਗਏ ਅਤੇ ਡਾ: ਜੀ ਕੁਛ ਘਰ ਦੇ ਬਿਹਾਰਾਂ ਦੀਆਂ ਗੱਲਾਂ ਸਮਝਾਉਣ ਲਗੇ ਤਾਂ ਬੇਬੇ ਜੀ ਕਹਿੰਦੇ ਹਨ, ਡਾ: ਜੀ ਘਰ ਦਾ ਫ਼ਿਕਰ ਨਾ ਕਰਿਓ। ਸ੍ਰੀ ਗੁਰੂ ਜੀ ਤੇ ਗੁਰੂ ਪੰਥ ਘਰ ਦਾ ਆਪ ਰਾਖਾ ਹੈ। ਪਰ ਆਪ ਜੀ

Digitized by Panjab Digital Library | www.panjabdigilib.org

ਨੂੰ ਤਾਂ ਪੰਥ ਦੀ ਸੇਵਾ ਕਰਨ ਦਾ ਹੁਣੇ ਹੀ ਮੌਕਾ ਹੱਥ ਲੱਗਾ ਹੈ ਬੇਬੇ ਜੀ ਦੇ ਇਹ ਬਚਨ ਸੁਣ ਕੇ ਹੋਰ ਮੁਲਾਕਾਤੀ ਅਤੇ ਡਾ: ਜੀ ਬਹੁਤ ਹੀ ਪ੍ਰਸੰਨ ਹੋਏ। ਮੋਰਚਾ ਫਤਹਿ ਹੋਣ ਤੇ ਬੜੀ ਕਾਮਯਾਬੀ ਨਾਲ ਆਪ ਘਰ ਆਏ।

## ਗਿ: ਨਾਹਰ ਸਿੰਘ ਜੀ

ਪਿਤਾ ਸ੍ਰ: ਪਾਖਰ ਸਿੰਘ ਮਾਤਾ ਉਤਮ ਕੌਰ, ਅੱਡਾ ਮੁਲਾਂਪੁਰ ਜ਼ਿਲਾ ਲੁਧਿਆਣਾ। ਵਿਦਿਆ ਮੈਟਰਕ ਤੇ ਗਿਆਨੀ ਪਾਸ ਹਨ। ਸੋਹਣੇ ਅਖੰਡ ਪਾਠੀ ਤੇ ਰਾਗੀ ਹੋਣ ਦਾ ਭੀ ਮਾਣ ਰਖਦੇ ਹਨ। ਗੁਰ ਇਤਿਹਾਸ ਦੇ ਖੋਜੀ ਹਨ। ਗੁਰੂ ਪੰਥ ਦੀ ਚੜ੍ਹਦੀ ਕਲਾ ਦੇਖਣ ਦੇ ਚਾਹਵਾਨ ਹਨ। ਆਪ ਜੀ ਦੇ ਭਰਾਤਾ ਸ੍ਰ: ਆਤਮਾ ਸਿੰਘ ਸ੍ਰ: ਗੁਰਚੰਦ ਸਿੰਘ ਸ੍ਰ: ਹਰਚੰਦ ਸਿੰਘ ਸਾਰੇ ਅਖੰਡ ਪਾਠੀ ਤੇ ਗੁਰੂ ਘਰ ਦੇ ਸ਼ਰਧਾਲੂ ਹਨ। ਆਪ ਪੰਜਾਬੀ ਸੂਬੇ ਦੇ ਮੋਰਚੇ ਵੇਲੇ ਸਜ਼ਾ ਹੋਏ। ਮੋਰਚਾ ਫਤਹਿ ਹੋਣ ਤੇ ਕਾਮ-ਯਾਬੀ ਨਾਲ ਆਏ। ਆਪ ਜੀ ਦਾ ਪ੍ਰਵਾਰ ਹੀ ਗੁਰੂ ਭਰੋਸੇ ਵਾਲਾ ਹੈ।

ਸ੍ਰ: ਗੁਰਬਖਸ਼ ਸਿੰਘ ਪਿਤਾ ਨਿਹਾਲ ਸਿੰਘ ਮਾਤਾ ਸੰਤ ਕੌਰ ਪਿੰਡ ਹਿਦੇ ਵਾਲ, ਮੁਲਤਾਨੀ ਪਤੀ ਤਿਹਾੜਾ ਤਹਿਸੀਲ ਜਗਰਾਉਂ [ਲੁਧਿਆਣਾ] ਪੰਜਾਬੀ ਸੂਬੇ ਮੋਰਚੇ ਵਿਚ ਸਜ਼ਾ ਹੋਏ। ਮੋਰਚਾ ਫਤਹਿ ਹੋਣ ਤੇ ਕਾਮਯਾਬੀ ਨਾਲ ਆਏ।

## ਗਿ: ਰਾਮ ਸਿੰਘ ਜੀ ਝਾਬੇਵਾਲ

ਆਪ ਜੀ ਦਾ ਜਨਮ ਨਗਰ ਝਾਬੇਵਾਲ ਜ਼ਿਲਾ ਲੁਧਿਆਣਾ ਵਿਖੇ ਹੋਇਆ। ਵਿਦਿਆ ਪ੍ਰਾਪਤ ਕਰਦੇ ਹੀ ੧੯੩੮ ਈ: ਵਿਚ ਮਿਲਟਰੀ ਵਿਚ ਭਰਤੀ ਹੋ ਗਏ ਉਥੋਂ ਬਹੁਤ ਪ੍ਰਸਿਧਤਾ ਪਾਕੇ ਆਏ। ਸੰਨ ੧੯੪੬ ਵਿਚ ਜਦ ਆਪ ਨਾਮ ਕਟਾ ਕੇ ਆਏ ਤੇ ਆਉਂਦੇ ਹੀ ਪੰਥਕ ਕੰਮਾਂ ਵਿਚ ਸੰਤ ਸਿਪਾਹੀ ਹੋਕੇ ਡਟ ਗਏ। ਜਿਸ ਕਰਕੇ ਪੰਥ ਵਿਚ ਸਤਿਕਾਰੇ ਜਾਂਦੇ ਹਨ। ਪੰਥ ਵਿਚ ਗੁਰਮਤਿ ਵਲੋਂ ਅਲੜ ਲੋਕਾਂ ਨੂੰ ਜਾਗਰਤ ਪੈਦਾ ਕਰਨ ਵਾਸਤੇ ਢਾਡੀ ਜੱਥਾ ਕਾਇਮ ਕਰਕੇ ਗੁਰਮਤਿ ਦਾ ਡਟ ਕੇ ਪ੍ਰਚਾਰ ਕਰਦੇ ਹਨ। ਬੇਅੰਤ ਅੰਨਮਤੀਆਂ ਨੂੰ ਗੁਰੂ ਪੰਥ ਵਿਚ ਪ੍ਰਵੇਸ਼ ਕਰਕੇ ਗੁਰੂ ਪੰਥ ਤੋਂ ਖੁਸ਼ੀਆਂ ਪ੍ਰਾਪਤ ਕਰਦੇ ਹਨ। ਆਪ ਜੀ ਨੇ ਪੰਥਕ ਮੋਰਚਿਆਂ ਵਿਚ ਸਜਾਵਾਂ ਵੀ ਕੱਟੀਆਂ ਹਨ। ਪੰਜਾਬੀ ਸੂਬੇ ਦੇ ਮੋਰਚੇ ਵਿਚ ਆਪ ਜੀ ਨੇ ਪ੍ਰਚਾਰ ਦੁਆਰਾ ਬਹੁਤ ਸੇਵਾ ਕੀਤੀ। ਇਸ ਲਈ ਆਪ ਨੂੰ ਗ੍ਰਿਫ਼ਤਾਰ ਕੀਤਾ ਗਿਆ। ਮੋਰਚਾ ਫਤਹਿ ਹੋਣ ਤੇ ਕਾਮਯਾਬੀ ਨਾਲ ਆਏ। ਆਪ ਜੋਸ਼ੀਲੇ ਬਲਵਾਨ ਸੂਰੇ ਸਿੰਘ ਹਨ।

## ਗਿ: ਹਰਭਜਨ ਸਿੰਘ ਜੀ

ਆਪ ਜੀ ਦਾ ਜਨਮ ਮਾਤਾ ਧਰਮ ਕੌਰ ਦੀ ਸੁਭਾਗੀ ਕੁਖੋਂ ਸ: ਵਿਰਆਮ ਸਿੰਘ ਜੀ ਦੇ ਘਰ ਪਿੰਡ ਹਾਸ਼ਮਪੁਰ ਰਿਆਸਤ ਨਾਭਾ ਵਿਚ ਹੋਇਆ। ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਸਾਹਿਬ ਦੇ ਗਿਆਨੀ ਗੁਰਮੁਖ ਖੋਜੀ ਅਤੇ ਚੰਗੇ ਵਿਦਵਾਨ ਹਨ। ਆਪ ਬੜੇ ਪੰਥਕ ਦਰਦੀ, ਮਲਾਪੜੇ ਗੁਰ ਸਿੱਖ ਹਨ। ਪੰਜਾਬੀ ਸੂਬੇ ਦੇ ਮੋਰਚੇ ਵਿਚ ਜੇਹਲ ਗਏ। ਮੋਰਚਾ ਫਤਹਿ ਹੋਣ ਤੇ ਕਾਮਯਾਬੀ ਨਾਲ ਆਏ।

Digitized by Panjab Digital Library | www.panjabdigilib.org

## ਗਿਆਨੀ ਬਚਨ ਸਿੰਘ ਜੀ

ਆਪ ਸ: ਹਜਾਰਾ ਸਿੰਘ ਕੋਠੇ ਜੀਵਾ (ਜਗਰਾਉਂ) ਦੇ ਘਰ, ਪੈਦਾ ਹੋਏ। ਪੰਜਾਬੀ ਸੂਬੇ ਦੇ ਨਾਹਰੇ ਦੇ ਮੋਰਚੇ ਵਿਚ ਗ੍ਰਿਫਤਾਰ ਹੋਏ, ਅਤੇ ਮੋਰਚਾ ਫਤਹਿ ਹੋਣ ਤੇ ਕਾਮਯਾਬੀ ਨਾਲ ਆਏ।

ਆਪ ਬੜੇ ਨੌਜਵਾਨ, ਹੋਣ ਹਾਰ, ਚੰਗੀ ਸੂਜ ਬੂਝ ਵਾਲੇ ਹੋਣ ਕਰਕੇ, ਆਪ ਅਕਾਲੀ ਜੱਥਾ ਤਹਿਸੀਲ ਜਗਰਾਉਂ ਦੇ ਸਰਬ ਸੰਮਤੀ ਨਾਲ ਸਕੱਤਰ ਚੁਣੇ ਗਏ।

## ਜੱ: ਸੰਤਾ ਸਿੰਘ ਜੀ ਰਸੂਲਪੁਰ (ਜੰਡੀ)

ਆਪ ਸ:ਜਗਤ ਸਿੰਘ ਮਾਤਾ ਪ੍ਰਤਾਪ ਕੌਰ ਦੇ ਘਰ ਪਿੰਡ ਰਸੂਲਪੁਰ,ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ,ਵਿਖੇ ਪੈਦਾ ਹੋਏ।ਆਪ ਜੀ ਅਕਾਲੀਆਂ ਵਿਚ ਪੂਰਾ ਸਤਕਾਰ ਰਖਣ ਵਾਲੇ ਹੋਣ ਕਰਕੇ ਅਕਾਲੀ ਹੁਣ ਜੱਥਾ ਜ਼ਿਃ ਲੁਧਿਆਣਾ ਦੇ ਸਕਤਰ ਭੀ ਰਹੇ ਹਨ। ਗੁਰਦਆਰਾ ਤਹਿਸੀਲ ਜਗਰਾਉਂ ਦੀ ਪ੍ਰਧਾਨਗੀ ਕਰ ਰਹੇ ਹਨ।ਆਪਦੀਆਂ ਰੁਚੀਆਂ ਬਹੁਤ ਅਗਾਂਹ ਵਧੂ ਹਨ। ਅਤੇ ਪੰਜਾਬੀ ਸੂਬੇ ਦੇ ਮੋਰਚੇ ਵੇਲੇ ਆਪ ਜੀ ਨੂੰ ਘਰੋਂ ਗ੍ਰਿਫਤਾਰ ਕੀਤਾ ਗਿਆ। ਮੋਰਚਾ ਫਤਹਿ ਹੋਣ ਤੇ ਬੜੀ ਕਾਮਯਾਬੀ ਨਾਲ ਆਏ। ਆਪ ਜੀ ਅਣਥੱਕ, ਨਧੱੜਕ ਤੇ ਉਤਸ਼ਾਹੀ ਬਹੁਤ ਹਨ।

## ਸ: ਰਾਮਧਨ ਸਿੰਘ ਜੀ

ਰਾਮਧਨ ਸਿੰਘ ਪਿਤਾ ਖੇਮ ਸਿੰਘ ਮਾਤਾ ਦਿਆ ਕੌਰ ਪਿੰਡ ਰਸੂਲਪੁਰ ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ। ਆਪ ਜੀ ਬੜੇ ਹੀ ਉਤਸ਼ਾਹੀ ਤੇ ਕੁਰਬਾਨੀ ਵਾਲੇ ਸੱਜਣ ਹਨ, ਕੌਮੀ ਦਰਦ ਰਖਣ ਵਾਲੇ ਹਨ। ਜਿਸ ਕਰਕੇ ਆਪ ਜੀ ਨੂੰ ਸ੍ਰੋਃ ਗੁ: ਪ੍ਰ: ਕਮੇਟੀ ਦੀ ਚੋਣ ਲੜਨ ਵਾਸਤੇ ਸ੍ਰੋ: ਗੁ: ਅ: ਦਲ ਵਲੋਂ ਟਿਕਟ ਹਾਸਲ ਹੋਣ ਦਾ ਮਾਣ ਪ੍ਰਾਪਤ ਹੋਇਆ। ਆਪ ਨੇ ਹਲਕਾ ਸਿਧਵਾਂ ਬੇਟ ਤੋਂ ਬੜੀ ਹੀ ਕਾਂਮਯਾਬੀ ਨਾਲ ਜਿਤ ਪ੍ਰਾਪਤ ਕੀਤੀ। ਪੰਜਾਬੀ ਸੂਬੇ ਦੇ ਮੋਰਚੇ ਵੇਲੇ ਆਪ ਜੀ ਨੂੰ ਗ੍ਰਿਫਤਾਰ ਕੀਤਾ ਗਿਆ। ਮੋਰਚਾ ਫਤਹਿ ਹੋਣ ਤੇ ਬੜੀ ਕਾਮਯਾਬੀ ਨਾਲ ਆਏ। ਅਜ ਕਲ ਆਪ ਸ੍ਰੋ: ਗੁ ਕਮੇਟੀ ਦੀ ਐਗਜ਼ੈਕਟਿਵ ਦੇ ਮੈਂਬਰ ਹਨ।

## ਸਮੂਹ ਕੁਰਬਾਨੀਂ ਪੁੰਜ ਸੂਰਮਿਆਂ ਤੋਂ ਖਿਮਾਂ

ਪੰਜਾਬੀ ਸੂਬੇ ਦੇ ਨਾਹਰੇ ਦੇ ਮੋਰਚੇ ਵਿੱਚ ਤਾਂ ੧੨ ਹਜਾਰ ਸਿੰਘ ਗ੍ਰਿਫ਼ਤਾਰ ਹੋਏ ਸਨ। ਇਥੇ ਥੋੜਿਆਂ ਦੇ ਨਾਮ ਹੀ ਆਏ ਹਨ। ਸਿਖ ਕੌਮ ਚਮਕਦੀਆਂ ਯਾਦਾਂ ਬਣਾ ਸਕਦੀ ਹੈ। ਪਰ ਇਤਹਾਸਕ ਤੌਰ ਤੇ ਸੰਭਾਲਣ ਵਲੋਂ ਸਦਾ ਹੀ ਅਵੇਸਲੀ ਰਹੀ ਹੈ। ਇਹੀ ਖਿਆਲ ਇਸ ਵੇਲੇ ਵੀ ਢੁਕਦਾ ਹੈ। ਦਾਸ ਨੇ ਬੜੀ ਕੋਸ਼ਸ ਕੀਤੀ ਹੈ ਕਿ ਸਾਰੇ ਸਜਨਾ ਦੇ ਨਾਮ ਤੇ ਜੀਵਨ ਮਿਲ ਸਕਣ,ਪਰ ਅਫਸੋਸ ਕਿ ਮੇਰੀ ਇਹ ਕੋਸ਼ਸ਼ ਫਲੀ ਭੂਤ ਨਹੀ ਹੋਈ, ਤੇ ਦਿਲ ਦੀ ਉਮੰਗ ਤੇ ਸਿੱਕ ਵਿਚ ਹੀ ਰਹਿ ਗਈ।

ਸੋ ਦਾਸ ਇਸ ਮੋਰਚੇ ਵਿਚ ਗ੍ਰਿਫਤਾਰ ਹੋਣ ਵਾਲੇ ਸਮੂਹ ਕੁਰਬਾਨੀ ਪੁੰਜ ਸੂਰਮਿਆਂ ਤੋਂ ਖਿਮਾਂ ਦਾ ਜਾਚਕ ਹੁੰਦਾ ਹੋਇਆ ਆਸ ਰਖਦਾ ਹੈ ਕਿ ਜੇ ਗੁਰੂ ਨੇ ਮੇਹਰ ਕੀਤੀ, ਤੇ ਸਮਾਂ ਮਿਲਿਆ ਤਾਂ ਦੂਜੇ ਐਡੀਸ਼ਨ ਵਿੱਚ ਜੀਵਨ ਛਾਪਨ ਦਾ ਯਤਨ ਕਰਾਂਗਾ।

ਪੰਥਕ ਸੇਵਕਾਂ ਦਾ ਦਾਸ
ਵਿਸਾਖਾ ਸਿੰਘ ਸੰਤ ਸਿਪਾਹੀ

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ।

ਸਾ ਧਰਤਿ ਭਈ ਹਰਿਆਵਲੀ ਜਿਥੈ ਮੇਰਾ ਸਤਿਗੁਰ ਬੈਠਾ ਆਇ।

# "ਗੁਰੂ ਕਾ ਮਾਲਵਾ"

ਪੰਜਾਬ ਦਾ ਉਹ ਪ੍ਰਸਿੱਧ ਤੇ ਸਰ ਸਬਜ਼ ਇਲਾਕਾ ਹੈ, ਜਿਸਨੂੰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਅਪਣੇ ਚਰਨਾਂ ਦੀ ਛੋਹ ਨਾਲ, ਕ੍ਰਿਤਾਰਥ ਕੀਤਾ। ਜਿਥੋਂ ਦੇ ਨਿਰਛਲ, ਨਿਰਵੈਰ, ਤੇ ਨਿਰਇੱਛ ਸਿੱਖਾਂ ਦੀ ਸੇਵਾ ਤੇ ਪ੍ਰਸੰਨ ਹੋਕੇ ਇਸ ਨੂੰ ਮੇਰਾ "ਮਾਲਵਾ" ਕਹਿਕੇ ਨਿਵਾਜਿਆ। ਜਿਸ ਨੂੰ ਭਾਈ ਸੰਤੋਖ ਸਿੰਘ ਜੀ ਅਪਣੇ 'ਗੁਰ ਪ੍ਰਤਾਪ ਸੂਰਜ' ਪ੍ਰਕਾਸ਼' ਵਿਚ ਇਸ ਤਰ੍ਹਾਂ ਅੰਕਤ ਕਰਦੇ ਹਨ :-

"ਅਵਨੀ ਜੰਗਲ ਦੇਸ਼ ਕੀ ਬਹੁ ਅੰਨ ਉਪਾਵੈ।
ਅਬ ਤੇ ਦੁਗਨੇ ਚੌਗੁਨੇ ਅਠ ਗੁਨੇ ਜਮਾਵੈ,
ਹੋਇ "ਹਮਾਰਾ ਮਾਲਵਾ" ਜਿਤ ਕਿਤ ਬਿਦ ਤਾਵੈ।
ਉਪਜੈ ਸਿੰਘ* ਸਹੰਸਰ ਹੀ ਮਲਵਈ ਕਹਾਵੈ।"

(ਗੁ: ਪ੍ਰ: ਸੂ:)

ਸੋ

ਇਸ "ਮਾਲਵਾ ਇਤਹਾਸ" ਦੇ ਇਸ ਕਾਂਡ ਵਿਚ ਮਾਲਵੇ ਦੀਆਂ ਹੱਦਾਂ, ਜ਼ਿਲੇ, ਰਿਆਸਤਾਂ, ਸ਼੍ਰੇਣੀਆਂ, ਗੋਤਾਂ, ਜੁੱਧਾਂ, ਜੰਗਾਂ ਦੇ ਵੇਰਵੇ, ਮਾਲਵੇ ਦੇ ਗੁਰ ਸਿੱਖ, ਸੰਤਾਂ, ਸ਼ਹੀਦਾਂ, ਜੋਧਿਆਂ, ਪ੍ਰਸਿੱਧ ਆਗੂਆਂ, ਗਿਆਨੀਆਂ, ਲਿਖਾਰੀਆਂ, ਪੰਡਤਾਂ, ਕਵੀਆਂ, ਰਾਗੀ ਤੇ ਢਾਡੀ ਜਥਿਆਂ, ਕਵੀਸ਼ਰਾਂ, ਗੁਰੂ ਦੀਆਂ ਬਖਸ਼ਸ਼ਾਂ ਤੇ ਉਨਤੀ ਦੇ ਸਾਧਨਾਂ, ਦੇ ਸੰਖੇਪ ਅੰਕੜੇ ਤੇ ਵਾਕਫੀਅਤ ਭਰਪੂਰ ਹਾਲ ਦਿਤੇ ਜਾਂਦੇ ਹਨ।

ਸੰਪਾਦਿਕ ਵਿਸਾਖਾ ਸਿੰਘ ਸੰਤ ਸਿਪਾਹੀ।

---

*ਦੇਗ, ਤੇਗ, ਤੇ ਕਲਮ ਦੇ ਧਨੀ, ਰਾਜੇ, ਜੋਗੀ, ਅਮੀਰ ਵਜ਼ੀਰ, ਫਕੀਰ, ਉਪਕਾਰੀ, ਉਦਾਰੀ, ਅਣਖਈ, ਤੇ ਸੰਤ-ਸਿਪਾਹੀ, ਸੰਤ, ਭਗਤ, ਦਾਤੇ, ਤਿਆਗੀ ਤੇ ਵਿਜੋਗੀ, ਅੰਦਰੋਂ ਬਾਹਰੋਂ ਨਿਰਛਲ, ਨਾਮ ਰੰਗ ਰੱਤੇ ਖੋਜੀਆਂ, ਵਿਰਾਗੀਆਂ ਤੇ ਸੂਰਮਿਆਂ ਦਾ ਦੇਸ਼ 'ਮਾਲਵਾ'।

Digitized by Panjab Digital Library | www.panjabdigilib.org

ੴਸਤਿਗੁਰ ਪ੍ਰਸਾਦਿ ।

# ਮਾਲਵੇ ਦੇ ਧਰਮੀ, ਸ਼ਹੀਦਾਂ, ਅਣਖੀਲੇ ਸੂਰਿਆਂ ਜੋਗ

# "ਸਰਧਾਂਜਲੀ"

ਭਾਈ ਦਿਆਲਾ ਜੀ ਸ਼ਹੀਦ ਲੌਂਗੋਵਾਲ, ਪਟਿਆਲਾ ।

ਭਾਈ ਧਰਮ ਸਿੰਘ ਜੀ ਪਿਆਰਾ, ਜਟਵਾੜ ਸਹਾਰਨਪੁਰ ।

ਭਾਈ ਹਿੰਮਤ ਸਿੰਘ ਜੀ ਪਿਆਰਾ ਸੰਗਤਪੁਰਾ, ਪਟਿਆਲਾ ।

ਭਾਈ ਮੁਹਕਮ ਸਿੰਘ ਜੀ ਪਿਆਰਾ, ਬੂੜੀਆਂ, ਅੰਬਾਲਾ ।

ਭਾਈ ਮਨੀ ਸਿੰਘ ਜੀ ਸ਼ਹੀਦ ਲੌਂਗੋਵਾਲ, ਪਟਿਆਲਾ ।

ਬਾਬਾ ਦੀਪ ਸਿੰਘ ਜੀ ਸ਼ਹੀਦ ਲੌਂਗੋਵਾਲ, ਪਟਿਆਲਾ ।

* ਸ੍ਰ: ਚੜਤ ਸਿੰਘ ਜੀ ਮਹਮਾਸਰਜਾ, ਫਰੀਦ ਕੋਟ ।

ਅਕਾਲੀ ਫੂਲਾ ਸਿੰਘ ਜੀ, [1]ਸ: ਧੰਨਾ ਸਿੰਘ ਜੀ ਮੌੜ ਨਾਭਾ, [2]ਸ: ਸ਼ਾਮ ਸਿੰਘ ਜੀ ਕਾਉਂਕੇ, [3]ਸਰ ਸੁੰਦਰ ਸਿੰਘ ਜੀ ਮਲਾਨਾੜਾ ਫੀਰੋਜ਼ਪੁਰ, ਅਣਖੀਲਾ ਭਲੈਣ ਪੰਜਗਗਣੀ ਫਰੀਦਕੋਟ, ਸ: ਕਰਤਾਰ ਸਿੰਘ ਸਰਾਭਾ ਲੁਧਿਆਣਾ, [4]ਸ: ਊਦਮ ਸਿੰਘ ਜੀ ਸੁਨਾਮ, ਪਟਿਆਲਾ, [5]ਸ: ਸੰਤਾ ਸਿੰਘ ਜੀ ਹਰਿਉਂ ਲੁਧਿਆਣਾ, [6]ਭਾਈ ਕੇਹਰ ਸਿੰਘ ਜੀ ਜਰਗ, ਪਟਿਆਲਾ, [7]ਸ: ਮਾਨ ਸਿੰਘ ਪਿੰਡ ਬੜੀ, ਸ: ਸੇਵਾ ਸਿੰਘ ਜੀ ਠੀਕਰੀਵਾਲਾ, ਪਟਿਆਲਾ, ਆਦਿ ਕੌਮੀ ਪ੍ਰਵਾਨਿਆਂ ਨੂੰ ਜਿਨ੍ਹਾਂ ਦੇਸ਼, ਕੌਮ, ਤੇ ਧਰਮ ਦੀ ਖਾਤਰ ਜਾਨਾਂ ਵਾਰੀਆਂ, ਸਿੱਖੀ ਅਣਖ ਤੇ ਸਿੱਖੀ ਗੈਰਤ ਨੂੰ ਕਾਇਮ ਰਖਿਆ, ਸੋ ਮਾਲਵੇ ਦੇ ਇੰਨਾਂ ਪੰਥਕ ਹੀਰਿਆਂ ਨੂੰ ਹਾਰਦਿਕ ਸਰਧਾਂਜਲੀ ਭੇਟ ਕਰਦਾ ਹਾਂ ।

ਅਣਖਾਂ ਨੂੰ ਕਾਇਮ ਰਖਣ ਵਾਲਿਆਂ ਦਾ ਦਾਸ:-

ਵਿਸਾਖਾ ਸਿੰਘ ਸੰਤ ਸਿਪਾਹੀ

---

* ਸ: ਚੜਤ ਸਿੰਘ ਜੀ ਬੈਰਾੜ, ਪਿੰਡ ਮਹਿਮਾ ਸਰਜਾ, ਫਰੀਦਕੋਟ, ਮਲਵਈ, ਸ: ਮਹਾਂ ਸਿੰਘ ਦੇ ਪਿਤਾ, ਤੇ ਸ਼ੇਰੇ ਪੰਜਾਬ ਮਹਾਂਰਾਜਾ ਰਣਜੀਤ ਸਿੰਘ ਜੀ ਦੇ ਦਾਦਾ ਸਨ । ਸ: ਚੜਤ ਸਿੰਘ ਦੇ ਭਰਾ ਦਾਨਾ ਸਿੰਘ ਜੀ ਬੈਰਾੜ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸੇਵਾ ਵਿਚ ਅਨੰਦਪੁਰ ਤੇ ਮੁਕਤਸਰ ਦੇ ਜੰਗਾਂ ਵਿਚ ਬੜੀ ਬੀਰਤਾ ਦਿਖਾਈ ਸੀ, ਤੇ ਜਦੋਂ ਬੈਰਾੜਾਂ ਨੇ ਗੁਰੂ ਜੀ ਤੋਂ ਤੁਨਖਾਹਾਂ ਲਈਆਂ ਤਦੋਂ ਸਾਹਿਬਾਂ ਨੇ ਸ: ਦਾਨ ਸਿੰਘ ਨੂੰ ਵੀ ਮਾਇਆ ਲੈਣ ਲਈ ਕਿਹਾ, ਤਾਂ ਦਾਨ ਸਿੰਘ ਨੇ ਬੇਨਤੀ ਕੀਤੀ ।

"ਸੁਨਕੈ ਦਾਨ ਸਿੰਘ ਕਰ ਜੋਰੇ, ਦੁਧ ਪੂਤ, ਧਨ ਸਭ ਘਰ ਮੋਰੇ,<br>
ਕ੍ਰਿਪਾ ਕਰਹੁ ਸਿੱਖੀ ਮੁਹਿ ਦੀਜੈ, ਅਪਨੇ ਜਾਨ ਬਖਸ਼ ਕਰ ਲੀਜੈ"

(੧) ਸਿਖ ਰਾਜ ਦੇ ਰਖਵਾਲਿਆਂ ਚੋਂ, (੨)ਅਟਾਰੀਵਾਲੇ, (੩) ਮਜੀਠੀਏ ਸਰਦਾਰ (੪) ਜ਼ਲਿਆਂ ਵਾਲੇ ਬਾਗ ਦੇ ਕਾਤਲ ਓਡਵਾਇਰ ਨੂੰ ਜਮਘਾਟ ਪੁਚੌਨ ਵਾਲਾ, (੫) ਬਬਰ ਪਾਰਟੀ ਦਾ ਸੈਕਟਰੀ, (੬) ਨਨਕਾਣਾ ਸਾਹਿਬ ਦੇ ਸਾਕੇ ਵਿਚ ਹੋਇਆ ਸ਼ਹੀਦ, (੭) ਗੁਰੂ ਕੇ ਬਾਗ ਵਾਲੇ ਜ਼ਾਲਮ ਬੀ. ਟੀ. ਨੂੰ ਝਟਕੌਣ ਵਾਲਾ ।

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ।

# ਗੁਰੂ ਕੇ ਮਾਲਵੇ ਦਾ ਹੱਦ ਬੰਨਾ

ਚਾਹੇ ਪੁਰਾਤਨ ਗ੍ਰੰਥਾਂ ਵਿਖੇ ਗਵਾਲੀਅਰ ਤੇ ਜਮਨਾਂ ਦੇ ਵਿਚਾਲੇ ਦਾ ਇਲਾਕਾ ਮਾਲਵਾ ਦਸਿਆ ਹੈ, ਪਰ ਅਸਲ ਵਿੱਚ ਉਤਰੀ ਹਿੰਦੁਸਤਾਨ ਵਿੱਚ, ਇਹ ਗੁਰੂ ਕੇ ਮਾਲਵੇ ਦਾ ਇਲਾਕਾ ਦਰਿਆ ਸਤਲੁਜ, ਬਿਆਸ ਤੇ ਜਮਨਾਂ ਤੇ ਸਰਸਾ ਦੇ ਵਹਿਣ ਨਾਲ ਧੋ ਸੁਆਰਕੇ ਪਧਰ ਬਣੀ ਹੋਈ ਧਰਤੀ ਦਾ ਇਹ ਮਸ਼ਹੂਰ ਟੁਕੜਾ ਹੀ ਮਾਲਵਾ ਕਹਾਉਂਦਾ ਹੈ । ਇਸਦੇ ਪੂਰਬ ਵਲ ਬਾਂਗਰ ਮੈਨ ਦੁਆਬ, ਉਤਰ ਵਲ ਦੁਆਬਾ ਤੇ ਮਾਲਵਾ, ਪੱਛਮ ਵਲ ਮਿੰਟਗੁਮਰੀ ਦੀ ਗੰਜੀ ਬਾਰ (ਪਾਕਿਸਤਾਨ), ਦੱਖਣ ਵਲ ਰਾਜਸਥਾਨ ਬਹਾਵਲ ਪੁਰ ਹਨ, ਇਸ ਤਰ੍ਹਾਂ ਇਹੀ ਇਸ ਦਾ ਹੱਦ ਬੰਨਾ ਹੈ ।

ਇਸ ਪੱਧਰ, ਜਰਖੇਜ਼ ਤੇ ਉਪਜਾਊ ਧਰਤੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ, ਦੂਜੇ, ਤੀਜੇ, ਛੇਵੇਂ, ਸਤਵੇਂ, ਅਠਵੇਂ, ਨੌਵੇਂ ਤੇ ਦੱਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਚਰਨਾਂ ਦੀ ਛੋਹ ਪ੍ਰਾਪਤ ਹੋਈ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਤਖਤ ਸ੍ਰੀ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ ਵਿਖੇ ਜੰਗ ਦਾ ਕਮਰ ਕਸਾ ਖੋਲ੍ਹ ਕਰ, ਅਨੰਤ ਪ੍ਰਕਾਰ ਦੇ ਚੋਜ ਕਰਦਿਆਂ ਹੋਇਆਂ, ਮਾਲਵੇ ਦੇ ਸਿੰਘਾਂ ਨੂੰ ਜਥੇ ਬੰਦ ਕਰਕੇ ਇਸ ਸੁਭਾਗੀ ਧਰਤੀ ਨੂੰ "ਗੁਰੂ ਕਾ ਮਾਲਵਾ" ਆਖਕੇ ਨਿਵਾਜਿਆ । ਇਕ ਦਿਨ ਇਕ ਉਚੀ ਥਾਂ ਤੇ ਖੜੇ ਕੇ, ਭਾਈ ਡੱਲੇ ਨੂੰ ਆਖਿਆ ਦੇਖ ਡੱਲਿਆ ਕੇਹੀ ਸੁੰਦਰ ਨਹਿਰ *ਚਲ ਰਹੀ ਹੈ, ਕੈਸੇ ਸੁੰਦਰ ਅੰਬ ਲਗੇ ਹੋਏ ਹਨ ਤੇ ਕਿੰਨੀ ਉੱਚੀ ਉੱਚੀ ਕਣਕ ਖੜੀ ਹੈ । ਭਾਈ ਡੱਲੇ ਨੇ ਹੱਥ ਜੋੜਕੇ ਆਖਿਆ ਸਚੇ ਪਾਤਸ਼ਾਹ ਆਪਨੂੰ ਭੁਲੇਖਾ ਲੱਗਾ ਹੈ, ਇਸ ਜੰਗਲ ਵਿਚ ਇਹ ਵਸਤਾਂ ਕਿਥੋਂ ?

ਸੂਰਜ ਦੀਆਂ ਕਿਰਨਾਂ ਦੀ ਤੇਜ਼ੀ ਨਾਲ ਰੇਤ ਨਹਿਰ ਭਾਸਦੀ ਹੈ, ਅੱਕਾਂ ਦੀਆਂ ਕੁਕੜੀਆਂ ਅੰਬ ਦਿਖਦੇ ਹਨ, ਤੇ ਲੰਮੀ ਲੰਮੀ ਕਾਹੀ ਕਣਕ ਮਲੂਮ ਹੁੰਦੀ ਹੈ ।

ਜਾਣੀ ਜਾਣ ਸਤਿਗੁਰੂ ਜੀ ਨੇ ਬਚਨ ਕੀਤਾ ਓਹ ! ਡਲਿਆ, ਝਲਿਆ ! ਤੂੰ ਨਹੀ

---

*ਇਹ ਉਸ ਵੇਲੇ ਦੀ ਸਾਖੀ ਹੈ ਜਦੋਂ ਕਿਸੇ ਨੂੰ ਨਹਿਰ ਕਢਣ ਦਾ ਸੁਪਨਾਂ ਵੀ ਨਹੀਂ ਸੀ । ਭਾਈ ਸੰਤੋਖ ਸਿੰਘ ਜੀ ਕਰਤਾ ਗੁਰ ਪ੍ਰਤਾਪ ਸੂਰਜ ਵਿਚ ਲਿਖਦੇ ਹਨ ਸ੍ਰੀ ਕਲਗੀਧਰ ਜੀ ਨੇ ਇਹ ਬਚਨ ਸੰਮਤ ੧੭੬੧ ਸੰਨ ਬਿਕ੍ਰਮੀ ਦੇ ਲਗਭਗ ਉਚਾਰਨ ਕੀਤੇ, ਅਤੇ ਕਰਤਾ ਸੂਰਜ ਪ੍ਰਕਾਸ਼ ਜੀ ਸੰਮਤ ੧੯੦੦ ਬਿਕ੍ਰਮੀ ਵਿਚ ਲਿਖ ਰਹੇ ਹਨ । ਇਸ ਇਲਾਕੇ ਦੀ ਸਾਰੀ ਖੁਸ਼ਹਾਲੀ ਸਰ ਸਬਜਤਾ ਰੋਪੜ ਵਾਲੀ ਨਹਿਰ ਬਣਨ ਤੋਂ ਮਗਰੋਂ ਹੋਈ । ਇਸ ਨਹਿਰ ਦੀ ਖੁਦਾਈ ਸੰਮਤ ੧੯੩੯, ਸੰਨ ੧੮੮੨ ਵਿਚ ਹੋਈ । ਭਾਵ ਭਾਈ ਸੰਤੋਖ ਸਿੰਘ ਜੀ ਦੇ ਲਿਖਣ ਤੋਂ ਲਗਭਗ ੪੦ ਵਰ੍ਹੇ ਮਗਰੋਂ ਇਹ ਨਹਿਰ ਬਣੀ ਤੇ ਕਲਗੀਧਰ ਜੀ ਦੇ ਲਗਭਗ ਪੌਣੇ ਦੋ ਸੌ ਵਰ੍ਹੇ ਪਹਿਲਾਂ ਕਹੇ ਹੋਏ ਭਵਿੱਖਤ ਵਾਕ, ਇਹ ਨਹਿਰ ਬਣਨ ਸਮੇਂ ਪੂਰੇ ਹੋਏ ।

Digitized by Panjab Digital Library | www.panjabdigilib.org

ਜਾਣਦਾ ਮੈਂ ਇਸ ਦੇਸ਼ ਨੂੰ "ਗੁਰੂ–ਕਾ ਮਾਲਵਾ" ਬਣਾਇਆ ਹੈ, ਸਾਰੇ ਪਦਾਰਥ ਬਖਸ਼ ਦਿਤੇ ਹਨ। ਇਥੇ ਕਿਸੇ ਚੀਜ਼ ਦਾ ਘਾਟਾ ਨਹੀਂ ਰਹੇਗਾ।

ਅਵਨੀ ਜੰਗਲ ਦੇਸ਼ ਕੀ ਬਹੁ ਅੰਨ ਉਪਾਵੈ।
ਅਬ ਤੇ ਦੁਗਣੇ ਚੌਗੁਣੇ ਅੱਠ ਗੁਣੇ ਜਮਾਵੈ।
ਹੋਇ ਹਮਾਰਾ ਮਾਲਵਾ ਜਿਤ ਕਿਤ ਬਿਦੁਤਾਵੈ।
ਉਪਜੇ ਸਿੰਘ†ਸਹੰਸਰ ਹੀ ਮਲਵਈ ਕਹਾਵੈ।

ਗੁਰ ਪ੍ਰਤਾਪ ਸੂਰਜ ਰੁਤ ੬ ਅੰਸੂ ਪ੯
ਕਾਲਮ ੨ ਸਫ਼ਾ ੨੯੮੬

ਪੁਨਾ :—"ਜੰਗਲ ਦੇਸ਼ ਗੁਰੂ ਸਿਖ ਰਹੈ।"

ਗੁਰਪ੍ਰਤਾਪ ਸੂਰਜ, ਰੁਤ ੬ ਅੰਸੂ ੪੮ ਸਫ਼ਾ ੨੯੬੮

ਜਿਨ੍ਹਾਂ ਦੀ ਕੀਰਤੀ ਦਾ ਹੀ ਇਹ ਮਾਲਵਾ ਇਤਿਹਾਸ ਅੰਕਤ ਕੀਤਾ ਗਿਆ ਹੈ। ਅਗੇ ਹੁਣ ਪੜ੍ਹੋ ਮਾਲਵੇ ਦੇ ਜ਼ਿਲ੍ਹੇ, ਰਿਆਸਤਾਂ, ਤੇ ਹੋਰ ਸਮਾਚਾਰ।.

ਦਾਸ

ਵਿਸਾਖਾ ਸਿੰਘ ਸੰਤ ਸਿਪਾਹੀ।

---

†ਗੁਰੂ ਕੇ ਮਾਲਵੇ ਪੁਰ ਦਸਮੇਸ਼ ਪਿਤਾ ਜੀ ਦੀਆਂ ਅਪਾਰ ਬਖਸ਼ਸ਼ਾਂ ਦਾ ਸਦਕਾ ਹੀ ਇਥੇ ਹਠੀ, ਜਤੀ, ਤਪੀ, ਰਾਜ–ਜੋਗੀ, ਬ੍ਰਹਮਚਾਰੀ, ਬ੍ਰਹਮ ਗਿਆਨੀ, ਸੰਤ, ਭਗਤ, ਗੁਰੂ ਹਿਤਕਾਰੀ ਲਿਖਾਰੀ ਦਾਤੇ, ਉਪਕਾਰੀ, ਗਿਆਨੀ, ਧਿਆਨੀ, ਦੇਗ ਤੇਗ ਦੇ ਧਨੀ, ਤਿਆਗੀ, ਵੈਰਾਗੀ, ਦੇਗਾਂ ਵਿਚ ਉਬਲਨ ਵਾਲੇ, ਧੜ ਨਾਲ ਲੜਨ ਵਾਲੇ, ਸ਼ੇਰੇ ਪੰਜਾਬ ਨੂੰ ਇਮਲੀ ਨਾਲ ਬੰਨਣ ਵਾਲੇ, ਗੁਰ ਅਸਥਾਨ ਤੇ ਦੇਸ਼ ਅਜ਼ਾਦ ਕਰੌਨ ਵਾਲੇ, ਜਲ੍ਹਿਆਂ ਵਾਲੇ ਬਾਗ ਤੇ ਗੁਰੂ ਕੇ ਬਾਗ ਅਤਯਾਚਾਰੀ ਕਰਮੀਆਂ ਨੂੰ ਕੀਤੀ ਦਾ ਫਲ ਭੁਗਤਾਉਣ ਵਾਲੇ ਸੂਰਮੇ ਸਿੰਘ ਪੈਦਾ ਹੋਏ, ਬੱਚਿਆਂ ਨੂੰ ਨੇਜ਼ਿਆਂ ਤੇ ਪ੍ਰੋਕੇ ਹਾਰ ਪੁਔਨ, ਤੇ ਚੱਪਾ ਚੱਪਾ ਰੋਟੀ ਤੇ ਗੁਜ਼ਾਰਾ ਕਰਨ ਵਾਲੀਆਂ ਸਿਦਕਵਾਨ ਬੀਬੀਆਂ ਹੋਈਆਂ।

Digitized by Panjab Digital Library | www.panjabdigilib.org

# ਅੰਬਾਲਾ ਕਮਿਸ਼ਨਰੀ

## ਜ਼ਿਲ੍ਹਾ ਅੰਬਾਲਾ

ਅੰਬਾਲਾ ਸ਼ਹਿਰ ਲੁਧਿਹਾਣੇ ਤੋਂ ੭੧ ਮੀਲ ਪੂਰਬ ਵਲ ਨੂੰ ਘਗਰ ਦਰਿਆ ਦੇ ਕੰਢੇ ਤੇ ਸਭ ਤੋਂ ਵੱਡਾ ਸ਼ਹਿਰ ਹੈ। ਕਹਿੰਦੇ ਹਨ ਕਿ ਬਿਦੁਰ ਦੀ ਮਾਤਾ ਅਤੇ ਸ਼ਾਂਤਨੂੰ ਦੀਆਂ ਨੌਹਾਂ ਅੰਬੋ ਤੇ ਅੰਬਕਾ ਦੀ ਦਾਸੀ ਅੰਬਾਲਿਕਾ ਨੇ ਵਸਾਇਆ ਹੋਣ ਕਰਕੇ ਇਸ ਦਾ ਨਾਉਂ ਅੰਬਾਲਾ ਪ੍ਰਸਿਧ ਹੋ ਗਿਆ। ਧ੍ਰਿਤਰਾਸ਼ਟਰ ਨੇ ਆਪਣੇ ਛੋਟੇ ਭਾਈ ਪੰਡੂ ਨੂੰ ਰਾਜ ਦੇ ਦਿੱਤਾ ਸੀ ਤਾਂ ਆਪਣੀ ਮਤ੍ਰੇਈ ਅੰਬਾਲਿਕਾ ਦੇ ਹਿਸੇ ਅੰਬਾਲੇ ਦਾ ਇਹ ਇਲਾਕਾ ਆਇਆ ਸੀ।

ਅੰਗਰੇਜ਼ਾਂ ਦੇ ਸਮੇਂ ਤੋਂ ਇਥੇ ਕਮਿਸ਼ਨਰੀ ਹੈ, ਤੇ ਫ਼ੌਜੀ ਛਾਉਣੀ ਵੀ ਹੈ। ਅੰਬਾਲਾ, ਕਰਨਾਲ ਅਤੇ ਲੁਧਿਆਣੇ ਦੇ ਵਿਚਾਲੇ ਬੜਾ ਭਾਰੀ ਰੇਲ ਦਾ ਜੰਕਸ਼ਨ ਹੈ, ਇਥੋਂ ਹੀ ਕਾਲਕਾ ਤੇ ਸ਼ਿਮਲੇ ਨੂੰ ਰੇਲ ਜਾਂਦੀ ਹੈ।

ਅੰਬਾਲਾ ਜ਼ਿਲ੍ਹੇ ਦੇ ਇਹ ਸ਼ਹਿਰ ਹਨ:—ਰੋਪੜ, ਨਰੈਣਗੜ੍ਹ, ਸ਼ਾਹਬਾਦ, ਜਗਾਧਰੀ, ਅਬਦੁਲਾ ਪੁਰ।

ਖੇੜੇ:—ਬੂੜੀਆ, ਖਿਦਰਾਬਾਦ, ਮੁਸਤਫਾਬਾਦ, ਬਰਾੜਾ, ਸਹਿਜਾਦਪੁਰ, ਕੁਰਾਲੀ, ਸ੍ਰੀ ਚਮਕੌਰ ਸਾਹਿਬ, ਸਢੌਰਾ, ਖਰੜ।

ਫ਼ੈਕਟਰੀਆਂ:—੧੯੦ ਰਕਬਾ ੨੮੧੯ ਮੁਰੱਬਾ ਮੀਲ।

ਵਸੋਂ:—੧੯੫੧ ਦੀ ਮਰਦਮ ਸ਼ੁਮਾਰੀ ਅਨੁਸਾਰ ੯੪੩੭੩੪।

ਮਾਮਲਾ:—੧੨ ਲੱਖ ੭ ਸੌ ਪੱਚੀ ਰੁਪਏ।

ਤਹਿਸੀਲਾਂ:—੧ ਅੰਬਾਲਾ, ੨ ਨਰੈਣਗੜ੍ਹ, ੩ ਜਗਾਧਰੀ, ੪ ਖਰੜ, ੫ ਰੋਪੜ।

ਪੈਦਾਵਾਰ:—ਕਣਕ, ਛੋਲੇ, ਚਾਵਲ, ਮੱਕੀ ਆਦਿ।

ਰੋਪੜ:—ਇਹ ਸ਼ਹਿਰ ਜ਼ਿਲਾ ਅੰਬਾਲੇ ਵਿਚ ਸਤਲੁਜ (ਸਤਦ੍ਰਵ) ਦੇ ਕਿਨਾਰੇ ਤੇ ਵਸਿਆ ਹੋਇਆ ਹੈ, ਸ੍ਰ: ਹਰੀ ਸਿੰਘ ਰਈਸ ਸਿਆਲਬਾਂ ਨੇ ਸੰਨ ੧੭੬੩ ਵਿਚ ਜਿਤ ਕੇ ਅਪਣੇ ਕਬਜ਼ੇ ਵਿਚ ਕੀਤਾ ਸੀ। ਹਰੀ ਦੇ ਪੁਤਰ ਚੜਤ ਸਿੰਘ ਨੇ ਰੋਪੜ ਨੂੰ ਅਪਣੀ ਰਿਆਸਤ ਦਾ ਮੁੱਖ ਨਗਰ ਬਣਾਇਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੁਰਛੇਤਰ ਨੂੰ ਜਾਂਦੇ ਹੋਇ ਇਥੇ ਬਰਾਜੇ ਸਨ। ਇਥੇ ਹੀ ੧੮੩੧ ਈਸਵੀ ਨੂੰ ਮਹਾਰਾਜਾ ਰਣਜੀਤ ਸਿੰਘ ਤੇ ਲਾਰਡ ਬੈਨਟਿਕ ਦੀ, ਬੜੇ ਉਤਸਵ ਨਾਲ ਮਿਲਨੀ ਹੋਈ ਸੀ। ਸੰਨ ੧੮੪੬ ਵਿਚ ਰੋਪੜ ਅੰਗਰੇਜ਼ਾਂ ਦੇ ਅਧੀਨ ਹੋਇਆ, ਤੇ ਇਥੋਂ ਹੀ ਅੰਗਰੇਜ਼ਾਂ ਨੇ ਦਰਿਆ ਸਤਲੁਜ ਵਿਚੋਂ ਸੰਨ ੧੮੮੨ ਈ: ਵਿਚ ਸਰਹਿੰਦ ਨਹਿਰ ਕੱਢੀ। ਜੋ ਫੂਲਕੀਆਂ ਰਿਆਸਤਾਂ ਤੇ ਲੁਧਿਹਾਣੇ ਜ਼ਿਲ੍ਹੇ ਨੂੰ ਸਰ ਸਬਜ ਕਰਦੀ ਹੈ।

ਰੋਪੜ ਤੋਂ ਹੀ ਸ੍ਰੀ ਅਨੰਦਪੁਰ ਸਾਹਿਬ ਤੇ ਭਾਖੜਾ ਨੰਗਲ ਡੈਮ ਨੂੰ ਰੇਲਵੇ ਲਾਈਨ ਤੇ ਪੱਕੀ ਸੜਕ ਜਾਂਦੀ ਹੈ।

Digitized by Panjab Digital Library | www.panjabdigilib.org

## ਘੜੂਆਂ :--

ਘੜੂਆਂ ਪਿੰਡ ਜ਼ਿਲ੍ਹਾ ਅੰਬਾਲਾ ਵਿਚ ਹੈ। ਇਥੋਂ ਦਾ ਵਸਨੀਕ 'ਰੰਗਦਾਸ' ਭੰਡਾਰੀ ਖਤਰੀ ਜੋ ਵੈਰਾਗੀਆਂ ਦਾ ਚੇਲਾ ਆਤਮ ਗਿਆਨੀ ਹੋਇਆ ਹੈ। ਸ੍ਰੀ ਗੁਰੂ ਜੀ ਨੇ ਇਸ ਨੂੰ ਮੰਜੀ ਬਖਸ਼ੀ ਸੀ। ਭਾਈ ਰੰਗਦਾਸ ਦੀ ਵੰਸ਼ ਘੜੂਏਂ ਵਿੱਚ ਆਬਾਦ ਹੈ।

ਨੋਟ :--ਗੁਰਦੁਆਰੇ ਅਤੇ ਗੁਰੂ ਵਸਤਾ ਪੜ੍ਹੋ ਜਿਲਦ ਪਹਿਲੀ।

# ਜ਼ਿਲ੍ਹਾ ਲੁਧਿਆਣਾ

ਸ਼ਹਿਰ ਲੁਧਿਆਣਾ :- ਇਹ ਸ਼ਹਿਰ ਸੰਨ ੧੪੮੧ ਈਸਵੀ ਵਿਚ, ਬੁੱਢੇ ਨਾਲੇ ਦੇ ਪੂਰਬੀ ਕੰਢੇ ਤੇ ਸੰਕਦਰ ਲੋਧੀ ਦੇ ਹੁਕਮ ਨਾਲ ਉਸਦੇ ਅਹਿਲਕਾਰਾਂ, ਨਿੰਹਗ ਖਾਂ ਤੇ ਆਸਫ ਖਾਂ ਨੇ ਵਸਾਇਆ ਸੀ। ਇਹ ਦਿੱਲੀ ਤੋਂ ੧੯੪ ਮੀਲ ਤੇ ਲਹੌਰ ਤੋਂ ੧੧੬ ਮੀਲ ਹੈ। ਇਥੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ, ਅੰਗ੍ਰੇਜ਼ਾਂ ਦੀ ਸਰਹਦੀ ਛਾਉਣੀ ਤੇ ਕਿਲਾ ਸੀ। ਅਜ ਕਲ ਇਹ ਜਲੰਧਰ ਕਮਿਸ਼ਨਰੀ ਵਿਚ ਹੈ। ਇਹ ਰੇਲਵੇ ਦਾ ਭਾਰੀ ਜੰਕਸ਼ਨ ਹੈ। ਫੀਰੋਜ਼ਪੁਰ ਤੇ ਧੂਰੀ ਨੂੰ ਇਥੋਂ ਹੀ ਲਾਈਨਾਂ ਨਿਕਲੀਆਂ ਹਨ। ਅਜ ਕਲ ਇਹ ਦਸਤਕਾਰੀ ਦਾ ਸਾਰੇ ਪੰਜਾਬ ਦਾ ਭਾਰੀ ਕੇਂਦਰ ਹੈ।

ਤਹਿਸੀਲਾਂ:- ਇਸ ਜ਼ਿਲ੍ਹੇ ਵਿਚ, ਖਾਸ ਲੁਧਿਆਣਾ, ਸਮਰਾਲਾ, ਜਗਰਾਉਂ, ਤਿੰਨ ਤਹਿਸੀਲਾਂ ਹਨ।

ਸ਼ਹਿਰ:- ਲੁਧਿਆਣਾ, ਸਮਰਾਲਾ, ਖੰਨਾ, ਰਾਇਕੋਟ, ਜਗਰਾਉਂ, ਸ਼ਹਿਰ ਹਨ।

ਖੇੜੇ :- ਮਾਛੀਵਾੜਾ, ਬਹਿਲੋਲਪੁਰ, ਖਮਾਣੋ, ਭੜੀ, ਲਧੜਾਂ, ਸਲੌਦੀ, ਸਾਨੇਵਾਲ, ਬਦੋਵਾਲ, ਦਾਖਾ, ਮੁਲਾਂਪੁਰ, ਰਾਇਪੁਰ, ਗੁਜਰਵਾਲ, ਡੇਹਲੋਂ, ਮਲੌਦ, ਹਠੂਰ, ਬਸੀਆਂ, ਹਲਵਾਰਾ, ਕਾਂਉਕੇ, ਤਿਹਾੜਾ, ਸਿਧਮਬੇਟ, (ਡਾ: ਸ਼ਮਸ਼ੇਰ ਸਿੰਘ ਜੀ ਨੇ ਬੜੀ ਹੀ ਤੱਰਕੀ ਦਿਤੀ ਹੈ) ਆਦਿ ਵਡੇ ੨ ਖੇੜੇ ਹਨ।

ਫੈਕਟਰੀਆਂ :- ੧੨੫

ਰਕਬਾ :- ੧੨੭੯ ਮੁਰਬਾ ਮੀਲ, ਵਸੋਂ ੮੦੮੧੦੫।

ਮਾਮਲਾ :- ੧੪੯੫੧੫੨ ਰੁਪਏ ਸਾਲਾਨਾ ਹੈ।

ਪੈਦਾਵਾਰ :- ਕਣਕ, ਮਕੀ, ਛੋਲੇ, ਚਉਲ ਆਦਿ ਅਨਾਜ਼ ਦੀ ਹੈ।

ਸਿਖਾਂ ਦੇ ਕਾਲਜ ਤੇ ਸਕੂਲ :- ਸਿਧਵਾਂ ਖੁਰਦ ਹਰਿਗੋਬਿੰਦ ਉਜਾਗੁਰਹਰੀ ਗਰਲਜ਼ ਕਾਲਜ, ਗੁਰੂ ਨਾਨਕ ਇੰਜਨੀਅਰਿੰਗ ਕਾਲਜ, ਗੁਜਰਾਂ ਵਾਲਾ ਗੁਰੂ ਨਾਨਕ ਖਾਲਸਾ ਕਾਲਜ, ਮਾਲਵਾ ਖਾਲਸਾ ਹਾਈ ਸਕੂਲ, ਖਾਲਸਾ ਨੈਸ਼ਨਲ ਹਾਈ ਸਕੂਲ, ਰਾਮਗੜੀਆ ਇੰਨਡਸਟ੍ਰੀਅਲ ਹਾਈ ਸਕੂਲ, ਸਰਗੋਧਾ ਖਾਲਸਾ ਹਾਈ ਸਕੂਲ, ਪੋਠੋਹਾਰ ਸਯਦ ਖਾਲਸਾ ਹਾਈ ਸਕੂਲ, ਗੁਜਰਖਾਨ ਖਾਲਸਾ ਹਾਈ ਸਕੂਲ, ਰਾਮ ਦਾਸ ਗਰਲਜ਼ ਹਾਈ ਸਕੂਲ, ਕਲਗੀਧਰ ਗਰਲਜ਼ ਹਾਈ ਸਕੂਲ, ਸਰਗੋਧਾ ਗਰਲਜ਼ ਹਾਈ ਸਕੂਲ, ਰਾਮਗੜੀਆ ਗਰਲਜ਼ ਹਾਈ ਸਕੂਲ ਇਨਾਂ ਤੋਂ ਇਲਾਵਾ ਹੋਰ ਵੀ ਕਈ ਮਿਡਲ ਤੇ ਪ੍ਰਾਇਮਰੀ ਸਕੂਲ ਹਨ।

Digitized by Panjab Digital Library | www.panjabdigilib.org

## ਰਾਇਕੋਟਃ-

ਤਹਿਸੀਲ ਜਗਰਾਉਂ ਵਿਚ ਇਕ ਪ੍ਰਸਿੱਧ ਸ਼ਹਿਰ ਹੈ। ਇਸਨੂੰ ਰਾਇ ਅਹਮਦ ਨੇ ਸੰਮਤ ੧੯੪੮ ਵਿਚ ਆਬਾਦ ਕੀਤਾ ਸੀ, ਅਹਮਦ ਦਾ ਵਡੇਰਾ ਤੁਲਸੀ ਰਾਮ ਰਾਜਪੂਤ ਸੀ, ਜੋ ਮਗਰੋਂ ਮੁਸਲਮਾਨ ਹੋ ਗਿਆ ਸੀ, ਤੇ ਇਸ ਦਾ ਨਾਮ ਸ਼ੇਖ ਚਕੂ ਪ੍ਰਸਿਧ ਹੈ। ਅਹਮਦ ਦੇ ਭਾਈ ਰਾਇ ਕਮਾਲਦੀਨ ਨੇ ਜਗਰਾਉਂ ਆਬਾਦ ਕੀਤੀ। ਇਸੇ ਦੇ ਪੁਤਰ ਰਾਇ ਕੱਲ੍ਹਾ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਅਪਣੇ ਘਰ ਲਜਾਕੇ ਸੇਵਾ ਕੀਤੀ। ਇਸਦੇ ਮਾਤਾ ਜੀ ਗੁਰੂ ਜੀ ਤੇ ਭਾਰੀ ਸਰਧਾ ਰਖਦੇ ਸਨ। (ਹੋਰ ਹਾਲ ਪਹਿਲੀ ਜਿਲਦ ਦੇ ਗੁਰਅਸਥਾਨ ਕਾਂਡ ਸਫਾ ੧੯੩ ਪਰ ਪੜੋ।)

## ਅਲੀਵਾਲ(ਭੂੰਦੜੀ)ਃ-

ਇਹ ਪਿੰਡ ਜ਼ਿਲ੍ਹਾ ਲੁਧਿਆਣਾ ਦੀ ਤਹਿਸੀਲ ਜਗਰਾਉਂ ਵਿਚ ਬੁੱਢੇ ਨਾਲੇ ਉਤੇ ਲੁਧਿਆਣੇ ਤੋਂ ਲਗ ਭਗ ੧੫ ਮੀਲ ਪੱਛਮ ਵਲ ਹੈ। ਇਥੇ ਸੰਨ ੧੮੪੬ ਈ: ਵਿਚ ਅੰਗਰੇਜ਼ਾਂ ਤੇ ਸਿੱਖਾਂ ਦੀ ਲੜਾਈ ਹੋਈ ਸੀ, ਇਥੇ ਹੀ ਇਸੇ ਲੜਾਈ ਵਿਚ ਇੱਕ ਬਹਾਦਰ ਸਿੱਖ ਬੀਬੀ ਮਾਨ ਕੌਰ ਨੇ, ਲਾਰਡ ਹਾਰਡਿੰਗ ਨੂੰ ਮਾਰਿਆ ਸੀ। ਇਸ ਸ਼ੇਰ ਦਿਲ ਬੀਬੀ ਦੀ ਬਹਾਦਰੀ ਦੀ ਕਦਰ ਕਰਦਿਆਂ, ਅੰਗਰੇਜ਼ ਜਰਨੈਲ ਨੇ ਇਸਦੇ ਨਾਂ ਤੇ ਪਿੰਡ ਬੁਰਜ ਮਾਨ ਕੌਰ ਰਖ ਦਿਤਾ ਜੋ ਗੋਰਾ ਹੂਰ ਕੋਲ ਮੰਡ ਵਿਚ ਹੈ।

## ਬਦੋਵਾਲਃ-

ਇਹ ਪਰਗਣਾ ਮਹਾਰਾਜਾ ਰਣਜੀਤ ਸਿੰਘ ਨੇ ਜਿੱਤ ਕੇ ਰਾਜਾ ਗੁਰਦਿਤ ਸਿੰਘ ਲਾਡੂਣੇ ਵਾਲੇ ਨੂੰ ( ਜੋ ਵੇਦੀਂ ਪੋਈ ਦਾ ਰਹਿਣ ਵਾਲਾ ਤੇ ਉਸਦੇ ਭਾਈ ਚਾਰੇ ਵਿਚੋਂ ਸੀ ) ਦਿਤਾ ਸੀ। ਉਸਦੇ ਭਤੀਜੇ ਅਜੀਤ ਸਿੰਘ ਨੇ ਸੰਨ ੧੮੪੬ ਈ: ਵਿਚ ਅੰਗਰੇਜ਼ਾਂ ਨਾਲ ਹਸਨਪੁਰ, ਰੁੜਕਾ ਤੇ ਪਮਾਲ ਦੇ ਵਿਚਕਾਰ ਬੜਾ ਘੋਰ ਜੁੱਧ ਕੀਤਾ ਸੀ। ਜਿਸ ਵਿਚ ਅੰਗਰੇਜ਼ਾਂ ਦਾ ਭਾਰੀ ਨੁਕਸਾਨ ਹੋਇਆ। ਅੰਤ ਨੂੰ ਏਸਦੇ ਹੀ ਵਜ਼ੀਰ ਜੋਧਾ ਸਿੰਘ ਬਰਾਹਮਣ (ਚਨਾਰਥਲੀਏ) ਨੇ ਬਾਰੂਦ ਦੀ ਥਾਂ ਸਰੋਂ ਭੇਜੀ ਤਾਂ ਇਸ ਬੀਰ ਬਹਾਦਰ ਦੇ ਹੋਸ਼ ਉਡ ਗਏ, ਤੇ ਜਿਉਂਦਾ ਹੀ ਕਿਧਰੇ ਚਲਿਆ ਗਿਆ, ਤੇ ਇਹ ਸਾਰਾ ਪਰਗਣਾ, ਅੰਤ ਨੂੰ ਲਾਡੂਏ ਦੇ ਰਾਜ ਸਣੇ ਅੰਗਰੇਜ਼ਾ ਨੇ ਜ਼ਬਤ ਕਰ ਲਿਆ।

ਗੁਰਦੁਆਰੇ ਤੇ ਗੁਰੂ ਵਸਤਾ ਦੇਖੋ ਜਿਲਦ ਪਹਿਲੀ।

# ਜ਼ਿਲ੍ਹਾ ਫ਼ੀਰੋਜ਼ਪੁਰ

ਫੀਰੋਜ਼ਪੁਰ ਸ਼ਹਿਰ :—

ਪੁਰਾਤਨ ਬਜ਼ੁਰਗਾਂ ਤੋਂ ਸੁਣਦੇ ਹਾਂ ਕਿ ਅਕਬਰ ਬਾਦਸ਼ਾਹ ਦੇ ਵੇਲੇ ਦਰਿਆ ਸਤਲੁਜ ਫੀਰੋਜ਼ਪੁਰ ਤੋਂ ਚੜਦੇ ਵਲ ਵੱਗਦਾ ਸੀ। ਕੋਈ ੪੦੦ ਸਾਲ ਹੋਏ, ਸਤਲੁਜ ਆਪਣਾ ਰੁਖ ਛੱਡ ਕੇ ਦੱਖਣ-ਪੱਛਮ ਵਲ ਨੂੰ ਵਹਿਣ ਲੱਗਾ, ਤੇ ਸਾਰਾ ਇਲਾਕਾ ਖਰਾਬ ਹੁੰਦਾ ੨ ਜੰਗਲ ਬਣ ਗਿਆ। ਜਿਸਦੀਆਂ ਪੁਰਾਣੀਆਂ ਆਬਾਦੀਆਂ ਤੇ ਪੱਕੇ ਖੂਹਾਂ ਦੀਆਂ ਨਿਸ਼ਾਨੀਆਂ ਦੇਖਣ ਵਿਚ ਆਉਂਦੀਆਂ ਹਨ।

Digitized by Panjab Digital Library | www.panjabdigilib.org

ਕੋਈ ਦੋ ਸੌ ਵਰ੍ਹੇ ਹੋਏ ਜਦੋਂ ਡੋਗਰਾ ਜਾਤੀ (ਹਿੰਦੂ ਚੌਹਾਨ ਰਾਜਪੂਤ) ਪਾਕ ਪਟਣ ਦੇ ਇਲਾਕੇ ਵਿਚੋਂ ਇਥੇ ਆਕੇ ਵੱਸੇ । ਇਨ੍ਹਾਂ ਨੇ ਵਧਦਿਆਂ ਵਧਦਿਆਂ ੧੭੨੦ ਈਸਵੀ ਤੱਕ ਫ਼ੀਰੋਜ਼ਪੁਰ ਨੂੰ ਫਤਹਿ ਕਰ ਕੇ ਆਪਣੀ ਰਾਜਧਾਨੀ ਬਣਾ ਲਿਆ ।

ਦਿੱਲੀ ਤਖਤ ਵਲੋਂ ਕਸੂਰ ਵਿਚ ਇਕ ਹਾਕਮ ਰਹਿੰਦਾ ਸੀ । ਜੋ ਬੇ ਰੋਬ ਤੇ ਆਲਸੀ ਸੀ । ਅੰਬਾਲੇ ਦੇ ਗੁਜਰ ਸਿੰਘ ਜਾਟ ਨੇ, ਕਈ ਛੋਟੀਆਂ ੨ ਰਿਆਸਤਾਂ ਨੂੰ ਫਤਹਿ ਕਰਕੇ ਇਸ ਨੂੰ ਵੀ ਫਤਹਿ ਕੀਤਾ, ਤੇ ਸੰਨ ੧੭੬੨ ਵਿੱਚ ਇਨ੍ਹਾਂ ਨੂੰ ਵੀ ਭਜਾ ਕੇ, ਫ਼ੀਰੋਜ਼ਪੁਰ ਨੂੰ ਵੀ ਆਪਣੇ ਕਬਜ਼ੇ ਵਿਚ ਕਰ ਲਿਆ।ਇਹ ਆਪ ਤਾਂ ਤਖਤ ਤੇ ਨਾ ਬੈਠਾ ਪਰ ਆਪਣੇ ਭਾਈ ਦੇ ਪੁਤਰ ਗੁਰਬਖਸ਼ ਸਿੰਘ ਨੂੰ ਇਲਾਕੇ ਦਾ ਮਾਲਕ ਬਣਾ ਦਿੱਤਾ, ਤੇ ਆਪਣਾ ਖ਼ਜ਼ਾਨਾ ਤੇ ਰਾਜ ਆਪਣੇ ਪੁਤਰਾਂ ਵਿਚ ਵੰਡ ਦਿੱਤਾ ।

ਸੰਨ ੧੭੯੦ ਵਿਚ ਮਹਾਰਾਜਾ ਰਣਜੀਤ ਸਿੰਘ ਫ਼ੀਰੋਜ਼ਪੁਰ ਨੂੰ ਫਤਹਿ ਕਰਕੇ ਲਹੌਰ ਦੇ ਰਾਜ ਨਾਲ ਮਿਲੌਣਾ ਚਾਹੁੰਦਾ ਸੀ, ਪਰ ਅੰਗਰੇਜ਼ਾਂ ਵਲੋਂ ਗੁਰਬਖਸ਼ ਸਿੰਘ ਦੇ ਪੁਤਰ ਧੰਨਾ ਸਿੰਘ ਦੀ ਮਦਤ ਹੋਣ ਤੇ, ਇਸ ਨੂੰ ਲਹੌਰ ਨਾਲ ਨਾ ਮਿਲਾ ਸਕਿਆ । ਧੰਨਾ ਸਿੰਘ ਦੇ ਸੰਨ ੧੮੧੮ ਵਿਚ ਮਰ ਜਾਣ ਤੇ, ਰਾਜ ਕਾਜ ਦਾ ਸਾਰਾ ਪ੍ਰਬੰਧ ਉਸ ਦੀ ਇਸਤਰੀ ਨੇ ਆਪਣੇ ਹੱਥ ਵਿਚ ਲੈ ਲਿਆ, ਤੇ ਇਸ ਦੇ ਮਰਨ ਤੇ, ਅੰਗਰੇਜ਼ਾਂ ਨਾਲ ਹੋਈ ਸੰਧੀ ਅਨੁਸਾਰ ਇਹ ਸ਼ਹਿਰ ਅੰਗਰੇਜ਼ਾਂ ਦੇ ਅਧੀਨ ਹੋ ਗਿਆ, ਤੇ ਇਸ ਦੀ ਕਾਫ਼ੀ ਉਨਤੀ ਹੋਈ । ਤੇ ੧੮੪੧ ਵਿਚ ਪੰਜ ਹਜ਼ਾਰ ਦੀ ਅਬਾਦੀ ਸੀ ।

ਸੰਨ ੧੮੪੫ ਵਿਚ ਤੀਹ ਹਜ਼ਾਰ ਫ਼ੌਜ ਲੈ ਕੇ ਸਿੱਖਾਂ ਨੇ ਫ਼ੀਰੋਜ਼ਪੁਰ ਤੇ ਹਮਲਾ ਕਰ ਦਿੱਤਾ । ਸਿੱਖਾਂ ਦੀ ਇਹ ਪਹਿਲੀ ਲੜਾਈ, ਅੰਗਰੇਜ਼ਾਂ ਦੇ ਨਾਲ ਮੁਦਕੀ ਵਿਚ ਹੋਈ, ਦੇਸ਼ ਅਤੇ ਕੌਮ ਧਰੋਹੀ ਡੋਗਰਿਆਂ ਦੀ ਬੇਈਮਾਨੀ ਦੇ ਕਾਰਨ ਸਿੱਖ ਜਿੱਤ ਕੇ ਹਾਰ ਗਏ ।

ਇਹ ਨਾਮ ਫ਼ੀਰੋਜ਼ਸ਼ਾਹ ਤੁਗਲਕ ਨੇ ਸਰਹਿੰਦ ਦਾ ਰਖਿਆ ਸੀ । ਦਰਿਆ ਸਤਲੁਜ ਦੇ ਕਿਨਾਰੇ ਹੋਣ ਤੇ ਇਸ ਦੇ ਨਾਂ ਦਾ ਸਬੰਧੀ ਭੀ ਫ਼ੀਰੋਜ਼ਸ਼ਾਹ ਨਾਲ ਹੀ ਦਸਿਆ ਜਾਂਦਾ ਹੈ । ਅੰਗਰੇਜ਼ਾਂ ਨੇ ਸਿੱਖ ਰਾਜ ਦੀ ਹੱਦ ਜਾਣ ਕੇ ਆਪਣੀ ਛੌਣੀ ਬਣਾਈ ।

੨੬ ਨੰਬਰ ਸਿੱਖ ਪਲਟਨ ਦੇ ਬਹਾਦਰ ਸਿਪਾਹੀ ਜੋ ਸੰਨ ੧੮੯੭ ਵਿਚ ਸਾਰਾ ਗੜ੍ਹੀ ਵਿਚ ਲੜਦੇ ੨ ਸ਼ਹੀਦ ਹੋਏ ਸਨ, ਉਨ੍ਹਾਂ ਦੀ ਯਾਦ ਵਿਚ ਸਰਕਾਰ ਵਲੋਂ ਇਥੇ ਸਾਰਾ ਗੜੀ ਮੈਮੋਰੀਅਲ ਬਣਾਇਆ ਗਿਆ ਜਿਸ ਨੂੰ ਖੋਲਣ ਦੀ ਰਸਮ ਲਾਟ ਸਾਹਿਬ ਪੰਜਾਬ ਨੇ ਸੰਨ ੧੯੦੩ ਈਸਵੀ ਵਿਚ ਕੀਤੀ । ਫ਼ੀਰੋਜ਼ਪੁਰ ਲਹੌਰ ਤੋਂ ੫੭ ਮੀਲ ਹੈ ।

ਤਹਿਸੀਲਾਂ :—ਫ਼ੀਰੋਜ਼ਪੁਰ ਸ਼ਹਿਰ, ਮੋਗਾ, ਸ੍ਰੀ ਮੁਕਤਸਰ, ਫਾਜਲਕਾ, ਅਤੇ ਜੀਰਾ, ਇਹ ਪੰਜ ਤਹਿਸੀਲਾਂ ਹਨ ।

ਸ਼ਹਿਰ :—ਫ਼ੀਰੋਜਪੁਰ ਜ਼ਿਲ੍ਹੇ ਵਿੱਚ, ਫ਼ੀਰੋਜ਼ਪੁਰ ਸ਼ਹਿਰ, ਫ਼ੀਰੋਜ਼ਪੁਰ ਛਾਉਣੀ, ਸ੍ਰੀ ਮੁਕਤਸਰ, ਮਲੌਟ, ਮੋਗਾ, ਅਬੋਹਰ, ਫਾਜਲਕਾ, ਜੀਰਾ, ਅੱਠ ਸ਼ਹਿਰ ਹਨ ।

ਖੇੜੇ :—ਇਸ ਜ਼ਿਲ੍ਹੇ ਵਿਚ ਇਹ ਵੱਡੇ ੨ ਕਸਬੇ (ਖੇੜੇ) ਹਨ ।

ਧਰਮ ਕੋਟ, ਕੋਟ ਈਸੇ ਖਾਂ, ਮੱਖੂ, ਗਿਦੜ ਬਹਿਆ. ਨਿਥਾਣਾ, ਮਹਿਰਾਜ, ਭੁਚੋ-ਮੰਡੀ, ਖੱਧਣੀ, ਬੁਟਰ, ਦੌਦਰ, ਕੋਕਰੀ, ਕਿਸ਼ਨ ਪੁਰਾ, ਚੂੜ-ਚੱਕ, ਢੁਡੀਕੇ, ਚੜਿਕ, ਰੋਡੇ, ਬਾਘਾ ਪੁਰਾਣਾ,

Digitized by Panjab Digital Library | www.panjabdigilib.org

ਨਿਹਾਲੇ ਵਾਲਾ, ਤਖਤੂ ਪੁਰਾ, ਘਲਕਲਾਂ, ਭਿੰਡਰ ।

ਫ਼ੈਕਟਰੀਆਂ :— ੫੬ । ਰਕਬਾ ੪੧੦੮ ਮੁਰੱਬਾ ਮੀਲ । ਵਸੋਂ ੧੩੨੬੫੨੦ ਹੈ ।

ਮਾਮਲਾ :—ਸਲਾਨਾ ਮਾਮਲਾ ੧੭੭੮੬੬੪ ਰੁਪਏ ਹੈ ।

ਪੈਦਾਵਾਰ :—ਕਣਕ, ਛੋਲੇ, ਜੌਂ, ਚਾਵਲ ਮੱਕੀ ਆਦਿ ਅਨਾਜ ਦੀ ਹੈ ।

ਗੁਰਦਵਾਰੇ ਤੇ ਗੁਰ ਵਸਤਾਂ । ਪੜ੍ਹੋ ਜਿਲਦ ਪਹਿਲੀ ।

ਤਹਿਸੀਲ ਫ਼ੀਰੋਜ਼ਪੁਰ ਦੇ ਪਿੰਡ ੩੬੪ । ਤਹਿਸੀਲ ਮੋਗਾ ਦੇ ਪਿੰਡ ੧੮੪,

ਤਹਿਸੀਲ ਜ਼ੀਰਾ ਦੇ ਪਿੰਡ ੩੬੪ । ਤਹਿਸੀਲ ਮੁਕਤਸਰ ਦੇ ਪਿੰਡ ੩੪੪,

ਤਹਿਸੀਲ ਫਾਜਲਕਾ ਦੇ ਪਿੰਡ ੩੩੨ । ਕਸਬੇ ਕੱਢਕੇ ਜੋੜ ਹੈ ।

## ਮੁਦਕੀ (ਫੀਰੋਜ਼ਪੁਰ):—

ਫੀਰੋਜਪੁਰ ਤਹਿਸੀਲ ਵਿੱਚ ਇਹ ਪਿੰਡ, ਲੁਧਿਆਣਾ ਫੀਰੋਜਪੁਰ ਦੀ ਸੜਕ ਪੁਰ ਹੈ। ਇਥੇ ਹੀ ੧੮ ਦਸੰਬਰ ੧੮੪੫ ਨੂੰ, ਅੰਗਰੇਜ਼ਾਂ ਤੇ ਸਿਖਾਂ ਦੀ ਪਹਿਲੀ ਲੜਾਈ ਹੋਈ ਸੀ। ਜੋ ਕੌਮ ਘਾਤਕਾਂ ਦੀ ਬੇਈਮਾਨੀ ਦੇ ਕਾਰਨ, ਸਿੱਖਾਂ ਨੇ ਇਥੇ ਜਿੱਤੀ ਹੋਈ ਬਾਜੀ ਹਾਰੀ ਤੇ ਸਿੱਖ ਰਾਜ ਨਸਟ ਹੋਇਆ ।

ਇਸ ਸੰਬੰਧੀ ਕਨਿੰਘਮ ਸਾਹਿਬ ਆਪਣੇ ਸਿੱਖ ਇਤਹਾਸ ਵਿੱਚ ਇਸਤਰ੍ਹਾਂ ਲਿਖਦਾ ਹੈ।

"The object, of Lal Singh & Teja Singh was not to compromise themselves with the English, by destroying an isolated division, but to get their own troops dispersed by the converging forces of their opponeuts. Their desire was, to be up held as the ministers of a dependent kingdom by greatful couquestor, and they thus deprecated an attack on Feroze pur, and assumed the local British authorities of their secret and effcient good will ++++

Lal Singh headed the attack, but in accordance with his original design, he involved his followers in an engagement and then left them to fight as their undirceted verlor might prompt.

J. D. Cunnigham, (P. 304,306)

ਨੋਟ:— ਗੁਰਦਆਰੇ, ਤੇ ਗੁਰੂ ਵਸਤਾ ਤੇ ਬਰਸਾਇਹੋਏ ਸਿੱਖ ਪੜ੍ਹੋ ਜਿਲਦ ਪਹਿਲੀ

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ।

# ਮਾਲਵੇ ਵਿੱਚ ਸਿੱਖ ਰਿਆਸਤਾਂ ਦੀ ਕਾਇਮੀ

## ਦਾ

## ਸੰਖੇਪ ਇਤਿਹਾਸ

ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਹਰਿਰਾਇ ਜੀ, ਤੇ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਾਲਵੇ ਤੇ ਦਿਆਲਤਾ ।

ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਜਗਤ ਜੀਵਾਂ ਦਾ ਉਧਾਰ ਕਰਦੇ ਹੋਏ ਭਾਈ ਸਾਂਈ ਦਾਸ ਜੀ ਪਾਸ ਡਰੋਲੀ ਪਿੰਡ ਪੁਜੇ, ਤੇ ਇਥੋਂ ਮਾੜੀ ਪਿੰਡ ਜਾ ਦੀਵਾਨ ਲਾਇਆ । ਇਥੇ ਬਿਅੰਤ ਸੰਗਤਾਂ ਦਰਸ਼ਨੀ ਭੇਟਾ ਲੈਕੇ ਹਾਜਰ ਹੋਈਆਂ।ਕੌੜੇ ਭੁਲਰ ਵੀ ਆਪਣੇ ਵਡਿਆਂ ਨਿਰਮਿਤ ਕਈ ਪ੍ਰਕਾਰ ਦੇ ਭੋਜਨ ਲੈਕੇ ਹਾਜ਼ਰ ਹੋਏ, ਤਾਂ ਜਾਣੀ ਜਾਣ ਸਤਿਗੁਰਾਂ ਕਿਹਾ ਭਾਈ ਸਿਖੋ, ਜਿਸ ਦੇ ਨਿਮਿਤ ਤੁਸਾਂ ਇਹ ਭੋਜਨ ਬਣਾਏ ਹਨ, ਉਹ ਤਾਂ ਭੁੱਖਾ ਹੀ ਹੈ । ਜਿਸਨੂੰ ਸੁਣਕੇ ਇੰਨਾਂ ਬੇਨਤੀ ਕੀਤੀ, ਸਾਨੂੰ ਕਿਵੇਂ ਪਤਾ ਲਗੇ । ਤਾਂ ਗੁਰੂ ਜੀ ਨੇ ਚੌਧਰੀ ਲਾਲੇ ਕੌੜੇ ਦੇ ਪੁਤਰ ਬਘੇਲੇ ਦੇ ਸਿਰ ਤੇ ਹੱਥ ਰਖਿਆ, ਤਾਂ ਉਸਨੂੰ ਅਗੰਮੀ ਸੋਝੀ ਨਾਲ, ਅਪਣਾ ਵੱਡਾ ਕਾਂਉ ਬਣਿਆ ਦਿਸਿਆ ।

ਇਸਨੇ ਹੱਥ ਜੋੜ ਕਿਹਾ "ਸਚੇ ਪਾਤਸ਼ਾਹ ! ਜੇ ਇਹ ਪ੍ਰਸਾਦ ਲੈਣ ਆਉਂਦਾ ਸੀ ਤਾਂ ਅਸੀ ਇੱਟਾਂ ਮਾਰਕੇ ਮੋੜ ਦਿੰਦੇ ਸਾਂ, ਹੁਣ ਇਸਦੀ ਵੀ ਕਲਿਆਣ ਕਰੋ, ਤੇ ਸਾਨੂੰ ਵੀ ਸਿੱਖੀ ਬਖਸ਼ੋ ।"

ਜਿਸ ਤੇ ਗੁਰੂ ਜੀ ਨੇ ਕਾਗ ਦੀ ਕਲਿਆਣ ਕੀਤੀ, ਤੇ ਕੌੜੇ ਭੁਲਰਾਂ ਨੂੰ ਨਾਮ ਦਾਨ ਬਖਸ਼ਿਆ ।

ਭਟੀਆਂ ਤੇ ਪਚਾਧਿਆਂ ਦੇ ਉਜਾੜੇ ਹੋਏ ਚੋਧਰੀ ਮਰਾਝ ਦੀ ਉਲਾਦ ਦੇ ਕੋਈ ਦੋ ਡੇਢ ਸੌ ਸਿੱਧੂ ਜੱਟ, ਜੋ ਸਿਰਕੀ ਵਾਸਾਂ ਵੱਤ ਰੁਲਦੇ ਫਿਰਦੇ ਦਿਨ ਕਿਤੇ ਰਾਤ ਕਿਤੇ ਕਟਦੇ, ਇਹ ਸੁਣਕੇ ਕਿ ਬੰਦੀ ਛੋੜ ਸਤਿਗੁਰੂ ਇਧਰ ਆਏ ਹੋਏ ਹਨ । ਚਲੋ ਉਨ੍ਹਾਂ ਦੀ ਸ਼ਰਨ ਲਈਏ ।

ਇਥੇ ਆ ਗਏ ਤੇ ਸਤਿਗੁਰੂ ਦੇ ਹਜ਼ੂਰ ਅਪਣੀ ਦੀਨ ਦਸਾ

"ਹਮ ਰੁਲਤੇ ਫਿਰਤੇ ਕੋਊ ਬਾਤ ਨ ਪੂਛਤਾ"

ਵਾਲੀ ਦਿਸ਼ਾ ਤੇ ਸਤਿਗੁਰੂ ਜੀ ਦੀ ਸਰਨ ਤੇ ਸੇਵਾ ਮੰਗੀ । ਮੋਹਨ ਤੇ ਉਸਦੇ ਪੁਤਰ ਦੀ ਸਰਕਰਦਗੀ ਹੇਠ ਸੇਵਾ ਵਿੱਚ ਲਗ ਗਏ ।

ਜਾਣੀ ਜਾਣ ਸਤਿਗੁਰੂ ਨੇ ਕਿਹਾ ਤੁਹਾਡੀ ਸੇਵਾ ਤੇ ਅਸੀਂ ਪ੍ਰਸੰਨ ਹਾਂ, ਜੋ ਮੰਗਣਾ ਹੈ ਮੰਗੋ ।

ਜਿਸਤੇ ਭਾਈ ਮੋਹਣ ਨੇ ਬੜੀ ਅਧੀਨਗੀ ਨਾਲ ਆਪਣੀ ਦੁਖ ਭਰੀ ਵਿਥਿਆ ਦਸੀ ਕਿ

Digitized by Panjab Digital Library | www.panjabdigilib.org

ਸਚੇ ਪਾਤਸ਼ਾਹ ! ਅਸੀਂ ਨਿਥਾਵੇਂ ਹਾਂ ਸਾਨੂੰ ਥਾਂ ਬਖਸ਼ੋ, ਜਿਥੇ ਅਸੀਂ ਅਪਣੇ ਘਰ ਪਾਕੇ ਨਿਵਾਸ ਕਰੀਏ। ਜਦ ਸਾਡੀਆਂ ਨੌਹਾਂ, ਧੀਆਂ ਖੂਹ ਤੇ ਪਾਣੀ ਭਰਨ ਜਾਂਦੀਆਂ ਹਨ, ਲੋਕੀ ਬੜੇ ਕੋੜੇ ਬਚਨ ਆਖਦੇ ਹਨ । ਸਾਨੂੰ ਦਸਦਿਆਂ ਵੀ ਲੱਜਾ ਆਉਂਦੀ ਹੈ ।

ਇਕ ਦਿਨ ਸਾਡੀ ਨੂੰਹ ਜੋ ਨਵੀਂ ਹੀ ਵਿਆਹੀ ਆਈ ਸੀ, ਉਸਨੇ ਸਾਥੋਂ ਘੁੰਡ ਨਾ ਕਢਿਆ, ਸਾਡੇ ਪੁਛਣ ਤੇ ਉਸ ਨੇ ਕਿਹਾ ਕਿ "ਜੱਦ ਅਸੀਂ ਪਾਣੀ ਭਰਨ ਜਾਦੀਆਂ ਹਾਂ ਤਾਂ ਕੌੜੇ ਭੁਲਰ ਜੋ ਬਚਨ ਸਾਨੂੰ ਕਹਿੰਦੇ ਹਨ ਉਹ ਸੁਣਕੇ ਸਾਨੂੰ ਗਰਕ ਹੋਣ ਲਈ ਧਰਤੀ ਵੀ ਵੇਹਲ ਨਹੀ ਦਿੰਦੀ, ਸੋ ਜੱਦ ਤੱਕ ਤੁਸੀਂ ਅਪਣਾ ਖੂਹ ਨਾ ਲੁਆਵੋ ਮੈਂ ਘੁੰਡ ਨਹੀਂ ਕਢਾਂਗੀ।"

ਸੋ ਤੁਸੀਂ ਮੇਹਰ ਕਰੋ ਤੇ ਕੌੜੇ ਭੁਲਰਾਂ ਤੋਂ ਸਾਨੂੰ ਪਿੰਡ ਬਨਣ ਲਈ ਥਾਂ ਲੈ ਦਿਓ । ਅਤੇ ਜੱਦ ਤਕ ਰਿਸਤੇ ਨਾਤੇ ਦੀ ਸਾਂਝ ਨਾਂ ਹੋਵੇ , ਉਤਨਾ ਚਿਰ ਵਸੇਬਾ ਵੀ ਕਠਨ ਹੈ। ਜਿਸਨੂੰ ਸੁਣ ਸਤਿਗੁਰੂ ਨੇ ਇਨ੍ਹਾਂ ਨੂੰ ਧੀਰਜ ਦਿਤਾ, ਤੇ ਅਗਲੇ ਦਿਨ ਦੇ ਦੀਵਾਨ ਵਿਚ, ਜਦੋਂ ਮਾਨ-ਭੁਲਰ ਵੀ ਗੁਰੂ ਜੀ ਨੂੰ ਨਮਸਕਾਰ ਕਰਕੇ ਬੈਠ ਗਏ, ਤਾਂ ਗੁਰੂ ਜੀਨੇ ਪ੍ਰੇਮ ਨਾਲ ਮਾਨ-ਭੁਲਰਾਂ ਨੂੰ ਹੁਕਮ ਕੀਤਾ ਕਿ "ਭਾਈ ਸਿਖੋ ! ਮੋਹਨ ਕਿਆਂ ਨੂੰ ਇਕ ਥਾਂ ਪਿੰਡ ਵਾਸਤੇ ਤਾਂ ਦਿਓ, ਤੇ ਦੂਜੇ ਇਨ੍ਹਾਂ ਨਾਲ ਧੀਆਂ ਭੈਣਾਂ ਦੇ ਰਿਸਤੇ ਲੈਣ ਦੇਣ ਦੀ ਸਾਂਝ ਪਾਓ ।"

ਗੁਰੂ ਜੀਦੇ ਇਹ ਬਚਨ ਸੁਣਕੇ ਮਾਨ-ਭੁਲਰ ਬੋਲੇ ਕਿ "ਇਨਾਂ ਚਕਰਰੈਲਾਂ ਨੂੰ ਜ਼ਮੀਨ ਦੇਕੇ ਅਪਣੇ ਹਥੀਂ ਸ਼ਰੀਕ ਬਣਾਈਏ" ਤਿੰਨ ਵੇਰ ਸਤਿਗੁਰਾਂ ਕਿਹਾ, ਪਰ ਇਨਾਂ ਨੇ ਬਚਨ ਨਾ ਮੰਨਿਆ।" ਜਿਸ ਤੇ ਗੁਰੂ ਜੀ ਨੇ ਆਖਿਆ ਕਿ ਹੁਣ ਤਾਂ ਥਾਂ ਨਹੀਂ ਦਿੰਦੇ, ਜੇ ਵਾਹਿਗੁਰੂ ਨੂੰ ਭਾਇਆ ਤਾਂ

"ਖਿਨ ਮਹਿ ਥਾਪ ਨਿਵਾਜੇ ਠਾਕਰ ਨੀਚ ਕੀਟ ਤੇ ਕਰਹਿ ਰਜੰਗਾ"

ਦੇ ਗੁਰਵਾਕ ਅਨੁਸਾਰ, ਇਸ ਧਰਤੀ ਦੇ ਇਹ ਰਾਜੇ ਹੋਣਗੇ, ਤੇ ਤੁਹਾਡੀਆਂ ਧੀਆਂ ਭੈਣਾਂ ਦੇ ਇਹ ਰਿਸ਼ਤੇ ਨਹੀਂ ਲੈਣਗੇ ।

ਜਿਸ ਤੋਂ ਮਾਨ-ਭੁਲਰ ਉਠਕੇ ਪਿੰਡ ਨੂੰ ਚਲੇ ਗਏ, ਤੇ ਗੁਰੂ ਜੀ ਨੇ ਮੋਹਨ ਨੂੰ ਕਿਹਾ ਕਿ ਤੁਸੀਂ ਹੁਣ ਇਥੋਂ ਕਮਰਕਸੇ ਕਰ ਲਵੋ। ਜਿਥੇ ਸੂਰਜ ਛਿਪੇ, ਉਥੇ ਹੀ ਮੋਹੜੀ ਗਡਕੇ ਬੈਠ ਜਾਣਾ। ਅਕਾਲ ਪੁਰਖ ਭਲੀ ਕਰੇਗਾ। ਜਿਸਨੂੰ ਸੁਣ ਮੋਹਨ ਤੇ ਉਸਦੇ ਸਾਥੀ ਝੱਟ ਪੱਟ ਤਿਆਰ ਹੋਗਏ ਤੇ ਗੁਰੂ ਜੀ ਦੇ ਚਰਨਾਂ ਤੇ ਨਿਮਸਕਾਰ, ਤੇ ਅਰਦਾਸ ਕਰ ਚਲ ਪਏ। ਜਿਥੇ ਸੂਰਜ ਛਿਪਿਆ ਉਥੇ ਹੀ ਸਾਰਿਆਂ ਨੇ ਗਡਿਆਂ ਤੋਂ ਸਾਮਾਨ ਲਾਹਕੇ ਡੇਰੇ ਲਾ ਦਿਤੇ। ਜਿਸ ਬਣ ਹੇਠ ਮੋਹਨ ਨੇ ਡੇਰਾ ਲਾਇਆ ਸੀ ਉਹ ਹੁਣ ਤਕ ਉਥੇ ਮੌਜੂਦ ਹੈ।

ਮੀਰੀ ਪੀਰੀ ਦੇ ਮਾਲਕ ਦੇ ਹੁਕਮ ਅਨੁਸਾਰ, ਮੋਹਨ ਨੇ ਅਪਣੇ ਵਡੇ ਪੁਤਰ ਕਰਮ ਚੰਦ ਪਾਸੋਂ ਜੇਠ ਸੁਦੀ ਪੰਚਮੀ ਸੰਮਤ ੧੬੮੪ ਨੂੰ ਇਥੇ ਹੀ ਪਿੰਡ ਦੀ ਮੋਹੜੀ ਗਡਾਈ, ਤੇ ਅਪਣੇ ਵਡੇਰੇ ਬਜ਼ੁਰਗ "ਮਰਾੜ" ਦੇ ਨਾਉਂ ਤੇ ਹੀ ਪਿੰਡ ਦਾ ਨਾਉਂ ਮਰਾੜ ਰਖਿਆ, ਤੇ ਝੱਟ ਪੱਟ ਸਾਰੇ ਆਲੇ ਦੁਆਲੇ ਵਾੜ ਕਰ ਲਈ, ਇਥੇ ਜੋ ਢਾਬ ਸੀ ਉਹ ਹੁਣ 'ਗੁਰੂ-ਸਰ' ਕਰਕੇ ਮਸ਼ਹੂਰ ਹੈ ।

ਜਦੋਂ ਕੋੜੇ ਭੁਲਰਾਂ ਨੂੰ ਪਤਾ ਲਗਾ ਕਿ ਮੋਹਨ ਮੋਹੜੀ ਗੱਡ ਕੇ ਬੈਠ ਗਿਆ ਹੈ ਤਾਂ ਕ੍ਰੋਧ

Digitized by Panjab Digital Library | www.panjabdigilib.org

ਵਿੱਚ ਆਕੇ ਬਹੁਤ ਕੁਝ ਬੋਲਦੇ ਰਹੇ। ਮੋਹਨ ਤੇ ਉਸਦੇ ਸਾਥੀ ਗੁਰੂ ਜੀ ਦਾ ਧਿਆਨ ਤੇ ਆਸਰਾ ਜਾਣ ਬੈਠੇ ਰਹੇ। ਜਦੋਂ ਭੁਲਰਾਂ ਦੀ ਕੋਈ ਪੇਸ਼ ਨਾ ਗਈ ਤਾਂ ਸੱਤ ਅੱਠ ਪਿੰਡਾਂ ਦੇ ਆਦਮੀ ਲੈ ਢੋਲ ਬਜਾ ਹਥਿਆਰ ਬੰਦ ਹੋਕੇ ਆਏ।

"ਜਿਸਦਾ ਸਾਹਿਬ ਡਾਢਾ ਹੋਇ। ਤਿਸਨੋ ਮਾਰਿ ਨਾ ਸਾਕੈ ਕੋਇ।"

ਦੇ ਗੁਰਵਾਕ ਅਨੁਸਾਰ। ਮੋਹਨ ਦੇ ਭਰਾ, ਭਤੀਜੇ ਪੁਤਰ, ਕਰਮ ਚੰਦ, ਰੂਪ ਚੰਦ, ਲਖਮਾ, ਭਲ ਚੰਦ, ਸੇਮਾ, ਕਾਲੂ, ਸਾਉਲ, ਹੰਬਲਾ, ਸਰਦੂਲ ਆਦਿ ਕੋਈ ੫੦, ੬੦, ਦੇ ਕਰੀਬ ਕਰੀਬ ਸ੍ਰੀ ਗੁਰੂ ਜੀ ਦੇ ਚਰਨਾਂ ਦਾ ਧਿਆਨ ਧਰਕੇ, ਮੋਰਚਾ ਮੱਲ ਬੈਠੇ, ਤੇ ਜਾਣੀ ਜਾਣ ਸਤਿਗੁਰਾਂ ਨੇ ਇਨ੍ਹਾਂ ਦੀ ਸਹਾਇਤਾ ਲਈ, ਭਾਈ ਪੁਰਾਣਾ, ਭਾਈ ਪੈੜਾ, ਭਾਈ ਸਕਤੂ, ਭਾਈ ਬਿਧੀਚੰਦ, ਭਾਈ ਜੇਠਾ ਭਾਈ ਅਲੂ,ਭਾਈ ਜੈਤਾ,ਆਦਿ ਸਿਖਾਂ ਦੀ ਅਗਵਾਈ ਵਿਚ ਕੋਈ ਤਿੰਨ ਸੌ ਘੋੜ ਅਸਵਾਰਾਂ ਨੂੰ ਭੇਜਿਆ।

ਜਦੋਂ ਭੁਲਰਾਂ ਨੂੰ ਗੁਰੂ ਜੀ ਵਲੋਂ ਭੇਜੇ ਸਿਖਾਂ ਦੇ ਆਉਣ ਦਾ ਪਤਾ ਲਗਾ ਤਾਂ ਬੜੇ ਘਬਰਾਏ ਤੇ ਸੋਚਣ ਲਗੇ ਹੁਣ ਕੀ ਕਰੀਏ। ਆਖਰ ਸੋਚਦਿਆਂ ਸੋਚਦਿਆਂ ਫੈਸਲਾ ਕੀਤਾ ਭੋਖੜੀ ਪਿੰਡ ਵਾਲੇ ਅਪਣੇ ਜੁਆਈ ਜੈਦ * ਨੂੰ ਮੰਗਾਈਏ। ਜੋ ਇਸ ਸਮੇਂ ਦਾ ਅਰਜਨ ਭੀਮ,ਮੰਨਿਆਂ ਹੋਇਆ ਹੈ। ਉਸ ਨੂੰ ਲਿਆਕੇ ਫਤਹਿ ਪਾਈਏ, ਨਾਲੇ ਸਿੱਧੂਆਂ ਦੇ ਮੱਥੇ ਸਿਧੂ ਹੀ ਮਾਰੀਏ। ਇਸ ਅਨੁਸਾਰ ਇਨ੍ਹਾਂ ਜੈਦ ਨੂੰ ਜਾਕੇ ਲੈ ਆਂਦਾ। ਇਹ ਜਾਣ ਮਰਾਝ ਦੀ ਉਲਾਦ ਬਹੁਤ ਸੋਚਾਂ ਵਿਚ ਪਈ।

ਇਧਰ ਗੁਰੂ ਜੀ ਨੇ ਕਾਲੇਨੂੰ ਥਾਪੀ ਦੇਕੇ ਬਚਨ ਕੀਤਾ ਕਿ "ਸਿਖਾ! ਤਕੜਾ ਹੋ ਤੇਰੇ ਹਥੋਂ ਹੀ ਜੈਦ ਨੂੰ ਮਰਵਾਉਣਾ ਹੈ" ਇਹ ਸੁਣ ਮਰਾਝ ਵੀ ਬੜੇ ਖੁਸ਼ ਹੋਏ। ਤੇ ਇਕ ਟਿਲੇ ਦੀ ਆੜ ਲੈਕੇ ਡੱਟ ਗਏ। ਗੁਰੂ ਜੀ ਟਿਬੇ ਉਪਰ ਖੜੋਕੇ ਦੇਖਣ ਲਗੇ ਗੁਰੂ ਜੀ ਦੇ ਇਸ਼ਾਰੇ ਤੇ ਕਾਲਾ ਜੈਦ ਪਿਰਾਣੇ ਦੇ ਅਗੇ ਹੋਇਆ, ਤਾਂ ਉਸ ਨੇ ਕਾਲੇ ਨੂੰ ਵੰਗਾਰਦਿਆਂ ਹੋਇਆਂ ਜ਼ੋਰ ਨਾਲ ਸਾਂਗ ਮਾਰੀ ਜਿਸਨੂੰ ਕਾਲੇ ਨੇ ਭਾਂਵੇਂ ਢਾਲ ਨਾਲ ਰੋਕਿਆ ਤਦ ਵੀ ਧਕੇ ਨਾਲ ਕਾਲੇ ਦੇ ਚਾਰ ਦੰਦ ਟੁੱਟ ਗਏ। ਇਸਨੂੰ ਦੇਖ ਭਾਈ ਜੈਤੇ ਨੇ ਤੀਰ ਮਾਰਕੇ ਜੈਦ ਪਿਰਾਣੇ ਨੂੰ ਡੇਗ ਦਿਤਾ। ਡਿਗਦੇ ਸਾਰ ਹੀ ਕਾਲੇ ਨੇ ਖੰਡਾ ਮਾਰਕੇ ਦੋ ਟੂਕ ਕਰ ਦਿਤਾ, ਤੇ ਜੈਕਾਰਾ ਗਜਾਕੇ ਆਖਿਆ ਚੱਕ ਲਵੋ ! ਅਪਣੇ ਅਰਜਨ ਭੀਮ ਨੂੰ।

---

* 'ਜੈਦ' ਵਿਚ ਇਨ੍ਹਾਂ ਬਲ ਹੋਣ ਦਾ ਕਾਰਨ, ਗਿ: ਗਿਆਨ ਸਿੰਘ ਜੀ ਨੇ ਇਉਂ ਲਿਖਿਆ ਹੈ ਕਿ ਜੈਦ ਦੀ ਮਾਈ ਜਦੋਂ ਮੁਕਲਾਵੇ ਆਈ ਤਾਂ ੨੫ ਵਰਹੇ ਦੀ ਸੀ, ਤੇ ਪਿਤਾ ਵੀ ਪੂਰਾ ਜੁਆਨ ਸੀ, ਇਹ ਪਹਿਲਾ ਹੀ ਦਿਨ ਦੋਨਾਂ ਦੇ ਇਕਤਰ ਹੋਣ ਦਾ ਸੀ, ਤੇ ਕੁਖ ਹਰੀ ਹੋ ਗਈ। ਸਵੇਰੇ ਜਦੋਂ ਸੋਚ ਕਿਰਿਆ ਕਰ ਇਸ ਦੀ ਮਾਤਾ ਢਾਬ ਤੇ ਹੱਥ ਧੋਣ ਗਈ ਤਾਂ ਸਾਹਮਣੇ ਸੂਰਜ ਤੇ ਜਲ ਕਨਾਰੇ ਸ਼ੇਰ ਪਾਣੀ ਪੀਣ ਆਇਆ ਦੇਖਿਆ। ਜਿਸ ਕਰਕੇ ਜੈਦ ਵਿਚ ਸੂਰਜ ਵਰਗਾ ਤੇਜ਼, ਤੇ ਸ਼ੇਰ ਵਰਗਾ ਬਲ ਹੋਇਆ ਇਸਨੇ ਦੋ ਵਾਰੀ ਸ਼ਾਹੀ ਫੌਜਾਂ ਨਾਲ ਜੰਗ ਜਿਤੇ, ਅਤੇ ਆਪਣੀਆਂ ਭੁਜਾਂ ਦੇ ਬਲ ਨਾਲ ਚੁਰਾਸੀ, ਪਿੰਡਾਂ ਦਾ ਮੱਲ ਗੁਜਾਰ ਸਰਦਾਰ ਬਣਿਆ। ਇਸਦੀ ਉਲਾਦ ਹੁਣ ਭੋਖੜੀ ਪਿੰਡ ਵਿਚ ਹੈ। ਕੌਣ ਡਾਹੜ, ਢੀਂਡੇ ਆਦਿ ਭੁਲਰ ਜਟਾਂ ਦੀਆਂ ਮੂਹੀਆਂ ਹਨ। ਹੋਰ ਕਿਤੇ ਕੌੜੇ ਜਾਤ ਦੇ ਜੱਟ ਨਹੀ।"

(ਤਵਾਰੀਖ ਗੁਰੂ ਖਾਲਸਾ, ਹਿਸਾ ਦੂਜਾ, ਸਫਾ ੯੪੧)

Digitized by Panjab Digital Library | www.panjabdigilib.org

ਜੈਦ ਪਿਰਾਣੇ ਦੇ ਮਰਦਿਆਂ ਸਾਹ ਹੀ ਭੁਲਰਾਂ ਦੇ ਦਿਲ ਟੁਟ ਗਏ। ਨਾਲੇ ਤਾਂ ਹਥੀਂ ਜੁਆਈ ਮਰਵਾ ਲਿਆ ਤੇ ਧੀ ਰੰਡੀ ਹੋ ਗਈ। ਹੋਰ ਭੀ ਲਾਗ ਪਾਸ ਦੇ ਰਹਿਣ ਵਾਲੇ ਮਰਵਾਕੇ, ਘਰਾਂ ਨੂੰ ਮੁੜ ਗਏ, ਸਤਿਗੁਰੂ ਦੀ ਕ੍ਰਿਪਾ ਨਾਲ ਮਰਾੜਕਿਆਂ ਦੀ ਜਿਤ ਹੋਈ। ਗੁਰੂ ਜੀ ਨੇ ਹੁਕਮ ਦਿਤਾ ਕਿ ਜਿਥੋਂ ਤਕ ਹਿੰਮਤ ਪੈਂਦੀ ਹੈ, ਘੋੜਾ ਫੇਰਕੇ ਜੂਹ ਬਣਾ ਲਵੇ, ਸੋ ਇਨ੍ਹਾਂ ਤਿੰਨ ਤਿੰਨ ਕੋਹ ਤਕ ਅਪਣੀ ਹੱਦ ਬੰਦੀ ਕਰ ਲਈ।

"ਜਿਸਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖ ਕੈਸਾ ਪਾਵੈ।"

ਦੇ ਗੁਰਵਾਕ ਅਨੁਸਾਰ ਸੋਦੀ ਸੁਲਤਾਨ ਸਤਿਗੁਰੂ ਦਾ ਸਿਰ ਤੇ ਹੱਥ ਹੋਣ ਕਰਕੇ, ਮਰਾੜ ਕੇ ਖੁਸ਼ੀ ਨਾਲ ਵਸਨ ਲਗੇ। ਇਥੇ ਹੀ ਮੋਹਨ ਨੇ ਗੁਰੂ ਜੀ ਦੇ ਹਥੋਂ ਖੂਹ ਦਾ ਟੱਕ ਲੁਆਇਆ ਜੋ ਹੁਣ ਤਕ ਗੁਰੂ ਕਾ "ਖੂਹ" ਕਰਕੇ ਪ੍ਰਚਲਤ ਹੈ। ਇਕ ਦਿਨ ਮੋਹਨ ਨੇ ਗੁਰੂ ਜੀ ਅਗੇ ਬੇਨਤੀ ਕੀਤੀ ਕਿ ਜੂਹ ਤਾਂ ਅਸੀਂ ਬਗਲ ਲਈ ਹੈ। ਮਾਮਲਾ ਕਿਥੋਂ ਦਿਆ ਕਰਾਂਗੇ। ਮਾਮਲਾ ਨਾ ਦੇਣ ਤੋਂ ਕੌੜੇ ਭੁਲਰ ਫੇਰ ਉਜਾੜ ਦੇਣਗੇ,ਤਾਂ ਸਤਿਗੁਰਾਂ ਕਿਹਾ ਭਾਈ ਮੋਹਣ ਤੇਰੀ ਉਲਾਦ ਪਾਸੋਂ ਕੋਈ ਮਾਮਲਾ ਨਹੀਂ ਲਵੇਗਾ ਸੋ ਹੁਣ ਤਕ ਇਨ੍ਹਾਂ ਨੂੰ ਮਾਲੀਆ ਮੁਆਫ ਹੈ। ਤੇ ਗੁਰੂ ਜੀ ਦਰਾਜ ਢਬਾਲੀ, ਭਦੌੜ, ਮਾਹਿਲ, ਡੋਡ ਮਲੂਕੇ, ਡਮੇਰੂ ਇਤ ਆਦਿਕ ਦੇ ਬਹੁਤ ਸਾਰੇ ਪਿੰਡਾਂ ਦੀਆਂ ਸੰਗਤਾਂ ਨੂੰ ਨਿਹਾਲ ਕਰਦੇ ਹੋਏ, ਫੇਰ ਭਾਈ ਸਾਈਂ ਦਾਸ ਪਾਸ ਡਰੋਲੀ ਆ ਗਏ।

## ਮੁਰਾੜਕਿਆਂ ਨੂੰ ਦੂਹਰਾ ਵਰ

ਸ੍ਰੀ ਸਤਿ ਗੁਰ ਕੀ ਸਭਾ ਮੇ ਫੂਲ ਜਾਇਕੈ ਆਜ।
ਕੇਵਲ ਪੇਟ ਬਜਾਇਕੈ ਲੀਨੋ ਦੇਸਨ ਰਾਜ।
ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਬਖਸਸ਼।

ਜਦੋਂ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਸੰਗਤਾਂ ਨੂੰ ਤਾਰਨ ਲਈ ਮਾਲਵੇ ਵਿਚ ਆਏ ਤੇ ਭਾਈ ਰੂਪੇ, ਕਾਂਗੜ, ਸੁਖਾਨੰਦ, ਗਿਲ, ਆਦਿ ਪਿੰਡਾਂ ਵਿਚ ਦੀ ਹੋਕੇ ਮਰਾੜ ਪਿੰਡ ਪੁਜੇ, ਤਾਂ ਮੋਹਣ ਦੇ ਪੁਤ ਪੋਤਰਿਆਂ ਨੇ ਤਨ,ਮਨ,ਧਨ,ਨਾਲ ਭਾਰੀ ਸੇਵਾ ਕੀਤੀ। ਇਥੇ ਹੀ ਮੋਹਣ ਦਾ ਪੁਤਰ ਕਾਲਾ, ਅਪਣੇ ਸਵਰਗ ਵਾਸੀ ਭਰਾ ਦੇ ਪੁਤਰਾਂ "ਫੂਲ" ਤੇ "ਸੰਦਲੀ" ਨੂੰ ਨਾਲ ਲੈਕੇ ਆਇਆ ਤੇ ਅਰਦਾਸ ਕਰਕੇ ਖੜਾ ਹੋ ਗਿਆ। ਇਸ ਦੀ ਸਿਖਿਆ ਅਨੁਸਾਰ ਦੋਨਾਂ ਭਾਈਆਂ ਨੇ ਅਪਣੇ ਢਿਡਾਂ ਤੇ ਹੱਥ ਮਾਰੇ। ਜਾਣੀ ਜਾਣ ਸਤਿਗੁਰਾਂ ਨੇ ਮੁਸਕਰਾ ਕੇ ਪੁਛਿਆ ਭਾਈ ਕਾਲਾ ਇਹ ਢਿੱਡਾਂ ਤੇ ਹੱਥ ਕਿਉਂ ਮਾਰਦੇ ਹਨ। ਤਾਂ ਕਾਲੇ ਨੇ ਅਧੀਨਗੀ ਸਹਿਤ ਬੇਨਤੀ ਕੀਤੀ,

ਹਜੂਰ! "ਪੇਟੋਂ ਭੁਖ਼ੇ ਹਨ, ਪੇਟ ਵਾਸਤੇ ਪ੍ਰਸਾਦਿ ਮੰਗਦੇ ਹਨ"

ਪੇਟ ਬਜਾਵਤ ਛੁਧਾ ਦੁਖ, ਸ੍ਰੀ ਸਤਿਗੁਰ ਸਮੁਹਾਇ।
ਕੋ ਜਾਨਤ ਥੋ ਫੂਲ ਕੋ ਦੇਸ਼ਨ ਪਤਿ ਹਵੈ ਜਾਇ।

"ਖਿਨ ਮਹਿ ਥਾਪਿ ਨਿਵਾਜੇ ਠਾਕਰ ਨੀਚ ਕੀਟ ਤੇ ਕਰਹਿ ਰਾਜੰਗਾ"

ਦੇ ਗੁਰਵਾਕ ਅਨੁਸਾਰ, ਹਰਨ ਭਰਨ ਹਾਰ ਸਤਿਗੁਰੂ ਨੇ ਪ੍ਰਸ਼ੰਨ ਹੋਕੇ ਬਖਸ਼ਸ਼ ਕੀਤੀ ਕਿ

Digitized by Panjab Digital Library | www.panjabdigilib.org

'ਕਾਲਿਆ ! ਆਹ ਫੂਲ ਬਹੁਤ ਫਲੇ ਫੁਲੇਗਾ। ਇਨ੍ਹਾਂ ਦੀ ਉਲਾਦ ਦੇ ਲੰਗਰ ਚਲਣਗੇ। ਜਮਨਾ ਤੇ ਸਤਲੁਜ ਵਿਚਕਾਰ ਇਨ੍ਹਾਂ ਦਾ ਰਾਜ ਹੋਵੇਗਾ''

ਜਿਸ ਨੂੰ ਸੁਣ ਕਾਲਾ ਬੜਾ ਖੁਸ਼ੀ ਹੋਇਆ, ਤੇ ਘਰ ਆਕੇ ਅਪਣੀ ਸੁਪਤਨੀ ਨੂੰ ਗੁਰੂ ਜੀ ਦੇ ਬਚਨ ਦਸੇ, ਤਾਂ ਅਗੋਂ ਉਹ ਕਹਿਣ ਲਗੀ, ਅਪਣੇ ਪੁਤਰਾਂ ਦੇ ਉਤੋਂ ਦੀ ਸਰੀਕਾਂ ਨੂੰ ਰਾਜ ਦੇਆ ਆਇਆ ਹੈ, ਇਨ੍ਹਾਂ ਤੋਂ ਮਨ ਭਾਉਂਦਾ ਮਾਮਲਾ ਲਿਆ ਕਰਨਗੇ, ਤੇ ਮਗਰੋਂ ਪਛਤਾਂਵੇਗਾ।

ਅਗਲੇ ਦਿਨ ਕਾਲਾ ਚੌਧਰੀ ਅਪਣੇ ਪੁੱਤਰਾਂ ਨੂੰ ਵੀ ਗੁਰੂ ਜੀ ਅਗੇ ਢਿਡ ਵਜੌਣ ਦੀ ਸਿਖਿਆ ਸਿਖਾਕੇ, ਲੈ ਆਇਆ, ਗੁਰੂ ਜੀ ਦੇ ਪੁਛਨ ਤੇ ਕਾਲੇ ਨੇ ਢਿਡੋਂ ਭੁਖੇ ਹੋਣ ਦਾ ਕਾਰਨ ਹੀ ਦਸਿਆ, ਘਟ ਘਟ ਕੇ ਪਟ ਪਟ ਕੀ ''ਜਾਨਤ'' ਵਾਲੇ ਅੰਤਰਜਾਮੀ ਗੁਰਾਂ ਨੇ ਬਚਨ ਕੀਤਾ।

ਭਾਈ ਕਾਲਾ! ''ਰਾਜ ਤਾਂ ਫੂਲ ਦੀ ਉਲਾਦ ਹੀ ਕਰੇਗੀ। ਪਰ ਤੇਰੀ ਸੰਤਾਨ ਵੀ ਆਪਣੀ ਵਾਹੀ ਆਪ ਖਾਵੇਗੀ, ਤੇ ਕੋਈ ਮਾਮਲਾ ਨਹੀਂ ਦੇਵੇਗੀ।

ਸੋ ਗੁਰੂ ਜੀ ਦੇ ਵਰ ਨਾਲ ਫੂਲ ਦੀ ਉਲਾਦ ਹੀ ਇਨ੍ਹਾਂ ਰਿਆਸਤਾਂ ਦੀ ਮਾਲਕ ਬਣੀ, ਤੇ ਕਾਲੇ ਦੀ ਉਲਾਦ ਮਾਫੀ ਦਾਰ ਹੀ ਰਹੀ।

ਇਨ੍ਹਾਂ ਸਿਖ ਰਿਆਸਤਾਂ ਨੂੰ ਕਾਇਮ ਹੋਣ ਦਾ ਇਹ ਸਤਵੇਂ ਗੁਰਾਂ ਦਾ ਦੂਜਾ ਵਰ ਸੀ।

## "ਫੂਲਕਿਆਂ ਨੂੰ ਰਾਜ-ਭਾਗ ਦਾ ਤੀਜਾ ਵਰ"

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ''ਤੇਰਾ ਘਰ ਮੇਰਾ ਅਸੈ'' ਦਾ

## ਹੁਕਮ ਨਾਮਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦੋਂ ਮਾਲਵੇ ਵਿਚ ਸੰਗਤਾਂ ਨੂੰ ਨਿਹਾਲ ਕਰ ਰਹੇ ਸਨ ਤਾਂ ਚੌਧਰ ਫੂਲ ਦੇ ਪੁਤਰ ਰਾਮਾ ਅਤੇ ਤਲੋਕਾ, ਲੰਗਰ ਵਾਸਤੇ ਰਾਸ਼ਨ ਦਾ ਗੱਡਾ ਲੈਕੇ ਆਏ, ਤੇ ਗੁਰੂ ਜੀ ਨੂੰ ਨਮਸਕਾਰ ਕੀਤੀ,ਅਤੇ ਦੀਵਾਨ ਵਿਚ ਬੈਠ ਗਏ। ਇਕ ਸਿੰਘ ਉਠਕੇ ਗੁਰੂ ਜੀ ਤੋਂ ਆਗਿਆ ਲੈਕੇ ਕਹਿਣ ਲਗਾ।

ਮਹਾਰਾਜ ! ਇਨ੍ਹਾਂ ਦੋਨਾਂ ਭਰਾਵਾਂ ਰਾਮੇ ਤੇ ਤਿਲੋਕੇ ਨੇ ਸ੍ਰੀ ਅਨੰਦਪੁਰ ਸਾਹਿਬ ਨੂੰ ਜਾਂਦਿਆਂ ਰਸਤੇ ਵਿਚ ਜੰਗ ਦੇ ਹਾਲ ਸੁਣੇ, ਤੇ ਚਮਕੌਰ ਸਾਹਿਬ ਵਿਖੇ ਮੁਸਲਮਾਨੀ ਭੇਸ ਧਾਰਕੇ, ਬੀਬੀ ਹਰਸ਼ਰਨ ਕੌਰ ਖਰੰਡੇ ਵਾਲੀ ਤੋਂ ਬਾਕੀ ਰਹਿ ਗਏ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਸੀ। ਇਨ੍ਹਾਂ ਦੀ ਇਸ ਸੇਵਾ ਤੋਂ ਪ੍ਰਭਾਵਿਤ ਹੋ ਗੁਰੂ ਜੀ ਨੇ ਪ੍ਰਸੰਨ ਹੋਕੇ ਕਿਹਾ ਭਾਈ ''ਵਰ ਮੰਗੋ'' ਤਾਂ ਰਾਮੇ ਨੇ ਅਰਜ਼ ਕੀਤੀ ਸੱਚੇ ਪਾਤਸ਼ਾਹ! ਸਾਨੂੰ ਲੋਕ ਸਿਰਕੀ-ਵਾਸ (ਚਕਰੈਲ) ਕਹਿਕੇ ਨਿਰਾਦਰ ਕਰਦੇ ਹਨ, ਕਿਤੇ ਵੀ ਟਿਕਣ ਨਹੀਂ ਦਿੰਦੇ'' ਤੁਠੇ ! ਹੋ ਤਾਂ ਰਹਿਣ ਲਈ ਥਾਂ ਬਖਸ਼ੋ ਜਿਸ ਨੂੰ ਸੁਣਕੇ ਸਤਿਗੁਰਾਂ ਧੀਰਜ ਦਿਤਾ।

ਦਯਾਸਿੰਧ ਸੁਣ ਧੀਰਜ ਦੀਨਾ, ਤੁਮ ਤੋਂ ਦੇਸ਼ ਸ਼ਕਲ ਹੀ ਲੀਨਾ।
ਐਸੇ ਪਾਂਇ ਤੁਮਾਰੇ ਜਮੇ, ਭੂਪਨ ਭੂਪ ਦੇਸ਼ ਗਨ ਨਿਮੇ।
ਦਿੱਲੀ ਲਵਪੁਰ ਕੈ ਵਿਚ ਵਧੈ, ਹਕਾਮ ਹੁਜਾਰਨ ਹੀ ਕੋ ਮਧੇ।
ਕੁਰਸੀ ਬਹੁਰ ਬਕੁਰਸੀ ਰਾਜ, ਪਾਇ ਹੋਂ ਬਡੇ ਅਨੇਕ ਸਮਾਜ।

Digitized by Panjab Digital Library | www.panjabdigilib.org

ਹਮਰੇ ਹਿਤ ਇਮ ਕਾਰਜ ਕੀਨ, ਇਸੀ ਹੇਤ ਕਰ ਸਭ ਕਿਛ ਲੀਨ।
ਮਨੋ ਕਾਮਨਾ ਪੂਰਨ ਭਈ. ਦੋਨੋਂ ਕੋ ਦਸਤਾਰ ਸੁ ਦਈ।
(ਗੁ: ਪ੍ਰ: ਸੂ: ਐਨ ੧ ਅੰਸੂ ੨੧)

ਇਹ ਬਚਨ ਸੁਣਕੇ ਭਾਈ ਰਾਮਾ ਤੇ ਤਿਲੋਕਾ ਬੜੇ ਪ੍ਰਸੰਨ ਹੋਏ। ਗੁਰੂ ਜੀ ਨੇ ਅਪਣੇ ਕਮਰ ਕਸੇ ਦੀ ਕਟਾਰ ਤੇ ਇਕ ਦਸਤਾਰ ਦਾ ਇੰਨ੍ਹਾਂ ਨੂੰ ਸਿਰੋਪਾ ਦਿਤਾ। ਕਟਾਰ ਤੇ

ਦੇਗੋ ਤੇਗ ਫਤਹਿ ਨੁਸਰਤ ਬੇਦ ਰੰਗ।
ਯਾਫਤ ਅਜ਼ ਨਾਨਕ ਗੁਰੂਗੋਬਿੰਦ ਸਿੰਘ। ਲਿਖਿਆ ਹੋਇਆ ਹੈ।

ਸੋ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅੱਤ ਕ੍ਰਿਪਾਲਤਾ ਤੇ ਦਿਆਲਤਾ ਨਾਲ

"ਕਲਗੀਧਰ ਸੁਾਮੀ ਅੰਤਰ ਯਾਮੀ, ਜੋ ਸਿਰ ਪੈ ਨਿਜ ਹਾਥ ਧਰੈਂ, ਸਭ ਦੁਖ ਹਰੈਂ।
ਕਰ ਰੰਕਨ ਰਾਜਾ, ਦੇਇ ਸਮਾਜਾ, ਸਧਾਰਨ ਕੋ ਸਮ ਸਿੰਘ ਕਰੈਂ. ਬਲ ਤੇਜ ਭਰੈਂ।"

ਦੀ ਲਿਖਤ ਅਨੁਸਾਰ, ਇਹ ਰਿਆਸਤਾਂ, ਨਾਭਾ, ਪਟਿਆਲਾ ਤੇ ਜੀਂਦ ਇਨ੍ਹਾਂ ਦੇ ਵਡੇਰੇ 'ਫੂਲ' ਦੇ ਨਾਂ ਤੇ ਫੂਲਕੀਆਂ ਰਿਆਸਤਾਂ ਕਰਕੇ ਕਾਇਮ ਹੋਈਆਂ। ਜਦੋਂ ਗੁਰੂ ਜੀ ਤਲਵੰਡੀ ਸਾਬੋਕੀ ਸ੍ਰੀ ਦਮਦਮੇ ਸਾਹਿਬ ਸਨ । ਤਾਂ ਰਾਮੇ ਅਤੇ ਤਿਲੋਕੇ ਨੇ ਇਥੇ ਪੌਂਹਚ ਕਰ ਗੁਰੂ ਜੀ ਪਾਸੋਂ ਅੰਮ੍ਰਿਤ ਪਾਨ ਕਰਕੇ ਅਪਣਾ ਨਾਮ ਲਾਲ ਸਿੰਘ ਪਦ ਧਾਰਨ ਕੀਤਾ। ਰਾਮੇ ਤੋਂ ਰਾਮ ਸਿੰਘ ਤੇ ਤਿਲੋਕੇ ਤੋਂ ਤਿਲੋਕ ਸਿੰਘ ਬਣੇ ਗੁਰੂ ਜੀ ਦੀ ਇਸ ਪੁਰ ਅਤੀ ਮਿਹਰ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ, ਅਪਣੇ ਸ੍ਰੀ ਅਨੰਦ ਪੁਰ ਸਾਹਿਬ ਦੇ ਨਿਵਾਸ ਸਮੇਂ, ੨ ਭਾਦਰੋਂ ਸੰਮਤ ੧੭੫੩ ਬਿਕ੍ਰਮੀ ਨੂੰ ਇਹ ਹੁਕਮ ਨਾਮਾ ਇੰਨ੍ਹਾਂ ਨੂੰ ਭੇਜਿਆ ਸੀ

ੴ ਸ੍ਰੀ ਸਤਿਗੁਰੂ ਜੀ

"ਸ੍ਰੀ ਗੁਰੂ ਜੀਉ ਦੀ ਆਗਿਆ ਹੈ, ਭਾਈ ਤਲੋਕਾ, ਭਾਈ ਰਾਮਾ ਸਰਬਤ ਸੰਗਤ ਗੁਰੂ ਰਖੈਗਾ। ਤੁਧ ਜਮੀਅਤ ਲੈਕੇ ਸਾਡੇ ਹਜ਼ੂਰ ਆਵਣਾ ਮੇਰੀ ਤੇਰੇ ਉਪਰ ਬਹੁਤ ਖ਼ੁਸ਼ੀ ਹੈ। "ਤੇਰਾ ਘਰ ਮੇਰਾ ਹੈ" ਤੁਧ ਹੁਕਮ ਵੇਖਦਿਆਂ ਹੀ ਛੇਤੀ ਅਸਾਡੇ ਹਜ਼ੂਰ ਆਵਣਾ ਤੇਰਾ ਘਰ ਮੇਰਾ ਅਸੈ, ਤੁਧ ਸਿਤਾਬੀ ਹੁਕਮ ਦੇਖਦਿਆਂ ਹੀ ਆਵਣਾ, ਤੁਸਾਂ ਅਸਵਾਰਾਂ ਲੈਕੇ ਆਵਣਾ, ਜ਼ਰੂਰ ਆਵਣਾ, ਤੇਰੇ ਉੱਤੇ ਅਸਾਡੀ ਭਾਰੀ ਮਿਹਰਬਾਨਗੀ ਅਸੈ, ਤੈ ਆਵਣਾ, ਇਕ*ਜੋੜਾ ਭੇਜਾ ਹੈ ਰਖਾਵਣਾ ।
ਭਾਦਰੋ ੨ ਸੰਮਤ ੧੭੫੩।"

ਇਸਤਰਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ, ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਤਿੰਨ ਸਿੱਖ ਗੁਰੂਆਂ ਦੀਆਂ ਬਖਸ਼ਸ਼ਾਂ ਨਾਲ ਇਹ ਫੂਲਕੀਆਂ ਸਿਖ ਰਿਆਸਤਾਂ ਕਾਇਮ ਹੋਈਆਂ।

ਇੰਨਾਂ ਸੰਬੰਧੀ, ਹੋਰ ਹਾਲ ਅਗਲੇ ਪੰਨਿਆਂ ਤੇ ਪੜ੍ਹੋ।

---

*ਅਸਤਰ, ਹੈ ਪੋਸ਼ਾਕ, ਸਿਰੋਪਾ।

ਇਹ ਅਸਲ ਹੁਕਮ ਨਾਮਾ ਬਾਬਾ ਆਲਾ ਸਿੰਘ ਜੀ ਦੇ ਬੁਰਜ ਪਟਿਆਲੇ ਹੈ। ਤੇ ਨਕਲਾਂ ਨਾਭੇ ਅਤੇ ਸੰਗਰੂਰ ਹਨ।

Digitized by Panjab Digital Library | www.panjabdigilib.org

੧ੴ ਸਤਿਗੁਰ ਪ੍ਰਸਾਦਿ।

# ਫੂਲਕੀਆਂ ਰਿਆਸਤਾਂ ਦਾ ਪਿਛੋਕੜਲਾ ਇਤਹਾਸ

ਗੁਰੂਦਰੋ ਵਰਸਾਈਆਂ ਹੋਈਆਂ ਫੂਲਕੀਆਂ ਰਿਆਸਤਾਂ ਦਾ ਹਾਲ ਲਿਖਣ ਤੋਂ ਪਹਿਲਾਂ ਇਨ੍ਹਾਂ ਦਾ ਪਿਛੋਕੜ ਦਸਣਾ ਵੀ ਪਾਠਕਾਂ ਦੀ ਦਿਲਚਸਪੀ ਦਾ ਕਾਰਨ ਹੋਵੇਗਾ। ਇਸੇ ਖਿਆਲ ਤੋਂ ਸੰਖੇਪ ਹਾਲ ਇਥੇ ਅੰਕਤ ਕੀਤੇ ਜਾਦੇ ਹਨ।

(ਸੰਪਾਦਿਕ)

ਫੂਲਵੰਸ:- ਬਾਬਾ ਫੂਲਦੀ ਕੁਲ ਜਦੂਵੰਸੀ ਭੱਟੀ ਰਾਜਪੂਤਾਂ ਵਿਚੋਂ 'ਜਸਲ' ਪ੍ਰਤਾਪੀ ਯੋਧਾ ਹੋਇਆ ਹੈ। ਜਿਸਨੇ ਸੰਮਤ ੧੨੧੩ ਵਿਚ ਜੈਸਲਮੇਰ ਨਗਰ ਵਸਾਇਆ ਜੋ ਹੁਣ ਰਾਜ ਪੂਤਾਨੇ ਅੰਦਰ ਪ੍ਰਸਿਧ ਰਾਜਧਾਨੀ ਹੈ। ਜੈਸਲ ਦੇ ਪੁਤਰ ਹੇਮ ਤੋਂ (ਜਿਸਨੂੰ ਹੇਮ ਹੇਲ ਤੇ ਭੀਮ ਵੀ ਆਖਦੇ ਹਨ) ਛੀਵੀਂ ਪੀੜੀ ਸਿੱਧੂ ਹੋਇਆ।ਜਿਸਤੋਂ ਸਿੱਧੂ ਗੋਤ ਚਲਿਆ, ਸਿੱਧੂ ਤੋਂ ਨੌਵੀਂ ਪੀੜੀ ਬਰਾੜ ਹੋਇਆ, ਜਿਸਤੋਂ ਵੰਸ ਦੀ ਬਰਾੜ ਸੰਗਯਾ ਹੋਈ। ਬਰਾੜ ਤੋਂ ਬਾਰਵੀਂ ਪੀੜੀ ਪਰਮ ਪਰਤਾਪੀ ਬਾਬਾ ਫੂਲ ਜਨਮਿਆਂ, ਜਿਸਤੋਂ ਫੂਲ ਵੰਸ ਪ੍ਰਸਿਧ ਹੋਇਆ ਇਸਦਾ ਫਲ ਰੂਪ ਪਟਿਆਲਾ, ਨਾਭਾ, ਅਤੇ ਜੀਂਦ (ਸੰਗਰੂਰ) ਤਿੰਨ ਰਿਆਸਤਾਂ ਪੰਜਾਬ ਵਿਚ ਸਿੱਖੀ ਦਾ ਮਾਣ ਤਾਣ ਸਨ।

ਇਨ੍ਹਾਂ ਤਿੰਨਾਂ ਰਿਆਸਤਾਂ ਤੋਂ ਛੁਟ, ਭਦੌੜ, ਮਲੌਦ, ਪਖੋਂ, ਬੇਰ, ਰਾਮਪੁਰ, ਬਡਰੁਖਾ, ਜਿਉਂਦਾਂ, ਦਿਆਲਪੁਰਾ, ਰਾਮਪੁਰਾ, ਕੋਟ ਦੁੱਨਾ, ਅਤੇ ਗੁਮਟੀ ਦੇ ਜਗੀਰਦਾਰ, ਫੂਲ ਵੰਸ ਦੇ ਹੀ ਛੋਟੇ ਰਈਸ ਹਨ। ਜਿਨ੍ਹਾਂ ਬਾਬਤ 'ਫੂਲ'ਵੰਸ ਦੇ ਸਜਰਿਆਂ ( ਕੁਰਸੀ ਨਾਮਿਆਂ ) ਤੋਂ ਚੰਗੀ ਤਰ੍ਹਾਂ ਮਲੂਮ ਹੋ ਸਕਦਾ ਹੈ। ਇਨ੍ਹਾਂ ਵਿਚੋਂ ਭਦੌੜ, ਜਿਉਂਦਾ, ਰਾਮਪੁਰਾ, ਅਤੇ ਕੋਟ ਦੁਨਾ ਦੇ ਸਰਦਾਰ ਰਾਜ ਪਟਿਆਲੇ ਦੇ ਅੰਦਰ ਹਨ, ਅਤੇ ਪਖੋ, ਬੇਰ, ਮਲੌਦ ਅਤੇ ਰਾਮਪੁਰਾ ਦੇ ਸਰਦਾਰ ਜਿਲ੍ਹਾ ਲੁਧਿਆਣੇ ਵਿਚ ਪੰਜਾਬ ਸਰਕਾਰ ਦੇ ਅਧੀਨ ਹਨ। ਬਡਰੁਖਾ ਅਤੇ ਦਿਆਲਪੁਰੇ ਦੇ ਸਰਦਾਰ ਰਾਜ ਜੀਂਦ ਅੰਦਰ, ਗੁਮਟੀ ਦੇ ਲੌਢ ਘਰੀਏ ਰਿਆਸਤ ਨਾਭੇ ਦੇ ਅਧੀਨ ਹਨ।

ਇਸਤੋਂ ਅਗੇ ਫੂਲ ਵੰਸ ਦੇ ਤਿੰਨਾਂ ਰਾਜ ਘਰਾਣਿਆਂ ਦੇ ਹਾਲ ਕਰਮਵਾਰ ਪਟਿਆਲਾ, ਨਾਭਾ ਜੀਂਦ ਦੇ ਇਸਤਰ੍ਹਾਂ ਹਨ:—

੧ੴ ਸਤਿਗੁਰ ਪ੍ਰਸਾਦਿ।

"ਗੁਰੂ ਦਰੋਂ ਵਰੋਸਾਇ ਹੋਇ ਮਾਲਵੇ ਦੇ ਰਾਜ ਘਰਾਣੇ"

## "ਰਿਆਸਤ ਪਟਿਆਲਾ"

ਚੌਧਰੀ ਫੂਲ ਦੇ ਸਪੁਤਰ ਸ: ਰਾਮ ਸਿੰਘ ਜੀ ਇਸ ਰਿਆਸਤ ਦੇ ਵਡੇਰੇ ਸਨ, ਤੇ ਇਨ੍ਹਾਂ ਦੇ ਸੂਰਬੀਰ ਸਪੁਤਰ, ਬਾਬਾ ਆਲਾ ਸਿੰਘ ਜੀ ਨੇ ਸੰਮਤ ੧੮੧੦ ਬਿਕਰਮੀ ਵਿਚ ਇਸ ਸ਼ਹਿਰ ਦੀ

Digitized by Panjab Digital Library | www.panjabdigilib.org

ਨੀਂਹ ਰਖੀ। ਜੋ ਪਟੀ-ਆਲਾ ਕਰਕੇ ਪ੍ਰਸਿਧ ਸੀ, ਅਤੇ ੧੮੨੦ ਵਿਚ ਅਪਣੀ ਰਾਜਧਾਨੀ ਬਣਾਕੇ ਆਬਾਦ ਕੀਤਾ। ਬਾਬਾ ਆਲਾ ਸਿੰਘ ਜੀ ਸਿਖ ਮਿਸਲਾਂ ਸਮੇਂ, ਬਾਰਾਂ ਮਿਸਲਾਂ ਵਿਚੋਂ ਫੂਲ ਮਿਸਲ ਦਾ ਜਥੇਦਾਰ ਸੀ।

ਪਟਿਆਲਾ, ਰਾਜਪੁਰੇ ਤੋਂ ਸੋਲਾਂ ਮੀਲ ਤੇ ਨਾਭੇ ਤੋਂ ਵੀ ੧੬ ਮੀਲ ਹੈ। ਮਾਲਵੇ ਵਿਚ ਇਹ ਸਭ ਤੋਂ ਵਡੀ ਸਿੱਖ ਰਿਆਸਤ ਹੈ। ਇਸਦੇ ਰਾਜ ਘਰਾਣੇ ਦਾ ਕੁਰਸੀਨਾਮਾ ਇਸਤਰ੍ਹਾਂ ਹੈ।

ਮਰਾੜ
|
ਸਤੋਹ
|
ਪਖੋ
|
ਮੋਹਣ ਦਿਹਾਂਤ ਸੰ: ੧੬੮੭

ਮੋਹਣ → ਰੂਪ ਚੰਦ, ਕਾਲਾ

ਰੂਪ ਚੰਦ → ਸੰਦਲੀ, ਫੂਲ

ਫੂਲ →
- ਤਿਲੋਕ ਸਿੰਘ ਨਾਭੇ ਅਤੇ ਜੀਂਦ ਦਾ ਵਡੇਰਾ
- ਰਾਮ ਸਿੰਘ ਪਟਿਆਲੇ ਦਾ ਵਡੇਰਾ
- ਰਘੂ ਜਿਉਂਦਾ ਵਡੇਰਾ
- ਚੰਨੂ
- *ਲੌਂਡੂ — ਲੌਂਢ ਘਰੀਆਂ ਦਾ ਵਡੇਰਾ
- ਤਖਤਮਲ

ਜਨਮ ਸੰਨ ੧੬੩੮ ਰਾਮ ਸਿੰਘ ਜੀ ਦਿਹਾਂਤ ੧੭੧੪

ਬਾਬਾ ਆਲਾ ਸਿੰਘ ਜੀ ,, ੧੭੬੫ ਇਸ ਨੇ ਪਟਿਆਲਾ ਅਬਾਦ ਕੀਤਾ
|
ਟਿੱਕਾ ਸਰਦੂਲ ਸਿੰਘ ਜੀ ,, ੧੭੫੩ ਈਸਵੀ
| ,,
ਜਨਮ ੧੭੪੮ ਈਸਵੀ ਰਾਜਾ ਅਮਰ ਸਿੰਘ ਜੀ ,, ੧੭੮੧ ,,
| ,,
,, ੧੭੭੩ ,, ਰਾਜਾ ਸਾਹਿਬ ਸਿੰਘ ਜੀ ,, ੧੮੧੩ ,,
| ,,

Digitized by Panjab Digital Library | www.panjabdigilib.org

ਜਨਮ ੧੭੯੮ ਈਸਵੀ ਮਹਾਰਾਜਾ ਕਰਮ ਸਿੰਘ ਜੀ ਦਿਹਾਂਤ ੧੮੪੫ ਈ:
|
ਜਨਮ ੧੮੨੩ ,, ,, ਨਰਿੰਦਰ ਸਿੰਘ ਜੀ ਦਿਹਾਂਤ ੧੮੬੨ ,,
|
ਜਨਮ ੧੮੫੨ ,, ,, ਮਹਿੰਦਰ ਸਿੰਘ ਜੀ ਦਿਹਾਂਤ ੧੮੭੬ ,,
|
ਜਨਮ ੧੮੭੨ ,, ,, ਰਾਜਿੰਦਰ ਸਿੰਘ ਜੀ ਦਿਹਾਂਤ ੧੯੦੦ ,,
|
ਜਨਮ ੧੮੯੧ ,, ,, ਭੂਪਿੰਦਰ ਸਿੰਘ ਜੀ ਦਿਹਾਂਤ ੧੯੩੮ ,,
|
ਜਨਮ ੧੯੧੩ ,, ,, ਯਾਦਵਿੰਦਰ ਸਿੰਘ ਜੀ

## ਪਿਟਆਲਾ ਰਾਜ ਦੇ ਜ਼ਿਲੇ

ਪਟਿਆਲਾ, ਫਤਹਿਗੜ੍ਹ,ਸਾਹਿਬ, ਬਰਨਾਲਾ, ਸੁਨਾਮ, ਬਠਿੰਡਾ,ਨਾਰਨੌਲ, ਸ਼ਿਮਲਾ ਇਹ ਸਤ ਜ਼ਿਲੇ ਸਨ ।

ਸ਼ਹਿਰ:- ਪਟਿਆਲਾ, ਰਾਜਪੁਰਾ, ਧੂਰੀ, ਬਰਨਾਲਾ, ਬਠਿੰਡਾ, ਰਾਮਾਮੰਡੀ, ਬਸੀ, ਨਾਰਨੌਲ, ਸਮਾਣਾ ਸ਼ਹਿਰ, ਰਾਇਸਰ ,ਅਮਰਗੜ, ਧਮੋਟ, ਭਵਾਨੀਗੜ, ਕੋਟਦੁਨਾ, ਸ੍ਰੀ ਦਮਦਮਾ ਸਾਹਿਬ(ਤਲਵੰਡੀ-ਸਾਬੋ) ਮਹਿੰਦਰ ਗੜ੍ਹ ਜਰਗ ।

ਕਸਬੇ:- ਛੱਤ-ਬਨੂੜ, ਪੰਜੌਰ, ਸਰਹੰਦ, ਦੁਰਾਹਾ, ਪੇਲ, ਘਾਗਾ ਲਹਿਰਾ, ਜਾਖਲ, ਲੌਂਗੋਦੇਵਾ, ਭਿਖੀ, ਧਮਧਾਨ ਸਾਹਿਬ, ਬਾਗੜੀਆਂ ਢਡਾਰੀ, ਭਦੌੜ, ਸਹਿਣਾ, ਘਨੌਰੀਵਡੀ, ਰਾਮਪੁਰਾ, ਧਮੋਟ, ਮੂਣਕ ਮਰੌੜ੍ਹਾ ਸਨਾਮ, ਰੱਲਾ, ਰਾਮਪੁਰ ਸਟੇਸ਼ਨ, ਘੁੜਾਮ, ਬਦੇਰਾ, ਮਾਨਸਾ ਮੰਡੀ, ਮੌੜ ਮੰਡੀ, ਸਮੀਰ, ਠੀਕਰੀਆਂ ਵਾਲਾ ।

ਰਕਬਾ:- ੫੪੧੨ ਬਰਗ ਮੀਲ ਹੈ ।

ਵਸੋਂ:- ੧੯੫੨ ਦੀ ਮਰਦਮ ਸ਼ਮਾਰੀ ਅਨੁਸਾਰ ੧੪੯੯੭੩੯ ਹੈ ।

ਮਾਲੀਆ:- ੧੨੨੭੩੭੧੯ ਰੁਪੈ ਹੈ ।

ਰਿ: ਪਟਿਆਲਾ ਵਿਚ ੧੪ ਸ਼ਹਿਰ ਅਤੇ ੩੫੯੦ ਪਿੰਡ ਹਨ ।

ਫੌਜੀ ਇੰਪੀਰਅਲ ਸਰਵਿਸ:—ਰਾਜਿੰਦਰ ਰਸਾਲਾ ੫੨੬ ਸਵਾਰ, ਪਲਟਨ ਪਹਿਲੀ ਦੇ ੭੪੦ ਅਤੇ ਦੂਜੀ ਦੇ ਭੀ ੭੪੦ ਸਿਪਾਹੀ ।

ਸਲਾਮੀ ੧੩ ਤੋਪਾਂ ਦੀ ਸੀ ।

ਲੋਕਲ:-- ਰਸਾਲਾ ੧ ਅਤੇ ਪਲਟਨਾ ੨ ।

Digitized by Panjab Digital Library | www.panjabdigilib.org

ਤੋਪਖਾਨਾ:- ੮ ਤੋਪਾਂ, ਗੋਲੰਦਾਜ ੧੫੦।

ਪੋਲੀਸ:- ੧੩੦੦ ਅਤੇ ਥਾਣੇ ੩੧ ਸਨ।

ਸਕੂਲ ਤੇ ਕਾਲਜ:- ਰਿਆਸਤ ਵਿਚ ਇਕ ਮਹਿੰਦਰਾ ਕਾਲਜ ਹੈ ਜਿਸ ਵਿਚ ਬੀ.ਏ. ਤਕ ਬਿਨਾ ਫੀਸ ਵਿਦਿਆ ਪੜ੍ਹਾਈ ਜਾਂਦੀ ਹੈ ਭੂਪੇਦੰਰ ਤਿਬੀਆ ਕਾਲਿਜ ਅਤੇ ਭੂਪੇਦੰਰ ਐਗਰੀਕਲਚਰ ਇਨਸੀ-ਚਯੂਟ ਭੀ ਅਤਿ ਸੁੰਦਰ ਹਨ। ਰਿਆਸਤ ਵਿਚ ੧੧ ਹਾਈ ਸਕੂਲ ਅਤੇ ਮੋਗੇ ਵਿਚ ਇਕ ਹਾਈ ਸਕੂਲ ੩੦ ਮਿਡਲ ਸਕੂਲ ੨੫੩ ਪ੍ਰਾਇਮਰੀ ਸਕੂਲ ਹਨ। ਇਕ ਗਰਲਜ਼ ਹਾਈ ਸਕੂਲ, ਇਕ ਮਿਡਲ ਤੇ ੪੪ ਪ੍ਰਾਇਮਰੀ ਸਕੂਲ ਹਨ।

ਹਸਪਤਾਲ:- ਪਟਿਆਲੇ ਵਿਚ ਰਾਜੇਦੰਰਾ ਹਸਪਤਾਲ, ਲੇਡੀ ਡਫਰਿਨ ਜ਼ਨਾਨਾ ਹਸਪਤਾਲ ਹੈ। ਇਲਾਕੇ ਵਿਚ ੯ ਹਸਪਤਾਲ ਅਤੇ ੨੮ ਡਿਦਪੈਨਸਰੀਆਂ ਹਨ।

ਰਿਆਸਤ ਪਟਿਆਲਾ ਦਾ ਨੰਬਰ ਪੰਜਾਬ ਵਿਚ ਪਹਿਲਾ ਸੀ।

ਸਲਾਮੀ੧੨ ਤੋਪਾਂ ਦੀ ਸੀ।

# ਮਾਲਵੇ ਦੇ ਰਾਜ ਘਰਾਣੇ

## ਰਿਆਸਤ ਨਾਭਾ

ਚੋਧਰੀ ਫੂਲ ਦਾ ਵੱਡਾ ਪੁਤਰ ਤਿਲੋਕਾ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਸ੍ਰੀ ਦਮਦਮੇ ਸਾਹਿਬ ਜੀ ਵਿਖੇ ਅੰਮ੍ਰਿਤ ਛੱਕ ਕੇ ਤਿਲੋਕ ਸਿੰਘ ਬਣਿਆ, ਇਸ ਰਿਆਸਤ ਦਾ ਵਡੇਰਾ ਸੀ। ਇਸਦਾ ਜਨਮ ਮਾਤਾ ਬਾਲੀ ਦੇ ਉਦਰ ਤੋਂ ਪਿੰਡ ਮਰਾੜ ਵਿਖੇ ਹੋਇਆ। ਤਿਲੋਕ ਸਿੰਘ ਦਾ ਵਿਆਹ ਰੁੜਕੀ (ਨਾਭਾ) ਵਿਖੇ, ਬਖਤ ਕੌਰ ਧਾਲੀਵਾਲ ਨਾਲ ਹੋਇਆ। ਜਿਸਦੀ ਕੁਖੋਂ ਦੋ ਪੁਤਰ, ਗੁਰਦਿੱਤਾ ਤੇ ਸੁਖਚੈਨ ਹੋਏ।

ਰਿਆਸਤ ਨਾਭਾ ਦੇ ਰਾਜ ਘਰਾਣੇ ਦਾ ਕੁਰਸੀ ਨਾਮਾਂ:-

ਚੌਧਰੀ ਫੂਲ
|
ਤਿਲੋਕ ਸਿੰਘ
|
ਗੁਰਦਿਤ ਸਿੰਘ — ਦਿਹਾਂਤ ਸੰਨ ੧੭੫੪ ਈ:
|
ਸੂਰਤੀਆਂ — ਦਿਹਾਂਤ ਸੰਨ ੧੭੫੨ ਈ:
|
ਹਮੀਰ ਸਿੰਘ ਜੀ — ਦਿਹਾਂਤ ਸੰਨ ੧੭੮੩ ਈ:
|

Digitized by Panjab Digital Library | www.panjabdigilib.org

ਜਨਮ ਸੰਨ ੧੭੭੫ ਈ: ਰਾਜਾ ਜਸਵੰਤ ਸਿੰਘ ਜੀ ਦਿਹਾਂਤ ਸੰਨ ੧੮੪੦ ਈ:

ਜਨਮ ਸੰਨ ੧੮੨੨ ਈ: ਰਾਜਾ ਦੇਵਿੰਦਰ ਸਿੰਘ ਜੀ ਦਿਹਾਂਤ ਸੰਨ੧੮੬੫ ਈ:

ਜਨਮ ੧੮੪੦, ਰਾਜਾ ਭਰਪੂਰ ਸਿੰਘ ਜੀ ਦਿਹਾਂਤ ੧੮੬੩

ਜਨਮ ੧੮੪੨, ਰਾਜਾ ਭਗਵਾਨ ਸਿੰਘ ਜੀ ਦਿਹਾਂਤ ੧੮੭੧

ਰਾਜਾ ਭਰਪੂਰ ਸਿੰਘ ਜੀ ਅਤੇ ਰਾਜਾ ਭਗਵਾਨ ਸਿੰਘ ਜੀ ਦੇ ਔਲਾਦ ਨਹੀਂ ਸੀ। ਇਸ ਲਈ ਪਿੰਡ ਬਡਰੁੱਖਾ ਦੇ ਸ: ਹੀਰਾ ਸਿੰਘ ਜੀ ਜੋ ਹੱਕਦਾਰ ਸਨ, ੨੦ ਅਗਸਤ ਸੰਨ ੧੮੭੧ ਈਸਵੀ ਨੂੰ ਰਿਆਸਤ ਨਾਭਾ ਦੇ ਮਹਾਰਾਜਾ ਥਾਪੇ ਗਏ।

ਜਨਮ ੧੮੪੩ ਮਹਾਰਾਜਾ ਹੀਰਾ ਸਿੰਘ ਜੀ ਦਿਹਾਂਤ ੨੫ ਦਸੰਬਰ ੧੯੧੧

ਜਨਮ ੪ ਮਾਰਚ ੧੮੮੩ ਮਹਾਰਾਜਾ ਰਿਪੁਦਮਨ ਸਿੰਘ ਜੀ ਜੋ ਮਗਰੋਂ ਹਜ਼ੂਰ ਸਾਹਿਬ ਵਿਖੇ ਅੰਮ੍ਰਿਤ ਛਕ ਕੇ ਗੁਰਚਰਣ ਸਿੰਘ ਹੋਏ

ਜਨਮ ੨੧ ਸਤੰਬਰ ੧੯੧੯ ਮਹਾਰਾਜਾ ਪ੍ਰਤਾਪ ਸਿੰਘ ਜੀ

ਰਾਜਾ ਹਮੀਰ ਸਿੰਘ ਨੇ ਰਾਜ ਭਾਗ ਨੂੰ ਚੰਗੀ ਤਰ੍ਹਾਂ ਸਾਂਭਦਿਆਂ ਹੋਇਆਂ ਅਪਣੀ ਤੀਖਣ ਬੁੱਧੀ ਤੇ ਭੁਜਾਂ ਦੇ ਬਲ ਨਾਲ ਹੋਰ ਬਹੁਤ ਸਾਰਾ ਇਲਾਕਾ ਅਪਣੇ ਕਬਜ਼ੇ ਵਿਚ ਕੀਤਾ, ਅਤੇ ਸੰਮਤ ੧੮੧੩ ਸਨ ੧੭੫੫ ਵਿਖੇ ਨਾਭੇ ਸ਼ਹਿਰ ਨੂੰ ਆਬਾਦ ਕਰਕੇ ਰਾਜਧਾਨੀ ਬਣਾਇਆ। ਇਹ ਵੀ ਸਿੱਖਾਂ ਦੀਆਂ ਬਾਰਾਂ ਮਿਸਲਾਂ ਵਿਚੋਂ, ਫੂਲ ਮਿਸਲ ਦੀ ਸ਼ਾਖ ਹੈ। ਨਾਭਾ, ਪਟਿਆਲੇ ਤੋਂ ੧੬ ਮੀਲ ਤੇ ਰਾਜਪੁਰੇ ਤੋਂ ੩੨ ਮੀਲ ਹੈ।

ਸ਼ਹਿਰ :– ਨਾਭਾ, ਜੈਤੋ, ਮੰਡੀ ਗੋਬਿੰਦਗੜ੍ਹ, ਫੂਲ, ਅਮਲੋਹ, ਬਾਬਲਕਾਟੀ, ਚਰਖੀ ਦਾਦਰੀ, ਇਹ ਸ਼ਹਿਰ ਹਨ।

ਖੇੜੇ :– ਲੋਹਟ ਬੱਦੀ, ਧਨੋਲਾ, ਫੂਲ ਮੰਡੀ, ਢਿਲਵਾਂ, ਮੌੜ, ਬੜਵਰ ਆਦਿ ਖੇੜੇ ਹਨ।

ਰਕਬਾ : - ਰਿਆਸਤ ਦਾ ਕਰਬਾ ੯੬੮ ਵਰਗ ਮੀਲ ਹੈ।

ਵਸੋਂ :– ੧੯੫੧ ਦੀ ਮਰਦਮ ਸੁਮਾਰੀ ਅਨੁਸਾਰ ੨੬੩੩੯੪ ਹੈ।

ਨਾਭਾ ਰਿਆਸਤ ਦਾ ਦਰਜਾ ਪੰਜਾਬ ਵਿਚ ਚੌਥਾ ਹੈ। ਰਿ: ਦੀ ਕੁਲ ਆਮਦਨ ੨੪੦੦੦੦੦

ਲੌਂਡ(ਸਫਾ ੧੨੬੭)*(ਛੋਟਾ ਘਰ(ਮਹਲ) ਹੋਣ ਕਰਕੇ ਸੰਤਾਨ ਦੀ ਸੰਗਯਾ ਲੌਂਢ ਘਰੀਏ ਹੋਈ। ਅਰਥਾਤ ਚੌਧਰੀ ਫੂਲ ਦੀ ਛੋਟੀ ਸਿੰਘਣੀ ਰਾਣੀ ਰੱਜੀ ਦੀ ਸੰਤਾਨ ਲੌਂਢ ਘਰੀਏ, ਰਿਆਸਤ ਨਾਭੇ ਵਿਚ ਗੁੰਮਟੀ ਪਿੰਡ ਦੇ ਮਾਲਕ ਹਨ। ਝੰਡੂ ਦੇ ਔਲਾਦ ਨਹੀਂ ਹੋਈ। ਲੌਂਢ ਘਰੀਏ ਚੰਨੂ ਅਤੇ ਤਖਤ ਮਲ ਦੀ ਵੰਸ ਹਨ।

Digitized by Panjab Digital Library | www.panjabdigilib.org

ਚੋਵੀ ਲਖ ਰੁਪਈਏ ਬਾਰਸ਼ਕ ਹੈ ਨਾਭੇ ਸ਼ਹਿਰ ਵਿਚ ਇਕ ਹਾਈ ਸਕੂਲ ਕੇ ਇਕ ਮਿਡਲ ਸਕੂਲ ਹੈ। ਇਲਾਕੇ ਵਿਚ ੬ ਮਿਡਲ ਸਕੂਲ, ੨੩ ਪ੍ਰਾਇਮਰੀ ਸਕੂਲ ਹਨ। ਨਾਭੇ ਸ਼ਹਿਰ ਵਿਚ ਇਕ ਸਿਵਲ ਹਸਪਤਾਲ ਤੇ ਇਕ ਫੌਜੀ ਹਸਪਤਾਲ ਹੈ। ਇਲਾਕੇ ਵਿਚ ੮ ਡਿਸਪੈਨਸਰੀਆਂ ਹਨ।

ਫੌਜ-ਅਕਾਲ-ਪੁਲੀਸ ੪੧੫ ਇਨਫੈਨਟਰੀ ੪੫੦ ਹੈ।

## "ਮਾਲਵੇ ਦੇ ਰਾਜ ਘਰਾਣੇ"

## "ਰਿਆਸਤ ਜੀਂਦ"

ਇਹ ਰਿਆਸਤ ਵੀ ਫੂਲ ਬੰਸ ਵਿਚੋਂ ਹੀ ਹੈ, ਤੇ ਸ: ਤਿਲੋਕ ਸਿੰਘ ਜੀ ਹੀ ਇਸਦੇ ਵਡੇਰੇ ਹੋਏ ਹਨ। ਰਾਜਾ ਗਜਪਤਿ ਸਿੰਘ ਜੀ ਨੇ ਆਪਣੀ ਕਾਬਲੀਅਤ, ਬਹਾਦਰੀ ਦੇ ਕਾਰਨ ੧੭ ਵਰ੍ਹੇ ਦੀ ਉਮਰ ਵਿਚ ਹੀ, ਦਿੱਲੀ ਦੀ ਸਲਤਨਤ ਦੇ ਪਰਗਣੇ 'ਜੀਂਦ' ਅਤੇ 'ਸਫ਼ੀਦੋਂ' ਨੂੰ ਸੰਮਤ ੧੭੫੫ ਵਿੱਚ ਫਤਹਿ ਕਰਕੇ, ਸੰਮਤ ੧੭੬੬ ਵਿੱਚ ਜੀਂਦ ਨੂੰ ਆਪਣੀ ਰਾਜਧਾਨੀ ਬਣਾਕੇ, ਸੰਨ ੧੭੭੫ ਵਿੱਚ 'ਫਤਹਿਗੜ੍ਹ' ਨਾਉਂ ਦਾ ਕਿਲਾ ਬਣਾਇਆ। ਫੂਲਕੀਆਂ ਰਿਆਸਤਾਂ ਵਿਚ ਰਿਆਸਤ ਜੀਂਦ ਦਾ ਤੀਜਾ ਨੰਬਰ ਹੈ। ਮਹਾਰਾਜਾ ਰਨਬੀਰ ਸਿੰਘ ਜੀ ਨੇ, ਰਿਆਸਤ ਜੀਂਦ ਦੀ ਰਾਜਧਾਨੀ ਨਵੇਂ ਥਾਂ ਬਣੌਣ ਦੇ ਖ਼ਿਆਲ ਤੋਂ ਸੰਗਰੂਰ ਸ਼ਹਿਰ ਵਸਾਇਆ ਤੇ ਇਥੇ ਹੀ ਆਪਣੀ ਰਿਹਾਇਸ਼ੀ ਮਹਲ ਬਣਾਏ, ਤੇ ਇਹੀ ਰਾਜਧਾਨੀ ਹੈ।

### ਰਿਆਸਤ ਜੀਂਦ ਦੇ ਰਾਜ ਘਰਾਣੇ ਦੀ ਬੰਸਾਵਲੀ

ਚੌਧਰੀ ਫੂਲ

|

ਤਿਲੋਕ ਸਿੰਘ

|

ਗੁਰਦਿਤ ਸਿੰਘ (ਨਾਭੇ ਦਾ ਵਡੇਰਾ) — ਸੁਖਚੈਨ ਸਿੰਘ (ਜੀਂਦ ਦਾ ਵਡੇਰਾ)

|

ਜਨਮ ੧੭੩੮ — ਰਾਜਾ ਗਜਪਤਿ ਸਿੰਘ — ਦਿਹਾਂਤ ੧੭੮੯

|

ਬੀਬੀ ਰਾਜ ਕੌਰ — ਰਾਜਾ ਭਾਗ ਸਿਘ ਜੀ ਦਿਹਾਂਤ ੧੮੧੯ — ਭੂਪ ਸਿੰਘ ਦਿਹਾਂਤ ੧੮੧੫ ਵਜ਼ੀਦ ਪੁਰੇ ਤੇ ਬਡਰੁਖੇ ਦਾ ਵਡੇਰਾ

|

ਰਾਜਾ ਫਤਹਿ ਸਿੰਘ ਦਿਹਾਂਤ ੧੮੨੨

|

Digitized by Panjab Digital Library | www.panjabdigilib.org

ਰਾਜਾ ਸੰਗਤ ਸਿੰਘ ਦਿਹਾਂਤ ੧੮੩੪

ਰਾਜਾ ਸੰਗਤ ਸਿੰਘ ਦੇ ਸੰਤਾਨ ਨਹੀਂ ਸੀ, ਇਸ ਲਈ ਸਰਦਾਰ ਭੂਪ ਸਿੰਘ ਦੀ ਔਲਾਦ ਵਿਚੋਂ ਸ੍ਰ: ਸਰੂਪ ਸਿੰਘ ਜੀ ਨੂੰ ਸੰਨ ੧੮੩੭ ਵਿੱਚ "ਜੀਂਦ" ਦਾ ਰਾਜਾ ਥਾਪਿਆ ਗਿਆ। ਜਿਥੋਂ ਫਿਰ ਅਗੇ ਇਸ ਦੀ ਬੰਸਾਵਲੀ ਚਲੀ।

ਰਾਜਾ ਸਰੂਪ ਸਿੰਘ ਜੀ ਦਿਹਾਂਤ ੧੮੬੪ ਈ:

|

ਰਾਜਾ ਰਘਬੀਰ ਸਿੰਘ ਜੀ ਦਿਹਾਂਤ ੧੮੮੭ ਈ:

|

ਟਿੱਕਾ ਬਲਬੀਰ ਸਿੰਘ ਜੀ ਦਿਹਾਂਤ ੧੮੮੩ ਈ:

|

ਜਨਮ ੧੧ ਅਕਤੂਬਰ ੧੮੭੯ ਮਹਾਰਾਜਾ ਰਨਬੀਰ ਸਿੰਘ

|

ਜਨਮ ੨੫ ਸਤੰਬਰ ੧੯੧੮ ਟਿੱਕਾ ਰਾਜਾ ਬੀਰ ਸਿੰਘ ਜੀ

ਰਿਆਸਤ ਜੀਂਦ ਦੇ ਸ਼ਹਿਰ :—ਸੰਗਰੂਰ, ਸਫੀਦੋ, ਦਾਦਰੀ, ਤੇ ਜੀਂਦ ਹਨ।

ਖੇੜੇ :—ਬਡਰੁੱਖਾ, ਵਜੀਦ ਪੁਰ, ਮੰਗੂ ਵਾਲ, ਵਾਲੀਆਂ।

ਰਕਬਾ :—ਰਿਆਸਤ ਜੀਂਦ ਦਾ ਰਕਬਾ ੧੨੬੮ ਵਰਗ ਮੀਲ ਸੀ।

ਵਸੋਂ :—੧੯੫੧ ਦੀ ਮਰਦਮ ਸ਼ੁਮਾਰੀ ਅਨੁਸਾਰ ੩੦੮,੧੮੩ ਸੀ।

ਮਾਲੀਆ :—ਸੰਤਾਲੀ ਲੱਖ ਰੁਪਿਆ ਸਾਲਾਨਾ ਹੈ।

ਰਿਆਸਤ ਦੀ ਸਭ ਫ਼ੌਜ ੭੦੦ ਸਿਪਾਹੀ-ਇੰਪੀਰੀਅਲ ਸਰਵਿਸ ਪਲਟਨ ਦਾ, ੧੫੦ ਲੋਕਲ ਪਲਟਨ ਦਾ ਸੀ। ਮਹਾਰਾਜਾ ਦਾ ਬਾਡੀਗਾਰਡ ਰਸਾਲਾ ੧੧੨, ਖੱਚਰ ਬਾਟਰੀ ਦੇ ਸਿਪਾਹੀ ੨੭ ਹਨ। ਪੁਲੀਸ ਦੇ ਸਿਪਾਹੀ ੩੧੧ ਅਤੇ ਪਿੰਡਾਂ ਦੇ ਚੌਕੀਦਾਰ ੫੦੮ ਹਨ ਪਿੰਡ ੪੪੨ ਹਨ। ਆਬਪਾਸ਼ੀ ਪੱਛਮੀ ਜਮਨਾ ਕਰਨਾਲ ਅਤੇ ਸਰਹਿੰਦ ਕਰਨਾਲ ਤੋਂ ਹੁੰਦੀ ਹੈ। ਰਿਆਸਤ ਵਿਚ ਇਕ ਹਾਈ ਸਕੂਲ, ੨੫ ਮਿਡਲ ਸਕੂਲ ੩੯ ਪ੍ਰਾਇਮਰੀ ਸਕੂਲ ਹਨ। ਗਰਲਜ਼ ਸਕੂਲ ੪ ਹਨ।

ਸੰਗਰੂਰ ਵਿੱਚ ਇਕ ਵੱਡਾ ਹਸਪਤਾਲ ਜਿਸ ਵਿਚ ੩੦ ਬੀਮਾਰ ਰਹਿ ਸਕਦੇ ਹਨ। ਜੀਂਦ ਦੇ ਹਸਪਤਾਲ ਜਿਸ ਵਿਚ ੧੫ ਰੋਗੀ ਰਹਿ ਸਕਦੇ ਹਨ, ਅਤੇ ਇਲਾਕੇ ਵਿਚ ੧੦ ਡਿਸਪੈਨਸਰੀਆ ਘਰ ਸਨ। ੧੯੦੧ ਵਿੱਚ ਲੁਧਿਆਣਾ, ਧੂਰੀ ਜਾਖਲ ਰੇਲਵੇ ਲਾਈਨ ਬਣਾਈ ਗਈ ਹੈ। ਜਿਸ ਤੇ ਰਿਆਸਤ ਦਾ ਖਰਚ ੩੯੧੩੬੬੧ ਰੁਪਏ ਹੋਇਆਂ ਅਤੇ ਇਸ ਦੀ ਆਮਦਨ ਸਾਢੇ ਤਿੰਨ ਲੱਖ ਰੁਪਇਆ ਸਲਾਨਾ ਹੈ।

ਇਸ ਤੋਂ ਛੁਟ ਜੀਂਦ ਪਾਨੀਪਤ ਰੇਲਵੇ ਤੇ ੧੭੦੦,੦੦ ਖਰਚ ਕੀਤਾਂ ਗਿਆ। ਜਿਸ ਤੋਂ ਇਕ ਲੱਖ ਰੁਪਿਆ ਸਲਾਨਾ ਆਮਦਨ ਹੈ।

ਰਿਆਸਤ ਜੀਂਦ ਦੀ ਸਲਾਮੀ ੧੩ ਤੋਪਾਂ ਦੀ ਸੀ, ਪਰ ਮਹਾਰਾਜ ਦੀ ਜਾਤੀ ਸਲਾਮੀ ੧੫ ਤੋਪਾਂ ਦੀ ਸੀ।

Digitized by Panjab Digital Library | www.panjabdigilib.org

# ਰਿਆਸਤ ਕਲਸੀਆ

ਸ: ਗੁਰਬਖਸ਼ ਸਿੰਘ ਜੀ, ਸੰਧੂ ਜਿਮੀਂਦਾਰ, ਪਿੰਡ ਕਲਸੀਆਂ,ਤਹਿਸੀਲ ਕਸੂਰ ਜਿਲ੍ਹਾ ਲਹੌਰ ਦੇ ਰਹਿਣ ਵਾਲੇ ਸਨ । ਇਹ ਸੰਨ ੧੭੮੨ ਵਿਚ ਅੰਮ੍ਰਿਤ ਛੱਕ ਕੇ ਸਿੰਘ ਸਜੇ, ਅਤੇ ਕਰੋੜੀਆ ਮਿਸਲ ਵਿੱਚ ਸ਼ਾਮਲ ਹੋਕੇ ਗੁਰੂ ਪੰਥ ਦੀ ਭਾਰੀ ਸੇਵਾ ਕਰਦੇ ਰਹੇ । ਇਨ੍ਹਾਂ ਦੀ ਸੰਤਾਨ ਹੀ ਇਸ ਰਿਆਸਤ ਦੀ ਹੁਕਮਰਾਨ ਰਹੀ । ਜਿਨ੍ਹਾਂ ਦੀ ਰਾਜਧਾਨੀ, ਪਿੰਡ ਛਛਰੌਲੀ ਜ਼ਿਲ੍ਹਾ ਅੰਬਾਲਾ ਵਿਚ ਹੈ । ਤੇ ਰਿਆਸਤ ਦਾ ਨਾਂ "ਕਲਸੀਆ" ਹੈ ।

ਰਿਆਸਤ ਕਲਸੀਆ ਦੀ ਬੰਸਾਵਲੀ

ਸ੍ਰ: ਗੁਰਬਖਸ਼ ਸਿੰਘ ਜੀ
|
ਸ੍ਰ: ਜੋਧ ਸਿੰਘ ਜੀ
|
ਸ੍ਰ: ਸੋਭਾ ਸਿੰਘ ਜੀ
|
ਸ੍ਰ: ਲਹਿਨਾ ਸਿੰਘ ਜੀ
|
ਸ੍ਰ: ਬਿਸ਼ਨ ਸਿੰਘ ਜੀ

ਰਾਜਾ ਜਗਜੀਤ ਸਿੰਘ — ਰਾਜਾ ਰਣਜੀਤ ਸਿੰਘ
|
ਜਨਮ ੧੯੦੨ ਰਾਜ਼ਾ ਰਵੀਸ੍ਰ ਸਿੰਘ ਜੀ

ਰਕਬਾ ੧੯੨ ਮੁਰਬਾ ਮੀਲ ਵਸੋਂ ੧੯੫੧ ਦੀ ਮਰਦਮ ਸ਼ੁਮਾਰੀ ਅਨੁਸਾਰ ੬੭੩੯੩ ਸੀ ।

# ਮਾਲਵੇ ਦੇ ਰਾਜ ਘਰਾਣੇ

## ਰਿਆਸਤ ਫਰੀਦ ਕੋਟ

ਇਸ ਸ਼ਹਿਰ ਨੂੰ ਬਾਰਵੀਂ ਸਦੀ ਦੇ ਅੰਤ ਵਿਚ, ਮੋਕਲਦੇਵ ਨੇ ਆਪਣੇ ਨਾਂ ਤੇ 'ਮੋਕਲ-ਨਗਰ' ਕਰਕੇ ਵਸਾਇਆ । ਜਦੋਂ ਬਾਬਾ ਸ਼ੇਖ ਫਰੀਦ ਜੀ ਨੇ ਇਥੇ ਚਰਨ ਪਾਏ ਤਾਂ ਉਨ੍ਹਾਂ ਦੀ ਆਮਦ ਵਿਚ ਮੋਕਲਦੇਵ ਨੇ ਇਸਦਾ ਨਾਂ ਬਦਲਕੇ, ਭਗਤ ਫਰੀਦ ਜੀ ਦੇ ਨਾਂ ਤੇ 'ਫਰੀਦਕੋਟ' ਕਰ ਦਿਤਾ । ਇਹ ਫੀਰੋਜ਼ਪੁਰ ਤੋਂ ੨੨ ਮੀਲ ਅਤੇ ਬਠਿੰਡੇ ਤੋਂ ੩੪ ਮੀਲ ਫੀਰੋਜ਼ਪੁਰ ਜਾਖਲ ਮੇਨ ਲਾਈਨ ਤੇ ਹੈ ।

ਇਹ ਅੰਗ੍ਰੇਜ਼ਾਂ ਦੇ ਸਮੇਂ ਹੋਂਦ ਵਿਚ ਆਈ, ਜਦੋਂ ਪਹਾੜਾ ਸਿੰਘ ਨੇ ਅੰਗਰੇਜ਼ਾਂ ਨੂੰ ਸਿੱਖ ਰਾਜ ਸੰਬੰਧੀ ਸੂਹਾਂ ਦੇਕੇ, ਸਿੱਖਾਂ ਨੂੰ ਹਰੌਨ ਵਿਚ ਮਦਤ ਕੀਤੀ ਸੀ ।

Digitized by Panjab Digital Library | www.panjabdigilib.org

## ਫਰੀਦ ਕੋਟ ਦੀ ਬੰਸਾਵਲੀ

ਬਰਾੜ

ਦੁਲ

ਰਤਨ ਪਾਲ

ਸੰਘਰ

- ਭੁੱਲਣ
- ਲਾਲਾ
  - ਕਪੂਰ ਸਿੰਘ
    - ਸੁਖਾ
    - ਸੇਮਾ
      - ਜੋਧ ਸਿੰਘ
      - ਹਮੀਰ ਸਿੰਘ
        - ਦਲ ਸਿੰਘ
        - ਮੋਹਰ ਸਿੰਘ
          - ਚੜ੍ਹਤ ਸਿੰਘ
            - ਗੁਲਾਬ ਸਿੰਘ
            - ਰਾਜਾ ਪਹਾੜਾ ਸਿੰਘ
              - ਵਜ਼ੀਰ ਸਿੰਘ
                - ਰਾਜਾ ਬਿਕ੍ਰਮ ਸਿੰਘ
            - ਸਾਹਿਬ ਸਿੰਘ
            - ਮਹਿਤਾਬ ਸਿੰਘ *
      - ਵੀਰ ਸਿੰਘ
    - ਮੁਖੀਆ

---

* ਮਹਿਤਾਬ ਸਿੰਘ ਦੀ ਔਲਾਦ ਮਹਮੂਆਣੇ ਵਾਲੇ ਸਰਦਾਰ ਹਨ ।

Digitized by Panjab Digital Library | www.panjabdigilib.org

ਰਾਜਾ ਬਲਬੀਰ ਸਿੰਘ ਕੌਰ ਰਾਜਿੰਦਰ ਸਿੰਘ

ਬ੍ਰਿਜਇੰਦਰ ਸਿੰਘ ਸਿਵਇੰਦਰ ਸਿੰਘ

ਰਾਜਾ ਹਰਇੰਦਰ ਸਿੰਘ ਕੌਰ ਮਨਜੀਤ ਇੰਦਰ ਸਿੰਘ

ਰਿਆਸਤ ਫਰੀਦਕੋਟ ਦੇ ਸ਼ਹਿਰ:— ਗੋਨੇਆਣਾ, ਕੋਟਕਪੂਰਾ, ਫਰੀਦਕੋਟ ।

ਖੇੜੇ:— ਗੋਲੇਆਲਾ, ਪੰਜਗਰਾਂਈ ।

ਪਿੰਡ:— ੧੮੧ ਹਨ ।

ਰਕਬਾ:— ਰਿਆਸਤ ਦਾ ਰਕਬਾ ੬੪੩ ਵਰਗ ਮੀਲ ਹੈ ।

ਵਸੋਂ:- ੧੯੫੧ ਦੀ ਮਰਦਮ ਸ਼ਮਾਰੀ ਅਨੁਸਾਰ ੧੫੦੬੬੨ ਹੈ ।

ਮਾਲੀਆ:— ਸਾਲਾਨਾ ਲਗ ਭਗ ੧੮ ਲਖ ਹੈ ।

ਫੌਜ:- ੩੪੪ ਅਤੇ ਪੋਲੀਸ ਦੀ ਗਿਣਤੀ ੨੨੪ ਹੈ ।

ਹਸਪਤਾਲ:-ਰਿਆਸਤ ਵਿਚ ੧ ਸਦਰ ਹਸਪਤਾਲ ਅਤੇ ਛਾਵਣੀ ਦਾ ਹਸਪਤਾਲ ਹੈ । ਇਕ ਜਨਾਨਾ ਹਸਪਤਾਲ ਹੈ । ਇਲਾਕੇ ਵਿਚ ੪ ਡਿਸਪੈਨਸਰੀਆਂ ਹਨ ।

ਸਕੂਲ:- ੫੯ ਹਨ ਗਰਲਜ਼ ਹਾਈ ਸ਼ਕੂਲ ੧, ਮਿਡਲ ੩, ਗਰਲਜ਼ ਮਿਡਲ ਸਕੂਲ ੨, ਕਾਲਜ ੩, ਪ੍ਰਾਇਮਰੀ ਸਕੂਲ ੧੫੦ ਹਨ । ਹਸਪਤਾਲ ੬ ਹਨ ।

ਸਲਾਮੀ:- ੧੫ ਤੋਪਾਂ ਦੀ ।

(ਗੁਰਦਆਰੇ ਅਤੇ ਗੁਰੂ ਵਸਤਾ ਪੜ੍ਹੋ ਜਿਲਦ ਪਹਿਲੀ)

# ਰਿਆਸਤ ਕੈਂਥਲ

## ਰਿਆਸਤ ਕੈਂਥਲ ਦੀ ਬੰਸਾਵਲੀ

ਸਿੱਧੂ

ਧਰ ਬੂਰ

ਕੈਂਥਲ ਲੰਬਾ ਅਰਨੌਲੀ ਸੁਧੂ ਵਾਲ ਦੇ ਖਾਨਦਾਨ ਦਾ ਵਡੇਰਾ ਹੈ

Digitized by Panjab Digital Library | www.panjabdigilib.org

ਇਸ ਦੀ ਵੰਸ਼ ਵਿਚੋਂ ਹੀ ਪ੍ਰਸਿੱਧ ਸਿੱਖ ਭਾਈ ਭਗਤੂ ਹੋਇਆ, ਤੇ ਇਸਦੀ ਵੰਸ਼ ਵਿਚੋਂ ਭਾਈ ਦੇਸੂ ਸਿੰਘ ਨੇ ਰਿਆਸਤ ਕੈਂਥਲ ਕਾਇਮ ਕੀਤੀ।

ਸ: ਦੇਸੂ ਸਿੰਘ ਜੀ
|
ਸ: ਲਾਲ ਸਿੰਘ ਜੀ
|
* ਰਾਜਾ ਭਾਈ ਉਦੇ ਸਿੰਘ ਜੀ
|
X

ਰਾਜਾ ਉਦੇ ਸਿੰਘ ਜੀਦੇ ਘਰ ਕੋਈ ਔਲਾਦ ਨਾਂ ਹੋਣ ਕਰਕੇ, ੧੫ ਮਾਰਚ ਸੰਨ ੧੮੪੩ ਨੂੰ ਸਰਕਾਰ ਅੰਗਰੇਜ਼ੀ ਨੇ ਇਹ ਰਿਆਸਤ ਅੰਗਰੇਜ਼ੀ ਰਾਜ ਵਿਚ ਹੀ ਮਿਲਾ ਲਈ ਸੀ।

## ਰਿਆਸਤ ਨਾਲਾਗੜ੍ਹ

ਕਹਲੂਰ ਦੇ ਰਾਜ ਵੰਸ ਵਿਚ ਹੋਣ ਵਾਲੇ ਅਜੀਤ ਚੰਦ ਨੇ ਨਾਲਾਗੜ੍ਹ ਨੂੰ ਜਿਤਕੇ ਅਪਣੀ ਰਾਜਧਾਨੀ ਬਣਾਇਆ। ਹੰਡੂਰ ਅਥਵਾ ਹਿੰਡੂਰ ਵੀ ਇਸੇ ਰਿਆਸਤ ਦਾ ਨਾਮ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਤਹਾਸ ਵਿਚ ਕਹਲੂਰ ਦਾ ਹੀ ਜਿਕਰ ਔਂਦਾ ਹੈ।

(ਦੇਖੋ ਭੀਮ ਚੰਦ ਦੇ ਹਾਲ ਵਿਚ)

ਇਤਿ

## "ਰਿਆਸਤ ਮਲੇਰ-ਕੋਟਲਾ"

ਇਸ ਰਿਆਸਤ ਦਾ ਵਡੇਰਾ, ਸ਼ੇਖ ਸਦਰੁਦੀਨ ਸ਼ੇਰਵਾਨੀ ਅਫ਼ਗਾਨ (ਪਠਾਣ) ਸੀ। ਇਸ ਦੀ ਸ਼ਾਦੀ ਸੁਲਤਾਨ ਬਹਿਲੋਲ ਲੋਧੀ ਦੀ ਪੁਤਰੀ ਨਾਲ ਹੋਈ। ਸੁਲਤਾਨ ਬਹਿਲੋਲ ਲੋਧੀ ਨੇ ਆਪਣੀ ਲੜਕੀ ਨੂੰ ੬੮ ਪਿੰਡ ਦਾਜ ਵਿੱਚ ਦਿਤੇ ਸਨ। ਇਨ੍ਹਾਂ ਪਿੰਡਾਂ ਵਿੱਚ ਹੀ ਮਲੇਰ ਸਿੰਘ ਰਾਜਪੂਤ ਦਾ ਵਸਾਇਆ ਹੋਇਆ ਮਲੇਰ ਪਿੰਡ ਸੀ, ਜੋ ਬਰਬਾਦ ਹੋ ਚੁੱਕਾ ਸੀ। ਇਸ ਨੇ ਮੁੜਕੇ ਉਸੇ ਨਾਮ ਤੇ ਦੂਜੀ ਵੇਰ ਆਬਾਦ ਕੀਤਾ, ਜੋ ਬਰਬਾਦ ਹੋ ਚੁੱਕਾ ਸੀ। ਅਤੇ ਸੰਨ ੧੬੫੭ ਵਿੱਚ ਨਵਾਬ ਬਜ਼ੀਦਖਾਨ ਨੇ "ਕੋਟਲਾ" ਨਾਉਂ ਦੀ ਨਵੀਂ ਆਬਾਦੀ ਬਣਾਈ। ਮਗਰੋਂ ਇਹ ਦੋ ਨਾਉਂ ਮਿਲਕੇ ਹੀ "ਮਲੇਰ ਕੋਟਲਾ" ਪ੍ਰਸਿੱਧ ਹੋਇਆ।

---

* ਰਾਜਾ ਉਦੇ ਸਿੰਘ ਜੀ ਨੇ ਹੀ, ਪ੍ਰਸਿਧ ਕਵੀ ਸੰਤੋਖ ਸਿੰਘ ਜੀ ਨੂੰ ਅਪਣੇ ਪਾਸ ਰਖਕੇ, ਤੇ ਬਹੁਤ ਸਾਰਾ ਧਨ ਤੇ ਸਮਾਂ ਖਰਚ ਕਰਕੇ, ਇਨ੍ਹਾਂ ਪਾਸੋਂ "ਗੁਰ ਪ੍ਰਤਾਪ ਸੂਰਜ" ਗ੍ਰੰਥ ਤਿਆਰ ਕਰਵਾਇਆ, ਜੋ ਸਿਖ ਇਤਹਾਸ ਦਾ ਇਕ ਅਮੋਲਕ ਖਜਾਨਾ ਹੈ।

Digitized by Panjab Digital Library | www.panjabdigilib.org

ਇਹ ਰਿਆਸਤ ਪੰਜਾਬ ਵਿੱਚ ਦਸਵੇਂ ਦਰਜੇ ਤੇ ਮੰਨੀ ਜਾਂਦੀ ਹੈ। ਸਿੱਖਾਂ ਨਾਲ ਇਸਦਾ ਇਤਹਾਸਕ ਸੰਬੰਧ ਹੈ। ਇਸੇ ਹੀ ਰਿਆਸਤ ਦੇ ਹਾਕਮ 'ਸ਼ੇਰ ਮੁਹੰਮਦ' ਨੇ,ਸੂਬਾ ਸਰਹਿੰਦ ਦੀ ਭਰੀ ਕਚਹਿਰੀ ਵਿੱਚ ਸ੍ਰੀ ਦਸ਼ਮੇਸ਼ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਕਤਲ ਕੀਤੇ ਜਾਣ ਵਿਰੁਧ ਕਿਹਾ ਸੀ ਕਿ:– ਇਨ੍ਹਾਂ ਸ਼ੀਰ ਖੋਰ ਬਚਿਆਂ ਤੁਹਾਡਾ ਕੀ ਵਿਗਾੜਿਆ ਹੈ। ਬੇਗੁਨਾਹ ਬਚਿਆਂ ਨੂੰ ਮਾਰਨ ਦੀ ਕੁਰਾਨ ਆਗਿਆ ਨਹੀਂ ਦਿੰਦਾ। ਇਸ ਹਾਦਾ ਨ੍ਹਾਰਾ ਮਾਰਨ ਕਰਕੇ ਹੀ ਸਿੱਖ ਇਸ ਰਿਆਸਤ ਦੀ ਕਦਰ ਕਰਦੇ ਹਨ। ਸ੍ਰੀ ਦਸ਼ਮੇਸ਼ ਜੀ ਨੇ ਵੀ ਰਾਇਕੋਟ ਵਿਖੇ ਤੁਰਕ ਦੀ ਜੜ ਪੁੱਟੀ ਵਾਲੇ ਵਾਕਾਂ ਪਿਛੋਂ, 'ਮਲੇਰੀਅਨ ਦੀ ਜੜ ਰਹੀ' ਕਿਹਾ ਸੀ। ਅਜ ਕਲ ਇਸ ਰਿਆਸਤ ਦੇ ਹੁਕਮਰਾਨ, ਹਿਜ਼ਹਾਈਨੈਸ ਨਵਾਬ ਸਰ ਮੁਹੰਮਦ ਅਹਮਦ ਅਲੀਖਾਨ ਹਨ। ਜਿੰਨ੍ਹਾਂ ਦਾ ਜਨਮ ੧੦ ਸਤੰਬਰ ੧੮੮੧ ਨੂੰ ਹੋਇਆ।

ਸ਼ਹਿਰ :—ਇਸ ਰਿਆਸਤ ਵਿੱਚ, ਅਹਮਦ ਗੜ੍ਹ ਮੰਡੀ, ਲਛਾਬੱਦੀ ਮੰਡੀ, ਮਲੇਰ ਕੋਟਲਾ ਸ਼ਹਿਰ ਹਨ।

ਖੇੜੇ :—ਕੰਗਣ ਵਾਲ, ਕੁਠਾਲਾ, ਫਲੌਂਦ, ਆਦਿ ਹਨ।

ਰਕਬਾ :—੧੬੭ ਮੁਰਬਾ ਮੀਲ ਹੈ।

ਵਸੋਂ :—੧੯੫੧ ਦੀ ਮਰਦਮ ਸ਼ੁਮਾਰੀ ਅਨੁਸਾਰ ੮੦੩੨੨ ਹੈ।

ਮਾਲੀਆ :—ਸਲਾਨਾ ਮਾਮਲਾ ੧੫ ਲੱਖ ਰੁਪਿਆ ਹੈ।

ਸਲਾਮੀ :—੧੧ ਤੋਪਾਂ।

(ਗੁਰਦੁਆਰੇ ਦੇਖੋ ਪਹਿਲੀ ਜਿਲਦ)

## ਮਾਲਵੇ ਦੀ ਵਸੋਂ ਵਿੱਚ ਪਛੜੀਆਂ ਸ਼੍ਰੇਣੀਆਂ

ਸਭ ਤੋਂ ਪਹਿਲਾਂ ਸਿੱਖ ਸਤਿਗੁਰਾਂ ਨੇ ਹੀ ਭਾਰਤ ਵਰਸ਼ ਵਿਚੋਂ ਇਸ ਜਾਤ-ਪਾਤ ਦੇ ਵਿਤਕਰੇ ਨੂੰ ਦੂਰ ਕਰਨ ਤੇ ਇਸਤੋਂ ਵਧ ਰਹੀ ਨਫ਼ਰਤ ਦੀ ਬੀਮਾਰੀ ਨੂੰ ਜੜ੍ਹੋਂ ਕਟਨ ਲਈ ਹੀ ਜਗਤ ਨੂੰ ਇਹ ਢੰਡੋਰਾ ਦਿੱਤਾ।

"ਅਗੈ ਜਾਤਿ ਨਾ ਜੋਰ ਹੈ ਅਗੈ ਜੀਉ ਨਿਵੇਂ"

ਪੁਨਾ :— "ਜਾਣਹੁ ਜੋਤਿ ਨ ਪੂਛਹੁ ਜਾਤੀ ਅਗੈ ਜਾਤਿ ਨ ਹੇ"

ਪੁਨਾ :— "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ"

ਜਿਸਦਾ ਸਦਕਾ ਅੱਜ ਭਾਰਤ ਦੀ ਸਰਕਾਰ ਵੀ ਇਸ ਅਖੋਤੀ ਊਚ ਨੀਚ ਦੇ ਵਿਤਕਰੇ ਨੂੰ ਦੂਰ ਕਰਨ ਲਈ ਕਾਨੂੰਨ ਰਾਹੀਂ ਜਤਨ ਕਰ ਰਹੀ ਹੈ।

ਇਥੇਂ ਅਸੀਂ ਇਹ ਨਾਮ ਇਸੇ ਕਰਕੇ ਦਰਜ ਕਰ ਰਹੇ ਹਾਂ ਕਿ ਉੱਚ ਜਾਤੀ ਦੇ ਲੋਕਾਂ ਨੇ ਕਿਵੇਂ ਕਿਤਨੇ ਹੀ ਪੁਰਸ਼ਾਂ ਨੂੰ ਇੰਨ੍ਹਾਂ ਜਾਤਾਂ ਵਿਚ ਨੀਚ ਮੰਨਿਆ ਹੋਇਆ ਸੀ।

੧. ਅਹੇਰੀਆ, ਅਹੇਰੀ, ਹੇਰੀ, ਨਾਇਕ ਠੋਰੀ, ਜਾ ਭੋਰੀ। ੨. ਬਰੜ।

੩. ਬੇਟਾ ਹੈਸੀ ਜਾ ਹੇਸੀ। ੪. ਚੰਬੜ।

Digitized by Panjab Digital Library | www.panjabdigilib.org

| | |
|---|---|
| ੫. ਚਿੜੀਮਾਰ | ੬. ਦਾਈਆ |
| ੭. ਗਵਾਰੀਆ, ਗੋਰੀਆ, ਜਾਂ ਗੁਵਾਰ | ੮. ਕੰਜਰ ਜਾਂ ਕੰਚਨ |
| ੯. ਕੁਰਮੀ | ੧੦. ਨਰ |
| ੧੧. ਰੇਹੜ, ਰਿਹਾੜਾ, ਜਾਂ ਰੇੜ | ੧੨. ਗਰੀਬ, ਜਿਸ ਵਿਚ ਚਾਂਹਗ ਤੇ ਭਟੀ ਹਨ |
| ੧੩. ਚਰਣੀ | ੧੪. ਘਈ, ਸਿਰਫ ਜਿਲ੍ਹਾ ਕਾਂਗੜਾ ਦੇ |
| ੧੫. ਕਹਾਰ, ਧਿਨਵਾਰ, ਜਾਂ ਝੀਨਵਰ | ੧੬. ਘਾਸੀ, ਘੋਲੀ, ਜਾਂ ਘਾਸੀਆਰਾ |

## ਹੋਰ ਹੋਰ ਜਾਤੀਆਂ ਦੀ ਵਸੋਂ

| | | |
|---|---|---|
| ੧. ਆਦਿ ਧਰਮੀ | ੨. ਬੰਗਾਲੀ | ੩. ਬਗਰ |
| ੪. ਬਟਵਾਲ | ੫. ਬਾਵਰੀਆ | ੬. ਬਾਜੀਗਰ |
| ੭. ਬਾਲਮੀਕੀ ਜਾਂ ਚੂਹੜੇ | ੮. ਬਣਜਾਰਾ | ੯. ਚਮਾਰ |
| ੧੦. ਚਕਾਲ | ੧੧. ਡਾਗੀ | ੧੨. ਧਨਕ |
| ੧੩. ਡੂਮਨਾ ਜਾਂ ਮਗਸਾ | ੧੪. ਗਗਰਾ | ੧੫. ਗੰਢੀਲਾ |
| ੧੬. ਸਿਰਕੀਬੰਦ | ੧੭. ਖਟੀਕ | ੧੮. ਕੋਰੀ ਜਾ ਕੋਲੀ |
| ੧੯. ਮਰੀਜਾ ਜਾਂ ਮਰੀਚਾ | ੨੦. ਮੇਘ | ੨੧. ਲਟ |
| ੨੨. ਓਡ | ੨੩. ਬਾਸੀ | ੨੪. ਫਰੇਬਾ |
| ੨੫. ਪੇਰਨਾ | ੨੬. ਸਿਨਗਈ | ੨੭. ਸਿਨਹਾਲ |
| ੨੮. ਸਾਂਸੀ | ੨੯. ਸਪੇਲਾ | ੩੦. ਸਰੇੜਾ |
| ੩੧. ਰਾਮਦਾਸੀਆ | ੩੨. ਮਜ਼ਬੀ | ੩੩. ਕਬੀਰ ਪੰਥੀ |
| ੩੪. ਸਿਕਲੀਗਰ | | |

## "ਮਾਲਵੇ ਵਿਚ ਗੋਤਾਂ ਦੀ ਵਸੋਂ"

ਇਸ ਵਸੋਂ ਵਿਚ ਵਧੇਰੇ ਗਿਣਤੀ ਜੱਟਾਂ ਦੀ ਹੈ। ਇਸ ਕਰਕੇ ਕੇਵਲ ਜਟਾਂ ਦੇ ਗੋਤਾਂ ਦੀ ਖੋਜ ਕਰਕੇ, ਇਥੇ ਅਖਰਾਂ ਦੇ ਕਰਮ ਅਨੁਸਾਰ ਅੰਕਤ ਕੀਤੇ ਜਾਂਦੇ ਹਨ।

(ੳ). ਉਪਲ

(ਅ) ਅਉਲਖ, ਅਤਲੇ, ਅਸਤਰ, ਔਝਲੇ, ਅੰਧਕਾ, ਔਰੇ, ਆਵਣ, ਆਵਰੇ, ਅੰਗਲੇ, ਅਰਜਨੈਨ।

(ਸ) ਸਿਧੂ, ਸੋਹੀ, ਸੇਖੋਂ, ਸਰਾਇਚ, ਸੋਹਲ, ਸੁੱਕੇ, ਸਰਾਉ, ਸੋਹਸੀਰਾਉ, ਸਿਵਰਾਉ, ਸੰਧੂ, ਸਿਆਲ, ਸੰਘੇ, ਸੰਘੇੜੇ, ਸੌਢੇ, ਸਿਵੀਏ, ਸੱਕ, ਸਜਣ, ਸੌਰੀ, ਸਲੀਣੇ, ਸੇਖ, ਸਹਜੜੇ, ਸੂਮਲ, ਸਿਹੋਗ, ਸੰਦਾਰੇ, ਸੇਖੂ।

(ਹ) ਹਰੀਕੇ, ਹੇਹਰ, ਹੰਸਰਾਉ, ਹਾਂਸ, ਹੁੰਦਲ, ਹਿਦੋਲ।

Digitized by Panjab Digital Library | www.panjabdigilib.org

(ਕ) ਕੌੜੇ, ਕਲੇਰ, ਕਕੜ, ਕੰਦੋਹਲੋ, ਕੋਰੇਦਾਣੇ, ਕਾਲਿਓ, ਕਪਰੇ, ਕੈਲੇ, ਕੰਨਰ, ਕੰਗ, ਕਾਰਸਕਰ, ਕੁਰੜ, ਕੁਕਰ, ਕੁਲਰ, ਕਪੂਰੇ, ਕੈਲੇ, ਕੌਡੇ, ਕੌਲੀ, ਕਕੇ, ਕੇਠੇ, ਕਲਾਰ, ਕੁਸੇ, ਕਲਿੰਝਰ, ਕਲਚੁਰਿ।

(ਖ) ਖੋਸੇ, ਖੰਡਲ, ਖਰਲ, ਖਹਿਰੇ, ਖੇੜੇ, ਖੋਖਰ, ਖੇਲੇ, ਖਟਰ, ਖੰਗੂੜੇ, ਖੇਤਵਾਲ ਖਰਕ, ਖੇਲੇ।

(ਗ) ਗਿਲ, ਗੁਰਮ, ਗਖੜ, ਗਰੇਵਾਲ, ਗਰਚੇ, ਗੌਰੇ, ਗੰਡੂ, ਗੋਲਵਾੜ, ਗੁੜੇ, ਗੰਸਲ ਗੰਦਾਰੇ।

(ਘ) ਘੁੰਮਣ, ਘੁਮਾਣ, ਘਗੇ।

(ਚ) ਚੌਹਾਨ, ਚਾਹਲ, ਚੰਦੇਲ, ਚੀਮੇ, ਚੱਠੇ, ਚੀਮਨੇ, ਚਮਾਰੂ।

(ਛ) ਛੀਨੇ, ਛਜਲ।

(ਜ) ਜੈਦ, ਜੌਹਲ, ਜੋਧੇ, ਜੰਜੂਰੇ, ਜਾਲਮੇ, ਜਾਲੀ, ਜੌਨ, ਜਵਨ, ਜਵੰਦੇ, ਜਸੜ, ਜਜਲ, ਜਾਮਾਰਾਇ, ਜੰਬਰ, ਜਾਨੇ।

(ਝ) ਝੱਲੀ, ਝਾਮ, ਝਾਂਡੇ, ਝਿੱਕ, ਝੱਜ।

(ਟ) ਟੁਵਾਣੇ, ਟੱਕ

(ਡ) ਡੋਡ, ਡਟੇ

(ਢ) ਢੰਡੇ, ਢੀਡਸੇ, ਢਿਲੋਂ, ਢੱਟ, ਢੱਡੇ, ਢੋਡੇ, ਢਿਲੂ

(ਤ) ਤੂਣ, ਤੂਰ, ਤੁੰਗ, ਤਤਲੇ, ਤਖਰ, ਤਕਸੱਕ।

(ਥ) ਥੰਦ।

(ਦ) ਦਿਤੁਲ, ਦੇਤੂ, ਦੁਲਮ, ਦੁਲਤ, ਦਾਮੇ, ਦੰਦੀਵਾਲ, ਦੁਸਾਂਝ, ਦਾਹਿਦ।

(ਧ) ਧਾਲੀਵਾਲ, ਧਾਂਧੀ, ਧਨੋਏ।

(ਨ) ਨਨੜ, ਨੇਹੁਲ, ਨਾਹਲ, ਨਾਰੇ, ਨਿਝਰ, ਨੂਣ, ਨਾਗਰੇ, ਨੱਤ, ਨੈਣ ਪਾਲ।

(ਪ) ਪੂਨੀਆਂ, ਪੰਨੇਚ, ਪਾਲ, ਪੰਧੇਰ, ਪੂਰਵੇ, ਪਧੋਲ, ਪਾਲਦ, ਪੰਮੇ, ਪੋਰੂ, ਪੁਰੀ, ਪਰਸੇ।

(ਫ)

(ਬ) ਬੈਰਾੜ, ਬੜੈਚ, ਬਿੜਕ, ਬੈਸ, ਬੰਦੇਸੇ, ਬੁਟਰ, ਬਾਹ, ਬਾਠ, ਬੋਪਾਰਾਇ, ਬਾਹਲ, ਬਾਜਵਾ, ਬਲ, ਬਾਘੇ, ਬੋਲੇ, ਬਿਜੀ, ਬਾਲਦ, ਬੰਗੇਸਰੀ, ਬਾਸੀ, ਬਰਪਾਲ, ਬਾਂਦਰ, ਬਿਰਸਣੀ, ਬਿਸਵਰਾਮ ਬਾਲੀ

(ਭ) ਭੁਲਰ, ਭੈਲ, ਭੰਗੂ, ਭੱਟੀ, ਭਿੰਡਰ, ਭਰਲ, ਭੂੰਦੜ, ਭੋਜ।

(ਮ) ਮਾਨ, ਮੌੜ, ਮਾਂਗਟ, ਮੱਲੀ, ਮਟੂ, ਮੰਡ, ਮਰਾਝ, ਮੂੰਡੀ, ਮਗਰ, ਮੱਗ, ਮੱਦੂ, ਮਹੇਸ਼, ਮਿਸ, ਮੁਰੀ।

Digitized by Panjab Digital Library | www.panjabdigilib.org

(ਯ)

(ਰ) ਰਾਝੇ, ਰਾਉ, ਰੰਧਾਵੇ, ਰੰਗੀ, ਰਿਸੀਕ, ਰਾਂ, ਰਾਜਣ ।

(ਲ) ਲੰਙ, ਲਿਛਵੀ, ਲਿਧੜ, ਲੇਘੇ, ਲੇਲ, ਲੀਲ, ਲਮੇ, ਲੱਲ, ਲਾਵੇ ।

(ਵ) ਵਰੇ, ਵਿੰਝਲ ।

ਸ੍ਰੀ ਗੁਰੂ ਜੀ ਨੇ ਸਾਰੇ ਖਾਲਸਾ ਪੰਥ ਦੀ ਸਾਜਨਾ ਸਾਜੀ।

ਜਿਸਨੇ ਖੰਡੇ ਦਾ ਅੰਮ੍ਰਿਤ ਪੀਆ, ਜਾਤ ਪਾਤ ਨ ਰਹੀਆਂ

ਚਾਰੇ ਵਰਨ ਕੇ ਏਕੋ ਭਈਆ, ਗੋਤ ਵਰਨ ਕਹਾਂ ਨਰਹਈਆਂ

ਬਾਰਹਿ ਪੰਥ ਚਾਰ ਵਰਣ, ਚਾਰ ਆਸ੍ਰਮ, ਚਾਰ ਇਸਲਾਮੀ ਫਿਰਕੇ ਬਾਰਹਿ ਪੰਥ ਇਕਤ ਕਰ ਗੁਰਮੁਖ ਗਾਡੀਰਾਹ ਚਲਾਯਾ (ਭਗ)

## "ਮਾਲਵੇ ਵਿੱਚ ਹੋਏ ਧਾਰਮਕ ਜੁੱਧਾਂ ਦੀ ਸੂਚੀ"
## (ਛੇਵੇਂ ਪਾਤਸ਼ਾਹ ਦੇ ਜੰਗ)

੧ ਸੰਮਤ ੧੬੮੪ ਬਿ: ਵਿਚ ਮਰਾਝਕਿਆਂ ਨੂੰ ਵਸਾਉਣ ਤੇ ਜੰਗ ਹੋਇਆ ।

੨ ਸੰਮਤ ੧੬੮੭ ਬਿ: ਵਿਚ ਘੋੜਾ ਲਿਆਉਣ ਤੇ ਕਾਂਗੜ ਵਿੱਚ ਜੰਗ ਹੋਇਆ ਅਤੇ ਜਲੰਧਰ ਦੇ ਹਾਕਮ ਅਬਦੁਲਾ ਖਾਨ ਨਾਲ 'ਹਰਿਗੋਬਿੰਦ ਪੁਰੇ' ਜੰਗ ਹੋਇਆ ।

੩ ਸੰਮਤ ੧੬੮੮ ਬਿ: ਵਿਚ, ਗੁਰੂ ਮਰਾਝ ਤੇ ਗੰਗਾ ਨਥਾਣਾ ਵਿਖੇ ਸੂਬੇ ਲਲਾਬੇਗ ਤੇ ਕਮਰ ਬੇਗ ਸੈਨਾਨੀ ਨਾਲ ਭਾਰੀ ਜੰਗ ਹੋਇਆ ।

੪ ਸੰਮਤ ੧੬੯੧,੯੨ ਵਿਚ ਰੋਪੜ ਤੇ ਘਲੌਲੀ ਦੇ ਪਠਾਣਾਂ ਨਾਲ ਜੰਗ, ਅਤੇ ਕਾਲੇਖਾਂ, ਪੈਂਦੇ ਖਾਂ ਆਦਿ ਜੋਧਿਆਂ ਨਾਲ ਕਰਤਾਰ ਪੁਰ ਜੰਗ ਹੋਇਆ ।

੫ ਸੰਮਤ ੧੬੯੭ ਬਿ: ਵਿਚ ਮਹਿਲਾਂ ਦਾ ਜੰਗ ਆਂਡਲੂ ਹਲਵਾਰੇ ਵਾਲਿਆਂ ਨਾਲ ਹੋਇਆ ।

੬ ,, ੧੬੯੭ ,, ਵਿਚ ਆਂਡਲੂ ਦਾ ਜੰਗ, ਭੈਣੀ ਦਰੇੜੇ ਨੂੰ ਉਜਾੜਨ ਕਰਕੇ ਹੋਇਆ ।

੭ ,, ੧੬੯੮ ,, ਵਿਚ ਸਿਧ ਸਰ, ਸਹੌੜੇ ਦੀ ਜੂਹ ਵਿਚ ਅਲਾਪੁਰ [ਲਾਪਰ] ਡੇਲੋ ਢਾਣਾ ਦੇ ਪਠਾਣਾਂ ਨਾਲ ਜੰਗ, ਜੋ ਲੁਧਿਆਣਾ ਦੇ ਲੋਧੀ ਸਤ ਭਾਈ ਸਨ, ਜੋ ਗੁਰੂ ਜੀ ਨਾਲ ਲੁਧਿਆਣੇ ਦੀ ਛੌਣੀ ਪੈਣ ਤੇ ਵੈਰ ਰਖਦੇ ਸਨ, ਇਨਾਂ ਨਾਲ ਜੰਗ ਹੋਇਆ, ਏਸੇ ਕਰਕੇ, ਰਾੜੇ ਅਤੇ ਭੁੱਟੇ [ਉਨਾਂ ਦੇ ਭਾਈਆਂ] ਦੇ ਨਾਲ ਜੁਧ ਹੋਏ ।

੮ ੧੬੭੫ ਬਿ: ਨੂੰ ਦਿਲੀਓਂ ਪਹਾੜੀਆਂ ਤੋਂ ਸ਼ਾਹੀ ਟਕੇ ਉਗਰਾਹੁਣ ਲਈ ਆਏ ਤਾਂ ਸਿਆਲਬੇ ਦੇ ਪਠਾਣਾਂ ਨਾਲ ਜੁਧ ਹੋਇਆ ।

੯ ੧੬੮੫ ਬਿ: ਨੂੰ (੧) [ਅੰਮ੍ਰਿਤਸਰ] ਪਿਪਲੀ ਸਾਹਿਬ ਜੀ ਕੋਲ । [੨] ਖਾਲਸਾ ਕਾਲਜ [ਅੰਮ੍ਰਿਤਸਰ] ਕੋਲ। (੩) ਕਰਤਾਰਪੁਰ (੪) ਪਲਾਹੀ ਸਾਹਿਬ ਮੁਖਲਿਸ ਖਾਨ ਸੈਨਾਨੀ ਨਾਲ ।

Digitized by Panjab Digital Library | www.panjabdigilib.org

# ਦਸਮੇਸ਼ ਪਿਤਾ ਸ੍ਰੀ ਕਲਗੀਧਰ ਦੇ ਜੰਗ

੧ ਪਾਉਂਟੇ ਸਾਹਿਬ ਭੰਗਾਣੀ ਦਾ ਜੁੱਧ।

੨ ਨਦੌਣ ਦਾ ਜੰਗ।

੩ ਅਲਫ ਖਾਂ ਤੇ ਗੀਆਂ ਖਾਂ (ਜੰਮੂ) ਅਤੇ ਪਹਾੜੀਆਂ ਨਾਲ ਜੰਗ ਹੋਇਆ।

੪ ਹੁਸੈਨੀ ਦਾ ਜੁੱਧ ਦੋ ਵੇਰ ਸ੍ਰੀ ਅਨੰਦਪੁਰ ਸਾਹਿਬ ਜੀ ਵਿਖੇ।

੫ ਦਿਲਾਵਰ ਖਾਂ ਦਾ ਜੰਗ ਬਾਬਾ ਜੁਝਾਰ ਸਿੰਘ ਜੀ ਨਾਲ ਅੰਨਦਪੁਰ ਸਾਹਿਬ।

੬ ਸ੍ਰੀ ਅਨੰਦ ਪੁਰ ਸਾਹਿਬ ਦਾ ਜੰਗ।

੭ ਸਰਸਾ ਨਦੀ ਦੇ ਕੰਢੇ ਤੇ ਜੰਗ।

੮ ਸ੍ਰੀ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਵਿਖੇ ਜੰਗ।

੯ ਸ੍ਰੀ ਮੁਕਤਸਰ ਸਾਹਿਬ ਜੀ ਵਿਖੇ ਅੰਤਮ ਜੰਗ।

# ਬਾਬਾ ਬੰਦਾ ਸਿੰਘ ਜੀ ਦੇ ਜੰਗ

੧ ਕੁੰਜਪੁਰ (ਜਿਲ੍ਹਾ ਕਰਨਾਲ) ਵਿਖੈ।

੨ ਦਾਮਲਾ ਜਗਾਧਰੀ ਤੋਂ ਪੰਜ ਮੀਲ ਦਖਣ ਵਲ ਨੂੰ।

੩ ਸਢੌਰਾ ਜਿਲ੍ਹਾ ਅੰਬਾਲਾ।

੪ ਸਿਆਲਪ ,, ,, ।

੫ ਸਰਹਿੰਦ ਸੰਮਤ ੧੭੬੭ ਬਿ: ਤੇ ੧੮੧੦ ਬਿਕਰਮੀ ।

੬ ਸਮਾਣਾ।

੭ ਕਾਕੜਾ ਢੋਡਿਆਂ ਕੋਲ।

੮ ਮਨਸੂਰ ਪੁਰਾ (ਛੀਟਾਂ ਵਾਲਾ)

੯ ਕੁਡਾਣੀ ਦੇ ਮਸੰਦਾਂ ਨੇ ਛੇਵੇਂ ਪਾਤਸ਼ਾਹ ਦੀ ਦੁਹਾਈ ਦਿਤੀ ਤਾਂ ਬਖਹੇ ਗਏ।

੧੦ ਕਲਾਕੌਰ (ਕਰਨਾਲ)।

੧੧ ਲਾਡਵਾ।

੧੨ ਸੁਨਾਮ।

੧੩ ਲੁਹਾਰੂ ਰਿਆਸਤ (ਦਿਲੀ ਰੇਵਾੜੀ ਕੋਲ)।

੧੪ ਮੁਸਤਫਾਬਾਦ ਜਿਲ੍ਹਾ ਅੰਬਾਲਾ

੧੫ ਮੋਰਿੰਡਾਂ ,, ,, ।

੧੬ ਰੋਪੜ ,, ,, ।

੧੭ ਕਾਂਗੜ ,, ,, ।

Digitized by Panjab Digital Library | www.panjabdigilib.org

# ਘਲੂਘਾਰੇ

ਪਹਿਲਾ ਕਾਨੂੰਆਣੇ (ਜਿਲ੍ਹਾ ਗੁਰਦਾਸਪੁਰ) ਦੇ ਛੰਭ ਕੋਲ

ਦੂਜਾ ਵਡਾ ਘਲੂਘਾਰਾ ਸੰਮਤ ੧੭੬੧ ਬਿਕ੍ਰਮੀ ਵਿਚ, ਗਿਲਜਿਆਂ ਨਾਲ ਕੁੱਪ ਰਹੀੜੇ ਤੋਂ ਚਲਕੇ ਕੁਰਾਲਾ, ਘੁੰਗਰਾਣਾ, ਗੁਜਰਵਾਲ, ਪਖੋਵਾਲ, ਕਲਸੀਆਂ, ਕੁਤਬਾ ਬਾਹਮਣੀ ਤੋਂ ਹੇਕੇ ਗਹਲੀਂ ਜਾਕੇ ਮੁਕਿਆ। ਇਸ ਵਡੇ ਘਲੂਕਾਰੇ ਵਿਚ ੨੨੦੦੦ ਸਿੰਘ ਸ਼ਹੀਦ ਹੋਏ।

# ਮਾਲਵੇ ਵਿੱਚ ਅੰਗ੍ਰੇਜ਼ਾਂ ਨਾਲ ਰਾਜਸੀ ਜੰਗ

੧ ੧੮ ਦਸੰਬਰ ਸੰਨ ੧੮੪੫ ਨੂੰ ਅੰਗਰੇਜ਼ਾਂ ਨਾਲ ਸਿੱਖਾਂ ਦਾ ਮੁਦਕੀ ਵਿਚ ਜੰਗ ਹੋਇਆ।

੨ ੨੧ ਦਸੰਬਰ ੧੮੪੫ ਨੂੰ ਅੰਗਰੇਜ਼ਾਂ ਨਾਲ ਸਿਖਾਂ ਦਾ ਫੇਰੂ ਸ਼ਹਿਰ ਵਿਖੇ ਜੰਗ ਹੋਇਆ।

੩ ੨੮ ਜਨਵਰੀ ੧੮੪੬ ਨੂੰ ਅੰਗਰੇਜ਼ਾਂ ਨਾਲ ਸਿਖਾਂ ਦਾ ਭੂੰਦੜੀ ਅਲੀਵਾਲ ਵਿਖੇ ਜੰਗ ਹੋਇਆ।

੪ ਇਸ ਤਰ੍ਹਾਂ ਹੋਰ ਵੀ ਕਈ ਛੋਟੇ ਛੋਟੇ ਜੰਗ, ਅੰਗਰੇਜ਼ਾਂ ਦੇ ਨਾਲ ਸਿਖਾਂ ਦੇ ਹਸਨਪੁਰ, ਪੈਲ, ਬਦੋਵਾਲ ਤੇ ਰੁੜਕੇ ਵਿਖੇ ਹੋਏ।

# ਮਾਲਵੇ ਵਿੱਚ "ਅਕਾਲੀ ਲਹਿਰ ਸਮੇਂ ਮੋਰਚੇ"

੧ ਗੁਰਦਵਾਰਾ ਸ੍ਰੀ ਮੁਕਤਸਰ ਸਾਹਿਬ, ਜ਼ਿਲ੍ਹਾ ਫੀਰੋਜ਼ਪੁਰ।

੨ ,, ਸ੍ਰੀ ਹੇਰਾਂ ਜ਼ਿਲ੍ਹਾ ਲੁਧਿਆਣਾ।

੩ ਗੁਰਦਵਾਰਾ ਗੰਗਸਰ ਸਾਹਿਬ ਜੈਤੋ ਦਾ ਮੋਰਚਾ (ਰਿਆਸਤ ਨਾਭਾ)

ੴ ਸਤਿਗੁਰ ਪ੍ਰਸਾਦਿ।

# ਗੁਰੂ ਕੇ ਮਾਲਵੇ ਵਿਚ, ਗੁਰੂਆਂ ਦੀਆਂ ਦੁਰਲੱਭ ਬਖਸ਼ਸ਼ਾਂ

(੧) ਜ਼ਿਲਾ ਅੰਬਾਲਾ ਵਿਚ :-

ਘੜੂਆਂ ਫਤੇਗੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ।

(੨) ਜ਼ਿਲਾ ਲੁਧਿਆਣਾ ਵਿਚ :-

ਪਿੰਡ ਗੁਰੂਸਰ ਸਧਾਰ, ਛੇਵੀਂ ਪਾਤਸ਼ਾਹੀ ਦਾ ਜੋੜਾ।

ਪਿੰਡ ਘੁੰਗਰਾਨਾ, ਛੇਵੀਂ ਪਾਤਸ਼ਾਹੀ ਦਾ ਇਕ ਪੈਰ ਦਾ ਜੋੜਾ।

ਪਿੰਡ ਹੇਹਰ ਪਾਤਸ਼ਾਹੀ ਛੇਵੀਂ ਦਾ ਪਲੰਗ ਤੇ ਚੁੱਲਾ

Digitized by Panjab Digital Library | www.panjabdigilib.org

ਪਿੰਡ ਬਾਗੜੀਆਂ ਵਿਚ, ਪਹਿਲੀ ਪਾਤਸ਼ਾਹੀ ਦੀ ਜਨਮ ਸਾਖੀ ਭਾਈ ਬਾਲੇ ਵਾਲੀ ਫੋਟੋਆਂ ਸਮੇਤ, ਜਪਜੀ ਸਾਹਿਬ ਸਟੀਕ ਹੱਥ ਲਿਖਤ ਤਸਵੀਰਾਂ ਸਮੇਤ, ਪਹਿਲੀ ਪਾਤਸ਼ਾਹੀ ਦਾ ਫੋਟੋ, ਹਨ ।

ਪਾਤਸ਼ਾਹੀ ਛੇਵੀਂ, ਦਾ ਇਕ ਪਿਤਲ ਦਾ ਕੜਛਾ,ਸ੍ਰੀ ਸਾਹਿਬ,ਕੰਤੀ ਲੰਮੀ,ਕੰਤੀ ਇਕ ਧਾਰੀ, ਪੇਸ਼ਕਬਜ ਦੂਸਰਾ, ਪੈਸ਼ ਕਬਜ ਤੀਜਾ, ਲੋਹ, ਪਾਤਸਾਹੀ ਦਸਵੀਂ ਦਾ, ਜਾਪ ਸਾਹਿਬ ਜੀ, ਜਫਰ ਨਾਮਾ ਹਕਾਇਤਾਂ ਸਮੇਤ, ਮੁਨਾਜਾਤ ਬਾਬਾ ਫਾਰਸੀ ਲਿਖਤੀ, ਜਿਸਦੇ ਆਦਿ ਵਿਚ ਪਾਤਸ਼ਾਹੀ ਦਸਵੀਂ ਦੀ ਤਸਵੀਰ ਹੈ, ਪਾਤਸਾਹੀ ਦਸਵੀਂ ਦੀ ਤਸਵੀਰ ।

ਇਨਾਂ ਤੋਂ ਬਿਨਾਂ ਇਥੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਦੇ ਦਰਬਾਰ ਦੀ ਤਸਵੀਰ ਅਤੇ ਭਾਈ ਮੇਹਰ ਸਿੰਘ ਜੀ ਰਈਸ ਬਾਗੜੀਆਂ, ਤੇ ਭਾਈ ਸੰਪੂਰਨ ਸਿੰਘ ਜੀ ਦੀਆਂ ਤਸਵੀਰਾਂ ਵੀ ਹਨ ।

ਪਿੰਡ ਭੰਮੀ ਪੁਰਾ ਵਿਚ, ਪਾਤਸ਼ਾਹੀ ਦਸਵੀਂ ਦੀ ਮੁੰਦਰੀ ਹੈ ।

ਰਾਇਕੋਟ ਸ਼ਹਿਰ ਵਿਚ, ਪਾਤਸਾਹੀ ਦਸਵੀਂ ਦਾ ਛੇਕਾਂ ਵਾਲਾ ਗੰਗਾ ਸਾਗਰ, ਲਕੜ ਦੀ ਰੇਹਲ, ਅਤੇ ਖੰਡਾ ਹਨ ।

ਨੋਟ :– ਇਹ ਚੀਜਾਂ ਪਾਕਸਤਾਨ ਚਲੀਆਂ ਗਈਆਂ ਹਨ ।

(੨) ਰਿਆਸਤ ਪਟਿਆਲਾ ਵਿਚ :– ਖਾਸ ਸ਼ਹਿਰ ਪਟਿਆਲਾ ਗੁਰਦਵਾਰਾ ਦੁਖ ਨਿਵਾਰਨ ਸਾਹਿਬ ਵਿਚ, ਪਾਤਸਾਹੀ ਨੌਵੀਂ ਦੀ ਸਾਖੀ ।

ਮੋਤੀ ਬਾਗ ਪੁਸਤਕਾਲੇ ਵਿਚ, ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ, ਸਾਖੀਆਂ ਭਾਈ ਮੂਲ ਚੰਦ, ਜੰਗ ਨਾਮਾ ਪਾਤਸਾਹੀ ਦਸਵੀਂ, ਸਿੰਘ ਸਾਗਰ, ਗੁਰਬਿਲਾਸ ਪਾਤਸ਼ਾਹੀ ਦਸਵੀਂ, ਪਾਤਸ਼ਾਹੀ ਦਸਵੀਂ ਦੀ ਲਿਖਤ ਦੋ ਪਾਸੇ ਪਤਰ ।

ਕਿਲਾ ਮੁਬਾਰਕ ਬੁਰਜ ਬਾਬਾ ਆਲਾ ਸਿੰਘ ਜੀ ਵਿਚ, ਪਾਤਸਾਹੀ ਨੌਵੀਂ ਦਾ ਗੁਟਕਾ, ਪਾਤਸਾਹੀ ਦਸਵੀਂ, ਦੇ ਖੰਡੇ, ਦੋ ਸ੍ਰੀ ਸਾਹਿਬਾਂ, ਤੀਰ, ਤੇਗ ਸਾਹਿਬ, ਸਕਾਰ ਗਾਹ ਸ੍ਰੀ ਸਾਹਿਬ, ਕਟਾਰ ਸਕਾਰ ਗਾਹ, ਸਫਾ ਜੰਗ, ਖੰਜਰ, ਪੇਸ਼ਕਬਜ, ਬਰਛਾ, ਨਿਸਾਨਸ਼ਾ, ਹੁਕਮ ਨਾਮਾ ਪਾਤਸਾਹੀ ਦਸਵੀਂ ਦਾ, ਸ੍ਰੀ ਸਾਹਿਬ, ਪੇਸ਼ ਕਬਜ, ਸ੍ਰੀ ਸਾਹਿਬ ਸ਼ਕਲ ਖੋਖਰੀ, ਸਫਾ ਜੰਗ, ਬਾਣ, ਨਿਸ਼ਾਨ ਸਾਹਿਬ, ਕਮਰ ਕਸਾ, ਜੰਮ ਦਾੜ, ਸਰੋਹੀ, ਬੰਦੂਕ ਸੁਨੈਹਰੀ ਤੋੜੇਦਾਰ, ਬਰਛਾ, ਖੜਾਵਾਂ, ਚੰਨਣ ਦੀਆਂ, ਤੇਗਾ ਵਜ਼ਨ ੧੨ ਸੇਰ ਪਾਤਸ਼ਾਹੀ ਛੇਵੀਂ ਦਾ, ਸ੍ਰੀ ਸਾਹਿਬ, ਨਿਸ਼ਾਨ ਸਾਹਿਬ ।

ਤਖਤ ਸ੍ਰੀ ਦਮਦਮਾ ਸਾਹਿਬ ਜੀ ਤਲਵੰਡੀ ਸਾਬੋ ਵਿਚ :–

ਪਾਤਸਾਹੀ ਦਸਵੀਂ ਦੀ ਪੋਥੀ ਹਥ ਲਿਖਤ ਬਾਬਾ ਦੀਪ ਸਿੰਘ ਜੀ

ਪਾਤਸਾਹੀ ਦਸਵੀਂ ਦੀ ਤਸਵੀਰ, ਸ਼ੀਸ਼ਾ, ਤੇਗਾ ਬਾਬਾ ਜੀਦਾ

ਅੰਦਰਖਾ, ਬੰਦੂਕ, ਇੰਨਾਂ ਤੋਂ ਬਿਨਾਂ ਡਲੇ ਦੇ ਪ੍ਰਵਾਰ ਪਾਸ ਇਕ, ਖੜਗ, ਦੋ ਦਸਤਾਰੇ, ਦੋ ਚੋਲੇ, ਪੰਜਾਮੇ, ੧ ਬਾਜ ਦਾ ਡੋਰਾ ਹਨ ।

ਗੁਰਦਵਾਰਾ ਸ੍ਰੀ ਧਮਧਾਨ ਸਾਹਿਬ ਜੀ ਵਿਚ :– ਪਾਤਸਾਹੀ ਦਸਵੀਂ ਦੀ ਸ੍ਰੀ ਸਾਹਿਬ, ਜਨਮ ਸਾਖੀ ਭਾਈ ਪੈੜੇ ਵਾਲੀ ।

Digitized by Panjab Digital Library | www.panjabdigilib.org

ਪਿੰਡ ਦਿਲਵਾਂ ਵਿਚ :-ਪਾਤਸ਼ਾਹੀ ਦਸਵੀਂ ਦੀ ਇਕ ਮਾਲਾ, ਇਕ ਪੰਜ ਗ੍ਰੰਥੀ ਪੋਥੀ ਇਕ ਜਪੁਜੀ ਸਾਹਿਬ ਦਾ ਗੁਟਕਾ ।

ਪਿੰਡ ਘੁਡਾਣੀ ਵਿਚ :- ਪਾਤਸ਼ਾਹੀ ਛੇਵੀਂ ਦਾ ੫੨ ਕਲੀਆਂ ਵਾਲਾ ਚੋਗਾ, ਇਕ ਪੈਰ ਦਾ ਜੋੜਾ, ਇਕ ਪੋਥੀ ।

ਪਿੰਡ ਫਫੜੇ ਭਾਈ ਕੇ ਜ਼ਿਲਾ ਬਠਿੰਡਾ ਵਿਚ :- ਪਾਤਸ਼ਾਹੀ ਦਸਵੀਂ ਦਾ, ਸਾਦਾ ਚੋਲਾ ਚੋਲਾ ਛੀਂਟਦਾਰ, ਪਜਾਮਾ, ਕਕੜੇਲਦਾ, ਜੋੜਾ, ਤੇ ਇਕ ਹੁਕਮ ਨਾਮਾ ।

ਰਿਆਸਤ ਨਾਭਾ ਵਿੱਚ:- ਖਾਸ ਸ਼ਹਿਰ ਨਾਭਾ ਗੁਰਦਵਾਰਾ ਸਿਰੋਪਾਉ ਵਿਚ ਪਾਤਸ਼ਾਹੀ ੬ ਦਾ ਕੋਰੜਾ, ਪਾਤਸ਼ਾਹੀ ਦਸਵੀਂ ਦਾ ਤੇਗਾ, ਦੋ ਸਿਰੀ ਸਾਹਿਬ, ਖੰਡਾ ਰਾਇ ਕਲੇ ਵਾਲਾ, ਖੰਜਰ, ਢਾਲੇ ਦੇ ਦੋ ਫੁਲ, ਤੀਰ ਦੀ ਮੁਖੀ, ਪੋਥੀ ਹਰ ਤਰ੍ਹਾਂ ਦੇ ਪਾਠ,ਕਰਦ, ੧ ਚੋਲਾ, ਹੁਕਮ ਨਾਮਾ, ਦਸਤਾਰ,ਕੰਘਾ ਤੇ ਕੇਸਾਂ ਦੇ ਰੋਮ ।

ਪਿੰਡ ਕਕੱੜ ਰਾਜ ਨਾਭਾ ਵਿਚ:- ਪਾਤਸ਼ਾਹੀ ਛੇਵੀਂ ਦੀ ਕਟਾਰ, ਕਟਾਰ ਤਿਲਾਣੀ ।

ਪਿੰਡ ਭਾਈ ਰੂੱਪਾ ਵਿਚ:- ਪਾਤਸਾਹੀ ਦਸਵੀਂ ਦਾ ਹੁਕਮਨਾਮਾ ਅਪੂਰਨ, ਹੁਕਮਨਾਮਾ ਬੈਰਾੜਾ ਦੇਨਾਂ, ਹੁਕਮਨਾਮਾ ਬਾਬਾ ਬੰਦਾ ਸਿੰਘ ਜੀ ਵਲੋਂ, ਮੋਹਰ ।

ਰਿਆਸਤ ਜ਼ੀਂਦ [ਸੰਗਰੂਰ] ਵਿਚ:- ਖਾਸ ਸ਼ਹਿਰ ਸੰਗਰੂਰ ਵਿਚ, ਪਾਤਸ਼ਾਹੀ ਦਸਵੀਂ ਦਾ ਸ੍ਰੀ ਸਾਹਿਬ, ਦਸਮ ਗ੍ਰੰਥ, ਗੁਰਪ੍ਰਣਾਲੀ, ਹਥ ਦੀ ਲਿਖਤ, ਪੁਸਤਕ ਪ੍ਰਾਣ ਸੰਗਲੀ ਗੁਰਮਖੀ ਵਿਚ ।

ਪਿੰਡ ਖੜਕੜ ਜਿਲ੍ਹਾ ਸੰਗਰੂਰ ਵਿਚ:- ਭਾਈ ਬਾਲੇ ਵਾਲੀ ਜਨਮ ਸਾਖੀ ।

ਰਿਆਸਤ ਫਰੀਦਕੋਟ ਵਿਚ:- ਖਾਸ ਫਰੀਦਕੋਟ ਵਿਚ ਪਾਤਸ਼ਾਹੀ ਦਸਵੀਂ ਦਾ ਖੜਗ,ਢਾਲ, ਇਕ ਪਤਰ ੧੬ ਇੰਚ ਲੰਮਾ ਕਿਸੇ ਤੇਗ ਦਾ ਹੈ ।

ਪਿੰਡ ਦਿਲਵਾਂ ਫਰੀਦਕੋਟ,ਵਿਚ ਪਾਤਸ਼ਾਹੀ ਦਸਵੀਂ ਦਾ ਨੀਲਾ ਚੋਲਾ ।

ਰਿਆਸਤ ਮਲੇਰਕੋਟਲਾ ਵਿਚ:- ਨਵਾਬ ਸਾਹਿਬ ਮਲੇਰਕੋਟਲਾ ਪਾਸ, ਦਸਵੀਂ ਪਾਤਸ਼ਾਹੀ ਦੀ ਸ੍ਰੀ ਸਾਹਿਬ, ਨਵਾਬ ਦੇ ਵਡੇਰਿਆਂ ਵਲੋਂ ਔਰੰਗਜੇਬ ਬਾਦਸ਼ਾਹ ਨੂੰ, ਛੋਟੇ ਸਾਹਿਬ ਜਾਦਿਆਂ ਸੰਬੰਧੀ ਭੇਜੀ ਚਿਠੀ ਦੀ ਨਕਲ ।

ਪਿੰਡ ਨੰਗਲ ਵਿਚ:- ਪਾਤਸ਼ਾਹੀ ਦਸਵੀਂ ਦੇ ਚਰਨਾਂ ਦਾ ਜੋੜਾ, ਬਾਟਾ, ਨੀਲਾ ਚੋਲਾ, ਮੋਹਰ ਦਾ ਚਿੰਨ ।

ਕਪੂਰ ਗੜ੍ਹ ਨਾਲਾ, ਪਾਤਸ਼ਾਹੀ ਦਸਵੀਂ ਦਾ ਸ੍ਰੀ ਸਾਹਿਬ ਜੀ ।

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ।

# ਮਾਲਵੇ ਵਿੱਚ ਵਰਤਮਾਨ ਉਨਤੀ ਦੇ ਸਾਧਨ
# ਤੇ
# ਉਨ੍ਹਾਂ ਦਾ ਮੁੱਢ

ਮਾਲਵੇ ਅੰਦਰ ਜੋ ਉਨਤ ਸਕੀਮਾਂ ਐਸ ਵੇਲੇ ਸਾਨੂੰ ਦਿਸ ਰਹੀਆਂ ਹਨ, ਉਨ੍ਹਾਂ ਦੀ ਉਮਰ ਬਹੁਤੀ ਲੰਮੀ ਨਹੀਂ ਹੈ। ਜਿਸਤਰ੍ਹਾਂ, ਰੇਲ, ਨਹਿਰਾਂ, ਡਾਕਖਾਨੇ, ਹਵਾਈ ਅੱਡੇ ਆਦਿ ਮਾਲਵੇ ਵਿਚ ਕਦੋਂ ਆਏ, ਅਗੇ ਦਰਜ ਕੀਤੇ ਜਾਂਦੇ ਹਨ।

## ਡਾਕ ਟਿਕਟਾਂ :-

ਮਾਲਵੇ ਅੰਦਰ ਹੀ ਨਹੀ ਸਗੋਂ ਸਾਰੇ ਭਾਰਤ ਵਰਸ਼ ਵਿਚ ਡਾਕ ਦਾ ਸਿੱਧਾ ਪਧਰਾ ਤਰੀਕਾ ਚੰਦਰ ਗੁਪਤ ਮੋਰੀਆ ਦੇ ਸਮੇਂ ਤੋਂ ਹੀ ਪ੍ਰਚਲਤ ਸੀ। ਜੋ ਕੇਵਲ ਰਾਜ ਦੇ ਚਿਠੀ ਪਤਰਾਂ ਲਈ ਹੀ ਸੀ। ਇਸਦੀ ਉਨਤੀ ਵਿਚ ਅਸ਼ੋਕ, ਸ਼ੇਰ ਸ਼ਾਹ ਸੂਰੀ, ਅਕਬਰ ਆਦਿ ਨੇ ਵੀ ਕੇਵਲ ਸਰਕਾਰੀ ਚਿਠੀ ਪਤਰ ਵਿਚ ਹਿੱਸਾ ਪਾਇਆ। ਅੰਗਰੇਜ਼ਾਂ ਵਲੋਂ ਈਸਟ ਇੰਡੀਆ ਕੰਪਨੀ ਨੇ ਭੀ ੧੬੮੮ ਵਿਚ ਬੰਬਈ ਵਿਚ ਡਾਕਖਾਨਾ ਖੋਲਕੇ ਸਰਕਾਰੀ ਡਾਕ ਲਈ ਹੀ ਸਹੂਲਤਾਂ ਪੈਦਾ ਕੀਤੀਆਂ। ਲਾਰਡ ਵਾਰਨਹੇਸਟਿੰਗ ਨੇ ਪੋਸਟ ਮਾਸਟਰ ਜਨਰਲ ਨੀਅਤ ਕਰਕੇ ਪ੍ਰਾਈਵੇਟ ਡਾਕ ਲਈ ਨਕਦ ਪੈਸੇ ਲੈਣੇ ਸ਼ੁਰੂ ਕੀਤੇ। ਅਖੀਰ ਸੰਨ ੧੮੫੪ ਵਿਚ ਡਾਕ ਦੇ ਟਿਕਟ ਛਪਵਾਕੇ ਚਾਲੂ ਕੀਤੇ ਗਏ ਤੇ ਡਾਕ ਦਾ ਬਾਕਾਇਦਾ ਸਿਸਟਮ ਅਰੰਭ ਹੋਗਿਆ।

## ਰੋਪੜ ਵਾਲੀ ਨਹਿਰ :-

ਸੰਨ ੧੮੫੪ ਵਿਚ ਲਾਰਡ ਡਲਹੌਜ਼ੀ ਵੇਲੇ ਰੋਪੜ ਵਾਲੀ ਨਹਿਰ ਦੀ ਸਰਵੇ ਹੋਈ ਅਤੇ ਲਾਰਡ ਰਿਪਨ ਦੀ ਅਮਲਦਾਰੀ ਵਿਚ, ਸਤਲੁਜ ਦਰਿਆ ਵਿਚੋਂ ਰੋਪੜ ਦੇ ਮੁਕਾਮ ਤੋਂ ਇਹ ਨਹਿਰ ਕਢੀ ਗਈ। ਇਸ ਨਹਿਰ ਦੇ ਬਨੌਣ ਤੇ ਦੋ ਕਰੋੜ ਅਠਤਰ ਲੱਖ ਰੁਪਯਾ ਅੰਗਰੇਜ਼ੀ ਸਰਕਾਰ ਦਾ ਅਤੇ ਇਕ ਕਰੋੜ ਉੱਣਤੀ ਲੱਖ ਰੁਪਯਾ ਸਿੱਖ ਰਿਆਸਤਾਂ ਦਾ ਖਰਚ ਹੋਇਆ।

ਇਹ ਸਰਹਿੰਦ ਨਹਿਰ, ਲੁਧਿਆਣਾ, ਫਰੋਜ਼ਪੁਰ ਜਿਲਿਆਂ, ਤੇ ਪਟਿਆਲਾ, ਨਾਭਾ, ਫਰੀਦ ਕੋਟ ਆਦਿ ਰਿਆਸਤਾਂ ਵਿਚ ਸਿੰਜਣ ਕਰਦੀ ਹੋਈ, ਬਾਕੀ ਪਲਾ ਮੇਘਾ ਦੇ ਸਥਾਨ ਤੇ ਸਤਲੁਜ ਵਿਚ ਹੀ ਆ ਡਿਗਦੀ ਹੈ।

ਦਰਿਆ ਸਤਲੁਜ ਵਿਚੋਂ ਫਰੋਜ਼ਪੁਰ ਦੇ ਪਾਸ ਸੁਲੇਮਾਨਕੀ ਹੈਡ ਤੋਂ ਰੇਲ ਦੇ ਨਵੇਂ ਪੁਲ ਦੇ ਹੇਠੋਂ 'ਈਸਟਰਨ ਕੈਨਾਲ' ਨਾਮ ਦੀ ਨਹਿਰ ਕਢੀ ਹੈ। ਜੋ 'ਗੰਗ' ਕਹਿਲਾ ਕੇ ਤਹਿਸੀਲ ਮੁਕਤਸਰ, ਤਹਿਸੀਲ ਫਾਜ਼ਲਕਾ ਅਤੇ ਅੱਧਾ ਭਾਗ ਤਹਸੀਲ ਫਰੋਜ਼ਪੁਰ ਨੂੰ ਸਿੰਜਨ ਕਰਦੀ ਹੈ। ਦੋ ਨਹਿਰਾਂ ਗਰੇ, ਦੀਪਾਲਪੁਰ ਇਸੇ ਅਸਥਾਨ ਦੇ ਸਜੇ ਖਬੇਦੇ ਕੰਢਿਆਂ ਤੋਂ ਕਢੀਆਂ ਗਈਆਂ ਹਨ।ਜੋ ਬੀਕਾਨੇਰ ਅਤੇ ਨਹਿਰ ਬਹਾਵਲਨਗਰ ਕਹਾਕੇ,ਸਤਲੁਜ ਦੇ ਵਿਚਲੇ ਇਲਾਕੇ ਨੂੰ'ਗਰੇ'ਅਤੇ ਮਿੰਟਗੁਮਰੀ ਦੇ ਇਲਾਕੇ ਨੂੰ ਦੀਪਾਲਪੁਰ

Digitized by Panjab Digital Library | www.panjabdigilib.org

ਪਾਣੀ ਪਹੁੰਚਾਉਂਦੀਆਂ ਹਨ। ਇਨ੍ਹਾਂ ਨਹਿਰਾਂ ਨੂੰ ੨੫ ਨਵੰਬਰ ਸੰਨ ੧੯੨੭ ਨੂੰ ਦੀਵਾਲੀ ਦੇ ਦਿਨ ਵਾਇਸਰਾਇ ਇਰਵਨ ਨੇ ਬੜੇ ਉਤਸ਼ਾਹ ਨਾਲ ਖੋਲਿਆ ਸੀ।

ਇਸ ਤਰ੍ਹਾਂ ਸਤਲੁਜ ਦਰਿਆ ਵਿਚੋਂ ਹੋਰ ਰਜਵਾਹੇ ਵੀ ਨਿਕਲੇ ਹਨ।

੧ ਆਗਾਵਾਹ ੨ ਵਛੇਰੇਵਾਹ ੩ ਦੌਲਤਵਾਹ ੪ ਬਾਰੇਵਾਹ ੫ ਮਦੀਆਵਾਹ ੬ ਜਲਾਲ ਵਾਹ ੭ ਪੁਲਾਹਵਾਹ ੮ ਨਜ਼ਾਮਵਾਹ ੯ ਫਾਜ਼ਲਵਾਹ ੧੦ ਸੌਕਤਵਾਹ ੧੧ ਕਿਗਵਾਹ ੧੨ ਬੂਟੇਵਾਹ। ਇਹ ਸਭ ਬਰਸਾਤੀ ਨਹਿਰਾਂ ਹਨ।

## ਰੇਲਾਂ :—

ਹਰ ਇਕ ਦੇਸ਼ ਦੀ ਉਨਤੀ ਲਈ ਆਵਾ ਜਾਈ, ਤੇ ਢੋ ਢੁਆਈ ਦੇ ਸਾਧਨ ਵੀ ਮੁੱਖ ਹਨ, ਜਿਨ੍ਹਾਂ ਵਿਚੋਂ ਰੇਲਵੇ ਸਭ ਤੋਂ ਵਧੀਆ ਤੇ ਸਸਤਾ ਢੰਗ ਹੈ।

ਭਾਰਤ ਵਿਚ, ਲਾਰਡ ਡਲਹੌਜ਼ੀ ਵਾਇਸਰਾਇ ਹਿੰਦ ਦੇ ਵੇਲੇ, ਸਭ ਤੋਂ ਪਹਿਲਾਂ, ੧੬ ਅਪ੍ਰੈਲ ੧੮੫੩ ਨੂੰ ਬਬੰਈ ਤੋਂ ਥਾਨਾ ਤਕ ੨੦ ਮੀਲ ਲੰਮੀ ਰੇਲ ਚਲੀ, ਤੇ ਹੌਲੀ ੨ ਕਲਕਤਾ ਮਦਰਾਸ, ਸਮੁੰਦਰੀ ਸ਼ਹਿਰਾਂ ਤੋਂ ਅਰੰਭ ਹੋਕੇ ਵਧੀ। ਪੰਜਾਬ ਵਿਚ ਵੀ ਸੰਨ ੧੮੬੨ ਨੂੰ ਲਹੌਰ ਤਕ ਤਿਆਰ ਹੋਈ ਤੇ ਮਗਰੋਂ ਇਹੀ ਮੇਨ ਲਾਇਨ ਸੰਨ ੧੯੧੦ ਤਕ ਅੰਬਾਲੇ ਤੋਂ ਲਹੌਰ ਤਕ ਦੂਹਰੀ ਹੋ ਗਈ। ਇਸ ਸਮੇਂ ਗੁਰੂ ਕੇ ਮਾਲਵੇ ਵਿਚ ਤਿੰਨ ਮੇਨ ਲਾਈਨਾਂ, ਤੇ ਅਠ ਬਰਾਂਚ ਰੇਲਾਂ, ਹੇਠ ਲਿਖੇ ਅਨੁਸਾਰ ਚਲ ਰਹੀਆਂ ਹਨ।

[ੳ] ਮੇਨ ਲਾਈਨਾਂ :—ਅੰਬਾਲੇ ਅੰਮ੍ਰਿਤਸਰ ਦੇ ਵਿਚਕਾਰ ਦੂਹਰੀ ਲਾਈਨ
ਜਾਖਲ ਫਰੋਜ਼ਪੁਰ ਦੇ ਵਿਚਕਾਰ ਇਕਹਰੀ ਲਾਈਨ
ਅੰਬਾਲਾ ਤੋਂ ਕਾਲਕਾ ਸ਼ਿਮਲਾ ਦੇ ਵਿਚਕਾਰ।

[ਅ] ਬਰਾਂਚ ਲਾਈਨਾਂ:—

੧ ਰਾਜਪੁਰਾ ਤੋਂ ਪਟਿਆਲਾ, ਨਾਭਾ, ਧੂਰੀ, ਬਰਨਾਲਾ ਦੇ ਰਸਤੇ ਬਠਿੰਡੇ ਤਕ।
੨ ਸਰਹਿੰਦ ਤੋਂ ਰੋਪੜ, ਅਨੰਦਪੁਰ ਸਾਹਿਬ ਦੇ ਰਸਤੇ ਨੰਗਲ ਭਾਖੜਾ ਤਕ।
੩ ਲੁਧਿਆਣਾ ਤੋਂ ਧੂਰੀ, ਸੰਗਰੂਰ, ਸੁਨਾਮ ਦੇ ਰਸਤੇ ਜਾਖਲ, ਹਿਸਾਰ ਤਕ।
੪ ਲੁਧਿਆਣਾ ਤੋਂ ਮੋਗਾ ਦੇ ਰਸਤੇ ਫਰੋਜ਼ਪੁਰ।
੫ ਫਰੋਜ਼ਪੁਰ ਤੋਂ ਜਲੰਧਰ।
੬ ਫਰੋਜ਼ਪੁਰ ਤੋਂ ਫਾਜ਼ਲਕਾ।
੭ ਕੋਟਕਪੂਰਾ ਤੋਂ ਮੁਕਤਸਰ ਦੇ ਰਸਤੇ ਫਾਜਲਕਾ।
੮ ਬਠੰਡਿਾ ਤੋਂ ਬੀਕਾਨੇਰ ਵਲ ਨੂੰ ਜਾਂਦੀ ਹੈ।

## ਹਵਾਈ ਅੱਡਾ :—

ਹਲਵਾਰਾ ਜ਼ਿਲ੍ਹਾ ਲੁਧਿਆਣਾ ਵਿਖੇ ਸੰਨ ੧੯੩੮-੩੯ ਵਿਚ ਤਿਆਰ ਹੋਇਆ।

Digitized by Panjab Digital Library | www.panjabdigilib.org

**ਵਿਦਿਆ:-** ਸੰਨ ੧੮੦੦ ਈਸਵੀ ਦੇ ਲਗ ਭਗ ਸੇਵਾ ਸਿੰਘ ਕੌਲਗੜੀਏ ਨੇ ਕਲਕਤੇ ਜਾ ਕੇ ਦਸਵੀਂ ਪਾਸ ਕੀਤੀ ਸੀ। ੧੮੦੫ ਈਸਵੀ ਵਿਚ ਜਦ ਕਿ ਫੂਲਕੀਆਂ ਰਿਆਸਤ ਈਸਟ ਇੰਡੀਆ ਕੰਪਨੀ ਦੇ ਅਧੀਨ ਹੋਈਆਂ ਸਨ, ਤੇ ਕੰਪਨੀ ਵਲੋਂ ਉਨ੍ਹਾਂ ਦੇ ਉਪਰ ਲੁਧਿਆਣੇ ਵਿਚ ਰੈਜੀਡਿੰਟ ਕਾਇਮ ਹੋਇਆ ਸੀ, ਤਾਂ ਅਮਰੀਕਨ ਪਾਦਰੀਆਂ ਨੇ ਅਪਣੇ ਮਿਸ਼ਨ ਦੇ ਨਾਲ ਨਾਲ ਜਿਲ੍ਹਾ ਲੁਧਿਆਣਾ ਦੇ ਵਡੇ ਵਡੇ ਪਿੰਡੀਂ ਗੁਰਮਖੀ ਤੇ ਉਰਦੂ ਦੇ ਪ੍ਰਾਇਮਰੀ ਮਦਰਸੇ ਕਾਇਮ ਕੀਤੇ, ਜਿਨ੍ਹਾਂ ਵਿਚ ਵਿਸ਼ੇਸ਼ ਕਰਕੇ ਅੰਗਰੇਜ਼ੀ ਦੀ ਪੜ੍ਹਾਈ ਹੁੰਦੀ ਸੀ।

ਇਸ ਮਿਸ਼ਨ ਵਲੋਂ ਪੰਜਾਬੀ ਬੋਲੀ ਦਾ ਵਯਾਕਰਣ ਤੇ ਕੋਸ਼ ਵੀ ਗੁਰਮਖੀ ਅਖਰਾਂ ਵਿੱਚ ਬਣਾਇਆ ਗਿਆ। ਸੰਨ ੧੮੩੪ ਵਿਚ ਹਾਈ ਸਕੂਲ ਕਾਇਮ ਕੀਤਾ ਗਿਆ। ਜਿਸ ਵਿਚ ਸਿਖ ਦਰਬਾਰੀਆਂ ਦੇ ਲੜਕੇ ਵੀ ਪੜ੍ਹਿਆ ਕਰਦੇ ਸਨ। ਲਾਡਵੇ ਵਾਲਾ ਰਾਜਾ ਅਜੀਤ ਸਿੰਘ ਜਿਸਦਾ ਕਿਲ੍ਹਾ ਬਦੋਵਾਲ ਵੀ ਸੀ, ਏਸੇ ਸਕੂਲ ਵਿਚ ਅੰਗਰੇਜ਼ੀ ਪੜ੍ਹਿਆ ਸੀ।

ਜਦੋਂ ਅੰਗਰੇਜ਼ਾਂ ਨੇ ਪੰਜਾਬ ਦਾ ਰਾਜ ਸਾਂਭਿਆ ਤਾਂ ਸੰਨ ੧੮੫੨ ਈਸਵੀ ਵਿਚ ਬਦੋਵਾਲ ੧੮੫੪-੫੫ ਦੇ ਲਗ ਭਗ, ਜ਼ਿਲ੍ਹਾ ਲੁਧਿਆਣਾ ਵਿਚ ਪਾਦਰੀਆਂ ਦੇ ਕਾਇਮ ਕੀਤੇ ਹੋਏ ਸਾਰੇ ਪ੍ਰਾਇਮ੍ਰੀ ਮਦਰਸੇ ਅਪਣੇ ਹਥ ਵਿਚ ਲੈ ਲਏ ਅਤੇ ਹੋਰ ਥਾਂਈਂ ਵੀ ਪ੍ਰਾਇਮਰੀ ਅਤੇ ਮਿਡਲ ਸਕੂਲ ਚੋਖੀ ਗਿਣਤੀ ਵਿਚ ਕਾਇਮ ਕੀਤੇ ਜੋ ਉਰਦੂ ਤੇ ਫਾਰਸੀ ਦੇ ਸਨ।

ਇਸ ਪ੍ਰਕਾਰ ਪੰਜਾਬ ਵਿਚੋਂ, ਮਾਲਵੇ ਵਿਚ ਹੀ ਸਭ ਤੋਂ ਪਹਿਲਾਂ ਅੰਗਰੇਜ਼ੀ ਵਿਦਿਆ ਦਾ ਪ੍ਰਚਾਰ ਹੋਇਆ, ਜਿਥੇ ਕਿ ਪਹਿਲਾਂ ਹੀ ਪੁਰਾਤਨ ਵਿਦਿਆ ਦਾ ਪ੍ਰਚਾਰ ਸੀ। ਇਸਦਾ ਇਹ ਫਲ ਹੋਇਆ ਕਿ ਪਿਛੋਂ ਬਣਨ ਵਾਲੇ ਸਕੂਲਾਂ ਤੇ ਕਾਲਜਾਂ ਵਿਚ, ਬਹੁਤ ਸਾਰੇ ਮਲਵਈ ਹੀ ਅਧਿਆਪਕ ਤ ਪ੍ਰੋਫੈਸਰ ਹੁੰਦੇ ਆਏ ਹਨ।

ਸੰਨ ੧੮੬੨ ਤੋਂ ਅੰਗਰੇਜ਼ੀ ਦੀ ਪੜ੍ਹਾਈ ਬਾਕਾਇਦਾ ਤੌਰ ਤੇ ਲਾਰਡ ਮਕਾਲੇ ਦੀ ਸਕੀਮ ਤੇ ਕਾਨੂੰਨ ਅਨਸਾਰ ਜਾਰੀ ਹੋ ਗਈ।

ਸੰਨ ੧੮੩੪ ਈਸਵੀ ਦੇ ਲਗ ਭਗ ਲੁਧਿਆਣੇ ਦੇ ਪਾਦਰੀਆਂ ਨੇ ਕ੍ਰਿਸਚੀਅਨ ਬੋਰਡ ਹਾਈ ਸਕੂਲ ਲੁਧਿਆਣੇ ਜਾਰੀ ਕੀਤਾ ਸੀ, ਜੋ ਪੰਜ ਸਾਲ ਮਗਰੋਂ, ਮਿਸ਼ਨ ਹਾਈ ਸਕੂਲ ਲਕੜ ਬਜਾਰ ਲੁਧਿਆਣੇ ਵਿਚ ਖੋਲਿਆ ਗਿਆ।

ਗੁਰਮਖੀ ਟਾਈਪ (ੳ):- ਗੁਰਮਖੀ ਦਾ ਟਾਇਪ ਵੀ ਇਸ ਮਾਲਵੇ ਦੇ ਅੰਦਰ ਹੀ ਸਭ ਤੋਂ ਪਹਿਲਾਂ ਲੁਧਿਆਣੇ ਦੇ ਮਿਸਨਰੀਆਂ ਨੇ ਬਣਾਇਆ। ਇਸ ਤੋਂ ਮਗਰੋਂ ਲਹੌਰ ਵਾਸੀ ਭਾਈ ਹੀਰਾ ਨੰਦ ਮਰਵਾਹਾ ਖਤਰੀ ਨੇ, ਸੰਨ ੧੮੪੭ ਵਿਚ ਸਡੌਲ ਅਖਰ ਬਣਵਾਏ।

ਬੰਦੋਬਸਤ:- ਪੰਜਾਬ ਦੇ ਵਿਚ ਸਰਕਾਰ ਅੰਗਰੇਜ਼ੀ ਵਲੋਂ ਪਹਿਲੀ ਬੰਦ ਬਸਤ ਸੰਨ ੧੮੫੨ ਵਿਚ ਹੋਈ ਸੀ।ਤੇ ਇਸ ਦਾ ਵੱਡਾ ਅਫ਼ਸਰ, ਸ੍ਰੀ ਗੋਕਲ ਕੁਮਾਰ ਲਾਹੌਰ ਦਾ ਖਤਰੀ ਸੀ।

ਕਾਨੂੰਨ:- ਸੰਨ ੧੮੬੨ ਈਸਵੀ ਵਿਚ ਲਾਰਡ ਮਕਾਲੇ ਦੀ ਪ੍ਰਧਾਨਗੀ ਹੇਠ ਜੋ ਜੋਡੀਸ਼ਲ ਕਮਿਸ਼ਨ ਬੈਠਿਆ ਸੀ, ਉਸਨੇ ਸਿਵਲ ਤੇ ਫੌਜਦਾਰੀ ਕਾਨੂੰਨ ਬਣਾਏ ਅਤੇ ਭਾਰਤ ਵਰਸ਼ ਵਿਚ ਅੰਗ੍ਰੇਜ਼ੀ ਤਰੀਕੇ ਤੇ ਵਿਦਿਆ ਦੇਣ ਦੇ ਰੂਲ ਵੀ ਜਾਰੀ ਕੀਤੇ, ਅਤੇ ਸੰਨ ੧੮੮੨ ਵਿਚ ਲਾਰਡ ਰਿਪਨ ਦੇ ਵੇਲੇ ਪੰਜਾਬ ਯੂਨੀਵਰਸਟੀ ਕਾਇਮ ਹੋਈ। ਸੰਨ ੧੮੯੨ ਈਸਵੀ ਵਿਚ ਪ੍ਰੋਫੈਸਰ ਗੁਰਮੁਖ ਸਿੰਘ ਜੀ ਦੀ ਹਿੰਮਤ ਨਾਲ ਸ੍ਰੀ ਅੰਮ੍ਰਿਤਸਰ ਜੀ ਵਿਖੇ ਖਾਲਸਾ ਕਾਲਜ ਕਾਇਮ ਹੋਇਆ।

ਇਨ੍ਹਾਂ ਉੱਨਤੀ ਦੇ ਸਾਧਨਾ ਕਰਕੇ ਅੱਜ ਗੁਰੂ ਕਾ ਮਾਲਵਾ ਦਿਨ ਦੂਣੀ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ।

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ।

# "ਮਾਲਵੇ ਦੇ ਅਖਬਾਰੀ ਸੇਵਕ"

ਤੇ

## "ਉਨ੍ਹਾਂ ਵਲੋਂ ਜਾਰੀ ਹੋਈਆਂ ਅਖਬਾਰਾਂ"

ਦੇਸ਼ ਦੀ ਉਨਤੀ ਵਿਚ, ਅਖਬਾਰਾਂ ਦਾ ਵੀ ਕਾਫੀ ਹੱਦ ਤੱਕ ਹਿਸਾ ਹੋਣ ਕਰਕੇ, ਮਾਲਵੇ ਦੇ, ਦੇਸ਼, ਕੌਮ ਤੇ ਪੰਥ ਹਿਤੈਸੀ ਸਜਨਾਂ ਨੇ, ਬੜੀਆਂ ਕਠਨਾਈਆਂ ਝਾਗ, ਝਾਗ ਕੇ, ਦੇਸ਼ ਕੌਮ ਦੀ ਉਨਤੀ ਲਈ ਆਮ ਕਰਕੇ, ਤੇ ਮਾਲਵੇ ਲਈ ਖਾਸ ਕਰਕੇ, ਅਖਬਾਰਾਂ ਜਾਰੀ ਕੀਤੀਆਂ, ਤੇ ਇਨ੍ਹਾਂ ਦੁਆਰਾ, ਦੇਸ਼, ਕੌਮ, ਤੇ ਪੰਥ ਦੀਆਂ ਖਬਰਾਂ ਨੂੰ ਦੇਸ਼ ਪ੍ਰਦੇਸ਼ ਵਾਸੀਆਂ ਦੇ ਕੰਨਾਂ ਤਕ ਪਹੁੰਚਾਕੇ ਹਲੂਣਾ ਦਿਤਾ । ਅਜੇਹੇ ਮਹਾਨ ਪਰ-ਉਪਕਾਰੀ ਮਲਵਈ ਸਨੇਹੀਆਂ ਦੇ ਨਾਂਉ ਤੇ ਉਨ੍ਹਾਂ ਵਲੋਂ ਜਾਰੀ ਹੋਈਆਂ ਅਖਬਾਰਾਂ ਦੀ ਸੂਚੀ, ਹੇਠ ਦਿਤੀ ਜਾਂਦੀ ਹੈ ।

ਦਾਸ :- ਵਿਸਾਖਾ ਸਿੰਘ ਜੀ ਸੰਤ ਸਿਪਾਹੀ ।

੧ ਖਾਲਸਾ ਅਖਬਾਰ:- ੧੨ ਜੂਨ ੧੮੮੬ ਨੂੰ ਲਹੌਰ ਤੋਂ ਭਾਈ ਗੁਰਮੁਖ ਸਿੰਘ ਜੀ ਦੇ ਯਤਨ ਨਾਲ ਜਾਰੀ ਹੋਇਆ, ਜਿਸਦੇ ਪਹਿਲੇ ਐਡੀਟਰ ਗਿਆਨੀ ਝੰਡਾ ਸਿੰਘ ਜੀ ਫ਼ਰੀਦਕੋਟ, ਸ: ਬਸੰਤ ਸਿੰਘ ਜੀ, ਪਿਛੋਂ ਗਿ: ਦਿੱਤ ਸਿੰਘ ਜੀ ਰਹੇ ।

੨ ਸੁਧਾ ਸਾਗਰ :—ਸੰਨ ੧੮੯੨ ਵਿਚ ਜਾਰੀ ਹੋਇਆ । ਐਡੀਟਰ ਭਾਈ ਪ੍ਰੇਮ ਸਿੰਘ ਜੀ ਅਤੇ ਸਰ-ਪ੍ਰਸਤ ਮਹਾਂਰਾਜਾ ਹੀਰਾ ਸਿੰਘ ਜੀ ਨਾਭਾ ਸਨ ।

੩ ਪਟਿਆਲਾ ਗਜਟ:- ੧੬ ਜੇਠ ਸੰਮਤ ਨਾਨਕ ਸ਼ਾਹੀ ੪੪੧ ਮੁਤਾਬਕ ੨੯ ਮਈ ੧੯੦੧ ਨੂੰ ਮਹਾਂਰਾਜਾ ਪਟਿਆਲਾ ਵਲੋਂ ਜਾਰੀ ਹੋਇਆ ਤੇ ਪਹਿਲੇ ਐਡੀਟਰ ਸ: ਗਹਿਲ ਸਿੰਘ ਜੀ ਨਾਜ਼ਮ ਤਲਵੰਡੀ ਮਲੀਆਂ ਸਨ ।

੪ ਮੁਫੀਦ ਆਮ:- ੧੯੦੬ ਈਸਵੀ ਨੂੰ ਐਡੀਟਰ ਕੇਸਰ ਸਿੰਘ ਨੇ ਫਰੋਜ਼ਪੁਰ ਤੋਂ ਜਾਰੀ ਕੀਤਾ ।

੫ ਪੰਜਾਬੀ ਭੈਣ:- ੧ ਮਈ ੧੯੦੭ ਨੂੰ ਜਾਰੀ ਹੋਇਆ, ਸੰਚਾਲਕੀ ਭਾਈ ਤਖਤ ਸਿੰਘ ਜੀ ਫੀਰੋਜ਼ਪੁਰ ਐਡੀਟਰ ਮਾਸਟਰ ਵੀਰ ਸਿੰਘ ਜੀ ਸਨ ।

੬ ਪੰਜਾਬੀ:- ੧ ਜਨਵਰੀ ੧੯੧੦ ਨੂੰ ਅਰੰਭ ਹੋਇਆ ਜਿਸ ਦੇ ਐਡੀਟਰ ਸ: ਨੱਥਾ ਸਿੰਘ ਜੀ ਲੁਧਿਆਣਾ ਸਨ ।

੭ ਦਿਤ ਸਿੰਘ ਮੈਗਜੀਨ:- ਜਨਵਰੀ ੧੯੧੦ ਈਸਵੀ ਨੂੰ ਸਰਦਾਰ ਗੁਰਬਖਸ਼ ਸਿੰਘ ਕੇਸਰੀ ਅੰਬਾਲਾ ਨੇ ਪ੍ਰਕਾਸ਼ਤ ਕੀਤਾ ।

Digitized by Panjab Digital Library | www.panjabdigilib.org

੮ ਸੰਤ ਸਿਪਾਹੀ:- ੨੦ ਮਾਰਚ ੧੯੧੮ ਨੂੰ ਭਾਈ ਤਖਤ ਸਿੰਘ ਜੀ ਫੀਰੋਜ਼ਪੁਰ ਦੇ ਯਤਨ ਨਾਲ ਅਰੰਭ ਹੋਇਆ ਤੇ ਪਹਿਲੇ ਐਡੀਟਰ ਬਾਬੂ ਟੇਕ ਸਿੰਘ ਜੀ ਫੀਰੋਜ਼ਪੁਰ ਸਨ ।

੯ ਅਕਾਲੀ:–੧੯੨੦ ਈਸਵੀ ਵਿਚ ਸ੍ਰ: ਮੰਗਲ ਸਿੰਘ ਬੀ. ਏ 'ਗਿਲ', ਐਡੀਟਰ, ਤੇ ਸਰ-ਪ੍ਰਸਤ ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਨੇ ਲਹੌਰ ਤੋਂ ਪ੍ਰਕਾਸ਼ਤ ਕੀਤਾ।

੧੦ ਸਤਜੁਗ:- ੨੬ ਮਈ ੧੯੨੦ ਨੂੰ ਨਾਮਧਾਰੀ ਲਹਿਰ ਲੁਧਿਆਣਾ ਵਲੋਂ ਲਹੌਰ ਤੋਂ ਜਾਰੀ ਹੋਇਆ, ਜਿਸਦੇ ਐਡੀਟਰ ਭਾਈ ਨਿਰੰਕਾਰ ਸਿੰਘ ਜੀ ਚੇਤਕ ਸਨ।

੧੧ ਅਕਾਲ ਸੇਵਕ:– ੨੯ ਜਲਾਈ ੧੯੨੧ ਨੂੰ ਗਿਆਨੀ ਗੁਰਬਖਸ਼ ਸਿੰਘ ਜੀ ਐਡੀਟਰ ਵਲੋਂ ਜਾਰੀ ਹੋਇਆ ।

੧੨ ਗਹਿਰ ਗੰਭੀਰ ਗਜ਼ਟ:– ਸੰਨ੧੯੨੨ ਈਸਵੀ ਵਿਚ ਬਾਵਾ ਭਗਵਾਨ ਦਾਸ ਜੀ ਵਲੋਂ ਰੋਪੜ ਸ਼ਹਿਰ ਤੋਂ ਜਾਰੀ ਹੋਇਆ ।

੧੩ ਕ੍ਰਿਪਾਨ ਬਹਾਦਰ:- ਸੰਨ ੧੯੨੨ ਈਸਵੀ ਵਿਚ ਸ: ਸੇਵਾ ਸਿੰਘ ਜੀ 'ਕ੍ਰਿਪਾਨ ਬਹਾਦਰ' ਪਿੰਡ ਬਖਤਗੜ੍ਹ ਜ਼ਿਲ੍ਹਾ ਸੰਗਰੂਰ ਵਲੋਂ, ਇਹਨਾਂ ਦੀ ਐਡੀਟਰੀ ਹੇਠ, ਸ੍ਰੀ ਅੰਮ੍ਰਿਤਸਰ ਜੀ ਤੋਂ ਜਾਰੀ ਹੋਇਆ।

੧੪ ਰਿਪੁਦਮਨ:– ਮਹਾਂਰਾਜਾ ਸਾਹਿਬ ਨਾਭਾ ਜੀ ਦੇ ਨਾਮ ਦਾ, ਸ੍ਰੀ ਅੰਮ੍ਰਿਤਸਰ ਜੀ ਤੋਂ ਜਾਰੀ ਹੋਇਆ ।

੧੫ ਸਿਖ:— ੧੧ ਨਵੰਬਰ ੧੯੨੪ ਨੂੰ ਸ: ਝੰਡਾ ਸਿੰਘ ਜੀ ਬੀ. ਏ, ਐਲ. ਐਲ. ਬੀ ਵਕੀਲ ਦੇ ਪ੍ਰਬੰਧ ਹੇਠ ਲੁਧਿਆਣਾ ਤੋਂ ਜਾਰੀ ਹੋਇਆ ।

੧੬ ਕੌਮੀ ਦਰਦ:– ੨੪ ਨਵੰਬਰ, ੧੯੨੪ ਨੂੰ ਮਾਲਵਾ ਖਾਲਸਾ 'ਪ੍ਰਤੀਨਿਧ ਦੀਵਾਨ' ਦੇ ਯਤਨ ਨਾਲ, ਸ: ਜਬਰਜੰਗ ਸਿੰਘ ਜੀ ਦੀ ਐਡੀਟਰੀ ਹੇਠ, ਸ੍ਰੀ ਅੰਮ੍ਰਿਤਸਰ ਜੀ ਤੋਂ ਜਾਰੀ ਹੋਇਆ ।

੧੭ ਪੰਚ ਖਾਲਸਾ ਸਮਾਚਾਰ :– ਸੰਨ ੧੯੨੪ ਈਸਵੀ ਵਿਚ 'ਪੰਚ ਖਾਲਸਾ ਦੀਵਾਨ' ਭਸੌੜ, ਰਿਃ ਪਟਿਆਲਾ ਵਲੋਂ, ਸ: ਲਾਲ ਸਿੰਘ ਜੀ 'ਸੇਵਕ' ਦੀ ਐਡੀਟਰੀ ਹੇਠ ਸ੍ਰੀ ਅੰਮ੍ਰਿਤਸਰ ਜੀ ਤੋਂ ਜਾਰੀ ਹੋਇਆ ।

੧੮ ਕਕਾਰ ਬਹਾਦਰ:– ਸੰਨ ੧੯੨੪ ਵਿਚ 'ਪੰਚ ਖਾਲਸਾ ਦੀਵਾਨ' ਭਸੌੜ ਰਿ: ਪਟਿਆਲਾ ਵਲੋਂ ਸ: ਲਾਲ ਸਿੰਘ ਜੀ 'ਸੇਵਕ' ਦੀ ਐਡੀਟਰੀ ਹੇਠ ਜਾਰੀ ਹੋਇਆ।

੧੯ ਰਿਆਸਤੀ ਕੇਹਰ:– ੨੪ ਅਪ੍ਰੈਲ ੧੯੨੫ ਨੂੰ ਮਾਲਵਾ ਰਿਆਸਤੀ ਲੋਕਾਂ ਵਲੋਂ, ਸ: ਗੁਲਵੰਤਾ ਸਿੰਘ ਜੀ ਦੀ ਐਡੀਟਰੀ ਹੇਠ ਜਾਰੀ ਹੋਇਆ।

੨੦ ਦਲਜੀਤ:– ਸੰਨ ੧੯੨੬ ਈਸਵੀ ਵਿਚ, ਗਿਆਨੀ ਇੰਦਰ ਸਿੰਘ ਜੀ "ਮਕਰੰਦ" ਵਲੋਂ, ਇਨ੍ਹਾਂ ਦੀ ਐਡੀਟਰੀ ਹੇਠ ਅੰਬਾਲਾ ਸ਼ਹਿਰ ਤੋਂ ਜਾਰੀ ਹੋਇਆ ।

Digitized by Panjab Digital Library | www.panjabdigilib.org

ਬੀਰ ਅਕਾਲੀ:- ੧ ਅਕਤੂਬਰ ੧੯੨੬ ਨੂੰ, ਸ: ਵਜੀਰ ਸਿੰਘ ਜੀ 'ਦਰਦ' ਵਲੋਂ ਇਹਨਾਂ ਦੀ ਐਡੀਟਰੀ ਹੇਠ ਸ੍ਰੀ ਅੰਮ੍ਰਿਤਸਰ ਜੀ ਤੋਂ ਜਾਰੀ ਹੋਇਆ।

੨੨ ਖਾਲਸਾ ਪਾਰਲੀਮੈਂਟ ਗਜ਼ਟ:- ਸੰਨ ੧੯੨੭ ਵਿਚ 'ਪੰਚ ਖਾਲਸਾ ਦੀਵਾਨ' ਭਸੌੜ ਰਿ: ਪਿਟਿਆਲਾ ਵਲੋਂ, ਡਾਕਟਰ ਰਣ ਸਿੰਘ ਜੀ ਦੀ ਐਡੀਟਰੀ ਹੇਠ ਜਾਰੀ ਹੋਇਆ।

੨੩ ਕੌਮ ਪੂਜ :- ਸੰਨ ੧੯੨੭ ਵਿਚ ਸ: ਕਰਤਾਰ ਸਿੰਘ ਜੀ ਸਿੱਧੂ ਦੀ ਐਡੀਟਰੀ ਹੇਠ, ਖਰੜ ਜ਼ਿਲ੍ਹਾ ਅੰਬਾਲਾ ਤੋਂ ਜਾਰੀ ਹੋਇਆ।

੨੪ ਬਸੰਤ:- ਸੰਨ ੧੯੨੮ ਵਿਚ ਜਾਰੀ ਹੋਇਆ, ਜਿਸਦੇ ਐਡੀਟਰ ਲਾਲਾ ਗੁਰਦਿਤਾ ਜੀ ਘੰਨਾ ਸਨ।

੨੫ ਦੇਸ਼ ਦਰਪਨ:- ੨ ਮਈ ੧੯੩੦ ਨੂੰ ਸ: ਨਿਰੰਜਨ ਸਿੰਘ ਜੀ ਤਾਲਬ ਵਲੋਂ ਇਹਨਾਂ ਦੀ ਐਡੀਟਰੀ ਹੇਠ, ਭਾਰਤ ਵਰਸ਼ ਦੇ ਪ੍ਰਸਿਧ ਸ਼ਹਿਰ ਕਲਕਤੇ ਤੋਂ ਗੁਰਮੁਖੀ ਵਿਚ ਜਾਰੀ ਹੋਇਆ।

ਬੁਰਛਾ ਸੁਧਾਰ:- ੨੬ ਜੁਲਾਈ ੧੯੩੦ ਨੂੰ ਗਿਆਨੀ ਸ਼ੇਰ ਸਿੰਘ ਜੀ ਠੀਕਰੀ ਵਾਲਾ ਪਟਿਆਲਾ, ਗਿਆਨੀ ਨਾਹਰ ਸਿੰਘ ਜੀ ਗੁਜਰਵਾਲ, ਸ: ਕਰਤਾਰ ਸਿੰਘ,'ਬਲਬੀਰ' ਫੀਰੋਜ਼ਪੁਰ ਦੇ ਯਤਨ ਨਾਲ, ਗਿ: ਸ਼ੇਰ ਸਿੰਘ ਜੀ ਦੀ ਐਡੀਟਰੀ ਹੇਠ ਸ੍ਰੀ ਅੰਮ੍ਰਿਤਸਰ ਜੀ ਤੋਂ ਜਾਰੀ ਹੋਇਆ।

੨੭ ਪ੍ਰਦੇਸੀ ਖਾਲਸਾ ਸੇਵਕ:- ਸੰਨ ੧੯੩੦ ਵਿਚ ਮਲਾਯਾ ਨਿਵਾਸੀ, ਮਲਵਈ ਸਿਖਾਂ ਨੇ ਖਾਸ ਉਪਰਾਲੇ ਨਾਲ ਭਾਈ ਬਚਿਤਰ ਸਿੰਘ ਜੀ 'ਮੁਸਾਫਰ' ਦੀ ਐਡੀਟਰੀ ਹੇਠ,ਕੁਆਲਾ,ਲੰਪਰ ਮਲਾਯਾ ਤੋਂ ਜਾਰੀ ਕੀਤਾ।

੨੮ ਰਿਆਸਤੀ ਦੁਨੀਆਂ :- ਸੰਨ ੧੯੩੧ ਵਿਚ ਸਃ ਉਜਾਗਰ ਸਿੰਘ ਜੀ 'ਭੌਰਾ' ਪਿੰਡ ਠੀਕਰੀ ਵਾਲਾ ਰਿ: ਪਟਿਆਲਾ ਵਲੋਂ ਉਹਨਾਂ ਦੇ ਪ੍ਰਬੰਧ ਅਤੇ ਉਨ੍ਹਾਂ ਦੀ ਐਡੀਟਰੀ ਹੇਠ, ਬਰਨਾਲੇ ਤੋਂ ਜਾਰੀ ਹੋਇਆ।

੨੯ ਖਾਲਸਾ ਮਲਾਯਾ ਦਰਪਨ:- ਸੰਨ ੧੯੩੨ ਵਿਚ ਸ: ਕੇਹਰ ਸਿੰਘ ਜੀ, ਬਾਬੂ ਹਰਦਿਤ ਸਿੰਘ ਜੀ ਪਿੰਡ ਭਮਦੀ ਲੁਧਿਆਣਾ ਦੇ ਪ੍ਰਬੰਧ ਅਤੇ ਗਿਆਨੀ ਬਚਿਤਰ ਸਿੰਘ ਜੀ ਦੀ ਐਡੀਟਰੀ ਹੇਠ ੩੬ ਬਾਤੂ ਰੋਡ ਕੁਆਲਾ ਲੰਪਰ, ਮਲਾਯਾ ਤੋਂ ਜਾਰੀ ਹੋਇਆ।

੩੦ ਬਰ੍ਹਮਾ ਪਤਰ:- ਸੰਨ ੧੯੩੧ ਵਿਚ ਗਿਆਨੀ ਸਾਧੂ ਸਿੰਘ ਜੀ ਬਰਨਾਲਾ ਵਲੋਂ ਇਨ੍ਹਾਂ ਦੀ ਐਡੀਟਰੀ ਹੇਠ, ਗੁਰਮੁਖੀ ਵਿਚ ਰੰਗੂਨ ਸ਼ਹਿਰ ਬਰ੍ਹਮਾ ਤੋਂ ਜਾਰੀ ਹੋਇਆ।

੩੧ ਪਿਆਰਾ ਵਿਦਯਾਲਾ:- ਸੰਨ ੧੯੩੨ ਵਿਚ ਸੰਤ ਬਲਵੰਤ ਸਿੰਘ ਜੀ ਦੇ ਪ੍ਰਬੰਧ ਹੇਠ, ਸ: ਪ੍ਰੀਤਮ ਸਿੰਘ ਜੀ 'ਪੰਛੀ' ਦੀ ਅਡੀਟਰੀ ਹੇਠ ਜੀਰੀ ਹੋਇਆ।

੩੨ ਬੈਰਾੜ:- ੧੭ ਅਕਤੂਬਰ ੧੯੩੪ ਨੂੰ ਸ: ਗੁਰਦੇਵ ਸਿੰਘ ਜੀ ਰਈਸ਼ ਭਦੌੜ ਰਿ: ਪਟਿਆਲਾ ਵਲੋਂ ਇਨ੍ਹਾਂ ਦੀ ਐਡੀਟਰੀ ਹੇਠ ਸ੍ਰੀ ਅੰਮ੍ਰਿਤਸਰ ਜੀ ਤੋਂ ਜਾਰੀ ਹੋਇਆ।

Digitized by Panjab Digital Library | www.panjabdigilib.org

੩੩. ਖਾਲਸਾ ਦੀਵਾਨ ਗਜ਼ਟ :– ਸੰਨ ੧੯੩੦ ਵਿਚ, ਸ੍ਰ: ਟੇਕ ਸਿੰਘ ਜੀ ਜਨਰਲ ਸਕਤਰ "ਖਾਲਸਾ ਦੀਵਾਨ ਬਰ੍ਹਮਾ" ਪਿੰਡ ਲੋਹਗੜ੍ਹ ਜ਼ਿਲਾ ਲੁਧਿਆਣਾ ਦੇ ਪ੍ਰਬੰਧ ਤੇ ਐਡੀਟਰੀ ਹੇਠ ਖਾਲਸਾ ਦੀਵਾਨ ਬਰਮਾ ਵਲੋਂ ਨਿਯੋਲਾ (ਬਰ੍ਹਮਾ) ਤੋਂ ਜਾਰੀ ਹੋਇਆ ।

੩੪ ਗੁਰ ਸੇਵਕ: ੧੦ ਮਈ ੧੯੩੫ ਨੂੰ ਗਿਆਨੀ ਨਾਹਰ ਸਿੰਘ ਜੀ ਗੁਜਰਵਾਲ ਜਿਲ੍ਹਾ ਲੁਧਿਆਣਾ ਵਲੋਂ ਅਪਣੇ ਪ੍ਰਬੰਧ ਤੇ ਆਪਣੀ ਐਡੀਟਰੀ ਹੇਠ ਸ੍ਰੀ ਅੰਮ੍ਰਿਤਸਰ ਜੀ ਤੋਂ ਜਾਰੀ ਹੋਇਆ ।

੩੫ ਗੁਰ ਕਾਂਸੀ ਪਤਰ:- ਅਗਸਤ ੧੯੩੫ ਵਿਚ ਮਾਲਵੇ ਦੇ ਵਿਦਯਾ ਮਾਰਤੰਡ ਪੰਡਤ ਕਰਤਾਰ ਸਿੰਘ ਜੀ ਦਾਖਾ ਵਲੋਂ ਅਪਣੀ ਸੰਪਾਦਕੀ ਹੇਠ, ਦਾਖਾ ਜ਼ਿਲ੍ਹਾ ਲੁਧਿਆਣਾ ਤੋਂ ਮਾਸਕ ਪਤਰ ਦੇ ਰੂਪ ਵਿਚ ਜਾਰੀ ਹੋਇਆ ।

੩੬ ਨਵਾਂ ਢੰਡੋਰਾ:– ਸੰਨ ੧੯੩੫ ਈਸਵੀ ਵਿਚ ਸ: ਮੰਗਲ ਸਿੰਘ ਬੀ. ਏ. ਪਿੰਡ ਗਿਲ ਦੇ ਪ੍ਰਬੰਧ, ਅਤੇ ਸ: ਸੰਤਾ ਸਿੰਘ ਜੀ 'ਦੀਵਾਨਾ' ਦੀ ਐਡੀਟਰੀ ਹੇਠ ਜਾਰੀ ਹੋਇਆ ।

੩੭ ਸੇਵਾਦਾਰ :- ਸੰਨ ੧੯੩੬ ਈਸਵੀ ਵਿਚ ਸ: ਮੰਗਲ ਸਿੰਘ ਜੀ ਬੀ. ਏ. ਪਿੰਡ ਗਿਲ, ਜ਼ਿਲ੍ਹਾ ਲੁਧਿਆਣਾ ਦੇ ਪ੍ਰਬੰਧ ਤੇ ਸ: ਹਰਬੰਸ ਸਿੰਘ ਜੀ ਐਮ. ਏ. ਦੀ ਐਡੀਟਰੀ ਹੇਠ ਲਹੌਰ ਤੋਂ ਜਾਰੀ ਹੋਇਆ ।

੩੮ ਜਗਤ ਸੁਧਾਰ:– ਸੰਨ ੧੯੩੬ ਈਸਵੀ ਵਿਚ ਭਾਈ ਸੇਵਾ ਸਿੰਘ ਜੀ ਕ੍ਰਿਪਾਨ 'ਬਹਾਦਰ' ਪਿੰਡ ਬਖਤਗੜ੍ਹ ਜ਼ਿਲ੍ਹਾ ਲੁਧਿਆਣਾ ਵਲੋਂ ਜਾਰੀ ਹੋਇਆ ।

੩੯. ਦੇਸ਼ ਦਰਦੀ:– ਸੰਨ ੧੯੩੯ ਵਿਚ ਗਿਆਨੀ ਸਰਦਾਰਾ ਸਿੰਘ ਜੀ 'ਯੂਥਪ' ਤੇ ਸ: ਜਗੀਰ ਸਿੰਘ ਜੀ ਜੋਗਾ ਵਲੋਂ ਸ੍ਰੀ ਅੰਮ੍ਰਿਤਸਰ,ਜੀ ਤੋਂ ਜਾਰੀ ਹੋਇਆ ।

੪੦ ਸੁਖ-ਜੀਵਨ:– ੫ ਅਕਤੂਬਰ ੧੯੩੬ ਨੂੰ ਗਿਆਨੀ ਆਤਮਾ ਸਿੰਘ ਜੀ ਮੋਗਾ ਵਲੋਂ, ਇਨ੍ਹਾਂ ਦੀ ਆਪਣੀ ਐਡੀਟਰੀ ਹੇਠ, ਮੋਗਾ ਜ਼ਿਲ੍ਹਾ ਫੀਰੋਜ਼ਪੁਰ ਤੋਂ ਜਾਰੀ ਹੋਇਆ ।

੪੧. ਬਰ੍ਹਮਾ ਸਿਖ ਸਮਚਾਰ :– ਸੰਨ ੧੯੩੭ ਵਿਚ, ਸ੍ਰ: ਉਤਮ ਸਿੰਘ ਜੀ ਲਿਖਾਰੀ ਦਹਿੜੂ, ਸ੍ਰ: ਟੇਕ ਸਿੰਘ ਜੀ ਪਿੰਡ ਲੋਹਗੜ, ਸ੍ਰ: ਲਾਲ ਸਿੰਘ ਜੀ ਪਿੰਡ ਘੁੰਗਰਾਣਾ ਜ਼ਿਲਾ ਲੁਧਿਆਣਾ ਦੇ ਯਤਨ ਨਾਲ, ਸ਼ਹਿਰ ਇਨਸਨ ਬਰ੍ਹਮਾ ਤੋਂ ਜਾਰੀ ਹੋਇਆ ।

੪੨ ਪੰਜਾਬ:– ੭ ਸਤੰਬਰ ੧੯੩੮ ਨੂੰ, ਗਿਆਨੀ ਸ਼ੇਰ ਸਿੰਘ ਜੀ ਪਿੰਡ ਠੀਕਰੀਵਾਲਾ ਰਿਆਸਤ ਪਟਿਆਲਾ ਵਲੋਂ ਇਨ੍ਹਾਂ ਦੀ ਆਪਣੀ ਐਡੀਟਰੀ ਹੇਠ ਸ੍ਰੀ ਅੰਮ੍ਰਿਤਸਰ ਜੀ ਤੋਂ ਜਾਰੀ ਹੋਇਆ ।

੪੩ ਸਿਖ ਮਿਸਨ:– ੧੨ ਅਪ੍ਰੈਲ ੧੯੩੯ ਨੂੰ ਮੁਨਸੀ ਚੰਦਾ ਸਿੰਘ ਜੀ ਦੇ ਯਤਨ ਨਾਲ ਕੁਆਲਾ ਲੰਪਰ ਮਲਾਯਾ ਤੋਂ ਜਾਰੀ ਹੋਇਆ ।

੪੪ ਸਦਾ ਵਿਗਾਸ:– ੪ ਨਵੰਬਰ ੧੯੩੮ ਨੂੰ ਸ: ਗੁਰਦਿਆਲ ਸਿੰਘ ਜੀ ਘੱਗਾ, ਜ਼ਿਲ੍ਹਾ ਫੀਰੋਜ਼ ਪੁਰ ਦੇ ਪ੍ਰਬੰਧ ਤੇ ਇਹਨਾਂ ਦੀ ਅਪਣੀ ਐਡੀਟਰੀ ਹੇਠ ਸ੍ਰੀ ਮੁਕਤਸਰ ਸਾਹਿਬ ਜੀ ਤੋਂ ਜਾਰੀ ਹੋਇਆ ।

Digitized by Panjab Digital Library | www.panjabdigilib.org

੪੫ ਚੰਦਨ:-੧੩ਅਪ੍ਰੈਲ ੧੯੩੯ਨੂੰ ਸ:ਉਤਮ ਸਿੰਘ ਜੀ ਲਿਖਾਰੀ ਪਿੰਡ ਦਹਿੜੂ ਜ਼ਿਲ੍ਹਾ ਲੁਧਿਆਣਾ ਦੇ ਪ੍ਰਬੰਧ ਹੇਠ'ਪੰਥ ਸੇਵਕ ਸੰਗਤ'ਬੋਡਵਿੰਨ ਬਰ੍ਹਮਾ ਵਲੋਂ ਸ: ਭਗਵਾਨ ਸਿੰਘ ਜੀ ਰੀਟਾਇਰਡ ਚੀਫ ਜੇਲਰ ਤੇ ਸ: ਆਤਮਾ ਸਿੰਘ ਜੀ ਦੀ ਐਡੀਟਰੀ ਹੇਠ, ਜਿਸਦੇ ਲਿਖਾਰੀ ਡਾ: ਤਿਰਲੋਚਨ ਸਿੰਘ ਜੀ ਤੇ ਸ: ਉਤਮ ਸਿੰਘ ਜੀ ਆਦਿ ਸਨ। ਸ਼ਹਿਰ ਮਾਂਡਲੇ (ਬਰਮਾਂ) ਤੋਂ ਜਾਰੀ ਹੋਇਆ।

੪੬ ਗੁਰਸੇਵਕ:- ਸੰਨ ੧੯੩੯ ਈਸਵੀ ਵਿਚ ਗਿਆਨੀ ਗੁਰਬਚਨ ਸਿੰਘ ਜੀ ਮੁਕਤਸਰ ਜ਼ਿਲ੍ਹਾ ਫੀਰੋਜ਼ਪੁਰ ਵਲੋਂ ਸ੍ਰੀ ਅੰਮ੍ਰਿਤਸਰ ਜੀ ਤੋਂ ਜਾਰੀ ਹੋਇਆ।

੪੭ ਸੂਰਜ:- ਸੰਨ ੧੯੪੦ ਈਸਵੀ ਵਿਚ ਬਾਵਾ ਦਸੌਂਧਾ ਸਿੰਘ ਜੀ ਅਬਦੁਲਾਪੁਰ ਮੈਨੇਜਿੰਗ ਡਾਇਰੈਕਟਰ ਤੇ ਗਿਆਨੀ ਬਚਨ ਸਿੰਘ ਜੀ ਪਜੋਖਰਾ ਦੇ ਪ੍ਰਬੰਧ ਅਤੇ ਸ: ਅਰੂੜ ਸਿੰਘ ਜੀ 'ਤਾਇਬ' ਦੀ ਐਡੀਟਰੀ ਹੇਠ, ਅਬਦੁਲਾਪੁਰ ਜ਼ਿਲ੍ਹਾ ਅੰਬਾਲਾ ਤੋਂ ਜਾਰੀ ਹੋਇਆ।

੪੮ ਨਵਾਂ ਸੰਸਾਰ:- ੨੦ ਅਪ੍ਰੈਲ ੧੯੪੧ ਨੂੰ ਕੈਪਟਨ ਹੀਰਾ ਸਿੰਘ ਜੀ ਬੈਰਾੜ ਦੇ ਪ੍ਰਬੰਧ ਤੇ ਗਿਆਨੀ ਭਾਗ ਸਿੰਘ ਜੀ ਜੀਵਨ ਸਾਥੀ ਦੀ ਐਡੀਟਰੀ ਹੇਠ ਸ਼ਹਿਰ ਮੋਗਾ ਜ਼ਿਲ੍ਹਾ ਫੀਰੋਜ਼ਪੁਰ ਤੋਂ ਜਾਰੀ ਹੋਇਆ।

ਸ੍ਰ: ਅਘੜ ਸਿੰਘ ਜੀ ਪਿੰਡ ਕੰਬੋਵਾਲ ਪਟਿਆਲਾ।
ਸ੍ਰੀ ਚੰਦੂ ਲਾਲ (ਸਰਹਿੰਦ ਵਾਲੇ ਟੋਡਰ ਮਲ ਦਾ ਪੋਤਾ)
ਸ੍ਰ: ਰਾਮ ਸਿੰਘ ਜੀ ਭਦੌੜ ਪਟਿਆਲਾ।
ਸੰਤ ਮੇਹਰ ਸਿੰਘ ਜੀ ਮਹਿਮਾਸਾਹੀ ਸੰਤ ਪਿੰਡ ਸਡਾਣਾ।

## ਰਿਆਸਤ ਨਾਭਾ:—

ਬਾਬਾ ਅਜਾਪਾਲ ਸਿੰਘ ਜੀ ਨਾਭਾ।
ਸ੍ਰ: ਧੰਨਾ ਸਿੰਘ ਜੀ ਮੌੜ ਨਾਭਾ।
,, ਨਛਤਰ ਸਿੰਘ ਜੀ ਮੌੜ ਨਾਭਾ।

## ਹੋਰ ਹੋਰ ਥਾਵਾਂ:—

ਸ੍ਰ: ਖੁਦਾ ਸਿੰਘ ਜੀ ਸਿਆਮਗੜ, ਜ਼ਿਲਾ ਕਰਨਾਲ।
,, ਈਸਰ ਸਿੰਘ ਜੀ ਪਿੰਡ ਸੀਹੇ, ਇਲਾਕਾ ਬਾਂਗਰ।
ਭਾਈ ਉਦੇ ਸਿੰਘ ਜੀ ਰਾਜਾ ਕੈਂਥਲ ਭਾਈ ਲਾਲ ਸਿੰਘ ਜੀ ਰਾਜਾ ਕੈਂਥਲ।

# "ਰਾਜਸੀ ਬਲੀਦਾਨ ਨੰ: ੨"

ਭਾਰਤ ਵਰਸ ਨੂੰ ਅੰਗ੍ਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਕਰੌਨ ਲਈ, ਦੇਸ਼ ਦੇ ਜਿਥੇ ਹਜ਼ਾਰਾਂ ਦੇਸ਼ ਭਗਤਾਂ ਨੇ,ਜਬਰ ਤੇ ਜ਼ੁਲਮ ਨੂੰ ਸਹਿਨ ਸੀਲਤਾ ਨਾਲ ਸਹਾਰਦਿਆਂ ਹੋਇਆਂ ਅਪਣੀਆਂ ਜਿੰਦਾਂ ਦੀਆਂ ਅਹੂਤੀਆਂ ਦਿਤੀਆਂ ਸਨ, ਉਥੇ ਸਭ ਤੋਂ ਵਧੀਕ ਮਾਲਵੇ ਦੇ ਜੋਧਿਆਂ ਨੇ ਹੀ ਅੰਗ੍ਰੇਜ਼ਾਂ ਵਲੋਂ ਦਿਤੇ ਤਸੀਹੇ ਸਹੇ। ਤੇ ਹੱਸ ਹੱਸ ਕੇ ਫਾਸੀਆਂ ਦੇ ਤਖਤਿਆਂ ਤੇ ਚੜ੍ਹੇ, ਲੰਮੀਆਂ ੨ ਕੈਦਾਂ ਦੇ ਦੁਖ ਸਹਾਰੇ, ਘਰ ਘਾਟ ਜ਼ਬਤ ਕਰਾਏ, ਪਰ ਅਪਣੇ ਦੇਸ਼ ਆਜ਼ਾਦੀ ਦੇ ਨਿਸ਼ਾਨੇ ਤੋਂ ਮੂੰਹ ਨਹੀਂ ਫੇਰਿਆ। ਆਖਰ ਨੂੰ ਇੰਨ੍ਹਾਂ ਦੀਆਂ ਕੁਰਬਾਨੀਆਂ ਫਲ ਲਿਆਈਆਂ, ਤੇ ਅੱਜ ਸਾਰਾ ਭਾਰਤ ਵਰਸ਼ ਗੁਲਾਮੀ ਦੇ ਜੂਲੇ ਹੇਠੋਂ ਨਿਕਲਕੇ, ਸੁਤੰਤਰ ਹੈ। ਸੋ ਫਾਸੀਆਂ ਤੇ ਲਟਕਨ ਵਾਲੇ, ਕੈਦਾਂ ਕਟਨ ਵਾਲੇ ਜੋਧਿਆਂ ਦੇ ਨਾਂ ਤੇ ਥਾਂ ਇਤਹਾਸਕ ਸੰਭਾਲ ਲਈ ਹੇਠ ਅੰਕਤ ਕੀਤੇ ਜਾਂਦੇ ਹਨ।

ਸੰਪਾਦਿਕ

Digitized by Panjab Digital Library | www.panjabdigilib.org

## ੧੯੧੪-੧੫ ਵਿਚ ਫਾਂਸੀਆਂ ਲਗਣ ਵਾਲੇ ਦੇਸ਼-ਭਗਤ :-

### ਜ਼ਿਲਾ ਲੁਧਿਆਣਾ :–

ਸ: ਕਰਤਾਰ ਸਿੰਘ ਜੀ ਪਿੰਡ ਸਰਾਭਾ, ਜ਼ਿਲਾ ਲੁਧਿਆਣਾ ।
,, ਜਗਤ ਸਿੰਘ ਜੀ ਪਿੰਡ ਬਿੰਜਲ ,, ,,
,, ਹਜਾਰਾ ਸਿੰਘ ਜੀ ਪਿੰਡ ਕੂਕਾ ਭੈਣੀ ,, ,,
,, ਈਸ਼ਰ ਸਿੰਘ ਜੀ ਪਿੰਡ ਰਕਬਾ ,, ,,
,, ਉਤਮ ਸਿੰਘ ਜੀ ਪਿੰਡ ਹਾਂਸ ,, ,,
,, ਬੂੜ ਸਿੰਘ ਜੀ ਪਿੰਡ ਬਿੰਜਲ ,, ,,
,, ਬੂਟਾ ਸਿੰਘ ਜੀ ਪਿੰਡ ਅਕਾਲਗੜ ਖੁਰਦ ,, ,,
,, ਚੰਦਾ ਸਿੰਘ ਜੀ ਪਿੰਡ ਬੜੈਚ ,, ,,
,, ਧਿਆਨ ਸਿੰਘ ਜੀ ਬੰਗਸੀਪੁਰਾ ,, ,,
,, ਨਿਰੰਜਣ ਸਿੰਘ ਜੀ ਸੰਗਤਪੁਰਾ ਢੈਪਈ ,, ,, ਮਾਂਡਲੇ ਸਾਜਸ਼ ਕੇਸ ਵਿੱਚ ਫਾਂਸੀ ਆਏ ।
,, ਪਾਲਾ ਸਿੰਘ ਜੀ ਪਿੰਡ ਸ਼ੇਰਪੁਰਾ ਖੁਰਦ ,, ,, ,, ,, ,, ,, ,, ,,
,, ਅਮਰ ਸਿੰਘ ਜੀ ਬਾਬੂ ਸੇਰਪੁਰਾ ਕਲਾਂ ,, ,, ,, ,, ,, ,, ,, ਤੋਂ ਉਮਰ ਕੈਦ
,, ਨਿਰੰਜਨ ਸਿੰਘ ਜੀ ਨਾਰੰਗ ਵਾਲ ,, ,, ,, ,, ,, ,, ,, ,,
,, ਨਿਰੰਜਨ ਸਿੰਘ ਜੀ ਪਿੰਡ ਸੇਰਪੁਰਾ ਕਲਾਂ ,, ,, ,, ,, ,, ,, ਫਾਂਸੀ ਆਏ।
ਪੰ: ਚਾਲੀਆਂ ਰਾਮ ਜੀ ਪਿੰਡ ਸਾਨੇਵਾਲ ਜਿਲਾ ਲੁਧਿਆਣਾ,ਮਾਂਡਲੇ ਸਾਜਸ਼ ਕੇਸ ਵਿਚ ਫਾਂਸੀ ਆਏ ।
ਮੌਲਵੀ ਅਬਦੁਲੱਾ ਜੀ ,, ਜਗਰਾਉਂ ,, ,, ,, ,, ,, ,, ,, ,,
ਨਜ਼ਾਮ ਦੀਨ ਜੀ ,, ,, ,, ,, ,, ,, ,, ,, ,, ,,

### ਜ਼ਿਲਾ ਫੀਰੋਜ਼ਪੁਰ:–

ਸ: ਗੇਂਦਾ ਸਿੰਘ ਜੀ ਪਿੰਡ ਕਚਰ ਭਨ ਜ਼ਿਲਾ ਫੀਰੋਜ਼ਪੁਰ ਫਾਂਸੀ ਦਿਤੇ ਸਨ ।
,, ਈਸਰ ਸਿੰਘ ਜੀ ਪਿੰਡ ਢੁਡੀਕੇ ,, ,, ,, ,, ,,
,, ਰੂੜ ਸਿੰਘ ਜੀ ਪਿੰਡ ਤਲਵੰਡੀ ਦੁਸਾਂਝ,, ,, ,, ,, ,,
,, ਅਰਜਣ ਸਿੰਘ ਜੀ ਪਿੰਡ ਖਖਰਾਣਾ ,, ,, ,, ,, ,,

### ਰਿਆਸਤ ਪਟਿਆਲਾ:–

ਸ: ਨਰੈਣ ਸਿੰਘ ਪਿੰਡ ਫੁਲੋਂ, ਬਠਿੰਡਾ, ਪਟਿਆਲਾ, ਫਾਂਸੀ ਦਿਤੇ ਸਨ ।
ਪੰਡਤ ਕਾਂਸੀ ਰਾਮ ਜੀ ਪਿੰਡ ਮੌਰਿੰਡਾ, ,, ,, ,,

Digitized by Panjab Digital Library | www.panjabdigilib.org

# ਰਸਾਲਾ ਨੰ: ੧੨ ਦੇ ਦੇਸ਼ ਭਗਤ ਮਲਵਈ ਸਿੰਘ ਜਿਨ੍ਹਾਂ ਨੂੰ ਅੰਗਰੇਜ਼ਾਂ ਨੇ ਫਾਂਸੀ ਦਿਤਾ।

ਸ: ਈਸਰ ਸਿੰਘ ਜੀ ਪਿੰਡ ਰਕਬਾ ਜ਼ਿਲਾ ਲੁਧਿਆਣਾ।
,, ਹਜ਼ਾਰਾ ਸਿੰਘ ਜੀ ,, ਭੈਣੀ ਰਾਈਆਂ ,,
,, ਆਸਾ ਸਿੰਘ ਜੀ ,, ਨੰਦਪੁਰ ਜ਼ਿਲਾ ,,

# ਰਸਾਲਾ ਨੰ: ੨੧ ਦੇ ਮਲਵਈ ਸਿੰਘ :—

ਸ: ਜਗੀਰ ਸਿੰਘ ਜੀ ਰਸਾਲਦਾਰ ਮੇਜਰ ਪਿੰਡ ਛੋਟੀ ਲਲਤੋਂ, ਜ਼ਿਲਾ ਲੁਧਿਆਣਾ।
,, ਸੁਰਜਣ ਸਿੰਘ ਜੀ ਪਿੰਡ ਕਿਸ਼ਨਪੁਰਾ ਜ਼ਿਲਾ ਲੁਧਿਆਣਾ।

# ਰਸਾਲਾ ਨੰ: ੨੧ ਦੇ ਲੰਮੀਆਂ ੨ ਸਜ਼ਾਵਾਂ ਵਾਲੇ ਮਲਵਈ ਸਿੰਘ।

ਸ: ਪਿਆਰਾ ਸਿੰਘ ਜੀ ਦਫੇਦਾਰ ਪਿੰਡ ਛੋਟੀ ਲਲਤੋਂ ਜ਼ਿਲਾ ਲੁਧਿਆਣਾ।
,, ਭਗਵੰਤ ਸਿੰਘ ਜੀ ,, ਲਲਤੋਂ ਕਲਾਂ ,, ,,
,, ਜਗਮੇਲ ਸਿੰਘ ਜੀ ,, ,, ,, ,,
,, ਗੁਰਬਚਨ ਸਿੰਘ ਜੀ ,, ,, ,, ,,
,, ਚਰਨ ਸਿੰਘ ਜੀ ,, ,, ,, ,,
,, ਨਾਹਰ ਸਿੰਘ ਜੀ ,, ,, ,, ,,

ਸ: ਅਜੀਤ ਸਿੰਘ ਜੀ ਪਿੰਡ ਈਸੇ ਵਾਲ, ਜ਼ਿਲਾ ਲੁਧਿਆਣਾ।
,, ਮਘਰ ਸਿੰਘ ਜੀ ਪਿੰਡ ਲਲਤੋਂ ਖੁਰਦ ,, ,,
,, ਤੇਜਾ ਸਿੰਘ ਜੀ ,, ,, ,, ,, ,,
,, ਅਲਬੇਲ ਸਿੰਘ ਜੀ ,, ,, ,, ,, ,,
,, ਸਾਧੂ ਸਿੰਘ ਜੀ ਪਿੰਡ ਬਦੋਵਾਲ ,, ,,
,, ਸਰਦਾਰਾ ਸਿੰਘ ਜੀ ਪਿੰਡ ਬਰੀਕੇ ,, ,,
,, ਕਰਤਾਰ ਸਿੰਘ ਜੀ ਪਿੰਡ ਸਾਨੇਵਾਲ ਕਲਾਂ ,, ,,
,, ਉਦੇ ਸਿੰਘ ਜੀ ਪਿੰਡ ਸਾਨੇਵਾਲ ਖੁਰਦ ,, ,,
,, ਬਚਨ ਸਿੰਘ ਜੀ ਪਿੰਡ ਦਾਖਾ ,, ,,
,, ਲਛਮਣ ਸਿੰਘ ਜੀ ਪਿੰਡ ਦਾਖਾ ,, ,,
,, ਅਜੈਬ ਸਿੰਘ ਜੀ ਪਿੰਡ ਨੰਗਲ ਖੁਰਦ ,, ,,
,, ਜੋਗਿੰਦਰ ਸਿੰਘ ਜੀ ਪਿੰਡ ਗੁਜਰਵਾਲ ,, ,,
,, ਕਰਨੈਲ ਸਿੰਘ ਜੀ ਪਿੰਡ ਬਿੰਜਲ ,, ,,

Digitized by Panjab Digital Library | www.panjabdigilib.org

,, ਰਾਇ ਸਿੰਘ ਜੀ ਪਿੰਡ ਬਿੰਜਲ ਜ਼ਿਲਾ ਲੁਧਿਆਣਾ ।
,, ਵਜ਼ੀਰ ਸਿੰਘ ਜੀ ਪਿੰਡ ਜੰਡ ,, ,,
,, ਦਲੀਪ ਸਿੰਘ ਜੀ ਪਿੰਡ ਚਮਿੰਡਾ ,, ,,
,, ਬਖਤਾਵਰ ਸਿੰਘ ਜੀ ਪਿੰਡ ਦਲੇਆਂ ,, ,,
,, ਬਖਤਾਵਰ ਸਿੰਘ ਜੀ ਪਿੰਡ ਚੀਮੇ ,, ,,
,, ਮੋਹਨ ਸਿੰਘ ਜੀ ਪਿੰਡ ਜਸੋਵਾਲ ,, ,,
,, ਗੁਰਬਖਸ਼ ਸਿੰਘ ਜੀ ਪਿੰਡ ਬੇਰ ਕਲਾਂ ,, ,,
,, ਅਜੀਤ ਸਿੰਘ ਜੀ ਪਿੰਡ ਕੋਹਲੀ ਕਲਾਂ ,, ,,
,, ਗੁਰਚਰਨ ਸਿੰਘ ਜੀ ਪਿੰਡ ਪਖੋਵਾਲ ,, ,,
,, ਬਖਸ਼ੀਸ਼ ਸਿੰਘ ਜੀ ਪਿੰਡ ਰਾਸਦਾ ,, ,,
,, ਜੋਗਿੰਦਰ ਸਿੰਘ ਜੀ ਪਿੰਡ ਸਦਰ ,, ,,
,, ਕ੍ਰਿਪਾਲ ਸਿੰਘ ਜੀ ਪਿੰਡ ਬਸੀਆਂ ,, ,,
,, ਜੋਗਿੰਦਰ ਸਿੰਘ ਜੀ ਪਿੰਡ ਬਸੀਆਂ ,, ,,
,, ਦਲੀਪ ਸਿੰਘ ਜੀ ਪਿੰਡ ਭਨੋਹੜ ,, ,,
,, ਮਹਿੰਦਰ ਸਿੰਘ ਜੀ ਪਿੰਡ ਭਟੀਆਂ ,, ,,
,, ਨਗਿੰਦਰ ਸਿੰਘ ਜੀ ਪਿੰਡ ਰੰਗੂਵਾਲ ,, ,,
,, ਅਮਰ ਸਿੰਘ ਜੀ ਪਿੰਡ ਢੋਡੰਸੇ ,, ,,
,, ਸਰਵਨ ਸਿੰਘ ਜੀ ਪਿੰਡ ਈਸੜੂ ,, ,,
,, ਸੁਰਜਨ ਸਿੰਘ ਜੀ ਪਿੰਡ ਕਾਲਖ ,, ,,
,, ਕਰਤਾਰ ਸਿੰਘ ਜੀ ਪਿੰਡ ਜਸਪਾਲ ,, ,,
,, ਗੁਰਦਿਆਲ ਸਿੰਘ ਜੀ ਪਿੰਡ ਸ਼ੇਰ ਪੁਰ ,, ,,

## ਜ਼ਿਲਾ ਫੀਰੋਜ਼ਪੁਰ :—

ਸ: ਫੂਲਾ ਸਿੰਘ ਜੀ ਪਿੰਡ ਚੂਹੜ ਚੱਕ ਜ਼ਿਲਾ ਫੀਰੋਜ਼ਪੁਰ ।
,, ਸੁਦਾਗਰ ਸਿੰਘ ਜੀ ,, ,, ,, ,, ,,
,, ਕਰਤਾਰ ਸਿੰਘ ਜੀ ,, ,, ,, ,, ,,
,, ਸੰਤਾ ਸਿੰਘ ਜੀ ਪਿੰਡ ਕੋਕਰੀ ਕਲਾਂ ,, ,,
,, ਫੂਲਾ ਸਿੰਘ ਜੀ ਪਿੰਡ ਨੰਗਲ ,, ,,
,, ਜਗੀਰ ਸਿੰਘ ਪਿੰਡ ਸਮਾਧ ਭਾਈ ,, ,,
,, ਦੇਵਾ ਸਿੰਘ ਜੀ ਪਿੰਡ ਮੋਹਣੀ ਜ਼ਿਲਾ ਹਿਸਾਰ ।

## ਰਿਆਸਤਾਂ :—

ਸ: ਮਾਨ ਸਿੰਘ ਜੀ ਪਿੰਡ ਭੜੀ ਰਿਆਸਤ ਪਟਿਆਲਾ ।

Digitized by Panjab Digital Library | www.panjabdigilib.org

,, ਸੰਤਾ ਸਿੰਘ ਜੀ ,, ਸਲਾਣਾ ,, ਨਾਭਾ ।
,, ਸਾਹਿਬ ਸਿੰਘ ਜੀ ,, ,, ,, ,,
,, ਹਰਚੰਦ ਸਿੰਘ ਜੀ ਪਿੰਡ ਚੁਹਾਣਕੇ ਰਿਆਸਤ ਸੰਗਰਰ ।
,, ਖਜਾਨ ਸਿੰਘ ਜੀ ਪਿੰਡ ਵੜੇਰਾ ,, ,,
,, ਚੰਦ ਸਿੰਘ ਜੀ ਪਿੰਡ ਅਕਾਂ ਵਾਲੀ ,, ,,
,, ਡੋਗਰ ਸਿੰਘ ਜੀ ਪਿੰਡ ਮਿਠੇਵਾਲ ,, ,,
,, ਅਜਾਇਬ ਸਿੰਘ ਜੀ ਪਿੰਡ ਹਰੀਗੜ ,, ,,

ਹੋਰ ਹਾਲ ਦੇਖੋ ਜਿਲਦ ਦੋ ਸਫਾ ੪੧੨ (ੳ)

## ਲੰਮੀਆਂ ਸਜ਼ਾਵਾਂ ਵਾਲੇ ਦੇਸ਼ ਭਗਤ ਮਲਵਈ ਸਿੰਘ

ਸੂ: ਗੁਰਮੁਖ ਸਿੰਘ ਜੀ ਪਿੰਡ ਲਲਤੋਂ ਜ਼ਿਲਾ ਲੁਧਿਆਣਾ ਉਮਰ ਕੈਦ।
ਸ: ਰੁਲੀਆ ਸਿੰਘ ਜੀ ਪਿੰਡ ਸਰਾਭਾ ਜ਼ਿਲਾ ਲੁਧਿਆਣਾ ਫਾਂਸੀ ਤੋਂ ਉਮਰ ਕੈਦ ।
,, ਚੂਹੜ ਸਿੰਘ ਜੀ ਪਿੰਡ ਲੀਲਾਂ ,, ,, ਉਮਰ ਕੈਦ ।
,, ਨੰਦ ਸਿੰਘ ਜੀ ਪਿੰਡ ਕੈਲਾ ,, ,, ਫਾਂਸੀ ਤੇ ਉਮਰ ਕੈਦ ।
,, ਭਾਨ ਸਿੰਘ ਜੀ ਪਿੰਡ ਸਨੇਤ ,, ,, ,, ,,
,, ਦੇਵਾ ਸਿੰਘ ਜੀ ਪਿੰਡ ਨੰਦ ਪੁਰ ,, ,, ਉਮਰ ਕੈਦ
,, ਇੰਦਰ ਸਿੰਘ ਜੀ ਗੈਰਥੀ ਪਿੰਡ ਮਲ੍ਹਾ ,, ,,
,, ਖੜਕ ਸਿੰਘ ਜੀ ਪਿੰਡ ਬੋਪਾਰਾਇ ,, ,, ,,
,, ਕ੍ਰਿਪਾਲ ਸਿੰਘ ਜੀ ਪਿੰਡ ਬੋਪਾਰਾਇ ,, ,,
,, ਪੂਰਨ ਸਿੰਘ ਜੀ ਪਿੰਡ ਈਸੇਵਾਲ ,, ,, ,,
,, ਸਜਣ ਸਿੰਘ ਜੀ ਪਿੰਡ ਨਾਰੰਗ ਵਾਲ ,, ,,
ਸੰਤ ਰਨਧੀਰ ਸਿੰਘ ਜੀ ਪਿੰਡ ਨਾਰੰਗ ਵਾਲ ,, ,,
ਸ: ਲਾਲ ਸਿੰਘ ਜੀ ਪਿੰਡ ਨਾਰੰਗ ਵਾਲ ,, ,,
,, ਮਸਤਾਨ ਸਿੰਘ ਜੀ ਪਿੰਡ ਨਾਰੰਗ ਵਾਲ ਜ਼ਿਲਾ ਲੁਧਿਆਣਾ ਉਮਰ ਕੈਦ
,, ਬਖਸ਼ੀਸ਼ ਸਿੰਘ ਜੀ ਪਿੰਡ ਖਾਨਪੁਰ ,, ,, ,,
,, ਲਾਲ ਸਿੰਘ ਜੀ ਪਿੰਡ ਸਾਹਾਬਾਣਾ ,, ,, ,,
,, ਹਰਭਜਨ ਸਿੰਘ ਜੀ ਪਿੰਡ ਚਮਿੰਡਾ ,, ,, ,,
,, ਰਾਮ ਸਿੰਘ ਜੀ ਪਿੰਡ ਫਲੇਵਾਲ ,, ,, ,,
,, ਸੁਰਜਣ ਸਿੰਘ ਜੀ ਪਿਡ ਗੁਜਰਵਾਲ ,, ,, ,,
,, ਹਰਨਾਮ ਸਿੰਘ ਜੀ ਪਿੰਡ ਗੁਜਰਵਾਲ ,, ,, ,,
,, ਹਰਨਾਮ ਸਿੰਘ ਜੀ ਪਿੰਡ ਰਸੂਲ ਪੁਰ ,, ,, ,,

Digitized by Panjab Digital Library | www.panjabdigilib.org

ਸ: ਕਰਮ ਸਿੰਘ ਜੀ ਪਿੰਡ ਕੋਟਲਾ ਅਜਨੇਰ ਜ਼ਿਲਾ ਲੁਧਿਆਣਾ
ਗਿਆਨੀ ਨਾਹਰ ਸਿੰਘ ਜੀ ਪਿੰਡ ਗੁਜਰਵਾਲ ,, ,, ,,
ਸ: ਜਗਤ ਸਿੰਘ ਜੀ ਪਿੰਡ ਗੁਜਰਵਾਲ ,, ,, ,,
,, ਦਲੀਪ ਸਿੰਘ ਜੀ ਪਿੰਡ ਫੁਲਾਂਵਾਲ ,, ,, ,,
,, ਕਾਨ ਸਿੰਘ ਜੀ ਪਿੰਡ ਹਸਨ ਪੁਰ ,, ,, ,,
,, ਮਹਿੰਦਰ ਸਿੰਘ ਜੀ ਪਿੰਡ ਮਾਜਰੀ ,, ,, ,,
,, ਲਾਲ ਸਿੰਘ ਜੀ ਪਿੰਡ ਕਮਾਲ ਪੁਰ ,, ,, ,,
,, ਕਿਸ਼ਨ ਸਿੰਘ ਜੀ ਪਿੰਡ ਝੋਰੜ ,, ,, ,,
,, ਕਰਤਾਰ ਸਿੰਘ ਜੀ ਪਿੰਡ ਲਤਾਲਾ ,, ,, ,,
,, ਮਿਤ ਸਿੰਘ ਜੀ ਪਿੰਡ ਜੋਧਪੁਰ ,, ,, ,,
,, ਨਾਹਰ ਸਿੰਘ ਜੀ ਪਿੰਡ ਰਤੋਵਾਲ ,, ,, ,,
,, ਕਿਸ਼ਨ ਸਿੰਘ ਜੀ ਪਿੰਡ ਹਾਂਸ ,, ,, ,,
,, ਗਜਣ ਸਿੰਘ ਜੀ ਪਿੰਡ ਬੁਰਜ ਲਿਟਾਂ ,, ,, ,,
,, ਕੇਹਰ ਸਿੰਘ ਜੀ ਪਿੰਡ ਸਾਨੇਵਾਲ ,, ,, ,,
,, ਕਪੂਰ ਸਿੰਘ ਜੀ ਪਿੰਡ ਮੋਹੀ ,, ,, ,,
,, ਹਰਦਿਤ ਸਿੰਘ ਜੀ ਪਿੰਡ ਲੰਮੇ ,, ,, ,,
,, ਕਾਲਾ ਸਿੰਘ ਜੀ ਪਿੰਡ ਰਾਇ.ਪੁਰ ,, ,, ,,
,, ਅਰਜਣ ਸਿੰਘ ਜੀ ਈਨਾ ਸ਼ਹਿਰ ਜਗਰਾਉਂ ,, ,, ,,
,, ਇੰਦਰ ਸਿੰਘ ਜੀ ਪਿੰਡ ਸਿਖ ਦੌਲਤ ,, ,, ,,
,, ਪਾਖਰ ਸਿੰਘ ਜੀ ,, ,, ,,

## ਜ਼ਿਲਾ ਫੀਰੋਜ਼ ਪੁਰ :–

ਸ: ਨਿਧਾਨ ਸਿੰਘ ਜੀ ਪਿੰਡ ਚੁੱਘਾ ਜ਼ਿਲਾ ਫੀਰੋਜ਼ਪੁਰ ਉਮਰ ਕੈਦ
,, ਰੋੜਾ ਸਿੰਘ ਜੀ ਪਿੰਡ ਰੋੜੇ ,, ,, ,, ,,
,, ਰੂੜ ਸਿੰਘ ਜੀ ਪਿੰਡ ਚੂਹੜ ਚਕ ,, ,, ,, ,,
,, ਹਰੀ ਸਿੰਘ ਜੀ ਪਿੰਡ ਨਥਾਣਾ ,, ,, ,, ,,
,, ਮਹਿੰਦਰ ਸਿੰਘ ਜੀ ਪਿੰਡ ਢੁਡੀਕੇ ,, ,, ,, ,,
,, ਸ਼ਾਮ ਸਿੰਘ ,, ,, ,, ,, ,, ,, ,,
,, ਪਾਲਾ ਸਿੰਘ ,, ,, ,, ,, ,, ,, ,,
,, ਪਾਖਰ ਸਿੰਘ ਜੀ ਪਿੰਡ ਢੁਡੀਕੇ ,, ,, ,, ,,
,, ਹਰੀ ਸਿੰਘ ਜੀ ਪਿੰਡ ਚੋਟੀਆਂ ,, ,, ,, ,,
,, ਦਾਨ ਸਿੰਘ ਜੀ ਪਿੰਡ ਧਲੇਕੇ ,, ,, ,, ,,
,, ਨਿਸ਼ਾਨ ਸਿੰਘ ਜੀ ਪਿੰਡ ਸਾਇਐਸਰੀ ,, ,, ,, ,,

Digitized by Panjab Digital Library | www.panjabdigilib.org

## ਰਿਆਸਤਾਂ :–

ਸ੍ਰ: ਦਲੀਪ ਸਿੰਘ ਜੀ ਪਿੰਡ ਘਨੌਰੀ ਰਿਆਸਤ ਪਟਿਆਲਾ ਉਮਰ ਕੈਦ
,, ਪ੍ਰਿਥੀ ਸਿੰਘ ਜੀ ਪਿੰਡ ਸਾਭੂ ,, ,, ,, ,,
,, ਜੀਵਨ ਸਿੰਘ ਜੀ ਪਿੰਡ ਧੂੜੇ ਸਿੰਘ ਵਾਲਾ ,, ,, ,, ,,
,, ਬਰਿਆਮ ਸਿੰਘ ਜੀ ਪਿੰਡ ਬਰਾਜ ਰਿਆਸਤ ਪਟਿਆਲਾ ਉਮਰ ਕੈਦ
,, ਨਰੈਣ ਸਿੰਘ ਜੀ ਪਿੰਡ ਬਾਲੇ ,, ,, ,, ,,
,, ਸੰਤਾ ਸਿੰਘ ਜੀ ਪਿੰਡ ਨੰਦ ਪੁਰ ਕਲੌੜ ਰਿਆਸਤ ਪਟਿਆਲਾ ਉਮਰ ਕੈਦ
,, ਨਰੈਣ ਸਿੰਘ ਜੀ ਪਟਿਆਲਾ ,, ,, ,, ,,
,, ਪ੍ਰਿਥੀ ਸਿੰਘ ਜੀ ਸਾਬੂ ਲਾਲੜੂ ਇਲਾਕਾ ਕਾਲਕਾ ਪਟਿਆਲਾ ,, ,,

## ਕੌਮਾਗਾਟਾ ਮਾਰੂ (ਗੁਰੂ ਨਾਨਕ) ਜਹਾਜ਼ ਦੇ ਲੰਮੀਆਂ ਸਜ਼ਾਵਾਂ ਵਾਲੇ :-

ਸ੍ਰ: ਪੂਰਨ ਸਿੰਘ ਜੀ ਸਟੋਰ ਕੀਪਰ ਗੁ: ਨਾ: ਜਹਾਜ਼ ਪਿੰਡ ਜਨੇਤ ਪੁਰਾ ਜ਼ਿਲਾ ਲੁਧਿਆਣਾ
,, ਰਲਾ ਸਿੰਘ ਜੀ ਪਿੰਡ ਢੇਪਈ ਜ਼ਿਲਾ ਲੁਧਿਆਣਾ
,, ਸ਼ੇਰ ਸਿੰਘ ਜੀ ਪਿੰਡ ਕਮਾਲਪੁਰਾ ,, ,,
,, ਬਲਦੇਵ ਸਿੰਘ ਜੀ ਪਿੰਡ ਨਰਿੰਗ ਵਾਲ ਜ਼ਿਲਾ ਲੁਧਿਆਣਾ
,, ਮਸਤੂ ਸਿੰਘ ਜੀ ਪਿੰਡ ਲੀਲਾਂ ਮੇਘਾ ,, ,,
,, ਵੀਰ ਸਿੰਘ ਜੀ ਪਿੰਡ ਗੁੜੇ ,, ,,
,, ਮੋਹਲਾ ਸਿੰਘ ਜੀ ਪਿੰਡ ਬਰਸਾਲ ,, ,,
,, ਦਾਨ ਸਿੰਘ ਜੀ ਪਿੰਡ ਬਰਸਾਲ ,, ,,
,, ਰਾਇ ਸਿੰਘ ਜੀ ਕੌਣੀ ਸਕਤਰ ਗੁ: ਨਾਨਕ ਜਹਾਜ਼ ਜ਼ਿਲਾ ਫੀਰੋਜ਼ਪੁਰ

ਇਸ ਪ੍ਰਥਾਇ ਪੂਰਾ ਹਾਲ ਦੇਖੋ ਜਿਲਦ ਦੋ ਸਫਾ ੪੧੭

ਬਾਕੀ ਵਿਸਥਾਰ ਦੇ ਡਰ ਤੋਂ, ਜ਼ਿਲਿਆਂ ਵਾਰ ਜੋੜ ਹੀ ਲਿਖਦੇ ਹਾਂ ।
ਜ਼ਿਲਾ ਅੰਬਾਲਾ ੧੩, ਜ਼ਿਲਾ ਲੁਧਿਆਣਾ ੫੫, ਜ਼ਿਲਾ ਫੀਰੋਜ਼ਪੁਰ ੭੧ ਰਿਆਸਤ ਪਟਿਆਲੀ ੪੫, ਰਿਆਸਤ ਨਾਭਾ ੫, ਰਿਆਸਤ ਫਰੀਦ ਕੋਟ ੧, ਰਿਆਸਤ ਕਲਸੀਆਂ ੨ ।

Digitized by Panjab Digital Library | www.panjabdigilib.org

# "ਮਾਲਵੇ ਦੀਆਂ ਬਹਾਦਰ ਸਿੰਘਣੀਆਂ"

## ਮੀਰ ਮੰਨੂੰ ਦੇ ਹਿਰਦੇ ਵੇਹਦਕ ਅਤਯਾਚਾਰ।
## ਸਤਵੰਤੀਆਂ ਦੇ ਜੰਗ ਤੇ ਮੁਲਾਂਪੁਰ ਦਾ ਕੈਂਪ

ਮੀਰ ਮੰਨੂੰ ਦੇ ਹੁਕਮ ਨਾਲ ਜਦੋਂ ਸਿਖ ਦੇਵੀਆਂ ਨੂੰ ਪਕੜਕੇ ਲਹੌਰ ਪੁਚਾਇਆ ਜਾਂਦਾ ਸੀ। ਉਸ ਸਮੇਂ ਦਾ ਸਭ ਤੋਂ ਵਧੀਕ ਦਿਲ ਕੰਬਾਊ ਦ੍ਰਿਸ਼ਯ ਮਾਲਵੇ ਦੀ ਇਸ ਪਵਿਤਰ ਧਰਤੀ ਤੇ ਹੀ ਸੀ। ਜਦ ਕਿ ਸਿਖ ਬੀਬੀਆਂ ਜੰਗ ਵਿਚ ਸ਼ਹੀਦ ਹੁੰਦੀਆਂ ਰਹੀਆਂ ਉਹਨਾਂ ਸਤਵੰਤੀਆਂ ਦੀਆਂ ਸਤੀਆਂ (ਸਮਾਧਾਂ) ਹੁਣ ਵੀ ਕਈ ਥਾਂਵਾਂ ਤੇ ਮਿਲਦੀਆਂ ਹਨ। ਖਾਸ ਕਰਕੇ ਇਹ ਜੰਗ ਹੇਠ ਲਿਖੀਆਂ ਥਾਵਾਂ ਤੇ ਹੋਏ।

੧ ਪਿੰਡ ਕੁਰਾਲਾ ਰਿਆਸਤ ਮਲੇਰ ਕੋਟਲਾ !
੧ ਸ੍ਰੀ ਚਮਕੌਰ ਸਾਹਿਬ ਜੀ ਤੇ ਫਤਹਿ ਗੜ੍ਹ ਸਾਹਿਬ ਦੇ ਦਰਮਿਆਨ।
੩ ਪਿੰਡ ਸਿਧਸਰ ਰਿਆਸਤ ਪਟਿਆਲਾ।
੪ ਪਿੰਡ ਬੇਰ,ਤੇ ਘੋਸਲੇ ਜ਼ਿਲਾ ਲੁਧਿਆਣਾ ਦੇ ਵਿਚਕਾਰ।
੫ ਪਿੰਡ ਝੰਮਟ ਤੇ ਕਲਾੜ ਦੇ ਵਿਚਕਾਰ।
੬ ਪਿੰਡ ਮਹੇਰਨਾ ਤੇ ਸੰਤਪੁਰ ,,
੭ ਪਿੰਡ ਕਲਸੀਆਂ।
੮ ਪਿੰਡ ਬਾਂਸ ਭੁਆਨੀ।
੯ ਪਿੰਡ ਰਾਇਕੋਟ ਤੇ ਹਠੂਰ ਦੇ ਦਰਮਿਆਨ।
੧੦ ਪਿੰਡ ਬਧਨੀ ਤਹਸੀਲ ਮੋਗਾ ਵਿਖੇ।
੧੧ ਪਿੰਡ ਧਾਦਰਾਂ ਤੇ ਮਹਿਮੂਦਪੁਰਾ ਦੇ ਦਰਮਿਆਨ।
੧੨ ਪਿੰਡ ਗਾਲਬ ਕਲਾਂ ਦੇ ਥੇਹ ਤੇ ਜਿਥੇ ਇਨਾਂ ਦੀ ਯਾਦ ਵਿਚ ਮੱਟ ਬਣਿਆਂ ਹੋਇਆ ਹੈ।

ਇਸਤਰਾਂ ਜਿਥੇ ਜਿਥੇ ਸਿਖ ਬੀਬੀਆਂ ਨੇ ਤੁਰਕਾਂ ਨਾਲ ਜੰਗ ਕੀਤੇ, ਉਥੇ ਉਥੇ ਉਨਾਂ ਦੀ ਸ਼ਹੀਦੀ ਦੀਆਂ ਯਾਦਾਂ ਬਣੀਆਂ ਹੋਈਆਂ ਹਨ।

ਪਿੰਡ ਮੁਲਾਂਪੁਰ, ਜ਼ਿਲਾ ਲੁਧਿਆਣੇ ਵਿਖੇ ਮੀਰ ਮੰਨੂੰ ਵਲੋਂ ਕੈਂਪ ਕਾਇਮ ਕੀਤਾ ਹੋਇਆ ਸੀ।ਜਿਥੇ ਇਨਾਂ ਜੰਗਾਂ ਵਿਚੋਂ ਅਡੋ ਅੱਡ ਥਾਵਾਂ ਤੋਂ ਪਕੜਕੇ ਲਿਆਂਦੀਆਂ ਹੋਇਆਂ ਬੀਬੀਆਂ

Digitized by Panjab Digital Library | www.panjabdigilib.org

ਨੂੰ ਰਖਿਆ ਜਾਂਦਾ ਸੀ ਤੇ ਕਾਫੀ ਗਿਣਤੀ ਹੋ ਜਾਣ ਤੇ ਮੁਸ਼ਕਾਂ ਕਸਕੇ ਮੁਸਲਮਾਨੀ ਪਹਿਰੇ ਹੇਠ ਲਹੌਰ ਭੇਜਿਆ ਜਾਂਦਾ ਸੀ। ਲਹੌਰ ਦੇ ਇਸ ਜੇਹਲ ਖਾਨੇ ਵਿਚ, ਇਨਾਂ ਨੂੰ ਸਖਤ ਸਜ਼ਾਵਾਂ ਦਿਤੀਆਂ ਜਾਂਦੀਆਂ ਸਨ ਸਵਾ ਸਵਾ ਮਣ ਆਟਾ ਪੀਹਣ ਲਈ ਦੇਣਾ ਤੇ ਖਾਣ ਵਾਸਤੇ ਅਧਾ ੨ ਪ੍ਰਸ਼ਾਦਾ, ਇਕ ੨ ਪਿਆਲਾ ਪਾਣੀ ਦਾ।

ਜਦ ਇਨਾਂ ਬੀਰਾਂਗਣਾਂ ਤੇ ਕੋਈ ਅਸਰ ਨਾ ਹੋਣਾਂ ਤਾਂ ਹੋਰ ਭੈ ਭੀਤ ਕਰਨ ਲਈ ਇਨਾਂ ਦੇ ਕੁਛੜਾਂ ਚੋਂ ਬਾਲ ਖੋਹਕੇ, ਉਪਰ ਨੂੰ ਸਿਟਣੇ ਤੇ ਡਿਗਦਿਆਂ ਹੇਠ ਨੇਜ਼ੇ ਖੋਭ ਕੇ ਮਾਰਨਾ ਤੇ ਪੁਰਜਾ ੨ ਕਰਕੇ ਮਾਵਾਂ ਦੀਆਂ ਝੋਲੀਆਂ ਵਿਚ ਪਾ ਦੇਣੇ।

ਇਸ ਹਿਰਦੇ ਵੇਹਦਕ ਅਤਯਾਚਾਰਾਂ ਨੂੰ ਵੇਖ ਕਰ ਜਰਨਾ ਇਨਾਂ ਬਹਾਦਰ ਸਤਵੰਤੀਆਂ ਦਾ ਹੀ ਕਰਤਵ ਸੀ। "ਸਬਰ ਅੰਦਰ ਸਾਬਰੀ" ਕਰਨ ਵਾਲੀਆਂ ਇਨਾਂ ਦੇਵੀਆਂ ਨੂੰ ਮੈਂ ਪ੍ਰਣਾਮ ਕਰਦਾ ਹਾਂ।

ਜਦੋਂ ਤਕ ਇਸ ਧਰਤੀ ਤੇ ਇਸ ਨੀਲੇ ਅੰਬਰ ਦਾ ਚੰਦੋਆ ਤਣਿਆ ਰਹੇਗਾ, ਕਲਗੀਧਰ ਦੇ ਦੂਲੇ ਸਿਖ, ਇਨਾਂ ਬੀਰਾਂਗਨਾਂ ਨੂੰ ਦੋਵੇਂ ਵੇਲੇ ਅਰਦਾਸਿਆਂ ਵਿਚ "ਜਿਨਾਂ ਬੀਬੀਆਂ ਨੇ ਮੀਰ ਮੰਨੂੰ ਦੇ ਸਮੇਂ ਲਹੌਰ ਵਿਚ ਅਸਹਿ ਕਸ਼ਟ ਸਹੇ, ਸਵਾ ਸਵਾ ਮਣ ਪਹਿਣ ਪੀਠਾ, ਅਧੀ ਅਧੀ ਰੋਟੀ ਤੇ ਗੁਜ਼ਾਰਾ ਕੀਤਾ, ਬਚਿਆਂ ਨੂੰ ਟੋਟੇ ੨ ਕਰਾ ਝੋਲੀਆਂ ਵਿਚ ਪਾਇਆ, ਉਨਾਂ ਦੀ ਕਮਾਈ ਦਾ ਧਿਆਨ ਧਰਕੇ, ਬੋਲੋ ਜੀ ਵਾਹਿਗੁਰੂ" ਆਖਕੇ ਯਾਦ ਕਰਦੇ ਰਹਿਣਗੇ।

ਮੁਲਾਂਪੁਰ ਕੈਂਪ ਤੋਂ ਲਹੌਰ ਭੇਜੀਆਂ ਬੀਬੀਆਂ ਦੇ ਨਾਵਾਂ ਤੇ ਥਾਵਾਂ ਦਾ ਪਤਾ ਨਹੀਂ ਲਗ ਸਕਿਆ। ਜਿਸ ਕਰਕੇ ਉਹਨਾਂ ਦੇ ਨਾਂ ਦੇਣ ਤੋਂ ਅਸਮਰਥ ਹਾਂ।

## "ਮਾਲਵੇ ਦੀਆਂ ਸੂਰਬੀਰ ਬਹਾਦਰ ਦੇਵੀਆਂ"

੧ ਮਾਤਾ ਯਸੋ ਜੀ (ਕੁਆਰੀ ਵਿਧਵਾ) ਪਿੰਡ ਗਿਲ ਜ਼ਿਲਾ ਲੁਧਿਆਣਾ।
ਭਾਈ ਭਗਤੂ ਦੀ ਸਿੰਘਣੀ।
੨ ਰਾਇਪੁਰ ਦੀ ਰਾਣੀ ਜ਼ਿਲਾ ਲੁਧਿਆਣਾ
੩ ਬੀਬੀ ਹਰਸ਼ਰਨ ਕੌਰ ਚਮਕੌਰ ਦੇ ਸ਼ਹੀਦਾ ਦਾ ਅੰਗੀਠਾ ਚਿਣਨ ਵਾਲੀ।
੪ ਮਾਤਾ ਭਾਗ ਕੌਰ ਜੀ ਜਨਮ ਕੌਂਕੇ, ਚਾਲੀ ਮੁਕਤਿਆਂ ਦੀ ਜਥੇਦਾਰਨੀ ਜ਼ਿਲਾ ਲੁਧਿਆਣਾ।
੫ ਮਾਈ ਭਾਗ ਕੌਰ (ਮਾਛੂਆੜੇ ਵਾਲੀ) ਲੁਧਿਆਣਾ।
੬ ਮਾਈ ਕਿਸ਼ਨ ਕੌਰ ਜੀ ਪਿੰਡ ਕਾਉਂਕੇ ਜ਼ਿਲਾ ਲੁਧਿਆਣਾ।
੭ ਮਾਤਾ ਕਿਸ਼ਨ ਕੌਰ ਜੀ ਗਾਲਬ ਜ਼ਿਲਾ ਲੁਧਿਆਣਾ।
੮ ਬੀਬੀ ਹਰਪ੍ਰਕਾਸ਼ ਕੌਰ ਜੀ ਸਿਧਵਾਂ ,, ,,
੯ ਮਾਈ ਭੱਟੀ (ਰਾਜੇ ਆਣੇ ਵਾਲੀ।
੧੦ ਬੀਬੀ ਸਾਹਿਬ ਕੌਰ ਜੀ ਪਟਿਆਲਾ।
੧੧ ਬੇਬੇ ਬਸੰਤ ਕੌਰ ਜੀ [ਸੁਪਤਨੀ ਭਾਈ ਮਨੀ ਸਿੰਘ ਜੀ ਸ਼ਹੀਦ]।
੧੨ ਬੀਬੀ ਮਨਮੋਹਨ ਕੌਰ ਜੀ ਪਟਿਆਲਾ।

Digitized by Panjab Digital Library | www.panjabdigilib.org

੧੩ ਬੀਬੀ ਰਾਜ ਕੌਰ ਜੀ ਸੰਗਰੂਰ ।
੧੪ ਬੀਬੀ ਮਾਨ ਕੌਰ ਜੀ ਬੁਰਜ ਮਾਨਾਂ ਵਾਲਾ ।
੧੫ ਬੀਬੀ ਮਾਨ ਕੌਰ ਜੀ ਰਾਮੇ ਆਣਾ ।
੧੬ ਬੀਬੀ ਹਰਨਾਮ ਕੌਰ ਜੀ [ਚੌਧਰੀ ਵਾਲਾ] ।
੧੭ ਬੀਬੀ ਭਾਨ ਕੌਰ ਜੀ ਜੀ ਛੀਨੀਵਾਲ ।

ਹੋਰ ਹਾਲ ਤੇ ਜੀਵਨ ਦੇਖੋ ਜਿਲਦ ਪਹਿਲੀ ਇਸਤਰੀ ਕਾਂਡ ਸਫਾ ੪੫੮

---

# "ਮਾਲਵੇ ਦਾ ਪ੍ਰਸਿਧ ਪਰਾਤਨ ਸ਼ਹਿਰ ਤਿਹਾੜਾ"

ਤੇ

## "ਗੁਰਮਤਿ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ"

ਜਿਸਨੇ ਇਸ ਮਾਲਵਾ ਇਤਹਾਸ ਦੇ ਲਿਖਨ ਤੇ ਪ੍ਰਕਾਸਨ ਦੀ ਬੇ ਮਿਸਾਲ ਸੇਵਾ ਕੀਤੀ ਹੈ। ਮਾਲਵੇ ਦੇ ਇਸ ਪ੍ਰਸਿੱਧ ਤੇ ਪੁਰਾਤਨ ਸ਼ਹਿਰ ਦੇ ਖੰਡਰਾਂ ਤੇ ਵਸੇ ਢਾਹਾ ਤੇ ਬੇਟ ਦੇ ਪਿੰਡਾਂ ਵਿਚ ਹੀ ਕਾਇਮ ਹੋਈ। ਗੁਰਮਤਿ ਪ੍ਰਚਾਰਕ ਸਿੰਘ ਸਭਾ, ਦਸੰਵਧ ਕਮੇਟੀ ਦੇ ਹਾਲ ਲਿਖਣ ਤੋਂ ਪਹਿਲਾਂ, ਮਾਲਵੇ ਦੇ ਇਸ ਖੰਡਰ ਹੋਏ ੨, ਮਹਾਂ ਦੀਪ ਸ਼ਹਿਰ ਤਿਹਾੜਾ ਦੇ ਪੁਰਾਤਨ ਹਾਲ ਪਾਠਕਾਂ ਦੀ ਦਿਲਚਸਪੀ ਤੇ ਵਾਕਫੀਅਤ ਦਾ ਕਾਰਨ ਹੋਣ ਦੇ ਆਸ਼ੇ ਨਾਲ, ਤਿਹਾੜਾ ਸ਼ਹਿਰ ਦਾ ਪੁਰਾਤਨ ਇਤਹਾਸ ਅੰਕਤ ਕੀਤਾ ਜਾਂਦਾ ਹੈ ।

ਸੰਪਾਦਿਕ

Digitized by Panjab Digital Library | www.panjabdigilib.org

# ਪੁਰਾਤਨ ਸ਼ਹਿਰ ਤਿਹਾੜਾ ਦਾ ਇਤਹਾਸ

ਜਿਸ ਦੇ ਅਜ ਟਾਂਵੇਂ ਟਾਂਵੇਂ, ਨਿਸ਼ਾਨ ਹੀ ਦਿਸਦੇ ਹਨ।

ਜੁਧਿਸਟਰ ਸੰਮਤ ਪੂ: ਦੀ ਪਹਿਲੀ ਸਦੀ ਤੋਂ ਭਾਰਤ ਜੁਧ ਦੀ ਸਮਾਪਤੀ ਤਕ ਤਿਹਾੜਾ ਸਬਦ ਸੰਸਕ੍ਰਿਤ ਦੇ ਤ੍ਰਿ ਆਹਾਰ ਤੋਂ ਬਣਿਆ ਹੈ। ਜਿਸਦਾ ਅਰਥ ਹੈ ਤ੍ਰਿਹੁੰ ਦੇਸ਼ਾਂ ਦਾ (ਤਿਘੜਾ), ਅਰਥਾਤ ਪੂਰਬ ਨੂੰ ਤ੍ਰਿ ਗਰਤ, ਦਖਣ ਨੂੰ ਸ੍ਰੀ ਕੰਠ (ਪੁਆਧ) ਅਤੇ ਉਤਰ ਪਛਮ ਨੂੰ ਮਧਰ (ਮਾਝਾ)ਤੇ(ਜੰਗਲ)ਦੇ ਵਿਚਕਾਰਲਾ ਤਿੰਨ ਖੂੰਜਾ ਪਾਟ ਤਿਹਾੜਾ ਹੈ,ਜਿਸਦਾ ਚਿਤ੍ਰ ਦੂਜੇ ਥਾਂ ਦਿਤਾ ਗਿਆ ਹੈ। ਇਸਦੀ ਰਾਜਧਾਨੀ ਮਹਾਂ ਭਾਰਤ ਜੁਧ ਤੋਂ ਪਹਿਲਾਂ ਤ੍ਰਿਕੋਣ ਵਿਚ ਬਸੀ ਹੋਈ ਸੀ ਜਿਸ ਦਾ ਪ੍ਰਧਾਨ ਨਗਰ ਜਾਂ ਰਾਜਧਾਨੀ ਕ੍ਰਿਸਣ ਦੀਪ ਸੀ, ਪਰ ਬੈਰਾਟ ਰਾਜੇ ਦੇ ਨਾਂਉ ਤੇ ਨਗਰ ਕਰਕੇ ਪ੍ਰਸਿਧ ਸੀ। ਬਿਸ੍ਵ ਵਿਆਪੀ ਅਰਥਾਤ ਬਹੁਤ ਦੜੀ ਹੋਣ ਕਰਕੇ ਮਾਨੋ ਬੈਰਾਟ ਦਾ ਸਰੂਪ ਲਛਣ ਹੀ ਸੀ, ਇਸਦਾ ਇਕ ਫਾਟਕ ਮਹਿਤ ਪੁਰ ਦੇ ਥਾਂ ਦੂਜਾ ਧਰਮ ਕੋਟ ਅਤੇ ਤੀਜਾ ਅਠੂਰ ਸੀ ਅਤੇ ਮਹਿਤ ਪੁਰ ਤੋਂ ਧਰਮ ਕੋਟ ਦੀ ਬਾਹੀ ਬਾਈ ਮੀਲ, ਧਰਮ ਕੋਟ ਤੋਂ ਅਠੂਰ ੨੩ ਮੀਲ ਅਤੇ ਅਠੂਰੋਂ ਮਹਿਤ ਪੁਰ ੨੭ ਮੀਲ ਹੋਣ ਕਰਕੇ ਇਸਦਾ ਦੋ ਸੌ ਪੰਜਾਹ ੨੫੦ ਮੀਲ ਬਰਗ ਸੀ। ਇਸਦੇ ਵਿਚਾਲੇ ਜਿਹੇ ਸਭੰਵ ਹੈ, ਅਜ ਕਲ ਦੇ ਪ੍ਰਸਿਧ ਕਰਾੜੀ ਵਾਲੇ ਥੇਹੁ ਉਪਰ ਰਾਜੇ ਬੈਰਾਟ ਦਾ ਭਵਨਿ ਸੀ ਜੋ ਹਣ ਗਾਲਬ ਦੀ ਜੂਹ ਵਿਚ ਹੈ। ਦਿਲੀ ਵਲ ਦੇ ਕਈ ਚੰਦ੍ਰਵੰਸੀ ਕਦੇ ਕਦੇ ਓਥੇ ਆਕੇ ਇਕ ਸਮਾਧ ਦੀ ਪੂਜਾ ਕਰਦੇ ਸਨ। ਅਜ ਕਲ ਦੇ ਤਿਹਾੜੇ ਤੇ ਚੜਦੀ ਵਲ ੨ ਮੀਲ ਦੇ ਲਗ ਪਗ ਗਿਦੜ ਵਿੰਡੀ ਦੀ ਜੂਹ ਵਿਚ ਸਰੋਵਰ ਨਾਮ ਦਾ ਬਹੁਤ ਵਡਾ ਤਾਲ ਸੀ ਜਿਸਦੇ ਉਪਰ ਬਹੁਤ ਸਾਰੇ ਮੰਦਰ ਤੇ ਬਾਰਕਾਂ (ਬਗੀਚੀਆਂ) ਸਨ ਜੋ ਹੁਣ ਤਕ ਸਪਸ਼ਟ ਦਖਾਈ ਦੇ ਰਹੇ ਹਨ। ਏਸੇ ਸਰੋਵਰ ਉਪਰ ਬੇਦਿ ਬਿਆਸ ਦਾ ਜਨਮ ਹੋਣ ਕਰਕੇ ਉਹਨਾਂ ਦਾ ਨਾਮ ਕ੍ਰਿਸ਼ਨ ਦੇਵ ਪੈਨ ਸੀ ਅਰਥਾਤ ਉਸਦਾ ਨਾਂਉ ਦੇਵ ਪੈਨ ਉਪ ਲਛਣ ਅਤੇ ਪਿਛੋਂ ਬੇਦਿ ਬਿਆਸ, ਉਸਦੀ ਪਿਛੋਂ ਉਪਾਧੀ ਹੋਈ। ਮਹਾਂ ਭਾਰਤ ਵਿਚ ਲਿਖਿਆ ਹੈ ਕਿ ਜੁਧ ਤੋਂ ਪਹਿਲਾਂ ਕ੍ਰਿਸ਼ਨ ਜੀ ਗੁਪਤ ਰੂਪ ਸਾਰੇ ਪਾਂਡਵਾਂ ਨੂੰ ਦੇਵਪੈਨ ਸਰੋਵਰ ਤੇ ਮਿਲੇ ਸੀ, ਮਾਤਾ ਪਿਤਾ ਦੇ ਅਨੰਦ ਭਗਤ ਸਰਵਣ ਕੁਮਾਰ ਨੇ ਕ੍ਰਿਸ਼ਨ ਦੀਪ ਨਗਰ ਦੀ ਅਤੇ ਵਿਸ਼ੇਸ਼ ਕਰਕੇ ਉਕਤ ਸਰੋਵਰ ਦੀ ਪੁਰਾਤਨ ਰੀਤ ਸਮਝ ਕੇ ਅੰਧਕ ਤੇ ਅੰਧੁਲੀ ਨੂੰ ਬੈਂਹਿਗੀ ਉਪਰ ਚੁਕਕੇ ਪ੍ਰਕਰਿਆਂ ਕੀਤੀ। ਏਸ ਸਰੋਵਰ ਦੇ ਆਲੇ ਦੁਆਲੇ ਦੀ ਜਮੀਨ ਵਿਚੋਂ ਬਹੁਤ ਇਟਾਂ ਮਿਲਦੀਆਂ ਹਨ ਜੋ ਉਸ ਦੀਆਂ ਪਉੜੀਆਂ ਅਤੇ ਉਸਦੇ ਉਪਰਲੇ ਮੰਦਰਾਂ ਦੀਆਂ ਪ੍ਰਤੀਤ ਹੁੰਦੀਆਂ ਹਨ।ਏਹ ਬਹੁਤ ਪਕੀਆਂ ਹਨ ਜਿਨਾਂ ਦੀ ਲੰਬਾਈ ਢੇਡ ਫੁਟ ਚੌੜਾਈ ੧ ਫੁਟ ਅਤੇ ਉਚਾਈ ਘਸ ਜਾਣ ਤੇ ਭੀ ੩ ਇੰਚ ਹੈ। ਕਈ ਇਟਾਂ ਨਿਕਲੀਆਂ ਹਨ ਜਿੰਨਾਂ ਉਪਰ ਚੰਦ ਅਤੇ ਉਸਦੇ ਉਪਰ ਸਾਧਾਰਨ ਰੂਪ ਦੀ ਕਲਗੀ ਦਾ ਚਿੰਨ ਸਾਫ ੨ ਉਕਿਰਿਆ ਹੋਇਆ ਹੈ।

ਜਿਸ ਤੋਂ ਜਾਣਿਆ ਜਾਂਦਾ ਹੈ ਕਿ ਇਹ ਚੰਦਰ ਬੰਸੀ ਰਾਜੇ ਦੇ ਰਾਜ ਦਾ ਚਿੰਨ੍ਹ ਹੈ। ਮਲਾਂਮ ਦੇ ਖੇਤਾਂ ਵਿਚੋਂ ਜੋ ਠੀਕਰੀਆਂ ਪਈਆਂ ਦਿਸਦੀਆਂ ਹਨ। ਉਹ ਇਤਨੀਆਂ ਸੁੰਦਰ ਅਤੇ ਲਾਲ ਹਨ

Digitized by Panjab Digital Library | www.panjabdigilib.org

ਜਿਹਨਾਂ ਵਰਗੀਆਂ ਅਜੇ ਭੀ ਕੋਈ ਨਹੀਂ ਬਣਾ ਸਕਦਾ, ਚੰਦ ਤੇ ਕਲਗੀ ਦੇ ਹੀ ਚਿੰਨ੍ਹ ਵਾਲੀ ਇਕ ਇਟ ਅਸੀਂ ਗੁਰਦਆਰਾ ਗੁਰੂ ਨਾਨਕ ਹਰਗੋਬਿੰਦ (ਬੌਲੀ) ਸਾਹਿਬ ਵਿਖੇ ਸਾਂਭ ਕੇ ਰਖੀ ਹੋਈ ਹੈ। ਇਸ ਇਤਿਹਾਸ ਲਿਖਣ ਤੋਂ ਪਹਿਲਾਂ ਅਜੇਹੀਆਂ ਇਟਾਂ ਦੇ ਚਿਨ੍ਹਾਂ ਨੂੰ ਲੋਕੀ ਪੌੜਾਂ ਦਾ ਨਿਸ਼ਾਨ ਸਮਝਦੇ ਸੀ। ਮਾਲਵ ਵਿਚ ਪੁਰਾਣੇ ਸਮੇਂ ਤੋਂ ਅਨ ਸੁਰਤੀ (ਰਵੈਤ) ਚਲੀ ਔਂਦੀ ਹੈ ਕਿ ਪੰਜੇ ਪਾਂਡਵ ਦਰੋਪਤੀ ਸਣੇ ਬਾਰਾਂ ਬਰਸ ਬਨਵਾਸ ਕਟਿਕੇ ਤੇਰਵਾਂ ਬਰਸ ਗੁਪਤ ਰਹਿਣ ਲਈ ਏਸੇ ਬੈਰਾਟ ਨਗਰ ਵਿਚ ਨੌਕਰ ਬਣਕੇ ਰਹੇ ਦਿਨ ਨੂੰ ਅਡੋ ਫਾਟੀ ਕੰਮ ਕਾਰ ਕਰਕੇ ਰਾਤ ਨੂੰ ਪੂਰਬੋਕਤ ਸਰੋਵਰ ਤੇ ਆਕੇ ਰਹਿਦੇ ਸੀ। ਦੂਜੀ ਗਲ ਇਹ ਸੁਣੀ ਜਾਂਦੀ ਹੈ, ਕਿ ਦਰੋਪਤੀ ਨੈਣ ਬਣ ਕੇ ਬੈਰਾਟ ਦੇ ਸਾਲੇ ਕਰੀਚਕਿ* ਦੇ ਸ਼ਹਿਰ ਰਹੀ ਸੀ ਜੋ ਕਿ ਬੈਰਾਟ ਨਗਰ ਤੋਂ ਇਕ ਕੋਹ ਚੜ੍ਹਦੇ ਦਖਣ ਵਲ ਸੀ। ਮਹਿਤ ਪੁਰ ਤੋਂ ਦੋ ਕੋਹ ਉਰੇ ਤਕ ਰਾਜੇ ਦਾ ਬੀੜ ਸੀ।

ਬੈਰਾਟ ਨਗਰ ਤੋਂ ਚਾਰ ਮੀਲ ਪਛਮ ਨੂੰ ਜਿਥੇ ਕੋਕਰੀ ਤੇ ਮਲੀਆਂ ਦੇ ਵਿਚਾਲੇ ਥੇਹ ਹੈ ਉਥੇ ਕਚਹਿਰੀਆਂ ਤੇ ਜੇਹਲ ਖਾਨਾ ਸੀ। ਆਨੂਰ ਤੋਂ ੪ ਕੋਹ ਉਰੇ ਤੋਂ ਲੈਕੇ ਆਨੂਰ ਤਕ ਬਾਰਾਂ ਕੋਸ ਦੇ ਮੁਰਬੇ ਵਿਚ ਛੌਣੀਆ ਅਤੇ ਫੌਜਾਂ ਦੀਆਂ ਖੇਡਾਂ ਸਨ। ਉਹਨਾਂ ਲਈ ਚਾਰਾਗਾਹ ਅਨੂਰ ਤੋਂ ਦਖਣ ਦੇ ਪਾਸੇ ਵਖਰੀ ਸੀ। ਉਧਰੇ ਹੀ ਸੂਬੇ ਦੇ ਰਹਿਣ ਦੀ ਥਾਂ ਅਤੇ ਉਸਦੀ ਕਚਹਿਰੀ ਸੀ। ਇਸ ਤ੍ਰਿਕੋਨ ਦੇ ਸਾਰੇ ਇਲਾਕੇ ਦਾ ਨਾਉਂ ਉਥੋਂ ਤਿਹਾੜੀ ਆਖਿਆ ਜਾਂਦਾ ਸੀ, ਅਤੇ ਬੈਰਾਟ ਦਾ ਰਾਜ ਸਤਲੁਜ ਟਪਕੇ ਜੋਗੇ ਰਲੇ, ਪਲਾਡ ਤੀਰਥ ਤੋਂ ਲੈਕੇ ਪੂਰਬ ਨੂੰ ਮੋਰੰਡੇ ਤਕ ਸੀ, ਜੋ ਜਮਨਾ ਅਤੇ ਬਾਰਾੜ ਤਕ ਸੀ। ਪਾਂਡਵ ਅਰਜ ਨਾਇਨਾ ਦਾ ਸਮਾਂ– ਬਿਕਰਮ ਤੋਂ ੧੯ ਸੌ ਬਰਸ ਪੂਰਬ ਤਕ ਸੀ।

ਭਾਰਤ ਵਿਜੈ ਤੋਂ ਪਿਛੋਂ ਪਾਂਡਵ ਅਰਜਨ ਦੇ ਪੋਤੇ ਪ੍ਰੀਸ਼ਤ ਨੂੰ ਰਾਜ ਦੇਕੇ ਹਿਮਾਲੇ ਵਿਚ ਜਾ ਗਲੇ, ਤਾ ਜਨਮੇਜੇ ਦੇ ਰਾਜ ਮਗਰੋਂ ਉਸਦਾ ਪੁਤਰ ਰਜੀਆ ਧੋਬਣ ਤੋਂ ਜਮਿਆ। ਆਜਾ ਸਿੰਘ ਸਾਰੇ ਅਰਜਨੈਣਾ ਨੂੰ ਖਪੌਂਦਾ ਹੋਇਆ ਆਪ ਸੰਤਾਨ ਹੀਨ ਰਹਿਕੇ ਮਰ ਗਿਆ। ਤਾਂ ਉਸਦੀ ਮਾਰ ਤੋਂ ਬਚੇ ਹੋਏ ਅਰਜ ਨਾਇਨਾਂ ਨੇ ਏਸ ਤਬਾਹ ਹੋਏ ਬੈਰਾਟ ਨਗਰ ਨੂੰ ਨਵੇਂ ਸਿਰੇ ਵਸਾ ਕੇ ਜੋ ਪਿਤਆਂ ਕੁਕਰਾਂ ਨਾਲ ਮੰਗ ਬਣਾਕੇ ੧੦੦੦ ਬਰਸ ਦੇ ਲਗ ਭਗ ਤਿਹਾੜੇ ਅਤੇ ਜੰਗਲ ਦੇ ਇਲਾਕੇ ਤੇ ਲੋਕ ਰਾਜ ਕੀਤਾ।

---

*ਉਹ ਜਰਾ ਸੰਧ ਦੇ ਬੰਸ ਵਿਚ ਹੋਣ ਕਰਕੇ ਸੰਧੂ ਕਹੌਂਦਾ ਸੀ ਇਸ ਲਈ ਓਸ ਦੇ ਪਿੰਡ ਦਾ ਨਾਉ ਭੀ ਸੰਧੋਹਾ ਸੀ ਜਾਂ ਸੰਦੋਹਾ ਸੀ ਜਿਸ ਦਾ ਥੇਹ ਅਜ ਕਲ ਛੋਟੀ ਸਵਦੀ ਦੀ ਜੂਹ ਵਿਚ ਹੈ। ਏਸੇ ਥਾਂ (ਜ਼ੀਰੇ ਕੋਲ) ਸੰਧੇਰ (ਸੰਧੂ ਨਗਰ) ਹੁੰਦੀ ਹੋਈ ਸਰਿਹਾਲੀ ਵਿਚ ਕਾਲੇ ਮਹਿਰ ਦੀ ਚੋਧਰ ਵਿਚ ਕੁਕਰਾਂ ਨੇ ਹੀ ਓਸ ਥੇਹ ਤੇ ਕੋਕਰੀ ਵਸਾਈ ਜੋ ਯੂਨਾਨੀਆਂ ਦੇ ਵੇਲੇ ਉਜੜੀ ਤੇ ਜਰਾਂ ਦੇ ਸਮੇਂ ਮਲ੍ਹੀਆਂ ਤੇ ਬੁਟਰਾਂ ਨੇ ਫੇਰ ਰਲਕੇ ਬਧੀ ਇਸ ਨੂੰ ਅਜ ੨੧੦੦ ਸੌ ਬਰਸ ਹੋ ਗਏ ਹਨ। ਇਸਤੋਂ ੨੦੦ ਵਰ੍ਹੇ ਪਹਲਾਂ ਮਲ੍ਹੀ ਮੰਦਰਾਂ ਤੋਂ ਉਠਕੇ ਮਾਲਵੇ ਵਿਚ ਆ ਬਸੀ ਜਿਹਨਾਂ ਨਾਲ ਗੜ੍ਹਵਾਲ ਦੇ ਕੁਕਰ ਸੂਰਮੇ ਅਤੇ ਜੋਧੇ ਭੀ ਸਨ।

Digitized by Panjab Digital Library | www.panjabdigilib.org

# ਰਾਜੇ ਵਿਸ਼ਨੂੰ ਰਾਤ ਦਾ ਸਮਾਂ :—

ਅਰਜ ਨਾਇਨ ਗਣ ਦਾ ਮੁਖੀਆ ਵਿਸ਼ਨੂੰ ਰਾਤ ਛਤ੍ਰੀ ਬਣ ਬੈਠਾ ਪਰ ਉਸਨੇ ਪੂਰਬੋਕਤ ਕਈਆਂ ਗਣਾਂ ਨਾਲ ਮਿਲਕੇ ਤਿਹਾੜੇ ਨੂੰ ਮੁਖ ਪ੍ਰਦੇਸ ਬਣਾ ਕੇ ਜਮਨਾਂ ਤਕ ਰਾਜ ਕੀਤਾ। ਏਸਨੇ ਏਸਦਾ ਨਾਉ ਪਾਂਡਵ ਨਗਰ ਜਾਂ ਤਿਹਾੜਾ ਰਖਿਆ ਅਤੇ ਹੋਰ ਸਾਰੇ ਇਲਾਕੇ ਦਾ ਨਾਉ ਸਿਰੀ†ਕੰਠ (ਆਪਣੇ ਨਾਂਉ ਦਾ ਪ੍ਰਯਾਯ) ਪ੍ਰਸਿਧ ਕੀਤਾ। ਏਸ ਵੰਸ ਵਿਚ ਕਈ ਸੌ ਬਰਸ ਤਕ ਪਰਦੇਉਤ ਵੰਸ ਦੇ ਅਗੇ ਔਣ ਤਕ ਰਾਜ ਰਿਹਾ, ਏਸ ਰਾਜ ਵਿਚ ਹੀ ਸੰਸਕ੍ਰਿਤ ਬਣੀ ਅਤੇ ਮਾਨਿ ਤੇ ਪਿੰਗਲ ਆਦਿ ਨੇ ਵਿਆਕਰਣ ਆਦਿ ਵੇਦਾਂਤਿ ਅਤੇ ਸੂਤ੍ਰ ਗ੍ਰੰਥ ਬਣਾਏ। ਯੂਨਾਨੀਆਂ ਦੇ ਸਮੇਂ ਪਰਦੇਉਤ ਤੋਂ ਪਿਛੋਂ ਬਾਰਾਂ ਸੌ ਵਰੇ ਤਕ ਪੰਜਾਬ ਦਾ ਬਹੁਤਾ ਹਿਸਾ ਮੱਦ੍ਰਾਂ ਅਤੇ ਮਲ੍ਹੀਆਂ ਦੇ ਪ੍ਰਬੰਧ ਵਿਚ ਰਿਹਾ। ਸਕੰਦ੍ਰ ਦੇ ਵੇਲੇ ਮਲ੍ਹੀ ਏਥੇ ਅਤੇ ਅਗੇ ਮਾਲਵੇ ਵਿਚ ਆਪਣੇ ਸੌ ਗਣਾਂ ਨਾਲ ਮਲਾਂਵਾਲੇ ਨਾੜੇ ਅਤੇ ਤਿਹਾੜੇ ਨੂੰ ਮੁਖ ਪ੍ਰਦੇਸ ਬਣਾਕੇ ਮਲੀ ਬੈਠੇ ਸਨ, ਦਹਿਲ ਕੇ ਆਪਣੇ ਦੇਸ਼ ਨੂੰ ਭਜ ਗਏ। ਏਸ ਸਮੇਂ ਏਹਨਾਂ ਨੇ ਤਿਹਾੜੇ ਨੂੰ ਮੁਖ ਅਤੇ ਪਰਤਿਨਿਧ ਰਾਜਧਾਨੀ ਕਿਲਾ ਮਲ੍ਹੀਆਂ ਵਾਲ ਵਿਚ ਬਣਾਈ ਜੋ ਸਿੰਘਾਂ ਦੇ ਰਾਜ ਵਿਚ ਛੋਟੇ ਜਿਹੇ ਰੂਪ ਵਿਚ ਸੀ। ਅਜ ਉਸਦਾ ਥੇਹੁ ਛੋਟੇ ਸਿਧਵਾਂ ਦੀ ਜੂਹ ਵਿਚ ਗੁੜਿਆਂ ਵਲ ਨੂੰ ਪਿਆ ਹੈ। ਉਥੋਂ ਕਈ ਵਾਰ ਮੋਹਰਾਂ ਤੇ ਪੈਸੇ ਭੀ ਮਿਲੇ ਹਨ। ਪੁਰਾਣੇ ਸਮੇਂ ਵਿਚ ਜੋ ਕੋਈ ਪਛੋਂ ਵਲੋਂ ਆਉਂਦਾ ਸੀ ਉਹ ਤਿਹਾੜੇ ਦੇ ਇਲਾਕੇ ਵਿਚ ਦੀ ਹੀ ਅਗਾਹਾਂ ਨੂੰ ਲੰਘ ਸਕਦਾ ਸੀ। ਕਿਉਂਕਿ ਪਛੋਂ ਤੇ ਦਖਣ ਵਲ ਦਾ ਪਾਸਾ ਬਹੁਤਾ ਰੇਤਲਾ ਸੀ, ਪੂਰਬ ਉਤਰ ਵਲ ਤ੍ਰਿਗਰਤਿ ਪਹਾੜਾਂ ਦੀ ਕੰਢੀ ਤੇ (ਦੁਆਬਾ) ਨਾਲਿਆਂ ਦੇ ਕਾਰਨ ਰਸਤਾ ਬਹੁਤ ਬਿਖੜਾ ਸੀ। ਇਸ ਲਈ ਮਲ੍ਹੀ ਜੇਹੇ ਜੋਧੇ ਆਦਿ ਗੁਣਾਂ ਨਾਲ ਸਭ ਦਾ ਟਾਕਰਾ ਹੋਣਾ ਭੀ ਜ਼ਰੂਰੀ ਸੀ। ਬਿਕ੍ਰਮ ਤੋਂ ਸੌ ੧੦੦ ਵਰਹੇ ਪਹਿਲਾਂ ਬਾਖਤਾਰ ਤੋਂ ਪਹਿਲੀ ਵਾਰ ਸਨ ਆਏ, ਅਤੇ ਰਾਜਾ ਮਾਨੇਂਦਰ ਇਥੋਂ ਦੀ ਹੋਕੇ ਗਿਆ, ਜੋ ਮਥਰਾ ਨੂੰ ਰਾਜਧਾਨੀ ਬਣਾਕੇ ਮਾਗਧ ਦੇ ਰਾਜੇ ਪੁਸਪਾ ਮਿਤਰ (ਸੰਗ) ਨਾਲ ਜਾ ਭਿੜਿਆ, ਪਰ ਉਥੋਂ ਹਾਰ ਖਾਕੇ ਮਥਰਾ ਅਤੇ ਓਸਦੇ ਕੋਲ ਦਾ ਇਲਾਕਾ ਦਬ ਕੇ ਮਥਰਾ ਰਾਜਧਾਨੀ ਬਣਾਈ ਉਸ ਵੇਲੇ ਮੋਰਯ ਰਾਜ ਤੋਂ ਲੋਕ ਰਾਜ ਦੀ ਪਰਥਾ ਭਾਵੇਂ ਬਣੀ ਚਲੀ ਆਉਂਦੀ ਸੀ ਪਰ ਮੋਰਯ ਰਾਜ ਦੇ ਅਧੀਨ ਹੋਣ ਕਰਕੇ ਬਹੁਤੀ ਸਿਰ ਕਢ ਨਹੀਂ ਸੀ ਮਾਨੇਂਦ੍ਰ ਦੇ ਮਗਾ ਤੋਂ ਉਸਦੇ ਨਾਲ ਦੇ ਬਾਠ ਕੰਗ ਤੇ ਮਾਂਨ ਆਦਿ ਗੁਣਾਂ ਨੇ ਅਪਣਾ ਸੰਗ ਬਣਾ ਕੇ ਲੋਕ-ਰਾਜ ਅਸਥਾਪਨ ਕੀਤਾ ਮਾਂਨਾਂ ਨੇ ਮਹਿਤ ਪੁਰ ਕੰਗਾਂ ਨੇ ਕੰਗ ਡਲਾ ਤੇ ਮਾਲਵੇ ਵਿਚ (ਕਾਂਗੜੀ) ਕੁਕਰਾਂ ਕੋਕਰੀ ਵਸਾਈ। ਮਲ੍ਹੀ ਲੋਕ ਇਸੇ ਸਮੇਂ ਜੈ ਪੁਰ ਦੇ 'ਕਰਕੋਟ ਨਗਰ' ਆਬੂ ਪਰਬਤ ਦੇ ਅਚਲ ਗੜ੍ਹ ਦੇ ਰਾਜੇ ਬਣ ਬੈਠੇ ਸਨ। ਇਸ ਲਈ ਤਿਹਾੜੇ ਤੇ ਕੁਕਰਾਂ ਹੇਹਰਾਂ ਅਤੇ ਮਾਨਾਂ ਦਾ ਪਰਜਾ ਤੰਤਰ ਰਾਜ ਸੀ। ਸੰਨ ਈਃ ਤੋਂ ੫੭ ਵਰਹੇ ਪਹਿਲਾਂ ਜਦੋਂ ਬਿਕ੍ਰਮਾਂ ਦਤ ਨੇ ਉਜੈਨੀ ਦਾ ਰਾਜ ਸਕਾਂ ਤੋਂ ਖੋਹਿਆਂ ਤਾਂ ਉਸਨੇ ਜਿਸ ਗਣ ਸ਼ਕਤੀ ਨਾਲ ਰੂਮਸਾਂਮ ਤਾਈ ਪਰਜਾ ਤੰਤ੍ਰ ਰਾਜ ਕਾਇਮ ਕੀਤਾ ਉਸ

---

†ਬਾਣ ਭੁਟ ਨੇ ਸਿਰੀ 'ਕਰਸ਼ ਚਰਿਤ' ਵਿਚ ਜਮਨਾ ਤੋਂ ਲੈਕੇ ਮੈਣ ਦੁਆਬ ਤਕ ਸਿਰੀ ਕੰਠ ਲਿਖਿਆ ਹੈ ਅਤੇ ਥਨੇਸਰ ਦੇ ਉਦਾਲੇ ਦੇ ਪਾਟ ਨੂੰ ਸਥਾਣੂ ਈਸਰ ਦਸਿਆ ਹੈ। ਉਥੇ ਉਰਲਾ ਸਤਲੁਜ ਦਾ ਉਦਾਲਾ 'ਤਿਹਾੜਾ' ਅਜਤਕ ਆਖਿਆ ਜਾਂਦਾ ਹੈ।

Digitized by Panjab Digital Library | www.panjabdigilib.org

ਸੰਗ ਵਿਚ ਮਾਲਵਾ ਅਜੇ ਪੰਜਾਬ ਭਰ ਦੇ ਸਭ ਕਬੀਲੇ ਅਤੇ ਪਹਿਲੇ ਆਏ ਹੋਏ ਸਕ ਜਾ ਛਤ੍ਰਪਮਾਂਨ ਤੇ ਕੰਗ ਆਦਿ ਸਨ। ਬਿਕ੍ਰਮ ਦਿਤ ਦੇ ਸਹਾਇਕ ਸਨ ਪਰ ਤਿਹਾੜੇ ਵਿਚ ਕਿਲਾ ਮਲ੍ਹੀਵਾਲ ਦੇ ਮਲ੍ਹੀ ਲੋਕ ਇਕ ਵਾਰ ਫੇਰ ਚਮਕੇ ਅਤੇ ਉਸ ਸਮੇਂ ਤੋਂ ੫੦ ਵਰੇ ਪਿਛੋਂ ਔਣ ਵਾਲੇ ਪਾਰਥੀਆ ਵਾਹ ਅਤੇ 'ਪਹਿਰਾਤ' ਦੇ ਪਹਿਰੇ ਭੀ ਉਹਨਾਂ ਨਾਲ ਰਲ ਗਏ ਅਤੇ ਏਹਨਾਂ ਵਿਚ ਹੀ ਬਸਕੇ ਸੁਤੰਤ੍ਰਤਾ ਦਾ ਸੁਖ ਭੋਗਣ ਲੱਗੇ। ਪਹਿਲਾਂ ਪਹਿਲਾਂ ਏਹਨਾਂ ਦੋਹਾਂ ਦਾ ਮਲ੍ਹੀਆਂ ਨਾਲ ਬੜਾ ਜੁਧ ਭੀ ਹੋਇਆ ਅਤੇ ਰਾਜ ਬਲ 'ਮਯ' ਜਾਂ 'ਮੋਰਾ' ਨੇ ਯੂਨਾਨੀਆਂ ਕੋਲੋਂ ਪੰਜਾਬ ਖੋਹਕੇ ਜਗਰਾਂਵਾਂ ਦੇ ਥਾਂ 'ਮੋਰਾ ਬਧ' ਨਗਰ ਵਸਾਇਆ। ਜਿਸ ਦਾ ਥੇਹੁ ਜਗਰਾਉਂ ਮੰਡੀ ਦੇ ਨਾਲ ਕੌਂਕਿਆਂ ਵਲ ਨੂੰ ਪਿਆ ਹੈ। ਮਲ੍ਹੇ ਨੂੰ ਉਜਾੜ ਕੇ ਡਾਂਗੀਆਂ ਕੋਲ 'ਬਾਹੀਨ ਪੁਰ' ਬੱਧਾ, ਕੁਕਰਾਂ ਕੋਲੋਂ ਕੋਕਰੀ ਛੁਡਾਕੇ ਮੋਰਾ ਬਧ ਵਸਾਇਆ ਜਿਸਦਾ ਥੇਹੁ ਮਲ੍ਹੀਆਂ ਤਲਵੰਡੀ ਅਤੇ ਕੋਕਰੀ ਦੇ ਵਿਚਾਲੇ ਹੈ। ਉਥੋਂ ਮੋਰਾ ਬਧ ਦੀਆਂ ਦਮੜੀਆਂ ਪੈਸੇ ਮਿਲਦੇ ਹਨ। ਅਤੇ ਦੁਆਬੇ ਦਾ 'ਮਯਹੁ' ਜਾਂ 'ਮਉ' ਅਤੇ ਤਿਹਾੜੇ ਦਾ 'ਮੋਗਾ' ਭੀ ਏਸੇ ਨੇ ਵਸਾਇਆ ਸੀ ਪਰ ੫੦ ਬਰਸ ਦੇ ਅੰਦਰ ੨ ਗੋਡਾ ਫਰਨੇਸ (ਗੁਟਫਰ) ਦੇ ਮਰਜਾਣ ਤੇ ਪੰਜਾਬ ਫੇਰ ਸਵਤੰਤ੍ਰ ਹੋ ਗਿਆ। ਅਤੇ ਤਿਹਾੜੇ ਉਪਰ ਉਨਾਂ ਦੇ ਨਾਲ ਆਉਣ ਵਾਲਿਆਂ 'ਖਹਰ' ਆਦਿ ਦੇ ਖਹਰਿਆਂ ਦਾ ਜ਼ੋਰ ਹੋ ਗਿਆ। ਉਹਨਾਂ ਨੇ ਮਲੀਆਂ ਦੇ ਕਈ ਪਿੰਡ ਢਾਹਕੇ ਉਥੇ ਆਪਣੇ ਬਸਾਏ। (ਤਖਾਣ ਬੱਧ ਆਦਿ ਕਈ ਪਿੰਡ ਖਹਰਿਆਂ ਦੇ ਉਦੋਂ ਦੇ ਬਝੇ ਹੋਏ ਹਨ। ਅਤੇ ਗਿਦੜ ਵਿੰਡੀ, ਅਦੂਪੁਰਾ, ਅਤੇ ਮਨਸੂਰੀਆਂ ਵਾਜਣ ਤਾਂ ਪਾਰ ਦੇ ਖਹਰੇ ਫੌਜੂ ਸਿੰਘ ਤੋਂ ਆਕੇ ਸਿਖ ਰਾਜ ਦੇ ਅਰੰਭ ਵਿਚ ਬਸੇ ਹਨ) ਸਿਧਾਂ ਦੇ ਸਮੇਂ ਮਲ੍ਹੀਆਂ ਵਿਚ ਇਕ ਲਛਮਣ ਜਤੀ ਹੋਏ ਹਨ। ਉਸ ਸਮੇਂ ਮੱਲੀਆਂ ਅਤੇ ਖਹਰਿਆਂ ਦਾ ਬਹੁਤ ਬਿਗਾੜ ਪਿਆ। ਜਿਸ ਵਿਚ ਲਛਮਣ ਜਤੀ ਅਤੇ ਅਸ਼ਟਾਂਗ ਕੋਟ ਦੇ ਮਲ੍ਹੀਆਂ ਨੇ ਖਹਰਿਆਂ ਦੇ ਦੁਆਲੇ ਦੇ ਪਿੰਡਾਂ ਜੰਡੂ ਸਿੰਘਾਂ ਆਦਿ ਅਤੇ ਤਿਹਾੜੇ ਦੇ ਮੋਰਾ ਬੱਧ ਆਦਿ ਨੇ ਪ੍ਰਸਿਧ ਥਾਂਵਾਂ ਤੇ ਕਬਜ਼ਾ ਕਰ ਲਿਆ। ਤਾਂ ਖਹਰਿ ਆਂ ਨੇ ਪਹਿਲਾਂ ਮਲ੍ਹੀਆਂ ਦੇ ਪਿੰਡ (ਜਿਤਵਾਲ ਕੋਲ) ਨੂੰ ਉਜਾੜ ਕੇ ਤਖਾਣ ਬਧ ਬੰਨਿਆਂ, ਲਛਮਣ ਜਤੀ ਨੂੰ ਮਾਰ*ਦਿਤਾ ਉਸ ਦਾ ਸਿਰ ਚੜਿਕ ਕੋਲ ਮਾੜੀ ਮਲੀਆਂ ਵਿਚ ਡਿਗਾ, ਅਤੇ ਧੜ ਮਾੜੀ ਮੁਸਤਫਾ ਕੋਲ ਡਿੱਗਾ। ਕਾਲੇ ਅਸਟਾਂਗ ਕੋਟ ਨੂੰ ਖਹਰਿਆਂ ਨੇ ਉਜਾੜ ਦਿਤਾ, ਏਹ ਗਲ ਸੰ: ੧੨੫੦ ਈ: ਦੇ ਲਗ: ਦੀ ਗਲ: ਹੈ। ਰਿਸਯੀਕ ਗਣ ਦੀ ਯੂਹੀ ਕੁਸ਼ਾਣ ਬੰਸ ਦਾ ਰਾਜੇ ਕਨਿਸ਼ਕ ਨੇ ਸੰ: ੫੦ ਈ: ਵਿਚ ਕਾਬਲ ਨੂੰ ਲੈਕੇ ਪੁਰਸਾ ਪੁਰ (ਪਸ਼ਾਉਰ) ਬੰਨਿਆ ਅਤੇ ਫੇਰ ਮਥਰਾ ਤੇ ਕਨੌਜ ਤਕ ਆਪਣਾ ਅਧਿਕਾਰ ਜਮਾਲਿਆ।

ਉਸਨੇ ਜਲੰਧਰ ਨੂੰ ਅਪਣੀ ਪ੍ਰਤਿ ਨਿਧੀ ਰਾਜਧਾਨੀ ਬਣਾਕੇ 'ਤਿਹਾੜੇ' ਅਤੇ ਹਠੂਰ ਨੂੰ ਬਹੁਤ ਉੱਚਾ ਕੀਤਾ। ਚੀਨ ਨੂੰ ਜਿਤ ਕੇ ਕਰ ਦੇ ਗਹੇ ਵਿਚ ਓਥੋਂ ਦੇ ਰਾਜ ਕੁਮਾਰਾਂ ਨੂੰ ਇਨ੍ਹਾਂ ਨਗਰਾਂ ਵਿਚ ਰਖਿਆ। ਇਹ ਦੂਜੀ ਵਾਰ ਤਿਹਾੜੇ ਦੀ ਸੋਭਾ ਅਤੇ ਭਾਗ ਦੇ ਸੁਨਹਰੀ ਦਿਨ ਸਨ, ਜਦੋਂ ਕਿ ਕਨਿਸ਼ਕ ਅਤੇ ਚੀਨ ਦੇ ਸ਼ਹਿਜਾਦੇ ਅੱਜ ਕੱਲ ਦੇ ਸਿਮਲੇ ਵਾਂਗ ਇਥੇ ਬਾਗਾਂ ਵਿਚ ਗਰਮੀ ਕਟਿਆ ਕਰਦੇ ਸਨ। ਪਰ ਝਬਦੇ ਕਨਿਸ਼ਕ ਦੇ ਪੁਤ੍ਰ ਵਾਸਦੇਵ ਤੋਂ ਨਾਗ ਬੰਸੀਆਂ ਨੇ ਮਥਰਾ ਖੋਹ ਲਿਆ।

---

*ਅਸਲ ਖੋਜ ਤੋਂ ਪਤਾ ਲਗਦਾ ਹੈ ਕਿ, ਮਾੜੀਆਂ ਦੁਆਬੇ ਅਤੇ ਮਾਲਵੇ ਵਿਚ ਕਈ ਹਨ। ਕੋਈ ਕਹਿੰਦਾ ਸਾਡੇ ਧੜ ਹੈ ਕੋਈ ਕਹਿੰਦਾ ਸਾਡੇ ਸਿਰ ਹੈ।

Digitized by Panjab Digital Library | www.panjabdigilib.org

ਤਾਂ ਤਿਹਾੜਾ ਫੇਰ ਅਗੇ ਵਾਂਗ ਸਵਤੰਤਰ ਹੋਗਿਆ। ਪਰ ਉਸ ਸਮੇਂ 'ਬਲਰਾਮ' ਦੇ 'ਬਾਸੀ' ਅਤੇ ਗੁਆਲੀਏਰ ਦੇ ਛਿਧ (ਸਿੰਧ) ਜੋ ਉਨਾਂ ਕੁਸ਼ਾਣਾਂ ਦੇ ਛਤ੍ਰਪ (ਛੋਟੇ ਸੂਬੇ) ਸਨ, ਇੰਨਾਂ ਨੇ ਦੁਆਬੇ ਵਿਚ ਬਿਲਗਾ ਅਤੇ ਬੰਡਾਲਾ ਆਦਿ ਨਗਰ ਵਸਾਏ ਤੇ ਦੋ ਸਦੀਆਂ ਤਕ ਦੂਜੇ ਕਈਆਂ ਗਣਾਂ ਸਮੇਂ ਗਣ ਰਾਜ ਕਰਦੇ ਰਹੇ। ਲੰਮੇ ਅਤੇ ਭਰੋਵਾਲ ਦੇ ਤਤਲੇ ਭੀ ਇਨਾਂ ਦੇ ਨਾਲ ਹੀ ਸਨ। ਜੋ ਜੋ ਕਿ ਰਿਸ਼ੀਕ ਗਣ ਦੀਆਂ ਸਾਖਾਂ ਹੋਣ ਕਰਕੇ ਜੇਹੂੰ ਸੇਹੂੰ ਦਰਿਆਂਵਾਂ ਤੋਂ ਕੁਸਾਵਾਂ ਦੇ ਨਾਲ ਹੀ ਆਏ ਸਨ। ਪਰ ਸਮੁੰਦਰ ਗੁਪਤ ਨੇ ੩੫੦ ਈ: ਵਿਚ ਸਭ ਗਣਾਂ ਨੂੰ ਹਰਾਕੇ ਏਕ ਤੰਤਰ ਸਮੰਤ ਰਾਜ ਅਸਥਾਪਨ ਕਰਕੇ ਰਾਜਿਆਂ ਦੇ ਰਾਜ ਨੂੰ ਹੀ ਸਦਾ ਲਈ ਪਕਾ ਕਰਕੇ ਪਿਛਲੇ ਗਣਰਾਜਾਂ ਨੂੰ ਸਫਨੇ ਨਾਲੋਂ ਭੀ ਹਉਲਾ ਬਣਾ ਦਿਤਾ। ਸੰਨ ੨੫੦ ਈ: ਤੋਂ ਸੰਨ ੩੫੦ ਈ: ਤਕ ਦੋ ਸਦੀਆਂ ਵਿਚ ਕੋਈ ਵਿਸ਼ੇਸ਼ ਘਟਣਾ ਨਾ ਹੋਣ ਦੇ ਕਾਰਨ, ਏਸ ਸਮੇਂ ਦਾ ਇਤਿਹਾਸ ਬੜਾ ਧੁੰਦਲਾ ਅਤੇ ਵਿਸ਼ੇਸ਼ ਖੋਜ ਦੇ ਜੋਗ ਹੈ। ਫੇਰ ਸਮੁੰਦਰ ਗੁਪਤ ਦੇ ਪੁਤਰ ਚੰਦਰ ਗੁਪਤ (ਬਿਕ੍ਰਮਾਦਿਤ) ਦੇ ਸਮੇਂ ਦੇ ਜੋਧੇ ਗਣਾਂ ਤੇ ਮਲੀ ਅਤੇ ਅਰਜਨਾਇਨਾਂ ਆਦਿ ਨਾਲ ਜੁਧ ਹੋਏ। ਜਿਨ੍ਹਾਂ ਵਿਚੋਂ ਉਸਦੇ ਵਡੇ ਭਾਈ ਰਾਮ ਗੁਪਤ ਦਾ ਉਕਤਗਣਾਂ ਦੇ ਸੰਘ ਨਾਲ ਜੋ ਜੁਧ ਹੋਇਆ, ਉਹ ਬੜਾ ਹੀ ਸੁਆਦਲਾ ਹੈ। ਉਸਦਾ ਵਿਤਾਂਤ ਇਉਂ ਹੈ। ਕਿ ਜਦੋਂ ਸਮੁੰਦਰ ਗੁਪਤ ਮਰ ਗਿਆ ਤਾਂ ਉਸਦਾ ਵਡਾ ਪੁਤਰ ਰਾਮ ਗੁਪਤ, ਮਲ ਤੇ ਜੋਧੇ ਗਣ ਤੋਂ 'ਕਰ' ਮੰਗਣ ਲੱਗਾ ਤਾਂ ਉਨਾਂ ਨੇ ਦੇਣ ਤੋਂ ਉਕਾ ਹੀ ਨਾਂਹ ਕਰ ਦਿਤੀ। ਕਿਉਂ ਕਿ ਸਮੁੰਦਰ ਗੁਪਤ ਨੇ ਸਿਆਣਪ ਕਰਕੇ ਏਸ ਪ੍ਰਬਲ ਲੜਾਕੇ ਸੰਘ ਤੋਂ ਕੇਵਲ ਆਪਣੀ ਈਨ ਹੀ ਮਨਾਈ ਸੀ। 'ਕਰ' ਲੈਣਾ ਨਹੀਂ ਕੀਤਾ ਸੀ। ਪਰ ਰਾਮ ਗੁਪਤ ਨੇ ਰਾਜ ਦੇ ਮਦ ਵਿਚ ਆਕੇ ਉਨਾਂ ਤੇ ਚੜ੍ਹਾਈ ਕਰ ਦਿੱਤੀ। ਏਸ ਸੰਘ ਵਿਚ 'ਮਲਾਂ ਵਾਲੇ' ਨਾੜੇ' ਦੇ ਮੱਲੀ ਜਨੇਰ ਦੇ ਜਵਾਨ, ਜੋਧੇ, ਤੇ ਅਰਜਨਾਇਨ ਇਹ ੪ ਪ੍ਰਬਲ ਗਣ ਸੀ। ਜੁਧ ਲੱਖੀ ਜੰਗਲ ਕੋਲ ਹੋਇਆ ਜਿਸ ਵਿਚ ਜੋਧਿਆਂ ਨੇ ਬੜੀ ਸੂਰਮਗਤੀ ਦਿਖਾਈ, ਅਤੇ ਰਾਮ ਗੁਪਤ ਦਾ ਅਜੇਹਾ ਨਕ ਵਿਚ ਦਮ ਕੀਤਾ ਕਿ ਉਸ ਨੂੰ ਆਪਣੀ ਜਾਨ ਛਡਾਉਣੀ ਔਖੀ ਹੋ ਗਈ। ਅੰਤ ਨੂੰ ਉਸਨੇ ਆਪਣੀ ਰਾਣੀ ਜੋਧਿਆਂ ਨੂੰ ਦੇ ਕੇ ਉਨਾਂ ਨਾਲ ਸੰਧੀ ਕੀਤੀ। ਪਰ ਜਦੋਂ ਉਸ ਦੇ ਛੋਟੇ ਭਾਈ ਚੰਦਰ ਗੁਪਤ ਨੂੰ ਉਜੈਨ ਵਿਚ ਇਸ ਹਾਰ ਦਾ ਪਤਾ ਲਗਾ ਤਾਂ ਉਸ ਨੂੰ ਬਹੁਤ ਲਜਾ ਆਈ। ਉਸਨੇ ਬਹੁਤ ਸਾਰੀ ਸ਼ਕਤੀ ਇਕਠੀ ਕਰਕੇ ਉਜੈਨ ਤੋਂ ਆਕੇ ਆਪਣੇ ਭਾਈ ਨੂੰ ਮਾਰ ਦਿਤਾ। ਅਤੇ ਫੇਰ ਜੋਧੇ ਗਣਾਂ ਨਾਲ ਆ ਟੱਕਰਿਆ, ਪਰ ਉਹਨਾਂ ਦਾ ਕੁਝ ਨਾ ਬਿਗੜ ਸਕਿਆ। ਨਾਲੇ ਜਦ ਉਸ ਨੂੰ ਪਤਾ ਲਗਾ ਕਿ ਰਾਣੀ ਤਾਂ ਜਨੇਰ ਦੇ ਕਿਲੇ ਵਿਚ 'ਜਾਨਿਆਂ' ਕੋਲ ਹੈ। ਤਾਂ ਉਹ ਹੋਰ ਪਾਸੇ ਦਾ ਖਿਆਲ ਛਡਕੇ ਜਨੇਰ ਨੂੰ ਸਿਧਾ ਆਇਆ। ਅਤੇ ਤੀਰਾਂ ਦੀ ਬੁਛਾੜ ਨਾਲ 'ਜਨੇਰ' ਵਿਚ ਕਤਲ ਆਮ ਅਰੰਭ ਦਿਤਾ। ਕਿਲਾ ਢਾ ਦਿਤਾ। ਪਰ ਅਗੋਂ ਨਾੜਿਆਂ ਵਾਲੇ ਸਿਕੰਦਰ ਦੇ ਯਾਰ ਮਲੀ ਗਣ ਅਤੇ ਪਿਛੇ ਲਗੇ ਹੋਏ ਲਖੀ ਜੰਗਲ ਦੇ ਸ਼ੇਰ ਜੋਧੇ ਆਦਿ ਗਣਾਂ ਨੇ ਪਿਛਿਉਂ ਗੁਪਤਾਂ ਦੀ ਸੈਨਾ ਸਿੱਧੀ ਕਰ ਦਿਤੀ। ਨਾਲੇ ਜਦੋਂ ਚੰਦਰ ਗੁਪਤ ਨੂੰ ਪਤਾ ਲਗਾ ਕਿ ਕਿਲਾ ਢਾਹੁਣ ਤੋਂ ਭੀ ਰਾਣੀ ਨਹੀਂ ਮਿਲੀ, ਉਹ ਤਾਂ ਮਲਾਂ ਵਾਲੇ ਨਾੜੀਂ ਭੇਜ ਦਿਤੀ ਗਈ ਹੈ ਤਾਂ ਉਸ ਨੇ ਬਾਸੀਆਂ ਨੂੰ ਵਿਚ ਪਾਕੇ ਨਕ ਰਗੜ ਕੇ ਜੋਧਿਆਂ ਨਾਲ ਸੰਧੀ ਕੀਤੀ, ਕਿ ਤੁਸੀਂ ਗੁਪਤ ਰਾਜ ਦੀ ਸੰਤਾਨ ਕੋਲੋਂ ਭੀ ਸੁਤੰਤਰ ਰਹੋਗੇ। ਰਾਣੀ ਨੂੰ ਮੋੜਕੇ ਮੇਰੀ ਲਜਾ ਰਖੋ ਤਾਂ ਉਹਨਾਂ ਨੇ ਬੜੀ ਪ੍ਰਸੰਨਤਾ ਤੇ ਉਦਾਰਤਾ ਪ੍ਰਗਟ ਕਰਦਿਆਂ ਹੋਇਆਂ, ਗਰਭ ਵਤੀ ਰਾਣੀ ਗੁਪਤ ਰਾਜ ਦੇ ਹੱਥ ਫੜਾਈ। ਉਸ ਤੋਂ ਬੜਾ

Digitized by Panjab Digital Library | www.panjabdigilib.org

ਜੋਧਾ ਕੁਮਾਰ ਗੁਪਤ ਜੰਮਿਆ। ਜਿਸਨੇ ਸੰਨ ੪੫੫ ਬਿ: ਵਿਚ ਉਜੈਨੀ ਦੇ "ਓਲਿਕ" ਗੁਜਰਾਂ ਅਤੇ ਕਨੌਜ ਦੇ ਮੌਖਰੀ ਰਾਜਿਆਂ ਦੀ ਸਹਾਇਤਾ ਨਾਲ 'ਤੋਰਪਾਨ' ਹੂੰਨ ਨੂੰ ਹਰਾ ਕੇ ਫੇਰ ਛਡ ਦਿਤਾ, ਅਤੇ ਪੰਜਾਬ ਵਿਚ ਵਾੜ ਦਿਤਾ। ਰਾਜੇ ਕੁਮਾਰ ਗੁਪਤ ਦੀ ਸੰਤਾਨ ਭਾਵੇਂ ਅੱਗੇ ਭੀ 'ਕਾਰਸਕਰ' ਗੋਤ ਦੇ ਵੈਸ਼ ਹੋਣ ਕਰਕੇ 'ਜਾਟ' ਕਹਾਉਂਦੀ ਸੀ ਪਰ ਉਸ ਦਿਨ ਤੋਂ 'ਬੇਸ' ਜਟ ਕਰਕੇ ਪ੍ਰਸਿੱਧ ਹੋਈ। ਇਹ ਸੰ: ੩੯੦ ਈ: ਦੀ ਘਟਨਾ ਹੈ। ਸੰਨ ੪੦੦ ਈ: ਤੋਂ ੫੫੦ ਈ: ਤਕ ਸਾਲਿਬਾਹਨ ਯਾਦਵ ਦੀ ਬੰਸ ਨੇ ਪੰਜਾਬ ਅਤੇ ਗੁਰੂ ਕੇ ਮਾਲਵੇ ਉਪਰ ਸਮੰਤ ਸ਼ਾਹੀ ਰਾਜ ਕਾਇਮ ਕਰਕੇ ਪਿਛੋਂ ਆਪਣੀ ਹੀ ਬੰਸ ਦਾ (ਸਾਲਾਂ ਬੱਧੀ ਰਾਜ ਕੀਤਾ) ਉਸ ਸਮੇਂ ਸਾਂਗਲੇ ਦੀ ਬਾਰ ਵਿਚ ਭੱਟੀ ਮਾਲਵੇ ਸਰਾਉ ਤੇ ਹੰਸ ਰਾਉ ਆਦਿ ਬੜੇ ਪ੍ਰਬਲ ਚਉਧਰੀ ਸਨ। ਤਿਹਾੜੇ ਵਿਚ ਸਮਰਾਉ ਤੇ ਬਿਸਰਾਮਾਂ ਸ਼ਕਤੀ ਸ਼ਾਲੀ ਸਨ। ਓਦੋਂ ਭੀ ਹਠੂਰ, ਮਉ, ਮੋਗਬੱਧ, ਮਉਨਾਵਾਂ ਤੇ ਜਨੇਰ ਕੇਂਦ੍ਰੀ ਨਗਰ ਸਨ। ਪਰ ਸਭ ਤੋਂ ਮੁਖ ਵੱਡਾ ਤਿਹਾੜਾ ਸੀ, ਜਿਸ ਦੀ ਵੱਸੋਂ ਸਵਾ ਲੱਖ ਦੀ ਦੱਸੀ ਜਾਂਦੀ ਹੈ। ਜੰਗਲ ਵਿਚ ਗੁਜਰਾਤ ਤੋਂ ਆਏ ਹੋਏ ਈਰਾਨੀ ਸ਼ੱਕ (ਸ਼ਾਹ ਰਾਜਾ) ਬੰਸ ਦਾ ਮਾਨਸ਼ਾਹੀ ਅਤੇ ਮੱਧ ਪ੍ਰਦੇਸ਼ ਤੋਂ ਆਏ ਹੋਏ ਕੰਗ (ਸ਼ਕ) ਕੰਗ ਗੜ (ਕਾਂਗੜ) ਚਉਧਰੀ ਸਨ। ਨਾਲੀ ਦੇ ਕੰਢੇ ਤੋਂ ਲੈਕੇ ਲੱਧ ਕੋਟ ਤਕ ਸਰਾਉਂ ਅਤੇ ਨਾਲ ਬਾਰਨ ਪੁਰ (ਨਾਗੇ ਦੀ ਸਰਾਇ) ਵਿਚ ਤ੍ਰੇਹਣ ਗਣ ਵਿਰਾਜਮਾਨ ਸਨ। ਸੰ: ੪੫੫ ਈ: ਵਿਚ ਤਾਤਾਰੀ ਦੀ ਬਟੂ ਕੌਮ ਭਾਰੀ ਗਿਣਤੀ ਵਿਚ ਚੱੜ੍ਹ ਆਈ। ਉਸ ਨੇ ਮੁਲਤਾਨ ਤੋਂ ਲੈਕੇ(ਬੱਲਭੀ ਪੁਰ) ਤਕ, ਫੇਰ ਉਥੋਂ ਉਜੈਨ ਆਬੂ, ਨਗਰ ਆਦਿ ਥਾਵਾਂ ਨੂੰ ਬਰਬਾਦ ਕਰਕੇ ਤਿਹਾੜੇ ਦਾ ਭੀ ਥੇਹ ਕਰ ਦਿਤਾ ਪਰ ਮਾਲਵੇ ਦੇ ਗਣਾ ਨੇ ਕੁਮਾਰ ਗੁਪਤ ਦੀ ਮਦਦ ਤੇ ਹੋ ਕੇ ਜ਼ਾਲਿਮ ਹੂੰਨ ਰਾਜ ਨੂੰ ਮਾਲਵਾ ਅਤੇ ਮਦ ਦੇਸ਼ ਤੋਂ ਬਾਹਰ ਕਢ ਦਿਤਾ, ਪਰ ਉਸਦੇ ਪੁਤਰ ਮਿਹਰ ਗੁਲ ਨੇ ਸਿਆਲ ਕੋਟ ਅਤੇ ਸਾਂਗਲੇ ਦਾ ਇਲਾਕਾ ਕਾਬੂ ਕਰਕੇ ਅਪਣੇ ਦੇਸੋਂ ਅਵਾਣ ਆਵਾਨਿਆਂ ਅਤੇ ਹੈਫਤਾਲਾਂ ਦੀ ਮਦਦ ਮੰਗਾਕੇ ਦੋ ਵਾਰ ਮਾਲਵੇ ਤਿਹਾੜੇ ਤੇ ਉਜੈਨ ਨੂੰ ਖੂਬ ਨੱਕ ਚਣੇ ਚਬਾਏ। ਪਰ ਉਜੈਨ ਦੇ ਰਾਜੇ ਬਸੋਸਰਮਾ ਨੇ ਗੁਪਤਾ ਤੇ ਗਣ ਰਾਜਾਂ ਦੀ ਸਹਾਇਤਾ ਨਾਲ ਸੰ: ੫੨੮ ਈ: ਵਿੱਚ ਮੁਲਤਾਨ ਕੋਲ 'ਖਹਰੂੜ' ਨਗਰ ਦੇ ਕਿਲੇ ਵਿਚ ਉਨਾਂ ਦਾ ਅਜਿਹਾ ਸਫਾਇਆ ਕੀਤਾ ਜੋ ਉਹਨਾ ਦਾ ਅਜ ਖੋਜ ਵੀ ਦੇਖਣ ਨੂੰ ਨਹੀਂ ਮਿਲਦਾ। ਤਿਹਾੜੇ ਵਿੱਚ ਜੋ ਥੇਹ ਦਿਸਦੇ ਹਨ। ਉਹ ਸਭ ਉਨਾਂ ਬਗਿਆਂ ਊਠਾਂ ਵਾਲੇ ਹੂੰਨਾਂ ਦੇ ਹੀ ਕੀਤੇ ਹੋਏ ਹਨ। ਪੁਰਾਣਾ ਵਿਰਾਟ ਨਗਰ ਫੇਰ ਤਿਹਾੜਾ ਆਖਿਆ ਜਾਣ ਵਾਲਾ ਬੜਾ ਵਿਸ਼ਾਲ ਨਗਰ ਉਨਾਂ ਦੁਸ਼ਟਾਂ ਦਾ ਬਰਬਾਦ ਕੀਤਾ ਹੋਇਆ ਅਜ ਕਲ ਕਿਰਾੜੀ ਵਾਲਾ ਥੇਹ ਕਰਕੇ ਪ੍ਰਸਿਧ ਹੈ ਜੋ ਗਾਲਬ ਦੀ ਜੂਹ ਵਿੱਚ ਹੈ।

ਸੰ: ੩੦੦ ਈ: ਤੋਂ ਕੁਝ ਪਹਿਲਾਂ ਗੁਜਰਾਤ ਤੇ ਆਭੀਰਾਂ ਦਾ ਅਧਿਕਾਰ ਹੋਇਆ। ਸੰਨ ੪੧੯ ਈ: ਵਿਚ ਬੰਧੂਵਰਮ ਦਸਪੁਰ (ਮੰਦਸੋਰ) ਵਿਚ ਗੁਪਤ ਰਾਜ ਦੇ ਅਧੀਨ ਉਲਿਕਰ ਵੰਸ ਵਿਚੋਂ ਮਾਂਡਲਿਅਕ ਰਾਜਾ ਸੀ। ਏਸ ਨੇ ਸੰਨ ੨੫੦ ਈ: ਦੇ ਲਗ ਪਗ ਗੁਜਰਾਤ ਵਿਚ ਰਾਜ ਅਸਥਾਪਨ ਕੀਤਾ। ਸੰਨ ੩੦੦ ਈ: ਵਿਚ ਜੋ ਵਰਮਾ ਨਾਉਂ ਦਾ ਰਾਜਾ ਸੀ ਉਸ ਦਾ ਪੁਤ੍ਰ ਸਿੰਘ ਵਰਮਾ, ਉਸ ਦਾ ਨਰਾਵਰਮਾ ਹੋਇਆ। ਏਸ ਦੇ ਵੇਲੇ ਉਜੈਨੀ ਤ੍ਰਿਨ੍ਹਾਂ ਕੋਲੋਂ ਖੁੱਸ ਗਈ, ਤੇ ਦਸਪੁਰ ਰਾਜਧਾਨੀ ਹੋਈ। ਉਸ ਦਾ ਪੁਤ੍ਰ ਵਿਸਵ ਵਰਮਾ ਅਤੇ ਉਸ ਦਾ ਬੰਧਵ ਵਰਮਾ ਹੋਇਆ। ਉਸ ਦਾ ਪੁਤ੍ਰ ਯਸੋਧਰਮਾ ਬਹੁਤ ਪ੍ਰਤਾਪੀ ਹੋਇਆ, ਏਸ ਨੇ ਸਾਰੇ ਰਾਜਪੂਤਾਨੇ ਉਤੇ ਸਣੇ ਮਧ ਪ੍ਰਦੇਸ ਰਾਜ ਕੀਤਾ। ੫੩੨ ਈ: ਵਿਚ ਮੁਲਤਾਨ ਕੋਲ 'ਖੁਹਰੂੜ' ਉੱਤੇ ਸਕਾਂ ਨੂੰ ਅਜੇਹੀ ਹਾਰ ਦਿਤੀ ਜੋ ਮੁੜ ਕੇ ਪਿਛੋਂ ਸ਼ੱਕ ਨਹੀਂ ਆਏ।

Digitized by Panjab Digital Library | www.panjabdigilib.org

੫੯੦ ਈ: ਵਿਚ ਏਸ ਦਾ ਪੁਤ੍ਰ ਵਿਸ਼ਨ ਵਰਧਨ ਥਾਨੇਸਰ ਦਾ ਰਾਜਾ ਹੋਇਆ। ਉਸ ਦਾ ਪ੍ਰਭਾਕਰਮ ਕਸਨ ਅਤੇ ਉਸ ਦਾ ਸ੍ਰੀ ਹਰਸ਼ਵਰਧਨ* ਸਾਰੇ ਉਤਰੀ ਭਾਰਤ ਦਾ ਛੇਕੜਲਾ ਹਿੰਦੂ ਸਮਰਾਟ ਰਾਜਾ ਹੋਇਆ। ਏਸ ਦਾ ਬੰਸ ਸੰਨ ੬੪੭ ਈ: ਵਿਚ ਮੁੱਕ ਗਿਆ। ਏਸ ਬੰਸ ਦੇ ਸਮੇਂ ਵਿਚ ਮਾਲਵੇ ਦੇ ਅੱਡ ਅੱਡ ਕਬੀਲੇ, ਲੋਕ ਰਾਜ ਕਰਦੇ ਰਹੇ। ਉਨ੍ਹਾਂ ਦੀ ਪ੍ਰਤੰਤ੍ਰਤਾ ਨਾਮ ਮਾਤ੍ਰ ਸੀ। ਏਸ ਲਈ ਅੰਤਿਮ ਸ੍ਰੀ ਹਰਸ ਦੇ ਸਮੇਂ ਹਠੂਰ ਤੇ ਤਿਹਾੜੇ ਦੀ ਬਹੁਤ ਉੱਨਤੀ ਹੋਈ। ਉਸ ਸਮੇਂ ਵਰਧਨ ਬੰਸ ਦਾ ਸੂਬਾ ਹਠੂਰ ਤਕ ੬੦੦ ਮੁਰੱਬਾ ਮੀਲ ਵਰਗ ਵਿਚ ਅਰਥਾਤ ਜ਼ੀਰੇ ਤੋਂ ਮੋ ਤਕ ਇਕ ਬਾਹੀ, ਉਥੋਂ ਰਾਇਪੁਰ ਤੇ ਛਪਾਰ ਤਕ ਦੂਜੀ, ਤੇ ਛਪਾਰ ਤੋਂ ਲੋਹਟਵਦੀ, ਗਹਿਲਾ ਤੋਂ ਤਖਤੂਪੁਰਾ, ਮੋਗਾ ਤੇ ਜ਼ੀਰੇ ਤਕ ਤੀਜੀ ਕਰਮ ੩੩੫-੩੫-੪੫ ਮੀਲ ਵਿਚ ਸੀ, ਏਹ ਤਿਹਾੜੇ ਦਾ ਪਾਟ ਬਣ ਗਿਆ ਸੀ, ਜਿਸ ਕਰਕੇ ਹੁਣ ਤਕ ਭੀ ਏਸ ਪਾਟ ਦੇ ਪਿੰਡਾਂ ਨੂੰ ਸਾਧਾਰਨ ਲੋਕ ਪੁਆਧ, ਦੁਆਬਾ, ਅਤੇ ਜੰਗਲ ਦੇ ਵਿਚਕਾਰ ਹੋਣ ਕਰਕੇ ਤਿਹਾੜਾ ਕਰਕੇ ਬੋਲਦੇ ਹਨ। ਇਲਮ, ਅਕਲ, ਬੋਲੀ, ਰੂਪ, ਅਤੇ ਸਭਿਆਚਾਰ ਵਿਚ ਹੋਰਨਾਂ ਪਿੰਡਾਂ ਨਾਲੋਂ ਚੰਗਾ ਤੇ ਇਕਸਾਰ ਸਮਝਦੇ ਹਨ, ਇਸ ਪਾਟ ਦਾ ਪ੍ਰਧਾਨ ਨਗਰ ਤਾਂ ਹਠੂਰ ਹੀ ਰਿਹਾ, ਪਰ ਮੋਗੇ ਕੋਲ ਤੂਰਾ ਦੇ ਪੰਜ ਪਿੰਡ ਅਰਥਾਤ ਕੋਰੋਟਾਣੇ, ਖੋਸੇ, ਭਿੰਡਰ, ਖੇਲੇ ਤੇ ਨੈਣਪਾਲ ਆਦਿ (ਦਾਖੇ ਦੇ ਥਾਂ) ੧੪੪੦ ਈ: ਤੋਂ ਅਗੋਂ ਬੜੀ ਰੌਣਕ ਤੇ ਸੀ ਅਤੇ ਇਹਨਾਂ ਪਿੰਡਾਂ ਦਾ ਸਿਰਕੱਢ ਅਤੇ ਠੁੱਕ ਵਾਲਾ ਖੇੜਾ ਉਸੇ ਪੁਰਾਣੇ ਥੇਹੁ ਉਪਰ ਇਨ੍ਹਾਂ ਨੇ ਵਸਾ ਕੇ ਪਹਿਲਾਂ ਵਾਂਗ 'ਤਿਹਾੜੇ' ਨੂੰ ਭਾਗ ਲਾ ਦਿੱਤੇ ਅਤੇ ਸ਼ਹਿਰ ਦਾ ਨਾਉਂ ਭੀ 'ਤਿਹਾੜਾ' ਹੀ ਰਖਿਆ। ਉਸ ਸਮੇਂ ਅਜੇ ਸ਼ੇਰ ਸ਼ਾਹ ਸੂਰੀ ਨੇ ਸੰਨ ੧੫੪੦-੪੫ ਵਿਚ ਕਲਕੱਤੇ ਤੋਂ ਪਸ਼ੌਰ ਤਕ ੧੪੦੦ ਮੀਲ ਲੰਬੀ ਸੜਕ ਹੀ ਬਣਵਾਈ ਸੀ ਅਤੇ ਲੁਧਿਆਨਾ (੧੪੮੧ ਈ:) ਤਕ ਭੀ ਅਜੇ ਬੱਝਾ ਨਹੀਂ ਸੀ, ਇਸ ਕਰਕੇ ਲਾਹੌਰ ਨੂੰ ਜਾਣ ਲਈ ਹਠੂਰ ਤੋਂ ਜਗਰਾਉਂ, ਤਿਹਾੜਾ, ਨੂਰ ਮਹਿਲ ਜਾਂ ਧਰਮ ਕੋਟ, ਡੱਲਾ, ਆਦਿ ਵਿਚ ਦੀ ਕਚੀ ਸੜਕ ਜਾਇਆ ਕਰਦੀ ਸੀ। ਇਸ ਲਈ ਮਾਝੇ ਤੇ ਪਛਮੀ ਲੋਕਾਂ ਦੀ ਆਵਾਜਾਈ ਹੀ ਏਥੋਂ ਦੀ ਹੋਣ ਕਰਕੇ ਇਹ ਟੁਕੜਾ ਬੜਾ ਆਬਾਦ ਤੇ ਪ੍ਰਸਿੱਧ ਸੀ ਉਸ ਸਮੇਂ ਧਰਮ ਕੋਟ, ਜਨੇਰ, ਤਿਹਾੜਾ, ਜਗਰਾਉਂ, ਬੱਧਣੀ ਅਤੇ ਹਠੂਰ ਏਸ ਦੇ ਪ੍ਰਸਿੱਧ ਅਤੇ ਬਿਉਪਾਰ ਦੇ ਕੇਂਦਰ ਸਨ। ਇਹ ੨੫੦ ਬਰਸ ਦਾ ਸਮਾਂ ਤਿਹਾੜੇ ਉਪਰ ਛੇਕੜਲੀ ਨੂਰੀ ਛੱਟਾ ਸੀ ਇਸ ਲੰਮੇ ਸਮੇਂ ਵਿਚ ਮੋਹਮੂਦ ਗਜ਼ਨਵੀ ਦੇ ਥਾਨੇਸਰ ਦਿੱਲੀ, ਅਜਮੇਰ ਅਤੇ ਮਥਰਾ, ਗਵਾਲੀਅਰ ਉਤੇ ਪੰਜ ਹੱਲੇ ਹੋਏ ਪਰ ਤਿਹਾੜੇ ਉਪਰ ਕਰਤਾਰ ਦੀ ਮਿਹਰ ਹੀ ਰਹੀ। ਸੰਨ ੧੦੧੨ ਈ: ਦੇ ਹੱਲੇ ਤੋਂ ਬਠਿੰਡੇ ਵਾਲੇ ਬਿਨੈ ਪਾਲ ਦੇ ਰਾਜ ਦਾ ਸਾਰਾ ਅਮਲਾ ਲਾਹੌਰ ਚਲਾ ਗਿਆ ਸੀ। ਬਠਿੰਡਾ ਨਾਮ ਮਾਤਰ ਦਾ ਹੀ ਕੇਂਦਰ ਦਿੱਲੀ ਦੇ ਤੂਰਾਂ ਦਾ ਅਤੇ ਬਠਿੰਡਾ, ਲਾਹੌਰ ਦੇ ਵਰਿਹਾਂ ਦਾ ਸਾਂਝਾ ਰਾਜ ਬੜੇ ਸੁਖ ਸ਼ਾਂਤੀ ਨਾਲ ਚਲਦਾ ਰਿਹਾ ੧੧੨ ਵੀ ਸਦੀ ਦੇ ਅੰਤ ਦਿਲੀ ਤੇ ਪ੍ਰਿਥੀ ਰਾਜ ਚੁਹਾਨ ਦਾ ਰਾਜ ੧੧੭੦ ਈ: ਤੋਂ ੧੧੯੩ ਤਕ ਰਿਹਾ, ਉਹ ਤੂਰਾਂ ਦਾ ਦੋਹਤਾ ਹੋਣ ਕਰਕੇ ਤਿਹਾੜੇ ਲਈ ਸੁਖ ਦਾ ਰਾਜ ਬਣਿਆ ਰਿਹਾ।

ਮਹਾਰਾਜਾ ਸ੍ਰੀ ਹਰਸ਼ ਦੇ ਮਰਨ ਪਿਛੋਂ ੬੫੫ ਈ: ਵਿਚ ਉਸ ਦੇ ਸੰਮਤ ਰਾਜਿਆਂ ਨੇ ਇਕ ਦਮ ਰਾਜਪੂਤ ਰਾਜ ਥਾਈਂ ਥਾਈਂ ਅਰੰਭ ਕਰ ਦਿਤਾ, ਜੈਸੇ ਰਾਸਟਰ ਕੂਟਾਂ ਨੇ ਧਾਰਾ ਨਗਰੀ ਵਿਚ,

---

*ਏਸ ਤੋਂ ਪਹਿਲਾਂ ਇਹਦੇ ਬੜੇ ਭਾਈ ਰਾਜ ਵਰਧਨ ਦਾ ੪ ਵਰਸ਼ ਰਾਜ ਰਿਹਾ।

Digitized by Panjab Digital Library | www.panjabdigilib.org

ਕਿਸਨ ਰਾਜ (ਉਪੇਂਦ੍ਰ) ਨੇ ਪਹਿਲਾਂ ਅਚਲ ਗੜ੍ਹ ਅਤੇ ਚੰਦ੍ਰਾਵਤੀ ਵਿਚ ਫੇਰ ੮ਵੀਂ ਸਦੀ ਵਿਚ ਧ ਰਾ ਨਗਰੀ ਦਾ ਬਿਸਾਲਦੇਵ ਜਾਂ ਬੀਸਥ ਦੇਵ, ਚੌਹਾਣ ਨੇ, ਸਾਂਭਰ ਮਤੀ ਤੇ ਕਨੌਜ ਵਿਚ ਤੂਰਾਂ (ਤੁਮ ਰਾਂ) ਨੇ, ਗੁਜਰਾਤ ਵਿਚ ਸਲੰਕੀਆਂ ਨੇ ਬੰਧੇਲ ਖੰਡ ਤੇ ਮਧ ਦੇਸ਼ ਵਿਚ ਚੰਦੇਲਾਂ ਨੇ, ਅਤੇ ਭਟਨੇਰ ਵਾਲੇ ਬਿਨੈਪਾਲ ਵਰਿਯਾਰ ਨੇ ੭੧੨ ਵਿਚ ਬਠਿੰਡਾ ਦਾ ਰਾਜ ਅਸਥਾਪਨ ਕੀਤਾ, ਉਸਦੇ ਅਧਾਰ ਪਰ ਨਾਂਉ ਮਾਤ੍ਰ ਹੀ ਤਿਹਾੜਾ ਆਦਿ ਮਾਂਡਲਿਕ ਚਤ੍ਰਧਰੀ ਜੋ ਵਾਸਿਤਵ ਵਿਚ ਥੋੜਾ ਜਿਹਾ ਕਰ ਦਿੰਦੇ ਸੀ ਹੋਰ ਪੂਰੀ ਪੂਰੀ ਸਵਤੰਤ੍ਰਤਾ ਭੋਗਦੇ ਰਹੇ।ਰਾਜ ਪੂਤ ਰਾਜ ਮੁਸਲਮਾਨਾਂ ਦੇ ਔਣ ਤਕ ਲਗ ਭਗ ੫੦੦ ਵਰਸ਼ ਸਾਰੇ ਭਾਰਤ ਉਪਰ ਰਿਹਾ ਅਤੇ ਵਿਅਕਤੀਗਤ ਬਹਾਦਰੀ ਜਾਹਦ ਤੇ ਜ਼ਿਆਦਾ ਸੀ ਪਰ ਸਾਰੀ ਕੌਮ ਦਾ ਰਲਿਵਾਂ ਸੰਗ ਜਾਂ ਇਕ ਛਤ੍ਰ ਰਾਜ ਨਾ ਹੋਣ ਕਰਕੇ ਪਰਜਾ ਨੂੰ ਪੁਰਾਣੇ ਸਮੇਂ ਵਾਲਾ ਸ਼ਸਤ੍ਰ ਜੀਵੀ ਲੋਕ ਰਾਜ ਅਜਿਹਾ ਭੁਲਿਆ ਜਾਣੀ ਦਾ ਇਹ ਕਦੇ ਭੀ ਨਹੀਂ ਹੋਇਆ ਹੁੰਦਾ,ਅਤੇ ਨਾਹੀ ਹੋ ਸਕਦਾ ਹੈ। ਮੁਸਲਮਾਨਾਂ ਦੇ ਸਮੇਂ ਵਿਚ ਤਾਂ ਲੁਟਾਂ-ਮਾਰਾਂ ਅਤੇ ਜ਼ੁਲਮ ਤੋਂ ਬੌਂਦਲੀ ਹੋਈ ਪ੍ਰਜਾ ਇਤਨੀ ਬੇ ਅਣਿਖੀ ਬੇ ਖਬਰੀ ਹੋ ਗਈ ਸੀ ਜਿਵੇਂ ਉਨਾਂ ਨੂੰ ਸਵਤੰਤ੍ਰਤਾ ਅਤੇ ਚੰਗੇ ਅਨਾਜ ਸਾਰਖੇ ਖਾਣ ਪੀਣ ਦਾ ਭੀ ਕੁਦਰਤ ਵਲੋਂ ਕੋਈ ਅਧਿਕਾਰ ਨਹੀਂ ਹੁੰਦਾ। ਬਿਨੈ ਪਾਲ ਦੇ ਰਾਜ ਸਮੇਂ ਬਠਿੰਡਾ, ਹਠੂਰ, ਸਨਾਮ, ਸਰਹੰਦ, ਪੈਲ, ਤਿਹਾੜਾ ਅਤੇ ਉਸ ਦੇ ਆਸ ਪਾਸ ਜਨੇਰ ਆਦਿਕ ਮੁਖ ਨਗਰ ਸਨ। ਹਠੂਰ ਬੜਾ ਸੂਬਾ,ਅਤੇ ਛੋਟਾ ਸੂਬਾ ਤਿਹਾੜਾ ਸੀ ਪਰ ਤੂਰਾਂ ਦੇ ਵੇਲੇ (੯ ਵੀ) ਸਦੀ ਤੋਂ (ਤਿਹਾੜਾ) ਮੁਖ ਨਗਰ ਅਤੇ ਜਨੇਰ ਬਹੁਤ ਉੱਨਤ ਹੋਇਆ ਉਸ ਸਮੇਂ ਜਨੇਰ ਦਾ ਲੁਹਾਰ ਖਾਨਾ (ਲੁਹਾਰਾ) ਤੇਲੀਵਾੜਾ ਰਜੀਵਾਲੇ-ਜੋਕਾਂ-ਸਿੰਗੀਆਂ ਵਾਲੇ ਗਗੜੇ ਵਿਚ ਨਾਗਰਕ ਕਿਲਾ, ਜਨੇਰ ਵਿਚ ਤ੍ਰਖਾਣ, ਖੋਸਿਆ ਵਿਚ ਅਤੇ ਜ਼ਿਮੀਦਾਰਾ ਬਹੁਤ, ਖੋਸੇ ਫਤਹਿਗੜ੍ਹ, ਭਿੰਡਰ ਅਤੇ ਪੰਜ ਤੂਰ ਆਦਿ ਪਿੰਡਾਂ ਵਿਚ ਸੀ। ਉਸ ਸਮੇਂ ਤਿਹਾੜੇ ਦੀ ਬੜੀ ਰੌਣਕ ਹੋਈ ਅਤੇ ਉਸਦੀ ਤ੍ਰਿਕੋਣ ਭੀ ਉਦੋਂ ਤੋਂ ਵਧ ਗਈ ਹੈ ਅਰਥਾਤ ਮਾਉ ਤੋਂ ਦਾਖਾ ਦੇ ਪਾਰ ਲੋਹਟ ਵੱਦੀ ਤੇ ਬਧਣੀ ਤੇ ਧਰਮਕੋਟ ਆਦਿ ਬੀ ਸੇਧ ਵਿਚ ਹੈ। ਇਹ ਸਭ ਤਿਹਾੜਾ ਹੀ ਕਹਾਂਉਦਾ ਹੈ। ੭੯੮ ਈ: ਤੋਂ ਲੈਕੇ ੧੩੩੦ ਈ: ਤਕ ਸਾਰੇ ਦੇਸ਼ ਉਪਰ ਰਾਜਪੂਤਾਂ ਦਾ ਰਾਜ ਸੀ,ਅਤੇ ਜੰਤਾ ਉਪਰ ਸਿਧਾਂ-ਨਾਥਾਂ-ਵੇਦਾਂਤੀਆਂ ਅਤੇ ਭਗਤੀ ਮਾਰਗੀਆਂ ਦਾ ਰਾਜ ਸੀ ਜਿਸ ਕਰਕੇ ਮੁਸਲਮਾਨਾਂ ਜੈਸੀ ਅਤਿਤਾਈ ਅਤੇ ਅੰਧ ਵਿਸ਼ਵਾਸੀ ਕੌਮ ਨੇ ਦੂਰੋਂ ਆਕੇ ਸੌਖਾ ਹੀ ਭਾਰਤ ਨੂੰ ਲੁਟ ਲਿਆ। ਅਤੇ ਤਿਹਾੜੇ ਦੇ ਭੀ ਪ੍ਰਸਿਧ ਨਗਰ ਅਠੂਰ ਬਹੋਦ ਪੁਰ ਅਤੇ ਮੋਰਾ ਬਧ ਆਦਿ ਮੰਞਾਂ ਨੇ ਜੈਸਲਮੇਰ ਤੋਂ ਔਣ ਵਾਲੇ ਨਵੇਂ ਮੁਸਲਮਾਨਾਂ (ਮੰਞਾਂ) ਨੇ ਬਰਬਾਦ ਕਰਕੇ ਅਪਣੇ ਪਿੰਡ ਵਸਾ ਲਏ। ਅਰਥਾਤ ਸੇਖ ਚਚੋ (ਤੁਲਸੀ ਰਾਮ) ਦੀ ਸੰਤਾਨ ਪੀਰ ਮਖਦੂਦ ਜਹਾਨੀਆਂ ਦੇ ਹਥੋਂ ਮੁਸਲਮਾਨ ਹੋ ਗਈ। ੧੩੩੦ ਦੇ ਲਗ ਭਗ ਅਠੂਰ ਤੇ ਬਹੋਦ ਪੁਰ (ਡਾਂਗੀਆਂ ਦਾ ਥੇਹ) ਨੂੰ ਫੂਕਕੇ ਅਠੂਰ ਸਾਹਜਾ ਪੁਰ ਬਸਾਏ ਫੇਰ ਸੌ ਬਰਸ ਪਿਛੋਂ ਆਂਡਲੂ ਹਲਵਾਰਾ ਤੇ ਤਲਵੰਡੀ ਵਸਾਏ ਅਤੇ ਮੁਖ ਨਗਰ ਅਠੂਰ ਨੂੰ ਥਾਪ ਕੇ ਤਿਹਾੜੇ ਦੇ ਤਕੜੇ ਹਿਸੇ ਉਪਰ ਚੌਧਰ ਬਣਾ ਲਈ ਉਸ ਸਮੇਂ ਅਰਥਾਤ ੧੪੦੦ ਈ: ਦੇ ਲਗ ਭਗ ਜਗਰਾਵਾਂ ਦੇ ਬਲੋਚਾਂ ਦੀ ਭੀ ਚੌਧਰ ਸੀ ਪਰ ਥੋੜੇ ਹੀ ਬਰਸਾਂ ਵਿਚ ਮੰਜਾਂ ਨੇ ਤੂਰਾਂ ਦੇ ਵਸਾਏ ਹੋਏ ਤਿਹਾੜੇ ਨੂੰ ਬਰਬਾਦ ਕਰਕੇ ਅਪਣੀ ਚੌਧਰ ਬਣਾ ਲਈ। ਤਿਹਾੜੇ ਦੇ ਪਛਮੀ ਹਿਸੇ ਤੇ ਸੋਲਵੀ ਸਦੀ ਦੇ ਅੰਤ ਤਕ ਦੌਲਤ ਖਾਂ ਦੇ ਪੁਤਰ ਈਸੇ ਖਾਂ ਮਲ ਨੇ ਕੋਟ ਈਸੇ ਖਾਂ ਵਸਾ ਕੇ ਆਪਣੀ ਰਿਆਸਤ ਬਣਾ ਲਈ। ਧਰਮ ਕੋਟ ਤੋਂ ਲੈਕੇ ਫ਼ੀਰੋਜ਼ਪੁਰ ਦੀਆਂ ਜੜਾਂ ਤਕ ਈਸੇ ਖਾਂ ਦਾ ਅਤੇ ਆਂਡਲੂ-ਹਲਵਾਰਾ-ਤਲਵੰਡੀ-ਅਠੂਰ-ਜਗਰਾਉਂ ਆਦਿ ਸਾਰੇ ਅਠੂਰਵਾਲਿਆਂ ਦਾ ਤਮਾਵਸ ਸੀ।

Digitized by Panjab Digital Library | www.panjabdigilib.org

੧੪੫੦ ਈ: ਦੇ ਲਗ ਭਗ ਮੰਝਾਂ ਨੇ ਤਿਹਾੜੇ ਨੂੰ ਬਰਬਾਦ ਕੀਤਾ ਡਾਂਗੀਆਂ ਬ੍ਰਹਮਣ ਰਾਜੇ (ਤੂਰਾਂ ਦੇ ਪਰੋਹਤ) ਇਸਤੋਂ ਪਹਿਲੀ ਸਦੀ ਵਿਚ ਅਠੂਰ ਦੇ ਮਾਰਨ ਸਮੇਂ ਹੀ ਪੂਜਾ ਪਾਠ ਕਰਦੇ ਮਾਰ ਲਏ ਸਨ। ਸਤਲੁਜ ਦੇ ਬੇਟ ਕੋਲ ਜਿਥੋਂ ਤਕ ਵਾਹ ਲਗੀ ਅਪਣੇ ਪੰਥੀ ਨਵੇਂ ਮੁਸਲਮਾਨ ਜਾਂ ਆਪਣੇ ਭਾਈ (ਮੰਝ ਮੁਲਾਨੇ ਦੁਆਬੇ ਤਕ ਆਬਾਦ ਕਰਕੇ ਸਤਲੁਜ ਦੇ ਦੋਹੀਂ ਪਾਸੀਂ (ਮੰਝ) ਕੀ ਦੀ ਦੁਨੀਆਂ ਬਣਾ ਲਈ ਗਈ। ੧੫ ਵੀ ਸਦੀ ਦੇ ਅੰਤ ਹੋਣ ਤੇ ੧੫੧੦ ਈ: ਦੇ ਲਗ ਭਗ ਜਗਤ ਗੁਰੂ ਨਾਨਕ ਦੇਵ ਜੀ ਏਸ ਪਰਗਣੇ ਦੇ ਧਰਮ ਕੋਟ ਅਤੇ ਤਿਹਾੜੇ ਨਗਰ ਵਿਚ ਸਤਿ ਮਾਰਗ ਦਾ ਉਪਦੇਸ਼ ਦਿੰਦੇ ਹੋਏ ਉਸ ਪਵਿਤ੍ਰ ਅਸਥਾਨ ਵਿਖੇ ਪਧਾਰੇ ਜੋ ਉਸ ਵੇਲੇ ਤਿਹਾੜੇ ਦੀ ਜੂਹ ਵਿਚ ਸੀ ਅਤੇ ਹੁਣ ਗਿਦੜ ਵਿੰਡੀ ਤੇ ਸੋਢੀ ਵਾਲੇ ਦੀ ਜੂਹ ਵਿਚ ਗੁਰਦੁਆਰਾ ਗੁਰੂ ਨਾਨਕ ਹਰ ਗੋਬਿੰਦ ਸਰ (ਬਿਰੋਲੀ ਸਾਹਬ) ਪ੍ਰਸਿਧ ਹੈ। ਇਸ ਸਮੇਂ ਇਸ ਜਗਾ ਨੂੰ ਗੁਰੂਕੀ ਢਾਬ ਆਖਿਆ ਜਾਂਦਾ ਸੀ। ਜਿਸ ਕਰਕੇ ਸੰਗਤਾਂ ਸੋਢੀਵਾਲ, ਗਿਦੜ ਵਿੰਡੀ, ਜਨੇਤ ਪੁਰਾ, ਮਨਸ਼ੀਹਾਂ ਆਦਿਕ ਨੇ ਸ੍ਰੀਸੰਤੋਖਸਿੰਘਜੀ, ਸ੍ਰੀ ਮੋਹਣ ਸਿੰਘਜੀ ਅਤੇ ਦਾਸ ਲਿਖਾਰੀ ਤੇ ਇਲਾਕੇ ਦੇ ਸੰਤਾਂ ਮਹੰਤਾਂ ਆਦਿਕਾਂ ਨੂੰ ਪ੍ਰੇਰਕੇ ਇਕ ਭਾਰੀਦੀਵਾਨ ੨ਮਾਘ ੧੯੮੮ਬਿ: ਨੂੰ ਰਖਕੇ ਇਕ ਕਮੇਟੀ ਬਣਾਈ ਜਿਸਦੇ ਉਦਮ ਨਾਲ ਬੋਲੀ ਅਤੇ ਗੁਰਦੁਆਰਾ(ਗੁਰੂਨਾਨਕਹਰਗੋਬਿੰਦਸਰ)ਸਾਹਿਬਜੀ ਦੀਆਂਸੁੰਦਰਇਮਾਰਤਾਂਬਣੀਆਂ ਏਥੇ ਗੁਰੂ ਨਾਨਕ ਦੇਵ ਜੀ ਮਹਾਰਾਜ ਕੁਝ ਦਿਨ ਰਹੇ ਅਤੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਅਮ੍ਰਿਤਸਰ ਤੋਂ ਪਤਣ ਹਰੀ ਕੇ, ਧਰਮ ਕੋਟ, ਝਿੜਾ ਇੰਦਰਗੜ, ਰਾਮ ਸਰ, ਕਿਸ਼ਨ ਪੁਰਾ ਵਿਚ ਦੀ ਸੰਗਤਾਂ ਨੂੰ ਨਿਹਾਲ ਕਰਦੇ ਹੋਇ ਏਥੇ ਪਧਾਰ ਕੇ ੨ ਮਹੀਨੇ ੧੦ ਦਿਨ ਰਹਕੇ ਦਾਇਆ ਵਡਾ ਤਿਹਾੜਾ ਕਿਸ਼ਨ ਪੁਰਾ ਤੇ ਗਾਲਬ ਆਦਿ ਪਿੰਡਾਂ ਦੀਆਂ ਸੰਗਤਾਂ ਨੂੰ ਤਾਰਦੇ ਰਹੇ। ਸਿਖ ਦੌਲਤ ਦੇ ਨੇੜੇ ਲੀਲਾਂ ਤੇ ਜਨੇਤ ਪੁਰੇ ਦੇ ਵਲ ਕੇਂਬ ਵਾਲਾ ਛਪੜ ਹੈ ਜੋ ਸ਼ਹੀਦਾਂ ਦਾ ਆਖਿਆ ਜਾਂਦਾ ਹੈ ਇਲਾਕੇ ਦੀਆਂ ਸੰਗਤਾਂ ਦਾ ਵਿਚਾਰ ਹੈ ਕਿ ਏਥੇ ੬ਵੇਂ ਸਾਹਿਬਾਂ ਦਾ ਮੰਝਾਂ ਨਾਲ ਭਾਰਾ ਜੁਧ ਹੋਇਆ ਹੈ ਜਿਸ ਵਿਚ ਤਿਹਾੜੇ ਦੀ ਮੰਝਕੀ ਨੂੰ ਹਾਰ ਹੋਈ ਅਤੇ ਤਿਹਾੜੇ ਸ਼ਹਿਰ ਦੇ ਚੌਧਰੀਆਂ ਨੂੰ ਸਰਾਫ ਹੋਇਆ ਕਿ ਜਦ ਭੀ ਤੁਸੀਂ ਗੁਰੂ ਘਰ ਨਾਲ ਵਿਰੋਧ ਕਰੋ, ਗਊ ਗਰੀਬ ਦਾ ਬਧ ਕਰੋ ਉਦੋਂ ਹੀ ਤਿਹਾੜੇ ਨੂੰ ਸਤਲੁਜ ਦੀ ਢਾਹ ਲਗ ਜਾਇਆ ਕਰੇਗੀ ਜਦੋਂ ਗੁਰੂ ਘਰ ਨਾਲ ਅਦਬ ਨਾਲ ਵਰਤੋਂ ਕਰਨ ਦਾ ਪ੍ਰਣ ਕਰੋਗੇ ਤਾਂ ਪਿੰਡ ਸੁਖ ਨਾਲ ਵਸੇਗਾ। ਤਾਂ ਉਨਾਂ ਨੇ ਮਾਫੀ ਮੰਗੀ ਅਤੇ ਅਗੇ ਨੂੰ ਪ੍ਰਣ ਤੇ ਪੱਕੇ ਰਹਿਣ ਲਈ ਸਤਲੁਜ ਨੂੰ ਜ਼ਾਮਨ ਦਿਤਾ। ਇਹ ਸ਼ਹੀਦਾਂ ਦਾ ਸਰੋਵਰ ਉਦੋਂ ਦਾ ਹੈ। ਕਈ ਵਾਰ ਉਹਨਾ ਦੇ ਦਰਸ਼ਨ ਹੋਣ ਦੇ ਬਿਰਤਾਂਤ ਸੁਣੇ ਹਨ। ਇਹ ਪ੍ਰਸੰਗ ੧੬੩੦ ਈ: ਦੇ ਆਸ ਪਾਸ ਦਾ ਹੈ। ਇਸਤੋਂ ਪਹਿਲਾਂ ਉਥੇ ਤਿਹਾੜਾ ਦਾਇਆ ਪੁਰਾਣਾ, ਕਿਸ਼ਨਪੁਰਾ, ਗਾਲਬ, ਸਿਧਵ, ਲੀਲਾਂ ਇਹ ਪਿੰਡ ਹੀ ਵਸੇ ਹੋਰ ਸਾਰੇ ਰੋਹੀ ਸੀ। ਪਹਿਲਾਂ ਮੰਝਾਂ ਨੇ ਕਿਰਾੜੀ ਵਾਲੇ ਥੇਹ ਤੇ ਤਿਹਾੜਾ ਬੰਨਿਆਂ, ਫੇਰ ਢਾਹ ਲਗੀ ਤਾਂ ਸੋਢੀ ਵਾਲੇ ਤੋਂ ਸਿਵੀਆਂ ਵਲ ਅਧ ਕੋਹ ਤੇ ਬੱਝਾ ਉਥੇ ਢਾਹ ਲਗੀ ਤਾਂ ਤੀਜੀ ਬਾਰ ਬੋਲੀ ਸਾਹਬ ਕੋਲ ਅਧ ਕੋਹ ਤੇ ਤਿਹਾੜੇ ਦੇ ਰਾਹ ਵਲ ਬੱਝਾ ਫੇਰ ਚੌਥੀ ਵਾਰ ਗੁਰੂ ਹਰ ਗੋਬਿੰਦ ਸਾਹਬ ਜੀ ਦੇ ਸਮੇਂ ਬਝਾ ਸੀ। ਫੇਰ ਪੰਜਵੀ ਵਾਰ ਢੋਹਕੇ ਉਥੇ ਬੱਝਾ ਜਿਥੇ ਅੱਜ ਹੈ, ਪਰ ਇਹ ਭੀ ਰਾਏ ਅਹਮਦ ਦੇ ਸਮੇਂ ਦਰਿਆ ਨੇ ਫੇਰ ਢਾਇਆ। ਦੇਖੋ ਗੁ: ਪੁ: ਸਫਾ ੨੯੭੨

## ਲੰਮੇ ਪਿੰਡ ਆਗਮਨ

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਪਿੰਡ ਲੰਮੇ ( ਜਟਪੁਰੇ ) ਆਏ ਜੋ ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ, ਦਾ ਇਕ ਪਿੰਡ ਹੈ ਜੋ ਰਾਇਕੋਟ ਤੋਂ ਤਕਰੀਬਨ ਦੋ ਮੀਲ ਤੇ ਹੈ। ਸ੍ਰੀ ਗੁਰੂ ਜੀ ਦੇ

Digitized by Panjab Digital Library | www.panjabdigilib.org

ਪਾਸ ਰਾਇ ਕੱਲਾ ਜੋ ਮੰਝਾਂ ਦਾ ਚੌਧਰੀ ਸੀ ਅਤਿ ਪ੍ਰੇਮ ਭਾਵਨਾ ਨਾਲ ਕੁਝ ਭੇਟਾ ਲੈਕੇ ਹਾਜ਼ਰ ਹੋਇਆ । ਤੇ ਬੇਨਤੀ ਕੀਤੀ ਕਿ ਜੀ ਪਤਸ਼ਾਹ ਮੈਂ ਆਪਦਾ ਹਾਂ ਜੋ ਚਾਹੋ ਸੇਵਾ ਲਵੋ । ਉਸ ਸਮੇਂ ਤਿਹਾੜਾ ਜੋ ਕਿ ਬਹੁਤ ਵੱਡਾ ਨਗਰ ਸੀ, ਜਿਸ ਵਿਖੇ ਬਹੁਤ ਤੁਰਕ ਰਹਿੰਦੇ ਸਨ, ਜਿਸਨੂੰ ਸੂਰਜ ਪ੍ਰਕਾਸ਼ ਦੇ ਅਖਰਾਂ ਵਿਚ:-

"ਨਗਰ ਤਿਹਾੜਾ ਬਡ ਬਸੈ ਲਾਖਹੁ ਨਰ ਜਾਂਹੀ ।
ਹੁਤੇ ਤੁਰਕ ਤਹਿ ਦੁਸ਼ਟ ਬਡ ਨਿਸ਼ਚੈ ਅਘਮਾਂਹੀ ।
ਗੋਬਧ ਪਾਪੀ ਬਹੁ ਕਰਹਿ ਸੁਨਿ ਕੱਲਾ ਰਾਊ ।
ਪਾਪ ਸਮੀਪੀ ਹੋਨ ਤੇ ਮਨ ਸਹਿ ਨ ਸਕਾਊ ।"

(ਸੂ: ਪ੍ਰ: ਸੂ: ਅਸੂ ੪੯ ਸਫਾ ੨੯੭੨)

ਇਸ ਨਗਰ ਤਿਹਾੜੇ ਦੇ ਵਿਚ ਗਊ ਬੱਧ ਹੋਣ ਦੇ ਸਬੰਧ ਵਿਚ ਰਾਏ ਕੱਲੇ ਦੀ ਕੀਤੀ ਹੋਈ ਸੇਵਾ ਨੂੰ ਇਸ ਦੇ ਵਜ਼ੀਰ ਨੇ ਗੁਰੂ ਜੀ ਨੂੰ ਦਸਿਆ ਕਿ ਤਿਹਾੜੇ ਵਿਚ ਭੂਚੜ ਖਾਨਾ ਸੁਣਕੇ ਇਸਨੂੰ ਨਾ ਸਹਾਰਦਾ ਹੋਇਆ ਭਾਰੀ ਫੌਜ਼ ਲੈ ਕਿ ਤਿਹਾੜੇ ਦੇ ਚੌਗਿਰਦ ਘੇਰਾ ਘਤ ਕੇ ਇਕ ਸਾਲ ਭਰ ਜੰਗ ਕਰਦਾ ਰਿਹਾ । ਫੇਰ ਕੁਝ ਸਿਆਣੇ ੨ ਆਦਮੀ ਮਿਲਕੇ ਆਏ, ਕਿ ਹੇ ਰਾਏ ਤੁਮ ਕਿਉਂ ਲੜ ਰਹੇ ਹੋ । ਨਹੱਕ ਹੀ ਕਿਤਨੇ ਬੰਦੇ ਮਰ ਗਏ ਤੇ ਮਰ ਰਹੇ ਹਨ । ਆਪੋਂ ਵਿਚ ਲੈਣਾ ਦੇਣਾ ਕੁਝ ਨਹੀਂ । ਤਾਂ ਰਾਇ ਨੇ ਕਿਹਾ ਕਿ ਗੋਬਧ ਕਰਨਾ ਬੰਦ ਕਰ ਦਿਤੁ ਨਹੀਂ ਤਾਂ ਮੈਂ ਜੰਗ ਭੀ ਲੜਾਂਗਾ ਅਤੇ ਲਖਾਂ ਰੁਪਏ ਭੀ ਖਰਚ ਕਰਾਂਗਾ । ਇਤ ਆਦਿ ਬਚਨਾਂ ਤੋਂ ਤਿਹਾੜੀਆਂ ਨੇ ਲਚਾਰ ਹੋ ਕੇ ਆਖਿਆ ਕਿ ਅਗੇ ਵਾਸਤੇ ਗੋਬਧ ਨਹੀਂ ਕਰਾਂਗੇ । ਤਦ ਰਾਇ ਨੇ ਕਿਹਾ ਕੋਈ ਜਾਮਨ ਦਿਓ । ਨਹੀਂ ਤਾਂ ਮੈਂ ਜੰਗ ਕਰਾਂਗਾ ਜਿਸ ਵਿਚ ਆਮ ਕਤਲਾਮ ਹੋਵੇਗੀ । ਆਖਰ ਸਤਲੁਜ ਨੂੰ ਜਾਮਨ ਮਨਿਆ ਗਿਆ । ਜੋ ਤਿਹਾੜੇ ਤੋਂ ਸਤ ਕੋਹ ਤੇ ਭਰਤ ਪੁਰ ਦੇ ਲਾਗੇ ਵਗਦਾ ਸੀ । ਕੀਤੇ ਹੋਇ ਵੇਅਦੇ ਅਨੁਸਾਰ ਦੋਨੋ ਧਿਰਾਂ ਸਤਲੁਜ ਦੇ ਕਨਾਰੇ ਪੁਜ ਗਈਆਂ ਤੇ ਬੇੜਾ ਠਹਰ ਕੇ ਫੇਰ ਜਾਪ ਕੀਤਾ ਉਪਰੰਤ ਸਤਲੁਜ ਨੂੰ ਜਾਮਨ ਮਨਿਆ ਕਿ ਜੇ ਤਿਹਾੜੀਏ ਜਾਮਨੀ ਤੋਂ ਹਾਰ ਜਾਣ ਤਾਂ ਹੇ ਸਤਲੁਜ ਤੂੰ ਅਨੰਦ ਪੁਰ ਤੋਂ ਗੁਰੂ ਚਰਨ ਛੋਹ ਪ੍ਰਾਪਤ ਕਰਕੇ ਆਉਣਾ ਹੈ ਤੇ ਜਾਮਨੀ ਪੂਰੀ ਕਰਨੀ ਹੋਵੇਗੀ, ਇਤ ਆਦਿ ਲਿਖਤਾਂ ਪ੍ਰਾਪਤ ਕਰਕੇ ਤਿਹਾੜੀਆ ਨੇ ਰਾਇ ਤੋਂ ਖਹਿੜਾ ਛਡਾਇਆ ।

"ਨਗਰ ਤਿਹਾੜਾ ਬਡ ਬਸੈ ਚਹੁ ਬਰਨ ਖੁਲਾਸਾ ।"

ਕੁਝ ਕਾਲ ਬਾਦ ਤਿਹਾੜੇ ਗੋਬਧ ਹੋਇਆ ਸੁਣ ਕੇ ਰਾਇ ਨੇ ਸਤਲੁਜ ਨੂੰ ਜਾਮਨੀ ਲੈਣ ਵਾਸਤੇ ਅਰਦਾਸ ਕੀਤੀ । ਤਿਹਾੜਾ ਜੋ ਸਤ ਕੋਹ ਵਿਚ ਬਸਦਾ ਸੀ, ਸਤਲੁਜ ਨੇ ਰਾਤੋ ਰਾਤ ਢਾਹ ਲਾਕੇ ਫਨਾਹ ਕਰ ਦਿਤਾ । ਜਦ ਤੁਰਕਾਂ ਨੂੰ ਪਤਾ ਲਗਾ ਕਿ ਜਾਮਨੀ ਤੋਂ ਹਾਰਨ ਤੇ ਏਹ ਡੰਡ ਮਿਲਿਆ ਹੈ । ਤਾਂ ਉਨ੍ਹਾਂ ਛੇਵੇਂ ਪਾਤਿਸ਼ਾਹ ਦਾ ਧਿਆਨ ਧਰਕੇ ਅਰਦਾਸਾ ਕੀਤੀ ਤਾਂ ਦਰਿਆਓ ਢਾਹ ਲੌਣ ਤੋਂ ਹਟਿਆ । ਏਹ ੧੭੪੦ ਈ: ਦੇ ਆਸ ਪਾਸ ਦੀ ਗਲ ਹੈ ।

ਇਸ ਬਾਰਤਾ ਤੇ ਸ੍ਰੀ ਗੁਰੂ ਜੀ ਨੇ ਪ੍ਰਸੰਨ ਹੋਕੇ, ਖੰਡਾ ਬਖਸ਼ਿਆ ਤਾਂ ਕਲਿਆਣ ਦਾ ਭਾਗੀ ਹੋਇਆ। ਇਸ ਤੋਂ ਬਿਨਾਂ ਰਾਜ ਪ੍ਰਾਪਤ ਕਰਨ ਦਾ ਵਰ ਭੀ ਪਾਇਆ ਇਸ ਲਈ ਉਸ ਦੇ ਪੁਤਰ ਰਾਏ ਅਹਮਦ ਨੇ ੧੭੩੫ ਈ: ਵਿਚ ਰਾਏਕੋਟ ਬਸਾ ਕੇ ਜਗਰਾਉਂ ਆਦਿ ਤੇ ਕਬਜ਼ਾ ਕਰਕੇ ਤਿਹਾੜੇ ਨੂੰ ਆਪਣਾ ਪ੍ਰਤੀਨਿਧ ਨਗਰ ਵਣਾਇਆ ਅਤੇ ਜਗਰਾਂਵਾ ਦੇ ਮੌਲਵੀਆਂ ਨੂੰ ਫੇਰ ਦੀਵਾਨ ਲਛਮੀ ਨਰੈਣ ਨੂੰ ਅਪਣਾ ਦੀਵਾਨ

Digitized by Panjab Digital Library | www.panjabdigilib.org

ਬਣਾਇਆ ਜੋ ਤਿਹਾੜੇ ਦਾ ਰਹਿਣ ਵਾਲਾ ਸੀ ਅਤੇ ਮਲੇਰੀਆਂ ਦਾ ਦੀਵਾਨ ਭੀ ਰਹਿ ਚੁਕਿਆ ਸੀ। ਉਹ ਰਾਏਕੋਟ ਰਾਜ ਨੂੰ ਗੁਰੂ ਮਹਾਰਾਜ ਦੀ ਬਖਸ਼ਿਸ਼ ਸਮਝਦਾ ਹੋਇਆਂ ਆਪ ਨੂੰ ਗੁਰੂ ਜੀ ਦਾ ਸੇਵਕ ਅਤੇ ਸਿਖਾਂ ਨੂੰ ਆਪਦਾ ਸੱਜਣ ਸਮਝਦਾ ਸੀ। ਉਸਦੇ ਪੋਤੇ ਅਲੀਆਸ ਨੇ ਮੌਲਵੀਆਂ ਦੇ ਹਥ ਚੜ੍ਹ ਕੇ ਅਹਮਦ ਸ਼ਾਹ ਗਿਲਜਈ ਨੂੰ ਵਡੇ ਘਲੂਘਾਰੇ ਵਿਚ ਕੁਤਬੇ ਜ਼ੰਗ ਸਮੇਂ ੬੦੦ ਜੁਆਨਾਂ ਦੀ ਜੰਗੀ ਮਦਦ ਦਿਤੀ। ਤਾਂ ਮਹਾਰਾਜਾ ਅਮਰ ਸਿੰਘ ਪਟਿਆਲਾ ਪਤੀ ਨੇ ਉਸਦੀ ਸਭ ਰਿਆਸਤ ਖੋਹ ਲਈ, ਜੋ ਕਿਸੇ ਵੇਲੇ ਬਠਿੰਡੇ ਦੀਆਂ ਕੰਧਾਂ ਤਕ, ਜੋ ਸਾਰਾ ਤਿਹਾੜਾ ਸਿਧਵਾਂ ਦਾਖਾ ਅਤੇ ਹੋਰ ਪੁਆਧ ਦੇ ਕਈ ਪਰਗਣੇ ਰਲਾ ਕੇ ਕਈ ਲਖ ਦੀ ਸੀ। ਇਸ ਤੋਂ ਬਿਨਾਂ ਗੁਰੂ ਮਹਾਰਾਜ ਜੀ ਦੇ ਬਖਸ਼ੇ ਹੋਏ ਖੰਡੇ ਨੂੰ ਸ਼ਿਕਾਰ ਖੇਡਣ ਨੂੰ ਲੈ ਗਿਆ, ਜੋ ਆਗਿਆ ਤੋਂ ਵਿਰੁਧ ਬੇ ਅਦਬੀ ਸੀ, ਤਾਂ ਉਹ ਸ਼ੇਰ ਪੁਰੇ ਦੇ ਬੀੜ ਕੋਲ ਜਾਕੇ ਘੋੜੇ ਦੇ ਤਬਕਣ ਤੇ ਖੰਡਾ ਮਿਆਨ ਵਿਚੋਂ ਉਛਲ ਕੇ ਵਖੀ ਵਿਚ ਧਸਿ ਗਿਆ ਅਤੇ ਘੋੜਾ ਬੇ ਬਸਾ ਹੋਣ ਤੇ ਪੈਰ ਰਕਾਬ ਵਿਚ ਫਸ ਸਿਰ ਭਾਰ ਕੇ ਡਿਗਦਾ ਹੋਇਆ ਘਸੀਟਦਾ ਹੋਇਆ ਮਰ ਗਿਆ। ਉਸ ਦੀ ਕਬਰ ਦਾ ਨਿਸ਼ਾਨ † ਹੈ। ਉਹਦੇ ਮਰ ਜਾਣ ਤੇ ਉਸਦੀ ਰਾਣੀ ਭਾਗਭਰੀ ਲਾਵਲਦ ਹੀ ਗਈ ਤੇ ਬਹੁਤ ਦੇਰ ਜੀਉਂਦੀ ਰਹੀ ਅਤੇ ਸਿਖਾਂ ਦੇ ਗੁਰਦੁਆਰਿਆਂ ਦੀ ਸੇਵਾ ਕਰਦੀ ਰਹੀ। ਮਹਾਰਾਜਾ ਅਮਰ ਸਿੰਘ ਨੇ ਰਾਏਕੋਟ, ਕੋਟਲੀ, ਮੋਰਕਰੀਮਾਂ ਅਤੇ ਰਾਨਕੇ ਇਹ ਚਾਰ ਪਿੰਡ ਜਿਹਨਾਂ ਨੂੰ ਛਡ ਕੇ ਹੋਰ ਸਾਰੀ ਰਿਆਸਤ ਵੰਡ ਚੁੰਡ ਦਿਤੀ ਸੀ, ਜਿਸ ਵਿਚ ਤਿਹਾੜੇ ਦਾ ਪਰਗਣਾ ਸਿਧਵਾਂ ਬੇਟ ਦੇ ਨਾਉਂ ਹੇਠ ਅਤੇ ਦਾਖੇ ਦਾ ਪਰਗਣਾਂ ਆਹਲੂ ਵਾਲੀਏ ਨਵਾਬ ਜਸਾ ਸਿੰਘ ਨੂੰ ਦਿਤਾ, ਜਿਸ ਵਿਚ ਜਗਰਾਉਂ ਦਾ ਇਲਾਕਾ ਸੀ। ਸੋ ੧੭੭੯ ਈ. ਦੇ ਲਗ ਭਗ ਇਹ ਰਾਜ ਬਰਬਾਦ ਹੋਣ ਤੇ ਤਿਹਾੜੇ ਦਾ ਧਰਮ ਕੋਟ ਤਕ ਦਾ ਇਲਾਕਾ ਕਪੂਰਥਲੇ ਵਾਲਿਆਂ ਕੋਲ ਆ ਗਿਆ, ਫੇਰ ਰਾਜਾ ਫਤੇ ਸਿੰਘ ਨੇ ਜਗਰਾਵੀਂ ਮੁਹਕਮ ਦੀਨ ਦੀ ਖਾਂਨਗਾਹ ਤੋਂ ਲੈ ਕੇ ਸਟੇਸ਼ਨ ਵਲ ਦੇ ਪਾਸੇ ਕਿਲ੍ਹਾ ਬਣਵਾਇਆ, ਜਿਸ ਦੇ ਦਰਵਾਜ਼ੇ ਦਾ ਨਿਸ਼ਾਨ ਖੇਤਾਂ ਦਾ ਅਗਾ ਹੁਣ ਭੀ ਇਸੇ ਦੀ ਸੂਚਨਾ ਦੇ ਰਿਹਾ ਹੈ। ਸਿਧਵਾਂ ਬੇਟ ਦਾ ਕਿਲ੍ਹਾ ਹੁਣ ਤਕ ਹੈ, ਜੋ ਖਤਰੀਆਂ ਦੀ ਹਵੇਲੀ ਬਣ ਚੁਕੀ ਹੈ। ਇਹ ਸਾਰਾ ਇਲਾਕਾ ਸਿਖ ਰਾਜ ਪਿਛੋਂ ਅੰਗਰੇਜ਼ਾਂ ਨੇ ਆਪਣੇ ਰਾਜ ਨਾਲ ਮਿਲਾ ਲਿਆ। ਰਾਏਕੋਟ ਰਿਆਸਤ ਦਾ ਸਭ ਪ੍ਰਕਾਰ ਦਾ ਰੀਕਾਰਡ ਦੀਵਾਨ ਲਛਮੀ ਨਾਰਾਇਣ ਦੀ ਲੜਕੀ ਨੂੰ ਦਾਜ ਵਿਚ ਦਿਤਾ ਗਿਆ।

**ਸਿਖ ਰਾਜ ਦਾ ਸਮਾਂ :—** ੧੮ਵੀਂ ਸਦੀ ਦੇ ਅੰਤ ਵਿਚ ਜਦੋਂ ਰਾਏ ਕੋਟ ਦੀ ਰਿਆਸਤ ਖਤਮ ਹੋ ਗਈ ਸੀ ਅਤੇ ਧਰਮ ਕੋਟ ਦੇ ਇਲਾਕ ਵਿਚ ਮਨਸੂਰ ਵਾਲ ਤੋਂ ਸਰਦਾਰ ਦਸੌਂਦਾ ਸਿੰਘ ਅਤੇ ਸਰਦਾਰ ਮੇਹਰ ਸਿੰਘ ਗਿਲ ਨੇ ਨਿਸ਼ਾਨਾਂ ਵਾਲੀ ਮਿਸਲ ਖੜੀ ਕਰ ਕੇ ਛੂਛਕ ਦਾ ਇਲਾਕਾ

---

†ਏਥੇ ਰਾਏ ਅਲੀਆਸ ਦੇ ਮਰਨ ਦਾ ਪਤਾ ਉਸਦੇ ਸਾਥੀਆਂ ਨੂੰ ਲਗਣ ਤੇ ਓਸੇ ਜਗਾ ਉਸ ਦੀ ਲਾਸ਼ ਸੰਦੂਕ ਵਿਚ ਪਾਕੇ ਏਥੇ ੪੦ ਦਿਨ ਵਾਸਤੇ ਅਮਾਨਤ ਦੇ ਤੌਰ ਤੇ ਰਖੀ ਗਈ ਸੀ ਜੋ ੪੦ ਦਿਨ ਦੇ ਬਾਦ ਫੇਰ ਲੈਜਾਕੇ ਅਪਣੇ ਕਬਰ ਗਾਹ ਵਿਚ ਦਫਨਾਈ ਗਈ। ਜਿਸ ਜਗਾ ਅਮਾਨਤ ਸੀ ਉਸ ਜਗਾਹ ਨਿਸ਼ਾਨ ਵਜੋਂ ਇਟਾਂ ਦਾ ਥੜਾ ਹੈ। (ਇਹ ਗਲ ਇਕ ਪੁਰਾਤਨ ਆਦਮੀ ਤੋਂ ਸੁਨਣ ਵਿਚ ਆਈ ਹੈ)। ਜੋ ਰਾਮ ਗੜ ਦੇ ਨੇੜੇ ਸਿਖ ਦੌਲਤ ਤੇ ਸਵਦੀ ਦੇ ਸੰਨ ਵਿਚ ਹੈ, ਅਤੇ ਉਹ ਖੰਡਾ ਸਿਰੋਪਾਉ ਗੁਰਦੁਆਰਾ ਨਾਭਾ ਵਿਖੇ ਸਥਾਪਤ ਹੈ।

Digitized by Panjab Digital Library | www.panjabdigilib.org

ਆਪਣੇ ਅਧਿਕਾਰ ਵਿਚ ਕਰ ਲਿਆ। ਝਟ ਹੀ ਇਹ ਮਿਸਲ ਮੁਦਕੀ ਆਦਿ ਹੁੰਦੀ ਹੋਈ ਲਧੜਾਂ ਜ਼ਿਲ੍ਹਾ ਲੁਧਿਆਣਾ ਦੀ ਮਾਲਕ ਹੋ ਗਈ ਅਤੇ ਧਰਮ ਕੋਟ ਜ਼ੀਰੇ ਦਾ ਇਲਾਕਾ ਸਰਦਾਰ ਤਾਰਾ ਸਿੰਘ (ਕੰਗ) ਡਲੇ ਵਾਲ ਵਾਲੇ ਨੇ ਅਪਣੇ ਰਾਜ ਵਿਚ ਮਿਲਾ ਲਿਆ, ਜੋ ਸਿਖ ਰਾਜ ਦੀ ਸਮਾਪਤੀ ਤਕ ਉਸ ਦੀ ਬੰਸ ਵਿਚ ਰਿਹਾ, ਸਰਦਾਰ ਤਾਰਾ ਸਿੰਘ ਦੀ ਰਾਜਧਾਨੀ ਧਰਮ ਕੋਟ ਸੀ, ਜੋ ਉਸ ਨੇ ਓਥੇ ਕਿਲ੍ਹਾ ਬਣਾ ਕੇ ਦੋਬਾਰੇ ਬਣਾਈ ਸੀ।

**ਨਵੇਂ ਸਮੇਂ ਦੀ ਵਸੋਂ :—** ਇਹ ਗਲ ਤਾਂ ਸਪਸ਼ਟ ਹੋ ਚੁਕੀ ਹੈ ਕਿ ਤਿਹਾੜੇ ਦਾ ਨਾਉਂ ਪਹਿਲਾਂ ਤੋਂ ਹੀ ਤਿੰਨ ਵਖੀਆਂ ਦੇ ਇਲਾਕਿਆਂ ਦੇ ਕਾਰਣ ਤ੍ਰਿਕੋਣ ਦੇ ਛੋਟੇ ਜਿਹੇ ਪਰਗਣੇ ਦੇ ਨਾਉਂ ਉਤੇ ਪਿਆ ਹੈ, ਜਿਸ ਵਿਚ ਪਹਿਲਾਂ (ਬੈਰਾਟ ਨਗਰ) 'ਜਨੇਰ' ਅਤੇ 'ਅਠੂਰ' ਫੇਰ 'ਵਿਸਨੂੰ ਰਾਤ' ਦੇ ਸਮੇਂ ਤੋਂ ਮੋਹਦ ਪੁਰ ਜਨੇਰ ਅਠੂਰ ਤਿਹਾੜਾ (ਬੈਰਾਟ ਨਗਰ) ਦੇ ਥੇਹੁ ਉਤੇ ਅਤੇ ਸਨੇਤ (ਲੁਧਿਆਣੇ ਕੋਲ) ਕੋਲ ਪ੍ਰਸਿਧ ਨਗਰ ਸਨ। ਫੇਰ ਬਿਕ੍ਰਮ ਸਮੇਂ ਵਿਚ ਤਿਹਾੜਾ, ਮਲ੍ਹੀਆਂ ਵਾਲਾ, ਮਲਾਂ ਵਾਲੇ ਨਾੜੇ, ਜਨੇਰ ਮੋਗ ਬਸ (ਜਗਰਾਵਾਂ) ਦੇ ਥਾਂ ਮੋਗਾ ਕੋਕਰੀ ਅਤੇ ਅਠੂਰ ਇਹ ਕੇਂਦਰੀ ਨਗਰ ਬਣੇ। ਬਾਹਾ ਤੇ ਬੁਟਰ ਕੌਮ ਦੇ ਵਸਾਏ ਹੋਏ ਬੁਟਰ ਤੇ (ਮਲ੍ਹੇ ਅਤੇ ਡਾਗੀਆਂ ਦੇ ਥੇਹੁ ਦੇ ਥਾਂ) ਛੂਛਕ (ਸੂਸਕ) ਬੈਹਕ ਤੇ ਬੋਦਲੇ ਆਦਿ ਟਕਸਿਲਾ ਦੇਸ਼ ਤੋਂ ਆਉਣ ਵਾਲਿਆਂ ਬਾਹਾਂ ਤੇ ਖੈਹਰਿਆਂ ਦੇ ਬਧੇ ਹੋਏ (ਤਖਾਣ ਵਧ) ਬੈਹਕ ਪੁਰ ਅਤੇ ਬੈਹਣੀ ਵਾਲ ਆਦਿ ਖੇੜੇ 'ਵਡੇ ਪਿੰਡ' ਤੇ ਪੰਡੋਰੀਆਂ ਉਸ ਸਮੇਂ ਦੀਆਂ ਤਿਹਾੜੇ ਦੀਆਂ ਬਸਤੀਆਂ ਸਨ। ਹੂਰਾਂ ਦੇ ਸਮੇਂ ਬਿਸ਼ਨੂੰ ਰਾਤ ਦਾ ਵਸਾਇਆ ਹੋਇਆ ਤਿਹਾੜਾ ਦੁਬਾਰੇ ਵਸਿਆ, ਜੋ ਹੂੰਨਾਂ ਨੇ ੫ਵੀਂ ਸਦੀ ਵਿਚ ਬਰਬਾਦ ਕਰ ਦਿਤਾ ਸੀ, ਨਾਲੇ ਲਗਦੀ ਪੰਜ ਤੂਰਾਂ ਦੇ ਪਿੰਡ ਫਤਹਿਗੜ੍ਹ ਪੰਜ ਤੂਰ ਘੋਸੇ ਭਰੋਵਾਲ ਨੈਣ ਜੋ ੧੪੪੦ ਈਸਵੀ ਦੇ ਲਗ ਪਗ (ਜੂਹ) ਢਾਹੇ ਦੇ ਪਾਸੇ ਸੀ, ਹੁਣ ਉਹ ੧੯ਵੀਂ ਸਦੀ ਤੋਂ ਵਡੀ ਸਵੱਦੀ ਕਰਕੇ ਵਸਦੀ ਹੈ। ਭਿੰਡਰ (ਧਰਮ ਕੋਟ) ਕੋਲ ਆਦਿ ਕੁਝ ਹੋਰ ਪਿੰਡ ਵਸੇ ਅਤੇ ਇਹ ਭੀ ਕਈ ਵਾਰ ਉਜੜ ਕੇ ਵਸਦੇ ਰਹੇ ਹਨ, ਜੈਸੇ ਕੋਕਰੀ ਪਹਿਲਾਂ ਕੁਕਰਾਂ ਤੇ ਬੁਟਰਾਂ ਨੇ ਬੱਧੀ ਤਾਂ ਉਸ ਨੂੰ ਖੈਹਰਿਆਂ ਬਾਹਾਂ ਨੇ ਉਜਾੜਿਆ ਅਤੇ ਉਸ ਦਾ ਨਾਉਂ ਮੋਰਾਪੁਰ ਰਖਿਆ, ਜਿਸ ਦਾ ਥੇਹੁ ਮਲ੍ਹੀਆਂ ਕੋਲ ਹੈ, ਉਥੇ ਮਲ੍ਹੀਆਂ ਨੇ ਉਹਨਾਂ ਨੂੰ ਉਜਾੜਿਆ ਤੇ ਮਲ੍ਹੀਆਂ ਵਾਲਾ ਤਾਲ ਜਾਂ ਤਲਵੰਡੀ ਵਸਾਈ, ਉਹ ਭੀ ਮੱਝਾਂ ਦੇ ਵੇਲੇ ਉਜੜੀ ਅਤੇ ਬੁਟਰਾਂ ਦੀ ਪ੍ਰਤੀ ਨੇ ੫੦੦ ਸੌ ਬਰਸ ਤੋਂ ਵਡਾ ਦਾਇਆ ਬੰਨ੍ਹਿਆ, ਉਸ ਸਮੇਂ ਤੋਂ ਕਈ ਚਿਰ ਪਿਛੋਂ ਛੇਵੇਂ ਪਾਤਸ਼ਾਹ ਦੇ ਆਉਣ ਸਮੇਂ ਇਥੇ ਕਿਸ਼ਨਪੁਰਾ, ਇੰਦਰਗੜ੍ਹ ਭੀ ਬੱਝ ਚੁਕਿਆ ਸੀ ਜਿਸ ਦੀ ਕਿਸ਼ਨ ਪੁਰੇ ਨਾਲ ਸਦਾ ਲੜਾਈ ਹੁੰਦੀ ਰਹਿੰਦੀ ਸੀ, ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਦਾ ਕਬੀਲਾ ਇਥੇ ਵਸਦਾ ਹੈ। ਜਦੋਂ ਤੋਂ ਪਿੰਡ ਇੰਦਰਗੜ੍ਹ ਤੇ ਕਿਸ਼ਨਪੁਰਾ ਬਝੇ ਹਨ, ਓਦੋਂ ਤੋਂ ਇਹਨਾਂ ਦੀ ਨਰਾਜ਼ਗੀ ਚਲੀ ਆਉਣ ਦੇ ਕਾਰਨ ਇਹਨਾਂ ਦਾ ਸਾਕ ਸੰਬੰਧ ਆਦਿ ਦੀ ਕੋਈ ਵਰਤੋਂ ਨਹੀਂ ਸੀ, ੨—੩ ਫਰਵਰੀ ਸੰਨ ੧੯੫੧ ਈਸਵੀ ਨੂੰ ਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਦਾ ਸਦਕਾ ਦਾਸ ਦੇ ਨਿਮਾਣੇ ਯਤਨ ਨਾਲ ਆਪਸ ਵਿਚ ਪਿਆਰ ਮੁਹੱਬਤ ਤੇ ਸਾਕ ਸੰਬੰਧ ਦਾ ਸਿਲਸਲਾ (ਮੱਲ ਪੂਰਨ ਸਿੰਘ ਇੰਦਰਗੜ੍ਹ ਦੀ ਸਪੁਤ੍ਰੀ, ਸਰਦਾਰ ਉਤਮ ਸਿੰਘ ਕਿਸ਼ਨਪੁਰਾ ਦੇ ਸਪੁਤਰ ਨਾਲ ਪੂਰਨ ਗੁਰਮਰਯਾਦਾ ਅਨੁਸਾਰ ਅਨੰਦ ਕਾਰਜ ਜਿਉਂ ਪਿੰਡ ਬਝੇ ਇਹ ਪਹਿਲਾ ਹੋਇਆ ਹੈ) ਜਾਰੀ ਹੋਇਆ। ਸਿਧਵਾਂ ਬੇਟ ਇੰਦਰਗੜ੍ਹ ਦੇ ਸਮੇਂ ਜਾਂ ਇਸ ਤੋਂ ਵੀ ਕੁਝ ਚਿਰ ਪਿਛੋਂ ਵਸਿਆ ਹੈ, ਬੇਟ ਵਿਚ ਮੁਸਲਮਾਨਾਂ ਦੀ ਵਸੋਂ ਮੰਝ ਰਾਜਪੂਤਾਂ ਦੇ ਆਉਣ ਤੋਂ ਲਗ ਭਗ

Digitized by Panjab Digital Library | www.panjabdigilib.org

੧੪ਵੀਂ ਸਦੀ ਵਿਚ ਰਾਏਕੋਟ ਦੀ ਰਿਆਸਤ ਬਣਨ ਤੋਂ ਚੋਖੀ ਹੋ ਚੁਕੀ ਸੀ, ਵਡਾ ਸ਼ੇਰਪੁਰ ਰਾਏ ਕਲ੍ਹੇ ਦੇ ਸਮੇਂ ਤੋਂ ਬੀੜ ਵਿਚ ਵਸਿਆ। ਬਡੀ ਗਾਲਬ ੧੫ਵੀਂ ਸਦੀ ਗਿਲ ਲਸਾਈ ਤੋਂ ੧੬ਵੀਂ ਸਦੀ ਵਿਚ ਗਾਲਬ ਵਸੇਂ ਸੀ। ਸਿਵੀਆਂ ਫਤਿਹਗੜ੍ਹ ੧੭ਵੀਂ ਸਦੀ ਦੇ ਅੰਤ ਵਿਚ ਗਾਲਬ ਦੀ ਜੂਹ ਵਿਚ ਪਿੰਡ ਬਝਾ ਸਿਵੀਆਂ ਬਹੁਤ ਪੁਰਾਣਾ ਗੋਤ ਹੈ, ਕੁਕਰਾਂ ਤੇ ਮਲ੍ਹਾਂ ਨਾਲ ਇਹਨੂੰ ਗਿਣਿਆ ਗਿਆ ਹੈ, ਇਹ ਸਿਵੀ ਨਗਰ (ਕੋਟਲੇ ਕੋਲੋਂ) ਤੋਂ ਆਏ ਹਨ । ਸੰਗਰੂਰਾਂ ਦੀਆਂ ਸਿਵੀਆਂ ਸਭ ਤੋਂ ਪੁਰਾਣੀਆਂ ਆਖੀਆਂ ਜਾਂਦੀਆਂ ਹਨ, ਓਥੋਂ ਰਾਏਕੋਟ ਕੋਲ ਫੇਰ ਵਸੀਆਂ, ਓਥੋਂ ਉਠ ਕੇ ਇਹ ਤਿਹਾੜੇ ਵਿਚ ਵਸੇ ਹਨ। ਸੋਢੀਵਾਲਾ ਜਿਸ ਦੇ ਨੇੜੇ ਅਤੇ ਗਿਦੜ ਵਿੰਡੀ ਦੀ ਸਾਂਝੀ ਜੂਹ ਵਿਚ (ਗੁਰਦੁਆਰਾ ਬੌਲੀ ਸਾਹਿਬ ਹੈ) ੧੯ਵੀਂ ਸਦੀ ਈਸਵੀ ਦੇ ਅਰੰਭ ਵਿਚ ਸੋਢੀ ਵਾਲਾ ਜ਼ਿਲ੍ਹਾ ਫੀਰੋਜ਼ਪੁਰ ਦੇ ਸੋਢੀ ਟੇਕ ਸਿੰਘ ਦੁਆਰਾ ਮਹਾਰਾਜਾ ਫਤਹ ਸਿੰਘ ਆਹੂਲਵਾਲੀਏ ਨੇ ਆਬਾਦ ਕਰਾਇਆ ਜੋ ਰਕਬਾ ਸੋਢੀ ਸਾਹਿਬ ਨੇ ਘੋੜਾ ਫੇਰ ਕੇ ਰੋਕਿਆ, ਓਹੀ ੧੪੦੦ ਘੁਮਾਂ ਦਾ ਚੱਕ ਪਿੰਡ ਸੋਢੀ ਵਾਲੇ ਦਾ ਹੈ, ਇਥੇ ਸੋਢੀ ਸਾਹਿਬ ਨੇ ਕੱਚਾ ਕਿਲ੍ਹਾ ਵੀ ਬਣਾਇਆ ਸੀ, ਜਿਸ ਦਾ ਨਿਸ਼ਾਨ ਹੁਣ ਭੀ ਹੈ। ਅਬੂਪੁਰਾ ਮੱਲਸੀਹਾਂ ਅਤੇ ਗਿਦੜ ਵਿੰਡੀ ਫੌਜੂ ਸਿੰਘ ਵਾਲੇ ਖੇਹਰਿਆਂ ਤੋਂ ੧੮ਵੀਂ ਸਦੀ ਖੇਹਿਰਆਂ ਦੇ ਪਿੰਡ ਇਕੱਠੇ ਹੀ ਬਝੇ, ਗਿਦੜ ਵਿੰਡੀ ਦਾ ਨਾਉਂ ਕਾਗਜ਼ਾਂ ਵਿਚ (ਸ਼ੇਰ ਗੜ੍ਹ) ਹੈ। ਸਿਧਵਾਂ ਬੇਟ ਇਹਨਾਂ ਤੋਂ ਚੋਖਾ ਚਿਰ ਅਗੋਂ ਵਡੇ ਸਿਧਵਾਂ ਵਿਚੋਂ ਸਿਧੂ ਗੋਤ ਦੇ ਲੋਕਾਂ ਨੇ ਆ ਵਸਾਇਆ ਸੀ। ਅਸਲ ਨਾਉਂ ਇਸ ਦਾ ਜੰਤਪੁਰਾ† ਤੋਂ ਬਦਲ ਕੇ (ਜਨੇਤ ਪੁਰਾ) ਰਾਇਕਿਆਂ ਨੇ ਰਖਿਆ ਸੀ, ਬਰਖਾ ਦੇ ਸਮੇਂ ਰਾਏਕੇ ਇਥੇ ਸਤਰ (ਰਾਣੀਆਂ) ਸਣੇ ਰਹਿੰਦੇ ਹੁੰਦੇ ਸੀ, ਗਰਮੀਆਂ ਨੂੰ ਮਹਿਤਪੁਰ ਤੇ ਜਗਰਾਉਂ ਸਿਆਲ ਨੂੰ ਰਹਿਣ ਲਈ ਮਹਲ ਬਣਾਏ ਹੋਏ ਸੀ ਰਾਣੀ ਦਾ ਖੂਹ ਅਤੇ ਹਵੇਲੀ ਅਜੇ ਤਕ ਰਾਇ ਕਿਆਂ ਦੀ ਹੈ ਸ਼ੇਰਪੁਰੇ ਦੀ ਬੀੜ ਵਿਚ ਲਸੀ ਖਾਨਾਂ ਸੀ। ਹਾੜ ਨੂੰ ਏਥੋਂ ਬੈਂਹਗੀ ਉਪਰ ਜੰਤ ਪੁਰੇ ਜਾਂ ਤਿਹਾੜੇ ਨੂੰ ਜਾਂਦਾ ਸੀ।ਸਿਆਲ ਨੂੰ ਜਗਰਾਵਾਂ ਨੂੰ ਅਤੇ ਜਲਾਲਦੀਵਾਲ ਦੇ ਬੀੜ ਤੋਂ ਰਾਇ ਕੋਟ ਨੂੰ ਹਰ ਰੁਤ ਦੁਧ ਜਾਂਦਾ ਸੀ ਰਾਏ ਆਹਮਦ ਨੇ ਇਲਾਕੇ ਦੇ ਲੋਕਾਂ ਨਾਲ ਚੰਗਾ ਸਲੂਕ ਭੀ ਕੀਤਾ ਅਤੇ ਤਿਹਾੜੇ ਨੂੰ ਅਬਾਦ ਕਰਨ ਦੇ ਬਹੁਤ ਜਤਨ ਕੀਤੇ ਅਠੂਰ ਤੋਂ ਤਿਹਾੜੇ ਤਕ ਜੋ ਸੜਕ ਜਾਂਦੀ ਸੀ ਉਹ ਪਹਿਲਾਂ ਨਾਲੋਂ ਭੀ ਚੰਗੀ ਬਣਵਾ ਦਿਤੀ ਜੋ ਸੋਢੀ ਵਾਲੇ ਅਤੇ ਗੁਰਦੁਆਰਾ ਬੌਲੀ ਸਾਹਿਬ ਦੇ ਵਿਚਕਾਰ ਦੀ ਜਾਂਦੀ ਹੋਈ ਮੋਹਿਤ ਪੁਰ ਆਦਿ ਨੂੰ ਜਾਂਦੀ ਸੀ।

ਜੰਤ ਪੁਰਾ ਜਾਂ ਜਨੇਤਪੁਰਾ ਸੋਢੀ ਵਾਲ ਤੋਂ ਕੁਝ ਚਿਰ ਅਗੋਂ ਵਸਿਆ ਹੈ ਜਿਸ ਵਿਚ ਜੰਡਾਲੇ ਬੰਡਾਲੇ [ਦੁਆਬਾ] ਅਤੇ ਧਲੇ ਕਿਆਂ ਤੋਂ ਜੌਹਲ ਗੋਤ ਦੇ ਲੋਕ ਵਸੇ ਜੋ ਹੁਣ ਤਕ ਹਨ ਵਰਤਮਾਨ ਜੁਗ ਵਿਚ ਇਹ ਪਿੰਡ ਸਿੰਘ ਸਭਾ ਲਹਿਰ ਦੇ ਸਮੇਂ ਖਾਸ ਕਰਕੇ ਮੁਰੇਹਲੀਆਂ ਵਿਚ ਸੀ ਟਿਬੀ ਵਾਲੇ ਸ੍ਰੀ ਮਾਨ ਸੰਤ ਹੀਰਾ ਦਾਸ ਜੀ ਅਤੇ ਬ੍ਰਹਮ ਪ੍ਰਕਾਸ਼ ਮਹੰਤ ਸਿਖੀ ਪ੍ਰਚਾਰ ਦੇ ਬਹੁਤ ਸਹਾਇਕ ਸਨ ਸੰਤ ਹੀਰਾ ਦਾਸ ਬਹੁਤ ਵਿਦਵਾਨ ਅਤੇ ਉਕਤ ਲਹਿਰ ਦੀ ਸੇਵਾ ਕਰਦੇ ਰਹੇ ਹਨ। ਜਿਹਨਾਂ ਵਿਚੋਂ ਕੁਝ ਮੁਖੀ ਸਜਣਾ ਦੇ ਨਾਮ ਵਰਨਣ ਜੋਗ ਹਨ। ਸੰਤ ਮੋਹਣ ਸਿੰਘ ਜੀ, ਭਾਈ ਨਿਧਾਨ ਸਿੰਘ ਜੀ, ਭਾਈ ਹੀਰਾ ਸਿੰਘ ਜੀ, ਭਾਈ ਨਰਿੰਦਰ ਸਿੰਘ ਜੀ, ਭਾਈ ਮੋਂਹਗਾ ਸਿੰਘ ਜੀ, ਭਾਈ ਕੇਹਰ ਸਿੰਘ ਜੀ, ਭਾਈ ਹਾਕਮ ਸਿੰਘ ਜੀ, ਭਾਈ ਸ਼ੇਰ ਸਿੰਘ ਜੀ, ਭਾਈ ਗਜਣ ਸਿੰਘ ਜੀ, ਭਾਈ ਬੇਲਾ ਸਿੰਘ ਜੀ, ਹੌਲਦਾਰ

† ਫਾਰਸੀ ਦਾ ਲਫਜ਼ ਕਿਸਤ ਦਾ ਨਮੂਨਾ।

Digitized by Panjab Digital Library | www.panjabdigilib.org

ਗੁਰਦਿਤ ਸਿੰਘ ਜੀ, ਜਮਾਂਦਾਰ ਚੰਨਣ ਸਿੰਘ ਜੀ, ਭਾਈ ਦੇਵਾ ਸਿੰਘ ਜੀ, ਭਾਈ ਦਲੀਪ ਸਿੰਘ ਜੀ ਭਾਈ ਸੌਣ ਸਿੰਘ ਜੀ, ਭਾਈ ਮਹਾਂ ਸਿੰਘ ਜੀ, ਭਾਈ ਪੂਰਨ ਸਿੰਘ ਜੀ ।

ਏਸੇ ਪਿੰਡ, ਇਸ ਇਤਹਾਸ ਦੇ ਕਰਤਾ ਨੂੰ ਜਨਮ ਪ੍ਰਾਪਤ ਹੋਇਆ ਹੈ ਜਿਨਾ ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ ਤਿਆਰ ਕਰ, ਜਿਸ ਦੀ ਛਤਰ ਛਾਇਆ ਹੇਠ ਤਿਹਾੜੇ ਵਿਚ ਅਤੇ ਆਮ ਤੌਰ ਤੇ ਹੋਰ ਇਲਾਕਿਆਂ ਵਿਚ ਪ੍ਰਚਾਰ ਕਰਨ ਦਾ ਸ੍ਰੀ ਗੁਰੂ ਜੀ ਵਲੋਂ ਅਮੋਲਕ ਸਮਾਂ ਪ੍ਰਾਪਤ ਹੋਇਆ ਹੈ ਮਲ੍ਹੀਆਂ ਵਾਲੀ ਤਲਵੰਡੀ ਇਹ ਕਈ ਵਾਰ ਉਜੜ ਕੇ ਬਹ ਤੇ ਵਸੀ ਹੈ ਹੁਣ ਤਿੰਨ ਕੁ ਸੌ ਬਰਸ ਤੋਂ ਫੇਰ ਵਸੀ ਜਦੋਂ ਕਿ ਏਥੋਂ ਦੇ ਬੁਟਰਾਂ ਨੇ ਦਾਇਆ ਬੰਨਿਆ ਕੁਝ ਮਲੀ ਚੁਘੇ ਜਾ ਰਹੇ ਅਰ ਕੁਝ ਮਲ੍ਹੀ ਵਾਲ ਤੇ ਸਿਧਵੀਂ ਅਤੇ ਏਥੇ ਆ ਵਸੇ ਏਥੋ ਦੇ ਸਿੰਘ ਗਿਣਤੀ ਵਿਚ ਭੀ ਬਹੁਤੇ ਸੇਵਾ ਵਿਚ ਭੀ ਤਤਪਰ ਹਨ ।

ਸੰਨ ੧੯੪੭ ਈਸਵੀ ਨੂੰ ਪੰਜਾਬ ਦੀ ਵੰਡ ਸਮੇਂ ਵਸਦਾ ਤਿਹਾੜਾ ਫੇਰ ਉਜੜਿਆ, ਤੇ ਉਜੜ ਕੇ ਫੇਰ ਵਸਿਆ ਤੇ ਨਵ ਵਸਣ ਵਾਲੇ ਮੁਖੀ ਸਜਣਾ ਦੇ ਨਾਉਂ ਹੇਠ ਲਿਖੇ ਜਾਂਦੇ ਹਨ ।

| | | |
|---|---|---|
| ਸ: ਵਸਾਖਾ ਸਿੰਘ | ਸ: ਰਸਾਲਦਾਰ ਕਰਤਾਰ ਸਿੰਘ | ਸ: ਨਾਜਰ ਸਿੰਘ |
| ਸ: ਬਲਦੇਵ ਸਿੰਘ | ਸੇਠ ਮਿਲਖੀ ਰਾਮ | ਸੇਠ ਅਮਰ ਚੰਦ |
| ਸੇਠ ਨਾਨਕ ਚੰਦ | ,, ਅਰਜਨ ਚੰਦ | ਸ: ਮਘਰ ਸਿੰਘ |
| ਸ: ਅਰਜਨ ਸਿੰਘ | ਸ: ਮੁਕੰਦ ਸਿੰਘ ਸਰਪੰਚ | ਸ: ਰਛਪਾਲ ਸਿੰਘ |
| ਸ: ਸ਼ਾਮ ਸਿੰਘ ਨੰ: | ਸ: ਨਾਹਰ ਸਿੰਘ | ਸ: ਹਰਵੰਤ ਸਿੰਘ |
| ਸ: ਗੁਰਬਖਸ਼ ਸਿੰਘ | ਜ: ਹਰਦਿਆਲ ਸਿੰਘ | ਸ: ਮਹਿੰਦਰ ਸਿੰਘ |
| ਸ: ਸੁਰਜਨ ਸਿੰਘ | ਸ: ਰਾਮ ਸਿੰਘ | ਸ: ਸਟਬਨ ਸਿੰਘ |
| ਸ: ਬ੍ਰਿਆਮ ਸਿੰਘ | ਸ: ਨਿਰੰਜਨ ਸਿੰਘ | ਸ: ਚੰਨਣ ਸਿੰਘ |
| ਵੈਦਰਾਜ ਬੂੜਾ ਮਲ | | |

## ਤਿਹਾੜੇ ਸ਼ਹਿਰ ਦੀ ਵਸੋਂ ਤੇ ਤਰਤੀਬ

ਤਿਹਾੜਾ ਮਿਯੁਨਸੀਪਲ ਕਮੇਟੀ ਦੀ ਹੱਦ ਤਿੰਨ ਕੋਣੀ ਸੀ ਅਤੇ ਤਿੰਨਾਂ ਹੀ ਕੋਣਿਆਂ ਤੋਂ ਤਿੰਨ ਵਡੇ ਦਰਵਾਜੇ ਸਨ ।

੧ ਦਰਵਾਜਾ, ਮਹਿਤਪੁਰ, ( ਜਿਥੇ ਗਰਮੀ ਦੇ ਦਿਨਾਂ ਵਿਚ ਬੇਗਮਾਂ ਰਹਿੰਦੀਆਂ ) ਜੋ ਸਤਲੁਜ ਦੇ ਕਿਨਾਰੇ ਤੇ ਸੀ ।

੨ ਦੂਜਾ ਦਰਵਾਜਾ, ਹਠੂਰ ਜਿਥੇ ਸਾਲ ਦੇ ਸਾਲ ਫੌਜੀ ਪਰੇਡਾਂ ਤੇ ਖੇਡਾਂ ਹੁੰਦੀਆਂ ਸਨ ।

੩ ਤੀਜਾ ਦਰਵਾਜਾ, ਧਰਮਕੋਟ ਜਿਥੇ ਫੌਜੀ ਭਰਤੀ ਹੁੰਦੀ ਰ ਸੀ ।

ਤਿੰਨਾਂ ਦਰਵਾਜਿਆਂ ਨੂੰ ਕਚੀਆਂ ਸੜਕਾਂ, ਮਹਿਤਪੁਰ ਤੋਂ ਹਠੂਰ ਤੋਂ, ਤੇ ਅਠੂਰ ਧਰਮਕੋਟ, ਤੋਂ ਧਰਮਕੋਟ ਤੋਂ ਮਹਿਤਪਰ ਨੂੰ ਮਿਲਦੀਆਂ ਹਨ ।

Digitized by Panjab Digital Library | www.panjabdigilib.org

ਇਹਨਾਂ ਸੜਕਾਂ ਦੇ ਅੰਦਰ ਦੀ ਵਸੋਂ:— ਤਿਹਾੜਾ ਸ਼ਹਿਰ ਜੋ ਲਖ ਦੋਲ੍ਹੀ ਦੀ ਅਬਾਦੀ ਦਾ ਸ਼ਹਿਰ ਸੀ ਇਸਦੀ ਵਸੋਂ ਦੀ ਤਰਤੀਬ, ਮਿਯੂਨਸੀਪਲ ਕਮੇਟੀ ਦੀ ਹੱਦ ਦੇ ਅੰਦਰ ਇਸਤਰਾਂ ਵਸਤੀਆਂ ਹੁੰਦੀਆਂ ਸਨ ।

੧ ਰਾਜ ਮਹਿਲ, ੨ ਵਜ਼ੀਰ ਮੰਡਲੀ, ੩ ਅਹਲਕਾਰ, ੪ ਸਿਵਲ, ੫ ਮਿਲਟਰੀ, ੬ ਲਿਲਾਰੀ, ੭ ਧੋਬੀ, ੮ ਦਰਜ਼ੀ, ੯ ਘੁਮਿਆਰ, ੧੦ ਤੇਲੀ, ੧੧ ਮਾਲੀ, ੧੨ ਦੋਧੀ ੧੩ ਅਦਾਲਤੀ ਲੋਕ, ੧੪ ਘੋੜ ਅਸਵਾਰ, ੧੫ ਭੰਗੀ, ੧੬ ਨਾਈ, ੧੭ ਤ੍ਰਖਾਣ, ੧੮ ਮਰਾਸੀ, ੧੯ ਵੈਦ ਹਕੀਮ ਆਦਿ ।

ਇੰਨਾਂ ਸਾਰਿਆਂ ਨੂੰ ਇਕੋ ਜਿਹੀਆਂ ਸਹੂਲਤਾਂ ਹੁੰਦੀਆਂ ਸਨ । ਮਕਾਨਾਂ ਦਾ ਨਕਸ਼ਾ, ਮਹਿਕਮੇ ਅਨੁਸਾਰ ਸਾਰਿਆਂ ਦਾ ਇਕੋ ਜਿਹਾ ਹੁੰਦਾ ਸੀ, ਦੂਜੇ ਬਾਗ, ਤੀਜੇ ਪਾਣੀ ਵਾਲੇ ਤਾਲ, ਚੌਥੇ ਬੈਠਨ ਵਾਲੀ ਜਗਾ, ਪੰਜਵੇਂ ਖੇਡਾਂ ਵਾਲੀ ਜਗਾ ।

ਸ਼ਹਿਰੋਂ ਹਰ ਇਕ ਵਸਤੀ ਨੂੰ ਕਚੀਆਂ ਸੜਕਾਂ ਜਾਂਦੀਆਂ ਸਨ, ਮਿਯੂਨਸੀਪਲ ਕਮੇਟੀ ਦੀ ਹੱਦੋਂ ਬਾਹਰ ਰਾਜਧਾਨੀ ਦਾ ਫੈਲਾਉ ਸੀ ।

ਜਲੰਧਰ, ਲੁਧਿਆਣਾ, ਬਠਿੰਡਾ, ਫਰੀਦਕੋਟ, ਫੀਰੋਜ਼ਪੁਰ ਤੇ ਕਪੂਰਥਲਾ ਆਦਿ ਦੇ ਇਲਾਕਿਆਂ ਵਿਚ ਸੀ । ਇਸ ਸਮੇਂ ਜੋ ਥਾਂ ਪਰ ਥਾਂ ਥੇਹ ਨਜ਼ਰ ਆ ਰਹੇ ਹਨ ਇਹ ਸਭ ਉਸ ਸਮੇਂ ਦੀਆਂ ਬਸਤੀਆਂ ਸਨ ।

Digitized by Panjab Digital Library | www.panjabdigilib.org

# ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ

ਇਸ ਤਿਹਾੜੇ ਇਲਾਕੇ ਦੀ ਪੁਰਾਤਨ ਗੌਰਵਤਾ ਨੂੰ ਸਮਝਦਿਆਂ, ਤੇ ਇਸ ਇਲਾਕੇ ਵਿਚ ਹੀ ਵਸੇਬਾ ਹੋਣ ਦੇ ਕਾਰਨ, ਸਮੇਂ ਦੀ ਨਜ਼ਾਕਤ ਨੂੰ ਅਨੁਭਵ ਕਰਕੇ (ਜੋ ਆਪਸੀ ਫੁੱਟ ਈਰਖਾ ਦੀ ਬੀਮਾਰੀ) ਦੇ ਪਸਰੇ ਹੋਏ ਹਉਮੈ ਦੇ ਰੋਗ,ਧਰਮੋਂ ਹੀਣ ਰਾਜ-ਨੀਤੀ ਦੀਆਂ ਘੁੰਮਣ ਘੇਰੀਆਂ ਵਿਚ ਰਾਹੋਂ-ਘੁਥੀ ਹੋਈ ਸਿਖ ਜਨਤਾ ਨੂੰ, ਗੁਰਮਤਿ ਗਾਡੀ ਰਾਹ ਦਾ ਅਸੂਲ ਦਰਸਾਕੇ, ਗੁਰਸਿਖੀ ਦੇ ਪ੍ਰਚਾਰ ਲਈ ਪ੍ਰੇਰਨਾ ਕਰਨ ਵਾਸਤੇ, ਦਾਸ ਨੇ ਅਪਣੇ ਨਿਮਾਣੇ ਜਿਹੇ ਜਤਨਾ ਅਨੁਸਾਰ,ਗੁਰੂ ਭਰੋਸੇ ਤੇ, ਇਸ ਇਲਾਕੇ ਦੇ ਪਰਉਕਾਰੀ, ਸਿਖੀ ਲਗਨ, ਤੇ ਪੰਥਕ ਪਿਆਰ ਰਖਨ ਵਾਲੇ ਪ੍ਰੇਮੀਆਂ ਨੂੰ ਪੰਥਕ ਗੁਰਦਵਾਰਾ ਸਾਹਿਬ ਜੀ ਕਿਸ਼ਨਪੁਰਾ ਕਲਾਂ ਵਿਖੇ ਇਕਤਰ ਕਰਕੇ, ਇਸ ਸਭਾ ਦੀ ਜਿਵੇਂ ਕਾਇਮੀ ਹੋਈ,ਤੇ ਇਸਨੇ ਆਪਣੇ ਨੀਅਤ ਕੀਤੇ ਮੁਖ ਆਦਰਸ਼ਾਂ ਨੂੰ ਕਿਵੇਂ ਕਰਨ ਦੇ ਜਤਨ ਕੀਤੇ,ਤੇ ਦਸਵੰਧ ਦੇਣ ਵਾਲੇ ਪ੍ਰੇਮੀਆਂ ਦੇ ਦਿਤੇ ਦਾਨ ਨੂੰ ਸਫਲ ਕਰਨ ਲਈ,ਇਸ"ਮਾਲਵਾ ਇਤਹਾਸ" ਦਾ ਅਰੰਭ ਕੀਤਾ। ਤੇ ਸਭਾ ਵਲੋਂ ਕੀਤੇ ਕੰਮ,ਇਸਦੇ ਮੈਂਬਰਾ,ਮੁਖੀ ਸੇਵਕਾਂ ਦੇ ਸੰਖੇਪ ਜੀਵਨ, ਦਸਵੰਧ ਕਮੇਟੀ, ਇਤਹਾਸ ਕਮੇਟੀ ਦੇ ਵਿਰਤਾਂਤ ਆਦਿ ਅਗਲੇ ਪੰਨਿਆਂ ਤੇ ਅੰਕਤ ਕੀਤੇ ਜਾਂਦੇ ਹਨ ।

ਸੰਪਾਦਿਕ

Digitized by Panjab Digital Library | www.panjabdigilib.org

## ਗੁਰਮਤਿ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ

ਦੇ

## ਪ੍ਰਧਾਨ



ਵਿਸਾਖਾ ਸਿੰਘ ਸੰਤ ਸਿਪਾਹੀ ਕਿਸ਼ਨਪੁਰਾ ਕਲਾਂ ਜ਼ਿਲਾ ਫੀਰੋਜ਼ਪੁਰ

ized by Panjab Digital Library | www.panjabdigi

# ਗੁ: ਪ: ਸਿੰਘ ਸਭਾ ਇਲਾਕਾ ਤਿਹਾੜਾ ਦੇ ਕੁਝ ਜਨਰਲ ਮੈਂਬਰ ਸਾਹਿਬਾਨ

ਸੂਚੀ ਨੰ: ੧ ਜਿਨਾ ਦੇ ਨਾਮ ਨੰਬਰ ਅਨੁਸਾਰ ਸਫਾ ੧੩੬੮ ਤੇ ਦੇਖੋ



Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ।

ਗੁਰਮਤਿ ਰਾਮ ਨਾਮ ਪ੍ਰਗਾਸਹੁ ਸਦਾ ਰਹਹੁ ਸਰਣਾਈ ।
ਉਠਤ ਬੈਠਤ ਸੋਵਤ ਨਾਮ । ਕਹੁ ਨਾਨਕ ਜਨਕੈ ਸਦ ਕਾਮ ॥

# ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ

## ਦਾ ਅਰੰਭ, ਦਸਵੰਧ ਕਮੇਟੀ, ਕੀਤੇ ਕੰਮਾਂ ਦਾ ਵਿਰਤਾਂਤ ।

੧ ਨਾਮ ਜਪਣਾ

੨ ਧਰਮ ਦੀ ਕਿਰਤ ਕਰਨੀ ।

੩ ਵੰਡ ਛਕਣਾ ।

ਉਹਨਾਂ ਪ੍ਰਤੀ :-

ਗੁਰਸਿਖਾਂ ਕੀ ਹਰਿ ਧੂੜ ਦੇਹ
ਹਮ ਪਾਪੀ ਭੀ ਗਤ ਪਾਹਿ ।

ਗੁਰੂ ਪੰਥ ਦਾ :-

ਵਿਸਾਖਾ ਸਿੰਘ ਸੰਤ ਸਿਪਾਹੀ

Digitized by Panjab Digital Library | www.panjabdigilib.org

# ਖਾਲਸਾ

ਅਰਸ਼ੀ ਪ੍ਰੀਤਮ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਰਨ ਸਮੇਂ, ਇਉਂ ਉਚਾਰਨ ਕੀਤਾ:–

ਖਾਲਸਾ ਅਕਾਲ ਪੁਰਖ ਕੀ ਫੌਜ।
ਪ੍ਰਗਟਿਉ ਖਾਲਸਾ ਪ੍ਰਮਾਤਮ ਕੀ ਮੌਜ ॥

